

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ

SIKHBOOKCLUB.COM

ਭਾਗ ਨੌਵਾਂ

ਡਾ. ਅਜੀਤ ਸਿੰਘ ਔਲਖ

Sri Satguru Jagjit Singh Ji eLlibrary NamdhariElibrary@gmail.com

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

ਜਿਲਦ ਨੌਵੀਂ

Sri Satguru Jagjit Singh Ji eLlibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਨੌਵੀਂ

ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ-੧)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sri Satguru Jagjit Singh Ji eLlibrary NamdhariElibrary@gmail.com

© ਪ੍ਰਕਾਸ਼ਕ

**Sri Gur Partap Suraj Granth (Vol. 9th, Part Ist)**

**(Life of Sri Guru Gobind Singh Ji)**

**Translated by Dr. Ajit Singh Aulakh.**

ISBN 81-7601-758-2

ਪਹਿਲੀ ਵਾਰ : ਜੂਨ 2006
ਦੂਜੀ ਐਡੀਸ਼ਨ : ਨਵੰਬਰ 2011

ਭੇਟਾ : 600-00

ਗੁਰਇਤਿਹਾਸ ਵਿਚ ਕਈ ਥਾਵਾਂ ਤੇ ਕਵੀ ਜੀ ਦੇ ਲਿਖੇ ਨੂੰ ਇਤਿਹਾਸਕ ਪਖੋਂ ਠੀਕ ਨਹੀਂ ਮੰਨਿਆ ਜਾ ਸਕਦਾ, ਮਗਰ ਕਿਉਂਕਿ ਸਾਡੇ ਪਾਸ ਇਹੀ ਇਕ ਸਭ ਤੋਂ ਪੁਰਾਣਾ ਗੁਰਇਤਿਹਾਸ ਦਾ ਸਰੋਤ ਹੈ, ਇਸ ਲਈ ਕਈ ਪਦਾਂ ਦੇ ਅਸੀਂ ਅਰਥ ਕਰਨ ਤੋਂ ਹੀ ਅਸਮਰੱਥ ਰਹੇ ਹਾਂ। ਮਗਰ ਕਈ ਅਰਥ ਕੇਵਲ ਇਤਿਹਾਸ ਦੀ ਲੜੀ ਨੂੰ ਜੋੜਨ ਵਾਸਤੇ ਕੀਤੇ ਹਨ। ਇਸ ਅਸਮਰੱਥਾ ਵਾਸਤੇ ਅਸੀਂ ਖਿਮਾ ਦੇ ਜਾਚਕ ਹਾਂ।

ਪ੍ਰਕਾਸ਼ਕ
**ਭਾਈ ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ/ਫ਼ੈਕਸ : 91-183-2542346, 2547974, 2557973
E.mail : csjsexports@vsnl.com
Website : www.csjs.com

(Printed in India)

ਪ੍ਰਿੰਟਰ: ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ: 2705003, 5095774

Sri Satguru Jagjit Singh Ji eLlibrary NamdhariElibrary@gmail.com

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਨੌਵੀਂ

## ਤਤਕਰਾ

### ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧)


| ਪ੍ਰਸੰਗ | ਅਧਿਆਇ | ਪੰਨਾ |
|---|---|---|
| **ਪਹਿਲੀ ਰੁੱਤ** | | |
| ਦੋ ਸ਼ਬਦ | | ੧੧ |
| ਕੀ ਦੇਵੀ ਪ੍ਰਗਟ ਹੋਈ ਸੀ ? | | ੧੫ |
| ਮੰਗਲਾਚਰਨ | ੧ | ੨੯ |
| ਸੀਸ ਕੀਰਤਪੁਰ ਲਿਆਉਣਾ | ੨ | ੩੭ |
| ਸੀਸ ਸਸਕਾਰ ਅਨੰਦਪੁਰ | ੩ | ੪੩ |
| ਯੱਗ ਕੀਤਾ | ੪ | ੫੦ |
| ਦਸਤਾਰਬੰਦੀ | ੫ | ੫੭ |
| ਸੰਗਤਾਂ ਦਾ ਆਉਣਾ | ੬ | ੬੨ |
| ਦਿੱਲੀ ਵਾਲੇ ਸਿੱਖਾਂ ਨਾਲ ਬਚਨ | ੭ | ੬੮ |
| ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ | ੮ | ੭੫ |
| ਸਤਿਗੁਰੂ ਜੀ ਦੀ ਸਗਾਈ | ੯ | ੮੧ |
| ਗੁਰੂ ਕਾ ਲਾਹੌਰ ਵੱਸਣਾ | ੧੦ | ੮੭ |
| ਵਿਆਹ ਪ੍ਰਸੰਗ | ੧੧ | ੯੨ |
| ਬਰਾਤ ਦੀ ਚੜ੍ਹਾਈ | ੧੨ | ੯੯ |
| ਬਰਾਤ ਦਾ ਢੁਕਾਉ | ੧੩ | ੧੦੫ |
| ਬਰਾਤ ਗੁਰੂ ਕੇ ਲਾਹੌਰ | ੧੪ | ੧੧੨ |
| ਬਰਛੇ ਨਾਲ ਚਸ਼ਮਾ ਚਲਾਉਣਾ | ੧੫ | ੧੧੮ |
| ਬਰਾਤ ਵਾਪਸ, ਚੋਰੀ ਹੋ ਗਈ ਥੈਲੀ ਦੱਸੀ | ੧੬ | ੧੨੬ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮੇਲ ਵਿਦਾ, ਸਤਲੁਜ ਵਿਚ ਤਰਨਾ, ਗੁਲਾਬ ਰਾਇ | ੧੭ | ੧੩੩ |
| ਇਕ ਸਿੱਖ ਤੇ ਰਿੱਛ ਦਾ ਪ੍ਰਸੰਗ | ੧੮ | ੧੪੦ |
| ਗੁਰੂ ਜੀ ਦੀ ਵੀਰਰਸੀ ਨਿੱਤ ਕ੍ਰਿਆ | ੧੯ | ੧੪੬ |
| ਤੰਬੂ ਕਾਬਲੋਂ ਬਣਵਾਇਆ, ਦੂਜਾ ਵਿਵਾਹ | ੨੦ | ੧੫੨ |
| ਰਤਨ ਰਾਇ ਦੀ ਦਰਸ਼ਨਾਂ ਲਈ ਤਿਆਰੀ | ੨੧ | ੧੫੭ |
| ਰਤਨ ਰਾਇ ਗੁਰੂ ਜੀ ਦੇ ਹਜ਼ੂਰ | ੨੨ | ੧੬੨ |
| ਰਤਨ ਰਾਇ ਦੇ ਉਪਹਾਰ | ੨੩ | ੧੬੯ |
| ਰਣਜੀਤ ਨਗਾਰਾ ਬਣਵਾਉਣਾ | ੨੪ | ੧੭੬ |
| ਘਰ ਵਿਚ ਵਿਚਾਰ, ਰਣਜੀਤ ਨਗਾਰਾ | ੨੫ | ੧੮੨ |
| ਰਣਜੀਤ ਨਗਾਰਾ ਵੱਜਣਾ | ੨੬ | ੧੮੮ |
| ਭੀਮ ਚੰਦ ਦਾ ਵਜ਼ੀਰ ਆਇਆ | ੨੭ | ੧੯੪ |
| ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ | ੨੮ | ੨੦੦ |
| ਭੀਮ ਚੰਦ ਨੂੰ ਪ੍ਰਸਾਦੀ ਹਾਥੀ ਤੇ ਕਾਬਲੀ ਤੰਬੂ ਵਿਖਾਇਆ | ੨੯ | ੨੦੬ |
| ਭੀਮ ਚੰਦ ਵਿਦਾ, ਸ਼ਸਤਰ ਵਿਦਿਆ ਅਭਿਆਸ | ੩੦ | ੨੧੩ |
| ਭੀਮ ਚੰਦ ਦਾ ਦੂਤ ਹਾਥੀ ਮੰਗਣ ਆਇਆ | ੩੧ | ੨੧੯ |
| ਵਕੀਲ ਵਾਪਸ ਗਿਆ | ੩੨ | ੨੨੫ |
| ਭੀਮ ਚੰਦ ਦੀ ਸਲਾਹ | ੩੩ | ੨੩੧ |
| ਕੋਤਵਾਲ ਦਾ ਆਉਣਾ | ੩੪ | ੨੩੬ |
| ਕੋਤਵਾਲ ਵਲੋਂ ਗੁਰੂ ਜੀ ਦਾ ਜੱਸ ਕਰਨਾ | ੩੫ | ੨੪੨ |
| ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ | ੩੬ | ੨੪੮ |
| ਨੰਦ ਚੰਦ ਨੂੰ ਦਿਵਾਨ ਦਾ ਰੁਤਬਾ, ਵਣ ਵਿਚ ਵਿਚਰਨਾ | ੩੭ | ੨੫੫ |
| ਕ੍ਰਿਪਾਲ ਕਟੋਚੀਏ ਦੀ ਗੁਰੂ ਜੀ ਤੇ ਭੀਮ ਚੰਦ ਵਲ ਚਿੱਠੀ | ੩੮ | ੨੬੦ |
| ਕੇਸਰੀ ਚੰਦ ਤੇ ਪੰਮਾ ਅਨੰਦਪੁਰ ਆਏ | ੩੯ | ੨੬੭ |
| ਕੇਸਰੀ ਚੰਦ ਤੇ ਪੰਮੇ ਦਾ ਨਿਰਾਦਰ | ੪੦ | ੨੭੩ |
| ਇਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ | ੪੧ | ੨੭੯ |
| ਮਾਤਾ ਜੀ ਨੂੰ ਸਮਝਾਉਣਾ | ੪੨ | ੨੮੭ |


Sri Satguru Jagjit Singh Ji eLlibrary NamdhariElibrary@gmail.com

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਨਾਹਣ ਦੇ ਰਾਜੇ ਦਾ ਦੂਤ ਆਇਆ | ੪੩ | ੨੯੫ |
| ਨਾਹਣ ਵਲ ਜਾਣਾ | ੪੪ | ੩੦੨ |
| ਕੀਰਤ ਪੁਰ ਹੋ ਕੇ ਨਾਹਣ ਪ੍ਰਵੇਸ਼ | ੪੫ | ੩੦੮ |
| ਜਮਨਾ ਦੇ ਕੰਢੇ ਥਾਂ ਪਸੰਦ ਕਰਨੀ | ੪੬ | ੩੧੫ |
| ਪਾਉਂਟਾ ਨਗਰ ਵਸਾਇਆ | ੪੭ | ੩੨੨ |
| ਦੀਵਾਨ ਨੰਦ ਚੰਦ ਤੇ ਪ੍ਰੋਹਤ ਦਇਆ ਰਾਮ ਬਾਬਾ ਰਾਮ ਰਾਇ ਪਾਸ ਗਏ | ੪੮ | ੩੨੮ |
| ਫ਼ਤਹਿ ਸ਼ਾਹ ਮਿਲਿਆ | ੪੯ | ੩੩੪ |
| ਰਾਜਾ ਫ਼ਤਹਿ ਸ਼ਾਹ ਅਤੇ ਰਾਜਾ ਮੇਦਨੀ ਪ੍ਰਕਾਸ਼ ਦਾ ਮੇਲ | ੫੦ | ੩੪੦ |
| ਚਿੱਟੇ ਸ਼ੇਰ ਦਾ ਸ਼ਿਕਾਰ, ਪੀਰ ਬੁੱਧੂ ਸ਼ਾਹ ਵਿਦਾ ਹੋਇਆ | ੫੧ | ੩੪੬ |


## ਦੂਸਰੀ ਰੁੱਤ


| | | |
|---|---|---|
| ਮੰਗਲਾਚਰਨ, ਪਠਾਣ ਨੌਕਰ ਰੱਖੇ | ੧ | ੩੫੩ |
| ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ | ੨ | ੩੫੯ |
| ਬੇੜੀ ਉੱਤੇ ਰਾਮ ਰਾਇ ਨਾਲ ਮੇਲ | ੩ | ੩੬੫ |
| ਕਪਾਲ ਮੋਚਨ | ੪ | ੩੭੨ |
| ਰਾਜ ਕੌਰ ਦਾ ਹਾਲ | ੫ | ੩੭੮ |
| ਰਾਮ ਰਾਇ ਜੀ ਦਾ ਅੰਤ | ੬ | ੩੮੪ |
| ਪੰਜਾਬ ਕੌਰ ਕੀ ਸਤਿਗੁਰਾਂ ਨੂੰ ਚਿੱਠੀ | ੭ | ੩੯੦ |
| ਗੁਰੂ ਜੀ ਡੇਰੇ ਆਏ, ਮਸੰਦਾਂ ਨੂੰ ਦੰਡ ਦੇਣ ਵਾਸਤੇ ਤਿਆਰੀ | ੮ | ੩੯੬ |
| ਮਸੰਦਾਂ ਨੂੰ ਦੰਡ | ੯ | ੪੦੨ |
| ਫਤੇਸ਼ਾਹ ਦੇ ਲਾਗੀ ਆਏ, ਤੰਬੋਲ ਦੀ ਤਿਆਰੀ | ੧੦ | ੪੦੮ |
| ਨੰਦ ਚੰਦ ਤੰਬੋਲ ਲੈ ਕੇ ਗਿਆ, ਬਰਾਤ | ੧੧ | ੪੧੩ |
| ਰਾਜੇ ਦਾ ਵਜ਼ੀਰ ਰਾਹ ਲੈਣ ਆਇਆ | ੧੨ | ੪੨੦ |
| ਕੇਵਲ ਦੂਲ੍ਹਾ ਤੇ ਵਜ਼ੀਰ ਦੇ ਲੰਘਣ ਦੀ ਆਗਿਆ ਲੈਣੀ | ੧੩ | ੪੨੬ |
| ਭੀਮ ਚੰਦ ਦਾ ਪੁੱਤਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ | ੧੪ | ੪੩੨ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਸੁਦਾਗਰ, ਬਰਾਤ ਸ੍ਰੀ ਨਗਰ ਪੁੱਜੀ | ੧੫ | ੪੩੯ |
| ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ | ੧੬ | ੪੪੫ |
| ਘਾਟੀ ਲੰਘਣਾ | ੧੭ | ੪੫੧ |
| ਨੰਦ ਚੰਦ ਨੇ ਪ੍ਰਸੰਗ ਸੁਣਾਉਣਾ | ੧੮ | ੪੫੭ |
| ਫਤਹਿ ਸ਼ਾਹ ਦਾ ਜੰਗ ਹਿਤ ਅੱਗੇ ਵਧਣਾ | ੧੯ | ੪੬੩ |
| ਪਠਾਣਾਂ ਨੇ ਛੁੱਟੀ ਮੰਗਣੀ | ੨੦ | ੪੬੯ |
| ਪਠਾਣ ਫਤਹਿਸ਼ਾਹ ਨੂੰ ਜਾ ਮਿਲੇ | ੨੧ | ੪੭੬ |
| ਬੁੱਧੂ ਸ਼ਾਹ ਨੂੰ ਖ਼ਬਰ, ਕਾਲੇ ਖਾਂ | ੨੨ | ੪੮੩ |
| ਉਦਾਸੀਆਂ ਦਾ ਖਿਸਕਣਾ | ੨੩ | ੪੮੯ |
| ਦਲ ਦੀ ਚੜ੍ਹਾਈ | ੨੪ | ੪੯੫ |
| ਜੰਗ ਸ਼ੁਰੂ | ੨੫ | ੫੦੧ |
| ਬੁੱਧੂਸ਼ਾਹ ਦੇ ਪੁੱਤਰਾਂ ਦਾ ਜੰਗ, ਇਕ ਸ਼ਹੀਦ ਹੋਇਆ | ੨੬ | ੫੦੭ |
| ਕ੍ਰਿਪਾਲ ਮਹੰਤ ਨੇ ਹਿਆਤ ਖਾਂ ਨੂੰ ਮਾਰਨਾ | ੨੭ | ੫੧੩ |
| ਸਾਹਿਬ ਚੰਦ, ਦਇਆ ਰਾਮ ਤੇ ਨੰਦ ਚੰਦ ਦਾ ਯੁੱਧ | ੨੮ | ੫੨੦ |
| ਹਲਵਾਈ ਸਿੱਖ, ਜੀਤ ਮੱਲ ਬੱਧ, ਫ਼ਤਹਿ ਸ਼ਾਹ ਦਾ ਨੱਠ ਕੇ ਓਹਲੇ ਹੋਣਾ | ੨੯ | ੫੨੮ |
| ਸੰਗੋ ਸ਼ਾਹ ਤੇ ਹਰੀ ਚੰਦ ਬੱਧ | ੩੦ | ੫੩੫ |
| ਭੰਗਾਣੀ ਯੁੱਧ ਫ਼ਤਹਿ ਕੀਤਾ | ੩੧ | ੫੪੪ |
| ਇਨਾਮ ਵੰਡੇ, ਪਾਉਂਟੇ ਤੋਂ ਤਿਆਰੀ | ੩੨ | ੫੫੨ |
| ਅਨੰਦਪੁਰ ਦਾ ਸਫਰ, ਨਾਹਣ ਦਾ ਰਾਜਾ, ਲਾਹਾ ਤੇ ਟੋਟਾ ਗ੍ਰਾਮ ਦੇ ਚੋਰ | ੩੩ | ੫੫੯ |
| ਰਾਇਪੁਰ ਦੀ ਰਾਣੀ | ੩੪ | ੫੬੮ |
| ਕੀਰਤਿ ਪੁਰਿ, ਆਨੰਦ ਪੁਰਿ ਆਉਣਾ | ੩੫ | ੫੭੭ |
| ਭੀਮ ਚੰਦ ਦਾ ਵਜ਼ੀਰ ਮੇਲ ਹਿਤ ਆਇਆ | ੩੬ | ੫੮੪ |
| ਭੀਮ ਚੰਦ ਮੇਲ ਹਿਤ ਆਇਆ, ਸਾਹਿਬਜ਼ਾਦਾ ਅਜੀਤ ਸਿੰਘ ਜਨਮ | ੩੭ | ੫੯੧ |
| ਮੇਲੇ ਵਿੱਚੋਂ ਠੱਗ ਫੜ ਕੇ ਦੰਡ ਦਿੱਤਾ | ੩੮ | ੫੯੮ |
| ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਉੱਪਰ ਚੜ੍ਹਾਈ | ੩੯ | ੬੦੫ |
| ਨਾਦੌਣ ਦਾ ਜੰਗ ਆਰੰਭ | ੪੦ | ੬੧੧ |


Sri Satguru Jagjit Singh Ji eLlibrary NamdhariElibrary@gmail.com

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਬਿੱਝੜ ਵਾਲੀਆ ਦਿਆਲ ਬੱਧ | ੪੧ | ੬੧੮ |
| ਜੰਗ ਜਿੱਤਣਾ, ਅਲਫ ਖਾਂ ਦਾ ਰਾਤੀਂ ਨੱਸਣਾ | ੪੨ | ੬੨੪ |
| ਆਲਸੂਨ ਮਾਰਨਾ | ੪੩ | ੬੩੦ |
| ਆਨੰਦ ਪੁਰ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ | ੪੪ | ੬੩੭ |
| ਸ੍ਰੀ ਗੁਰੂ ਜੀ ਦਾ ਪ੍ਰਤਾਪ | ੪੫ | ੬੪੬ |
| ਦਿਲਾਵਰ ਖਾਂ ਦੇ ਪੁੱਤਰ ਦੀ ਚੜ੍ਹਾਈ | ੪੬ | ੬੫੨ |
| ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ | ੪੭ | ੬੫੯ |
| ਗੁਪਾਲ ਤੇ ਹੁਸੈਨੀ ਦੀ ਸੁਲ੍ਹਾ ਲਈ ਸੰਗਤੀਆ ਸਿੰਘ ਆਇਆ | ੪੮ | ੬੬੫ |
| ਹੁਸੈਨੀ ਬੱਧ, ਗੁਪਾਲ ਦੀ ਫ਼ਤਹਿ, ਜ਼ੋਰਾਵਰ ਸਿੰਘ ਜਨਮ | ੪੯ | ੬੭੧ |
| ਕਵੀਆਂ ਦੀ ਕਦਰ, ਬਾਬਾ ਫ਼ਤਹਿ ਸਿੰਘ ਜਨਮ | ੫੦ | ੬੭੭ |


## ਤੀਸਰੀ ਰੁੱਤ


| | | |
|---|---|---|
| ਮੰਗਲਾਚਰਨ, ਬ੍ਰਾਹਮਣਾਂ ਦੀ ਪ੍ਰੀਖਿਆ | ੧ | ੬੮੫ |
| ਸੰਗਤਾਂ ਦੇ ਮੇਲੇ ਤੇ ਚਾਅ, ਹੋਲੀ ਦਾ ਉਤਸ਼ਾਹ | ੨ | ੬੯੧ |
| ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ | ੩ | ੬੯੭ |
| ਕੇਸ਼ਵ ਦਾਸ ਮਿਲਣਾ | ੪ | ੭੦੫ |
| ਸਮਿੱਗ੍ਰੀ ਮੰਗਾਉਣੀ | ੫ | ੭੧੧ |
| ਨੈਣੇ ਦਾ ਟਿੱਲਾ | ੬ | ੭੧੭ |
| ਹਮਨ ਆਰੰਭ | ੭ | ੭੨੩ |
| ਸ਼ਿਕਾਰ, ਹਮਨ | ੮ | ੭੨੯ |
| ਸੁਪਨ ਦਰਸ਼ਨ | ੯ | ੭੩੫ |
| ਪ੍ਰਗਟ ਹੋਣ ਦੇ ਚਿੰਨ੍ਹ | ੧੦ | ੭੪੨ |
| ਦੇਵੀ ਦਾ ਪ੍ਰਗਟ ਹੋਣਾ | ੧੧ | ੭੪੮ |
| ਕੇਸ਼ੋ ਦਾਸ ਦਾ ਰੁੱਸਣਾ | ੧੨ | ੭੫੫ |
| ਪਹਾੜੀ ਰਾਜਿਆਂ ਨੂੰ ਉਪਦੇਸ਼ | ੧੩ | ੭੬੩ |


Sri Satguru Jagjit Singh Ji eLlibrary NamdhariElibrary@gmail.com

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮਸੰਦਾਂ ਦੇ ਖੋਟ, ਚੇਤੋ | ੧੪ | ੭੬੯ |
| ਚੇਤੋ ਮਸੰਦ ਦਾ ਖੋਟ | ੧੫ | ੭੭੭ |
| ਚੇਤੋ ਮਸੰਦ ਨੂੰ ਸਜ਼ਾ | ੧੬ | ੭੮੩ |
| ਸਿੱਖੀ ਦੀ ਪਰਖ | ੧੭ | ੭੮੯ |
| ਪੰਜ ਪਿਆਰੇ | ੧੮ | ੭੯੫ |
| ਅੰਮ੍ਰਿਤ ਛਕਾਇਆ | ੧੯ | ੮੦੧ |
| ਗੁਰੂ ਜੀ ਨੇ ਅੰਮ੍ਰਿਤ ਛਕਣਾ | ੨੦ | ੮੦੮ |
| ਖਾਲਸੇ ਦਾ ਵਧਣਾ | ੨੧ | ੮੧੪ |
| ਖਾਲਸੇ ਦਾ ਆਦਰਸ਼, ਸ਼ੇਰ ਦੇ ਵੇਸ ਗਧੇ ਦਾ ਦਰਿਸ਼ਟਾਂਤ | ੨੨ | ੮੨੧ |
| ਨੂਹਿ ਪਿੰਡ ਨੂੰ ਮਾਰਨਾ | ੨੩ | ੮੨੭ |
| ਭਾਈ ਨੰਦ ਲਾਲ | ੨੪ | ੮੩੩ |
| ਭਾਈ ਨੰਦ ਲਾਲ ਜੀ ਨੇ ਕੁਰਾਨ ਦੀ ਆਇਤ ਦੇ ਅਰਥ ਦੱਸੇ | ੨੫ | ੮੩੯ |
| ਭਾਈ ਨੰਦ ਲਾਲ ਗੁਰੂ ਜੀ ਦੇ ਹਜ਼ੂਰ | ੨੬ | ੮੪੫ |
| ਭਾਈ ਨੰਦ ਲਾਲ ਜੀ ਅਤੇ ਹੋਲਾ | ੨੭ | ੮੫੨ |
| ਭਾਈ ਦਇਆ ਸਿੰਘ ਜੀ ਦਾ ਜੰਝੂ | ੨੮ | ੮੫੮ |
| ਢੱਠੇ ਮੱਝੇ ਮਸੰਦ ਨੂੰ ਦੰਡ, ਮਸੰਦਾਂ ਦੀ ਨਕਲ | ੨੯ | ੮੬੫ |
| ਭਾਈ ਫੇਰੂ, ਭਾਈ ਰਾਊ ਆਦਿ ਮਸੰਦ | ੩੦ | ੮੭੧ |
| ਨੰਦ ਚੰਦ ਸ੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਠਿਆ | ੩੧ | ੮੭੮ |
| ਭਾਈ ਗੁਰਦਾਸ ਮਸੰਦ, ਬਜਰੂੜ ਨੂੰ ਦੰਡ | ੩੨ | ੮੮੬ |


☆☆☆

Sri Satguru Jagjit Singh Ji eLlibrary NamdhariElibrary@gmail.com

# ਦੋ ਸ਼ਬਦ

ਗੁਰੂ ਗੋਬਿੰਦ ਸਿੰਘ ਜੀ ਆਪਣੀ ਸ੍ਵੈ-ਜੀਵਨੀ ਬਚਿੱਤਰ ਨਾਟਕ ਵਿਚ ਭਲੀ ਪ੍ਰਕਾਰ ਆਪਣੇ ਇਸ ਸੰਸਾਰ ਵਿਚ ਆਉਣ ਦੇ ਪ੍ਰਯੋਜਨ ਬਾਰੇ ਲਿਖਦੇ ਹਨ-

*ਚੌਪਈ- ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ॥*
*ਹੇਮਕੁੰਟ ਪਰਬਤ ਹੈ ਜਹਾਂ॥ ਸਪਤਸ੍ਰਿੰਗ ਸੋਭਿਤ ਹੈ ਤਹਾਂ॥ ੧॥*

ਹੁਣ ਮੈਂ ਆਪਣੀ ਜਨਮ ਕਥਾ ਵਰਣਨ ਕਰਦਾ ਹਾਂ, ਜਿਸ ਤਰ੍ਹਾਂ ਤਪ ਕਰਦਿਆਂ ਮੈਨੂੰ ਇਸ ਸੰਸਾਰ ਵਿਚ ਲਿਆਂਦਾ ਗਿਆ। ਜਿੱਥੇ ਹੇਮਕੁੰਟ ਨਾਮ ਦਾ ਪਰਬਤ ਹੈ, ਉਥੇ ਸਤ ਉੱਚੀਆਂ ਚੋਟੀਆਂ ਸ਼ੋਭਦੀਆਂ ਹਨ।

*ਇਹ ਬਿਧਿ ਕਰਤ ਤਪੱਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥*

ਮੈਂ ਉਸ ਅਸਥਾਨ ਤੇ ਆਸਣ ਲਾ ਕੇ ਇਸ ਪ੍ਰਕਾਰ ਘੋਰ ਤਪੱਸਿਆ ਕੀਤੀ ਕਿ ਮੈਂ ਤੇ ਅਕਾਲ ਪੁਰਖ ਜੀ ਇਕ ਰੂਪ ਹੋ ਗਏ, ਸਾਡੇ ਦੋਹਾਂ ਵਿਚ ਕੋਈ ਭੇਦ ਨਾ ਰਿਹਾ।

*ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੨੮॥*

ਫਿਰ ਅਕਾਲ ਪੁਰਖ ਜੀ ਨੇ ਮੈਨੂੰ ਤਪੱਸਿਆ ਕਰਦੇ ਨੂੰ ਬੁਲਾਇਆ ਤੇ ਇਹ ਬਚਨ ਕਹਿ ਕੇ ਮੈਨੂੰ ਇਸ ਮਾਤ-ਲੋਕ ਵਿਚ ਭੇਜਿਆ।

*ਅਕਾਲ ਪੁਰਖ ਬਾਚ*

*ਚੌਪਈ-ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ ੨੯॥*

ਅਕਾਲ ਪੁਰਖ ਜੀ ਨੇ ਮੈਨੂੰ ਕਿਹਾ ਕਿ ਮੈਂ ਤੈਨੂੰ ਆਪਣਾ ਪੁੱਤਰ ਹੋਣ ਦੀ ਵਡਿਆਈ ਬਖਸ਼ੀ ਹੈ ਤੇ ਤੈਨੂੰ ਨਵਾਂ ਪੰਥ ਚਲਾਉਣ ਲਈ ਸਾਜਿਆ ਹੈ। ਤੂੰ ਸੰਸਾਰ ਵਿਚ ਜਾ ਕੇ ਸੱਚੇ ਧਰਮ ਨੂੰ ਚਲਾ ਤੇ ਲੋਕਾਂ ਨੂੰ ਬੁਰੇ ਕਰਮ ਕਰਨ ਤੋਂ ਹਟਾ॥ ੨੯॥

*ਕਬਿਬਾਚ*

*ਦੋਹਰਾ - ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥*
*ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੈਂ ਹੱਥ ਜੋੜ ਕੇ ਪ੍ਰਭੂ ਦੇ ਸਾਹਮਣੇ ਖੜਾ ਹੋ ਗਿਆ ਤੇ ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੇ ਅਕਾਲ ਪੁਰਖ ਜੀ ! ਜੇ ਤੁਸੀਂ ਮੇਰੀ ਸਹਾਇਤਾ ਕਰੋਗੇ ਤਾਂ ਹੀ ਸੰਸਾਰ ਵਿਚ ਸੱਚਾ ਪੰਥ ਚਲੇਗਾ। ਆਪ ਜੀ ਦੀ ਕਿਰਪਾ ਬਗੈਰ ਮੈਂ ਇਹ ਕਾਰਜ ਨਹੀਂ ਕਰ ਸਕਾਂਗਾ॥ ੩੦॥

*ਚੌਪਈ - ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥*
*ਜਿਮ ਤਿਨ ਕਹੀ ਇਨੈ ਤਿਮ ਕਹਿਹੋਂ॥ ਅਉਰ ਕਿਸੂ ਤੇ ਬੈਰ ਨ ਗਹਿਹੋਂ॥ ੩੧॥*

ਸੱਚਾ ਪੰਥ ਚਲਾਉਣ ਲਈ ਪ੍ਰਭੂ ਨੇ ਮੈਨੂੰ ਇਸ ਲੋਕ ਵਿਚ ਭੇਜਿਆ ਹੈ, ਇਸ ਲਈ ਮੈਂ ਉਨ੍ਹਾਂ ਦੀ ਆਗਿਆ ਅਨੁਸਾਰ ਇਸ ਜਗਤ ਵਿਚ ਜਨਮ ਲਿਆ ਹੈ। ਜਿਵੇਂ ਪ੍ਰਭੂ ਜੀ ਨੇ ਮੈਨੂੰ ਕਿਹਾ ਹੈ, ਮੈਂ ਓਹੋ ਸੁਨੇਹਾ ਜਗਤ ਨੂੰ ਦੇਵਾਂਗਾ। ਮੈਂ ਕਿਸੇ ਨਾਲ ਵੈਰ ਭਾਵਨਾ ਨਹੀਂ ਰੱਖਾਂਗਾ॥ ੩੧॥

Sri Satguru Jagjit Singh Ji eLlibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਦੀ ਉਪਰੋਕਤ ਸ੍ਵੈ-ਜੀਵਨੀ ਪੜ੍ਹਨ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਅਕਾਲ ਪੁਰਖ ਨੇ ਗੁਰੂ ਜੀ ਨੂੰ ਇਕ ਖਾਸ ਪੰਥ ਚਲਾਉਣ ਵਾਸਤੇ ਭੇਜਿਆ ਹੈ। ਗੁਰੂ ਜੀ ਅਕਾਲ ਪੁਰਖ ਦੀ ਤਪੱਸਿਆ ਵਿਚ ਏਨੇ ਲੀਨ ਹੋ ਗਏ ਸਨ ਕਿ ਅਕਾਲ ਪੁਰਖ ਤੇ ਗੁਰੂ ਜੀ ਇਕ ਰੂਪ ਹੋ ਗਏ ਸਨ। ਅਕਾਲ ਪੁਰਖ ਜੀ ਨੇ ਗੁਰੂ ਜੀ ਨੂੰ ਉਚੇਚਾ ਬੁਲਾ ਕੇ ਇਕ ਖਾਸ ਮਿਸ਼ਨ ਦੱਸ ਕੇ ਇਸ ਦੁਨੀਆਂ ਵਿਚ ਭੇਜਿਆ ਹੈ। ਇਹ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਛੋਟੀ ਜਿਹੀ ਬਤਾਲੀ ਸਾਲ ਦੀ ਉਮਰ ਵਿਚ ਸਭ ਕੁਝ ਕਰਕੇ ਦੁਨੀਆਂ ਨੂੰ ਵਿਖਾ ਵੀ ਦਿੱਤਾ ਹੈ। ਪਰ ਕਵੀ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਆਪਣੀ ਸ੍ਵੈ-ਜੀਵਨੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਹੈ ਤੇ ਉਹ ਕਹਿੰਦੇ ਹਨ ਕਿ ਗੁਰੂ ਜੀ ਨੂੰ ਨਵਾਂ ਪੰਥ ਪ੍ਰਗਟ ਕਰਨ ਵਾਸਤੇ ਦੇਵੀ ਪ੍ਰਗਟ ਕਰਨੀ ਪਈ। ਇਕ ਅਕਾਲ ਪੁਰਖ ਦਾ ਪੁੱਤਰ ਕੀ ਦੇਵੀਆਂ ਅੱਗੇ ਝੁਕ ਸਕਦਾ ਹੈ ? ਦੇਵੀ ਤਾਂ ਸਦਾ ਹੀ ਗੁਰੂ ਘਰ ਦੀ ਦਾਸੀ ਰਹੀ ਹੈ। ਉਹ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਝਾੜੂ ਫੇਰਿਆ ਕਰਦੀ ਸੀ। ਇਕ ਮੁਸਲਿਮ ਇਤਿਹਾਸਕਾਰ ਮੋਹਿਸਨ ਫ਼ਾਨੀ ਤਾਂ ਏਥੋਂ ਤਕ ਲਿਖਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਕ ਸਿੱਖ ਨੇ ਦੇਵੀ ਦਾ ਨੱਕ ਹੀ ਕੱਟ ਦਿੱਤਾ ਸੀ। ਜਦ ਭਾਈ ਭੈਰੋਂ ਨੂੰ ਰਾਜਿਆਂ ਨੇ ਫੜ ਲਿਆ ਤਾਂ ਉਹ ਮੁਕਰ ਗਿਆ, ਕਹਿਣ ਲੱਗਾ, "ਮੈਂ ਨੱਕ ਨਹੀਂ ਵੱਢਿਆ ਹੈ, ਇਸ ਬਾਰੇ ਤੁਸੀਂ ਦੇਵੀ ਪਾਸੋਂ ਪੁੱਛ ਸਕਦੇ ਹੋ। ਜਦ ਉਸ ਨੂੰ ਫੜ ਕੇ ਦੇਵੀ ਦੇ ਸਾਹਮਣੇ ਲੈ ਗਏ ਤਾਂ ਉਹ ਦੇਵੀ ਨੂੰ ਕਹਿਣ ਲੱਗਾ, "ਹੇ ਅੰਤਰਜਾਮੀ ਦੇਵੀ ਜੀ ! ਇਹ ਲੋਕ ਮੈਨੂੰ ਫਾਹੇ ਲਾਉਣ ਲੱਗੇ ਹਨ, ਤੂੰ ਹੀ ਸੱਚਾ ਇਨਸਾਫ ਕਰ ਸਕਦੀ ਹੈਂ, ਇਨ੍ਹਾਂ ਲੋਕਾਂ ਨੂੰ ਸੱਚੋ-ਸੱਚ ਦੱਸ ਦੇਵੋ ਕਿ ਤੁਹਾਡਾ ਨੱਕ ਕਿਸ ਨੇ ਕੱਟਿਆ ਸੀ ?" ਇਹ ਸੁਣ ਕੇ ਰਾਜੇ ਸਹਿਤ ਸਾਰੇ ਸ਼ਰਧਾਲੂ ਅਤੇ ਪੰਡਿਤ ਹੱਸਣ ਲੱਗ ਗਏ ਤੇ ਆਪਸ ਵਿਚ ਕਹਿਣ ਲੱਗੇ, "ਇਸ ਮੂਰਖ ਨੂੰ ਇਹ ਵੀ ਪਤਾ ਨਹੀਂ ਕਿ ਦੇਵੀ ਵੀ ਕਿਤੇ ਬੋਲਦੀ ਹੈ।" ਭੈਰੋਂ ਦਾ ਅਜਿਹਾ ਉੱਤਰ ਸੁਣ ਕੇ ਰਾਜੇ ਨੇ ਉਸ ਨੂੰ ਛੱਡ ਦਿੱਤਾ। ਪਰ ਕਵੀ ਜੀ ਨੇ ਦੇਵੀ ਨੂੰ ਪ੍ਰਗਟ ਕਰਨ ਵਾਸਤੇ ਅਤੇ ਉਸ ਤੋਂ ਵਰ ਲੈਣ ਵਾਸਤੇ ਤੀਸਰੀ ਰੁੱਤ ਦੇ ਅਧਿਆਇ - ੪, ੫, ੬, ੭, ੮, ੯, ੧੦, ੧੧ ਅਤੇ ੧੨ ਭਾਵ ੯ ਅਧਿਆਇ ਲਿਖ ਦਿੱਤੇ ਹਨ। ਜਿਨ੍ਹਾਂ ਦਾ ਗੁਰੂ ਜੀ ਦੇ ਜੀਵਨ ਨਾਲ ਕੋਈ ਸੰਬੰਧ ਨਹੀਂ ਹੈ। ਡਾ. ਭਾਈ ਵੀਰ ਸਿੰਘ ਜੀ ਨੂੰ ਇਹ ਸਿਧ ਕਰਨ ਵਾਸਤੇ ਕਿ ਦੇਵੀ ਪ੍ਰਗਟ ਨਹੀਂ ਸੀ ਹੋਈ ੫੮ ਪੰਨੇ ਦਾ ਖੋਜ-ਭਰਪੂਰ ਲੇਖ ਲਿਖਣਾ ਪਿਆ ਹੈ। ਉਸ ਲੇਖ ਦੀ ਸਾਰ ਮੈਂ ਇਸ ਲੇਖ ਤੋਂ ਬਾਅਦ ਦਿੱਤੀ ਹੈ ਤਾਂਕਿ ਵਿਦਵਾਨ ਸੱਜਣ ਉਸ ਨੂੰ ਪੜ੍ਹ ਕੇ ਇਹ ਸਮਝ ਸਕਣ ਕਿ ਅਕਾਲ ਪੁਰਖ ਵਲੋਂ ਆਪ ਭੇਜੇ ਹੋਏ ਅਵਤਾਰ ਨੂੰ ਕਿਸੇ ਦੇਵੀ ਪ੍ਰਗਟ ਕਰਨ ਦੀ ਲੋੜ ਨਹੀਂ ਸੀ।

ਫਿਰ ਕਵੀ ਜੀ ਇਹ ਕਹਿੰਦੇ ਹਨ ਕਿ ਦੇਵੀ ਪ੍ਰਗਟ ਕਰਕੇ ਗੁਰੂ ਜੀ ਉਸ ਪਾਸੋਂ ਕੋਈ ਵਿਸ਼ੇਸ਼ ਹਥਿਆਰ ਪ੍ਰਾਪਤ ਕਰਨਾ ਚਾਹੁੰਦੇ ਸਨ। ਪਰ ਜਦ ਦੇਵੀ ਪ੍ਰਗਟ ਹੁੰਦੀ ਹੈ ਤਾਂ ਉਹ ਗੁਰੂ ਜੀ ਨੂੰ ਇਕ ਕਰਦ ਜਾਂ ਕਟਾਰ ਦਿੰਦੀ ਹੈ। ਪਰ ਜਦ ਗੁਰੂ ਜੀ ਅੰਮ੍ਰਿਤ ਤਿਆਰ ਕਰਦੇ ਹਨ ਤਾਂ ਉਹ ਬਾਣੀ ਪੜ੍ਹ ਕੇ ਮਿੱਠੇ ਜਲ ਵਿਚ ਖੰਡਾ ਫੇਰਦੇ ਹਨ। ਇਸ ਕਰਕੇ ਪਾਹੁਲ ਖੰਡੇ ਦੀ ਕਹਿੰਦੇ ਹਨ।

ਅਸਲ ਗੱਲ ਇਹ ਹੈ ਕਿ ਕਵੀ ਜੀ ਕਲਿਜੁਗ ਵਿਚ ਗੁਰੂ ਜੀ ਪਾਸੋਂ ਦੇਵੀ ਪ੍ਰਗਟ ਕਰਵਾ ਕੇ, ਉਨ੍ਹਾਂ ਨੂੰ ਸਭ ਤੋਂ ਵੱਡਾ ਅਵਤਾਰ ਸਾਬਤ ਕਰਨਾ ਚਾਹੁੰਦੇ ਹਨ। ਉਸ ਬਾਰੇ ਆਪ ਜੀ ਲਿਖਦੇ ਹਨ ਕਿ ਸਤਿਜੁਗ, ਤ੍ਰੇਤੇ ਅਤੇ ਦੁਆਪਰ ਵਿਚ ਕਿਸੇ ਵੀ ਅਵਤਾਰ ਪਾਸੋਂ ਦੇਵੀ ਪ੍ਰਗਟ ਨਹੀਂ ਹੋ ਸਕੀ ਸੀ, ਪਰ ਗੁਰੂ ਜੀ ਨੇ ਦੇਵੀ ਨੂੰ ਕਲਿਜੁਗ ਵਿਚ ਪ੍ਰਗਟ ਕਰ ਦਿੱਤਾ ਹੈ। ਫਿਰ ਕਵੀ ਜੀ ਦੀ ਦੇਵੀ ਵੀ ਇਕ ਨਹੀਂ ਹੈ, ਬਲਕਿ ਦੋ ਦੇਵੀਆਂ ਹਨ। ਇਕ ਦੇਵੀ ਵਿਕਰਾਲ ਕਾਲੇ ਸਰੂਪ ਵਾਲੀ ਹੈ, ਜਿਸ ਦੇ ਵੱਡੇ-ਵੱਡੇ ਭਿਆਨਕ ਦੰਦ ਹਨ ਅਤੇ ਸਿਰ ਉੱਤੇ ਭਿਆਨਕ ਵਾਲ ਹਨ। ਦੂਸਰੀ ਦੇਵੀ ਅੱਠਾਂ ਬਾਹਾਂ ਵਾਲੀ ਬੜੀ ਸੁੰਦਰ ਹੈ ਤੇ ਉਹ ਸ਼ੇਰ ਦੀ ਸਵਾਰੀ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਆਪ ਫੁਰਮਾਇਆ ਹੈ ਕਿ ਅਕਾਲ ਪੁਰਖ ਇਕ ਹੈ ਤੇ ਉਸ ਦਾ ਹੋਰ ਕੋਈ ਸਾਨੀ ਨਹੀਂ ਹੈ ਤੇ ਉਹ ਨਿਰਗੁਣ ਵੀ ਤੇ ਸਰਗੁਣ ਵੀ ਹੈ।

*ਕੇਵਲ ਕਾਲਈ ਕਰਤਾਰ॥ ਆਦਿ ਅੰਤ ਅਨੰਤਿ ਮੂਰਤਿ ਗੜ੍ਹਨ ਭੰਜਨਹਾਰ॥ ੧॥*

*(ਸ਼ਬਦ ਹਜ਼ਾਰੇ, ਪਾ: ੧੦)*

ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਬਾਣੀ ਤੋਂ ਸਪੱਸ਼ਟ ਹੈ ਕਿ ਉਹ ਕੇਵਲ ਇਕ ਅਕਾਲ ਪੁਰਖ ਨੂੰ ਮੰਨਦੇ ਹਨ, ਦੂਸਰੇ ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਹਨ। ਉਹ ਇਸ ਤੱਥ ਨੂੰ ਬਾਰ-ਬਾਰ ਆਪਣੀ ਬਾਣੀ ਵਿਚ ਸਪੱਸ਼ਟ ਕਰਦੇ ਹਨ :-

Sri Satguru Jagjit Singh Ji eLlibrary NamdhariElibrary@gmail.com

*ਚੌਪਈ-ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹਿ ਧਿਆਊਂ॥*

*ਕਾਨ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੋਰੀ ਪਗ ਇਨ ਸੋ॥*

ਉਪਰੋਕਤ ਤੱਥ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਦੀ ਸਹਾਇਤਾ ਲੈਣੀ ਨਹੀਂ ਸੀ ਮੰਨਦੇ। ਉਹ ਜੋ ਵਰ ਵੀ ਮੰਗਦੇ ਹਨ ਤਾਂ ਕੇਵਲ ਇਕ ਅਕਾਲ ਪੁਰਖ ਪਾਸੋਂ ਮੰਗਦੇ ਹਨ -

*ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ ਜੋ ਬਰ ਚਾਹੋਂ ਸੁ ਤੁਮ ਤੇ ਪਾਊਂ॥*

ਜੇ ਗੁਰੂ ਜੀ ਨੇ ਦੇਵੀ ਤੋਂ ਵਰ ਪ੍ਰਾਪਤ ਕਰਨਾ ਹੁੰਦਾ ਤਾਂ ਉਹ ਫਿਰ ਲਿਖ ਸਕਦੇ ਸਨ ਕਿ ਦੇਵੀ ਪ੍ਰਗਟ ਕਰਕੇ ਵਰ ਪ੍ਰਾਪਤ ਕਰ ਲੈਂਦੇ ਹਾਂ। ਕਵੀ ਜੀ ਨੇ ਗੁਰੂ ਜੀ ਪਾਸੋਂ ਦੇਵੀ ਪ੍ਰਗਟ ਕਰਵਾ ਕੇ ਉਨ੍ਹਾਂ ਦੀ ਪਦਵੀ ਉੱਚੀ ਨਹੀਂ ਕੀਤੀ ਹੈ ਬਲਕਿ ਉਨ੍ਹਾਂ ਨੂੰ ਦੇਵੀ ਉਪਾਸ਼ਕ ਬਣਾ ਕੇ, ਉਨ੍ਹਾਂ ਦੇ ਅਕਾਲ ਪੁਰਖ ਵਿਚ ਅਥਾਹ ਵਿਸ਼ਵਾਸ ਨੂੰ ਜ਼ਰਬ ਲਾਈ ਹੈ।

ਭਾਈ ਸੰਤੋਖ ਸਿੰਘ ਜੀ ਨੇ ਜਿਹੜਾ ਵੱਡਾ ਉੱਦਮ ਕਰਕੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਿਆ, ਉਹ ਉਨ੍ਹਾਂ ਦਾ ਵੱਡਾ ਸ਼ਲਾਘਾਯੋਗ ਯਤਨ ਹੈ। ਜਿੰਨੇ ਸੁੰਦਰ ਢੰਗ ਨਾਲ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਚਿਰੱਤਰ ਬਿਆਨ ਕੀਤੇ ਹਨ, ਸਾਨੂੰ ਉਨ੍ਹਾਂ ਨੂੰ ਬੜੀ ਸ਼ਰਧਾ ਨਾਲ ਪੜ੍ਹਨਾ ਚਾਹੀਦਾ ਹੈ। ਪਰ ਜਿੱਥੇ ਕਿਤੇ ਉਹ ਭਾਵਨਾ ਵੱਸ ਕੋਈ ਗੱਲ ਗੈਰ ਸੁਖਾਵੀ ਲਿਖ ਗਏ ਹਨ, ਉਸ ਨੂੰ ਸਾਨੂੰ ਚੂਕ ਸਮਝ ਕੇ ਭੁੱਲ ਜਾਣਾ ਚਾਹੀਦਾ ਹੈ।

ਕਵੀ ਜੀ ਨੇ ਇਕ ਹੋਰ ਨਵੇਕਲੀ ਝਾਕੀ ਪੇਸ਼ ਕਰਕੇ ਸਾਰੇ ਸਿੱਖ ਪੰਥ ਨੂੰ ਭੁਲੇਖੇ ਵਿਚ ਪਾ ਦਿੱਤਾ ਹੈ। ਕਵੀ ਜੀ ਰੁੱਤ ਤਿੰਨ ਦੇ ਅਧਿਆਇ ੧੭ ਵਿਚ ਇਹ ਲਿਖਦੇ ਹਨ ਕਿ ਗੁਰੂ ਜੀ ਨੇ ਨਵਾਂ ਪੰਥ ਸਾਜਣ ਵਾਸਤੇ ਇਕ ਵਿਸ਼ਾਲ ਤੰਬੂ ਲਾਉਣ ਦੀ ਆਗਿਆ ਕੀਤੀ। ਸ਼ਾਮ ਵੇਲੇ ਇਕ ਇਤਬਾਰੀ ਸਿੱਖ ਨੂੰ ਬੁਲਾ ਕੇ ਕਿਹਾ ਕਿ ਉਹ ਇਕ ਵਿਸ਼ੇਸ਼ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਆਵੇ। ਉਸ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ ਤੇ ਉਹ ਵਿਸ਼ੇਸ਼ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਕੇ ਉਨ੍ਹਾਂ ਅੱਗੇ ਘਾਹ ਪਾਣੀ ਰੱਖ ਆਇਆ।

ਅਗਲੇ ਦਿਨ ਜਦ ਗੁਰੂ ਜੀ ਸਿੱਖਾਂ ਦੀ ਪਰਖ ਕਰਨ ਲੱਗੇ ਤਾਂ ਉਨ੍ਹਾਂ ਪਹਿਲਾਂ ਇਕ ਸਿੱਖ ਦੇ ਸੀਸ ਦੀ ਮੰਗ ਕੀਤੀ ਤੇ ਜਦ ਭਾਈ ਦਇਆ ਸਿੰਘ ਉੱਠ ਕੇ ਖੜਾ ਹੋਇਆ ਤਾਂ ਉਸ ਨੂੰ ਬਾਂਹ ਤੋਂ ਫੜ ਕੇ ਤੰਬੂ ਦੇ ਅੰਦਰ ਲੈ ਗਏ ਤੇ ਇਕ ਬੱਕਰੇ ਨੂੰ ਝਟਕਾ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਪੰਜ ਵਾਰ ਕੀਤਾ ਤੇ ਪੰਜੇ ਬੱਕਰੇ ਝਟਕਾ ਦਿੱਤੇ ਤੇ ਪੰਜਾਂ ਪਿਆਰਿਆਂ ਨੂੰ ਉਹ ਲੁਕਾ ਕੇ ਇਕ ਥਾਂ ਬਿਠਾਉਂਦੇ ਰਹੇ।

ਅਜਿਹਾ ਲਿਖਣ ਤੋਂ ਇੰਝ ਲਗਦਾ ਹੈ, ਜਿਵੇਂ ਕਵੀ ਵੀ ਆਪ ਸਭ ਕੁਝ ਵੇਖਦੇ ਰਹੇ ਸਨ। ਗੁਰੂ ਜੀ ਨੇ ਜੋ ਵੀ ਅੰਦਰ ਖੇਡ ਖੇਡੀ ਹੈ, ਉਸ ਬਾਰੇ ਅਜ ਤਕ ਵੀ ਕਿਸੇ ਨੂੰ ਪਤਾ ਨਹੀਂ। ਗੁਰੂ ਜੀ ਨਾਟਕ ਚੇਟਕ ਨਹੀਂ ਸੀ ਮੰਨਦੇ, ਉਹ ਜੋ ਕੁਝ ਕਰਦੇ ਸਨ, ਪ੍ਰਗਟ ਰੂਪ ਵਿਚ ਕਰਦੇ ਸਨ। ਜੇ ਹੁਣ ਮੰਨ ਲਿਆ ਜਾਵੇ ਕਿ ਗੁਰੂ ਜੀ ਨੇ ਇਕ ਤੰਬੂ ਵਿਚ ਪੰਜ ਬੱਕਰੇ ਬੰਨ੍ਹ ਦਿੱਤੇ ਸਨ। ਪਰ ਜਦ ਦੂਸਰੇ ਬੱਕਰਿਆਂ ਦੇ ਸਾਹਮਣੇ ਇਕ ਬੱਕਰੇ ਨੂੰ ਮਾਰਿਆ ਹੋਵੇਗਾ ਤਾਂ ਦੂਸਰੇ ਬੱਕਰੇ ਚੀਕਾਂ ਨਾ ਮਾਰ ਉੱਠੇ ਹੋਣਗੇ ? ਬੱਕਰਾ ਇਕ ਬੜਾ ਡਰਪੋਕ ਜਾਨਵਰ ਹੈ। ਜਦ ਇਕ ਬੱਕਰੇ ਨੂੰ ਮਾਰਿਆ ਜਾਵੇ ਤਾਂ ਦੂਸਰੇ ਏਨੇ ਡਰ ਜਾਂਦੇ ਹਨ ਕਿ ਉਨ੍ਹਾਂ ਦੀ ਮਲੋ-ਮਲੀ ਮਿਆਂਕ ਨਿਕਲ ਜਾਂਦੀ ਹੈ।

ਇਸ ਲਈ ਅਸੀਂ ਪ੍ਰਗਟ ਰੂਪ ਵਿਚ ਇਹ ਨਹੀਂ ਕਹਿ ਸਕਦੇ ਕਿ ਗੁਰੂ ਜੀ ਨੇ ਅੰਦਰ ਬੱਕਰੇ ਝਟਕਾਏ ਸਨ, ਪੰਜ ਪਿਆਰੇ ਨਹੀਂ। ਅੰਦਰ ਜੋ ਕੁਝ ਵੀ ਹੋਇਆ ਹੈ ਉਹ ਗੁਪਤ ਸੀ, ਉਸ ਬਾਰੇ ਕੇਵਲ ਸਤਿਗੁਰੂ ਜੀ ਆਪ ਹੀ ਜਾਣਦੇ ਸਨ। ਉਨ੍ਹਾਂ ਦੀ ਮਹਿਮਾ ਨੂੰ ਹੋਰ ਕੋਈ ਨਹੀਂ ਜਾਣ ਸਕਦਾ ਹੈ। ਇਸ ਕਰਕੇ ਸਾਨੂੰ ਆਪਣੇ ਆਪ ਇਹ ਕਦੀ ਨਹੀਂ ਕਹਿਣਾ ਚਾਹੀਦਾ ਕਿ ਅੰਦਰ ਬੱਕਰੇ ਬੱਝੇ ਸਨ। ਗੁਰੂ ਜੀ ਆਪ ਸਰਬ ਸਮਰੱਥ ਸਨ। ਅਸੀਂ ਇਹ ਭਲੀ ਭਾਂਤ ਜਾਣਦੇ ਹਾਂ ਕਿ ਨੰਦੇੜ ਤੋਂ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੇਵਲ ਪੰਜ ਸਿੰਘ ਦੇ ਕੇ ਪੰਜਾਬ ਵਲ ਭੇਜਿਆ ਸੀ, ਜਿਨ੍ਹਾਂ ਨੇ ਫਿਰ ਮੁਗ਼ਲ ਹਕੂਮਤ ਦਾ ਢਾਂਚਾ ਹੀ ਖੋਖਲਾ ਕਰ ਦਿੱਤਾ ਅਤੇ ਇਹੋ ਸਿੱਖ ਫਿਰ ਸਿੱਖ ਰਾਜ ਦੀ ਨੀਂਹ ਸਾਬਤ ਹੋਏ।

—ਅਜੀਤ ਸਿੰਘ ਔਲਖ (ਡਾ.)

Sri Satguru Jagjit Singh Ji eLlibrary NamdhariElibrary@gmail.com

# ਕੀ ਦੇਵੀ ਪ੍ਰਗਟ ਹੋਈ ਸੀ ?

—ਪਦਮ ਭੂਸ਼ਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਇਸ ਪਾਸੇ ਦੀ ਖੋਜ ਕਰਨ ਵਿਚ ਦੋ ਸਮੇਂ ਨਿਰਧਾਰਿਤ ਹੁੰਦੇ ਹਨ,

**(ੳ) ਗੁਰੂ ਜੀ ਦੇ ਸਮੇਂ ਤੋਂ ੧੯੩੩ ਤਕ ਦਾ ਸਮਾਂ। (ਅ) ੧੯੩੩ ਤੋਂ ਹੁਣ ਤਕ ਦਾ ਸਮਾਂ।**

## (ੳ) ਗੁਰੂ ਜੀ ਦਾ ਆਪਣਾ ਤੇ ਉਸ ਤੋਂ ਪਿੱਛੋਂ ਸੰ: ੧੯੩੩ ਤਕ ਦਾ ਸਮਾਂ

ਹੁਣ ਅਸਾਂ ਖੋਜ ਕਰਨੀ ਹੈ ਕਿ ਗੁਰੂ ਜੀ ਦੇ ਦੇਵੀ ਪੂਜਣ ਤੇ ਪ੍ਰਗਟਾਉਣ ਸੰਬੰਧੀ ਇਤਿਹਾਸਿਕ ਖੋਜ ਇਕ ਖੋਜੀ ਨੂੰ ਕਿੱਥੇ ਲੈ ਜਾਂਦੀ ਹੈ। ਅਰਥਾਤ ਕਿ ਇਹ ਗੱਲ ਅਮਰ ਵਾਕਿਆ ਸਿੱਧ ਹੁੰਦੀ ਹੈ ਕਿ ਨਹੀਂ, ਕੀ ਨੈਣੇ ਦੇ ਟਿੱਲੇ ਤੇ ਦੇਵੀ ਅਰਾਧੀ ਗਈ ਸੀ ਤੇ ਪ੍ਰਗਟ ਹੋਈ ਸੀ ਤੇ ਉਸ ਨੇ ਵਰ ਦਿੱਤੇ ਸਨ ਆਦਿ ?

### ੧. ਬਚਿੱਤ੍ਰ ਨਾਟਕ

ਸਭ ਤੋਂ ਪਹਿਲਾਂ ਸਾਨੂੰ ਦਸਮ ਗੁਰਬਾਣੀ ਤੇ ਖਾਸ ਕਰ ਬਚਿੱਤ੍ਰ ਨਾਟਕ ਵਿਚ ਖੋਜ ਕਰਨੀ ਚਾਹੀਦੀ ਹੈ। ਫਿਰ ਬੀਰ-ਰਸ ਜਗਾਉਣ ਵਾਲੇ ਚੰਡੀ ਦੇ ਤਿੰਨ ਲੇਖ-ਚਰਿੱਤ੍ਰ ਤੇ ਵਾਰ ਆਦਿ ਦਿੱਤੇ ਹਨ, ਉਹ ਸੰਸਕ੍ਰਿਤ ਪੁਸਤਕਾਂ (ਮਾਰਕੰਡੇ ਪੁਰਾਣ ਆਦਿਕ) ਦੇ ਸੁਤੰਤ੍ਰ ਤੇ ਸੰਖੇਪ ਤਰਜਮੇ ਹਨ ਤੇ ਉਨ੍ਹਾਂ ਵਿਚ ਵੀ ਇਹ 'ਅਮਰ ਵਾਕਿਆ' ਕਿਤੇ ਨਹੀਂ ਆਉਂਦਾ ਕਿ ਅਸਾਂ ਨੇ ਨੈਣੇ ਦੇ ਟਿੱਲੇ ਤੇ ਦੇਵੀ ਪੂਜੀ ਤੇ ਪ੍ਰਗਟਾਈ। ਇਨ੍ਹਾਂ ਵਿਚ ਬੀਰ-ਰਸ ਦੇ ਨਕਸ਼ੇ ਕਮਾਲ ਦੇ ਬੱਧੇ ਹਨ ਤੇ ਪ੍ਰਯੋਜਨ ਇਹ ਹੈ ਕਿ ਬੀਰ-ਰਸੀ ਸਾਹਿਤ ਪੜ੍ਹ ਸੁਣ ਕੇ ਖਾਲਸੇ ਵਿਚ ਬੀਰ-ਰਸ ਦਾ ਉਤਸ਼ਾਹ ਵਧੇ, ਜੈਸਾ ਕਿ ਲਿਖਿਆ ਹੈ:-"ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ॥" (ਚੰਡੀ ਚਰਿਤ੍ਰ-੨)। ਫਿਰ ਪਹਿਲੇ ਚੰਡੀ ਚਰਿੱਤ੍ਰ ਵਿਚ ਮਾਰਕੰਡੇ ਪੁਰਾਣ ਦਾ ਪਤਾ ਅਧਿਆਵਾਂ ਦੇ ਨਾਲੋ-ਨਾਲ ਦਿਤਾ ਹੈ ਤੇ ਅੰਤ ਵਿਚ ਕਿਹਾ ਹੈ, *'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ'*। ਖੋਜ ਕਰਨ ਤੇ ਤਿੰਨੇ ਪ੍ਰਸੰਗ ਪੌਰਾਣਕ ਸੰਖੇਪ ਤਰਜਮੇ ਹਨ, ਇਥੋਂ ਤਾਈਂ ਕਿ ਅੰਤਲੀਆਂ ਮਹਾਤਮ ਦੀਆਂ ਤੁਕਾਂ ਵੀ ਮੂਲ ਦੇ ਹੀ ਭਾਵ ਤਰਜਮਾ ਹੋਏ ਹਨ। ਇਨ੍ਹਾਂ ਵਿਚ 'ਚੰਡੀ ਚਰਿਤ੍ਰ ਉਕਤ ਬਿਲਾਸ' ਪਦ ਕਿਤੇ ਮੁੱਢ ਵਿਚ ਤੇ ਕਿਤੇ ਅਧਿਆਵਾਂ ਦੇ ਅੰਤ ਪਰ ਆਉਂਦਾ ਹੈ, ਜਿਸ ਦਾ ਮਤਲਬ ਹੈ ਕਿ ਇਹ ਤਰਜਮਾ ਹੈ ਅਥਵਾ ਬਿਲਾਸ ਦੀ ਖ਼ਾਤਰ ਕਿਹਾ ਜਾ ਰਿਹਾ ਹੈ ਤੇ ਅੰਤ ਵਿਚ *'ਕਉਤਕ ਹੇਤ ਕਰੀ ਕਵਿ ਨੇ'* ਆਉਣ ਤੋਂ ਇਨ੍ਹਾਂ ਦਾ ਲਿਖਿਆ ਜਾਣਾ *ਇਸ਼ਟਪਤੀ* ਦਾ ਪ੍ਰਯੋਜਨੀ ਸਿੱਧ ਨਹੀਂ ਹੁੰਦਾ। ਚੰਡੀ ਚਰਿੱਤ੍ਰ ਪਹਿਲੇ ਦੇ ਮੁੱਢ ਵਿਚ ਅਕਾਲ ਪੁਰਖ ਦਾ ਸਪੱਸ਼ਟ ਮੰਗਲ ਕੀਤਾ ਹੈ ਤੇ ਮਗਰੋਂ ਇਹ ਤੁਕ ਵੀ ਪਈ ਹੈ:- *'ਕ੍ਰਿਪਾ ਸਿੰਧ ! ਤੁਮਰੀ ਕ੍ਰਿਪਾ ਜੌ ਕੁਛ ਮੋ ਪਰਿ ਹੋਇ॥ ਰਚੌਂ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ॥'* ਜਿਸ ਤੋਂ ਸਪੱਸ਼ਟ ਹੈ ਕਿ ਆਪਣਾ ਇਸ਼ਟ 'ਅਕਾਲ ਪੁਰਖ' ਹੈ, ਜਿਸ ਦੀ ਸਹਾਇਤਾ ਮੰਗ ਰਹੇ ਤੇ ਇਹ ਕਥਾ ਜੰਗ ਕਰਨ ਦਾ ਉਤਸ਼ਾਹ ਤੇ ਰੌਦ੍ਰ-ਰਸ ਭਰਨ ਲਈ ਇਸ਼ਟ ਦਾ ਪ੍ਰਯੋਜਨ ਲਿਖਣ ਲਗੇ ਹਨ ਤੇ ਅੰਤ ਵਿਚ *'ਕਉਤਕ ਹੇਤ ਕਰੀ'* ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਅਲਹਿਦਗੀ ਸਾਫ-ਸਾਫ ਦੱਸ ਰਹੇ ਹਨ। ਬਚਿੱਤ੍ਰ ਨਾਟਕ ਤੋਂ ਜੋ ਹੋਰ ਉਗਾਹੀ ਮਿਲਦੀ ਹੈ ਸੋ ਇਹ ਹੈ, ਗੁਰੂ ਜੀ ਫੁਰਮਾਉਂਦੇ ਹਨ :-

*(ੳ) ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ ੨੮॥*

ਅਕਾਲ ਪੁਰਖ ਬਾਚ

ਚੌਪਈ- (ਅ) ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰਿ ਕਰਿਬੇ ਕੱਹ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕੁਬੁਧਿ ਕਰਨ ਤੇ ਲੋਕ ਹਟਾਇ॥ ੨੯॥

ਕਬਿਬਾਚ

ਦੋਹਰਾ- (ੲ) ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥

ਚੌਪਈ- (ਸ) ਇਹ ਕਾਰਨਿ ਪ੍ਰਭ ਮੋਹਿ ਪਠਾਯੋ॥ ਤਬ ਮੈਂ ਜਗਤ ਜਨਮੁ ਧਰਿ ਆਯੋ॥
(ਹ) ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸ਼ਟ ਦੋਖਿਯਨਿ ਪਕਰਿ ਪਛਾਰੋ॥ ੪੨॥
(ਕ) ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥ ੪੩॥

ਇਨ੍ਹਾਂ ਵਾਕਾਂ ਵਿਚ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾ, ਪੰਥ ਰਚਣ ਦਾ ਹੁਕਮ ਦੇਣਾ, ਪੁੱਤਰ ਹੋਣ ਦਾ ਮਾਣ ਬਖਸ਼ਣਾ, ਧਰਮ ਚਲਾਉਣ ਤੇ ਦੁਸ਼ਟਾਂ ਦਾ ਮੂਲ ਪੁੱਟਣ ਆਦਿ ਬਾਬਤ ਹੁਕਮ ਦੇਣੇ, ਸ਼ਾਂਤਿ ਤੇ ਬੀਰ-ਰਸੀ ਵਰ ਦੇਣੇ ਤਾਂ ਇਕ 'ਅਮਰ ਵਾਕਿਆ' ਦੀ ਤਰ੍ਹਾਂ ਅਰਥਾਤ ਇਕ ਇਤਿਹਾਸਿਕ ਹੋਈ ਘਟਨਾ ਦੇ ਰੂਪ ਵਿਚ ਸਫੁਟ ਲਿਖੇ ਹਨ, ਪਰ ਕੇਸ਼ੋ ਦਾਸ ਨੂੰ ਲੈ ਕੇ ਹਵਨ ਕਰਕੇ ਦੇਵੀ ਦਾ ਆਵਾਹਨ, ਪ੍ਰਗਟਣਾ ਤੇ ਉਸ ਦਾ ਕਹਿਣਾ ਕਿ ਪੰਥ ਰਚੋ ਆਦਿ ਕੋਈ ਵਾਕਿਆ ਇਸ ਉਪਰਲੇ ਵਾਕਿਆ ਵਾਂਙੂ ਇਤਿਹਾਸਿਕ ਘਟਨਾ ਦੇ ਰੂਪ ਵਿਚ ਨਹੀਂ ਮਿਲਦਾ।

## 2. ਸ੍ਰੀ ਦਸਮ ਗ੍ਰੰਥ ਸਾਹਿਬ

ਸਾਰੇ ਦਸਮ ਗ੍ਰੰਥ ਉੱਤੇ ਅਸੀਂ ਇਸ ਵੇਲੇ ਇਤਿਹਾਸਿਕ ਜਾਂ ਭਾਵ ਬੋਧਕ ਵਿਵੇਚਨਾ ਨਹੀਂ ਕਰ ਰਹੇ। ਸਮੁੱਚੇ ਸੰਗ੍ਰਹਿ ਵਿਚ ਜਿਵੇਂ ਕਿ ਹੈ ਅਸੀਂ ਇਸ ਪੱਖ ਦੀ ਟੋਲ ਕਰਦੇ ਹਾਂ ਤਾਂ ਦੇਵੀ ਪੂਜਨ ਦੀ ਘਟਨਾ 'ਇਤਿਹਾਸਿਕ ਹੋਈ ਘਟਨਾ' ਦੇ ਰੂਪ ਵਿਚ ਕਿਤੇ ਨਹੀਂ ਮਿਲਦੀ। ਜਿਵੇਂ ਚੰਡੀ ਦੀ ਵਾਰ ਵਿਚ ਦੇਵੀ ਦੇ ਪ੍ਰਸੰਗ ਹਨ, ਤਿਵੇਂ ਅਵਤਾਰਾਂ ਦੇ ਸੰਗ੍ਰਹਿ ਤੇ 'ਚਰਿੱਤ੍ਰਾਂ' ਵਿਚ ਵੀ ਕਿਤੇ-ਕਿਤੇ ਦੇਵੀ ਦੇ ਜ਼ਿਕਰ ਮਿਲਦੇ ਹਨ, ਪਰ ਇਨ੍ਹਾਂ ਵਿਚ ਵੀ 'ਦੇਵੀ ਸਤਿਗੁਰਾਂ ਨੇ ਆਪ ਪੂਜੀ ਹੈ' ਦੀ ਕੋਈ ਇਤਿਹਾਸਿਕ ਘਟਨਾ ਵਾਲੀ ਲਿਖਤ ਨਹੀਂ ਮਿਲਦੀ। ਚਰਿੱਤ੍ਰਾਂ ਵਿਚ ਦਿੱਤੀਆਂ ਕਹਾਣੀਆਂ ਵਿਚ ਜੇ ਕਿਸੇ ਨਾਇਕ ਦੇ ਦੇਵੀ ਪੂਜਨ ਜਾਂ ਵਰ ਪ੍ਰਾਪਤੀ ਆਦਿ ਦਾ ਜ਼ਿਕਰ ਆਇਆ ਹੈ ਤਾਂ ਉਹ ਉਸੇ ਕਹਾਣੀ ਵਿਚ ਕਥੇ ਹੋਰ ਪੁਰਖਾਂ ਦੇ ਧਰਮ ਵਿਸ਼੍ਵਾਸ ਤੇ ਕਰਤੱਤ੍ਰ ਦਾ ਸੂਚਕ ਹੈ, ਪਰ ਗੁਰੂ ਜੀ ਦਾ ਵਿਸ਼੍ਵਾਸ ਜਾਂ ਗੁਰੂ ਜੀ ਦੇ ਨਿਜ ਨਾਲ ਵਰਤੀ ਘਟਨਾ ਦਾ ਸਬੂਤ ਨਹੀਂ ਹੈ। ਫਿਰ ਜਦ ਚਰਿੱਤ੍ਰਾਂ ਦੀ ਹੋਰ ਖੋਜ ਕਰੀਏ ਤਾਂ ਸਗੋਂ ਉਥੋਂ ਹੀ ਦੇਵਤਿਆਂ ਦੇ ਸਿੱਧ ਕਰਨ ਕਰਾਵਣ ਵਾਲਿਆਂ ਦੇ ਉਲਟ ਵੀ ਸਾਮਾਨ ਮਿਲ ਜਾਂਦਾ ਹੈ, ਜੋ ਦੱਸਦਾ ਹੈ ਕਿ ਮੰਤ੍ਰ ਪ੍ਰਯੋਗ ਆਦਿ ਨਾਲ ਦੇਵਤਿਆਂ ਨੂੰ ਸਿੱਧ ਕਰਨ ਦੀਆਂ ਜੁਗਤਾਂ ਪੁਰ ਮਖੌਲ ਉਡਾਏ ਗਏ ਹਨ। ਦੇਖੋ ਚਰਿੱਤ੍ਰ ੨੬੬ ਜਿਸ ਵਿਚ ਇਸ ਤਰ੍ਹਾਂ ਲਿਖਿਆ ਹੈ :-

ਬ੍ਰਾਹਮਣੋ! ਸੁਣੋ, ਜਿਨ੍ਹਾਂ ਨੂੰ ਤੁਸੀਂ ਮੰਤਰ ਦਿੰਦੇ ਹੋ, ਉਨ੍ਹਾਂ ਦਾ ਜਿਵੇਂ ਕਿਵੇਂ ਕਰਕੇ ਘਰ ਲੁੱਟ ਲੈਂਦੇ ਹੋ, ਉਨ੍ਹਾਂ ਨੂੰ ਕੋਈ ਸਮਝ ਨਹੀਂ ਹੁੰਦੀ ਤੇ ਉਹ ਮੂਰਖ ਮੁਫਤ ਵਿਚ ਆਪਣਾ ਸਿਰ ਮੁੰਨਵਾ ਲੈਂਦੇ ਹਨ। ਉਨ੍ਹਾਂ ਨੂੰ ਤੁਸੀਂ ਕਹਿੰਦੇ ਹੋ ਕਿ ਤੁਹਾਡਾ ਮੰਤਰ ਸਿੱਧ ਹੋਵੇਗਾ ਅਤੇ ਸ਼ਿਵਜੀ ਤੁਹਾਨੂੰ ਵਰ ਦਾਨ ਦੇਵੇਗਾ, ਪਰ ਜਦ ਉਨ੍ਹਾਂ ਦਾ ਮੰਤਰ ਸਿੱਧ ਨਹੀਂ ਹੁੰਦਾ ਤਾਂ ਤੁਸੀਂ ਉਸ ਨੂੰ ਇਸ ਤਰ੍ਹਾਂ ਕਹਿੰਦੇ ਹੋ। ਤੁਹਾਥੋਂ ਕੋਈ ਗ਼ਲਤ ਕ੍ਰਿਆ ਹੋ ਗਈ ਹੈ, ਇਸ ਕਰਕੇ ਸ਼ਿਵਜੀ ਨੇ ਦਰਸ਼ਨ ਨਹੀਂ ਦਿੱਤੇ। ਤੁਸੀਂ ਹੁਣ ਬ੍ਰਾਹਮਣ ਹੋਰ ਪੁੰਨ ਦਾਨ ਕਰੋ ਅਤੇ ਦੁਬਾਰਾ ਸ਼ਿਵਜੀ ਦੇ ਮੰਤਰ ਦਾ ਜਾਪ ਕਰੋ। ਤੁਸੀਂ ਉਲਟ ਦੰਡ ਘਰ ਵਾਲੇ ਨੂੰ ਦਿੰਦੇ ਹੋ ਅਤੇ ਉਸਨੂੰ ਦੁਬਾਰਾ ਸ਼ਿਵਜੀ ਮੰਤਰ ਦਿੰਦੇ ਹੋ ਅਤੇ ਕਹਿੰਦੇ ਹੋ ਕਿ ਤੁਹਾਡੇ ਜਾਪ ਕਰਨ ਸਮੇਂ ਕੁਝ ਅੱਖਰ ਰਹਿ ਗਏ ਹਨ

ਅਤੇ ਤੁਹਾਡੀ ਕ੍ਰਿਆ ਦਾ ਨਾਸ ਹੋ ਗਿਆ ਹੈ, ਇਸ ਕਰਕੇ ਸ਼ਿਵਜੀ ਨੇ ਤੁਹਾਨੂੰ ਵਰ ਨਹੀਂ ਦਿੱਤਾ, ਹੁਣ ਦੁਬਾਰਾ ਬ੍ਰਾਹਮਣ ਨੂੰ ਦਾਨ ਕਰੋ॥੩੩॥

*"ਸੁਨਹੁ ਬਿਪ ਤੁਮ ਮੰਤ੍ਰ ਦੇਤਿ ਜਿਹ॥ ਲੂਟਿ ਲੇਤ ਤਿਹ ਘਰ ਬਿਧਿ ਜਿਹ ਕਿਹ॥*
*ਤਾਕਹ ਕਛੂ ਗਜਾਨ ਨਹਿ ਆਵੈ॥ ਮੂਰਖ ਅਪਨਾ ਮੂੰਡ ਮੁੰਡਾਵੈ॥ ੨੯॥*
*ਤਿਹ ਤੁਮ ਕਹੁ ਮੰਤ੍ਰ ਸਿਧਿ ਹ੍ਵੈਹੈ॥ ਮਹਾਂਦੇਵ ਤੋਕੋਂ ਬਰੁ ਦੈਹੈ॥*
*ਜਬ ਤਾਤੇ ਨਹਿ ਹੋਤ ਮੰਤ੍ਰ ਸਿਧਿ॥ ਤਬ ਤੁਮ ਬਚਨ ਕਹਤ ਹੋ ਇਹ ਬਿਧਿ॥ ੩੦॥*
*ਕਛੂ ਕੁਕ੍ਰਿਯਾ ਤੁਮਤੇ ਭਯੋ॥ ਤਾਂਤੇ ਦਰਸ ਨ ਸ਼ਿਵਜੂ ਦਯੋ॥*
*ਅਬ ਤੈ ਪੁੰਨਜ ਦਾਨ ਦਿਜ ਕਰੁ ਰੇ॥ ਪੁਨਿ ਸ਼ਿਵ ਕੇ ਮੰਤ੍ਰਹਿ ਅਨੁਸਰੁ ਰੇ॥ ੩੧॥*
*ਉਲਟੋ ਡੰਡ ਤਿਸੀ ਤੇ ਲੇਹੀ॥ ਪੁਨਿ ਤਿਹ ਮੰਤ੍ਰ ਰੁਦ੍ਰ ਕੌ ਦੇਹੀ॥*
*ਭਾਂਤਿ ਭਾਂਤਿ ਤਾਕੌਂ ਭਟਕਾਵੈ॥ ਅੰਤ ਬਾਰ ਇਮਿ ਭਾਖ ਸੁਨਾਵੈ॥ ੩੨॥*

ਹੇ ਬ੍ਰਾਹਮਣ ਸੁਣੋ

*ਤੈ ਤੇ ਕਛੂ ਅੱਛਰ ਰਹਿ ਗਯੋ॥ ਤੈ ਕਛੂ ਭੰਗ ਕ੍ਰਿਯਾ ਤੇ ਭਯੋ॥*
*ਤਾਤੇ ਤੁਹਿ ਬਰੁ ਰੁੱਦ੍ਰ ਨ ਦੀਨਾ॥ ਪੁੰਨਜ ਦਾਨ ਰਹਿਯਤ ਪੁਨਿ ਕੀਨਾ॥ ੩੩॥*
*ਇਹ ਬਿਧਿ ਮੰਤ੍ਰ ਸਿਖਾਵਤ ਤਾਕੋ॥ ਲੂਟਾ ਚਹਤ ਬਿਪ੍ਰ ਘਰ ਜਾਕੋ॥*
*ਜਬ ਵਹੁ ਦਰਬ ਰਹਿਤ ਹ੍ਵੈ ਜਾਈ॥ ਔਰ ਧਾਮ ਤਬ ਚਲਤ ਤਕਾਈ॥ ੩੪॥*
*ਦੋਹਰਾ॥ ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧਿ ਜੋ ਇਨ ਮਹਿ ਕਛੁ ਹੋਇ॥*
*ਹਜਰਤਿ ਹ੍ਵੈ ਆਪਹਿ ਰਹਹਿ ਮਾਗਤ ਫਿਰਤ ਨ ਕੋਇ॥ ੩੫॥*

ਇਸ ਲਈ ਜਿਸ ਦਾ ਵੀ ਤੁਸੀਂ ਘਰ ਲੁਟਣਾ ਚਾਹੁੰਦੇ ਹੋ, ਉਸੇ ਨੂੰ ਤੁਸੀਂ ਮੰਤਰ ਸਿਖਾਉਂਦੇ ਹੋ, ਜਦ ਉਹ ਤੁਹਾਨੂੰ ਦਾਨ ਕਰਦਾ ਕਰਦਾ ਗਰੀਬ ਹੋ ਜਾਂਦਾ ਹੈ ਤਾਂ ਤੁਸੀਂ ਉਸ ਨੂੰ ਛੱਡ ਕੇ ਦੂਸਰਾ ਘਰ ਲੱਭ ਲੈਂਦੇ ਹੋ। ਜੇ ਤੁਹਾਡੇ ਮੰਤਰਾਂ ਤੰਤਰਾਂ ਵਿਚ ਕੁਝ ਸਚਾਈ ਹੁੰਦੀ ਤਾਂ ਤੁਸੀਂ ਖੁਦ ਬਾਦਸ਼ਾਹ ਬਣ ਕੇ ਰਹਿੰਦੇ, ਮੰਗਣ ਵਾਸਤੇ ਏਧਰ ਓਧਰ ਕਿਉਂ ਘੁੰਮਦੇ ਫਿਰਦੇ॥੩੫॥

ਇਸ ਵਿਚ ਹੁਣ ਦੇਵਤਾ ਸਿੱਧ ਕਰਨ ਦੇ ਦਾਹਵੇਦਾਰਾਂ ਦੀਆਂ ਚਲਾਕੀਆਂ ਦੱਸੀਆਂ ਗਈਆਂ ਤੇ ਅੰਤ ਵਿਚ ਗੱਜ ਵੱਜ ਕੇ ਕਹਿ ਦਿੱਤਾ ਹੈ ਕਿ ਜੇ ਜੰਤ੍ਰਾਂ ਮੰਤ੍ਰਾਂ ਵਿਚ ਐਸੀਆਂ ਸਿੱਧੀਆਂ ਇਹ ਲੋਕ ਰਖਦੇ ਤਾਂ ਦਰ-ਦਰ ਮੰਗਦੇ ਕਿਉਂ ਫਿਰਦੇ, ਬਾਦਸ਼ਾਹ ਬਣ ਕੇ ਕਿਉਂ ਨਹੀਂ ਬੈਠ ਜਾਂਦੇ। ਫਿਰ ਇਸੇ ਚਰਿੱਤ੍ਰ ਵਿਚ ਪ੍ਰਯੋਗ ਆਦਿ ਦਾ ਆਪ ਖੰਡਨ ਕੀਤਾ ਹੈ :-

*ਧਨੀ ਪੁਰਖ ਕਹ ਲਖਿ ਦਿਜ ਦੋਖ ਲਗਾਵਹੀ॥*
*ਹੋਮ ਜਗਜ ਤਾਤੇ ਬਹੁ ਭਾਂਤ ਕਰਾਵਹੀ॥*
*ਧਨਿ ਯਹਿ ਕਰਿ ਨਿਰਧਨੀ ਜਾਤ ਧਨ ਖਾਇਕੈ॥*
*ਹੋ ਬਹੁਰਿ ਨ ਤਾਕੌ ਬਦਨ ਦਿਖਾਵਤ ਆਇਕੈ॥ ੭੬॥*
*ਚੌਪਈ॥ ਕਾਹੂ ਲੈ ਤੀਰਥਨ ਸਿਧਾਵੈ॥ ਕਾਹੂ ਅਫਲ ਪ੍ਰਯੋਗ ਬਤਾਵੈ॥*
*ਕਾਕਨ ਜਗੋਂ ਮੰਡਰਾਤ ਧਨੁ ਪਰ॥ ਜਗੋਂ ਕਿਲਾ ਮੱਛਰੀਯੋ ਦ੍ਰੂ ਪਰ॥ ੭੭॥*

ਧਨੀ ਪੁਰਸ਼ ਨੂੰ ਵੇਖ ਕੇ ਤੁਸੀਂ ਬ੍ਰਾਹਮਣ ਲੋਕ, ਉਸ ਵਿਚ ਕੋਈ ਨਾ ਕੋਈ ਦੋਸ਼ ਕੱਢ ਦਿੰਦੇ ਹੋ ਤੇ ਫਿਰ ਉਸ ਪਾਸੋਂ ਕਈ ਪ੍ਰਕਾਰ ਦੇ ਹੋਮ ਯਗ ਕਰਵਾਉਂਦੇ ਹੋ। ਧਨੀ ਦਾ ਇਸ ਤਰ੍ਹਾਂ ਧਨ ਖਾ ਕੇ ਉਸ ਨੂੰ ਨਿਰਧਨ ਕਰ ਦਿੰਦੇ ਹੋ ਫਿਰ ਬਾਅਦ ਵਿਚ ਆ ਕੇ ਉਸ ਨੂੰ ਮੂੰਹ ਨਹੀਂ ਵਿਖਾਉਂਦੇ ਹੋ। ਇਹ ਬ੍ਰਾਹਮਣ ਆਪਣੇ ਲਾਭ ਅਨੁਸਾਰ ਕਿਸੇ ਨੂੰ ਤੀਰਥਾਂ 'ਤੇ ਭੇਜ ਦਿੰਦਾ ਹੈ ਅਤੇ

ਕਿਸੇ ਦੀ ਆਰਾਧਨਾ ਅਤੇ ਪੂਜਾ ਵਿਚ ਨੁਕਸ ਕੱਢ ਦਿੰਦਾ ਹੈ, ਪਰ ਆਪ ਇਹ ਕਾਂ, ਮੱਖੀ ਅਤੇ ਮੱਛਰ ਵਾਂਗ ਧਨ ਦੇ ਦੁਆਲੇ ਚੱਕਰ ਕੱਢਦਾ ਫਿਰਦਾ ਹੈ॥੭੭॥

ਚਰਿੱਤ੍ਰਾਂ ਦੇ ਅੰਤ ਵਿਚ ਸ੍ਰੀ ਗੁਰੂ ਜੀ ਦੀ ਪ੍ਰਸਿੱਧ ਚੌਪਈ ਆਉਂਦੀ ਹੈ। ਇਹ ਚੌਪਈ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਕਿ ਸ੍ਵੈਯਾ *'ਪਾਂਇ ਗਹੇ ਜਬ ਤੇ ਤੁਮਰੇ'* ਰਾਮਾਵਤਾਰ ਦੇ ਅੰਤ ਪਰ ਜਾਂ *'ਮੈ ਨ ਗਨੇਸਹਿ'* ਕ੍ਰਿਸ਼ਨਾਵਤਾਰ ਵਿਚ ਆਉਂਦੇ ਹਨ। ਇਸ ਚੌਪਈ ਵਿਚ ਵਾਕ ਆਉਂਦੇ ਹਨ :-

*'ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥ ਜੋ ਬਰ ਚਾਹੋ ਸੁ ਤੁਮਤੇ ਪਾਊਂ'॥*

ਇਸ ਚੌਪਈ ਵਿਚ ਬ੍ਰਹਮਾ, ਸ਼ਿਵ, ਵਿਸ਼ਨੂੰ ਆਦਿਕਾਂ ਨੂੰ ਕਾਲ ਦੇ ਕੀਤੇ ਹੋਏ (ਕ੍ਰਿਤ) ਦੱਸਿਆ ਹੈ ਤੇ ਇਨ੍ਹਾਂ ਦੇ ਕਰਨਹਾਰ ਨੂੰ ਆਪਣਾ ਪੂਜ ਦੱਸਿਆ ਹੈ। ਯਥਾ :-

*ਜਵੰਨ ਕਾਲ ਸਭ ਲੋਕ ਸਵਾਰਾ॥ ਨਮਸ਼ਕਾਰ ਹੈ ਤਾਹਿ ਹਮਾਰਾ॥....*
*ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥*

ਇਸ ਵਿਚ ਉਸੇ ਸਿਰਜਨਹਾਰ ਕਰਤਾਰ ਨੂੰ ਨਿਰਲੇਪ ਨਿਰੰਕਾਰ ਕਹਿ ਕੇ ਨਿਰਗੁਣ ਸਰੂਪ ਵਾਲਾ ਦੱਸਦੇ ਹਨ।

*ਯਥਾ:-ਤੁਮ ਸਭ ਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰੁ ਆਲਮ॥*
*ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥ ਆਦਿ ਅਨੀਲ ਅਨਾਦਿ ਅਸੰਭ॥*

ਇਸੇ *'ਦੁਹੂ ਪਾਖ ਕਾ ਆਪਹਿ ਧਨੀ'* ਦੇ ਅੱਗੇ ਫੇਰ ਬੀਰ ਰਸੀ ਸਹਾਇਤਾ ਲਈ ਅਰਦਾਸ ਕਰਦੇ ਹਨ :-

*ਅਬ ਰੱਛਾ ਮੇਰੀ ਤੁਮ ਕਰੋ॥ ਸਿੱਖਯ ਉਬਾਰਿ ਅਸਿੱਖਯ ਸੰਘਰੋ॥*
*ਦੁਸਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥*

ਫਿਰ ਆਪਣੇ ਅਸੂਲ ਮੂਜਬ ਕਿ ਵਾਹਿਗੁਰੂ ਨੂੰ ਹਰ ਲਿੰਗ ਵਿਚ ਵਰਣਨ ਕਰਨਾ ਅਲਿੰਗ ਵਰਣਨ ਕਰਨ ਤੁੱਲ ਹੈ, ਆਪ ਨੇ ਕਿਹਾ ਹੈ :-

*ਕ੍ਰਿਪਾ ਕਰੀ ਹਮ ਪਰ ਜਗਮਾਤਾ॥ ਗ੍ਰੰਥ ਕਰਾ ਪੂਰਨ ਸੁਭ ਰਾਤਾ॥*
*ਕਿਲਬਿਖ ਸਕਲ ਦੇਹ ਕੋ ਹਰਤਾ॥ ਦੁਸ਼ਟ ਦੋਖਿਯਨ ਕੋ ਛੈ ਕਰਤਾ॥"*

ਇਥੇ ਉਸਨੂੰ ਜਗਮਾਤਾ ਕਹਿ ਕੇ ਪੁਲਿੰਗ ਵਾਚੀ ਪਦਾਂ 'ਕੋ ਹਰਤਾ' ਤੇ 'ਕੋ ਕਰਤਾ' ਨਾਲ ਯਾਦ ਕੀਤਾ ਹੈ ਤੇ ਅੱਗੇ ਇਸੇ ਜਗਮਾਤਾ ਨੂੰ ਪੁਲਿੰਗ ਵਾਚਕ ਪਦਾਂ ਨਾਲ ਯਾਦ ਕਰੀ ਤੁਰੀ ਜਾਂਦੇ ਹਨ :-

*ਸ੍ਰੀ ਅਸਿਧੁਜ ਜਬ ਭਏ ਦਯਾਲਾ॥ ਪੂਰਨ ਕਰਾ ਗ੍ਰੰਥ ਤਤਕਾਲਾ॥*

ਇਹ ਬੇਨਤੀ ਵਾਲੀ ਚੌਪਈ ਅਸਿਕੇਤੁ ਸੰਗ੍ਰਾਮ ਚਰਿੱਤ੍ਰ ਦੇ ਅਖੀਰ ਵਿਚ ਅਤੇ ਚਰਿੱਤ੍ਰਾਂ ਦੇ ਗ੍ਰੰਥ ਦੇ ਅਖੀਰ ਵਿਚ ਰੱਖ ਕੇ ਜਣਾ ਦਿੱਤਾ ਹੈ ਕਿ ਗ੍ਰੰਥ ਵਿਚ ਆਏ ਕਿੱਸੇ ਕਹਾਣੀਆਂ ਤੋਂ ਮੇਰੇ ਇਸ਼ਟ, ਮੇਰੇ ਗੁਰੂ, ਮੇਰੇ ਜੁੱਧ ਦੇਵ War God ਦਾ ਭੁਲੇਖਾ ਨਾ ਖਾ ਜਾਣਾ। ਇਹ ਕਿੱਸੇ ਕਹਾਣੀਆਂ ਬੁੱਧੀ ਦੀ ਤੀਖਣਤਾ ਤੇ ਬੀਰ-ਰਸੀ ਉਮਾਹ ਲਈ ਹਨ। ਇਹ ਚੌਪਈ ਲਿਖ ਦੇਣ ਨਾਲ ਚਰਿੱਤ੍ਰਾਂ ਵਿਚ ਆਏ ਸਾਰੇ ਸੰਗ੍ਰਹਿ ਵਿਚ ਕਿਤੇ ਵੀ ਆਏ ਦੇਵੀ ਦੇ ਜ਼ਿਕਰ ਨੂੰ ਗੁਰੂ ਜੀ ਦਾ ਇਸ਼ਟ ਲਖਾਇਕ ਸਮਝਣ ਦੀ ਮਨਾਹੀ ਆ ਗਈ ਹੈ। ਅਚਰਜ ਨਹੀਂ ਕਿ ਸਾਰੇ ਸੰਗ੍ਰਹਿ ਨੂੰ ਤਰਤੀਬ ਦੇਣ ਵਾਲਿਆਂ ਦਾ ਇਸ ਚਰਿੱਤ੍ਰ ਪਖਯਾਨ ਨੂੰ ਸਾਰੇ ਦੇ ਅਖੀਰ ਪਰ (ਕੇਵਲ ਜ਼ਫਰਨਾਮੇ ਤੋਂ ਪਹਿਲਾਂ) ਰੱਖਣ ਵਿਚ ਇਹੋ ਭਾਵ ਹੋਵੇ ਕਿ ਇਸ ਚੌਪਈ ਦੇ ਪਾਠ ਤੋਂ ਸਪੱਸ਼ਟ ਹੋ ਜਾਵੇ ਕਿ ਗੁਰੂ ਜੀ ਦਾ ਅਰਾਧਿਆ ਗਿਆ, ਪੂਜਿਆ ਗਿਆ ਤੇ ਜੰਗ ਲਈ ਆਵਾਹਨ ਕੀਤਾ ਗਿਆ ਦੇਵ ਇੱਕੋ ਅਕਾਲ ਪੁਰਖ ਹੈ, ਤਾਂਕਿ ਪਾਠਕਾਂ ਨੂੰ ਕਦੇ ਭੁਲੇਖਾ ਨਾ ਪਵੇ।

ਸੋ ਇਸ ਰਚਨਾ ਵਿੱਚੋਂ ਵੀ ਸਾਨੂੰ ਇਤਿਹਾਸਿਕ ਘਟਨਾ ਦਾ ਕੋਈ ਲੇਖ ਨਾ ਮਿਲਿਆ, ਸਗੋਂ ਇਹ ਪਤਾ ਲੱਗਾ ਕਿ 'ਗੁਰੂ

Sri Satguru Jagjit Singh Ji eLlibrary NamdhariElibrary@gmail.com

ਜੀ ਦਾ ਇਸ਼ਟ ਅਕਾਲ ਪੁਰਖ ਹੈ, ਤੇ ਇਹ ਵੀ ਸੂਹ ਪੈ ਗਈ ਕਿ ੧੭੪੩ ਵਿਚ, ਜਦੋਂ ਕਿ ਕਵੀ ਸੁੱਖਾ ਸਿੰਘ ਜੀ ਮੰਨਦੇ ਹਨ ਕਿ ਦੇਵੀ ਪੂਜੀ ਜਾ ਰਹੀ ਸੀ, ਉਸੇ ੧੭੫੩ ਵਿਚ ਮੁੱਕੇ ਚਰਿੱਤ੍ਰ ਪਖ਼ਯਾਨ ਨਾਮੇ ਗ੍ਰੰਥ ਵਿਚ ਦੇਵਤਾ ਪ੍ਰਗਟ ਕਰਨ ਦੇ ਦਾਹਵੇਦਾਰਾਂ ਦੀਆਂ ਚਲਾਕੀਆਂ ਦਾ ਪਾਜ ਵੀ ਖੋਲ੍ਹਿਆ ਗਿਆ ਹੈ ਤੇ ਉਸ ਵਿਚ ਦੱਸੇ ਹੱਥਕੰਡੇ ਕੇਸ਼ੋ ਦਾਸ ਦੇ ਬਹਾਨਿਆਂ ਨਾਲ ਅਚਰਜ ਟਾਕਰਾ ਖਾਂਦੇ ਹਨ। ਯਥਾ:-ਢਾਈ ਸਾਲ ਬਾਅਦ ਆਖਿਆ ਕਿ ਏਕਾਂਤ-ਮਈ ਹੁਣ ਟਿੱਲੇ ਤੇ ਚੱਲੋ, ਹਾਲਾਂਕਿ ਪਹਿਲੇ ਥਾਂ ਆਪ ਲੱਭਾ ਸੀ। ਫਿਰ ਕਿਹਾ ਕਿ ਤੁਸੀਂ ਸ਼ਿਕਾਰ ਖੇਡਦੇ ਹੋ ਇਹ ਛੱਡੋ ਤਾਂ ਪ੍ਰਗਟੇਗੀ; ਹਾਲਾਂਕਿ ਦੇਵੀ ਸੰਢਿਆਂ ਤੇ ਬੱਕਰਿਆਂ ਦੀਆਂ ਬਲੀਆਂ ਆਪ ਲੈਂਦੀ ਹੈ। ਫਿਰ ਕਿਹਾ ਪੁੱਤ੍ਰ ਬਲੀ ਦੇਵੋ। ਜਦ ਸਭਨੀ ਗੱਲੀਂ ਰੁਕ ਗਏ ਤਾਂ ਬਹਾਨਾ ਬਣਾ ਕੇ ਪੰਡਿਤ ਹੇਠਾਂ ਉੱਤਰ ਆਏ।

ਇਸੇ ਤਰ੍ਹਾਂ ਰਾਮਾਵਤਾਰ ੧੭੫੫ ਹਾੜ ਵਿਚ ਮੁੱਕਾ ਹੈ। ਜੇ ਹਵਨ ਨੇ ਤ੍ਰੈ ਚਾਰ ਸਾਲ ਲਏ ਤਦ ਵੀ, ਜੇ ਇਕ ਸਾਲ ਲਿਆ ਤਦ ਵੀ ੧੭੫੫ ਦੇ ਹਾੜ ਵਿਚ ਹਵਨ ਹੋ ਰਿਹਾ ਸੀ। ਸੋ ਲਿਖਤਾਂ ਲਿਖੀਆਂ ਜਾ ਰਹੀਆਂ ਦੇ ਸਮੇਂ ਵੀ ਸਾਨੂੰ ਉਨ੍ਹਾਂ ਦਿਨਾਂ ਵਿਚ ਹੋ ਰਹੇ ਹਵਨ ਦਾ ਜਾਂ ਦੇਵੀ ਪ੍ਰਗਟ ਦਾ ਕੋਈ ਸਬੂਤ ਕਿਸੇ ਲਿਖਤ ਵਿਚੋਂ ਨਹੀਂ ਮਿਲਦਾ, ਸਗੋਂ ਰਾਮਾਵਤਾਰ ਦੇ ਅਖੀਰ ਪਰ ਇਹ ਸ੍ਵੈਯਾ ਮਿਲਦਾ ਹੈ :-

*ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥*
*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*
*ਸਿੰਮ੍ਰਿਤਿ ਸ਼ਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥*
*ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥ ੮੬੩॥*

ਇਸ ਸ੍ਵੈਯੇ ਤੋਂ ਪਤਾ ਲੱਗਾ ਕਿ ੧੭੫੫ ਵਿਚ, ਜਦੋਂ ਕਿ ਕਵੀ ਸਹਿਮਤ ਹਨ ਕਿ ਹਵਨ ਹੋ ਰਿਹਾ ਹੈ, ਉਦੋਂ ਉਸੇ ੧੭੫੫ ਦੇ ਹਾੜ ਮਹੀਨੇ ਗੁਰੂ ਜੀ ਇਹ ਸ੍ਵੈਯਾ ਰਚ ਰਹੇ ਹਨ ਜਿਸ ਵਿਚ ਕਿ ਰਾਮ, ਰਹੀਮ, ਕੁਰਾਨ, ਸਿੰਮ੍ਰਿਤਿ, ਸ਼ਾਸਤ੍ਰ, ਬੇਦ, ਪੁਰਾਣ ਆਦਿ ਸਾਰਿਆਂ ਦਾ ਮੰਨਣਾ ਮਨ੍ਹੇ ਕਰ ਰਹੇ ਹਨ, ਜਿਸ ਤੋਂ ਵੀ ਇਹੀ ਸਿੱਧ ਹੁੰਦਾ ਹੈ ਕਿ ਪੁਰਾਣੋਕਤਿ ਕਿਸੇ ਦੇਵੀ ਦੇਵਤੇ ਦੇ ਆਵਾਹਨ ਕਰਨ ਵਿਚ ਪ੍ਰਵਿਰਤ ਹੋਣਾ ਸੰਭਵ ਨਹੀਂ ਕਿ ਇਕ ਪਾਸੇ ਤਾਂ ਆਪ ਪੂਜਾ ਕਰ ਰਹੇ ਹੋਣ ਤੇ ਦੂਜੇ ਪਾਸੇ ਦੇਵੀ ਪੂਜਾ ਪ੍ਰਤਿਪਾਦਨ ਕਰਨ ਵਾਲੇ ਗ੍ਰੰਥਾਂ ਦਾ ਤਿਆਗ ਕੀਤਾ ਜਾ ਰਿਹਾ ਹੋਵੇ।

## ੩. ਗੁਰ ਸ਼ੋਭਾ

ਫਿਰ ਸਾਨੂੰ 'ਗੁਰ ਸ਼ੋਭਾ' ਨਾਮੇ ਗ੍ਰੰਥ ਮਿਲਦਾ ਹੈ ਜਿਸ ਦੇ ਸ਼ੁਰੂ ਵਿਚ ਸੰਨ ੧੭੫੮ ਦਿੱਤਾ ਹੈ ਜਿਸ ਤੋਂ ਜਾਪਦਾ ਹੈ ਕਿ ਇਹ ਪੁਸਤਕ ਆਰੰਭ ਕਰਨ ਦਾ ਸੰਮਤ ਹੈ। ਇਸ ਹਿਸਾਬ ਇਹ ਲੇਖਕ, ਕਵਿ ਸੈਨਾਪਤਿ, ਜੋ ਗੁਰੂ ਜੀ ਦਾ ਆਪਣਾ ਦਰਬਾਰੀ ਕਵੀ ਸੀ, ਅਨੰਦਪੁਰ ਮੌਜੂਦ ਸੀ। ਇਹ ਅੰਮ੍ਰਿਤ ਛਕਾਉਣ ਤੇ ਖਾਲਸਾ ਪ੍ਰਗਟਾਉਣ ਦਾ ਜ਼ਿਕਰ ਦੇਂਦਾ ਹੈ, ਪਰ ਇਹ ਲੇਖਕ ਹੋਮ ਤੇ ਦੇਵੀ ਪ੍ਰਯੋਗ ਕੁਛ ਨਹੀਂ ਦੇਂਦਾ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪ੍ਰਗਟ ਹੋਣ ਪਰ ਐਉਂ ਲਿਖਦਾ ਹੈ :-

*ਜੈ ਜੈ ਜੈ ਦੇਵ ਕਰੈਂ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ।*

ਅਰਥਾਤ ਸਾਰੇ ਦੇਵਤੇ ਗੁਰੂ ਜੀ ਦੀ ਸ਼ਰਨ ਆ ਪਏ ਤੇ ਜੈ ਜੈ ਕਰਨ ਲੱਗੇ। ਇਹ ਸੱਜਣ ਜੋ ਦਰਬਾਰ ਵਿਚ ਮੌਜੂਦ ਹੈ, ਅੰਮ੍ਰਿਤ ਤੇ ਖਾਲਸਾ ਰਚਣ ਦਾ ਹਾਲ ਦੱਸਦਾ ਹੈ, ਇਸ ਦਾ ਇਹ ਕੁਛ ਤਾਂ ਦੱਸਣਾ ਪਰ ਦੇਵੀ ਦਾ ਹਾਲ ਨਾ ਲਿਖਣਾ ਤੇ ਗੁਰੂ ਜੀ ਨੂੰ ਦੇਵਤਿਆਂ ਤੋਂ ਵੱਡਾ ਦੱਸਣਾ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਜਾਂਦਾ ਹੈ। ਕਦੇ ਹੋ ਸਕਦਾ ਹੈ ਕਿ ਇੱਡਾ ਵੱਡਾ ਵਾਕਿਆ ਜੇ ਹੋਇਆ ਹੁੰਦਾ ਤਾਂ ਇਸਨੂੰ ਇਹ ਲੇਖਕ ਭੁੱਲ ਜਾਂਦਾ, ਅੰਮ੍ਰਿਤ ਤੇ ਖਾਲਸੇ ਦਾ ਹਾਲ ਤਾਂ ਲਿਖੇ ਤੇ ਹੋਮ ਅਰ ਦੇਵੀ ਦੇ ਵੱਡੇ ਵਾਕਿਆ ਨੂੰ ਨਜ਼ਰ-ਅੰਦਾਜ਼ ਕਰੇ। ਸੋ ਸਭ ਤੋਂ ਪੁਰਾਣੇ ਇਤਿਹਾਸਕਾਰ ਦੀ ਜੋ ਗੁਰੂ ਜੀ ਦਾ ਨਿਕਟਵਰਤੀ ਸੀ ਚੁੱਪ ਇਕ ਭਾਰੀ ਸਬੂਤ ਹੈ। ਦੇਵੀ ਪ੍ਰਗਟਣ ਦੇ ਵਿਰੁੱਧ ਫਿਰ ਨਿਰੀ ਚੁੱਪ ਹੀ ਨਹੀਂ ਸੈਨਾਪਤਿ ਜੀ ਆਪਣੀ ਪੁਸਤਕ ਵਿਚ ਚੰਡੀ ਨੂੰ ਉਨ੍ਹਾਂ ਦੀ ਗਿਣਤੀ ਵਿਚ ਗਿਣਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਜੀ ਆਪਣੇ ਨਾਲ ਅਨਿੰਨ ਨਾ ਰਹਿਣ ਕਰਕੇ ਮਨਸੁਖ ਕਰ

ਰਹੇ ਹਨ ਤੇ ਕਹਿ ਰਹੇ ਹਨ ਕਿ ਹੇ ਗੁਰੂ ਗੋਬਿੰਦ ਸਿੰਘ ! ਤੈਨੂੰ ਮੈਂ 'ਮੇਰਾ ਪੰਥ' ਬਨਾਉਣ ਲਈ ਰਚਿਆ ਹੈ। ਜੇ ਕਦੀ ਚੰਡੀ ਪੂਜੀ ਗਈ ਹੁੰਦੀ ਤਾਂ ਕਵੀ ਸੈਨਾਪਤਿ ਜੀ ਉਸਨੂੰ ਮਨਸੂਖ ਹੋਈਆਂ ਦੀ ਫਹਿਰਿਸਤ ਵਿਚ ਨਾ ਦਰਜ ਕਰਦੇ। ਇਸੇ ਤਰ੍ਹਾਂ ਸਫਾ ੧੧੧ ਪਰ ਦੇਵੀਆਂ ਆਦਿਕਾਂ ਤੋਂ ਵੱਡਾ 'ਕੇਵਲ ਪੂਜਾ ਜੋਗ' ਹਰ ਪ੍ਰਭੂ ਨੂੰ ਦੱਸਿਆ ਹੈ। ਫਿਰ ਖਾਲਸੇ ਨੂੰ 'ਵਾਹਿਗੁਰੂ ਨੂੰ ਮਨਾ ਕੇ' ਜੁੱਧ ਕਰਦਾ ਦੱਸਿਆ ਹੈ, ਦੇਵੀ ਮਨਾ ਕੇ ਨਹੀਂ ਦੱਸਿਆ। ਮਾਨੋਂ ਵਾਹਿਗੁਰੂ ਨੂੰ ਹੀ ਸਿੱਖਾਂ ਦਾ ਜੁੱਧ ਦੇਵਤਾ ਕਿਹਾ ਹੈ। ਫਿਰ ਕਵਿ ਸੈਨਾਪਤਿ ਨੇ ਪਦ 'ਭਗਵਤੀ' ਤਲਵਾਰ ਅਰਥਾਂ ਵਿਚ ਵਰਤਿਆ ਹੈ।

## ੪. ਅਖਬਾਰ ਨਵੀਸ ਔਰੰਗਜ਼ੇਬ

ਭਾਈ ਰਾਮ ਕਿਸ਼ਨ ਸਿੰਘ ਜੀ ਹਿਸਟੋਰੀਅਨ (ਧੂਰੀ) ਨੇ ਮੁੱਦਤ ਹੋਈ ਇਕ ਐਲਾਨ ਖੋਜ ਕੇ ਲੱਭਾ ਸੀ ਤੇ ਦੱਸਿਆ ਸੀ ਕਿ ਇਹ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ, ਜੋ ਅਨੰਦਪੁਰ ਸੀ, ਓਦੋਂ ਲਿਖ ਕੇ ਅੰਮ੍ਰਿਤ ਛਕਾਉਣ ਦੇ ਸਮਾਚਾਰ ਔਰੰਗਜ਼ੇਬ ਨੂੰ ਲਿਖਣ ਵੇਲੇ ਘੱਲਿਆ ਸੀ। ਇਸ ਦੀ ਇਬਾਰਤ ਅਸੀਂ ਹੇਠਾਂ ਦੇਂਦੇ ਹਾਂ :-

ਹਮਹ ਹਾ ਦਰ ਯਕ ਮਜ਼ਹਬ ਦਰਾਇੰਦ ਕਿ ਦੂਈ ਅਜ਼ ਮਿਆਂ ਬਰਖੇਜ਼ਦ, ਵ ਹਰ ਚਹਾਰ ਬਰਨ ਕੌਮੇ ਹਨੂਦ ਅਜ਼ ਬ੍ਰਹਮਨ ਵ ਛੱਤ੍ਰੀ ਵ ਸ਼ੂਦ੍ਰ ਵ ਵੈਸ਼ ਕਿ ਹਰ ਯਕੇ ਰਾ ਦਰ ਧਰਮ ਸ਼ਾਸਤ੍ਰ ਦੀਨ ਇਲਹਦਾ ਮੁਕਰਰਸਤ, ਆਂ ਰਾ ਤਰਕ ਦਾਦਹ ਬਰ ਯਕ ਤਰੀਕ ਸਲੂਕ ਨੁਮਾਇੰਦ। ਵ ਹਮਹ ਬਰਾਬੂੰਦ, ਵ ਯਕੇ ਖੁਦ ਰਾ ਬਰ ਦੀਗਰੇ ਤਰਜੀਹ ਨ ਦਿਹਦ, ਵ ਆਂ ਅਮਲੇ ਕੇਸ਼ ਅਜ਼ ਮਿਆਂ ਬਰਦਾਸ਼ਤਹ ਤਰੱਕੀ ਬਯਾਬੰਦ ਵ ਤੀਰਥਹਾਏ ਮਾਨਿੰਦ ਗੰਗ ਵਗੈਰਾ ਆਂ ਕਿ ਦਰ ਵੇਦ ਵ ਸ਼ਾਸਤ੍ਰ ਤਾਲੀਮੇ ਆਂਹਾ ਤਾਕੀਦ ਰਫਅਤ ਅਸਤ ਅਜ਼ ਖਾਤਿਰ ਬਦਰ ਕੁਨੰਦ। ਵ ਸਿਵਾਏ ਅਜ਼ ਗੁਰੂ ਨਾਨਕ ਵ ਖ਼ਲਫਾਏ ਓ ਬਦੀਗਰ ਅਜ਼ ਸਨਾਵੀਦੇ ਹਨੂਦ ਮਿਸਲ ਰਾਮ, ਕਿਸ਼ਨ, ਵ ਬ੍ਰਹਮਾ ਵ ਦੇਵੀ ਇਅਤਕਾਦ ਨ ਨੁਮਾਇੰਦ। ਵ ਪਾਹੁਲੇ ਮਨ ਗ੍ਰਿਫਤਹ ਮਰਦੁਮਾਂ ਹਰ ਚਹਾਰ ਬਰਨ ਦਰ ਯਕ ਜ਼ਰਫ ਬਿਖੁਰੰਦ, ਵ ਅਜ਼ ਯਕ ਦਿਗਰ ਇਸਲਾ ਨ ਬੁਰੰਦ। ਹਮਚੁਨੀ ਸੁਖਨਾਨ ਬਿਸਿਯਾਰ ਗੁਫਤੰਦ। ਚੂੰ ਮਰਦੁਮਾਂ ਬਿਸ਼ੁਨੀਦੰਦ ਬਿਸਿਯਾਰੇ ਅਜ਼ ਬ੍ਰਹਮਨਾਂ ਵ ਛੱਤ੍ਰੀਆਂ ਬਰਖਾਸਤੰਦ ਵ ਗੁਫਤੰਦ, ਕਿ ਮਾ ਮਜ਼ਹਬੇ ਕਿ ਗੁਰੂ ਨਾਨਕ ਵ ਹਮਹ ਗੁਰੂਆਂ ਬਦਾਂ ਕਾਯਲ ਨ ਸ਼ੁਦਹ ਬਾਸ਼ੰਦ ਵ ਮਹਜ਼ਬੇ ਕਿ ਮੁਖਾਲਫੇ ਵੇਦ ਸ਼ਾਸਤ੍ਰ ਬਵਦ ਹਰਗਿਜ਼ ਕਬੂਲ ਨਮੇ ਕੁਲੇਮ, ਵ ਮਜ਼ਹਬੇ ਕੁਹਨਾ ਰਾ ਕਿ ਪੇਸ਼ੀਨਾਨ ਬਰ ਆਂ ਅਕਦਾਮ ਨਮੂਦਹਅੰਦ ਬਗੁਫਤਹ ਕੋਦਕੇ ਅਜ਼ਾਂ ਦਸਤ ਨ ਦਿਹੇਮ। ਈਂ ਬਿਗੁਫਤੰਦ ਮਗਰ ਬਿਸਤ ਹਜ਼ਾਰ ਕਸ ਰਜ਼ਾ ਦਾਦੰਦ ਵ ਮੁਤਾਬਿਅਤ ਬਰ ਜ਼ੁਬਾਂ ਆਵੁਰਦੰਦ॥

ਅਰਥ-'ਸਾਰੇ ਇਕ ਮਜ਼ਹਬ ਵਿਚ ਆ ਜਾਣ ਤਾਂ ਜੋ ਦੂਈ ਵਿਚੋਂ ਉਠ ਜਾਏ। ਹਿੰਦੂ ਕੌਮ ਦੇ ਚਾਰੇ ਵਰਨ ਬ੍ਰਾਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ ਕਿ ਧਰਮ ਸ਼ਾਸਤਰ ਵਿਚ ਹਰ ਇਕ ਦਾ ਧਰਮ ਅਲਹਿਦਾ ਨੀਯਤ ਹੈ ਉਸਨੂੰ ਛੱਡ ਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਇਕ ਦਾ ਧਰਮ ਅਲਹਿਦਾ ਨੀਯਤ ਹੈ ਉਸਨੂੰ ਛੱਡ ਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਤੇ ਕੋਈ ਇਕ ਆਪਣੇ ਆਪ ਨੂੰ ਦੂਜੇ ਨਾਲੋਂ ਵੱਡਾ ਨਾ ਸਮਝੇ ਤੇ ਉਨ੍ਹਾਂ ਰਸਮਾਂ ਰਿਵਾਜਾਂ ਨੂੰ ਛੱਡ ਕੇ ਤਰੱਕੀ ਕਰਨ। ਤੇ ਤੀਰਥ, ਜਿਹਾ ਕਿ ਗੰਗਾ ਆਦਿਕ, ਇਨ੍ਹਾਂ ਦੀ ਮਹੱਤਤਾ ਵੇਦਾਂ ਸ਼ਾਸਤ੍ਰਾਂ ਵਿਚ ਮੌਜੂਦ ਹੈ ਦਿਲ ਵਿਚੋਂ ਕੱਢ ਦੇਣ, ਗੁਰੂ ਨਾਨਕ ਤੇ ਉਨ੍ਹਾਂ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਨ ਤੋਂ ਸਿਵਾ ਹਿੰਦੂਆਂ ਦੇ ਹੋਰ ਦੇਵੀ ਦੇਵਤੇ ਜਿਹਾ ਕਿ ਰਾਮ, ਕ੍ਰਿਸ਼ਨ, ਬ੍ਰਹਮਾ, ਦੇਵੀ ਉੱਪਰ ਭਰੋਸਾ ਨਾ ਲਿਆਉਣ। ਮੇਰੀ ਪਾਹੁਲ ਲੈ ਕੇ ਚਾਰ ਵਰਨ ਇਕ ਬਰਤਨ ਵਿਚ ਛਕਣ ਤੇ ਇਕ ਦੂਜੇ ਤੋਂ ਘ੍ਰਿਣਾ ਨਾ ਕਰਨ। ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਆਖੀਆਂ। ਜਦ ਲੋਕਾਂ ਨੇ ਸੁਣੀਆਂ, ਛੱਤ੍ਰੀਆਂ ਤੇ ਬ੍ਰਾਹਮਣਾਂ ਵਿਚੋਂ ਬਹੁਤ ਸਾਰੇ ਉਠ ਖੜੋਤੇ ਤੇ ਕਹਿਣ ਲੱਗੇ ਕਿ ਅਸੀਂ ਉਸ ਮਜ਼ਹਬ ਨੂੰ, ਜੋ ਗੁਰੂ ਨਾਨਕ ਤੇ ਦੂਜੇ ਗੁਰੂ ਸਾਹਿਬਾਂ ਨੇ ਨਹੀਂ ਧਾਰਿਆ ਤੇ ਵੇਦਾਂ ਸ਼ਾਸਤ੍ਰਾਂ ਦੇ ਉਲਟ ਹੈ ਉੱਕਾ ਹੀ ਨਹੀਂ ਮੰਨਾਂਗੇ ਤੇ ਪੁਰਾਣਾ ਮਜ਼ਹਬ, ਜਿਸ ਤੇ ਕਿ ਵੱਡੇ ਪਾਬੰਦ ਰਹੇ ਹਾਂ, ਇਕ ਮੁੰਡੇ ਦੇ ਕਹਿਣ ਤੇ ਨਹੀਂ ਛੱਡਾਂਗੇ, ਐਉਂ ਆਖਿਓ ਨੇ, ਪਰ ਵੀਹ ਹਜ਼ਾਰ ਆਦਮੀਆਂ ਨੇ ਪਰਵਾਨ ਕਰ ਲਿਆ ਤੇ ਗੁਰੂ 'ਜੀ ਦੇ ਫੁਰਮਾਨ ਨੂੰ ਮੰਨ ਲਿਆ।'

ਇਸ ਨੂੰ ਪੜ੍ਹ ਕੇ ਵੀ ਇਹੋ ਸਿੱਟਾ ਨਿਕਲਦਾ ਹੈ ਕਿ ਖਾਲਸਾ ਸਾਜਣ ਵੇਲੇ ਗੁਰੂ ਜੀ ਨੇ ਆਪਣੀ ਉੱਮਤ ਨੂੰ ਹਿੰਦੂ ਬੰਧਨਾਂ ਤੋਂ ਅਲੱਗ ਕਰ ਲਿਆ ਸੀ। ਜੇ ਕਦੀ ਦੇਵੀ ਪੂਜੀ ਤੇ ਪ੍ਰਗਟਾਈ ਹੁੰਦੀ ਤਾਂ ਇਸ ਵੇਲੇ ਹਿੰਦੂ ਧਰਮ ਦੇ ਇਸ ਕਮਾਲ ਦੇ

ਕਾਇਲ ਹੋਏ-ਹੋਏ ਗੁਰੂ ਜੀ ਹਿੰਦੂ ਧਰਮ ਦਾ ਵਧੇਰੇ ਸਤਿਕਾਰ ਪ੍ਰਗਟ ਕਰਦੇ, ਪਰ ਇਸ ਦੇ ਉਲਟ ਹਿੰਦੂ ਅਵਤਾਰਾਂ ਤੇ ਦੇਵੀ, ਹਿੰਦੂ ਪੁਸਤਕਾਂ, ਹਿੰਦੂ ਤੀਰਥਾਂ ਤੇ ਰਸਮਾਂ ਦਾ ਤਿਆਗ ਇਕ ਤਟਸਥ ਉਗਾਹੀ ਹੈ ਜੋ ਦੱਸਦੀ ਹੈ ਕਿ ਹਿੰਦੂ ਮੱਤ ਦੀ ਪੂਜ ਦੇਵੀ ਨਹੀਂ ਪੂਜੀ ਗਈ।

## ੫. ਵਾਰਤਿਕ ਮਹਿਮਾ ਪ੍ਰਕਾਸ਼

ਇਸ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਅਰਥਾਤ ਗੁਰੂ ਜੀ ਦੇ ਸੱਚਖੰਡ ਜਾਣ ਤੋਂ ੩੩ ਸਾਲ ਮਗਰੋਂ ਇਸ ਵਿਚ ਵੀ ਦੇਵੀ ਦਾ ਪ੍ਰਸੰਗ ਨਹੀਂ ਹੈ, ਕੇਵਲ ਇਤਨੀ ਇਬਾਰਤ ਮਿਲਦੀ ਹੈ:-"ਏਕ ਬੇਰ ਗੁਰੂ ਜੀ ਕਾਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ।" ਇਸ ਗ੍ਰੰਥ ਵਿਚ ਦੇਵੀ ਪ੍ਰਗਟਾਉਣ ਦਾ ਕੋਈ ਜ਼ਿਕਰ ਨਹੀਂ, ਸੰਭਵ ਹੈ ਕਿ ਇਹੋ ਦੋ ਫਿਕਰੇ ਹੀ ਮੁੱਢ ਹੋਏ ਹੋਣ ਅੱਗੇ ਦੀ ਸਾਰੀ ਕਥਾ ਘੜੀ ਜਾਣ ਦੇ। ਪਰੰਤੂ ਇਸ ਪੁਸਤਕ ਵਿਚ ਦੇਵੀ ਨੂੰ ਗੁਰੂ ਸਾਹਿਬਾਨ ਦੀ ਉਪਾਸ਼ਕ ਸਾਫ-ਸਾਫ ਲਿਖਿਆ ਹੈ, ਯਥਾ:-'ਸਰਬ ਦੇਵੀ ਦੇਵਤਾ ਸਿਧ ਮੁਨ ਜਨ ਦਰਸ਼ਨ ਕੋ ਆਏ'।

(ਸਾ: ੧)

# (ਅ) ਲਗਭਗ ੧੯੩੩ ਤੋਂ ਹੁਣ ਤਕ ਦਾ ਸਮਾਂ

## ੬. ਤਵਾਰੀਖ ਖਾਲਸਾ-

ਗਿਆਨੀ ਗਿਆਨ ਸਿੰਘ ਆਪਣੀ ਰਚੀ ਤ਼ਾਰੀਖ ਖਾਲਸਾ (ਕੁਲ ਸਫਾ ੧੬੭੦ ਐਡੀਸ਼ਨ ਤੀਜੀ) ਵਿਚ ਲਿਖਦੇ ਹਨ:- 'ਪੋਥੀਆਂ ਕਿਤਾਬਾਂ ਵਿਚ (ਜੋ ਓਦੂੰ ਪਿਛੋਂ ਲੋਕਾਂ ਨੇ ਬਣਾਈਆਂ ਹਨ) ਬਿਨਾਂ ਵਿਚਾਰੇ ਇਹ ਲਿਖ ਛੋਡਿਆ ਹੈ ਕਿ ਗੁਰੂ ਜੀ ਨੇ ਦੇਵੀ ਨੂੰ ਇਸ਼ਟ ਮੰਨ ਕੇ ਉਪਾਸ਼ਨਾ ਕੀਤੀ ਹੈ। ਉਨ੍ਹਾਂ ਪੋਥੀਆਂ ਕਿਤਾਬਾਂ ਨੂੰ ਹੀ ਪੜ੍ਹ ਸੁਣ ਕੇ ਤੇ ਹਿੰਦੂਆਂ ਦੇ ਬਹਿਕਾਏ ਹੋਏ ਕੱਚੇ ਸਿੱਖ ਗੁਰੂ ਜੀ ਨੂੰ ਦੇਵੀ ਦਾ ਉਪਾਸ਼ਕ ਮੰਨੀ ਬੈਠੇ ਹਨ। ਉਹ ਇਹ ਨਹੀਂ ਸਮਝਦੇ ਕਿ ਜਿਸ ਗੁਰੂ ਨਾਨਕ ਸਾਹਿਬ ਜੀ ਦੇ ਦਰਵਾਜ਼ੇ ਅੱਗੇ ਝਾੜੂ ਦਿੰਦੀ ਦੇਵੀ ਨੂੰ ਸਿੱਖ ਦੇਖਦੇ ਰਹੇ ਹਨ, ਫੇਰ ਉਸੇ ਟਹਿਲਣੀ ਦੀ ਸੇਵਾ ਉਸੇ ਗੁਰੂ ਜੀ ਦੀ ਗੱਦੀ ਦੇ ਮਾਲਕ, ਅਕਾਲ ਪੁਰਖ ਦੇ ਪੁੱਤਰ ਸ੍ਰੀ ਕਲਗੀਧਰ ਜੀ ਕਰ ਸਕਦੇ ਹਨ ? ਕਦੀ ਨਹੀਂ ਕਰ ਸਕਦੇ ਤੇ ਨਾ ਹੀ ਕੀਤੀ।' ਸੋ ਇਸ ਲੇਖਕ ਜੀ ਨੇ ਆਪਣੀ ਪਹਿਲੀ ਲਿਖੀ ਵਾਰਤਾ ਨੂੰ ਤੇ ਪਿਛਲਿਆਂ ਸਾਰਿਆਂ ਦੀਆਂ ਲਿਖੀਆਂ ਵਾਰਤਾਂ ਨੂੰ ਬਨਾਵਟੀ ਤੇ ਝੂਠਿਆਂ ਸਿੱਧ ਕਰ ਦਿੱਤਾ ਹੈ।

## ੭. ਲਾਲਾ ਦੌਲਤ ਰਾਇ ਜੀ

'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਜੀ' ਵਿਚ ਲਿਖਦੇ ਹਨ :-"ਗੁਰੂ ਗੋਬਿੰਦ ਸਿੰਘ ਕੇ ਗ੍ਰੰਥ ਮੇਂ ਜੋ ਦਸਵੀਂ ਪਾਤਸ਼ਾਹੀ ਕਾ ਗ੍ਰੰਥ ਸਾਹਿਬ ਮਸ਼ਹੂਰ ਹੈ, ਏਕ ਬੜਾ ਹਿੱਸਾ ਦੇਵੀ ਦੁਰਗਾ ਅਤੇ ਰਾਖਸ਼ੋਂ ਕੇ ਜੰਗ ਪੁਰ ਹੈ। ਜਿਸ ਕੀ ਜ਼ਬਾਨ ਕੀ ਬਰਜੁਸਤਗੀ ਅਤੇ ਅਲਫਾਜ਼ ਕੀ ਚੁਸਤੀ, ਤਰਜ਼-ਬਿਆਨ ਕਾ ਜ਼ੋਰ, ਇਸ਼ਾਰਾਤ ਕਾ ਜੋਸ਼ ਇਸ ਤਰੀਕੇ ਸੇ ਬਿਆਨ ਕੀਆ ਗਿਆ ਹੈ, ਕਿ ਸਰਦੀਓਂ ਮੇਂ ਬੀ ਗਰਮੀ ਆ ਜਾਤੀ ਹੈ। ਚੂੰਕਿ ਇਸ ਗ੍ਰੰਥ ਸਾਹਿਬ ਮੇਂ ਇਕ ਬੜਾ ਹਿੱਸਾ ਦੇਵੀ ਕੇ ਜੰਗ ਕੇ ਕਾਰਨਾਮੋਂ ਸੇ ਮਾਮੂਰ ਹੈ ਇਸ ਸੇ ਯਿਹ ਨਤੀਜਾ ਨਿਕਾਲਨੇ ਕੀ ਕੋਸ਼ਿਸ਼ ਕੀ ਗਈ ਕਿ ਗੁਰੂ ਗੋਬਿੰਦ ਸਿੰਘ ਦੇਵੀ ਕੇ ਪੁਜਾਰੀ ਥੇ, ਮਗਰ ਯਿਹ ਗ਼ਲਤ ਹੈ, ਵੋਹ ਸਿਵਾਏ ਇਕ ਨਿਰੰਕਾਰ ਅਤੇ ਅਕਾਲ ਈਸ਼੍ਵਰ ਕੇ ਔਰ ਕਿਸੀ ਕੀ ਪੂਜਾ ਨਾ ਕਰਤੇ ਥੇ। ਔਰ ਨਾ ਕਿਸੀ ਦੇਵੀ ਦੇਵਤਾ ਕੀ ਪੂਜਾ ਜਾਇਜ਼ ਬਤਲਾਤੇ ਥੇ, ਬਲਕਿ ਉਸਕੇ ਬਰਖਿਲਾਫ ਹਮੇਸ਼ਾ ਉਪਦੇਸ਼ ਕਰਤੇ ਥੇ। ਇਸ ਗ੍ਰੰਥ ਸਾਹਿਬ ਮੇਂ ਜੋ ਨਜ਼ਮ ਰਜ਼ਮੀਆ ਮਾਬੈਨ ਦੇਵੀ ਅਤੇ ਰਾਖਸ਼ੋਂ ਕੇ ਦਰਜ ਹੈਂ ਉਸ ਮੇਂ ਦੇਵੀ ਕੀ ਤਾਰੀਫ ਔਰ ਬਹਾਦਰੀ ਕੇ ਕਾਰਨਾਮੋਂ ਕੇ ਜ਼ਿਕਰ ਕਰਨੇ ਕਾ ਏਕ ਔਰ ਬਾਇਸ ਹੈ, ਜਿਸ ਕੋ ਹਮ ਬਿਆਨ ਕਰਤੇ ਹੈਂ। ਦੇਵੀ ਕੋ ਉਸ ਜੋਸ਼ਦਾਰ ਨਜ਼ਮ ਮੇਂ ਰਾਖਸ਼ੋਂ ਪਰ ਫਤਹਯਾਬ ਕਰਨੇ ਕੇ ਲੀਏ ਏਕ ਹੀਰੋ ਫਰਜ਼ ਕੀਆ ਗਿਆ ਹੈ। ਅਤੇ ਬਮੁਕਾਬਲਾ ਦੁਸ਼ਮਣ ਕੇ ਉਸ ਹੀਰੋ ਦੇਵੀ ਕੀ ਤਾਰੀਫ

ਬਹਾਦਰੀ ਅਤੇ ਖੂੰਨਖਾਰੀ ਵਗੈਰਾ-ਵਗੈਰਾ ਕੀ ਗਈ ਹੈ। ਅਤੇ ਇਸ ਵਜ੍ਹਾ ਸੇ ਕਿ ਇਸ ਮੇਂ ਦੇਵੀ ਕੀ ਤਾਰੀਫ ਕੀ ਗਈ ਥੀ, ਯਿਹ ਕਹਾ ਜਾਤਾ ਹੈ ਕਿ ਵੋਹ ਦੇਵੀ ਪੂਜਕ ਥੇ, ਹਾਲਾਂਕਿ ਦੇਵੀ ਕੋ ਹੀਰੋ ਬਨਾਨੇ ਮੇਂ ਮਸਲਿਹਤ ਵਕਤ ਮੁਕਤਜ਼ੀ ਥੀ। ਅਤੇ ਹੀਰੋ ਬਨਾਨੇ ਕੀ ਜ਼ਰੂਰਤ ਮੇਂ ਜੈਸਾ ਕਿ ਹੂਆ ਕਰਤਾ ਹੈ ਹੀਰੋ ਕੀ ਤਾਰੀਫ ਅਤੇ ਤੌਸੀਫ ਭੀ ਲਾਜ਼ਮੀ ਹੋਤੀ ਹੈ, ਵਰਨਾ ਵੋ ਦੇਵੀ ਕੇ ਪੁਜਾਰੀ ਹਰਗਿਜ਼ ਨਾ ਥੇ, ਅਤੇ ਨਾ ਉਸ ਕੀ ਪੂਜਾ ਕੋ ਕਿਸੀ ਤਰ੍ਹਾਂ ਕਾਇਮ ਕਰਨਾ ਚਾਹਤੇ ਥੇ, ਬਲਕਿ ਏਕ ਅਕਾਲ ਪੁਰਖ ਈਸ਼੍ਵਰ ਕੇ ਬਾਅਦ ਐਸੀ ਦੇਵੀ ਦੇਵਤਾਓਂ ਕੀ ਪੂਜਾ ਕੋ ਗੁਨਾਹ ਸਮਝਤੇ ਥੇ। ਜੈਸਾ ਕਿ ਉਸ ਕੀ ਮਜ਼ਹਬੀ ਇਸਲਾਹ ਕਾ ਜ਼ਿਕਰ ਕਰਤੇ ਹੁਏ ਪਹਿਲੇ ਸਫੋਂ ਮੇਂ (ਹਮ) ਜ਼ਿਕਰ ਕਰ ਆਏ ਹੈਂ। ਲੇਕਿਨ ਬਾਵਜੂਦ ਉਨ ਕੇ ਇਸ ਨਜ਼ਮ ਮੇਂ ਜੋ ਦੀਗਰ ਸ਼ੁਅਰਾ ਕੀ ਬਨੀ ਹੂਈ ਹੈਂ ਅਤੇ ਸ੍ਰੀ ਮੁਖਬਾਕ ਯਾਨੀ ਖੁਦ ਗੁਰੂ ਗੋਬਿੰਦ ਸਿੰਘ ਕਾ ਅਪਨਾ ਕਲਾਮ ਨਹੀਂ ਹੈ, ਦੇਵੀ ਕੋ ਹੀਰੋ ਬਨਾ ਕਰ ਬਮੁਕਾਬਲਾ ਰਾਖਸ਼ੋਂ ਕੇ ਕਾਇਮ ਕੀਆ ਗਿਆ ਹੈ ਅਤੇ ਉਨ ਕੋ ਮੈਦਾਨਿ ਜੰਗ ਮੇਂ ਅਗਰ ਖੂਨਖਾਰੀ ਕੇ ਨਮੂਨੇ ਅਤੇ ਦੇਵੀ ਕੀ ਤਾਕਤ ਅਤੇ ਫਤਹ ਕੀ ਮਿਸਾਲੇਂ ਬਿਆਨ ਕੀ ਗਈ ਹੈਂ ਜੈਸਾ ਕਿ ਦੀਗਰ ਕੌਮੇਂ ਪਰ ਚੰਦ ਮਹਾਂਭਾਰਤ ਅਤੇ ਰਾਮਾਇਣ ਕੇ ਵਾਕਯਾਤ ਸੇ ਕ੍ਰਿਸ਼ਨ ਅਤੇ ਰਾਮਚੰਦ੍ਰ ਕੀ ਬਹਾਦਰੀਓਂ ਕੇ ਨਮੂਨੇ ਜ਼ਬਰਦਸਤ ਦੇਸ਼ ਭਾਸ਼ਾ ਮੇਂ ਨਜ਼ਮ ਕੇ ਪੈਰਾਯਾ ਮੇਂ ਉਭਾਰਾ ਜਾਏ ਔਰ ਆਇੰਦਾ ਮਾਅਰਕਾ ਜੰਗ ਕੇ ਲੀਏ ਤਿਆਰ ਕੀਆ ਜਾਏ। ਔਰ ਮਹਿਜ਼ ਭਗਤੀ ਕੇ ਸਾਥ ਉਨ ਕੇ ਖਿਆਲਾਤ ਭੀ ਗਰਮ ਕੀਏ ਜਾਏਂ। ਅਗਰ ਕੋਈ ਹੀਰੋ ਕਰਾਰ ਨ ਦੀਆ ਜਾਤਾ ਤੋ ਭੀ ਖਿਆਲੀ ਬਾਤੇਂ ਮੁਸ਼ਕਲ ਸੇ ਜ਼ਹਨ ਨਸ਼ੀਨ ਹੋਤੀਂ। ਇਸ ਲੀਏ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਜ਼ਮ ਮੇਂ ਜੰਗ ਕਾ ਫਤਹਯਾਬ ਹੀਰੋ ਦੇਵੀ ਕੋ ਕਾਯਮ ਕੀਆ।''

(ਸਫਾ 120)

ਇਸ ਪ੍ਰਸੰਗ ਨੂੰ ਜੇ ਯੁਕਤੀਆਂ ਉਕਤੀਆਂ ਨਾਲ ਵੀ ਵਿਚਾਰਿਆ ਜਾਏ ਤਾਂ ਵੀ ਸਾਨੂੰ ਏਨੀਆਂ ਉਦਾਹਰਣਾਂ ਮਿਲ ਸਕਦੀਆਂ ਹਨ ਜਿਨ੍ਹਾਂ ਨੂੰ ਸੁਣ ਸੁਣ ਕੇ ਮਨ ਥੱਕ ਜਾਂਦਾ ਹੈ। ਜਿਨ੍ਹਾਂ ਵਿਚੋਂ ਕੁਝ ਕੁ ਏਥੇ ਪ੍ਰਗਟ ਕੀਤੀਆਂ ਜਾਂਦੀਆਂ ਹਨ:-

੧. ਪਹਿਲੇ ਜੇ ਦੇਵੀ ਦਾ ਪ੍ਰਗਟ ਹੋਣਾ ਸੱਚ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਆਪਣੇ ਸ੍ਰੀ ਮੁਖਵਾਕ ਨਾਲ ਦਸਮ ਗ੍ਰੰਥ ਸਾਹਿਬ ਵਿਚ ਲਿਖਦੇ, ਕਿਉਂਕਿ ਉਹਨਾਂ ਦੇ ਜੀਵਨ ਵਿਚ ਇਹ ਇਕ ਸਭ ਤੋਂ ਵੱਡਾ ਪ੍ਰਸਿੱਧ ਅਚੰਭੇ ਵਾਲਾ ਕੰਮ ਸੀ, ਪਰੰਤੂ ਇਹ ਕਿਤੇ ਵੀ ਦਰਜ ਨਹੀਂ।

੨. ਜਿਨ੍ਹਾਂ ਬ੍ਰਾਹਮਣਾਂ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿੱਧ ਹੋਈ ਸੀ ਉਨ੍ਹਾਂ ਦੇ ਨਾਮ ਅਤੇ ਉਨ੍ਹਾਂ ਦੀ ਬੁੱਧਿ ਵਿਦਿਆ ਅਤੇ ਮੰਤ੍ਰ ਜੰਤ੍ਰ ਵਿਚ ਨਿਪੁੰਨਤਾ ਜ਼ਰੂਰ ਹੀ ਪ੍ਰਗਟ ਕਰਦੇ ਅਤੇ ਅੱਗੇ ਨੂੰ ਖਾਲਸਾ ਲਈ ਬ੍ਰਾਹਮਣਾਂ ਦਾ ਪੂਜਨ ਦੱਸ ਜਾਂਦੇ, ਪ੍ਰੰਤੂ ਦਸਮ ਗ੍ਰੰਥ ਵਿਚ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਨਿੰਦਾ ਹੀ ਮਿਲਦੀ ਹੈ ਅਤੇ ਹਵਨ ਕਰਾਉਣ ਵਾਲਿਆਂ ਦਾ ਨਾਮ ਨਿਸ਼ਾਨ ਵੀ ਨਹੀਂ ਹੈ।

੩. ਜਿਸ ਤਰ੍ਹਾਂ ਮਾਛੀਵਾੜੇ ਵਾਲੇ ਅਤੇ ਮਲੇਰਕੋਟਲੀਏ ਪਠਾਣਾਂ ਪਾਸ ਅੱਜ ਤਕ ਹੁਕਮਨਾਮੇ ਹਨ ਅਤੇ ਹਰ ਇਕ ਪੁਰਖ ਇਸ ਬਾਤ ਨੂੰ ਜਾਣਦਾ ਹੈ ਕਿ ਇਹ ਉਨ੍ਹਾਂ ਦੀ ਕੁਲ ਵਿਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਨ ਸਮੇਂ ਸਹਾਇਤਾ ਦਿੱਤੀ ਸੀ ਜਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਹਰਾ ਮਾਰਿਆ ਸੀ। ਇਸੇ ਤਰ੍ਹਾਂ ਉਹਨਾਂ ਬ੍ਰਾਹਮਣਾਂ ਦੇ ਪਾਸ ਵੀ ਗੁਰੂ ਮਹਾਰਾਜ ਵਲੋਂ ਹੁਕਮਨਾਮੇ ਹੁੰਦੇ, ਜਿਸ ਤੇ ਖਾਲਸਾ ਜਾਣਦਾ ਕਿ ਇਹ ਉਸ ਦੱਤਾਨੰਦ ਉਜੈਨੀ ਜਾਂ ਕਾਂਸ਼ੀ ਵਾਲੇ ਕੇਸ਼ਵ ਅਤੇ ਗੁਜਰਾਤੀ ਕਾਲੀਦਾਸ ਦੇ ਖਾਨਦਾਨ ਵਿਚੋਂ ਹਨ, ਜਿਨ੍ਹਾਂ ਨੇ ਗੁਰੂ ਜੀ ਨੂੰ ਦੇਵੀ ਪ੍ਰਗਟ ਕਰਕੇ ਤਲਵਾਰ ਦਿਵਾਈ ਸੀ ਸੋ ਇਹ ਭੀ ਅੱਜ ਤੱਕ ਕਿਤੋਂ ਨਾਮ-ਨਿਸ਼ਾਨ ਤਕ ਨਹੀਂ ਸੁਣਿਆ ਜਾਂਦਾ।

੪. ਜਿਨ੍ਹਾਂ ਵੇਦਾਂ ਤੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੇ ਪ੍ਰਗਟ ਕੀਤੀ ਸੀ ਅਤੇ ਉਹਨਾਂ ਮੰਤ੍ਰਾਂ ਵਿਚ ਇਤਨੀ ਸਮਰੱਥਾ ਸੀ ਤਾਂ ਗੁਰੂ ਜੀ ਵੇਦਾਂ ਦਾ ਅਤੇ ਮੰਤਰਾਂ ਯੰਤਰਾਂ ਦਾ ਖੰਡਨ ਨਾ ਕਰਦੇ ਸਗੋਂ ਆਖਦੇ ਕਿ ਇਨ੍ਹਾਂ ਦੇ ਮੰਨਣ ਜਾਂ ਵਿਧੀਵਤ ਕਰਮ ਕਰਨ ਤੇ ਫਲ ਮਿਲਦਾ ਹੈ, ਇਸ ਵਾਸਤੇ ਖਾਲਸਾ ਇਨ੍ਹਾਂ ਨੂੰ ਜ਼ਰੂਰ ਮੰਨੇ।

Sri Satguru Jagjit Singh Ji eLlibrary NamdhariElibrary@gmail.com

੫. ਜਿਸ ਜਨੇਊ ਦੇ ਪਹਿਣਨ ਅਤੇ ਜਿਸ ਗਾਇਤ੍ਰੀ ਦੇ ਜਾਪ ਕਰਨ ਤੇ ਹਵਨ ਕਾਰਕਾਂ ਨੂੰ ਕਰਕੇ ਦੇਵਤਾ ਪ੍ਰਗਟ ਕਰਨ ਦੀ ਸ਼ਕਤੀ ਦਿੱਤੀ ਸੀ ਉਸ ਜਨੇਊ ਅਤੇ ਗਾਇਤ੍ਰੀ ਦਾ ਖਾਲਸਾ ਵਿਚੋਂ ਰਿਵਾਜ ਕਿਉਂ ਹਟਾਇਆ ਅਰ ਅੰਮ੍ਰਿਤਪਾਨ ਸਮੇਂ ਕਿਉਂ ਤੁੜਵਾਇਆ ?

੬. ਜਿਨ੍ਹਾਂ ਲੋਕਾਂ ਨੂੰ ਹਵਨ ਵਿਚ ਸ਼ੂਦਰ ਜਾਣ ਕੇ ਦਾਖਲ ਨਹੀਂ ਹੋਣ ਦਿੰਦੇ ਅਤੇ ਬਾਵਾ ਸੁਮੇਰ ਸਿੰਘ ਜੀ ਦੱਸਦੇ ਹਨ ਕਿ ਬਾਹਰ ਰੋਕਣ ਲਈ ਰਾਖੇ ਬਿਠਾਏ ਜਾਂਦੇ ਸਨ, ਸੋ ਜੇ ਇਹ ਗੱਲ ਸੱਚ ਹੁੰਦੀ ਤਾਂ ਗੁਰੂ ਜੀ ਉਨ੍ਹਾਂ ਹੀ ਸ਼ੂਦਰਾਂ ਨੂੰ ਅੰਮ੍ਰਿਤ ਵਿਚ ਸ਼ਾਮਲ ਕਰਕੇ ਵਰਨ ਵਿਵਸਥਾ ਕਿਉਂ ਤੋੜਦੇ ? ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਜੀ ਅਕਾਲ ਪੁਰਖ ਦੇ ਰਚੇ ਹੋਏ ਮਨੁੱਖਾਂ ਨੂੰ ਹਿੰਦੂਆਂ ਵਾਂਗ ਹਕਾਰਤ ਦੀ ਨਿਗਾਹ ਨਾਲ ਨਹੀਂ ਦੇਖਦੇ ਸਨ ਸਗੋਂ ਆਪਣੇ ਅੰਗ ਜਾਣ ਕੇ ਪਿਆਰ ਕਰਦੇ ਸਨ ਅਰ ਉਨ੍ਹਾਂ ਨੂੰ ਛੱਤ੍ਰੀ ਬਣਾਉਂਦੇ ਸਨ।

੭. ਜਿਹੜੇ ਲੋਕ ਇਹ ਲਿਖਦੇ ਹਨ ਕਿ ਦੇਵੀ ਨੇ ਜੰਗ ਵਿਚ ਫਤਹਿ ਦੇਣ ਲਈ ਤਲਵਾਰ ਜਾਂ ਕਰਦ ਦਿੱਤੀ ਸੀ ਤਾਂ ਗੁਰੂ ਜੀ ਨੇ ਖਾਲਸੇ ਨੂੰ ਉਸ ਤਲਵਾਰ ਦਾ ਜੋ ਦੇਵੀ ਦੇ ਵਰ ਤੋਂ ਮਿਲੀ ਸੀ ਅੰਮ੍ਰਿਤ ਕਿਉਂ ਨਾ ਛਕਾਇਆ, ਇਸ ਦੇ ਉਲਟ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ ਸੀ ਅਤੇ ਅੱਜ ਤਕ ਇਹ ਪ੍ਰਚੱਲਤ ਰੀਤੀ ਹੈ।

੮. ਫਿਰ ਜਦ ਗੁਰੂ ਜੀ ਮਹਾਰਾਜ ਆਪਣੀ ਪੁਰੀ ਨੂੰ ਅਸਵਾਰਾ ਕਰਨ ਲਗੇ ਤਦ ਭੀ ਖਾਲਸੇ ਨੂੰ ਏਹੋ ਆਗਿਆ ਕੀਤੀ ਕਿ *'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।'* ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਗੁਰੂ ਜੀ ਨੇ ਦੇਵੀ ਤੋਂ ਵਰ ਲੈ ਕੇ ਪੰਥ ਬਣਾਇਆ ਹੁੰਦਾ ਤਾਂ ਇਸ ਤਰ੍ਹਾਂ ਨਾ ਹੁਕਮ ਦਿੰਦੇ, ਸਗੋਂ ਇਸ ਤਰ੍ਹਾਂ ਉਚਾਰਨ ਕਰਦੇ, ਯਥਾ :- *'ਆਗਿਆ ਦੁਰਗਾ ਨੇ ਜਬੀ ਤਬੀ ਚਲਾਯੋ ਪੰਥ। ਕਰੋ ਕੜਾਹੀ ਓਸਦੀ ਭੇਟਾ ਦੇ ਪੜ੍ਹ ਗ੍ਰੰਥ।'* ਪ੍ਰੰਤੂ ਇਸ ਤਰ੍ਹਾਂ ਕੋਈ ਦੇਵੀ ਦੇਵਤੇ ਦਾ ਕਥਨ ਨਹੀਂ ਹੈ।

੯. ਜੇ ਗੁਰੂ ਜੀ ਦਾ ਦੇਵੀ ਪੂਜਨ ਕਰਨ ਦਾ ਸਿਧਾਂਤ ਸੀ ਤਾਂ ਪੰਜ ਕੱਕਿਆਂ ਦਾ ਧਾਰਨ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਉਸ ਦੀ ਬਾਣੀ ਪਰ ਵਿਸ਼ਵਾਸ ਕਰਨ ਦਾ ਉਪਦੇਸ਼ ਕਿਉਂ ਕੀਤਾ ਅਰ ਨਵੀਂ ਸੂਰਤ ਸ਼ਕਲ ਦਾ ਪੰਥ ਕਿਉਂ ਸਾਜਿਆ, ਕਿੰਤੂ ਉਨ੍ਹਾਂ ਛੋਣੇ ਕੁੱਟਾਂ ਨਾਲ ਸਿੱਖਾਂ ਨੂੰ ਮਿਲਾ ਕੇ ਔਟੇ ਧਾਰਨ ਦਾ ਹੁਕਮ ਕਿਉਂ ਨਾ ਦਿੱਤਾ ?

੧੦. ਨੈਣਾਂ ਦੇਵੀ ਦੇ ਭੌਨ ਪਰ ਜਿਥੋਂ ਦੇਵੀ ਪ੍ਰਗਟ ਹੋਈ ਦੱਸਦੇ ਹਨ, ਜਾ ਕੇ ਪੂਜਾ ਕਰਨ ਦੀ ਆਗਿਆ ਕਿਉਂ ਨਾ ਦਿੱਤੀ ਅਰ ਕਿਉਂ ਨਾ ਦੱਸਿਆ ਕਿ ਜ਼ਰੂਰ ਸਿੱਖ ਪੰਥ ਨੈਣਾਂ ਦੇਵੀ ਦੇ ਦਰਸ਼ਨ ਕਰੇ?

੧੧. ਸਾਰੇ ਗੁਰਬਿਲਾਸਾਂ ਵਿਚ ਬਿਨਾਂ ਹਵਨ ਤੋਂ ਹੋਰ ਕੋਈ ਸਾਬਤ ਨਹੀਂ ਕਰਦਾ ਕਿ ਗੁਰੂ ਜੀ ਕਦੇ ਨੈਣਾਂ ਦੇਵੀ ਪਰ ਗਏ ਹੋਣ ਅਰ ਕਿਸੇ ਮੇਲੇ ਮੁਸਾਹਬੇ ਵਿਚ ਜਾ ਕੇ ਕੁਝ ਭੇਟਾ ਦਿੱਤੀ ਹੋਵੇ, ਕੇਵਲ ਇਹ ਇਕੋ ਵੇਰ ਦੀ ਗੱਲ ਦੱਸਦੇ ਹਨ, ਇਸ ਤੋਂ ਭੀ ਸਿੱਧ ਹੁੰਦਾ ਹੈ ਕਿ ਜੇ ਗੁਰੂ ਜੀ ਦੇਵੀ ਦੇ ਸ਼ਰਧਾਲੂ ਹੁੰਦੇ ਤਾਂ ਹਫਤੇ ਵਿਚ ਨਹੀਂ ਤਾਂ ਮਹੀਨੇ ਵਿਚ ਤਾਂ ਜ਼ਰੂਰ ਹੀ ਜਾ ਕੇ ਦਰਸ਼ਨ ਕਰਦੇ।" (ਦੁਰਗਾ ਪ੍ਰਬੋਧ, ਪੰਨਾ ੪੯੦-੯੫)

੧੨. ਇਸ ਤਰ੍ਹਾਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਨੇ ਦਸਮ ਗ੍ਰੰਥ ਦੀਆਂ ਬਾਣੀਆਂ ਪਰ ਟਿੱਪਣੀਆਂ ਦੇਂਦਿਆਂ ਚੰਗੀ ਵਿਦ੍ਵਤਾ ਨਾਲ ਦੇਵੀ ਦਾ ਨਾ ਪੂਜੇ ਜਾਣਾ ਸਿੱਧ ਕੀਤਾ ਹੈ ਤੇ ਦੱਸਿਆ ਹੈ ਕਿ ਦੇਵੀ ਦੇ ਪ੍ਰਸੰਗ ਤੇ ਉਸਤਤੀ ਸੰਸਕ੍ਰਿਤ ਅਸਲੀ ਗ੍ਰੰਥਾਂ ਦੇ ਭਾਵ ਤਰਜਮੇ ਹਨ, ਜੋ ਬੀਰ-ਰਸੀ ਉਮਾਹ ਲਈ ਲਿਖੇ ਗਏ ਕਿੱਸੇ ਕਹਾਣੀਆਂ ਹਨ। ਇਹ ਗੁਰੂ ਜੀ ਨੂੰ ਦੇਵੀ ਪੂਜਕ ਹਰਗਿਜ਼ ਸਿੱਧ ਨਹੀਂ ਕਰਦੇ। ਦੇਖੋ ਗੁਰਮਤਿ ਸੁਧਾਕਰ ਆਦਿ।

ਗੁਰੂ ਸਾਹਿਬ ਜੀ ਦੇ 'ਅਸੂਲ ਪੜਤਾਲ' ਦੇ ਨੁਕਤੇ ਤੋਂ ਜੇ ਅਸੀਂ ਏਥੇ ਦੇਵੀ ਪ੍ਰਗਟਾਉਣ ਦੇ ਪ੍ਰਯੋਗ ਤੇ ਆਵਾਹਨ ਦੇ ਪ੍ਰਸੰਗ ਨੂੰ ੭ ਅੰਗਾਂ ਵਿਚ ਵੰਡ ਕੇ ਦਸਵੇਂ ਸਤਿਗੁਰਾਂ ਦੇ ਆਪਣੇ ਸ੍ਰੀ ਮੁਖਵਾਕਾਂ ਨਾਲ ਕਸਵੱਟੀ ਤੇ ਲਾਈਏ ਤਾਂ ਭੀ ਜੋ ਕੱਸ ਲਗਦੀ ਹੈ ਉਹ ਦੇਵੀ ਨੂੰ ਦਸਮ ਗੁਰੂ ਜੀ ਦਾ ਪੂਜਯ ਸਿੱਧ ਨਹੀਂ ਕਰਦੀ ਤੇ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਸਿੱਟਾ ਕੱਢਦੀ ਹੈ। ਯਥਾ :-

**੧. ਹੋਮ**- ਹੋਮ ਕਰਨਾ ਸਭ ਤੋਂ ਵੱਡਾ ਅੰਗ ਦੇਵੀ ਆਵਾਹਨ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਤੇ ਭਾਈ ਗੁਰਦਾਸ ਜੀ ਦੇ ਵਾਕ ਇਸ ਕਰਮ ਕਰਨ ਵਿਰੁੱਧ ਤਾਂ ਅਨੇਕਾਂ ਹਨ, ਪਰ ਸ੍ਰੀ ਮੁਖਵਾਕ ਪਾ: ੧੦ ਭੀ ਇਸੀ ਪ੍ਰਕਾਰ ਦੇ ਹਨ, ਯਥਾ :- *ਕਈ ਅਗਨ ਹੋਤ੍ਰ ਕਰੰਤ॥ ਭ ਕਰਮ ਫੋਕਟ ਮਾਨ॥* ਪੁਨਾ :- *ਬਹੁ ਕਰਤ ਹੋਮ ਅਰੁ ਜੱਗ ਦਾਨ॥ ਬਿਨ ਏਕ ਨਾਮ ਇਕ ਚਿੱਤ ਲੀਨ॥ ਫੋਕਟੋ ਸਰਬ ਧਰਮਾ ਬਿਹੀਨ॥* ਫਿਰ ਕਿਵੇਂ ਸਮਝੀਏ ਕਿ ਜਿਸ ਕਰਮ ਨੂੰ ਆਪ ਫੋਕਟ ਕਹਿ ਰਹੇ ਹਨ ਉਸ ਨੂੰ ਆਪ ਨੇ ਕੀਤਾ ਹੋਵੇ।

**੨. ਬਲੀ**- ਕਿਹਾ ਜਾਂਦਾ ਹੈ ਕਿ ਇਸ ਆਵਾਹਨ ਵਿਚ ਬ੍ਰਾਹਮਣ ਨੇ ਬਲੀ ਦੇਣੀ ਜ਼ਰੂਰੀ ਦੱਸੀ, ਤੇ ਗੁਰੂ ਜੀ ਨੇ ਆਪਣੀ ਉਂਗਲੀ ਦਾ ਲਹੂ ਦਿੱਤਾ ਤੇ ਕਈ ਲੱਖ ਖਾਲਸੇ ਦੀ ਬਲੀ ਦੇਣ ਦਾ ਦੇਵੀ ਨਾਲ ਇਕਰਾਰ ਕੀਤਾ। ਬਲੀ ਦੇਣ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਲਿਖਿਆ ਹੈ :- *ਤੇ ਬੀ ਬਲਿ ਪੂਜਾ ਉਰਝਾਏ॥* ਇਸ ਵਿਚ ਬਲੀਆਂ ਲੈਣ ਵਾਲੇ ਦੇਵਤੇ ਦਸਮੇ ਗੁਰੂ ਜੀ ਨੇ ਆਪ ਵਾਹਿਗੁਰੂ ਦੇ ਦਰ ਅਪ੍ਰਵਾਨ ਹੋ ਗਏ ਕਥਨ ਕੀਤੇ ਹਨ, ਫਿਰ ਕੀਕੂੰ ਹੋ ਸਕਦਾ ਹੈ ਕਿ ਆਪ ਨੇ ਕਿਸੇ ਦੇਵੀ ਨੂੰ ਬਲੀ ਦੇਣੀ ਜਾਇਜ਼ ਸਮਝੀ ਹੋਵੇ।

**੩. ਹੋਤਾ** (ਰਿਤ੍ਵਜ) - ਅਰਥਾਤ ਹੋਮ ਕਰਾਉਣ ਵਾਲਾ ਬ੍ਰਾਹਮਣ-ਇਹ ਬ੍ਰਾਹਮਣ ਪਹਿਲਾਂ ਦੱਛਣਾ ਖਰੀ ਕਰਦਾ ਹੈ, ਫਿਰ ਪਹਿਲਾਂ ਗੁਰੂ ਜੀ ਨੂੰ 'ਜਗਤ ਈਸ਼ ਤੁਮ ਦੇਵਨ ਦੇਵ' ਕਹਿੰਦਾ ਹੈ ਤੇ ਫੇਰ ਯੱਗ ਵੇਲੇ ਆਪਣੀ ਬੇ-ਸਤਿਕਾਰੀ ਦੇ ਗੁੱਸੇ ਵਿਚ ਗੁਰੂ ਜੀ ਨੂੰ ਅਵਤਾਰ ਕਹਿਣੋਂ ਸਿਰ ਫੇਰਦਾ ਤੇ ਕਹਿੰਦਾ ਹੈ 'ਜੇ ਅਵਤਾਰ ਹੁਤੇ ਤਿਸ ਕਾਲਾ ਯਾਂ ਤੇ ਮੋਹਿ ਪ੍ਰਤੀਤ ਨ ਆਵੈ' ਇਸ ਤੋਂ ਬ੍ਰਾਹਮਣ ਲਾਲਚੀ ਤੇ ਅਸੱਤਜਵਾਦੀ ਸਿੱਧ ਹੁੰਦਾ ਹੈ, ਐਸੇ ਬ੍ਰਾਹਮਣ ਨੂੰ ਹੋਤਾ ਥਾਪਣਾ ਯੋਗ ਨਹੀਂ, ਕਿਉਂਕਿ ਕਵਿ ਜੀ ਦੇ ਲਿਖੇ ਅਨੁਸਾਰ ਗੁਰੂ ਜੀ ਭੀ ਆਪ, ਪਹਿਲਾਂ ਮਾਸਾਹਾਰੀ, ਬ੍ਰਾਹਮਣਾਂ ਨੂੰ ਮੋਹਰ ਤੇ ਨਾ ਮਾਸਾਹਾਰੀਆਂ ਨੂੰ ਰੁਪਇਆ ਦੱਖਣਾ ਦੇਣ ਵਿਚ ਲਾਲਚੀ ਬ੍ਰਾਹਮਣਾਂ ਦਾ ਪਾਜ ਉਘੇੜ ਆਏ ਹਨ ਤੇ ਫੇਰ ਲਾਲਚੀ ਤੇ ਨਿਸ਼ਚੇ ਤੋਂ ਡੋਲਣ ਵਾਲੇ ਨੂੰ ਰਿਤ੍ਵਜ ਕਿਸ ਤਰ੍ਹਾਂ ਥਾਪਣਾ ਸੀ ? ਤੇ ਸੱਚੇ ਬ੍ਰਾਹਮਣ ਦੇ ਲੱਛਣ ਗੁਰਬਾਣੀ ਵਿਚ ਲਿਖੇ ਹੋਏ ਹਨ। ਫਿਰ ਬ੍ਰਾਹਮਣ ਨੂੰ 'ਚਟਪਟਾਇ ਚਿਤ ਮੈਂ ਜਰਜੋ ਤ੍ਰਿਣ ਜਜੋਂ ਕ੍ਰੁੱਧਤ ਹੋਇ' ਸ੍ਰੀ ਮੁਖਵਾਕ ਵਿਚ ਅਤਿ ਕ੍ਰੋਧੀ ਦੱਸਿਆ ਹੈ। ਕ੍ਰੋਧੀ ਬ੍ਰਾਹਮਣ ਤੋਂ ਹੋਮ ਕਰਵਾਉਣਾ ਦਰੁਸਤ ਨਹੀਂ, ਫਿਰ ਕਈ ਵੇਰ ਬ੍ਰਾਹਮਣ ਨੇ ਆਪਣੀ ਅਸਮਰਥਾ ਦੱਸੀ ਹੈ ਤੇ ਅੰਤ ਉਹ ਕੱਚਾ ਹੀ ਨਿਕਲਿਆ। ਐਸਾ ਬ੍ਰਾਹਮਣ ਜੋ 'ਦੇਵੀ ਪ੍ਰਗਟੇਗੀ' ਤਾਂ ਕਹਿੰਦਾ ਹੈ ਪਰ ਦੇਵੀ ਪ੍ਰਗਟਣ ਦੀ ਝਾਲ ਆਪ ਨਹੀਂ ਝੱਲ ਸਕਦਾ, ਕਰਨੀ ਹੀਨ ਬ੍ਰਾਹਮਣ ਹੈ, ਕਰਨੀ ਹੀਨ ਤੋਂ ਹੋਮ ਸਤਿਗੁਰਾਂ ਨੇ ਕੀਕੂੰ ਕਰਵਾਇਆ ?

**੪. ਮੰਤ੍ਰ**- ਦੇਵੀ ਪ੍ਰਗਟਾਉਣ ਲਈ ਮੰਤ੍ਰ ਪੜ੍ਹਿਆ ਜਾਂਦਾ ਰਿਹਾ ਦੱਸਿਆ ਹੈ। ਉਹ ਮੰਤ੍ਰ ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ ਦਿੱਤਾ ਹੈ। ਇਹ ਗੁਰਬਾਣੀ ਨਹੀਂ, ਇਹ ਮੰਤ੍ਰ ਅਨਯ ਮੰਤ੍ਰ ਹੈ, ਓਪਰਾ ਮੰਤ੍ਰ ਹੈ। ਇਸ ਪਰ ਸ੍ਰੀ ਮੁਖਵਾਕ ਪਾ: ੧੦ ਇਹ ਹੈ : - 'ਨਾ ਜਾਪ ਆਨ ਕੋ ਜਪੋ॥ ਨ ਅਉਰ ਥਾਪਨਾ ਥਪੋ॥ ਪੁਨਾ :- ਕਾਮਕਾ ਮੰਤ੍ਰ ਕਸੀਰੇ ਕੇ ਕਾਮ ਨ॥ ਕਾਮਕਾ ਅਰਥਾਤ (ਕਾਮਨਾ ਲਈ ਤੰਤ੍ਰ ਸ਼ਾਸਤ੍ਰਾਂ ਦੇ) ਜਪੇ ਮੰਤ੍ਰ ਦਮੜੀ ਮੁੱਲ ਨਹੀਂ ਰਖਦੇ।

ਪੁਨਾ :-*ਬਿਨਾ ਸਰਨ ਤਾਂਕੀ ਨਹੀਂ ਅਉਰ ਓਟੰ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ॥*

ਪੁਨਾ :- *ਭਜੋ ਸੁ ਏਕ ਨਾਮਯੰ॥ ਜੋ ਕਾਮ ਸਰਬ ਠਾਮਯੰ।*

**੫. ਧਯਾਨ**- ਇੱਥੇ ਧਯਾਨ ਦੇਵੀ ਦਾ ਧਰ ਕੇ ਆਵਾਹਨ ਹੁੰਦਾ ਦੱਸਿਆ ਗਿਆ ਹੈ। ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰਸ ਦਾ ਧਯਾਨ ਧਰਨ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਹੈ : - *ਨ ਧਿਆਨ ਆਨ ਕੋ ਧਰੋ॥ ਨ ਨਾਮ ਆਨ ਉਚਰੋ।'* ਪੁਨਾ :- *ਜੇ ਜੇ ਅਉਰ ਧਿਆਨ ਕੋ ਧਰਹੀ॥ ਬਹਿਸ ਬਹਿਸ ਬਾਦਨ ਤੇ ਮਰਹੀ॥*

**੬. ਵਰ**- ਪ੍ਰਯੋਗ ਵਰ ਪ੍ਰਾਪਤੀ ਲਈ ਸੀ ਤੇ ਵਰ ਦੇਵੀ ਤੋਂ ਲੈਣਾ ਸੀ, ਇਸ ਪਰ ਸ੍ਰੀ ਮੁਖਵਾਕ ਅਕਾਲ ਪੁਰਖ ਨੂੰ ਸਨਮੁਖ ਕਰਕੇ ਐਉਂ ਹੈ :-

*ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥ ਜੋ ਬਰ ਚਾਹੌਂ ਸੁ ਤੁਮ ਤੇ ਪਾਊਂ॥*

ਕਵੀ ਜੀ ਨੇ ਦੇਵੀ ਤੋਂ ਦੋ ਵਰ ਮੰਗਦੇ ਗੁਰੂ ਜੀ ਨੂੰ ਦੱਸਿਆ ਹੈ। ਯਥਾ :- *ਰਚਨ ਪੰਥ ਅਰ ਤੁਰਕਨ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ॥*

ਪਰ ਗੁਰੂ ਜੀ ਆਪ ਸਿੱਧਾ ਅਕਾਲ ਪੁਰਖ ਤੋਂ ਇਹ ਦੋਵੇਂ ਵਰ ਮੰਗ ਰਹੇ ਹਨ। ਯਥਾ :-

(ੳ) *ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥*

(ਅ) *ਦੁਸਟ ਜਿਤੇ ਉਠਵਤ ਉਤਪਾਤਾ॥ ਸਗਲ ਮਲੇਛ ਕਰੋ ਰਣ ਘਾਤਾ॥'*

ਪੁਨਾ :- *ਹਮਰੇ ਦੁਸਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ॥*

ਕਵਿ ਸੰਤੋਖ ਸਿੰਘ ਜੀ ਆਪ ਵੀ ਇਸੇ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ, ਗੁਰੂ ਜੀ ਦੀ ਜ਼ਬਾਨੀ ਦੱਸਦੇ ਹਨ ਕਿ *'ਪੰਥ ਕੋ ਰਚਨ ਕੋ ਹੁਕਮ ਜਗਤੇਸ਼ ਹੈ'* (ਰੁ: ੩ ਅੰਸੂ ੨੦ ਅੰਕ ੫) ਜਿਸ ਤੋਂ ਸਾਫ ਹੈ ਕਿ ਜਦ ਅਕਾਲ ਪੁਰਖ ਦਾ ਹੁਕਮ ਪ੍ਰਾਪਤ ਹੈ ਤਾਂ ਫਿਰ ਕਿਸੇ ਹੋਰ ਦੇਵਤੇ ਤੋਂ ਇਹ ਵਰ ਮੰਗਣਾ ਅਸੰਗਤਿ ਹੈ।

੭. **ਪ੍ਰਯੋਜਨ**- ਜਿਨ੍ਹਾਂ ਸੱਜਣ ਲੇਖਕਾਂ ਨੇ ਦੇਵੀ ਪੂਜਨ ਦਾ ਸਾਰਾ ਪ੍ਰਸੰਗ ਲਿਖਿਆ ਹੈ, ਉਸ ਵਿਚ ਸਾਰ ਸਿਧਾਂਤ ਦੀ ਗੱਲ ਆਵਾਹਨ ਦੇ ਅੰਤ ਪਰ ਦੇਵੀ ਦਾ ਪ੍ਰਗਟ ਹੋਣਾ ਦੱਸਿਆ ਹੈ। ਪਰੰਤੂ ਇਹੋ ਲੇਖਕ ਇਕ ਐਸੀ ਗੱਲ ਪੇਸ਼ ਕਰ ਜਾਂਦੇ ਹਨ ਕਿ ਜਿਸ ਤੋਂ ਸ੍ਰੀ ਮੁਖਵਾਕਾਂ ਦੁਆਰਾ ਹੀ ਘੱਟ ਤੋਂ ਘੱਟ ਦੇਵੀ ਦਾ ਪ੍ਰਗਟ ਹੋਣਾ (ਜੋ ਪ੍ਰਯੋਜਨ ਸੀ ਆਵਾਹਨ ਦਾ) ਆਪੇ ਖੰਡਨ ਹੋ ਜਾਂਦਾ ਹੈ। ਪ੍ਰਯੋਗ ਦੇ ਅੰਤ ਪਰ ਜੇ ਦੇਵੀ ਪ੍ਰਗਟ ਹੋ ਜਾਂਦੀ ਤਾਂ ਹੋਮ ਯੱਗ ਪ੍ਰਯੋਗ ਸਭ ਸਫਲ ਹੁੰਦੇ, ਇਸ ਸਫਲਤਾ ਦੇ ਅੰਤ ਪਰ ਹੋਤਾ ਜੀ ਨੂੰ ਦਾਨ ਸਨਮਾਨ ਤੇ ਅੱਗੋਂ ਦੀ ਪ੍ਰਤਿਪਾਲਾ ਨਾਲ ਸਨਮਾਨਿਆ ਜਾਂਦਾ ਤੇ ਉਹ ਖੁਸ਼ ਹੁੰਦਾ, ਪਰ ਕਵਿ ਜੀ ਆਪ ਦਸਮੇਸ਼ ਜੀ ਦੇ ਉਸ ਸਮੇਂ ਦੇ ਉਚਾਰੇ ਹੋਏ ਸ੍ਵੈਯੇ ਪੇਸ਼ ਕਰਦੇ ਹਨ। ਉਨ੍ਹਾਂ ਸ੍ਵੈਯਾਂ ਵਿਚ ਬ੍ਰਾਹਮਣ ਨੂੰ ਸਿੱਖਾਂ ਦੇ ਪ੍ਰਸ਼ਾਦ ਵੇਲੇ ਯੱਗ ਵਿਚ ਨਾ ਬੁਲਾਉਣਾ, ਉਸ ਦਾ ਗੁੱਸੇ ਹੋ ਜਾਣਾ, ਫੇਰ ਸੱਦਣਾ, ਉਸਨੂੰ ਸਿੱਖਾਂ ਦੀ ਮਹਿਮਾ ਤੇ ਵਿਸ਼ੇਸ਼ਤਾ ਸ੍ਰੀ ਮੁਖ ਤੋਂ ਦੱਸਣੀ, ਗੋਯਾ ਬ੍ਰਹਮਣਾਂ ਨੂੰ ਗੌਣ ਵਰਣਨ ਕਰਨਾ, ਫੇਰ ਬ੍ਰਹਮਣ ਦਾ ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਇਕ ਬੱਝੀ ਪਿਰਤ ਦੇ ਬੰਦ ਹੋਣ ਪਰ ਕ੍ਰੋਧ ਵਿਚ ਖਿੱਝ ਕੇ ਰੋ ਪੈਣਾ, ਸਾਰੇ ਇਸ ਗੱਲ ਦੇ ਸੂਚਕ ਹਨ ਕਿ ਜੋ ਦੇਵੀ ਆਵਾਹਨ ਕੀਤੀ ਗਈ ਸੀ ਤਾਂ ਦੇਵੀ ਪ੍ਰਗਟੀ ਨਹੀਂ, ਹੋਤਾ ਆਪਣੇ ਕਥਨ ਤੇ ਦਾਹਵੇ ਵਿਚ ਨਾਕਾਮਯਾਬ ਰਿਹਾ ਹੈ, ਇਸ ਕਰਕੇ ਸਤਿਗੁਰਾਂ ਉਸਨੂੰ ਭੁਲਾਇਆ ਹੈ ਤੇ ਉਹ ਰੋਜ਼ੀ ਬੰਦ ਹੋਣੇ ਪਰ ਰੋਇਆ ਹੈ। ਜੇ ਪ੍ਰਯੋਗ ਸਿੱਧੀ ਨੂੰ ਪ੍ਰਾਪਤ ਹੁੰਦਾ ਤਾਂ ਬ੍ਰਾਹਮਣ ਦਾ ਮਾਨ ਰੁਜ਼ੀਨਿਆਂ ਨਾਲ ਸਨਮਾਨਿਆ ਜਾਂਦਾ ਤੇ ਉਸਨੂੰ ਹਰ ਤਰ੍ਹਾਂ ਪ੍ਰਸੰਨ ਕੀਤਾ ਜਾਂਦਾ। ਹੋਤਾ ਜੀ ਨਾਲ ਹੋਇਆ ਸਲੂਕ ਤੇ ਉਸ ਦੀ ਨਿਰਾਸਤਾ ਸਬੂਤ ਹਨ ਉਸ ਵਲੋਂ ਗੁਰੂ ਜੀ ਦੀ ਉਪ੍ਰਾਮਤਾ ਦੇ। ਇਹ ਇੱਕੋ ਗੱਲ ਦੇਵੀ ਦੇ ਨਾ ਪ੍ਰਗਟ ਹੋਣੇ ਦੀ ਦ੍ਰਿੜ੍ਹ ਦਲੀਲ ਤੇ ਪੱਕਾ ਸਬੂਤ ਸਾਫ ਦਿੱਸ ਰਹੀ ਹੈ। ਇਹ ਗੱਲ ਪਿੱਛੇ ਸਿੱਧ ਕਰ ਆਏ ਹਾਂ ਕਿ ਕੋਈ ਵੀ ਸ੍ਰੀ ਮੁਖਵਾਕ ਇਸ ਘਟਨਾ ਦੇ ਹੋਣ ਦੇ ਨਹੀਂ ਮਿਲਦੇ।

ਇਸ ਸਿਲਸਿਲੇ ਵਿਚ ਏਥੇ ਚਾਰ ਉਗਾਹੀਆਂ ਵਿਸ਼ੇਸ਼ ਵਿਚਾਰਨੇ ਯੋਗ ਹਨ। ਯਥਾ :-

(ੳ) ੧੭੫੫ ਦੇ ਹਾੜ ਵਿਚ ਰਾਮਾਵਤਾਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਇਹ ਸ੍ਵੈਯਾ ਆਪਣਾ ਲਿਖਿਆ ਹੈ : -

*"ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥*
*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*
*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨਾ ਜਾਨਯੋ॥*
*ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥"*

ਦੇਵੀ ਪ੍ਰਗਟਾਉਣ ਦੇ ਸਾਰੇ ਲੇਖਕ ਹਵਨ ਆਰੰਭ ਦੀਆਂ ਤਾਰੀਖਾਂ ਵਿਚ ਤਾਂ ਫਰਕ ਰੱਖਦੇ ਹਨ, ਪਰ ਹਾੜ ੧੭੫੫ ਵਿਚ ਹਵਨ ਹੋ ਰਿਹਾ ਸੀ ਇਸ ਪਰ ਸਾਰੇ ਸਹਿਮਤ ਹਨ। ਇਸ ਸ੍ਵੈਯੇ ਵਿਚ ਗੁਰੂ ਜੀ ਇਕ ਅਕਾਲ ਪੁਰਖ ਤੋਂ ਛੁੱਟ ਸਾਰੇ

ਮੁਸਲਮਾਨ ਹਿੰਦੂ ਏਤਕਾਦਾਂ ਤੋਂ ਆਪ ਨੂੰ ਸੁਤੰਤ੍ਰ ਦੱਸਦੇ ਹਨ। ਹੁਣ ਸੋਚਣ ਦੀ ਗੱਲ ਹੈ ਕਿ ਜਦ ਆਪ ਪੁਰਾਣਾਂ ਨੂੰ ਨਹੀਂ ਮੰਨਦੇ ਤਾਂ ਦੇਵੀ ਪੂਜਣਾ ਤਾਂ ਪੁਰਾਣਾਂ ਦਾ ਇਕ ਵੱਡਾ ਹਿੱਸਾ ਹੈ। ਇਹ ਕੀਕੂੰ ਹੋ ਸਕਦਾ ਹੈ ਕਿ ਇਕ ਪਾਸੇ ਹਵਨ ਦੇਵੀ ਦਾ ਪੌਰਾਣਕ ਰੀਤੀ ਨਾਲ ਹੋ ਰਿਹਾ ਹੋਵੇ ਦੂਜੇ ਪਾਸੇ ਰਾਮ ਰਹੀਮ ਪੁਰਾਨ ਕੁਰਾਨ ਸਾਰਿਆਂ ਦੇ ਮੰਨਣ ਤੋਂ ਇਨਕਾਰ ਕਰ ਰਹੇ ਹੋਣ। ਅਰਥਾਤ ਸਿੰਮ੍ਰਿਤੀਆਂ, ਸ਼ਾਸਤ੍ਰ, ਬੇਦ ਤੇ ਇਨ੍ਹਾਂ ਦੇ ਪ੍ਰਭੇਦ ਸਾਰਿਆਂ ਤੋਂ ਇਨਕਾਰ ਜ਼ੋਰ ਨਾਲ ਕਹੀ ਜਾਣ ਤੇ ਉੱਪਰ ਉਨ੍ਹਾਂ ਹੀ ਸ਼ਾਸਤਰਾਂ ਦੀ ਉਕਤ ਦੇਵੀ ਪੂਜੀ ਜਾਣ। ਗੁਰੂ ਜੀ ਦਾ ਰਵੱਈਆ ਸਦਾ ਸੰਗਤ (ਪਰਸਪਰ ਵਿਰੋਧ ਨਾ ਰੱਖਣ ਵਾਲਾ) ਰਿਹਾ ਹੈ, ਇਹ ਚਾਲ ਉਨ੍ਹਾਂ ਦੀ ਲਗਾਤਾਰ ਟੁਰੀ ਆਈ ਹੈ, ਦੇਖੋ ਜੇ ਸੰਮਤ ੧੭੪੫ ਵਿਚ ਕ੍ਰਿਸ਼ਨਾਵਤਾਰ ਰਚਿਆ ਤਾਂ ਉਸ ਵਿਚ ਆਪ ਨੇ ਇਹੋ ਹੀ ਆਖਿਆ ਹੈ :-

*"ਮੈ ਨ ਗਨੇਸਹਿ ਪ੍ਰਿਥਮ ਮਨਾਊਂ॥ ਕਿਸਨ ਬਿਸਨ ਕਬਹੂੰ ਨਹ ਧਿਆਊਂ॥*
*ਕਾਨ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੋਰੀ ਪਗ ਇਨ ਸੋ॥ ੪੩੪॥*
*ਮਹਾ ਕਾਲ ਰਖਵਾਰ ਹਮਾਰੋ॥ ਮਹਾਂ ਲੋਹ ਮੈ ਕਿੰਕਰ ਥਾਰੋ॥*
*ਅਪਨਾ ਜਾਨ ਕਰੋ ਰਖਵਾਰ॥ ਬਾਂਹ ਗਹੇ ਕੀ ਲਾਜ ਬਿਚਾਰ"॥੪੩੫॥*

ਤੇ ਅੰਤ ਵਿਚ ਲਿਖਿਆ :-

*"ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ॥"*
*ਅਵਰ ਬਾਸਨਾ ਨਾਹਿ ਪ੍ਰਭ ਧਰਮ ਯੁੱਧ ਕੇ ਚਾਇ॥"*

ਇਸੀ ਤਰ੍ਹਾਂ ੧੭੫੩ ਵਿਚ ਮੁੱਕੇ ਚਰਿੱਤ੍ਰਾਂ ਦੇ ਅੰਤ ਪਰ ਚੌਪਈ ਲਿਖ ਕੇ ਆਪਣੇ ਪੂਜਯ ਇਸ਼ਟ ਤੇ ਯੁੱਧ ਦੇ ਦੇਵਤਾ ਅਕਾਲ ਪੁਰਖ ਦਾ ਪਤਾ ਦੇ ਕੇ ਆਪਣੀ ਅਲੱਗਤਾ ਤੇ ਇਕ ਅਕਾਲ ਉਪਾਸ਼ਨਾ ਦੀ ਉੱਚਤਾ ਦਰਸਾਈ ਹੈ।

ਜੇ ਮਾਰਕੰਡੇ ਪੁਰਾਣ ਦੀ ਦੁਰਗਾ ਸਤਸਈ ਤਰਜਮਾ ਹੋਈ ਤਾਂ ਉਸ ਦੇ ਅਖੀਰ ਤੇ 'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ' ਲਿਖ ਕੇ ਆਪਣੀ ਅਲੱਗਤਾ ਤੇ ਉੱਚਤਾ ਤੇ 'ਇਕ ਦੀ ਉਪਾਸ਼ਨਾ' ਦਾ ਪਹਿਲੂ ਲਗਾਤਾਰ ਇਕ ਰਸ ਇੱਕੋ ਦਿਖਾਲਦੇ ਚਲੇ ਗਏ ਹਨ। ਫਿਰ ਸਾਰੇ ਜੁੱਧਾਂ ਦੇ ਅੰਤ ਪਰ ਚਮਕੌਰ ਜੁੱਧ ਤਕ ਇਕ ਅਕਾਲ ਦੀ ਸਹਾਇਤਾ ਤੇ ਮੇਹਰ ਪੱਖ ਦਾ ਹੀ ਜ਼ਿਕਰ ਕਰਦੇ ਗਏ ਹਨ।

ਸੋ ਸਿੱਧ ਹੋਇਆ ਕਿ ੧੭੫੫ ਦਾ ਵਾਕ *'ਪਾਂਇ ਗਹੇ'* ਵਾਲਾ ਜੋ ਉਨ੍ਹਾਂ ਦੇ ਇਸ਼ਟ ਦਾ ਸੂਚਕ ਹੈ ਆਰੰਭ ਤੋਂ ਅੰਤ ਤਕ ਇਕੋ ਲਗਾਤਾਰ ਇਕਸਾਰ ਖਿਆਲ ਹੈ ਜੋ ਲਖਾਯਕ ਹੈ ਇਸ ਗੱਲ ਦਾ ਕਿ ੧੭੫੫ ਵਿਚ ਦੇਵੀ ਇਸ਼ਟ ਜਾਣ ਕੇ ਵਰ ਲੈਣ ਲਈ ਪੂਜੀ ਨਹੀਂ ਗਈ ਸੀ।

ਅ) ਜਿਸ ਸਮੇਂ ਨੂੰ ਦੇਵੀ ਪ੍ਰਗਟਣ ਦਾ ਅੰਤ ਤੇ ਉਸ ਸਮੇਂ ਕਵੀਆਂ ਨੇ ਯੱਗ ਕਰਨਾ ਲਿਖਿਆ ਹੈ ਉਸ ਸਮੇਂ ਦੀ ਫੇਰ ਇਕ ਉਗਾਹੀ ਗੁਰੂ ਜੀ ਦੇ ਸ੍ਰੀ ਮੁਖਵਾਕ ਦੇ ਰੂਪ ਵਿਚ ਮੌਜੂਦ ਹੈ, ਜੋ ਕਵੀ ਸੱਜਣ ਆਪ ਪੇਸ਼ ਕਰਦੇ ਹਨ ਪਰ *'ਜੋ ਕਿਛੁ ਲੇਖ ਲਿਖਿਓ' ਵਾਲਾ ਸ੍ਵੈਯਾ।*

ਇਨ੍ਹਾਂ ਸਾਰੇ ਸ੍ਵੈਯਾਂ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਕਿਸੇ ਪੰਡਿਤ ਦੇ ਆਦਰ ਦੇ ਨਹੀਂ ਪਰ ਤ੍ਰਿਸਕਾਰ ਦੇ ਸੂਚਕ ਹਨ। ਜੇ ਦੇਵੀ ਇਸ਼ਟ ਜਾਣ ਕੇ ਪੂਜੀ ਹੁੰਦੀ ਤੇ ਪ੍ਰਗਟ ਹੋਈ ਹੁੰਦੀ ਤਾਂ ਕਦੋਂ ਹੋਤਾ ਪੰਡਿਤ ਚੇਤਿਓਂ ਭੁੱਲ ਸਕਦਾ ਹੈ ? ਫਿਰ ਜਦ ਉਹ ਸ਼ਿਕਵਾ ਕਰਦਾ ਹੈ ਕਿ ਤੁਸਾਂ ਬ੍ਰਾਹਮਣਾਂ ਨੂੰ ਗੌਨ ਕਰ ਦਿੱਤਾ ਤੇ ਛੱਤ੍ਰੀਆਂ ਨੂੰ ਮੁੱਖਤਾ ਦੇ ਦਿੱਤੀ ਹੈ ਤਾਂ ਗੁਰੂ ਜੀ ਸਿੱਖਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਦੱਸਦੇ ਹਨ ਕਿ 'ਯੁੱਧ ਇਨ੍ਹਾਂ ਦੀ ਹੀ ਕ੍ਰਿਪਾ ਨਾਲ ਜਿੱਤੇ ਹਨ'। ਇਸ ਤੇ ਵੀ ਸਪੱਸ਼ਟ ਹੈ ਕਿ ਜੇ ਦੇਵੀ ਪ੍ਰਗਟੀ ਸੀ ਤਾਂ ਦੇਵੀ ਤੇ ਉਸ ਦੇ ਪ੍ਰਗਟਾਉਣ ਵਾਲੇ ਹੋਤਾ ਦੀ ਪ੍ਰਸ਼ੰਸਾ ਦਾ ਇਹ ਵੇਲਾ ਸੀ ਨਾਕਿ ਤ੍ਰਿਸਕਾਰ ਦਾ ਤੇ ਸਿੱਖਾਂ ਦੀ ਬੀਰ-ਰਸੀ ਕਰਨੀ ਦੀ ਪ੍ਰਸ਼ੰਸਾ ਦਾ ? ਸਗੋਂ ਇਥੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਉਹੋ ਆਪਣਾ ਅਸੂਲ ਪ੍ਰਤਿਪਾਦਨ ਕਰ ਰਹੇ ਹਨ ਕਿ ਸ਼ਸਤ੍ਰ ਤੇ ਸ਼ਸਤ੍ਰਧਾਰੀ (ਜੋ ਅੰਦਰੋਂ ਨਾਮ ਰੰਗ ਨਾਲ ਰੱਤਾ ਹੈ) ਦੁਇ ਹੀ ਦੇਵੀ ਤੇ ਦੇਵਗਣ

Sri Satguru Jagjit Singh Ji eLlibrary NamdhariElibrary@gmail.com

ਹਨ। ਥੀਰ-ਰਸੀ ਪਹਿਲੂ ਤੇ ਅੱਗੇ ਦਾਨ ਦੇ ਅਧਿਕਾਰੀ ਤੇ ਜਿਨ੍ਹਾਂ ਨੂੰ ਦਾਨ ਦਿੱਤਾ ਅੱਗੇ ਫਲਦਾ ਹੈ ਸਿੱਖਾਂ ਨੂੰ ਵਰਣਨ ਕੀਤਾ ਹੈ। ਇਹ ਸਪੱਸ਼ਟ ਬ੍ਰਾਹਮਣ ਦਾ ਨਿਰਾਦਰ ਹੋ ਗਿਆ ਹੈ। ਅੰਤ ਦੇ ਦੋਹਿਰੇ ਵਿਚ ਸਾਫ ਦੱਸਦੇ ਹਨ ਕਿ ਮਿਸਰ ਜੀ ਕ੍ਰੋਧਾਤੁਰ ਹੋ ਕੇ ਖਿੱਝੇ ਤੇ ਰੋਜ਼ੀ ਦੇ ਮਾਰੇ ਜਾਣ ਦੇ ਖਿਆਲ ਵਿਚ ਪੈ ਕੇ ਰੋ ਪਏ। ਇਹ ਦਸ਼ਾ ਕਦੇ ਉਸ ਹੋਤਾ ਦੀ ਹੋ ਸਕਦੀ ਹੈ ਕਿ ਜਿਸਦੇ ਇਸ਼ਟ ਨਾਲ ਜਜਮਾਨ ਇਕ ਇਸ਼ਟ ਹੋਵੇ ਅਤੇ ਜਿਸ ਹੋਤਾ ਦੇ ਹੋਮ ਨਾਲ ਦੇਵਤਾ ਪ੍ਰਗਟ ਹੋ ਗਿਆ ਹੋਵੇ ?

ੲ) ਤੀਜੀ ਉਗਾਹੀ ਬਾਹਰਲੀ ਹੈ, ਇਹ ਸ਼ੁਰੂ ੧੭੫੬ ਸੰਮਤ ਦੀ ਹੈ। ਉਹ ਐਲਾਨ ਜੋ ਗੁਰੂ ਜੀ ਨੇ ਅੰਮ੍ਰਿਤ ਸਮੇਂ ਦਿੱਤਾ ਤੇ ਜਿਸ ਦਾ ਫਾਰਸੀ ਵਿਚ ਵੇਰਵਾ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਔਰੰਗਜ਼ੇਬ ਨੂੰ ਘੱਲਿਆ ਜੋ ਪਿੱਛੇ ਤਰਜਮੇ ਸਮੇਤ ਆ ਚੁੱਕਾ ਹੈ। ਉਸ ਵਿਚ ਗੁਰੂ ਜੀ ਦਾ ਗੰਗਾ ਆਦਿ ਤੀਰਥਾਂ ਤੋਂ ਹੋੜਨਾ, ਪੌਰਾਣਾਂ ਆਦਿਕਾਂ ਤੋਂ ਛੁਡਾਉਣਾ ਤੇ ਰਾਮ ਕ੍ਰਿਸ਼ਨ ਅਵਤਾਰਾਂ ਤੇ ਦੇਵੀ ਦੀ ਪੂਜਾ ਤੋਂ ਵਰਜਨਾ ਸਾਫ ਹੈ ਕਿ ਕੋਈ ਦੇਵੀ ਨਹੀਂ ਪੂਜੀ ਗਈ, ਕਿਉਂਕਿ ਜੇ ਕਿਸੇ ਹਿੰਦੂ ਦੇਵਤਾ ਨੇ ਪ੍ਰਤੱਖ ਹੋ ਕੇ ਜ਼ਾਹਰੀ ਕਰਾਮਾਤ ਵਿਖਾਈ ਸੀ ਤੇ ਹਵਨ ਜੈਸੀ ਵਿਧੀ ਕਾਮਯਾਬ ਹੋਈ ਸੀ, ਕ੍ਰਿਪਾਨ ਆਦਿ ਪਦਾਰਥ ਤੇ ਵਰ ਮਿਲੇ ਸਨ ਤਾਂ ਪੌਰਾਣਕ ਤ੍ਰੀਕਿਆਂ ਨਾਲ ਜੋੜ ਤੇ ਸੰਮਤੀ ਦੱਸੀ ਜਾਂਦੀ ਤੇ ਬ੍ਰਾਹਮਣ ਤੇ ਉਨ੍ਹਾਂ ਦੇ ਸਨਮਾਨ ਦੇ ਉਪਦੇਸ਼ ਹੁੰਦੇ, ਨਾਕਿ ਹੁਕਮ ਹੁੰਦਾ ਕਿ ਸਿਵਾਇ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਗੱਦੀ-ਨਸ਼ੀਨ ਗੁਰੂ ਸਾਹਿਬਾਂ ਦੇ ਕਿਸੇ ਹੋਰ ਨੂੰ ਨਾ ਮੰਨੋ ਅਤੇ ਜਾਤ-ਪਾਤ ਤੋੜ ਕੇ ਇਕ ਭਾਈ ਹੋ ਜਾਓ। ਅਰਥਾਤ ਹਿੰਦੂ ਮੱਤ ਦੀ ਰੀੜ੍ਹ ਦੀ ਹੱਡੀ-ਵਰਨਾਸ਼੍ਰਮ-ਨਾਲੋਂ ਟੁੱਟ ਜਾਓ। ਖਾਲਸਾ ਸਾਜਣਾ ਤੇ ਇਨ੍ਹਾਂ ਅਸੂਲਾਂ ਤੇ ਸਾਜਣਾ ਜਿਸ ਦਾ ਲਿਖਤੀ ਸਿਧਾਂਤ ਬਾਹਰ ਦੀ ਗਵਾਹੀ ਤੋਂ ਵੀ ਇਹੀ ਪਿਆ ਮਿਲਦਾ ਹੈ ਕਿ 'ਸ਼ਾਕ੍ਤਿਕ ਮੱਤ ਦੀ ਦੇਵੀ ਨੂੰ ਇਸ਼ਟ ਮੰਨ ਕੇ ਅਰਾਧਨਾ ਤੇ ਦੇਵੀ ਦਾ ਵਰ ਦੇਣਾ' ਐਸੀ ਗੱਲ ਕੋਈ ਨਹੀਂ ਹੋਈ।

(ਸ) ਇਸ ਸਬੂਤ ਵਿਚ ਚੌਥੀ ਗਵਾਹੀ ਇਹ ਮਿਲਦੀ ਹੈ ਕਿ ਰਹਿਤਨਾਮੇ ਆਦਿਕ ਜੋ ਦੇਵੀ ਪ੍ਰਗਟ ਦੇ ਦੱਸੇ ਜਾ ਰਹੇ ਸੰਮਤਾਂ ਤੋਂ ਮਗਰੋਂ ਦੇ ਲਿਖੇ ਗਏ ਹਨ, ਆਪਣੇ ਵਿਚ ਸਫੁਟ ਹੁਕਮ ਰੱਖਦੇ ਹਨ ਜੋ ਦੇਵੀ ਦੀ ਮਾਨਤਾ ਦੇ ਵਿਰੁੱਧ ਹਨ। ਜੇ ਕਦੇ ਦੇਵੀ ਪੂਜਾ ਪ੍ਰਗਟਾਈ ਹੁੰਦੀ ਤਾਂ ਇਹ ਸੱਜਣ ਮਾਨਤਾ ਦੇ ਵਾਕ ਤੇ ਹਦਾਇਤਾਂ ਲਿਖਦੇ, ਵਿਰੋਧਤਾ ਦੇ ਵਾਕ ਕਦੇ ਨਾ ਲਿਖਦੇ। ਵੰਨਗੀ ਮਾਤ੍ਰ ਪ੍ਰਮਾਣ ਇਉਂ ਹਨ :-

### ੧. ਰਹਿਤਨਾਮਾ ਚੌਪਾ ਸਿੰਘ ਜੀ :-

"ਗੁਰੂ ਕਾ ਸਿੱਖ ਗੋਰ, ਮੜ੍ਹੀ, ਮਸੀਤ, ਮੁੱਲਾਂ, ਕਾਜ਼ੀ, ਬ੍ਰਾਹਮਣ ਆਦਿਕ ਨੂੰ ਨਹੀਂ ਮੰਨੇ।"

### ੨. ਰਹਿਤਨਾਮਾ ਭਾਈ ਦਯਾ ਸਿੰਘ ਜੀ :

"ਗੁਰੂ ਕਾ ਸਿੱਖ, ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ ਪੁੱਛਣਾ, ਤਰਪਨ, ਗਾਯਤ੍ਰੀ ਕਿਤੇ ਵਲ ਚਿੱਤ ਦੇਵੇ ਨਾਹੀ"।

### ੩. ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ :-

*"ਅਕਾਲ ਪੁਰਖ ਕਉ ਛਾਡ ਕਰਿ, ਭਜੈ ਦੇਵ ਕੋਈ ਅਉਰ।*
*ਜਨਮ ਜਨਮ ਭ੍ਰਮਤਾ ਫਿਰਹਿ, ਲਹਹਿ ਨ ਸੁਖ ਕੀ ਠਉਰ॥ ੧੬॥*
*ਮੜ੍ਹੀ ਗੋਰ ਦੇਵਨ ਜੋ ਮਾਨੈ। ਪਰ ਪੰਥਨ ਕੋ ਊਚ ਬਖਾਨੈ।*
*ਸੋ ਸਾਕਤ ਗੁਰ ਕਾ ਸਿਖ ਨਾਹੀ। ਫਾਸਿ ਪਰਯੋ ਜਮ ਕੰਕਰ ਪਾਹੀ॥ ੨੨॥*
*ਬਾਝਹੁ ਗੁਰ ਸਿੱਖਨ ਕਰੇ ਸੇਵਾ। ਮਿਥਿਆ ਮਾਨੋ ਸੁਰ ਨਰ ਦੇਵਾ॥ ੨੭॥*
*ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ।*
*ਅਉਰ ਦੇਵ ਇਵ ਮਾਨੀਏ, ਜਿਉਂ ਬਾਰੂ ਕੀ ਮੂਠ"॥੨੯॥*

Sri Satguru Jagjit Singh Ji eLlibrary NamdhariElibrary@gmail.com

## ੪. ਪ੍ਰੇਮ ਸੁਮਾਰਗ (1880 ਬਿ:) :

"ਮਠ, ਮੜ੍ਹੀ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਪੁਰਖ, ਬ੍ਰਾਹਮਣ ਪੁੱਛਣਾ, ਤਰਪਨ ਕਰਨਾ, ਗਾਯਤ੍ਰੀ, ਸਰਾਧ, ਹੋਰਤ ਕਿਤੇ ਵਲ ਦੇਖੇ ਨਾਹੀ"। (ਧਿਆ ੧)

ਪੁਨਾ :- "ਦੇਵੀ ਦੇਵਤੇ ਦੇ ਇਸ਼ਟ ਪ੍ਰਸ਼ਾਦ ਨਾ ਖਾਏ"।

## ੫. ਮੁਕਤਨਾਮਾ –

"ਤਜੈ ਸੀਤਲਾ ਭੋਗ"। ਪੁਨਾ : "ਮੇਰਾ ਸਿਖ ਸੀਤਲਾ ਨਾ ਮਾਨੈ"। ਏਹ ਸਾਰੇ ਪ੍ਰਮਾਣ ਵੀ ਦਲੀਲ ਇਸੇ ਗੱਲ ਦੇ ਹਨ ਕਿ ਦੇਵੀ ਗੁਰੂ ਜੀ ਦਾ ਇਸ਼ਟ ਪੂਜਜ ਕਦੇ ਨਹੀਂ ਸੀ ਤੇ ਨਾ ਹੀ ਇਹ ਜਾਣ ਕੇ ਅਰਾਧੀ ਤੇ ਪ੍ਰਗਟਾਈ ਗਈ ਹੈ। ਇਸ ਲਈ ਭਾਈ ਸੰਤੋਖ ਸਿੰਘ ਜੀ ਵਲੋਂ ਦੇਵੀ ਪ੍ਰਗਟ ਕਰਨ ਦਾ ਸਾਰਾ ਪ੍ਰਸੰਗ ਨਿਰਮੂਲ ਅਤੇ ਆਧਾਰ ਰਹਿਤ ਹੈ।

☆☆☆

Sri Satguru Jagjit Singh Ji eLlibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਨੌਵੀਂ

## ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧)

ਪਹਿਲੀ ਰੁੱਤ

## ਅਧਿਆਇ ਪਹਿਲਾ

### ਮੰਗਲਾਚਰਨ

੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਤੀਨੋ ਕਾਲ ਅਲਿਪਤ ਰਹਿ ਖੋਜੈਂ ਜਾਂਹਿ ਪ੍ਰਬੀਨ।
ਬੀਨਤਿ ਸਚਿਦਾਨੰਦ ਤ੍ਰੈ ਜਾਨਹਿਂ ਮਰਮ ਰਤੀ ਨ॥ ੧॥

ਜਿਸ ਨੂੰ ਚਤੁਰ ਲੋਕ ਖੋਜਦੇ ਹਨ, ਪਰ ਉਹ ਤਿੰਨਾਂ ਕਾਲਾਂ ਵਿਚ ਨਿਰਲੇਪ ਰਹਿੰਦਾ ਹੈ। ਚਤੁਰ ਲੋਕ ਵਿਚਾਰ ਦੁਆਰਾ ਉਸ ਦੇ ਸਰੂਪ ਲੱਛਣਾਂ ਨੂੰ ਛਾਂਟ ਲੈਂਦੇ ਹਨ ਭਾਵ ਸਤ ਚਿੱਤ ਆਨੰਦ ਤਿੰਨ ਪਦਾਂ ਦਾ ਲਛਣ ਜਾਣ ਲੈਂਦੇ ਹਨ, ਪਰ ਉਸ ਦਾ ਭੇਦ ਰਤੀ ਭਰ ਨਹੀਂ ਪਾਉਂਦੇ॥੧॥

*ਨੋਟ : ਚਤੁਰ ਲੋਕਾਂ ਦੀ ਖੋਜ ਮਨ ਬੁੱਧੀ ਨਾਲ ਹੁੰਦੀ ਹੈ, ਪਰ ਵਾਹਿਗੁਰੂ ਮਨ ਬੁੱਧੀ ਤੋਂ ਪਰ੍ਹੇ ਹੈ। ਇਸ ਕਰਕੇ ਚਤੁਰ ਲੋਕਾਂ ਦੀ ਖੋਜ ਉਸ ਨੂੰ ਪਾ ਨਹੀਂ ਸਕਦੀ ਹੈ।*

ਤਾਰ ਤਮਹਿ ਰਮ ਇਕ ਸਮਹਿ ਪਾਰਬ੍ਰਹਮ ਬਿਸਤਾਰ।
ਤਾਰਤਿ ਗੁਰੂ ਜਨਾਇ ਜਿਸ ਮੋਹ ਬਿਸ਼ਯ ਬਿਸਤਾਰ॥ ੨॥

ਉਹ ਪਾਰਬ੍ਰਹਮ ਜਗਤ ਰੂਪੀ ਵਿਸਥਾਰ ਕਰਕੇ ਛੋਟਿਆਂ ਵੱਡਿਆਂ ਵਿਚ ਇਕੋ ਜਿਹਾ ਵਿਆਪਕ ਹੈ। ਸਤਿਗੁਰੂ ਜੀ ਜਿਸ ਕਿਸੇ ਨੂੰ ਇਸ ਪਾਰਬ੍ਰਹਮ ਬਾਰੇ ਸਮਝਾ ਦਿੰਦੇ ਹਨ, ਉਸ ਨੂੰ ਮੋਹ ਅਤੇ ਵਿਸ਼ਿਆਂ ਦੀ ਜ਼ਹਿਰ ਉਤਾਰ ਕੇ ਪਾਰ ਕਰ ਦਿੰਦੇ ਹਨ॥੨॥

੨. 'ਕਾਵਿ-ਸੰਕੇਤ ਮਰਯਾਦਾ' ਦਾ ਮੰਗਲ

ਸੈਯਾ- ਸਾਰਦ ਬਾਰਦ ਕੀ ਕਰਿ ਭਾ ਰਦ, ਪਾਰਦ ਨਾਰਦ ਰੰਗ ਬਿਸਾਰਦ।
ਸਾਰਦ ਚੰਦ੍ਰ ਮੁਖੀ ਦੁਤਿ ਸੁੰਦਰ, ਸ੍ਰੀ ਗੁਨ ਸੁੰਦਰ ਬੁਧਿ ਉਦਾਰਦ।
ਦਾਰਿਦ ਦੁੰਦ ਬਿਲੰਦ ਨਿਕੰਦ ਅਨੰਦ ਅਦਾਰਿਦ ਦੀਹ ਬਿਚਾਰਦ।
ਚਾਰੁ ਦਯਾ ਨਿਧਿ ਕੇ ਪਗ ਪੰਕਜ ਬੰਦਨ ਨਾਮ ਜਪੋਂ ਬਰ ਸਾਰਦ॥ ੩॥

ਸਰਦ ਰੁੱਤ ਦੇ ਚਿੱਟੇ ਬਦਲ ਦੀ ਸ਼ੋਭਾ ਨੂੰ ਮਾਤ ਕਰਨ ਵਾਲੀ ਅਤੇ ਪਾਰੇ ਤੇ ਨਾਰਦ ਵਾਂਗ ਜਿਸਦਾ ਉੱਜਲ ਰੰਗ ਹੈ ਅਤੇ ਸਰਦ ਰੁੱਤ ਦੇ ਚੰਦ ਵਰਗੀ ਜਿਸ ਦੇ ਮੁਖ ਦੀ ਸ਼ੋਭਾ ਹੈ। ਜਿਹੜੀ ਸ੍ਰੇਸ਼ਟ ਤੇ ਸੁੰਦਰ ਗੁਣਾਂ ਵਾਲੀ ਉੱਤਮ ਬੁੱਧੀ ਦੀ ਦਾਤੀ ਹੈ ਅਤੇ

ਵੱਡੇ-ਵੱਡੇ ਦਲਿਦਰਾਂ ਅਤੇ ਦੁੱਖਾਂ ਨੂੰ ਨਾਸ਼ ਕਰਕੇ ਅਨੰਦ, ਖੁਸ਼ਹਾਲੀ ਅਤੇ ਡੂੰਘੀ ਵਿਚਾਰ ਦੇਣ ਵਾਲੀ ਹੈ। ਐਸੀ ਦਇਆ ਸਾਗਰ ਸ਼ਾਰਦਾ ਦੇ ਸੋਹਣੇ ਚਰਨ ਕੰਵਲਾਂ 'ਤੇ ਨਮਸਕਾਰ ਕਰਕੇ ਉਸ ਦਾ ਸ੍ਰੇਸ਼ਟ ਨਾਮ 'ਸ਼ਾਰਦਾ' ਉਚਾਰਨ ਕਰਦਾ ਹਾਂ ॥੩॥

*੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

*ਚਿੱਤ੍ਰਪਦਾ ਛੰਦ-* ਮਾਰ ਮਨਿੰਦ ਬਿਕਾਰਨਿ ਬ੍ਰਿੰਦ ਬਿਲੰਦ ਖਗਿੰਦ ਬਲੀ ਸਮ ਮਾਰਿ।
ਮਾਰ, ਹੰਕਾਰਹਿੰ, ਕ੍ਰੋਧਹਿੰ, ਲੋਭਹਿੰ, ਮੋਹ ਸਮੂਲਹਿੰ ਦੇਤਿ ਉਪਾਰਿ।
ਪਾਰ ਕਰੇ ਨਿਜ ਸੇਵਕ ਕੇ ਗਨ ਦੇ ਧਨ ਕੋ ਸਤਿਨਾਮ, ਉਦਾਰ।
ਦਾਰੁਨ ਦੂਤ ਤਜੈਂ ਸੁਨਿ ਨਾਮ ਨਮੋ ਗੁਰ ਨਾਨਕ ਕਾਲੁ ਕੁਮਾਰ ॥ ੪ ॥

ਜਿਹੜੇ ਸਾਰੇ ਵਿਕਾਰਾਂ ਰੂਪੀ ਸੱਪਾਂ ਨੂੰ ਵੱਡੇ ਗਰੁੜ ਵਾਂਗ ਮਾਰ ਦਿੰਦੇ ਹਨ ਤੇ ਕਾਮ, ਕ੍ਰੋਧ, ਹੰਕਾਰ, ਲੋਭ ਅਤੇ ਮੋਹ ਨੂੰ ਜੜ੍ਹਾਂ ਤੋਂ ਹੀ ਪੁੱਟ ਸੁੱਟਦੇ ਹਨ। ਜਿਹੜੇ ਐਸੇ ਉਦਾਰ ਹਨ ਕਿ ਉਨ੍ਹਾਂ ਨੇ ਆਪਣੇ ਸਾਰੇ ਸੇਵਕਾਂ ਨੂੰ ਹੀ ਸਤਿਨਾਮ ਰੂਪੀ ਧਨ ਦੇ ਕੇ ਭਵਸਾਗਰ ਤੋਂ ਪਾਰ ਕਰ ਦਿੱਤਾ ਹੈ। ਜਿਨ੍ਹਾਂ ਦਾ ਨਾਮ ਸੁਣ ਕੇ ਹੀ ਭਿਆਨਕ ਜਮ ਦੇ ਦੂਤ ਛੱਡ ਜਾਂਦੇ ਹਨ। ਐਸੇ ਸ੍ਰੀ ਗੁਰੂ ਨਾਨਕ ਦੇਵ ਜੀ ਕਾਲੂ-ਪੁੱਤਰ ਨੂੰ ਮੇਰੀ ਨਮਸਕਾਰ ਹੈ ॥੪॥

*੪. ਇਸ਼ਟ ਗੁਰੂ-ਸ੍ਰੀ ਗੁਰ ਅੰਗਦ ਦੇਵ ਜੀ ਦਾ ਮੰਗਲ*

*ਸੈਯਾ-* ਜਰਜਾਇ ਨਹੀ ਕਿਸ ਤੇ ਅਜਰੀ ਅਸ ਪਾਇ ਗਏ ਸਗਰੀ ਉਰ ਮੈਂ ਜਰ।
ਜਰਬੇ ਜਿਨਕੀ ਅਵਿਲੋਕ ਜਰਾਇਕ ਦੂਰ ਕਰੀ ਗਲ ਦੋਖਨਿ ਕੀ ਜਰ।
ਜਰਤੇ ਬਿਸ਼ਯਾਗਨਿ ਮੈਂ ਜਨ ਜੇ ਸ਼ਰਨਾਗਤ ਹੀ ਜਲ ਨਾਮ ਰਿਦੈ ਜਰ।
ਜ਼ਰ ਗਜ਼ਾਨ ਦਯੋ ਹਰਿ ਦਾਰਿਦ ਮੋਹ, ਨਮੋ ਗੁਰ ਅੰਗਦ ਹ੍ਵੈਂ ਨਿਤ ਹਾਜ਼ਰ ॥੫॥

ਐਸੀ ਅਜਰ ਵਸਤੂ ਨੂੰ ਜੋ ਕਿਸੇ ਪਾਸੋਂ ਜਰੀ ਨਾ ਜਾਵੇ, ਪ੍ਰਾਪਤ ਕਰਕੇ, ਸਾਰੀ ਆਪਣੀ ਹਿਰਦੇ ਵਿਚ ਜਰ ਗਏ। ਜਿਨ੍ਹਾਂ ਦੀ ਜ਼ਰਾ ਜਿੰਨੀ ਤਕਣੀ ਦੀ ਜ਼ਰਬ ਨੇ ਰੋਗੀਆਂ ਦੇ ਸਭ ਦੁੱਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ। ਜਿਹੜੇ ਦਾਸ ਵਿਸ਼ਿਆਂ ਰੂਪੀ ਅਗਨੀ ਵਿਚ ਸੜਦੇ ਸਨ, ਗੁਰੂ ਜੀ ਦੀ ਸ਼ਰਨ ਆਉਂਦਿਆਂ ਹੀ ਨਾਮ ਰੂਪੀ ਜਲ ਨੇ ਉਨ੍ਹਾਂ ਦੇ ਹਿਰਦਿਆਂ ਨੂੰ ਸ਼ਾਂਤ ਕਰ ਦਿੱਤਾ ਤੇ ਉਨ੍ਹਾਂ ਦੇ ਮੋਹ ਰੂਪੀ ਦਲਿਦਰ ਨੂੰ ਗਿਆਨ ਰੂਪੀ ਧਨ ਦੇ ਕੇ ਨਾਸ਼ ਕੀਤਾ। ਐਸੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਕੇ ਮੈਂ ਬਿਨੈ ਕਰਦਾ ਹਾਂ ਕਿ ਮੈਂ ਸਦਾ ਉਨ੍ਹਾਂ ਦੀ ਹਜ਼ੂਰੀ ਨੂੰ ਅਨੁਭਵ ਕਰਾਂ ॥੫॥

*੫. ਇਸ਼ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

*ਚਿੱਤ੍ਰਪਦਾ ਛੰਦ-* ਡਾਰਤਿ ਜੇ ਬਿਘਨਾਂ ਗਨ ਕੋ ਤਿਨ ਕੋ ਤਤਕਾਲਹਿ ਦੇਤਿ ਬਿਡਾਰਿ।
ਡਾਰ ਦੁਬਿੰਸਤਿ ਭੇ ਜਗ ਮੈਂ ਸਭਿ ਕੇ ਗੁਰ ਮੂਲ ਕਿਯੋ ਵਿਸਤਾਰ।
ਤਾਰਨ ਕੋ ਜਨ ਕੇ ਗਨ ਕੋ ਸਤਿਨਾਮ ਦਿਯੋ ਸੁ ਕਰੈ ਭਵ ਪਾਰ।
ਪਾਰਤਿ ਸਿੱਖਜਨਿ ਭੱਲਜਨਿ ਭੂਖਨ ਪੂਖਨ ਜਯੋਂ ਤਮ ਦੂਖਨ ਡਾਰਿ ॥੬॥

ਜਿਹੜੇ ਸੇਵਕ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਸਾਰੇ ਵਿਘਨਾਂ ਨੂੰ ਪਾਉਂਦੇ ਹਨ, ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਤੁਰਤ ਦੂਰ ਕਰ ਦਿੰਦੇ ਹਨ। ਗੁਰੂ ਜੀ ਸਾਰੀ ਸਿੱਖੀ ਦਾ ਆਪ ਮੂਲ ਹੋਏ ਹਨ ਅਤੇ ਬਾਈ ਸ਼ਾਖਾਂ ਆਪ ਤੋਂ ਜਗਤ ਵਿਚ ਫੈਲੀਆਂ ਹਨ। ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਤਾਰਨ ਵਾਸਤੇ ਸਤਿਨਾਮ ਰੂਪੀ ਜਹਾਜ਼ ਦਿੱਤਾ ਤਾਂਕਿ ਉਹ ਜਹਾਜ਼ ਸੰਸਾਰ-ਸਾਗਰ ਤੋਂ ਸੇਵਕਾਂ ਨੂੰ ਪਾਰ ਕਰੇ। ਉਹ ਆਪ ਸਿੱਖਾਂ ਨੂੰ ਪਾਲਦੇ ਹਨ, ਸੂਰਜ ਵਾਂਗ ਹਨੇਰੇ ਰੂਪੀ ਦੋਸ਼ਾਂ ਨੂੰ ਦੂਰ ਕਰਦੇ ਹਨ ਤੇ ਭੱਲਿਆਂ ਦੀ ਕੁਲ ਦੇ ਉਹ ਭੂਸ਼ਨ ਹਨ। ਐਸੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਮੇਰੀ ਨਮਸਕਾਰ ਹੋਵੇ ॥੬॥

੬. ਇਸ਼ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਦੋਹਰਾ- ਰਾਮ ਹਤੇ ਨ੍ਰਿਪ ਕੁਟਿਲ ਜਯੋਂ, ਮਾਰਯੋ ਰਾਵਨ ਰਾਮ।
ਰਾਮ ਜਥਾ ਮਗਧਪਾਲ ਪਰ ਸਿਖ ਤਮ ਪਰ ਗੁਰ ਰਾਮ॥ ੭॥

ਜਿਵੇਂ ਪਰਸਰਾਮ ਨੇ ਕੁਟਿਲ ਰਾਜਿਆਂ ਨੂੰ ਮਾਰਿਆ, ਜਿਵੇਂ ਰਾਮਚੰਦਰ ਜੀ ਨੇ ਰਾਵਣ ਨੂੰ ਮਾਰਿਆ ਤੇ ਜਿਵੇਂ ਜਰਾਸੰਧ ਉੱਤੇ ਬਲਰਾਮ ਬਲ ਧਾਰ ਕੇ ਪਿਆ ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਅਗਿਆਨਤਾ ਰੂਪੀ ਹਨੇਰੇ ਵਾਸਤੇ ਬਲਵਾਨ ਸੂਰਜ ਹਨ॥੭॥

੭. ਇਸ਼ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸਾਰ ਨਿਕਾਸਯੋ ਬੇਦ ਤੇ ਜਗਤ ਦਿਖਾਇ ਅਸਾਰ।
ਸਾਰ ਗੁਰੂ ਅਰਜਨ ਲਈ ਨਿਜ ਜਨ ਕੀ ਸੰਸਾਰ॥ ੮॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਰੀਰ 'ਤੇ ਅਸਹਿ ਕਸ਼ਟ ਸਹਾਰ ਕੇ ਇਹ ਦੱਸ ਦਿੱਤਾ ਕਿ ਸਰੀਰ ਝੂਠਾ ਹੈ, ਅਸਹਿ ਕਸ਼ਟਾਂ ਵਿਚ ਅਡੋਲ ਆਤਮ ਸਮਾਧੀ ਵਿਚ ਰਹਿ ਕੇ ਗਿਆਨ ਦਾ ਸਦਾ ਰਹਿਣ ਵਾਲਾ ਤੱਤ ਵਿਖਾ ਦਿੱਤਾ ਕਿ ਆਤਮਾ ਨੂੰ ਸੱਚਾ ਅਤੇ ਸਰੀਰ ਝੂਠਾ ਜਾਣਨਾ ਇਸ ਤਰ੍ਹਾਂ ਹੁੰਦਾ ਹੈ। ਜਦ ਤਕ ਗੁਰੂ ਜੀ ਜਗਤ ਵਿਚ ਰਹੇ ਉਨ੍ਹਾਂ ਆਪਣੇ ਸੇਵਕਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਜਗਤ ਵਿਚੋਂ ਤਾਰਿਆ॥੮॥

੮. ਇਸ਼ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ

ਸੋਰਠਾ-ਹਰਿ ਅਰਿ ਹਰਿ ਗੋਬਿੰਦ ਤੁਰਕਨ ਤਰਜੇ ਰਣ ਅਰੇ।
ਮਰੇ ਖਰੇ ਰਿਪੁ ਬ੍ਰਿੰਦ ਠਰੇ ਨਿਬਲ ਪਾਰੇ ਪਰੇ॥ ੯॥

ਵੈਰੀ ਨਾਸ਼ਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਰਣਖੇਤਰ ਵਿਚ ਜਿਹੜਾ ਅੱਗੇ ਹੋ ਕੇ ਲੜਿਆ, ਉਸ ਨੂੰ ਗੁਰੂ ਜੀ ਨੇ ਮਾਰ ਦਿੱਤਾ। ਮਾਲਵੇ ਦੇ ਯੁੱਧ ਵਿਚ ਸਰਦੀ ਪੈਣ ਨਾਲ ਵੈਰੀ ਨਿਰਬਲ ਹੋ ਗਿਆ ਤੇ ਬਹੁਤੇ ਵੈਰੀ ਖੜੇ-ਖੜੇ ਹੀ ਮਰ ਗਏ॥੯॥

*ਨੋਟ : ਮਾਲਵੇ ਵਿਚ ਜਿਹੜਾ ਯੁੱਧ ਕਾਂਗੜਪੁਰ ਦੇ ਲਾਗੇ ਹੋਇਆ ਸੀ, ਉਸ ਵਿਚ ਬਹੁਤ ਵੈਰੀ ਠੰਡ ਨਾਲ ਹੀ ਮਰ ਗਏ ਸਨ।*

੯. ਇਸ਼ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਾਨਨ ਹਿਰਦਾ ਦਾਸ ਮ੍ਰਿਗਨਿ ਬਿਕਾਰਨਿ ਤੇ ਕਲਿਤ।
ਪੰਚਾਨਨ ਸਮ ਬਾਸ ਸ੍ਰੀ ਹਰਿਰਾਇ ਪ੍ਰਣਾਮ ਪਦ॥ ੧੦॥

ਸਿੱਖਾਂ ਦਾ ਹਿਰਦਾ ਵਣ ਸਮਾਨ ਹੈ ਜਿਹੜਾ ਵਿਕਾਰਾਂ ਰੂਪੀ ਹਿਰਨਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਹਰਿਰਾਇ ਸਾਹਿਬ ਸ਼ੇਰ ਸਮਾਨ ਇਸ ਵਣ ਵਿਚ ਵਸਦੇ ਹਨ। ਐਸੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਚਰਨ ਕੰਵਲਾਂ 'ਤੇ ਨਮਸਕਾਰ ਹੈ॥੧੦॥

੧੦. ਇਸ਼ ਗੁਰੂ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਦੋਹਰਾ- ਤਨ ਮਨ ਕੇ ਦੁਖ ਦੋਖ ਗਨ ਲਖਿ ਬਨ ਸ਼ੁਸ਼ਕ ਸਮਾਨ।
ਕ੍ਰਿਸ਼ਨਬਰਤਮਾ ਨਾਮ ਗੁਰ ਸ੍ਰੀ ਹਰਿ ਕ੍ਰਿਸ਼ਨ ਬਖਾਨ॥ ੧੧॥

ਹੇ ਮਨ! ਇਹ ਜਿਹੜੇ ਤਨ ਮਨ ਦੇ ਦੁੱਖ ਅਤੇ ਦੋਖ ਹਨ, ਇਹ ਸੁਕੇ ਵਣ ਵਾਂਗ ਜਾਣਕੇ ਅਗਨੀ ਰੂਪੀ ਸ੍ਰੀ ਗੁਰੂ

ਹਰਿਕ੍ਰਿਸ਼ਨ ਜੀ ਦਾ ਨਾਮ ਜਪੋ ਤਾਂਕਿ ਤੁਹਾਡੇ ਇਹ ਸਾਰੇ ਦੁੱਖ ਦੂਰ ਹੋ ਜਾਣ॥੧੧॥

*ਨੋਟ : ਗੁਰੂ ਨਾਮ ਰੂਪੀ ਅਗਨੀ ਦੁੱਖਾਂ ਦੇ ਦੋਖਾਂ ਨੂੰ ਸਾੜਦੀ ਹੈ, ਪਰ ਵਿਸ਼ੇ ਰੂਪੀ ਅਗਨੀ ਮਨ ਨੂੰ ਸਾੜਦੀ ਹੈ।*

*੧੧. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

**ਬਿਸ਼ਯਾਗਨਿ ਤੇ ਸੁਸ਼ਕ ਹ੍ਵੈ ਮਨ ਤਰੁ ਕੋ ਲਗਿ ਆਂਚ।**
**ਤੇਗ ਬਹਾਦੁਰ ਗੁਰ ਕ੍ਰਿਪਾ ਇਸ ਜਲ ਕੋ ਨਿਤ ਜਾਂਚ॥ ੧੨॥**

ਬ੍ਰਿਛ ਨੂੰ ਜਿਵੇਂ ਅੱਗ ਲੱਗ ਕੇ ਸੁਕਾ ਦਿੰਦੀ ਹੈ, ਉਸ ਤਰ੍ਹਾਂ ਮੇਰਾ ਮਨ ਵਿਸ਼ੇ ਰੂਪੀ ਅੱਗ ਨਾਲ ਸੁੱਕ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਜਲ ਰੂਪ ਹੈ। ਹੇ ਮਨ! ਤੂੰ ਇਸ ਜਲ ਨੂੰ ਉਨ੍ਹਾਂ ਪਾਸੋਂ ਨਿੱਤ ਮੰਗੋ॥੧੨॥

*੧੨. ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

**ਚਹਿਂ ਅਬਾਸ਼ਨਾ ਬਾਸ਼ਨਾ ਕਰਿ ਨਿਜ ਮਨਹਿਂ ਮਲਿੰਦ।**
**ਸ੍ਰੀ ਗੁਰ ਗੋਬਿੰਦ ਸਿੰਘ ਪਦ ਲਪਟਹੁ ਲਖਿ ਅਰਬਿੰਦ॥ ੧੩॥**

ਹੇ ਮਨ! ਤੂੰ ਵਾਸ਼ਨਾ ਰਹਿਤ ਅਵਸਥਾ ਰੂਪੀ ਖੁਸ਼ਬੋ ਨੂੰ ਚਾਹੁੰਦਾ ਹੈਂ ਤਾਂ ਆਪਣੇ ਮਨ ਨੂੰ ਭੌਰਾ ਬਣਾ ਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਕਮਲ ਜਾਣਕੇ ਲਿਪਟ ਜਾਵੇਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਧਿਆਨ ਤੈਨੂੰ ਵਾਸ਼ਨਾ ਰਹਿਤ ਕਰ ਦੇਵੇਗਾ॥੧੩॥

*੧੩. ਇਸ਼੍ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ*

**ਏਕ ਜੋਤਿ ਦਸ ਰੂਪ ਗੁਰ ਜਿਨ ਤੇ ਤਰਜੋ ਜਹਾਨ।**
**ਸਭਿ ਕੇ ਪਦ ਅਰਬਿੰਦ ਕੋ ਸਦਾ ਬੰਦਨਾ ਠਾਨਿ॥ ੧੪॥**

ਦਸ ਗੁਰੂ ਸਾਹਿਬਾਨ ਦਸ ਰੂਪ ਹਨ, ਪਰ ਜੋਤ ਇਕ ਹੈ, ਜਿਨ੍ਹਾਂ ਪਾਸੋਂ ਸਾਰਾ ਜਹਾਨ ਮੁਕਤ ਹੋਇਆ ਹੈ। ਉਨ੍ਹਾਂ ਦਸ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਨੂੰ ਮੈਂ ਸਦਾ ਬੰਦਨਾਂ ਕਰਦਾ ਹਾਂ॥੧੪॥

*ਰਾਸਾਂ ਰੁੱਤਾਂ ਤੇ ਐਨਾਂ ਦਾ ਵੇਰਵਾ*

**ਸੂਰਜ ਗੁਰੂ ਪ੍ਰਤਾਪ ਤੇ ਬਰਨੀ ਦ੍ਵਾਦਸ਼ ਰਾਸਿ।**
**ਅਸ਼ਟ ਸਾਚ ਪਤਿਸ਼ਾਹ ਕੇ ਬਰਨੇ ਬਰ ਗੁਨ ਰਾਸ॥ ੧੫॥**

ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪੀ ਸੂਰਜ ਉੱਤੇ ਬਾਰਾਂ ਭਾਗ ਰੂਪੀ ਬਾਰਾਂ ਰਾਸ਼ੀਆਂ ਕਥਨ ਕੀਤੀਆਂ ਹਨ, ਜਿਨ੍ਹਾਂ ਵਿਚ ਅੱਠ ਗੁਰੂ ਸਾਹਿਬਾਨ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ) ਦੇ ਸਾਰੇ ਸ੍ਰੇਸ਼ਟ ਗੁਣਾਂ ਦਾ ਵਰਣਨ ਕੀਤਾ ਹੈ॥੧੫॥

**ਦਛਨਾਇਨ ਉਤਰਾਇਣੇ ਅਯਨ ਬਨੈਂਗੇ ਦੋਇ।**
**ਬਰਤਤਿ ਰੁਤ ਜੇ ਖਸ਼ਟ ਸ਼ੁਭ ਤਿਨ ਪਰ ਬਰਨਨ ਹੋਇ॥ ੧੬॥**

ਦਖਣਾਇਨ ਤੇ ਉਤਰਾਇਨ ਰੂਪੀ ਦੋ ਹੋਰ ਭਾਗ ਬਣਨਗੇ, ਜਿਹੜੀਆਂ ਛੇ ਰੁੱਤਾਂ ਵਰਤਦੀਆਂ ਹਨ ਭਾਵ ਜੋ ਮੈਂ ਹੁਣ ਕਥਨ ਕਰਨ ਲੱਗਾ ਹਾਂ, ਉਨ੍ਹਾਂ ਦੇ ਪਿੱਛੇ ਦੋ ਐਨ ਵਰਣਨ ਹੋਣਗੇ। ਭਾਵ, ਹੁਣ ਵਰਣਨ ਹੋ ਰਹੇ ਛੇ ਰੁੱਤਾਂ ਰੂਪੀ ਛੇ ਭਾਗਾਂ ਦੇ ਉਪਰੰਤ ਮੈਂ ਦੋ ਐਨ ਦਖਣਾਇਨ ਅਤੇ ਉਤਰਾਇਨ ਵਰਣਨ ਕਰਾਂਗਾ॥੧੬॥

*ਨੋਟ : ਭਾਰਤ ਦੇ ਵਿਦਵਾਨਾਂ ਨੇ ਦੋ-ਦੋ ਮਹੀਨਿਆਂ ਦੀਆਂ ਛੇ ਰੁੱਤਾਂ ਮੰਨੀਆਂ ਹਨ। ਬਸੰਤ=ਚੇਤ-ਵਿਸਾਖ, ਗ੍ਰੀਖਮ=ਜੇਠ-ਹਾੜ, ਵਰਖਾ=ਸਾਉਣ-ਭਾਦੋਂ, ਸਰਦ=ਅੱਸੂ-ਕੱਤਕ, ਹਿਮ=ਮਘਰ-ਪੋਹ, ਸਿਸਰ=ਮਾਘ-ਫੱਗਣ।*

ਪ੍ਰਥਮ ਕਰੀ ਕਵਿਤਾ ਰੁਚਿਰ ਸ੍ਰੀ ਨਾਨਕ ਪਰਕਾਸ਼।
ਪੂਰਬਾਰੁਧ ਉਤਰਾਰੁਧ ਇਮ ਬਰਨੇ ਗੁਨ ਰਾਸ॥ ੧੭॥

ਪਹਿਲਾਂ ਮੈਂ ਸ੍ਰੀ ਨਾਨਕ ਪ੍ਰਕਾਸ਼ ਨੂੰ ਸੁੰਦਰ ਕਵਿਤਾ ਵਿਚ ਬਣਾਇਆ ਹੈ, ਪੂਰਬਾਰਧ ਤੇ ਉਤਰਾਰਧ ਉਸ ਦੇ ਦੋ ਭਾਗ ਰਚ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ੁਭ ਯਸ਼ ਵਰਣਨ ਕੀਤਾ ਹੈ॥੧੭॥

ਅਬਿ ਕਲਗ਼ੀਧਰ ਕੀ ਕਥਾ ਖਸ਼ਟ ਰੁਤਨ ਪਰ ਹੋਇ।
ਗੁਰ ਪ੍ਰਤਾਪ ਸੂਰਜ ਭਯੋ ਯਾਂਤੇ ਸਭਿ ਗਤਿ ਜੋਇ॥ ੧੮॥

ਹੁਣ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਛੇ ਰੁੱਤਾਂ ਦੀ ਵੰਡ ਵਿਚ ਕਥਨ ਹੋਵੇਗੀ। ਇਸ ਤਰ੍ਹਾਂ ਗੁਰ ਪ੍ਰਤਾਪ ਦਾ ਇਹ ਗ੍ਰੰਥ ਸੂਰਜ ਹੋਇਆ, ਜਿਸ ਵਿਚ ਇਹ ਰਾਸ਼ੀ, ਰੁੱਤਾਂ ਅਤੇ ਐਨ ਸੂਰਜ ਦੀ ਚਾਲ ਵਾਂਗੂੰ ਵੇਖੋ॥੧੮॥

ਕਥੋਂ ਕਥਾ ਕੋ ਜਥਾਮਤਿ ਤਥਾ ਸੁਨਹੁਂ ਸਿਖ ਸੰਤ।
ਹੁਇ ਪ੍ਰਸੰਨ ਵਰ ਦੀਜੀਐ ਮਿਲਹਿਂ ਗੁਰੂ ਭਗਵੰਤ॥ ੧੯॥

ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ ਉਸ ਤਰ੍ਹਾਂ ਹੀ ਮੈਂ ਕਥਾ ਨੂੰ ਵਰਣਨ ਕਰਾਂਗਾ। ਹੇ ਸਿੱਖੋ ! ਤੇ ਸੰਤੋ ! ਤੁਸੀਂ ਕਥਾ ਨੂੰ ਸੁਣੋ ਤੇ ਪ੍ਰਸੰਨ ਹੋ ਕੇ ਮੈਨੂੰ ਵਰ ਦੇਵੋ ਕਿ ਗੁਰੂ ਭਗਵੰਤ ਮੈਨੂੰ ਮਿਲਣ॥੧੯॥

ਜਿਨ ਕੀ ਕ੍ਰਿਪਾ ਕਟਾਛ ਤੇ ਹਲਤ ਪਲਤ ਸੁਖ ਪਾਇਂ।
ਸੋ ਕਯੋਂ ਮਨਹੁਂ ਬਿਸਾਰੀਐ ਰਾਖਹੁ ਰਿਦੈ ਬਸਾਇ॥ ੨੦॥

ਜਿਨ੍ਹਾਂ ਦੀ ਇਕ ਮਿਹਰ ਦੀ ਨਜ਼ਰ ਨਾਲ ਸਾਨੂੰ ਲੋਕ ਪਰਲੋਕ ਵਿਚ ਸੁਖ ਮਿਲਦਾ ਹੈ। ਫਿਰ ਉਸ ਨੂੰ ਕਿਉਂ ਮਨ ਵਿਚੋਂ ਵਿਸਾਰੀਏ, ਉਸ ਨੂੰ ਸਦਾ ਹਿਰਦੇ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ॥੨੦॥

ਸਤਿਗੁਰ ਸਿੱਖਨਿ ਕੇ ਉਚਿਤ ਸਤਿਗੁਰ ਕਥਾ ਬਚਿੱਤ੍ਰ।
ਸੁਨੀਅਹਿ ਮਿੱਤ੍ਰ ਇਕੱਤ੍ਰ ਚਿਤ ਸੁਨਹੁ ਸਮਸਤ ਪਵਿੱਤ੍ਰ॥ ੨੧॥

ਸਤਿਗੁਰਾਂ ਦੀ ਵਚਿੱਤਰ ਕਥਾ, ਸਤਿਗੁਰੂ ਜੀ ਦੇ ਸਿੱਖਾਂ ਦੇ ਹੀ ਸੁਣਨਯੋਗ ਹੈ। ਇਸ ਲਈ ਹੇ ਸਤਿਗੁਰੂ ਜੀ ਦੇ ਸਿੱਖੋ ! ਮੇਰੇ ਮਿੱਤਰੋ ! ਇਕੱਠੇ ਹੋ ਕੇ ਚਿੱਤ ਲਾ ਕੇ ਸੁਣੋ ਤੇ ਸਾਰੇ ਹੀ ਪਵਿੱਤਰ-ਪੁਨੀਤ ਬਣ ਜਾਵੋ॥੨੧॥

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚਰਿੱਤਰ*

*ਸ੍ਵੈਯਾ*- ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ ਭਵ ਫੰਧਨ ਕੇ।
ਸੁਖਮੂਲ ਭਲੇ, ਰਿਪੁਸੂਲ ਮਿਲੇ, ਅਨਕੂਲ ਢਲੇ, ਅਘਕੰਦਨ ਕੋ।
ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗਬਹਾਦੁਰ ਨੰਦਨ ਕੇ॥੨੨॥

ਗੁਰੂ ਗੋਬਿੰਦ ਸਿੰਘ ਜੀ ਬੀਰ-ਰਸ ਨਾਲ ਭਰਪੂਰ ਹਨ, ਸੇਵਕਾਂ ਨੂੰ ਧੀਰਜ ਦੇਣ ਵਾਲੇ ਹਨ। ਸੇਵਕਾਂ ਦੇ ਦੁੱਖਾਂ ਨੂੰ ਅਤੇ ਸੰਸਾਰਿਕ ਫੰਧਿਆਂ ਨੂੰ ਕੱਟਣ ਵਾਲੇ ਹਨ। ਚੰਗੀ ਤਰ੍ਹਾਂ ਨਾਲ ਸਾਰੇ ਸੁੱਖਾਂ ਦਾ ਮੂਲ ਹਨ, ਅਨੁਕੂਲ ਹਨ ਅਤੇ ਆਪਣੇ ਸੇਵਕਾਂ 'ਤੇ ਪਸੀਜਣ ਵਾਲੇ ਹਨ। ਲੋਕਾਂ ਦੇ ਵੈਰੀਆਂ ਨੂੰ ਦੁੱਖ ਦੇਣ ਵਾਲੇ ਹਨ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। ਜੋ ਸਿੱਖ ਬਾਣੀ ਦੇ ਪਾਠ ਨਾਲ ਪ੍ਰੇਮ ਕਰਦੇ ਹਨ, ਉਨ੍ਹਾਂ ਦੇ ਦੁੱਖਾਂ ਅਤੇ ਪਾਪਾਂ ਨੂੰ ਦਲ ਦੇਣ ਵਾਲੇ ਹਨ। ਉਨ੍ਹਾਂ ਦੇ ਕਾਰਜ ਖੁਸ਼ੀ-ਖੁਸ਼ੀ ਸਵਾਰ ਦਿੰਦੇ ਹਨ। ਬਹੁਤ ਪਿਆਰ ਵਾਲੇ, ਪਵਿੱਤਰ ਅਤੇ ਅਸਚਰਜ ਚਰਿੱਤਰਾਂ ਵਾਲੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਦੇ ਹਨ॥੨੨॥

*ਸਤਿਗੁਰਾਂ ਦੀ ਕਥਾ ਦਾ ਰੂਪਕ*

ਥਿਤ ਦਾ ਚਿਤ ਕੀ, ਨਿਤ ਦਾ ਬਿਤ ਕੀ, ਹਿਤ ਦਾ ਨਿਤ ਕੀ, ਸੁਨਿ ਹੰਤ ਜਰੀ।
ਸ਼ਰਧਾ ਗੁਰ ਕੀ, ਸੁਧ ਦਾ ਉਰ ਕੀ, ਹਰਤਾ ਜੁਰ ਕੀ ਸੁਖ ਪੁੰਜ ਜਰੀ।
ਸਭ ਸਾਰ ਮਥਾ, ਘ੍ਰਿਤ ਆਰ ਜਥਾ, ਇਹ ਚਾਰੁ ਕਥਾ ਅਜਰਾਨ ਜਰੀ।
ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦ ਬਿਲੰਦ ਜਰਾਉ ਜਰੀ॥ ੨੩॥

ਸਤਿਗੁਰਾਂ ਦੀ ਕਥਾ ਚਿੱਤ ਨੂੰ ਟਿਕਾਅ ਦੇਣ ਵਾਲੀ, ਨਿੱਤ ਨਾਮ ਰੂਪੀ ਧਨ ਦੀ ਦਾਤੀ ਹੈ ਅਤੇ ਕੀਰਤਨ ਭਗਤੀ ਵੀ ਬਖਸ਼ਦੀ ਹੈ, ਜਿਸ ਨੂੰ ਸੁਣ ਕੇ ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਸਤਿਗੁਰਾਂ ਦੇ ਚਰਨਾਂ ਵਿਚ ਸ਼ਰਧਾ ਹਿਰਦੇ ਨੂੰ ਸ਼ੁਧਤਾ ਦੇਣ ਵਾਲੀ ਹੈ। ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਲੀ ਅਤੇ ਸਾਰੇ ਸੁੱਖਾਂ ਦੀ ਔਖਧੀ ਹੈ। ਸਤਿਗੁਰਾਂ ਦੀ ਇਸ ਸੁੰਦਰ ਕਥਾ ਵਿਚ ਸਾਰੇ ਤੱਤ ਰਿੜਕ ਕੇ ਲੈ ਲਏ ਗਏ ਹਨ, ਜਿਵੇਂ ਦਹੀਂ ਵਿਚੋਂ ਘਿਉ ਕੱਢ ਲਈਦਾ ਹੈ। ਇਹ ਕਥਾ ਇਕ-ਰਸ ਰਹਿਣ ਤੇ ਕਦੀ ਪੁਰਾਣੀ ਨਾ ਹੋਣ ਵਾਲੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਰੇ ਗੁਣਾਂ ਤੇ ਮਾਨੋ ਰਤਨਾਂ ਰੂਪੀ ਅਨੰਦਦਾਇਕ ਸੁੰਦਰ ਗਹਿਣੇ ਦੀ ਜੜਤ ਜੜੀ ਹੋਈ ਹੈ॥੨੩॥

*ਭੁੱਲ ਚੁੱਕ ਦੀ ਮਾਫ਼ੀ*

*ਚੌਪਈ-* ਸੁਮਤਿਵੰਤ ਪ੍ਰੇਮੀ ਸਤਿ ਸੰਗਤਿ। ਜੇ ਸੁਨਿ ਹੈਂ ਗੁਰ ਜਸ ਕਰਿ ਪੰਗਤਿ।
ਸਭਿ ਕੇ ਚਰਨ ਬੰਦਨਾ ਕਰੌਂ। ਮਤਿ ਥੋਰੀ ਤੇ ਪੁਨਪੁਨ ਡਰੌਂ॥ ੨੪॥

ਬੁਧੀਵਾਨ, ਪ੍ਰੇਮੀ ਸਿੱਖ ਤੇ ਸਤਿਸੰਗੀ ਜਿਹੜੇ ਪੰਗਤ ਵਿਚ ਬੈਠ ਕੇ ਗੁਰੂ ਜੱਸ ਨੂੰ ਸੁਣਨਗੇ, ਉਨ੍ਹਾਂ ਸਾਰਿਆਂ ਦੇ ਚਰਨਾਂ ਉੱਪਰ ਨਮਸਕਾਰ ਕਰਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੇਰੀ ਮੱਤ ਥੋੜੀ ਹੈ, ਇਸ ਲਈ ਮੈਂ ਬਾਰ-ਬਾਰ ਡਰਦਾ ਹਾਂ॥੨੪॥

ਭੂਲ ਚੂਕ ਹੁਇ ਦੂਖਨ ਜਮਾ। ਸੁਨਿ ਨਹਿਂ ਤਰਕਹਿਂ, ਕੀਜਹਿ ਛਿਮਾ।
ਇਸ ਹਿਤ ਬਿਨਯ ਕਰੌਂ ਕਰ ਜੋਰਿ। ਸਭਿ ਸ਼੍ਰੋਤਨਿ ਕੇ ਚਰਨ ਨਿਹੋਰਿ॥੨੫॥

ਭੁੱਲ ਚੁੱਕ ਦੇ ਦੋਸ਼ ਮੇਰੀ ਕਥਾ ਵਿਚ ਬਹੁਤ ਹੋਣਗੇ; ਆਪ ਜੀ ਨੇ ਸੁਣਕੇ ਹੁੱਜਤਾਂ ਨਹੀਂ ਕਰਨੀਆਂ ਹਨ, ਖਿਮਾਂ ਕਰਨੀ ਹੈ। ਇਸ ਲਈ ਮੈਂ ਸਾਰੇ ਸ੍ਰੋਤਿਆਂ ਦੇ ਚਰਨਾਂ ਉੱਪਰ ਨਮਸਕਾਰ ਕਰਕੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ॥੨੫॥

*ਨਾਮ ਪ੍ਰੇਮੀ ਗੁਰਸਿੱਖਾਂ ਅੱਗੇ ਅਰਦਾਸ*

ਸ੍ਰੀ ਅੰਮ੍ਰਿਤਸਰ ਆਦਿ ਬਸੰਤਿ। ਗੁਰਥਲ ਅਵਚਲ ਨਗਰ ਪ੍ਰਜੰਤ।
ਜਿਤ ਕਿਤ ਸਭਿ ਧਰਨੀ ਪਰ ਬਜਾਪਤਿ। ਸਿੱਖਨਿ ਗਨ ਸਿੰਘ ਗੁਰ ਜਹਿਂ ਜਾਪਤਿ॥੨੬॥

ਸ੍ਰੀ ਅੰਮ੍ਰਿਤਸਰ ਆਦਿ ਗੁਰਧਾਮਾਂ ਅਤੇ ਨਗਰੀਆਂ ਵਿਚ ਜਿਹੜੇ ਸਿੱਖ ਵੱਸਦੇ ਹਨ, ਗੁਰ ਅਸਥਾਨ ਅਬਚਲ ਨਗਰ ਤਕ ਜਿੱਥੇ ਕਿਤੇ ਵੀ ਸਿੰਘਾਂ ਦੇ ਸਮੂਹ ਵਿਚਰਦੇ ਹਨ ਤੇ ਜਿਹੜੇ ਗੁਰੂ ਜੀ ਨੂੰ ਜਪਦੇ ਹਨ॥੨੬॥

ਅਰਜ਼ ਗੁਜ਼ਾਰੋਂ ਜੋਰਤਿ ਹਾਥਾ। ਬੰਦੌਂ ਧਰ ਪਰ ਧਰਿ ਧਰਿ ਮਾਥਾ।
ਹੋਇ ਨ੍ਰਿਬਿਘਨ ਕਥਾ ਗੁਰ ਪੂਰੀ। ਛੰਦ ਬੰਦ ਮਾਧੁਰਤਾ ਰੂਰੀ॥ ੨੭॥

ਉਨ੍ਹਾਂ ਸਾਰਿਆਂ ਅੱਗੇ ਹੱਥ ਜੋੜ ਕੇ ਮੈਂ ਬੇਨਤੀ ਕਰਦਾ ਹਾਂ ਤੇ ਧਰਤੀ 'ਤੇ ਮੱਥਾ ਧਰ ਕੇ ਨਮਸਕਾਰ ਕਰਦਾ ਹਾਂ ਕਿ ਗੁਰੂ ਸਾਹਿਬ ਦੀ ਕਥਾ ਸੁਹਣੀ ਛੰਦਾ-ਬੰਦੀ ਤੇ ਮਿੱਠੀ ਕਵਿਤਾ ਵਿਚ ਨਿਰਵਿਘਨ ਸਮਾਪਤ ਹੋਵੇ॥੨੭॥

ਗੁਰ ਸਿਖ ਸਿੰਘ ਸਗਲ ਜਗ ਬਜਾਪਤ। ਕਰਿ ਇਸ਼ਨਾਨ ਗੁਰੂ ਨਿਤ ਜਾਪਤਿ।
ਤਿਨ ਸਭਿਹਿਨਿ ਕੇ ਚਰਨ ਮਨਾਊਂ। 'ਪੂਰਨ ਹੋਇ ਗ੍ਰਿੰਥਾ' ਵਰ ਪਾਊਂ॥੨੮॥

Sri Satguru Jagjit Singh Ji eLlibrary NamdhariElibrary@gmail.com

ਗੁਰੂ ਜੀ ਦੇ ਸਿੱਖ ਤੇ ਸਿੰਘ ਸਾਰੇ ਜਗਤ ਵਿਚ ਵਿਆਪ ਰਹੇ ਹਨ। ਉਹ ਇਸ਼ਨਾਨ ਕਰਕੇ ਨਿਤ 'ਗੁਰੂ ਗੁਰੂ' ਜਪਦੇ ਹਨ। ਉਨ੍ਹਾਂ ਸਾਰਿਆਂ ਸਿੱਖਾਂ ਦੇ ਚਰਨਾਂ ਨੂੰ ਮੈਂ ਮਨਾਉਂਦਾ ਹਾਂ ਤਾਂਕਿ ਮੈਂ ਉਨ੍ਹਾਂ ਪਾਸੋਂ ਨਿਰਵਿਘਨ ਇਹ ਗ੍ਰੰਥ ਸੰਪੂਰਣ ਹੋਣ ਦਾ ਵਰ ਪ੍ਰਾਪਤ ਕਰਾਂ॥੨੮॥

**ਗੁਰੂ ਸਰੂਪ ਖਾਲਸਾ ਸਾਰੋ। ਹਤੈ ਸ਼ੱਤ੍ਰੁ ਕਰਿ ਜੰਗ ਅਖਾਰੋ।**
**ਨਿਸ ਦਿਨ ਸਿਮਰਹਿ ਸਤਿਗੁਰ ਨਾਮੂ। ਤਿਨ ਸਭਿ ਹਿਨਿ ਕੇ ਚਰਨ ਪ੍ਰਨਾਮੂ॥੨੯॥**

ਸਾਰਾ ਖਾਲਸਾ ਪੰਥ ਜੋ ਗੁਰੂ ਸਰੂਪ ਹੈ ਤੇ ਜੰਗ ਦੇ ਅਖਾੜੇ ਲਾ ਕੇ ਵੈਰੀਆਂ ਦਾ ਨਾਸ਼ ਕਰਦਾ ਹੈ ਤੇ ਰਾਤ ਦਿਨ ਸਤਿਗੁਰੂ ਜੀ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਸਾਰੇ ਖਾਲਸਾ ਪੰਥ ਦੇ ਚਰਨਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥੨੯॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੰਗਲ*

**ਬ੍ਰਹਮਗਜਾਨ ਹਰਿ ਭਗਤ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ।**
**ਸੰਗਤਿ ਅਪਨੀ ਸਗਲ ਉਧਾਰਨ। 'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ॥ ੩੦॥**

ਆਪਣੀ ਸਾਰੀ ਸੰਗਤ ਦਾ ਉਧਾਰ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ ਸਾਹਿਬਾਨ ਨੇ ਉਚਾਰਨ ਕੀਤਾ ਹੈ, ਉਹ ਬ੍ਰਹਮ ਗਿਆਨ ਅਤੇ ਪ੍ਰਭੂ ਦੀ ਭਗਤੀ ਦਾ ਖਜ਼ਾਨਾ ਹੈ ਤੇ ਸੰਸਾਰ ਸਾਗਰ ਤੋਂ ਤਾਰਨ ਲਈ ਜਹਾਜ਼ ਸਮਾਨ ਹੈ॥੩੦॥

**ਜਿਸ ਮਹਿਂ ਜ਼ਾਹਰ ਜਾਗਤਿ ਜੋਤਿ। ਸਿੱਖਜਨਿ ਅਭਿਮਤਿ ਪੂਰਨ ਹੋਤਿ।**
**ਭੁਗਤਿ ਮੁਕਤਿ ਦਾਇਕ ਜਗਨਾਥਾ। ਨਮੋ ਕਰੌਂ ਧਰ ਪਰ ਧਰਿ ਮਾਥਾ॥ ੩੧॥**

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਜੋਤ ਪ੍ਰਗਟ ਰੂਪ ਵਿਚ ਪ੍ਰਕਾਸ਼ ਰਹੀ ਹੈ, ਜਿਸ ਤੋਂ ਸਿੱਖਾਂ ਦੀਆਂ ਮੂੰਹ ਮੰਗੀਆਂ ਕਾਮਨਾ ਪੂਰੀਆਂ ਹੁੰਦੀਆਂ ਹਨ ਤੇ ਜੋ ਜਗਤ ਨਾਥ ਭੁਗਤੀ ਮੁਕਤੀ ਦਾ ਦਾਤਾ ਹੈ, ਧਰਤੀ 'ਤੇ ਮੱਥਾ ਟੇਕ ਕੇ ਉਸ ਨੂੰ ਨਮਸਕਾਰ ਕਰਦਾ ਹਾਂ॥੩੧॥

**ਲਾਖਹੁਂ ਲਿਖੇ ਧਰਾਤਲ ਸਾਰੇ। ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ।**
**ਸਕਲ ਕਾਮਨਾ ਲਹੀਅਤਿ ਜਿਸਤੇ। ਅੰਤ ਸਮੈਂ ਕੈਵਲ ਹੁਇ ਤਿਸਤੇ॥ ੩੨॥**

ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਪ੍ਰਿਥਵੀ ਉੱਤੇ ਲੱਖਾਂ ਦੀ ਗਿਣਤੀ ਵਿਚ ਲਿਖੇ ਹੋਏ ਹਨ ਤੇ ਜਿਨ੍ਹਾਂ ਨੂੰ ਪੜ੍ਹਨ ਵਾਲੇ ਸਿੱਖਾਂ ਦਾ ਵਾਰ ਪਾਰ ਹੀ ਨਹੀਂ ਪਾਇਆ ਜਾਂਦਾ। ਜਿਸ ਗੁਰੂ ਗ੍ਰੰਥ ਸਾਹਿਬ ਤੋਂ ਸਾਰੀਆਂ ਕਾਮਨਾਂ ਪਾਈਦੀਆਂ ਹਨ ਤੇ ਅੰਤ ਸਮੇਂ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਿੱਤ ਮੁਕਤੀ ਮਿਲਦੀ ਹੈ॥੩੨॥

**ਭੂਤ ਭਵਿੱਖਜ ਸਿੱਖ ਨਹਿਂ ਗਿਨਤੀ। ਤੇ ਅਬਿ ਸਭਿਨਿ ਅੱਗ੍ਰ ਮਮ ਬਿਨਤੀ।**
**ਬਿਨਸਹਿਂ ਬਿਘਨ, ਗ੍ਰੰਥ ਹੁਇ ਪੂਰਾ। ਜਿਸ ਮਹਿਂ ਸਤਿਗੁਰੁ ਕੋ ਜਸ ਰੂਰਾ॥੩੩॥**

ਪਿੱਛੇ ਹੋ ਚੁਕੇ, ਅੱਗੇ ਹੋਣ ਵਾਲੇ ਤੇ ਹੁਣ ਦੇ ਸਮੇਂ ਦੇ ਅਣਗਿਣਤ ਸਿੱਖ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਇਨ੍ਹਾਂ ਸਾਰਿਆਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ ਵਿਘਨ ਨਾਸ਼ ਹੋਣ ਤੇ ਇਹ ਗ੍ਰੰਥ ਜਿਸ ਵਿਚ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਹੈ, ਪੂਰਨ ਹੋਵੇ॥੩੩॥

*ਉਸਤਾਦ, ਪਿਤਾ ਅਤੇ ਮਾਤਾ ਨੂੰ ਨਮਸਕਾਰ*

**ਸੰਤ ਸਿੰਘ ਗੁਰ ਅੱਖਰ ਦਾਤਾ। ਨਮੋ ਕਰੌਂ ਤਿਨ ਪਦ ਜਲਜਾਤਾ।**
**ਦੇਵਾ ਸਿੰਘ ਪਿਤਾ ਮਮ ਨਾਮੂ। ਤਿਨ ਕੇ ਪਦ ਅਰਬਿੰਦ ਪ੍ਰਣਾਮੂ॥ ੩੪॥**

ਮੇਰੀ ਵਿਦਿਆ ਦੇ ਗੁਰੂ ਸ੍ਰੀਮਾਨ ਭਾਈ ਸੰਤ ਸਿੰਘ ਜੀ ਗਿਆਨੀ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉੱਪਰ ਮੈਂ ਨਮਸਕਾਰ ਕਰਦਾ ਹਾਂ। ਮੇਰੇ ਪਿਤਾ ਜੀ ਦਾ ਨਾਮ ਸ੍ਰੀਮਾਨ ਭਾਈ ਦੇਵਾ ਸਿੰਘ ਹੈ, ਉਨ੍ਹਾਂ ਦੇ ਚਰਨ ਕੰਵਲਾਂ ਉੱਤੇ ਮੇਰੀ ਨਮਸਕਰ ਹੈ॥੩੪॥

**ਨਿਜ ਮਾਤਾ ਕੋ ਕਰਿ ਅਭਿਬੰਦਨ। ਕਥੌਂ ਕਥਾ ਕਲਿ ਕਲੁਖਨਿਕੰਦਨ।**
**ਸੁਨੀਅਹਿ ਗਨ ਸ਼੍ਰੋਤਾ ਸਵਧਾਨਾ। ਇਕ ਮਨ ਹੋਇ ਧਰਹੁ ਨਿਜ ਕਾਨਾ॥੩੫॥**

ਫਿਰ ਮੈਂ ਆਪਣੀ ਮਾਤਾ ਜੀ ਨੂੰ ਨਮਸਕਾਰ ਕਰਕੇ ਕਲਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਕਥਨ ਕਰਦਾ ਹਾਂ। ਹੇ ਸਾਰੇ ਸਰੋਤਾ ਜਨੋ ! ਇਕ ਮਨ ਹੋ ਕੇ, ਆਪਣੇ ਕੰਨ ਧਰ ਕੇ ਸਾਵਧਾਨੀ ਨਾਲ ਸੁਣੋ॥੩੫॥

*ਕਥਾ ਦਾ ਮਹਾਤਮ.*

**ਮਹਿੰਮਾ ਕਹਿਂ ਲਗ ਕਹੇ ਸੁਨਾਵੌਂ। ਗੁਰ ਜਸ ਜਿਸ ਮਹਿਂ ਰੁਚਿਰ ਬਨਾਵੌਂ।**
**ਗੁਰ ਸ਼ਰਧਾ ਕੋ ਉਰ ਅਧਿਕਾਵਤਿ। ਜਿਸਤੇ ਭੁਗਤਿ ਮੁਕਤਿ ਸਿਖ ਪਾਵਤਿ॥੩੬॥**

ਗੁਰੂ ਜੀ ਦੀ ਕਥਾ ਦੀ ਮਹਿਮਾ ਕਿਥੋਂ ਤਕ ਕਹਿ ਕੇ ਸੁਣਾਵਾਂ ? ਜਿਸ ਵਿਚ ਮੈਂ ਗੁਰੂ ਜੱਸ ਬੜੀ ਸੋਹਣੀ ਤਰ੍ਹਾਂ ਬਣਾ ਰਿਹਾ ਹਾਂ। ਇਹ ਕਥਾ ਹਿਰਦੇ ਵਿਚ ਸ਼ਰਧਾ ਵਧਾਉਂਦੀ ਹੈ, ਜਿਸ ਨਾਲ ਹਰ ਸਿੱਖ ਭੁਗਤੀ ਮੁਕਤੀ ਪਾ ਲੈਂਦਾ ਹੈ॥੩੬॥

**ਸਕਲ ਕਾਮਨਾ ਦੇਵਨਹਾਰੀ। ਅਨਿਕ ਜਨਮ ਕੇ ਕਲਮਲ ਹਾਰੀ।**
**ਸੁਨਹਿ ਗ੍ਰੰਥ ਸਭਿ ਹੁਇ ਗੁਨ ਗਜਾਤਾ। ਸਰਬ ਚਰਿੱਤ੍ਰ ਲਖਹਿ ਬੱਖਜਾਤਾ॥੩੭॥**

ਇਹ ਕਥਾ ਸਾਰੀਆਂ ਕਾਮਨਾਂ ਦੇਣ ਵਾਲੀ ਹੈ, ਅਨੇਕਾਂ ਜਨਮਾਂ ਦੇ ਪਾਪ ਨਸ਼ਟ ਕਰਨ ਵਾਲੀ ਹੈ। ਜਿਹੜਾ ਇਸ ਸਾਰੇ ਗ੍ਰੰਥ ਨੂੰ ਸੁਣੇਗਾ, ਉਹ ਗੁਣਾਂ ਦਾ ਗਿਆਤਾ ਹੋ ਜਾਵੇਗਾ ਤੇ ਗੁਰੂ ਸਾਹਿਬ ਦੇ ਸਾਰੇ ਚਰਿੱਤਰ ਪ੍ਰਗਟ ਰੂਪ ਵਿਚ ਜਾਣ ਲਵੇਗਾ॥੩੭॥

**ਦੁਸ਼ਟ ਬਿਡਾਰਨ ਦਾਸ ਉਧਾਰਨਿ। ਇੱਤਜਾਦਿਕ ਕੀਨੇ ਜਿਮ ਕਾਰਨ।**
**ਸੁਨਹਿ ਸਰਬ ਕੋ ਸਾਰ ਪਛਾਨੈ। ਪੁੰਨ ਉਪਾਇ ਪਾਪ ਗਨ ਹਾਨੈਂ॥੩੮॥**

ਗੁਰੂ ਸਾਹਿਬ ਦਾ ਦੁਸ਼ਟਾਂ ਨੂੰ ਮਾਰਨਾ ਤੇ ਆਪਣੇ ਸੇਵਕਾਂ ਦਾ ਉਧਾਰ ਕਰਨਾ, ਇਸ ਤਰ੍ਹਾਂ ਦੇ ਜਿਵੇਂ ਚਰਿੱਤਰ ਕੀਤੇ ਹਨ, ਸਾਰਿਆਂ ਨੂੰ ਸੁਣ ਕੇ ਉਨ੍ਹਾਂ ਦਾ ਜੋ ਸਾਰ ਹੈ ਉਸ ਨੂੰ ਪਛਾਣ ਲਵੇਗਾ। ਉਹ ਗੁਰਸਿੱਖ ਆਪਣੇ ਲਈ ਪੁੰਨ ਉਪਜਾ ਕੇ, ਆਪਣੇ ਸਾਰੇ ਪਾਪਾਂ ਦਾ ਨਾਸ਼ ਕਰ ਲਵੇਗਾ॥੩੮॥

**ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਜ। ਪਠਹਿ ਸੁਨਹਿ ਅਬਿ ਕਿਧੌਂ ਭਵਿੱਖਜ।**
**ਨਹਿਂ ਦੂਖਨ ਕੁਛ ਰਿਦੇ ਬਿਚਾਰੋ। ਪਾਵਨ ਗੁਨ ਗਨ ਕੋ ਮਨ ਧਾਰੋ॥੩੯॥**

ਜਿਹੜਾ ਵੀ ਪ੍ਰੇਮੀ ਸਿੱਖ ਚਿੱਤ ਵਿਚ ਬੜੀ ਚਾਹਤ ਪੈਦਾ ਕਰਕੇ ਹੁਣ ਜਾਂ ਭਵਿੱਖ ਵਿਚ ਇਸ ਗ੍ਰੰਥ ਨੂੰ ਪੜ੍ਹੇ ਜਾਂ ਸੁਣੇਗਾ, ਉਸ ਅੱਗੇ ਮੇਰੀ ਬੇਨਤੀ ਹੈ ਕਿ ਉਹ ਮੇਰੇ ਦੋਸ਼ਾਂ ਨੂੰ ਕੁਝ ਵੀ ਹਿਰਦੇ ਵਿਚ ਨਾ ਵੀਚਾਰੇ ਤੇ ਕੇਵਲ ਗੁਣਾਂ ਦੇ ਸਮੂਹ ਨੂੰ ਹੀ ਮਨ ਵਿਚ ਧਾਰਨ ਕਰੇ॥੩੯॥

*ਪਹਿਲੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

☆☆☆

# ਅਧਿਆਇ ਦੂਸਰਾ

*ਸੀਸ ਕੀਰਤਪੁਰ ਲਿਆਉਣਾ*

ਦੋਹਰਾ- ਦਿੱਲੀ ਤੇ ਸਿਖ ਪ੍ਰਥਮ ਜੋ ਗਮਨਜੋ ਆਇਸੁ ਲੇਯ।
ਤੇਗ ਬਹਾਦਰ ਸਤਿਗੁਰੂ ਪਠਜੋ ਭੇਟ ਕੋ ਦੇਯ॥ ੧॥

ਜਿਹੜਾ ਸਿੱਖ ਗੁਰੂ ਜੀ ਤੋਂ ਆਗਿਆ ਲੈ ਕੇ ਦਿੱਲੀ ਤੋਂ ਪਹਿਲਾਂ ਚਲਿਆ ਸੀ ਤੇ ਉਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਭੇਟ ਦੇ ਕੇ ਭੇਜਿਆ ਸੀ॥੧॥

*ਸੈਯਾ ਛੰਦ-* ਪੈਸੇ ਪੰਚਹੁੰ ਸ੍ਰੀ ਫਲ ਸੁੰਦਰ ਗੁਰਤਾ ਅਰਪਨਿ ਕੀ ਬਿਧਿ ਜੋਇ।
ਲੇਕਰਿ ਪੰਥ ਬਿਖੈ ਪ੍ਰਸਥਾਨਜੋ, ਥਿਰਜੋ ਨ ਕਿਸ ਥਲ, ਥਕਤਿ ਨ ਸੋਇ।
ਗੁਰ ਆਗਜਾ ਸਜੰਦਨ ਅਸਵਾਰੀ, ਚਿਤ ਉਤਸਾਹ ਸੂਤ ਤਬਿ ਹੋਇ।
ਪਹੁੰਚਜੋ ਆਨਿ ਅਨੰਦਪੁਰਿ ਸੋ ਸਿਖ 'ਕੁਸ਼ਲ' ਕਹਤਿ, ਬੂਝਹਿ ਨਰ ਕੋਇ॥੨॥

ਜਿਸ ਨੂੰ ਗੁਰੂ ਜੀ ਨੇ ਪੰਜ ਪੈਸੇ, ਨਾਰੀਅਲ ਦੇ ਕੇ ਸੁੰਦਰ ਗੁਰਤਾ ਜਿਸ ਵਿਧੀ ਨਾਲ ਅਰਪਣ ਕੀਤੀ ਸੀ। ਉਹ ਸਿੱਖ ਸਭ ਵਸਤਾਂ ਲੈ ਕੇ ਮਾਰਗ ਵਿਚ ਚਲ ਪਿਆ। ਉਹ ਰਾਹ ਵਿਚ ਕਿਤੇ ਨਾ ਰੁਕਿਆ ਤੇ ਨਾ ਹੀ ਉਸ ਨੂੰ ਥਕਾਵਟ ਹੋਈ। ਮਾਨੋ ਗੁਰੂ ਜੀ ਦੀ ਆਗਿਆ ਰੱਥ ਦੀ ਸਵਾਰੀ ਹੋ ਗਈ ਸੀ ਤੇ ਸਿੱਖ ਦੇ ਚਿੱਤ ਦਾ ਜੋ ਉਤਸ਼ਾਹ ਸੀ ਉਹ ਰਥਵਾਹੀ ਹੋ ਗਿਆ ਸੀ। ਉਹ ਸਿੱਖ ਅਨੰਦਪੁਰ ਵਿਚ ਆ ਪਹੁੰਚਿਆ ਜੇ ਕੋਈ ਮਨੁੱਖ ਸੁੱਖ ਸਾਂਦ ਪੁੱਛਦਾ ਸੀ ਤਾਂ ਅਗੋਂ ਕੁਸ਼ਲ ਅਨੰਦ ਕਹਿੰਦਾ ਸੀ॥੨॥

ਸਵਾ ਪਹਿਰ ਦਿਨ ਆਯੋ ਤਿਸ ਛਿਨ, ਬੈਠੇ ਸ੍ਰੀ ਗੋਬਿੰਦ ਸਿੰਘ ਰਾਇ।
ਜਗਤ ਸਮਸਤ ਜੁ ਬਰਤਹਿ ਨਿਤਪ੍ਰਤਿ ਸੋ ਸਭਿ ਚਿਤ ਮਹਿਂ ਬਿਦਤਹਿ ਆਇ।
ਕਿਤਿਕ ਮਸੰਦ ਬਿਲੰਦ ਚਿੰਤ ਜੁਤਿ, ਚਹੁੰਦਿਸਿ ਮਹਿਂ ਤਿਮ ਸਿਖ ਸਮੁਦਾਇ।
ਕੇਚਿਤ ਰਹਤਿ ਸਮੀਪ ਕਦੀਮੀ, ਕੇਚਿਤ ਨਏ ਦਰਸ ਹਿਤ ਆਇਂ॥ ੩॥

ਉਸ ਸਮੇਂ ਸਵਾ ਪਹਿਰ ਦਿਨ ਚੜ੍ਹਿਆ ਸੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜ ਰਹੇ ਸਨ। ਜਗਤ ਵਿਚ ਜੋ ਕੁਝ ਵੀ ਨਿਤਪ੍ਰਤੀ ਵਾਪਰਦਾ ਹੈ, ਉਹ ਸਭ ਕੁਝ ਉਨ੍ਹਾਂ ਦੇ ਚਿੱਤ ਵਿਚ ਪ੍ਰਗਟ ਹੋ ਜਾਂਦਾ ਸੀ। ਕਈ ਮਸੰਦ ਬਹੁਤ ਚਿੰਤਾ ਸਹਿਤ ਸਨ, ਚਾਰੇ ਪਾਸੇ ਉਸ ਤਰ੍ਹਾਂ ਸਾਰੇ ਸਿੱਖ ਉਦਾਸ ਸਨ। ਕਈ ਮੁੱਢ ਤੋਂ ਹੀ ਗੁਰੂ ਜੀ ਦੇ ਪਾਸ ਰਹਿ ਰਹੇ ਸਨ, ਕਈ ਦਰਸ਼ਨਾਂ ਵਾਸਤੇ ਨਵੇਂ ਆਏ ਸਨ॥੩॥

ਸ਼ੀਘ੍ਰ ਕਰਤਿ ਸਿਖ ਪਹੁੰਚਜੋ ਤਤਛਿਨ, ਦੇਖਿ ਉਠੇ ਸਤਿਗੁਰ ਅਗਵਾਇ।
ਗੁਰਤਾ ਪਹੁੰਚੀ ਲਖੀ, ਨਮੋ ਕਰਿ, ਪੁਨ ਬੈਠੇ ਸਿੰਘਾਸਨ ਆਇ।
ਧਰਿ ਪੈਸੇ ਆਗੇ ਸਭਿ ਦੇਖਤਿ, ਲੇ ਸ੍ਰੀਫਲ ਝੋਰੀ ਮਹਿਂ ਪਾਇ।
ਹਾਥ ਬੰਦਿ ਬੰਦਨ ਸਿਖ ਕੀਨਸਿ ਪਦ ਅਰਬਿੰਦਨਿ ਸੀਸ ਟਿਕਾਇ॥੪॥

ਬੜੀ ਕਾਹਲੀ ਕਰਦਾ ਸਿੱਖ ਤੁਰਤ ਪਹੁੰਚ ਗਿਆ ਤੇ ਸਤਿਗੁਰੂ ਜੀ ਵੇਖ ਕੇ ਉੱਠ ਕੇ ਉਸ ਨੂੰ ਲੈਣ ਆਏ। ਉਨ੍ਹਾਂ ਨੇ ਗੁਰਤਾ ਪਹੁੰਚੀ ਵੇਖੀ, ਫਿਰ ਗੁਰਤਾ ਨੂੰ ਨਮਸਕਾਰ ਕਰਕੇ ਆਪਣੇ ਸਿੰਘਾਸਣ ਤੇ ਬੈਠ ਗਏ। ਉਸ ਸਿੱਖ ਨੇ ਸਾਰਿਆਂ ਦੇ

ਵੇਖਦਿਆਂ ਅੱਗੇ ਪੈਸੇ ਧਰ ਦਿੱਤੇ ਤੇ ਗੁਰੂ ਜੀ ਨੇ ਨਾਰੀਅਲ ਲੈ ਕੇ ਝੋਲੀ ਵਿਚ ਪਾ ਲਿਆ। ਹੱਥ ਜੋੜ ਕੇ ਸਿੱਖ ਨੇ ਬੰਦਨਾ ਕੀਤੀ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਟਿਕਾਇਆ॥੪॥

ਪੁਨ ਸਿਖ ਨੇ ਸਿਖ ਸਭਾ ਸਰਬ ਕੋ ਨਮੋ ਕਰੀ ਚਹੁੰਦਿਸ਼ਿ ਮੁਖ ਫੇਰਿ।
ਆਇਸੁ ਲੇ ਸਤਿਗੁਰ ਕੀ ਬੈਠਯੋ ਸਨਮੁਖ ਸੁੰਦਰ ਦਰਸ਼ਨ ਹੇਰਿ।
ਸੁਧਿ ਬੂਝੀ, ਸਭਿ ਲਗਯੋ ਸੁਨਾਵਨਿ 'ਤੁਰਕੇਸ਼੍ਵਰ ਕੇ ਖੋਟ ਬਡੇਰ।
ਕਰਤਿ ਕਠਿਨਤਾ ਅਨਿਕ ਭਾਂਤਿ ਕੀ, ਨਹਿਂ ਕੁਛ ਜਾਨਹਿਂ ਪ੍ਰਭੁ ਦਲੇਰ॥੫॥

ਫਿਰ ਸਿੱਖ ਨੇ ਮੂੰਹ ਫੇਰ ਕੇ ਚਾਰੇ ਪਾਸੇ ਵੇਖ ਕੇ ਸਿੱਖ ਸੰਗਤ ਨੂੰ ਨਮਸਕਾਰ ਕੀਤੀ। ਫਿਰ ਸਤਿਗੁਰੂ ਜੀ ਦੀ ਆਗਿਆ ਲੈ ਕੇ ਬੈਠ ਗਿਆ। ਸਾਹਮਣੇ ਗੁਰੂ ਜੀ ਦੇ ਸੁੰਦਰ ਦਰਸ਼ਨ ਹੋ ਰਹੇ ਸਨ। ਗੁਰੂ ਜੀ ਨੇ ਜਦ ਉਸ ਨੂੰ ਖ਼ਬਰ ਸਾਰ ਪੁੱਛੀ ਤਾਂ ਸਾਰੀ ਗੱਲ ਸੁਣਾਉਣ ਲੱਗ ਗਿਆ, "ਤੁਰਕ ਬਾਦਸ਼ਾਹ ਨੇ ਵੱਡੀ ਖੋਟ ਧਾਰਨ ਕੀਤੀ ਹੈ। ਗੁਰੂ ਜੀ ਨੂੰ ਅਨੇਕ ਪ੍ਰਕਾਰ ਕਸ਼ਟ ਦੇ ਰਿਹਾ ਹੈ ਪਰ ਦਲੇਰ ਗੁਰੂ ਜੀ ਉਨ੍ਹਾਂ ਕਸ਼ਟਾਂ ਦੀ ਪ੍ਰਵਾਹ ਨਹੀਂ ਕਰਦੇ ਹਨ॥੫॥

ਬਦਨ ਪ੍ਰਫੁੱਲਜਤਿ ਇਕ ਸਮ ਨਿਤ ਰਹਿ ਜਥਾ ਪ੍ਰਭਾਤਿ ਖਿਰਹਿਂ ਅਰਬਿੰਦ।
ਪਠਹਿ ਨੁਰੰਗਾ ਕੁਮਤਿ ਮੁਲਾਨੇ ਜੇ ਸਜਾਨੇ ਉਮਰਾਵ ਬਿਲੰਦ।
ਕਰਾਮਾਤ ਕੁਛ ਕਰਹੁ ਦਿਖਾਵਨਿ ਕੈ ਤਜਿ ਦੇਹੁ ਧਰਮ ਜੋ ਹਿੰਦੁ।
ਸਰਬ ਸ਼ਿਰੋਮਨ ਸ਼ਰ੍ਹਾ ਜਿ ਆਵਹੁ ਵਧੈ ਦੀਨ ਤੌ ਮਾਨਹਿਂ ਬ੍ਰਿੰਦ॥੬॥

ਮੁਖੜਾ ਇਕ ਸਮਾਨ ਸਦਾ ਖਿੜਿਆ ਰਹਿੰਦਾ ਹੈ, ਜਿਵੇਂ ਸਵੇਰ ਵੇਲੇ ਕੰਵਲ ਦਾ ਫੁੱਲ ਖਿੜਦਾ ਹੈ। ਨੌਰੰਗਾ ਮਾੜੀ ਮੱਤ ਵਾਲਾ ਮੁਲਾਣਿਆਂ ਨੂੰ ਭੇਜਦਾ ਹੈ ਤੇ ਜਿਹੜੇ ਕੁਝ ਸਮਝਦਾਰ ਉਮਰਾਵ ਹਨ, ਉਹ ਵੀ ਆਉਂਦੇ ਹਨ। ਉਹ ਗੁਰੂ ਜੀ ਨੂੰ ਆ ਕੇ ਕਹਿੰਦੇ ਹਨ ਕੋਈ ਕਰਾਮਾਤ ਵਿਖਾਓ ਜਾਂ ਆਪਣੇ ਹਿੰਦੂ ਧਰਮ ਨੂੰ ਛੱਡ ਦੇਵੋ। ਜੇ ਸਰਬ ਸ਼ਿਰੋਮਣੀ ਸ਼ਰ੍ਹਾ ਵਿਚ ਆ ਜਾਵੋਗੇ ਤਾਂ ਦੀਨ ਬਹੁਤ ਵਧੇਗਾ ਤੇ ਬਹੁਤ ਲੋਕ ਤੁਹਾਨੂੰ ਮੰਨਣਗੇ॥੬॥

ਦ੍ਵਿਜ ਕਸ਼ਮੀਰੀ ਆਦਿ ਜਿਤਿਕ ਜਗ ਤੁਮਰੀ ਦਿਸ਼ਿ ਦੇਖਤਿ ਸਭਿ ਕੋਇ।
ਫੇਰ ਨ ਫੇਰਹਿਂ ਕਿਸੂ ਦੇਸ਼ ਮਹਿਂ, ਮਾਨਹਿਂ ਕਹਯੋ, ਤੁਰਕ ਜਗ ਹੋਇ।
ਇਮ ਚਿਤ ਚਹਤਿ ਨ ਜੇ ਅਤਿ ਰੁਚਿ ਕਰਿ, ਅਜ਼ਮਤ ਕਰਹੁ ਸ਼ਾਹੁ ਕਹਿ ਜੋਇ।
ਰਾਮਰਾਇ ਬਹੁ ਕਰੀ ਅਧਿਕ ਹੀ ਜਿਮ ਭਾਖੀ ਦਿਖਰਾਵਤਿ ਸੋਇ॥੭॥

ਜਿਹੜੇ ਕਸ਼ਮੀਰੀ ਬ੍ਰਾਹਮਣ ਆਦਿ ਜਗ ਵਿਚ ਹਨ, ਉਹ ਸਾਰੇ ਤੁਹਾਡੇ ਵੱਲ ਵੇਖ ਰਹੇ ਹਨ। ਫਿਰ ਕਿਸੇ ਦੇਸ਼ ਵਿਚ ਕੋਈ ਤੁਹਾਡੇ ਹੁਕਮ ਨੂੰ ਨਹੀਂ ਮੋੜੇਗਾ, ਸਾਰੇ ਤੁਹਾਡਾ ਕਿਹਾ ਮੰਨਣਗੇ ਤੇ ਸਾਰਾ ਜਗ ਮੁਸਲਮਾਨ ਹੋ ਜਾਵੇਗਾ। ਜੇ ਚਿੱਤ ਵਿਚ ਇਸ ਤਰ੍ਹਾਂ ਕਰਨਾ ਨਹੀਂ ਚਾਹੁੰਦੇ ਹੋ ਤਾਂ ਉਹ ਕਰਾਮਾਤ ਵਿਖਾਓ, ਜਿਹੜੀ ਬਾਦਸ਼ਾਹ ਕਹੇ। ਸ੍ਰੀ ਰਾਮਰਾਇ ਨੇ ਬਹੁਤ ਕਰਾਮਾਤਾਂ ਕੀਤੀਆਂ ਸਨ ਤੇ ਜਿਵੇਂ ਬਾਦਸ਼ਾਹ ਕਹਿੰਦਾ ਸੀ, ਉਸ ਤਰ੍ਹਾਂ ਹੀ ਕਰਾਮਾਤ ਕਰ ਦਿੰਦਾ ਸੀ॥੭॥

ਦਰਬ ਬ੍ਰਿੰਦ ਹਜ਼ਰਤ ਨੇ ਦੀਨਸਿ ਬਡ ਮਰਾਤਬਾ ਪਾਯੋ ਤਾਂਹਿ।
ਜਿਤ ਕਿਤ ਤੇ ਸਭਿ ਸੰਗਤਿ ਹੋਈ ਵਧਯੋ ਸਮਾਜ ਸੁਜਸ ਜਗ ਮਾਂਹਿ।
ਬਸਹੁ ਸ਼ਾਹ ਕੇ ਦੇਸ਼ਨਿ ਮਹਿਂ ਤੁਮ, ਪੁਜਵਾਵਹੁ ਜਿਤ ਦਿਸ਼ਿ ਚਲਿ ਜਾਹਿਂ।
ਕਯੋਂਕਰਿ ਕਹਯੋ ਨ ਮਾਨਹਿਂ ਤਿਸ ਕੋ ਦਿਹੁ ਅਜ਼ਮਤ ਨਹਿਂ ਕੀਜਹਿ ਨਾਂਹਿ॥੮॥

ਬਾਦਸ਼ਾਹ ਉਸ ਨੂੰ ਬਹੁਤ ਧਨ ਦਿੰਦਾ ਸੀ ਤੇ ਉਸ ਨੇ ਬਾਦਸ਼ਾਹ ਦੇ ਦਰਬਾਰ ਵਿਚ ਵੱਡਾ ਮਰਾਤਬਾ ਪਾਇਆ ਸੀ।

ਜਿੱਥੇ ਕਿੱਥੇ ਉਸ ਦੀ ਸੰਗਤ ਵਧੀ ਸੀ ਤੇ ਉਸ ਪਾਸ ਸ੍ਰੇਸ਼ਟ ਜੱਸ ਤੇ ਸਾਜ਼ੋ- ਸਾਮਾਨ ਬਹੁਤ ਵਧਿਆ ਸੀ। ਤੁਸੀਂ ਬਾਦਸ਼ਾਹ ਦੇ ਦੇਸ਼ ਵਿਚ ਵਸੋ ਤੇ ਜਿਸ ਪਾਸੇ ਵੀ ਤੁਸੀਂ ਚਲ ਕੇ ਜਾਵੋਗੇ ਤੁਹਾਡੀ ਪੂਜਾ ਹੋਵੇਗੀ। ਬਾਦਸ਼ਾਹ ਦਾ ਕਿਹਾ ਕਿਉਂ ਨਹੀਂ ਮੰਨਦੇ ਹੋ, ਉਸ ਨੂੰ ਕਰਾਮਾਤ ਵਿਖਾਓ ਤੇ ਨਾਂਹ ਨਾ ਕਰੋ॥੮॥

ਗੁਰੂ ਕਹਜੋ ਮੂਰਖ ਚਵਗੱਤਾ ਦੁਸ਼ਟ ਕੁਪੱਤਾ ਮੱਤਾ ਮੰਦ।
ਦੁਰਮਤਿ ਰੱਤਾ; ਹੁਇ ਬਿਨ ਸੱਤਾ ਹੁੱਤਾ ਤੁਰਕਨ ਤੇਜ ਬਿਲੰਦ।
ਝਖ ਮਾਰਤਿ ਤੱਤਾ, ਹੁਇ ਕਰਿ ਮੱਤਾ, ਬਨਹਿ ਉਵੱਤਾ ਘੱਤਾ ਦੂੰਦ।
ਗੁਰ ਬਰ ਦਿੱਤਾ, ਬਾਬਰ ਲਿੱਤਾ, ਇਹ ਖੋਵੈ ਤਿਸ ਨੱਤਾਨੰਦ॥ ੯॥

ਗੁਰੂ ਜੀ ਨੇ ਕਿਹਾ, "ਮੂਰਖ ਨੌਰੰਗਾ ਦੁਸ਼ਟ, ਕੁਪੱਤਾ ਅਤੇ ਮਾੜੀ ਬੁੱਧੀ ਵਾਲਾ ਹੈ ਨੀਚਤਾ ਵਿਚ ਮਸਤਿਆ ਹੈ। ਉਹ ਭੈੜੀ ਮੱਤ ਵਿਚ ਰੰਗਿਆ ਹੈ। ਜਿਹੜਾ ਤੁਰਕ ਦਾ ਵੱਡਾ ਤੇਜ ਹੁੰਦਾ ਸੀ ਉਹ ਸੱਤਿਆ ਤੋਂ ਬਿਨਾਂ ਹੋ ਜਾਵੇਗਾ, ਭਾਵ ਉਸ ਦਾ ਰਾਜ ਖਤਮ ਹੋ ਜਾਵੇਗਾ। ਸੜਿਆ ਹੋਇਆ ਝਖ ਮਾਰਦਾ ਹੈ, ਮਸਤਿਆ ਹੋਇਆ ਹੈ, ਭੈੜਾ ਬਣ ਕੇ ਜਿਹੜਾ ਰੌਲਾ ਪਾਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਰ ਦਿੱਤਾ ਸੀ, ਬਾਬਰ ਨੇ ਲਿਆ ਸੀ, ਇਹ ਉਸਦੇ ਪੜਪੋਤਰੇ ਦਾ ਪੁੱਤਰ ਗਵਾ ਲਵੇਗਾ॥੯॥

ਕਰਾਮਾਤ ਕੋ ਕਹੈਂ ਕਹਿਰ ਜਨ ਦਰਵੇਸ਼ਨਿ ਕੋ ਐਸ ਨ ਕਾਜ।
ਨਾਟਕ ਚੇਟਕ ਕਰਿ ਦਿਖਰਾਵਨਿ ਪ੍ਰਭੁ ਲੋਕਨ ਕਹਿ ਆਵਤਿ ਲਾਜ।
ਅਧਿਕ ਧਰਮ ਧਨ ਧਰਹਿਂ, ਨ ਛੋਰਹਿਂ, ਨਿਜ ਨਿਜ ਪ੍ਰਿਯ ਸਭਿ ਕੋ ਸੁਖ ਸਾਜ।
ਈਸ਼੍ਵਰ ਕਰਹਿ, ਮੇਟ ਕੋ ਸਾਕਹਿ, ਹਠ ਜੋ ਕਰਹਿ ਮੂਢ ਮਤਿ ਪਾਜ॥ ੧੦॥

ਕਰਾਮਾਤ ਕਰਨ ਨੂੰ ਕਹਿੰਦਾ ਹੈ, ਫਕੀਰਾਂ ਵਾਸਤੇ ਕਰਾਮਾਤ ਕਹਿਰ ਦਾ ਨਾਮ ਹੈ, ਕੋਈ ਵੀ ਐਸਾ ਕਾਰਜ ਨਹੀਂ ਕਰਦੇ ਹਨ। ਨਾਟਕ ਚੇਟਕ ਕਰਕੇ ਵਿਖਾਉਣ ਨਾਲ ਪ੍ਰਭੂ ਦੇ ਲੋਕਾਂ ਨੂੰ ਲਾਜ ਆਉਂਦੀ ਹੈ। ਧਰਮ ਰੂਪੀ ਧਨ ਨੂੰ ਧਾਰਨ ਕਰਦੇ ਹਨ, ਛੱਡਦੇ ਨਹੀਂ ਹਨ। ਸਾਰਿਆਂ ਨੂੰ ਆਪਣਾ-ਆਪਣਾ ਧਰਮ ਪਿਆਰਾ ਹੈ ਤੇ ਸਾਰਿਆਂ ਨੂੰ ਸੁਖ ਦੇਣ ਵਾਲਾ ਹੈ। ਜੋ ਵੀ ਈਸ਼ਵਰ ਕਰਦਾ ਹੈ ਉਸ ਨੂੰ ਕੋਈ ਖਤਮ ਨਹੀਂ ਕਰ ਸਕਦਾ ਹੈ। ਜਿਹੜਾ ਹਠ ਕਰੇ ਉਹ ਮੂਰਖ ਮਾੜੀ ਮੱਤ ਵਾਲਾ ਪਾਜੀ ਹੈ॥੧੦॥

ਮ੍ਰਿਦੁਲ ਕਠਨ ਇੱਤਜਾਦਿਕ ਭਾਖੇ, ਸੁਨਿ ਕਰਿ ਦੁਖਹਿ ਅਧਿਕ ਉਰ ਮਾਂਹਿ।
ਪੁਨ ਗੁਰ ਮੋ ਕਹੁ ਕੀਨਿ ਅਵਾਹਨ ਜਮਾਦਾਰ ਕਾਰਾਗ੍ਰਿਹ ਤਾਂਹਿ।
ਸੋ ਗੁਰ ਸੇਵਕ ਹੁਇ ਅਨਕੂਲੀ, ਪਠਹੁ ਜੁ ਸਿੱਖ ਮਿਲਾਵਹਿ ਵਾਹਿ।
ਬੰਦਹਿ ਚਰਨ ਕਮਲ ਸ਼ਰਧਾਊ, ਮੁਝ ਲੇ ਗਯੋ ਪ੍ਰਭੂ ਕੇ ਪਾਹਿ॥ ੧੧॥

ਮਿੱਠੇ-ਕਠੋਰ ਇਸ ਤਰ੍ਹਾਂ ਦੇ ਬਚਨ ਕੀਤੇ, ਸੁਣ ਕੇ ਹਿਰਦੇ ਵਿਚ ਬਹੁਤ ਦੁਖੀ ਹੋਏ। ਫਿਰ ਗੁਰੂ ਜੀ ਨੇ ਮੈਨੂੰ ਜੇਲ੍ਹ ਦੇ ਦਰੋਗੇ ਰਾਹੀਂ ਬੁਲਾਇਆ। ਉਹ ਦਰੋਗਾ ਗੁਰੂ ਜੀ ਦਾ ਸੇਵਕ ਬਣ ਕੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹੈ। ਜਿਹੜਾ ਵੀ ਸਿੱਖ ਭੇਜਦੇ ਹੋ, ਉਸਨੂੰ ਮਿਲਣ ਦਿੰਦਾ ਹੈ। ਸ਼ਰਧਾ ਨਾਲ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦਾ ਹੈ ਤੇ ਉਹ ਮੈਨੂੰ ਗੁਰੂ ਜੀ ਦੇ ਪਾਸ ਲੈ ਗਿਆ॥੧੧॥

ਗੁਰ ਬੋਲੇ 'ਹਮ ਅਲਪ ਆਰਬਲ ਇਕ ਦੁਇ ਦਿਨ ਕੀ ਨਿਸ਼ਚੈ ਜਾਨਿ।
ਜਗ ਗੁਰਤਾ ਕੋ ਲੇਕਰਿ ਗਮਨਹੁ, ਨਹਿਂ ਠਹਿਰਹੁ ਹ੍ਵੈ ਕੈ ਸਵਧਾਨ।
ਪਹੁੰਚਹੁ ਈਸ਼੍ਵਰ ਅੰਸਹਿ ਅਰਪਹੁ, ਵਧੈ ਪ੍ਰਤਾਪ ਜਹਾਨ ਮਹਾਨ।
ਬਿਨਾ ਕਾਨ ਤੁਰਕਾਨ ਪ੍ਰਹਾਨਹੁ, ਸੇਵਕਾਨਿ ਰੱਛਹੁ ਬਲ ਠਾਨਿ॥੧੨॥

ਗੁਰੂ ਜੀ ਨੇ ਕਿਹਾ, "ਸਾਡੀ ਹੁਣ ਥੋੜ੍ਹੀ ਉਮਰ ਰਹਿ ਗਈ ਹੈ, ਇਕ ਦੋ ਦਿਨ ਹੀ ਬਚੇ ਹਨ। ਜਗਤ ਦੀ ਗੁਰਤਾ ਨੂੰ ਲੈ ਕੇ ਜਾਵੋ ਤੇ ਸਾਵਧਾਨ ਹੋ ਕੇ ਰਾਹ ਵਿਚ ਕਿਸੇ ਥਾਂ ਵੀ ਨਾ ਰੁਕੋ। ਅਨੰਦਪੁਰ ਪਹੁੰਚ ਕੇ ਈਸ਼ਵਰ ਦੀ ਅੰਸ਼ ਭਾਵ ਗੁਰੂ ਗੋਬਿੰਦ ਸਿੰਘ ਨੂੰ ਅਰਪਣ ਕਰੋ। ਉਨ੍ਹਾਂ ਦਾ ਜਹਾਨ ਵਿਚ ਵੱਡਾ ਪ੍ਰਤਾਪ ਵਧੇਗਾ। ਕਿਸੇ ਡਰ ਤੋਂ ਬਗੈਰ ਤੁਰਕਾਂ ਦਾ ਨਾਸ਼ ਕਰੋ ਤੇ ਆਪਣੇ ਸੇਵਕਾਂ ਦੀ ਬਲ ਧਾਰ ਕੇ ਰੱਖਿਆ ਕਰੋ॥੧੨॥

ਲੇਕਰਿ ਗਮਨਜੋ, ਖਿਰਜੋ ਨ ਮਾਰਗ, ਗੁਰ ਬਲ ਤੇ ਪਹੁੰਚਜੋ ਪੁਰਿ ਆਇ।
ਸਭਾ ਸਹਿਤ ਕਲਗੀਧਰ ਸੁਨਿ ਕਰਿ ਗੁਰ ਸਿਮਰਨਿ ਕਰਿ ਉਰ ਮਹਿਂ ਲਜਾਇ।
ਬੰਦਿ ਹਾਥ ਬੰਦਨ ਕਰਿ ਪੁਨਂ ਪੁਨ ਅਲਖ ਗੁਰੂ ਗਤਿ ਲਖੀ ਨ ਜਾਇ।
ਮਾਤ ਨਾਨਕੀ ਜਹਿਂ ਸ੍ਰੀ ਗੁਜਰੀ ਪਹੁੰਚਿ ਸਿੱਖ ਕਰਿ ਨਮੋ ਸੁਨਾਇ॥ ੧੩॥

ਮੈਂ ਲੈ ਕੇ ਚਲ ਪਿਆ, ਰਾਹ ਵਿਚ ਕਿਤੇ ਵੀ ਖਲੋਤਾ ਨਹੀਂ ਹਾਂ, ਗੁਰੂ ਜੀ ਦੀ ਸ਼ਕਤੀ ਨਾਲ ਏਥੇ ਆ ਪਹੁੰਚਾ ਹਾਂ। ਸਭਾ ਸਹਿਤ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਕੇ ਆਪਣੇ ਹਿਰਦੇ ਵਿਚ ਲਿਆਏ, ਹੱਥ ਜੋੜ ਕੇ ਬੰਦਨਾ ਕੀਤੀ, ਅਲੱਖ ਗੁਰੂ ਜੀ ਦੀ ਗਤੀ ਸਮਝੀ ਨਹੀਂ ਸੀ ਜਾਂਦੀ। ਜਿੱਥੇ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਬੈਠੇ ਸਨ, ਸਿੱਖ ਨੇ ਉਨ੍ਹਾਂ ਨੂੰ ਨਮਸਕਾਰ ਕਰਕੇ ਸਾਰੀ ਵਾਰਤਾ ਸੁਣਾਈ॥੧੩॥

ਦੀਰਘ ਸ੍ਵਾਸ ਤਪਤ ਅਤਿ ਛੋਰਤਿ ਲੋਚਨ ਜਲ ਝਲਕਜੋ ਤਤਕਾਲ।
ਅਤਿ ਸਮਰਥ ਜਿਨ ਦਾਸਨ ਦਾਸਹਿ, ਸਹੀ ਅਵੱਗਜਾ ਇਤਿਕ ਬਿਸਾਲ।
ਚਹੈਂ ਕਰੈਂ ਬਿਨ ਬਿਲਮ ਸਰਬ ਕੁਛ, ਬਸਿ ਤੁਰਕੇਸ਼ੁਰ ਕੇ ਅਸ ਹਾਲ।
ਧੰਨ ਧੰਨ ਗੁਰ ਅਚਰਜ ਚਰਿਤ੍ਰਾ ਕਿਮ ਕੋ ਬਾਕ ਕਹੈ ਕਿਸ ਨਾਲ॥ ੧੪॥

ਦੋਵੇਂ ਮਾਤਾ ਜੀ ਲੰਮੇ-ਲੰਮੇ ਸਾਹ ਲੈਂਦੀਆਂ ਸਨ ਤੇ ਨੇਤਰਾਂ ਵਿਚੋਂ ਝੱਟ ਗਰਮ-ਗਰਮ ਜਲ ਵਹਿ ਤੁਰਿਆ। ਜਿਨ੍ਹਾਂ ਦੇ ਦਾਸਾਂ ਦੇ ਦਾਸ ਅਤੀ ਸਮਰੱਥ ਹਨ, ਉਨ੍ਹਾਂ ਨੇ ਏਨੀ ਵਿਸ਼ਾਲ ਅਵੱਗਿਆ ਬਰਦਾਸ਼ਤ ਕੀਤੀ ਹੈ। ਜੇ ਚਾਹੁਣ ਤਾਂ ਕਿਸੇ ਦੇਰ ਤੋਂ ਬਗੈਰ ਸਭ ਕੁਝ ਕਰ ਸਕਦੇ ਹਨ, ਬਾਦਸ਼ਾਹ ਦੇ ਐਸੀ ਹਾਲਤ ਵਿਚ ਵੱਸ ਪਏ ਹਨ। ਧੰਨ ਧੰਨ ਗੁਰੂ ਜੀ ਦੇ ਅਸਚਰਜ ਚਰਿੱਤਰ ਹਨ, ਕਿਵੇਂ ਕੋਈ ਕਿਸੇ ਨਾਲ ਬਚਨ ਕਰੇ॥੧੪॥

ਅਵਧ ਓਜ ਕੀ, ਅਵਧਿ ਧੀਰ ਕੀ, ਅਵਧਿ ਅਵੱਗਜਾ ਲਹੀ ਸਹਾਰ।
ਤੁਮ ਬਿਨ ਕਉਨ ਕਰੈ ਅਸ ਕਾਰਜ, ਹਿੰਦੂ ਧਰਮ ਕੋ ਧਰਿ ਕਰਿ ਭਾਰ।
ਕਰਹੁ ਸੁ ਭਲੀ ਤਰਕ ਕੋ ਕਿਮ ਕਰਿ, ਹਮ ਕੋ ਦਰਸ਼ਨ ਪਜਾਸ ਉਦਾਰ।
ਇਕ ਸਮ ਲੋਕ ਪ੍ਰਲੋਕ ਅਨੰਦਹੁ ਪ੍ਰਤਿਪਾਲਹੁ ਸਭਿ ਕੇ ਦਾਤਾਰ॥ ੧੫॥

ਬਲ ਦਾ ਭੰਡਾਰ ਹੋ ਕੇ, ਧੀਰਜ ਦੇ ਭੰਡਾਰ ਬਣੇ ਹਨ ਤੇ ਅਵੱਗਿਆ ਦਾ ਭੰਡਾਰ ਸਹਾਰ ਲਿਆ ਹੈ। ਤੁਹਾਡੇ ਬਗੈਰ ਐਸਾ ਕਾਰਜ ਕੌਣ ਕਰ ਸਕਦਾ ਹੈ, ਹਿੰਦੂ ਧਰਮ ਦਾ ਸਿਰ 'ਤੇ ਭਾਰ ਚੁਕਿਆ ਹੈ। ਤਰਕ ਕੋਈ ਕਿਵੇਂ ਕਰ ਸਕਦਾ ਹੈ, ਤੁਸੀਂ ਭਲੇ ਵਾਸਤੇ ਕਰ ਰਹੇ ਹੋ, ਸਾਨੂੰ ਦਰਸ਼ਨਾਂ ਦੀ ਵੱਡੀ ਪਿਆਸ ਹੈ। ਇਕ ਸਮਾਨ ਲੋਕ ਪਰਲੋਕ ਵਿਚ ਅਨੰਦ ਲੈਂਦੇ ਹੋ ਤੇ ਦਾਤਾਰ ਬਣ ਕੇ ਸਭ ਦੀ ਪਾਲਣਾ ਕਰਦੇ ਹੋ॥੧੫॥

ਮਾਤ ਨਾਨਕੀ ਰੁਦਤਿ ਬਿਲ੍ਰਾਪਤ ਜਥਾ ਸਸੁਰ ਮੇਰੈ ਗਤਿ ਕੀਨਿ।
ਅਜ਼ਮਤਿ ਨਹੀ ਜਨਾਵਨ ਕੀਨਸਿ, ਕਸ਼ਟ ਸਹਾਰੇ ਤਨ ਪਰ ਪੀਨ।
ਦੇ ਖੱਤ੍ਰੀ ਸਿਰ ਦੋਸ਼ ਘਨੇਰਾ ਰਾਵੀ ਤਟ ਸਰੀਰ ਤਜਿ ਦੀਨਿ।
ਤਥਾ ਪੁੱਤ੍ਰ ਕੋ ਧੀਰਜ ਹੇਰਾ ਸਕਲ ਕਲਾ ਸਮਰੱਥ ਪ੍ਰਬੀਨ॥ ੧੬॥

ਮਾਤਾ ਨਾਨਕੀ ਜੀ ਰੋਂਦੇ ਹੋਏ ਵਿਰਲਾਪ ਕਰਦੇ ਸਨ ਤੇ ਕਹਿੰਦੇ ਸਨ, ਜਿਵੇਂ ਮੇਰੇ ਸਹੁਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਕਰਾਮਾਤ ਨਹੀਂ ਸੀ ਕੀਤੀ ਤੇ ਆਪਣੇ ਸਰੀਰ ਉੱਤੇ ਸਾਰੇ ਕਸ਼ਟ ਬਰਦਾਸ਼ਤ ਕਰ ਲਏ ਸਨ। ਚੰਦੂ ਉੱਤੇ ਵੱਡਾ ਦੋਸ਼ ਮੜ ਕੇ ਰਾਵੀ ਦੇ ਕੰਢੇ ਜਾ ਕੇ ਸਰੀਰ ਛੱਡ ਦਿੱਤਾ ਸੀ। ਉਸ ਤਰ੍ਹਾਂ ਹੀ ਪੋਤਰੇ ਦਾ ਧੀਰਜ ਵੇਖਿਆ ਹੈ, ਨਿਪੁੰਨ ਗੁਰੂ ਜੀ ਸਰਬ ਕਲਾ ਸਮਰੱਥ ਹਨ॥੧੬॥

ਢਰਜੋ ਦੁਪਹਿਰਾ ਦੋਇ ਘਰੀ ਜਬਿ ਇਮਿ ਚਿੰਤਾ ਜੁਤਿ ਸ਼ੋਕ ਬਿਸਾਲ।
ਔਚਕ ਹੀ ਗੁਰ ਗੋਬਿੰਦ ਸਿੰਘ ਜੀ ਰੁਚਿਰ ਪ੍ਰਯੰਕ ਤਜਾਗਿ ਤਤਕਾਲ।
ਧਰ ਪਰ ਫਰਸ਼ ਕਰਜੋ ਤਹਿਂ ਬੈਠੇ ਤੂਸ਼ਨਿ ਠਾਨਿ ਪਿਖਹਿਂ ਸਿਖ ਜਾਲ।
ਜਨਨੀ ਨਿਕਟਿ ਗਈ ਸੁਧਿ ਜਬਿਹੂੰ ਸਾਸ ਨੁਖਾ ਦੁਖ ਲਹਜੋ ਕਰਾਲ॥੧੭॥

ਜਦ ਦੁਪਹਿਰ ਢਲ ਗਈ ਤਾਂ ਦੋ ਘੜੀਆਂ ਤਦ ਇਸ ਤਰ੍ਹਾਂ ਵਿਸ਼ਾਲ ਚਿੰਤਾ ਸਹਿਤ ਡੁੱਬੀਆਂ ਰਹੀਆਂ। ਅਚਾਨਕ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸੁੰਦਰ ਪਲੰਘ ਨੂੰ ਤੁਰਤ ਛੱਡ ਦਿੱਤਾ। ਧਰਤੀ 'ਤੇ ਗਲੀਚੇ ਵਿਛਾ ਕੇ ਫਰਸ਼ ਤਿਆਰ ਕੀਤਾ ਤੇ ਸਾਰੇ ਸਿੱਖਾਂ ਦੇ ਵੇਖਦਿਆਂ ਗੁਰੂ ਜੀ ਮੋਨ ਧਾਰ ਕੇ ਧਰਤੀ 'ਤੇ ਬੈਠ ਗਏ। ਜਦ ਇਹ ਖ਼ਬਰ ਗੁਰੂ ਜੀ ਦੇ ਮਾਤਾ ਜੀ ਪਾਸ ਪਹੁੰਚੀ ਤਾਂ ਨੂੰਹ ਸੱਸ ਨੇ ਵਿਕਰਾਲ ਦੁੱਖ ਪਾਇਆ॥੧੭॥

ਜਾਨੀ ਗਤਿ ਜਗ ਗੁਰੂ ਬਿਕੁੰਠਹਿ ਤਨ ਕੋ ਤਜਾਗਿ ਗਏ ਮਨ ਚੀਨ।
ਤਬਿ ਧਰਨੀ ਪਰ ਥਿਰ ਸੁਤ ਹੋਵਾ ਮਹਾਂ ਬਿਖਾਦ ਰਿਦੇ ਮਹਿਂ ਕੀਨਿ।
ਦਾਸੀ ਦਾਸ ਦੇਖਿ ਦੁਖ ਪ੍ਰਾਪਤਿ ਊਚੇ ਰੁਦਤਿ ਸ਼ੋਕ ਮਨ ਲੀਨ।
'ਮਹਾਂਰਾਜ ਹਮ ਕੌਨ ਸੰਭਾਰਹਿ ਆਪ ਅਲੰਬ ਦੁਨੀ ਅਰੁ ਦੀਨ'॥੧੮॥

ਇਹ ਗਤੀ ਜਾਣ ਲਈ ਕਿ ਜਗਤ ਗੁਰੂ ਜੀ ਸਰੀਰ ਨੂੰ ਛੱਡ ਕੇ ਬੈਕੁੰਠਾਂ ਵਿਚ ਚਲੇ ਗਏ ਹਨ, ਮਨ ਵਿਚ ਇਹ ਸਮਝ ਲਿਆ। ਜਦ ਪੁੱਤਰ ਧਰਤੀ ਦੇ ਉੱਤੇ ਬੈਠ ਗਿਆ ਤਾਂ ਹਿਰਦੇ ਵਿਚ ਬਹੁਤ ਦੁੱਖ ਮਨਾਇਆ। ਮਾਤਾ ਜੀ ਕਹਿਣ ਲੱਗੇ, "ਹੇ ਮਹਾਰਾਜ! ਸਾਨੂੰ ਕੌਣ ਸੰਭਾਲੇਗਾ, ਤੁਸੀਂ ਤਾਂ ਦੀਨ ਦੁਨੀਆਂ ਦੇ ਆਸਰਾ ਹੋ"॥੧੮॥

ਸ਼ੋਕ ਸ਼ਬਦ ਮਹਿਲਨਿ ਮਹਿਂ ਹੋਵਾ ਸੁਨਿ ਕਰਿ ਸਤਿਗੁਰ ਦਾਸ ਪਠਾਇ।
'ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ, ਸਿਮਰਹੁ ਗੁਨ ਪ੍ਰਭ ਕੇ ਸਮੁਦਾਇ।
ਸਦਾ ਅਨੰਦ ਏਕਰਸ ਜਾਨਹੁੰ, ਜਨਮ ਮਰਨ ਗੁਰ ਕੇ ਨਹਿਂ ਕਾਇ।
ਪਰਉਪਕਾਰ ਹੇਤੁ ਤਨ ਧਾਰਹਿਂ ਜਿਮ ਨਭ ਮਹਿਂ ਘਨ ਹੁਇ ਬਿਦਤਾਇ॥੧੯॥

ਵੱਡੇ ਦੁੱਖ ਦਾ ਸ਼ਬਦ ਮਹਿਲਾਂ ਵਿਚ ਹੋਇਆ, ਇਹ ਸੁਣ ਕੇ ਸਤਿਗੁਰੂ ਜੀ ਨੇ ਸੇਵਕਾਂ ਨੂੰ ਭੇਜਿਆ ਤੇ ਕਿਹਾ, "ਸਤਿਗੁਰੂ ਜੀ ਵਾਸਤੇ ਸ਼ੋਕ ਵਿਰਲਾਪ ਨਾ ਕਰੋ, ਪ੍ਰਭੂ ਜੀ ਦੇ ਗੁਣਾਂ ਦਾ ਸਿਮਰਨ ਕਰੋ। ਉਨ੍ਹਾਂ ਨੂੰ ਸਦਾ ਇਕ-ਰਸ ਅਨੰਦ ਰੂਪ ਜਾਣੋ, ਗੁਰੂ ਸਾਹਿਬਾਨ ਦਾ ਜਨਮ-ਮਰਨ ਨਹੀਂ ਹੁੰਦਾ ਹੈ। ਉਹ ਕੇਵਲ ਪਰਉਪਕਾਰ ਵਾਸਤੇ ਸਰੀਰ ਧਾਰਨ ਕਰਦੇ ਹਨ, ਜਿਵੇਂ ਅਕਾਸ਼ ਵਿਚ ਬਦਲ ਪ੍ਰਗਟ ਹੁੰਦੇ ਹਨ॥੧੯॥

ਕਰਿ ਬਰਖਾ ਸੁਖ ਦੇ ਕਰਿ ਜਗ ਕੋ, ਪੁਨ ਅਕਾਸ਼ ਮਹਿਂ ਲੈ ਹੁਇ ਜਾਇ।
ਤਿਮ ਤਨ ਗੁਰ ਸੁਤੰਤ੍ਰ ਹੁਇ ਧਾਰਹਿਂ ਸਿਖ ਸੇਵਕ ਕੇ ਬਨਹਿਂ ਸਹਾਇ।
ਗਜਾਨ ਭਗਤਿ ਉਪਦੇਸ਼ਨਿ ਕਰਿ ਕੈ ਸ਼ੁਭ ਮਾਰਗ ਮਹਿਂ ਜਗਤ ਲਗਾਇ।
ਪੁਨ ਸੁਛੰਦ ਪਰਲੋਕ ਸਿਧਾਰਹਿਂ ਤਿਨ ਕਾਰਨ ਕਿਮ ਸ਼ੋਕ ਉਪਾਇ?॥੨੦॥

ਬੱਦਲ ਵਰਖਾ ਕਰਕੇ ਜਗ ਨੂੰ ਸੁਖ ਦੇ ਕੇ ਫਿਰ ਅਕਾਸ਼ ਵਿਚ ਲੀਨ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰੂ ਜੀ ਸਵਤੰਤਰ ਰੂਪ ਵਿਚ ਸਰੀਰ ਧਾਰਨ ਕਰਦੇ ਹਨ ਤੇ ਆਪਣੇ ਸਿੱਖਾਂ ਸੇਵਕਾਂ ਦੀ ਸਹਾਇਤਾ ਕਰਦੇ ਹਨ। ਗਿਆਨ ਤੇ ਭਗਤੀ ਦਾ ਉਪਦੇਸ਼ ਕਰਕੇ ਜਗਤ ਨੂੰ ਸ਼ੁਭ ਮਾਰਗ ਵਿਚ ਲਾਉਂਦੇ ਹਨ ਤੇ ਫਿਰ ਆਪਣੀ ਮਰਜ਼ੀ ਨਾਲ ਪਰਲੋਕ ਚਲੇ ਜਾਂਦੇ ਹਨ। ਅਜਿਹੇ ਗੁਰੂ ਜੀ ਵਾਸਤੇ ਫਿਰ ਕੋਈ ਕਿਉਂ ਦੁਖ ਪਾਏ ?॥੨੦॥

ਨਾਮ ਉਚਾਰਹੁ, ਜਨਮ ਸੁਧਾਰਹੁ, ਕਸ਼ਟ ਨ ਧਾਰਹੁ ਜਨ ਸਮੁਦਾਇ'।
ਸੁਨਿ ਕੈ ਬਾਕ ਹਟੇ ਸਭਿ ਰੋਦਤਿ ਹੁਇ ਤੁਸ਼ਨਿ ਗੁਰ ਗਜਾਨ ਧਰਾਇ।
ਜੁਗ ਅਸਵਾਰ ਪਠਾਵਨਿ ਕੀਨੇ 'ਆਵਹਿ ਸਿੱਖ ਮਿਲੌ ਅਗਵਾਇ।
ਜਾਹੁ ਪਲਾਵਤਿ, ਪੁਨ ਹਟਿ ਆਵੈਂ, ਦੀਜੈ ਸੁਧਿ ਤਿਸ ਤੇ ਸੁਨ ਪਾਇ' ॥੨੧॥

'ਉਨ੍ਹਾਂ ਦੇ ਨਾਮ ਦਾ ਉਚਾਰਨ ਕਰਕੇ ਆਪਣੇ ਜਨਮ ਨੂੰ ਸੁਧਾਰੋ, ਸਾਰੇ ਲੋਕ ਕਿਸੇ ਪ੍ਰਕਾਰ ਦਾ ਕਸ਼ਟ ਨਾ ਧਾਰਨ ਕਰੋ। ਇਹ ਸੁਣ ਕੇ ਸਾਰੇ ਰੋਣ ਤੋਂ ਚੁੱਪ ਹੋ ਗਏ ਤੇ ਖਾਮੋਸ਼ ਰਹਿ ਕੇ ਗੁਰੂ ਜੀ ਦਾ ਗਿਆਨ ਧਾਰਨ ਕਰਦੇ ਸਨ। ਦੋ ਘੋੜ-ਸਵਾਰਾਂ ਨੂੰ ਭੇਜਿਆ ਤੇ ਉਨ੍ਹਾਂ ਨੂੰ ਕਿਹਾ, "ਦਿੱਲੀ ਤੋਂ ਇਕ ਸਿੱਖ ਆਵੇਗਾ, ਉਸ ਨੂੰ ਅੱਗੇ ਜਾ ਕੇ ਮਿਲੋ। ਘੋੜੇ ਦੌੜਾਈ ਜਾਵੋ, ਫਿਰ ਵਾਪਸ ਆ ਜਾਵੋ, ਉਸ ਸਿੱਖ ਪਾਸੋਂ ਸਾਰੀ ਗੱਲ ਸੁਣ ਕੇ ਖ਼ਬਰ ਦੇਵੋ" ॥੨੧॥

ਦਈ ਨਿਹਾਰੀ ਹਯਨਿ ਅਰੂਢੇ ਦਿੱਲੀ ਪੁਰਿ ਕੇ ਮਾਰਗ ਚਾਲਿ।
ਨਿਸ ਬਾਸੁਰ ਗਮਨੇ ਇਕ ਸਮ ਹੀ, ਦੇਖਤਿ ਨਰ ਹਿਤ ਸਿੱਖ ਸਮਾਲ।
ਕੇਤਿਕ ਮੰਜ਼ਲ ਗਏ ਅਵਲੋਕਯੋ, ਗੁਰ ਸਿਰ ਬਸਤ੍ਰ ਲਪੇਟੇ ਜਾਲ।
ਅਪਨੇ ਸੀਸ ਉਠਾਵਨ ਕੀਨਸਿ ਇਤ ਉਤ ਪਿਖਤਿ ਸਤ੍ਰਾਸ ਬਿਸਾਲ ॥੨੨॥

ਘੋੜੇ ਨੂੰ ਨਿਹਾਰੀ ਚਾਰ ਕੇ ਸਵਾਰ ਹੋ ਗਏ ਤੇ ਦਿੱਲੀ ਦੇ ਰਸਤੇ ਵਲ ਚਲ ਪਏ। ਦਿਨ ਰਾਤ ਇਕ ਸਮਾਨ ਚਲਦੇ ਸਨ ਤੇ ਸਿੱਖ ਦੀ ਪਹਿਚਾਣ ਵਾਸਤੇ ਦੂਸਰੇ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਵੇਖਦੇ ਸਨ। ਜਦ ਕੁਝ ਪੈਂਡਾ ਚਲ ਕੇ ਗਏ ਤਾਂ ਵੇਖਿਆ ਤਾਂ ਇਕ ਸਿੱਖ ਬਹੁਤ ਵਸਤਰਾਂ ਵਿਚ ਗੁਰੂ ਜੀ ਦੇ ਸੀਸ ਨੂੰ ਲਿਆ ਰਿਹਾ ਸੀ। ਉਸ ਨੇ ਗੁਰੂ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖਿਆ ਸੀ ਤੇ ਏਧਰ ਉਧਰ ਵੇਖਦਾ ਬਹੁਤ ਡਰਿਆ ਹੋਇਆ ਆ ਰਿਹਾ ਸੀ ॥੨੨॥

ਕੀਨਿ ਚਿਨਾਰਿ, ਮਿਲੇ ਕਰਿ ਬੰਦਨ 'ਕਹੁ ਸੁਧਿ ਗੁਰ ਕੀ ਜਥਾ ਬ੍ਰਿਤਾਂਤ'।
ਸੁਨਿ ਤਿਨ ਭਨੀ, 'ਮੋਹਿ ਢਿਗ ਗੁਰ ਸਿਰ, ਚਹੌਂ ਅਨੰਦ ਪੁਰਿ ਲੇ ਕਰਿ ਜਾਤਿ।
ਤੁਮ ਕਿਤ ਜਾਹੁ, ਹਟਹੁ ਅਬਿ ਪਾਛੇ ਬੀਤੀ ਤਿਮ, ਚਹਿੰ ਗੁਰ ਜਿਸ ਭਾਂਤਿ।
ਗਮਨਹੁ ਤੂਰਨ, ਦੇਹੁ ਸਦਨ ਸੁਧਿ, ਪੁਨ ਮੈਂ ਭਨਹੁਂ ਆਇ ਸਭਿ ਬਾਤ ॥੨੩॥

ਸਿੱਖ ਦੀ ਪਛਾਣ ਕੀਤੀ ਤੇ ਬੰਦਨਾਂ ਕਰਕੇ ਉਸਨੂੰ ਮਿਲੇ ਤੇ ਕਿਹਾ, "ਗੁਰੂ ਜੀ ਬਾਰੇ ਦੱਸੋ ਜਿਵੇਂ ਬ੍ਰਿਤਾਂਤ ਹੋਇਆ ਹੈ।" ਸੁਣ ਕੇ ਉਸ ਸਿੱਖ ਨੇ ਕਿਹਾ, "ਗੁਰੂ ਜੀ ਦਾ ਸੀਸ ਮੇਰੇ ਪਾਸ ਆ ਗਿਆ ਸੀ, ਮੈਂ ਇਸ ਨੂੰ ਅਨੰਦਪੁਰ ਲੈ ਕੇ ਜਾਣਾ ਚਾਹੁੰਦਾ ਹਾਂ। ਤੁਸੀਂ ਕਿਧਰ ਚੱਲੇ ਹੋ, ਹੁਣ ਪਿੱਛੇ ਮੁੜੋ, ਉਸ ਤਰ੍ਹਾਂ ਹੀ ਹੋਇਆ ਹੈ, ਜਿਵੇਂ ਗੁਰੂ ਜੀ ਚਾਹੁੰਦੇ ਸਨ। ਤੁਰਤ ਜਾਵੋ ਤੇ ਘਰ ਵਿਚ ਜਾ ਕੇ ਖਬਰ ਦੇਵੋ, ਫਿਰ ਮੈਂ ਪਹੁੰਚ ਕੇ ਸਾਰੀ ਗੱਲ ਦਸਾਂਗਾ ॥੨੩॥

ਕੀਰਤਪੁਰਿ ਮੈਂ ਠਹਿਰਨ ਕਰਿਹੌਂ, ਬ੍ਰਿੰਦ ਦੇਹੁਰੇ ਗੁਰ ਸੋਢੀਨ।
ਆਗੇ ਗੁਰ ਇੱਛਾ ਜਿਮ ਹੋਵੈ ਤਿਮ ਬਰਤਹਿੰ ਆਛੀ ਮਨ ਚੀਨਿ'।
ਸੁਨਿ ਦੋਨਹੁਂ ਬਿਰਤਾਂਤ ਹਟੇ ਤਬਿ ਗਮਨੇ ਆਨੰਦਪੁਰਿ ਮਗ ਲੀਨਿ।
ਸ਼ੀਘ੍ਰ ਕਰਤਿ ਸਭਿ ਪੰਥ ਉਲੰਘੇ ਬਰੇ ਸਦਨ ਹਯ ਬੰਧਨਿ ਕੀਨਿ ॥੨੪॥

ਕੀਰਤਪੁਰ ਵਿਚ ਮੈਂ ਰਾਤ ਠਹਿਰਾਂਗਾ, ਏਥੇ ਸੋਢੀ ਗੁਰੂ ਸਾਹਿਬਾਨ ਦੇ ਕਈ ਦੇਹੁਰੇ ਹਨ। ਅੱਗੇ ਜਿਵੇਂ ਗੁਰੂ ਜੀ ਦੀ ਇੱਛਾ ਹੋਵੇ ਮਨ ਵਿਚ ਚੰਗਾ ਸਮਝ ਕੇ ਉਸ ਤਰ੍ਹਾਂ ਹੀ ਕਰਾਂਗੇ। ਦੋਵੇਂ ਘੋੜ-ਸਵਾਰ ਇਹ ਬ੍ਰਿਤਾਂਤ ਸੁਣ ਕੇ ਵਾਪਸ ਮੁੜ ਗਏ ਤੇ ਅਨੰਦਪੁਰ ਵਾਲੇ ਰਸਤੇ ਚਲ ਪਏ। ਬੜੀ ਸ਼ੀਘਰਤਾ ਕਰਕੇ ਸਾਰਾ ਪੈਂਡਾ ਲੰਘ ਗਏ ਤੇ ਘਰ ਵਿਚ ਦਾਖਲ ਹੋ ਕੇ ਉਨ੍ਹਾਂ ਘੋੜੇ ਬੰਨ੍ਹ ਦਿੱਤੇ॥੨੪॥

ਗੁਰ ਢਿਗ ਪਹੁੰਚਿ ਬੰਦਨਾ ਠਾਨੀ, ਬਰਨਜੋਂ ਦਿੱਲੀ ਕੇਰ ਬ੍ਰਿਤੰਤ।
ਸੁਨਿ ਕਰਿ ਸ਼ੋਕਮਾਨ ਸਭਿ ਹ੍ਵੈ ਕਰਿ ਨੀਰ ਬਿਲੋਚਨ ਤੇ ਨਿਚੁਰੰਤਿ।
ਸ੍ਰੀ ਗੋਬਿੰਦ ਸਿੰਘ ਬਰਜੇ ਸਗਰੇ ਬ੍ਰਿੰਦ ਮਸੰਦਨਿ ਸੰਗ ਭਨੰਤਿ।
'ਤਜਾਰੀ ਕਰਹੁ ਦਰਬ ਗਨ ਖਰਚਹੁ, ਬਨਹਿ ਬਿਮਾਨ ਅਧਿਕ ਦੁਤਿਵੰਤਿ॥੨੫॥

ਗੁਰੂ ਜੀ ਪਾਸ ਪਹੁੰਚ ਕੇ ਬੰਦਨਾ ਕੀਤੀ ਤੇ ਦਿੱਲੀ ਬਾਰੇ ਸਾਰਾ ਬ੍ਰਿਤਾਂਤ ਵਰਣਨ ਕੀਤਾ। ਸੁਣ ਕੇ ਸਾਰੇ ਸ਼ੋਕਮਈ ਹੋ ਗਏ ਤੇ ਨੈਣਾਂ ਵਿਚ ਜਲ ਵਹਿ ਤੁਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਰੋਕਿਆ ਤੇ ਸਾਰੇ ਮਸੰਦਾਂ ਨੂੰ ਕਿਹਾ, "ਹੁਣ ਤਿਆਰੀ ਕਰੋ ਤੇ ਬਹੁਤ ਧਨ ਖਰਚੋ ਤੇ ਬੜਾ ਸੁੰਦਰ ਵਿਮਾਣ ਬਣਨਾ ਚਾਹੀਦਾ ਹੈ॥੨੫॥

ਕੰਚਨ ਪੁਸ਼ਪ ਆਦਿ ਸਭਿ ਕਰੀਅਹਿ, ਚੰਦਨ ਚਾਰੁ ਲਜਾਇ ਤਤਕਾਲ।
ਫੂਲਨ ਕੀ ਮਾਲਾ ਗਨ ਸਿਰਜਹੁ, ਪਸ਼ਮੰਬਰ ਲਿਹੁ ਮੋਲ ਬਿਸਾਲ।
ਅਨਿਕ ਸੁਗੰਧਨਿ ਕਰਹੁ ਸਕੇਲਨਿ, ਜਵ ਤਿਲ ਘ੍ਰਿਤ ਸੰਚੀਅਹਿ ਜਾਲ'।
ਸੁਨਿ ਗੁਰ ਹੁਕਮ ਪਠਾਏ ਨਰ ਗਨ 'ਬਡੇ ਨਗਰ ਤੇ ਆਨਹੁਂ ਭਾਲਿ'॥੨੬॥

ਸੋਨੇ ਦੇ ਫੁੱਲਾਂ ਆਦਿ ਦਾ ਇੰਤਜ਼ਾਮ ਕਰੋ ਤੇ ਤੁਰਤ ਸੁੰਦਰ ਚੰਦਨ ਲਿਆਵੋ। ਫੁੱਲਾਂ ਦੇ ਬਹੁਤ ਹਾਰ ਤਿਆਰ ਕਰੋ ਤੇ ਬਹੁਤ ਰੇਸ਼ਮੀ ਕੱਪੜਾ ਮੁੱਲ ਲਵੋ। ਅਨੇਕ ਸੁਗੰਧੀਆਂ ਇਕੱਠੀਆਂ ਕਰੋ ਤੇ ਜੌਂ, ਤਿਲ ਅਤੇ ਬਹੁਤ ਘਿਉ ਲਿਆਵੋ।" ਗੁਰੂ ਜੀ ਦਾ ਹੁਕਮ ਸੁਣ ਕੇ ਬਹੁਤ ਮਨੁੱਖਾਂ ਨੂੰ ਇਹ ਕਹਿ ਕੇ ਭੇਜਿਆ ਗਿਆ, "ਵੱਡੇ ਨਗਰਾਂ ਤੋਂ ਲੱਭ ਕੇ ਲਿਆਵੋ"॥੨੬॥

ਦੋਹਰਾ- ਇਮ ਤਜਾਰੀ ਸਤਿਗੁਰੁ ਕਰੀ ਸਰਬ ਭਾਂਤਿ ਕੀ ਜੋਇ।
ਉਤ ਤੇ ਲੇ ਕੀਰਤਪੁਰੇ ਪਹੁੰਚਜੋ ਗੁਰ ਸਿੱਖ ਸੋਇ॥ ੨੭॥

ਇਸ ਤਰ੍ਹਾਂ ਗੁਰੂ ਜੀ ਨੇ ਸਰਬ ਪ੍ਰਕਾਰ ਤਿਆਰੀ ਕੀਤੀ ਤੇ ਓਧਰ ਉਹ ਸਿੱਖ ਗੁਰੂ ਜੀ ਦਾ ਸੀਸ ਲੈ ਕੇ ਕੀਰਤਪੁਰ ਪਹੁੰਚ ਗਿਆ॥੨੭॥

*ਪਹਿਲੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥*

## *ਅਧਿਆਇ ਤੀਸਰਾ*

### *ਸੀਸ ਸਸਕਾਰ ਅਨੰਦਪੁਰ*

ਦੋਹਰਾ- ਗੁਜਰੀ ਜੁਤਿ ਸ੍ਰੀ ਨਾਨਕੀ ਤਿਨ ਢਿਗ ਸਤਿਗੁਰ ਜਾਇ।
'ਕਿਤ ਸਸਕਾਰਹਿਂ ਗੁਰੂ ਸਿਰ? ਬੂਝਜੋ ਜਿਮ ਬਨਿ ਆਇ'॥ ੧॥

ਸਤਿਗੁਰੂ ਜੀ ਨੇ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਪਾਸ ਜਾ ਕੇ ਪੁੱਛਿਆ ਕਿ ਗੁਰੂ ਜੀ ਦੇ ਸੀਸ ਦਾ ਸਸਕਾਰ ਕਿੱਥੇ ਕਰੀਏ, ਜਿਵੇਂ ਠੀਕ ਬਣਦਾ ਹੈ ਉਸ ਤਰ੍ਹਾਂ ਦੱਸੋ" ॥੧॥

ਸ੍ਵੈਯਾ- ਬ੍ਰਿੰਦ ਮਸੰਦ ਕਹਜੋ ਕਰ ਬੰਦਿ 'ਗੁਰੂ ਹਰਿਗੋਵਿੰਦ ਜੀ ਸਸਕਾਰੇ।
ਤਾਂ ਦਿਨ ਤੇ ਗਨ ਸੋਢਿਨਿ ਬੰਸ ਸਭੈ ਪੁਰਿ ਕੀਰਤਿ ਕੇਰ ਮਝਾਰੇ।
ਜਜੋਂ ਮਰਜ਼ੀ ਅਬਿ ਰਾਵਰ ਕੀ ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ'।
ਸ੍ਰੀ ਗੁਜਰੀ ਸੁਨਿ ਕੈ ਤਿਨ ਤੇ ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ ॥੨॥

ਕਈ ਮਸੰਦਾਂ ਨੇ ਹੱਥ ਜੋੜ ਕੇ ਕਿਹਾ, "ਜਿੱਥੇ ਗੁਰੂ ਹਰਿਗੋਬਿੰਦ ਜੀ ਦਾ ਸਸਕਾਰ ਹੋਇਆ ਹੈ, ਉਸ ਦਿਨ ਤੋਂ ਸਾਰੇ ਸੋਢੀਆਂ ਦੀ ਬੰਸ ਦਾ ਸਸਕਾਰ ਕੀਰਤਪੁਰ ਵਿਚ ਹੀ ਹੁੰਦਾ ਹੈ। ਹੁਣ ਆਪ ਜੀ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਚੰਗੀ ਬੁੱਧੀ ਨਾਲ ਵਿਚਾਰ ਲਵੋ।" ਮਾਤਾ ਗੁਜਰੀ ਜੀ ਉਨ੍ਹਾਂ ਪਾਸੋਂ ਸੁਣ ਕੇ ਨਾ ਮੰਨੀ ਤੇ ਉਨ੍ਹਾਂ ਮੁਖ ਤੋਂ ਬਚਨ ਕਹੇ ॥੨॥

'ਔਰਨਿ ਕੋ ਨ ਰਚਜੋ ਪੁਰਿ ਕੋ ਇਸ ਕਾਰਨ ਤੇ ਤਹਿਂ ਲੇ ਸਸਕਾਰੇ।
ਏ ਜਿਸ ਕਾਲ ਲਈ ਗੁਰਤਾ ਤਜਿ ਪੂਰਬ ਬਾਸ ਉਠੇ ਉਰ ਧਾਰੇ।
ਈਰਖਾ ਧਾਰਿ ਸ਼ਰੀਕ ਰਹੈਂ ਇਹ ਨੀਕ ਨਹੀਂ ਪਰਿਹੈ ਬਿਚ ਰਾਰੇ।
ਸ਼ਾਂਤਿ ਸਰੂਪ ਅਨੂਪ ਸਦਾ ਇਤ ਆਵਤਿ ਭੇ ਸ਼ੁਭ ਥਾਨ ਨਿਹਾਰੇ ॥੩॥

ਹੋਰਨਾਂ ਸੋਢੀਆਂ ਨੇ ਆਪਣਾ ਨਗਰ ਤਾਂ ਕੋਈ ਨਹੀਂ ਰਚਿਆ ਹੋਇਆ ਸੀ, ਇਸ ਕਰਕੇ ਉਥੇ ਉਨ੍ਹਾਂ ਦਾ ਸਸਕਾਰ ਕੀਤਾ ਸੀ। ਗੁਰੂ ਤੇਗ ਬਹਾਦਰ ਜੀ ਜਦ ਗੁਰਤਾ ਲਈ ਤਾਂ ਹਿਰਦੇ ਵਿਚ ਧਾਰ ਕੇ ਪਹਿਲੇ ਨਿਵਾਸ ਸਥਾਨ ਨੂੰ ਛੱਡ ਕੇ ਉੱਠ ਪਏ। ਸ਼ਰੀਕ ਈਰਖਾ ਧਾਰ ਕੇ ਰਹਿੰਦੇ ਸਨ, ਇਸ ਕਰਕੇ ਉਨ੍ਹਾਂ ਝਗੜੇ ਵਿਚ ਰਹਿਣਾ ਚੰਗਾ ਨਾ ਸਮਝਿਆ। ਉਨ੍ਹਾਂ ਦਾ ਸਦਾ ਅਨੂਪਮ ਸ਼ਾਂਤ-ਸਰੂਪ ਸੀ ਤੇ ਸ਼ੁਭ ਸਥਾਨ ਵੇਖ ਕੇ ਏਥੇ ਆ ਗਏ ॥੩॥

ਬ੍ਰਿੰਦ ਦਯੋ ਧਨ, ਮੋਲ ਲਈ ਧਰ ਔਰ ਉਪਾਇ ਕਰੇ ਸਭਿ ਭਾਂਤੀ।
ਆਨੰਦ ਦਾ ਪਿਖਿ ਥਾਨ ਮਹਾਂਨ ਧਰਜੋ ਤਬਿ ਨਾਮ ਭਯੋ ਬੱਖਜਾਤੀ।
ਆਨਿ ਕਰੋ ਸਸਕਾਰ ਇਹਾਂ, ਬਿਰਧਾ ਤਿਨ ਮਾਤ ਬਡੀ ਬਿਲਲਾਤੀ।
ਸੁੰਦਰ ਸ੍ਰੀ ਮੁਖ ਕੋ ਦਰਸੈਂ, ਸਭਿ ਤੇ ਸ਼ੁਭ ਜਾਨਹੁਂ ਹੈ ਇਹ ਬਾਤੀ' ॥੪॥

ਬਹੁਤ ਧਨ ਦੇ ਕੇ ਇਹ ਧਰਤੀ ਮੁੱਲ ਲਈ ਤੇ ਸਭ ਪ੍ਰਕਾਰ ਹੋਰ ਉਪਾਅ ਕੀਤੇ। ਇਸ ਸਥਾਨ ਨੂੰ ਮਹਾਨ ਅਨੰਦਦਾਇਕ ਵੇਖ ਕੇ ਇਸਦਾ ਨਾਮ ਅਨੰਦਪੁਰ ਰਖਿਆ ਜਿਹੜਾ ਸਾਰੇ ਪ੍ਰਗਟ ਹੋਇਆ ਹੈ। ਉਨ੍ਹਾਂ ਦਾ ਏਥੇ ਲਿਆ ਕੇ ਸਸਕਾਰ ਕਰੋ, ਉਨ੍ਹਾਂ ਦੇ ਬਿਰਧ ਮਾਤਾ ਜੀ ਬੜਾ ਵਿਰਲਾਪ ਕਰਦੇ ਹਨ। ਉਨ੍ਹਾਂ ਦੇ ਸੁੰਦਰ ਮੁਖ ਦੇ ਦਰਸ਼ਨ ਕਰਾਂਗੇ ਤੇ ਇਸ ਗੱਲ ਨੂੰ ਸਭ ਨਾਲੋਂ ਸ਼ੁਭ ਜਾਣਾਂਗੇ" ॥੪॥

ਯੌਂ ਭਨਤੇ ਭਰਿ ਕੰਠ ਗਯੋ ਬਡ ਪ੍ਰੇਮ ਤੇ ਬਾਕ ਕਹਜੋ ਨਹਿਂ ਜਾਈ।
ਮਾਤ ਕੀ ਬਾਤ ਸੁਨੀ ਗੁਰ ਪੂਰਨ, ਜਾਨਿ ਕੈ ਨੀਕ ਭਲੇ ਮਨ ਭਾਈ।
ਤਜਾਰ ਭਏ ਹਿਤ ਲਜਾਵਨ ਕੇ ਪੁਰਿ ਦੋਨਹੁਂ ਮਾਤ ਅਵਾਸ ਟਿਕਾਈ।
ਔਰ ਸਮਾਜ ਬਿਸਾਲ ਲਿਯੋ ਸੰਗ ਸੀਸ ਉਠਾਇ ਚਲੇ ਸਮੁਦਾਈ ॥੫॥

ਇਸ ਤਰ੍ਹਾਂ ਕਹਿੰਦਿਆਂ ਮਾਤਾ ਜੀ ਦਾ ਗਲਾ ਭਰ ਆਇਆ ਤੇ ਵੱਡਾ ਪ੍ਰੇਮ ਕਰਕੇ ਬਚਨ ਕਿਹਾ ਨਹੀਂ ਸੀ ਜਾਂਦਾ। ਪੂਰਨ ਗੁਰੂ ਜੀ ਨੇ ਆਪਣੀ ਮਾਤਾ ਜੀ ਦੀ ਗੱਲ ਸੁਣੀ ਤੇ ਚੰਗੀ ਗੱਲ ਜਾਣ ਕੇ ਮਨ ਨੂੰ ਪਸੰਦ ਆ ਗਈ। ਫਿਰ ਸਾਰੇ ਸੀਸ ਨੂੰ

ਲਿਆਉਣ ਵਾਸਤੇ ਤਿਆਰ ਹੋ ਗਏ ਤੇ ਦੋਵਾਂ ਮਾਤਾ ਜੀ ਨੂੰ ਘਰ ਵਿਚ ਹੀ ਰਹਿਣ ਵਾਸਤੇ ਕਹਿ ਦਿੱਤਾ। ਹੋਰ ਬਹੁਤ ਖਲਕਤ ਨੂੰ ਨਾਲ ਲਿਆ ਤੇ ਸਾਰੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈਣ ਚਲ ਪਏ॥੫॥

ਪੁੰਜ ਲਗਯੋ ਧਨ, ਚਾਰੁ ਬਿਮਾਨ ਉਠਾਇ ਕਰਯੋ ਸਭਿ ਤੇ ਅਗਵਾਈ।
ਬ੍ਰਿੰਦ ਮਸੰਦ ਮਿਲੇ ਸਿਖ ਸੇਵਕ ਸ੍ਰੀ ਗੁਰ ਸੰਗ ਭਲੇ ਪਿਛਵਾਈ।
ਪਾਠ ਕਰੈਂ ਗੁਰਬਾਨਿ ਮਹਾਨ ਕੋ ਲੋਚਨ ਤੇ ਜਲ ਮੋਚਤਿ ਜਾਈ।
ਜਾਤਿ ਭਏ ਪੁਰਿ ਕੀਰਤਿ ਮੈਂ, ਗੁਰ ਕੀਰਤਿ ਕੋ ਬਰਨੈਂ ਸਮੁਦਾਈ॥ ੬॥

ਬਹੁਤ ਧਨ ਲਾ ਕੇ ਸੁੰਦਰ ਵਿਮਾਨ ਤਿਆਰ ਕਰਵਾਇਆ ਤੇ ਸਿੱਖ ਉਸ ਨੂੰ ਚੁੱਕ ਕੇ ਅੱਗੇ-ਅੱਗੇ ਚਲ ਪਏ। ਬਹੁਤ ਮਸੰਦ ਅਤੇ ਸਿੱਖ ਸੇਵਕ ਮਿਲ ਕੇ ਗੁਰੂ ਜੀ ਦੇ ਨਾਲ ਪਿੱਛੇ-ਪਿੱਛੇ ਜਾ ਰਹੇ ਸਨ। ਗੁਰਬਾਣੀ ਦਾ ਮਹਾਨ ਪਾਠ ਕਰਦੇ ਸਨ ਤੇ ਅੱਖਾਂ ਵਿਚੋਂ ਜਲ ਵਗਦਾ ਜਾਂਦਾ ਸੀ। ਫਿਰ ਕੀਰਤਪੁਰ ਵਿਚ ਜਾ ਪਹੁੰਚੇ, ਸਾਰੇ ਸਿੱਖ ਗੁਰ ਕੀਰਤੀ ਦਾ ਵਰਣਨ ਕਰਦੇ ਸਨ॥੬॥

ਜਹਿਂ ਸੀਸ ਲਿਏ ਗੁਰ ਕੋ ਸਿਖ ਥੇ ਪੁਰਿ ਤੇ ਪਰਿ ਬਾਹਰ ਜਾਤਿ ਭਏ।
ਨਰ ਨਾਰਿਨਿ ਸ੍ਰੌਨ ਸੁਨਯੋ ਸਭਿ ਕਾਰਨ, ਦਾਰੁਨ ਸੰਕਟ ਸ਼ੋਕ ਭਏ।
ਹਹਕਾਰ ਉਚਾਰਤਿ, ਹੋਤਿ ਦੁਖਾਰਤ, ਜਾਇ ਮਿਲੇ ਸਭਿ ਦੇਖ ਲਏ।
ਤਤਕਾਲ ਬਿਮਾਨ ਕੇ ਬੀਚ ਟਿਕਾਇ ਉਠਾਇ ਸਮੂਹ ਨਮੋ ਸੁ ਕਏ॥ ੭॥

ਜਿੱਥੇ ਗੁਰੂ ਜੀ ਦਾ ਸੀਸ ਲੈ ਕੇ ਸਿੱਖ ਠਹਿਰਿਆ ਸੀ, ਉਥੇ ਨਗਰ ਤੋਂ ਪਰੇ ਬਾਹਰ ਚਲੇ ਗਏ। ਜਦ ਕੀਰਤਪੁਰ ਨਗਰ ਦੇ ਇਸਤਰੀ-ਪੁਰਸ਼ਾਂ ਨੇ ਸੁਣਿਆ ਤਾਂ ਉਹ ਅਤਿ ਦੁਖ ਨਾਲ ਗ੍ਰੱਸੇ ਗਏ। ਹਾਹਾਕਾਰ ਉਚਾਰਨ ਕਰਦੇ ਹੋਏ ਦੁੱਖ ਨਾਲ ਆਤਰ ਹੋ ਗਏ ਤੇ ਉਥੇ ਜਾ ਕੇ ਮਿਲ ਕੇ ਸਭ ਦੁਖੀ ਹੋਏ। ਸੀਸ ਨੂੰ ਚੁੱਕ ਕੇ ਤੁਰਤ ਵਿਮਾਨ ਦੇ ਵਿਚ ਟਿਕਾ ਲਿਆ ਤੇ ਵਿਮਾਨ ਨੂੰ ਚੁੱਕ ਕੇ ਸਾਰਿਆਂ ਨੇ ਨਮਸਕਾਰ ਕੀਤੀ॥੭॥

ਚੌਰ ਢੁਰੈਂ ਚਹੁੰ ਓਰਨਿ ਤੇ ਬਹੁ ਮੋਲਨਿ ਕੇ ਗਨ ਪਾਇ ਦੁਸ਼ਾਲੇ।
ਕੋ ਛਿਰਕਾਵ ਗੁਲਾਬ ਅਜਾਬ ਤੇ, ਗੁੰਦਿ ਬਿਸਾਲ ਹੀ ਮਾਲਨਿ ਡਾਲੇ।
ਪੁੰਜ ਸੁਗੰਧਿਨਿ ਸੀਂਚਤਿ ਹੈਂ ਮਹਿਕਾਰ ਉਠ੍ਯੋ ਇਮ ਅੱਗ੍ਰਜ ਚਾਲੇ।
ਗਾਵਤਿ ਰਾਗਨਿ ਸ੍ਰੀ ਗੁਰਬਾਕਨਿ ਬ੍ਰਿੰਦ ਮ੍ਰਿਦੰਗ ਰਬਾਬਨਿ ਨਾਲੇ॥ ੮॥

ਚਾਰੇ ਪਾਸੇ ਚੌਰ ਫਿਰ ਰਿਹਾ ਸੀ ਤੇ ਸੀਸ ਦੇ ਉੱਤੇ ਬਹੁਤ ਕੀਮਤੀ ਦੁਸ਼ਾਲੇ ਪਾਏ ਸਨ। ਕਈ ਅਸਚਰਜ ਗੁਲਾਬ ਨਾਲ ਛਿੜਕਾਅ ਕਰਦੇ ਸਨ ਤੇ ਕਈ ਵਿਸ਼ਾਲ ਫੁੱਲਾਂ ਦੇ ਹਾਰ ਬਣਾ ਕੇ ਉੱਪਰ ਪਾ ਰਹੇ ਸਨ। ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਦਾ ਛਿੜਕਾਅ ਕਰਦੇ ਸਨ ਤੇ ਬਹੁਤ ਮਹਿਕ ਉੱਠੀ, ਇਸ ਤਰ੍ਹਾਂ ਅੱਗੇ-ਅੱਗੇ ਚਲ ਰਹੇ ਸਨ। ਗੁਰਬਾਣੀ ਦਾ ਰਾਗਾਂ ਵਿਚ ਗਾਇਨ ਕਰਦੇ ਸਨ ਤੇ ਬਹੁਤ ਮ੍ਰਿਦੰਗ ਤੇ ਰਬਾਬ ਵਜਾ ਰਹੇ ਸਨ॥੮॥

ਮਾਰੂ ਮਿਲੇ ਵਡਹੰਸ ਕੋ ਗਾਵਤਿ ਲਾਵਤਿ ਪੌੜੀ ਥਿਰੰਤਿ ਅਗਾਰੀ।
ਲੇ ਧਨ ਕੋ ਗਮਨੈਂ ਪੁਰਿ ਪੰਥ ਬਿਮਾਨ ਕੇ ਊਪਰਿ ਕੋ ਪੁਨ ਡਾਰੀ।
ਕੰਚਨ ਫੂਲ ਸੁ ਲਾਜ ਬਿਖੇਰੈਂ, ਹੇਰਤਿ ਸ਼ੋਕ ਕਰੈਂ ਨਰ ਨਾਰੀ।
ਕੇਤਿਕ ਸੇਵਕ ਲੈ ਧਨ ਕੋ ਗਨ, ਕੈ ਬਰਖਾ ਬਹੁ ਮੂਠਨਿ ਡਾਰੀ॥ ੯॥

ਮਾਰੂ ਅਤੇ ਵਡਹੰਸ ਰਾਗ ਮਿਲ ਕੇ ਗਾਉਂਦੇ ਸਨ ਤੇ ਅੱਗੇ ਖਲੋ ਕੇ ਪੌੜੀ ਪੜ੍ਹਦੇ ਸਨ। ਧਨ ਲੈ ਕੇ ਨਗਰ ਦੇ ਰਾਹੇ ਚਲੇ ਜਾ ਰਹੇ ਸਨ, ਫਿਰ ਧਨ ਨੂੰ ਵਿਮਾਨ ਦੇ ਉੱਪਰ ਸੁੱਟਦੇ ਸਨ। ਸੋਨੇ ਦੇ ਫੁੱਲ ਤੇ ਫੁਲੀਆਂ ਖਿਲਾਰਦੇ ਸਨ, ਜਿਸ ਨੂੰ ਵੇਖ ਕੇ ਇਸਤਰੀ-ਪੁਰਸ਼ ਬਹੁਤ ਦੁਖੀ ਹੁੰਦੇ ਸਨ। ਕਈ ਸੇਵਕ ਬਹੁਤ ਧਨ ਲੈ ਕੇ ਮੁੱਠਾਂ ਭਰ-ਭਰ ਵਰਖਾ ਕਰਦੇ ਸਨ॥੯॥

ਮੰਦ ਹੀ ਮੰਦ ਅਨੰਦਪੁਰੇ ਕਹੁ ਆਵਤਿ ਸ਼ੋਕ ਬਿਲੰਦ ਉਪਾਏ।
ਬ੍ਰਿੰਦ ਮਸੰਦਨ ਸੇਵਕ ਸਿੱਖ ਬਿਮਾਨ ਚਹੂੰ ਦਿਸ਼ਿ ਹ੍ਵੈ ਗਮਨਾਏ।
ਸੰਖਨ ਸ਼ੋਰ ਸ ਜ਼ੋਰ ਕਰੈਂ, ਤੁਰਕੇਸ਼ੁਰ ਸ੍ਰਾਪਹਿੰ ਗਾਰਿ ਅਲਾਏ।
'ਸਾਗਰ ਖਾਰਪਰੀ ਜਰ ਜਾਇ, ਕੁਪੂਤ ਭਯੋ, ਕੁਲ ਰਾਜ ਨਸਾਏ' ॥ ੧੦ ॥

ਹੌਲੀ-ਹੌਲੀ ਅਨੰਦਪੁਰ ਵਲ ਆ ਰਹੇ ਸਨ ਤੇ ਸਾਰਿਆਂ ਨੇ ਬਹੁਤ ਦੁਖ ਪਾਇਆ ਸੀ। ਬਹੁਤ ਮਸੰਦ ਅਤੇ ਸਿੱਖ ਸੇਵਕ ਵਿਮਾਨ ਦੇ ਚਾਰੇ ਪਾਸੇ ਹੋ ਕੇ ਚਲ ਰਹੇ ਸਨ। ਸੰਖ ਵੱਜਣ ਦਾ ਬਹੁਤ ਉੱਚਾ ਸ਼ੋਰ ਉੱਠ ਰਿਹਾ ਸੀ। ਤੁਰਕ ਬਾਦਸ਼ਾਹ ਨੂੰ ਗਾਲ੍ਹਾਂ ਕੱਢ-ਕੱਢ ਬਹੁਤ ਸਰਾਪ ਦੇ ਰਹੇ ਸਨ। "ਖਾਰੇ ਸਾਗਰ ਵਿਚ ਇਸਦੀ ਜੜ੍ਹ ਜਾ ਪਈ ਹੈ, ਇਹ ਸੜ ਜਾਇਗੀ ਰਹੇਗੀ ਨਹੀਂ। ਇਹ ਵੱਡਾ ਕਪੂਤ ਹੋਇਆ ਹੈ, ਇਸ ਦੀ ਕੁਲ ਦਾ ਰਾਜ ਨਹੀਂ ਰਹੇਗਾ" ॥੧੦॥

ਆਇ ਸਮੀਪ ਅਨੰਦਪੁਰੇ ਜਬਿ ਬਾਲਿਕ ਬ੍ਰਿੱਧ ਸੁਨਜੋ ਨਰ ਨਾਰੀ।
ਸ੍ਰੀ ਗੁਜਰੀ ਤਜਿ ਮੰਦਿਰ ਕੋ ਨਿਕਸੀ ਪੁਰਿ ਤੇ ਮਿਲਿਬੇ ਅਗਵਾਰੀ।
ਨਾਨਕੀ ਮਾਤ ਟਿਕਾਇ ਰਖੀ ਬਲਹੀਨ ਬ੍ਰਿਧਾ ਲਹਿ ਸੰਕਟ ਭਾਰੀ।
ਔਰ ਸਭਹਿ ਨਿਕਸੇ ਉਤਲਾਵਤਿ ਭਾ ਹਹਕਾਰ ਅਜੋਗ ਬਿਚਾਰੀ ॥ ੧੧ ॥

ਜਦ ਅਨੰਦਪੁਰ ਦੇ ਪਾਸ ਆਏ, ਬਾਲਕ, ਬਜ਼ੁਰਗ, ਇਸਤਰੀ, ਪੁਰਸ਼ ਨੇ ਸੁਣਿਆ। ਉਸ ਸਮੇਂ ਮਾਤਾ ਗੁਜਰੀ ਜੀ ਘਰ ਨੂੰ ਛੱਡ ਕੇ ਨਗਰ ਵਿਚੋਂ ਬਾਹਰ ਨਿਕਲ ਕੇ ਅੱਗੋਂ ਲੈਣ ਵਾਸਤੇ ਆਈ। ਮਾਤਾ ਨਾਨਕੀ ਜੀ ਨੂੰ ਘਰ ਵਿਚ ਹੀ ਟਿਕਾਈ ਰਖਿਆ, ਬਲਹੀਣ ਬਿਰਧ ਬਹੁਤ ਦੁਖ ਪਾਵੇਗੀ। ਹੋਰ ਸਾਰੇ ਨਗਰ ਵਾਸੀ ਬਹੁਤ ਉਤਾਵਲੇ ਹੋ ਕੇ ਬਾਹਰ ਨਿਕਲੇ, ਬੜੀ ਭਿਆਨਕ ਅਯੋਗ ਘਟਨਾ ਸਮਝੀ ॥੧੧॥

ਦੇਖਿ ਬਿਮਾਨ ਮਹਾਨ ਪ੍ਰਭਾ, ਪਤਿ ਕੇ ਸਿਮਰੰਤਿ ਰਿਦੇ ਗੁਨ ਭਾਰੀ।
'ਰਾਵਰਿ ਨੰਦਨ ਬੈਸ ਬਿਲੰਦ ਨ, ਮਾਤ ਬ੍ਰਿਧਾ ਬਹੁ ਸੰਕਟ ਧਾਰੀ'।
ਬੰਦਤਿ ਹਾਥਨਿ ਬੰਦਨ ਕੋ ਕਰਿ ਸੀਸ ਨਿਵਾਵਤਿ ਆਂਸੁਨਿ ਡਾਰੀ।
ਲਜਾਵਤਿ ਭੇ ਤਿਸ ਥਾਨ ਤਬੈ ਜਹਿਂ ਚੰਦਨ ਭਾਰ ਟਿਕਾਇ ਅਗਾਰੀ ॥ ੧੨ ॥

ਵਿਮਾਨ ਦੀ ਮਹਾਨ ਸ਼ੋਭਾ ਵੇਖ ਕੇ, ਮਾਤਾ ਗੁਜਰੀ ਜੀ ਨੇ ਆਪਣੇ ਪਤੀ ਜੀ ਦੇ ਗੁਣਾਂ ਨੂੰ ਯਾਦ ਕੀਤਾ, "ਆਪ ਜੀ ਦੇ ਪੁੱਤਰ ਦੀ ਹਾਲੇ ਉਮਰ ਵੱਡੀ ਨਹੀਂ, ਬ੍ਰਿਧ ਮਾਤਾ ਜੀ ਨੇ ਬਹੁਤ ਦੁਖ ਧਾਰਨ ਕੀਤਾ ਹੈ।" ਮਾਤਾ ਜੀ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਅੱਖਾਂ ਵਿਚੋਂ ਜਲ ਵਹਾ ਕੇ ਸਿਰ ਨਿਵਾਇਆ। ਫਿਰ ਵਿਮਾਨ ਨੂੰ ਉਸ ਥਾਂ ਲੈ ਆਏ ਜਿੱਥੇ ਅੱਗੇ ਚੰਦਨ ਦੀਆਂ ਲਕੜਾਂ ਪਈਆਂ ਸਨ ॥੧੨॥

ਆਨਿ ਮਿਲੀ ਤਹਿਂ ਨਾਨਕੀ ਮਾਤ ਪੁਕਾਰਤਿ ਊਚੇ ਨਾਮ ਉਚਾਰੀ।
'ਮੋ ਸੁਤ ਸ਼ਾਂਤਿ ਸਰੂਪ ਅਨੂਪ ਸ੍ਰੀ ਮੁਖ ਦੇਖਿ ਲਵੌਂ ਇਸ ਬਾਰੀ।
ਮੈਂ ਮਰਿਹੌਂ ਧਰਿ ਸ਼ੋਕ ਅਬੈ ਕਿਮ ਜੀਵਨ ਹ੍ਵੈ ਇਸ ਰੀਤਿ ਦੁਖਾਰੀ'।
ਯੋਂ ਬਿਰਲਾਪ ਸੁਨਜੋਂ ਜਬਿ ਹੀ, ਗੁਰ ਆਇਸੁ ਪਾਇ, ਬਿਮਾਨ ਉਤਾਰੀ ॥ ੧੩ ॥

ਉਥੇ ਮਾਤਾ ਨਾਨਕੀ ਜੀ ਵੀ ਮਿਲੀ, ਜਿਹੜੀ ਬਹੁਤ ਉੱਚੀ-ਉੱਚੀ ਗੁਰੂ ਜੀ ਦਾ ਨਾਮ ਲੈ ਕੇ ਉਚਾਰਨ ਕਰ ਰਹੀ ਸੀ, "ਮੇਰਾ ਪੁੱਤਰ ਅਨੂਪਮ ਸ਼ਾਂਤੀ ਦਾ ਸਰੂਪ ਸੀ, ਇਸ ਸਮੇਂ ਉਸ ਦਾ ਮੁਖੜਾ ਤਾਂ ਵੇਖ ਲਵਾਂ। ਮੈਂ ਦੁਖ ਧਾਰਨ ਕਰਕੇ ਹੀ ਹੁਣ ਮਰ ਜਾਵਾਂਗੀ ਇਸ ਤਰ੍ਹਾਂ ਦੁਖੀ ਰਹਿ ਕੇ ਮੇਰਾ ਕਿਸ ਤਰ੍ਹਾਂ ਜੀਉਣਾ ਹੋਵੇਗਾ।" ਜਦ ਇਹ ਵਿਰਲਾਪ ਸੁਣਿਆ ਤਾਂ ਗੁਰੂ ਜੀ ਦੀ ਆਗਿਆ ਪਾ ਕੇ ਵਿਮਾਨ ਨੂੰ ਥੱਲੇ ਰੱਖ ਲਿਆ ॥੧੩॥

ਟਾਰਿ ਸਭੈ ਪਟ ਸ੍ਰੀ ਗੁਰ ਕੋ ਮੁਖ ਦੇਖਤਿ ਭੇ ਗੁਜਰੀ ਸੁਤ ਸਾਥਾ।
ਨਾਨਕੀ ਮਾਤ ਬਿਲੋਕਤਿ ਹੈ ਬਹੁ ਰੋਦਤਿ ਆਪ ਲਗਾਵਤਿ ਹਾਥਾ।
ਜਯੋਂ ਦੁਤਿ ਜੀਵਤਿ ਥੀਵਤਿ ਹੈ ਤਿਮ ਹੀ ਸ਼ੁਭ ਸ਼ੋਭਤਿ ਆਨਨ ਮਾਥਾ।
ਮੁੰਦਤਿ ਲੋਚਨ ਦੋਨਹੁੰ ਯਾ ਬਿਧਿ ਜਯੋਂ ਸੁਕੁਰੇ ਦਲ ਕੰਜ ਅਪਾਥਾ॥ ੧੪॥

ਸਾਰੇ ਕੱਪੜੇ ਹਟਾ ਕੇ ਮਾਤਾ ਗੁਜਰੀ ਸਹਿਤ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ। ਮਾਤਾ ਨਾਨਕੀ ਨੇ ਵੀ ਆਪਣੇ ਪੁੱਤਰ ਦੇ ਮੁੱਖ ਨੂੰ ਵੇਖਿਆ ਤੇ ਮੁਖੜੇ ਨੂੰ ਆਪ ਹੱਥ ਲਾ ਕੇ ਰੋਂਦੇ ਸਨ। ਜਿਵੇਂ ਪੁੱਤਰ ਜੀਉਂਦਾ ਜਾਗਦਾ ਹੈ ਉਸ ਤਰ੍ਹਾਂ ਹੀ ਪੁੱਤਰ ਦਾ ਮੁਖੜਾ ਅਤੇ ਮੱਥਾ ਸ਼ੋਭ ਰਿਹਾ ਸੀ। ਦੋਵੇਂ ਨੈਣ ਬੰਦ ਸਨ, ਜਿਵੇਂ ਕੰਵਲ ਦੇ ਪੱਤੇ ਜਲ ਤੋਂ ਬਗੈਰ ਸੁੰਗੜੇ ਹੁੰਦੇ ਹਨ॥੧੪॥

ਮੇਚਕ ਸੇਤ ਸੁ ਕੇਸ ਮਿਲੇ ਸ਼ਮਸ਼੍ਰਾਨਨ ਕੇ ਸੁਭ ਸ਼ੋਭਤਿ ਹੈਂ।
ਬ੍ਰਿੰਦ ਮਸੰਦ ਬਡੇ ਸਿਖ ਸੇਵਕ ਹੇਤੁ ਬਿਲੋਕਨਿ ਲੋਭਤਿ ਹੈਂ।
ਭੀਰ ਭਈ, ਸਭਿ ਬੰਦਤਿ ਹੈਂ, ਬਡ ਪ੍ਰੇਮ ਧਰੇ ਉਰ ਛੋਭਤਿ ਹੈਂ।
ਛਾਦਨ ਕੀਨਿ ਚਿਖਾ ਰਚਿਕੈ, ਦੁਖ ਸ਼ੋਕ ਜਯੋਂ ਸੰਕਟ ਚੋਭਤਿ ਹੈਂ॥ ੧੫॥

ਚਿਹਰੇ ਦੇ ਉੱਪਰ ਦਾਹੜੇ ਦੇ ਅਤੇ ਸੀਸ ਦੇ ਕਾਲੇ ਚਿੱਟੇ ਕੇਸ ਸ਼ੋਭ ਰਹੇ ਹਨ। ਸਮੂਹ ਮਸੰਦ ਅਤੇ ਵੱਡੇ ਸਿੱਖ ਸੇਵਕ ਦਰਸ਼ਨ ਕਰਨ ਵਾਸਤੇ ਬਹੁਤ ਲਲਚਾਏ ਹੋਏ ਸਨ। ਵੱਡੀ ਭੀੜ ਹੋਈ ਸੀ, ਸਾਰੇ ਬੰਦਨਾ ਕਰ ਰਹੇ ਸਨ, ਵੱਡਾ ਪ੍ਰੇਮ ਧਾਰ ਕੇ ਹਿਰਦੇ ਵਿਚ ਬਹੁਤ ਘਬਰਾਏ ਹੋਏ ਸਨ। ਚਿਖਾ ਬਣਾ ਕੇ ਚਿਹਰੇ ਨੂੰ ਢੱਕ ਦਿੱਤਾ ਤੇ ਦੁਖ ਅਤੇ ਸ਼ੋਕ ਨਾਲ ਹਿਰਦੇ ਇੰਝ ਦੁਖਦੇ ਹਨ, ਮਾਨੋ ਕੰਡੇ ਚੁਭ ਰਹੇ ਹਨ॥੧੫॥

ਚੰਦਨ ਕੀ ਚਿਖ ਪੈ ਧਰਿ ਦੀਨਿ, ਭਏ ਮਨ ਦੀਨ, ਸਭੈ ਤਿਸ ਕਾਲਾ।
ਸ਼੍ਰੀ ਗੁਰ ਕੇ ਕਰ ਦੇ ਕਰਿ ਦਾਸਨਿ ਕੀਨਿ ਪ੍ਰਕਾਸ਼ ਚਹੂੰ ਦਿਸ਼ ਜ੍ਵਾਲਾ।
ਫੇਰ ਪ੍ਰਦੱਛਨ ਕੋ ਕਰਿ ਕੈ ਅਭਿਬੰਦਨ ਹ੍ਵੈ ਧਰਿ ਪ੍ਰੇਮ ਬਿਸਾਲਾ।
ਕੀਨਿ ਕ੍ਰਿਆ ਸਗਰੀ ਕਲਗ਼ੀਧਰ, ਨੀਰ ਸ਼ਨਾਨ ਕਰਯੋ ਨਰ ਜਾਲਾ॥ ੧੬॥

ਫਿਰ ਸੀਸ ਨੂੰ ਚੰਦਨ ਦੀ ਚਿਖਾ ਉੱਤੇ ਰੱਖ ਦਿੱਤਾ ਤੇ ਉਸ ਸਮੇਂ ਸਾਰਿਆਂ ਦੇ ਮਨ ਬਹੁਤ ਦੀਨ ਹੋ ਗਏ। ਦਾਸਾਂ ਨੇ ਗੁਰੂ ਜੀ ਦੇ ਹੱਥ ਅਗਨੀ ਦੇ ਕੇ ਚਿਖਾ ਜਲਾਈ ਜਿਸ ਨਾਲ ਚਾਰੇ ਪਾਸੇ ਪ੍ਰਚੰਡ ਪ੍ਰਕਾਸ਼ ਹੋਇਆ। ਫਿਰ ਬਹੁਤ ਪ੍ਰੇਮ ਧਾਰਨ ਕਰਕੇ ਪਰਿਕਰਮਾਂ ਕਰਕੇ ਅਭਿਨੰਦਨ ਕੀਤਾ। ਕਲਗ਼ੀਧਰ ਗੁਰੂ ਜੀ ਨੇ ਸਾਰੀ ਕ੍ਰਿਆ ਕੀਤੀ ਤੇ ਫਿਰ ਗੁਰੂ ਜੀ ਨੇ ਇਸ਼ਨਾਨ ਕੀਤਾ॥੧੬॥

ਤੀਰ ਸਤੁੱਦ੍ਰਵ ਬੈਠਿ ਗਏ ਸਭਿ ਗਾਇ ਗਿਰਾ ਗੁਰ ਕੀ ਸੁਖਦਾਈ।
ਏਕ ਮਨੇ ਹੁਇ ਸ਼੍ਰੋਨ ਸੁਨੈਂ ਇਕ, ਧਯਾਨ ਧਰੈਂ ਗੁਰ ਮੂਰਤਿ ਭਾਈ।
ਦੀਨਿ ਤਿਲਾਂਜੁਲ ਸ਼੍ਰੀਪਤਿ ਕੇ ਹਿਤ ਜਯੋਂ ਸਭਿ ਰੀਤਿ ਚਲੀ ਜਗ ਆਈ।
ਚੀਰ ਸਨੀਰ ਉਤਾਰਿ ਸਰੀਰ ਧਰੇ ਪੁਨ ਔਰ, ਖਿਰੇ ਬਿਚ ਆਈ॥ ੧੭॥

ਸਤਲੁਜ ਨਦੀ ਦੇ ਕੰਢੇ 'ਤੇ ਬੈਠ ਗਏ ਤੇ ਸਾਰੇ ਗੁਰੂ ਜੀ ਦੀ ਸੁਖਦਾਈ ਕੀਰਤੀ ਗਾ ਰਹੇ ਸਨ। ਕਈ ਇਕ ਮਨ ਹੋ ਕੇ ਕੰਨਾਂ ਨਾਲ ਕੀਰਤੀ ਸੁਣਦੇ ਸਨ ਤੇ ਕਈ ਮਨ ਨੂੰ ਭਾਉਣ ਵਾਲੀ ਗੁਰੂ ਮੂਰਤੀ ਦਾ ਧਿਆਨ ਧਾਰਨ ਕਰਦੇ ਸਨ। ਗੁਰੂ ਜੀ ਲਈ ਤਿਲਾਂਜੁਲ ਦਿੱਤੀ ਜਿਹੜੀ ਰੀਤੀ ਸਾਰੇ ਜਗ ਵਿਚ ਚਲੀ ਆਉਂਦੀ ਹੈ। ਗਿਲੇ ਕੱਪੜੇ ਉਤਾਰ ਕੇ ਫਿਰ ਹੋਰ ਕੱਪੜੇ ਪਹਿਣ ਲਏ ਤੇ ਵਿਚ ਆ ਕੇ ਖਲੋ ਗਏ॥੧੭॥

ਦੋਹਰਾ- ਸੁਨਿ ਕੈ ਗਾਵति ਸ਼ਬਦ ਕੋ ਪੁਨ ਪੌੜੀ ਤਹਿੰ ਲਾਇ।
ਭੋਗ ਪਾਇ ਅਰਦਾਸ ਕਰਿ ਸਭਿਹੂੰ ਸੀਸ ਨਿਵਾਇ॥ ੧੮॥

ਸੁਣ ਕੇ ਸ਼ਬਦ ਨੂੰ ਗਾਉਂਦੇ ਸਨ ਤੇ ਕਈ ਫਿਰ ਪੌੜੀਆਂ ਪੜ੍ਹਨ ਲੱਗ ਜਾਂਦੇ ਸਨ। ਫਿਰ ਭੋਗ ਪਾ ਕੇ ਅਰਦਾਸ ਕੀਤੀ ਤੇ ਸਾਰਿਆਂ ਨੇ ਸੀਸ ਨਿਵਾਇਆ॥੧੮॥

ਸ੍ਵੈਯਾ- ਆਇ ਤਿਹਾਵਲ ਬ੍ਰਿੰਦ ਗਯੋ ਬਰਤਾਇ ਦਿਯੋ ਸਭਿ ਸੰਗਤਿ ਮਾਂਹੀ।
ਸ੍ਰੀ ਕਲਗ਼ੀਧਰ ਕੋ ਕਰਿ ਅੱਗ੍ਰਯ ਮੰਦਹਿ ਮੰਦ ਚਲੇ ਘਰ ਜਾਂਹੀ।
ਬੈਠਨਿ ਥਾਨ ਮਹਿਂ ਜਾਇ ਟਿਕੇ ਸਭਿ, ਸ੍ਰੀ ਗੁਰ ਕੋ ਜਸੁ ਦੀਰਘ ਪ੍ਰਾਹੀਂ।
ਔਧਿ ਭਏ ਜਗ ਧੀਰ, ਛਿਮਾ ਧਰਿ, ਆਨ ਕਿਸੂ ਮਹਿਂ ਪ੍ਰਾਪਤਿ ਨਾਂਹੀ॥੧੯॥

ਆ ਕੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰੀ ਸੰਗਤ ਵਿਚ ਵਰਤਾ ਦਿੱਤਾ। ਫਿਰ ਸ੍ਰੀ ਕਲਗ਼ੀਧਰ ਗੁਰੂ ਜੀ ਨੂੰ ਅੱਗੇ ਕਰਕੇ ਸਾਰੇ ਹੌਲੀ-ਹੌਲੀ ਘਰ ਵਲ ਨੂੰ ਚਲ ਪਏ। ਬੈਠਣ ਵਾਲੀ ਥਾਂ ਤੇ ਸਾਰੇ ਟਿਕ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡਾ ਜੱਸ ਕਰ ਰਹੇ ਸਨ। ਜਗਤ ਵਿਚ ਧੀਰਜ ਦੀ ਔਧੀ ਸਨ, ਭਾਵ ਉਨ੍ਹਾਂ ਵਰਗਾ ਧੀਰਜ ਤੇ ਖਿਮਾ ਹੋਰ ਕਿਸੇ ਵਿਚ ਨਹੀਂ ਮਿਲਦੀ॥੧੯॥

ਕੀਨਿ ਮਹਾਂ ਅਪਰਾਧ ਦਿਲੇਸ਼੍ਵਰੁ ਮੂੜ੍ਹ ਮਤੀ ਦੁਖ ਦੋਜ਼ਕ ਪਾਵੈ।
ਹਿੰਦੂ ਕੀ ਟੇਕ ਰਖੀ ਸਿਰ ਦੇ ਕਰਿ ਪੂਰਬ ਕੀ ਮਿਰਜਾਦ ਜੁ ਆਵੈ।
ਨਾਂਹਿ ਤ ਬੇਦ ਪੁਰਾਨ ਜਿ ਤੀਰਥ ਦੇਵਨ ਦੇਹੁਰੇ ਰੀਤਿ ਮਿਟਾਵੈ।
ਸ੍ਰੀ ਗੁਰਦੇਵ ਬਿਨਾ ਹੁਇ ਕੌਨ, ਜੁ ਪ੍ਰਾਨ ਕੋ ਦੇ ਜਗ ਧਰਮ ਟਿਕਾਵੈ॥੨੦॥

ਮੂਰਖ ਮੱਤ ਵਾਲੇ ਦਿੱਲੀ ਦੇ ਬਾਦਸ਼ਾਹ ਨੇ ਵੱਡਾ ਅਪਰਾਧ ਕੀਤਾ ਹੈ, ਮੂਰਖ ਨਰਕਾਂ ਦਾ ਦੁਖ ਪਾਵੇ। ਗੁਰੂ ਜੀ ਨੇ ਆਪਣਾ ਸੀਸ ਦੇ ਕੇ ਹਿੰਦੂਆਂ ਦੀ ਟੇਕ ਰੱਖੀ ਹੈ, ਜਿਹੜੀ ਮਰਯਾਦਾ ਪਹਿਲਾਂ ਤੋਂ ਚਲੀ ਆ ਰਹੀ ਸੀ। ਨਹੀਂ ਤਾਂ ਵੇਦ ਪੁਰਾਨਾਂ, ਤੀਰਥਾਂ, ਦੇਵਤਿਆਂ ਅਤੇ ਦੇਹੁਰਿਆਂ ਦੀ ਰੀਤ ਮਿਟ ਜਾਂਦੀ। ਸ੍ਰੀ ਗੁਰਦੇਵ ਤੋਂ ਬਗੈਰ ਹੋਰ ਕੌਣ ਹੈ, ਜਿਹੜਾ ਪ੍ਰਾਣ ਦੇ ਕੇ ਜਗਤ ਦੇ ਧਰਮ ਨੂੰ ਬਚਾ ਲਵੇ॥੨੦॥

ਧੰਨ ਸਦਾ ਗੁਰ ਤੇਗ ਬਹਾਦਰ, ਕੀਨਿ ਬਹਾਦਰੀ ਰਾਖਿ ਦਿਖਾਏ'।
ਜੋ ਪੁਰਿ ਤੇ ਸਿਖ ਸੀਸ ਕੋ ਲਜਾਇਵ ਬੂਝਤਿ ਤਾਂਹਿ ਸਮੀਪ ਬਿਠਾਏ।
'ਕਜੋਂ ਕਰਿ ਤੋਹਿ ਕੋ ਪ੍ਰਾਪਤਿ ਭਾ ਕਿਨਹੂੰ ਨ ਪਿਖਜੋ, ਨ ਕਹੂੰ ਅਟਕਾਏ ?।
ਰਾਖੇ ਖਰੇ ਗਨ ਹੋਇ ਸੁਚੇਤ, ਅਚੇਤ ਭਏ ਕਿਮ ? ਦੇਹੁ ਬਤਾਏ' ॥ ੨੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਦਾ ਧੰਨ ਹਨ, ਬਹਾਦਰੀ ਕਰਕੇ ਕੌਮ ਦੀ ਰੱਖਿਆ ਕਰਕੇ ਵਿਖਾਈ ਹੈ।'' ਜਿਹੜਾ ਸਿੱਖ ਦਿੱਲੀ ਨਗਰ ਤੋਂ ਸੀਸ ਨੂੰ ਲੈ ਕੇ ਆਇਆ ਸੀ, ਉਸ ਨੂੰ ਪਾਸ ਬਿਠਾ ਕੇ ਪੁੱਛਦੇ ਸਨ। ''ਤੁਹਾਨੂੰ ਸੀਸ ਕਿਵੇਂ ਪ੍ਰਾਪਤ ਹੋਇਆ ? ਕੀ ਤੁਹਾਨੂੰ ਤੁਰਦਿਆਂ ਨੂੰ ਕਿਸੇ ਵੀ ਨਾ ਵੇਖਿਆ ਤੇ ਕਿਸੇ ਵੀ ਨਾ ਰੋਕਿਆ ? ਉਥੇ ਬਹੁਤ ਰਾਖੇ ਸੁਚੇਤ ਹੋ ਕੇ ਖੜੇ ਸਨ, ਉਹ ਅਚੇਤ ਕਿਵੇਂ ਹੋ ਗਏ ? ਸਾਨੂੰ ਇਹ ਸਾਰੀ ਗੱਲ ਦੱਸੋ'' ॥੨੧॥

ਹਾਥ ਕੋ ਜੋਰਿ ਬਖਾਨ ਕਰਜੋ 'ਗੁਰਦੇਵ ਸਹਾਇ ਤੇ ਕਾਜ ਸਰੇ।
ਸੀਸ ਉਡਜੋ ਧਰ ਤੇ ਜਬਿਹੀ ਬਹੁ ਧੂਰ ਉਡੀ ਸਭਿ ਨੈਨ ਪਰੇ।
ਨਾਂਹਿ ਕਿਨੂ ਅਵਿਲੋਕਨਿ ਕੀਨਿ ਲਿਯੋ ਮੈਂ ਸੰਭਾਲ ਨ ਹੀਯ ਡਰੇ।
ਰੌਰ ਪਰਜੋ ਸਭਿ ਮੈਂ ਸੁਨਿ ਕੈ ਚਲਿ ਸ਼ੀਘ੍ਰ ਪਰਜੋ, ਗਹਿਬੋ ਨ ਕਰੇ॥੨੨॥

ਹੱਥ ਜੋੜ ਕੇ ਸੇਵਕ ਨੇ ਕਿਹਾ, "ਗੁਰੂ ਜੀ ਦੀ ਸਹਾਇਤਾ ਨਾਲ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਜਦ ਹੀ ਸੀਸ ਧੜ ਨਾਲੋਂ ਲੱਥ ਕੇ ਉੱਪਰ ਉੱਡਿਆ ਤਾਂ ਹਨੇਰੀ ਚਲਣ ਨਾਲ ਬਹੁਤ ਧੂੜ ਉੱਡੀ, ਜਿਹੜੀ ਸਭ ਵੇਖਣ ਵਾਲਿਆਂ ਦੀਆਂ ਅੱਖਾਂ ਵਿਚ ਪੈ ਗਈ, ਕੋਈ ਵੀ ਵੇਖ ਨਾ ਸੱਕਿਆ, ਮੈਂ ਕੁਝ ਡਰੇ ਹੋਏ ਨੇ ਸੀਸ ਨੂੰ ਆਪਣੇ ਪਾਸ ਚੰਗੀ ਤਰ੍ਹਾਂ ਸੰਭਾਲ ਲਿਆ। ਸਾਰਿਆਂ ਵਿਚ ਵੱਡਾ ਰੌਲਾ ਪੈ ਗਿਆ, ਜਿਸ ਨੂੰ ਸੁਣ ਕੇ ਮੈਂ ਛੇਤੀ-ਛੇਤੀ ਚਲ ਪਿਆ ਤਾਂਕਿ ਮੈਨੂੰ ਕੋਈ ਫੜ ਨਾ ਲਵੇ॥੨੨॥

ਪੌਰਿ ਕੇ ਠੌਰ ਖਰੇ ਨਰ ਕੇਤਿਕ ਮੈਂ ਕਰਿ ਸਾਹਸ ਬੇਗ ਹੀ ਧਾਯੋ।
ਰੋਕ ਨ ਟੋਕ ਕਰੀ ਕਿਨਹੂੰ ਪੁਰਿ ਤਜਾਗਤਿ ਆਪਨੇ ਪੰਥ ਸਿਧਾਯੋ।
ਸੋ ਪਸ਼ਚਾਤ ਲਗੇ ਸਭਿ ਖੋਜਨਿ, ਹੋਤਿ ਅਚੰਭ, ਨਹੀਂ ਜਬਿ ਪਾਯੋ।
ਲੇ ਗਮਨਜੋਂ ਅਨੁਮਾਨ ਕਰਜੋ ਤਿਨ, ਤੌ ਅਸਵਾਰਨਿ ਬ੍ਰਿੰਦ ਚਢਾਯੋ॥ ੨੩॥

ਕੁਤਵਾਲੀ ਦੇ ਦਰਵਾਜ਼ੇ ਵਿਚ ਕਈ ਮਨੁੱਖ ਖੜੇ ਸਨ, ਮੈਂ ਉੱਦਮ ਕਰਕੇ ਛੇਤੀ ਹੀ ਭੱਜ ਉਠਿਆ। ਕਿਸੇ ਨੇ ਵੀ ਮੈਨੂੰ ਰੋਕਿਆ ਟੋਕਿਆ ਨਹੀਂ, ਨਗਰ ਛੱਡ ਕੇ ਮੈਂ ਆਪਣੇ ਰਾਹੇ-ਰਾਹ ਚਲ ਪਿਆ। ਉਹ ਬਾਅਦ ਵਿਚ ਸਭ ਥਾਂ ਲੱਭਣ ਲੱਗੇ, ਜਦ ਸੀਸ ਨੂੰ ਕਿਤੇ ਵੀ ਨਾ ਵੇਖਿਆ ਤਾਂ ਬਹੁਤ ਹੈਰਾਨ ਹੋਏ। ਉਨ੍ਹਾਂ ਇਹ ਅਨੁਮਾਨ ਲਾਇਆ ਕਿ ਕੋਈ ਲੈ ਕੇ ਚਲੇ ਗਿਆ ਹੈ, ਇਸ ਕਰਕੇ ਬਹੁਤ ਘੋੜ-ਸਵਾਰਾਂ ਨੂੰ ਮਗਰ ਚੜ੍ਹਾਇਆ॥੨੩॥

ਆਨਿ ਮਿਲੇ ਮੁਝ ਕੇਤਿਕ ਦੂਰ ਲਖਜੋ ਤਿਨਕੋ ਮਨ ਮੈਂ ਡਰਪਾਯੋ।
ਮਾਰਗ ਮੈਂ ਸਕਟੇ ਗਮਨੈਂ ਪਿਖਿ ਏਕ ਮੈਂ ਸੀਸ ਗੁਰੂ ਕੋ ਟਿਕਾਯੋ।
ਸੇ ਅਸਵਾਰ ਵਡੇ ਤਰਜੈਂ ਅਵਿਲੋਕਤਿ ਖੋਜਤਿ ਜੋ ਨਰ ਪਾਯੋ।
ਮੋਕਹੁ ਆਨਿ ਕਹਜੋ ਥਿਰ ਹੋਵਹੁ ਦੇਖਤਿ ਭੇ ਪਟ ਕੋ ਛੁਟਕਾਯੋ॥ ੨੪॥

ਕੁਝ ਦੂਰੀ ਤੇ ਉਹ ਘੋੜ-ਸਵਾਰ ਮੈਨੂੰ ਆ ਮਿਲੇ, ਉਨ੍ਹਾਂ ਨੂੰ ਵੇਖਕੇ ਮੈਂ ਮਨ ਵਿਚ ਬਹੁਤ ਡਰਿਆ। ਰਾਹ ਵਿਚ ਕੁਝ ਗੱਡੇ ਜਾ ਰਹੇ ਸਨ, ਉਨ੍ਹਾਂ ਵਿਚੋਂ ਇਕ ਵਿਚ ਮੈਂ ਗੁਰੂ ਜੀ ਦੇ ਸੀਸ ਨੂੰ ਰੱਖ ਦਿੱਤਾ। ਉਸ ਘੋੜ-ਸਵਾਰ ਬਹੁਤ ਤਾੜਨਾ ਕਰਦੇ ਸਨ ਤੇ ਜਿਹੜਾ ਵੀ ਮਨੁੱਖ ਵੇਖਦੇ ਸਨ, ਉਸਦੀ ਤਲਾਸ਼ੀ ਲੈਂਦੇ ਸਨ। ਮੈਨੂੰ ਆ ਕੇ ਕਿਹਾ 'ਖਲੋ ਜਾ' ਮੇਰੇ ਪਾਸੋਂ ਕੱਪੜਾ ਲੈ ਕੇ ਝਾੜਿਆ॥੨੪॥

ਫੇਰ ਲਗੇ ਸਕਟੇ ਅਵਿਲੋਕਨਿ ਰੋਕਿ ਖਰੇ ਕਰਿ ਖੋਜਨਿ ਲਾਗੇ।
ਪਾਛਲ ਕੋ ਜਬਿ ਦੇਖਤਿ ਭੇ ਤਬਿ ਸੀਸ ਗਯੋ ਜੁ ਹੁਤੋ ਸਭਿ ਆਗੇ।
ਨਾਹਨ ਪ੍ਰਾਪਤਿ ਭਾ ਜਬਿਹੂੰ ਤਬਿ ਆਗਲੇ ਹੇਰਨਿ ਕੋ ਅਨੁਰਾਗੇ।
ਪਾਛਲਿ ਮੈਂ ਪੁਨ ਆਇ ਗਯੋ ਸਿਰ, ਹਾਰ ਪਰੇ ਸਠ ਸੋ ਇਮ ਠਾਗੇ॥ ੨੫॥

ਫੇਰ ਸਾਰੇ ਗੱਡਿਆਂ ਨੂੰ ਵੇਖਣ ਲੱਗੇ, ਰੋਕ ਕੇ ਸਾਰਿਆਂ ਦੀ ਤਲਾਸ਼ੀ ਲੈਣ ਲੱਗੇ। ਜਦ ਪਿਛਲੇ ਗੱਡੇ ਨੂੰ ਵੇਖ ਰਹੇ ਸਨ ਤਾਂ ਸੀਸ ਉਸ ਗੱਡੇ ਵਿਚ ਚਲੇ ਗਿਆ ਜਿਹੜਾ ਸਭ ਤੋਂ ਅੱਗੇ ਸੀ। ਜਦ ਉਨ੍ਹਾਂ ਨੂੰ ਪਿਛਲੇ ਪਾਸੇ ਕਿਸੇ ਗੱਡੇ ਵਿਚੋਂ ਵੀ ਪ੍ਰਾਪਤ ਨਾ ਹੋਇਆ ਤਾਂ ਫਿਰ ਅਗਲੇ ਪਾਸੇ ਵੇਖਣ ਦਾ ਚਿੱਤ ਚਾਹਿਆ, ਫਿਰ ਸੀਸ ਪਿਛਲੇ ਗੱਡੇ ਵਿਚ ਆ ਗਿਆ, ਲੱਭਦੇ-ਲੱਭਦੇ ਹਾਰ ਗਏ, ਇਸ ਪ੍ਰਕਾਰ ਛਲੇ ਗਏ॥੨੫॥

ਦੋਹਰਾ- ਗੁਰ ਸਿਰ ਇਕ ਮੋ ਕਹੁ ਦਿਖਤਿ ਅਪਰ ਨ ਦੇਖਤਿ ਕੋਇ।
ਖੋਜ ਹਟੇ ਨਰ ਪੰਥ ਕੋ ਗਮਨੇ ਪੁਰਿ ਨਿਜ ਸੋਇ॥ ੨੬॥

ਗੁਰੂ ਜੀ ਦਾ ਸੀਸ ਇਕ ਮੈਨੂੰ ਦਿਖਾਈ ਦਿੰਦਾ ਸੀ, ਹੋਰ ਉਸ ਨੂੰ ਕੋਈ ਨਹੀਂ ਸੀ ਵੇਖ ਰਿਹਾ। ਤਲਾਸ਼ੀ ਕਰਕੇ ਉਹ ਘੋੜ-ਸਵਾਰ ਵਾਪਸ ਮੁੜ ਕੇ ਆਪਣੇ ਨਗਰ ਨੂੰ ਚਲੇ ਗਏ॥੨੬॥

ਗਏ ਦਿਖਨਿ ਤੇ ਰਹਿ ਗਏ, ਤਬਿ ਮੈਂ ਸੀਸ ਸੰਭਾਰਿ।
ਬਿਸਤ੍ਰਨਿ ਬਿਖੈ ਲਪੇਟਿ ਕੇ ਲੀਨਹੁਂ ਨਿਜ ਸਿਰ ਧਾਰਿ॥ ੨੭॥

ਜਦ ਉਹ ਘੋੜ-ਸਵਾਰ ਦਿਖਾਈ ਦੇਣ ਤੋਂ ਹਟ ਗਏ ਤਦ ਮੈਂ ਸੀਸ ਨੂੰ ਫਿਰ ਆਪਣੇ ਪਾਸ ਸੰਭਾਲ ਲਿਆ ਤੇ ਕੱਪੜਿਆਂ ਵਿਚ ਲਪੇਟ ਕੇ ਆਪਣੇ ਸਿਰ ਉੱਤੇ ਧਾਰਨ ਕਰ ਲਿਆ॥੨੭॥

ਸ਼੍ਰਮਿਤ ਭਯੋ ਨਹਿਂ ਮਗ ਬਿਖੈ ਨਿਸ ਮਹਿਂ ਨਹਿਂ ਡਰ ਪਾਇ।
ਹੁਇ ਨਿਸ਼ੰਕ ਇਕ ਮਨ ਚਲਯੋ ਹੁਤੋ ਹੁਕਮ ਜਿਸ ਭਾਇ॥ ੨੮॥

ਰਾਹ ਵਿਚ ਮੈਨੂੰ ਕੋਈ ਥਕਾਵਟ ਨਹੀਂ ਹੋਈ ਹੈ ਤੇ ਨਾ ਹੀ ਰਾਤ ਸਮੇਂ ਕਿਸੇ ਪ੍ਰਕਾਰ ਦਾ ਡਰ ਹੀ ਪਾਇਆ ਹੈ। ਸ਼ੰਕਾ ਰਹਿਤ ਹੋ ਕੇ ਇਕ ਮਨ ਚਲਿਆ ਹਾਂ, ਜਿਵੇਂ ਮੈਨੂੰ ਗੁਰੂ ਜੀ ਵਲੋਂ ਹੁਕਮ ਹੋਇਆ ਸੀ॥੨੮॥

ਮੁਹਿ ਸਮੁਝਾਯੋ ਜਿਮ ਗੁਰੂ ਬਿਨ ਸ਼ੰਕਾ ਤਿਮ ਕੀਨਿ।
ਭਏ ਸਹਾਇਕ ਆਪਹੀ, ਇਕ ਜਸ ਮੋ ਕਹੁ ਦੀਨਿ॥ ੨੯॥

ਜਿਵੇਂ ਗੁਰੂ ਜੀ ਨੇ ਮੈਨੂੰ ਸਮਝਾਇਆ ਸੀ, ਉਸ ਤਰ੍ਹਾਂ ਹੀ ਮੈਂ ਸ਼ੰਕਾ ਰਹਿਤ ਹੋ ਕੇ ਕਾਰਜ ਕੀਤਾ ਹੈ। ਆਪ ਹੀ ਗੁਰੂ ਜੀ ਮੇਰੇ ਸਹਾਇਕ ਬਣੇ ਹਨ, ਇਕ ਕੇਵਲ ਜੱਸ ਹੀ ਹੈ, ਜਿਹੜਾ ਉਨ੍ਹਾਂ ਮੈਨੂੰ ਬਖਸ਼ਿਆ ਹੈ॥੨੯॥

ਪਹੁਂਚਾਯੋ ਤਹਿਂ ਤੇ ਨਿਕਸਿ, ਰਾਖੇ ਖਰੇ ਅਨੇਕ।
ਤਿਲਕ ਜਨੇਊ ਹਿੰਦੁ ਕੀ ਰਾਖੀ ਸਤਿਗੁਰ ਟੇਕ॥ ੩੦॥

ਦਿੱਲੀ ਵਿਚੋਂ ਕੱਢ ਕੇ ਏਥੋਂ ਤਕ ਪਹੁੰਚਾਇਆ ਹੈ, ਜਦ ਕਿ ਅਨੇਕਾਂ ਰਾਖੇ ਖੜੇ ਸਨ। ਸਤਿਗੁਰੂ ਜੀ ਨੇ ਆਸਰਾ ਬਣ ਕੇ ਹਿੰਦੂਆਂ ਦਾ ਤਿਲਕ ਜਨੇਊ ਰਖਿਆ ਹੈ॥੩੦॥

ਖਲਹਲ ਦਿੱਲੀ ਮੋਂ ਪਰਯੋ, ਮੋਕਹੁ ਸੁਧ ਕੁਛ ਨਾਂਹਿ।
ਬੂਝਹੁ ਨੀਕੇ ਕਰਿ ਤਿਸੈ ਤਹਿਂ ਤੇ ਆਇ ਜੁ ਪ੍ਰਾਹਿ॥ ੩੧॥

ਜਿਹੜੀ ਬਾਅਦ ਵਿਚ ਦਿੱਲੀ ਵਿਚ ਹਲਚਲ ਮਚੀ, ਉਸ ਬਾਰੇ ਮੈਨੂੰ ਵੀ ਕੁਝ ਵੀ ਪਤਾ ਨਹੀਂ ਹੈ। ਉਸ ਵਿਅਕਤੀ ਨੂੰ ਚੰਗੀ ਤਰ੍ਹਾਂ ਪੁੱਛੋ ਜਿਹੜਾ ਬਾਅਦ ਵਿਚ ਦਿੱਲੀ ਤੋਂ ਆਵੇ, ਉਹ ਹੀ ਸਭ ਕੁਝ ਕਹੇਗਾ"॥੩੧॥

*ਪਹਿਲੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥*

## ਅਧਿਆਇ ਚੌਥਾ

### *ਯੱਗ ਕੀਤਾ*

ਦੋਹਰਾ- ਸਕਲ ਕ੍ਰਿਆ ਕਰਿ ਪਿਤਾ ਕੀ ਬ੍ਰਿੱਧਨਿ ਜਥਾ ਬਤਾਇ।
ਜਹਿਂ ਕਹਿਂ ਸੁਨਿ ਸੁਨਿ ਆਇਰਗੇ ਸਿਖ ਮਸੰਦ ਸਮੁਦਾਇ॥ ੧॥

ਜਿਵੇਂ ਬਜ਼ੁਰਗਾਂ ਨੇ ਦੱਸਿਆ, ਉਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਸਭ ਪ੍ਰਕਾਰ ਕਿਰਿਆ ਕੀਤੀ। ਜਿੱਥੇ-ਕਿੱਥੇ ਸੁਣ ਸੁਣ ਕੇ ਸਿੱਖ ਅਤੇ ਮਸੰਦ ਇਕੱਠੇ ਹੋ ਕੇ ਆਏ॥੧॥

Sri Satguru Jagjit Singh Ji eLlibrary NamdhariElibrary@gmail.com

ਬੇਦੀ ਕੁਲ ਤੇਹਣ ਮਿਲੇ ਭੱਲੇ ਸੁਨਿ ਸਭਿ ਆਇ।
ਬੈਠਿ ਬੈਠਿ ਗੁਰ ਕੇ ਨਿਕਟ ਰਹੇ ਸਿਵਰ ਨਿਜ ਪਾਇ॥ ੨॥

ਬੇਦੀ, ਤ੍ਰੇਹਣ ਅਤੇ ਭੱਲੇ ਸਾਰੇ ਸੁਣ ਕੇ ਆ ਕੇ ਗੁਰੂ ਜੀ ਨੂੰ ਮਿਲੇ। ਉਹ ਆਪਣੇ ਤੰਬੂ ਲਾ ਕੇ ਗੁਰੂ ਜੀ ਪਾਸ ਰਹੇ ਤੇ ਉਨ੍ਹਾਂ ਦੇ ਪਾਸ ਬੈਠਦੇ ਸਨ॥੨॥

*ਪਾਧੜੀ ਛੰਦ-* ਸ੍ਰੀ ਨਾਨਕੀ ਮਾਤ ਬਿਲਾਪ ਕੀਨਿ।ਆਂਸੂਨਿ ਡਾਰਿ ਚਿਤ ਹੋਤਿ ਖੀਨਿ।
ਤਿਮ ਗੁਜਰੀ ਅਤਿ ਸ਼ੋਕਹਿ ਉਪਾਇ। ਨਿਤ ਬਹਜੋ ਦ੍ਰਿਗਨਿ ਤੇ ਨੀਰ ਜਾਇ॥੩॥

ਮਾਤਾ ਨਾਨਕੀ ਜੀ ਵਿਰਲਾਪ ਕਰਦੇ ਸਨ, ਅੱਖਾਂ ਵਿਚੋਂ ਹੰਝੂ ਵਹਾ ਵਹਾ ਕੇ ਦੁਖੀ ਹੁੰਦੇ ਸਨ। ਉਸ ਤਰ੍ਹਾਂ ਹੀ ਮਾਤਾ ਗੁਜਰੀ ਜੀ ਬਹੁਤ ਦੁਖ ਪਾਉਂਦੇ ਸਨ, ਸਦਾ ਹੀ ਨੈਣਾਂ ਵਿਚ ਜਲ ਵਗਦਾ ਰਹਿੰਦਾ ਸੀ॥੩॥

ਸਤਿਗੁਰ ਬਿਚਾਰਿ ਭੇਜੇ ਮਸੰਦ। 'ਦਿਹੁ ਮਾਤ ਜਾਇ ਧੀਰਜ ਬਿਲੰਦ।
ਗੁਰ ਸਦਨ ਸ਼ੋਕ ਹੋਵੰਤਿ ਨਾਂਹਿ। ਇਕ ਰਸ ਅਨੰਦ ਮਹਿਂ ਸਥਿਤਿ ਪਾਹਿਂ' ॥੪॥

ਸਤਿਗੁਰੂ ਜੀ ਨੇ ਵਿਚਾਰ ਕੇ ਮਸੰਦਾਂ ਨੂੰ ਭੇਜਿਆ, "ਦੋਵਾਂ ਮਾਤਾ ਜੀ ਨੂੰ ਜਾ ਕੇ ਵੱਡਾ ਧੀਰਜ ਦੇਵੋ। ਗੁਰੂ ਘਰ ਵਿਚ ਦੁਖ ਨਹੀਂ ਮਨਾਇਆ ਜਾਂਦਾ, ਇਕ ਰਸ ਆਨੰਦ ਵਿਚ ਸਥਿਤ ਰਹਿਣਾ ਚਾਹੀਦਾ ਹੈ"॥੪॥

ਸੁਨਿ ਗਏ ਮਹਿਲ ਦੇਖੀ ਸੁ ਜਾਇ। ਕਰਿ ਨਮਸਕਾਰ ਬੈਠੇ ਸੁ ਥਾਇਂ।
ਕਰ ਜੋਰਿ ਕਹਜੋ 'ਮਾਤਾ! ਸੁਨੇਹੁ। ਤੁਮ ਉਚਿਤ ਨਾਂਹਿ ਏਤਿਕ ਸਨੇਹੁ ॥੫॥

ਇਹ ਸੁਣ ਕੇ ਮਸੰਦ ਮਹਿਲਾਂ ਵਿਚ ਚਲੇ ਗਏ ਤੇ ਮਾਤਾ ਜੀ ਨੂੰ ਨਮਸਕਾਰ ਕਰਕੇ ਬੈਠ ਗਏ। ਹੱਥ ਜੋੜ ਕੇ ਕਿਹਾ, "ਹੇ ਮਾਤਾ ਜੀ! ਸੁਣੋ, ਤੁਹਾਡੇ ਵਾਸਤੇ ਏਨਾ ਦਿਲ ਤੋੜਵਾਂ ਮੋਹ ਕਰਨਾ ਉਚਿਤ ਨਹੀਂ॥੫॥

ਗੁਰ ਤਜਜੋ ਦੇਹਿ ਹ੍ਵੈ ਕੈ ਸੁਛੰਦ। ਜਗ ਧਰਮ ਰਖਜੋ ਹਿੰਦੂਨਿ ਬਿਲੰਦ।
ਤੁਰਕੇਸ਼ ਸੀਸ ਦੋਸ਼ਹਿ ਚਢਾਇ। ਤਨ ਅੰਤ ਸਮਾ ਪਹੁੰਚਜੋ ਸੁ ਆਇ॥੬॥

ਗੁਰੂ ਜੀ ਨੇ ਆਪਣੀ ਮਰਜ਼ੀ ਨਾਲ ਸਰੀਰ ਛੱਡਿਆ ਹੈ, ਉਨ੍ਹਾਂ ਨੇ ਹਿੰਦੂਆਂ ਦੇ ਵੱਡੇ ਧਰਮ ਦੀ ਰੱਖਿਆ ਕੀਤੀ ਹੈ। ਤੁਰਕ ਬਾਦਸ਼ਾਹ ਦੇ ਸਿਰ 'ਤੇ ਦੋਸ਼ ਮੜ੍ਹਿਆ ਹੈ, ਸਰੀਰ ਦਾ ਅੰਤਮ ਸਮਾਂ ਪਹੁੰਚ ਗਿਆ ਸੀ॥੬॥

ਅਬਿ ਤਿਨ ਸਥਾਨ ਸੁਤ ਕੋ ਬਿਲੋਕ। ਮਨ ਬ੍ਰਿਤੀ ਸ਼ੋਕ ਤੇ ਰਾਖਿ ਰੋਕਿ'।
ਥਿਤ ਹੁਤੇ ਨਿਕਟ ਭ੍ਰਾਤਾ ਕ੍ਰਿਪਾਲ। ਸੁਨਿ ਇਹ ਪ੍ਰਸੰਗ ਕਹਿ ਤਾਤਕਾਲ॥੭॥

ਹੁਣ ਉਨ੍ਹਾਂ ਦੇ ਥਾਂ ਆਪਣੇ ਪੁੱਤਰ ਨੂੰ ਵੇਖੋ ਤੇ ਮਨ ਬ੍ਰਿਤੀ ਨੂੰ ਦੁਖ ਤੋਂ ਰੋਕ ਕੇ ਰੱਖੋ।" ਭਾਈ ਕਿਰਪਾਲ ਜੀ ਵੀ ਪਾਸ ਹੀ ਬੈਠੇ ਸਨ, ਉਨ੍ਹਾਂ ਨੇ ਇਹ ਪ੍ਰਸੰਗ ਸੁਣ ਕੇ ਤੁਰਤ ਕਿਹਾ॥੭॥

'ਹੇ ਭਗਨਿ! ਲੇਹੁ ਚਿਤ ਮਹਿਂ ਬਿਚਾਰ। ਨਹਿਂ ਮਿਟਹਿ ਕਥਹੂੰ ਜੋ ਹੋਨਹਾਰ।
ਸਤਿਗੁਰ ਸ਼ਲੋਕ ਲਿਖਿਕੈ ਪਠਾਇ। ਤਿਹ ਅਰਥ ਰਿਦੇ ਕਜੋਂ ਨਹਿਂ ਬਸਾਇਂ॥੮॥

"ਹੇ ਭੈਣ ਜੀ! ਚਿੱਤ ਵਿਚ ਵਿਚਾਰ ਲਵੋ, ਜੋ ਹੋਣਾ ਹੁੰਦਾ ਹੈ, ਉਹ ਕਦੀ ਵੀ ਮਿਟਦਾ ਨਹੀਂ ਹੈ। ਸਤਿਗੁਰੂ ਜੀ ਨੇ ਸਲੋਕ ਲਿਖ ਕੇ ਭੇਜੇ ਸਨ, ਉਨ੍ਹਾਂ ਦੇ ਅਰਥਾਂ ਨੂੰ ਆਪਣੇ ਹਿਰਦੇ ਵਿਚ ਕਿਉਂ ਨਹੀਂ ਵਸਾਉਂਦੇ ਹੋ॥੮॥

ਤਿਨ ਪੁੱਤ੍ਰ ਗੁਰੂ ਬਨਿ ਹੈ ਬਿਲੰਦ। ਜਿਨਕੋ ਪ੍ਰਤਾਪ ਦੀਖਤਿ ਸੁਛੰਦ।
ਤਿਹ ਪਿਖਹੁ ਆਪ ਕੀਜਹਿ ਅਨੰਦ। ਪ੍ਰਿਯ ਸਭਿਨਿ ਚਕੋਰਨਿ ਮਨਹੁਂ ਚੰਦ॥੯॥

ਉਨ੍ਹਾਂ ਦੇ ਪੁੱਤਰ ਮਹਾਨ ਗੁਰੂ ਬਣਨਗੇ, ਜਿਨ੍ਹਾਂ ਦਾ ਆਪਣੀ ਇੱਛਾ ਅਨੁਸਾਰ ਚਲਣ ਵਾਲਾ ਪ੍ਰਤਾਪ ਦਿਖਾਈ ਦਿੰਦਾ ਹੈ। ਉਨ੍ਹਾਂ ਨੂੰ ਵੇਖ ਕੇ ਆਪ ਅਨੰਦ ਕਰੋ। ਉਹ ਸਭ ਚਕੋਰਾਂ ਵਾਸਤੇ ਪਿਆਰਾ ਮਾਨੋ ਚੰਦ ਹੈ॥੯॥

ਕਹਿ ਬਾਰ ਬਾਰ ਤੁਮ ਪਹਿ ਪਠਾਇ। ਹਿਤ ਧਰਹੁ ਦਿਲਾਸਾ ਦੇਹੁ ਜਾਇ'।
ਸੁਨਿ ਦੁਹੁਨਿ ਮਾਤ ਚਿਤ ਸ਼ੁਭ ਬਿਚਾਰਿ। ਤਜਿ ਸ਼ੋਕ ਦੀਨਿ ਸੁਤ ਪ੍ਰੇਮ ਧਾਰਿ॥੧੦॥

ਉਨ੍ਹਾਂ ਨੇ ਬਾਰ-ਬਾਰ ਮਸੰਦਾਂ ਨੂੰ ਕਹਿ ਕੇ ਤੁਹਾਡੇ ਪਾਸ ਭੇਜਿਆ ਹੈ ਤੇ ਉਹ ਕਹਿੰਦੇ ਹਨ ਕਿ ਮਾਤਾ ਜੀ ਨੂੰ ਜਾ ਕੇ ਦਿਲਾਸਾ ਦੇਵੋ।" ਇਹ ਸੁਣ ਕੇ ਦੋਹਾਂ ਮਾਤਾ ਜੀ ਨੇ ਸ਼ੋਕ ਛੱਡ ਕੇ ਪ੍ਰੇਮ ਧਾਰ ਕੇ ਪੁੱਤਰ ਨੂੰ ਸ਼ੁਭ ਵਿਚਾਰ ਦਿੱਤੀ॥੧੦॥

'ਜਿਮ ਪਾਗ ਬਾਂਧਿਬੇ ਰੀਤਿ ਹੋਇ। ਚਹਿਯੰਤਿ ਵਸਤੁ ਅਨਵਾਇ ਸੋਇ।
ਇਹ ਠਾਂਇ ਲਭੈ ਤਬਿ ਮੋਲ ਲੇਹੁ। ਨਤੁ ਅਪਰ ਨਗਰ ਧਨ ਭੇਜਿ ਦੇਹੁ' ॥੧੧॥

"ਜਿਵੇਂ ਪੱਗ ਬੰਨ੍ਹਣ ਦੀ ਰੀਤੀ ਹੈ, ਉਹ ਸਾਰੀਆਂ ਵਸਤਾਂ ਮੰਗਵਾਉਣੀਆਂ ਚਾਹੀਦੀਆਂ ਹਨ। ਜੇ ਏਥੇ ਮਿਲਦੀਆਂ ਹਨ ਤਾਂ ਮੁੱਲ ਲੈ ਲਵੋ ਨਹੀਂ ਤਾਂ ਹੋਰ ਵੱਡੇ ਨਗਰਾਂ ਵਿਚ ਧਨ ਭੇਜ ਦੇਵੋ" ॥੧੧॥

ਸੁਨਿ ਸੁਨਿ ਮਸੰਦ ਪਠਿ ਦਰਬ ਦੀਨਿ। ਗਨ ਪਾਗ ਬਸਤ੍ਰ ਅਨਵਾਇ ਲੀਨਿ।
ਬਹੁ ਮੋਲ ਪਸ਼ਮ ਅੰਬਰ ਮੰਗਾਇ। ਪੁਨ ਚੀਰ ਰੇਸ਼ਮੀ ਲੇ ਧਰਾਇ॥ ੧੨॥

ਮਸੰਦਾਂ ਨੇ ਸੁਣ-ਸੁਣ ਕੇ ਧਨ ਭੇਜ ਦਿੱਤਾ, ਕਈ ਪੱਗਾਂ ਤੇ ਹੋਰ ਕੱਪੜੇ ਮੰਗਵਾ ਲਏ। ਬਹੁਤ ਕੀਮਤੀ ਉੱਨ ਦੇ ਕੱਪੜੇ ਮੰਗਵਾਏ। ਫਿਰ ਰੇਸ਼ਮ ਦੇ ਕੱਪੜੇ ਲਿਆ ਕੇ ਧਰਵਾਏ॥੧੨॥

ਗਨ ਗ੍ਰਾਮ ਦਰਬ ਦੇ ਘ੍ਰਿਤ ਬਿਸ਼ਾਲ। ਸਰਕਰਾ ਸੇਤ ਕਰਿ ਸੰਚਿ ਜਾਲ।
ਇੱਤਜਾਦਿ ਵਸਤੁ ਸਭਿ ਤਜਾਰ ਕੀਨਿ। ਜਿਤਨੀ ਸੁ ਚਾਹਿ ਸੋ ਅਧਿਕ ਲੀਨਿ॥੧੩॥

ਕਈ ਪਿੰਡਾਂ ਨੂੰ ਧਨ ਦੇ ਕੇ ਬਹੁਤ ਘਿਉ ਮੰਗਵਾਇਆ ਤੇ ਸਫੇਦ ਖੰਡ ਬਹੁਤ ਇਕੱਠੀ ਕੀਤੀ। ਇਸ ਤਰ੍ਹਾਂ ਸਾਰੀਆਂ ਵਸਤਾਂ ਤਿਆਰ ਕੀਤੀਆਂ। ਜਿੰਨੀਆਂ ਕੁ ਵਸਤਾਂ ਲੋੜੀਂਦੀਆਂ ਸਨ, ਉਨ੍ਹਾਂ ਤੋਂ ਵੱਧ ਹੀ ਲਈਆਂ॥੧੩॥

ਕਹਿਯੰਤਿ ਬਾਤ ਸੁਨਿਯੰਤਿ ਦੇਸ਼। ਚਹਿਯੰਤ ਚਿਤ ਆਵਤਿ ਅਸ਼ੇਸ਼।
ਸੇਵਕ ਮਸੰਦ ਹ੍ਵੈਹੈ ਸੁ ਤਜਾਰ। ਬਹੁ ਮੋਲ ਲੇਤਿ ਦਸਤਾਰ ਚਾਰੁ॥ ੧੪॥

ਦਸਤਾਰਬੰਦੀ ਦੀ ਗੱਲ ਸਾਰੇ ਦੇਸ਼ ਵਿਚ ਆਖੀ ਗਈ ਤੇ ਸੁਣੀ ਗਈ। ਸਾਰੇ ਚਿੱਤ ਵਿਚ ਚਾਹਤ ਭਰਭਰ ਕੇ ਆ ਰਹੇ ਸਨ। ਸੇਵਕ ਮਸੰਦ ਤਿਆਰ ਹੋ ਕੇ ਬਹੁਤ ਕੀਮਤੀ ਸੁੰਦਰ ਦਸਤਾਰ ਲੈਂਦੇ ਸਨ॥੧੪॥

ਸੰਗਤਿ ਬਟੋਰਿ ਮਹਿਮਾ ਸੁਨਾਹਿਂ। 'ਗੁਰ ਬਯ ਨਵੀਨ ਅਭਿਖੇਕ ਤਾਂਹਿ।
ਬਹੁ ਮੇਲ ਹੋਇ ਹੈ ਪੁਰਿ ਅਨੰਦ। ਮਿਲਿ ਚਲਹੁ ਸ਼ੀਘ੍ਰ ਉਤਸਵ ਬਿਲੰਦ' ॥੧੫॥

ਉਹ ਸੰਗਤ ਨੂੰ ਇਕੱਠੀ ਕਰਕੇ ਮਹਿਮਾ ਸੁਣਾਉਂਦੇ ਸਨ, "ਗੁਰੂ ਜੀ ਦੀ ਛੋਟੀ ਉਮਰ ਹੈ, ਉਨ੍ਹਾਂ ਨੂੰ ਤਿਲਕ ਲੱਗਣਾ ਹੈ। ਅਨੰਦਪੁਰ ਵਿਚ ਬਹੁਤ ਵੱਡਾ ਮੇਲਾ ਹੋਵੇਗਾ। ਸਾਰੇ ਮਿਲ ਕੇ ਛੇਤੀ ਚਲੋ ਬੜਾ ਵੱਡਾ ਉਤਸਵ ਹੈ" ॥੧੫॥

ਚਹੁੰ ਦਿਸ਼ਿਨਿ ਸਿੱਖ ਸੁਨਿ ਸੁਨਿ ਤੁਰੰਤ। ਨਹਿਂ ਕਰਤਿ ਬਿਲਮ ਆਵਨਿ ਕਰੰਤਿ।
ਮਗ ਮਹਿਂ ਬਹੀਰ ਸੰਗਤਿ ਬਿਸਾਲ। ਮਿਲਿ ਬ੍ਰਿੰਦ ਬ੍ਰਿੰਦ ਪਹੁੰਚਹਿਂ ਉਤਾਲ॥੧੬॥

ਚਾਰੇ ਪਾਸਿਆਂ ਦੇ ਸਿੱਖ ਸੁਣ-ਸੁਣ ਕੇ ਤੁਰਤ ਚਲ ਪੈਂਦੇ ਸਨ ਤੇ ਆਉਣ ਵਿਚ ਉਹ ਕੋਈ ਦੇਰ ਨਹੀਂ ਸੀ ਲਾਉਂਦੇ। ਰਾਹ ਵਿਚ ਸੰਗਤ ਦੀ ਵੱਡੀ ਵਹੀਰ ਚਲਦੀ ਸੀ। ਸਮੂਹਾਂ ਦੇ ਸਮੂਹ ਮਿਲ-ਮਿਲ ਬੜੇ ਉਤਾਵਲੇ ਹੋ ਕੇ ਪਹੁੰਚਦੇ ਸਨ॥੧੬॥

ਬਹੁ ਭੀਰ ਅਨੰਦਪੁਰਿ ਮਿਲਤਿ ਜਾਤਿ। ਸਿਖ ਮਿਲਹਿਂ ਪਰਸਪਰ ਕਰਹਿਂ ਬਾਤ।
ਸਤਿਗੁਰੂ ਗੁਨਨਿ ਸੁਨਿ ਸੁਨਿ ਅਨੰਦ। ਤਨ ਬਯ ਨਵੀਨ ਮੁਖ ਮਨਹੁਂ ਚੰਦ॥੧੭॥

ਅਨੰਦਪੁਰ ਵੱਡੀ ਭੀੜ ਮਿਲਦੀ ਜਾਂਦੀ ਸੀ। ਸਿੱਖ ਮਿਲ ਕੇ ਆਪਸ ਵਿਚ ਗੱਲਾਂ ਕਰਦੇ ਸਨ। ਸਤਿਗੁਰੂ ਜੀ ਦੇ ਗੁਣਾਂ ਨੂੰ ਸੁਣ ਕੇ ਅਨੰਦ ਧਾਰਨ ਕਰਦੇ ਸਨ। ਉਮਰ ਤੇ ਸਰੀਰ ਛੋਟਾ, ਮੁਖੜਾ ਮਾਨੋ ਚੰਦ ਸਮਾਨ ਹੈ॥੧੭॥

ਸਭਿ ਕਰਤਿ ਨਮੋ ਦਰਸੰਤਿ ਰੂਪ। ਮਤਿ ਚਤੁਰ ਚਪਲ ਸੁੰਦਰ ਅਨੂਪ।
'ਗੁਰ ਧੰਨ ਧੰਨ' ਮੁਖ ਭਨਤਿ ਬੈਨ। ਚੰਚਲ ਸਲਾਜ ਬਿਸਤਿਰਤਿ ਨੈਨ॥੧੮॥

ਸਾਰੇ ਨਮਸਕਾਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਬੁੱਧੀ ਬੜੀ ਚਤੁਰ ਅਤੇ ਚੰਚਲ ਹੈ ਅਤੇ ਅਨੁਪਮ ਸੁੰਦਰ ਹੈ। ਸਾਰੇ ਮੁਖ ਵਿਚੋਂ ਬੋਲਦੇ ਸਨ, "ਧੰਨ ਧੰਨ ਗੁਰੂ ਜੀ।" ਚੌੜੇ ਨੇਤਰ ਚੰਚਲ ਅਤੇ ਸ੍ਰੇਸ਼ਟ ਲਾਜ ਵਾਲੇ ਹਨ॥੧੮॥

ਤਬਿ ਸਭਿ ਮਸੰਦ ਸੋਂ ਕਹਤਿ ਮਾਤ। 'ਕੀਜਹਿ ਸੁ ਜੱਗ ਲਹਿ ਬਹੁਤ ਭਾਂਤਿ।
ਗਨ ਸਾਧ ਸੰਤ ਜਿਤ ਕਿਤ ਹਕਾਰਿ। ਸਨਮਾਨ ਸਹਿਤ ਦੀਜਹਿ ਅਹਾਰ' ॥੧੯॥

ਤਦ ਸਾਰੇ ਮਸੰਦਾਂ ਨੂੰ ਮਾਤਾ ਜੀ ਨੇ ਕਿਹਾ, "ਬਹੁਤ ਪ੍ਰਕਾਰ ਦਾ ਸ੍ਰੇਸ਼ਟ ਯੱਗ ਕਰੋ। ਜਿੱਥੋਂ ਕਿੱਥੋਂ ਸਾਰੇ ਸਾਧਾਂ ਸੰਤਾਂ ਨੂੰ ਬੁਲਾਓ ਤੇ ਸਨਮਾਨ ਸਹਿਤ ਉਨ੍ਹਾਂ ਨੂੰ ਭੋਜਨ ਦੇਵੋ" ॥੧੯॥

ਗੁਰ ਕਾਰਦਾਰ ਸੁਨਿ ਹੁਕਮ ਏਮ। ਧਰਿ ਸ਼ੀਘ੍ਰ ਕਰਤਿ ਭੇ ਕਾਰ ਤੇਮ।
ਪਕਵਾਨ ਕਰਨ ਹਾਰੇ ਹਕਾਰਿ। ਸਭਿ ਜਥਾ ਜੋਗ ਪਰਬਿਰਤਿ ਕਾਰ॥੨੦॥

ਗੁਰੂ ਜੀ ਦੇ ਮਾਤਾ ਜੀ ਦਾ ਇਸ ਤਰ੍ਹਾਂ ਹੁਕਮ ਸੁਣ ਕੇ ਸਾਰੇ ਮਸੰਦ ਸ਼ੀਘਰਤਾ ਧਾਰ ਕੇ ਉਸ ਤਰ੍ਹਾਂ ਹੀ ਕਾਰਜ ਕਰਨ ਲੱਗੇ। ਪਕਵਾਨ ਤਿਆਰ ਕਰਨ ਵਾਲਿਆਂ ਨੂੰ ਬੁਲਾਇਆ ਤੇ ਸਾਰੇ ਯਥਾ ਯੋਗ ਕੰਮ ਉੱਤੇ ਲਾ ਦਿੱਤੇ॥੨੦॥

ਮਿਸ਼ਟਾਨ ਆਨਿ ਘ੍ਰਿਤ ਅਧਿਕ ਦੀਨਿ। ਗੋਧੂਮ ਚੂਨ ਮੈਦਾ ਸੁ ਲੀਨਿ।
ਬਹੁ ਪੂਪ ਪੂਰਿਕਾ ਤਬਿ ਪਕਾਇ। ਸ਼ੁਭ ਥਾਨ ਬਿਖੇ ਅੰਬਾਰ ਲਾਇ॥੨੧॥

ਖੰਡ ਅਤੇ ਘਿਉ ਬਹੁਤ ਲਿਆ ਕੇ ਦਿੱਤਾ, ਕਣਕ ਦਾ ਆਟਾ, ਮੈਦਾ ਵੀ ਲਿਆਦੇ। ਬਹੁਤ ਪੂੜੀਆਂ ਤੇ ਪੂੜੇ ਪਕਾਏ। ਸ਼ੁਭ ਥਾਵਾਂ 'ਤੇ ਉਨ੍ਹਾਂ ਪਦਾਰਥਾਂ ਦੇ ਢੇਰ ਲਾ ਦਿੱਤੇ॥੨੧॥

ਬਹੁ ਦੀਹ ਕਰਾਹੇ ਦਿਯ ਚੜ੍ਹਾਇ। ਕਰਿ ਤਯਾਰ ਤਿਹਾਵਲ ਧਰਤਿ ਜਾਇਂ।
ਬਹੁ ਬਰੇ ਕਚੌਰੀ ਤਯਾਰ ਕੀਨਿ। ਗਨ ਲਗੇ ਠਾਨਿ ਤੂਰਨ ਪ੍ਰਬੀਨ॥੨੨॥

ਬਹੁਤ ਵੱਡੇ-ਵੱਡੇ ਕੜਾਹੇ ਚਾੜ੍ਹ ਦਿੱਤੇ, ਕੜਾਹ ਪ੍ਰਸਾਦਿ ਵੀ ਤਿਆਰ ਕਰ ਕਰ ਰੱਖੀ ਜਾਂਦੇ ਸਨ। ਬਹੁਤ ਵੜੇ ਅਤੇ ਕਚੌਰੀਆਂ ਤਿਆਰ ਕੀਤੀਆਂ, ਬਹੁਤ ਚਤੁਰ ਮਨੁੱਖ ਛੇਤੀ-ਛੇਤੀ ਤਿਆਰ ਕਰਨ ਵਿਚ ਲੱਗੇ ਹੋਏ ਸਨ॥੨੨॥

ਭਾ ਪਾਕ ਸਿੱਧ ਬਿਧਿ ਬਿਬਿਧ ਕੇਰ। ਗਨ ਪੂਪ ਪੂਰਿਕਾ ਲਗਤਿ ਢੇਰ।
ਜਹਿਂ ਜਹਿਂ ਮਹੰਤ ਸ਼ੁਭ ਬੇਖ ਸੰਤ। ਤਹਿਂ ਤਹਿਂ ਹਕਾਰਿ ਲਜਾਵਤਿ ਕਰੰਤਿ॥੨੩॥

ਕਈ ਵਿਧੀਆਂ ਦੇ ਪਵਿੱਤਰ ਪਕਵਾਨ ਤਿਆਰ ਕੀਤੇ, ਪੂੜੀਆਂ ਅਤੇ ਪੂੜਿਆਂ ਦੇ ਢੇਰ ਲੱਗੇ ਸਨ। ਜਿੱਥੇ ਜਿੱਥੇ ਸ਼ੁਭ ਭੇਸ ਵਾਲਾ ਸੰਤ ਮਹੰਤ ਵੇਖਿਆ, ਉਥੋਂ-ਉਥੋਂ ਉਸ ਨੂੰ ਬੁਲਾ ਕੇ ਲੈ ਆਉਂਦੇ ਸਨ॥੨੩॥

ਆਵਤਿ ਸਮੂਹ ਜਿਤ ਕਿਤ ਜਮਾਤ। ਬਹੁ ਬਿੱਪ੍ਰ ਆਇਂ ਅਰੁ ਅਪਰ ਜਾਤਿ।
ਸਭਿ ਜਥਾ ਜੋਗ ਸਨਮਾਨ ਸਾਥ। ਚਢ ਊਚ ਮਹਲ ਪਰ ਪਿਖਤਿ ਨਾਥ॥੨੪॥

ਜਿਹੜੀ ਕਿਹੜੀ ਟੋਲੀ ਦੇ ਸਾਰੇ ਸੰਤ ਆ ਰਹੇ ਸਨ, ਬਹੁਤ ਬ੍ਰਾਹਮਣ ਅਤੇ ਹੋਰਨਾਂ ਜਾਤੀਆਂ ਦੇ ਲੋਕ ਵੀ ਆਏ। ਸਾਰਿਆਂ ਨੂੰ ਯਥਾ ਯੋਗ ਸਨਮਾਨ ਸਹਿਤ ਗੁਰੂ ਜੀ ਉੱਚੇ ਮਹਿਲ 'ਤੇ ਚੜ੍ਹ ਕੇ ਵੇਖ ਰਹੇ ਸਨ॥੨੪॥

ਸਗਰੇ ਮਸੰਦ ਪੰਗਤਿ ਬਨਾਇ। ਜਸ ਉਚਿਤ ਪਿਖਹਿਂ ਤਸ ਥਲ ਬਿਠਾਇਂ।
ਬਹੁ ਭਈ ਭੀਰ ਦੇ ਧਰ ਬ੍ਰਿੰਦ। ਕਹਿ ਕਹਿ ਟਿਕਾਇ ਪੰਕਤਿ ਬਿਲੰਦ॥੨੫॥

ਸਾਰੇ ਮਸੰਦ ਪੰਗਤਾਂ ਬਣਾ ਰਹੇ ਸਨ, ਜੈਸਾ ਵਿਅਕਤੀ ਨੂੰ ਉਚਿਤ ਸਮਝਦੇ ਸਨ, ਉਸ ਨੂੰ ਯੋਗ ਸਥਾਨ 'ਤੇ ਬੈਠਾਉਂਦੇ ਸਨ। ਉਸ ਧਰਤੀ 'ਤੇ ਬਹੁਤ ਵੱਡੀ ਭੀੜ ਹੋ ਗਈ। ਕਹਿ ਕਹਿ ਕੇ ਵੱਡੀਆਂ ਪੰਗਤਾਂ ਵਿਚ ਬੈਠਾਉਂਦੇ ਸਨ॥੨੫॥

ਗਨ ਲਗੇ ਪਰੋਸਨ ਕੋ ਅਹਾਰ। ਤ੍ਰਿਪਤਹਿਂ ਸੁ ਜਿਤਿਕ ਇਕ ਬਾਰ ਡਾਰਿ।
ਤੂਰਨ ਕਰੰਤਿ ਸਭਿ ਅੱਗ੍ਰ ਦੀਨਿ। ਪੁਨ ਲਗੇ ਅਚਨ ਸਭਿ ਸ੍ਵਾਦ ਲੀਨਿ॥੨੬॥

ਬਹੁਤ ਮਨੁੱਖ ਭੋਜਨ ਪਰੋਸਣ ਵਾਸਤੇ ਲੱਗ ਗਏ, ਜਿਸ ਨੂੰ ਇਕ ਵਾਰ ਭੋਜਨ ਪਾ ਦਿੰਦੇ ਸਨ, ਉਹ ਤ੍ਰਿਪਤ ਹੋ ਜਾਂਦਾ ਸੀ। ਤੁਰਤ ਹੀ ਸਭ ਦੇ ਅੱਗੇ ਭੋਜਨ ਧਰ ਦਿੱਤਾ, ਫਿਰ ਸਾਰੇ ਭੋਜਨ ਖਾ ਕੇ ਸਵਾਦ ਲੈ ਰਹੇ ਸਨ॥੨੬॥

ਬਹੁ ਕਰਤਿ ਸਰਾਹਨ ਬਾਰ ਬਾਰ। ਮੁਖ ਕਹਤਿ 'ਕਯੋਂ ਨ ਹੁਇ ਅਸ ਅਹਾਰ।
ਗੁਰਦੇਵ ਹੇਤੁ ਗੁਰ ਨੰਦ ਕੀਨਿ। ਜੋ ਆਪ ਕਰਨ ਕਾਰਨ ਪ੍ਰਬੀਨ' ॥੨੭॥

ਬਾਰ-ਬਾਰ ਬਹੁਤ ਸ਼ਲਾਘਾ ਕਰ ਰਹੇ ਸਨ ਤੇ ਮੁਖ ਤੋਂ ਕਹਿੰਦੇ ਸਨ, "ਐਸਾ ਭੋਜਨ ਕਿਉਂ ਨਾ ਤਿਆਰ ਹੋਵੇ, ਗੁਰੂ ਜੀ ਦੇ ਪੁੱਤਰ ਨੇ ਗੁਰਦੇਵ ਵਾਸਤੇ ਯੱਗ ਕੀਤਾ ਹੈ, ਉਹ ਪ੍ਰਭੂ ਆਪ ਕਰਨ ਕਾਰਨ ਹੈ"॥੨੭॥

ਕਿਨ ਪੰਚਾਂਮ੍ਰਿਤ ਬਰਤਾਇ ਦੀਨਿ। ਕਿਨ ਪੂਪ, ਪੂਰਿਕਾ ਦੀਨਿ ਕੀਨਿ।
ਦਧਿ ਬਰੇ ਸਜੀਰਕ ਦੇਤਿ ਧਾਇ। ਬਿਨ ਜਾਚੇ ਦੇਖਤਿ ਅਧਿਕ ਪਾਇ॥੨੮॥

ਕਿਸੇ ਨੂੰ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ, ਕਿਸੇ ਨੂੰ ਪੂੜੀਆਂ ਅਤੇ ਪੂੜੇ ਦਿੱਤੇ। ਜ਼ੀਰੇ ਵਾਲੇ ਦਹੀਂ ਵੜੇ ਭੱਜ ਭੱਜ ਕੇ ਦਿੰਦੇ ਸਨ, ਮੰਗਣ ਤੋਂ ਬਗੈਰ ਹੀ ਵੇਖ ਕੇ ਹੋਰ ਦੇ ਦਿੰਦੇ ਸਨ॥੨੮॥

ਹੁਇ ਤ੍ਰਿਪਤ ਖਾਇਂ ਸ੍ਵਾਦਿਤ ਬਿਸਾਲ। ਕਹਿਂ 'ਲੇਹੁ ਲੇਹੁ' ਫਿਰਤੇ ਉਤਾਲ।
ਬਹੁ ਮਧੁਰ ਤੁਰਸ਼ ਅਰੁ ਤਿਕਤ ਜੋਇ। ਸਭਿ ਸਨੇ ਸਨੇ ਅਚਵੰਤਿ ਸੋਇ॥੨੯॥

ਬਹੁਤ ਸਵਾਦੀ ਭੋਜਨ ਨੂੰ ਖਾ ਕੇ ਤ੍ਰਿਪਤ ਹੋ ਰਹੇ ਸਨ। ਵਰਤਾਵੇ ਬੜੇ ਉਤਾਵਲੇ ਹੋ ਕੇ ਫਿਰ ਰਹੇ ਸਨ ਤੇ ਕਹਿੰਦੇ, "ਲਵੋ ਜੀ, ਲਵੋ ਜੀ" ਬਹੁਤ ਮਿੱਠੇ, ਖੱਟੇ ਅਤੇ ਕਰਾਰੇ ਜਿਹੜੇ ਪਕਵਾਨ ਸਨ, ਸਾਰੇ ਹੌਲੀ-ਹੌਲੀ ਛੱਕ ਰਹੇ ਸਨ॥੨੯॥

ਇਕ ਬਿਮਲ ਬਾਰਿ ਦੇ ਬਾਰਿ ਬਾਰਿ। ਚਿਤ ਮੁਦਤਿ ਤ੍ਰਿਪਤ ਸ੍ਵਾਦਤਿ ਅਹਾਰ।
ਪੁਨ ਪਾਨਿ ਪਾਨਕਰਿ ਪਾਨ ਧੋਇ। 'ਗੁਰ ਧੰਨ ਧੰਨ' ਇਹ ਸ਼ਬਦ ਹੋਇ॥੩੦॥

ਨਿਰਮਲ ਜਲ ਬਾਰ-ਬਾਰ ਵਰਤਾਉਂਦੇ ਸਨ, ਸਵਾਦੀ ਭੋਜਨ ਛੱਕ ਕੇ ਸਾਰਿਆਂ ਦੇ ਚਿੱਤ ਪ੍ਰਸੰਨ ਹੋ ਗਏ। ਫਿਰ ਪਾਣੀ ਪੀ ਕੇ ਹੱਥ ਧੋਤੇ। 'ਧੰਨ ਧੰਨ ਗੁਰੂ ਜੀ' ਸਾਰਿਆਂ ਨੇ ਕਿਹਾ॥੩੦॥

ਤਬਿ ਮਾਤ ਸਹਿਤ ਸਤਿਗੁਰ ਸੁਜਾਨ। ਬਹੁ ਦਰਬ ਮਸੰਦਨ ਦੀਨਿ ਪਾਨ।
'ਦਿਹੁ ਸਭਿਨਿ ਜਾਇ ਨਹਿਂ ਰੌਰ ਹੋਇ। ਬਿਧਿ ਸਾਥ ਲੇਹੁ ਨਹਿਂ ਛੂਛ ਕੋਇ' ॥੩੧॥

ਫਿਰ ਮਾਤਾ ਸਹਿਤ ਚਤੁਰ ਸਤਿਗੁਰੂ ਜੀ ਨੇ ਮਸੰਦਾਂ ਦੇ ਹੱਥਾਂ ਵਿਚ ਬਹੁਤ ਧਨ ਦੇ ਕੇ ਕਿਹਾ, "ਸਾਰਿਆਂ ਨੂੰ ਜਾ ਕੇ ਧਨ ਦੇਵੋ, ਬਹੁਤ ਰੌਲਾ ਨਾ ਪਵੇ, ਵਿਧੀ ਅਨੁਸਾਰ ਸਾਰੇ ਪ੍ਰਾਪਤ ਕਰਨ, ਕੋਈ ਖਾਲੀ ਨਾ ਰਹਿ ਜਾਵੇ"॥੩੧॥

ਲੇ ਗਨ ਮਸੰਦ ਸਭਿਹੂਨਿ ਦੀਨਿ। ਦਿਜ ਸੰਤ ਮਹੰਤਨਿ ਅਧਿਕ ਚੀਨਿ।
ਹਰਖੇ ਸੰਬੂਹ ਬਹੁ ਕਰਿ ਸਰਾਹਿਂ; 'ਜਸ ਲਿਯੋ ਪ੍ਰਥਮ ਗੁਰ ਜੱਗਜ ਮਾਂਹਿ॥੩੨॥

ਕਈ ਮਸੰਦਾਂ ਨੇ ਧਨ ਲੈ ਕੇ ਸਾਰਿਆਂ ਨੂੰ ਦਿੱਤਾ। ਬ੍ਰਾਹਮਣਾਂ, ਸੰਤਾਂ, ਮਹੰਤਾਂ ਨੂੰ ਜ਼ਿਆਦਾ ਧਨ ਦਿੱਤਾ। ਸਾਰੇ ਬਹੁਤ ਪ੍ਰਸੰਨ ਹੋ ਕੇ ਸ਼ਲਾਘਾ ਕਰਦੇ ਸਨ, "ਗੁਰੂ ਨੇ ਯੱਗ ਕਰਕੇ ਵੱਡਾ ਜੱਸ ਲਿਆ ਹੈ॥੩੨॥

ਗੁਰ ਸਕਲ ਕਲਾ ਪੂਰਨ ਬਿਲੰਦ। ਸ੍ਰੀ ਹਰਿ ਗੁਬਿੰਦ ਕੇ ਹੁਇ ਮਨਿੰਦ।
ਉਤਸਾਹ ਬੁਧਿ ਤੈਸੋ ਸੁਭਾਇ। ਉਰ ਅਤਿ ਉਦਾਰ ਜਾਨੇ ਸੁ ਜਾਇ॥ ੩੩॥

ਗੁਰੂ ਜੀ ਸਰਬ ਕਲਾ ਪੂਰਨ ਅਤੇ ਮਹਾਨ ਹਨ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਹੋਏ ਹਨ। ਉਸ ਤਰ੍ਹਾਂ ਦਾ ਉਤਸ਼ਾਹ, ਬੁੱਧੀ ਅਤੇ ਸੁਭਾਵ ਹੈ। ਹਿਰਦੇ ਵਿਚ ਅਤਿ ਉਦਾਰ ਜਾਣੇ ਜਾਂਦੇ ਹਨ॥੩੩॥

ਜਨ ਬ੍ਰਿੰਦ ਬਿਲੰਦੇ ਕਰਿ ਨਿਹਾਲ। ਬਖਸ਼ਹਿਂ ਅਨੰਦ ਹ੍ਵੈ ਕਰਿ ਕ੍ਰਿਪਾਲ'।
ਸੁਨਿ ਦੂਤੀ ਕਹੈ ਅਚਰਜ ਸੁਨਾਇ। 'ਇਨ ਪਿਤਾ ਪਿਤਾਮਾ ਕੈਸਿ ਆਹਿ॥੩੪॥

ਬਹੁਤ ਸੇਵਕਾਂ ਨੂੰ ਕਿਰਪਾ ਕਰਕੇ ਨਿਹਾਲ ਕਰਕੇ ਅਨੰਦ ਬਖਸ਼ਣਗੇ। ਸੁਣ ਕੇ ਦੂਸਰਾ ਅਸਚਰਜ ਸੁਣਾ ਕੇ ਕਹਿੰਦਾ ਸੀ, "ਇਨ੍ਹਾਂ ਦੇ ਪਿਤਾ ਪਿਤਾਮਾ ਕੈਸੇ ਹੋਏ ਹਨ॥੩੪॥

ਸ੍ਰੀ ਅਰਜਨ ਅਰੁ ਗੁਰ ਰਾਮਦਾਸ। ਨਿਜ ਦਾਸ ਅਨੇਕਨਿ ਕਰਿ ਖਲਾਸ।
ਅਸ ਬੰਸ ਬਿਖੈ ਜਿਨ ਜਨਮ ਆਹਿ। ਬਡਭਾਗ ਜਿਨਹੁਂ ਸੇ ਰਹਹਿਂ ਪਾਹਿ' ॥੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਅਨੇਕਾਂ ਆਪਣੇ ਸੇਵਕਾਂ ਦਾ ਕਲਿਆਣ ਕੀਤਾ ਸੀ। ਐਸੇ ਵੰਸ਼ ਵਿਚ ਜਿਨ੍ਹਾਂ ਜਨਮ ਪਾਇਆ ਹੈ, ਉਹ ਸਿੱਖ ਵਡਭਾਗੀ ਹਨ ਜਿਹੜੇ ਉਨ੍ਹਾਂ ਦੇ ਪਾਸ ਰਹਿੰਦੇ ਹਨ" ॥੩੫॥

ਇੱਤਜਾਦਿ ਕੀਰਤੀ ਕਹੰਤਿ ਸਰਬ। ਭੇ ਤ੍ਰਿਪਤ ਦੱਛਨਾ ਦੀਨਿ ਦਰਬ।
ਬਹੁ ਦੇਤਿ ਆਸ਼ਿਖਾ ਅਨੰਦ ਪਾਇ। 'ਗੁਰ ਪੁੱਤ੍ਰ ਆਰਬਲ ਬਡ ਬਧਾਇ ॥੩੬॥

ਇਸ ਤਰ੍ਹਾਂ ਦੀ ਸਾਰੇ ਕੀਰਤੀ ਕਹਿੰਦੇ ਸਨ, ਦੱਛਣਾ ਦਾ ਧਨ ਲੈ ਕੇ ਤ੍ਰਿਪਤ ਹੋ ਗਏ ਸਨ। ਅਨੰਦ ਪ੍ਰਾਪਤ ਕਰਕੇ ਬਹੁਤ ਅਸ਼ੀਰਵਾਦ ਦਿੰਦੇ ਸਨ, "ਗੁਰੂ ਪੁੱਤਰ ਦੀ ਵੱਡੀ ਉਮਰ ਹੋਵੇ॥੩੬॥

ਜਬਿ ਲਗੇ ਜਗਤ ਮਹਿਂ ਜਮਨ ਗੰਗ। ਤਬਿ ਲਗੇ ਜਿਵਹੁ ਹੁਇ ਹਰਖ ਸੰਗ'।
ਇਮ ਭਯੋ ਜੱਗ ਨਰ ਭੀਰ ਬ੍ਰਿੰਦ। ਪੁਰਿ ਅਨੰਦ ਬਿਖੈ ਹ੍ਵੈ ਅਤਿ ਅਨੰਦ॥ ੩੭॥

ਜਦ ਤਕ ਜਗਤ ਵਿਚ ਜਮਨਾ ਗੰਗਾ ਵਗਦੀ ਹੈ, ਤਦ ਤਕ ਪ੍ਰਸੰਨਤਾ ਸਹਿਤ ਜੀਉਂਦੇ ਰਹੋ।" ਇਸ ਤਰ੍ਹਾਂ ਯੱਗ ਵਿਚ ਮਨੁੱਖਾਂ ਦੀ ਬਹੁਤ ਭੀੜ ਹੋਈ, ਅਨੰਦਪੁਰ ਵਿਚ ਉਹ ਅਤਿ ਅਨੰਦਿਤ ਹੋਏ॥੩੭॥

ਸਿਖ ਸੰਗਤਿ ਸਭਿ ਤ੍ਰਿਪਤੇ ਬਿਲੰਦ। ਪੁਨ ਅਚਜੋ ਅਹਾਰ ਜੇਤਿਕ ਮਸੰਦ।
ਨਰ ਅਨਿਕ ਦੇਸ਼ ਕੇ ਆਇ ਆਇ। ਕਰਿ ਦੀਏ ਸਿਵਰ ਚਿਤ ਚਾਇ ਚਾਇ॥੩੮॥

ਸਿੱਖ ਸੰਗਤ ਸਾਰੀ ਤ੍ਰਿਪਤ ਹੋ ਗਈ, ਫਿਰ ਜਿੰਨੇ ਮਸੰਦ ਸਨ, ਉਨ੍ਹਾਂ ਭੋਜਨ ਛਕਿਆ। ਅਨੇਕਾਂ ਦੇਸ਼ਾਂ ਦੇ ਮਨੁੱਖ ਆਏ ਹੋਏ ਸਨ। ਚਿੱਤ ਵਿਚ ਬੜੇ ਪ੍ਰਸੰਨ ਹੋ ਕੇ ਉਨ੍ਹਾਂ ਆਪਣੇ-ਆਪਣੇ ਡੇਰੇ ਲਾਏ ਸਨ॥੩੮॥

ਸੋ ਦਿਵਸ ਬਿਤਯੋ ਪੁਨ ਬੀਤ ਰਾਤਿ। ਸਭਿ ਗੁਰੂ ਸ਼ਬਦ ਕੌ ਗਾਇਂ ਪ੍ਰਾਤਿ।
ਬਡ ਭਯੋ ਕੁਲਾਹਲ ਮੁਦਤਿ ਚੀਤ। ਨਰ ਮਿਲਹਿਂ ਪਰਸਪਰ ਧਾਰਿ ਪ੍ਰੀਤ॥੩੯॥

ਉਹ ਦਿਨ ਬੀਤ ਗਿਆ, ਫਿਰ ਇਕ ਰਾਤ ਬੀਤ ਗਈ, ਸਾਰੇ ਹੀ ਗੁਰੂ ਜੀ ਦੇ ਸ਼ਬਦਾਂ ਨੂੰ ਬੜੀ ਪ੍ਰੀਤ ਲਾ ਕੇ ਗਾਉਂਦੇ ਸਨ। ਚਿੱਤ ਵਿਚ ਪ੍ਰਸੰਨ ਹੋ ਕੇ ਵੱਡਾ ਅਨੰਦ ਮੰਗਲ ਹੋਇਆ। ਮਨੁੱਖ ਬੜੀ ਪ੍ਰੀਤ ਧਾਰ ਕੇ ਆਪਸ ਵਿਚ ਮਿਲਦੇ ਸਨ॥੩੯॥

'ਸ਼ੁਭ ਮਾਸ ਫਾਲਗੁਨ ਪ੍ਰਥਮ ਪੱਖਜ। ਦਿਨ ਪੰਚਮੀ ਸੁ ਗਿਨ ਲਗਨ ਮੁੱਖਜ।
ਦਸਤਾਰ ਬਾਂਧਿਬੇ ਹੇਤੁ ਸੋਧ। ਠਹਿਰਾਇ ਠੀਕ ਜਿਨ ਅਧਿਕ ਬੋਧ॥ ੪੦॥

ਸ਼ੁਭ ਫੱਗਣ ਦੇ ਮਹੀਨੇ ਦਾ ਸ਼ੁਕਲਾ ਪੱਖ, ਪੰਚਮੀ ਦਾ ਦਿਨ, ਉਸ ਨੂੰ ਸ੍ਰੇਸ਼ਟ ਲਗਨ ਵਿਚ ਮੁਖ ਸਮਝੋ। ਦਸਤਾਰ-ਬੰਦੀ ਵਾਸਤੇ ਦਿਨ ਸੋਧ ਕੇ ਮੁਕੱਰਰ ਕੀਤਾ। ਉਨ੍ਹਾਂ ਲੋਕਾਂ ਨੇ ਇਹ ਦਿਨ ਠੀਕ ਸਮਝਿਆ ਜਿਹੜੇ ਇਸ ਬਾਰੇ ਜ਼ਿਆਦਾ ਗਿਆਨ ਰੱਖਦੇ ਸਨ॥੪੦॥

*ਨੋਟ : ਗੁਰੂ ਘਰ ਵਿਚ ਸਭ ਦਿਨਾਂ ਨੂੰ ਠੀਕ ਠਹਿਰਾਇਆ ਜਾਂਦਾ ਹੈ, ਕਿਸੇ ਵੀ ਕਾਰਜ ਵਾਸਤੇ ਕੋਈ ਦਿਨ ਨਹੀਂ ਸੋਧਿਆ ਜਾਂਦਾ। ਗੁਰੂ ਅਰਜਨ ਦੇਵ ਜੀ ਲਿਖਦੇ ਹਨ :-*

*ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥*
*ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ॥ ੨॥*

*(ਪੰਨਾ ੪੦੧)*

ਚੰਗੇ ਸ਼ਗਨ ਅਤੇ ਮਾੜੇ ਸ਼ਗਨ ਉਸ ਨੂੰ ਵਾਪਰਦੇ ਹਨ, ਜਿਸ ਨੂੰ ਸੁਆਮੀ ਚੇਤੇ ਨਹੀਂ। ਮੌਤ ਦਾ ਦੂਤ ਉਸ ਦੇ ਲਾਗੇ ਨਹੀਂ ਲੱਗਦਾ, ਜਿਹੜਾ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ॥੨॥

**ਜਹਿਂ ਕਹਿਂ ਸੁਨਾਇ ਪ੍ਰਥਮੇ ਪਠਾਇ। ਸੁਧ ਭਈ ਜਿਨਹੁਂ ਕਰਿ ਬੇਗ ਆਇ।**
**ਲਵਪੁਰੀ ਸੁਧਾਸਰ ਆਦਿ ਮੇਲ। ਸਿਖ ਸੰਗਤਿ ਸੁਨਿ ਸਭਿ ਚਲਿਯ ਗੈਲ॥੪੧॥**

ਜਿੱਥੇ ਕਿੱਥੇ ਸੁਣਾ ਕੇ ਪਹਿਲਾਂ ਭੇਜੇ, ਜਿਨ੍ਹਾਂ ਨੂੰ ਪਤਾ ਲੱਗ ਗਿਆ ਉਹ ਜਲਦੀ ਪਹੁੰਚ ਗਏ। ਲਾਹੌਰ ਅੰਮ੍ਰਿਤਸਰ ਆਦਿ ਦੀ ਸਿੱਖ ਸੰਗਤ ਸੁਣ ਕੇ ਰਾਹੇ-ਰਾਹ ਚਲ ਪਈ॥੪੧॥

**ਸ਼੍ਰੀ ਨਾਨਕ, ਅੰਗਦ, ਅਮਰ ਪਾਸ। ਮੰਜੀ ਸਥਿਰਨ ਪਦ ਜਿਨ ਅਵਾਸ।**
**ਨੌ ਗੁਰਨਿ ਬਡਾਈ ਬਖਸ਼ ਜਾਹਿਂ। ਸਭਿ ਚਲੇ ਆਇਂ ਪੁਰਿ ਅਨੰਦ ਮਾਂਹਿ॥੪੨॥**

ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੀ ਮੰਜੀ ਤੇ ਸਥਿਤ ਹੋਣ ਦੀ ਪਦਵੀ ਜਿਨ੍ਹਾਂ ਦੇ ਘਰ ਸੀ, ਨੌਂ ਗੁਰੂ ਸਾਹਿਬਾਨ ਦੀ ਜਿਨ੍ਹਾਂ ਨੂੰ ਬਖਸ਼ਿਸ਼ ਦੀ ਵਡਿਆਈ ਮਿਲੀ ਸੀ, ਉਹ ਸਾਰੇ ਸੇਵਕ ਅਨੰਦਪੁਰ ਨਗਰ ਵਲ ਚਲੇ ਆ ਰਹੇ ਸਨ॥੪੨॥

**ਸਿਖ ਸੰਗਤਾਂਨਿ ਗਨ ਸਿਵਰ ਘਾਲਿ। ਕੀਨੇ ਮੁਕਾਮ ਜਹਿਂ ਕਹਿਂ ਬਿਸਾਲ।**
**ਚਹੁੰਦਿਸ਼ਾ ਨਿਕਟਿ ਪੁਰਿ ਗ੍ਰਾਮ ਬ੍ਰਿੰਦ। ਸੁਨਿ ਸੁਨਿ ਸਮੂਹ ਆਨੰਦ ਬਿਲੰਦ॥੪੩॥**

ਸਿੱਖ ਸੰਗਤਾਂ ਨੇ ਤੰਬੂ ਸ਼ਾਮਿਆਨੇ ਲਾ ਕੇ ਜਿੱਥੇ ਕਿੱਥੇ ਆਪਣੇ-ਆਪਣੇ ਡੇਰੇ ਲਾ ਲਏ। ਨਗਰ ਦੇ ਚਾਰੇ ਪਾਸੇ ਬਹੁਤ ਸੰਗਤਾਂ ਟਿਕ ਗਈਆਂ। ਸਾਰੇ ਸੁਣ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ॥੪੩॥

**ਦੋਹਰਾ- ਆਨਿ ਅਕੋਰਨਿ ਅਰਪਤੇ ਆਨੀ ਸ਼ਰਧਾ ਧਾਰਿ।**
**'ਧੰਨ ਗੁਰੂ ਜਿਨ ਹਿੰਦ ਕੀ ਰਾਖੀ ਸਿਰ ਦਸਤਾਰ'॥ ੪੪॥**

ਸ਼ਰਧਾ ਧਾਰ ਕੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ, "ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਹਿੰਦ ਦੇ ਸਿਰ ਦੀ ਦਸਤਾਰ ਰੱਖ ਲਈ"॥੪੪॥

*ਪਹਿਲੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥*

☆☆☆

# ਅਧਿਆਇ ਪੰਜਵਾਂ

## ਦਸਤਾਰਬੰਦੀ

ਦੋਹਰਾ- ਜਬਿ ਨੌਮੇ ਪਤਿਸ਼ਾਹ ਗੁਰ ਗਏ ਬਿਕੁੰਠ ਮਝਾਰ।
ਗੁਰਦਿੱਤਾ ਬ੍ਰਿਧ ਬੰਸ ਕੋ ਸਰਬ ਪ੍ਰਕਾਰ ਨਿਹਾਰਿ॥ ੧॥

ਜਦ ਨੌਵੇਂ ਪਾਤਿਸ਼ਾਹ ਜੀ ਬੈਕੁੰਠ ਵਿਚ ਚਲੇ ਗਏ ਤਾਂ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਬਾਬਾ ਗੁਰਦਿੱਤਾ ਜੀ ਨੇ ਸਭ ਪ੍ਰਕਾਰ ਵੇਖਿਆ॥੧॥

ਚੌਪਈ- ਤਜਿ ਦਿੱਲੀ ਤਤਛਿਨ ਚਲਿ ਗਯੋ। ਪੰਚ ਕੋਸ ਪਰ ਪ੍ਰਾਪਤਿ ਭਯੋ।
ਅਪਨਿ ਬਡੇ ਕੋ ਪਿਖਯੋ ਸਥਾਨਾ। ਕਿਤਿਕ ਕਾਲ ਬ੍ਰਿਧ ਰਹਯੋ ਸੁ ਜਾਨਾ॥੨॥

ਉਹ ਦਿੱਲੀ ਨੂੰ ਛੱਡ ਕੇ ਤੁਰਤ ਚਲਾ ਗਿਆ ਤੇ ਦਿੱਲੀ ਤੋਂ ਪੰਜਾਂ ਕੋਹਾਂ ਦੀ ਵਾਟ 'ਤੇ ਪਹੁੰਚ ਗਿਆ। ਉਸ ਨੇ ਬਾਬਾ ਬੁੱਢਾ ਜੀ ਦੇ ਸਥਾਨ ਨੂੰ ਵੇਖਿਆ, ਜਿਸ ਥਾਂ ਬਾਬਾ ਬੁੱਢਾ ਜੀ ਘੋੜਿਆਂ ਨੂੰ ਘਾਹ ਚਾਰਨ ਵਾਸਤੇ ਕਾਫੀ ਸਮਾਂ ਰਹੇ ਸਨ॥੨॥

ਪੌਢਯੋ ਤਹਾਂ ਕੁਸ਼ਾਸਨ ਕਰਿਕੈ। ਸ੍ਰੀ ਸਤਿਗੁਰ ਮੂਰਤਿ ਉਰ ਧਰਿਕੈ।
ਦਸਮੇ ਦ੍ਵਾਰ ਪੌਨ ਤੇ ਫੋਰਾ। ਤ੍ਰਿਣ ਸਮ ਨਿਜ ਸਰੀਰ ਕੋ ਛੋਰਾ॥ ੩॥

ਉਥੇ ਜਾ ਕੇ ਕੁਸ਼ਾ ਆਸਣ ਵਿਛਾ ਕੇ ਲੰਮਾ ਪੈ ਗਿਆ ਤੇ ਸ੍ਰੀ ਸਤਿਗੁਰੂ ਜੀ ਦੀ ਮੂਰਤ ਨੂੰ ਆਪਣੇ ਹਿਰਦੇ ਵਿਚ ਧਾਰ ਲਿਆ। ਦਸਵੇਂ ਦਵਾਰ ਨੂੰ ਪੌਣ ਚੜ੍ਹਾ ਫਟਾ ਦਿੱਤਾ ਤੇ ਇਕ ਤੀਲੇ ਵਾਂਗ ਆਪਣੇ ਸਰੀਰ ਨੂੰ ਛੱਡ ਕੇ ਚਲੇ ਗਿਆ॥੩॥

ਹੇਰਿ ਨਰਨਿ ਤਿਹ ਠਾਂ ਸਸਕਾਰਾ। ਅਬਿ ਲੌ ਚਿੰਨ੍ਹਤਿ ਥਾਨ ਨਿਹਾਰਾ।
ਤਿਸ ਗੁਰਦਿੱਤੇ ਕੋ ਸੁਤ ਪਾਛੇ। ਰਾਮ ਕੁਇਰ ਬ੍ਰਹਮਗਜਾਨੀ ਆਛੇ॥੪॥

ਮਨੁੱਖਾਂ ਨੇ ਵੇਖ ਕੇ ਉਸ ਥਾਂ ਉਸ ਦਾ ਸਸਕਾਰ ਕਰ ਦਿੱਤਾ। ਹੁਣ ਤਕ ਉਸ ਸਥਾਨ ਵਿਖੇ ਉਨ੍ਹਾਂ ਦੇ ਨਿਸ਼ਾਨ ਵੇਖੇ ਜਾਂਦੇ ਹਨ। ਉਸ ਭਾਈ ਗੁਰਦਿੱਤੇ ਦਾ ਪਿੱਛੇ ਇਕ ਪੁੱਤਰ ਸੀ ਉਹ ਰਾਮ ਕੁਇਰ ਨਾਮੀ ਵੱਡਾ ਬ੍ਰਹਮਗਿਆਨੀ ਹੋਇਆ ਹੈ॥੪॥

ਰਾਮਦਾਸ ਕੇ ਗ੍ਰਾਮ ਅਵਾਸ। ਨਿਜ ਸਿਖ ਕਰੇ ਸਕੇਲਨਿ ਪਾਸ।
ਆਰਬਲਾ ਲਘੁ ਹੈ ਜਿਸ ਕੇਰੀ। ਤ੍ਰੈ ਸੰਬਤ ਬੀਤੇ ਤਿਸ ਬੇਰੀ॥ ੫॥

ਅੰਮ੍ਰਿਤਸਰ ਜ਼ਿਲ੍ਹੇ ਵਿਚ ਉਨ੍ਹਾਂ ਦਾ ਰਮਦਾਸ ਪਿੰਡ ਹੈ, ਆਪਣੇ ਪਾਸ ਉਹ ਬਹੁਤ ਸਿੱਖ ਇਕੱਠੇ ਕਰਕੇ ਰੱਖਦਾ ਹੈ। ਜਿਸ ਦੀ ਉਮਰ ਹਾਲੇ ਬਹੁਤ ਛੋਟੀ ਹੈ, ਉਸ ਸਮੇਂ ਤਿੰਨ ਸਾਲ ਬੀਤੇ ਸਨ॥੫॥

ਤਿਨ ਘਰ ਜੇਤਿਕ ਸਿੱਖ ਸਯਾਨੇ। ਪ੍ਰਥਮ ਰੀਤਿ ਸਤਿਗੁਰ ਕੀ ਜਾਨੇ।
ਲੇ ਕਰਿ ਗਨ ਅਕੋਰ ਚਲਿ ਆਏ। ਸੰਗ ਦਾਸ ਸਿਖ ਕਰਿ ਸਮੁਦਾਏ॥੬॥

ਉਸ ਘਰ ਜਿੰਨੇ ਵੀ ਸਿੱਖ ਸਿਆਣੇ ਸਨ, ਉਹ ਸਤਿਗੁਰੂ ਜੀ ਦੀ ਪਹਿਲੀ ਰੀਤੀ ਨੂੰ ਜਾਣਦੇ ਸਨ। ਉਹ ਬਹੁਤ ਉਪਹਾਰ ਲੈ ਕੇ ਚਲ ਕੇ ਆਏ, ਆਪਣੇ ਨਾਲ ਉਹ ਸਿੱਖ ਸੇਵਕਾਂ ਨੂੰ ਲਿਆਏ॥੬॥

ਪਾਤਿਸ਼ਾਹਿ ਕੇ ਜਥਾ ਵਜ਼ੀਰ। ਤਿਮ ਗੁਰ ਘਰ ਮਹਿਂ ਇਹ ਮਤਿ ਧੀਰ।
ਪੂਰਬ ਜੋ ਗੁਰਤਾ ਕੋ ਟੀਕਾ। ਇਹ ਨਿਜ ਹਾਥ ਕਾਢਿਤੇ ਨੀਕਾ॥ ੭॥

ਬਾਦਸ਼ਾਹ ਦੇ ਜਿਵੇਂ ਵਜ਼ੀਰ ਹੁੰਦੇ ਹਨ, ਉਸ ਪ੍ਰਕਾਰ ਦਾ ਦਰਜਾ ਹੀ ਗੁਰੂ ਘਰ ਵਿਚ ਇਹ ਧੀਰਜ ਬੁੱਧੀ ਵਾਲੇ ਰੱਖਦੇ ਹਨ। ਗੁਰਤਾ ਦਾ ਜਿਹੜਾ ਸਭ ਤੋਂ ਪਹਿਲਾਂ ਤਿਲਕ ਲਾਇਆ ਜਾਂਦਾ ਹੈ, ਇਹ ਆਪਣੇ ਹੱਥ ਨਾਲ ਲਾਉਂਦੇ ਹਨ॥੭॥

ਤਬਿ ਸੰਗਤਿ ਮਹਿਂ ਨਿਸ਼ਚੈ ਹੋਇ। ਗੁਰੂ ਭਯੋ ਗਾਦੀ ਪਰ ਸੋਇ।
ਪੰਚਮ ਪਾਤਿਸ਼ਾਹ ਤੇ ਪਾਛੈ। ਕਲਗ਼ੀ, ਬਾਜ਼, ਸ਼ਸਤ੍ਰ ਦੇ ਆਛੈ॥ ੮॥

ਤਦ ਸੰਗਤ ਵਿਚ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਗੁਰਗੱਦੀ ਉੱਤੇ ਇਹ ਗੁਰੂ ਜੀ ਬੈਠੇ ਹਨ। ਪੰਜਵੀਂ ਪਾਤਿਸ਼ਾਹੀ ਤੋਂ ਬਾਅਦ ਇਹ ਸੁੰਦਰ ਕਲਗ਼ੀ, ਘੋੜਾ ਅਤੇ ਸ਼ਸਤਰ ਦਿੰਦੇ ਹਨ॥੮॥

ਸਿਰੋਪਾਉ ਬਹੁ ਮੋਲਾ ਦੇਤਿ। ਬਸਤਰ, ਹਯ ਬਹੁ ਗੁਰੂ ਨਿਕੇਤ।
ਅਪਰ ਕਹਾਂ ਲਗ ਸਭਿ ਕੇ ਨਾਮ। ਕਹੌਂ ਸੁ ਮੰਜੀ ਜਿਨ ਕੇ ਧਾਮ॥ ੯॥

ਬੜਾ ਕੀਮਤੀ ਸਿਰੋਪਾ ਦਿੰਦੇ ਹਨ। ਬਹੁਤ ਕੱਪੜੇ, ਘੋੜੇ ਆਦਿ ਗੁਰੂ ਘਰ ਵਾਸਤੇ ਦਿੰਦੇ ਹਨ। ਹੋਰ ਕਿੱਥੋਂ ਤਕ ਸਾਰਿਆਂ ਦੇ ਨਾਮ ਲਵਾਂ, ਜਿਨ੍ਹਾਂ ਦੇ ਘਰਾਂ ਵਿਚ ਗੁਰੂ ਜੀ ਵਲੋਂ ਮਿਲੀ ਮੰਜੀ ਦੀ ਪਦਵੀ ਹੈ॥੯॥

ਨਿਕਟ ਨਿਕਟ ਕੇ ਸਭਿ ਚਲਿ ਆਏ। ਮਿਲਹਿਂ ਪਰਸਪਰ ਭਾਉ ਵਧਾਏ।
ਦੇਗ਼ ਅਤੋਟ ਗੁਰੂ ਘਰ ਹੋਇ। ਅਚਵਹਿਂ ਤਹਾਂ ਮਿਲੇ ਸਭਿ ਕੋਇ॥ ੧੦॥

ਨੇੜੇ-ਨੇੜੇ ਦੇ ਸਾਰੇ ਸਿੱਖ ਚਲ ਕੇ ਆ ਗਏ, ਆਪਸ ਵਿਚ ਮਿਲ ਕੇ ਪ੍ਰੇਮ ਵਧਾਉਂਦੇ ਸਨ। ਗੁਰੂ ਘਰ ਵਿਚ ਅਤੁੱਟ ਲੰਗਰ ਚਲਦਾ ਹੈ, ਸਾਰੇ ਮਿਲ ਕੇ ਉਥੇ ਲੰਗਰ ਛਕਦੇ ਸਨ॥੧੦॥

ਰਾਗੀ ਬ੍ਰਿੰਦ ਰਬਾਬੀ ਸਾਰੇ। ਆਇਂ ਅਨੰਦਪੁਰਿ ਦਰਸ ਨਿਹਾਰੇਂ।
ਕੇਤਿਕ ਢਾਢੀ ਚਲਿ ਕਰਿ ਆਏ। ਜਿਨਹੁਂ ਅਖਾਰੇ ਬੀਰਨਿ ਗਾਏ॥ ੧੧॥

ਬਹੁਤ ਰਾਗੀ ਰਬਾਬੀ ਮਿਲ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਅਨੰਦਪੁਰ ਵਿਚ ਆਏ। ਕਈ ਢਾਢੀ ਚਲ ਕੇ ਆਏ, ਜਿਨ੍ਹਾਂ ਨੇ ਸੂਰਬੀਰਾਂ ਦੇ ਅਖਾੜੇ ਗਾਏ ਸਨ॥੧੧॥

ਡੋਮ ਭਾਟ ਆਦਿਕ ਹਿਤ ਜਾਚਾ। ਹੇਰਨਿ ਹੇਤੁ ਨਵੋਂ ਗੁਰ ਸਾਚਾ।
ਅਨਿਕ ਦੇਸ਼ ਤੇ ਚਲਿ ਕਰਿ ਆਏ। ਜਿਤ ਕਿਤ ਦੀਖਤਿ ਨਰ ਸਮੁਦਾਏ॥੧੨॥

ਡੂਮ ਭੱਟ ਧਨ ਮੰਗਣ ਵਾਸਤੇ ਅਤੇ ਨਵੇਂ ਸੱਚੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਅਨੇਕ ਦੇਸ਼ਾਂ ਤੋਂ ਚਲ ਕੇ ਆਏ, ਜਿੱਥੇ ਕਿੱਥੇ ਮਨੁੱਖਾਂ ਦਾ ਸਮੂਹ ਦਿਖਾਈ ਦਿੰਦਾ ਸੀ॥੧੨॥

ਚੌਥ ਦਿਵਸ ਕੋ ਮੇਲ ਸਕੇਲਾ। ਫਿਰਤਿ ਪਰਸਪਰ ਲਾਗਿ ਧਕੇਲਾ।
ਅਤਿ ਉਤਸਾਹ ਅਨੰਦ ਪੁਰਿ ਹੋਵਤਿ। ਦੂਰ ਦੂਰ ਕੇ ਨਰ ਗਨ ਜੋਵਤਿ॥੧੩॥

ਚੌਥ ਵਾਲੇ ਦਿਨ ਮੇਲਾ ਇਕੱਠਾ ਹੋ ਗਿਆ, ਆਪਸ ਵਿਚ ਧੱਕੇ ਮਾਰਦੇ ਫਿਰਦੇ ਸਨ। ਅਨੰਦਪੁਰ ਵਿਚ ਅਤੀ ਉਤਸ਼ਾਹ ਅਤੇ ਅਨੰਦ ਹੋ ਰਿਹਾ ਸੀ। ਦੂਰ-ਦੂਰ ਦੇ ਬਹੁਤ ਲੋਕ ਵੇਖ ਰਹੇ ਸਨ॥੧੩॥

ਨਟ ਨਿਰਤਕ ਗਨ ਆਇਂ ਕਲਾਵਤ। ਖਿਰਹਿਂ ਗੁਰੂ ਕੇ ਜਸ ਗੁਨ ਗਾਵਤਿ।
ਇੱਤਜਾਦਿਕ ਬਹੁ ਕੌਤਕ ਹੋਤਿ। ਸਭਿ ਕੇ ਹਿਰਦੇ ਮੋਦ ਉਦੋਤ॥ ੧੪॥

ਨਟ, ਨਾਚੇ ਅਤੇ ਬਹੁਤ ਕਲੌਂਤ ਆਏ ਸਨ, ਉਹ ਰਹਿ ਕੇ ਗੁਰੂ ਜੀ ਦਾ ਜੱਸ ਗਾਉਂਦੇ ਸਨ। ਇਸ ਤਰ੍ਹਾਂ ਦੇ ਬਹੁਤ ਕੌਤਕ ਹੋ ਰਹੇ ਸਨ, ਸਾਰਿਆਂ ਦੇ ਹਿਰਦੇ ਖੁਸ਼ੀ ਨਾਲ ਭਰੇ ਸਨ॥੧੪॥

ਜਾਗ੍ਰਨਿ ਭਯੋ ਨਿਸਾ ਤਿਸ ਮਾਂਹੀ। ਕਿਰਤਨ ਹੋਤਿ ਅਨੰਦ ਉਰ ਮਾਂਹੀ।
ਨਿਜ ਨਿਜ ਸੰਗਤਿ ਬਿਖੇ ਮਸੰਦ। ਬੈਠੇ ਜਾਗ੍ਰਨਿ ਕੀਨਿ ਬਿਲੰਦ॥ ੧੫॥

ਉਸ ਰਾਤ ਸਾਰੇ ਜਾਗਦੇ ਰਹੇ, ਕੀਰਤਨ ਹੋ ਰਿਹਾ ਸੀ, ਸਾਰਿਆਂ ਦੇ ਹਿਰਦੇ ਅਨੰਦ ਨਾਲ ਭਰੇ ਹੋਏ ਸਨ। ਸੰਗਤ ਵਿਚ ਆਪਣੇ-ਆਪਣੇ ਮਸੰਦ ਸਨ, ਉਨ੍ਹਾਂ ਸਾਰੀ ਰਾਤ ਜਾਗ ਕੇ ਵੱਡਾ ਜਾਗ੍ਰਨ ਕੀਤਾ॥੧੫॥

ਭਈ ਭੋਰ ਸਭਿ ਠਾਨਿ ਸ਼ਨਾਨਾ। ਪਠਹਿਂ ਗਿਰਾ ਗੁਰ ਕੀ ਬਿਧਿ ਨਾਨਾ।
ਬਸਤ੍ਰ ਨਵੀਨੇ ਮੋਲ ਬਡੇਰੇ। ਪਹਿਰਤਿ ਕਹਤਿ 'ਆਜ ਗੁਰ ਹੇਰੇਂ'॥ ੧੬॥

ਸਵੇਰ ਹੋਣ 'ਤੇ ਸਭ ਨੇ ਇਸ਼ਨਾਨ ਕੀਤਾ, ਕਈ ਤਰ੍ਹਾਂ ਨਾਲ ਗੁਰਬਾਣੀ ਪੜ੍ਹਦੇ ਹਨ। ਬੜੇ ਕੀਮਤੀ ਵਸਤਰ ਹਨ ਪਾਉਣ ਲੱਗੇ ਕਹਿੰਦੇ ਹਨ, "ਅੱਜ ਗੁਰੂ ਜੀ ਦੇ ਦਰਸ਼ਨ ਹੋਣਗੇ"॥੧੬॥

ਸ੍ਰੀ ਬੇਦੀ ਤੇਹਣ ਕੁਲ ਆਈ। ਸ੍ਰੀ ਗੁਰ ਅਮਰ ਅੰਸ਼ ਸਮੁਦਾਈ।
ਨਿਜ ਨਿਜ ਡੇਰੇ ਸਭਿ ਹ੍ਵੈ ਤਯਾਰ। ਬੈਠੇ ਮਨ ਪ੍ਰਤੀਖਨਾ ਧਾਰਿ॥ ੧੭॥

ਬੇਦੀ ਅਤੇ ਤ੍ਰੇਹਣ ਵੰਸ਼ ਦੇ ਸਿੱਖ ਆਏ, ਗੁਰੂ ਅਮਰਦਾਸ ਦੀ ਵੰਸ਼ ਵੀ ਇਕੱਠੀ ਹੋ ਕੇ ਆਈ। ਆਪਣੇ-ਆਪਣੇ ਡੇਰੇ ਸਭ ਨੇ ਤਿਆਰ ਕੀਤੇ, ਸਾਰੇ ਮਨ ਵਿਚ ਉਡੀਕ ਧਾਰ ਕੇ ਬੈਠ ਗਏ॥੧੭॥

ਸੰਤ, ਮਹੰਤ, ਸਾਧ ਬਹੁ ਭਾਂਤੀ। ਚਿਤ ਮਹਿਂ ਚੌਂਪ, ਅਪਰ ਸਭਿ ਜਾਤੀ।
ਸੂਰਜ ਮਲ ਕੇ ਪੌਤ੍ਰੇ ਦੋਈ। ਦੇਖਨਿ ਹੇਤੁ ਹਰਖ ਧਰਿ ਸੋਈ॥ ੧੮॥

ਸੰਤ, ਮਹੰਤ ਅਤੇ ਸਾਧੂ ਬਹੁਤ ਪ੍ਰਕਾਰ ਦੇ ਸਨ, ਹੋਰ ਸਭ ਜਾਤੀਆਂ ਦੇ ਲੋਕ ਵੀ ਚਿੱਤ ਵਿਚ ਬੜਾ ਚਾਅ ਧਾਰ ਕੇ ਆਏ। ਸੂਰਜ ਮਲ ਦੇ ਦੋਵੇਂ ਪੋਤਰੇ, ਦਰਸ਼ਨ ਕਰਨ ਵਾਸਤੇ ਬਹੁਤ ਪ੍ਰਸੰਨਤਾ ਧਾਰ ਕੇ ਆਏ॥੧੮॥

ਸ੍ਰੀ ਗੋਬਿੰਦ ਸਿੰਘ ਕੋ ਅਭਿਖੇਕ। ਉਤਲਾਵਤਿ ਹਿਤ ਪਿਖਿਨਿ ਅਨੇਕ।
ਲੈ ਦਸਤਾਰ ਆਦਿ ਗਨ ਭੇਟ। ਮਿਲਜੋ ਚਹਤਿ ਚਿਤ ਪ੍ਰੇਮ ਲਪੇਟ॥ ੧੯॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਤਿਲਕ ਲੱਗਣਾ ਵੇਖਣ ਵਾਸਤੇ ਅਨੇਕਾਂ ਮਨੁੱਖ ਬੜੇ ਉਤਾਵਲੇ ਹੋਏ ਸਨ। ਬਹੁਤ ਸ਼ਰਧਾਲੂ ਦਸਤਾਰਾਂ ਆਦਿ ਭੇਟ ਕਰਨ ਵਾਸਤੇ ਲਿਆਏ ਸਨ। ਚਿੱਤ ਵਿਚ ਬੜੇ ਪ੍ਰੇਮ ਨਾਲ ਭਰ ਕੇ ਉਹ ਗੁਰੂ ਜੀ ਨੂੰ ਮਿਲਣਾ ਚਾਹੁੰਦੇ ਸਨ॥੧੯॥

ਸ੍ਰੀ ਗੁਜਰੀ ਭ੍ਰਾਤਾ ਨਿਜ ਪ੍ਰੇਰਾ। 'ਤਯਾਰੀ ਕਰਹੁ ਸਕਲ ਬਿਨ ਬੇਰਾ।
ਸੂਖਮ ਬਸਤ੍ਰ ਸਰੀਰ ਸਜਾਵਹੁ। ਰੁਚਿਰ ਬਿਭੂਖਨ ਕੋ ਪਹਿਰਾਵਹੁ'॥ ੨੦॥

ਮਾਤਾ ਗੁਜਰੀ ਜੀ ਨੇ ਆਪਣੇ ਭਰਾ ਜੀ ਨੂੰ ਪ੍ਰੇਰ ਕੇ ਕਿਹਾ, "ਕਿਸੇ ਦੇਰ ਤੋਂ ਬਗੈਰ ਸਾਰੀ ਤਿਆਰੀ ਕਰੋ। ਨਰਮ ਬਸਤਰ ਸਰੀਰ ਉੱਤੇ ਸਜਾਵੋ ਤੇ ਸੁੰਦਰ ਗਹਿਣੇ ਪਹਿਨਾਵੋ"॥੨੦॥

ਸੁਨਿ ਕ੍ਰਿਪਾਲ ਨਿਜ ਹਾਥ ਸੁਧਾਰਿ। ਸਭਿ ਦਾਸਨਿ ਪਰ ਹੁਕਮ ਉਚਾਰਿ।
'ਦੀਹ ਦਮਦਮਾ ਤੁੰਗ ਘਨੇਰਾ। ਰਚਹੁ ਰੁਚਿਰ ਤਹਿਂ ਫਰਸ਼ ਬਡੇਰਾ॥ ੨੧॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਨੇ ਆਪਣੇ ਹੱਥਾਂ ਨਾਲ ਸੁਧਾਰ ਕੀਤਾ ਤੇ ਸਭ ਦਾਸਾਂ ਨੂੰ ਹੁਕਮ ਉਚਾਰਨ ਕਰਕੇ ਕਿਹਾ, "ਇਕ ਉੱਚਾ ਥੜ੍ਹਾ ਤਿਆਰ ਕਰੋ, ਉਸ ਉੱਤੇ ਸੁੰਦਰ ਵਸਤਰ ਵਿਛਾ ਕੇ ਫਰਸ਼ ਤਿਆਰ ਕਰੋ॥੨੧॥

ਸੂਰਜਮੁਖੀ ਹਾਥ ਗਹਿ ਥਿਰੋ। ਕੰਚਨ ਦੰਡ ਚਵਰ ਕਰ ਧਰੋ।
ਸੁੰਦਰ ਗਾਦੀ ਰਚੀਅਹਿ ਗੁਰ ਕੀ। ਜਥਾ ਰੀਤਿ ਬਰਤੇ ਬਰ ਧੁਰ ਕੀ॥ ੨੨॥

ਪੱਖੇ ਨੂੰ ਹੱਥ ਵਿਚ ਫੜ ਕੇ ਖੜੇ ਹੋ ਜਾਵੇ ਤੇ ਸੋਨੇ ਦੀ ਡੰਡੀ ਵਾਲਾ ਚੌਰ ਹੱਥ ਵਿਚ ਫੜੋ। ਗੁਰੂ ਜੀ ਦੀ ਸੁੰਦਰ ਗੱਦੀ ਬਣਾਓ, ਪਹਿਲਾਂ ਚਲੀ ਆ ਰਹੀ ਸ੍ਰੇਸ਼ਟ ਰੀਤੀ ਅਪਨਾਓ॥੨੨॥

ਜ਼ਰੀਦਾਰ ਮਖਮਲ ਉਪਧਾਨੁ। ਕਰਹੁ ਟਿਕਾਵਨਿ ਸੁੰਦਰ ਆਨਿ।
ਪਠਹੁ ਮੇਵਰਾ ਸੰਗਤਿ ਮਾਂਹਿ। ਪਹੁੰਚਹਿਂ ਸਕਲ ਦਮਦਮਾ ਜਾਂਹਿ' ॥ ੨੩ ॥

ਜ਼ਰੀਦਾਰ ਮਖਮਲੀ ਸਿਰਹਾਣਾ ਲਵੋ ਤੇ ਉਸ ਸਿਰਹਾਣੇ ਨੂੰ ਗੱਦੀ ਉੱਤੇ ਲਿਆ ਕੇ ਟਿਕਾ ਦੇਵੋ। ਅਰਦਾਸੀਏ ਨੂੰ ਸੰਗਤ ਦੇ ਵਿਚ ਭੇਜੋ ਕਿ ਸਾਰੀ ਸੰਗਤ ਦਮਦਮਾ ਵਿਖੇ ਪਹੁੰਚੇ" ॥੨੩॥

ਇੱਤਜਾਦਿਕ ਕਾਰਜ ਜੇ ਔਰ। ਸਵਾਧਾਨ ਕੀਨੇ ਸਭਿ ਠੌਰ।
ਸ੍ਰੀ ਗੁਰ ਗੋਬਿੰਦ ਸਿੰਘ ਸ਼ਨਾਨੇ। ਸੂਖਮ ਬਸਤ੍ਰ ਦਾਸ ਗਨ ਆਨੇ॥ ੨੪ ॥

ਇਸ ਤਰ੍ਹਾਂ ਦੇ ਜਿਹੜੇ ਹੋਰ ਕਾਰਜ ਸਨ, ਸਭ ਥਾਂ ਸਾਰਿਆਂ ਨੂੰ ਸਾਵਧਾਨ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ਼ਨਾਨ ਕੀਤਾ, ਸੇਵਕ ਬਹੁਤ ਸੁੰਦਰ ਅਤੇ ਕੋਮਲ ਵਸਤਰ ਲੈ ਕੇ ਆਏ॥੨੪॥

ਪਹਿਰਤਿ ਭਏ ਅੰਗ ਬਡ ਸ਼ੋਭਾ। ਦੇਖਤਿ ਸਭਿ ਕੋ ਮਨ ਬਹੁ ਲੋਭਾ।
ਸੁੰਦਰ ਸਿਰ ਦਸਤਾਰ ਸਜਾਈ। ਮੁਕਤਾ ਮਾਲ ਬਿਸਾਲ ਸੁਹਾਈ॥ ੨੫ ॥

ਜਿਨ੍ਹਾਂ ਨੂੰ ਪਹਿਨਣ ਨਾਲ ਅੰਗਾਂ ਦੀ ਬਹੁਤ ਸ਼ੋਭਾ ਵਧ ਗਈ। ਸਾਰਿਆਂ ਦਾ ਵੇਖ ਕੇ ਮਨ ਬੜਾ ਲੁਭਾਇਮਾਨ ਹੋਇਆ। ਸਿਰ ਦੇ ਉੱਤੇ ਸੁੰਦਰ ਦਸਤਾਰ ਸਜਾਈ, ਮੋਤੀਆਂ ਦੀ ਸੁੰਦਰ ਮਾਲਾ ਸ਼ੋਭ ਰਹੀ ਸੀ॥੨੫॥

ਹੀਰਨਿ ਜਰੇ ਹੇਮ ਕੀ ਮੁਸ਼ਟ। ਪਹਿਰਯੋ ਖੜਗ ਲੋਹ ਬਹੁ ਸੁਸ਼ਟ।
ਮੁਕਤਾ ਗੁੱਛੇ ਸੰਗ ਨਿਖੰਗ। ਭਰ ਕਰਿ ਤੀਖਨ ਬ੍ਰਿੰਦ ਖਤੰਗ॥ ੨੬ ॥

ਜਿਸ ਕਿਰਪਾਨ ਨੂੰ ਹੀਰਿਆਂ ਜੜੀ ਮੁੱਠੀ ਲੱਗੀ ਹੋਈ ਸੀ, ਉਹ ਲੋਹੇ ਦੀ ਸ੍ਰੇਸ਼ਟ ਤਲਵਾਰ ਪਹਿਣ ਲਈ। ਮੋਤੀਆਂ ਦੇ ਗੁਛਿਆਂ ਸਹਿਤ ਤੀਰਾਂ ਦੇ ਭੱਥੇ ਸਨ। ਉਹ ਬਹੁਤ ਤੇਜ਼ ਤੀਰਾਂ ਨਾਲ ਭਰੇ ਹੋਏ ਸਨ॥੨੬॥

ਪਾਇ ਗਰੇ ਮਹਿਂ ਬਾਂਧੀ ਕਮਰ। ਸੰਮਤ ਦਸਮੇ ਮਹਿਂ ਜਿਨ ਉਮਰ।
ਖੰਜਰ, ਜਮਧਰ, ਬਿਛੂਆ ਲੀਨਿ। ਕਮਰ ਕਸੇ ਮਹਿਂ ਧਾਰਿ ਪ੍ਰਬੀਨ॥ ੨੭ ॥

ਹਥਿਆਰ ਗਲ ਵਿਚ ਪਾ ਕੇ ਕਮਰਕੱਸਾ ਬੰਨ੍ਹ ਲਿਆ। ਦਸਵੇਂ ਸਾਲ ਵਿਚ ਜਿਨ੍ਹਾਂ ਦੀ ਉਮਰ ਸੀ, ਉਸ ਗੁਰੂ ਜੀ ਨੇ ਕਟਾਰ, ਬਰਛੀ ਟੇਢੀ ਕਿਰਪਾਨ ਲੈ ਲ਼ਈ ਤੇ ਉਨ੍ਹਾਂ ਨੂੰ ਕਮਰਕੱਸੇ ਵਿਚ ਪ੍ਰਬੀਨ ਗੁਰੂ ਜੀ ਨੇ ਚੰਗੀ ਤਰ੍ਹਾਂ ਧਾਰਨ ਕਰ ਲਈ॥੨੭॥

ਪਾਨ ਕਮਾਨ ਲਹੌਰੀ ਧਰਿਕੈ। ਹੇਰਤਿ ਸਰ ਕਰ ਫੇਰਨਿ ਕਰਿਕੈ।
ਅਨਿਕ ਬਿਭੂਖਨ ਚਾਮੀ ਕਰ ਕੇ। ਜਥਾ ਜੋਗ ਸਭਿ ਪਹਿਰਨ ਕਰਿਕੈ॥ ੨੮ ॥

ਹੱਥ ਵਿਚ ਲਾਹੌਰੀ ਕਮਾਨ ਧਾਰਨ ਕਰਕੇ ਬਾਣਾਂ ਨੂੰ ਫੇਰ ਕੇ ਵੇਖਦੇ ਹਨ। ਸੋਨੇ ਦੇ ਬਹੁਤ ਗਹਿਣੇ ਯਥਾ ਯੋਗ ਢੰਗ ਨਾਲ ਪਹਿਣੇ ਹੋਏ ਹਨ॥੨੮॥

ਜੁਗ ਮਾਤਨਿ ਕੋ ਕਰਿ ਪਦ ਬੰਦਨ। ਅਭਿਨੰਦਨ ਹ੍ਵੈ ਦੇਖਯੋ ਨੰਦਨ।
ਦੇਤਿ ਅਸੀਸ, ਸੀਸ ਕਰ ਫੇਰਾ। 'ਹੋਵਹੁ ਸੁਜਸੁ ਪ੍ਰਤਾਪ ਉਚੇਰਾ' ॥ ੨੯ ॥

ਦੋਵਾਂ ਮਾਤਾ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਦੋਵਾਂ ਮਾਤਾ ਜੀ ਨੇ ਚਿੱਤ ਵਿਚ ਪ੍ਰਸੰਨ ਹੋ ਕੇ ਆਪਣੇ ਪੁੱਤਰ ਨੂੰ ਵੇਖਿਆ। ਗੁਰੂ ਜੀ ਦੇ ਸਿਰ ਉੱਤੇ ਹੱਥ ਫੇਰ ਕੇ ਅਸੀਸ ਦਿੱਤੀ, "ਤੁਹਾਡਾ ਸ੍ਰੇਸ਼ਟ ਜੱਸ ਵਾਲਾ ਉੱਚਾ ਪ੍ਰਤਾਪ ਹੋਵੇ" ॥੨੯॥

ਨਿਕਸੇ ਸਦਨ ਪੌਰ ਗੁਰ ਪੂਰੇ। ਪੰਕਜ ਪਾਇ ਉਪਾਨਯ ਰੂਰੇ।
ਦਰਸ ਹੇਤੁ ਸਿਖ ਖਰੇ ਹਜ਼ਾਰੋਂ। ਉਮਗੇ ਜਨੁ ਜਲ ਪਾਰਾਵਾਰੋ॥ ੩੦॥

ਫਿਰ ਗੁਰੂ ਜੀ ਘਰ ਦੇ ਦਰਵਾਜ਼ੇ ਵਿਚੋਂ ਨਿਕਲੇ। ਚਰਨਾਂ ਕੰਵਲਾਂ ਵਿਚ ਸੋਹਣਾ ਜੋੜਾ ਪਾਇਆ ਹੋਇਆ ਹੈ। ਦਰਸ਼ਨ ਕਰਨ ਵਾਸਤੇ ਹਜ਼ਾਰਾਂ ਸਿੱਖ ਖੜੇ ਹਨ, ਉਹ ਇਸ ਤਰ੍ਹਾਂ ਉਤਸ਼ਾਹ ਨਾਲ ਭਰੇ ਹਨ ਮਾਨੋ ਸਮੁੰਦਰ ਦਾ ਜਲ ਠਾਠਾਂ ਮਾਰ ਰਿਹਾ ਹੋਵੇ॥੩੦॥

ਸਤਿਗੁਰ ਚੰਦ ਮਨਿੰਦੇ ਦੇਖਾ। ਸਿਰ ਨੰਮ੍ਰੀ ਇਕ ਬਾਰਿ ਅਸ਼ੇਖਾ।
ਹੇਮ ਲਸ਼ਟਕਾ ਗਹੇ ਅਗਾਰੀ। ਊਚ ਅਵਾਜ ਨਕੀਬ ਉਚਾਰੀ॥ ੩੧॥

ਸਤਿਗੁਰੂ ਜੀ ਨੂੰ ਚੰਦ ਵਾਂਗ ਵੇਖਿਆ, ਇਕ ਵਾਰ ਸਾਰਿਆਂ ਦਾ ਸਿਰ ਨਿੰਮਰਤਾ ਨਾਲ ਝੁਕ ਗਿਆ। ਸੋਨੇ ਦੀ ਮੁੱਠੀ ਵਾਲਾ ਡੰਡਾ ਫੜੀ ਅੱਗੇ-ਅੱਗੇ ਚੋਬਦਾਰ ਬੜੀ ਉੱਚੀ-ਉੱਚੀ ਬੋਲਦਾ ਜਾ ਰਿਹਾ ਸੀ॥੩੧॥

ਬੋਲਤਿ ਭਾਟ ਕਬਿੱਤਨਿ ਚਾਲੇ। ਲਖਿ ਆਗਵਨ ਸਿੱਖ ਸੰਭਾਲੇ।
ਆਨਿ ਆਨਿ ਗਨ ਮਿਲਹਿਂ ਅਗਾਰੀ। ਸੀਸ ਨੰਮ੍ਰ ਪੁਨ ਚਲਹਿਂ ਪਿਛਾਰੀ॥੩੨॥

ਭੱਟ ਕਬਿੱਤਾਂ ਬੋਲਦੇ ਨਾਲ-ਨਾਲ ਚਲ ਰਹੇ ਸਨ। ਸ੍ਰੀ ਗੁਰੂ ਜੀ ਦਾ ਆਉਣਾ ਜਾਣਕੇ ਸਿੱਖ ਸੰਭਲ ਕੇ ਖੜੇ ਹੋ ਗਏ। ਬਹੁਤ ਸਿੱਖ ਆ ਆ ਕੇ ਅੱਗੇ ਮਿਲਦੇ ਸਨ, ਸਿਰ ਨਿਵਾ ਕੇ ਫਿਰ ਗੁਰੂ ਜੀ ਦੇ ਪਿੱਛੇ-ਪਿੱਛੇ ਚਲਦੇ ਸਨ॥੩੨॥

ਸਭਿ ਪੁਰਿ ਬਿਖੈ ਕੁਲਾਹਲ ਹੋਵਾ। ਹਿਤ ਜੋਵਨ ਕੇ ਕੀਨਸਿ ਢੋਵਾ।
ਕੰਚਨ ਜ਼ੀਨ ਤੁਰੰਗਮ ਸੋਹੇ। ਬਲੀ ਚਪਲ ਪੈ ਗੁਰੂ ਅਰੋਹੇ॥ ੩੩॥

ਸਾਰੇ ਨਗਰ ਵਿਚ ਸ਼ੋਰ ਮਚ ਗਿਆ, ਦਰਸ਼ਨ ਕਰਨ ਵਾਸਤੇ ਮੇਲ ਕਰਦੇ ਹਨ। ਘੋੜੇ ਦੀ ਸੋਨੇ ਦੀ ਬਣੀ ਕਾਠੀ ਬੜੀ ਸ਼ੋਭ ਰਹੀ ਸੀ। ਗੁਰੂ ਜੀ ਇਕ ਬਲਵਾਨ ਚੰਚਲ ਘੋੜੇ ਉੱਤੇ ਸਵਾਰ ਸਨ॥੩੩॥

ਸਨੇ ਸਨੇ ਤਬਿ ਕੀਨਿ ਪਯਾਨਾ। ਗਰੀਅਨਿ ਮਹਿਂ ਠਾਢੇ ਨਰ ਆਨਾ।
ਮਨਹੁਂ ਚਕੋਰ ਚੰਦ ਕੋ ਜੋਵੈਂ। ਰਿਦੈ ਅਨੰਦ ਨੰਮ੍ਰ ਸਿਰ ਹੋਵੈਂ॥ ੩੪॥

ਹੌਲੀ-ਹੌਲੀ ਘੋੜੇ ਨੂੰ ਚਲਾ ਰਹੇ ਸਨ, ਗਲੀਆਂ ਵਿਚ ਹੋਰ ਬਹੁਤ ਮਨੁੱਖ ਖੜੇ ਸਨ। ਮਾਨੋ ਚਕੋਰਾਂ ਚੰਦ ਨੂੰ ਵੇਖ ਰਹੀਆਂ ਸਨ। ਹਿਰਦੇ ਵਿਚ ਅਨੰਦਿਤ ਹੋ ਕੇ ਨਿੰਮਰਤਾ ਸਹਿਤ ਸਿਰ ਨਿਵਾਉਂਦੇ ਸਨ॥੩੪॥

ਸਭਿ ਦਿਸ਼ਿ ਦੇਖਤਿ ਜਾਤਿ ਕ੍ਰਿਪਾਲ। ਹੁਇਂ ਨਿਹਾਲ ਸ਼ਰਧਾਲੁ ਬਿਸਾਲ।
ਭਈ ਭੀਰ ਬਹੁ ਮਾਨਵ ਕੇਰੀ। ਚਲਹਿਂ ਪਿਛਾਰੀ ਮੰਗਲ ਹੇਰੀ॥ ੩੫॥

ਕ੍ਰਿਪਾਲੂ ਗੁਰੂ ਜੀ ਸਭ ਪਾਸੇ ਵੇਖਦੇ ਜਾਂਦੇ ਸਨ, ਸ਼ਰਧਾਲੂ ਬਹੁਤ ਨਿਹਾਲ ਹੋ ਰਹੇ ਸਨ। ਬਹੁਤ ਮਨੁੱਖਾਂ ਦੀ ਭੀੜ ਇਕੱਠੀ ਹੋ ਗਈ। ਅਨੰਦ ਮੰਗਲ ਵੇਖਣ ਵਾਸਤੇ ਪਿੱਛੇ-ਪਿੱਛੇ ਚਲ ਰਹੇ ਸਨ॥੩੫॥

ਇਸ ਬਿਧਿ ਗਏ ਦਮਦਮੇ ਥਾਨ। ਅਹੈ ਉਤੰਗ ਸੁ ਚਾਰੁ ਮਹਾਨ।
ਉਤਰਿ ਤੁਰੰਗ ਤੇ ਤਹਿਂ ਚਢਿ ਗਏ। ਮਾਤੁਲ ਨਿਕਟ ਸੰਗ ਨਿਜ ਲਿਏ॥ ੩੬॥

ਇਸ ਵਿਧੀ ਨਾਲ ਦਮਦਮੇ ਵਾਲੇ ਸਥਾਨ 'ਤੇ ਗੁਰੂ ਜੀ ਪਹੁੰਚ ਗਏ, ਬੜਾ ਉੱਚਾ ਤੇ ਮਹਾਨ ਸੁੰਦਰ ਥੜ੍ਹਾ ਬਣਿਆ ਹੋਇਆ ਸੀ। ਗੁਰੂ ਜੀ ਘੋੜੇ ਤੋਂ ਉੱਤਰ ਕੇ ਥੜ੍ਹੇ ਵਾਲੇ ਸਥਾਨ 'ਤੇ ਚੜ੍ਹ ਗਏ। ਮਾਮਾ ਜੀ ਨੂੰ ਆਪਣੇ ਨਾਲ ਲੈ ਲਿਆ॥੩੬॥

ਹੁਤੇ ਜੁ ਆਗੇ, ਸਭਿ ਤਬਿ ਠਾਢੇ। ਬੰਦਨ ਕਰਹਿਂ ਪ੍ਰੇਮ ਉਰ ਬਾਢੇ।
ਸ੍ਰੀ ਗੋਬਿੰਦ ਸਿੰਘ ਤਖਤ ਨਿਹਾਰਾ। ਜੋਰਤਿ ਕਰ ਪ੍ਰਨਾਮ ਕੋ ਧਾਰਾ॥ ੩੭॥

ਜਿਹੜੇ ਪਹਿਲਾਂ ਉਥੇ ਬੈਠੇ ਸਨ, ਉਹ ਖੜੇ ਹੋ ਗਏ ਤੇ ਬੰਦਨਾ ਕਰਕੇ ਪ੍ਰੇਮ ਨੂੰ ਵਧਾਉਂਦੇ ਸਨ। ਗੁਰੂ ਗੋਬਿੰਦ ਸਿੰਘ ਨੇ ਤਖ਼ਤ ਵਲ ਵੇਖਿਆ ਤੇ ਹੱਥ ਜੋੜ ਕੇ ਤਖ਼ਤ ਨੂੰ ਨਮਸਕਾਰ ਕੀਤੀ॥੩੭॥

ਬੇਦੀ, ਤ੍ਰੇਹਨ ਭੱਲੇ ਬੰਸ। ਤਿਨ ਦਿਸ਼ਿ ਪਿਖਿ ਸੋਢੀ ਅਵਿਤੰਸ਼।
ਸਭਿਹਿਨਿ ਕੀ ਆਇਸੁ ਕੋ ਪਾਇ। ਭਏ ਅਰੂਢਨਿ ਗੁਰਨਿ ਮਨਾਇ॥ ੩੮॥

ਬੇਦੀ, ਤ੍ਰੇਹਣ ਅਤੇ ਭੱਲੇ ਵੰਸ਼ ਦੇ ਸਿੱਖ ਉਥੇ ਬੈਠੇ ਸਨ, ਸੋਢੀ ਸ਼ਿਰੋਮਣੀ ਭਾਵ ਗੁਰੂ ਜੀ ਨੇ ਉਨ੍ਹਾਂ ਵਲ ਵੇਖਿਆ। ਫਿਰ ਸਾਰਿਆਂ ਦੀ ਆਗਿਆ ਪਾ ਕੇ ਤੇ ਸਾਰੇ ਗੁਰੂ ਸਾਹਿਬਾਨ ਨੂੰ ਮਨਾ ਕੇ ਗੁਰਿਆਈ ਦੇ ਤਖ਼ਤ ਉੱਤੇ ਬੈਠ ਗਏ॥੩੮॥

ਗੁਰਤਾ ਸਜੰਦਨ ਪਰ ਆਰੋਹੇ। ਦਿਖਯੋ ਪ੍ਰਤਾਪ ਦਯੋਸਪਤਿ ਮੋਹੇ।
ਗਨ ਸੰਗਤਿ ਪੰਕਜ ਬਿਗਸੰਤੇ। ਬਿਚ ਮਕਰੰਦ ਅਨੰਦ ਬਧੰਤੇ॥ ੩੯॥

ਜਦ ਗੁਰਤਾ ਰੂਪੀ ਰੱਥ ਉੱਪਰ ਬੈਠ ਗਏ ਤਾਂ ਸੂਰਜ ਵਾਂਗ ਪ੍ਰਤਾਪ ਸ਼ੋਭਨੀਕ ਹੋ ਕੇ ਦਿੱਸਿਆ। ਕੰਵਲ ਰੂਪੀ ਸਿੱਖ ਅਜਿਹੇ ਸੂਰਜ ਨੂੰ ਵੇਖ ਕੇ ਖਿੜ ਗਏ ਤੇ ਵਿਚ ਭੌਰੇ ਅਨੰਦ ਵਧਾਉਂਦੇ ਸਨ॥੩੯॥

ਗਨ ਦੁੰਦਭਿ ਬਾਜੇ ਸ਼ਦਿਯਾਨੇ। 'ਜੈ ਜੈ ਗੁਰ ਕੀ' ਬਾਕ ਬਖਾਨੇ।
ਅਤਿਸ਼ੈ ਮੰਗਲ ਜਾਨਿ ਸੁਜਾਨੇ। ਨਾਨਾ ਅਪਨਿ ਅਕੋਰਨਿ ਆਨੇ॥ ੪੦॥

ਬਹੁਤ ਨਗਾਰੇ ਅਤੇ ਖੁਸ਼ੀ ਦੇ ਵਾਜੇ ਵੱਜ ਉੱਠੇ, "ਗੁਰੂ ਜੀ ਦੀ ਜੈ ਹੋਵੇ" ਸਾਰੇ ਬੋਲ ਕੇ ਕਹਿੰਦੇ ਸਨ। ਚਤੁਰ ਸਿੱਖ ਬਹੁਤ ਵੱਡਾ ਮੰਗਲ ਜਾਣ ਕੇ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਬਹੁਤ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਸਨ॥੪੦॥

ਸਭਿ ਆਏ ਲੇ ਤਬਹਿ ਮਸੰਦ। ਰਾਮਕੁਇਰ ਤੇ ਆਦਿ ਬਿਲੰਦ।
ਸੰਗ ਸੰਗਤਾਂ ਸਿਖ ਸਮੁਦਾਇ। ਪਹੁੰਚੇ ਤਬਹਿ ਦਮਦਮੇ ਆਇ॥ ੪੧॥

ਮਸੰਦ ਫਿਰ ਸਾਰਿਆਂ ਨੂੰ ਲੈ ਕੇ ਆ ਗਏ, ਵੱਡੇ-ਵੱਡੇ ਸਿੱਖ ਰਾਮਕੁਇਰ ਆਦਿ ਵਰਗੇ ਸਿੱਖ ਵੀ ਪਹੁੰਚ ਗਏ। ਉਨ੍ਹਾਂ ਦੇ ਨਾਲ ਬਹੁਤ ਸਿੱਖ ਸੰਗਤਾਂ ਦਾ ਸਮੂਹ ਸੀ, ਉਹ ਸਾਰੇ ਦਮਦਮੇ ਵਿਖੇ ਆ ਪਹੁੰਚੇ॥੪੧॥

*ਪਹਿਲੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

## ਅਧਿਆਇ ਛੇਵਾਂ

*ਸੰਗਤਾਂ ਦਾ ਆਉਣਾ*

*ਦੋਹਰਾ-* ਬ੍ਰਿੰਦ ਮਸੰਦ ਅਨੰਦ ਉਰ ਲਜਾਇ ਬਿਲੰਦ ਅਕੋਰ।
ਆਨ ਥਿਰੇ ਗੁਰ ਅੱਗ੍ਰ ਸਭਿ ਬੰਦਤਿ ਹੈਂ ਕਰ ਜੋਰਿ॥ ੧॥

ਸਾਰੇ ਮਸੰਦ ਹਿਰਦੇ ਵਿਚ ਅਨੰਦ ਨਾਲ ਭਰ ਕੇ ਮਹਾਨ ਉਪਹਾਰ ਭੇਟ ਕਰਨ ਵਾਸਤੇ ਲਿਆਏ। ਸਾਰੇ ਗੁਰੂ ਜੀ ਦੇ ਅੱਗੇ ਆ ਖੜੇ ਹੋਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ॥੧॥

*ਚੌਪਈ-* ਬ੍ਰਿਧ ਕੇ ਘਰ ਕੀ ਸੂਖਮ ਚਾਰੁ। ਪੂਰਬ ਦੇਤਿ ਭਏ ਦਸਤਾਰ।
ਕੋਰਦਾਰ, ਚਹੁੰ ਓਰਨ ਚੀਰੇ। ਜਰੇ ਬਿਕੀਮਤ ਜਿਸ ਮਹਿਂ ਹੀਰੇ॥ ੨॥

ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੇ ਘਰ ਦੀ ਬਾਰੀਕ ਅਤੇ ਸੁੰਦਰ ਦਸਤਾਰ ਦਿੱਤੀ। ਜਿਸ ਨੂੰ ਕਿਨਾਰਿਆਂ ਵਾਲੇ ਚਾਰੇ ਪਾਸਿਆਂ ਤੋਂ ਚੀਰੇ ਹੋਏ ਕੀਮਤੀ ਹੀਰੇ ਜੜੇ ਹੋਏ ਸਨ॥੨॥

ਜ਼ਬਰ ਜ਼ੇਬ ਜੁਤਿ ਜਗਮਗਕਾਰੀ। ਜਿਗਾ ਦਈ ਸਿਰ ਬੰਧਿ ਉਦਾਰੀ।
ਜਰੇ ਜਵਾਹਰ ਜਾਗਤਿ ਜੋਤੀ। ਉੱਜਲ ਗੋਲ ਪੋਇ ਬਿਚ ਮੋਤੀ॥ ੩॥

ਬੜੀ ਸ਼ੋਭਾ ਵਾਲੀ ਤੇ ਜਗਮਗ ਕਰਨ ਵਾਲੀ ਜਿਗਾ ਨੂੰ ਸਿਰ ਦੇ ਉੱਤੇ ਬੰਨ੍ਹ ਦਿੱਤਾ, ਜਿਸ ਨੂੰ ਜਗਦੀ ਜੋਤ ਵਾਲੇ ਹੀਰੇ ਜਵਾਹਰਾਤ ਜੜੇ ਹਨ। ਜਿਗਾ ਵਿਚ ਉੱਜਲ ਗੋਲ ਮੋਤੀ ਪਰੋਏ ਹੋਏ ਸਨ॥੩॥

ਕਲਗ਼ੀ ਚਾਰੁ ਉਤੰਗਹਿ ਕਰੀ। ਸਤਿਗੁਰ ਸੀਸ ਧਰੀ ਬਿਧਿ ਖਰੀ।
ਬਹੁ ਮੋਲਾ ਇਕ ਦੀਨਸਿ ਬਾਜ਼। ਕਰ ਬਿਠਾਇ ਦੇਖਯੋ ਮਹਾਂਰਾਜ॥ ੪॥

ਸੁੰਦਰ ਕਲਗੀ ਉੱਚੀ ਕਰਕੇ ਸਤਿਗੁਰੂ ਜੀ ਦੇ ਸਿਰ ਉੱਤੇ ਚੰਗੀ ਤਰ੍ਹਾਂ ਲਾ ਦਿੱਤੀ। ਇਕ ਬਹੁ-ਮੁੱਲਾ ਬਾਜ਼ ਦਿੱਤਾ। ਸਤਿਗੁਰੂ ਜੀ ਨੇ ਆਪਣੇ ਹੱਥ 'ਤੇ ਬਿਠਾ ਕੇ ਵੇਖਿਆ॥੪॥

ਬੇਦੀ, ਤੇਹਣ, ਭੱਲਜਨ ਬੰਸ। ਦੇਤਿ ਬਸਤ੍ਰ ਸ਼ੁਭ ਅਰੁ ਅਵਿਤੰਸ਼।
ਪੁਨ ਮਸੰਦ ਗਨ ਦੇਸ਼ਨਿ ਕੇਰੇ। ਧਰਿਤੇ ਨਿਜ ਨਿਜ ਭੇਟ ਅਗੇਰੇ॥ ੫॥

ਬੇਦੀ, ਤ੍ਰੇਹਣ ਅਤੇ ਭੱਲਿਆਂ ਦੀ ਵੰਸ਼ ਦੇ ਸਿੱਖ ਸ਼ੁਭ ਕੱਪੜੇ ਅਤੇ ਗਹਿਣੇ ਦਿੰਦੇ ਸਨ। ਫਿਰ ਦੇਸ਼ਾਂ ਵਿਦੇਸ਼ਾਂ ਦੇ ਸਾਰੇ ਮਸੰਦ ਆਪਣੀ-ਆਪਣੀ ਭੇਟ ਗੁਰੂ ਜੀ ਅੱਗੇ ਧਰਦੇ ਸਨ॥੫॥

ਲਗਯੋ ਅੰਬਾਰ ਪਾਰ ਕਛੁ ਨਾਂਹੀ। ਗੁਰ ਪ੍ਰਸੰਨਤਾ ਹਿਤ ਅਰਪਾਹੀਂ।
ਇਕ ਬਿਰ ਬੋਲ ਉਠੇ ਜੈਕਾਰਾ। ਭਯੋ ਸਮਾਜ ਅਨੰਦਤਿ ਸਾਰਾ॥ ੬॥

ਭੇਟਾਵਾਂ ਦਾ ਅੰਬਾਰ ਲੱਗ ਗਿਆ, ਕੁਝ ਪਾਰਾਵਾਰ ਨਾ ਰਿਹਾ। ਗੁਰੂ ਜੀ ਦੀ ਪ੍ਰਸੰਨਤਾ ਵਾਸਤੇ ਸਾਰੇ ਅਰਪਣ ਕਰਦੇ ਸਨ। ਇਕੋ ਵਾਰੀ ਜੈਕਾਰਾ ਬੋਲ ਉਠੇ ਤੇ ਸਾਰਾ ਸਮਾਜ ਅਨੰਦ ਨਾਲ ਭਰ ਗਿਆ॥੬॥

ਕਰਤਿ ਮੇਵਰੋ ਪਿਖਿ ਅਰਦਾਸ। ਨਾਮ ਸੁਨਾਇ ਸਭਿਨਿ ਗੁਰ ਪਾਸ।
ਪੰਚਾਂਮ੍ਰਿਤ ਹਜ਼ਾਰ ਕੋ ਆਯੋ। ਲੇ ਗੁਰ ਨਾਮ ਸਕਲ ਵਰਤਾਯੋ॥ ੭॥

ਮੇਵੜੇ ਵੇਖ ਕੇ ਅਰਦਾਸ ਕਰਦੇ ਸਨ ਤੇ ਭੇਟਾ ਅਰਪਣ ਕਰਨ ਵਾਲਿਆਂ ਦਾ ਗੁਰੂ ਜੀ ਪਾਸ ਨਾਮ ਸੁਣਾਉਂਦੇ ਸਨ। ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਆਇਆ ਤੇ ਗੁਰੂ ਜੀ ਦਾ ਨਾਮ ਲੈ ਕੇ ਸਾਰਿਆਂ ਨੂੰ ਵਰਤਾ ਦਿੱਤਾ॥੭॥

ਸੰਗਤਿ ਉਤਰੀ ਜਿਸ ਜਿਸ ਥਾਨ। ਕੀਨਿ ਪੁਚਾਵਨਿ ਤਹਿਂ ਤਹਿਂ ਜਾਨਿ।
ਸ਼ਬਦ ਰਬਾਬੀ ਗਾਵਤਿ ਤਹਾਂ। ਬਸਤ੍ਰ ਸਹਿਤ ਧਨ ਦੀਨੋ ਮਹਾਂ॥ ੮॥

ਜਿੱਥੇ ਜਿੱਥੇ ਸੰਗਤ ਨੇ ਉਤਾਰਾ ਕੀਤਾ ਸੀ, ਉੱਥੇ-ਉੱਥੇ ਕੜਾਹ ਪ੍ਰਸ਼ਾਦਿ ਪਹੁੰਚਾ ਦਿੱਤਾ। ਉੱਥੇ ਜਿਹੜੇ ਰਬਾਬੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ, ਉਨ੍ਹਾਂ ਨੂੰ ਬਸਤਰਾਂ ਸਹਿਤ ਬਹੁਤ ਧਨ ਦਿੱਤਾ॥੮॥

ਇਕ ਪੌੜੀ ਢਾਢੀ ਜਬਿ ਲਾਈ। ਮਨ ਭਾਵਤਿ ਬਖਸ਼ਿਸ਼ ਤਿਨ ਪਾਈ।
ਭਾਟ ਕਲਾਵਤ ਆਦਿਕ ਜਾਚੇ। ਦਰਬ ਸਰਬ ਕੋ ਦੇ ਗੁਰ ਸਾਚੇ॥ ੯॥

ਜਿਸ ਵੀ ਢਾਡੀ ਨੇ ਇਕ ਪੌੜੀ ਗਾਈ, ਉਸ ਨੇ ਮਨ-ਭਾਉਂਦੀ ਬਖਸ਼ੀਸ਼ ਪ੍ਰਾਪਤ ਕੀਤੀ। ਭੱਟ, ਕਲੌਂਤ ਆਦਿ ਜਿਹੜੇ ਮੰਗਣ ਵਾਲੇ ਸਨ, ਉਨ੍ਹਾਂ ਸਭ ਨੂੰ ਸੱਚੇ ਗੁਰੂ ਜੀ ਨੇ ਧਨ ਦਿੱਤਾ॥੯॥

ਬਿੱਪ੍ਰਨ ਦਾਨ ਅਧਿਕ ਹੀ ਪਾਯੋ। ਸਭਿਨਿ ਆਸ਼ਿਖਾ ਬਾਦ ਅਲਾਯੋ।
ਜਹਿਂ ਕਹਿਂ ਜਾਚਕ ਸੁਜਸੁ ਉਚਾਰਹਿਂ। 'ਸ਼੍ਰੀ ਗੁਰ ਤੁਮ ਬਿਨ ਕੋ ਪ੍ਰਿਤਪਾਰਹਿ ? ॥੧੦॥

ਬ੍ਰਾਹਮਣਾਂ ਨੇ ਬਹੁਤ ਦਾਨ ਪਾਇਆ, ਬਾਅਦ ਵਿਚ ਸਾਰਿਆਂ ਨੇ ਅਸੀਸਾਂ ਦਿੱਤੀਆਂ। ਜਿੱਥੇ ਕਿੱਥੇ ਮੰਗਤੇ ਸ੍ਰੇਸ਼ਟ ਜੱਸ ਕਹਿੰਦੇ ਸਨ, "ਹੇ ਗੁਰੂ ਜੀ ! ਤੁਹਾਡੇ ਬਗੈਰ ਸਾਡੀ ਕੌਣ ਪ੍ਰਿਤਪਾਲਣਾ ਕਰੇ ? ॥੧੦॥

ਘਟ ਘਟ ਮਾਲਿਕ ਦੇਤੇ ਦਾਨ। ਲੇ ਤੁਮ ਤੇ ਸਭਿ ਖਾਇ ਜਹਾਨ'।
ਸਾਧਨ ਕੇਰ ਜਮਾਤਜੁ ਆਈ। ਰਣਸਿੰਗੇ ਤੂਰਰੀਸੁ ਬਜਾਈ॥ ੧੧॥

ਮਾਲਕ ਸਭ ਮਨੁੱਖਾਂ ਨੂੰ ਦਾਨ ਦਿੰਦੇ ਹਨ, ਤੁਹਾਥੋਂ ਦਾਨ ਲੈ ਕੇ ਸਾਰਾ ਜਹਾਨ ਖਾਂਦਾ ਹੈ।" ਉਦਾਸੀ ਸਾਧੂਆਂ ਦੀ ਟੋਲੀ ਆਈ, ਜਿਨ੍ਹਾਂ ਰਣਸਿੰਗੇ ਅਤੇ ਤੁਰੀਆਂ ਵਜਾਈਆਂ॥੧੧॥

ਭਰਿ ਭਰਿ ਫੂਕੈਂ ਸੰਖ ਬਜਾਏਂ। ਪਿਖਿ ਪਿਖਿ ਗੁਰ ਮੂਰਤਿ ਹਰਖਾਏਂ।
ਉਤਸਵ ਭਯੋ ਸਭਿਨਿ ਮਹਿਂ ਭਾਰੀ। ਪੁਰਿ ਅਨੰਦ ਹਰਖਤਿ ਨਰ ਨਾਰੀ॥੧੨॥

ਫੂਕਾਂ ਭਰ ਭਰ ਕੇ ਸੰਖ ਵਜਾਉਂਦੇ ਸਨ ਤੇ ਗੁਰੂ ਜੀ ਦਾ ਮੁਖੜਾ ਵੇਖ ਕੇ ਪ੍ਰਸੰਨ ਹੋ ਰਹੇ ਸਨ। ਸਾਰਿਆਂ ਦੇ ਵਿਚ ਭਾਰੀ ਉਤਸਵ ਹੋਇਆ। ਅਨੰਦਪੁਰ ਨਗਰ ਦੇ ਸਭ ਇਸਤਰੀ-ਪੁਰਸ਼ ਪ੍ਰਸੰਨ ਹੋ ਗਏ॥੧੨॥

ਕਲਗ਼ੀ ਰਹੀ ਬਿਰਾਜਿ ਉਤੰਗਾ। ਦਮਕਤਿ ਮੁਕਤਾ ਹੀਰਨਿ ਸੰਗਾ।
ਚਮਰ ਢੁਰਤਿ ਸੁਠ ਬਾਰੰਬਾਰਾ। ਉੱਜਲ ਹੰਸ ਮਨਿੰਦ ਉਦਾਰਾ॥ ੧੩॥

ਗੁਰੂ ਜੀ ਦੀ ਬੜੀ ਉੱਚੀ ਕਲਗ਼ੀ ਬਿਰਾਜ ਰਹੀ ਸੀ, ਹੀਰਿਆਂ ਦੇ ਨਾਲ ਮੋਤੀ ਚਮਕ ਰਹੇ ਸਨ। ਗੁਰੂ ਜੀ ਦੇ ਉੱਪਰ ਬਾਰ-ਬਾਰ ਚੌਰ ਫਿਰ ਰਿਹਾ ਸੀ ਤੇ ਇੰਝ ਲੱਗਦਾ ਸੀ ਮਾਨੋ ਚਿੱਟਾ ਹੰਸ ਉੱਡ ਰਿਹਾ ਹੋਵੇ॥੧੩॥

ਦਰਸੈਂ ਸ਼ੋਭਾ ਖਰ ਕਿਤੇਕ। ਬੈਠਿ ਬਿਲੋਕਤਿ ਸਿੱਖ ਅਨੇਕ।
ਸਭਿ ਕੇ ਦ੍ਰਿਗ ਇਕ ਟਕ ਲਗਿ ਐਸੇ। ਗਨ ਚਕੋਰ ਸਸਿ ਕੇ ਦਿਸ਼ਿ ਜੈਸੇ॥੧੪॥

ਕਈ ਖੜੇ ਹੋ ਕੇ ਗੁਰੂ ਜੀ ਦੀ ਸ਼ੋਭਾ ਦੇ ਦਰਸ਼ਨ ਕਰ ਰਹੇ ਸਨ ਤੇ ਅਨੇਕਾਂ ਸਿੱਖ ਬੈਠੇ ਬੈਠੇ ਹੀ ਦਰਸ਼ਨ ਕਰ ਰਹੇ ਸਨ। ਸਾਰਿਆਂ ਦੇ ਇਕ ਟਕ ਇਸ ਤਰ੍ਹਾਂ ਨੈਣ ਲੱਗੇ ਸਨ, ਮਾਨੋ ਅਨੇਕਾਂ ਚਕੋਰ ਚੰਦਰਮਾਂ ਵਲ ਵੇਖ ਰਹੇ ਹੋਣ॥੧੪॥

ਮਨ ਬਰਬਸ ਹੀ ਸਰਬ ਚੁਰਾਏ। ਜਨੁ ਸੂਰਜ ਮੁਖਿ ਕਮਲ ਖਿਰਾਏ।
ਏਕ ਜਾਮ ਲੌ ਥਿਰ ਤਹਿਂ ਭਏ। ਸਭਿਨਿ ਮਨੋਰਥ ਪੂਰਨ ਕਏ॥ ੧੫॥

ਮਲੋਮਲੀ ਹੀ ਸਾਰਿਆਂ ਦੇ ਮਨ ਮੋਹਿਤ ਹੋ ਗਏ ਸਨ, ਜਿਵੇਂ ਸੂਰਜ ਵਲ ਵੇਖ ਕੇ ਕੰਵਲ ਖਿੜ ਜਾਂਦੇ ਹਨ। ਇਕ ਪਹਿਰ ਤਕ ਗੁਰੂ ਜੀ ਉਥੇ ਬੈਠੇ ਰਹੇ ਤੇ ਸਾਰਿਆਂ ਦੇ ਮਨੋਰਥ ਪੂਰੇ ਕਰ ਦਿੱਤੇ॥੧੫॥

ਜਥਾ ਜੋਗ ਜੋ ਬੇਦੀ ਆਦਿ। ਸਨਮਾਨੇ ਦੀਨੋ ਅਹਿਲਾਦ।
ਸੰਤ, ਮਹੰਤ, ਮਸੰਦ ਜਿ ਬ੍ਰਿੰਦ। ਦੀਨਿ ਅਨੰਦ ਬਿਲੰਦ ਮੁਕੰਦ॥ ੧੬॥

ਜਥਾ ਯੋਗ ਜਿਹੜੇ ਬੇਦੀ ਆਦਿ ਸਨ, ਉਨ੍ਹਾਂ ਨੂੰ ਬੜਾ ਸਨਮਾਨ ਦਿੱਤਾ। ਸੰਤ, ਮਹੰਤ ਅਤੇ ਜਿਹੜਾ ਮਸੰਦਾਂ ਦਾ ਸਮੂਹ ਸੀ, ਮੁਕਤੀਦਾਤੇ ਗੁਰੂ ਜੀ ਨੇ ਉਨ੍ਹਾਂ ਨੂੰ ਬੜਾ ਅਨੰਦ ਬਖਸ਼ਿਆ॥੧੬॥

ਸਭਿ ਦਿਸ਼ਿ ਦੇਖਤਿ ਉਠੇ ਗੁਸਾਈਂ। ਕਰ ਧਰਿ ਧਨੁ ਸਰ ਦੁਤਿ ਬਹੁ ਪਾਈ।
ਸਾਥ ਕ੍ਰਿਪਾਲ ਲਏ ਚਲਿ ਆਏ। ਜਿਤ ਕਿਤ ਸਿਖ ਸੰਗਤਿ ਸਮੁਦਾਏ॥੧੭॥

ਸਾਰੇ ਪਾਸੇ ਵੇਖ ਕੇ ਗੁਰੂ ਜੀ ਉੱਠ ਪਏ। ਹੱਥ ਵਿਚ ਫੜੇ ਧਨੁੱਖ ਬਾਣ ਨੇ ਬੜੀ ਸ਼ੋਭਾ ਪਾਈ ਹੈ। ਗੁਰੂ ਜੀ ਮਾਮਾ ਕ੍ਰਿਪਾਲ ਜੀ ਨੂੰ ਨਾਲ ਲੈ ਕੇ ਆ ਗਏ। ਜਿੱਥੇ ਕਿੱਥੇ ਸਿੱਖ ਸੰਗਤ ਦਾ ਸਮੂਹ ਸੀ॥੧੭॥

ਗਰੀ ਬਜ਼ਾਰਨਿ ਖਰੇ ਨਿਹਾਰੈਂ। ਬੰਦਿ ਬੰਦਿ ਕਰ ਬੰਦਨ ਧਾਰੈਂ।
ਮੰਦ ਮੰਦ ਗਮਨੇ ਨਿਜ ਪੌਰ। ਪਹੁੰਚਤਿ ਭੇ ਸੋਢੀ ਸਿਰਮੌਰ॥ ੧੮॥

ਉਹ ਗਲੀਆਂ ਬਾਜ਼ਾਰਾਂ ਵਿਚ ਖੜੇ ਹੋ ਕੇ ਵੇਖਦੇ ਸਨ। ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕਰਦੇ ਸਨ। ਹੌਲੀ-ਹੌਲੀ ਸੋਢੀ ਸ਼ਿਰੋਮਣੀ ਜੀ ਆਪਣੇ ਘਰ ਦੇ ਦਰਵਾਜ਼ੇ 'ਤੇ ਪਹੁੰਚ ਗਏ॥੧੮॥

ਉਤਰਿ ਤੁਰੰਗ ਤੇ ਅੰਤਰ ਗਏ। ਜੁਗ ਮਾਤਨਿ ਕੋ ਦੇਖਤਿ ਭਏ।
ਪ੍ਰਥਮ ਨਾਨਕੀ ਕੋ ਕਰਿ ਨਮੋਂ। ਪਿਖਿ ਪੌਤ੍ਰੇ ਕੀ ਛਬਿ ਤਿਹ ਸਮੋਂ॥ ੧੯॥

ਘੋੜੇ ਉਤੋਂ ਉੱਤਰ ਕੇ ਅੰਦਰ ਚਲੇ ਗਏ ਤੇ ਆਪਣੇ ਦੋਵਾਂ ਮਾਤਾ ਜੀ ਨੂੰ ਵੇਖਿਆ। ਪਹਿਲਾਂ ਮਾਤਾ ਨਾਨਕੀ ਜੀ ਨੂੰ ਨਮਸਕਾਰ ਕੀਤੀ, ਉਸ ਨੇ ਉਸ ਸਮੇਂ ਆਪਣੇ ਪੋਤਰੇ ਦੀ ਛਵੀ ਨੂੰ ਵੇਖਿਆ॥੧੯॥

ਅਤਿ ਅਨੰਦ ਮਯ ਹਿਰਦੈ ਹੋਈ। ਚਿੰਤਾ ਸੰਕਟ ਮਨ ਤੇ ਖੋਈ।
ਨਿਕਟ ਬਿਠਾਇ ਸੁੰਘਤੀ ਭਾਲ। ਵਾਰਜੋ ਊਪਰ ਦਰਬ ਬਿਸਾਲ॥ ੨੦॥

ਵੇਖਦੀ ਹੀ ਹਿਰਦੇ ਵਿਚ ਅਤੀ ਅਨੰਦਮਈ ਹੋ ਗਈ, ਮਨ ਦੀ ਚਿੰਤਾ ਦੇ ਸਾਰੇ ਸੰਕਟ ਦੂਰ ਕਰ ਲਏ। ਆਪਣੇ ਪਾਸ ਬਿਠਾ ਕੇ ਮੱਥਾ ਚੁੰਮਿਆ ਤੇ ਪੋਤਰੇ ਦੇ ਉੱਪਰ ਦੀ ਬਹੁਤ ਧਨ ਵਾਰਿਆ॥੨੦॥

ਪਠਿਓ 'ਵਹਿਰ ਜਾਚਿਕਨਿ ਦੀਜੈ। ਸਭਿ ਤੇ ਸ਼ੁਭਿ ਅਸ਼ੀਸ਼ ਕੋ ਲੀਜੈ'।
ਚਿਤਵਤਿ ਭਈ ਬਾਕ ਬਰ ਪਤਿਕੇ। ਭਾਖੇ ਚਿਰੰਕਾਲ ਭਾ ਹਿਤ ਕੇ॥ ੨੧॥

ਬਾਂਹਰ ਭੇਜਦਿਆਂ ਕਿਹਾ, "ਇਹ ਧਨ ਮੰਗਤਿਆਂ ਨੂੰ ਦੇ ਦੇਵੋ ਤੇ ਸਾਰਿਆਂ ਪਾਸੋਂ ਸ਼ੁਭ ਅਸੀਸਾਂ ਲਵੋ।" ਆਪਣੇ ਪਤੀ ਜੀ ਦੇ ਸ੍ਰੇਸ਼ਟ ਬਚਨਾਂ ਨੂੰ ਯਾਦ ਕਰਦੀ ਸੀ, ਉਨ੍ਹਾਂ ਨੇ ਕਾਫੀ ਲੰਮਾ ਸਮਾਂ ਪਹਿਲਾਂ ਹਿੱਤ ਦੇ ਬਚਨ ਕਹੇ ਸਨ॥੨੧॥

ਪੌਤ੍ਰਾ ਹੋਇ ਬਿਸਾਲ ਪ੍ਰਤਾਪੀ। ਪਾਪੀ ਨਰਨਿ ਕਲਾਪਨ ਖਾਪੀ।
ਸ੍ਰੀ ਨਾਨਕ ਕੋ ਉੱਜਲ ਨਾਮੂ। ਕਰਹਿ ਅਧਿਕਤਾ ਜਗ ਅਭਿਰਾਮੂ॥ ੨੨॥

ਪੋਤਰਾ ਵੱਡੇ ਪ੍ਰਤਾਪ ਵਾਲਾ ਹੋਵੇਗਾ, ਬਹੁਤ ਪਾਪੀ ਮਨੁੱਖਾਂ ਨੂੰ ਖਪਾਉਣ ਵਾਲਾ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬੜਾ ਉੱਜਲ ਨਾਮ ਹੈ, ਜਗਤ ਵਿਚ ਮਨੋਹਰ ਅਧਿਕਤਾ ਪ੍ਰਾਪਤ ਕਰੇਗਾ॥੨੨॥

ਸਿਮਰਿ ਸਿਮਰਿ ਸੁਖ ਪਾਇ ਬਡੇਰਾ। ਬਾਰ ਬਾਰਿ ਤਬਿ ਸ੍ਰੀ ਮੁਖ ਹੇਰਾ।
ਹਾਥ ਸਪਰਸ਼ਤਿ ਸੁਤ ਕੇ ਸੁਤ ਕੋ। ਤਜਜੋ ਸ਼ੋਕ ਧਰਿ ਆਨੰਦ ਚਿਤ ਕੋ॥੨੩॥

ਯਾਦ ਕਰ ਕਰ ਕੇ ਬਹੁਤ ਸੁਖ ਪਾਇਆ ਹੈ, ਬਾਰ-ਬਾਰ ਫਿਰ ਗੁਰੂ ਜੀ ਦੇ ਮੁਖ ਨੂੰ ਵੇਖਿਆ। ਆਪਣੇ ਪੁੱਤਰ ਦੇ ਪੁੱਤਰ ਭਾਵ ਪੋਤਰੇ ਦੇ ਸਿਰ 'ਤੇ ਹੱਥ ਫੇਰਦੀ ਸੀ। ਦੁਖ ਨੂੰ ਭੁੱਲ ਕੇ ਚਿੱਤ ਵਿਚ ਵੱਡਾ ਆਨੰਦ ਧਾਰਨ ਕੀਤਾ॥੨੩॥

ਪੁਨ ਗੁਜਰੀ ਕੋ ਬੰਦਨ ਕਰੀ। ਬੋਲੀ 'ਆਜ ਧੰਨ ਇਹ ਘਰੀ'।
ਵਾਰਤਿ ਸਿਰ ਪਰ ਧਨ ਕੀ ਬਾਤੀ। ਕਰੀ ਹਰਖ ਭਰਿ ਸੀਤਲ ਛਾਤੀ॥੨੪॥

ਫਿਰ ਗੁਰੂ ਜੀ ਨੇ ਮਾਤਾ ਗੁਜਰੀ ਜੀ ਨੂੰ ਬੰਦਨਾ ਕੀਤੀ, ਮਾਤਾ ਜੀ ਬੋਲੇ, "ਅੱਜ ਇਹ ਘੜੀ ਧੰਨ ਹੋ ਗਈ ਹੈ।" ਉਨ੍ਹਾਂ ਵੀ ਪੁੱਤਰ ਦੇ ਸਿਰ ਤੋਂ ਧਨ ਵਾਰਿਆ ਤੇ ਛਾਤੀ ਵਿਚ ਠੰਡ ਪੈਣ 'ਤੇ ਪ੍ਰਸੰਨ ਹੋ ਗਈ॥੨੪॥

ਇਸ ਬਿਧਿ ਮਿਲਿ ਜੁਗ ਮਾਤਨਿ ਸਾਥ। ਬੈਠੇ ਅਪਰ ਥਾਨ ਪੁਨ ਨਾਥ।
ਅਨਿਕ ਬਿਧਿਨ ਕੇ ਭੋਜਨ ਬਨੇ। ਸ੍ਵਾਦਨਿ ਘਨੇ ਸਕਲ ਰਸ ਸਨੇ॥ ੨੫॥

ਇਸ ਤਰ੍ਹਾਂ ਦੋਵਾਂ ਮਾਤਾ ਜੀ ਨੂੰ ਮਿਲ ਕੇ, ਗੁਰੂ ਜੀ ਹੋਰ ਸਥਾਨ 'ਤੇ ਜਾ ਕੇ ਬਿਰਾਜ ਗਏ। ਅਨੇਕ ਵਿਧੀਆਂ ਦੇ ਭੋਜਨ ਤਿਆਰ ਸਨ; ਸਾਰੇ ਬੜੇ ਸਵਾਦੀ ਤੇ ਸਾਰੇ ਰਸਾਂ ਸਹਿਤ ਭਰਪੂਰ ਸਨ॥੨੫॥

ਥਾਰ ਪਰੋਸਜੋ ਜੁਤਿ ਚਤੁਰਾਈ। ਤੁਰਸ਼, ਸਲਵਣ, ਤਿਕਤ, ਮਧੁਰਾਈ।
ਭਲੇ ਅਛਾਦਨ ਕਰਿਕੈ ਲਜਾਯੋ। ਚੌਂਕੀ ਪਰ ਗੁਰ ਅੱਗ੍ਰ ਟਿਕਾਯੋ॥ ੨੬॥

ਰਸੋਈਏ ਨੇ ਬੜੀ ਚਤੁਰਾਈ ਨਾਲ ਥਾਲ ਪਰੋਸਿਆ, ਖੱਟੇ, ਲੂਣ ਵਾਲੇ, ਕਰਾਰੇ ਅਤੇ ਮਿੱਠੇ ਪਦਾਰਥਾਂ ਨੂੰ ਭਲੀ ਪ੍ਰਕਾਰ ਢੱਕ ਕੇ ਲਿਆਇਆ ਤੇ ਗੁਰੂ ਜੀ ਅੱਗੇ ਜਿਹੜੀ ਚੌਂਕੀ ਪਈ ਸੀ, ਉਸ ਉੱਤੇ ਟਿਕਾ ਦਿੱਤੇ॥੨੬॥

ਅਚਵਤਿ ਭਏ ਸ੍ਵਾਦ ਕੋ ਪਾਇ। ਬਖਸ਼ਜੋ ਪਾਚਕ ਧਨ ਸਮੁਦਾਇ।
ਭਯੋ ਨਿਹਾਲ ਸੁਜਸੁ ਕੋ ਠਾਨਤਿ। ਜਹਿਂ ਕਹਿਂ ਸੰਗਤਿ ਬਿਖੈ ਬਖਾਨਤਿ॥੨੭॥

ਗੁਰੂ ਜੀ ਬੜਾ ਸਵਾਦ ਪਾ ਕੇ ਭੋਜਨ ਛੱਕਣ ਲੱਗੇ ਤੇ ਫਿਰ ਰਸੋਈਏ ਨੂੰ ਬਹੁਤ ਧਨ ਬਖਸ਼ਿਆ। ਰਸੋਈਆ ਨਿਹਾਲ ਹੋ ਗਿਆ ਤੇ ਸ੍ਰੇਸ਼ਟ ਜੱਸ ਕਰਦਾ ਸੀ, ਜਿੱਥੇ ਕਿੱਥੇ ਸਿੱਖ ਸੰਗਤਾਂ ਵਿਚ ਕਹਿੰਦਾ ਸੀ॥੨੭॥

ਬਹੁਰ ਦੇਗ਼ ਸਭਿ ਮਹਿਂ ਵਰਤਾਈ। ਜੋ ਆਵੈ ਸੋ ਲੇ ਤ੍ਰਿਪਤਾਈ।
ਸ੍ਵਾਦਲ ਭੋਜਨ ਖਾਇ ਘਨੇਰੇ। ਤੋਟ ਨ ਜਿਸ ਕੀ ਖਰਚ ਬਡੇਰੇ॥ ੨੮॥

ਫਿਰ ਲੰਗਰ ਸਾਰਿਆਂ ਵਿਚ ਵਰਤਾਇਆ, ਜਿਹੜਾ ਵੀ ਆਉਂਦਾ ਸੀ ਤ੍ਰਿਪਤ ਹੋ ਜਾਂਦਾ ਸੀ। ਬਹੁਤ ਵਿਅਕਤੀਆਂ ਨੇ ਸਵਾਦੀ ਭੋਜਨ ਛਕਿਆ, ਜਿਸ ਦੀ ਕੋਈ ਤੋਟ ਨਹੀਂ ਸੀ ਕਿਉਂਕਿ ਵੱਡਾ ਖਰਚਾ ਕੀਤਾ ਸੀ॥੨੮॥

ਬਰਤਨ ਲਗੀ ਦੁਪਹਿਰੇ ਕਾਲਾ। ਦੇਤਿ ਲੇਤਿ ਨਰ ਆਵਤਿ ਜਾਲਾ।
ਜਾਮਨਿਸਾ ਲਗਿ ਤਿਸੀ ਪ੍ਰਕਾਰਾ। ਸਿਖ ਸੰਗਤਿ ਅਚਵੰਤਿ ਅਹਾਰਾ॥ ੨੯॥

ਦੁਪਹਿਰ ਸਮੇਂ ਲੰਗਰ ਵਰਤਣ ਲੱਗਾ, ਬਹੁਤ ਮਨੁੱਖ ਆ ਕੇ ਭੋਜਨ ਲੈਂਦੇ ਸਨ। ਪਹਿਰ ਰਾਤ ਤਕ ਉਸੇ ਤਰ੍ਹਾਂ ਲੰਗਰ ਚਲਦਾ ਰਿਹਾ, ਸਿੱਖ ਸੰਗਤ ਭੋਜਨ ਛਕਦੀ ਜਾ ਰਹੀ ਸੀ॥੨੯॥

ਦਿਨ ਪ੍ਰਤਿ ਰੀਤਿ ਇਹੀ ਠਹਿਰਾਈ। ਸੰਗਤਿ ਆਇ ਵਧਤਿ ਅਧਿਕਾਈ।
ਦੇਸ਼ਨਿ ਦੇਸ਼ ਸੁਨਤਿ ਸੁਧ ਜਜੋਂ ਜਜੋਂ। ਚਲੇਂ ਆਇਂ ਸਿੱਖਨਿ ਗਨ ਤਜੋਂ ਤਜੋਂ॥੩੦॥

ਦਿਨ ਪ੍ਰਤਿ ਇਹੀ ਰੀਤ ਠਹਿਰਾਈ ਰੱਖੀ, ਸੰਗਤ ਰੋਜ਼ ਬਹੁਤ ਵਧਦੀ ਜਾਂਦੀ ਸੀ। ਦੇਸ਼ਾਂ ਵਿਦੇਸ਼ਾਂ ਦੇ ਲੋਕ ਜਿਵੇਂ-ਜਿਵੇਂ ਖ਼ਬਰ ਸੁਣਦੇ ਸਨ, ਤਿਵੇਂ-ਤਿਵੇਂ ਸਿੱਖਾਂ ਦੇ ਸਮੂਹ ਚਲੇ ਆਉਂਦੇ ਸਨ॥੩੦॥

ਜੋ ਮਸੰਦ ਜਿਸ ਜੋਗ ਬਡਾਈ। ਸਿਰੋਪਾਉ ਦੇ ਕਰਤਿ ਬਿਦਾਈ।
ਤਿਮ ਸਿੱਖਨ ਕੋ ਦੇਤਿ ਹਕਾਰਤਿ। ਕਰਿ ਕਰਿ ਬੰਦਨ ਸਦਨ ਸਿਧਾਰਤਿ॥੩੧॥

ਜਿਸ ਮਸੰਦ ਦੀ ਜਿਸ ਯੋਗ ਵਡਿਆਈ ਸੀ, ਉਸ ਨੂੰ ਉਸ ਪ੍ਰਕਾਰ ਸਿਰੋਪਾ ਦੇ ਕੇ ਵਿਦਾ ਕਰ ਦਿੱਤਾ। ਉਸ ਤਰ੍ਹਾਂ ਹੀ ਸਿੱਖਾਂ ਨੂੰ ਬੁਲਾ ਕੇ ਸਿਰੋਪੇ ਦਿੱਤੇ। ਸਾਰੇ ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਜਾ ਰਹੇ ਸਨ॥੩੧॥

ਨਿਤ ਅਨੇਕ ਆਵਤਿ ਗਨ ਜਾਤਿ। ਸਭਿ ਦੇਸ਼ਨਿ ਮਹਿਂ ਭੇ ਬੱਖਜਾਤ।
'ਦਸਮੋ ਪਾਤਿਸ਼ਾਹ ਗੁਰ ਹੋਯੋ। ਪਿਤ ਸਿਰ ਦੇ ਤੁਰਕਨ ਘਰ ਖੋਯੋ'॥ ੩੨॥

ਸਦਾ ਅਨੇਕਾਂ ਆਉਂਦੇ ਸਨ ਤੇ ਅਨੇਕਾਂ ਜਾਂਦੇ ਸਨ, ਸਾਰੇ ਦੇਸ਼ ਵਿਚ ਪ੍ਰਗਟ ਹੋ ਗਿਆ, "ਦਸਵੇਂ ਪਾਤਿਸ਼ਾਹ ਗੁਰੂ ਜੀ ਹੋਏ ਹਨ, ਉਨ੍ਹਾਂ ਦੇ ਪਿਤਾ ਜੀ ਨੇ ਆਪਣਾ ਸੀਸ ਦੇ ਕੇ ਤੁਰਕਾਂ ਦਾ ਰਾਜ ਖੋਹਿਆ ਹੈ"॥੩੨॥

ਸਾਗਰਾਂਤ ਲਗਿ ਅਵਨੀ ਸਾਰੀ। ਪੁਰਿ ਗ੍ਰਾਮਨਿ ਜਹਿਂ ਸਿੱਖੀ ਧਾਰੀ।
ਸੁਨਿ ਸਭਿ ਕੋ ਚਿਤ ਚੌਂਪ ਉਮੰਗੀ। ਬ੍ਰਿੰਦਨ ਬ੍ਰਿੰਦ ਆਇਂ ਸਤਿਸੰਗੀ ॥ ੩੩ ॥

ਸਮੁੰਦਰ ਤੋਂ ਪਰ੍ਹੇ ਤਕ ਸਾਰੀ ਧਰਤੀ, ਨਗਰ ਪਿੰਡਾਂ ਵਿਚ ਜਿੱਥੇ ਵੀ ਸਿੱਖੀ ਧਾਰੀ ਹੈ, ਸਾਰੇ ਸੁਣ ਕੇ ਬਹੁਤ ਉਤਸ਼ਾਹਤ ਹੋਏ। ਸਮੂਹਾਂ ਦੇ ਸਮੂਹ ਸਤਿਸੰਗੀ ਆਉਂਦੇ ਸਨ ॥੩੩॥

ਇਕ ਆਵਤਿ ਮਿਲਿਤੇ ਇਕ ਜਾਤੇ। ਚਿਤ ਪ੍ਰਸੰਨ ਬੂਝਤਿ ਗੁਰ ਬਾਤੇਂ।
ਭਨਤਿ ਸੁਜਸੁ ਇਕ ਸੁਨਤਿ ਅਨੰਦਤਿ। ਸਿਮਰਿ ਸਿਮਰਿ ਪਗ ਪੰਕਜ ਬੰਦਤਿ ॥੩੪ ॥

ਕਈ ਆ ਕੇ ਮਿਲਦੇ ਸਨ, ਕਈ ਜਾਂਦੇ ਸਨ, ਚਿੱਤ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦੀਆਂ ਗੱਲਾਂ ਪੁੱਛਦੇ ਸਨ। ਸ੍ਰੇਸ਼ਟ ਜੱਸ ਕਹਿੰਦੇ ਸਨ, ਕਈ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਯਾਦ ਕਰ ਕਰ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ ॥੩੪ ॥

'ਧੀਰਜ ਧਰਨੀ ਕੇ ਸਮ ਧਰਨੀ। ਅਜ਼ਮਤ ਸਿੰਧੁ ਅਜਰਨੀ ਜਰਨੀ।
ਅਸ ਕਰਨੀ ਕਰਨੀ ਕਿਸ ਔਰ। ਬਿਨ ਗੁਰ ਨਵ ਸੋਢੀ ਸਿਰਮੌਰ ॥ ੩੫ ॥

ਧਰਤੀ ਵਾਂਗ ਧੀਰਜ ਧਾਰਨ ਵਾਲੇ, ਕਰਾਮਾਤ ਦੇ ਸਾਗਰ, ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਨ੍ਹਾਂ ਵਰਗੀ ਐਸੀ ਕਰਨੀ ਹੋਰ ਕਿਸ ਕਰਨੀ ਹੈ, ਨੌਵੇਂ ਸੋਢੀ ਸ਼ਿਰੋਮਣੀ ਬਿਨਾਂ ਹੋਰ ਕੌਣ ਹੋ ਸਕਦਾ ਹੈ ॥੩੫॥

ਤੇਜ ਪੁੰਜ ਨੰਦਨ ਜਿਨ ਕੇਰੋ। ਅਲਪ ਬੈਸ ਮਹਿਂ ਦਿਪਤਿ ਬਡੇਰੋ।
ਗੁਰ ਕੀ ਗਤਿ ਕੁਛ ਲਖੀ ਨ ਜਾਵੈ। ਦੇਖਿ ਜਗਤ ਸਗਰੋ ਬਿਸਮਾਵੈ' ॥ ੩੬ ॥

ਜਿਨ੍ਹਾਂ ਦੇ ਪੁੱਤਰ ਤੇਜ ਦੇ ਪੁੰਜ ਹਨ, ਛੋਟੀ ਉਮਰ ਵਿਚ ਹੀ ਜਿਹੜੀ ਵੱਡੀ ਸ਼ੋਭਾ ਪਾ ਰਹੇ ਹਨ। ਗੁਰੂ ਜੀ ਦੀ ਗਤੀ ਕੁਝ ਸਮਝੀ ਨਹੀਂ ਜਾ ਸਕਦੀ, ਸਾਰਾ ਜਗਤ ਵੇਖ ਕੇ ਹੈਰਾਨ ਰਹਿੰਦਾ ਹੈ' ॥੩੬॥

ਇੱਤਜਾਦਿਕ ਸਭਿ ਸੰਗਤ ਮਾਂਹੀ। ਹੋਤਿ ਬਾਰਤਾਲਾਪ ਮਹਾਂ ਹੀ।
ਚਲੀ ਆਇ ਚਹੁੰਦਿਸ਼ਿ ਤੇ ਸੰਗਤਿ। ਆਨਿ ਅਨੰਦਪੁਰਿ ਉਤਰਹਿ ਪੰਗਤਿ ॥੩੭ ॥

ਇਸ ਤਰ੍ਹਾਂ ਸਾਰੀ ਸੰਗਤ ਵਿਚ ਮਹਾਨ ਵਾਰਤਾਲਾਪ ਹੁੰਦੀ ਸੀ। ਚਾਰੇ ਪਾਸਿਆਂ ਤੋਂ ਸੰਗਤ ਚਲੀ ਆ ਰਹੀ ਸੀ ਤੇ ਸਾਰੇ ਆ ਕੇ ਅਨੰਦਪੁਰ ਵਿਚ ਉਤਾਰਾ ਕਰਦੇ ਸਨ ॥੩੭॥

ਬਡੀ ਭੀਰ ਜ਼ਬਿਹੂੰ ਹੁਇ ਜਾਇ। ਸਿੱਖ ਸਕੇਲਨਿ ਹੁਇਂ ਸਮੁਦਾਇ।
ਸੇਵਕ ਕਰਹਿਂ ਜਨਾਵਨਿ ਫੇਰ। 'ਭਈ ਦਰਸ ਹਿਤ ਭੀਰ ਬਡੇਰ' ॥ ੩੮ ॥

ਜਦ ਵੱਡੀ ਭੀੜ ਹੋ ਜਾਂਦੀ ਸੀ ਤੇ ਬਹੁਤ ਸਿੱਖ ਇਕੱਠੇ ਹੋ ਜਾਂਦੇ ਸੀ ਤਾਂ ਫਿਰ ਸੇਵਕ ਜਾ ਕੇ ਗੁਰੂ ਜੀ ਨੂੰ ਦੱਸਦੇ ਸਨ, "ਦਰਸ਼ਨਾਂ ਵਾਸਤੇ ਬਹੁਤ ਭੀੜ ਹੋ ਗਈ ਹੈ" ॥੩੮॥

ਬਸਤ੍ਰ ਸ਼ਸਤ੍ਰ ਨਿਜ ਅੰਗ ਸਜਾਵਹਿਂ। ਖੜਗ ਧਨੁਖ ਸਰ ਧਰਿ ਕਰਿ ਆਵੈਂ।
ਵਹਿਰ ਸਿੰਘਾਸਨਿ ਪਰ ਥਿਰ ਹੋਇਂ। ਜ਼ਹਿਂ ਦਰਸਹਿ ਸੰਗਤਿ ਸਭਿ ਕੋਇ ॥੩੯ ॥

ਤਦ ਗੁਰੂ ਜੀ ਬਸਤਰ ਸ਼ਸਤਰ ਸਰੀਰ ਤੇ ਸਜਾਉਂਦੇ ਸਨ ਤੇ ਤਲਵਾਰ, ਧਨੁੱਖ ਬਾਣ ਹੱਥ ਵਿਚ ਧਰ ਕੇ ਆਉਂਦੇ ਸਨ। ਬਾਹਰ ਸਿੰਘਾਸਣ ਉੱਤੇ ਬੈਠ ਜਾਂਦੇ ਸਨ, ਜਿੱਥੇ ਸਾਰੀ ਸੰਗਤ ਦਰਸ਼ਨ ਕਰਦੀ ਸੀ ॥੩੯॥

ਕਰਹਿ ਮੇਵੜਾ ਸਭਿ ਮਹਿਂ ਫੇਰਾ। ਸਿੱਖ ਬਿਦੇਸ਼ਨਿ ਕੋ ਜਹਿਂ ਡੇਰਾ।
'ਸਤਿਗੁਰ ਆਨਿ ਸਿੰਘਾਸਨ ਰਾਜੇ। ਜਿਨ ਕੇ ਦਰਸ ਬਿਘਨ ਅਘ ਭਾਜੇ ॥੪੦ ॥

ਫਿਰ ਮੇਵੜਾ ਸਭ ਸੰਗਤਾਂ ਵਿਚ ਫਿਰਦਾ ਸੀ, ਜਿੱਥੇ ਬਦੇਸ਼ੀ ਸਿੱਖਾਂ ਦਾ ਡੇਰਾ ਹੁੰਦਾ ਸੀ, ਉਥੇ ਜਾ ਕੇ ਕਹਿੰਦਾ ਸੀ, "ਸਤਿਗੁਰੂ ਜੀ ਸਿੰਘਾਸਣ ਉੱਤੇ ਆ ਬਿਰਾਜੇ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਵਿਘਨ ਭੱਜ ਜਾਂਦੇ ਹਨ॥੪੦॥

**ਅਭਿਲਾਖਤਿ ਸਭਿ ਚਲਿ ਕਰਿ ਆਵਹੁ। ਮਾਨਸ ਜਨਮ ਲਾਭ ਕਹੁ ਪਾਵਹੁ।**
**ਰਿਦੇ ਕਾਮਨਾ ਜੇ ਕਿਮ ਧਰੋ। ਭਨਹੁ ਬੇਨਤੀ ਪੂਰਨ ਕਰੋ'॥ ੪੧॥**

ਜਿਨ੍ਹਾਂ ਨੂੰ ਦਰਸ਼ਨਾਂ ਦੀ ਅਭਿਲਾਖਾ ਹੈ, ਉਹ ਚਲ ਕੇ ਆਵੇ ਤੇ ਮਨੁੱਖਾ ਜਨਮ ਦਾ ਲਾਭ ਪ੍ਰਾਪਤ ਕਰੋ। ਹਿਰਦੇ ਵਿਚ ਜਿਹੜੇ ਕਾਮਨਾ ਧਾਰਨ ਕਰਦੇ ਹੋ, ਬੇਨਤੀ ਕਰਕੇ ਉਸ ਨੂੰ ਪੂਰੀ ਕਰੋ"॥੪੧॥

**ਇਮ ਸੁਧਿ ਸਭਿ ਕੋ ਦੇਤਿ ਸੁਨਾਇ। ਅਨੁਰਾਗੀ ਸੁਨਿ ਹੁਇਂ ਚਿਤ ਚਾਇ।**
**ਨੀਕੀ ਵਸਤੁ ਆਦਿ ਜੋ ਦਰਬਾ। ਲੈ ਲੈ ਪਹੁੰਚਹਿਂ ਗੁਰ ਢਿਗ ਸਰਬਾ॥੪੨॥**

ਇਸ ਤਰ੍ਹਾਂ ਉਹ ਸਾਰਿਆਂ ਨੂੰ ਖ਼ਬਰ ਸੁਣਾ ਦਿੰਦਾ ਸੀ, ਪ੍ਰੇਮ ਵਾਲੇ ਸੁਣ ਕੇ ਚਿੱਤ ਵਿਚ ਚਾਅ ਨਾਲ ਭਰ ਜਾਂਦੇ ਸਨ। ਚੰਗੀਆਂ ਵਸਤਾਂ ਆਦਿ ਜਿਹੜਾ ਧਨ ਹੈ, ਸਾਰੇ ਲੈ ਲੈ ਕੇ ਗੁਰੂ ਜੀ ਪਾਸ ਪਹੁੰਚਦੇ ਸਨ॥੪੨॥

**ਅਰਪਿ ਅਰਪਿ ਕਰਿ ਕਰਹਿਂ ਪ੍ਰਨਾਮ। ਪਗ ਪੰਕਜ ਗੁਰ ਕੇ ਅਭਿਰਾਮ।**
**ਸੁੰਦਰ ਬਦਨ ਇੰਦ ਮਾਨਿੰਦ। ਬਿਕਸਜੋ ਕਿਧੌਂ ਭੋਰ ਅਰਬਿੰਦ॥ ੪੩॥**

ਭੇਟਾ ਅਰਪਣ ਕਰ ਕਰ ਕੇ ਨਮਸਕਾਰ ਕਰਦੇ ਸਨ ਤੇ ਗੁਰੂ ਜੀ ਦੇ ਮਨੋਹਰ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਸਨ। ਗੁਰੂ ਜੀ ਦਾ ਸੁੰਦਰ ਮੁਖੜਾ ਚੰਦ ਵਰਗਾ ਹੈ, ਮਾਨੋ ਸਵੇਰ ਦਾ ਕੰਵਲ ਦਾ ਫੁਲ ਖਿੜਿਆ ਹੈ॥੪੩॥

**ਕਰਿ ਦਰਸ਼ਨ ਕੋ ਲਹਤਿ ਅਨੰਦ। ਖਰੇ ਰਹੈਂ ਕੌ ਜੁਗ ਕਰ ਬੰਦਿ।**
**ਕੇਤਿਕ ਆਇਸੁ ਪਾਇ ਮੁਕੰਦ। ਬੈਠਹਿਂ ਨਿਕਟ ਮਸੰਦ ਬਿਲੰਦ॥ ੪੪॥**

ਸਿੱਖ ਦਰਸ਼ਨ ਕਰਕੇ ਅਨੰਦ ਲੈਂਦੇ ਹਨ, ਕਈ ਦੋਵੇਂ ਹੱਥ ਜੋੜ ਕੇ ਖੜੇ ਰਹਿੰਦੇ ਹਨ। ਕਈ ਸਿੱਖ ਅਤੇ ਮਸੰਦ ਗੁਰੂ ਜੀ ਦੀ ਆਗਿਆ ਪਾ ਕੇ ਗੁਰੂ ਜੀ ਦੇ ਪਾਸ ਹੀ ਬੈਠ ਜਾਂਦੇ ਸਨ॥੪੪॥

*ਪਹਿਲੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥*

## *ਅਧਿਆਇ ਸਤਵਾਂ*

### *ਦਿੱਲੀ ਵਾਲੇ ਸਿੱਖਾਂ ਨਾਲ ਬਚਨ*

**ਦੋਹਰਾ- ਸੰਗਤਿ ਬ੍ਰਿੰਦ ਬਿਲੋਕਤੀ ਚਹੁੰ ਦਿਸਿ ਤੇ ਬਹੁ ਆਇ।**
**ਬਨਜਾਰੇ ਕੇ ਸਹਿਤ ਹੀ ਦਿੱਲੀ ਤੇ ਸਿਖ ਆਇ॥ ੧॥**

ਚਾਰੇ ਪਾਸਿਆਂ ਤੋਂ ਆ ਕੇ ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨ ਕਰਦੀ ਸੀ। ਇਕ ਵਣਜਾਰੇ ਦੇ ਨਾਲ ਦਿੱਲੀ ਤੋਂ ਕੁਝ ਸਿੱਖ ਆਏ॥੧॥

**ਚੌਪਈ- ਅਰਪਿ ਅਕੋਰ ਭਯੋ ਤਬਿ ਠਾਢੋ। ਗੁਰ ਸਰੂਪ ਪਿਖਿ ਆਨੰਦ ਬਾਢੋ।**
**ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰੇ। 'ਕਹੁ ਗੁਰ ਪਜਾਰੇ ਸਿਖ ਬਨਜਾਰੇ॥ ੨॥**

ਵਣਜਾਰਾ ਭੇਟਾ ਅਰਪਣ ਕਰਕੇ ਖੜਾ ਹੋ ਗਿਆ, ਗੁਰੂ ਜੀ ਦਾ ਸਰੂਪ ਵੇਖ ਕੇ ਉਸ ਦਾ ਅਨੰਦ ਬਹੁਤ ਵਧਿਆ। ਗੁਰੂ ਜੀ ਨੇ ਆਪਣੇ ਮੁਖ ਤੋਂ ਸ਼ੁਭ ਬਚਨ ਉਚਾਰਨ ਕੀਤੇ, "ਹੇ ਗੁਰੂ ਪਿਆਰੇ, ਸਿੱਖ ਵਣਜਾਰੇ ਦੱਸੋ ॥੨॥

ਕਿਸ ਪ੍ਰਕਾਰ ਸਤਿਗੁਰ ਸਸਕਾਰੇ। ਕਿਹ ਸਥਾਨ ਮਹਿਂ ਰਾਖ ਸੁਧਾਰੇ ?'।
ਸੁਨਿ ਬਿਸਮਜੋ ਮੁਝ ਬਿਨਾ ਬਤਾਏ। ਜਾਨਿ ਲੀਨਿ ਕਾਰਜ ਕਰਿ ਆਏ' ॥ ੩ ॥

ਸਤਿਗੁਰੂ ਤੇਗ ਬਹਾਦਰ ਜੀ ਦਾ ਕਿਸ ਪ੍ਰਕਾਰ ਸਸਕਾਰ ਕੀਤਾ ਹੈ, ਕਿਸ ਸਥਾਨ ਵਿਖੇ ਭਸਮ ਸੰਭਾਲ ਕੇ ਰੱਖੀ ਹੈ ?" ਵਣਜਾਰਾ ਸੁਣ ਕੇ ਬੜਾ ਹੈਰਾਨ ਹੋਇਆ, "ਮੇਰੇ ਦੱਸਣ ਤੋਂ ਬਗੈਰ ਹੀ ਜਾਣ ਗਏ ਹਨ ਕਿ ਅਸੀਂ ਕਾਰਜ ਕਰਕੇ ਆਏ ਹਾਂ" ॥੩॥

ਬੋਲਜੋ ਬਿਨੈ ਸਹਿਤ ਹਰਖਾਨਾ। 'ਜਥਾ ਭਯੋ ਰਾਵਰ ਸਭਿ ਜਾਨਾ।
ਤਊ ਸਭਿਨਿ ਕੇ ਹੇਤੁ ਸੁਨਾਵਨਿ। ਬੂਝਹੁ ਮੋਹਿ ਕਥਾ ਗੁਰ ਪਾਵਨ॥ ੪ ॥

ਵਣਜਾਰਾ ਬੇਨਤੀ ਸਹਿਤ ਪ੍ਰਸੰਨ ਹੋ ਕੇ ਬੋਲਿਆ, "ਜਿਵੇਂ ਹੋਇਆ ਹੈ, ਇਹ ਸਭ ਆਪ ਜੀ ਨੇ ਜਾਣ ਲਿਆ ਹੈ, ਫਿਰ ਵੀ ਸਾਰਿਆਂ ਨੂੰ ਸੁਣਾਉਣ ਵਾਸਤੇ, ਪਵਿੱਤਰ ਗੁਰੂ ਜੀ ਮੇਰੇ ਪਾਸੋਂ ਸਾਰੀ ਕਥਾ ਬਾਰੇ ਪੁੱਛਿਆ ਹੈ ॥੪॥

ਅਧਮ ਨੁਰੰਗੇ ਕਾਰਨ ਕੀਨਾ। ਪੁਨ ਡਿੰਡਮ ਪੁਰਿ ਫੇਰ ਸੁ ਦੀਨਾ।
ਇਨ ਕੋ ਸਿਖ ਸਾਦਕ ਨਰ ਜੋਇ। ਧਰ ਕੌ ਲੇ ਸਸਕਾਰਹਿ ਸੋਇ॥ ੫ ॥

ਨੌਰੰਗੇ ਨੇ ਪਾਪ ਦਾ ਵੱਡਾ ਕਾਰਜ ਕੀਤਾ ਫਿਰ ਉਸ ਨੇ ਸਾਰੇ ਨਗਰ ਵਿਚ ਢੰਡੋਰਾ ਫਿਰਾ ਦਿੱਤਾ। ਗੁਰੂ ਜੀ ਦਾ ਜਿਹੜਾ ਵੀ ਸਿੱਖ ਸਾਦਕ ਹੈ, ਧੜ ਨੂੰ ਲੈ ਕੇ ਉਹ ਹੀ ਸਸਕਾਰ ਕਰੇ॥੫॥

ਸੁਨਜੋ ਸਭਿਨਿ ਕਰਿ ਤ੍ਰਾਸ ਬਿਸਾਲਾ। ਕੋਇ ਨ ਬੋਲਿ ਸਕਜੋ ਤਿਸ ਕਾਲਾ।
ਹਮ ਹੈਂ ਸਿੱਖ ਨ ਕਿਨਹੁਂ ਬਤਾਵਾ। ਦਬਕ ਰਹੇ ਨਿਜ ਨਿਜ ਘਰ ਥਾਵਾ॥ ੬ ॥

ਸਾਰਿਆਂ ਨੇ ਵੱਡਾ ਡਰ ਮੰਨ ਕੇ ਸੁਣਿਆ ਤੇ ਉਸ ਸਮੇਂ ਕੋਈ ਵੀ ਨਾ ਬੋਲ ਸਕਿਆ। ਮੈਂ ਉਨ੍ਹਾਂ ਦਾ ਸਿੱਖ ਹਾਂ, ਕਿਸੇ ਵੀ ਨਾ ਦੱਸਿਆ, ਸਾਰੇ ਆਪਣੇ-ਆਪਣੇ ਘਰ ਵਿਚ ਡਰਦੇ ਲੁਕੇ ਰਹੇ॥੬॥

ਡਰਤਿ ਰਿਦੇ ਕੋ ਦੇ ਨ ਬਤਾਇ। ਸ਼ਾਹ ਬੰਧਿ ਹਮ ਦੇ ਮਰਿਵਾਇ।
ਦੂਰਿ ਦੂਰਿ ਗਦੇ ਆਪਨੇ ਘਰ ਮਹਿਂ। ਨਹਿਂ ਮਾਨੀ ਸਿੱਖੀ ਕਿਸ ਪੁਰਿ ਮਹਿਂ ॥੭॥

ਦਿਲ ਵਿਚ ਡਰਦੇ ਸਨ, ਕੋਈ ਵੀ ਦੱਸਦਾ ਨਹੀਂ ਸੀ, ਸਮਝਦੇ ਸਨ ਕਿ ਬਾਦਸ਼ਾਹ ਸਾਨੂੰ ਬੰਨ੍ਹ ਕੇ ਮਰਵਾ ਦੇਵੇਗਾ। ਆਪਣੇ ਘਰਾਂ ਵਿਚ ਲੁਕ-ਲੁਕ ਕੇ ਬੈਠੇ ਰਹੇ। ਨਗਰ ਵਿਚ ਕਿਸੇ ਵੀ ਆਪਣੇ ਆਪ ਨੂੰ ਗੁਰੂ ਦਾ ਸਿੱਖ ਨਾ ਮੰਨਿਆ" ॥੭॥

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ। ਗਰਜਤਿ ਬੋਲੇ ਜਲਧਰ ਜੈਸੇ।
'ਇਸ ਬਿਧਿ ਕੋ ਅਬਿ ਪੰਥ ਬਨਾਵੋਂ। ਸਕਲ ਜਗਤ ਮਹਿਂ ਬਹੁ ਬਿਦਤਾਵੋਂ ॥੮॥

ਜਦ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰ੍ਹਾਂ ਸੁਣਿਆ ਤਾਂ ਉਹ ਬੱਦਲ ਵਾਂਗ ਗੱਜ ਕੇ ਬੋਲੇ, "ਇਸ ਵਿਧੀ ਨਾਲ ਹੁਣ ਆਪਣਾ ਪੰਥ ਬਣਾਵਾਂਗਾ ਜਿਹੜਾ ਸਾਰੇ ਜਗਤ ਵਿਚ ਪ੍ਰਗਟ ਕਰਾਂਗਾ॥੮॥

ਲਾਖਹੁਂ ਜਗ ਕੇ ਨਰ ਇਕ ਥਾਇਂ। ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ ਪਛਾਨਜੋਂ ਪਰੈ। ਰਲੈ ਨ ਕਜੋਹੂੰ ਕੈਸਿਹੁਂ ਕਰੈ॥ ੯ ॥

ਜਗਤ ਦੇ ਲੱਖਾਂ ਮਨੁੱਖਾਂ ਵਿਚ ਜ ਇਕ ਸਿੱਖ ਜਾ ਕੇ ਮਿਲ ਜਾਵੇਗਾ ਤੇ ਉਹ ਸਾਰਿਆਂ ਵਿਚ ਸਭ ਤੋਂ ਵੱਖਰਾ ਪਹਿਚਾਣਿਆ ਜਾਵੇਗਾ, ਕਿਸ ਤਰ੍ਹਾਂ ਵੀ ਕਰੇ, ਉਹ ਉਨ੍ਹਾਂ ਵਿਚ ਰਲੇਗਾ ਨਹੀਂ॥੯॥

ਜਥਾ ਬਕਨ ਮਹਿਂ ਹੰਸ ਨ ਛਪੈ। ਗ੍ਰਿੱਭਨਿ ਬਿਖੈ ਮੋਰ ਜਿਮ ਦਿਪੈ।
ਜਸੋਂ ਖਰ ਗਨ ਮਹਿਂ ਬਲੀ ਤੁਰੰਗ। ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ॥੧੦॥

ਜਿਵੇਂ ਬਗਲਿਆਂ ਵਿਚ ਹੰਸ ਨਹੀਂ ਛੁਪ ਸਕਦਾ, ਗਿਰਝਾਂ ਵਿਚ ਜਿਵੇਂ ਮੋਰ ਚਮਕਦਾ ਹੈ, ਜਿਵੇਂ ਖੋਤਿਆਂ ਵਿਚ ਬਲਵਾਨ ਘੋੜਾ ਵੱਖਰਾ ਦਿੱਸਦਾ ਹੈ ਤੇ ਜਿਵੇਂ ਹਿਰਨਾਂ ਵਿਚ ਸ਼ੇਰ ਦਾ ਸਰੀਰ ਹੁੰਦਾ ਹੈ॥੧੦॥

ਤਿਮ ਨਾਨਾ ਭੇਖਨ ਕੇ ਮਾਂਹਿ। ਮਮ ਸਿਖ ਕੋ ਸਗਲੋ ਪਰਖਾਹਿਂ'।
ਸੁਨਤਿ ਸਭਾ ਸਭਿ ਬਿਸਮੈ ਹੋਈ। ਬਾਕ ਅਚਾਨਕ ਜਾਨਤਿ ਸੋਈ॥ ੧੧॥

ਉਸ ਤਰ੍ਹਾਂ ਕਈ ਭੇਸਾਂ ਦੇ ਵਿਚ ਮੇਰੇ ਸਿੱਖ ਨੂੰ ਸਾਰੇ ਪਹਿਚਾਣ ਲੈਣਗੇ।" ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ। ਸੋ ਬੜਾ ਅਚਨਚੇਤ ਹੋਇਆ ਬਚਨ ਜਾਣਿਆ॥੧੧॥

ਪੁਨ ਬਨਜਾਰਾ ਬੂਝਨਿ ਕਰਜੋ। 'ਤੈ ਤੇ ਕਹਹੁ ਕਾਜ ਕਿਮ ਸਰਜੋ?'।
ਕਹਤਿ ਭਯੋ 'ਲੇ ਬ੍ਰਿਖਭ ਘਨੇਰੇ। ਪਹੁੰਚਜੋ ਜਾਇ ਗੁਰੂ ਧਰ ਨੇਰੇ॥ ੧੨॥

ਫਿਰ ਵਣਜਾਰੇ ਨੂੰ ਪੁੱਛਿਆ, "ਤੁਸੀਂ ਹੁਣ ਦੱਸੋ ਕਿ ਕਾਰਜ ਕਿਵੇਂ ਸਰਿਆ?" ਵਣਜਾਰੇ ਨੇ ਕਿਹਾ, "ਮੈਂ ਬਹੁਤ ਬਲਦ ਲੈ ਕੇ, ਗੁਰੂ ਜੀ ਦੇ ਧੜ ਦੇ ਨੇੜੇ ਪਹੁੰਚ ਗਿਆ॥੧੨॥

ਮਹਾਂ ਧੂਰ ਬਾਯੂ ਤੇ ਭਈ। ਦਸਹੁੰ ਦਿਸ਼ਾ ਨਹਿਂ ਜਾਨੀ ਗਈ।
ਤਬਿ ਉਠਾਇ ਮੈਂ ਸਕਟ ਮਝਾਰੇ। ਧਰਿ ਕਰਿ ਧਰ ਨਿਜ ਬ੍ਰਿਖਭ ਸੰਭਾਰੇ॥੧੩॥

ਤੇਜ਼ ਹਨੇਰੀ ਵਗਣ ਕਰਕੇ ਬਹੁਤ ਧੂੜ ਉੱਡ ਰਹੀ ਸੀ, ਦਸਾਂ ਦਿਸ਼ਾਵਾਂ ਬਾਰੇ ਜਾਣਿਆ ਨਹੀਂ ਸੀ ਜਾਂਦਾ। ਤਦ ਮੈਂ ਧੜ ਨੂੰ ਉਠਾ ਕੇ ਗੱਡੇ ਵਿਚ ਰੱਖ ਦਿੱਤਾ ਤੇ ਫਿਰ ਆਪਣੇ ਬਲ੍ਹਦਾਂ ਨੂੰ ਸੰਭਾਲਿਆ॥੧੩॥

ਪਾਛੇ ਖੋਜਨਿ ਲਗੇ ਘਨੇਰੇ। ਨਹਿਂ ਪਾਯੋ ਧਰ ਸਭਿ ਬਿਧਿ ਹੇਰੇ।
ਮੈਂ ਲੇ ਜਾਇ ਭਲੇ ਸਸਕਾਰੇ। ਬੀਨ ਪੁਸ਼ਪ ਮੈਂ ਭਲੇ ਸੰਭਾਰੇ॥ ੧੪॥

ਬਾਅਦ ਵਿਚ ਬਹੁਤ ਖੋਜ ਕਰਨ ਲੱਗੇ, ਪਰ ਧੜ ਕਿਤੇ ਵੀ ਨਾ ਪਾਇਆ, ਸਭ ਵਿਧੀਆਂ ਨਾਲ ਤਲਾਸ਼ੀ ਕਰਦੇ ਰਹੇ। ਮੈਂ ਭਲੀ ਪ੍ਰਕਾਰ ਲੈ ਜਾ ਕੇ ਸਸਕਾਰ ਕਰ ਦਿੱਤਾ। ਫੁੱਲ ਚੁਣ ਕੇ ਮੈਂ ਭਲੀ ਪ੍ਰਕਾਰ ਸੰਭਾਲ ਲਏ॥੧੪॥

ਤਾਂਬ੍ਰ ਗਾਗਰਾਂ ਦੁਇ ਮਹਿਂ ਪਾਏ। ਤਿਸੀ ਥਾਨ ਮਹਿਂ ਰਾਖ ਗਡਾਏ।
ਅਬਿ ਮਾਲਿਕ ਤੁਮ ਬਡ ਸਮਰੱਥ। ਕਰਨ ਕਰਾਵਨਿ ਸਭਿ ਬਿਧਿ ਹੱਥ'॥੧੫॥

ਦੋ ਤਾਂਬੇ ਦੀਆਂ ਗਾਗਰਾਂ ਵਿਚ ਪਾ ਕੇ ਉਸੇ ਥਾਂ ਵਿਚ ਰੱਖ ਕੇ ਗੱਡ ਦਿੱਤੇ। ਹੁਣ ਤੁਸੀਂ ਮਾਲਕ ਵੱਡੇ ਸਮਰੱਥ ਹੋ, ਕਰਨਾ ਕਰਾਉਣਾ ਸਭ ਤੁਹਾਡੇ ਹੱਥ ਵਿਚ ਹੈ"॥੧੫॥

ਸੁਨਿ ਪ੍ਰਸੰਨ ਤਿਸ ਪਰ ਤਬਿ ਹੋਏ। 'ਜਨਮ ਮਰਨ ਬੰਧਨ ਤੁਵ ਖੋਏ।
ਫੂਲਹਿਂ ਫਲਹਿਂ ਜਗਤ ਮਹਿਂ ਭਾਰੀ। ਹੁਇ ਸੁਖ ਗੁਰ ਕਾਇਆਂ ਸਸਕਾਰੀ॥੧੬॥

ਇਹ ਸੁਣ ਕੇ ਗੁਰੂ ਜੀ ਉਸ ਉੱਤੇ ਬਹੁਤ ਪ੍ਰਸੰਨ ਹੋਏ ਤੇ ਕਿਹਾ "ਤੁਹਾਡੇ ਜਨਮ ਮਰਨ ਦੇ ਬੰਧਨ ਖਤਮ ਹੋ ਗਏ ਹਨ, ਤੁਸੀਂ ਜਗਤ ਵਿਚ ਭਾਰੀ ਫਲੋ ਫੁੱਲੋਗੇ, ਗੁਰੂ ਜੀ ਦੇ ਸਰੀਰ ਨੂੰ ਸਸਕਾਰਨ ਦਾ ਤੁਹਾਨੂੰ ਵੱਡਾ ਸੁਖ ਮਿਲੇਗਾ॥੧੬॥

ਪੁਸ਼ਪ ਰਹਨਿ ਦਿਹੁ ਤਿਸ ਹੀ ਥਾਨ। ਜਬਿ ਹੋਵਹਿ ਮਮ ਪੰਥ ਮਹਾਨ।
ਬਨਹਿ ਦੇਹੁਰਾ ਥਲ ਪਰਖੈ ਹੈ। ਪੁਨ ਬਜਾਰ ਮਹਿਂ ਥਾਨ ਬਨੈਹੈ॥ ੧੭॥

ਫੁੱਲਾਂ ਨੂੰ ਉਸੇ ਸਥਾਨ 'ਤੇ ਰਹਿਣ ਦੇਵੋ, ਜਦ ਮੇਰਾ ਵੱਡਾ ਪੰਥ ਹੋਵੇਗਾ ਉਹ ਸਥਾਨ ਲੱਭ ਕੇ ਦੇਹੁਰਾ ਬਣਾ ਲੈਣਗੇ, ਫਿਰ ਬਜ਼ਾਰ ਵਾਲੇ ਥਾਂ ਵੀ ਗੁਰੂ ਜੀ ਦਾ ਸਥਾਨ ਬਣੇਗਾ॥੧੭॥

**ਸਿਰ ਤੁਰਕਨ ਕੇ ਮੇਖ ਲਗਾਵੈਂ। ਸਿਖ ਸੰਗਤਿ ਸਭਿ ਪੂਜ ਕਰਾਵੈਂ।**
**ਸਮੋ ਆਇ ਜਬਿ ਦੇਖਹਿਂ ਸਾਰੇ। ਦਿੱਲੀ ਬਿਖੈ ਬਨਹਿਂ ਗੁਰਦ੍ਵਾਰੇ'॥ ੧੮॥**

ਗੁਰਦੁਆਰਾ ਬਣਾ ਕੇ ਤੁਰਕਾਂ ਦੇ ਸਿਰ ਤੇ ਮਾਨੋ ਮੇਖ ਠੋਕਣਗੇ ਤੇ ਸਾਰੀ ਸਿੱਖ ਸੰਗਤ ਤੋਂ ਪੂਜਾ ਕਰਵਾਉਣਗੇ। ਸਮਾਂ ਆਵੇਗਾ ਜਦ ਸਾਰੇ ਵੇਖਣਗੇ, ਦਿੱਲੀ ਵਿਚ ਗੁਰਦੁਆਰੇ ਬਣਨਗੇ"॥੧੮॥

**ਪੁਨਹਿ ਸਿੱਖ ਸਭਿ ਲਗੇ ਸੁਨਾਵਨਿ। 'ਅਬਿ ਹੀ ਭਾ ਪ੍ਰਤਾਪ ਗੁਰ ਪਾਵਨ।**
**ਜਬਿ ਕੋ ਕਾਰਨ ਕੀਨੋ ਸ਼ਾਹੂ। ਤਬਿ ਕੋ ਭਯੋ ਹੌਲ ਉਰ ਮਾਂਹੂ॥ ੧੯॥**

ਫਿਰ ਸਾਰੇ ਸਿੱਖ ਸੁਣਾਉਣ ਲੱਗੇ, "ਹੁਣ ਪਵਿੱਤਰ ਗੁਰੂ ਤੇਗ਼ ਬਹਾਦਰ ਜੀ ਦਾ ਵੱਡਾ ਪ੍ਰਤਾਪ ਹੋ ਗਿਆ ਹੈ। ਜਦ ਦਾ ਬਾਦਸ਼ਾਹ ਨੇ ਇਹ ਕਾਰਾ ਕੀਤਾ ਹੈ, ਤਦ ਦੇ ਉਸ ਦੇ ਦਿਲ ਵਿਚ ਹੌਲ ਉੱਠਦੇ ਹਨ॥੧੯॥

**ਏਕ ਨਿਸਾ ਮਹਿਂ ਸੋਯੋ ਘਰ ਮੈਂ। ਬਹੁਰ ਨ ਬਰਜੋ ਬਿਸਾਲ ਤਿਮਰ ਮੈਂ।**
**ਵਹਿਰ ਬਾਗ ਮੈਂ ਮੰਦਰ ਕੋਇ। ਰਾਤਿ ਪਰੈ ਤਹਿਂ ਪਰਿਕੈ ਸੋਇ॥ ੨੦॥**

ਕੇਵਲ ਇਕ ਰਾਤ ਹੀ ਘਰ ਵਿਚ ਸੁੱਤਾ ਹੈ, ਫਿਰ ਕਦੀ ਵੀ ਰਾਤ ਦੇ ਹਨੇਰੇ ਵਿਚ ਘਰ ਨਹੀਂ ਗਿਆ ਹੈ। ਬਾਹਰ ਬਾਗ ਵਿਚ ਹੀ ਕੋਈ ਘਰ ਹੈ, ਰਾਤ ਪੈਣ 'ਤੇ ਉਥੇ ਪੈ ਕੇ ਸੌਂਦਾ ਹੈ॥੨੦॥

**ਏਕ ਥਾਨ ਨਿਸ ਦੁਤਿਯ ਨ ਸੋਵੈ। ਥਲ ਨਵੀਨ ਬਸਿਬੇ ਹਿਤ ਜੋਵੈ।**
**ਦਿਨਪ੍ਰਤਿ ਉਦੇ ਦੁਰਗ ਮਹਿਂ ਬਰੈ। ਰਾਜ ਸਾਜ ਕੋ ਕਾਰਜ ਕਰੈ॥ ੨੧॥**

ਇਕ ਸਥਾਨ ਵਿਖੇ ਦੂਸਰੀ ਰਾਤ ਨਹੀਂ ਸੌਂਦਾ ਹੈ, ਸੌਣ ਵਾਸਤੇ ਕੋਈ ਦੂਸਰਾ ਸਥਾਨ ਵੇਖਦਾ ਹੈ। ਦਿਨ ਚੜ੍ਹਨ ਉੱਤੇ ਕਿਲ੍ਹੇ ਵਿਚ ਦਾਖ਼ਲ ਹੁੰਦਾ ਹੈ ਤੇ ਰਾਜ ਸਾਜ ਦਾ ਕੰਮ ਕਰਦਾ ਹੈ॥੨੧॥

**ਪਰੈ ਜਾਮਨੀ ਨਿਕਸਿ ਸਿਧਾਰੈ। ਸੁਪਤੈ ਆਨ ਥਾਨ ਡਰ ਧਾਰੈ।**
**ਜਾਨੀ ਪਰੈ ਚਢੈ ਕਿਤ ਦੇਸ਼। ਤਜਾਰੀ ਧਾਰੈ ਰਿਦੇ ਹਮੇਸ਼'॥ ੨੨॥**

ਰਾਤ ਪੈਣ 'ਤੇ ਨਿਕਲ ਕੇ ਚਲਾ ਜਾਂਦਾ ਹੈ ਤੇ ਡਰ ਧਾਰਨ ਕਰਕੇ ਕਿਸੇ ਹੋਰ ਥਾਂ ਜਾ ਕੇ ਸੌਂਦਾ ਹੈ। ਇਹ ਪਤਾ ਲਗਦਾ ਹੈ ਕਿ ਕਿਸੇ ਦੇਸ਼ 'ਤੇ ਚੜ੍ਹਾਈ ਕਰੇਗਾ। ਹਿਰਦੇ ਵਿਚ ਹਮੇਸ਼ਾ ਤਿਆਰੀ ਕਰਦਾ ਰਹਿੰਦਾ ਹੈ॥੨੨॥

**ਦਿਲਵਾਲੀ ਸਿੱਖਨਿ ਜਬਿ ਕਹਜੋ। ਤਬਿ ਕ੍ਰਿਪਾਲ ਚਿਤ ਸੰਸੈ ਲਹਜੋ।**
**ਬੂਝਨਿ ਲਗਜੋ 'ਕਹਹੁ ਸਭਿ ਬਾਤੀ। ਪਾਤਕੁ ਕਰਮਾ ਕਿਤਹੁਂ ਪ੍ਰਜਾਤੀ ?॥੨੩॥**

ਦਿੱਲੀ ਵਾਲੇ ਸਿੱਖਾਂ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਮਾਮਾ ਕ੍ਰਿਪਾਲ ਚੰਦ ਜੀ ਨੇ ਹਿਰਦੇ ਵਿਚ ਸ਼ੰਕਾ ਧਾਰਨ ਕੀਤੀ ਤੇ ਉਹ ਪੁੱਛਣ ਲੱਗੇ, "ਸਾਰੀ ਗੱਲ ਦੱਸੋ, ਪਾਪੀ ਕਰਮਾਂ ਵਾਲਾ ਕਿੱਥੇ ਜਾਵੇਗਾ"॥੨੩॥

**ਪੂਰਬ, ਦੱਖਨ, ਪਸ਼ਚਮ ਓਰ। ਕਾਜ ਜੰਗ ਕੋ ਭਾ ਕਿਤ ਜੋਰ।**
**ਜਿਸ ਤੇ ਦੁਸ਼ਟ ਆਪ ਪ੍ਰਸਥਾਨੈ। ਇਸ ਕੋ ਸਤਿਗੁਰ ਸਭਿ ਕਿਛੁ ਹਾਨੈ'॥੨੪॥**

ਪੂਰਬ, ਦੱਖਣ ਜਾਂ ਪੱਛਮ ਵਾਲੇ ਪਾਸੇ, ਜੰਗ ਕਰਨ ਵਾਸਤੇ ਕਿੱਥੇ ਯੁੱਧ ਕਰਨ ਲਈ ਜ਼ੋਰ ਲਾਵੇਗਾ, ਜਿਸ ਕਰਕੇ ਦੁਸ਼ਟ ਆਪ ਦੂਸਰੇ ਸਥਾਨ 'ਤੇ ਜਾਣਾ ਚਾਹੁੰਦਾ ਹੈ, ਵੱਡੇ ਸਤਿਗੁਰੂ ਜੀ ਇਸ ਦਾ ਸਭ ਕੁਝ ਨਾਸ਼ ਕਰ ਦੇਣਗੇ"॥੨੪॥

ਤਬਿ ਕਰ ਜੋਰਿ ਕਹੈਂ ਦਿਲ ਵਾਲੀ। 'ਸੁਨਹੁ ਪ੍ਰਸੰਗ ਬਿਸਾਲ ਕੁਚਾਲੀ।
ਸ਼ਾਹਜਹਾਂ ਜਾਨਤਿ ਸ਼ੁਭਨੀਤ। ਬਰਤਤਿ ਰਹਜੋ ਆਪ ਜਿਮ ਨੀਤ॥ ੨੫॥

ਫਿਰ ਦਿੱਲੀ ਵਾਲਿਆਂ ਨੇ ਹੱਥ ਜੋੜ ਕੇ ਕਿਹਾ, "ਇਸ ਭੈੜੇ ਚਾਲਿਆਂ ਵਾਲੇ ਦਾ ਪ੍ਰਸੰਗ ਸੁਣੋ। ਸ਼ਾਹਜਹਾਨ ਸ਼ੁਭ ਨੀਤੀ ਨੂੰ ਜਾਣਦਾ ਸੀ, ਆਪ ਜਿਵੇਂ ਸਦਾ ਨੀਤੀ ਨੂੰ ਵਰਤਦਾ ਰਿਹਾ ਸੀ॥੨੫॥

ਸੋ ਗਹਿ ਲੀਨਿ ਕੈਦ ਕਰਿ ਰਾਖਾ। ਮਰਨ ਸਮੈਂ ਇਸ ਕੇ ਸੰਗ ਭਾਖਾ।
ਜੇਤਿਕ ਲੇਂ ਅਬਿ ਦਰਬ ਸਿਪਾਹੀ। ਇਸ ਤੇ ਘਾਟ ਕਰਹੁ ਕਬਿ ਨਾਂਹੀ॥੨੬॥

ਸ਼ਾਹਜਹਾਨ ਨੂੰ ਇਸ ਫੜ ਲਿਆ ਤੇ ਕੈਦ ਕਰਕੇ ਰਖਿਆ। ਮਰਨ ਸਮੇਂ ਸ਼ਾਹਜਹਾਨ ਇਸ ਨੂੰ ਕਹਿਣ ਲੱਗਾ। ਸਿਪਾਹੀ ਜਿੰਨਾ ਹੁਣ ਧਨ ਲੈਂਦੇ ਹਨ, ਇਸ ਤੋਂ ਘਟ ਉਨ੍ਹਾਂ ਦੀ ਤਨਖਾਹ ਕਦੀ ਵੀ ਨਾ ਕਰੋ॥੨੬॥

ਹਿੰਦੁ ਧਰਮ ਕੋ ਨਹੀਂ ਬਿਗਾਰਹੁ। ਇਕ ਸਮ ਦੋਨਹੁੰ ਕੋ ਪ੍ਰਤਿਪਾਰਹੁ।
ਤਾਨੇ ਸ਼ਾਹਿ ਜੁ ਦੱਖਨ ਮਾਂਹੀ। ਕਬਿ ਮੁਹਿੰਮ ਤਿਸ ਪਰ ਕਰਿ ਨਾਹੀਂ॥੨੭॥

ਹਿੰਦੂ ਧਰਮ ਨੂੰ ਨਾ ਵਿਗਾੜੋ, ਇਕ ਸਮਾਨ ਦੋਵਾਂ ਦੀ ਪ੍ਰਤਿਪਾਲਣਾ ਕਰੋ। ਦੱਖਣ ਵਿਚ ਜਿਹੜਾ ਤਾਨੇਸ਼ਾਹ ਨਾਮੀ ਬਾਦਸ਼ਾਹ ਹੈ, ਉਸ ਉੱਤੇ ਕਦੀ ਵੀ ਆਪਣੀ ਮੁਹਿੰਮ ਚੜ੍ਹਾ ਕੇ ਹਮਲਾ ਨਾ ਕਰਨਾ॥੨੭॥

ਇੱਤਜਾਦਿਕ ਕੁਛ ਔਰ ਬਤਾਈ। ਕਿਸ ਹਿਤ ਲਿਖੌਂ ਪ੍ਰਸੰਗ ਬਧਾਈ।
ਸੁਨਿ ਕਰਿ ਪਦਰ ਬਾਕ ਖੁਨਸਾਯੋ। ਬੂਝਜੋ ਕਹਾਂ ਦੋਸ਼ ਲਖਿ ਪਾਯੋ ?॥੨੮॥

ਇਸ ਤਰ੍ਹਾਂ ਹੋਰ ਵੀ ਕਈ ਗੱਲਾਂ ਦੱਸੀਆਂ, ਮੈਂ ਬਹੁਤੀ ਲੰਮੀ ਕਹਾਣੀ ਨਹੀਂ ਕਹਿਣਾ ਚਾਹੁੰਦਾ, ਕਿਉਂਕਿ ਪ੍ਰਸੰਗ ਵਧਦਾ ਹੈ। ਪਿਤਾ ਦੀ ਗੱਲ ਸੁਣ ਕੇ ਗੁੱਸੇ ਵਿਚ ਆ ਗਿਆ, ਉਸ ਨੂੰ ਪੁੱਛਿਆ ਕਿ ਇਸ ਵਿਚ ਕੀ ਦੋਸ਼ ਵੇਖਿਆ ਹੈ ?॥੨੮॥

ਜੋ ਬਰਜੀ ਤੈਸੇ ਸਭਿ ਕਰਿਹੌਂ। ਜਗ ਕੋ ਨਿਜ ਮਰਜੀ ਅਨੁਸਾਰਹੌਂ।
ਸੁਨਿ ਤਬਿ ਸ਼ਾਹ ਜਹਾਂ ਸਮੁਝਾਈ। 'ਜੇ ਤੂੰ ਕਰਹਿਂ ਬਿਗਰ ਅਸ ਜਾਈ॥੨੯॥

ਜੋ ਤੁਸੀਂ ਵਰਜਿਆ ਹੈ, ਮੈਂ ਉਸ ਤਰ੍ਹਾਂ ਹੀ ਸਭ ਕਰਾਂਗਾ, ਸਾਰੇ ਜਗ ਨੂੰ ਆਪਣੀ ਮਰਜ਼ੀ ਅਨੁਸਾਰ ਬਣਾਵਾਂਗਾ।" ਇਹ ਸੁਣ ਕੇ ਤਦ ਸ਼ਾਹਜਹਾਨ ਨੇ ਸਮਝਾਇਆ ਤੇ ਕਿਹਾ "ਜੇ ਤੂੰ ਇਸ ਤਰ੍ਹਾਂ ਕਰੇਂਗਾ ਤਾਂ ਬੜਾ ਵਿਗਾੜ ਪੈਦਾ ਹੋਵੇਗਾ" ॥੨੯॥

ਨੌਕਰਾਨ ਜੇ ਧਨ ਦੇਂ ਥੋਰਾ। ਥੁਰ ਜੈ ਹੈਂ ਜਿਨ ਲਾਭ ਨ ਔਰਾ।
ਤਿਨ ਕੇ ਪੁੱਤ੍ਰ ਇਲਮ ਬਿਨ ਰਹੈਂ। ਖੈਬੇ ਹੇਤੁ ਜੀਵਕਾ ਚਹੈਂ॥ ੩੦॥

ਜੇ ਨੌਕਰਾਂ ਨੂੰ ਥੋੜਾ ਧਨ ਦੇਵੇਂਗਾ ਤਾਂ ਉਹ ਬਹੁਤ ਗਰੀਬ ਹੋ ਜਾਣਗੇ ਜਿਨ੍ਹਾਂ ਨੂੰ ਹੋਰ ਕੋਈ ਲਾਭ ਨਹੀਂ ਹੈ। ਉਨ੍ਹਾਂ ਦੇ ਪੁੱਤਰ ਪੜ੍ਹਾਈ ਤੋਂ ਬਗੈਰ ਰਹਿ ਜਾਣਗੇ। ਖਾਣ ਵਾਸਤੇ ਉਹ ਰੋਜ਼ੀ ਚਾਹੁਣਗੇ॥੩੦॥

ਲਘੁ ਬਯ ਕਾਜ ਕਰਨਿ ਲਗਿ ਪਰੈਂ। ਬਿਨ ਧਨ ਇਲਮ ਕਹਹੁ ਕਿਮ ਧਰੈਂ।
ਮੂਰਖ ਰਹੈਂ ਦੋਸ਼ ਇਹ ਭਾਰੋ। ਯਾਂਤੇ ਘਾਟ ਕਰਨਿ ਨਹਿਂ ਧਾਰੋ॥ ੩੧॥

ਜਿਸ ਕਰਕੇ ਛੋਟੀ ਉਮਰ ਵਿਚ ਹੀ ਉਹ ਕੰਮ ਕਰਨ ਲੱਗ ਪੈਣਗੇ, ਧਨ ਤੋਂ ਬਗੈਰ ਉਹ ਵਿਦਿਆ ਕਿਵੇਂ ਪੜ੍ਹਨਗੇ। ਉਹ ਮੂਰਖ ਰਹਿ ਜਾਣਗੇ, ਇਹ ਸਭ ਤੋਂ ਵੱਡਾ ਦੋਸ਼ ਹੈ, ਇਸ ਕਰਕੇ ਤਨਖਾਹ ਘੱਟ ਕਰਨ ਵਾਲੀ ਗੱਲ ਨਾ ਧਾਰਨ ਕਰੋ॥੩੧॥

ਹਮ ਅਬਿ ਅਪਨੇ ਰਾਜ ਮਝਾਰੀ। ਦੇਂ ਹਿੰਦੁਨ ਕੋ ਧਰਮ ਬਿਗਾਰੀ।
ਸਮੈਂ ਪਾਇ ਹੁਇਂ ਹਿੰਦੂ ਰਾਜੇ। ਕਰਹਿਂ ਸੁ ਤੁਰਕਨਿ ਸੰਗ ਕੁਕਾਜੇ॥ ੩੨॥

ਅਸੀਂ ਹੁਣ ਆਪਣੇ ਰਾਜ ਵਿਚ ਰਹਿੰਦੇ ਹਾਂ, ਜੇ ਹਿੰਦੂਆਂ ਦਾ ਧਰਮ ਵਿਗਾੜ ਦੇਵਾਂਗੇ ਤਾਂ ਸਮਾਂ ਪਾ ਕੇ ਹਿੰਦੂ ਰਾਜੇ ਹੋ ਜਾਣਗੇ ਉਹ ਫਿਰ ਤੁਰਕਾਂ ਨਾਲ ਮਾੜੇ ਕਰਮ ਕਰਨਗੇ॥੩੨॥

ਤਾਂਨੇ ਸ਼ਾਹਿ ਬਨਜੋ ਜੇ ਰਹੈ। ਸ਼ਾਹਨਸ਼ਾਹ ਹਮਹਿਂ ਸਭਿ ਕਹੈਂ।
ਇਕ ਗੁਨ ਇਹ, ਦੂਸਰ ਸੁਨਿ ਕਾਨ। ਜੋ ਦੱਖਣ ਕੋ ਦੇਸ਼ ਮਹਾਨ॥ ੩੩ ॥

ਤਾਨੇ ਸ਼ਾਹ ਜੇ ਬਾਦਸ਼ਾਹ ਬਣਿਆ ਰਹੇਗਾ ਤਾਂ ਸਾਨੂੰ ਸਾਰੇ ਸ਼ਹਿਨਸ਼ਾਹ ਕਹਿਣਗੇ। ਇਕ ਗੁਣ ਇਹ ਹੈ, ਦੂਸਰਾ ਕੰਨ ਦੇ ਕੇ ਸੁਣੋ। ਜਿਹੜਾ ਦੱਖਣ ਦਾ ਮਹਾਨ ਦੇਸ਼ ਹੈ॥੩੩॥

ਤਿਤ ਹੀ ਰੋਕ ਰਖਹਿ ਦਲ ਸਾਰੇ। ਹਮ ਸੋਂ ਪਰਹਿਂ ਨ ਜੰਗ ਅਖਾਰੇ।
ਇੱਤਜਾਦਿਕ ਜੋ ਨੀਤਿ ਬਤਾਈ। ਕਹੇ ਦੋਸ਼ ਗੁਨ ਤਿਨ ਸਮੁਦਾਈ॥ ੩੪ ॥

ਤਾਨੇ ਸ਼ਾਹ ਆਪਣੇ ਸਾਰੇ ਦਲ ਨੂੰ ਰੋਕ ਰੱਖੇਗਾ, ਸਾਡੇ ਨਾਲ ਉਸ ਦਾ ਯੁੱਧ ਨਹੀਂ ਹੋਵੇਗਾ। ਇਸ ਤਰ੍ਹਾਂ ਜਿਹੜੀ ਆਪਣੀ ਨੀਤੀ ਦੱਸੀ, ਉਸ ਵਿਚ ਕਈ ਦੋਸ਼ ਅਤੇ ਗੁਣ ਵੀ ਦੱਸੇ॥੩੪॥

ਤਊ ਨ ਮੂਰਖ ਨੇ ਮਨ ਮਾਨੇ। ਪਦਰ ਕਹੇ ਉਲਟੇ ਸਭਿ ਠਾਨੇ।
ਹੁਤੇ ਰਜਤਪਣ ਸੌ ਦਰਮਾਹਾਂ। ਤਬਿ ਤੇ ਸਾਠ ਦੇਨਿ ਲਗ ਤਾਹਾਂ॥ ੩੫ ॥

ਫਿਰ ਵੀ ਮੂਰਖ ਨੇ ਆਪਣੇ ਬਾਪ ਦੀ ਗੱਲ ਨਾ ਮੰਨੀ, ਉਸ ਨੇ ਜਿਵੇਂ ਕਿਹਾ ਸੀ, ਉਸ ਦੇ ਉਲਟ ਹੀ ਧਾਰਨ ਕੀਤਾ। ਜਿਨ੍ਹਾਂ ਸਿਪਾਹੀਆਂ ਦੀ ਮਾਸਕ ਤਨਖਾਹ ਸੌ ਰੁਪਦੇ ਸੀ, ਉਨ੍ਹਾਂ ਦੀ ਉਸ ਸਮੇਂ ਤੋਂ ਸੱਠ ਰੁਪਦੇ ਕਰ ਦਿੱਤੀ ਹੈ॥੩੫॥

ਹਿੰਦੁ ਧਰਮ ਬਹੁ ਨਰਨਿ ਬਿਗਾਰਾ। ਮਹਾਂ ਮੂੜ੍ਹ ਨੇ ਕੁਛ ਨ ਬਿਚਾਰਾ।
ਸਤਿਗੁਰ ਕਾਰਨ ਤੇ ਪਸ਼ਚਾਤੀ। ਪੁਰਿ ਮਹਿਂ ਨਹਿਂ ਸੁਪਤਜੋ ਕਿਸ ਰਾਤੀ॥੩੬॥

ਬਹੁਤ ਮਨੁੱਖਾਂ ਦਾ ਹਿੰਦੂ ਧਰਮ ਵਿਗਾੜ ਦਿੱਤਾ ਹੈ, ਮਹਾਂ ਮੂਰਖ ਨੇ ਕੁਝ ਵੀ ਨਹੀਂ ਵਿਚਾਰਿਆ ਹੈ। ਸਤਿਗੁਰੂ ਜੀ ਰੂਪੀ ਸਾਕਾ ਕਰਨ ਤੋਂ ਪਿੱਛੋਂ, ਕਿਹੜੀ ਰਾਤ ਨਗਰ ਵਿਚ ਸੁੱਤਾ ਹੈ? ॥੩੬॥

ਏਕ ਪੀਰ ਇਕ ਦਿਨ ਚਲਿ ਆਯੋ। ਉਤਰਜੋ ਵਹਿਰ ਤਾਂਹਿ ਸੁਨਿ ਪਾਯੋ।
ਮਿਲਨੇ ਹੇਤੁ ਨੁਰੰਗਾ ਗਯੋ। ਇਕ ਰਕੇਬ ਮੁਹਰਨਿ ਭਰਿ ਲਯੋ॥ ੩੭॥

ਇਕ ਪੀਰ ਇਕ ਦਿਨ ਚਲ ਕੇ ਆਇਆ, ਉਸ ਨੇ ਨਗਰ ਦੇ ਬਾਹਰ ਆ ਉਤਾਰਾ ਕੀਤਾ। ਉਸ ਪੀਰ ਦੇ ਬਾਰੇ ਜਦ ਨੌਰੰਗੇ ਨੇ ਸੁਣਿਆ ਤਾਂ ਉਹ ਉਸ ਨੂੰ ਮਿਲਣ ਵਾਸਤੇ ਗਿਆ। ਇਕ ਰਕਾਬੀ ਮੋਹਰਾਂ ਦੀ ਭਰ ਲਈ॥੩੭॥

ਦੁਤੀਏ ਬਿਖੈ ਜਵਾਹਰ ਪਾਇ। ਪੀਰ ਅਗਾਰੀ ਧਰੇ ਬਨਾਇ।
ਕਰਿ ਸਲਾਮ ਬੈਠਜੋ ਤਿਸ ਪਾਸ। ਕਰਜੋ ਬਤਾਵਨਿ ਅਪਨੋ ਤ੍ਰਾਸ॥ ੩੮॥

ਦੂਸਰੀ ਰਕਾਬੀ ਵਿਚ ਹੀਰੇ ਜਵਾਹਰਾਤ ਪਾ ਲਏ ਤੇ ਪੀਰ ਦੇ ਅੱਗੇ ਸਵਾਰ ਬਣਾ ਕੇ ਧਰ ਦਿੱਤੇ। ਸਲਾਮ ਕਰਕੇ ਉਸ ਦੇ ਪਾਸ ਬੈਠ ਗਿਆ ਤੇ ਆਪਣੇ ਡਰ ਬਾਰੇ ਉਸ ਨੂੰ ਦੱਸਿਆ॥੩੮॥

ਨਿਸ ਮਹਿਂ ਅੰਤਰ ਜਾਇ ਨ ਸੋਯੋ। ਤੁਮ ਬਿਨ ਅਪਰ ਨ ਪਾਸ ਬੁਗੋਯੋ।
ਇਸ ਕੋ ਹੁਇ ਉਪਚਾਰ ਕਿ ਨਾਂਹਿ ? ਜਿਸ ਤੇ ਬਸਨ ਬਨਹਿ ਪੁਰਿ ਮਾਂਹਿ॥੩੯॥

ਰਾਤ ਸਮੇਂ ਮਹਿਲਾਂ ਅੰਦਰ ਸੁਤਾ ਨਹੀਂ ਜਾਂਦਾ ਹੈ, ਤੁਹਾਡੇ ਬਗੈਰ ਇਹ ਗੱਲ ਮੈਂ ਹੋਰ ਕਿਸੇ ਨੂੰ ਨਹੀਂ ਦੱਸੀ ਹੈ, ਇਸ ਦਾ ਕੋਈ ਇਲਾਜ ਹੋ ਸਕਦਾ ਹੈ ਕਿ ਨਹੀਂ, ਜਿਸ ਕਰਕੇ ਮੈਂ ਨਗਰ ਵਿਚ ਰਹਿ ਸਕਾਂ॥੩੯॥

ਤੁਮ ਤੇ ਸਜਾਨੋ ਅਪਰ ਨ ਕੋਇ। ਜਥਾ ਜੋਗ ਭਾਖਹੁ ਜਿਮ ਹੋਇ।
ਸੁਨਤਿ ਪੀਰ ਨੇ ਭਲੇ ਬਿਚਾਰਾ। ਨੇਤ੍ਰ ਮੂੰਦਿ ਕੌਤਕ ਪਿਖਿ ਸਾਰਾ॥ ੪੦॥

ਤੁਹਾਡੇ ਨਾਲੋਂ ਸਿਆਣਾ ਹੋਰ ਕੋਈ ਨਹੀਂ ਹੈ, ਯਥਾ ਯੋਗ ਕਹੋ ਜਿਵੇਂ ਹੋਵੇਗਾ। ਇਹ ਸੁਣ ਕੇ ਪੀਰ ਨੇ ਭਲੀ ਪ੍ਰਕਾਰ ਵਿਚਾਰ ਕੀਤੀ ਤੇ ਅੱਖਾਂ ਬੰਦ ਕਰਕੇ ਸਾਰਾ ਕੌਤਕ ਵੇਖਿਆ॥੪੦॥

ਮਤੀ ਦਾਸ ਜਿਨ ਬਿਘਨ ਪਸਾਰਾ। ਪੁਨ ਨਿਜ ਅਜ਼ਮਤਿ ਓਜ ਨਿਹਾਰਾ।
ਸੰਗ ਨੁਰੰਗੇ ਸਕਲ ਬਤਾਈ। 'ਇਸ ਕੋ ਅਬਿ ਕਿਛ ਹੈ ਨ ਉਪਾਈ॥ ੪੧॥

ਮਤੀ ਦਾਸ ਜਿਸ ਵਿਘਨ ਪਾਇਆ ਸੀ, ਫਿਰ ਆਪਣੀ ਕਰਾਮਾਤ ਨਾਲ ਉਸ ਨੂੰ ਵੇਖਿਆ। ਫਿਰ ਨੌਰੰਗੇ ਨੂੰ ਸਾਰੀ ਗੱਲ ਦੱਸੀ ਤੇ ਕਿਹਾ, "ਇਸ ਦਾ ਹੁਣ ਕੋਈ ਉਪਾਅ ਨਹੀਂ ਹੋ ਸਕਦਾ॥੪੧॥

ਤੋਹਿ ਭਲੇ ਹਿਤ ਰਹਯੋ ਬਿਚਾਰ। ਹੋਤਿ ਨ ਕਿਸ ਪ੍ਰਕਾਰ ਉਪਚਾਰ।
ਬਡ ਅਪਰਾਧ ਕਮਾਵਨ ਕੀਨਿ। ਜਿਸ ਤੇ ਪੁਰੀ ਬਸਨ ਤੇ ਹੀਨ॥ ੪੨॥

ਤੁਹਾਡੇ ਭਲੇ ਵਾਸਤੇ ਮੈਂ ਵਿਚਾਰਦਾ ਰਿਹਾ ਹਾਂ, ਇਸ ਦਾ ਕਿਸੇ ਪ੍ਰਕਾਰ ਵੀ ਇਲਾਜ ਨਹੀਂ ਹੋ ਸਕਦਾ। ਤੁਸੀਂ ਵੱਡਾ ਅਪਰਾਧ ਕਮਾਇਆ ਹੈ, ਜਿਸ ਕਰਕੇ ਨਗਰ ਵਿਚ ਵਸਣ ਤੋਂ ਵਾਂਝੇ ਰਹਿ ਗਏ ਹੋ॥੪੨॥

ਇਹ ਠਾਂ ਰਹੇ ਨ ਤੁਵ ਰਹਿ ਆਵੇ। ਸੁਪਤੇਂ ਵਹਿਰ ਸਰਬ ਲਖਿ ਪਾਵੈਂ।
ਪੁਰਿ ਮਹਿਂ ਨਿਸਾ ਬਸਨ ਹੁਇ ਨਾਂਹੀ। ਹਜੋ ਕਰਹਿਂ ਸਭਿ ਆਪਸ ਮਾਂਹੀ॥੪੩॥

ਇਸ ਸਥਾਨ ਰਹਿ ਕੇ ਤੂੰ ਰਹਿ ਨਹੀਂ ਸਕੇਂਗਾ, ਬਾਹਰ ਸੌਂ ਕੇ ਸਭ ਕੁਝ ਸਮਝ ਜਾਵੇਂਗਾ। ਨਗਰ ਵਿਚ ਰਾਤ ਨੂੰ ਤੂੰ ਰਹਿ ਨਹੀਂ ਸਕਦਾ ਹੈਂ, ਏਥੇ ਰਹਿਣ ਨਾਲ ਸਾਰੇ ਆਪਸ ਵਿਚ ਤੇਰੀ ਨਿੰਦਾ ਕਰਨਗੇ॥੪੩॥

ਯਾਂ ਤੇ ਕਰਿ ਮੁਹਿੰਮ ਕਿਤ ਓਰ। ਲੇ ਗਮਨਹੁ ਲਸ਼ਕਰ ਕੋ ਜ਼ੋਰ॥
ਸੰਮਤ ਕਿਤਿਕ ਬੀਤ ਤਹਿਂ ਜੈਹੈ। ਬਾਤ ਪੁਰਾਤਨ ਤਬਿ ਪਰਿ ਜੈਹੈ॥ ੪੪॥

ਜਾਂ ਤਾਂ ਕਿਸੇ ਪਾਸੇ ਚੜ੍ਹਾਈ ਕਰੋ ਤੇ ਜ਼ੋਰਦਾਰ ਲਸ਼ਕਰ ਲੈ ਕੇ ਚਲੇ ਜਾਵੋ। ਜਦ ਕਈ ਸਾਲ ਬੀਤ ਜਾਣਗੇ ਤਦ ਗੱਲ ਪੁਰਾਣੀ ਹੋ ਜਾਵੇਗੀ"॥੪੪॥

ਸੁਨਤਿ ਪੀਰ ਤੇ ਭਯੋ ਨਿਰਾਸ। ਮਿਟਿ ਗਈ ਪੁਰੀ ਬਾਸ ਕੀ ਆਸ।
ਹਤੌਂ ਜਾਇ ਅਬਿ ਤਾਨੇ ਸ਼ਾਹ। ਤਿਤ ਹੀ ਬਯ ਕੋ ਕਰੌਂ ਨਿਬਾਹਿ॥ ੪੫॥

ਪੀਰ ਪਾਸੋਂ ਇਸ ਤਰ੍ਹਾਂ ਸੁਣ ਕੇ ਨਿਰਾਸ਼ ਹੋ ਗਿਆ ਤੇ ਨਗਰ ਵਿਚ ਰਹਿਣ ਦੀ ਆਸ ਖਤਮ ਹੋ ਗਈ। ਹੁਣ ਮੈਂ ਜਾ ਕੇ ਤਾਨੇ ਸ਼ਾਹ ਬਾਦਸ਼ਾਹ ਨੂੰ ਮਾਰਾਂਗਾ ਤੇ ਇਸ ਤਰ੍ਹਾਂ ਹੀ ਆਪਣੀ ਉਮਰ ਗੁਜ਼ਾਰ ਲਵਾਂਗਾ॥੪੫॥

ਇਮ ਨਿਸ਼ਚੈ ਕਰਿ ਸਭਿ ਬਿਧਿ ਤਯਾਰੀ। ਕਰੀ ਹਕਾਰਨਿ ਸੈਨਾ ਸਾਰੀ।
ਤੋਪ ਰਹਿਕਲੇ ਆਦਿ ਘਨੇਰੇ। ਲੇ ਕਰਿ ਚਢਿ ਚਾਲਯੋ ਤਿਸ ਬੇਰੇ॥ ੪੬॥

ਇਸ ਤਰ੍ਹਾਂ ਨਿਸ਼ਚਾ ਕਰਕੇ ਸਭ ਪ੍ਰਕਾਰ ਤਿਆਰੀ ਕੀਤੀ ਤੇ ਸਾਰੀ ਸੈਨਾ ਨੂੰ ਬੁਲਾ ਲਿਆ। ਤੋਪਾਂ, ਰਹਿਕਲੇ ਬਹੁਤ ਲੈ ਲਦੇ ਤੇ ਲੈ ਕੇ ਉਸੇ ਸਮੇਂ ਚੜ੍ਹ ਕੇ ਚਲ ਪਿਆ"॥੪੬॥

*ਪਹਿਲੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥੭॥*

☆☆☆

# ਅਧਿਆਇ ਅੱਠਵਾਂ

### ਤਾਨੇਸ਼ਾਹ ਦੇ ਨਾਲ ਵੈਰ ਦਾ ਪ੍ਰਸੰਗ

ਦੋਹਰਾ- ਸੁਨਤਿ ਕ੍ਰਿਪਾਲੁ ਕ੍ਰਿਪਾਲ ਜੁਤਿ ਦਿਲਿ ਵਾਲਿਨ ਕੀ ਗਾਥ।
ਮੂਢ ਨੁਰੰਗ ਪ੍ਰਸੰਗ ਕੋ ਪੁਨ ਬੂਝਯੋ ਤਿਨ ਸਾਥ॥ ੧॥

ਕ੍ਰਿਪਾਲੂ ਗੁਰੂ ਜੀ ਨੇ ਮਾਮਾ ਕ੍ਰਿਪਾਲ ਜੀ ਨਾਲ ਦਿੱਲੀ ਵਾਲਿਆਂ ਦੀ ਸਾਰੀ ਗਾਥਾ ਸੁਣੀ, ਫਿਰ ਮੂਰਖ ਨੌਰੰਗ ਦੇ ਪ੍ਰਸੰਗ ਨੂੰ ਉਨ੍ਹਾਂ ਪਾਸੋਂ ਪੁੱਛਿਆ॥੧॥

ਚੌਪਈ- 'ਤਾਨੇ ਸ਼ਾਹੁ ਜੁ ਦੱਖਣ ਕੇਰਾ॥ ਕਯੋਂ ਕਰਿ ਭਯੋ ਤਾਂਹਿ ਸੰਗ ਬੈਰਾ ?
ਕਿਸ ਕਾਰਨ ਤੇ ਕੀਨਿ ਚਢਾਈ ? ਤਿਹ ਪ੍ਰਸੰਗ ਪੁਨ ਦੇਹੁ ਸੁਨਾਈ' ॥੨॥

"ਦੱਖਣ ਦਾ ਜਿਹੜਾ ਬਾਦਸ਼ਾਹ ਤਾਨੇ ਸ਼ਾਹ ਹੈ, ਉਸ ਨਾਲ ਨੌਰੰਗੇ ਦਾ ਕਿਵੇਂ ਵੈਰ ਪਿਆ ਹੈ ? ਕਿਸ ਕਾਰਨ ਕਰਕੇ ਉਸ ਨੇ ਚੜ੍ਹਾਈ ਕੀਤੀ ? ਉਹ ਪ੍ਰਸੰਗ ਫਿਰ ਸੁਣਾ ਦੇਵੋ" ॥੨॥

ਬੰਦਿ ਹਾਥ ਬੋਲੇ ਦਿਲ ਵਾਲੀ। 'ਸੁਨਹੁ ਪ੍ਰਭੂ ! ਤੁਰਕੇਸ਼ ਕੁਚਾਲੀ।
ਮਹਾਂ ਬਿਕੀਮਤ ਏਕ ਜਵਾਹਰ। ਤ੍ਹਾਨੇਸ਼ਾਹ ਨਿਕਟ ਦੁਤਿ ਜ਼ਾਹਰ॥ ੩॥

ਦਿੱਲੀ ਵਾਲੇ ਹੱਥ ਜੋੜ ਕੇ ਫਿਰ ਬੋਲੇ, "ਹੇ ਪ੍ਰਭੂ ਜੀ ! ਸੁਣੋ ਤੁਰਕ ਬਾਦਸ਼ਾਹ ਨੇ ਜਿਹੜੇ ਪੁੱਠੇ ਚਾਲੇ ਫੜੇ ਹਨ। ਇਕ ਬਹੁਤ ਕੀਮਤੀ ਜਵਾਹਰ ਹੈ, ਜਿਹੜਾ ਤਾਨੇਸ਼ਾਹ ਬਾਦਸ਼ਾਹ ਪਾਸ ਜ਼ਾਹਰਾ ਰੂਪ ਜਗਦਾ ਹੈ॥੩॥

ਛਾਪ ਆਪਨੀ ਮਹਿਂ ਸੋ ਰਾਖਤਿ। ਤਿਸ ਲੈਬੇ ਹਿਤ ਇਹ ਅਭਿਲਾਖਤਿ।
ਏਕ ਜੌਹਰੀ ਖੋਜਯੋ ਐਸੋ। ਪਰਖਨ ਮਹਿਂ ਕੋ ਨਹਿਂ ਤਿਸ ਜੈਸੋ॥ ੪॥

ਉਸ ਜਵਾਹਰ ਨੂੰ ਉਸ ਆਪਣੀ ਛਾਪ ਵਿਚ ਰਖਿਆ ਹੈ, ਉਸ ਜਵਾਹਰ ਨੂੰ ਲੈਣ ਦੀ ਨੌਰੰਗੇ ਦੀ ਅਭਿਲਾਸ਼ਾ ਹੈ। ਇਕ ਅਜਿਹੇ ਜੌਹਰੀ ਦੀ ਤਲਾਸ਼ ਕੀਤੀ, ਜਿਸ ਵਰਗਾ ਹੀਰਿਆਂ ਨੂੰ ਪਰਖਣ ਵਾਲਾ ਹੋਰ ਕੋਈ ਨਹੀਂ ਸੀ॥੪॥

ਕਰਤਿ ਪਾਰਖਾ ਬ੍ਰਿੰਦ ਜਵਾਹਰ। ਜਾਨਤਿ ਸਭਿ ਕੀ ਕੀਮਤਿ ਜ਼ਾਹਰ।
ਤਿਹ ਸੋਂ ਕਹਯੋ 'ਬਨਹੁ ਬਾਪਾਰੀ। ਗਮਨਹੁ ਦੱਖਣ ਕੀਜਹਿ ਤਯਾਰੀ॥੫॥

ਉਹ ਹੀਰੇ ਜਵਾਹਰਾਤ ਦੀ ਵੱਡੀ ਪ੍ਰੀਖਿਆ ਕਰਦਾ ਸੀ, ਤੇ ਸਭ ਹੀਰਿਆਂ ਦੀ ਜ਼ਾਹਰਾ ਰੂਪ ਵਿਚ ਕੀਮਤ ਜਾਣਦਾ ਸੀ। ਉਸ ਨੂੰ ਬੁਲਾ ਕੇ ਨੌਰੰਗੇ ਨੇ ਕਿਹਾ, "ਤੁਸੀਂ ਵਪਾਰੀ ਬਣੋ ਤੇ ਦੱਖਣ ਦੇਸ਼ ਵਿਚ ਜਾਣ ਦੀ ਤਿਆਰੀ ਕਰੋ ॥੫॥

ਮੁਲਾਕਾਤ ਕਰਿ ਤਾਨੇ ਸ਼ਾਹੂ। ਪਿਖਹੁ ਜਵਾਹਰ ਤਿਸ ਕਰ ਮਾਂਹੂ।
ਪਰਖਹੁ ਕੇਤਿਕ ਕੀਮਤ ਕੇਰੋ। ਨਿਜ ਬੁੱਧੀ ਕਰਿ ਨੀਕੇ ਹੇਰੋ॥ ੬॥

ਤਾਨੇ ਸ਼ਾਹ ਨਾਲ ਮੁਲਾਕਾਤ ਕਰਕੇ ਉਸ ਦੇ ਹੱਥ ਵਿਚ ਪਈ ਛਾਪ ਦੇ ਹੀਰੇ ਨੂੰ ਵੇਖੋ। ਪਰਖ ਕਰਕੇ ਇਹ ਦੱਸੋ ਕਿ ਉਹ ਕਿੰਨੀ ਕੀਮਤ ਦੀ ਹੈ, ਆਪਣੀ ਬੁੱਧੀ ਕਰਕੇ ਚੰਗੀ ਤਰ੍ਹਾਂ ਵੇਖੋ" ॥੬॥

ਚਲਯੋ ਜੌਹਰੀ ਆਇਸੁ ਮਾਨੀ। ਅਧਿਕ ਦਰਬ ਲੇ ਤਯਾਰੀ ਠਾਨੀ।
ਸਗਰੋ ਮਾਰਗ ਉਲੰਘਯੋ ਜਾਇ। ਪਹੁੰਚਿ ਹੈਦਰਾਬਾਦ ਸੁ ਥਾਇ॥ ੭॥

ਜੌਹਰੀ ਆਗਿਆ ਮੰਨ ਕੇ ਚਲ ਪਿਆ, ਬਹੁਤ ਧਨ ਲੈ ਕੇ ਤਿਆਰੀ ਕੀਤੀ। ਸਾਰਾ ਪੈਂਡਾ ਲੰਘ ਕੇ ਚਲੇ ਗਿਆ ਤੇ ਉਥੇ ਪਹੁੰਚ ਗਿਆ ਜਿੱਥੇ ਹੈਦਰਾਬਾਦ ਸ਼ਹਿਰ ਸੀ॥੭॥

**ਕੇਤਿਕ ਦਿਨ ਤਹਿਂ ਥਿਰਤਾ ਰਾਖੀ। ਕਰੇ ਜਤਨ ਮਿਲਿਬੇ ਅਭਿਲਾਖੀ।**
**ਖਰਚਜੋ ਧਨੁ ਉਮਰਾਵਨਿ ਦੀਨਿ। ਮੁਲਾਕਾਤ ਠਹਿਰਾਵਨਿ ਕੀਨਿ॥ ੮॥**

ਕਈ ਦਿਨ ਉਥੇ ਠਹਿਰਿਆ ਰਿਹਾ, ਬਾਦਸ਼ਾਹ ਤਾਨੇ ਸ਼ਾਹ ਨਾਲ ਮਿਲਣ ਦੀ ਆਸ ਲਈ ਯਤਨ ਕਰਦਾ ਰਿਹਾ। ਬਹੁਤ ਧਨ ਖਰਚ ਕੇ ਉਮਰਾਵ ਨੂੰ ਦਿੱਤਾ ਤੇ ਬਾਦਸ਼ਾਹ ਨਾਲ ਮੁਲਾਕਾਤ ਠਹਿਰਾ ਲਈ॥੮॥

**ਵਸਤੁ ਅਨੂਠੀ ਲੇਕਰਿ ਗਯੋ। ਕਦਮ ਪਚਾਸ ਫਰਕ ਠਹਿਰਯੋ।**
**ਤਹਾਂ ਖਰੇ ਹੁਇ ਬੰਦਨ ਕਰੀ। ਮਿਲਜੋ ਸ਼ਾਹੁ ਸੌਂ ਬਹੁ ਮਤਿ ਧਰੀ॥ ੯॥**

ਅਨੋਖੀ ਦੁਰਲਭ ਵਸਤਾਂ ਲੈ ਕੇ ਗਿਆ ਤੇ ਬਾਦਸ਼ਾਹ ਤੋਂ ਪੰਜਾਹ ਕਦਮਾਂ ਦੇ ਫਰਕ 'ਤੇ ਠਹਿਰ ਗਿਆ। ਉਥੇ ਖੜੇ ਹੋ ਕੇ ਬੰਦਨਾ ਕੀਤੀ ਤੇ ਬਹੁਤ ਬੁੱਧੀ ਧਾਰ ਕੇ ਬਾਦਸ਼ਾਹ ਨੂੰ ਮਿਲਿਆ॥੯॥

**ਤਾਨੇਸ਼ਾਹ ਉਭਾਰਜੋ ਹਾਥ। ਜਿਸ ਮਹਿਂ ਰਤਨ ਮੁੰਦਰੀ ਸਾਥ।**
**ਸਿਰ ਪਰ ਕਰ ਮੂਛਨ ਪਰ ਫੇਰਾ। ਤਬਹਿ ਜਵਾਹਿਰ ਤਿਸ ਨੇ ਹੇਰਾ॥ ੧੦॥**

ਤਾਨੇਸ਼ਾਹ ਨੇ ਆਪਣਾ ਹੱਥ ਉੱਪਰ ਕੀਤਾ, ਜਿਸ ਹੱਥ ਵਿਚ ਪਈ ਮੁੰਦਰੀ ਵਿਚ ਰਤਨ ਜੜਿਆ ਹੋਇਆ ਸੀ। ਸਿਰ ਉੱਤੇ ਕਰਕੇ ਉਹ ਹੱਥ ਮੁੱਛਾਂ ਉੱਤੇ ਫੇਰਿਆ। ਤਦ ਜੌਹਰੀ ਨੇ ਉਸ ਰਤਨ ਨੂੰ ਵੇਖ ਲਿਆ॥੧੦॥

**ਜਾਮਾ ਹੁਤੋ ਜੌਹਰੀ ਗਰੇ। ਤਿਹ ਪ੍ਰਤਿਬਿੰਬ ਆਨਿ ਤਹਿਂ ਪਰੇ।**
**ਪਿਖਿ ਪ੍ਰਕਾਸ਼ ਕੋ ਪਰਖਜੋ ਨੀਕੋ। ਮੋਲ ਤੋਲ ਜਾਨਜੋ ਤਿਸ ਹੀ ਕੋ॥ ੧੧॥**

ਜੌਹਰੀ ਨੇ ਜਿਹੜਾ ਜਾਮਾ ਪਹਿਣਿਆ ਹੋਇਆ ਸੀ, ਉਸ ਉੱਤੇ ਮੁੰਦਰੀ ਦੇ ਹੀਰੇ ਦਾ ਆ ਕੇ ਅਕਸ ਪਿਆ। ਉਸ ਪ੍ਰਕਾਸ਼ ਨੂੰ ਜੌਹਰੀ ਨੇ ਵੇਖ ਕੇ ਹੀਰੇ ਨੂੰ ਪਰਖ ਲਿਆ ਤੇ ਉਸ ਹੀਰੇ ਦਾ ਮੁੱਲ ਤੇ ਵਜ਼ਨ ਜਾਣ ਲਿਆ॥੧੧॥

**ਸਲਤਨ ਦਿੱਲੀ ਕੀ ਤ੍ਰੈ ਗੁਨੀ। ਤਊ ਨ ਇਸਕੀ ਕੀਮਤ ਪੁਨੀ।**
**ਅਹੈ ਅਮੋਲਾ ਹੋਇ ਨਮੋਲ। ਦ੍ਵਾਦਸ਼ ਰੰਚਕ ਭਰ ਲਖਿ ਤੋਲ॥ ੧੨॥**

ਦਿੱਲੀ ਦੀ ਬਾਦਸ਼ਾਹੀ ਨੂੰ ਜੇ ਤਿੰਨ ਗੁਣਾਂ ਕਰੀਏ, ਤਦ ਵੀ ਉਹ ਇਸ ਹੀਰੇ ਦੇ ਮੁੱਲ ਤਕ ਨਹੀਂ ਸੀ ਪੁੱਜ ਸਕਦੀ। ਉਹ ਹੀਰਾ ਅਮੁੱਲਾ ਸੀ, ਉਸ ਦਾ ਮੁੱਲ ਗਿਣਤੀ ਵਿਚ ਨਹੀਂ ਆ ਸਕਦਾ। ਬਾਰਾਂ ਰੱਤੀ ਭਰ ਉਸ ਦਾ ਤੋਲ ਜਾਣਿਆ॥੧੨॥

**ਨਿਜ ਬੁਧਿ ਬਲ ਤੇ ਸਭਿ ਕਿਛ ਜਾਨਾ। ਦੇਖਿ ਜੌਹਰੀ ਬਹੁ ਬਿਸਮਾਨਾ।**
**ਇਸ ਸਮ ਅਵਰ ਨ ਕੋਇ ਜਵਾਹਰ। ਅਹੈ ਏਕ ਜੋਤੀ ਜਿਸ ਜ਼ਾਹਰ॥ ੧੩॥**

ਆਪਣੀ ਬੁੱਧੀ ਦੇ ਬਲ ਨਾਲ ਜੌਹਰੀ ਨੇ ਸਭ ਕੁਝ ਸਮਝਿਆ ਤੇ ਉਸ ਹੀਰੇ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਇਸ ਦੇ ਬਰਾਬਰ ਹੋਰ ਕੋਈ ਜਵਾਹਰ ਨਹੀਂ ਹੋ ਸਕਦਾ। ਦੁਨੀਆਂ ਵਿਚ ਇਹ ਇਕੋ ਐਸਾ ਹੀਰਾ ਹੈ ਜਿਸ ਦੀ ਪ੍ਰਗਟ ਰੂਪ ਵਿਚ ਜੋਤ ਜਗ ਰਹੀ ਹੈ॥੧੩॥

**ਪਰਖਨਿ ਪਿਖਿਨਿ ਕਾਜ ਨਿਜ ਕੀਨਿ। ਜਾਮੇ ਪਰ ਪ੍ਰਕਾਸ਼ ਲਖਿ ਲੀਨਿ।**
**ਕਦਮ ਪਚਾਸਨ ਤੇ ਸਭਿ ਜਾਨਾ। ਜਿਤਿਕ ਤੋਲ ਅਰੁ ਮੋਲ ਮਹਾਨਾ॥ ੧੪॥**

ਪਰਖਣ ਅਤੇ ਵੇਖਣ ਦਾ ਆਪਣਾ ਕੰਮ ਕੀਤਾ ਤੇ ਤਾਨਾ ਸ਼ਾਹ ਦੇ ਜਾਮੇ ਉੱਤੇ ਹੀਰੇ ਦਾ ਪ੍ਰਕਾਸ਼ ਵੇਖ ਲਿਆ। ਪੰਜਾਹ ਕਦਮਾਂ ਦੇ ਫਾਸਲੇ ਤੋਂ ਸਭ ਕੁਝ ਜਾਣ ਲਿਆ, ਜਿੰਨਾ ਉਸ ਦਾ ਭਾਰ ਸੀ ਤੇ ਜਿੰਨਾ ਮਹਾਨ ਉਸ ਦਾ ਮੁੱਲ ਸੀ॥੧੪॥

ਕਰਿ ਸਲਾਮ ਕੋ ਬਾਹਿਰ ਆਯੋ। ਗਮਨ ਕਰਨਿ ਕੋ ਪੁਨ ਲਲਚਾਯੋ।
ਚਲਜੋ ਪੰਥ ਧਰਿ ਤੂਰਨ ਸੋਇ। ਪਹੁੰਚਜੋ ਆਇ ਬਿਲਮ ਬਿਨ ਹੋਇ॥੧੫॥

ਬਾਦਸ਼ਾਹ ਨੂੰ ਸਲਾਮ ਕਰਕੇ ਉਹ ਜੌਹਰੀ ਬਾਹਰ ਆ ਗਿਆ, ਫਿਰ ਦਿੱਲੀ ਨੂੰ ਛੇਤੀ ਜਾਣ ਵਾਸਤੇ ਉਸ ਲੋਭ ਕੀਤਾ। ਉਹ ਤੁਰਤ ਫਿਰ ਦਿੱਲੀ ਦੇ ਰਾਹ ਪੈ ਗਿਆ ਤੇ ਕਿਸੇ ਦੇਰੀ ਤੋਂ ਬਗੈਰ ਦਿੱਲੀ ਆ ਪੁੱਜਾ॥੧੫॥

ਮਿਲਜੋ ਨੁਰੰਗੇ ਸੰਗ ਬਖਾਨਾ। ਪਿਖਜੋ ਜਵਾਹਰ ਪਰਖਨਿ ਠਾਨਾ।
ਤਿਗੁਨੀ ਸਲਤਨ ਇਸ ਤੇ ਹੋਇ। ਜਾਨਹੁੰ ਕੀਮਤਿ ਤਿਸ ਕੀ ਸੋਇ॥੧੬॥

ਨੌਰੰਗੇ ਨੂੰ ਮਿਲ ਕੇ ਉਸ ਕਿਹਾ, "ਜਵਾਹਰ ਵੇਖਿਆ ਹੈ ਤੇ ਉਸ ਦੀ ਪਰਖ ਵੀ ਕੀਤੀ ਹੈ। ਉਹ ਤੁਹਾਡੀ ਸਾਰੀ ਬਾਦਸ਼ਾਹਤ ਦੇ ਮੁੱਲ ਤੋਂ ਤਿੰਨ ਗੁਣਾਂ ਜ਼ਿਆਦਾ ਉਸ ਦਾ ਮੁੱਲ ਹੈ, ਇਹ ਸਮਝ ਲਵੋ॥੧੬॥

ਕਦਮ ਪਚਾਸਨ ਖਰੇ ਨਿਹਾਰਾ। ਤਿਹ ਪ੍ਰਕਾਸ਼ ਮਮ ਜਾਮੇ ਡਾਰਾ।
ਦ੍ਵਾਦਸ਼ ਰੰਚਕ ਤੋਲ ਤਿਸੀ ਕੋ। ਨਿਰਨੈ ਕਰਹੁ, ਪਾਇ ਜਬਿ ਨੀਕੋ'॥੧੭॥

ਪੰਜਾਹ ਕਦਮਾਂ ਦੇ ਫ਼ਾਸਲੇ ਤੋਂ ਖੜੇ ਹੋ ਕੇ ਮੈਂ ਵੇਖਿਆ ਹੈ ਉਸ ਦਾ ਪ੍ਰਕਾਸ਼ ਮੇਰੇ ਜਾਮੇ ਤੇ ਪਿਆ ਹੈ। ਬਾਰਾਂ ਰੱਤੀ ਭਰ ਉਸ ਦਾ ਭਾਰ ਹੈ। ਇਹ ਨਿਰਨੈ ਕਰ ਲਵੋ ਜਦ ਇਹ ਸੁੰਦਰ ਜਵਾਹਰ ਤੁਹਾਨੂੰ ਮਿਲ ਪਵੇਗਾ"॥੧੭॥

ਸੁਨਿ ਨੁਰੰਗ ਲੈਬੇ ਲਲਚਾਵਤਿ ਬਿਨਾ ਓਜ ਤੇ ਸੋ ਕਿਮ ਪਾਵਤਿ।
ਚਾਹਤਿ ਰਹਜੋ ਬਿਤਜੋ ਚਿਰਕਾਲਾ। ਅਬਿ ਦਿੱਲੀ ਤੇ ਭਯੋ ਨਿਕਾਲਾ॥੧੮॥

ਇਹ ਸੁਣ ਕੇ ਨੌਰੰਗਾ ਜਵਾਹਰ ਲੈਣ ਵਾਸਤੇ ਲਲਚਾਇਆ, ਤਾਕਤ ਤੋਂ ਬਗੈਰ ਉਹ ਕਿਸੇ ਤਰ੍ਹਾਂ ਵੀ ਪਾਇਆ ਨਹੀਂ ਸੀ ਜਾ ਸਕਦਾ। ਉਸ ਨੂੰ ਪ੍ਰਾਪਤ ਕਰਨ ਨੂੰ ਚਾਹੁੰਦਾ ਰਿਹਾ, ਬਹੁਤ ਲੰਮਾ ਸਮਾਂ ਬੀਤ ਗਿਆ। ਹੁਣ ਜਦ ਦਿੱਲੀ ਵਿਚੋਂ ਮਜਬੂਰਨ ਨਿਕਲਣਾ ਪਿਆ॥੧੮॥

ਹਜੋ ਨ ਹੋਇ ਜਾਨਿ ਮਨ ਮੂਢਾ। ਅਬਿ ਦੱਖਣ ਕੋ ਗਯੋ ਅਰੂਢਾ।
ਬੀਤਹਿ ਕਹਾਂ ਨ ਜਾਨਜੋ ਜਾਈ। ਜੀਵਤਿ ਆਇ ਕਿ ਤਹਿੰ ਬਿਨਸਾਈ'॥੧੯॥

ਮੂਰਖ ਨੇ ਮਨ ਵਿਚ ਜਾਣਿਆ ਕਿ ਮੇਰੀ ਨਿੰਦਿਆ ਨਾ ਹੋਵੇ ਇਸ ਕਰਕੇ ਹੁਣ ਚੜ੍ਹਾਈ ਕਰਕੇ ਦੱਖਣ ਨੂੰ ਚਲਾ ਗਿਆ। ਕੈਸੀ ਬੀਤੇਗੀ ਇਹ ਨਹੀਂ ਜਾਣਿਆ ਜਾਂਦਾ, ਜੀਉਂਦਾ ਆਵੇਗਾ ਕਿ ਉਥੇ ਹੀ ਖਤਮ ਹੋ ਜਾਵੇਗਾ"॥੧੯॥

ਸੁਨਿ ਕਰਿ ਸਤਿਗੁਰੁ ਸਹਜ ਸੁਭਾਇ। ਕਹਜੋ 'ਨਹੀਂ ਅਬਿ ਆਵਨ ਪਾਇ।
ਬਹੁਤ ਬਰਖ ਕੋ ਹੋਇ ਹੰਗਾਮਾ। ਬਯ ਕੋ ਭੋਗ ਜਾਇ ਜਮਧਾਮਾ॥੨੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਹਿਜ ਸੁਭਾਅ ਕਿਹਾ, "ਹੁਣ ਵਾਪਸ ਨਹੀਂ ਆ ਸਕੇਗਾ। ਬਹੁਤ ਸਾਲਾਂ ਤਕ ਲੰਮਾ ਯੁੱਧ ਹੋਵੇਗਾ, ਉਮਰ ਭੋਗ ਕੇ ਜਮਾਂ ਦੇ ਘਰ ਚਲਾ ਜਾਵੇਗਾ॥੨੦॥

ਮਤੀਦਾਸ ਸਤਿਗੁਰੂ ਦਿਵਾਨ। ਰਿਸਜੋ ਬਸਜੋ ਦਿੱਲੀ ਪੁਰਿ ਥਾਨ।
ਸੁਖ ਸੋਂ ਸੁਪਤ ਨੇ ਦੇਤਿ ਨਿਕੇਤ। ਵਹਿਰ ਨਿਕਾਸਜੋਂ ਦੁਸ਼ਟ ਅਚੇਤ'॥੨੧॥

ਮਤੀਦਾਸ ਸਤਿਗੁਰੂ ਜੀ ਦਾ ਦੀਵਾਨ ਸੀ, ਗੁੱਸੇ ਵਿਚ ਆ ਕੇ ਉਹ ਦਿੱਲੀ ਵਾਲੇ ਸਥਾਨ 'ਤੇ ਹੀ ਵਸ ਗਿਆ। ਉਹ ਨੌਰੰਗੇ ਨੂੰ ਘਰ ਵਿਚ ਸੁਖ ਨਾਲ ਸੌਣ ਨਹੀਂ ਸੀ ਦਿੰਦਾ। ਮੂਰਖ ਦੁਸ਼ਟ ਨੂੰ ਉਸ ਬਾਹਰ ਕੱਢ ਦਿੱਤਾ ਹੈ"॥੨੧॥

ਸੁਨਿ ਸਭਿ ਸਭਾ ਬਚਨ ਗੁਰ ਕੇਰੇ। ਬੰਦਹਿ ਨੰਮ੍ਰਿ ਹੋਇ ਤਿਸ ਬੇਰੇ।
'ਪ੍ਰਭੁ ! ਗਤਿ ਲਖੀ ਨ ਜਾਇ ਤੁਮਾਰੀ। ਹਮ ਅਲਪੱਗਜ ਰਹੇ ਡਰ ਧਾਰੀ'॥੨੨॥

ਸਾਰਿਆਂ ਨੇ ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ, ਉਸ ਸਮੇਂ ਸਨਿੰਮਰ ਹੋ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ, "ਹੇ ਪ੍ਰਭੂ ! ਆਪ ਜੀ ਦੀ ਗਤੀ ਸਮਝੀ ਨਹੀਂ ਜਾ ਸਕਦੀ ਹੈ, ਅਸੀਂ ਥੋੜ੍ਹੀ ਬੁੱਧੀ ਵਾਲੇ ਡਰ ਮੰਨ ਕੇ ਰਹਿੰਦੇ ਹਾਂ" ॥੨੨॥

ਇਤਜਾਦਿਕ ਬ੍ਰਿਤੰਤ ਕੁਛ ਭਏ। ਪੁਨ ਉਠਿ ਸਤਿਗੁਰ ਮੰਦਿਰ ਗਏ।
ਸ਼ਸਤ੍ਰਨਿ ਕੋ ਅੱਭਜਾਸ ਘਨੇਰੇ। ਦਿਨ ਪ੍ਰਤਿ ਲਾਗੇ ਕਰਨਿ ਬਡੇਰੇ॥ ੨੩॥

ਇਸ ਤਰ੍ਹਾਂ ਹੋਰ ਕਈ ਬਿਰਤਾਂਤ ਹੋਏ, ਫਿਰ ਸਤਿਗੁਰੂ ਜੀ ਉੱਠ ਕੇ ਘਰ ਨੂੰ ਚਲੇ ਗਏ। ਸ਼ਸਤਰਾਂ ਦਾ ਬਹੁਤ ਅਭਿਆਸ ਕਰਦੇ ਸਨ, ਦਿਨ ਪ੍ਰਤੀ ਬਹੁਤ ਵੱਡੀ ਮਸ਼ਕ ਕਰਨ ਲੱਗ ਗਏ॥੨੩॥

ਲਵਪੁਰਿ ਤੇ ਕਮਾਨ ਅਨਵਾਵੈਂ। ਤਾਨਿ ਕਾਨ ਲਗਿ ਬਾਨ ਚਲਾਵੈਂ।
ਕਰਜੋ ਖ਼ਾਕ ਤੋਦਾ ਸੁਧਰਾਇ। ਲੇਸ਼ ਪ੍ਰਵੇਸ਼ਹਿ ਓਜ ਲਗਾਇ॥ ੨੪॥

ਲਾਹੌਰ ਤੋਂ ਧਨੁੱਖ ਬਾਣ ਮੰਗਵਾਉਂਦੇ ਸਨ ਤੇ ਕੰਨ ਤੱਕ ਖਿੱਚ ਕੇ ਤੀਰ ਚਲਾਉਂਦੇ ਸਨ। ਮਿੱਟੀ ਦਾ ਇਕ ਢੇਰ ਸੁਧਾਰ ਕੇ ਬਣਾਇਆ ਹੈ, ਉਸ ਵਿਚ ਲੇਸ਼ ਮਾਤਰ ਜ਼ੋਰ ਲਾਉਣ ਨਾਲ, ਤੀਰ ਨਿਸ਼ਾਨੇ ਵਿਚ ਪ੍ਰਵੇਸ਼ ਕਰ ਜਾਂਦਾ ਹੈ॥੨੪॥

ਗਹੈਂ ਕੁਵਾਦਾ ਐਂਚਨਿ ਕਰੈਂ। ਬਾਰਿ ਬਾਰਿ ਬਰ ਬਰਕਸ ਧਰੈਂ।
ਦੂਰ ਦਰਾਜ਼ੀ ਤੀਰ ਪ੍ਰਹਾਰੈਂ। ਧਰਹਿੰ ਨਿਸ਼ਾਨਾ ਤਕਿ ਤਕਿ ਮਾਰੈਂ॥ ੨੫॥

ਹਲਕਾ ਅਤੇ ਨਰਮ ਧਨੁੱਖ ਫੜ ਕੇ ਖਿੱਚਦੇ ਹਨ, ਬਾਰ-ਬਾਰ ਚੰਗੀ ਵਰਜ਼ਸ਼ ਕਰਦੇ ਹਨ। ਦੂਰ ਲੰਬਾਈ ਤਕ ਤੀਰਾਂ ਦਾ ਵਾਰ ਕਰਦੇ ਹਨ ਤੇ ਨਿਸ਼ਾਨਾ ਤੱਕ ਤੱਕ ਕੇ ਤੀਰ ਮਾਰਦੇ ਹਨ॥੨੫॥

ਓਜ, ਪ੍ਰਤਾਪ, ਸ਼ਰੀਰ, ਅਨੰਦ। ਦਿਨ ਪ੍ਰਤਿ ਚਾਰਹੁੰ ਵਧੈਂ ਬਿਲੰਦ।
ਜਿਤਿਕ ਸੰਬੰਧੀ ਪ੍ਰੇਮ ਕਰੰਤੇ। ਸੋ ਸਭਿ ਆਏ ਹਰਖ ਧਰੰਤੇ॥ ੨੬॥

ਤਾਕਤ, ਪ੍ਰਤਾਪ, ਸਰੀਰ ਅਤੇ ਅਨੰਦ ਚਾਰੇ ਹੀ ਪ੍ਰਤੀ ਦਿਨ ਬਹੁਤ ਵੱਧਦੇ ਜਾਂਦੇ ਹਨ। ਜਿਹੜੇ ਸੰਬੰਧੀ ਪ੍ਰੇਮ ਕਰਦੇ ਹਨ, ਉਹ ਸਾਰੇ ਬੜਾ ਅਨੰਦ ਧਾਰ ਕੇ ਆਉਂਦੇ ਹਨ॥੨੬॥

ਗੁਰੁ ਹਰਿਗੋਬਿੰਦ ਜੀ ਕੀ ਤਨਿਯਾ। ਬੀਬੀ ਵੀਰੋ ਨਾਮ ਸੁ ਭਨਿਯਾ।
ਜਿਸ ਕੇ ਉਪਜੇ ਨੰਦਨ ਪੰਚ। ਮਹਾਂ ਬੀਰ ਗੁਨ ਗਨ ਜਿਨ ਸੰਚਿ॥ ੨੭॥

ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ, ਜਿਸ ਦਾ ਬੀਬੀ ਵੀਰੋ ਨਾਮ ਲਿਆ ਜਾਂਦਾ ਹੈ। ਜਿਸ ਦੇ ਘਰ ਪੰਜ ਪੁੱਤਰ ਪੈਦਾ ਹੋਏ ਸਨ, ਜਿਹੜੇ ਮਹਾਨ ਸੂਰਬੀਰ ਸਨ ਤੇ ਜਿਨ੍ਹਾਂ ਨੇ ਬਹੁਤ ਗੁਣ ਆਪਣੇ ਆਪ ਵਿਚ ਇਕੱਠੇ ਕੀਤੇ ਹੋਏ ਸਨ॥੨੭॥

ਜਬਿ ਦਸਤਾਰ ਗੁਰੂ ਬੰਧਵਾਈ। ਤਬਿ ਕੇ ਆਨਿ ਰਹੇ ਸ਼ਰਨਾਈ।
ਪ੍ਰਭੁ ਕ੍ਰਿਪਾਲੁ ਹੋਇ ਢਿਗ ਰਾਖੇ। ਸ਼ਸਤ੍ਰਨਿ ਬਿੱਦਜਾ ਮਹਿੰ ਅਭਿਲਾਖੇ॥੨੮॥

ਜਦ ਗੁਰੂ ਜੀ ਦੀ ਦਸਤਾਰ-ਬੰਦੀ ਹੋਈ ਸੀ, ਉਸ ਸਮੇਂ ਤੋਂ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਰਹੇ ਸਨ। ਗੁਰੂ ਜੀ ਨੇ ਕ੍ਰਿਪਾਲੂ ਹੋ ਕੇ ਆਪਣੇ ਪਾਸ ਰੱਖ ਲਏ, ਸ਼ਸਤਰ ਵਿਦਿਆ ਵਿਚ ਮਹਾਰਤ ਪ੍ਰਾਪਤ ਕਰਨਾ ਚਾਹੁੰਦੇ ਸਨ॥੨੮॥

ਸੂਰਜਮਲ ਕੇ ਨੰਦਨ ਦੋਇ। ਗੁਰ ਸਮੀਪ ਰਹਿਬੇ ਲਗਿ ਸੋਇ।
ਕਬਿ ਕਬਿ ਕੀਰਤਿਪੁਰ ਮਹਿੰ ਜਾਇੰ। ਪਰਚੇ ਰਹੈਂ ਅਨੰਦਪੁਰਿ ਥਾਇੰ॥੨੯॥

ਸੂਰਜਮਲ ਦੇ ਦੋਵੇਂ ਪੁੱਤਰ ਵੀ ਗੁਰੂ ਜੀ ਦੇ ਪਾਸ ਰਹਿਣ ਲੱਗ ਗਏ। ਕਦੀ-ਕਦੀ ਉਹ ਕੀਰਤਪੁਰ ਚਲੇ ਜਾਂਦੇ ਸਨ, ਪਰ ਅਨੰਦਪੁਰ ਵਾਲੇ ਸਥਾਨ 'ਤੇ ਉਨ੍ਹਾਂ ਦਾ ਜੀਅ ਲੱਗਾ ਰਹਿੰਦਾ ਸੀ॥੨੯॥

ਕੇਤੇ ਸਿਖ ਸੇਵਕ ਢਿਗ ਰਹੈਂ। ਜਨਮ ਸਫਲ ਗੁਰ ਦਰਸ਼ਨ ਲਹੈਂ।
ਬਿੱਦਜਾ ਕਰੈਂ ਬੰਦੂਕਨਿ ਕੇਰੀ। ਗੁਲਕਾ ਹਤਹਿਂ ਲੱਛ ਦੇਂ ਗੇਰੀ॥ ੩੦॥

ਕਈ ਹੋਰ ਸਿੱਖ ਸੇਵਕ ਵੀ ਗੁਰੂ ਜੀ ਦੇ ਪਾਸ ਰਹਿੰਦੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਜਨਮ ਸਫਲ ਕਰਦੇ ਸਨ। ਬੰਦੂਕਾਂ ਨੂੰ ਚਲਾਉਣ ਦੀ ਵਿਦਿਆ ਪ੍ਰਾਪਤ ਕਰਦੇ ਸਨ ਤੇ ਗੋਲੀਆਂ ਮਾਰ ਕੇ ਨਿਸ਼ਾਨੇ ਨੂੰ ਫੁੰਡ ਲੈਂਦੇ ਸਨ॥੩੦॥

ਪਿਖਿ ਪਿਖਿ ਕਲਗੀਧਰ ਹਰਖਾਵੈਂ। ਕਰਹਿਂ ਸਰਾਹਨਿ ਪੁਨ ਚਲਵਾਵੈਂ।
ਬਾਨ ਕਮਾਨ ਗਹੈਂ ਸਭਿ ਹਾਥਾ। ਤਾਨਿ ਤਾਨਿ ਛੋਡਹਿਂ ਬਲ ਸਾਥਾ॥ ੩੧॥

ਵੇਖ-ਵੇਖ ਕੇ ਕਲਗੀਧਰ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਸਨ, ਸ਼ਲਾਘਾ ਕਰਕੇ ਫਿਰ ਚਲਵਾਉਂਦੇ ਸਨ। ਸਾਰੇ ਧਨੁੱਖ ਅਤੇ ਤੀਰਾਂ ਨੂੰ ਹੱਥ ਵਿਚ ਫੜਦੇ ਸਨ ਤੇ ਨਿਸ਼ਾਨਾ ਲਾ ਲਾ ਕੇ ਬੜੇ ਜ਼ੋਰ ਨਾਲ ਤੀਰਾਂ ਨੂੰ ਛੱਡਦੇ ਸਨ॥੩੧॥

ਢਿਗ ਕ੍ਰਿਪਾਲ ਮਾਤੁਲ ਨਿਤ ਹੇਰਹਿ। ਸਭਿਹਿਨਿ ਬਿੱਦਜਾ ਦੇਤਿ ਬਡੇਰਹਿ।
ਹਯ ਅਰੂਢ ਕਬਿ ਵਹਿਰ ਸਿਧਾਰੈਂ। ਤੋਮਰ ਗਹੈਂ ਭ੍ਰਮਾਇ ਪ੍ਰਹਾਰੈਂ॥ ੩੨॥

ਪਾਸ ਖੜੇ ਮਾਮਾ ਕ੍ਰਿਪਾਲ ਚੰਦ ਜੀ ਸਦਾ ਵੇਖਦੇ ਰਹਿੰਦੇ ਸਨ। ਸਾਰਿਆਂ ਨੂੰ ਸ੍ਰੇਸ਼ਟ ਸ਼ਸਤਰ ਵਿਦਿਆ ਸਿਖਾਉਂਦੇ ਸਨ। ਘੋੜੇ ਉੱਤੇ ਚੜ੍ਹ ਕੇ ਕਦੀ ਬਾਹਰ ਚਲੇ ਜਾਂਦੇ ਸਨ, ਨੇਜ਼ਾ ਫੜ ਕੇ ਘੁਮਾ ਕੇ ਵਾਰ ਕਰਦੇ ਸਨ॥੩੨॥

ਕਰਹਿਂ ਪਲਾਵਨਿ ਦੇਖਿ ਮਦਾਨ। ਕਰਹਿਂ ਕਵਾਇਦ ਤੁਪਕ ਕ੍ਰਿਪਾਨ।
ਉਤਰਹਿਂ ਜਹਾਂ ਬਿਲਕਹਿਂ ਛਾਯਾ। ਕਬਹੁੰ ਅਖੇਰ ਕਰਹਿਂ ਮਨ ਭਾਯਾ॥ ੩੩॥

ਕਈ ਵਾਰ ਮੈਦਾਨ ਵੇਖ ਕੇ ਘੋੜੇ ਨੂੰ ਭਜਾਉਂਦੇ ਸਨ ਤੇ ਤੁਪਕ ਕਿਰਪਾਨ ਦੀ ਕਵਾਇਦ (ਮਸ਼ਕ) ਕਰਦੇ ਸਨ। ਜਿੱਥੇ ਛਾਂ ਵੇਖਦੇ ਸੀ ਉਥੇ ਉਤਾਰਾ ਕਰ ਲੈਂਦੇ ਸੀ ਤੇ ਕਦੀ ਵਾਰੀ ਮਨਭਾਉਂਦਾ ਸ਼ਿਕਾਰ ਖੇਡਦੇ ਸਨ॥੩੩॥

ਬਿੱਪ੍ਰ ਮਲਕ ਜਾਤੀ ਗੁਰ ਪ੍ਰੋਧਾ। ਸ਼੍ਰੀ ਹਰਿਗੋਵਿੰਦ ਸੰਗੀ ਜੋਧਾ।
ਦਯਾਰਾਮ ਨੰਦਨ ਤਿਸ ਕੇਰਾ। ਆਯੁਧ ਬਿੱਦਜਾ ਕਰਹਿ ਬਡੇਰਾ॥ ੩੪॥

ਇਕ ਬ੍ਰਾਹਮਣ ਜਿਸ ਦਾ ਨਾਂ ਜਾਤੀ ਮਲਕ ਸੀ ਗੁਰੂ ਘਰ ਦਾ ਪ੍ਰੋਹਿਤ ਸੀ। ਉਹ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਵੱਡਾ ਯੋਧਾ ਵੀ ਸੀ। ਉਸ ਬ੍ਰਾਹਮਣ ਜਾਤੀ ਮਲਕ ਦਾ ਇਕ ਦਇਆ ਰਾਮ ਨਾਮੀ ਪੁੱਤਰ ਸੀ, ਉਹ ਵੀ ਸ਼ਸਤਰ ਵਿਦਿਆ ਦਾ ਬੜਾ ਮਾਹਰ ਸੀ॥੩੪॥

ਗੁਰ ਆਗਵਨ ਅਨੰਦਪੁਰਿ ਜਾਨਾ। ਮਿਲਿ ਕੈ ਆਸ਼ਿਖਬਾਦ ਬਖਾਨਾ।
ਭਏ ਪ੍ਰਸੰਨ ਬਿਲੋਕਤਿ ਤਾਂਹੀ। ਰਾਖਜੋ ਸਾਦਰ ਅਪਨੇ ਪਾਹੀ॥ ੩੫॥

ਜਦ ਉਸ ਨੇ ਇਹ ਜਾਣਿਆ ਕਿ ਗੁਰੂ ਜੀ ਅਨੰਦਪੁਰ ਆ ਗਏ ਹਨ ਤਾਂ ਉਸ ਨੇ ਆ ਕੇ ਗੁਰੂ ਜੀ ਨੂੰ ਮਿਲ ਕੇ ਅਸ਼ੀਰਵਾਦ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬੜੇ ਆਦਰ ਨਾਲ ਆਪਣੇ ਪਾਸ ਰੱਖ ਲਿਆ॥੩੫॥

ਨਿਕਟਿ ਪਿਤਾਮੇ ਕੇ ਭਟ ਜੋਈ। ਤਿਨ ਕੋ ਸੁਤ ਪੋਤਾ ਹੁਇ ਕੋਈ।
ਦੇਖਹਿ ਗੁਰੂ ਪ੍ਰਤਾਪ ਉਚੇਰਾ। ਸ਼ਸਤ੍ਰਨ ਸੋਂ ਅੱਭ੍ਯਾਸ ਬਡੇਰਾ॥ ੩੬॥

ਗੁਰੂ ਹਰਿਗੋਬਿੰਦ ਜੀ ਪਾਸ ਜਿਹੜੇ ਵੀ ਸੂਰਮੇ ਸਨ, ਉਨ੍ਹਾਂ ਦਾ ਜਿਹੜਾ ਵੀ ਪੁੱਤਰ ਜਾਂ ਪੋਤਰਾ ਸੀ। ਉਹ ਜਦ ਗੁਰੂ ਜੀ ਦਾ ਵੱਡਾ ਪ੍ਰਤਾਪ ਵੇਖਦੇ ਸਨ, ਜਿਨ੍ਹਾਂ ਨੇ ਆਪ ਸ਼ਸਤਰ ਵਿਦਿਆ ਵਿਚ ਵੱਡਾ ਅਭਿਆਸ ਕੀਤਾ ਹੁੰਦਾ ਸੀ॥੩੬॥

ਆਇ ਸਮੀਪ ਨੰਮ੍ਰਿ ਸਿਰ ਹੋਇ। ਪ੍ਰਥਮ ਬਾਰਤਾ ਭਾਖਹਿ ਸੋਇ।
ਸੁਨਿ ਸਭਿ ਕੋ ਗੁਰ ਧੀਰਜ ਦੇਤਿ। ਕਰਿ ਦਰਮਾਹਾਂ ਢਿਗ ਰਖਿ ਲੇਤਿ॥ ੩੭॥

ਤਾਂ ਉਹ ਗੁਰੂ ਜੀ ਪਾਸ ਆ ਕੇ ਸਨਿੰਮਰ ਹੋ ਕੇ ਮੱਥਾ ਟੇਕਦੇ ਸਨ ਤੇ ਆਪਣੀ ਪੁਰਾਣੀ ਜ਼ਿੰਦਗੀ ਦੀ ਵਾਰਤਾ ਸੁਣਾਉਂਦੇ ਸਨ। ਸਾਰਿਆਂ ਦੀ ਕਹਾਣੀ ਸੁਣ ਕੇ ਗੁਰੂ ਜੀ ਧੀਰਜ ਦਿੰਦੇ ਸਨ ਤੇ ਮਾਸਕ ਤਨਖਾਹ ਮਿੱਥ ਕੇ ਆਪਣੇ ਪਾਸ ਰੱਖ ਲੈਂਦੇ ਸਨ॥੩੭॥

ਲਘੁ ਦੀਰਘ ਜੋ ਗੁਰੁ ਢਿਗ ਰਹੈ। ਸਭਿ ਕੇ ਰੋਜ ਰਜਤਪਣ ਕਹੈਂ।
ਦਿਨ ਪ੍ਰਤਿ ਭੀਰ ਹੋਤਿ ਅਧਿਕਾਈ। ਹੇਤੁ ਜੀਵਕਾ ਨਰ ਸਮੁਦਾਈ॥ ੩੮॥

ਛੋਟਾ ਵੱਡਾ ਜਿਹੜਾ ਵੀ ਗੁਰੂ ਜੀ ਪਾਸ ਰਹਿੰਦਾ ਸੀ, ਗੁਰੂ ਜੀ ਸਾਰਿਆਂ ਨੂੰ ਰੋਜ਼ਾਨਾ ਇਕ ਰੁਪਈਆ ਦਿੰਦੇ ਸਨ। ਪ੍ਰਤੀ ਦਿਨ ਬਹੁਤ ਭੀੜ ਹੁੰਦੀ ਜਾਂਦੀ ਸੀ, ਰੋਜ਼ੀ ਵਾਸਤੇ ਬਹੁਤ ਮਨੁੱਖ ਆਉਂਦੇ ਸਨ॥੩੮॥

ਸਿਖ ਸੇਵਕ ਕੋਵਿਤ ਢਿਗ ਰਹੈਂ। ਜਨਮ ਸੁਧਾਰਹਿਂ ਦਰਸ਼ਨ ਲਹੈਂ।
ਹੁਤੇ ਕਦੀਮੀ ਗੁਰ ਘਰ ਕੇਰੇ। ਸੋ ਸਭਿ ਆਨਿ ਮਿਲੇ ਕਿਯ ਡੇਰੇ॥ ੩੯॥

ਕਈ ਸਿੱਖ ਸੇਵਕ ਪਾਸ ਰਹਿੰਦੇ ਸਨ, ਉਹ ਦਰਸ਼ਨ ਕਰਕੇ ਆਪਣਾ ਜਨਮ ਸੁਧਾਰਦੇ ਸਨ। ਕਈ ਗੁਰੂ-ਘਰ ਦੇ ਕਦੀਮੀ ਸਿੱਖ ਸਨ। ਉਹ ਸਾਰੇ ਗੁਰੂ ਜੀ ਦੇ ਡੇਰੇ ਵਿਚ ਆ ਕੇ ਮਿਲ ਗਏ॥੩੯॥

ਜਥਾ ਪਿਤਾਮੇ ਸੈਨ ਬਨਾਈ। ਤਥਾ ਸੁਭਟ ਰਾਖੇ ਸਮੁਦਾਈ।
ਤਿਮ ਹੀ ਸਕਲ ਸਮਾਜ ਬਨਾਯੋ। ਦਿਨ ਪ੍ਰਤਿ ਪੁਰਿ ਅਨੰਦ ਬਿਰਧਾਯੋ॥੪੦॥

ਜਿਵੇਂ ਗੁਰੂ ਜੀ ਦੇ ਦਾਦਾ ਜੀ ਨੇ ਸੈਨਾ ਬਣਾਈ ਸੀ, ਉਸ ਤਰ੍ਹਾਂ ਹੀ ਗੁਰੂ ਜੀ ਨੇ ਬਹੁਤ ਸੂਰਬੀਰ ਰੱਖ ਲਏ। ਉਸ ਤਰ੍ਹਾਂ ਹੀ ਉਨ੍ਹਾਂ ਨੇ ਸਾਰਾ ਸਾਜ਼ੋ-ਸਾਮਾਨ ਬਣਾਇਆ, ਪ੍ਰਤੀ ਦਿਨ ਨਗਰ ਵਿਚ ਅਨੰਦ ਵਧਦਾ ਗਿਆ॥੪੦॥

ਸ਼ਸਤ੍ਰਨਿ ਕੋ ਦੀਰਘ ਅੱਭਯਾਸਾ। ਕਰਹਿਂ ਕਰਾਵਹਿਂ ਪਿਖਹਿਂ ਤਮਾਸ਼ਾ।
ਹਯਨਿ ਅਰੂਢਹਿਂ ਵਹਿਰ ਸਿਧਾਵਹਿਂ। ਨਾਨਾ ਰੀਤਿ ਫੰਧਾਇ ਪਲਾਵਹਿਂ॥੪੧॥

ਸ਼ਸਤਰਾਂ ਦਾ ਵੱਡਾ ਅਭਿਆਸ ਕਰਕੇ ਅਤੇ ਕਰਵਾ ਕੇ ਤਮਾਸ਼ਾ ਵੇਖਦੇ ਸਨ। ਘੋੜਿਆਂ ਤੇ ਚੜ੍ਹ ਕੇ ਬਾਹਰ ਜਾਂਦੇ ਸਨ, ਕਈ ਰੀਤੀਆਂ ਨਾਲ ਉਨ੍ਹਾਂ ਨੂੰ ਕੁਦਵਾਉਂਦੇ ਅਤੇ ਭਜਾਉਂਦੇ ਸਨ॥੪੧॥

ਪਾਨ ਕਮਾਨ ਤ੍ਰਾਨ ਕਰਿ ਬਾਨਾ। ਕਰਹਿਂ ਦਿਖਾਵਨਿ ਹਤਹਿਂ ਨਿਸ਼ਾਨਾ।
ਤੋਮਰ ਤੁਪਕ ਸੁ ਤੇਗ਼ ਤਮਾਚਾ। ਕਰਹਿਂ ਪ੍ਰੇਮ ਧਾਰਹਿ ਗੁਰ ਸਾਚਾ॥ ੪੨॥

ਧਨੁੱਖ ਹੱਥ ਵਿਚ ਫੜ ਕੇ ਤੀਰ ਤਾਣ ਕੇ ਨਿਸ਼ਾਨੇ ਉੱਤੇ ਮਾਰ ਕੇ ਵਿਖਾਉਂਦੇ ਸਨ। ਨੇਜ਼ਾ, ਬੰਦੂਕ, ਤਲਵਾਰ ਅਤੇ ਪਸਤੌਲ, ਸੱਚੇ ਗੁਰੂ ਜੀ ਪ੍ਰੇਮ ਨਾਲ ਧਾਰਨ ਕਰਦੇ ਸਨ॥੪੨॥

*ਪਹਿਲੀ ਰੁੱਤ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥*

☆☆☆

# ਅਧਿਆਇ ਨੌਵਾਂ

## ਸਤਿਗੁਰੂ ਜੀ ਦੀ ਸਗਾਈ

ਦੋਹਰਾ- ਇਸੀ ਰੀਤਿ ਸਿਖ ਸੰਗਤਾਂ ਨਿਤ ਪ੍ਰਤਿ ਦਰਸ਼ਨ ਆਇਂ।
ਦੇਸ਼ ਬਿਦੇਸ਼ਨ ਕੇ ਬਿਖੈ ਜਯੋਂ ਜਯੋਂ ਸੁਧਿ ਗੁਰ ਜਾਇ॥ ੧॥

ਇਸ ਰੀਤ ਨਾਲ ਸਿੱਖ ਸੰਗਤਾ ਨਿਤਾਪ੍ਰਤੀ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ। ਦੇਸ਼ਾਂ ਵਿਦੇਸ਼ਾਂ ਵਿਚ ਵੀ ਜਿਵੇਂ ਜਿਵੇਂ ਗੁਰੂ ਜੀ ਬਾਰੇ ਖ਼ਬਰ ਪੁੱਜਦੀ ਜਾਂਦੀ ਸੀ॥੧॥

ਚੌਪਈ- ਰਾਮਕੁਇਰ ਭਾਖਤਿ ਸ਼ੁਭ ਕਥਾ। ਸ਼੍ਰੋਤਾ ਸੁਨਹੁ ਗੁਰਨਿ ਕੀ ਜਥਾ।
ਮੋਕਹੁ ਨਿਕਟ ਆਪਨੇ ਰਾਖਾ। ਕ੍ਰਿਪਾ ਕਰਹਿਂ ਲਖਿ ਮਮ ਅਭਿਲਾਖਾ॥੨॥

ਬਾਬਾ ਰਾਮਕੁਇਰ ਜੀ ਜਿਵੇਂ-ਜਿਵੇਂ ਸ਼ੁਭ ਕਥਾ ਕਹਿੰਦੇ ਸਨ ਹੇ ਸਰੋਤਾ ਗਨ ! ਉਸ ਤਰ੍ਹਾਂ ਹੀ ਗੁਰਾਂ ਜੀ ਦੀ ਕਥਾ ਸੁਣਦੇ ਜਾਵੋ। ਗੁਰੂ ਜੀ ਨੇ ਮੈਨੂੰ (ਬਾਬਾ ਰਾਮ ਕੁਇਰ) ਆਪਣੇ ਪਾਸ ਹੀ ਰੱਖਿਆ, ਮੇਰੀ ਅਭਿਲਾਸ਼ਾ ਵੇਖ ਕੇ ਕਿਰਪਾ ਕਰਦੇ ਸਨ॥੨॥

ਕਬਿ ਕਬਿ ਮੈਂ ਗਮਨੌਂ ਨਿਜ ਗ੍ਰਾਮੂ। ਸੰਗਤਿ ਹਮਰੀ ਆਇ ਸੁ ਧਾਮੂ।
ਬਹੁਰ ਸਮੀਪ ਗੁਰੂ ਕੇ ਜਾਵੌਂ। ਬਹੁ ਬਿਲਾਸ ਹੇਰਤਿ ਹਰਖਾਵੌਂ॥ ੩॥

ਕਦੀ-ਕਦੀ ਮੈਂ ਆਪਣੇ ਪਿੰਡ ਰਮਦਾਸ ਚਲਾ ਜਾਂਦਾ ਸੀ, ਸਾਡੀ ਸੰਗਤ ਆਪਣੇ ਘਰ ਵਿਚ ਆ ਜਾਂਦੀ ਸੀ। ਬਾਅਦ ਵਿਚ ਅਸੀਂ ਫਿਰ ਗੁਰੂ ਜੀ ਪਾਸ ਪਹੁੰਚ ਜਾਂਦੇ ਸੀ, ਬਹੁਤ ਅਨੰਦ ਬਿਲਾਸ ਨੂੰ ਵੇਖ ਕੇ ਪ੍ਰਸੰਨ ਹੋ ਜਾਂਦੇ ਸੀ॥੩॥

ਦਿਨ ਪ੍ਰਤਿ ਅਧਿਕ ਅਧਿਕ ਅਧਿਕਾਈ। ਸਭਿ ਸਮਾਜ ਕੋ ਗੁਰੂ ਬਧਾਈ।
ਸ਼ਸਤ੍ਰ ਤੁਰੰਗਮ ਜੋ ਸਿਖ ਲਜਾਵੈ। ਅਰਪਹਿ ਆਗੈ ਸੀਸ ਨਿਵਾਵੈ॥੪॥

ਪ੍ਰਤੀ ਦਿਨ ਗੁਰੂ ਜੀ ਦਾ ਪ੍ਰਤਾਪ ਵੱਧ ਤੋਂ ਵੱਧ ਵਧਦਾ ਜਾਂਦਾ ਸੀ। ਗੁਰੂ ਜੀ ਨੇ ਸਭ ਪ੍ਰਕਾਰ ਦਾ ਸਾਜ਼ੋ-ਸਾਮਾਨ ਤੇ ਸਮਾਜ ਵਧਾਇਆ। ਸ਼ਸਤਰ ਅਤੇ ਘੋੜੇ ਜਿਹੜੇ ਸਿੱਖ ਲਿਆਉਂਦੇ ਸਨ, ਉਹ ਲਿਆ ਕੇ ਸਿਰ ਨਿਵਾ ਕੇ ਗੁਰੂ ਜੀ ਨੂੰ ਅਰਪਣ ਕਰ ਦਿੰਦੇ ਸਨ॥੪॥

ਹੁਇ ਪ੍ਰਸੰਨ ਦੇਂ ਖੁਸ਼ੀ ਘਨੇਰੀ। ਪੁਰਵਹਿਂ ਤਿਸ ਅਭਿਲਾਖ ਬਡੇਰੀ।
ਦੂਰ ਦੂਰ ਤੇ ਨਿਤ ਸਿਖ ਆਵਹਿਂ। ਦਰਸਹਿਂ ਗੁਰੂ ਅਨੰਦ ਉਪਾਵਹਿਂ॥੫॥

ਗੁਰੂ ਜੀ ਪ੍ਰਸੰਨ ਹੋ ਕੇ ਬਹੁਤ ਪ੍ਰਸੰਨਤਾ ਦਿੰਦੇ ਸਨ ਤੇ ਗੁਰੂ ਜੀ ਵੱਡੀਆਂ-ਵੱਡੀਆਂ ਅਨੰਦ ਦੇਣ ਵਾਲੀਆਂ ਅਭਿਲਾਸ਼ਾਵਾਂ ਪੂਰੀਆਂ ਕਰਦੇ ਸਨ। ਦੂਰ-ਦੂਰ ਤੋਂ ਸਦਾ ਸਿੱਖ ਆਉਂਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਅਨੰਦ ਪ੍ਰਾਪਤ ਕਰਦੇ ਸਨ॥੫॥

ਸ਼੍ਰੀ ਮੁਖ ਤੇ ਸਭਿ ਮਹਿਂ ਫੁਰਮਾਵੈਂ। 'ਹਯ ਆਯੁਧ ਜੋ ਲੇ ਕਰਿ ਆਵੈ।
ਸੋ ਸਿਖ ਖੁਸ਼ੀ ਗੁਰੂ ਕੀ ਲੈਹੈ। ਮਨ ਬਾਂਛਤਿ ਪੁਨ ਕਯੋਂ ਨਹਿਂ ਪੈ ਹੈਂ' ॥੬॥

ਫਿਰ ਗੁਰੂ ਜੀ ਆਪਣੇ ਮੁਖ ਤੋਂ ਸਾਰਿਆਂ ਨੂੰ ਕਹਿੰਦੇ ਸਨ, "ਜਿਹੜਾ ਵੀ ਸਾਡਾ ਸਿੱਖ ਘੋੜਾ ਅਤੇ ਸ਼ਸਤਰ ਲੈ ਕੇ ਆਵੇ, ਉਹ ਸਿੱਖ ਗੁਰੂ ਦੀ ਖੁਸ਼ੀ ਪ੍ਰਾਪਤ ਕਰੇਗਾ, ਫਿਰ ਉਹ ਮੂੰਹ ਮੰਗੀਆਂ ਮੁਰਾਦਾਂ ਕਿਉਂ ਨਹੀਂ ਪ੍ਰਾਪਤ ਕਰੇਗਾ ?" ॥੬॥

ਦੇਸ਼ ਬਿਦੇਸ਼ ਬਿਖੈ ਬਿਦਤਾਈ। ਧਨ ਖਰਚਹਿਂ ਸਿਖ ਜਿਤ ਕਿਤ ਜਾਈ।
ਹਯ ਆਯੁਧ ਖੋਜਹਿਂ ਫਿਰ ਘਨੇ। ਅਰਪਹਿਂ ਆਨਿ ਪ੍ਰੇਮ ਪਗ ਸਨੇ॥ ੭॥

ਦੇਸ਼ਾਂ ਵਿਦੇਸ਼ਾਂ ਵਿਚ ਇਹ ਗੱਲ ਪ੍ਰਗਟ ਹੋ ਗਈ। ਜਿੱਥੇ ਕਿੱਥੇ ਜਾ ਕੇ ਸਿੱਖ ਧਨ ਖਰਚਦੇ ਸਨ ਤੇ ਫਿਰ ਘੋੜਿਆਂ ਅਤੇ ਹਥਿਆਰਾਂ ਦੀ ਤਲਾਸ਼ ਕਰਦੇ ਸਨ ਤੇ ਪ੍ਰੇਮ ਵਿਚ ਭਿੱਜ ਕੇ-ਉਨ੍ਹਾਂ ਵਸਤਾਂ ਨੂੰ ਗੁਰੂ ਜੀ ਦੇ ਅਰਪਣ ਕਰ ਦਿੰਦੇ ਸਨ॥੭॥

ਦਿਨਪ੍ਰਤਿ ਹੁਇ ਉਤਸਾਹ ਬਿਸਾਲਾ। ਨਿਕਟਿ ਰਹਨਿ ਲਾਗੇ ਸਿਖ ਜਾਲਾ।
ਸ਼ਸਤ੍ਰਨਿ ਬਿੱਦਜਾ ਕਹੁ ਅੱਭਜਾਸਹਿਂ। ਜਿਮ ਸਤਿਗੁਰ ਕੋ ਪਿਖਹਿਂ ਬਿਲਾਸਹਿਂ॥੮॥

ਪ੍ਰਤੀ ਦਿਨ ਵੱਡਾ ਉਤਸ਼ਾਹ ਹੁੰਦਾ ਸੀ, ਬਹੁਤ ਸਿੱਖ ਗੁਰੂ ਜੀ ਦੇ ਪਾਸ ਰਹਿਣ ਲੱਗ ਗਏ। ਸ਼ਸਤਰ ਵਿਦਿਆ ਦਾ ਬਹੁਤ ਅਭਿਆਸ ਕਰਦੇ ਸਨ। ਜਿਵੇਂ ਸਤਿਗੁਰੂ ਜੀ ਨੂੰ ਵੇਖਦੇ ਸੀ ਉਸ ਤਰ੍ਹਾਂ ਕਰਦੇ ਸਨ॥੮॥

ਲਵਪੁਰਿ ਕੀ ਸੰਗਤਿ ਸਮੁਦਾਈ। ਅਨਿਕ ਅਕੋਰਨਿ ਲੇ ਕਰਿ ਆਈ।
ਉਤਰਿ ਬਿਪਾਸਾ ਸਲਿਤਾ ਪਾਰਾ। ਉਲੰਘੇ ਦ੍ਵਾਬਾ ਦੇਸ਼ੁ ਜੁ ਸਾਰਾ॥ ੯॥

ਲਾਹੌਰ ਦੀ ਸੰਗਤ ਇਕੱਠੀ ਹੋ ਕੇ ਅਨੇਕਾਂ ਉਪਹਾਰ ਲੈ ਕੇ ਆ ਗਈ। ਬਿਆਸ ਦਰਿਆ ਪਾਰ ਕਰਕੇ ਉਨ੍ਹਾਂ ਉਤਾਰਾ ਕੀਤਾ ਤੇ ਫਿਰ ਸਾਰਾ ਦੁਆਬਾ ਦੇਸ਼ ਲੰਘ ਆਏ॥੯॥

ਸਤੁੱਦ੍ਰਵ ਤੀਰ ਤਰੀ ਕਉ ਪਾਇ। ਪਾਰ ਪਰੇ ਆਨੰਦਪੁਰਿ ਆਇ।
ਧਰਮਸਾਲ ਮਹਿਂ ਡੇਰਾ ਕੀਨਿ। ਭੋਜਨ ਖਾਨ ਦੇਗ ਤੇ ਲੀਨਿ॥ ੧੦॥

ਸਤਲੁਜ ਦੇ ਕਿਨਾਰੇ ਬੇੜੀ ਪ੍ਰਾਪਤ ਕੀਤੀ ਤੇ ਪਾਰ ਹੋ ਕੇ ਅਨੰਦਪੁਰ ਪਹੁੰਚ ਗਏ। ਧਰਮਸ਼ਾਲਾ ਵਿਚ ਡੇਰਾ ਕੀਤਾ ਤੇ ਲੰਗਰ ਤੋਂ ਭੋਜਨ ਛਕ ਲਿਆ॥੧੦॥

ਜਬਿ ਸਤਿਗੁਰ ਘਰ ਬਾਹਿਰ ਆਏ। ਲਗੀ ਸਭਾ ਮਹਿਂ ਬੈਠਿ ਸੁਹਾਏ।
ਦਰਸ਼ਨ ਕੇ ਹਿਤ ਸੰਗਤਿ ਜੋਈ। ਭਈ ਇਕੱਤ੍ਰ ਕਿਤਿਕ ਦਿਨ ਸੋਈ॥ ੧੧॥

ਜਦ ਸਤਿਗੁਰੂ ਜੀ ਘਰ ਤੋਂ ਬਾਹਰ ਆਏ ਤੇ ਲੱਗੀ ਹੋਈ ਸਭਾ ਵਿਚ ਬੈਠ ਕੇ ਸ਼ੋਭਾ ਪਾਈ। ਦਰਸ਼ਨਾਂ ਵਾਸਤੇ ਜਿਹੜੀ ਸੰਗਤ ਆਈ ਸੀ, ਉਹ ਸੰਗਤ ਕੁਝ ਦਿਨ ਆਰਾਮ ਕਰਕੇ ਫਿਰ ਇਕੱਠੀ ਹੋਈ॥੧੧॥

ਸੁਨੇ ਗੁਰੂ ਜਬਿ ਆਨਿ ਬਿਰਾਜੇ। ਬੈਠੇ ਦਰਸ ਦੇਨਿ ਕੇ ਕਾਜੇ।
ਲੇ ਲੇ ਭੇਟਨਿ ਪਹੁਚੇ ਜਾਈ। ਧਰਿ ਧਰਿ ਆਗੈ ਗ੍ਰੀਵ ਨਿਵਾਈ॥ ੧੨॥

ਜਦ ਉਨ੍ਹਾਂ ਸੁਣਿਆ ਕਿ ਗੁਰੂ ਦਰਬਾਰ ਵਿਚ ਆ ਬਿਰਾਜੇ ਹਨ ਤੇ ਉਹ ਦਰਸ਼ਨ ਦੇਣ ਵਾਸਤੇ ਬੈਠ ਗਏ ਹਨ ਤੇ ਉਹ ਲਾਹੌਰ ਦੀ ਸਾਰੀ ਸੰਗਤ ਆਪਣੀਆਂ-ਆਪਣੀਆਂ ਭੇਟਾਵਾਂ ਲੈ ਕੇ ਪਹੁੰਚ ਗਈ ਤੇ ਗੁਰੂ ਜੀ ਅੱਗੇ ਧਰ-ਧਰ ਕੇ ਸਿਰ ਨਿਵਾਏ॥੧੨॥

ਗੋਤ ਸੁਭਿੱਖੀ ਛੱਤ੍ਰੀ ਏਕ। ਸੋ ਦਰਸ਼ਨ ਕਰਿ ਜਲਧਿ ਬਿਬੇਕ।
ਚਹਤਿ ਸੁਤਾ ਕੋ ਅਰਪਨ ਕਰਜੋ। ਹਿਤ ਕੱਲਜਾਨ ਮਨੋਰਥ ਧਰਜੋ॥ ੧੩॥

ਉਸ ਸੰਗਤ ਵਿਚ ਇਕ ਸੁਭਿੱਖੀ ਗੋਤ ਦਾ ਖੱਤਰੀ ਸੀ, ਉਸ ਨੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ। ਉਹ ਆਪਣੀ ਪੁੱਤਰੀ ਨੂੰ ਗੁਰੂ ਜੀ ਦੇ ਅਰਪਣ ਕਰਨੀ ਚਾਹੁੰਦਾ ਸੀ। ਆਪਣੇ ਕਲਿਆਣ ਵਾਸਤੇ ਉਸ ਨੇ ਇਹ ਮਨੋਰਥ ਧਾਰਨ ਕੀਤਾ ਸੀ॥੧੩॥

ਇਮ ਮਨ ਚਿਤਵਤਿ ਮਾਤਾ ਪਾਸ। ਪਹੁੰਚਯੋ ਜਾਇ ਪੁਰਨਿ ਨਿਜ ਆਸ।
ਕਰਿ ਬੰਦਨ ਅਰਦਾਸ ਉਚਾਰੀ। 'ਤਨੁਜਾ ਮੋਹਿ ਨਿਕੇਤ ਮਝਾਰੀ॥ ੧੪ ॥

ਇਸ ਤਰ੍ਹਾਂ ਮਨ ਵਿਚ ਸੋਚ ਕੇ ਗੁਰੂ ਜੀ ਦੀ ਮਾਤਾ ਜੀ ਪਾਸ ਆਪਣੀ ਆਸ ਪੂਰੀ ਕਰਨ ਵਾਸਤੇ ਪਹੁੰਚ ਗਿਆ। ਮਾਤਾ ਜੀ ਨੂੰ ਬੰਦਨਾ ਕਰਕੇ ਉਸ ਬੇਨਤੀ ਕੀਤੀ, "ਮੇਰੇ ਘਰ ਵਿਚ ਇਕ ਪੁੱਤਰੀ ਹੈ" ॥੧੪॥

ਚਾਹਤਿ ਕਰਯੋ ਗੁਰੂ ਕੀ ਦਾਸੀ। ਦੀਨ ਜਾਨਿ ਜਿਨ ਠਾਨਹੁ ਹਾਸੀ।
ਗੁਰ ਕੋ ਘਰ ਨਿਤਾਨ ਕੋ ਤਾਨਾ। ਓਟ ਨਿਓਟਨਿ ਮਾਨ ਨਿਮਾਨਾ॥ ੧੫ ॥

ਮੈਂ ਉਸ ਨੂੰ ਗੁਰੂ ਜੀ ਦੀ ਦਾਸੀ ਬਣਾਉਣੀ ਚਾਹੁੰਦਾ ਹਾਂ। ਮਤਾਂ ਗਰੀਬ ਜਾਣ ਕੇ ਹਾਸਾ ਧਾਰਨ ਕਰੋ। ਗੁਰੂ ਜੀ ਦਾ ਘਰ ਨਿਤਾਣਿਆਂ ਦਾ ਤਾਣ ਹੈ, ਨਿਓਟਿਆਂ ਦੀ ਓਟ ਹੈ ਤੇ ਨਿਮਾਣਿਆਂ ਦਾ ਮਾਣ ਹੈ॥੧੫॥

ਇਹ ਮਨ ਮਹਿਂ ਹਠ ਧਾਰਿ ਬਖਾਨਾ। ਕਿਤ ਲਘੁ ਹਮ ਕਿਤ ਗੁਰੂ ਮਹਾਨਾ'।
ਸੁਨਿ ਦ੍ਵੈ ਮਾਤਨਿ ਤਿਹ ਸਨਮਾਨਾ। ਕਰਨਿ ਸੰਬੰਧ ਨੀਕ ਹੀ ਮਾਨਾ॥ ੧੬ ॥

ਇਹ ਮੈਂ ਮਨ ਵਿਚ ਹਠ ਧਾਰ ਕੇ ਕਿਹਾ ਹੈ ਨਹੀਂ ਤਾਂ ਕਿੱਥੇ ਮੈਂ ਇਕ ਛੋਟਾ ਜਿਹਾ ਸੇਵਕ ਤੇ ਕਿੱਥੇ ਮਹਾਨ ਗੁਰੂ ਜੀ ਹਨ।" ਇਹ ਸੁਣ ਕੇ ਦੋਵਾਂ ਮਾਤਾ ਜੀ ਨੇ ਉਸ ਦਾ ਸਨਮਾਨ ਕੀਤਾ ਤੇ ਉਸ ਨਾਲ ਸੰਬੰਧ ਜੋੜ ਲੈਣਾ ਠੀਕ ਮੰਨਿਆ॥੧੬॥

ਇਮ ਠਹਿਰਾਇ ਸਿਵਰ ਨਿਜ ਆਯੋ। ਬਹੁਰ ਗੁਰੂ ਕੋ ਦਰਸ਼ਨ ਪਾਯੋ।
ਹਾਥ ਜੋਰਿ ਕਰਿ ਠਾਢਿ ਅਗਾਰੀ। 'ਦਾਸੀ ਚਾਹਤਿ ਕਰਯੋ ਤੁਮਾਰੀ॥ ੧੭ ॥

ਇਸ ਤਰ੍ਹਾਂ ਠਹਿਰਾਅ ਕੇ ਉਹ ਆਪਣੇ ਡੇਰੇ ਆ ਗਿਆ ਤੇ ਫਿਰ ਗੁਰੂ ਜੀ ਦੇ ਦਰਸ਼ਨ ਕੀਤੇ। ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜ੍ਹਾ ਹੋ ਗਿਆ, "ਮੈਂ ਆਪਣੀ ਪੁੱਤਰੀ ਨੂੰ ਤੁਹਾਡੀ ਦਾਸੀ ਬਣਾਉਣੀ ਚਾਹੁੰਦਾ ਹਾਂ ॥੧੭॥

ਮਮ ਪੁੱਤ੍ਰੀ ਕੋ ਅੰਗੀਕਾਰਹੁ। ਦੀਨ ਬੰਧੁ ਨਿਜ ਬਿਰਦ ਸੰਭਾਰਹੁ'।
ਕਹਯੋ ਕ੍ਰਿਪਾਲ 'ਸਮੋ ਅਬਿ ਆਛੋ। ਕੀਜਹਿ ਨੀਕੇ ਜਿਮ ਉਰ ਬਾਂਛੋ' ॥ ੧੮ ॥

ਮੇਰੀ ਪੁੱਤਰੀ ਨੂੰ ਅੰਗੀਕਾਰ ਕਰੋ, ਹੇ ਦੀਨਾ ਬੰਧੂ, ਆਪਣਾ ਧਰਮ ਸੰਭਾਲੋ।" ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਹੁਣ ਚੰਗਾ ਸਮਾਂ ਹੈ, ਉਸ ਤਰ੍ਹਾਂ ਹੀ ਚੰਗੀ ਤਰ੍ਹਾਂ ਕਰੋ, ਜਿਵੇਂ ਦਿਲ ਵਿਚ ਚਾਹੁੰਦੇ ਹੋ" ॥੧੮॥

ਸ਼੍ਰੀ ਗੁਜਰੀ ਪੂਰਬ ਸਮੁਝਾਯੋ। 'ਲੀਜੈ ਲਵਪੁਰਿ ਸਾਕ ਜੁ ਆਯੋ'।
ਲਖਿ ਸ਼ੁਭ ਸਮਾ ਸਭਾ ਕੇ ਮਾਂਹਿ। ਖਾਰਕ ਦੀਨਿ ਗੁਰੂ ਕੇ ਪਾਹਿ॥ ੧੯ ॥

ਪਹਿਲਾਂ ਮਾਤਾ ਗੁਜਰੀ ਜੀ ਨੇ ਸਮਝਾਇਆ, "ਜਿਹੜਾ ਲਾਹੌਰ ਤੋਂ ਸਾਕ ਆਇਆ ਹੈ, ਉਸ ਨੂੰ ਲੈ ਲਵੋ। ਸਭਾ ਵਿਚ ਸ਼ੁਭ ਸਮਾਂ ਵੇਖ ਕੇ ਗੁਰੂ ਜੀ ਨੂੰ ਛੁਹਾਰਾ ਦਿੱਤਾ ॥੧੯॥

ਅੰਗੀਕਾਰ ਜਬਹੁੰ ਕਰਿ ਲਯੋ। ਰਿਦੇ ਸੁਭਿੱਖੀ ਬਹੁ ਹਰਖਯੋ।
ਨਿਕਟ ਮਾਤ ਕੇ ਅਧਿਕ ਬਧਾਈ। ਦੇਤਿ ਤ੍ਰਿਯਾ ਪੁਰਿ ਕੀ ਸਮੁਦਾਈ॥੨੦॥

ਗੁਰੂ ਜੀ ਨੇ ਉਸੇ ਵੇਲੇ ਅੰਗੀਕਾਰ ਕਰ ਲਿਆ, ਸੁਭਿੱਖੀ ਖੱਤਰੀ ਇਹ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਮਾਤਾ ਜੀ ਦੇ ਪਾਸ ਨਗਰ ਦੀਆਂ ਇਸਤਰੀਆਂ ਇਕੱਠੀਆਂ ਹੋ ਕੇ ਬਹੁਤ ਵਧਾਈਆਂ ਦਿੰਦੀਆਂ ਸਨ॥੨੦॥

ਸਰਬ ਰੀਤਿ ਕੇ ਮੰਗਲ ਸਾਜੇ। ਲਘੁ ਦੁੰਦਭਿ ਕੀ ਨੌਬਤ ਬਾਜੇ।
ਜਨਨੀ ਗਨ ਅਨੁਵਾਏ ਮੋਦਕ। ਬੰਟ ਦੀਨਿ ਉਤਸਵ ਭਾ ਮੋਦਕ॥ ੨੧ ॥

ਸਭ ਰੀਤੀਆਂ ਦੇ ਮੰਗਲ ਹੋਏ, ਛੋਟੇ ਵੱਡੇ ਨਗਾਰੇ ਵੱਜ ਉਠੇ ਮਾਤਾ ਜੀ ਨੇ ਬਹੁਤ ਲੱਡੂ ਮੰਗਵਾਏ ਤੇ ਸਾਰੇ ਵੰਡ ਦਿੱਤੇ ਤਾਂ ਬੜਾ ਖੁਸ਼ੀ ਦੇਣ ਵਾਲਾ ਉਤਸ਼ਾਹ ਉਤਪੰਨ ਹੋਇਆ॥੨੧॥

**ਗਾਵਤਿ ਗੀਤ ਕੋਕਲਾ ਬੈਨੀ। ਮਿਲੀ ਆਨਿ ਗਨ ਪੰਕਜ ਨੈਨੀ।**
**ਬਸਨ ਬਿਭੂਖਨ ਭੂਖਤਿ ਅੰਗ। ਜ਼ਰੀ ਚੂਨਰੀ ਪਹਿਰਿ ਸੁਰੰਗ॥ ੨੨॥**

ਕੋਇਲ ਵਰਗੀ ਮਿੱਠੀ ਆਵਾਜ਼ ਵਾਲੀਆਂ ਗੀਤ ਗਾਉਂਦੀਆਂ ਸਨ ਤੇ ਬਹੁਤ ਕੰਵਲ ਨੈਣੀ ਇਸਤਰੀਆਂ ਆ ਮਿਲੀਆਂ ਸੁੰਦਰ ਵਸਤਰ, ਗਹਿਣੇ ਸਰੀਰ 'ਤੇ ਧਾਰਨ ਕੀਤੇ ਹੋਏ ਸਨ ਤੇ ਸ੍ਰੇਸ਼ਟ ਸੋਹਣੇ ਰੰਗਾਂ ਵਾਲੀਆਂ ਗੋਟੇਦਾਰ ਚੁੰਨੀਆਂ ਪਹਿਣੀਆਂ ਹੋਈਆਂ ਸਨ॥੨੨॥

**ਮੰਗਤਿ ਗਨ ਜਨ ਦੇਖਨਿ ਕਰੇ। ਮਾਤ ਅਨੰਦ ਬਿਲੰਦਹਿ ਧਰੇ।**
**ਸਾਦਰ ਧਨ ਸਭਿਹਿਨਿ ਕੋ ਦੇਤਿ। ਭੀਰ ਭੂਰ ਭਰਿ ਰਹੀ ਨਿਕੇਤ॥ ੨੩॥**

ਬਹੁਤ ਮੰਗਤੇ ਅਤੇ ਲੋਕ ਵੇਖ ਰਹੇ ਸਨ ਤੇ ਦੋਵਾਂ ਮਾਤਾ ਜੀ ਨੇ ਬਹੁਤ ਅਨੰਦ ਧਾਰਨ ਕੀਤਾ ਹੋਇਆ ਸੀ। ਮਾਤਾ ਜੀ ਬੜੇ ਆਦਰ ਨਾਲ ਸਭ ਨੂੰ ਧਨ ਦੇ ਰਹੇ ਸਨ ਤੇ ਘਰ ਵਿਚ ਵੱਡੀ ਭੀੜ ਹੁੰਦੀ ਜਾਂਦੀ ਸੀ॥੨੩॥

**ਢੋਲਕ ਆਨਿ ਬਜਾਵਤਿ ਕੋਈ। ਕੋ ਤ੍ਰਿਯ ਗਾਵਤਿ ਆਨੰਦ ਹੋਈ।**
**ਇਸ ਤੇ ਆਦਿ ਕੀਨਿ ਉਤਸਾਹੂ। ਗਯੋ ਸੁ ਖੱਤ੍ਰੀ ਲਵਪੁਰਿ ਮਾਂਹੂ॥ ੨੪॥**

ਕਈ ਇਸਤਰੀਆਂ ਆ ਕੇ ਢੋਲਕੀਆਂ ਵਜਾ ਰਹੀਆਂ ਸਨ, ਕਈ ਇਸਤਰੀਆਂ ਪ੍ਰਸੰਨ ਹੋ ਕੇ ਗੀਤ ਗਾ ਰਹੀਆਂ ਸਨ। ਇਸ ਪ੍ਰਕਾਰ ਦਾ ਬਹੁਤ ਉਤਸ਼ਾਹ ਹੋਇਆ, ਫਿਰ ਉਹ ਖੱਤਰੀ ਲਾਹੌਰ ਨੂੰ ਚਲਾ ਗਿਆ॥੨੪॥

**ਭ੍ਰਾਤ ਸ਼ਰੀਕਨਿ ਮਹਿਂ ਸੁਧਿ ਦੀਨ। ਸਭਿਨਿ ਸੁਨਾਵਤਿ ਮੰਗਲ ਕੀਨਿ।**
**ਬਹੁਰ ਸਲਾਹ ਬਜਾਹ ਕੀ ਠਾਨੀ। ਮਿਲਿ ਨਰ ਨਾਰਿਨਿ ਤਬਹਿ ਬਖਾਨੀ॥੨੫॥**

ਸੁਭਿੱਖੀ ਨੇ ਭਰਾਵਾਂ ਅਤੇ ਸਾਰੇ ਸ਼ਰੀਕੇ ਨੂੰ ਖ਼ਬਰ ਦਿੱਤੀ। ਸਾਰਿਆਂ ਨੂੰ ਸੁਣਾ ਕੇ ਪ੍ਰਸੰਨ ਕੀਤਾ। ਫਿਰ ਵਿਆਹ ਦੀ ਸਲਾਹ ਕੀਤੀ। ਸਾਰੇ ਇਸਤਰੀ-ਪੁਰਸ਼ਾਂ ਨੇ ਮਿਲ ਕੇ ਕਿਹਾ॥੨੫॥

**'ਅਰਜ਼ ਕਰਹੁ ਗੁਰ ਅਗ੍ਰ ਸਿਧਾਰਹੁ। ਆਪ ਆਹਿ ਲਵਪੁਰੀ ਮਝਾਰਹੁ।**
**ਅਪਨੀ ਸੰਗਤਿ ਕਰਹੁ ਨਿਹਾਲ। ਫੇਰੇ ਫਿਰਹੁ ਸੁ ਮਿਲਿ ਨਰ ਜਾਲ' ॥੨੬॥**

"ਗੁਰੂ ਜੀ ਦੇ ਪਾਸ ਪਹੁੰਚ ਕੇ ਬੇਨਤੀ ਕਰੋ ਕਿ ਆਪ ਲਾਹੌਰ ਸ਼ਹਿਰ ਵਿਚ ਆਵੋ ਤੇ ਆਪਣੀ ਸੰਗਤ ਨੂੰ ਨਿਹਾਲ ਕਰੋ ਕਾਫੀ ਮਨੁੱਖ ਮਿਲ ਕੇ ਆ ਕੇ ਫੇਰੇ ਕਰੋ" ॥੨੬॥

**ਇਮ ਬਿਚਾਰ ਸੁਧਵਾਯਹੁ ਸਾਹਾ। ਗਮਨਯੋ ਆਪ ਗੁਰੂ ਕੇ ਪਾਹਾ।**
**ਪਹੁੰਚਯੋ ਆਨਿ ਅਨੰਦਪੁਰਿ ਸੋਇ। ਸੁਨੀ ਬਜਾਹ ਕੀ ਸੁਧਿ ਸਭਿ ਕੋਇ॥੨੭॥**

ਇਸ ਤਰ੍ਹਾਂ ਵਿਚਾਰ ਕੇ ਸਾਹਾ ਸੋਧਿਆ ਤੇ ਆਪ ਗੁਰੂ ਜੀ ਵਲ ਚਲ ਪਿਆ। ਅਨੰਦਪੁਰ ਵਿਚ ਆ ਪਹੁੰਚਿਆ। ਵਿਆਹ ਦੀ ਖ਼ਬਰ ਸਾਰਿਆਂ ਨੇ ਸੁਣੀ॥੨੭॥

**ਪੂਰਬ ਮਾਤਾ ਕੋ ਸੁਧਿ ਦਈ। ਸੁਨਤਿ ਅਨੰਦ ਬਿਲੰਦੈ ਭਈ।**
**ਸਾੜ ਮਾਸ ਤ੍ਰੈ ਬਿੰਸੁ ਪ੍ਰਵਿਸ਼ਟੇ। ਨਿਕਸਯੋ ਸਾਹਾ ਦੁਇ ਦਿਸ਼ਿ ਇਸ਼ਟੇ॥੨੮॥**

ਪਹਿਲਾਂ ਮਾਤਾ ਜੀ ਨੂੰ ਖ਼ਬਰ ਦਿੱਤੀ, ਉਹ ਸੁਣ ਕੇ ਅਨੰਦ ਨਾਲ ਭਰ ਗਈ। ਹਾੜ ਦੇ ਮਹੀਨੇ ਦਾ ਤੇਈਵਾਂ ਦਿਨ, ਦੋਹਾਂ ਧਿਰਾਂ ਨੂੰ ਚੰਗਾ ਲੱਗਣ ਵਾਲਾ ਸਾਹਾ ਨਿਕਲਿਆ॥੨੮॥

ਬਹੁਰੁ ਸੁਭਿਖੀਆ ਗੁਰ ਢਿਗ ਗਯੋ। ਅਪਨੀ ਬਿਨੈ ਸੁਨਾਵਤਿ ਭਯੋ।
'ਲਵਪੁਰਿ ਕੀ ਸੰਗਤਿ ਹੈ ਜੇਤੀ। ਰਿਦੇ ਕਾਮਨਾ ਧਾਰਹਿ ਤੇਤੀ॥ ੨੯॥

ਫਿਰ ਸੁਭਿੱਖੀ ਖੱਤਰੀ ਗੁਰੂ ਜੀ ਪਾਸ ਗਿਆ ਤੇ ਆਪਣੀ ਬੇਨਤੀ ਸੁਣਾਈ, "ਲਾਹੌਰ ਦੀ ਜਿੰਨੀ ਵੀ ਸੰਗਤ ਹੈ, ਉਨ੍ਹਾਂ ਸਾਰਿਆਂ ਨੇ ਹਿਰਦੇ ਵਿਚ ਇਹ ਕਾਮਨਾ ਧਾਰਨ ਕੀਤੀ ਹੈ॥੨੯॥

ਸਜਹਿੰ ਬਰਾਤ ਗੁਰੂ ਨਿਜ ਸਾਰੀ। ਇਸ ਪੁਰਿ ਆਵਹਿੰ ਕਰੁਨਾ ਧਾਰੀ।
ਕਰਹਿੰ ਢੁਕਾਇ ਬਜਾਹ ਲੇ ਜਾਹਿੰ। ਇਮ ਚਾਹਤਿ ਤੁਮ ਸੁਜਸੁ ਉਮਾਹਿੰ॥੩੦॥

ਗੁਰੂ ਜੀ ਦੀ ਸਾਰੀ ਬਰਾਤ ਸੱਜ ਕੇ ਕਿਰਪਾ ਧਾਰ ਕੇ ਇਸ ਨਗਰ ਵਿਚ ਆਵੇ ਤੇ ਢੁਕਾਅ ਕਰਕੇ ਵਿਆਹ ਕੇ ਲੈ ਜਾਣ, ਇਸ ਤਰ੍ਹਾਂ ਵੱਡੇ ਉਮਾਹ ਨਾਲ ਤੁਹਾਡਾ ਸ੍ਰੇਸ਼ਟ ਜੱਸ ਕਰਨਾ ਚਾਹੁੰਦੇ ਹਨ॥੩੦॥

ਭ੍ਰਾਤ ਸ਼ਰੀਕਨਿ ਮਹਿੰ ਪ੍ਰਨ ਕਿੱਤਾ। ਲਵਪੁਰਿ ਮਹਿੰ ਬਜਾਹੋਂ ਨਿਜ ਸੁਤਾ।
ਅਬਿ ਅਧੀਨ ਰਾਵਰ ਕੇ ਅਹੈ। ਕਰੀ ਪ੍ਰਤੱਗਜਾ ਜੇ ਇਮ ਰਹੈ'॥ ੩੧॥

ਭਰਾਵਾਂ ਤੇ ਸ਼ਰੀਕਾਂ ਵਿਚ ਪ੍ਰਣ ਕੀਤਾ ਹੈ ਕਿ ਲਾਹੌਰ ਵਿਚ ਆਪਣੀ ਪੁੱਤਰੀ ਦਾ ਵਿਆਹ ਕਰਾਂਗੇ। ਹੁਣ ਇਹ ਸਭ ਕੁਝ ਆਪ ਜੀ ਦੇ ਅਧੀਨ ਹੈ, ਜੇ ਮੇਰੀ ਇਸ ਤਰ੍ਹਾਂ ਕੀਤੀ ਪ੍ਰਤੱਗਿਆ ਰਹਿ ਜਾਵੇ"॥੩੧॥

ਸੁਨਿ ਕਲਗ਼ੀਧਰ ਤਿਸ ਕੋ ਭਾਖਾ।'ਇਸ ਥਲ ਹੀ ਪੁਰਵਹਿੰ ਅਭਿਲਾਖਾ।
ਰਚੈਂ ਲਹੌਰ ਅਨੰਦਪੁਰਿ ਪਾਸ। ਭ੍ਰਾਤਨਿ ਸਹਿਤ ਆਨਿ ਕਰਿ ਬਾਸ॥ ੩੨॥

ਇਹ ਸੁਣ ਕੇ ਕਲਗੀਧਰ ਨੇ ਉਸ ਨੂੰ ਕਿਹਾ, "ਇਸ ਥਾਂ ਹੀ ਆਪ ਦੀ ਅਭਿਲਾਸ਼ਾ ਪੂਰੀ ਕਰ ਦੇਵਾਂਗੇ। ਅਨੰਦਪੁਰ ਦੇ ਪਾਸ ਹੀ ਲਾਹੌਰ ਵਸਾ ਦੇਵਾਂਗੇ। ਭਰਾਵਾਂ ਸਹਿਤ ਏਥੇ ਆ ਕੇ ਵਸੋ॥੩੨॥

ਬਨਹਿੰ ਬਜ਼ਾਰ ਬਸਹਿੰ ਨਰ ਘਨੇ। ਸੁਤ ਬਨਿਤਾ ਪਰਵਾਰਨਿ ਸਨੇ।
ਲਵਪੁਰਿ ਕੀ ਰਚਨਾ ਬਰ ਭਾਰੀ। ਤਿਸ ਦਿਨਿ ਤੋਹਿ ਦਿਖਾਵਹਿੰ ਸਾਰੀ॥੩੩॥

ਬਜ਼ਾਰ ਬਣੇਗਾ ਜਿਥੇ ਬਹੁਤ ਮਨੁੱਖ ਵਸਣਗੇ। ਪੁੱਤਰ ਇਸਤਰੀਆਂ ਪਰਿਵਾਰਾਂ ਸਹਿਤ ਲਾਹੌਰ ਦੀ ਸ੍ਰੇਸ਼ਟ ਰਚਨਾ ਹੋਵੇਗੀ। ਉਸ ਦਿਨ ਤੁਹਾਨੂੰ ਲਾਹੌਰ ਏਥੇ ਹੀ ਵਿਖਾ ਦੇਵਾਂਗੇ॥੩੩॥

ਤੇਰੀ ਹੋਇ ਪ੍ਰਤੱਗਜਾ ਪੂਰੀ। ਕਰਹੁ ਬਜਾਹ ਇਸ ਥਲ ਬਿਧਿ ਰੂਰੀ'।
ਸੁਨਿ ਬੋਲਯੋ ਖੱਤ੍ਰੀ ਕਰ ਜੋਰੇ। 'ਬਜਾਹ ਬਿਖੇ ਅਬਿ ਬਾਸੁਰ ਥੋਰੇ॥ ੩੪॥

ਤੇਰੀ ਪ੍ਰਤੱਗਿਆ ਪੂਰੀ ਹੋ ਜਾਵੇਗੀ, ਇਸ ਸਥਾਨ ਵਿਖੇ ਸੁੰਦਰ ਵਿਧੀ ਨਾਲ ਵਿਆਹ ਕਰੋ।" ਇਹ ਸੁਣ ਕੇ ਖੱਤਰੀ ਹੱਥ ਜੋੜ ਕੇ ਬੋਲਿਆ, " ਵਿਆਹ ਦੇ ਵਿਚ ਹੁਣ ਥੋੜ੍ਹੇ ਦਿਨ ਰਹਿੰਦੇ ਹਨ॥ ੩੪॥

ਦੋਇ ਮਾਸ ਅਬਿ ਰਹੇ ਪਛਾਨੋ। ਸਾੜ੍ਹ ਤ੍ਰਿਬਿੰਸਤ ਸਾਹਾ ਜਾਨੋ।
ਰਾਵਰ ਕੋ ਲਵਪੁਰਿ ਕਬਿ ਬਸੈ। ਐਸ ਨ ਹੋਇ ਮੋਹਿ ਨਰ ਹਸੈਂ'॥ ੩੫॥

ਦੋ ਮਹੀਨੇ ਹੀ ਹੁਣ ਰਹਿੰਦੇ ਹਨ, ਇਹ ਪਛਾਣ ਲਵੋ, ਹਾੜ ਦੇ ਤੇਈਵੇਂ ਦਾ ਸਾਹਾ ਜਾਣੋ। ਆਪ ਜੀ ਦਾ ਲਾਹੌਰ ਕਦ ਵਸੇਗਾ, ਐਸਾ ਨਾ ਹੋਵੇ ਲੋਕ ਮੇਰੇ ਉੱਤੇ ਹੱਸਣ"॥ ੩੫॥

ਬੋਲੇ ਕਲਗ਼ੀਧਰ ਉਰ ਭਾਵੈ। 'ਹਮ ਲਹੌਰ ਤਤਕਾਲ ਬਸਾਵੈਂ।
ਜਬਿ ਬਸਿ ਜਾਇ ਲਜਾਇ ਪਰਿਵਾਰ। ਕੀਜਹਿ ਸਭਿ ਸਮਾਜ ਅਬਿ ਤਯਾਰ॥੩੬॥

ਕਲਗੀਧਰ ਗੁਰੂ ਜੀ ਨੇ ਮਨ-ਭਾਉਂਦੀ ਗੱਲ ਕਹੀ, "ਅਸੀਂ ਲਾਹੌਰ ਤੁਰਤ ਵਸਾ ਦੇਵਾਂਗੇ। ਜਦ ਵੱਸ ਜਾਵੇਗਾ ਤਾਂ ਏਥੇ ਪਰਿਵਾਰ ਲੈ ਆਵੋ। ਸਾਰੇ ਸਾਮਾਨ ਆਦਿ ਦੀ ਹੁਣ ਤਿਆਰੀ ਕਰੋ॥ ੩੬॥

ਬਸਜੋ ਦੇਖਿ ਕੈ ਸਦਨ ਸਿਧਾਵਹੁ। ਭ੍ਰਾਤਨਿ ਸਹਿਤ ਬਹੁਰ ਚਲਿ ਆਵਹੁ'।
ਤਿਸ ਟਿਕਾਇ ਸ੍ਰੀ ਗੁਰ ਫੁਰਮਾਏ। ਬ੍ਰਿੰਦ ਹੁਕਮਨਾਵੇ ਲਿਖਵਾਏ॥ ੩੭॥

ਵੱਸਿਆ ਵੇਖ ਕੇ ਘਰ ਨੂੰ ਜਾਵੋ, ਭਰਾਵਾਂ ਸਹਿਤ ਫਿਰ ਚਲ ਕੇ ਆ ਜਾਵੋ"। ਖੱਤਰੀ ਨੂੰ ਉਥੇ ਹੀ ਰੱਖ ਕੇ ਗੁਰੂ ਜੀ ਨੇ ਫੁਰਮਾ ਕੇ ਬਹੁਤ ਹੁਕਮਨਾਮੇ ਲਿਖਵਾਏ॥ ੩੭॥

ਨਿਕਟ ਨਿਕਟ ਕੇ ਪੁਰਿ ਸਮੁਦਾਏ। ਸਭਿਹਿਨਿ ਮਹਿਂ ਤਤਕਾਲ ਪਠਾਏ।
'ਜੋ ਸਿਖ ਹੋਇ ਕਰਹਿ ਬਿਵਹਾਰ। ਸੋ ਅਬਿ ਆਇ ਗੁਰੂ ਦਰਬਾਰ॥ ੩੮॥

ਨੇੜੇ ਨੇੜੇ ਦੇ ਸਾਰੇ ਨਗਰਾਂ ਨੂੰ ਤੁਰਤ ਹੁਕਮਨਾਮੇ ਭੇਜ ਦਿੱਤੇ। ਹੁਕਮਨਾਮੇ ਵਿਚ ਲਿਖਿਆ ਸੀ, "ਜਿਹੜਾ ਸਿੱਖ ਹੋ ਕੇ ਵਪਾਰ ਕਰਦਾ ਹੈ, ਉਹ ਹੁਣ ਗੁਰੂ ਦਰਬਾਰ ਵਿਚ ਆਵੇ॥ ੩੮॥

ਲੇ ਪਹੁਂਚਹਿ ਜਿਸ ਢਿਗ ਧਨ ਹੋਇ। ਆਨਿ ਦੁਕਾਨ ਕਰਹਿ ਨਰ ਸੋਇ।
ਜਿਸ ਕੇ ਸਦਨ ਦਰਬ ਨਹਿਂ ਪਾਇ। ਲੇ ਗੁਰ ਘਰ ਤੇ ਬਨਜ ਚਲਾਇ॥ ੩੯॥

ਜਿਸ ਪਾਸ ਧਨ ਹੋਵੇ, ਉਹ ਧਨ ਲੈ ਕੇ ਪਹੁੰਚ ਜਾਵੇ ਤੇ ਉਹ ਆਦਮੀ ਏਥੇ ਆ ਕੇ ਦੁਕਾਨ ਕਰੇ। ਜਿਸ ਦੇ ਘਰ ਵਿਚ ਧਨ ਨਾ ਹੋਵੇ ਉਹ ਗੁਰੂ ਘਰ ਤੋਂ ਧਨ ਲੈ ਕੇ ਵਪਾਰ ਕਰੇ॥ ੩੯॥

ਬਜਾਹ ਸਮੈ ਲੌ ਖੁਲਹਿ ਬਜਾਰ। ਮਿਲਹਿਂ ਬ੍ਰਿੰਦ ਨਰ ਕਈ ਹਜ਼ਾਰ।
ਸਭਿ ਬਿਧਿ ਕਰਹਿਂ ਬੈਠਿ ਬਿਵਹਾਰੂ। ਅੰਬਰ ਬ੍ਰਿੰਦ ਪਟੰਬਰ ਚਾਰੂ॥ ੪੦॥

ਵਿਆਹ ਸਮੇਂ ਤਕ ਬਜ਼ਾਰ ਖੁੱਲ੍ਹਾ ਰਹੇਗਾ, ਏਥੇ ਕਈ ਹਜ਼ਾਰ ਮਨੁੱਖ ਆ ਕੇ ਇਕੱਠੇ ਹੋਣਗੇ। ਸਭ ਵਿਧੀਆਂ ਨਾਲ ਬੈਠ ਕੇ ਕਾਰੋਬਾਰ ਕਰੋ। ਸੁੰਦਰ ਰੇਸ਼ਮ ਦਾ ਕੱਪੜੇ ਦਾ ਬਹੁਤ ਵਪਾਰ ਹੋਵੇਗਾ॥ ੪੦॥

ਪਸ਼ਮੰਬਰ ਬਰ ਬਰਨ ਸੁ ਨਾਨਾ। ਮੁਕਤਾ ਬ੍ਰਿੰਦ, ਪ੍ਰਵਾਲ ਮਹਾਨਾ।
ਅੰਨ ਅਨਿਕ, ਅਰੁ ਘ੍ਰਿਤ ਮਿਸ਼ਟਾਨਾ। ਆਇਂ ਸਰਾਫ, ਬਜ਼ਾਜ਼ ਸੁਜਾਨਾ॥ ੪੧॥

ਸ੍ਰੇਸ਼ਟ ਰੰਗਾਂ ਰੰਗਾਂ ਦੇ ਉੱਨ ਦੇ ਕੱਪੜੇ ਦਾ ਵੀ ਵਪਾਰ ਚਲੇਗਾ। ਬਹੁਤ ਮੋਤੀ ਸ੍ਰੇਸ਼ਟ ਮੂੰਗੇ ਖਰੀਦੇ ਜਾਣਗੇ। ਅਨਾਜ, ਘਿਉ ਅਤੇ ਖੰਡ ਦੀ ਵਿਕਰੀ ਹੋਵੇਗੀ। ਸਰਾਫ ਅਤੇ ਚਤੁਰ ਬਜਾਜ ਆਉਣ"॥ ੪੧॥

ਏਵ ਹੁਕਮਨਾਵੇ ਲਿਖਵਾਇ। ਸਿੱਖ ਮਸੰਦਨ ਪ੍ਰਤੀ ਪਠਾਇ।
ਜਹਿਂ ਕਹਿਂ ਲੇ ਪਹੁਂਚੇ ਤਤਕਾਲਾ। ਪਠਿ ਪਠਿ ਸਮਝੇ ਕਾਜ ਬਿਸਾਲਾ॥ ੪੨॥

ਇਸ ਤਰ੍ਹਾਂ ਹੁਕਮਨਾਮੇ ਲਿਖਵਾਏ ਤੇ ਸਿੱਖਾਂ ਅਤੇ ਮਸੰਦਾਂ ਪ੍ਰਤੀ ਭੇਜ ਦਿੱਤੇ। ਜਿਥੇ ਕਿਹਾ ਸਾਰੇ ਉਥੇ ਲੈ ਕੇ ਤੁਰਤ ਪਹੁੰਚ ਗਏ। ਪੜ੍ਹ ਪੜ੍ਹ ਕੇ ਸਮਝਦੇ ਸਨ ਕਿ ਵੱਡਾ ਕਾਰਜ ਹੈ॥ ੪੨॥

ਤਬਹਿ ਮਸੰਦਨ ਸੰਗਤਿ ਸਾਰੀ। ਗੁਰੂ ਹੁਕਮ ਤੇ ਤੁਰਤ ਹਕਾਰੀ।
ਹੁਕਮ ਸੁਨਾਯੋ ਸਭਿ ਕੇ ਕਾਨ। 'ਪ੍ਰਥਮ ਬਜਾਹ ਉਤਸਵ ਬਡ ਜਾਨ॥ ੪੩॥

ਤਦ ਮਸੰਦਾਂ ਨੇ ਸਾਰੀ ਸੰਗਤ, ਗੁਰੂ ਦਾ ਹੁਕਮ ਕਰਕੇ ਤੁਰਤ ਬੁਲਾ ਲਈ। ਸਾਰਿਆਂ ਨੇ ਆਪਣੇ ਕੰਨਾਂ ਨਾਲ ਹੁਕਮ ਸੁਣਿਆ, "ਪਹਿਲਾ ਵਿਆਹ ਹੋਣ ਕਰਕੇ ਵੱਡਾ ਉਤਸਵ ਜਾਣਿਆ॥ ੪੩॥

ਦੇਖਹੁ ਸਰਬ ਬਜਾਹ ਕੀ ਲੀਲ੍ਹਾ। ਪੁਨ ਖਾਟਹੁ ਧਨ ਲਾਭ ਗਹੀਲਾ।
ਕੇਤਿਕ ਬਾਸੁਰ ਬਾਸਾ ਕਰੀਅਹਿ। ਦਰਸਹੁ ਗੁਰੁ ਨਿਜ ਭਲਾ ਬਿਚਰੀਅਹਿ' ॥੪੪॥

ਸਾਰੇ ਜਾ ਕੇ ਵਿਆਹ ਦੀ ਲੀਲ੍ਹਾ ਵੇਖੋ, ਤੇ ਫਿਰ ਧਨ ਦੇ ਰੂਪ ਵਿਚ ਵੱਡਾ ਲਾਭ ਖੱਟੋ। ਕਈ ਦਿਨ ਉਥੇ ਵਾਸਾ ਕਰੀਏ ਤੇ ਆਪਣਾ ਭਲਾ ਵਿਚਾਰ ਕੇ ਗੁਰੂ ਜੀ ਦੇ ਦਰਸ਼ਨ ਕਰੀਏ" ॥ ੪੪ ॥

*ਪਹਿਲੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ ॥ ੯ ॥*

# ਅਧਿਆਇ ਦਸਵਾਂ

*ਗੁਰੂ ਕਾ ਲਾਹੌਰ ਵੱਸਣਾ*

*ਦੋਹਰਾ-* ਸੁਨਿ ਸੁਨਿ ਗੁਰ ਕੇ ਬਚਨ ਕੋ ਗ਼ਨੀ ਗ਼ਰੀਬ ਬਿਸਾਲ।
ਬਜਾਹ ਉਛਾਹ ਪਛਾਨਿ ਕੈ ਗਮਨ ਠਾਨਿ ਤਤਕਾਲ॥ ੧ ॥

ਗੁਰੂ ਜੀ ਦੇ ਬਚਨ ਸੁਣ ਸੁਣ ਕੇ ਅਮੀਰ ਗ਼ਰੀਬ ਸਾਰੇ ਵਿਆਹ ਦਾ ਉਤਸ਼ਾਹ ਪਛਾਣ ਕੇ ਤੁਰਤ ਚਲ ਪਏ॥ ੧ ॥

*ਚੌਪਈ-* ਅਨਿਕ ਬਨਿਕ ਰੋਪਰ ਤੇ ਆਏ। ਸਕਲ ਭਾਂਤਿ ਕੋ ਸਉਦਾ ਲਜਾਏ।
ਪੁਰਿ ਹੁਸ਼ੀਆਰਿ ਆਦਿ ਜੇ ਹੁਤੇ। ਤਿਨ ਮਹਿਂ ਤੇ ਆਵਤਿ ਭੇ ਇਤੇ ॥੨ ॥

ਬਹੁਤ ਬਾਣੀਏਂ ਰੋਪੜ ਤੋਂ ਆਏ, ਸਰਬ ਪ੍ਰਕਾਰ ਦਾ ਉਹ ਸੌਦਾ ਲੈ ਕੇ ਆਏ। ਹੁਸ਼ਿਆਰਪੁਰ ਆਦਿ ਜਿਹੜੇ ਨਗਰ ਸਨ, ਉਨ੍ਹਾਂ ਨਗਰਾਂ ਤੋਂ ਵੀ ਬਹੁਤ ਵਪਾਰੀ ਏਧਰ ਆਏ॥ ੨ ॥

ਕੇਤਿਕ ਗੁਰ ਸਿਖ ਸੰਗਤਿ ਆਵਹਿਂ। ਤਿਨ ਕੇ ਸੰਗ ਅਪਰ ਮਿਲਿ ਜਾਵਹਿਂ।
ਧਨ ਖਾਟਹਿਂਗੇ ਕਰਿ ਬਿਵਹਾਰੋ। ਮੇਲਾ ਲਾਗਹਿ ਕਈ ਹਜ਼ਾਰੋ ॥ ੩ ॥

ਕਈ ਗੁਰਸਿੱਖਾਂ ਦੀਆਂ ਸੰਗਤਾਂ ਆਉਂਦੀਆਂ ਸਨ, ਉਨ੍ਹਾਂ ਦੇ ਨਾਲ ਹੋਰ ਸਿੱਖ ਮਿਲ ਜਾਂਦੇ ਸਨ। ਕਹਿੰਦੇ ਸਨ ਕਿ ਵਪਾਰ ਕਰਕੇ ਧਨ ਖੱਟਾਂਗੇ। ਕਈ ਹਜ਼ਾਰਾਂ ਦੀ ਗਿਣਤੀ ਵਿਚ ਮੇਲਾ ਲੱਗੇਗਾ॥ ੩ ॥

ਸੁਨਿ ਸੁਨਿ ਨਰ ਗ੍ਰਾਮਨਿ ਸਮੁਦਾਏ। ਕਰਿ ਚਿਤ ਚੌਂਪ ਤੁਰਤ ਚਲਿ ਆਏ।
ਹੁਤੋ ਨਗਰ ਸੀਰੰਦ ਬਡੇਰੋ। ਤਹਿਂ ਬਿਵਹਾਰੀ ਮਿਲੇ ਘਨੇਰੋ॥ ੪ ॥

ਪਿੰਡਾਂ ਦੇ ਲੋਕ ਸੁਣ ਸੁਣ ਕੇ ਬੜੇ ਉਤਸ਼ਾਹ ਨਾਲ ਭਰ ਕੇ ਤੁਰਤ ਚਲ ਪਏ। ਉਸ ਸਮੇਂ ਸਰਹੰਦ ਇਕ ਵੱਡਾ ਨਗਰ ਸੀ, ਉਥੇ ਬਹੁਤ ਵਪਾਰੀ ਇਕੱਠੇ ਹੋਏ॥ ੪ ॥

ਬਡੋ ਬਜ਼ਾਰ ਤਹਾਂ ਤੇ ਆਯੋ। ਬਨਜ ਹੇਤੁ ਸਉਦਾ ਬਡ ਲਜਾਯੋ।
ਕੇਤਿਕ ਸਿੱਖ ਦਰਬ ਤੇ ਹੀਨੇ। ਸੁਨਿ ਗੁਰ ਹੁਕਮ ਹਰਖ ਉਰ ਕੀਨੇ ॥ ੫ ॥

ਇਕ ਵੱਡਾ ਬਜ਼ਾਰ ਓਥੋਂ ਆਇਆ, ਵਪਾਰ ਵਾਸਤੇ ਉਹ ਬਹੁਤ ਸੌਦਾ ਲਿਆਏ। ਕਈ ਸਿੱਖ ਧਨ ਤੋਂ ਬਗ਼ੈਰ ਸਨ। ਉਹ ਗੁਰੂ ਜੀ ਦਾ ਹੁਕਮ ਸੁਣ ਬਹੁਤ ਪ੍ਰਸੰਨ ਹੋਏ॥ ੫ ॥

ਗੁਰ ਘਰ ਤੇ ਧਨ ਲੇਹਿਂ ਸੁਖਾਰੇ। ਖਾਟਹਿਂ ਲਾਭ ਕਰਹਿਂ ਬਿਵਹਾਰੇ।
ਉਤਸਵ ਮਹਾਂ ਬਜਾਹ ਕੋ ਹੋਵੈ। ਬਹੁ ਦਿਨ ਲਗਿ ਗੁਰ ਦਰਸ਼ਨ ਜੋਵੈਂ॥ ੬॥

ਗੁਰੂ ਘਰ ਤੋਂ ਆਸਾਨੀ ਨਾਲ ਧਨ ਲੈ ਲਵਾਂਗੇ ਤੇ ਵਪਾਰ ਕਰਕੇ ਲਾਭ ਖਟਾਂਗੇ। ਵਿਆਹ ਦਾ ਮਹਾਨ ਉਤਸਵ ਹੋਵੇਗਾ, ਬਹੁਤ ਦਿਨਾਂ ਤਕ ਗੁਰੂ ਜੀ ਦੇ ਦਰਸ਼ਨ ਪਾਵਾਂਗੇ॥ ੬॥

ਬਹੁ ਗੁਨ ਹੈਂ ਅਨੰਦਪੁਰਿ ਜਾਨੇ। ਮਿਲਿ ਕਰਿ ਸਜਾਨੇ ਸਭਿਹਿਨਿ ਜਾਨੇ।
ਗਮਨੇ ਕਿਤਿਕ ਸਕਟ ਕਰਿ ਭਾਰੇ। ਆਪ ਅਰੂਢੇ ਲਾਦਯੋ ਭਾਰੇ॥ ੭॥

ਅਨੰਦਪੁਰ ਜਾਣ ਦੇ ਬਹੁਤ ਗੁਣ ਹਨ, ਮਿਲ ਕੇ ਸਭ ਸਿਆਣਿਆਂ ਨੇ ਜਾਣਿਆ। ਕਈ ਗੱਡੇ ਭਾੜੇ ਤੇ ਲੈ ਕੇ ਚਲ ਪਏ ਤੇ ਭਾਰਾਂ ਨੂੰ ਲੱਦ ਕੇ ਆਪ ਵੀ ਚੜ੍ਹ ਪਏ॥ ੭॥

ਨਿਕਟ ਨਿਕਟ ਜੇਤਿਕ ਥੇ ਬਾਸੀ। ਚਲਿ ਆਏ ਆਨੰਦਪੁਰਿ ਪਾਸੀ।
ਇਮ ਜਬਿ ਅਨਿਕ ਬਨਿਕ ਚਲਿ ਆਏ। ਸ਼੍ਰੀ ਕਲਗ਼ੀਧਰ ਤਿਨ ਸੁਧਿ ਪਾਏ॥੮॥

ਨੇੜੇ-ਨੇੜੇ ਦੇ ਜਿੰਨੇ ਵੀ ਵੱਸਣ ਵਾਲੇ ਸਨ, ਉਹ ਚਲ ਕੇ ਅਨੰਦਪੁਰ ਦੇ ਪਾਸ ਆ ਗਏ। ਇਸ ਤਰ੍ਹਾਂ ਜਦ ਅਨੇਕਾਂ ਬਾਣੀਏਂ ਚਲ ਕੇ ਆ ਗਏ ਤੇ ਜਦ ਕਲਗੀਧਰ ਗੁਰੂ ਜੀ ਨੂੰ ਉਨ੍ਹਾਂ ਬਾਰੇ ਖ਼ਬਰ ਮਿਲੀ॥ ੮॥

ਨਿਜ ਪੁਰਿ ਤੇ ਉੱਤਰ ਦਿਸ਼ਿ ਲਹਯੋ। ਸ਼ੁਭ ਥਲ ਲਵਪੁਰਿ ਕਰਿਬੋ ਚਹਯੋ।
ਤਬਿ ਮਾਤੁਲ ਕੇ ਸੰਗ ਬਖਾਨਾ। 'ਹੁਕਮ ਮਸੰਦਨ ਦੇਹੁ ਸੁਜਾਨਾ॥ ੯॥

ਤਾਂ ਉਨ੍ਹਾਂ ਆਪਣੇ ਨਗਰ ਤੋਂ ਉੱਤਰ ਵਾਲੇ ਪਾਸੇ ਵੇਖਿਆ ਲਾਹੌਰ ਨੂੰ ਇਕ ਸ਼ੁਭ ਸਥਾਨ ਤੇ ਵਸਾਉਣਾ ਚਾਹੁੰਦੇ ਸਨ। ਤਦ ਉਨ੍ਹਾਂ ਨੇ ਆਪਣੇ ਮਾਮਾ ਜੀ ਨੂੰ ਕਿਹਾ, "ਮਸੰਦਾਂ ਨੂੰ ਹੁਕਮ ਕਰੋ॥ ੯॥

ਤਿਸ ਥਲ ਜਾਇ ਕਰਾਵਹਿਂ ਆਹਰ। ਜਿਸ ਬਿਧਿ ਨਗਰ ਬਸਹਿ ਬਡ ਜ਼ਾਹਰ।
ਬੀਚ ਬਜ਼ਾਰ ਬਿਲੰਦ ਬਨਾਵਹਿਂ। ਬ੍ਰਿੰਦ ਬਰੋਬਰ ਛਾਪਰ ਛਾਵਹਿਂ॥ ੧੦॥

ਉਸ ਥਾਂ ਜਾ ਕੇ ਉਹ ਉੱਦਮ ਕਰਨ, ਜਿਸ ਵਿਧੀ ਨਾਲ ਪ੍ਰਗਟ ਰੂਪ ਵਿਚ ਸੁੰਦਰ ਨਗਰ ਵਸੇ। ਵਿਚ ਵੱਡੇ ਵੱਡੇ ਬਜ਼ਾਰ ਬਣਾਵੋ ਤੇ ਬਰਾਬਰ ਬਰਾਬਰ 'ਤੇ ਬਹੁਤ ਛੱਪਰ ਛਾ ਜਾਣ॥ ੧੦॥

ਲਾਇ ਮਿਹਨਤੀ ਨਗਨਿ ਹਜ਼ਾਰਹੁਂ। ਧਰਿ ਤੂਰਨਤਾ ਠਾਨਹਿਂ ਤਯਾਰਹੁ।
ਜੋ ਬਿਵਹਾਰੀ ਚਲਿ ਕਰਿ ਆਵਹਿ। ਦੇ ਤਿਸ ਕੋ ਸਨਮਾਨ ਬਸਾਵਹਿਂ॥੧੧॥

ਹਜ਼ਾਰਾਂ ਮਜ਼ਦੂਰਾਂ ਨੂੰ ਲਾਵੋਂ; ਜਿਹੜੇ ਤੁਰਤ-ਫੁਰਤ ਕਰਕੇ ਨਗਰ ਤਿਆਰ ਕਰਨ। ਜਿਹੜਾ ਵੀ ਵਪਾਰੀ ਚਲ ਕੇ ਆਵੇ, ਉਸ ਨੂੰ ਸਨਮਾਨ ਦੇ ਕੇ ਵਸਾਓ॥ ੧੧॥

ਆਪ ਰੋਜ਼ ਤਹਿਂ ਕੀਜਹਿ ਫੇਰਾ। ਸੰਗਰ ਦਿਹੁ ਬੰਧਵਾਇ ਚੁਫੇਰਾ।
ਸੁਨਿ ਗੁਰ ਹੁਕਮ ਬਸਾਵਨਿ ਲਵਪੁਰਿ। ਕਾਰਜ ਲੀਨਿ ਸੰਭਾਰਿ ਹਰਖ ਉਰ॥੧੨॥

ਆਪ ਰੋਜ਼ ਓਥੇ ਫੇਰਾ ਮਾਰੋ ਤੇ ਚਾਰ ਚੁਫੇਰੇ ਵਾੜ ਕਰ ਦੇਵੋ" ਗੁਰੂ ਜੀ ਦਾ ਇਹ ਹੁਕਮ ਸੁਣ ਕੇ ਕਿ ਲਾਹੌਰ ਵਸਾਉਣਾ ਹੈ, ਕਿਰਪਾਲ ਚੰਦ ਮਾਮਾ ਜੀ ਨੇ ਦਿਲ ਵਿਚ ਪ੍ਰਸੰਨ ਹੋ ਕੇ ਸਾਰਾ ਕਾਰਜ ਸੰਭਾਲ ਲਿਆ॥ ੧੨॥

ਬ੍ਰਿੰਦ ਮਸੰਦਨ ਲਏ ਹਕਾਰਾ। ਸਭਿ ਪ੍ਰਤਿ ਗੁਰ ਕੋ ਹੁਕਮ ਉਚਾਰਾ।
ਧਰਿ ਧਰਿ ਹਰਖ ਸਕਲ ਚਲਿ ਗਏ। ਪੁੰਜ ਮਿਹਨਤੀ ਇਕ ਥਲ ਕਿਏ॥੧੩॥

ਉਨ੍ਹਾਂ ਨੇ ਬਹੁਤ ਮਸੰਦਾਂ ਨੂੰ ਬੁਲਾ ਲਿਆ, ਸਾਰਿਆਂ ਪਾਸ ਗੁਰੂ ਜੀ ਦਾ ਹੁਕਮ ਉਚਾਰਨ ਕੀਤਾ। ਪ੍ਰਸੰਨਤਾ ਧਾਰ ਧਾਰ ਸਾਰੇ ਚਲ ਕੇ ਆ ਗਏ ਤੇ ਬਹੁਤ ਮਜ਼ਦੂਰ ਇਕ ਥਾਂ ਇਕੱਠ ਕੀਤੇ॥ ੧੩॥

**ਤੁਰਤ ਛਾਪਰ ਛਾਵਨਿ ਕਰੇ। ਰੀਤਿ ਬਜਾਰਨਿ ਕੀ ਅਨੁਸਰੇ।**
**ਪਹੁੰਚੇ ਤਹਾਂ ਅਨਿਕ ਬਿਵਹਾਰੀ। ਹੇਰਿ ਹੇਰਿ ਕਰਿ ਹਾਟ ਸੰਭਾਰੀ॥ ੧੪॥**

ਤੁਰਤ ਛੱਪਰ ਲਾ ਲਏ, ਬਜ਼ਾਰਾਂ ਦੀ ਰੀਤੀ ਅਨੁਸਾਰ ਉਨ੍ਹਾਂ ਨੂੰ ਗੱਡ ਦਿੱਤਾ। ਓਥੇ ਅਨੇਕਾਂ ਵਪਾਰੀ ਪਹੁੰਚ ਗਏ। ਵੇਖ ਵੇਖ ਕੇ ਉਨ੍ਹਾਂ ਹੱਟੀਆਂ ਸੰਭਾਲ ਲਈਆਂ॥ ੧੪॥

**ਸ੍ਰੀ ਗੁਰੂ ਹਰਿ ਗੁਵਿੰਦ ਕੀ ਤਨੀਆ। ਪੰਚ ਪੁਤ੍ਰ ਤਿਸ ਨੇ ਭਟ ਜਨੀਆ।**
**ਗੁਰੂ ਭਾਨਜੇ ਤਿਨ ਕੋ ਕਹੈਂ। ਮਹਾਂਬੀਰ ਸੁਭ ਮਤਿ ਮਹਿਂ ਅਹੈਂ॥ ੧੫॥**

ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ ਬੀਬੀ ਵੀਰੋ ਨੇ ਪੰਜ ਸੂਰਬੀਰ ਪੁੱਤਰਾਂ ਨੂੰ ਜਨਮ ਦਿੱਤਾ ਸੀ। ਗੁਰੂ ਭਾਣਜੇ ਉਨ੍ਹਾਂ ਦੀ ਅੱਲ ਪੈ ਗਈ ਸੀ ਕਿਉਂਕਿ ਉਹ ਵੱਡੇ ਗੁਰੂ ਤੇਗ਼ ਬਹਾਦਰ ਜੀ ਦੇ ਭਾਣਜੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਭੂਆ ਦੇ ਪੁੱਤਰ ਭਰਾ ਸਨ। ਉਹ ਪੰਜੇ ਵੱਡੇ ਮਹਾਂਬੀਰ ਅਤੇ ਸ਼ੁਭ ਮੱਤ ਵਾਲੇ ਸਨ॥ ੧੫॥

**ਨਾਮ ਬਡੇ ਕੋ ਸੰਗੋ ਧਰਜੋ। ਸੋ ਗੁਰ ਨਿਕਟ ਹਕਾਰਨਿ ਕਰਜੋ।**
**ਤਿਸ ਕੋ ਕਾਜ ਦੀਨਿ ਸੰਭਾਰਨ। 'ਪੁਰਿ ਪੁਰਿ ਕੋ ਮੁਖਿ ਕਰਹੁ ਹਕਾਰਨਿ॥੧੬॥**

ਵੱਡੇ ਪੁੱਤਰ ਦਾ ਨਾਮ ਸੰਗੋ ਰੱਖਿਆ ਸੀ, ਉਸ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾ ਲਿਆ। ਉਸ ਨੂੰ ਗੁਰੂ ਜੀ ਨੇ ਇਹ ਕੰਮ ਸੰਭਾਲ ਦਿੱਤਾ, "ਨਗਰ-ਨਗਰ ਦੇ ਮੁੱਖੀਆਂ ਨੂੰ ਬੁਲਾਓ॥ ੧੬॥

**ਪੂੰਜੀ ਜੇਤਿਕ ਲੈ ਹੈ ਕੋਇ। ਤੇਤਿਕ ਦਰਬ ਦੇਹੁ ਹਿਤ ਸੋਇ।**
**ਖਾਟਹਿਂ ਲਾਭ ਸਦਨ ਲੇ ਜਾਇਂ। ਸਉਦਾ ਕਰਹਿਂ ਬਨਕ ਸਮੁਦਾਇ॥੧੭॥**

ਜਿੰਨੀ ਵੀ ਕੋਈ ਰਕਮ ਲੈਣੀ ਚਾਹੇ, ਓਨਾ ਹੀ ਉਸ ਨੂੰ ਧਨ ਦੇ ਦੇਵੋ। ਉਹ ਲਾਭ ਖੱਟ ਕੇ ਆਪਣੇ ਘਰ ਨੂੰ ਲੈ ਜਾਵੇ ਤੇ ਅਸਲ ਰਕਮ ਸਾਨੂੰ ਮੋੜ ਦੇਣ, ਸਾਰੇ ਬਾਣੀਏ ਵਪਾਰ ਕਰਨ॥ ੧੭॥

**ਸਭਿ ਕੋ ਸਾਦਰ ਤਹਾਂ ਬਸਾਵਹੁ। ਨਿਰਧਨ ਕੋ ਧਨ ਦੇਹੁ ਬਿਠਾਵਹੁ।**
**ਸੁਧਿ ਕੋ ਲੇਹੁ ਫਿਰਹੁ ਥਲ ਸਾਰੇ। ਥੁਰਜੋ ਨ ਰਹਿ, ਸਭਿ ਕਰਹੁ ਸੰਭਾਰੇ' ॥੧੮॥**

ਸਾਰਿਆਂ ਨੂੰ ਆਦਰ ਨਾਲ ਓਥੇ ਵਸਾਵੋ ਤੇ ਗ਼ਰੀਬਾਂ ਨੂੰ ਧਨ ਦੇ ਕੇ ਬਿਠਾਵੋ, ਸਾਰੇ ਸਥਾਨ 'ਤੇ ਘੁੰਮ ਫਿਰ ਕੇ ਉਨ੍ਹਾਂ ਦੀ ਖਬਰ ਸਾਰ ਰੱਖੋ, ਕਿਸੇ ਨੂੰ ਕੋਈ ਤੋਟ ਨਾ ਆਵੇ ਸਭ ਦੀ ਸੰਭਾਲ ਕਰੋ"॥ ੧੮॥

**ਇੱਤਜਾਦਿਕ ਕਾਰਜ ਜੇ ਔਰ। ਸੌਂਪੇ ਸਭਿ ਸੋਢੀ ਸਿਰਮੌਰ।**
**ਨਿਜ ਨਿਜ ਕਾਰ ਕਰਨਿ ਕਉ ਲਾਗੇ। ਦੇਤਿ ਤੁਰਤ ਜੋ ਚਹੀਅਹਿ ਮਾਂਗੇ॥੧੯॥**

ਇਸ ਤਰ੍ਹਾਂ ਦੇ ਜਿਹੜੇ ਹੋਰ ਕਾਰਜ ਸਨ, ਸੋਢੀ ਸ਼੍ਰੋਮਣੀ ਭਾਵ ਗੁਰੂ ਜੀ ਨੇ ਸਭ ਨੂੰ ਸੌਂਪ ਦਿੱਤੇ। ਸਾਰੇ ਆਪਣੀ ਆਪਣੀ ਕਾਰ ਕਰਨ ਲੱਗ ਗਏ, ਜੋ ਵੀ ਕੋਈ ਚਾਹੁੰਦਾ ਤੇ ਮੰਗਦਾ ਸੀ, ਉਸ ਨੂੰ ਤੁਰਤ ਦੇ ਦਿੰਦੇ ਸਨ॥ ੧੯॥

**ਨਿਜ ਪੁਰਿ ਤਜਿ ਤਜਿ ਨਰ ਗਨ ਆਏ। ਦੇ ਕਰਿ ਧਨ ਸਨਮਾਨ ਬਿਠਾਏ।**
**ਦੇਖਿ ਸੁਭਿੱਖੀ ਖੱਤ੍ਰੀ ਤਬੈ। ਪੁਰਿ ਬਸਿਬੇ ਕੋ ਉੱਦਮ ਸਬੈ॥ ੨੦॥**

ਆਪਣੇ-ਆਪਣੇ ਨਗਰ ਛੱਡ ਕੇ ਬਹੁਤ ਲੋਕ ਆਏ, ਉਨ੍ਹਾਂ ਨੂੰ ਧਨ ਦੇ ਕੇ ਬੜੇ ਸਨਮਾਨ ਨਾਲ ਬਿਠਾ ਦਿੱਤਾ। ਫਿਰ ਸੁਭਿੱਖੀ ਖੱਤਰੀ ਨੇ ਪਿੰਡ ਦੇ ਵੱਸਣ ਦੇ ਸਾਰੇ ਉੱਦਮਾਂ ਨੂੰ ਵੇਖਿਆ॥ ੨੦॥

ਚਲਜੋ ਹੁਕਮ ਨਾਮਾ ਲਿਖਵਾਇ। ਲਵਪੁਰਿ ਨਿਜ ਘਰ ਪਹੁੰਚਜੋ ਜਾਇ।
ਸਭਿ ਸੰਗਤਿ ਕਰਿ ਕੈ ਇਕ ਥਾਈਂ। ਸਤਿਗੁਰ ਮਰਜ਼ੀ ਤਬਹਿ ਸੁਨਾਈ॥੨੧॥

ਉਹ ਹੁਕਮਨਾਮਾ ਲਿਖਵਾ ਕੇ ਚਲ ਪਿਆ ਤੇ ਲਾਹੌਰ ਵਿਚ ਆਪਣੇ ਘਰ ਪਹੁੰਚ ਗਿਆ। ਸਾਰੀ ਸੰਗਤ ਨੂੰ ਇਕ ਥਾਂ ਇਕੱਠਾ ਕਰਕੇ ਫਿਰ ਸਤਿਗੁਰੂ ਜੀ ਦੀ ਮਰਜ਼ੀ ਨੂੰ ਸੁਣਾਇਆ ਗਿਆ॥ ੨੧॥

'ਲਵਪੁਰਿ ਨਵੋਂ ਬਸਾਵਨਿ ਕਰਜੋ। ਮੋਹਿ ਪ੍ਰਤੱਗਜਾ ਕੋ ਹਿਤ ਧਰਜੋ।
ਚਲਹੁ ਸਕਲ ਹੀ ਤਿਸ ਥਲ ਮਾਂਹੂ। ਰਚਹਿਂ ਸਮਾਜ ਅਨਿਕ ਬਿਧਿ ਬਜਾਹੂ॥੨੨॥

ਨਵਾਂ ਲਾਹੌਰ ਵਸਾ ਲਿਆ ਹੈ, ਮੇਰੀ ਪ੍ਰਤੱਗਿਆ ਦੇ ਪੂਰਾ ਕਰਨ ਵਿਚ ਗੁਰੂ ਜੀ ਨੇ ਹਿਤ ਧਾਰਿਆ ਹੈ। ਅਸੀਂ ਸਾਰੇ ਉਸ ਸਥਾਨ ਵਿਚ ਚਲੀਏ ਤੇ ਅਨੇਕ ਵਿਧੀਆਂ ਨਾਲ ਵਿਆਹ ਵਾਸਤੇ ਸਾਜ਼ੋ-ਸਾਮਾਨ ਤਿਆਰ ਕਰਵਾਈਏ॥ ੨੨॥

ਭਲੇ ਭਾਗ ਅਪਨੇ ਕਰਿ ਲਖੋ। ਗੁਰ ਢੁਕਾਉ ਕੇ ਕੌਤਕ ਪਿਖੋ।
ਹਮ ਹਿਤ ਨਗਰ ਨਵੋਂ ਬਸਵਾਯੋ। ਅਨਿਕ ਉਪਾਇ ਠਾਨਿ ਧਨ ਲਾਯੋ'॥੨੩॥

ਆਪਣੇ ਭਲੇ ਭਾਗ ਸਮਝੋ ਤੇ ਗੁਰੂ ਜੀ ਦੇ ਢੁਕਾਓ ਦੇ ਕੌਤਕ ਵੇਖੋ। ਸਾਡੇ ਵਾਸਤੇ ਨਵਾਂ ਨਗਰ ਵਸਾਇਆ ਹੈ। ਅਨੇਕ ਉਪਾਅ ਕਰਕੇ ਧਨ ਲਾਇਆ ਹੈ'॥ ੨੩॥

ਸੁਨਿ ਸਤਿਗੁਰ ਕੇ ਚਰਿਤ ਅਨੰਦੇ। ਲੇ ਲੇ ਆਪਨਿ ਦਰਬ ਬਿਲੰਦੇ।
ਸਕਟੇ ਬਹਿਲਨ ਕੋ ਜੁਰਵਾਇ। ਸਦਨ ਸੌਜ ਸਗਰੀ ਲਦਵਾਇ॥ ੨੪॥

ਸਤਿਗੁਰੂ ਜੀ ਦੇ ਚਰਿੱਤਰ ਬਾਰੇ ਸੁਣ ਬਹੁਤ ਪ੍ਰਸੰਨ ਹੋਏ। ਆਪਣੇ ਪਾਸ ਬਹੁਤ ਧਨ ਲੈ ਲੈ ਕੇ ਗੱਡਿਆਂ ਨਾਲ ਬਲਦ ਜੁੜਵਾਏ ਤੇ ਘਰ ਦੀ ਸਾਰੀ ਸਮੱਗਰੀ ਲਦਵਾ ਲਈ॥ ੨੪॥

ਲੋਕ ਹਜ਼ਾਰਹੁੰ ਲਵਪੁਰਿ ਕੇਰੇ। ਗਵਨੇ ਲੀਨਿ ਸਮਾਜ ਘਨੇਰੇ।
ਬ੍ਰਿੰਦ ਕਾਮਨੀ ਸਜੰਦਨ ਚਢੀ। ਕੋ ਬਹਿਲਨ ਪਰ ਚੌਂਪਹਿ ਬਢੀ॥ ੨੫॥

ਲਾਹੌਰ ਦੇ ਹਜ਼ਾਰਾਂ ਲੋਕ, ਬਹੁਤ ਸਾਮਾਨ ਲੈ ਕੇ ਚਲ ਪਏ। ਬਹੁਤ ਇਸਤਰੀਆਂ ਰੱਥਾਂ ਤੇ ਚੜ੍ਹ ਗਈਆਂ। ਕਈ ਬਹਿਲਾਂ ਤੇ ਪ੍ਰਸੰਨ ਹੋ ਕੇ ਬੈਠ ਗਈਆਂ॥ ੨੫॥

ਬਸਨ ਬਿਭੂਖਨ ਭੂਖਿਤ ਹੋਈ। ਗੁਰ ਬਜਾਹਤਿ ਮੁਦਤੇ ਸਭਿ ਕੋਈ।
ਸਨੇ ਸਨੇ ਸਭਿ ਮਗ ਉਲੰਘਾਏ। ਸਤੁੱਦ੍ਰਵ ਉਤਰਿ ਅਨੰਦਪੁਰਿ ਆਏ॥੨੬॥

ਵਸਤਰ, ਗਹਿਣੇ ਉਨ੍ਹਾਂ ਬਹੁਤ ਸੁੰਦਰ ਪਹਿਣੇ ਹੋਏ ਸਨ, ਗੁਰੂ ਜੀ ਦਾ ਵਿਆਹ ਸੁਣ ਕੇ ਸਾਰੇ ਬਹੁਤ ਪ੍ਰਸੰਨ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ ਤੇ ਸਤਲੁਜ ਦਰਿਆ ਪਾਰ ਕਰਕੇ ਅਨੰਦਪੁਰ ਪਹੁੰਚ ਗਏ॥ ੨੬॥

ਜਿਹ ਠਾਂ ਲਵਪੁਰਿ ਗੁਰੂ ਬਸਾਯੋ। ਪਹੁੰਚੇ ਤਹਾਂ ਸਮਾਜ ਟਿਕਾਯੋ।
ਕਰਜੋ ਖਰੀਦਨ ਘ੍ਰਿਤ ਮਿਸ਼ਟਾਨ। ਲੀਨੋ ਨੀਕੋ ਅੰਨ ਮਹਾਨ॥ ੨੭॥

ਗੁਰੂ ਜੀ ਨੇ ਜਿਸ ਥਾਂ ਲਾਹੌਰ ਵਸਾਇਆ ਸੀ, ਉਥੇ ਪਹੁੰਚ ਕੇ ਸਾਰਾ ਸਾਮਾਨ ਟਿਕਾ ਦਿੱਤਾ। ਓਥੇ ਜਾ ਕੇ ਘਿਉ ਤੇ ਖੰਡ ਖਰੀਦੀ ਤੇ ਮਹਾਨ ਸੁੰਦਰ ਅਨਾਜ ਲੈ ਲਿਆ॥ ੨੭॥

ਮੇਵੇ ਬ੍ਰਿੰਦ ਮੋਲ ਲੇ ਧਰੇ। ਬਾਸਨ ਬਡੇ ਲਜਾਇਬੋ ਕਰੇ।
ਸੂਖਮ ਚਾਵਰ ਚਾਰੁ ਲੰਮੇਰੇ। ਦੇ ਕਰਿ ਦਰਬ ਲੀਨਿ ਬਹੁਤੇਰੇ॥ ੨੮॥

ਬਹੁਤ ਮੇਵੇ ਮੁੱਲ ਲੈ ਕੇ ਰੱਖ ਲਏ, ਬਹੁਤ ਵੱਡੇ-ਵੱਡੇ ਬਰਤਨ ਲਿਆਏ। ਸੂਖਮ ਸੁੰਦਰ ਲੰਮੇ ਚਾਵਲ, ਧਨ ਦੇ ਕੇ ਖਰੀਦ ਲਏ॥ ੨੮॥

**ਅੰਬਰ, ਪਸ਼ਮੰਬਰ, ਪਾਟੰਬਰ। ਕਰੇ ਖਰੀਦਨਿ ਜੇ ਪਿਖਤੰਬਰ।**
**ਦੀਹ ਕਰਾਹੇ ਦਏ ਧਰਾਇ। ਅਨਿਕ ਭਾਂਤਿ ਪਕਵਾਨ ਬਨਾਇ॥ ੨੯॥**

ਊਨੀ, ਰੇਸ਼ਮੀ, ਸੂਤੀ ਕੱਪੜੇ ਜਿਹੜੇ ਸ੍ਰੇਸ਼ਟ ਦਿਖਾਈ ਦਿੰਦੇ ਸਨ ਖਰੀਦ ਲਏ। ਵੱਡੇ-ਵੱਡੇ ਕੜਾਹੇ ਧਰਾ ਦਿੱਤੇ ਤੇ ਅਨੇਕਾਂ ਪ੍ਰਕਾਰ ਦੇ ਪਕਵਾਨ ਤਿਆਰ ਕੀਤੇ॥ ੨੯॥

**ਮੋਦਕ ਕਰਤਿ ਮੋਦ ਬਨਵਾਏ। ਅਧਿਕ ਸਿਤਾ ਕੋ ਬੀਚ ਮਿਲਾਏ।**
**ਦਾਖ, ਬਿਦਾਮਨ, ਗਰੀ ਸਬਾਈ। ਕਰਿ ਕਰਿ ਤਯਾਰ ਧਰੇ ਸਮੁਦਾਈ॥ ੩੦॥**

ਅਨੰਦ ਦੇਣ ਵਾਲੇ ਲੱਡੂ ਬਣਵਾਏ, ਉਨ੍ਹਾਂ ਦੇ ਵਿਚ ਬਹੁਤ ਖੰਡ ਮਿਲਾਈ। ਉਨ੍ਹਾਂ ਵਿਚ ਬਹੁਤ ਮੇਵੇ, ਬਦਾਮ ਅਤੇ ਗਿਰੀਆਂ ਪਾਈਆਂ ਗਈਆਂ ਤੇ ਤਿਆਰ ਕਰ-ਕਰ ਸਾਰੇ ਰੱਖ ਦਿੱਤੇ॥ ੩੦॥

**ਨਾਗਰ ਨਾਰਿ ਮਿਲੀ ਗਨ ਆਇ। ਭਾਂਤਿ ਭਾਤਿ ਕੇ ਗੀਤਨਿ ਗਾਇ।**
**ਕਿਤਿਕ ਢੋਲਕੀ ਕਰਹਿਂ ਬਜਾਵਨਿ। ਨਾਚਹਿ ਮਾਚਹਿਂ ਗਾਚਹਿਂ ਚਾਵਨ॥ ੩੧॥**

ਨਗਰ ਦੀਆਂ ਬਹੁਤ ਇਸਤਰੀਆਂ ਆ ਕੇ ਮਿਲੀਆਂ ਤੇ ਮਿਲ ਕੇ ਉਨ੍ਹਾਂ ਭਾਂਤ-ਭਾਂਤ ਦੇ ਗੀਤ ਗਾਏ। ਕਈ ਢੋਲਕੀਆਂ ਵਜਾਉਂਦੀਆਂ ਸਨ। ਕਈ ਬੜੇ ਉਤਸ਼ਾਹ ਅਤੇ ਚਾਹ ਨਾਲ ਨਚਦੀਆਂ ਹੋਈਆਂ ਮਚ ਉੱਠਦੀਆਂ ਸਨ॥ ੩੧॥

**ਗਨ ਨਗਰਨਿ ਕੇ ਬਹੁ ਹਲਵਾਈ। ਭਾਂਤਿ ਭਾਂਤਿ ਕੀ ਕਰਤਿ ਮਿਠਾਈ।**
**ਬਡੇ ਜਲੇਬ ਪਕਾਵਨਿ ਕਰੈਂ। ਆਛੀ ਰੀਤਿ ਸੁਧਾਰਤਿ ਧਰੈਂ॥ ੩੨॥**

ਕਈ ਨਗਰਾਂ ਦੇ ਬਹੁਤ ਹਲਵਾਈ ਭਾਂਤ-ਭਾਂਤ ਦੀਆਂ ਮਿਠਾਈਆਂ ਬਣਾਉਂਦੇ ਸਨ। ਕਈ ਜਲੇਬ ਤਿਆਰ ਕਰਦੇ ਸਨ ਤੇ ਚੰਗੀ ਰੀਤ ਨਾਲ ਉਨ੍ਹਾਂ ਨੂੰ ਸੁਧਾਰ ਕੇ ਧਰਦੇ ਸਨ॥ ੩੨॥

**ਨੁਗਦੀ, ਘੇਵਰ ਕੇ ਸਮੁਦਾਇ। ਕਰਿ ਰਾਖੇ ਅੰਬਾਰ ਲਗਾਇ।**
**ਬਰੇ ਪਕੌਰੇ ਦਧੀ ਮਿਲਾਏ। ਜੀਰਕ, ਧਨੀਆਂ, ਮਿਰਚਨਿ ਪਾਏ॥ ੩੩॥**

ਨੁਗਦੀ, ਘੇਵਰ ਇਕੱਠੇ ਕਰਕੇ ਅੰਬਾਰ ਲਾ ਕੇ ਰੱਖ ਲਏ, ਵੜੇ ਅਤੇ ਪਕੌੜੇ ਦਹੀਂ ਵਿਚ ਪਾਏ, ਉਨ੍ਹਾਂ ਵਿਚ ਜ਼ੀਰਾ, ਧਨੀਆਂ ਅਤੇ ਮਿਰਚਾਂ ਪਾਈਆਂ ਗਈਆਂ॥ ੩੩॥

**ਦਧਿ ਮਹਿਂ ਅਧਿਕ ਸਾਵਰੀ ਪਾਈ। ਬਨਜੋ ਰਾਇਤਾ ਜੁਤਿ ਸਮੁਦਾਈ।**
**ਇੱਤਯਾਦਿਕ ਪਕਵਾਨ ਪਕਾਏ। ਮਧੁਰ ਸਨਿਗਧ ਸ੍ਵਾਦ ਕਰਿਵਾਏ॥ ੩੪॥**

ਦਹੀਂ ਵਿਚ ਬਹੁਤ ਸੌਗੀ ਪਾਈ ਗਈ, ਸੌਗੀ ਦਾ ਬਹੁਤ ਮਿੱਠਾ ਰਾਇਤਾ ਬਣ ਗਿਆ। ਇਸ ਤਰ੍ਹਾਂ ਕਈ ਪਕਵਾਨ ਤਿਆਰ ਕੀਤੇ ਜਿਹੜੇ ਬੜੇ ਮਿੱਠੇ, ਖੁਸ਼ਬੂਦਾਰ, ਅਤੇ ਸਵਾਦੀ ਤਿਆਰ ਕਰਵਾਏ ਸਨ॥ ੩੪॥

**ਪਰਜੋ ਬਜ਼ਾਰ ਹੋਤਿ ਬਿਵਹਾਰ। ਕਰਹਿਂ ਖਰੀਦਨਿ ਵਸਤੁ ਉਦਾਰ।**
**ਖਾਨ ਪਾਨ ਕੇ ਕਾਰਨ ਕੋਈ। ਚੂਨ ਘ੍ਰਿਤ ਆਦਿਕ ਲੇ ਸੋਈ॥ ੩੫॥**

ਬਜ਼ਾਰ ਬਣ ਗਿਆ ਜਿਥੇ ਵਪਾਰ ਚਲਦਾ ਸੀ, ਲੋਕ ਬਹੁਤ ਵਸਤਾਂ ਖਰੀਦ ਰਹੇ ਸਨ। ਕਈ ਖਾਣ ਪੀਣ ਵਾਸਤੇ ਆਟਾ, ਘਿਉ ਆਦਿ ਲੈ ਰਹੇ ਸਨ॥ ੩੫॥

**ਕੇਤਿਕ ਬਸਤ੍ਰ ਪਹਿਰਿਬੇ ਹੇਤੁ। ਲੇਤਿ ਅਨੂਠੇ ਧਨ ਕੋ ਦੇਤਿ।**
**ਗੁਰੂ ਬਾਕ ਤੇ ਬਨਜ ਉਦਾਰ। ਲੇਨਿ ਦੇਨਿ ਠਾਨਤਿ ਬਿਵਹਾਰ॥ ੩੬ ॥**

ਕਈ ਪਹਿਨਣ ਵਾਸਤੇ, ਧਨ ਖਰਚ ਕੇ ਅਜੀਬ ਪ੍ਰਕਾਰ ਦੇ ਵਸਤਰ ਲੈ ਰਹੇ ਸਨ। ਗੁਰੂ ਜੀ ਦਾ ਬਚਨ ਹੋਣ ਕਰਕੇ ਬਹੁਤ ਸੌਦਾ ਵਿਕਿਆ, ਲੈਣ ਦੇਣ ਦਾ ਵੱਡਾ ਵਿਹਾਰ ਚਲ ਰਿਹਾ ਸੀ॥ ੩੬ ॥

**ਗੁਰੂ ਬਰਾਤ ਸਮੇਤ ਉਤਰਿਬੇ। ਬ੍ਰਿੰਦ ਛਾਪਰਨਿ ਛਾਵਨਿ ਕਰਿਬੇ।**
**ਤਪਤ ਬਿਦਾਰਨ ਸੰਘਣੀ ਛਾਯਾ। ਅਨਿਕ ਜਤਨ ਤੇ ਚਾਰੁ ਬਨਾਯਾ॥ ੩੭ ॥**

ਗੁਰੂ ਜੀ ਨੇ ਬਰਾਤ ਸਮੇਤ ਉਤਾਰਾ ਕਰ ਲਿਆ, ਬਹੁਤ ਛੱਪਰ ਲਾ ਲਏ। ਸੰਘਣੀ ਛਾਂ ਤਪਸ਼ ਨੂੰ ਦੂਰ ਕਰਨ ਲਈ ਤਿਆਰ ਕੀਤੀ ਗਈ; ਜਿਹੜੀ ਅਨੇਕਾਂ ਯਤਨ ਕਰਕੇ ਸੁੰਦਰ ਬਣਾਈ ਸੀ॥ ੩੭ ॥

**ਬਨੀ ਬੈਠਕਾਂ ਸੀਤਲ ਥਾਨ। ਖਸ ਕੀ ਟਾਟੀ ਲਾਇ ਮਹਾਨ।**
**ਕਰਤਿ ਕਾਰ ਕੋ ਪੁੰਜ ਪਹਾਰੀ। ਸੰਧਜਾ ਕੋ ਸਭਿ ਪਾਇੰ ਦਿਹਾਰੀ॥ ੩੮ ॥**

ਠੰਡੇ ਥਾਵਾਂ ਤੇ ਬੈਠਣ ਵਾਲੇ ਸਥਾਨ ਬਣਾਏ ਗਏ, ਖਸ ਦੀਆਂ ਟੱਟੀਆਂ ਬਹੁਤ ਲਾਈਆਂ ਗਈਆਂ। ਇਹ ਵਸਤਾਂ ਤਿਆਰ ਕਰਨ ਵਾਸਤੇ ਬਹੁਤ ਪਹਾੜੀਏ ਲਾਏ ਗਏ, ਸ਼ਾਮ ਨੂੰ ਸਾਰੇ ਮਜ਼ਦੂਰ ਆਪਣੀ ਦਿਹਾੜੀ ਪਾਉਂਦੇ ਸਨ॥ ੩੮ ॥

**ਗੁਰ ਕੋ ਲਵਪੁਰਿ ਬਸਜੋ ਮਹਾਨਾ। ਜਹਿਂ ਕਹਿਂ ਲੇ ਬੈਠੇ ਧਨ ਧਾਨਾ।**
**ਭੀਰ ਬਜ਼ਾਰ ਬਿਖੈ ਬਹੁ ਹੋਈ। ਬਜਾਹ ਪ੍ਰਤੀਖਤਿ ਭੇ ਸਭਿ ਕੋਈ॥ ੩੯ ॥**

ਮਹਾਨ ਗੁਰੂ ਕਾ ਲਾਹੌਰ ਵੱਸਿਆ, ਜਿੱਥੇ ਕਿੱਥੇ ਅਨਾਜ ਅਤੇ ਧਨ ਲੈ ਕੇ ਬੈਠ ਗਏ। ਬਜ਼ਾਰ ਦੇ ਵਿਚ ਬਹੁਤ ਭੀੜ ਹੋ ਗਈ। ਸਾਰੇ ਵਿਆਹ ਦੀ ਇੰਤਜ਼ਾਰ ਕਰ ਰਹੇ ਸਨ॥ ੩੯ ॥

**ਨਰ ਨਾਰਿਨਿ ਕੇ ਅਤਿ ਚਿਤ ਚਾਊ। ਪਿਖਿਨਿ ਬਰਾਤ ਨਰਨਿ ਸਮੁਦਾਊ।**
**ਕਹਜੋ ਨ ਜਾਇ ਕਰੀ ਬਹੁ ਤਜਾਰੀ। ਭਯੋ ਬਾਸ ਤਹਿਂ ਆਨੰਦ ਭਾਰੀ॥ ੪੦ ॥**

ਇਸਤਰੀ-ਪੁਰਸ਼ਾਂ ਦਾ ਚਿੱਤ ਅਤਿ ਚਾਉ ਨਾਲ ਭਰਿਆ ਸੀ, ਬਰਾਤ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋਏ ਸਨ। ਕਿਹਾ ਨਹੀਂ ਜਾਂਦਾ, ਬਹੁਤ ਤਿਆਰੀ ਕੀਤੀ, ਉਥੇ ਭਾਰੀ ਆਨੰਦ ਦਾ ਵਾਸਾ ਹੋ ਗਿਆ॥ ੪੦ ॥

*ਪਹਿਲੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦ ॥*

## ਅਧਿਆਇ ਗਿਆਰ੍ਹਵਾਂ

*ਵਿਆਹ ਪ੍ਰਸੰਗ*

ਦੋਹਰਾ- **ਇਤਿ ਸਤਿਗੁਰ ਸਭਿ ਰੀਤਿ ਕਰਿ ਜੁਗ ਮਾਤਨਿ ਹਰਖਾਇ।**
**ਕਰੀ ਬਜਾਹ ਤਜਾਰੀ ਸਕਲ ਚਹੀਅਤਿ ਸੋ ਅਨਵਾਇ॥ ੧ ॥**

ਏਧਰ ਸਤਿਗੁਰੂ ਜੀ ਸਭ ਰੀਤੀਆਂ ਕਰਕੇ ਦੋਵਾਂ ਮਾਤਾ ਜੀ ਨੂੰ ਪ੍ਰਸੰਨ ਕੀਤਾ। ਵਿਆਹ ਦੀ ਸਾਰੀ ਤਿਆਰੀ ਕੀਤੀ, ਜੋ ਵੀ ਚੀਜ਼ ਚਾਹੀਦੀ ਸੀ ਮੰਗਵਾਈ॥ ੧ ॥

ਚੌਪਈ- ਤਬਹਿ ਸੁਭਿਖੀਏ ਸ਼ਗਨ ਪਠਾਯੋ। ਦਿਜ ਨਾਊ ਤਬਿ ਲੈ ਕਰਿ ਆਯੋ।
ਭਲੇ ਸਦਨ ਕਰਿਵਾਯਹੁ ਡੇਰਾ। ਖਾਨ ਪਾਨ ਪਠਿ ਸ੍ਵਾਦ ਬਡੇਰਾ ॥ ੨ ॥

ਤਦ ਸੁਭਿਖੀਏ ਨੇ ਸ਼ਗਨ ਭੇਜਿਆ, ਬ੍ਰਾਹਮਣ ਤੇ ਨਾਈ ਲੈ ਕੇ ਆਏ। ਉਨ੍ਹਾਂ ਦਾ ਚੰਗੇ ਘਰ ਵਿਚ ਡੇਰਾ ਕਰਵਾਇਆ ਬੜੇ ਸਵਾਦੀ ਭੋਜਨ ਉਨ੍ਹਾਂ ਦੇ ਖਾਣ ਪੀਣ ਵਾਸਤੇ ਭੇਜੇ॥ ੨॥

ਸ੍ਰੀ ਗੁਜਰੀ ਸੁਨਿ ਮੰਗਲ ਠਾਨਾ। ਕਰਜੋ ਹਕਾਰਨਿ ਗਣਕ ਸੁਜਾਨਾ।
'ਸ਼੍ਰੇਸ਼ਟ ਸਮਾਂ ਬਿਚਾਰ ਬਤਾਵਹੁ। ਮਮ ਸੁਤ ਮਸਤਕ ਤਿਲਕ ਕਢਾਵਹੁ' ॥੩ ॥

ਮਾਤਾ ਗੁਜਰੀ ਜੀ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਉਸ ਨੇ ਚਤੁਰ ਜੋਤਸ਼ੀ ਨੂੰ ਬੁਲਾਇਆ ਤੇ ਉਸ ਨੂੰ ਕਿਹਾ, "ਸ਼੍ਰੇਸ਼ਟ ਸਮਾਂ ਵਿਚਾਰ ਕੇ ਦੱਸੋ ਤੇ ਮੇਰੇ ਪੁੱਤਰ ਦੇ ਮੱਥੇ ਤੇ ਤਿਲਕ ਲਾਵੋ" ॥ ੩ ॥

'ਪ੍ਰਾਤਿ ਪੰਚਮੀ' ਬਿੱਪ੍ਰ ਉਚਾਰੀ। 'ਕੀਜਹਿ ਮਾਤਾ ਸਗਰੀ ਤਯਾਰੀ।
ਤੁਮਰੋ ਨੰਦਨ ਮੰਗਲ ਮੂਲ। ਸਕਲ ਗੀਰਬਾਨ ਅਨਕੂਲ॥ ੪॥

ਬ੍ਰਾਹਮਣ ਨੇ ਕਿਹਾ, "ਪੰਚਮੀ ਦੀ ਸਵੇਰ ਨੂੰ ਮਾਤਾ ਜੀ ਸਾਰੀ ਤਿਆਰੀ ਕਰੋ। ਤੁਹਾਡਾ ਪੁੱਤਰ ਮੰਗਲਾਂ ਦਾ ਮੂਲ ਹੈ, ਸਾਰੇ ਦੇਵਤੇ ਗੁਰੂ ਜੀ ਦੀ ਆਗਿਆ ਅਨੁਸਾਰ ਭਾਵ ਉਨ੍ਹਾਂ ਦੇ ਅਧੀਨ ਹਨ॥ ੪॥

ਨਾਮ ਗੁਰੂ ਕੋ ਬਿਘਨ ਬਿਨਾਸ਼ੀ। ਪੂਰਨ ਹੋਤਿ ਮਨੋਰਥ ਰਾਸੀ'।
ਸੁਨਿ ਗੁਜਰੀ ਮਨ ਹਰਖ ਨ ਥੋਰਾ। ਭੇਜੀ ਸੁਧਿ ਸਭਿਹਿਨਿ ਕੀ ਓਰਾ ॥੫ ॥

ਗੁਰੂ ਜੀ ਦਾ ਨਾਮ ਹੀ ਵਿਘਨਾਂ ਨੂੰ ਨਾਸ਼ ਕਰਨ ਵਾਲਾ ਹੈ, ਜਿਸ ਨਾਮ ਨੂੰ ਲੈਣ ਨਾਲ ਸਾਰੇ ਮਨੋਰਥ ਪੂਰੇ ਹੁੰਦੇ ਹਨ। ਇਹ ਸੁਣ ਕੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਨੇ ਸਭ ਪਾਸੇ ਖ਼ਬਰ ਭੇਜ ਦਿੱਤੀ॥ ੫॥

ਕੀਰਤਪੁਰਿ ਤੇ ਸਕਲ ਹਕਾਰੀ। ਮਿਲੀ ਅਨੇਕ ਨਗਰ ਕੀ ਨਾਰੀ।
ਬਾਦਿਤ ਅਨਿਕ ਰੀਤਿ ਬਜਵਾਏ। ਗੁਰੂ ਪੌਰ ਕੇ ਅੱਗ੍ਰ ਸੁਹਾਏ॥ ੬॥

ਕੀਰਤਪੁਰ ਦੀਆਂ ਸਾਰੀਆਂ ਇਸਤਰੀਆਂ ਨੂੰ ਬੁਲਾ ਲਿਆ। ਨਗਰ ਦੀਆਂ ਅਨੇਕ ਨਾਰੀਆਂ ਮਿਲ ਕੇ ਇਕੱਠੀਆਂ ਹੋਈਆਂ। ਅਨੇਕ ਰੀਤੀਆਂ ਨਾਲ ਵਾਜੇ ਵਜਵਾਏ ਗਏ ਤੇ ਗੁਰੂ ਜੀ ਦੇ ਦਰਵਾਜ਼ੇ ਤੇ ਆ ਕੇ ਉਨ੍ਹਾਂ ਬੜੀ ਸ਼ੋਭਾ ਪਾਈ॥ ੬॥

ਨਿਸ ਮਹਿਂ ਮਿਲਹਿਂ ਚਾਰੁ ਗਨ ਨਾਰੀ। ਇਕ ਨਾਚਤਿ ਹੈਂ ਦੇ ਕਰਿ ਤਾਰੀ।
ਸ੍ਰੀ ਗੁਜਰੀ ਸਭਿ ਕੋ ਸਨਮਾਨੈ। ਮੁਖ ਤੇ ਕੋਮਲ ਬਾਤ ਬਖਾਨੈ॥ ੭॥

ਰਾਤ ਨੂੰ ਸੁੰਦਰ ਇਸਤਰੀਆਂ ਮਿਲਦੀਆਂ ਸਨ। ਕਈ ਗਿੱਧਾ ਪਾ ਕੇ ਨੱਚਦੀਆਂ ਸਨ। ਮਾਤਾ ਗੁਜਰੀ ਜੀ ਸਭ ਦਾ ਆਦਰ ਕਰਦੀ ਸੀ ਤੇ ਮੁਖ ਤੋਂ ਬੜੇ ਕੋਮਲ ਬੋਲ ਬੋਲਦੇ ਸਨ॥ ੭॥

'ਆਜ ਦਿਵਸ ਪਰ ਮੈਂ ਬਲਿਹਾਰੀ। ਸੁਤ ਸ਼ਾਦੀ ਹਿਤ ਹਰਖਤਿ ਨਾਰੀ'।
ਤਬਿ ਅਨਵਾਇ ਘਨੋ ਮਿਸ਼ਟਾਨਾ। ਬੰਟਵਾਇਸਿ ਕਰਿ ਅਨੰਦ ਮਹਾਨਾ ॥੮ ॥

ਅੱਜ ਦੇ ਦਿਨ ਤੇ ਮੈਂ ਬਲਿਹਾਰ ਜਾਂਦੀ ਹਾਂ, ਪੁੱਤਰ ਦੀ ਸ਼ਾਦੀ ਕਰਕੇ ਇਸਤਰੀਆਂ ਬਹੁਤ ਪ੍ਰਸੰਨ ਹਨ।" ਤਦ ਮਾਤਾ ਗੁਜਰੀ ਜੀ ਨੇ ਬਹੁਤ ਮਿਠਾਈ ਮੰਗਵਾਈ ਤੇ ਵੰਡਵਾ ਕੇ ਮਹਾਨ ਅਨੰਦ ਕੀਤਾ॥ ੮॥

ਭਈ ਪ੍ਰਾਤਿ ਪੁਨਿ ਹਿਤ ਸਭਿ ਹੀ ਕਾ। ਉਮਗਤਿ ਭਯੋ ਹਰਖ ਸਭਿ ਜੀਕਾ।
ਨਾਰਿ ਸੁਹਾਗਣ ਬ੍ਰਿੰਦ ਹਕਾਰੀ। ਬਸਨ ਬਿਭੂਖਨ ਸੁੰਦਰ ਧਾਰੀ॥ ੯॥

ਸਾਰਿਆਂ ਦੇ ਦਿਲ ਨੂੰ ਭਾਉਣ ਵਾਲੀ ਫਿਰ ਸਵੇਰ ਹੋਈ ਤੇ ਸਾਰਿਆਂ ਦੇ ਦਿਲ ਦੀ ਖੁਸ਼ੀ ਉੱਮਡ ਪਈ। ਬਹੁਤ ਸੁਹਾਗਣ ਇਸਤਰੀਆਂ ਨੂੰ ਬੁਲਾਇਆ ਗਿਆ, ਜਿਨ੍ਹਾਂ ਵਸਤਰ ਗਹਿਣੇ ਬੜੇ ਸੁੰਦਰ ਧਾਰਨ ਕੀਤੇ ਹੋਏ ਸਨ॥ ੯॥

**ਮੰਗਲ ਮੂਲ ਧਰਾਇਇਸਿ ਢੋਲੂ। ਬਾਜਨਿ ਲਗਜੋ ਗਾਇ ਸੁਠ ਬੋਲੂ।**
**ਲਘੁ ਨਿਸ਼ਾਨ ਅਰੁ ਬਜੀ ਨਫੀਰੈਂ। ਪਹਿਰੇ ਚੀਰ ਨਵੀਨ ਸਰੀਰੈ॥ ੧੦॥**

ਮੰਗਲ ਦਾ ਮੂਲ ਇਕ ਢੋਲ ਰਖਵਾਇਆ, ਸੁੰਦਰ ਆਵਾਜ਼ ਪੈਦਾ ਕਰਕੇ ਉਹ ਵੱਜਣ ਲੱਗਾ। ਛੋਟਾ ਨਗਾਰਾ ਅਤੇ ਨਫੀਰੀ ਵੱਜੀ। ਸਰੀਰ ਉੱਤੇ ਸੁੰਦਰ ਨਵੇਂ ਕੱਪੜੇ ਪਹਿਣ ਲਏ॥ ੧੦॥

**ਕੋਕਿਲ ਕੰਠੀ ਮਿਲਿ ਮਿਲਿ ਟੋਲੀ। ਉਮਗਤਿ ਅਨੰਦ ਬਧਾਈ ਬੋਲੀ।**
**ਮਾਨਿ ਸੌਗੁਨੀ ਸੀਸ ਚਢਾਵਤਿ। ਗੁਜਰੀ ਅਨੰਦ ਕਹਜੋ ਨਹਿਂ ਜਾਵਤਿ॥੧੧॥**

ਕੋਇਲ ਵਰਗੇ ਗਲੇ ਵਾਲੀਆਂ ਟੋਲੀਆਂ ਵਿਚ ਇਕੱਠੀਆਂ ਹੋ ਕੇ, ਉਤਸ਼ਾਹ ਨਾਲ ਬਹੁਤ ਅਨੰਦ ਵਧਾ ਕੇ ਬੋਲੀਆਂ। ਮਾਤਾ ਗੁਜਰੀ ਜੀ ਸੌ ਗੁਣੀ ਵਧਾਈ ਮੰਨ ਕੇ ਸਿਰ ਮੱਥੇ ਤੇ ਧਰਦੀ ਹੈ, ਉਸ ਦੇ ਅਨੰਦ ਬਾਰੇ ਕਿਹਾ ਨਹੀਂ ਜਾ ਸਕਦਾ ਹੈ॥ ੧੧॥

**ਬਾਦਿਤ ਬਜਤਿ ਸ਼੍ਰਵਣਿ ਸਭਿ ਪੂਰਾ । ਜਹਿਂ ਕਹਿਂ ਉਤਸਵ ਮਾਚ੍ਯਤਿ ਰੂਰਾ।**
**ਸੂਖਮ ਬਸਤ੍ਰ ਕੁਸੰਭੀ ਬਰਨ। ਪਹਿਰਨਿ ਕਰੇ ਚਾਰੁ ਆਭਰਨ॥ ੧੨॥**

ਵਾਜੇ ਵੱਜਦਿਆਂ ਕੰਨ ਭਰ ਗਏ, ਜਿੱਥੇ ਕਿੱਥੇ ਸੁੰਦਰ ਉਤਸਵ ਹੋ ਰਿਹਾ ਸੀ। ਸੂਹੇ ਰੰਗ ਦੇ ਸੂਖਮ ਕੱਪੜੇ ਪਹਿਣੇ ਸਨ ਤੇ ਸੁੰਦਰ ਗਹਿਣੇ ਪਾਏ ਹੋਏ ਸਨ॥ ੧੨॥

**ਮਧੁਰ ਬਚਨ ਤੇ ਚੰਪਕ ਬਰਨੀ। ਗਾਰੀ ਦੇਤਿ ਮਿਲੀ ਗਨ ਤਰੁਨੀ।**
**ਪੁਨ ਗੁਜਰੀ ਨਿਜ ਪੁੱਤ੍ਰ ਹਕਾਰਾ। ਬਿੱਪ੍ਰ ਜਾਇ ਸਭਿ ਭੇਵ ਉਚਾਰਾ॥ ੧੩॥**

ਮਿੱਠੇ ਬਚਨ ਤੇ ਚੰਪਕ ਦੇ ਰੰਗ ਵਾਲੀਆਂ ਬਹੁਤ ਇਸਤਰੀਆਂ ਮਿਲ ਕੇ ਸਿਠਣੀਆਂ ਦਿੰਦੀਆਂ ਸਨ। ਫਿਰ ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਨੂੰ ਬੁਲਾਇਆ। ਬ੍ਰਾਹਮਣ ਨੇ ਜਾ ਕੇ ਸਾਰੇ ਭੇਦ ਦਾ ਉਚਾਰਨ ਕੀਤਾ॥ ੧੩॥

**ਲੇ ਕਰਿ ਸੰਗੋ ਸੰਗ ਕ੍ਰਿਪਾਲ। ਆਏ ਮਾਤ ਸਮੀਪ ਕ੍ਰਿਪਾਲੁ।**
**ਚੌਕੀ ਚੰਦਨ ਚਾਰੁ ਡਸਾਈ। ਕਹਿ ਤਿਸ ਪਰ ਗੁਰ ਦੀਨਿ ਬਿਠਾਈ॥ ੧੪॥**

ਮਾਮਾ ਕ੍ਰਿਪਾਲ ਜੀ ਭਾਈ ਸੰਗੋ ਨੂੰ ਨਾਲ ਲੈ ਕੇ ਮਾਤਾ ਗੁਜਰੀ ਜੀ ਅਤੇ ਕ੍ਰਿਪਾਲੂ ਗੁਰੂ ਜੀ ਦੇ ਪਾਸ ਆਏ। ਚੰਦਨ ਦੀ ਸੁੰਦਰ ਚੌਂਕੀ ਡੁਹਾਈ, ਉਸ ਉੱਤੇ ਕਹਿ ਕੇ ਗੁਰੂ ਜੀ ਨੂੰ ਬਿਠਾ ਦਿੱਤਾ॥ ੧੪॥

**ਸ਼ਗੁਨ ਥਾਰ ਮਹਿਂ ਦਿਜਬਰ ਲਜਾਯੋ। ਕਰਮ ਜਥੋਚਿਤ ਸਭਿ ਕਰਿਵਾਯੋ।**
**ਬਹੁਰ ਨਿਕਾਸਜੋ ਮਸਤਕ ਟੀਕਾ। ਅੱਛਤ ਲਾਇ ਸੁਹਾਵਤਿ ਨੀਕਾ॥ ੧੫॥**

ਬ੍ਰਾਹਮਣ ਥਾਲ ਵਿਚ ਸ਼ਗੁਨ ਲਿਆਇਆ ਤੇ ਯਥਾਚਿੱਤ ਸਾਰੇ ਕਰਮ ਕਰਵਾਏ। ਫਿਰ ਬ੍ਰਾਹਮਣ ਨੇ ਮੱਥੇ ਵਿਚ ਟਿੱਕਾ ਲਾਇਆ। ਕੁਝ ਚਾਵਲ ਲਾਏ ਜਿਹੜੇ ਬੜੀ ਚੰਗੀ ਤਰ੍ਹਾਂ ਸ਼ੋਭ ਰਹੇ ਸਨ॥ ੧੫॥

**ਕੇਸ ਰਾਹੁ ਨੇ ਸੀਸ ਜਨੁ ਗਹਜੋ। ਖੰਡ ਖੰਡ ਕਰਿ ਖੈਬੇ ਚਹਜੋ।**
**ਸੋ ਡਕਰੇ ਅੰਮ੍ਰਿਤ ਬਲ ਭਰੇ। ਭਾਜਿ ਸਦਨ ਸੁਰਗੁਰ ਕੇ ਬਰੇ॥ ੧੬॥**

ਗੁਰੂ ਜੀ ਦੇ ਕਾਲੇ ਕੇਸ ਇੰਝ ਲੱਗ ਰਹੇ ਹਨ, ਮਾਨੋ ਕਾਲੇ ਘੋੜਿਆਂ ਵਾਲੇ ਰਾਹੂ ਨੇ ਚੰਦ ਨੂੰ ਫੜਿਆ ਹੋਵੇ ਤੇ ਟੁਕੜੇ ਟੁਕੜੇ ਕਰਕੇ ਖਾਣਾ ਚਾਹੁੰਦਾ ਹੋਵੇ। ਸੋ ਡਕਰੇ ਅੰਮ੍ਰਿਤ ਸ਼ਕਤੀ ਨਾਲ ਭਰੇ ਹਨ ਤੇ ਭੱਜ ਕੇ ਬ੍ਰਹਸਪਤ ਦੇ ਘਰ ਵੜ ਗਏ ਹਨ॥ ੧੬॥

ਨੋਟ :- ਕੇਸਾਂ ਨੂੰ ਰਾਹੂ ਨਾਲ ਉਪਮਾ ਦਿੱਤੀ ਹੈ ਕਿਉਂਕਿ ਰਾਹੂ ਦੇ ਰੱਥ ਨੂੰ ਅਠ ਕਾਲੇ ਘੋੜੇ ਖਿੱਚਦੇ ਹਨ। ਬ੍ਰਹਸਪਤ ਦੇ ਰੱਥ ਨੂੰ ਅੱਠ ਪੀਲੇ ਘੋੜੇ ਖਿੱਚਦੇ ਹਨ, ਕੇਸਰ ਦਾ ਤਿਲਕ ਪੀਲਾ ਹੈ, ਇਸ ਕਰਕੇ ਬ੍ਰਹਸਪਤ ਦਾ ਘਰ ਉਸ ਨੂੰ ਦੱਸਿਆ ਹੈ। ਚਾਵਲ ਚਿੱਟੇ ਹਨ, ਚੰਦ ਚਿੱਟਾ ਹੈ, ਇਸ ਕਰਕੇ ਚੰਦ ਦੇ ਟੁਕੜਿਆਂ ਦੇ ਰੂਪਕ ਵਿਚ ਚਾਵਲਾਂ ਨੂੰ ਵਰਣਨ ਕੀਤਾ ਹੈ। ਉਸ ਤਰ੍ਹਾਂ ਨੌਂ ਗ੍ਰਹਿਆਂ ਦੇ ਰੰਗ ਤੇ ਪੂਜਾ ਵੀ ਇਸ ਤਰ੍ਹਾਂ ਹੈ :-

ਰਾਹੂ=ਕਾਲਾ, ਚੰਦ=ਚਿੱਟਾ, ਬ੍ਰਹਸਪਤੀ=ਪੀਲਾ। ਜੋਤਸ਼ ਸ਼ਾਸਤਰ ਦੇ ਅਨੁਸਾਰ ਜਦ ਰਾਹੂ ਚੰਦ੍ਰਮਾ ਦੇ ਘਰ ਆਉਂਦਾ ਹੈ ਤਾਂ ਚੰਦ ਬ੍ਰਹਸਪਤੀ ਦੇ ਘਰ ਚਲੇ ਜਾਂਦਾ ਹੈ। ਸਮੁੱਚਾ ਭਾਵ ਇਹ ਹੈ ਕਿ ਜਦ ਤਿਲਕ ਮੱਥੇ ਤੇ ਲੱਗਾ ਤਾਂ ਚਾਵਲਾਂ ਦੇ ਉੱਪਰ ਸੀਸ ਦੇ ਕੇਸ ਲੱਗ ਕੇ ਚਾਵਲਾਂ ਨੂੰ ਖਿੰਡਾ ਕੇ ਭੇਗਣਾ ਚਾਹੁੰਦੇ ਹਨ ਪਰ ਪੀਲੇ ਕੇਸਰ ਦੇ ਜਲ ਨਾਲ ਚਾਵਲ ਲੱਗ ਕੇ ਮੱਥੇ ਨਾਲ ਚਿਮਟ ਗਏ ਹਨ।

**ਜਬਿ ਦਿਜ ਦਿਯੋ ਬਦਨ ਮਹਿਂ ਮੋਦਕ। ਭਯੋ ਸਮਾ ਸਭਿਹੂੰ ਤਬਿ ਮੋਦਕ।**
**ਮਿਲਿ ਮਿਲਿ ਗੀਤ ਨਾਗਰੀ ਗਾਵਤਿ। ਪਿਖਿ ਸਰੂਪ ਗੁਰ ਬਲ ਬਲ ਜਾਵਤਿ ॥੧੭॥**

ਜਦ ਬ੍ਰਾਹਮਣ ਨੇ ਗੁਰੂ ਜੀ ਦੇ ਮੁਖ ਵਿਚ ਲੱਡੂ ਪਾਇਆ ਤਾਂ ਸਾਰਿਆਂ ਵਾਸਤੇ ਉਹ ਸਮਾਂ ਅਨੰਦਦਾਇਕ ਹੋ ਗਿਆ। ਇਸਤਰੀਆਂ ਮਿਲ ਮਿਲ ਕੇ ਗੀਤ ਗਾਉਂਦੀਆਂ ਸਨ ਤੇ ਗੁਰੂ ਜੀ ਦਾ ਸੁੰਦਰ ਸਰੂਪ ਵੇਖ ਕੇ ਬਲਿਹਾਰ ਜਾਂਦੀਆਂ ਸਨ॥ ੧੭॥

**ਬਾਜਿ ਉਠੇ ਸੁੰਦਰ ਸ਼ਦਿਯਾਨੇ। ਭਾਟ ਕਬਿੱਤਨ ਕਰਤਿ ਬਖਾਨੇ।**
**ਬਜਹਿਂ ਪਖਾਵਜ ਗਨ ਤੰਬੂਰੇ। ਗਾਵਤਿ ਚਾਵ ਕਲਾਵਤਿ ਰੂਰੇ॥ ੧੮॥**

ਖ਼ੁਸ਼ੀ ਦੇ ਸੁੰਦਰ ਵਾਜੇ ਵੱਜ ਉਠੇ। ਭੱਟ ਕਬਿੱਤਾਂ ਬੋਲਦੇ ਸਨ। ਬਹੁਤ ਪਖਾਵਜ ਤੇ ਤੰਬੂਰੇ ਵੱਜਦੇ ਸਨ ਤੇ ਕਲੌਂਤ ਚਾਉ ਨਾਲ ਸੁੰਦਰ ਗੀਤ ਗਾ ਰਹੇ ਸਨ॥ ੧੮॥

**ਦੀਹ ਦਮਾਮੇ ਬਾਜਤਿ ਸ਼ੁਤਰੀ। ਧੁਨਿ ਊਚੀ ਪੈ ਸ਼ੋਭਤਿ ਸੁਥਰੀ।**
**ਜਨੁ ਮੰਗਲ ਕੈ ਸੰਗਲ ਡਾਰਾ। ਥਿਰ ਰਹੁ ਘਰਿ ਜਿਨ ਤਜਿ ਤਿਨ ਦ੍ਵਾਰਾ ॥੧੯॥**

ਊਠਾਂ ਉੱਤੇ ਰੱਖ ਕੇ ਵਜਾਉਣ ਵਾਲੇ ਨਗਾਰੇ ਵੱਜ ਰਹੇ ਸਨ। ਉੱਚੀ ਧੁਨ ਬਹੁਤ ਸੁੰਦਰ ਸ਼ੋਭ ਰਹੀ ਸੀ। ਮਾਨੋ ਅਨੰਦ ਨੂੰ ਬੰਨ੍ਹ ਕੇ ਬਿਠਾ ਲਿਆ ਹੈ, ਤਾਂਕਿ ਏਸੇ ਘਰ ਵਿਚ ਟਿਕਿਆ ਰਹੇ, ਕਿਸੇ ਤਰ੍ਹਾਂ ਇਸ ਦਵਾਰੇ ਨੂੰ ਨਾ ਛੱਡ ਦੇਵੇ॥ ੧੯॥

**ਚਮਰ ਚਾਰੁ ਚਾਲਤਿ ਦਿਸ਼ਿ ਦੌਨ। ਮਨਹੁਂ ਮਰਾਲ ਉਡਤਿ ਹੁਇ ਔਨ।**
**ਦਯਾਰਾਮ ਪ੍ਰੋਹਤ ਉਠਿ ਤਬੈ। ਕੀਨੇ ਨੇਗ ਜਥੋਚਿਤ ਸਬੈ॥ ੨੦॥**

ਦੋਵੇਂ ਪਾਸੇ ਸੁੰਦਰ ਚੌਰ ਘੁੰਮ ਫਿਰ ਰਿਹਾ ਸੀ, ਮਾਨੋ ਹੰਸ ਧਰਤੀ ਦੇ ਵਲ ਨਿਉਂਕੇ ਉਡਾਰੀਆਂ ਮਾਰ ਰਿਹਾ ਸੀ। ਤਦ ਦਇਆ ਰਾਮ ਪ੍ਰੋਹਤ ਉੱਠਿਆ, ਉਸ ਨੇ ਆਪਣੇ ਚਿੱਤ ਅਨੁਸਾਰ ਲਾਗਾਂ ਸੰਬੰਧੀ ਸਾਰੇ ਕਾਰ ਵਿਹਾਰ ਕੀਤੇ॥ ੨੦॥

**ਮੇਵੇ ਗਨ ਮੋਦਕ ਬਹੁ ਧਰੇ। ਆਇਸੁ ਪਾਇ ਬ੍ਰਤਾਵਨਿ ਕਰੇ।**
**ਬ੍ਰਿੰਦ ਮਸੰਦ ਸੰਗਤਾਂ ਦਾਸ। ਗਾਇਂ ਨਾਗਰੀ ਬਯ਼ਾਹ ਬਿਲਾਸ॥ ੨੧॥**

ਮੇਵੇ ਅਤੇ ਲੱਡੂ ਬਹੁਤ ਰੱਖੇ, ਫਿਰ ਆਗਿਆ ਪਾ ਕੇ ਸਾਰੇ ਵਰਤਾ ਦਿੱਤੇ। ਸਮੂਹ ਮਸੰਦ, ਸੰਗਤਾਂ ਅਤੇ ਦਾਸ ਬੈਠੇ ਹੋਏ ਸਨ। ਨਗਰ ਦੀਆਂ ਇਸਤਰੀਆਂ ਵਿਆਹ ਦੇ ਅਨੰਦਮਈ ਗੀਤ ਗਾ ਰਹੀਆਂ ਸਨ॥ ੨੧॥

**ਸਭਿਹਿਨਿ ਮਹਿਂ ਬਰਤਾਵਨਿ ਕੀਨਿ। ਮੇਵਾ ਮੋਦਕ ਬ੍ਰਿੰਦਨ ਲੀਨਿ।**
**ਮਾਤੁਲ ਗੁਰੂ ਕ੍ਰਿਪਾਲ ਅਨੰਦਾ। ਗਨ ਜਾਚਕ ਦੇ ਦਰਬ ਬਿਲੰਦਾ॥ ੨੨॥**

ਸਾਰਿਆਂ ਵਿਚ ਵਰਤਾ ਦਿੱਤੇ, ਮੇਵੇ ਅਤੇ ਲੱਡੂ ਸਾਰੇ ਇਸਤਰੀ ਪੁਰਸ਼ਾਂ ਨੇ ਪ੍ਰਾਪਤ ਕੀਤੇ। ਮਾਮਾ ਜੀ ਅਤੇ ਕ੍ਰਿਪਾਲੂ ਗੁਰੂ ਜੀ ਬੜੇ ਅਨੰਦਮਈ ਹੋ ਕੇ ਮੰਗਤਿਆਂ ਨੂੰ ਬਹੁਤ ਧਨ ਵੰਡ ਰਹੇ ਸਨ॥ ੨੨॥

ਲੇ ਦਿਜ ਆਦਿਕ ਮੰਗਤ ਘਨੇ। ਸ਼੍ਰੀ ਸਤਿਗੁਰ ਕੋ ਆਸ਼ਿਖ ਭਨੇ।
'ਚਿਰੰਜੀਵ ਸੋਢੀ ਕੁਲ ਟੀਕਾ। ਗੁਰ ਗਾਦੀ ਮਾਲਿਕ ਉਸ਼ਨੀਕਾ॥ ੨੩॥

ਬ੍ਰਾਹਮਣਾਂ ਅਤੇ ਮੰਗਤਿਆਂ ਨੇ ਬਹੁਤ ਧਨ ਪ੍ਰਾਪਤ ਕੀਤਾ ਤੇ ਫਿਰ ਉਨ੍ਹਾਂ ਸਤਿਗੁਰੂ ਜੀ ਨੂੰ ਅਸੀਸਾਂ ਦਿੱਤੀਆਂ, "ਸੋਢੀ ਕੁਲ ਦਾ ਸ਼ਿਰੋਮਣੀ ਗੁਰਗੱਦੀ ਤੇ ਗੁਰ ਦਸਤਾਰ ਦੇ ਮਾਲਕ ਚਿਰੰਜੀਵ ਰਹਿਣ।

ਤੇਗਬਹਾਦਰ ਗੁਰੂ ਸਪੂਤ। ਜੋ ਜਗ ਭੋਗ ਭੁਗਤਿ ਅਵਧੂਤ।
ਅਤਿ ਉਦਾਰ ਜਸ ਚੰਦ ਚਢਾਯੋ। ਹਿੰਦੂ ਧਰਮ ਕੋ ਰਾਖਨਿ ਆਯੋ' ॥ ੨੪॥

ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਹਨ, ਜਿਹੜੇ ਜਗ ਵਿਚ ਭੋਗ ਭੋਗਦੇ ਵੀ ਤਿਆਗੀ ਹਨ, ਅਤਿ ਉਦਾਰ ਜੱਸ ਦਾ ਚੰਦ ਚੜ੍ਹੇ ਹਨ। ਇਹ ਹਿੰਦੂ ਧਰਮ ਨੂੰ ਰੱਖਣ ਆਏ ਹਨ" ॥ ੨੪॥

ਸੁਨਿ ਪ੍ਰਸੰਨ ਗੁਜਰੀ ਮਨ ਹੋਈ। ਦੇਤਿ ਭਈ ਜਾਚੇ ਜੋ ਕੋਈ।
ਸੁਤ ਪਰ ਕਰੇ ਵਾਰਨੇ ਘਨੇ। ਹੇਰਤਿ ਰਿਦਾ ਪ੍ਰੇਮ ਕੇ ਸਨੇ॥ ੨੫॥

ਇਹ ਸੁਣ ਕੇ ਮਾਤਾ ਗੁਜਰੀ ਜੀ ਮਨ ਵਿਚ ਬਹੁਤ ਪ੍ਰਸੰਨ ਹੋਈ, ਜੋ ਵੀ ਕੋਈ ਮੰਗਦਾ ਸੀ, ਉਸ ਨੂੰ ਧਨ ਦਿੰਦੀ ਸੀ। ਪੁੱਤਰ ਉੱਪਰ ਦੀ ਬਹੁਤ ਧਨ ਵਾਰਦੇ ਸਨ ਤੇ ਪ੍ਰੇਮ ਵਿਚ ਭਿੱਜੀ ਹੋਈ ਪੁੱਤਰ ਵਲ ਵੇਖ ਰਹੀ ਸੀ॥ ੨੫॥

ਲੌਕਿਕ ਬੈਦਿਕ ਰੀਤਿ ਕਰਾਈ। ਪੁਨ ਗ੍ਰਿਹ ਗਮਨੇ ਗੁਰ ਗੋਸਾਈਂ।
ਤਯਾਰੀ ਸਗਰੀ ਵਸਤੂ ਕਰੇ। ਘ੍ਰਿਤ ਮਿਸ਼ਟਾਨਿ ਆਨਿ ਗਨ ਧਰੇ॥ ੨੬॥

ਲੌਕਿਕ ਵੈਦਿਕ ਰੀਤ ਕਰਾਈ, ਫਿਰ ਗੁਰੂ ਮਾਲਕ ਜੀ ਘਰ ਨੂੰ ਚਲੇ ਗਏ। ਸਾਰੀਆਂ ਵਸਤਾਂ ਦੀ ਤਿਆਰੀ ਕੀਤੀ ਤੇ ਬਹੁਤ ਘਿਉ ਤੇ ਮਿੱਠਾ ਲਿਆ ਕੇ ਧਰ ਦਿੱਤਾ॥ ੨੬॥

ਦੇ ਧਨ ਬਿੱਪ੍ਰ ਬਿਸਰਜਨ ਕੀਨਿ। ਉਚਿਤ ਵਸਤੁ ਸਗਰੀ ਪਠਿ ਦੀਨਿ।
ਬੇਦੀ ਬ੍ਰਿੰਦ ਬੁਲਾਇ ਪਠਾਏ। ਸਹਿਤ ਭਾਰਜਾ ਸੋ ਚਲਿ ਆਏ॥ ੨੭॥

ਬ੍ਰਾਹਮਣਾਂ ਨੂੰ ਧਨ ਦੇ ਕੇ ਵਿਦਾ ਕੀਤਾ, ਉਚਿਤ ਵਸਤਾਂ ਸਭ ਭੇਜ ਦਿੱਤੀਆਂ। ਬਹੁਤ ਬੇਦੀ ਬੁਲਾ ਕੇ ਭੇਜ ਦਿੱਤੇ, ਆਪਣੀਆਂ ਪਤਨੀਆਂ ਸਹਿਤ ਉਹ ਚਲ ਕੇ ਆਏ॥ ੨੭॥

ਸਭਿ ਤ੍ਰੇਹਨ ਢਿਗ ਗਯੋ ਮਸੰਦ। ਆਨੇ ਕਰਿ ਸਨਮਾਨ ਬਿਲੰਦ।
ਪੁਨ ਭੱਲਜਨਿ ਕੀ ਕੁਲ ਸਮੁਦਾਈ। ਸੰਗ ਭਾਰਜਾ ਲੇ ਸਭਿ ਆਈ॥ ੨੮॥

ਮਸੰਦ ਸਭ ਤ੍ਰੇਹਨਾਂ ਦੇ ਪਾਸ ਗਿਆ ਤੇ ਉਨ੍ਹਾਂ ਦਾ ਬੜਾ ਸਨਮਾਨ ਕਰਕੇ ਲੈ ਕੇ ਆਇਆ। ਫਿਰ ਭੱਲਿਆਂ ਦੀ ਵੰਸ਼ ਇਕੱਠੀ ਹੋ ਕੇ ਆਈ, ਸਾਰੇ ਆਪਣੀਆਂ ਪਤਨੀਆਂ ਨਾਲ ਲੈ ਕੇ ਆਏ॥ ੨੮॥

ਜਥਾ ਜੋਗ ਜਹਿਂ ਚਾਰੁ ਨਿਕੇਤ। ਦੇਤਿ ਭਏ ਤਿਨ ਬਸਿਬੇ ਹੇਤੁ।
ਨੇਰੇ ਦੂਰ ਮਸੰਦ ਬਿਲੰਦ। ਸੁਨਿ ਸੁਧਿ ਪਹੁੰਚੇ ਧਰਤਿ ਅਨੰਦ॥ ੨੯॥

ਜਥਾਯੋਗ ਜਿੱਥੇ ਸੁੰਦਰ ਮਕਾਨ ਸਨ, ਉਹ ਉਨ੍ਹਾਂ ਦੇ ਰਹਿਣ ਵਾਸਤੇ ਦਿੱਤੇ। ਦੂਰ ਨੇੜੇ ਦੇ ਜਿਹੜੇ ਵੱਡੇ ਮਸੰਦ ਸਨ, ਉਹ ਖ਼ਬਰ ਸੁਣ ਕੇ ਅਨੰਦ ਧਾਰ ਕੇ ਪਹੁੰਚੇ॥ ੨੯॥

ਕੀਰਤਪੁਰਿ ਕੇ ਗਨ ਨਰ ਨਾਰੀ। ਠਹਿਰੇ ਪੁਰਿ ਅਨੰਦ ਮੁਦਧਾਰੀ।
ਭਈ ਭੀਰ ਭਾਰੀ ਪੁਰਿ ਬਿਖੈ। ਬਿਸਮਤਿ ਜਨ ਲਵਪੁਰਿ ਨਵ ਪਿਖੈਂ॥ ੩੦॥

ਕੀਰਤਪੁਰ ਦੇ ਬਹੁਤ ਇਸਤਰੀ-ਪੁਰਸ਼, ਅਨੰਦਪੁਰ ਵਿਚ ਬੜਾ ਅਨੰਦ ਧਾਰ ਕੇ ਠਹਿਰੇ। ਨਗਰ ਦੇ ਵਿਚ ਬਹੁਤ ਭੀੜ ਹੋ ਗਈ। ਨਵੇਂ ਲਾਹੌਰ ਨੂੰ ਵੇਖ ਕੇ ਲੋਕ ਬਹੁਤ ਹੈਰਾਨ ਹੋਏ॥ ੩੦॥

**ਬਨਜੋ ਬਰੋਬਰ ਬਡੋ ਬਜ਼ਾਰ। ਅਨਿਕ ਬਨਿਕ ਠਾਨਤਿ ਬਿਵਹਾਰ।**
**ਭਾਂਤਿ ਭਾਂਤਿ ਪਕਵਾਨ ਬਨਾਏ। ਧਰੇ ਦੁਕਾਨ ਲੇਤਿ ਕੋ ਖਾਏ॥ ੩੧॥**

ਬਰਾਬਰ ਦਾ ਵੱਡਾ ਬਜ਼ਾਰ ਬਣਿਆ ਸੀ, ਅਨੇਕਾਂ ਬਾਣੀਏ ਵਪਾਰ ਕਰ ਰਹੇ ਸਨ। ਭਾਂਤ-ਭਾਂਤ ਦੇ ਪਕਵਾਨ ਬਣਾਏ ਸਨ, ਦੁਕਾਨਾਂ ਵਿਚ ਰੱਖੇ ਸਨ, ਕਈ ਲੈ ਕੇ ਖਾਂਦੇ ਸਨ॥ ੩੧॥

**ਉਤ ਲਵਪੁਰਿ ਮਹਿਂ ਮਿਲਿ ਮਿਲਿ ਨਾਰੀ। ਗਾਵਤਿ ਦੇਖਿ ਪਰਸਪਰ ਗਾਰੀ।**
**ਪ੍ਰਮੁਦਾ ਪਾਇ ਪ੍ਰਮੋਦਹਿ ਨਾਚਤਿ। ਮਿਲੀ ਸੰਬੂਹ ਤਾਲ ਕਰ ਬਾਜਤਿ॥ ੩੨॥**

ਓਧਰ ਲਾਹੌਰ ਵਿਚ ਇਸਤਰੀਆਂ ਮਿਲ ਮਿਲ ਕੇ ਆਪਸ ਵਿਚ ਵੇਖ ਕੇ ਸਿਠਣੀਆਂ ਦੇ ਰਹੀਆਂ ਸਨ। ਇਸਤਰੀਆਂ ਅਨੰਦ ਨੂੰ ਪਾ ਕੇ ਨੱਚਦੀਆਂ ਹਨ ਤੇ ਸਾਰੀਆਂ ਮਿਲ ਕੇ ਗਿੱਧਾ ਪਾਉਂਦੀਆਂ ਹਨ॥ ੩੨॥

**ਜੋ ਕੁਲ ਰੀਤਿ ਕਰਤਿ ਸਮੁਦਾਏ। ਰਿਦੇ ਅਨੰਦਤਿ ਦਜੋਸ ਬਿਤਾਏ।**
**ਨਾਮ ਬਜਾਰ ਪ੍ਰਥਕ ਹੀ ਧਰੇ। ਏਕ ਸਿਰੰਦੀ ਜਾਨਜੋਂ ਪਰੇ॥ ੩੩॥**

ਜਿਹੜੀ ਵੰਸ਼ ਦੀ ਰੀਤ ਹੈ, ਉਹ ਸਾਰੀਆਂ ਕਰਦੀਆਂ ਹਨ, ਹਿਰਦੇ ਅਨੰਦਮਈ ਰਹਿਕੇ ਦਿਨ ਬਤੀਤ ਕਰ ਦਿੱਤਾ। ਬਜ਼ਾਰਾਂ ਦੇ ਨਾਮ ਪਹਿਲਾਂ ਹੀ ਰੱਖ ਦਿੱਤੇ ਸਨ। ਇਕ ਦਾ ਨਾਮ ਸਰਹੰਦੀ ਬਜ਼ਾਰ ਸੀ॥ ੩੩॥

**ਦੁਤੀਏ ਕਹਿਂ ਹੁਸ਼ੀਆਰਪੁਰੇ ਕੋ। ਤ੍ਰਿਤਿਯ ਰੋਪਰੀ ਨਾਮ ਧਰੇ ਕੋ।**
**ਚਤੁਰਥ ਭਨੈਂ ਲਹੌਰੂ ਨਾਮੂ। ਪਿਖਿਯਤਿ ਜੁਦੇ ਜੁਦੇ ਅਭਿਰਾਮੂ॥ ੩੪॥**

ਦੂਸਰਾ ਹੁਸ਼ਿਆਰਪੁਰੀ ਬਜ਼ਾਰ ਸੀ, ਤੀਸਰੇ ਬਜ਼ਾਰ ਦਾ ਨਾਮ ਰੋਪੜੀ ਬਜ਼ਾਰ ਰੱਖਿਆ ਸੀ। ਚੌਥੇ ਦਾ ਨਾਮ ਲਾਹੌਰੀ ਬਜ਼ਾਰ ਸੀ ਸਾਰੇ ਵੱਖ-ਵੱਖ ਸੁੰਦਰ ਦਿਖਾਈ ਦਿੰਦੇ ਸਨ॥ ੩੪॥

**ਧਰਿ ਚਿਤ ਚਾਵ ਕਰਹਿਂ ਬਿਵਹਾਰ। ਗੁਰ ਘਰ ਤੇ ਲਹਿਂ ਦਰਬ ਉਦਾਰ।**
**ਖਾਟਹਿਂ ਲਾਭ ਸੁਜਸੁ ਕੌ ਕਹੈਂ। 'ਧੰਨ ਗੁਰੂ ਸਮਰਥ ਬਡ ਅਹੈਂ'॥ ੩੫॥**

ਚਿੱਤ ਵਿਚ ਚਾਉ ਭਰ ਕੇ ਵਿਵਹਾਰ ਕਰਦੇ ਸਨ, ਗੁਰੂ ਘਰ ਤੋਂ ਬਹੁਤ ਧਨ ਲੈਂਦੇ ਸਨ। ਲਾਭ ਖੱਟ ਕੇ ਸ੍ਰੇਸ਼ਟ ਜੱਸ ਕਹਿੰਦੇ ਸਨ, "ਧੰਨ ਗੁਰੂ ਜੀ ! ਵੱਡੇ ਸਮਰੱਥ ਹਨ"॥ ੩੫॥

**ਪੋਸ਼ਿਸ਼ ਬਰਨ ਬਰਨ ਕੇ ਅੰਬਰ। ਬਨਿਵਾਵਹਿਂ ਲੇ ਬ੍ਰਿੰਦ ਪਟੰਬਰ।**
**ਗੁਰ ਕੋ ਮਾਤੁਲ ਨਾਮ ਕ੍ਰਿਪਾਲ। ਕਾਰ ਕਰਾਵਤਿ ਸਕਲ ਸੰਭਾਲਿ॥ ੩੬॥**

ਰੰਗ ਬਰੰਗੇ ਕੱਪੜਿਆਂ ਦੀਆਂ ਪੋਸ਼ਾਕਾਂ ਪਾਈਆਂ ਹਨ, ਬਹੁਤ ਰੇਸ਼ਮੀ ਕੱਪੜਾ ਲੈ ਕੇ ਬਣਵਾਉਂਦੇ ਹਨ। ਗੁਰੂ ਜੀ ਦੇ ਮਾਮਾ ਜੀ, ਜਿਨ੍ਹਾਂ ਦਾ ਨਾਮ ਕ੍ਰਿਪਾਲ ਚੰਦ ਹੈ, ਉਹ ਸਭ ਪ੍ਰਕਾਰ ਦਾ ਕਾਰ ਵਿਹਾਰ ਸੰਭਾਲਦੇ ਹਨ॥ ੩੬॥

**ਪੁਰਿ ਗ੍ਰਾਮਨ ਕੇ ਮਨੁਜ ਨਿਹਾਰੇ। ਬੈਠੇ ਬ੍ਰਿੰਦ ਕਰਤਿ ਸਭਿ ਕਾਰੇ।**
**ਰੰਗਰੇਜ ਗਨ ਰੰਗਤਿ ਚੀਰ। ਸਭਿ ਬਿਧਿ ਕੇ ਨਰ ਕੀ ਬਡ ਭੀਰ॥ ੩੭॥**

ਨਗਰਾਂ ਅਤੇ ਪਿੰਡਾਂ ਦੇ ਮਨੁੱਖ ਵੇਖਦੇ ਹਨ, ਬੈਠ ਕੇ ਸਭ ਕੰਮ ਕਰਦੇ ਹਨ। ਬਹੁਤ ਲਲਾਰੀ ਕੱਪੜੇ ਰੰਗਦੇ ਹਨ। ਸਭ ਪ੍ਰਕਾਰ ਦੇ ਮਨੁੱਖਾਂ ਦੀ ਵੱਡੀ ਭੀੜ ਲੱਗੀ ਹੋਈ ਹੈ॥ ੩੭॥

ਜ਼ੀਨ ਤੁਰੰਗਨਿ ਬਨਹਿਂ ਬਿਸਾਲਾ। ਮਖ਼ਮਲ ਜ਼ਰੀ ਬਨਾਤੀ ਜਾਲਾ।
ਅਨਿਕ ਕਾਰਖਾਨੇ ਪੁਰ ਹੋਏ। ਲੇਨਿ ਦੇਨਿ ਠਾਨਤਿ ਸਭਿ ਕੋਏ॥ ੩੮॥

ਘੋੜਿਆਂ ਦੀਆਂ ਵਿਸ਼ਾਲ ਕਾਠੀਆਂ ਬਣ ਰਹੀਆਂ ਹਨ। ਮਖਮਲੀ, ਜ਼ਰੀ ਅਤੇ ਬਨਾਤੀ ਕੱਪੜੇ ਲੱਗ ਰਹੇ ਹਨ। ਨਗਰ ਦੇ ਵਿਚ ਅਨੇਕਾ ਕਾਰਖਾਨੇ ਲੱਗ ਗਏ ਹਨ ਤੇ ਸਾਰੇ ਲੈਣ-ਦੇਣ ਕਰਦੇ ਹਨ॥ ੩੮॥

ਬ੍ਰਿੰਦ ਸੁਨਾਰ ਬਿਭੂਖਨ ਘਰੈਂ। ਚਾਂਦੀ ਚਾਮੀਕਰ ਕੇ ਕਰੈਂ।
ਤੰਬੂ ਪੁੰਜ ਕਨਾਤ ਬਨਾਤੀ। ਚੋਬ ਕਲਸ ਕੰਚਨ ਬਹੁ ਭਾਂਤੀ॥ ੩੯॥

ਬਹੁਤ ਸੁਨਾਰ ਗਹਿਣੇ ਘੜ ਰਹੇ ਹਨ, ਚਾਂਦੀ ਅਤੇ ਸੋਨੇ ਦੇ ਚੋਵਰ ਬਣਾਉਂਦੇ ਹਨ। ਤੰਬੂ ਅਤੇ ਕਨਾਤਾਂ, ਬਨਾਤ ਦੀਆਂ ਬਣੀਆਂ ਹਨ, ਬਹੁਤ ਪ੍ਰਕਾਰ ਦੇ ਸੋਨੇ ਦੇ ਚੋਬ ਅਤੇ ਕਲਸ ਬਣੇ ਹੋਏ ਹਨ॥ ੩੯॥

ਆਤਸ਼ਬਾਜੀ ਬਹੁ ਬਨਵਾਈ। ਗਨ ਬਾਜੀਨ ਬਰੂਦ ਮਿਲਾਈ।
ਦੇਵ ਦੇਵਨੀ, ਚਾਦਰ ਚਾਰੁ। ਚਰਖੀ ਪੁੰਜ, ਮਤਾਬੀ, ਝਾਰ॥ ੪੦॥

ਆਤਸ਼ਬਾਜ਼ੀ ਬਹੁਤ ਬਣਵਾਈ ਹੈ, ਆਤਸ਼ਬਾਜ਼ੀ ਦੇ ਹਾਥੀਆਂ ਅਤੇ ਘੋੜਿਆਂ ਵਿਚ ਬਰੂਦ ਭਰਿਆ ਹੈ। ਬਰੂਦ ਭਰੇ ਦੇਵੀ ਦੇਵਤੇ ਵੀ ਬਹੁਤ ਬਣਾਏ ਹਨ ਤੇ ਅਜਿਹੀ ਆਤਸ਼ਬਾਜੀ ਵੀ ਬਣਾਈ ਹੈ ਜਿਸ ਦੇ ਫੁੱਲ ਖਿੜ ਕੇ ਚਾਦਰ ਵਾਂਗ ਬਣ ਜਾਂਦੇ ਹਨ। ਬਹੁਤ ਚਰਖੜੀਆਂ, ਮਤਾਬੀਆਂ ਅਤੇ ਝਾੜ ਵੀ ਬਣੇ ਹਨ॥ ੪੦॥

ਕੌਨ ਕੌਨ ਗਿਨੀਅਹਿ ਪੁਰਿ ਸਾਰੇ। ਨਰ ਨਾਰਿਨ ਕੀ ਭੀਰ ਉਦਾਰੇ।
ਅਸ ਰੌਣਕ ਇਕ ਮਾਸ ਮਝਾਰੀ। ਗੁਰ ਬਚ ਤੇ ਹ੍ਵੈ ਗੀ ਇਕ ਬਾਰੀ॥ ੪੧॥

ਸਾਰੇ ਨਗਰ ਵਿਚ ਕਿਸ ਕਿਸ ਦੀ ਗਿਣਤੀ ਕਰੀਏ, ਇਸਤਰੀ ਪੁਰਸ਼ਾਂ ਦੀ ਬਹੁਤ ਭੀੜ ਹੈ। ਐਸੀ ਰੌਣਕ ਇਕ ਮਹੀਨਾ ਰਹੇਗੀ। ਗੁਰੂ ਬਚਨ ਹੋਣ ਕਰਕੇ ਇਹ ਮੇਲਾ ਇਕ ਮਹੀਨੇ ਤੱਕ ਲਗੇਗਾ॥ ੪੧॥

ਬਾਜੇ ਬਜਹਿਂ ਗਾਇਬੋ ਕਰੈਂ। ਜਹਿਂ ਕਹਿਂ ਮਿਲਿ ਮਿਲਿ ਮੁਦ ਉਰ ਧਰੈਂ।
ਪਹੁੰਚਜੋ ਦਿਵਸ ਬਜਾਹ ਕੋ ਆਇ। ਨਿਤ ਪ੍ਰਤਿ ਉਤਸਵ ਮਾਤ ਕਰਾਇ॥੪੨॥

ਵਾਜੇ ਵੱਜਣਗੇ, ਗੀਤ ਗਾਉਣਗੇ, ਜਿੱਥੇ ਕਿੱਥੇ ਮਿਲ ਮਿਲ ਕੇ ਹਿਰਦੇ ਵਿਚ ਅਨੰਦ ਧਾਰਨਗੇ। ਫਿਰ ਵਿਆਹ ਦਾ ਦਿਨ ਪਹੁੰਚ ਗਿਆ। ਮਾਤਾ ਜੀ ਨਿਤਾਪ੍ਰਤੀ ਉਤਸਵ ਕਰਵਾਉਂਦੇ ਸਨ॥ ੪੨॥

ਢੋਲਕ, ਟਲਕਾ, ਘੁੰਘਰੂ, ਤਾਲੀ। ਗਾਵਹਿਂ ਨਾਚਹਿਂ ਲੇਤਿ ਭਵਾਲੀ।
ਨਿਸ ਬਾਸੁਰ ਮਹਿਂ ਕੌਤਕ ਹੋਤਿ। ਦੇਖਹਿਂ ਨਰ ਤ੍ਰਿਯ ਮੋਦ ਉਦੋਤਿ॥ ੪੩॥

ਢੋਲਕ, ਟੱਲੀਆਂ, ਘੁੰਘਰੂ ਅਤੇ ਤਾਲੀਆਂ ਵੱਜਦੀਆਂ ਸਨ, ਨਾਚ। ਭੁਆਟਣੀਆਂ ਲੈ ਲੈ ਕੇ ਗਾਉਂਦੇ ਅਤੇ ਨੱਚਦੇ ਸਨ। ਦਿਨ ਰਾਤ ਕੌਤਕ ਹੁੰਦੇ ਰਹਿੰਦੇ ਸਨ। ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੪੩॥

*ਪਹਿਲੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਬਾਰ੍ਹਵਾਂ

## ਬਰਾਤ ਦੀ ਚੜ੍ਹਾਈ

*ਦੋਹਰਾ-* ਦਿਵਸ ਬਯਾਹ ਕੋ ਆਇਗੋ ਤਯਾਰੀ ਸਕਲ ਕਰਾਇ।
ਸਾਜੀ ਸਕਲ ਬਰਾਤ ਤਬਿ ਦੇ ਪੋਸ਼ਿਸ਼ ਸਿਰੁਪਾਇ ॥ ੧ ॥

ਜਦ ਵਿਆਹ ਦਾ ਦਿਨ ਆ ਗਿਆ ਤਾਂ ਸਭ ਪ੍ਰਕਾਰ ਦੀ ਤਿਆਰੀ ਕਰਵਾਈ ਗਈ। ਪੋਸ਼ਾਕਾਂ ਅਤੇ ਸਿਰੋਪੇ ਦੇ ਕੇ ਸਾਰੀ ਬਰਾਤ ਦੀ ਸਾਜਨਾ ਕੀਤੀ ਗਈ॥ ੧॥

*ਪਾਧੜੀ ਛੰਦ-* ਸ੍ਰੀ ਗੁਜਰੀ ਰਿਦ ਅਨੰਦ ਧਾਰਿ। ਸਤਿਗੁਰੂ ਪੁੱਤ੍ਰ ਕੋ ਢਿਗ ਹਕਾਰਿ।
ਚੰਦਨ ਸੁ ਚਾਰੁ ਚੌਕੀ ਡਸਾਇ। ਬਿਚ ਅਜਰ ਮਹਿਦ ਦੀਨੇ ਬਿਠਾਇ ॥੨ ॥

ਮਾਤਾ ਗੁਜਰੀ ਜੀ ਨੇ ਹਿਰਦੇ ਵਿਚ ਅਨੰਦ ਧਾਰ ਕੇ, ਸਤਿਗੁਰੂ ਪੁੱਤਰ ਨੂੰ ਆਪਣੇ ਪਾਸ ਬੁਲਾਇਆ। ਚੰਦਨ ਦੀ ਸੁੰਦਰ ਚੌਕੀ ਡੁਹਾਈ। ਵੱਡੇ ਵਿਹੜੇ ਵਿਚ ਗੁਰੂ ਜੀ ਨੂੰ ਬਿਠਾ ਦਿੱਤਾ॥ ੨॥

ਬਰ ਨਾਰਿ ਸੁਹਾਗਣ ਗੀਤ ਗਾਇਂ। ਚਹੁੰਦਿਸ਼ਿਨਿ ਆਨਿ ਪਰਵਾਰ ਪਾਇ।
ਮਰਦਨਿ ਕਰੰਤਿ ਬਟਨਾ ਸ਼ਰੀਰ। ਜਿਸ ਮੈਂ ਸੁਗੰਧਿ ਮਹਿਕਤਿ ਗਹੀਰ ॥੩ ॥

ਸ੍ਰੇਸ਼ਟ ਸੁਹਾਗਣ ਨਾਰੀਆਂ ਗੀਤ ਗਾਉਂਦੀਆਂ ਸਨ, ਚਾਰੇ ਪਾਸਿਆਂ ਤੋਂ ਆ ਕੇ ਘੇਰਾ ਪਾ ਲਿਆ। ਗੁਰੂ ਜੀ ਦੇ ਸਰੀਰ ਨੂੰ ਵਟਣਾ ਮਲਿਆ, ਜਿਸ ਦੀ ਸੁਗੰਧੀ ਬਹੁਤ ਮਹਿਕਦੀ ਸੀ॥ ੩॥

ਸਭਿ ਅੰਗ ਰੁਚਿਰ ਮਰਦਯੋ ਬਨਾਇ। ਭੁਜਦੰਡ ਗਹੇ ਗਜ ਸੁੰਡ ਭਾਇ।
ਪੁਨ ਲਯਾਇ ਨੀਰ ਨੀਕੇ ਸ਼ਨਾਨ। ਮੁਖ ਚੰਦ ਪਖਾਰਯੋ ਰੁਚਿਰ ਠਾਨਿ ॥੪ ॥

ਸਭ ਅੰਗਾਂ ਨੂੰ ਮਲ ਕੇ ਸੁੰਦਰ ਬਣਾਇਆ ਗਿਆ। ਹਾਥੀ ਦੀ ਸੁੰਡ ਵਰਗੇ ਭੁਜਦੰਡੇ ਫੜ ਕੇ ਵੱਟਣਾ ਮਲਿਆ। ਫਿਰ ਇਸ਼ਨਾਨ ਵਾਸਤੇ ਨਿਰਮਲ ਜਲ ਮੰਗਵਾਇਆ ਗਿਆ, ਚੰਦ ਵਰਗੇ ਮੁਖੜੇ ਨੂੰ ਚੰਗੀ ਤਰ੍ਹਾਂ ਧੋਤਾ॥ ੪॥

ਪਟ ਪੀਤ ਪਹਿਰ ਕਰਿ ਸਕਲ ਅੰਗ। ਕਰ ਬੰਧਿ ਕੰਗਣਾ ਸਗਨ ਸੰਗ।
ਸੁਭ ਬਸਤ੍ਰ ਬਿਭੂਖਨ ਚਾਰੁ ਡਾਰਿ। ਸਿਰਪੇਚ ਸੀਸ ਪਰ ਦੁਤਿ ਉਦਾਰ ॥੫ ॥

ਸਾਰੇ ਅੰਗਾਂ 'ਤੇ ਪੀਲੇ ਵਸਤਰ ਪਹਿਣ ਲਏ। ਹੱਥ ਵਿਚ ਕੰਗਣ ਪਾ ਲਏ। ਸ਼ੁਭ ਅਤੇ ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸਿਰ ਉੱਤੇ ਸੁੰਦਰ ਦਸਤਾਰ ਸਜਾ ਲਈ॥ ੫॥

ਤਿਸ ਉਪਰ ਜਿਗਾ ਬਹੁ ਚਮਕਵੰਤਿ। ਮੁਕਤਾ ਸੁ ਗੋਲ ਹੀਰਨਿ ਜਰੰਤਿ।
ਸਬਜ਼ੇ ਬਿਲੰਦ ਸਬਿ ਜੇ ਸੁਹਾਇ। ਲਰਕੰਤਿ ਪੰਕਤੀ ਦੁਤਿ ਬਨਾਇ ॥੬ ॥

ਪੱਗ ਉੱਤੇ ਜਿਗਾ ਬਹੁਤ ਚਮਕਦੀ ਸੀ, ਜਿਹੜੀ ਗੋਲ ਮੋਤੀਆਂ ਅਤੇ ਹੀਰਿਆਂ ਨਾਲ ਜੜੀ ਹੋਈ ਸੀ। ਵੱਡੇ ਵੱਡੇ ਪੰਨੇ ਐਸੇ ਸੁੰਦਰ ਸਨ ਕਿ ਉਹ ਸਾਰੇ ਕਤਾਰ ਬੰਨ੍ਹਵੀਂ ਸੁੰਦਰਤਾ ਨਾਲ ਲਟਕ ਰਹੇ ਸਨ॥ ੬॥

ਕਲਗ਼ੀ ਉਤੰਗ ਜਿਸ ਜਗਤਿ ਜੋਤਿ। ਮੁਕਤਾਨ ਗੁੱਛ, ਹੀਰਨ ਉਦੋਤਿ।
ਮੁਖ ਮੰਡਲ ਚੰਦ ਮਨਿੰਦ ਚਾਰੁ। ਬਿਚ ਸੁਧਾ ਬਾਕ ਮਾਧੁਰ ਅਪਾਰ ॥੭ ॥

ਉੱਚੀ ਕਲਗੀ ਬਹੁਤ ਪ੍ਰਕਾਸ਼ਦੀ ਹੈ। ਮੋਤੀਆਂ ਦੇ ਗੁੱਛੇ ਤੇ ਹੀਰੇ ਚਮਕ ਰਹੇ ਹਨ। ਮੁਖੜਾ ਚੰਦ ਵਾਂਗ ਸੁੰਦਰ ਹੈ। ਜਿਸ ਵਿਚ ਅੰਮ੍ਰਿਤ ਰੂਪੀ ਮਹਾਨ ਮਿੱਠੇ ਬਚਨ ਹਨ॥ ੭॥

ਕੁੰਡਲ ਸੁ ਗੋਲ ਡੋਲਹਿਂ ਕਪੋਲ। ਸ਼ੋਭਤਿ ਅਮੋਲ ਉਪਮਾ ਅਤੋਲ।
ਮੁਕਤਾਨ ਮਾਲ ਗਲ ਮੈਂ ਬਿਸਾਲ। ਭੁਜਦੰਡਨ ਅੰਗਦ ਦੁਤਿ ਉਜਾਲ॥ ੮॥

ਗਲ੍ਹਾਂ ਉੱਪਰ ਗੋਲ ਕੁੰਡਲ ਲਮਕ ਰਹੇ ਸਨ, ਅਮੋਲਕ ਉਨ੍ਹਾਂ ਦੀ ਸ਼ੋਭਾ ਅਤੇ ਤੋਲ ਰਹਿਤ ਉਨ੍ਹਾਂ ਦੀ ਉਪਮਾ ਹੈ। ਗਲ ਵਿਚ ਵੱਡੀ ਮੋਤੀਆਂ ਦੀ ਮਾਲਾ ਹੈ। ਡੌਲਿਆਂ ਵਿਚ ਬਹੁਟਿਆਂ ਦੀ ਸੁੰਦਰਤਾ ਪ੍ਰਕਾਸ਼ਦੀ ਹੈ॥ ੮॥

ਹਾਟਕ ਜੜਾਵ ਕਰ ਕਟਕ ਪਾਇ। ਛਬਿ ਛਾਪ ਛਲਾਯਨ ਸੁੱਛ ਛਾਇ।
ਕਰਬੰਧਜੋ ਕੰਙਨਾ ਸ਼ੋਭ ਦੇਤਿ। ਪਟ ਪੀਤ ਪਹਿਰਿ ਦੁਤਿ ਪਰਮ ਲੇਤਿ॥ ੯॥

ਸੋਨੇ ਦੇ ਜੜਾਊ ਕੜੇ ਹੱਥ ਵਿਚ ਪਾਏ ਹੋਏ ਹਨ। ਛਾਪ ਅਤੇ ਛਲਿਆਂ ਦੀ ਛਵੀ ਬੜੀ ਸੁੰਦਰ-ਛਾਈ ਹੋਈ ਹੈ। ਹੱਥ ਵਿਚ ਬੰਨ੍ਹਿਆ ਕੰਗਣਾ ਬੜੀ ਸ਼ੋਭਾ ਪਾ ਰਿਹਾ ਹੈ। ਗਲ ਵਿਚ ਪਾਏ ਪੀਲੇ ਵਸਤਰ ਡਾਢੀ ਖ਼ੂਬਸੂਰਤੀ ਲੈ ਰਹੇ ਹਨ॥ ੯॥

ਦੋਹਰਾ- ਜ਼ੇਵਰ ਜੇ ਵਰ ਜ਼ੇਬ ਜਿਨ ਜਬਰ ਜਹਾਵਰ ਜੋਤਿ।
ਜਰੇ ਜਰਾਇਨ ਜਾਂਬੁਨਦ ਪਹਿਰੇ ਸ਼ੋਭ ਉਦੋਤਿ॥ ੧੦॥

ਗਹਿਣੇ ਜਿਨ੍ਹਾਂ ਦੀ ਜ਼ੇਬਾਇਸ਼ (ਸ਼ੋਭਾ) ਸ੍ਰੇਸ਼ਟ ਹੈ, ਜਿਨ੍ਹਾਂ ਵਿਚ ਜਵਾਹਰਾਂ ਦੀ ਜੋਤੀ ਜ਼ੋਰਾਵਰ ਹੈ ਭਾਵ ਵਧੇਰੇ ਚਮਕ ਵਾਲੀ ਹੈ ਅਤੇ ਜੋ ਸੋਨੇ ਦੀ ਜੜਤ ਵਿਚ ਜੜੇ ਹੋਏ ਹਨ, ਜਿਨ੍ਹਾਂ ਦੇ ਪਹਿਨਣ ਨਾਲ ਬਹੁਤ ਸ਼ੋਭਾ ਪ੍ਰਗਟ ਹੁੰਦੀ ਹੈ॥ ੧੦॥

*ਪਾਧੜੀ ਛੰਦ*-ਝੁਲਿਯੰਤ ਛੱਤ੍ਰ ਸਿਰ ਪਰ ਫਿਰਾਇ। ਢੁਰਿਯੰਤ ਚਮਰ ਚਾਰੂ ਚਲਾਇ।
ਜਿਮ ਇੰਦ੍ਰ ਸਚੀ ਕੇ ਬਜਾਹ ਹੇਤ। ਤਨ ਕੋ ਸ਼ਿੰਗਾਰ ਦੁਤਿ ਪਰਮ ਦੇਤਿ॥੧੧॥

ਫਿਰਦਾ ਹੋਇਆ ਛੱਤਰ ਸਿਰ ਉੱਤੇ ਝੁਲ ਰਿਹਾ ਹੈ, ਸੁਹਣਾ ਚਲਦਾ ਹੋਇਆ ਸੋਨਾ ਚਮਕ ਰਿਹਾ ਹੈ। ਮਾਨੋ ਇੰਦਰ ਆਪਣੀ ਪਤਨੀ ਸੱਚੀ ਨੂੰ ਵਿਆਹੁਣ ਵਾਸਤੇ ਤਨ ਨੂੰ ਸ਼ਿੰਗਾਰ ਕੇ ਪਰਮ ਸ਼ੋਭਾ ਪਾ ਰਿਹਾ ਹੈ॥ ੧੧॥

ਗੁਜਰੀ ਬਿਲੋਕਿ ਨਿਜ ਨੰਦ ਚੰਦ॥ਚਿਤ ਮਹਿਂ ਅਨੰਦ ਅਧਿਕਜੋ ਬਿਲੰਦ।
ਤ੍ਰਿਯ ਤਰੁਨ,ਗੋਰ ਤਨ,ਬਸਨ ਝੀਨ। ਗਨ ਅਲੰਕਾਰ ਧਰਿ ਹੇਮ ਭੀਨ॥੧੨॥

ਮਾਤਾ ਗੁਜਰੀ ਜੀ ਨੇ ਜਦ ਆਪਣੇ ਚੰਦ ਵਰਗੇ ਪੁੱਤਰ ਨੂੰ ਵੇਖਿਆ ਤਾਂ ਉਸ ਦੇ ਚਿੱਤ ਵਿਚ ਬਹੁਤ ਵੱਡਾ ਅਨੰਦ ਛਾ ਗਿਆ। ਗੋਰੇ ਸਰੀਰ ਤੇ ਮਹੀਨ ਵਸਤਰਾਂ ਵਾਲੀਆਂ ਜਵਾਨ ਇਸਤਰੀਆਂ, ਬਹੁਤ ਗਹਿਣੇ ਪਾਉਣ ਵਾਲੀਆਂ ਇੰਝ ਲੱਗਦੀਆਂ ਸਨ ਮਾਨੋ ਸੋਨੇ ਨਾਲ ਮੜ੍ਹੀਆਂ ਹੋਣ॥ ੧੨॥

ਬਹੁ ਬਾਰ ਬਾਰ ਗਾਵੰਤਿ ਗੀਤ। ਜਿਨ ਕੰਠ ਕੋਕਲਾ ਮੁਦਤਿ ਚੀਤ।
ਬਲਿਹਾਰ ਹੋਤਿ ਪਿਖਿ ਗੁਰ ਸਰੂਪ। ਉਮਕੰਤਿ ਹੀਯ ਲਖਿ ਕਰਿ ਅਨੂਪ॥੧੩॥

ਵਾਰ ਵਾਰ ਉਹ ਬਹੁਤ ਗੀਤ ਗਾਉਂਦੀਆਂ ਸਨ ਜਿਨ੍ਹਾਂ ਦੇ ਗਲ੍ਹੇ ਕੋਇਲਾਂ ਵਰਗੇ ਸਨ ਤੇ ਚਿੱਤ ਬਹੁਤ ਪ੍ਰਸੰਨ ਸਨ। ਉਹ ਗੁਰੂ ਜੀ ਦੇ ਸਰੂਪ ਨੂੰ ਵੇਖ ਕੇ ਬਲਿਹਾਰ ਜਾਂਦੀਆਂ ਸਨ। ਅਨੂਪਮ ਸੁੰਦਰਤਾ ਵੇਖ ਕੇ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਸੰਨਤਾ ਦੀਆਂ ਲਹਿਰਾਂ ਦੌੜਦੀਆਂ ਸਨ॥ ੧੩॥

ਕੁਲ ਰੀਤਿ ਕੀਨਿ ਗੁਰ ਵਹਿਰ ਆਇ। ਥਿਰ ਭਏ ਪੌਰ ਸੁੰਦਰ ਸੁਹਾਇ।
ਤਬਿ ਹਨੇ ਡੰਕ ਧੌਂਸਾ ਧੁੰਕਾਰ। ਡਫ ਪਣਵ,ਪਟਹਿ ਧੁਨਿ ਭੀ ਉਦਾਰ॥੧੪॥

ਗੁਰੂ ਜੀ ਨੇ ਬਾਹਰ ਆ ਕੇ ਵੰਸ਼ ਦੀ ਰੀਤੀ ਕੀਤੀ, ਦਰਵਾਜ਼ੇ ਵਿਚ ਖਲੋ ਕੇ ਸੁੰਦਰ ਸ਼ੋਭਾ ਪਾਈ। ਤਦ ਨਗਾਰੇ 'ਤੇ ਡੱਗਾ ਲੱਗਾ ਤੇ ਧੁੰਕਾਰ ਦੀ ਵੱਡੀ ਆਵਾਜ਼ ਪੈਦਾ ਹੋਈ। ਡਫ, ਪਣਵ ਤੇ ਵੱਡੇ ਨਗਾਰੇ ਦੀ ਧੁਨ ਵੀ ਬਹੁਤ ਉੱਚੀ ਸੀ॥ ੧੪॥

ਤੁਰਰੀ, ਨਫੀਰ, ਛੈਣੇ ਬਜੰਤਿ। ਗਨ ਢੋਲ ਬੰਸਰੀ ਰਵ ਉਠੰਤਿ।
ਸਭਿ ਅੱਗ੍ਰ ਚਲੇ ਬਾਜਤਿ ਨਿਸ਼ਾਨ। ਕੁਛ ਕਹੀ ਬਾਤ ਸੁਨੀਏਂ ਨ ਕਾਨ॥੧੫॥

ਤੁਰਰੀ, ਨਫੀਰ ਤੇ ਛੈਣੇ ਵੱਜਦੇ ਸਨ, ਬਹੁਤ ਢੋਲ, ਬੰਸਰੀਆਂ ਦੀ ਆਵਾਜ਼ ਉੱਠਦੀ ਸੀ। ਸਭ ਧੌਂਸੇ ਵੱਜਦੇ ਅੱਗੇ ਅੱਗੇ ਜਾ ਰਹੇ ਸਨ। ਕਹੀ ਹੋਈ ਗੱਲ ਕੰਨਾਂ ਨਾਲ ਸੁਣਦੀ ਨਹੀਂ ਸੀ॥ ੧੫॥

ਪਸ਼ਚਾਤ ਨਾਗਰੀ ਗਾਇਂ ਗਾਛ। ਬਿਸਤਿਰਤ ਆਂਖ ਪੈਨੇ ਕਟਾਛ।
ਹਿਤ ਬ੍ਰਾਤ ਚਢਾਵਨਿ ਚਲਤਿ ਸੰਗ। ਗਨ ਅਲੰਕਾਰ ਛਣਕੰਤਿ ਅੰਗ॥੧੬॥

ਪਿੱਛੇ ਇਸਤਰੀਆਂ ਗਾਉਂਦੀਆਂ ਜਾ ਰਹੀਆਂ ਸਨ, ਉਨ੍ਹਾਂ ਦੀਆਂ ਚੌੜੀਆਂ ਅੱਖਾਂ ਤਿੱਖੇ ਕਟਾਖ ਵਾਲੀਆਂ ਸਨ। ਉਹ ਬਰਾਤ ਨੂੰ ਚੜ੍ਹਾਉਣ ਵਾਸਤੇ ਨਾਲ-ਨਾਲ ਚਲ ਰਹੀਆਂ ਸਨ, ਉਨ੍ਹਾਂ ਦੇ ਗਹਿਣੇ ਸਰੀਰ ਨਾਲ ਵੱਜ ਕੇ ਬਹੁਤ ਛਣਕਦੇ ਸਨ॥ ੧੬॥

ਬਹੁ ਬਰਨ ਚੂਨਰੀ ਛੋਰਦਾਰ। ਕੋ ਜ਼ਰੀਦਾਰ ਕੋ ਕੋਰਦਾਰ।
ਮੁਸਕਾਤ ਮੰਦ ਦਿਖੀਅੰਤਿ ਦੰਤ। ਬਿਚ ਲਾਲ ਅਧਰ ਕੇ ਇਮ ਸੁਭੰਤਿ॥੧੭॥

ਉਨ੍ਹਾਂ ਦੀਆਂ ਰੰਗ ਬਰੰਗੀਆਂ ਪੱਲਿਆਂ ਵਾਲੀਆਂ ਚੁੰਨੀਆਂ ਸਨ ਕੋਈ ਜ਼ਰੀਦਾਰ ਸੀ ਤੇ ਕੋਈ ਕੋਰਦਾਰ ਸੀ। ਜਦ ਮੁਸਕਰਾਉਂਦੀਆਂ ਸਨ ਤਾਂ ਉਨ੍ਹਾਂ ਦੇ ਦੰਦ ਦਿਖਾਈ ਦਿੰਦੇ ਸਨ। ਉਹ ਲਾਲ ਬੁਲ੍ਹਾਂ ਵਿਚ ਇੰਝ ਲੱਗਦੇ ਸਨ॥ ੧੭॥

ਸੰਪਟ ਪ੍ਰਵਾਲ ਦੁਤਿ ਲਾਲਵੰਤਿ। ਬਿਚ ਬੀਚ ਬੀਜਰੀ ਗਾਡਿਯੰਤ।
ਬੜਵਾ ਅਰੂਢਿ ਗੁਰ ਅੱਗ੍ਰ ਚਾਲਿ। ਮੁਕਤਾਨ ਸੇਹਰਾ ਹੇਮ ਭਾਲ॥ ੧੮॥

ਜਿਵੇਂ ਗੁੱਲੀਆਂ ਦੇ ਡੱਬੇ ਦੀ ਲਾਲ ਰੰਗ ਵਾਲੀ ਸ਼ੋਭਾ ਹੋਵੇ ਤੇ ਵਿਚੋਂ ਵਿਚ ਬਿਜਲੀ ਗੱਡੀ ਹੋਈ ਹੋਵੇ, ਇਸ ਤਰ੍ਹਾਂ ਦੰਦ ਸ਼ੋਭਾ ਪਾ ਰਹੇ ਸਨ। ਘੋੜੀ ਉੱਤੇ ਚੜ੍ਹ ਕੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ। ਮੱਥੇ ਉੱਤੇ ਬੱਝੇ ਸਿਹਰੇ ਵਿਚ ਮੋਤੀਆਂ ਅਤੇ ਸੋਨੇ ਦੀਆਂ ਤਾਰਾਂ ਚਮਕ ਰਹੀਆਂ ਸਨ॥ ੧੮॥

ਵਿਰਿਯੰਤਿ ਛਤ੍ਰ ਢੁਰਿਯੰਤਿ ਚੌਰ। ਬਜਿਯੰਤਿ ਬਾਜ, ਪਰਿਯੰਤਿ ਰੌਰ।
ਘਰ ਪੌਰ ਪੌਰ ਪਰ ਨਰਨਿ ਭੀਰ। ਕੌਤਕ ਬਿਲੋਕਿ ਲੋਭਤਿ ਸਰੀਰ॥ ੧੯॥

ਸਿਰ ਉੱਤੇ ਛੱਤਰ ਤੇ ਚੌਰ ਫਿਰ ਰਿਹਾ ਸੀ, ਵਾਜੇ ਵੱਜਦੇ ਸਨ ਤੇ ਬਹੁਤ ਰੌਲਾ ਪਿਆ ਹੋਇਆ ਸੀ। ਘਰਾਂ ਦੇ ਹਰ ਦਰਵਾਜ਼ੇ ਉੱਤੇ ਮਨੁੱਖਾਂ ਦੀ ਭੀੜ ਖੜੀ ਸੀ। ਕੌਤਕ ਵੇਖਣ ਵਾਸਤੇ ਸਾਰੇ ਲੁਭਾਇਮਾਨ ਹੋ ਰਹੇ ਸਨ॥ ੧੯॥

ਸਭਿ ਸਜਿ ਬਰਾਤ ਸੁਧਿ ਪਾਇ ਆਇ। ਵਾਹਨ ਪਲਾਇ ਕੇਤਿਕ ਕੁਦਾਇ।
ਸ਼ੁਭ ਸਜਤਿ ਜ਼ੀਨ ਸੁੰਦਰ ਤੁਰੰਗ। ਸਭਿ ਕਰੇ ਏਕ ਸਮ ਲਾਲ ਰੰਗ॥੨੦॥

ਸਾਰਿਆਂ ਨੂੰ ਜਦ ਪਤਾ ਲੱਗਾ ਕਿ ਬਰਾਤ ਸਜ ਕੇ ਆ ਰਹੀ ਹੈ, ਤਾਂ ਉਹ ਵੇਖਣ ਵਾਸਤੇ ਆਏ। ਕਈ ਘੋੜਿਆਂ ਨੂੰ ਭਜਾਉਂਦੇ ਸਨ ਤੇ ਕਈ ਕੁਦਾਉਂਦੇ ਸਨ। ਘੋੜਿਆਂ ਉੱਤੇ ਸੁੰਦਰ ਕਾਠੀਆਂ ਬਹੁਤ ਸੱਜ ਰਹੀਆਂ ਸਨ। ਸਾਰੀਆਂ ਕਾਠੀਆਂ ਨੂੰ ਇਕ ਸਮਾਨ ਲਾਲ ਰੰਗ ਕੀਤਾ ਹੋਇਆ ਸੀ॥ ੨੦॥

ਵਾਹਨ ਅਨੇਕ ਨਿਕਸੰਤਿ ਚਾਰੁ। ਸਜੰਦਨ ਸੁਰੰਗ ਜ਼ਰਿ ਕੋ ਉਛਾਰ।
ਕਿਸਹੂੰ ਤੁਰੰਗ, ਕਿਸ ਬ੍ਰਿਖਭ ਜੋਰਿ। ਜਿਨ ਕੋਰਿ ਪੁਸ਼ਟ ਤਨ ਮਹਿਦ ਜੋਰ॥੨੧॥

ਸੁੰਦਰ ਅਨੇਕਾਂ ਵਾਹਣ ਨਿਕਲੇ, ਰੱਥਾਂ ਉੱਤੇ ਸ੍ਰੇਸ਼ਟ ਰੰਗ ਦੇ ਜ਼ਰੀ ਦੇ ਉਛਾੜ ਚੜ੍ਹੇ ਹੋਏ ਸਨ। ਕਿਸੇ ਰੱਥ ਨੂੰ ਘੋੜੇ ਜੁੱਤੇ ਹੋਏ ਸੀ ਤੇ ਕਿਸੇ ਨੂੰ ਬਲਦ ਜੋਏ ਸਨ, ਜਿਹੜੇ ਬਹੁਤ ਮੋਟੇ ਅਤੇ ਤਾਕਤਵਰ ਸਨ॥ ੨੧॥

ਘੰਟੇ ਠਨੰਕ, ਘੁੰਘਰ ਛਨੰਕ। ਪ੍ਰੇਰਕ ਸ਼ਬੱਦ ਤੋਰਤਿ ਨਿਸੰਕ।
ਬਹੁ ਬਹਿਲ ਬੇਗ ਤੇ ਬਲਬਿਲੰਦ। ਸੁੰਦਰ ਸਿੰਗਾਰ ਪਿਖਿ ਦੇ ਅਨੰਦ॥੨੨॥

ਗਲ ਪਈਆਂ ਘੰਟੀਆਂ ਖੜਕਦੀਆਂ ਸਨ ਤੇ ਘੁੰਘਰੂ ਛਣਕਦੇ ਸਨ। ਰਥਵਾਨ ਆਵਾਜ਼ ਦੇ ਕੇ ਤੋਰਦੇ ਹਨ। ਬਲਦ ਬਹੁਤ ਤੇਜ਼ ਚਲਦੇ ਹਨ ਜਿਨ੍ਹਾਂ ਦੇ ਸਰੀਰਾਂ ਵਿਚ ਵੱਡੀ ਤਾਕਤ ਹੈ। ਸੁੰਦਰ ਸ਼ਿੰਗਾਰੇ ਹੋਏ ਵੇਖ ਕੇ ਅਨੰਦ ਆ ਜਾਂਦਾ ਹੈ॥ ੨੨॥

ਇਕਸਾਰ ਲਾਲ ਸਭਿ ਪਰ ਉਛਾਰ। ਪਟ ਪਹਿਰਿ ਰੁਚਿਰ ਭੂਖਨ ਸੁਧਾਰਿ।
ਸਭਿ ਬਨੇ ਛੈਲ ਛਬਿ ਤੇ ਸੁਹਾਇ। ਤਬਿ ਪੰਚ ਭ੍ਰਾਤ ਤਹਿਂ ਆਹਿ ਧਾਇ॥੨੩॥

ਸਾਰਿਆਂ ਉੱਤੇ ਇਕਸਾਰ ਲਾਲ ਉਛਾੜ ਚਾੜ੍ਹੇ ਹੋਏ ਸਨ। ਸੁੰਦਰ ਰੇਸ਼ਮ ਪਹਿਣ ਕੇ ਗਹਿਣੇ ਸੁਧਾਰੇ ਹੋਏ ਸਨ। ਸਾਰੇ ਛੈਲ ਛਬੀਲੇ ਬਣ ਕੇ ਸ਼ੋਭ ਰਹੇ ਸਨ। ਤਦ ਪੰਜੇ ਭਰਾ ਓਥੇ ਭੱਜਦੇ ਹੋਏ ਆਏ॥ ੨੩॥

ਚਢਿ ਚਪਲ ਚਾਲ ਬਾਜੀ ਕੁਦਾਇ। ਜਿਨ ਜ਼ੀਨ ਰਜਤ ਅਰੁ ਰੁਕਮ ਲਾਇ।
ਤਿਨ ਨਾਮ ਸ਼ਾਹ ਸੰਗੋ ਭਿਰਾਮ। ਅਰੁ ਮਾਹਰੀਚੰਦ, ਸੁ ਗੰਗ ਰਾਮ॥ ੨੪॥

ਉਨ੍ਹਾਂ ਨੇ ਚੰਚਲ ਚਾਲ ਵਾਲੇ ਘੋੜਿਆਂ ਉੱਤੇ ਚੜ੍ਹ ਕੇ ਉਨ੍ਹਾਂ ਨੂੰ ਕੁਦਾਇਆ, ਜਿਨ੍ਹਾਂ ਘੋੜਿਆਂ ਦੀਆਂ ਕਾਠੀਆਂ ਨੂੰ ਚਾਂਦੀ ਤੇ ਸੋਨਾ ਲੱਗਾ ਹੋਇਆ ਹੈ, ਉਨ੍ਹਾਂ ਭਰਾਵਾਂ ਦੇ ਮਨੋਹਰ ਨਾਮ ਸੰਗੋ ਸ਼ਾਹ, ਮਾਹਰੀ ਚੰਦ ਅਤੇ ਗੰਗ ਰਾਮ ਹੈ॥ ੨੪॥

ਪੁਨ ਜੀਤ ਮੱਲ, ਗਾਜ਼ੀ ਗੁਲਾਬ। ਗੁਰ ਨਿਕਟ ਆਇ ਪਹੁੰਚੇ ਸ਼ਿਤਾਬ।
ਦ੍ਵਿਜ ਦਯਾਰਾਮ ਬਸਤ੍ਰਨਿ ਸਜਾਇ। ਧਰਿ ਖੜਗ ਸਿਪਰ ਹਯ ਕੋ ਧਵਾਇ॥੨੫॥

ਫਿਰ ਜੀਤ ਮਲ ਅਤੇ ਧਰਮੀ ਯੋਧਾ ਗੁਲਾਬ ਰਾਏ ਹੈ। ਉਹ ਤੁਰਤ ਗੁਰੂ ਜੀ ਦੇ ਪਾਸ ਆ ਗਏ। ਬ੍ਰਾਹਮਣ ਦਇਆ ਰਾਮ ਨੇ ਵਸਤਰ ਸਜਾ ਕੇ, ਤਲਵਾਰ ਤੇ ਢਾਲ ਪਾ ਕੇ ਘੋੜੇ ਨੂੰ ਭਜਾਇਆ॥ ੨੫॥

ਸ਼ੁਭ ਸੂਰਜਮਲ ਕੇ ਪੌਤ੍ਰ ਦੋਇ। ਅਸੁ ਪੈ ਅਰੂਢਿ ਸ਼ੁਭ ਬੇਸ ਹੋਇ।
ਬੇਦੀਨ ਬੰਸ ਸਜੰਦਨ ਸੁਧਾਰਿ। ਤੇਹਣ ਸਮੂਹ ਤਿਮ ਅਨੰਦ ਧਾਰਿ॥ ੨੬॥

ਸ਼ੁਭ ਸੂਰਜ ਮਲ ਦੇ ਦੋਵੇਂ ਪੋਤਰੇ, ਸੁੰਦਰ ਵਸਤਰ ਪਾ ਕੇ ਤੇ ਘੋੜੇ ਤੇ ਸਵਾਰ ਹੋ ਕੇ ਆਏ। ਬੇਦੀ ਵੰਸ਼ ਵਾਲੇ ਰੱਥਾਂ ਉੱਤੇ ਸਵਾਰ ਸਨ ਤੇ ਤ੍ਰੇਹਣ ਵੰਸ਼ ਵਾਲੇ ਵੀ ਉਸ ਤਰ੍ਹਾਂ ਹੀ ਅਨੰਦ ਧਾਰ ਕੇ ਰੱਥਾਂ ਵਿਚ ਬਿਰਾਜਮਾਨ ਸਨ॥ ੨੬॥

ਭੱਲੇ ਚਢੇ ਸਜਿ ਜਾਨੁ ਸੋਹਿ। ਰਥ ਬਹਿਲ ਬਹੁਰ ਕੈ ਹਯ ਅਰੋਹਿ।
ਦੇਸ਼ਨਿ ਬਿਦੇਸ਼ ਬਿੰਦੈ ਮਸੰਦ। ਤਨ ਬਸਨ ਬਿਭੂਖਨ ਸਜਿ ਬਿਲੰਦ॥ ੨੭॥

ਭੱਲੇ ਵੰਸ਼ ਦੇ ਮਨੁੱਖ ਵੀ ਰੱਥਾਂ ਉੱਤੇ ਚੜ੍ਹੇ ਹੋਏ ਸ਼ੋਭ ਰਹੇ ਸਨ। ਕਈ ਰੱਥਾਂ 'ਤੇ, ਕਈ ਬਹਿਲਾਂ ਤੇ ਜਾਂ ਘੋੜਿਆਂ 'ਤੇ ਸਵਾਰ ਸਨ। ਦੇਸ਼ਾਂ ਬਿਦੇਸ਼ਾਂ ਦੇ ਬਹੁਤ ਮਸੰਦ, ਸਰੀਰ ਉੱਤੇ ਵਸਤਰ ਅਤੇ ਗਹਿਣੇ ਪਾ ਕੇ ਬਹੁਤ ਸੱਜੇ ਹੋਏ ਸਨ॥ ੨੭॥

ਜਿਨ ਬਿਖੈ ਮੁੱਖਿ ਬਹੁ ਰਾਮਕੌਰ। ਬ੍ਰਿਧ ਬੰਸ ਜਾਨੀਯਤਿ ਸਕਲ ਠੌਰ।
ਗਿਨੀਏ ਕਿਤੇਕ ਬਹੁ ਚਢਿ ਬਰਾਤ। ਬਡ ਭਯੋ ਸ਼ਬਦ ਸਭਿ ਪੰਥ ਜਾਤਿ॥੨੮॥

ਜਿਨ੍ਹਾਂ ਵਿਚ ਸਭ ਦਾ ਮੁਖੀ ਰਾਮ ਕੌਰ ਸੀ। ਬਾਬਾ ਬੁੱਢਾ ਜੀ ਦੀ ਵੰਸ਼ ਨੂੰ ਸਭ ਥਾਂ ਜਾਣਿਆ ਜਾਂਦਾ ਹੈ। ਕਈਆਂ ਦੀ ਗਿਣਤੀ ਕੀਤੀ ਹੈ, ਜਿਹੜੇ ਬਰਾਤ ਵਿਚ ਚੜ੍ਹੇ ਸਨ। ਵੱਡਾ ਉੱਚਾ ਸ਼ਬਦ ਹੋਇਆ ਤੇ ਸਾਰੇ ਮਾਰਗ ਵਿਚ ਜਾ ਰਹੇ ਸਨ॥ ੨੮॥

ਛੁੱਟੇ ਨਿਸ਼ਾਨ ਫਰਰੇ ਮਹਾਨ। ਬਹੁ ਬਰਨ ਬਰਨ ਕੇ ਸ਼ੋਭਵਾਨ।
ਪਸ਼ਚਾਤ ਤਿਨਹੁਂ ਬਾਜੇ ਬਜੰਤ। ਬਡ ਕਰਤਿ ਕੁਲਾਹਲ ਪਗ ਚਲੰਤਿ॥੨੯॥

ਝੰਡਿਆਂ ਦੇ ਫਰੇ ਝੂਲ ਰਹੇ ਸਨ, ਬਹੁਤ ਰੰਗ-ਬਰੰਗੇ ਸ਼ੋਭ ਰਹੇ ਸਨ। ਉਨ੍ਹਾਂ ਦੇ ਪਿੱਛੇ-ਪਿੱਛੇ ਵਾਜੇ ਵੱਜਦੇ ਜਾਂਦੇ ਸਨ, ਰਾਹ ਵਿਚ ਚਲਦੇ ਉਹ ਬਹੁਤ ਸ਼ੋਰ ਮਚਾ ਰਹੇ ਸਨ॥ ੨੯॥

**ਦੂਲੋ ਸੁਹਾਇ ਤਿਨ ਕੇ ਪਿਛਾਰ। ਸਿਰ ਛਤ੍ਰ ਚਮਰ ਢੁਰ ਬਾਰਿ ਬਾਰਿ।**
**ਨਰ ਨਾਰਿ ਪਿਖੈਂ ਥਿਰ ਹੋਇ ਹੋਇ। ਉਰ ਅਧਿਕ ਮੁਦਤਿ ਬਰ ਜੋਇ ਜੋਇ॥੩੦॥**

ਦੂਲਾ ਉਨ੍ਹਾਂ ਦੇ ਪਿੱਛੇ ਸ਼ੋਭ ਰਿਹਾ ਸੀ, ਸਿਰ ਉੱਤੇ ਬਾਰ-ਬਾਰ ਚੌਰ ਅਤੇ ਛੱਤਰ ਝੁਲ ਰਿਹਾ ਸੀ। ਇਸਤਰੀਆਂ ਮਨੁੱਖ ਖੜੇ ਹੋ ਕੇ ਵੇਖ ਰਹੇ ਸਨ, ਸ੍ਰੇਸ਼ਟ ਸਰੂਪ ਵੇਖ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੩੦॥

**ਸ੍ਰੀ ਗੁਜਰੀ ਸਹਿਤ ਸਮੂਹ ਤ੍ਰੀਯ। ਕਰਿ ਬਿਦਾ ਬਰਾਤ ਅਨੰਦ ਹੀਯ;**
**ਗਮਨੀ ਨਿਕੇਤ ਗਾਵੰਤਿ ਗੀਤ। ਸੁਤ ਕੋ ਪ੍ਰਭਾਵ ਬਡ ਜਾਨਿ ਚੀਤ॥ ੩੧॥**

ਮਾਤਾ ਗੁਜਰੀ ਜੀ ਸਹਿਤ ਸਮੂਹ ਇਸਤਰੀਆਂ ਨੇ ਬਰਾਤ ਨੂੰ ਵਿਦਾ ਕਰਕੇ ਦਿਲ ਵਿਚ ਬੜਾ ਅਨੰਦ ਪਾਇਆ। ਗੀਤ ਗਾਉਂਦੀਆਂ ਆਪਣੇ ਘਰਾਂ ਨੂੰ ਚਲੇ ਗਈਆਂ। ਮਾਤਾ ਜੀ ਨੇ ਚਿੱਤ ਵਿਚ ਆਪਣੇ ਪੁੱਤਰ ਦੇ ਵੱਡੇ ਪ੍ਰਭਾਵ ਨੂੰ ਜਾਣਿਆ॥ ੩੧॥

*ਸ੍ਵੈਯਾ*-**ਦੁੰਦਭਿ ਦੀਰਘ ਧੌਂਸ ਬਜੈਂ ਚਢਿ ਵਾਹਨ ਚਾਰੁ ਮਿਲੇ ਸਭਿ ਚਾਲੇ।**
**ਕੇਤਿਕ ਸ੍ਯੰਦਨ ਜਾਤਿ ਪਲਾਵਤਿ, ਕੇਤਿਕ ਬਾਜ ਕੁਦਾਇਂ ਬਿਸਾਲੇ।**
**ਕੇਤਿਕ ਬੈਲਨਿ ਕੀ ਬਹਿਲੈਂ ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ।**
**ਘੁੰਘਰ ਕੀ ਛਨਕਾਰ ਮਹਾਂ ਧੁਨਿ ਬਾਦਿਤ ਕੀ ਮਿਲਿਕੈ ਤਿਸ ਨਾਲੇ॥੩੨॥**

ਵੱਡੇ-ਵੱਡੇ ਨਗਾਰੇ ਅਤੇ ਧੌਂਸੇ ਵੱਜੇ, ਸੁੰਦਰ ਵਾਹਨਾਂ ਤੇ ਚੜ੍ਹ ਕੇ ਸਭ ਮਿਲ ਕੇ ਚਲ ਪਏ। ਕਈ ਰੱਥਾਂ ਉੱਤੇ ਚੜ੍ਹੇ ਜਾ ਰਹੇ ਸਨ ਕਈ ਘੋੜਿਆਂ ਨੂੰ ਬਹੁਤ ਕੁਦਵਾ ਰਹੇ ਸਨ। ਕਈਆਂ ਦੀਆਂ ਬਲਦਾਂ ਵਾਲੀਆਂ ਬਹਿਲਾਂ ਬਹੁਤ ਭੱਜਦੀਆਂ ਸਨ, ਜਿਨ੍ਹਾਂ ਬਲਦਾਂ ਦੇ ਸਰੀਰ ਬਹੁਤ ਬਲਵਾਨ ਸਨ। ਘੁੰਘਰੂਆਂ ਦੀ ਛਣਕਾਰ, ਵਾਜਿਆਂ ਦੀ ਬੜੀ ਉੱਚੀ ਧੁਨੀ ਨਾਲ ਮਿਲ ਜਾਂਦੀ ਸੀ॥ ੩੨॥

*ਪਾਧੜੀ ਛੰਦ*-**ਗਮਨੀ ਬਰਾਤ ਬਡ ਧੂਮ ਧਾਮ। ਬਡ ਉਠੀ ਧੂਰ, ਰਹਿ ਦਿਵਸ ਜਾਮ।**
**ਲਵਪੁਰੀ ਜਾਇ ਪਹੁਚੇ ਸੁ ਪਾਸ। ਥਿਰ ਬ੍ਰਿੰਦ ਨਾਰਿ ਨਰ ਪਿਖਿਨਿ ਆਸ॥੩੩॥**

ਬਰਾਤ ਵੱਡੀ ਧੂਮ ਧਾਮ ਨਾਲ ਗਈ, ਬਹੁਤ ਧੂੜ ਉੱਡੀ ਤੇ ਪਹਿਰ-ਦਿਨ ਰਹਿ ਗਿਆ। ਗੁਰੂ ਦੇ ਲਾਹੌਰ ਦੇ ਪਾਸ ਪਹੁੰਚ ਗਏ, ਵੇਖਣ ਦੀ ਆਸ ਲਾ ਕੇ ਬਹੁਤ ਇਸਤਰੀ ਪੁਰਸ਼ ਖੜੇ ਸਨ॥ ੩੩॥

**ਇਕ ਦਿਸ਼ਾ ਬਜਤਿ ਬਾਜੇ ਉਦਾਰ। ਇਕ ਦਿਸ਼ਾ ਗੀਤ ਗਨ ਗਾਇਂ ਨਾਰਿ।**
**ਛਨਕਾਰ ਰਥਨਿ ਮਗ ਅਧਿਕ ਹੋਇ। ਇਕ ਦਿਸ਼ਾ ਕੁਦਾਵਤਿ ਹਯਨਿ ਕੋਇ॥੩੪॥**

ਇਕ ਪਾਸੇ ਬੜੀ ਉੱਚੀ ਵਾਜੇ ਵੱਜ ਰਹੇ ਸਨ, ਇਕ ਪਾਸੇ ਇਸਤਰੀਆਂ ਬਹੁਤ ਗੀਤ ਗਾ ਰਹੀਆਂ ਸਨ। ਰੱਥਾਂ ਦੀ ਰਾਹ ਵਿਚ ਬਹੁਤ ਛਣਕਾਰ ਹੋਈ, ਇਕ ਪਾਸੇ ਕਈ ਘੋੜੇ ਕੁਦਾ ਰਹੇ ਸਨ॥ ੩੪॥

**ਬਡ ਸ਼ਬਦ ਭਯੋ ਚੱਕ੍ਰਨਿ ਗੰਭੀਰ। ਜਿਮ ਚਢਜੋ ਗਰਜ ਨੀਰਧ ਸੁ ਨੀਰ।**
**ਨਰਬ੍ਰਿੰਦ ਕੁਲਾਹਲ ਬਹੁ ਕਰੰਤਿ। ਹੁਇ ਹਯਨਿ ਹਿਰੇਖਾ ਰਵ ਉਠੰਤਿ॥੩੫॥**

ਰੱਥਾਂ ਦੇ ਚਲਣ ਨਾਲ ਪਹੀਆਂ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ, ਜਿਵੇਂ ਸਮੁੰਦਰ ਦਾ ਪਾਣੀ ਗਰਜ ਕੇ ਚੜ੍ਹਿਆ ਹੋਵੇ, ਮਨੁੱਖ ਬਹੁਤ ਰੌਲਾ ਪਾ ਰਹੇ ਸਨ। ਘੋੜਿਆਂ ਦੇ ਹਿਣਕਣ ਨਾਲ ਹਿਣਕਾਰ ਦਾ ਸ਼ਬਦ ਉੱਠਦਾ ਹੈ॥ ੩੫॥

ਸ਼ੁਤਰਨ ਊਪਰ ਸ਼ੁਤਰੀ ਬਜੰਤਿ। ਕੁਛ ਕਹੀ ਬਾਤ ਕਿਸ ਨਹਿਂ ਸੁਨੰਤਿ।
ਗੁਰ ਪੁਰੀ ਛੋਟ, ਉਤਸਵ ਬਿਸਾਲ। ਜਨੁ ਬਿਚ ਨ ਮੇਯ ਬਾਹਰ ਉਛਾਲ ॥੩੬॥

ਊਠਾਂ ਉੱਤੇ ਨਗਾਰੇ ਵੱਜ ਰਹੇ ਹਨ, ਕਿਸੇ ਦੀ ਕਹੀ ਗੱਲ ਸੁਣਾਈ ਨਹੀਂ ਦਿੰਦੀ ਹੈ। ਗੁਰਪੁਰੀ ਛੱਡ ਕੇ ਵੱਡਾ ਉਤਸਵ ਹੋਇਆ ਹੈ, ਮਾਨੋਂ ਉਤਸ਼ਾਹ ਅੰਦਰ ਸਮਾ ਨਹੀਂ ਰਿਹਾ, ਬਾਹਰ ਉਛਾਲੇ ਮਾਰ ਰਿਹਾ ਹੈ॥ ੩੬॥

ਗਨ ਆਇਂ ਜੁ ਮੰਗਤ ਊਚ ਨੀਚ। ਸਭਿ ਲਹੈਂ ਦਰਬ ਹੁਇਂ ਊਚ ਨੀਚ।
ਬਹੁ ਕਰਤਿ ਸੁਜਸੁ ਗੁਰ ਦਾਨ ਪਾਇ। 'ਸਭਿ ਜਗਤ ਮਾਂਹਿ ਇਨ ਸਮ ਨ ਕਾਇ' ॥੩੭॥

ਉੱਚੇ ਨੀਵੇਂ ਬਹੁਤ ਮੰਗਤੇ ਆਏ, ਸਾਰੇ ਧਨ ਲੈ ਕੇ ਨੀਵੇਂ ਤੋਂ ਉੱਚੇ ਹੋ ਜਾਂਦੇ ਸਨ। ਗੁਰੂ ਜੀ ਪਾਸੋਂ ਦਾਨ ਪਾ ਕੇ ਬਹੁਤ ਸ੍ਰੇਸ਼ਟ ਜੱਸ ਕਰਦੇ ਸਨ ਕਹਿੰਦੇ ਸਨ, "ਸਾਰੇ ਜਗਤ ਵਿਚ ਇਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ"॥ ੩੭॥

ਹਰਿ ਜਸ ਸਸੁਰ ਗੁਰ ਬੁੱਧਿਵਾਨ। ਸੁਧਿ ਲਹੀ ਬ੍ਰਾਤ ਆਗਮ ਮਹਾਨ।
ਕਰਿ ਕੈ ਇਕੱਤ੍ਰ ਅਪਨੇ ਸੁ ਭ੍ਰਾਤ। ਸਭਿ ਲੀਨਿ ਵਸਤੁ ਜੋ ਚਹਿਯ ਜਾਤਿ ॥੩੮॥

ਗੁਰੂ ਜੀ ਦੇ ਬੁੱਧੀਵਾਨ ਸਹੁਰੇ ਹਰਿਜਸ ਨੂੰ ਜਦ ਇਹ ਖ਼ਬਰ ਮਿਲੀ ਕਿ ਬਰਾਤ ਅੱਗੇ ਆ ਗਈ ਹੈ ਤੇ ਉਸ ਨੇ ਆਪਣੇ ਸਾਰੇ ਭਰਾਵਾਂ ਨੂੰ ਇਕੱਤਰ ਕਰ ਲਿਆ ਤੇ ਸਭ ਵਸਤਾਂ ਲਈਆਂ ਜੋ ਨਾਲ ਜਾਣੀਆਂ ਚਾਹੀਦੀਆਂ ਸੀ॥ ੩੮॥

ਖੱਤ੍ਰੀਨ ਮੇਲ ਠਾਨਜੋ ਬਿਸਾਲ। ਬਿਵਹਾਰੁ ਗਜਾਤ ਸਜਾਨੇ ਸੰਭਾਲ।
ਗੁਰੁ ਹਿਤ ਅਕੋਰ ਲੇ ਚੀਰ ਚਾਰੁ। ਸਜਿ ਰਜਤ ਜ਼ੀਨ ਬਾਜੀਨ ਚਾਰੁ॥ ੩੯॥

ਖੱਤਰੀਆਂ ਨੇ ਵਿਸ਼ਾਲ ਮੇਲ ਇਕੱਠਾ ਕੀਤਾ, ਜਿਹੜੇ ਵਿਆਹ ਦੇ ਵਿਹਾਰਾਂ ਤੋਂ ਜਾਣੂ ਸਨ। ਗੁਰੂ ਜੀ ਨੂੰ ਉਪਹਾਰ ਦੇ ਤੌਰ ਤੇ ਅਰਪਣ ਕਰਨ ਵਾਸਤੇ ਸੁੰਦਰ ਕੱਪੜੇ ਲਏ। ਸੁਹਣੇ ਘੋੜਿਆਂ ਨੂੰ ਚਾਂਦੀ ਦੀਆਂ ਕਾਠੀਆਂ ਪਾ ਕੇ ਸਜਾਇਆ॥ ੩੯॥

ਦੋਹਰਾ- ਥਾਤੀ ਭਰਿ ਕਰਿ ਦਰਬ ਕੀ ਵਸਤੁ ਅਪਰੁ ਸੰਭਾਰਿ।
ਚਲੇ ਹੇਤੁ ਸਨਮਾਨ ਕੇ ਗੁਰ ਸ਼ਰਧਾ ਉਰ ਧਾਰਿ॥ ੪੦॥

ਧਨ ਦੀਆਂ ਥੈਲੀਆਂ ਭਰ-ਭਰ ਕੇ ਲਈਆਂ ਤੇ ਹੋਰ ਦੂਸਰੀਆਂ ਵਸਤਾਂ ਸੰਭਾਲੀਆਂ, ਹਿਰਦੇ ਵਿਚ ਗੁਰੂ ਸ਼ਰਧਾ ਧਾਰ ਕੇ ਗੁਰੂ ਜੀ ਦੇ ਸਨਮਾਨ ਵਾਸਤੇ ਚਲ ਪਏ॥ ੪੦॥

ਗੁਰ ਲਵਪੁਰਿ ਨਰ ਨਾਰਿ ਉਰ ਹਰਖਤਿ ਚਿਤ ਸਮੁਦਾਇ।
ਧਰਤਿ ਬ੍ਰਾਤ ਪਰਤੀਖਣਾ ਦੂਲਹੁ ਦੇਖਨਿ ਚਾਇ॥ ੪੧॥

ਗੁਰੂ ਦੇ ਲਾਹੌਰ ਦੇ ਸਾਰੇ ਇਸਤਰੀ-ਪੁਰਸ਼ ਦਿਲ ਵਿਚ ਬਹੁਤ ਪ੍ਰਸੰਨ ਹੋਏ। ਬਰਾਤ ਆਉਣ ਦਾ ਇੰਤਜ਼ਾਰ ਕਰ ਰਹੇ ਸਨ ਤੇ ਦੂਲ੍ਹੇ ਨੂੰ ਵੇਖਣ ਦਾ ਬਹੁਤ ਚਾਉ ਸੀ॥ ੪੧॥

ਸੰਗਤਿ ਬਹੁ ਗੁਰ ਗ੍ਰਾਮ ਕੀ ਸਗਰੀ ਤਹੀਂ ਉਤਾਰਿ।
ਛਪਰਨਿ ਤੇ ਨਿਕਸੀ ਤਬਹਿ ਧੁਨਿ ਬਾਜਨ ਸ਼੍ਰੁਤ ਧਾਰਿ॥ ੪੨॥

ਗੁਰੂ ਜੀ ਦੇ ਬਹੁਤ ਪਿੰਡਾਂ ਦੀ ਸੰਗਤ ਉਥੇ ਹੀ ਉੱਤਰੀ ਹੋਈ ਸੀ। ਵਾਜਿਆਂ ਦੀ ਧੁਨੀ ਕੰਨੀ ਸੁਣ ਕੇ ਸਾਰੀ ਸੰਗਤ ਛੱਪਰਾਂ ਵਿਚੋਂ ਬਾਹਰ ਆ ਗਈ॥ ੪੨॥

*ਪਹਿਲੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

★★★

# ਅਧਿਆਇ ਤੇਰ੍ਹਵਾਂ

## ਬਰਾਤ ਦਾ ਢੁਕਾਉ

ਦੋਹਰਾ- ਇਤ ਤੇ ਸਹਿਤ ਬਰਾਤ ਗੁਰ ਲਵਪੁਰਿ ਤੇ ਅਧ ਕੋਸ।
ਟਿਕੇ, ਸਕਲ ਤਜਾਰੀ ਕਰੀ ਨੇਗ ਲਾਗ ਕੇ ਜੋਸ॥ ੧॥

ਲਾਹੌਰ ਤੋਂ ਅੱਧ ਕੋਹ ਦੇ ਫਾਸਲੇ ਤੇ ਗੁਰੂ ਜੀ ਬਰਾਤ ਸਹਿਤ ਟਿੱਕ ਗਏ ਤੇ ਲਾਗੀਆਂ ਦੇ ਜੋ ਲਾਗ ਸਨ ਉਨ੍ਹਾਂ ਨੂੰ ਦੇਣ ਦੀ ਸਾਰੀ ਤਿਆਰੀ ਕੀਤੀ॥ ੧॥

*ਪਾਧੜੀ ਛੰਦ*- ਜੇ ਬ੍ਰਿਧ ਮਸੰਦ ਤਿਨ ਕੋ ਹਕਾਰਿ। ਧਨ ਦੀਨਿ ਤਿਨਹੁੰ ਥਾਤੀਨ ਡਾਰਿ।
'ਕਰਤੇ ਚਲੇਹੁ ਬਰਖਾ ਬਿਲੰਦ। ਜਿਮ ਮੇਘ ਉਨਵਿ ਬਰਖਾਇ ਬੁੰਦ' ॥੨ ॥

ਜਿਹੜੇ ਬੁੱਢੇ ਮਸੰਦ ਸਨ, ਉਨ੍ਹਾਂ ਨੂੰ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਥੈਲੀਆਂ ਵਿਚ ਪਾ ਕੇ ਧਨ ਦਿੱਤਾ ਤੇ ਕਿਹਾ, "ਧਨ ਦੀ ਵੱਡੀ ਵਰਖਾ ਕਰਦੇ ਚਲੋ, ਜਿਵੇਂ ਬਦਲ ਜਲ ਦੀਆਂ ਬੂੰਦਾਂ ਦੀ ਵਰਖਾ ਕਰਦਾ ਹੈ॥ ੨॥

ਜਬਿ ਸੁਨੇ ਅਗਾਊ ਲੈਨਿ ਆਇ। ਧੁਨਿ ਉਠੀ ਅਧਿਕ ਬਾਦਿਤ ਬਜਾਇ।
ਤਬਿ ਮਿਲਿਨਿ ਹੇਤੁ ਸਾਮੀਪ ਆਨਿ। ਮਾਤੁਲ ਕ੍ਰਿਪਾਲ ਇਤ ਸਾਵਧਾਨ ॥੩ ॥

ਜਦ ਸੁਣਿਆ ਕਿ ਅੱਗੇ ਲੈਣ ਵਾਸਤੇ ਆਏ ਹਨ ਤਾਂ ਵਾਜੇ ਵੱਜਣ ਦੀ ਬਹੁਤ ਉੱਚੀ ਧੁਨ ਉੱਠੀ। ਤਦ ਮਿਲਣੀ ਵਾਸਤੇ ਨੇੜੇ ਆ ਕੇ ਮਾਮਾ ਕ੍ਰਿਪਾਲ ਜੀ ਬਹੁਤ ਸਾਵਧਾਨ ਹੋ ਗਏ॥ ੩॥

ਛੂਟੇ ਨਿਸ਼ਾਨ ਅਗਵਾਨ ਜਾਤਿ। ਜਿਨ ਜ਼ਰੀ ਲਾਗ ਬਹੁ ਰੰਗ ਭਾਂਤਿ।
ਦਹਿ ਦਿਸ਼ਿਨਿ ਮੇਲ ਇਸ ਰੀਤ ਕੀਨਿ। ਜਨੁ ਘੋਖ ਘੋਖ ਘਨ ਮਿਲਤਿ ਪੀਨ ॥੪ ॥

ਵਾਜੇ ਵੱਜਦਿਆਂ ਅੱਗੇ ਜਾ ਰਹੇ ਸਨ, ਜਿਨ੍ਹਾਂ ਨੂੰ ਕਈ ਪ੍ਰਕਾਰ ਦੇ ਰੰਗਾਂ ਦੀ ਜ਼ਰੀ ਲੱਗੀ ਹੋਈ ਸੀ। ਦਸਾਂ ਦਿਸ਼ਾਂ ਵਿਚ ਐਸੀ ਰੀਤੀ ਨਾਲ ਮੇਲ ਕੀਤਾ, ਮਾਨੋ ਵੱਡੇ ਬਦਲ ਗੱਜ ਗੱਜ ਕੇ ਮਿਲ ਰਹੇ ਸਨ॥ ੪॥

ਵਾਹਿਨ ਭਜਾਇ ਵਾਹਨ ਉਡਾਇ। ਮਿਲਿ ਆਪ ਮਾਂਹਿ ਆਨੰਦ ਉਪਾਇ।
ਜਨੁ ਨਦੀ ਹਰਖ ਕੀ ਉਮਡ ਦੋਇ। ਹੁਇ ਸੰਗਮ, ਅੰਗ ਉਮੰਗ ਸੋਇ ॥੫ ॥

ਵਾਹਣ ਭਜਾਉਂਦੇ ਹਨ ਤੇ ਬਾਹਾਂ ਉਲਾਰਦੇ ਹਨ। ਆਪਸ ਵਿਚ ਮਿਲ ਕੇ ਅਨੰਦ ਪਾਉਂਦੇ ਹਨ। ਮਾਨੋ ਅਨੰਦ ਦੀਆਂ ਦੋ ਨਦੀਆਂ ਉੱਮਡ ਕੇ ਮਿਲਾਪ ਹੁੰਦਾ ਹੈ, ਜਿਨ੍ਹਾਂ ਦੇ ਅੰਗਾਂ ਵਿਚ ਚਾਉ ਭਰਿਆ ਹੈ॥ ੫॥

ਗਨ ਵਸਤੁ ਅੱਗ੍ਰ ਗੁਰ ਕੇ ਟਿਕਾਇ। ਸਭਿ ਪਰੇ ਪਾਇ ਚਿਤ ਚਾਇ ਚਾਇ।
ਬਹੁ ਬਿਨੈ ਭਨੀ ਸਭਿ ਹਾਥ ਬੰਦਿ। 'ਹਮ ਅਲਪ ਲਘੂ, ਤੁਮ ਬਡ ਬਿਲੰਦ ॥੬॥

ਬਹੁਤ ਵਸਤਾਂ ਗੁਰੂ ਜੀ ਦੇ ਅੱਗੇ ਟਿਕਾ ਦਿੱਤੀਆਂ, ਸਾਰਿਆਂ ਨੇ ਚਿੱਤ ਵਿਚ ਚਾਉ ਵਧਾ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਹੱਥ ਜੋੜ ਕੇ ਸਾਰਿਆਂ ਨੇ ਬਹੁਤ ਬੇਨਤੀ ਕੀਤੀ। ਅਸੀਂ ਬਹੁਤ ਛੋਟੇ ਹਾਂ, ਤੁਸੀਂ ਵੱਡਿਆਂ ਤੋਂ ਵੱਡੇ ਹੋ॥ ੬॥

ਨਿਜ ਦਾਸਿ ਜਾਨਿ ਪਤ ਲੇਹੁ ਰਾਖਿ। ਅਬਿ ਕ੍ਰਿਪਾ ਕਰੀ ਪੂਰਨ ਭਿਲਾਖ'।
ਤਬਿ ਦਯਾਰਾਮ ਪ੍ਰੇਰਯੋ ਕ੍ਰਿਪਾਲ। 'ਗੁਰ ਸਸੁਰ ਸਾਥ ਮਿਲਿ ਮੁਦ ਬਿਸਾਲ' ॥੭॥

ਆਪਣੇ ਦਾਸ ਜਾਣ ਕੇ ਸਾਡੀ ਪਤ ਰੱਖ ਲਵੋ, ਹੁਣ ਤੁਸੀਂ ਕਿਰਪਾ ਕਰਕੇ ਸਾਡੀ ਅਭਿਲਾਖਾ ਪੂਰੀ ਕੀਤੀ ਹੈ।" ਤਦ ਦਇਆ ਰਾਮ ਪ੍ਰੋਹਤ ਨੇ ਮਾਮਾ ਕ੍ਰਿਪਾਲ ਜੀ ਨੂੰ ਪ੍ਰੇਰਿਆ ਤੇ ਕਿਹਾ, "ਹੁਣ ਪ੍ਰਸੰਨ ਹੋ ਕੇ ਗੁਰੂ ਜੀ ਦੇ ਸਹੁਰੇ ਦੇ ਨਾਲ ਮਿਲਣੀ ਕਰੋ॥ ੭॥

ਸ਼ੁਭ ਬਸਤ੍ਰ, ਹਰਖ ਦੀਨਸਿ, ਤੁਰੰਗ। ਗਰ ਮਿਲੇ ਜੁਗਲ ਮਨ ਧਰਿ ਉਮੰਗ।
ਸਨਮਾਨ ਜਾਨਿ ਗੁਰ ਤਿਨਹੁਂ ਕੇਰ। ਪਕਵਾਨ ਲੀਨਿ, ਦਿਯ ਬਾਂਟ ਫੇਰ ॥ ੮ ॥

ਗੁਰੂ ਜੀ ਦੇ ਸਹੁਰਾ ਸਾਹਿਬ ਨੇ ਸ਼ੁਭ ਵਸਤਰ ਤੇ ਖੁਸ਼ ਹੋ ਕੇ ਇਕ ਘੋੜਾ ਮਾਮਾ ਕਿਰਪਾਲ ਜੀ ਨੂੰ ਦਿੱਤਾ ਫਿਰ ਮਨ ਵਿਚ ਉਮੰਗ ਧਾਰ ਕੇ ਦੋਵੇਂ ਗਲੇ ਮਿਲੇ। ਉਨ੍ਹਾਂ ਦਾ ਸਨਮਾਨ ਜਾਣ ਕੇ ਗੁਰੂ ਜੀ ਨੇ ਉਨ੍ਹਾਂ ਪਾਸੋਂ ਪਕਵਾਨ ਲੈ ਲਿਆ ਤੇ ਫਿਰ ਸਾਰਿਆਂ ਵਿਚ ਵੰਡ ਦਿੱਤਾ॥ ੮॥

ਸਭਿ ਜਥਾ ਜੋਗ ਕਰਿ ਤਿਨਹੁਂ ਸਾਥ। ਕਰਿਬੇ ਢੁਕਾਉ ਪੁਨ ਚਹਤਿ ਨਾਥ।
ਤਬਿ ਚਲੇ ਪੁਰੀ ਕੇ ਸਮੁਖ ਹੋਇ। ਨਰ ਮਿਲੇ ਹਜ਼ਾਰਹੁਂ ਦਿਸ਼ਿਨਿ ਦੋਇ ॥ ੯ ॥

ਉਨ੍ਹਾਂ ਦੇ ਨਾਲ ਯਥਾਯੋਗ ਮਿਲਣੀ ਕੀਤੀ, ਫਿਰ ਗੁਰੂ ਜੀ ਢੁਕਾਅ ਕਰਨਾ ਚਾਹੁੰਦੇ ਸਨ। ਤਦ ਨਗਰੀ ਦੇ ਸਾਹਮਣੇ ਹੋ ਕੇ ਚਲ ਪਏ। ਦੋਵਾਂ ਪਾਸਿਆਂ ਤੋਂ ਹਜ਼ਾਰਾਂ ਮਨੁੱਖ ਮਿਲੇ॥ ੯॥

ਬਰਖੰਨ ਲਗਯੋ ਧਨ ਏਕਸਾਰ। ਜਨੁ ਉਨਵਿ ਜਲਧ ਜਲ ਜਲਦ ਡਾਰ।
ਗਨ ਬਜਤਿ ਬਾਜ ਭਈ ਧੂਮਧਾਮ। ਬਡ ਉਠੀ ਧੂਲ ਲਿਯ ਛਾਦ ਧਾਮ ॥੧੦॥

ਧਨ ਦੀ ਇਕਸਾਰ ਵਰਸ਼ਾ ਹੋਣ ਲੱਗੀ, ਮਾਨੋ ਬੱਦਲ ਨੀਵੇਂ ਹੋ ਕੇ ਜਲ ਦੀਆਂ ਬੂੰਦਾਂ ਵਰਸਾ ਰਹੇ ਸਨ। ਬਹੁਤ ਵਾਜੇ ਵੱਜ ਰਹੇ ਸਨ ਤੇ ਸਾਰੇ ਬਹੁਤ ਧੂਮ ਧਾਮ ਹੋਈ ਸੀ। ਵੱਡੀ ਧੂੜ ਉੱਠੀ ਜਿਸ ਨੇ ਸਾਰੇ ਘਰ ਨੂੰ ਢੱਕ ਲਿਆ॥ ੧੦॥

ਚਢਿ ਕੈ ਉਤੰਗ ਨਰ ਨਾਰਿ ਹੇਰਿ। ਕਹਿਂ ਬਚ 'ਬਰਾਤ ਆਈ ਬਡੇਰ।
ਕਰਿ ਰੰਕ ਤ੍ਰਿਪਤ ਧਨ ਕੋ ਬ੍ਰਖਾਇ'। ਤਿਹ ਸਦਨ ਪੌਰ ਲਗਿ ਸਕਲ ਜਾਇ ॥੧੧॥

ਉੱਚੇ ਥਾਵਾਂ ਤੇ ਚੜ੍ਹ ਕੇ ਇਸਤਰੀ ਪੁਰਸ਼ ਵੇਖ ਰਹੇ ਸਨ। ਉਹ ਕਹਿੰਦੇ ਸਨ, "ਵੱਡੀ ਬਰਾਤ ਆਈ ਹੈ। ਧਨ ਦੀ ਵੱਡੀ ਵਰਸ਼ਾ ਕਰਕੇ ਗਰੀਬਾਂ ਨੂੰ ਤ੍ਰਿਪਤ ਕਰ ਦਿੱਤਾ ਹੈ।" ਉਨ੍ਹਾਂ ਦੇ ਘਰ ਦੇ ਦਰਵਾਜੇ ਤਕ ਸਾਰੇ ਗਏ॥ ੧੧॥

ਸਭਿ ਹਟੇ ਬਹੁਰ ਜਨਵਾਸ ਥਾਨ। ਗੁਰੁ ਕਰੇ ਖਰੇ ਜਹਿਂ ਪੌਰਜਾਨ।
ਗਨ ਨਾਰਿ ਆਰਤੀ ਹਾਥ ਧਾਰਿ। ਬਹੁ ਗਾਇਂ ਗੀਤ ਕਰਿ ਕਰਿ ਸਿੰਗਾਰ ॥੧੨॥

ਫਿਰ ਸਾਰੇ ਜੰਞ ਦੇ ਨਿਵਾਸ ਵਾਲੇ ਸਥਾਨ ਵਲ ਮੁੜ ਆਏ। ਪਰ ਜਿੱਥੇ ਘਰ ਦਾ ਮੁਖ ਦਵਾਰ ਸੀ, ਉਥੇ ਗੁਰੂ ਜੀ ਨੂੰ ਖੜੇ ਕਰ ਦਿੱਤਾ। ਸਾਰੀਆਂ ਇਸਤਰੀਆਂ ਹੱਥ ਵਿਚ ਆਰਤੀ ਫੜ ਕੇ ਸ਼ਿੰਗਾਰ ਕਰ-ਕਰ ਬਹੁਤ ਗੀਤ ਗਾਉਂਦੀਆਂ ਸਨ॥ ੧੨॥

ਬੜਵਾ ਸੁ ਤਯਾਗਿ ਉਤਰੇ ਅਲੋਇ। ਚੌਕੀ ਡਸਾਇ ਤਿਸ ਪਰ ਖਰੋਇ।
ਕਰਿ ਨਮੋ, ਨਾਰਿ ਗੁਰ ਕੋ ਨਿਹਾਰਿ। ਤਬਿ ਕਰੀ ਆਰਤੀ ਭੁਜ ਪਸਾਰਿ ॥੧੩॥

ਘੋੜੀ ਨੂੰ ਛੱਡ ਕੇ ਅਸਚਰਜ ਰੂਪ ਗੁਰੂ ਜੀ ਹੇਠਾਂ ਉੱਤਰ ਆਏ, ਚੌਕੀ ਡੁਹਾ ਕੇ ਉਸ ਦੇ ਉੱਤੇ ਖਲੋ ਗਏ। ਬੰਦਨਾ ਕਰਕੇ ਇਸਤਰੀਆਂ ਨੇ ਗੁਰੂ ਜੀ ਨੂੰ ਵੇਖਿਆ ਤੇ ਫਿਰ ਬਾਹਾਂ ਪਸਾਰ ਕੇ ਆਰਤੀ ਕੀਤੀ॥ ੧੩॥

ਕੁਲ ਰੀਤਿ ਕਰੀ ਸਗਰੀ ਸੰਭਾਰਿ। ਅਸਵਾਰ ਹੋਇ ਬਹੁਰੋ ਕ੍ਰਿਪਾਲ।
ਜਨਵਾਸ ਹੁਤੋ ਤਹਿਂ ਕਰਿ ਪਯਾਨ। ਤੰਬੂ ਸ਼ਮਜਾਨ ਗਨ ਤਾਨਿ ਥਾਨ॥੧੪॥

ਸੰਭਾਲ ਕੇ ਸਾਰੀ ਵੰਸ਼ ਦੀ ਰੀਤੀ ਕੀਤੀ। ਫਿਰ ਗੁਰੂ ਜੀ ਘੋੜੀ ਉੱਤੇ ਸਵਾਰ ਹੋ ਗਏ ਤੇ ਜੰਞ ਦੇ ਨਿਵਾਸ ਵਾਲੇ ਸਥਾਨ ਵਲ ਚਲ ਪਏ। ਉਸ ਥਾਂ ਬਹੁਤ ਤੰਬੂ ਅਤੇ ਸ਼ਾਮਿਆਨੇ ਲੱਗੇ ਹੋਏ ਸਨ॥ ੧੪॥

ਦੀਰਘ ਸੁਹਾਇਂ ਜਿਨ ਅਨਿਕ ਰੰਗ। ਰੇਸ਼ਮ ਸੁ ਡੋਰ ਲਾਗੇ ਉਤੰਗ।
ਗੁਰ ਹਿਤ ਬਿਲੰਦ ਤੰਬੂ ਲਗਾਇ। ਤਹਿਂ ਬਰੇ ਜਾਇ ਸਤਿਗੁਰ ਸੁਹਾਇ॥੧੫॥

ਅਨੇਕਾਂ ਰੰਗਾਂ ਦੇ ਤੰਬੂ ਸ਼ਾਮਿਆਨੇ ਬਹੁਤ ਸ਼ੋਭ ਰਹੇ ਸਨ, ਜਿਨ੍ਹਾਂ ਨੂੰ ਰੇਸ਼ਮ ਦੇ ਰਸਿਆਂ ਨਾਲ ਬੰਨ੍ਹਿਆ ਹੋਇਆ ਸੀ। ਗੁਰੂ ਜੀ ਵਾਸਤੇ ਬਹੁਤ ਵੱਡਾ ਤੰਬੂ ਲਾਇਆ ਗਿਆ, ਸਤਿਗੁਰੂ ਜੀ ਨੇ ਉਸ ਤੰਬੂ ਵਿਚ ਦਾਖਲ ਹੋ ਕੇ ਸ਼ੋਭਾ ਪਾਈ॥ ੧੫॥

*ਦੋਹਰਾ-* ਬੀਚ ਚੰਦੋਆ ਚਾਨਣੀ ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ ਸਭਿ ਮਖ਼ਮਲ ਚਹੂੰ ਓਰ॥ ੧੬॥

ਵਿਚ ਚੰਦੋਆ ਚਾਨਣੀ, ਰੇਸ਼ਮ ਦੀਆਂ ਡੋਰਾਂ ਨਾਲ ਤਾਣਿਆ ਹੋਇਆ ਸੀ ਤੇ ਬਨਾਤ ਦੀ ਕਨਾਤ ਲੱਗੀ ਹੋਈ ਸੀ ਜਿਸਦੇ ਚਾਰੇ ਪਾਸੇ ਮਖ਼ਮਲ ਲਾਈ ਹੋਈ ਸੀ॥ ੧੬॥

ਤਜਿ ਤਜਿ ਵਾਹਿਨ ਸਕਲ ਹੀ ਬੈਠੇ ਬ੍ਰਿੰਦ ਮਝਾਰ।
ਮਨਹੁ ਸੁਧਰਮਾ ਸ਼ੋਭਤੀ ਬਸਨ ਬਿਭੂਖਨ ਚਾਰੁ॥ ੧੭॥

ਆਪਣੀਆਂ-ਆਪਣੀਆਂ ਵਾਹਣਾਂ ਨੂੰ ਛੱਡ ਕੇ ਸਾਰੇ ਆ ਕੇ ਵਿਚ ਬੈਠ ਗਏ, ਮਾਨੋ ਸੁੰਦਰ ਵਸਤਰ ਅਤੇ ਗਹਿਣੇ ਪਾ ਕੇ ਇੰਦਰ ਸਭਾ ਸੱਜੀ ਹੋਈ ਸੀ॥ ੧੭॥

*ਚੌਪਈ-* ਲਾਵਾਂ ਲੇਨ ਸਮੈਂ ਤਬਿ ਆਯੋ। ਧੇਨੁ ਧੂਲ ਵੇਲਾ ਦਰਸਾਯੋ।
ਦਿਜ ਪਹੁੰਚਯੋ ਉਤਲਾਵਤਿ ਤਬੈ। ਗੁਰ ਸਮੇਤ ਜਹਿਂ ਬੈਠੇ ਸਬੈ॥੧੮॥

ਫਿਰ ਲਾਵਾਂ ਲੈਣ ਦਾ ਸਮਾਂ ਆਇਆ। ਗਊ ਧੂੜ ਦਾ ਸਮਾਂ ਦਰਸਾਇਆ। ਫਿਰ ਬ੍ਰਾਹਮਣ ਬੜਾ ਉਤਾਵਲਾ ਹੋ ਕੇ ਪਹੁੰਚਿਆ। ਗੁਰੂ ਜੀ ਸਮੇਤ ਜਿੱਥੇ ਸਾਰੇ ਬੈਠੇ ਸਨ॥ ੮॥

ਜਾਇ ਕ੍ਰਿਪਾਲ ਸਾਥ ਤਬਿ ਕਹਯੋ। 'ਲਾਵਾਂ ਲੇਨ ਸਮੈਂ ਅਬਿ ਲਹਯੋ।
ਤਯਾਰੀ ਕਰਿ ਬੈਠੇ ਹਮ ਭਵਨੂ। ਕਰਹਿਂ ਪ੍ਰਤੀਖਨ ਤੁਮ ਆਗਵਨੂ' ॥੧੯॥

ਮਾਮਾ ਕ੍ਰਿਪਾਲ ਜੀ ਨੂੰ ਉਸ ਜਾ ਕੇ ਕਿਹਾ, "ਹੁਣ ਲਾਵਾਂ ਲੈਣ ਦਾ ਸਮਾਂ ਹੋ ਗਿਆ ਹੈ, ਅਸੀਂ ਆਪਣੇ ਸਥਾਨ 'ਤੇ ਤਿਆਰੀ ਕਰਕੇ ਬੈਠੇ ਹਾਂ ਤੇ ਤੁਹਾਡੇ ਆਉਣ ਦੀ ਉਡੀਕ ਕਰ ਰਹੇ ਹਾਂ" ॥ ੧੯॥

ਜਬਿ ਜਨਵਾਸ ਬਿਖੈ ਸੁਧਿ ਪਾਈ। ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡ ਧੌਂਸ ਧੁੰਕਾਰੀ। ਤੁਰਰੀ,ਮੁਰਲਿ,ਨਫੀਰ,ਸੰਭਾਰੀ॥੨੦॥

ਜਦ ਜੰਞ ਨਿਵਾਸ 'ਤੇ ਇਹ ਖ਼ਬਰ ਪੁੱਜੀ ਤਾਂ ਡੱਗੇ ਲੱਗ ਕੇ ਸਭ ਵਾਜੇ ਵੱਜ ਉੱਠੇ। ਛੋਟੇ ਨਗਾਰੇ ਤੇ ਵੱਡੇ ਧੌਂਸੇ ਦੀ ਉੱਚੀ ਧੁੰਕਾਰ ਉੱਠੀ। ਤੁਰੀਆਂ, ਮੁਰਲੀਆਂ ਤੇ ਨਫੀਰੀਆਂ ਸੰਭਾਲ ਲਈਆਂ॥ ੨੦॥

ਪਟਹ, ਪਣਵ, ਬਡ ਢੋਲ ਬਜਾਏ। ਸੁਨਤਿ ਉਠੇ ਤਤਛਿਨ ਸਮੁਦਾਏ।
ਗੁਰ ਨੰਦਨ ਸੁੰਦਰ ਸੁਖਕੰਦ। ਦੂਲਹੁ ਦਿਪਤਿ ਸਰਦ ਜਨੁ ਚੰਦ॥੨੧॥

ਸਣ ਦੇ ਬਣਾਏ ਹੋਏ ਢੋਲ, ਤੰਬਰੇ ਅਤੇ ਵੱਡੇ ਢੋਲ ਵਜਾਏ ਗਏ। ਢੋਲਾਂ ਦੀ ਆਵਾਜ਼ ਸਣ ਕੇ ਸਾਰੇ ਤਰਤ ਉੱਠ ਪਏ।

ਗੁਰੂ ਤੇਗ ਬਹਾਦਰ ਜੀ ਦੇ ਸੁੰਦਰ ਪੁੱਤਰ ਸੁਖਾਂ ਦੇ ਦਾਤੇ ਹਨ। ਦੂਲ੍ਹੇ ਦੇ ਰੂਪ ਵਿਚ ਉਹ ਇਸ ਤਰ੍ਹਾਂ ਚਮਕ ਰਹੇ ਸਨ ਮਾਨੋ ਸਰਦ ਰੁੱਤ ਦੇ ਚੰਦ ਹੋਣ॥ ੨੧॥

**ਉਠੇ ਕ੍ਰਿਪਾਲ ਸੰਗ ਨਿਜ ਲੀਨੇ। ਪੰਚਹੁ ਭ੍ਰਾਤ ਅਧਿਕ ਪਰਬੀਨੇ।**
**ਬਾਦਿਤ ਬਾਜਤਿ ਚਲੇ ਅਗਾਰੀ। ਕੀਰਤਿ ਭਾਟ ਨਕੀਬ ਉਚਾਰੀ॥ ੨੨॥**

ਮਾਮਾ ਕ੍ਰਿਪਾਲ ਜੀ ਨੇ ਉੱਠ ਕੇ ਦੂਲ੍ਹੇ ਨੂੰ ਆਪਣੇ ਨਾਲ ਲੈ ਲਿਆ। ਪੰਜੇ ਭਰਾ ਬੜੇ ਚਤੁਰ ਸਨ। ਵਾਜੇ ਵੱਜਦੇ ਗੁਰੂ ਜੀ ਦੇ ਅੱਗੇ-ਅੱਗੇ ਚਲ ਪਏ। ਭੱਟ ਤੇ ਨਕੀਬ ਕੀਰਤੀ ਉਚਾਰਨ ਕਰਦੇ ਜਾਂਦੇ ਸਨ॥ ੨੨॥

**ਆਤਪੱਤ੍ਰ ਦੂਲਹੁ ਸਿਰ ਫਿਰਿਹੀ। ਚਮਰ ਚਾਰੁ ਬਹੁਬਾਰਹਿਂ ਢੁਰਿਹੀ।**
**ਮਹਿਦ ਕੁਲਾਹਲ ਸਭਿ ਮਹਿਂ ਹੋਵਾ। ਜਹਿਂ ਕਹਿਂ ਮਾਨੁਖ ਬ੍ਰਿੰਦ ਖਰੋਵਾ॥੨੩॥**

ਦੂਲ੍ਹੇ ਦੇ ਸਿਰ ਉੱਤੇ ਛੱਤਰ ਝੁਲ ਰਿਹਾ ਸੀ ਤੇ ਸੁੰਦਰ ਚੋਰ, ਬਾਰ-ਬਾਰ ਫਿਰ ਰਿਹਾ ਸੀ। ਸਾਰਿਆਂ ਵਿਚ ਬਹੁਤ ਰੌਲਾ ਪੈ ਗਿਆ, ਜਿੱਥੇ ਕਿੱਥੇ ਬਹੁਤ ਮਨੁੱਖ ਖਲੋਤੇ ਸਨ॥ ੨੩॥

**ਜ੍ਵਲਤਿ ਮਤਾਬੀ ਛੁਟਤਿ ਹਵਾਈ। ਚਢੀ ਗਗਨ ਪੁਨ ਹਟਿ ਕਰਿ ਆਈ।**
**ਮਨਹੁਂ ਅਕਾਸ਼ ਲੋਕ ਸੁਧਿ ਦੈ ਕੈ। ਅਵਨੀ ਪੁਰਿ ਪਹੁੰਚੀ ਪੁਨ ਐਕੈ॥ ੨੪॥**

ਮਤਾਬੀਆਂ ਜੱਗ ਰਹੀਆਂ ਸਨ ਤੇ ਹਵਾਈਆਂ ਛੁੱਟ ਰਹੀਆਂ ਸਨ ਅਕਾਸ਼ ਤੇ ਚੜ੍ਹ ਕੇ ਫਿਰ ਵਾਪਸ ਆ ਜਾਂਦੀਆਂ ਸਨ। ਮਾਨੋ ਅਕਾਸ਼ ਵਿਚ ਵੱਸਦੇ ਲੋਕਾਂ ਨੂੰ ਖਬਰ ਦੇ ਕੇ ਫਿਰ ਆ ਕੇ ਧਰਤੀ 'ਤੇ ਪਹੁੰਚਦੀਆਂ ਸਨ॥ ੨੪॥

**ਇਮ ਹਰਖਤਿ ਉਲੰਘੇ ਸੁ ਬਜ਼ਾਰ। ਪਹੁੰਚੇ ਗੁਰ, ਘਰ ਸਸੁਰ ਮਝਾਰ।**
**ਆਨਿ ਮਿਲੇ ਆਗੇ ਸਭਿ ਕੋਇ। ਅੰਤਰ ਪ੍ਰਵਿਸ਼ੇ ਲੇ ਮੁਦ ਹੋਇ॥ ੨੫॥**

ਇਸ ਤਰ੍ਹਾਂ ਪ੍ਰਸੰਨਤਾ ਸਹਿਤ ਬਜ਼ਾਰ ਲੰਘ ਗਏ ਤੇ ਗੁਰ-ਸੁਸਰਾਲ ਦੇ ਘਰ ਵਿਚ ਪਹੁੰਚ ਗਏ। ਅੱਗੇ ਹੋ ਕੇ ਸਾਰੇ ਆ ਮਿਲੇ ਤੇ ਅੰਦਰ ਪ੍ਰਵੇਸ਼ ਕਰਵਾ ਕੇ ਬਹੁਤ ਪ੍ਰਸੰਨ ਹੋਏ॥ ੨੫॥

**ਜਹਿਂ ਸੁੰਦਰ ਬੇਦੀ ਰਚਿ ਰਾਖੀ। ਗਨ ਨਰ ਨਾਰਿ ਬਿਲੋਕਨਿ ਕਾਂਖੀ।**
**ਸਾਦਰ ਸਗਰੇ ਕਰੇ ਬਿਠਾਵਨਿ। ਬਿੱਪ੍ਰ ਉਚਾਰਤਿ ਮੰਤ੍ਰਨਿ ਪਾਵਨ॥ ੨੬॥**

ਜਿਥੇ ਸੁੰਦਰ ਵੇਦੀ ਬਣਾ ਕੇ ਰੱਖੀ ਸੀ, ਬਹੁਤ ਇਸਤਰੀ-ਪੁਰਸ਼ ਦਰਸ਼ਨ ਕਰਨ ਦੀ ਅਭਿਲਾਸ਼ਾ ਕਰਦੇ ਸਨ। ਬੜੇ ਆਦਰ ਨਾਲ ਸਭ ਨੂੰ ਬਿਠਾ ਲਿਆ ਤੇ ਬ੍ਰਾਹਮਣ ਪਵਿਤਰ ਮੰਤਰਾਂ ਦਾ ਉਚਾਰਨ ਕਰਦੇ ਸਨ॥ ੨੬॥

**ਪੂਜਤਿ ਨਵ ਗ੍ਰਿਹ ਗਣਪਤਿ ਸਾਥ। ਕਹੈਂ ਕ੍ਰਿੱਤ ਠਾਨਹਿਂ ਗੁਰੁ ਨਾਥ।**
**ਪੁਨ ਬੇਦੀ ਮਹਿਂ ਰਾਖਿ ਹੁਤਾਸਨ। ਡਾਰਤਿ ਸਰਪੀ ਕੀਨਿ ਪ੍ਰਕਾਸ਼ਨਿ॥ ੨੭॥**

ਗਣੇਸ਼ ਨਾਲ ਨੌਵਾਂ ਗ੍ਰਹਿਆਂ ਦੀ ਪੂਜਾ ਕੀਤੀ, ਜਿਵੇਂ ਕਹਿੰਦੇ ਸੀ, ਉਸ ਤਰ੍ਹਾਂ ਹੀ ਮਾਲਕ ਗੁਰੂ ਜੀ ਕਰਦੇ ਸਨ। ਫਿਰ ਵੇਦੀ ਵਿਚ ਅਗਨੀ ਨੂੰ ਰੱਖਿਆ ਤੇ ਘਿਉ ਪਾ ਕੇ ਅਗਨੀ ਜਲਾ ਕੇ ਪ੍ਰਕਾਸ਼ ਕੀਤਾ॥ ੨੭॥

*ਨੋਟ :- ਗੁਰੂ ਗੋਬਿੰਦ ਸਿੰਘ ਜੀ ਆਪ ਆਪਣੀ ਬਾਣੀ ਵਿਚ ਲਿਖਦੇ ਹਨ :-*

*ਮੈ ਨ ਗਨੇਸਹਿ ਪ੍ਰਥਮ ਮਨਾਊਂ॥*
*ਕਿਸਨ ਬਿਸਨ ਕਬਹੂੰ ਨਹ ਧਿਆਊਂ॥*
*ਕਾਨ ਸੁਨੇ ਪਹਿਚਾਨ ਨ ਤਿਨ ਸੋਂ॥*

ਅਜਿਹੇ ਗੁਰੂ ਜੀ ਨੂੰ ਗਣੇਸ਼ ਪੂਜਦੇ ਦੱਸਣਾ ਯੋਗ ਨਹੀਂ ਹੈ। ਅਜਿਹੀ ਪੂਜਾ ਤੇ ਧੂਮ ਧੜੱਕਾ ਸਿੱਖ ਰਾਜ ਸਮੇਂ ਰਾਜਿਆਂ ਵਿਚ ਪ੍ਰਚੱਲਤ ਸੀ। ਉਸ ਸਮੇਂ ਬ੍ਰਾਹਮਣਾਂ ਦਾ ਪ੍ਰਭਾਵ ਬਹੁਤ ਜ਼ੋਰ ਫੜ ਗਿਆ ਸੀ। ਜਿੱਥੇ-ਕਿੱਥੇ ਕਵੀ ਜੀ ਰਾਜਿਆਂ

ਮਹਾਰਾਜਿਆਂ ਦੇ ਵਿਆਹਾਂ ਦੇ ਨਕਸ਼ੇ ਖਿੱਚਦੇ ਹਨ।

**ਤਬਿ ਦੁਲਹਨਿ ਲੇ ਨਿਕਟ ਬਿਠਾਈ। ਜਥਾਜੋਗ ਸਭਿ ਬਿਧਿ ਕਰਿਵਾਈ।**
**ਬਰ ਬਰ ਸੰਗ ਫੇਰ ਤਿਨ ਫੇਰੇ। ਪਾਨਗ੍ਰਹਨ ਕੀਨੋ ਤਿਸ ਬੇਰੇ॥ ੨੮॥**

ਫਿਰ ਦੁਲਹਨ ਨੂੰ ਲੈ ਕੇ ਪਾਸ ਬਿਠਾਇਆ, ਯਥਾਯੋਗ ਸਭ ਵਿਧੀਆਂ ਕਰਵਾਈਆਂ। ਫਿਰ ਸ੍ਰੇਸ਼ਟ ਵਰ ਨਾਲ ਉਨ੍ਹਾਂ ਫੇਰੇ ਕਰਵਾਏ ਤੇ ਉਸ ਸਮੇਂ ਫਿਰ ਹੱਥ ਫੜਨ ਦੀ ਕ੍ਰਿਆ ਕੀਤੀ॥ ੨੮॥

**ਮਿਲਿ ਸੁਰਬਧੂ ਕਰਹਿਂ ਛਲ ਬੇਸਾ। ਆਨਿ ਪ੍ਰਵੇਸ਼ੀ ਰੂਪ ਬਿਸ਼ੇਸ਼ਾ।**
**ਮਿਲਿ ਨਾਰਿਨ ਮਹਿਂ ਗੀਤਨ ਗਾਵਹਿਂ। ਗੁਰ ਹਿਤ ਮੰਗਲ ਅਧਿਕ ਬਧਾਵਹਿਂ॥੨੯॥**

ਦੇਵਤਿਆਂ ਦੀਆਂ ਇਸਤਰੀਆਂ ਨੇ ਮਿਲ ਕੇ ਛਲ ਕਰਕੇ ਭੇਸ ਬਦਲ ਲਏ ਤੇ ਸੁਹਣੇ ਰੂਪ ਧਾਰ ਕੇ ਵਿਚ ਆ ਪ੍ਰਵੇਸ਼ ਕੀਤਾ। ਉਹ ਦੂਸਰੀਆਂ ਇਸਤਰੀਆਂ ਵਿਚ ਮਿਲ ਕੇ ਗੀਤ ਗਾਉਂਦੀਆਂ ਸਨ, ਤੇ ਗੁਰੂ ਜੀ ਵਾਸਤੇ ਅਨੰਦ ਮੰਗਲ ਨੂੰ ਬਹੁਤ ਵਧਾ ਰਹੀਆਂ ਸਨ॥ ੨੯॥

**ਕਰਤਿ ਅਪਨਪੌ ਸਫਲ ਬਿਸ਼ਾਲਾ। ਨਹੀਂ ਪਛਾਨ ਪਰਹਿਂ ਕਿਸ ਬਾਲਾ।**
**ਬ੍ਰਿੰਦ ਮੇਲ ਘਰ ਬਿਖੈ ਸਕੇਲਾ। ਬਿਨ ਪਛਾਨ ਮੁਦ ਰੇਲ ਰੁ ਭੇਲਾ॥ ੩੦॥**

ਆਪਣੇ ਆਪ ਨੂੰ ਉਹ ਸਫਲ ਕਰ ਰਹੀਆਂ ਸਨ, ਤੇ ਕੋਈ ਇਸਤਰੀ ਵੀ ਉਨ੍ਹਾਂ ਨੂੰ ਪਛਾਣ ਨਾ ਸਕੀ। ਘਰ ਦੇ ਵਿਚ ਬਹੁਤ ਮੇਲ ਇਕੱਠਾ ਹੋਇਆ ਸੀ। ਬਿਨਾਂ ਪਛਾਣੇ ਧੱਕੇ ਲਗਦੇ ਹਨ, ਪਰ ਧੱਕਿਆਂ ਦਾ ਝਲਣਾ ਖੁਸ਼ੀ ਵਿਚ ਹੋ ਰਿਹਾ ਹੈ ਭਾਵ ਭੀੜ ਬੜੀ ਹੈ, ਕਿਸੇ ਦੀ ਪਛਾਣ ਨਹੀਂ ਹੁੰਦੀ ਤੇ ਧੱਕੇ ਲੱਗਦੇ ਹਨ, ਪਰ ਪਿਆਰ ਵਿਚ ਝੱਲੇ ਜਾ ਰਹੇ ਹਨ॥ ੩੦॥

**ਸੁਰ ਨਰ ਬੇਸ ਧਾਰਿ ਸਮੁਦਾਏ। ਮਿਲੇ ਆਨਿ ਬਹੁ ਸੇਵ ਕਮਾਏ।**
**ਦਿਜ ਆਦਿਕ ਕੋ ਦਰਬ ਬਡੇਰਾ। ਦੀਨਿ ਦਾਨਿ ਸਤਿਗੁਰਿ ਤਿਸ ਬੇਰਾ॥ ੩੧॥**

ਦੇਵਤੇ ਮਨੁੱਖਾਂ ਦਾ ਭੇਸ ਧਾਰ ਕੇ ਆ ਗਏ ਤੇ ਦੂਸਰੇ ਮਨੁੱਖਾਂ ਵਿਚ ਮਿਲ ਕੇ ਉਹ ਸੇਵਾ ਕਰਦੇ ਸਨ। ਉਸ ਸਮੇਂ ਸਤਿਗੁਰੂ ਜੀ ਨੇ ਬ੍ਰਾਹਮਣਾਂ ਆਦਿ ਨੂੰ ਬਹੁਤ ਦਾਨ ਦਿੱਤਾ॥ ੩੧॥

**ਦਯਾਰਾਮ ਦਿਜ ਸਮੋ ਪਛਾਨਾ। ਸਗਰੋ ਸ਼ਾਖੋਚਾਰ ਬਖਾਨਾ।**
**ਸੁਨਿ ਪ੍ਰਸੰਨ ਹ੍ਵੈ ਧਨ ਗਨ ਦੀਨਾ। ਸਕਲ ਸਮਾਜ ਹਰਖ ਮਹਿਂ ਭੀਨਾ॥ ੩੨॥**

ਗੁਰੂ ਜੀ ਦੇ ਪ੍ਰੋਹਤ ਦਇਆ ਰਾਮ ਬ੍ਰਾਹਮਣ ਨੇ ਸਮਾਂ ਪਹਿਚਾਣਿਆ ਤੇ ਉਸ ਸਮੇਂ ਗੁਰੂ ਜੀ ਦਾ ਸਾਰਾ ਗੋਤ੍ਰਾਚਾਰ ਬਿਆਨ ਕਰ ਦਿੱਤਾ। ਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਾਫੀ ਧਨ ਦਿੱਤਾ, ਸਾਰਾ ਸਮਾਜ ਅਨੰਦ ਵਿਚ ਭਿੱਜ ਗਿਆ ਭਾਵ ਆਪਣਾ ਗੋਤ੍ਰਾਚਾਰ ਸੁਣ ਕੇ ਸਾਰਾ ਪਰਿਵਾਰ ਪ੍ਰਸੰਨ ਹੋ ਗਿਆ॥੩੨॥

*ਨੋਟ :- ਗੋਤ੍ਰਚਾਰ ਦਾ ਭਾਵ ਹੈ ਕਿ ਵਿਆਹ ਦੇ ਸਮੇਂ ਪੰਡਿਤ ਦੂਲ੍ਹੇ ਦੀ ਗੋਤ ਤੇ ਕੁਲ ਦੇ ਪਿੱਛੇ ਦੇ ਵੇਰਵੇ ਆਦਿ ਲੋਕਾਂ ਨੂੰ ਸੁਣਾ ਕੇ ਪੇਸ਼ ਕਰਦਾ ਹੈ।*

**ਇਮ ਲਾਵਾਂ ਲੇ ਕਰਿ ਜਸੁ ਸਾਜਾ। ਬੀਚ ਬੇਦਕਾ ਉਠਜੋ ਸਮਾਜਾ।**
**ਪੁੰਜ ਮਸਾਲੈਂ ਜ੍ਵਲਤਿ ਅਗਾਰੀ। ਝਾਰ, ਮਤਾਬੀ, ਜੁਤਿ ਫੁਲਵਾਰੀ॥ ੩੩॥**

ਇਸ ਤਰ੍ਹਾਂ ਲਾਵਾਂ ਲੈ ਕੇ ਜੱਸ ਦੀ ਸਾਜਨਾ ਕੀਤੀ ਤੇ ਵੇਦੀ ਵਿਚੋਂ ਸਾਰੇ ਲੋਕ ਉੱਠ ਪਏ। ਬਹੁਤ ਮਸਾਲਾਂ ਅੱਗੇ ਜਗ ਰਹੀਆਂ ਸਨ। ਝਾਰ, ਮਤਾਬੀਆਂ, ਫੁਲਵਾੜੀਆਂ ਸਹਿਤ ਬਲ ਰਹੀਆਂ ਸਨ॥ ੩੩॥

**ਬਾਜੇ ਬਜਤਿ ਆਇ ਜਨਵਾਸੇ। ਬੈਠੇ ਕੌਤਕ ਸਮੈਂ ਪ੍ਰਕਾਸ਼ੇ।**
**ਹਿਤ ਅਹਾਰ ਕੋ ਬਹੁਰ ਹਕਾਰੇ। ਸੁਨਿ ਗਮਨੇ ਆਨੰਦਤਿ ਸਾਰੇ॥ ੩੪॥**

ਵਾਜੇ ਵੱਜਦਿਆਂ ਜੰਝ ਨਿਵਾਸ ਵਿਚ ਆ ਗਈ, ਕੁਝ ਸਮਾਂ ਬੈਠ ਕੇ ਆਰਾਮ ਕੀਤਾ। ਫਿਰ ਭੋਜਨ ਵਾਸਤੇ ਬੁਲਾਇਆ ਸੁਣ ਕੇ ਸਾਰੇ ਅਨੰਦ ਧਾਰ ਕੇ ਚਲੇ ਗਏ॥ ੩੪॥

**ਜਾਤਿ ਬਰਾਤ ਸੁ ਚਿਤ ਹਰਖੰਤੀ। ਆਤਸ਼ਬਾਜ਼ੀ ਪੁੰਜ ਛੁਟੰਤੀ।**
**ਹੁਤੇ ਬਰੂਦ ਭਰੇ ਗਜ ਘੋਰੇ। ਇਤ ਉਤ ਜੁਲਤਿ ਬੇਗ ਤੇ ਦੌਰੇ॥ ੩੫॥**

ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ ਜਾ ਰਹੇ ਸਨ। ਬਹੁਤ ਆਤਸ਼ਬਾਜੀ ਚਲ ਰਹੀ ਸੀ। ਹਾਥੀ ਘੋੜੇ ਬਰੂਦ ਨਾਲ ਭਰੇ ਹੋਏ ਸਨ ਉਹ ਸੜਦੇ ਹੋਏ ਏਧਰ ਓਧਰ ਭੱਜਦੇ ਸਨ॥ ੩੫॥

**ਚਾਦਰ, ਝਾਰ, ਛੁਟਤਿ ਫੁਲਵਾਈ। ਚਰਖੀ ਫਿਰਤੀ, ਉਡਤਿ ਹਵਾਈ।**
**ਦੇਵ ਦੇਵਨੀ ਦਾਰੁਨ ਬਨੇ। ਨਾਦਤਿ ਬਿੰਦ ਪ੍ਰਕਾਸ਼ਤਿ ਘਨੇ॥ ੩੬॥**

ਚਾਦਰ, ਝਾਰ ਅਤੇ ਫੁਲਝੜੀਆਂ ਚਲ ਰਹੀਆਂ ਸਨ, ਚਰਖੀ ਫਿਰਦੀ ਸੀ ਤੇ ਹਵਾਈਆਂ ਉੱਡਦੀਆਂ ਸਨ। ਦੇਵੀ ਦੇਵਤੇ ਬਹੁਤ ਭਿਆਨਕ ਬਣੇ ਸਨ। ਸ਼ਬਦ ਕਰਦੇ ਹੋਏ ਬਹੁਤ ਪ੍ਰਕਾਸ਼ਦੇ ਸਨ॥ ੩੬॥

**ਸਭਿ ਮਹਿਂ ਅਧਿਕ ਕੁਲਾਹਲ ਹੋਵਾ। ਅਜਬ ਤਮਾਸ਼ਾ ਨਰ ਗਨ ਜੋਵਾ।**
**ਭਯੋ ਪ੍ਰਕਾਸ਼ ਅਵਨਿ ਨਭ ਐਸੇ। ਬਿਨਾ ਤੇਜ ਤੇ ਬਾਸੁਰ ਜੈਸੇ॥ ੩੭॥**

ਸਾਰਿਆਂ ਦੇ ਵਿਚ ਬਹੁਤ ਰੌਲਾ ਪਿਆ, ਮਨੁੱਖਾਂ ਨੇ ਅਜੀਬ ਤਮਾਸ਼ਾ ਵੇਖਿਆ। ਧਰਤੀ ਆਕਾਸ਼ ਤੇ ਐਸਾ ਪ੍ਰਕਾਸ਼ ਹੋਇਆ ਜਿਵੇਂ ਸੂਰਜ ਤੋਂ ਬਗੈਰ ਦਿਨ ਚੜ੍ਹਿਆ ਹੋਵੇ॥ ੩੭॥

**ਮਨਹੁਂ ਮਤਾਬੀ ਪਾਇ ਬਹਾਨਾ। ਗੁਰੂ ਪ੍ਰਕਾਸ਼ ਦਿਖਾਇ ਮਹਾਨਾ।**
**ਦੇਖਿ ਭਏ ਬਿਸਮੈ ਨਰ ਨਾਰੀ। 'ਅਸ ਪ੍ਰਕਾਸ਼ ਨਹਿਂ ਕਬਹੁਂ ਨਿਹਾਰੀ'॥ ੩੮॥**

ਮਾਨੋਂ ਮਤਾਬੀ ਇਕ ਬਹਾਨਾ ਹੀ ਪਾਇਆ ਹੋਵੇ, ਗੁਰੂ ਜੀ ਦਾ ਮਹਾਨ ਪ੍ਰਕਾਸ਼ ਦਿਖਾਈ ਦਿੰਦਾ ਹੋਵੇ। ਇਸਤਰੀ ਪੁਰਸ਼ ਵੇਖ ਬਹੁਤ ਹੈਰਾਨ ਹੋਏ, "ਇਸ ਤਰ੍ਹਾਂ ਦਾ ਪ੍ਰਕਾਸ਼ ਕਦੀ ਨਹੀਂ ਵੇਖਿਆ ਹੈ"॥ ੩੮॥

**ਮੰਦ ਮੰਦ ਚਲਿ ਕੈ ਸਭਿ ਗਏ। ਪੌਰ ਆਇ ਸੋ ਮਿਲਤੇ ਭਏ।**
**ਸਾਦਰ ਅੰਦਰ ਜਾਇ ਬਿਠਾਰੇ। ਸੁੰਦਰ ਕਰਿ ਪੰਕਤਿ ਇਕਸਾਰੇ॥ ੩੯॥**

ਹੌਲੀ ਹੌਲੀ ਚਲ ਕੇ ਸਾਰੇ ਗਏ, ਦਰਵਾਜ਼ੇ ਵਿਚ ਆ ਕੇ ਮਿਲ ਪਏ। ਬੜੇ ਆਦਰ ਨਾਲ ਅੰਦਰ ਜਾ ਬਿਠਾਏ, ਸੁੰਦਰ ਇਕਸਾਰ ਪੰਗਤਾਂ ਲਵਾ ਦਿੱਤੀਆਂ॥ ੩੯॥

**ਸੁਠ ਚੌਕੀ ਪਰ ਆਸਨ ਡਾਸਾ। ਗੁਰ ਬੈਠੇ ਤਿਸ ਪਰ ਢਿਗ ਦਾਸਾ।**
**ਪਰੁਸਨਹਾਰ ਆਇ ਸਮੁਦਾਏ। ਧਰੇ ਥਾਰ ਸਭਿ ਕੇ ਅਗੁਵਾਏ॥ ੪੦॥**

ਸੁੰਦਰ ਚੌਕੀ ਉੱਤੇ ਕੱਪੜਾ ਵਿਛਾਇਆ, ਸੇਵਕਾਂ ਦੇ ਪਾਸ, ਗੁਰੂ ਜੀ ਉਸ ਚੌਕੀ ਤੇ ਬੈਠ ਗਏ। ਭੋਜਨ ਪਰੋਸਣ ਵਾਲੇ ਆਏ ਤੇ ਉਨ੍ਹਾਂ ਆ ਕੇ ਸਭ ਦੇ ਅੱਗੇ ਥਾਲ ਰੱਖ ਦਿੱਤੇ॥ ੪੦॥

**ਮੋਦਕ, ਖੁਰਮੇ, ਨੁਗਦੀ ਘਨੀ। ਘੇਵਰ ਘ੍ਰਿਤ ਸਿਤਾ ਗਨ ਸਨੀ।**
**ਸ੍ਵਾਦਲ ਮਹਾਂ ਅੰਮ੍ਰਤੀ ਦੀਨਿ। ਮੇਵੇ ਬਿੰਦ ਮਿਲਾਵਨਿ ਕੀਨਿ॥ ੪੧॥**

ਲੱਡੂ, ਖੁਰਮੇ ਤੇ ਨੁਗਦੀ ਬਹੁਤ ਸੀ, ਬਹੁਤ ਖੰਡ ਅਤੇ ਘਿਉ ਨਾਲ ਘੇਵਰ ਬਣੇ ਹੋਏ ਸਨ। ਮਹਾਂ ਸਵਾਦੀ ਅੰਮ੍ਰਤੀ ਦਿੱਤੀ, ਜਿਸ ਵਿਚ ਬਹੁਤ ਮੇਵੇ ਮਿਲਾਏ ਹੋਏ ਸਨ॥ ੪੧॥

**ਤੁਰਤ ਪਰੋਸਜੋ ਚਤੁਰਨ ਚਾਰੂ। ਖਾਨ ਲਗੇ ਬਰ ਸ੍ਵਾਦ ਅਹਾਰੂ।**
**ਨਾਰੀ ਦੇਤਿ ਗਾਰਿ ਬਿਚ ਗੀਤ। ਸਭਿਨਿ ਸੁਨਾਵਤਿ ਸੁੰਦਰ ਰੀਤਿ॥ ੪੨॥**

ਚਤੁਰ ਪੁਰਸ਼ਾਂ ਨੇ ਤੁਰਤ ਭੋਜਨ ਪਰੋਸ ਦਿੱਤਾ ਤੇ ਸਾਰੇ ਸਵਾਦੀ ਭੋਜਨ ਖਾਣ ਲੱਗੇ। ਇਸਤਰੀਆਂ ਆਪਣੇ ਗੀਤਾਂ ਵਿਚ ਸਿਠਣੀਆਂ ਦਿੰਦੀਆਂ ਸਨ, ਸਾਰੀਆਂ ਸੁੰਦਰ ਰੀਤੀ ਨਾਲ ਸੁਣਾ ਰਹੀਆਂ ਸਨ।

*ਨੋਟ :- ਸਾਰੀਆਂ ਇਸਤਰੀਆਂ ਗੁਰੂ ਜੀ ਦੀਆਂ ਸ਼ਰਧਾਲੂ ਸਨ ਤੇ ਉਨ੍ਹਾਂ ਦੀ ਸਨਿੰਮਰ ਹੋ ਕੇ ਪੂਜਾ ਕਰਦੀਆਂ ਸਨ, ਫਿਰ ਉਹ ਗੁਰੂ ਜੀ ਜਾਂ ਉਨ੍ਹਾਂ ਦੇ ਕਿਸੇ ਸੰਬੰਧੀ ਨੂੰ ਗਾਲ੍ਹਾਂ ਕਿਵੇਂ ਦੇ ਸਕਦੀਆਂ ਸਨ। ਇਹ ਕੇਵਲ ਕਵੀ ਦੀ ਕਲਪਨਾ ਹੈ, ਇਸ ਤਥ ਵਿਚ ਕੋਈ ਸਚਾਈ ਨਹੀਂ ਹੈ।*

**ਮਿਲੀ ਸੁਰਬਧੂ ਆਦਿਕ ਬ੍ਰਿੰਦ। ਕੰਠ ਮਨੋਹਰ ਪਿਕ ਮਾਨਿੰਦ।**
**ਸੁਨਤਿ ਹਸਹਿਂ ਸਭਿ ਸਹਿਤ ਸਮਾਜਾ। ਸਮੈ ਉਛਾਹ ਬਿਸਾਲ ਬਿਰਾਜਾ ॥੪੩॥**

ਦੇਵਤਿਆਂ ਦੀਆਂ ਬਹੁਤ ਇਸਤਰੀਆਂ ਇਕੱਠੀਆਂ ਹੋਈਆਂ ਸਨ ਉਨ੍ਹਾਂ ਦੇ ਕੋਇਲ ਵਰਗੇ ਮਨੋਹਰ ਗਲੇ ਸਨ ਉਨ੍ਹਾਂ ਦੇ ਗੀਤ ਸੁਣ ਕੇ ਸਾਰੇ ਸਮਾਜ ਸਹਿਤ ਹੱਸਦੇ ਸਨ। ਉਸ ਸਮੇਂ ਵੱਡਾ ਉਤਸ਼ਾਹ ਹੋਇਆ॥ ੪੩ ॥

**ਸੁਨਿ ਸੁਨਿ ਪਿਖਿ ਪਿਖਿ ਦੁਹਿ ਦਿਸ਼ਿ ਹਰਖਹਿਂ। ਮਨਹੁਂ ਅਨੰਦ ਉਨਵਿ ਕਰਿ ਬਰਖਹਿਂ।**
**ਸਨੇ ਸਨੇ ਸਭਿ ਅਚਵਿ ਅਹਾਰਾ। ਅਧਿਕ ਉਚਿਸ਼ਟ ਬਿਖੈ ਧਨ ਡਾਰਾ ॥ ੪੪ ॥**

ਸੁਣ-ਸੁਣ ਵੇਖ-ਵੇਖ ਦੋਵਾਂ ਪਾਸਿਆਂ ਦੇ ਮਨੁੱਖ ਪ੍ਰਸੰਨ ਹੁੰਦੇ ਸਨ ਮਾਨੋ ਅਨੰਦ ਝੁਕ ਕੇ ਬਰਸ ਰਿਹਾ ਸੀ। ਹੌਲੀ-ਹੌਲੀ ਸਾਰਿਆਂ ਨੇ ਭੋਜਨ ਛੱਕ ਲਿਆ। ਜੂਠ ਵਾਸਤੇ ਬਹੁਤ ਧਨ ਦਿੱਤਾ॥ ੪੪ ॥

*ਹਾਕਲ ਛੰਦ:-* **ਪੁਨ ਪਾਨ ਪਾਨ ਕਰਿ ਪਾਨਾ। ਮੁਖ ਚੁਰੀ ਪਖਾਰਨਿ ਠਾਨਾ।**
**ਸਭਿ ਉਠੇ ਵਹਿਰ ਚਲਿ ਆਏ। ਜਨਵਾਸ ਪਹੁਂਚਿ ਸੁਪਤਾਏ ॥ ੪੫ ॥**

ਫਿਰ ਹੱਥ ਵਿਚ ਫੜ ਕੇ ਪਾਣੀ ਪੀਤਾ ਤੇ ਕੁਝ ਪਾਣੀ ਮੂੰਹ ਵਿਚ ਪਾ ਕੇ ਚੁਲ੍ਹੀ ਕੀਤੀ। ਸਾਰੇ ਉੱਠ ਕੇ ਫਿਰ ਬਾਹਰ ਚਲ ਕੇ ਆ ਗਏ ਤੇ ਜੰਞ ਸਥਾਨ ਪਹੁੰਚ ਕੇ ਸੌਂ ਗਏ॥ ੪੫ ॥

**ਪੁਨ ਭਈ ਪ੍ਰਾਤਿ ਸਭਿ ਜਾਗੇ। ਗੁਰਬਾਣੀ ਗਾਵਨਿ ਲਾਗੇ।**
**ਸਤਿਨਾਮ ਸਿਮਰਿ ਉਰ ਮਹੀਆ। ਜੈਕਾਰ ਹੋਤਿ ਜਹਿਂ ਕਹੀਆ ॥ ੪੬ ॥**

ਫਿਰ ਸਵੇਰ ਹੋਈ ਤਾਂ ਸਭ ਜਾਗ ਪਏ ਤੇ ਗੁਰਬਾਣੀ ਦਾ ਗਾਇਣ ਕਰਨ ਲੱਗੇ। ਹਿਰਦੇ ਵਿਚ ਸਤਿਨਾਮ ਦਾ ਸਿਮਰਨ ਕੀਤਾ, ਜਿੱਥੇ ਕਿੱਥੇ ਜੈ ਜੈ ਕਾਰ ਹੋ ਰਹੀ ਸੀ॥ ੪੬ ॥

**ਗੁਰ ਲੀਲਾ ਅਧਿਕ ਬਿਲਾਸਾ। ਸਭਿ ਜਾਨੈਂ ਬਡੋ ਪ੍ਰਕਾਸ਼ਾ।**
**ਸਭਿ ਸਿੱਧਾਂ ਨਿੱਧਿ ਖਰੀ ਹੈਂ। ਜੋ ਚਹੈਂ ਸੁ ਤੁਰਤ ਕਰੀ ਹੈਂ॥ ੪੭॥**

ਗੁਰੂ ਜੀ ਦੀ ਲੀਲ੍ਹਾ ਕਰਕੇ ਵੱਡਾ ਅਨੰਦ ਬਿਲਾਸ ਹੋਇਆ, ਸਾਰੇ ਵੱਡੇ ਪ੍ਰਕਾਸ਼ ਨੂੰ ਜਾਣਦੇ ਸਨ। ਸਭ ਸਿਧੀਆਂ ਨਿਧੀਆਂ ਖੜੀਆਂ ਹਨ, ਜੋ ਚਾਹੁੰਦੇ ਹਨ ਸੋ ਤੁਰਤ ਕਰ ਦਿੰਦੀਆਂ ਹਨ॥ ੪੭॥

**ਤਹਿਂ ਵਸਤੁ ਕਮੀ ਨਹਿਂ ਕਾਈ। ਜਹਿਂ ਪਿਖੀਅਹਿ, ਤਹਾਂ ਸਵਾਈ।**
**ਸਭਿ ਲੈਨ ਦੇਨਿ ਬਹੁ ਹੋਵਾ। ਨਹਿਂ ਘਾਟਾ ਕਿਤਹੂੰ ਜੋਵਾ॥ ੪੮॥**

ਓਥੇ ਕਿਸੇ ਵਸਤੂ ਦੀ ਘਾਟ ਨਹੀਂ ਹੈ, ਜਿੱਥੇ ਵੇਖਦੇ ਹਨ ਅੱਗੇ ਨਾਲੋਂ ਸਵਾਈ ਹੁੰਦੀ ਹੈ। ਸਭ ਲੈਣ ਦੇਣ ਬਹੁਤ ਹੋਇਆ, ਕਿਤੇ ਵੀ ਕਿਸੇ ਚੀਜ਼ ਦੀ ਘਾਟ ਨਾ ਵੇਖੀ॥ ੪੮॥

*ਪਹਿਲੀ ਰੁੱਤ ਦਾ ਤੇਰ੍ਹਵਾਂ ਅਧਿਆਏ ਸਮਾਪਤ ਹੋਇਆ॥ ੧੩॥*

***

# ਅਧਿਆਇ ਚੌਦੁਵਾਂ

## ਬਰਾਤ ਗੁਰੂ ਕੇ ਲਾਹੌਰ

ਦੋਹਰਾ- ਜਾਮ ਨਿਸਾ ਤੇ ਗਾਵਹੀ ਆਸਾਵਾਰ ਸੁਹਾਇ।
ਬ੍ਰਿੰਦ ਰਬਾਬੀ ਰਸ ਕਰੈਂ ਰਾਗ ਅਨੇਕ ਸੁਨਾਇ॥ ੧॥

ਪਹਿਰ ਰਾਤ ਰਹਿਣ ਤੇ ਆਸਾ ਦੀ ਵਾਰ ਦਾ ਗਾਇਣ ਹੁੰਦਾ ਬੜਾ ਸੁਹਾਵਣਾ ਲੱਗ ਰਿਹਾ ਸੀ। ਸਾਰੇ ਰਬਾਬੀ ਅਨੇਕ ਰਾਗ ਸੁਣਾ ਕੇ ਰਸ ਬੰਨ੍ਹ ਰਹੇ ਸਨ॥ ੧॥

ਹਾਕਲ ਛੰਦ-ਸਿਖ ਸੁਨਹਿਂ ਪ੍ਰੇਮ ਉਪਜਾਏ। ਤਨ ਮਾਨੁਖ ਕਰਿ ਸਫਲਾਏ।
ਨਰ ਬਡੀ ਪ੍ਰਾਤਿ ਸਭਿ ਜਾਗੇ। ਲਘੁ ਦੁੰਦਭਿ ਬਾਜਨਿ ਲਾਗੇ॥ ੨॥

ਸਿੱਖ ਬੜਾ ਪ੍ਰੇਮ ਪ੍ਰਗਟ ਕਰਕੇ ਸੁਣਦੇ ਸਨ ਤੇ ਮਨੁੱਖਾ ਸਰੀਰ ਨੂੰ ਸਫਲ ਕਰਦੇ ਸਨ। ਮਨੁੱਖ ਵੱਡੀ ਸਵੇਰੇ ਹੀ ਜਾਗ ਪੈਂਦੇ ਸਨ ਤੇ ਛੋਟੇ ਨਗਾਰੇ ਵੱਜਣ ਲੱਗ ਜਾਂਦੇ ਸਨ॥ ੨॥

ਧੁਨਿ ਨੌਬਤਿ ਕੀ ਮਨ ਭਾਈ। ਨਰ ਨਾਰਿ ਅਨੰਦ ਉਪਜਾਈ।
ਪੁਨ ਬਜੇ ਸਰਬ ਹੀ ਬਾਜੇ। ਜਿਨ ਉਠਹੀ ਉੱਚ ਅਵਾਜੇ॥ ੩॥

ਮਨ-ਭਾਉਂਦੀ ਨਗਾਰੇ ਦੀ ਧੁਨੀ ਇਸਤਰੀ ਪੁਰਸ਼ਾਂ ਵਿਚ ਅਨੰਦ ਪ੍ਰਗਟ ਕਰਦੀ ਸੀ। ਫਿਰ ਸਾਰੇ ਵਾਜੇ ਵੱਜ ਉੱਠੇ, ਜਿਨ੍ਹਾਂ ਦੀ ਬੜੀ ਉੱਚੀ ਆਵਾਜ਼ ਉੱਠੀ॥ ੩॥

ਗੁਰ ਉਠਿ ਕਰਿ ਸੌਚ ਸ਼ਨਾਨੇ। ਸੁਭ ਬਸਤ੍ਰ ਪਹਿਰਬੋ ਠਾਨੇ।
ਉਸ਼ਨੀਕ ਨੀਕ ਸਿਰ ਸੋਹੀ। ਬੰਧਿ ਜਿਗਾ ਜਰਾਵ ਜਰੋਹੀ॥ ੪॥

ਗੁਰੂ ਜੀ ਨੇ ਉਠ ਕੇ ਸੌਚ ਇਸ਼ਨਾਨ ਕੀਤਾ ਤੇ ਸ਼ੁਭ ਵਸਤਰ ਪਹਿਣ ਲਏ। ਸੁੰਦਰ ਦਸਤਾਰ ਸਿਰ 'ਤੇ ਸੁਹਾਈ, ਜੜਤ ਨਾਲ ਜੜੀ ਹੋਈ ਜਿਗਾ ਬੰਨ੍ਹ ਲਈ॥ ੪॥

ਧਰਿ ਕਲਗ਼ੀ ਤੁੰਗ ਬਿਰਾਜੀ। ਮੁਕਤਾਨ ਸੰਗ ਸ਼ੁਭ ਸਾਜੀ।
ਗਰ ਮੋਤਿਨਿ ਮਾਲ ਬਿਸ਼ਾਲਾ। ਬਿਚ ਹੀਰੇ ਜਰੇ ਉਜਾਲਾ॥ ੫॥

ਦਸਤਾਰ ਦੇ ਉੱਤੇ ਕਲਗੀ ਉੱਚੇ ਥਾਂ ਬਿਰਾਜ ਰਹੀ ਜਿਹੜੀ ਮੋਤੀਆਂ ਨਾਲ ਸ਼ੁਭ ਸੱਜੀ ਹੋਈ ਸੀ। ਗਲ ਵਿਚ ਵੱਡੀ ਮੋਤੀਆਂ ਦੀ ਮਾਲਾ ਪਾਈ ਸੀ, ਵਿਚ ਉੱਜਲ ਹੀਰੇ ਜੜੇ ਹੋਏ ਸਨ॥ ੫॥

ਨਵਰਤਨੇ ਅੰਗਦ ਪਾਏ। ਜਨੁ ਨਵ ਗ੍ਰੈਹ ਭੁਜ ਲਪਟਾਏ।
ਪੁਨ ਗਰੇ ਭਗਉਤੀ ਪਾਈ। ਨਰ ਚਾਮਰ ਚਾਰੁ ਢੁਲਾਈ॥ ੬॥

ਨੌਂ ਰਤਨੇ ਅੰਗਾਂ 'ਤੇ ਪਾਏ ਸਨ, ਮਾਨੋ ਨੌਂ ਗ੍ਰਹਿ ਬਾਹਾਂ ਨੂੰ ਲਪਟਾਏ ਸਨ। ਫਿਰ ਗਲ ਵਿਚ ਸ੍ਰੀ ਸਾਹਿਬ ਪਾਈ। ਸੇਵਕ ਸੁੰਦਰ ਚੌਰ ਫੇਰ ਰਹੇ ਸਨ॥ ੬॥

ਬਡ ਫਰਸ਼ ਮਖ਼ਮਲੀ ਹੋਵਾ। ਬਰ ਝਾਲਰ ਜ਼ਰੀ ਚੰਦੋਵਾ।
ਲੇ ਦੰਡ ਰਜਤ ਅਰੁ ਸੋਨੇ। ਗਨ ਚੋਬਦਾਰ ਥਿਤਿ ਕੋਨੇ॥ ੭॥

ਵਡਾ ਮਖ਼ਮਲੀ ਫਰਸ਼ ਵਿਛਾਇਆ ਗਿਆ ਤੇ ਚੰਦੋਏ ਨੂੰ ਸ੍ਰੇਸ਼ਟ ਜ਼ਰੀ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ। ਸੋਨੇ ਅਤੇ ਚਾਂਦੀ ਜੜੇ ਡੰਡੇ ਲੈ ਕੇ ਕਈ ਚੋਬਦਾਰ ਕੋਨਿਆਂ ਵਿਚ ਖੜੇ ਸਨ॥ ੭॥

ਤਬਿ ਮਾਤੁਲ ਆਇ ਕ੍ਰਿਪਾਲਾ। ਸਜਿ ਬਸਤ੍ਰਨਿ ਸ਼ਸਤ੍ਰ ਬਿਸਾਲਾ।
ਬਡ ਬੀਰ ਪੰਚ ਜੇ ਬੀਰੈਂ। ਜਨੁ ਪਾਂਡਵ ਦੇਹਿ ਸ਼ਰੀਰੈਂ॥ ੮॥

ਫਿਰ ਮਾਮਾ ਕ੍ਰਿਪਾਲ ਜੀ ਆਏ, ਉਹ ਵਿਸ਼ਾਲ ਵਸਤਰਾਂ, ਸ਼ਸਤਰਾਂ ਨਾਲ ਸੱਜੇ ਹੋਏ ਸਨ। ਬੀਬੀ ਵੀਰੋ ਜੀ ਦੇ ਪੁੱਤਰ ਪੰਜ ਭਰਾ, ਪੰਜੇ ਵੱਡੇ ਸੂਰਬੀਰ ਸਨ, ਫਿਰ ਉਹ ਆਏ, ਜਿਨ੍ਹਾਂ ਦੇ ਸਰੀਰ ਪੰਜਾਂ ਪਾਂਡਵਾਂ ਵਰਗੇ ਸਨ॥ ੮॥

ਦਿਜ ਦਯਾਰਾਮ ਅਭਿਰਾਮੂ। ਜੁਤਿ ਰਾਮ ਕੁਇਰ ਗੁਨ ਧਾਮੂ।
ਅਭਿਬੰਦਨ ਕਰਿ ਕਰਿ ਸਾਰੇ। ਢਿਗ ਬੈਠੇ ਪ੍ਰਭੂ ਨਿਹਾਰੇ॥ ੯॥

ਫਿਰ ਬ੍ਰਾਹਮਣ ਦਇਆ ਰਾਮ, ਗੁਣਾਂ ਦੇ ਘਰ ਭਾਈ ਰਾਮ ਕੁਇਰ ਸਹਿਤ ਆਇਆ। ਗੁਰੂ ਜੀ ਨੂੰ ਅਭਿਨੰਦਨ ਕਰਕੇ ਸਾਰਿਆਂ ਗੁਰੂ ਜੀ ਪਾਸ ਬੈਠ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੯॥

ਪੁਨ ਬ੍ਰਿੰਦ ਮਸੰਦ ਬਿਲੰਦੇ। ਪਦ ਬੰਦਤਿ ਬੈਠਿ ਅਨੰਦੇ।
ਬਡ ਸਭਾ ਲਗੀ ਦਰਸਾਏ। ਜੇ ਬਨਿਕ ਅਨਿਕ ਪੁਰਿ ਆਏ॥ ੧੦॥

ਫਿਰ ਕਈ ਮੁੱਖੀ ਮਸੰਦ ਚਰਨ ਕੰਵਲਾਂ ਤੇ ਬੰਦਨਾ ਕਰਕੇ ਅਨੰਦ ਸਹਿਤ ਬੈਠ ਗਏ। ਵੱਡੀ ਸਭਾ ਲੱਗੀ, ਸਭ ਦਰਸ਼ਨ ਕਰ ਰਹੇ ਸਨ। ਜਿਹੜੇ ਅਨੇਕਾਂ ਬਾਣੀਏਂ ਗੁਰੂ ਕੇ ਲਾਹੌਰ ਵਿਚ ਸਨ, ਫਿਰ ਉਹ ਚਲ ਕੇ ਆਏ॥ ੧੦॥

ਕਰ ਜੋਰਿ ਅਕੋਰ ਧਰੰਤੇ। ਗੁਰ ਕਦਮ ਪਦਮ ਪਰਸੰਤੇ।
ਕਹਿਂ ਬਿਨਤੀ ਦੀਨ ਬਿਸਾਲਾ। 'ਹਮ ਸਭਿ ਕੋ ਕੀਨਿ ਨਿਹਾਲਾ॥ ੧੧॥

ਉਹ ਹੱਥ ਜੋੜ ਕੇ ਉਪਹਾਰ ਧਰਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਉਹ ਕਈ ਬੇਨਤੀਆਂ ਕਹਿ ਰਹੇ ਸਨ, "ਸਾਨੂੰ ਸਾਰਿਆਂ ਨੂੰ ਤੁਸੀਂ ਨਿਹਾਲ ਕੀਤਾ ਹੈ॥ ੧੧॥

ਜਨ ਅਪਨੇ ਜਾਨਿ ਹਕਾਰੇ। ਗਨ ਬਿਘਨ ਅਘਨ ਕੋ ਟਾਰੇ'।
ਕਰ ਕਮਲ ਉਤੰਗ ਉਠਾਯੋ। ਨਿਜ ਸੰਗਤਿ ਕੋ ਹਰਖਾਯੋ॥ ੧੨॥

ਆਪਣੇ ਸੇਵਕ ਜਾਣ ਕੇ ਸਾਨੂੰ ਬੁਲਾਇਆ ਹੈ, ਪਾਪਾਂ ਦੇ ਅਨੇਕਾਂ ਵਿਘਨਾਂ ਨੂੰ ਦੂਰ ਕੀਤਾ ਹੈ।" ਗੁਰੂ ਜੀ ਨੇ ਹੱਥ ਨੂੰ ਬਹੁਤ ਉੱਚਾ ਚੁਕ ਕੇ ਆਪਣੀ ਸਾਰੀ ਸੰਗਤ ਨੂੰ ਪ੍ਰਸੰਨ ਕਰ ਦਿੱਤਾ॥ ੧੨॥

ਸਨਮਾਨ ਮਹਾਨ ਬਖਾਨਾ। ਬੈਠਾਰੇ ਕ੍ਰਿਪਾ ਨਿਧਾਨਾ।
ਪੁਨ ਸਭਿਹਿਨਿ ਮਿਲਿ ਕਰਿ ਭਾਖਾ। 'ਗੁਰ ਪੂਰਨ ਕਰਹੁ ਭਿਲਾਖਾ॥ ੧੩॥

ਕਿਰਪਾ-ਨਿਧਾਨ ਗੁਰੂ ਜੀ ਨੇ ਫਿਰ ਮਹਾਨ ਸਨਮਾਨ ਵਾਲੇ ਸ਼ਬਦ ਕਹਿ ਕੇ ਸਾਰੀ ਸੰਗਤ ਨੂੰ ਬੈਠਾ ਲਿਆ। ਫਿਰ ਸਾਰੀ ਸੰਗਤ ਨੇ ਮਿਲ ਕੇ ਕਿਹਾ, "ਹੇ ਪੂਰਨ ਗੁਰੂ ਜੀ ਸਾਡੀ ਅਭਿਲਾਸ਼ਾ ਪੂਰੀ ਕਰੋ॥ ੧੩॥

ਹਮ ਅਪਨੇ ਅਪਨੇ ਪੁਰਿ ਕੇ। ਧਨ ਇਕਠੋ ਕਰਿ ਹਿਤ ਗੁਰ ਕੇ।
ਸਭਿ ਦਈ ਚਹੈਂ ਪਹੁਨਾਈ। ਜੋ ਸਭਿ ਬਰਾਤ ਸਮੁਦਾਈ॥ ੧੪॥

ਅਸੀਂ ਆਪਣੇ-ਆਪਣੇ ਨਗਰ ਤੋਂ ਗੁਰੂ ਜੀ ਵਾਸਤੇ ਧਨ ਇਕੱਠਾ ਕੀਤਾ ਹੈ, ਇਸ ਧਨ ਦੇ ਨਾਲ ਅਸੀਂ ਸਾਰੀ ਬਰਾਤ ਨੂੰ ਪ੍ਰਸ਼ਾਦ ਛਕਾਉਣਾ ਚਾਹੁੰਦੇ ਹਾਂ॥ ੧੪॥

ਦਿਨ ਇਕ ਇਕ ਦੇਇਂ ਅਹਾਰਾ। ਚਿਤ ਇਹੀ ਮਨੋਰਥ ਧਾਰਾ।
ਬਿਨਤੀ ਜੁਤਿ ਪ੍ਰੇਮ ਬਖਾਨੀ। ਸੁਨਿ ਕਲਗ਼ੀਧਰ ਮਨ ਮਾਨੀ॥ ੧੫॥

ਸਾਰੇ ਇਕ-ਇਕ ਦਿਨ ਭੋਜਨ ਦੇਵਾਂਗੇ, ਚਿੱਤ ਵਿਚ ਇਹੋ ਮਨੋਰਥ ਧਾਰਨ ਕੀਤਾ ਹੈ।" ਬੜੇ ਪਿਆਰ ਨਾਲ ਕੀਤੀ ਹੋਈ ਬੇਨਤੀ ਨੂੰ ਕਲਗ਼ੀਧਰ ਜੀ ਨੇ ਸੁਣ ਕੇ ਮੰਨ ਲਿਆ॥ ੧੫॥

ਸੀਰੰਦੀ ਸੰਗਤਿ ਜੋਈ। ਦਿਨ ਪ੍ਰਥਮ ਕਰਤਿ ਭੀ ਸੋਈ।
ਪੁਨ ਕੀਨਸਿ ਰੋਪਰ ਕੇਰੀ। ਹੁਸ਼ਿਆਰਪੁਰੇ ਬਹੁਤੇਰੀ॥ ੧੬॥

ਜਿਹੜੀ ਸਰਹੰਦ ਦੀ ਸੰਗਤ ਸੀ, ਪਹਿਲੇ ਦਿਨ ਉਨ੍ਹਾਂ ਨੇ ਭੋਜਨ ਛਕਾਇਆ। ਫਿਰ ਰੋਪੜ ਦੀ ਸੰਗਤ ਨੇ ਭੋਜਨ ਤਿਆਰ ਕੀਤਾ ਤੇ ਅਗਲੇ ਦਿਨ ਹੁਸ਼ਿਆਰਪੁਰੀ ਸੰਗਤ ਨੇ ਬਹੁਤ ਭੋਜਨ ਤਿਆਰ ਕੀਤਾ॥ ੧੬॥

ਬਹੁ ਦਿਨ ਗੁਰ ਕੀਨਿ ਮੁਕਾਮੂ। ਬ੍ਰਿਧ ਉਤਸਵ ਭਾ ਅਭਿਰਾਮੂ।
ਜਿਮ ਸਜੀ ਬਰਾਤ ਸੁਹਾਈ। ਤਿਮ ਰਹੀ ਤਹਾਂ ਸਮੁਦਾਈ॥ ੧੭॥

ਬਹੁਤ ਦਿਨ ਗੁਰੂ ਜੀ ਨੇ ਓਥੇ ਮੁਕਾਮ ਕੀਤਾ, ਬਹੁਤ ਭਾਰੀ ਮਨੋਹਰ ਉਤਸਵ ਹੋਇਆ। ਜਿਵੇਂ ਸੱਜੀ ਹੋਈ ਬਰਾਤ ਸ਼ੋਭਦੀ ਸੀ ਉਸ ਤਰ੍ਹਾਂ ਹੀ ਸਾਰੀ ਓਥੇ ਰਹੀ॥ ੧੭॥

ਨਿਤ ਸੁੰਦਰ ਬਿਬਿਧਿ ਅਹਾਰਾ। ਦੇ ਸੰਗਤਿ ਸ੍ਵਾਦ ਉਦਾਰਾ।
ਗਨ ਕੌਤਕ ਕਰਨੇ ਹਾਰੇ। ਬਹੁ ਕਰਹਿਂ, ਬਰਾਤ ਨਿਹਾਰੇ॥ ੧੮॥

ਨਿਤ ਸੁੰਦਰ ਕਈ ਪ੍ਰਕਾਰ ਦਾ ਸਵਾਦੀ ਭੋਜਨ ਸੰਗਤ ਛਕਾਉਂਦੀ ਸੀ। ਬਹੁਤ ਕੌਤਕ ਤਮਾਸ਼ਾ ਕਰਨ ਵਾਲੇ, ਖੇਡਾਂ ਖੇਡਦੇ ਸਨ ਤੇ ਬਰਾਤ ਵੇਖਦੀ ਸੀ॥ ੧੮॥

ਧਨ ਪ੍ਰਾਪਤਿ ਹ੍ਵੈ ਸਮੁਦਾਯਾ। ਨਟ ਬਾਜੀਗਰ ਕੀ ਮਾਯਾ।
ਬਡ ਮੇਲਾ ਦਿਨ ਪ੍ਰਤਿ ਹੋਵੈ। ਉਰ ਹਰਖਹਿਂ ਜੋ ਨਰ ਜੋਵੈਂ॥ ੧੯॥

ਨਟਾਂ, ਬਾਜੀਗਰਾਂ ਤੇ ਹੋਰ ਤਮਾਸ਼ੇ ਕਰਨ ਵਾਲਿਆਂ ਨੂੰ ਬਹੁਤ ਧਨ ਪ੍ਰਾਪਤ ਹੋਇਆ। ਦਿਨ ਪ੍ਰਤੀ ਵੱਡਾ ਮੇਲਾ ਹੁੰਦਾ ਸੀ, ਜਿਹੜੇ ਮਨੁੱਖ ਵੇਖਦੇ ਸਨ ਉਹ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੧੯॥

ਹੁਇ ਤਯਾਰ ਅੰਹਾਰ ਹਕਾਰੇ। ਗਨ ਬਾਦਿਤ ਬਜਤਿ ਪਧਾਰੇ।
ਰਮਨੀਕ ਥਾਨ ਬੈਠਾਏ। ਕਰਿ ਫਰਸ਼ ਭਲੇ ਸੁਧਰਾਏ॥ ੨੦॥

ਜਦ ਭੋਜਨ ਤਿਆਰ ਹੁੰਦਾ ਸੀ ਤਾਂ ਬੁਲਾਉਂਦੇ ਸਨ, ਸਾਰੇ ਵਾਜੇ ਵੱਜਦਿਆਂ ਜਾਂਦੇ ਸਨ। ਰਮਣੀਕ ਸਥਾਨ ਤੇ ਬੈਠਾਉਂਦੇ ਸਨ, ਸੁੰਦਰ ਕੱਪੜੇ ਵਿਛਾ ਕੇ ਸਵਾਰ ਕੇ ਫਰਸ਼ ਤਿਆਰ ਕਰਵਾਉਂਦੇ ਸਨ॥ ੨੦॥

ਜਲ ਲੇ ਕਰਿ ਪਾਨ ਪਖਾਰੇ। ਪੁਨ ਪਹੁੰਚਿ ਪਰੋਸਨਹਾਰੇ।
ਧਰਿ ਸਭਿਨਿ ਅਗਾਰੀ ਥਾਰਾ। ਬਹੁ ਸ੍ਵਾਦਲ ਪਾਇ ਅਹਾਰਾ॥ ੨੧॥

ਪਹਿਲਾਂ ਜਲ ਲੈ ਕੇ ਹੱਥ ਧਵਾਉਂਦੇ ਸਨ, ਫਿਰ ਭੋਜਨ ਪਰੋਸਣ ਵਾਲੇ ਪਹੁੰਚ ਜਾਂਦੇ ਸਨ। ਉਹ ਆ ਕੇ ਸਾਰਿਆਂ ਅੱਗੇ ਥਾਲ ਰੱਖ ਦਿੰਦੇ ਸਨ ਤੇ ਫਿਰ ਬਹੁਤ ਸਵਾਦੀ ਭੋਜਨ ਥਾਲਾਂ ਵਿਚ ਪਰੋਸਦੇ ਸਨ॥ ੨੧॥

ਜੇ ਸਪਤ ਬਿਧਿਨਿ ਪਕਵਾਨਾ। ਬਿਚ ਮੇਵੇ ਮਿਲੇ ਮਹਾਨਾ।
ਦਧਿ ਸਾਥ ਬਿਸਾਲ ਮਸਾਲੇ। ਗਨ ਬਰੇ ਪਕੌਰੇ ਡਾਲੇ॥ ੨੨॥

ਜਿਹੜੇ ਸਤ ਵਿਧੀਆਂ ਦੇ ਪਕਵਾਨ ਹੁੰਦੇ ਸਨ, ਉਨ੍ਹਾਂ ਵਿਚ ਬਹੁਤ ਮੇਵੇ ਪਾਉਂਦੇ ਸਨ। ਦਹੀਂ ਦੇ ਵਿਚ ਬਹੁਤ ਮਸਾਲੇ, ਵੜੇ ਅਤੇ ਪਕੌੜੇ ਪਾਉਂਦੇ ਸਨ॥ ੨੨॥

ਸਭਿ ਅਚਵਤਿ ਸ੍ਵਾਦ ਸਰਾਹੈਂ। ਪੁਨ ਸੂਖਮ ਚਾਵਰ ਚਾਹੈਂ।
ਜੁਗ ਰੀਤਿਨਿ ਕੇ ਤਬਿ ਲਜਾਏ। ਇਕ ਮਧੁਰ, ਸਲਵਨ ਮਿਲਾਏ॥ ੨੩॥

ਸਾਰੇ ਸਵਾਦੀ ਭੋਜਨ ਛਕ ਕੇ ਸ਼ਲਾਘਾ ਕਰਦੇ ਸਨ, ਫਿਰ ਸੂਖਮ ਚਾਵਲ ਵਰਤਾਉਣਾ ਚਾਹੁੰਦੇ ਸਨ। ਦੋ ਰੀਤੀਆਂ ਨਾਲ ਤਿਆਰ ਕੀਤੇ ਫਿਰ ਚਾਵਲ ਲਿਆਉਂਦੇ ਸਨ। ਇਕ ਪ੍ਰਕਾਰ ਦੇ ਮਿੱਠੇ ਹੁੰਦੇ ਸਨ ਤੇ ਦੂਸਰੀ ਪ੍ਰਕਾਰ ਦੇ ਲੂਣ ਵਾਲੇ ਬਣਦੇ ਸਨ॥ ੨੩॥

ਬਹੁ ਸਾਵਗ ਗਰੀ ਬਿਸਾਲੇ। ਗਨ ਚਤੁਰਨ ਕਰਿ ਬਿਚ ਡਾਲੇ।
ਖਟ ਰਸ ਕੋ ਅਚਵਤਿ ਸਾਰੇ। ਗੁਰ ਕੀਰਤਿ ਕਰਤਿ ਉਦਾਰੇ॥ ੨੪॥

ਉਨ੍ਹਾਂ ਵਿਚ ਬਹੁਤ ਸੌਗੀ ਅਤੇ ਗਿਰੀਆਂ ਪਾਉਂਦੇ ਸਨ ਜਿਹੜੇ ਬੜੀ ਚਤੁਰਾਈ ਨਾਲ ਚਾਵਲਾਂ ਵਿਚ ਪਾਏ ਹੁੰਦੇ ਸਨ। ਸਾਰੇ ਛੇ ਰਸਾਂ ਵਾਲਾ ਭੋਜਨ ਛਕਦੇ ਸਨ ਤੇ ਗੁਰੂ ਜੀ ਦੀ ਬਹੁਤ ਕੀਰਤੀ ਕਰਦੇ ਸਨ॥ ੨੪॥

ਬਹੁ ਮਿਲੀ ਨਾਗਰੀ ਨਾਰੀ। ਤਨ ਭੂਖਨ ਬਸਨ ਸ਼ਿੰਗਾਰੀ।
ਕਲ ਕੋਕਿਲ ਕੰਠੀ ਗਾਵੈਂ। ਦ੍ਰਿਗ ਖੰਜਨ ਅੰਜ ਨਚਾਵੈਂ॥ ੨੫॥

ਬਹੁਤ ਚਤੁਰ ਨਾਰੀਆਂ ਇਕੱਠੀਆਂ ਸਨ, ਜਿਨ੍ਹਾਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸ਼ਿੰਗਾਰ ਕੀਤਾ ਹੁੰਦਾ ਸੀ। ਸੁੰਦਰ ਕੋਇਲ ਦੇ ਗਲੇ ਵਾਲੀਆਂ ਗੀਤ ਗਾਉਂਦੀਆਂ ਸਨ। ਮਮੋਲਿਆਂ ਤੇ ਕੰਵਲ ਵਰਗੀਆਂ ਅੱਖੀਆਂ ਮਟਕਾਉਂਦੀਆਂ ਸਨ॥ ੨੫॥

*ਨੋਟ :- ਇਹ ਰਾਜ ਘਰਾਂ ਦੇ ਵਰਤਾਰੇ ਸਿੱਖ ਰਾਜ ਦੇ ਸਮੇਂ ਦੇ ਹਨ, ਜਿਹੜੇ ਕਵੀ ਜੀ ਦੇ ਸਮੇਂ ਪ੍ਰਚੱਲਤ ਸਨ। ਸਤਿਗੁਰੂ ਜੀ ਦੇ ਦੁਆਰੇ ਤਾਂ ਹਰੀ ਜੱਸ ਅਤੇ ਕੀਰਤਨ ਹੁੰਦਾ ਸੀ।*

ਨਰ ਜੇ ਬਰਾਤਿ ਅਭਿਰਾਮੂ। ਦੇਂ ਗਾਰੀ ਲੇ ਕਰਿ ਨਾਮੂ।
ਸਭਿ ਰਿਦੈ ਅਨੰਦ ਵਧਾਵੈਂ। ਹੈਂ ਗਾਰਿ ਤਊ ਮਨ ਭਾਵੈਂ॥ ੨੬॥

ਬਰਾਤ ਵਿਚ ਜਿਹੜੀਆਂ ਪ੍ਰਮੁੱਖ ਹਸਤੀਆਂ ਹੁੰਦੀਆਂ ਸਨ, ਉਸ ਦਾ ਨਾਮ ਲੈ ਕੇ ਸਿਠਣੀਆਂ ਦਿੰਦੀਆਂ ਸਨ ਭਾਵ ਇਕ ਪ੍ਰਕਾਰ ਦੀਆਂ ਗਾਲ੍ਹਾਂ ਕੱਢਦੀਆਂ ਸਨ ਸਾਰਿਆਂ ਦੇ ਹਿਰਦੇ ਦਾ ਅਨੰਦ ਵਧਾਉਂਦੀਆਂ ਸਨ, ਬੇਸ਼ਕ ਗਾਲ੍ਹੀ ਹੁੰਦੀ ਸੀ, ਪਰ ਫਿਰ ਵੀ ਮਨ ਨੂੰ ਭਾਉਂਦੀ ਸੀ॥ ੨੬॥

*ਨੋਟ :- ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਗੋਬਿੰਦ ਸਿੰਘ ਵਰਗੇ ਸੂਰਬੀਰ ਦੇ ਸਾਹਮਣੇ ਕੋਈ ਇਸਤਰੀ ਕਿਸੇ ਨਾਮਵਰ ਹਸਤੀ ਦਾ ਨਾਮ ਲੈ ਕੇ ਗਾਲ੍ਹਾਂ ਦਿੰਦੀ ਹੋਵੇ। ਸਾਰੀਆਂ ਇਸਤਰੀਆਂ ਗੁਰੂ ਜੀ ਦੀਆਂ ਸ਼ਰਧਾਲੂ ਸਨ ਤੇ ਉਨ੍ਹਾਂ ਪਾਸੋਂ ਬਹੁਤ ਡਰਦੀਆਂ ਸਨ। ਇਹ ਵਰਤਾਰੇ ਸਿੱਖ ਰਾਜ ਸਮੇਂ ਹੁੰਦੇ ਸਨ। ਕਵੀ ਜੀ ਕਿਉਂਕਿ ਲੰਮਾ ਸਮਾਂ ਰਾਜਿਆਂ ਨਾਲ ਰਹੇ ਸਨ, ਇਸ ਲਈ ਉਨ੍ਹਾਂ ਦੀਆਂ ਬਰਾਤਾਂ ਵਿਚ ਜਿਵੇਂ ਹੁੰਦਾ ਸੀ ਉਸ ਨੂੰ ਵਰਣਨ ਕਰਦੇ ਹਨ।*

ਰਸ ਰੰਗ ਸਮੈ ਤਿਸ ਹੋਵੈ। ਮੁਦ ਧਰਤਿ ਪਰਸਪਰ ਜੋਵੈਂ।
ਅਚਿ ਸਨੇ ਸਨੇ ਸ਼ੁਭ ਅਸਨਾ। ਮੁਸਕਾਇਂ ਦਿਪੈ ਦੁਤਿ ਦਸਨਾ॥ ੨੭॥

ਬੜਾ ਰਸੀਲਾ ਤੇ ਰੰਗੀਲਾ ਸਮਾਂ ਬਣਿਆ ਸੀ, ਆਪਸ ਵਿਚ ਵੇਖ ਕੇ ਹਾਸਾ ਮਜ਼ਾਕ ਕਰਦੇ ਸਨ। ਹੌਲੀ-ਹੌਲੀ ਭੋਜਨ ਛਕਦੇ ਸਨ। ਮੁਸਕਰਾਉਣ ਤੇ ਸੇਵਕਾਂ ਦੀ ਛਵੀ ਚਮਕਦੀ ਸੀ॥ ੨੭॥

ਮਨ ਸਭਿ ਕੇ ਤਬਿ ਬਿਰਮਾਵੈਂ। ਨਹਿਂ ਉਠਨਿ ਕਿਸੂ ਮਨ ਭਾਵੈ।
ਸੁਖ ਪਾਇ ਭਨੈਂ ਬਚ ਐਸੇ। 'ਅਸ ਉਤਸਵ ਕਿਤਹੂੰ ਨ ਕੈਸੇ'॥ ੨੮॥

ਸਾਰਿਆਂ ਦੇ ਮਨ ਤਦ ਹੈਰਾਨ ਰਹਿ ਜਾਂਦੇ ਸਨ, ਕਿਸੇ ਦਾ ਵੀ ਉੱਠਣ ਨੂੰ ਜੀਅ ਨਹੀਂ ਸੀ ਕਰਦਾ, ਸੁਖ ਪਾ ਕੇ ਐਸੇ ਬਚਨ ਬੋਲਦੇ ਸਨ, "ਐਸਾ ਉਤਸਵ ਕਿਸੇ ਤਰ੍ਹਾਂ ਵੀ ਕਿਤੇ ਨਹੀਂ ਵੇਖਿਆ ਹੈ"॥ ੨੮॥

ਉਰ ਬਿਸਰਜੋ ਦੇਸ਼ ਰੁ ਕਾਲਾ। ਅਸ ਆਨੰਦ ਭਯੋ ਬਿਸਾਲਾ।
ਤਬਿ ਨੀਠ ਨੀਠ ਲੇ ਪਾਨੀ। ਸਭਿ ਕਰੇ ਪਖਾਰਨਿ ਪਾਨੀ॥ ੨੯॥

ਹਿਰਦੇ ਵਿਚੋਂ ਦੇਸ਼, ਕਾਲ ਅਤੇ ਸਮਾਂ ਵਿਸਰ ਗਿਆ, ਇਸ ਤਰ੍ਹਾਂ ਵਿਸ਼ਾਲ ਅਨੰਦ ਪਾਇਆ। ਤਦ ਮਸਾਂ-ਮਸਾਂ ਪਾਣੀ ਲੈ ਕੇ ਸਭ ਨੇ ਆਪਣੇ-ਆਪਣੇ ਹੱਥ ਧੋਤੇ॥ ੨੯॥

ਪੁਨ ਦੀਨਿ ਗਿਲੌਰੀ ਖਾਨੇ। ਮੁਖ ਰੰਗ ਸੁਰੰਗੀ ਬਾਨੇ।
ਧਨ ਜਥਾ ਜੋਗ ਤਹਿਂ ਦੀਨਾ। ਉਠਿ ਗਮਨੇ ਗੁਰੂ ਪ੍ਰਬੀਨਾ॥ ੩੦॥

ਫਿਰ ਪਾਨਾਂ ਦੇ ਬੀੜੇ ਖਾਣ ਵਾਸਤੇ ਦਿੱਤੇ, ਮੁਖ ਵੀ ਲਾਲ ਰੰਗ ਦੇ ਬਣ ਗਏ। ਉਨ੍ਹਾਂ ਨੂੰ ਯਥਾ ਯੋਗ ਧਨ ਦਿੱਤਾ ਤੇ ਫਿਰ ਨਿਪੁੰਨ ਗੁਰੂ ਜੀ ਉੱਠ ਕੇ ਚਲੇ ਗਏ॥ ੩੦॥

ਦਿਜ ਅੱਗ੍ਰ ਆਇ ਤਬਿ ਭਾਖਾ। ਸਭਿ ਤ੍ਰੀਯਨਿ ਕੀ ਅਭਿਲਾਖਾ।
ਗੁਰ ਦੂਲਹੁ ਇਤ ਚਲਿ ਆਵੈਂ। ਕੁਲ ਰੀਤੀ ਸ਼ਗਨ ਮਨਾਵੈਂ॥ ੩੧॥

ਬ੍ਰਾਹਮਣ ਫਿਰ ਅੱਗੇ ਆ ਕੇ ਬੋਲਿਆ ਕਿ ਸਭ ਇਸਤਰੀਆਂ ਦੀ ਇਹ ਅਭਿਲਾਸ਼ਾ ਹੈ। ਦੂਲ੍ਹੇ ਗੁਰੂ ਜੀ ਏਧਰ ਚਲ ਕੇ ਆਉਣ ਤੇ ਵੰਸ਼ ਦੀ ਰੀਤੀ ਦੇ ਸ਼ਗਨ ਮਨਾਉਣ॥ ੩੧॥

ਇਮ ਕਹਿ ਕਰਿ ਤਹਿਂ ਲੇ ਚਾਲਾ। ਜਹਿਂ ਮਿਲੀ ਏਕ ਥਲ ਬਾਲਾ।
ਹਸਿ ਗਏ ਅਨੰਦ ਬਿਲੰਦੈ। ਦ੍ਰਿਗ ਦਲ ਅਰਬਿੰਦ ਮਨਿੰਦੈ॥ ੩੨॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੂੰ ਓਧਰ ਲੈ ਕੇ ਚਲ ਪਿਆ, ਜਿਥੇ ਇਸਤਰੀਆਂ ਇਕ ਸਥਾਨ 'ਤੇ ਇਕੱਠੀਆਂ ਹੋਈਆਂ ਸਨ ਵੱਡੇ ਅਨੰਦ ਨਾਲ ਭਰੇ ਹੋਏ ਗੁਰੂ ਜੀ ਹੱਸਦੇ ਹੋਏ ਚਲੇ ਗਏ ਜਿਨ੍ਹਾਂ ਦੇ ਨੈਣ ਕੰਵਲ ਦੇ ਪੱਤਿਆਂ ਵਰਗੇ ਸਨ॥ ੩੨॥

*ਸ੍ਵੈਯਾ-* ਦੇਖਿ ਸਰੂਪ ਬਿਸ਼ੇਸ਼ ਹੀ ਦੂਲਹੁ ਆਨੰਦ ਤੇ ਬਤਰਾਵਤਿ ਹੈਂ।
'ਸੁੰਦਰ ਅੰਗ ਪ੍ਰਲੰਬ ਭੁਜਾ, ਅਰਬਿੰਦ ਬਿਲੋਚਨ ਭਾਵਤਿ ਹੈਂ'।
ਕੇਚਿਤ ਜਾਨਤਿ ਹੈਂ ਗੁਰ ਪੂਰਨ ਹੇਰਤਿ ਸੀਸ ਨਿਵਾਵਤਿ ਹੈਂ।
ਹਾਸ ਬਿਲਾਸ ਪ੍ਰਕਾਸ਼ ਕਰੈਂ ਇਕ ਪ੍ਰੇਮ ਭਰੀ ਬਲਿ ਜਾਵਤਿ ਹੈਂ॥ ੩੩॥

ਦੂਲ੍ਹੇ ਦਾ ਵਿਸ਼ੇਸ਼ ਸਰੂਪ ਵੇਖ ਕੇ ਅਨੰਦ ਧਾਰ ਕੇ ਗੱਲਾਂ ਕਰਦੀਆਂ ਹਨ, ਸੁੰਦਰ ਅੰਗ ਹਨ ਤੇ ਲੰਮੀਆਂ ਬਾਹਾਂ ਹਨ ਤੇ ਕੰਵਲ ਦੇ ਪੱਤਿਆਂ ਵਰਗੇ ਨੈਣ ਬਹੁਤ ਸੋਹਣੇ ਲੱਗਦੇ ਹਨ।" ਕਈ ਇਸਤਰੀਆਂ ਪੂਰਨ ਗੁਰੂ ਜੀ ਨੂੰ ਜਾਣਦੀਆਂ ਸਨ, ਉਹ ਵੇਖ ਕੇ ਸੀਸ ਨਿਵਾਉਂਦੀਆਂ ਸਨ। ਕਈ ਹਾਸ ਬਿਲਾਸ ਪ੍ਰਕਾਸ਼ ਕਰਦੀਆਂ ਸਨ, ਕਈ ਪ੍ਰੇਮ ਨਾਲ ਭਰੀਆਂ ਬਲਿਹਾਰ ਜਾਂਦੀਆਂ ਸਨ॥ ੩੩॥

*ਹਾਕਲ ਛੰਦ-* 'ਜਿਮ ਜੀਤ ਕੁਇਰ ਤਨ ਰੂਰਾ। ਤਿਮ ਦੂਲਹੁ ਬਰ ਗੁਰ ਪੂਰਾ।
ਇਹ ਸੁੰਦਰ ਇਕ ਸਮ ਜੋਰੀ। ਮਿਲਿ ਜੀਵਹੁ ਬਰਖ ਕਰੋਰੀ॥ ੩੪॥

ਕਹਿੰਦੀਆਂ ਸਨ, "ਜਿਵੇਂ ਜੀਤ ਕੌਰ ਦਾ ਸੁੰਦਰ ਸਰੀਰ ਹੈ ਉਸ ਤਰ੍ਹਾਂ ਹੀ ਦੂਲ੍ਹਾ ਸ੍ਰੇਸ਼ਟ ਪੂਰਨ ਗੁਰੂ ਜੀ ਹਨ। ਇਹ ਜੋੜੀ ਇਕ ਸਮਾਨ ਸੁੰਦਰ ਹੈ, ਤੁਸੀਂ ਦੋਵੇਂ ਮਿਲ ਕੇ ਕਰੋੜਾਂ ਸਾਲ ਜੀਵੋ॥ ੩੪॥

ਬਡਭਾਗਨ ਹੁਇ ਗੁਰਦਾਸੀ। ਫਲ ਭਯੋ ਤਪੇ ਤਪ ਰਾਸੀ।
ਜਿਮ ਚਿਤ੍ਰਾ ਸਾਰ ਸਮੇਤਾ। ਦੁਤਿ ਬ੍ਰਿੰਦ ਚੰਦ ਸੁਧ ਹੇਤਾ॥ ੩੫॥

ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਦਾਸੀ ਬਣਦੀ ਹੈ, ਬਹੁਤ ਵੱਡੇ ਤਪ ਦਾ ਫਲ ਪ੍ਰਾਪਤ ਹੋਇਆ ਹੈ। ਜਿਵੇਂ ਸਾਰ ਸਮੇਤ ਚਿਤਰਾ ਦਾ ਬਹੁਤ ਸੁੰਦਰਤਾ ਵਾਲੇ ਚੰਦ ਨਾਲ ਸ਼ੁਧ ਪ੍ਰੇਮ ਹੈ॥ ੩੫॥

ਘਨਸ਼ਾਮ ਸਾਥ ਸਤਿਭਾਮਾ। ਜਿਮ ਮਿਲੀ ਰਹਤਿ ਸੁਖਧਾਮਾ।
ਗੁਰ ਪੂਰਨ ਸੋਂ ਤਿਮ ਜੀਤੋ। ਬਹੁ ਸ਼ੋਭਹਿ ਆਨੰਦ ਚੀਤੋ॥ ੩੬॥

ਜਿਵੇਂ ਕ੍ਰਿਸ਼ਨ ਦੇ ਨਾਲ ਉਨ੍ਹਾਂ ਦੀ ਵਿਆਹੁਤਾ ਇਸਤਰੀ ਸਤਿਭਾਮਾ, ਸੁਖਾਂ ਦੇ ਘਰ ਸ੍ਰੀ ਕ੍ਰਿਸ਼ਨ ਨਾਲ ਮਿਲੀ ਰਹਿੰਦੀ ਹੈ ਉਸ ਤਰ੍ਹਾਂ ਹੀ ਪੂਰਨ ਗੁਰੂ ਜੀ ਨਾਲ ਅਨੰਦ ਚਿੱਤ ਵਾਲੀ ਸਾਡੀ ਜੀਤੋ ਸ਼ੋਭਾ ਪਾਏਗੀ॥ ੩੬॥

ਜਿਮ ਰਾਮਚੰਦ ਅਰੁ ਸੀਤਾ। ਨਿਜ ਪ੍ਰੇਮ ਨਿਬਾਹਨ ਕੀਤਾ।
ਚਖ ਚਪਲ ਚਾਰੁ ਸੀ ਚਾਰੂ। ਚਿਤਵੰਤਿ ਰੂਪ ਸੁ ਕੁਮਾਰੂ॥ ੩੭॥

ਜਿਵੇਂ ਰਾਮ ਚੰਦਰ ਅਤੇ ਸੀਤਾ ਨੇ ਆਪਣਾ ਪ੍ਰੇਮ ਨਿਭਾਹਿਆ ਸੀ।" ਸੁੰਦਰ ਇਸਤਰੀਆਂ ਚੰਚਲ ਤੇ ਸੋਹਣੇ ਨੇਤਰਾਂ ਨਾਲ ਕੁਮਾਰ ਦੇ ਰੂਪ ਨੂੰ ਵਿਚਾਰਦੀਆਂ ਸਨ॥ ੩੭॥

ਇਮ ਬੋਲਤਿ ਸ਼ਗੁਨ ਮਨਾਏ। ਗੁਰ ਕੋ ਪਿਖਿ ਅਨੰਦ ਉਪਾਏ।
ਚਹੂੰ ਓਰ ਮਿਲੀ ਸਮੁਦਾਏ। ਲਖਿ ਮਹਿੰਮਾ ਸੀਸ ਨਿਵਾਏ॥ ੩੮॥

ਸ਼ਗੁਨ ਮਨਾ ਕੇ ਇਸ ਤਰ੍ਹਾਂ ਬੋਲਦੀਆਂ ਸਨ, ਗੁਰੂ ਜੀ ਨੂੰ ਵੇਖ ਕੇ ਅਨੰਦ ਪਾਉਂਦੀਆਂ ਸਨ। ਸਾਰੀਆਂ ਚਾਰੇ ਪਾਸੇ ਮਿਲ ਕੇ ਇਕੱਠੀਆਂ ਹੋਈਆਂ ਸਨ ਤੇ ਗੁਰੂ ਜੀ ਦੀ ਮਹਿਮਾ ਵੇਖ ਕੇ ਸਿਰ ਨਿਵਾਉਂਦੀਆਂ ਸਨ॥ ੩੮॥

*ਸ੍ਵੈਯਾ-* ਸਾਸ ਤਬੈ ਬਡਭਾਗ ਭਰੀ ਨਿਜ ਅੰਕ ਬਿਠਾਇ ਸਨੇਹ ਮਹਾਨਾ।
ਸੀਸ ਪੈ ਹਾਥ ਕੋ ਫੇਰਿ ਸਰਾਹਤਿ, ਡੀਠ ਲਗੈ ਨਹਿਂ, ਭੈ ਮਨ ਮਾਨਾ।
ਸਾਰੀਆਂ ਸਾਰੀਆਂ ਹ੍ਵੈ ਬਲਿਹਾਰੀਆਂ, ਗਾਰੀਆਂ ਹਾਸ ਕਰੈਂ ਬਿਧਿ ਨਾਨਾ।
ਬੋਲਤਿ ਮਾਧੁਰ ਪ੍ਰੇਮ ਧਰੇ ਉਰ ਸ੍ਰੀ ਗੁਰ ਜੋਗ ਹੀ ਤਾਂਹਿ ਬਖਾਨਾ॥੩੯॥

ਫਿਰ ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਸੱਸ ਨੇ ਆਪਣੀ ਗੋਦ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸੀਸ ਉੱਤੇ ਹੱਥ ਫੇਰ ਕੇ ਸ਼ਲਾਘਾ ਕਰਦੀ ਸੀ, ਨਜ਼ਰ ਨਾ ਲੱਗ ਜਾਵੇ ਮਨ ਵਿਚ ਡਰ ਮੰਨਿਆ। ਸਾਰੀਆਂ ਸਾਲੀਆਂ ਬਲਿਹਾਰ ਹੋ ਕੇ, ਸਿਠਣੀਆਂ ਦੇ ਕੇ ਕਈ ਪ੍ਰਕਾਰ ਦਾ ਹਾਸਾ ਮਜ਼ਾਕ ਕਰਦੀਆਂ ਸਨ। ਮਿੱਠਾ ਬੋਲ ਕੇ ਤੇ ਪ੍ਰੇਮ ਧਾਰ ਕੇ ਹਿਰਦੇ ਵਿਚ ਸ੍ਰੀ ਜੀਤ ਕੌਰ ਜੀ ਨੂੰ ਗੁਰੂ ਜੀ ਦੇ ਯੋਗ ਜਾਣਿਆ॥ ੩੯॥

ਯੌ ਮਿਲਿਕੈ ਸਭਿਕੋ ਸ਼ੁਭ ਰੀਤਿ ਬਿਲਾਸਤਿ ਹਾਸ ਕਰੈਂ ਮਨ ਭਾਏ।
ਜਾਨਿ ਸਮੈ ਨਿਕਸੇ ਤਬਿਹੂੰ ਜਨਵਾਸ ਬਿਖੈ ਕਲਗੀਧਰ ਆਏ।
ਬੈਠਿ ਸਿੰਘਾਸਨਿ ਪੀਠ ਸੁਹਾਵਤਿ ਆਵਤਿ ਭੇ ਸਭਿ ਸੀਸ ਨਿਵਾਏ।
ਹ੍ਵੈ ਪਰਿਵਾਰਤਿ ਬ੍ਰਿੰਦ ਥਿਰੇ ਜਨੁ ਬੀਚ ਸੁ ਪੂਰਨ ਚੰਦ ਸੁਹਾਏ॥੪੦॥

ਇਸ ਤਰ੍ਹਾਂ ਸਭ ਨੂੰ ਮਿਲ ਕੇ ਸ਼ੁਭ-ਰੀਤੀ ਨਾਲ ਮਨ-ਭਾਉਂਦਾ ਹਾਸ-ਬਿਲਾਸ ਕਰਦੇ ਸਨ। ਫਿਰ ਸਮਾਂ ਜਾਣ ਕੇ ਕਲਗੀਧਰ ਗੁਰੂ ਜੀ ਬਾਹਰ ਨਿਕਲੇ ਤੇ ਜੰਞ ਦੇ ਨਿਵਾਸ ਸਥਾਨ 'ਤੇ ਆਏ। ਸਿੰਘਾਸਣ ਦੀ ਪਿੱਠ ਤੇ ਬੈਠ ਬੜੇ ਸ਼ੋਭ ਰਹੇ ਸਨ, ਜਿਹੜੇ ਆਏ ਉਨ੍ਹਾਂ ਸਭ ਨੇ ਗੁਰੂ ਜੀ ਦੇ ਸਾਹਮਣੇ ਸੀਸ ਨਿਵਾਏ। ਸਾਰੇ ਗੁਰੂ ਜੀ ਨੂੰ ਘੇਰਾ ਪਾ ਕੇ ਖਲੋ ਗਏ ਮਾਨੋ ਪੂਰਨਮਾਸ਼ੀ ਦਾ ਚੰਦ ਤਾਰਿਆਂ ਵਿਚ ਸ਼ੋਭਾ ਪਾ ਰਿਹਾ ਹੋਵੇ॥ ੪੦॥

Sri Satguru Jagjit Singh Ji eLlibrary NamdhariElibrary@gmail.com

ਦੋਹਰਾ- ਸੰਗਤਿ ਬਿਨਤੀ ਦੀਨ ਹੈ ਕਰਿ ਕਰਿ ਜੋਰਤਿ ਹਾਥ।
ਰਾਖਯੋ ਸਿਵਰ ਉਤਾਰ ਤਹਿਂ ਅਧਿਕ ਪ੍ਰੀਤ ਕੇ ਸਾਥ॥ ੪੧॥

ਸੰਗਤ ਦੀਨ ਹੋ ਕੇ ਹੱਥ ਜੋੜ ਜੋੜ ਕੇ ਬੇਨਤੀ ਕਰਦੀ ਸੀ। ਬੜੀ ਪ੍ਰੀਤ ਨਾਲ ਉਥੇ ਡੇਰਾ ਲਾ ਰੱਖਿਆ॥ ੪੧॥

ਕੇਤਿਕ ਬਾਸੁਰ ਸਤਿਗੁਰੂ ਕੀਨੋ ਸਿਵਰ ਮੁਕਾਮ।
ਪਿਖਿ ਸੰਗਤਿ ਕੇ ਭਾਉ ਕੋ ਕਰਹਿਂ ਪੂਰਨੋ ਕਾਮ॥ ੪੨॥

ਕਈ ਦਿਨ ਸਤਿਗੁਰੂ ਜੀ ਨੇ ਉਸ ਡੇਰੇ ਵਿਚ ਮੁਕਾਮ ਕੀਤਾ ਤੇ ਸੰਗਤ ਦੇ ਪ੍ਰੇਮ ਨੂੰ ਵੇਖ ਕੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਸਨ॥ ੪੨॥

ਕੌਤਕ ਹੋਤਿ ਅਨੇਕ ਬਿਧਿ ਮੇਲਾ ਭਯੋ ਬਿਸ਼ਾਲ।
ਧਨ ਖਾਟਹਿਂ ਨਿਜ ਲਾਭ ਕੋ ਸਤਿਗੁਰ ਪਿਖਹਿਂ ਨਿਹਾਲ॥ ੪੩॥

ਅਨੇਕ ਪ੍ਰਕਾਰ ਦੇ ਕੌਤਕ ਹੋ ਰਹੇ ਸਨ, ਵੱਡਾ ਮੇਲਾ ਲੱਗਾ, ਆਪਣੇ ਲਾਭ ਲਈ ਬਾਣੀਏਂ ਖੱਟਦੇ ਸਨ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਸਨ॥ ੪੩॥

*ਪਹਿਲੀ ਰੁੱਤ ਦਾ ਚੌਦਵਾਂ ਅਧਿਆਇ ਸਮਾਪਤ ਹੋਇਆ॥ ੧੪॥*

## *ਅਧਿਆਇ ਪੰਦਰਵਾਂ*

### *ਬਰਛੇ ਨਾਲ ਚਸ਼ਮਾ ਚਲਾਉਣਾ*

ਦੋਹਰਾ- ਪੋਸ਼ਿਸ਼ ਸੂਖਮ ਬਸਨ ਕੀ ਅਧਿਕ ਜਿ ਬਨੀ ਨਵੀਨ।
ਨਿਤ ਪਖਾਰਿਬੋ ਹੋਹਿ ਤਿਨ, ਪਹਿਰਹਿਂ ਗੁਰੂ ਪ੍ਰਬੀਨ॥ ੧॥

ਸੂਖਮ ਕੱਪੜੇ ਦੀ ਪੋਸ਼ਾਕ ਜਿਹੜੀ ਬੜੀ ਨਵੀਂ ਬਣੀ ਸੀ, ਉਸ ਨੂੰ ਗੁਰੂ ਜੀ ਰੋਜ਼ ਧਵਾਉਂਦੇ ਸਨ ਤੇ ਫਿਰ ਗੁਰੂ ਜੀ ਪਹਿਣਦੇ ਸਨ॥ ੧॥

ਸ੍ਵੈਯਾ- ਪੀਤ ਦੁਕੂਲ ਧਰੇ ਦੁਤਿ ਮੂਲ ਤੁਰੰਗ ਅਰੂਢਤਿ ਆਪ ਸਿਧਾਰੇ।
ਜਾਤਿ ਬਜਾਰਨਿ ਬੀਚ ਪ੍ਰਭੂ ਨਰ ਨਾਰਿ ਚਹੂੰਦਿਸ਼ਿ ਬੰਦਨ ਧਾਰੇ।
ਚੰਚਲ ਚਾਰੁ ਚਲਾਇ ਫੰਦਾਵਤਿ ਸ਼ੋਭਤਿ ਹਯ ਇਸ ਭਾਂਤਿ ਉਦਾਰੇ।
ਸੰਝ ਸਮੈ ਘਨ ਜਯੋਂ ਚਢਿ ਮੋਰ ਪੈ ਜਾਤਿ ਨਚਾਵਤ ਮਾਰਗ ਸਾਰੇ॥ ੨॥

ਗੁਰੂ ਜੀ ਨੇ ਸੁੰਦਰ ਆਬਾ ਵਾਲੇ ਪੀਲੇ ਵਸਤਰ ਧਾਰਨ ਕੀਤੇ ਤੇ ਘੋੜੇ ਉੱਤੇ ਸਵਾਰ ਹੋ ਕੇ ਚਲੇ ਗਏ। ਗੁਰੂ ਜੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ ਤੇ ਚਾਰੇ ਪਾਸੇ ਦੇ ਇਸਤਰੀ ਪੁਰਸ਼ ਬੰਦਨਾ ਧਾਰਨ ਕਰਦੇ ਸਨ। ਸੁੰਦਰ ਚੰਚਲ ਘੋੜਿਆਂ ਨੂੰ ਕੁਦਵਾਉਂਦੇ ਹੋਏ ਚਲਾਉਂਦੇ ਸਨ ਤੇ ਇਸ ਭਾਂਤੇ ਘੋੜੇ ਬੜੇ ਸ਼ੋਭ ਰਹੇ ਸਨ, ਮਾਨੋ ਤ੍ਰਿਕਾਲਾਂ ਸਮੇਂ ਬੱਦਲ ਚੜ੍ਹਨ ਉੱਤੇ ਮੋਰ ਨੱਚਦੇ ਹਨ, ਉਸ ਤਰ੍ਹਾਂ ਰਾਹ ਦੇ ਵਿਚ ਸਾਰੇ ਘੋੜੇ ਨਚਾਉਂਦੇ ਜਾਂਦੇ ਸਨ॥ ੨॥

Sri Satguru Jagjit Singh Ji eLlibrary NamdhariElibrary@gmail.com

ਆਇ ਗਯੋ ਧੁਬੀਆ ਅਗਵਾਇ, ਦੁਊ ਕਰ ਜੋਰਤਿ ਏਵ ਬਖਾਨਾ।
'ਰਾਵਰ ਕੇ ਨਿਤ ਚੀਰ ਪਖਾਰਤਿ, ਸੋ ਤਨ ਧਾਰਤਿ ਹੋ ਹਿਤ ਠਾਨਾ।
ਆਏ ਬਰਾਤ ਸਮੇਤ ਇਹਾਂ ਮਲਹੀਨ ਸੁ ਨੀਰ ਨਹੀਂ ਕਿਸ ਥਾਨਾ।
ਹੇਰਿ ਫਿਰਯੋ ਚਹੁੰ ਓਰ ਭਲੇ, ਨਹਿਂ ਪ੍ਰਾਪਤਿ ਭਾ ਚਿਤ ਚਿੰਤ ਮਹਾਨਾ॥ ੩॥

ਅੱਗੇ ਧੋਬੀ ਆ ਗਿਆ, ਉਹ ਗੁਰੂ ਜੀ ਦੇ ਸਾਹਮਣੇ ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਬੋਲਿਆ, "ਮੈਂ ਆਪ ਜੀ ਦੇ ਸਦਾ ਕੱਪੜੇ ਧੋਂਦਾ ਹਾਂ, ਉਨ੍ਹਾਂ ਨੂੰ ਤੁਸੀਂ ਹਿਤ ਧਾਰ ਕੇ ਸਰੀਰ ਉੱਤੇ ਧਾਰਨ ਕਰਦੇ ਹੋ। ਏਥੇ ਬਰਾਤ ਸਮੇਤ ਆਏ ਹੋ, ਏਥੇ ਕਿਸੇ ਸਥਾਨ ਤੇ ਵੀ ਮੈਲ ਰਹਿਤ ਪਾਣੀ ਨਹੀਂ ਹੈ। ਮੈਂ ਭਲੀ ਪ੍ਰਕਾਰ ਚਾਰੇ ਪਾਸੇ ਵੇਖਿਆ ਹੈ, ਪਾਣੀ ਕਿਤੇ ਵੀ ਪ੍ਰਾਪਤ ਨਹੀਂ ਹੋਇਆ ਹੈ, ਇਸ ਕਰਕੇ ਚਿੱਤ ਵਿਚ ਬੜੀ ਚਿੰਤਾ ਹੈ॥ ੩॥

ਪੋਸ਼ਿਸ਼ ਨੀਤ ਉਤਾਰਤਿ ਹੋ, ਇਕਠੀ ਮਮ ਤੀਰ ਭਈ ਸਮੁਦਾਈ।
ਆਪ ਕਰੋ ਅਬਿ ਆਇਸੁ ਜਾਂ ਬਿਧਿ, ਤਜੋਂ ਕਰਿਹੋਂ ਪਟ ਹੇਤੁ ਉਪਾਈ'।
ਸ਼੍ਰੀ ਕਲਗੀਧਰ ਬੇਨਤੀ ਕੋ ਸੁਨਿ ਸੈਲ ਸਮੀਪ ਗਏ ਤਿਸ ਥਾਈਂ।
ਸੰਗ ਕ੍ਰਿਪਾਲ ਹੈ, ਮਾਨਵ ਜਾਲ ਹੈਂ, ਧੋਬੀ ਸੁ ਨਾਲ ਹੈ ਜਾਂਹਿ ਜਨਾਈ॥ ੪॥

ਕੱਪੜੇ ਨਿੱਤ ਉਤਾਰਦੇ ਹੋ, ਮੇਰੇ ਪਾਸ ਸਾਰੇ ਆ ਕੇ ਇਕੱਠੇ ਹੋ ਜਾਂਦੇ ਹਨ, ਆਪ ਜੀ ਹੁਣ ਆਗਿਆ ਕਰੋ ਜਾਂ ਕੋਈ ਵਿਧੀ ਅਪਨਾਓ, ਉਸ ਤਰ੍ਹਾਂ ਹੀ ਕੱਪੜਿਆਂ ਦੇ ਧੋਣ ਬਾਰੇ ਉਪਾਅ ਕਰਾਂਗਾ।" ਸ੍ਰੀ ਕਲਗੀਧਰ ਬੇਨਤੀ ਨੂੰ ਸੁਣ ਕੇ ਉਸ ਥਾਂ ਇਕ ਪਹਾੜ ਦੇ ਪਾਸ ਗਏ, ਨਾਲ ਮਾਮਾ ਕ੍ਰਿਪਾਲ ਜੀ ਵੀ ਸਨ, ਹੋਰ ਬਹੁਤ ਮਨੁੱਖ ਨਾਲ ਸਨ, ਨਾਲ-ਨਾਲ ਧੋਬੀ ਨੂੰ ਵੀ ਦੱਸਦੇ ਜਾਂਦੇ ਸਨ॥ ੪॥

ਸੰਗੋ ਕੇ ਹਾਥ ਹੁਤੋ ਬਰਛਾ, ਫਲ ਤੀਛਨ ਭੀਛਨ ਮਾਨੁਫਨੀ।
ਸ਼੍ਰੀ ਕਲਗੀਧਰ ਹਾਥ ਮੈ ਲੀਨਿ, ਭ੍ਰਮਾਇ ਕੈ ਨੀਚੇ ਕੋ ਕੀਨਿ ਅਨੀ।
ਦੇਖਤਿ ਹੈਂ ਚਹੁੰ ਓਰ ਘਨੇ ਜਨ, ਤੋਲ ਕੈ ਓਜ ਤੇ ਭੂਮ ਹਨੀ।
ਦੀਹ ਗਡਯੋ ਦ੍ਰਿੜ ਠਾਢ ਭਯੋ ਤਬਿ ਸ਼੍ਰੀ ਮੁਖ ਤੇ ਸਭਿ ਸੰਗ ਭਨੀ॥ ੫॥

ਭਾਈ ਸੰਗੋ ਦੇ ਪਾਸ ਇਕ ਬਰਛਾ ਸੀ, ਜਿਸ ਦਾ ਫਲ ਬੜਾ ਤਿੱਖਾ ਸੀ, ਮਾਨੋ ਭਿਆਨਕ ਸੱਪ ਹੋਵੇ। ਗੁਰੂ ਜੀ ਨੇ ਉਸ ਬਰਛੇ ਨੂੰ ਆਪਣੇ ਹੱਥ ਵਿਚ ਲਿਆ ਤੇ ਉਸ ਨੂੰ ਭੰਵਾ ਕੇ ਹੇਠਲੇ ਪਾਸੇ ਵਲ ਫਲ ਨੂੰ ਕੀਤਾ। ਚਾਰੇ ਪਾਸੇ ਬਹੁਤ ਮਨੁੱਖ ਵੇਖ ਰਹੇ ਸਨ, ਗੁਰੂ ਜੀ ਨੇ ਬਰਛੇ ਨੂੰ ਸਾਰੇ ਜ਼ੋਰ ਨਾਲ ਭੂਮੀ ਵਿਚ ਮਾਰਿਆ। ਜ਼ਮੀਨ ਵਿਚ ਬਰਛਾ ਬਹੁਤ ਗੱਡਿਆ ਗਿਆ ਤੇ ਸਿਧਾ ਖੜਾ ਹੋ ਗਿਆ। ਤਦ ਗੁਰੂ ਜੀ ਨੇ ਆਪਣੇ ਮੁਖ ਨਾਲ ਸਾਰਿਆਂ ਨੂੰ ਕਿਹਾ॥ ੫॥

'ਐਂਚਿ ਨਿਕਾਸਹੁ ਓਜ ਪ੍ਰਕਾਸ਼ਹੁ ਨੀਰ ਭਲੋ ਨਿਕਸੈ ਇਸ ਨੀਚੇ'।
ਸੰਗੋ ਤੁਰੰਗ ਤੇ ਜਬੈਂ ਉਤਰਯੋ, ਬਲ ਧਾਰਿ ਬਿਸਾਲ ਕੋ ਊਪਰ ਖੀਚੇ।
ਸੋ ਨ ਪਟਯੋ ਬਿਸਮਾਇ ਹਟਯੋ, ਬਡ ਪ੍ਰਾਕ੍ਰਮ ਜਾਨਿ ਲਯੋ ਗੁਰ ਬੀਚੇ।
'ਮੈਂ ਤਰੁਨਾਪਨ ਕੋ ਅਬਿ ਪ੍ਰਾਪਤਿ, ਏ ਲਘੁ ਬੈਸ ਨਹੀਂ ਬਲ ਸੀਚੇ'॥ ੬॥

ਸਾਰਾ ਜ਼ੋਰ ਲਾ ਕੇ ਇਸ ਬਰਛੇ ਨੂੰ ਬਾਹਰ ਖਿੱਚੋ, ਇਸ ਦੇ ਹੇਠਾਂ ਤੋਂ ਭਲੀ ਪ੍ਰਕਾਰ ਪਾਣੀ ਨਿਕਲੇਗਾ।" ਫਿਰ ਭਾਈ ਸੰਗੋ ਸ਼ਾਹ ਘੋੜੇ ਤੋਂ ਉਤਰਿਆ ਤੇ ਉਸ ਵੱਡਾ ਬਲ ਧਾਰ ਕੇ ਬਰਛੇ ਨੂੰ ਉੱਪਰ ਖਿਚਿਆ, ਪਰ ਬਰਛਾ ਪੁਟਿਆ ਨਾ ਗਿਆ ਤਾਂ ਹੈਰਾਨ ਹੋ ਕੇ ਪਿੱਛੇ ਹਟ ਗਿਆ ਤੇ ਗੁਰੂ ਜੀ ਵਿਚ ਵੱਡਾ ਬਲ ਅਤੇ ਉੱਦਮ ਜਾਣਿਆ। ਸੋਚਣ ਲੱਗਾ, "ਮੈਂ ਹੁਣ ਪੂਰਾ ਜਵਾਨ ਹੋ ਗਿਆ ਹਾਂ, ਪਰ ਗੁਰੂ ਜੀ ਦੀ ਉਮਰ ਛੋਟੀ ਹੈ ਹਾਲੇ ਪੂਰਾ ਬਲ ਨਹੀਂ ਪਾਇਆ ਹੈ"॥ ੬॥

ਹਯ ਕੇ ਅਸਵਾਰ ਗੁਰੂ ਬਲ ਧਾਰਿ ਉਖਾਰ ਲਯੋ ਬਰਛਾ ਤਤਕਾਲਾ।
ਫਲ ਟੂਟਯੋ ਨਹੀਂ, ਦਿਢ ਜੁਟਯੋ ਤਥਾ ਜਲ ਛੂਟਯੋ ਬਡੋ ਤਹਿਂ ਤੇ ਬਹਿ ਚਾਲਾ।
ਪਿਖਿ ਦੂਸਰੇ ਭ੍ਰਾਤ ਧਰੀ ਚਿਤ ਮੈਂ 'ਜੁਗ ਹਾਥ ਕਿ ਜੋਰ ਤੇ ਲੇਤਿ ਨਿਕਾਲਾ'।
ਮਨ ਜਾਨਿ ਪ੍ਰਭੂ ਪੁਨ ਭੂਮ ਹਨਯੋ, ਤਬਿ ਪਾਥਰ ਫੋਰ ਧਸਯੋ ਸੁ ਬਿਸਾਲਾ ॥ ੭ ॥

ਘੋੜੇ ਤੇ ਸਵਾਰ ਹੀ, ਗੁਰੂ ਜੀ ਨੇ ਬਲ ਧਾਰ ਕੇ ਤੁਰਤ ਬਰਛੇ ਨੂੰ ਖਿੱਚ ਲਿਆ। ਬਰਛੇ ਦਾ ਫਲ ਟੁਟਿਆ ਨਹੀਂ, ਪਹਿਲਾਂ ਵਾਂਗ ਹੀ ਫਲ ਦਸਤੇ ਨੂੰ ਲਗਾ ਰਿਹਾ। ਉਸ ਸਥਾਨ ਵਿਚੋਂ ਬਹੁਤ ਜਲ ਨਿਕਲ ਕੇ ਵਹਿ ਤੁਰਿਆ। ਇਹ ਵੇਖ ਕੇ ਦੂਸਰੇ ਭਰਾ ਨੇ ਚਿੱਤ ਵਿਚ ਧਾਰਨ ਕੀਤਾ, "ਮੈਂ ਦੋ ਹੱਥਾਂ ਦੇ ਜੋਰ ਨਾਲ ਨਿਕਾਲ ਲੈਂਦਾ।" ਉਸ ਦੇ ਮਨ ਦੀ ਗੱਲ ਜਾਣ ਕੇ ਗੁਰੂ ਜੀ ਨੇ ਫਿਰ ਧਰਤੀ ਵਿਚ ਬਰਛਾ ਮਾਰਿਆ, ਤਦ ਬਰਛਾ ਪੱਥਰ ਨੂੰ ਤੋੜ ਬਹੁਤ ਡੂੰਘਾ ਧਰਤੀ ਵਿਚ ਧੱਸ ਗਿਆ॥ ੭॥

ਦੂਸਰੇ ਸਾਥ ਕਹਯੋ 'ਲਿਹੁ ਐਂਚ', ਸੁਨਯੋ ਤਤਕਾਲ ਗਹਯੋ ਬਲ ਲਾਏ।
ਦੋਨੋਂ ਹਾਥਨ ਪੈਰ ਜਮਾਇ, ਨਿਕਾਸਨ ਚਾਹਿ, ਨਹੀਂ ਨਿਕਸਾਏ।
ਹੇਰਿ ਹਟਯੋ ਮੁਖ ਕੀਨਿ ਤਰੇ ਕਹੁ, ਸ੍ਰੀ ਗੁਰ ਪ੍ਰਾਕ੍ਰਮ ਤੇ ਬਿਸਮਾਏ।
ਦੇਖਿ ਕ੍ਰਿਪਾਲ ਸੁ ਮਾਤੁਲ ਨੇ, ਬਡਿਆਈ ਜਨਾਇ ਭਲੇ ਸਮੁਝਾਏ ॥ ੮ ॥

ਫਿਰ ਗੁਰੂ ਜੀ ਨੇ ਸੰਗੋ ਸ਼ਾਹ ਦੇ ਦੂਸਰੇ ਭਰਾ ਨੂੰ ਕਿਹਾ, "ਖਿੱਚ ਲਵੋ।" ਇਹ ਸੁਣ ਕੇ ਉਸ ਨੇ ਤੁਰਤ ਬਰਛੇ ਨੂੰ ਫੜਿਆ ਤੇ ਆਪਣਾ ਪੂਰਾ ਬਲ ਲਾਇਆ। ਉਸ ਨੇ ਦੋਵੇਂ ਹੱਥ ਪੈਰ ਜਮਾਏ, ਬਰਛੇ ਨੂੰ ਬਾਹਰ ਕਢਣਾ ਚਾਹਿਆ, ਪਰ ਨਿਕਲਦਾ ਨਹੀਂ ਸੀ। ਵੇਖ ਕੇ ਪਿੱਛੇ ਹੱਟ ਗਿਆ ਤੇ ਮੁਖ ਹੇਠਾਂ ਵਲ ਕਰ ਲਿਆ। ਸ੍ਰੀ ਗੁਰੂ ਜੀ ਦੀ ਸ਼ਕਤੀ ਵੇਖ ਕੇ ਬਹੁਤ ਹੈਰਾਨ ਹੋਇਆ। ਇਹ ਵੇਖ ਕੇ ਮਾਮਾ ਕ੍ਰਿਪਾਲ ਜੀ ਨੇ ਵਡਿਆਈ ਸਮਝਾ ਕੇ ਭਲੀ ਪ੍ਰਕਾਰ ਸਮਝਾਇਆ॥ ੮॥

'ਆਪ ਤੁਰੰਗ ਪੈ ਹਾਥਨਿ ਸਾਥ ਨਿਕਾਸਨ ਕੀਨਿ ਛੁਟੀ ਜਲਧਾਰਾ।
ਦੌਨ ਤੇ ਨਿਰਮਲ ਨੀਰ ਚਲਯੋ ਅਵਲੋਕਿ ਅਚੰਭ ਸਭੈ ਤਬਿ ਧਾਰਾ।
ਜਯੋਂ ਜਲ ਹ੍ਵੈ ਸਲਿਤਾ ਬਡ ਕੋ ਕਿਤ ਤੇ ਇਹੁ ਆਵਤਿ ਬੇਗ ਉਦਾਰਾ।
ਹਾਥ ਪ੍ਰਮਾਨ ਧਸਯੋ ਬਰਛਾ ਤਿਸ ਤੇ ਅਬਿ ਛੂਟ ਚਲਯੋ ਜਲ ਨਾਰਾ' ॥ ੯ ॥

"ਗੁਰੂ ਜੀ ਨੇ ਆਪ ਘੋੜੇ ਤੇ ਸਵਾਰ ਹੀ ਹੱਥਾਂ ਨਾਲ ਕੱਢ ਲਿਆ ਤੇ ਜਲ ਦੀ ਧਾਰਾ ਵਹਿ ਤੁਰੀ। ਦੋਵਾਂ ਵਿਚੋਂ ਬਹੁਤ ਨਿਰਮਲ ਜਲ ਨਿਕਲਿਆ, ਸਾਰਿਆਂ ਨੇ ਹੈਰਾਨ ਹੋ ਕੇ ਬੜਾ ਅਸਚਰਜ ਧਾਰਨ ਕੀਤਾ। ਜਿਵੇਂ ਵੱਡੀ ਨਦੀ ਦਾ ਜਲ ਹੋਵੇ, ਇਹ ਕਿਥੋਂ ਏਨੇ ਵੱਡੇ ਵੇਗ ਨਾਲ ਜਲ ਆ ਰਿਹਾ ਹੈ। ਹੱਥ ਪ੍ਰਮਾਣ ਬਰਛਾ ਧਸਾਇਆ ਸੀ ਉਸ ਟਕ ਤੋਂ ਹੁਣ ਜਲ ਦਾ ਨਾਲਾ ਵਹਿ ਤੁਰਿਆ ਹੈ" ॥ ੯ ॥

ਮਾਤੁਲ ਬਾਤ ਕਹੀ 'ਸੁਨੀਏਂ ਪ੍ਰਭੁ ਜੂ! ਜੁਗ ਧਾਰ ਚਲੀ ਜਲ ਕੀ।
ਕੀਜਿਯੇ ਆਪ ਤ੍ਰਿਬੈਨੀ ਇਹਾਂ ਦਰਸੈ ਸਭਿ ਸੰਗਤਿ ਪਾਛਲ ਕੀ।
ਸੈਂਕਰੇ ਸੰਬਤ ਚਿੰਨ੍ਹਤ ਹ੍ਵੈ ਇਹ ਸਾਖ ਰਹੈ ਤੁਮਰੇ ਬਲ ਕੀ।
ਬਯਾਹ ਭਯੋ ਸਭਿ ਲੋਕ ਲਖੈਂ ਬਿਥਰੈ ਮਹਿਮਾ ਇਮ ਯਾ ਥਲ ਕੀ' ॥ ੧੦ ॥

ਮਾਮਾ ਜੀ ਨੇ ਫਿਰ ਗੱਲ ਕਹੀ, "ਹੇ ਪ੍ਰਭੂ ਜੀ ! ਸੁਣੋ ਜਲ ਦੀਆਂ ਦੋ ਧਾਰਾਂ ਚਲ ਪਈਆਂ ਹਨ, ਏਥੇ ਤਿੰਨ ਧਾਰਾਂ ਕਰਕੇ ਤ੍ਰਿਬੈਣੀ ਬਣਾ ਦੇਵੋ ਤਾਂਕਿ ਬਾਅਦ ਵਿਚ ਹੋਣ ਵਾਲੀ ਸਾਰੀ ਸੰਗਤ ਇਸ ਦੇ ਦਰਸ਼ਨ ਕਰੇ। ਸੈਂਕੜੇ ਸਾਲਾਂ ਤਕ ਇਹ ਇਕ ਚਿੰਨ੍ਹ ਬਣ ਕੇ ਤੁਹਾਡੇ ਬਲ ਦੀ ਗਵਾਹੀ ਰਹੇਗੀ। ਵਿਆਹ ਹੋਇਆ ਸਭ ਲੋਕ ਜਾਣਨਗੇ, ਇਸ ਸਥਾਨ ਦੀ ਮਹਿਮਾ ਸਾਰੇ ਫੈਲ ਜਾਵੇ" ॥ ੧੦ ॥

ਸ੍ਰੀ ਕਲਗੀਧਰ ਹਾਥ ਉਭਾਰਿ ਪ੍ਰਹਾਰ ਕਰਯੋ ਪੁਨ ਤੀਸਰ ਬਾਰੀ।
ਫੇਰ ਨਿਕਾਸਨਿ ਕੀਨਿ ਮਹਾਂਬਲਿ, ਤੀਨ ਸਥਾਨ ਬਹਯੋ ਪੁਨ ਬਾਰੀ।
ਦੇਖਤਿ ਸੰਗਤਿ ਕੇ ਗਨ ਮਾਨਵ ਬਾਰਹਿ ਬਾਰ ਸੁ ਦੇਂ ਮਨ ਬਾਰੀ।
ਹੋਤਿ ਭਈ ਬਿਸਤੀਰਤ ਕੀਰਤਿ, ਜਯੋਂ ਬਹੁ ਮਾਲਤੀ ਕੀ ਫੁਲਬਾਰੀ॥ ੧੧॥

ਸ੍ਰੀ ਕਲਗੀਧਰ ਨੇ ਫਿਰ ਹੱਥ ਉੱਪਰ ਚੁਕ ਤੀਸਰੀ ਵਾਰ ਬਰਛੇ ਦਾ ਧਰਤੀ ਤੇ ਵਾਰ ਕੀਤਾ। ਫਿਰ ਮਹਾਂ ਸ਼ਕਤੀ ਨਾਲ ਬਰਛੇ ਨੂੰ ਕਢਿਆ ਤੇ ਫਿਰ ਤਿੰਨ ਥਾਂ ਪਾਣੀ ਵਹਿ ਤੁਰਿਆ। ਸੰਗਤ ਦੇ ਬਹੁਤ ਮਨੁੱਖ ਵੇਖ ਕੇ ਵਾਰ-ਵਾਰ ਮਨ ਵਿਚ ਕੁਰਬਾਨ ਜਾਂਦੇ ਹਨ। ਗੁਰੂ ਜੀ ਦੀ ਕੀਰਤੀ ਦਾ ਬਹੁਤ ਵਿਸਥਾਰ ਹੋਇਆ ਮਾਨੋ ਮਾਲਤੀ ਦੇ ਫੁੱਲਾਂ ਦੀ ਫੁਲਵਾੜੀ ਫੁੱਲੀ ਹੋਵੇ॥ ੧੧॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ 'ਅਹੋ ਧੁਬੀਆ! ਸਭਿ ਚੀਰ ਹਮਾਰੇ।
ਜਾਵਦ ਹੈਂ ਇਸ ਥਾਨ ਮਝਾਰਹਿ, ਤਾਵਦ ਨੀਕਹਿ ਲੇਹੁ ਪਖਾਰੇ'।
'ਧੰਨ ਗੁਰੂ' ਮੁਖ ਤੇ ਕਹਿਕੈ ਸਭਿ ਪੋਸ਼ਿਸ਼ ਪੋਟ ਧਰੀ ਸੁ ਉਤਾਰੇ।
ਧੋਵਨਿ ਲਾਗ ਧਰੇ ਅਨੁਰਾਗ ਕੋ ਪਾਗ ਤੇ ਆਦਿ ਕੀ ਮੈਲ ਬਿਦਾਰੇ॥ ੧੨॥

ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੇ ਧੋਬੀ! ਸਾਡੇ ਸਾਰੇ ਕੱਪੜੇ ਜਦ ਤਕ ਅਸੀਂ ਇਸ ਸਥਾਨ ਵਿਖੇ ਰਹਾਂਗੇ ਤਦ ਤਕ ਚੰਗੀ ਤਰ੍ਹਾਂ ਧੋਵੋ।" ਧੋਬੀ ਨੇ ਧੰਨ ਗੁਰੂ ਜੀ ਕਹਿ ਕੇ ਸਭ ਕੱਪੜੇ ਜਿਹੜੇ ਗੱਠੜੀ ਵਿਚ ਬੰਨ੍ਹੇ ਹੋਏ ਸੀ ਥੱਲੇ ਲਾਹ ਲਏ। ਬੜੇ ਪਿਆਰ ਨਾਲ ਫਿਰ ਧੋਣ ਲੱਗਾ, ਦਸਤਾਰਾਂ ਆਦਿ ਦੀ ਵੀ ਮੈਲ ਦੂਰ ਕਰਦਾ ਸੀ॥ ੧੨॥

ਆਪ ਗਏ ਹਯ ਤੁੰਦ ਨਚਾਵਤਿ ਦੂਰਕਿਤੇਕ ਫਿਰੇ ਹਟਿ ਆਏ।
ਹੋਤਿ ਭਈ ਸੁਧ ਸ੍ਰੀ ਗੁਰ ਕਾਰ ਕੀ, 'ਨੀਰ ਨਵੀਨ ਕੋ ਨਾਰੋ ਚਲਾਏ।
ਤੀਨ ਪ੍ਰਹਾਰ ਤੇ ਧਾਰ ਚਲੀ' ਸੁਨਿ ਕੈ ਨਰ ਨਾਰਿ ਸਭੈ ਬਿਸਮਾਏ।
ਜਾਤਿ ਬਿਲੋਕਨਿ ਲੋਕ ਅਨੇਕ, ਬਿਬੇਕ ਨਿਧਾਨ ਕੇ ਕੌਤਕ ਗਾਏ॥ ੧੩॥

ਆਪ ਘੋੜੇ ਨੂੰ ਬੜਾ ਤੇਜ਼ ਨਚਾਉਂਦੇ ਹੋਏ ਬੜੀ ਦੂਰ ਜਾ ਕੇ ਫਿਰ ਵਾਪਸ ਆ ਗਏ। ਸ੍ਰੀ ਗੁਰੂ ਜੀ ਦੇ ਕਾਰਜ ਦੀ ਸਾਰੇ ਖਬਰ ਫੈਲ ਗਈ, "ਜਲ ਦਾ ਨਵਾਂ ਨਾਲਾ ਚਲਾ ਦਿੱਤਾ ਹੈ, ਤਿੰਨਾਂ ਵਾਰਾਂ ਨਾਲ ਤਿੰਨ ਧਾਰਾਂ ਚਲੀਆਂ ਹਨ।" ਇਹ ਸੁਣ ਕੇ ਸਭ ਇਸਤਰੀ ਪੁਰਸ਼ ਬਹੁਤ ਹੈਰਾਨ ਹੋਏ। ਅਨੇਕਾਂ ਲੋਕ ਵੇਖਣ ਜਾਂਦੇ ਸਨ ਤੇ ਗਿਆਨ ਦੇ ਨਿਧਾਨ ਭਾਵ ਗੁਰੂ ਜੀ ਦੇ ਕੌਤਕਾਂ ਬਾਰੇ ਕਹਿੰਦੇ ਸਨ॥ ੧੩॥

ਕੋ ਇਸ਼ਨਾਨ ਕਰੈ ਅਚਮਾਨ ਕੋ, ਦੇਖਿ ਬਿਸ਼ੇਖ ਭਨੈਂ 'ਬਲਵੰਤੇ।
ਪੂਰਨ ਸ੍ਰੀ ਪ੍ਰਭੁ ਦੀਨ ਦਿਆਲ ਹਤਯੋ ਜਿਨ ਰਾਵਨ ਜੁੱਧ ਕਰੰਤੇ।
ਰੱਛ ਕਰੀ। ਪ੍ਰਹਿਲਾਦ ਕੀ ਆਪ ਭਯੋ ਨਰ ਸਿੰਘ ਸੁ ਦੈਤ ਕੋ ਹੰਤੇ।
ਕਥਾ ਇਨ ਕੇ ਬਲ ਕੋ ਪਰਮਾਨ ਹੈ ਤੀਨਹੁਂ ਲੋਕ ਪਤੀ ਭਗਵੰਤੇ'॥ ੧੪॥

ਕੋਈ ਇਸ਼ਨਾਨ ਕਰਦਾ ਸੀ ਤੇ ਕੋਈ ਪਾਣੀ ਪੀਂਦਾ ਸੀ, ਕੋਈ ਵੇਖ ਕੇ ਕਹਿੰਦਾ ਸੀ "ਬਹੁਤ ਬਲਵਾਨ ਹਨ। ਪੂਰਨ ਸ੍ਰੀ ਪ੍ਰਭੂ ਜੀ ਦੀਨਾਂ ਉੱਤੇ ਦਿਆਲ ਹੁੰਦੇ ਹਨ, ਜਿਨ੍ਹਾਂ ਨੇ ਰਾਵਣ ਨੂੰ ਯੁੱਧ ਕਰਕੇ ਮਾਰ ਦਿੱਤਾ ਸੀ। ਇਨ੍ਹਾਂ ਪ੍ਰਹਿਲਾਦ ਦੀ ਰੱਖਿਆ ਕੀਤੀ ਤੇ ਨਰਸਿੰਘ ਦਾ ਅਵਤਾਰ ਧਾਰ ਕੇ ਦੈਂਤ ਹਰਨਾਕਸ਼ ਨੂੰ ਮਾਰ ਦਿੱਤਾ। ਇਨ੍ਹਾਂ ਦੇ ਬਲ ਦਾ ਕੀ ਓੜਕ ਹੈ, ਤਿੰਨਾਂ ਲੋਕਾਂ ਦੇ ਪਤੀ ਭਗਵੰਤ ਹਨ"॥ ੧੪॥

ਆਵਤਿ ਹੈਂ ਇਕ ਧਾਵਤਿ ਜਾਵਤਿ ਗਾਵਤਿ ਕੀਰਤਿ ਪਾਵਨ ਕੋ।
ਕੇਤਿਕ ਬਾਸੁਰ ਕੀਨਿ ਮੁਕਾਮ ਸੁ ਸੰਗਤਿ ਕੇ ਹਰਖਾਵਨਿ ਕੋ।
ਕੌਤਕ ਹੋਤਿ ਬਿਲੋਕਤਿ ਲੋਕ, ਪ੍ਰਮੋਦ ਗੁਰੂ ਗੁਨ ਗਾਵਨਿ ਕੋ।
ਭੀਰ ਬਜਾਰ ਮਝਾਰ ਹਜਾਰਨਿ ਹੈ ਬਿਵਹਾਰ ਕਮਾਵਨਿ ਕੋ॥ ੧੫॥

ਇਕ ਆਉਂਦਾ ਹੈ, ਇਕ ਭੱਜਾ ਜਾਂਦਾ ਹੈ ਤੇ ਪਵਿੱਤਰ ਗੁਰੂ ਜੀ ਦੀ ਕੀਰਤੀ ਗਾਉਂਦਾ ਜਾਂਦਾ ਹੈ। ਗੁਰੂ ਜੀ ਨੇ ਕਈ ਦਿਨ ਉਥੇ ਮੁਕਾਮ ਕੀਤਾ, ਉਹ ਸੰਗਤ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ। ਕੌਤਕ ਤੇ ਰੰਗ ਤਮਾਸ਼ੇ ਹੁੰਦੇ ਸਨ, ਜਿਨ੍ਹਾਂ ਨੂੰ ਲੋਕ ਵੇਖਦੇ ਸਨ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਗੁਣ ਗਾਉਂਦੇ ਸਨ। ਬਜ਼ਾਰ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ, ਦੁਕਾਨਦਾਰ ਵਪਾਰ ਕਰਕੇ ਕਮਾਈ ਕਰਦੇ ਸਨ॥ ੧੫॥

ਹੋਤਿ ਅਹਾਰ ਅਨੇਕ ਪ੍ਰਕਾਰ, ਕਰੈਂ ਹਿਤ ਧਾਰਿ ਅਚਾਇ ਅਨੰਦਤਿ।
ਬ੍ਰਿੰਦ ਮਸੰਦ ਸੁ ਪ੍ਰੇਰਿਤ ਸੰਗਤਿ ਆਪਨਿ ਡੇਰੇ ਮੈਂ ਲਜਾਇ ਕੈ ਬੰਦਤਿ।
ਹਾਥਨਿ ਜੋਰਿ, ਨਿਹੋਰਤਿ ਸ੍ਰੀ ਗੁਰ, ਦੇਤਿ ਅਕੋਰਨਿ ਦੋਸ਼ ਨਿਕੰਦਤਿ।
ਫੇਰ ਨਹੀਂ ਅਵਿਕਾਸ਼ ਲਹੈਂ ਅਸ, ਦੋਨਹੁੰ ਲੋਕਨਿ ਲਾਭ ਬਿਲੰਦਤਿ॥ ੧੬॥

ਅਨੇਕ ਪ੍ਰਕਾਰ ਦਾ ਭੋਜਨ ਤਿਆਰ ਹੁੰਦਾ ਸੀ, ਹਿਤ ਧਾਰ ਕੇ ਤਿਆਰ ਕਰਦੇ ਸਨ ਤੇ ਛਕਾ ਕੇ ਅਨੰਦਿਤ ਕਰ ਦਿੰਦੇ ਸਨ। ਕਈ ਮਸੰਦ ਸੰਗਤ ਨੂੰ ਪ੍ਰੇਰਤ ਕਰਕੇ ਗੁਰੂ ਜੀ ਨੂੰ ਬੰਦਨਾ ਕਰਨ ਵਾਸਤੇ ਲਿਆਉਂਦੇ ਸਨ। ਉਹ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਦੋਸ਼ਾਂ ਦੇ ਨਾਸ਼ ਕਰਤਾ ਜੀ ਅੱਗੇ ਉਪਹਾਰ ਅਰਪਣ ਕਰਦੇ ਸਨ। ਫਿਰ ਐਸਾ ਸਮਾਂ ਨਹੀਂ ਮਿਲੇਗਾ, ਦੋਹਾਂ ਲੋਕਾਂ ਵਿਚ ਵੱਡਾ ਲਾਭ ਹੋਵੇਗਾ॥ ੧੬॥

ਦੋਹਰਾ- ਕਹੌਂ ਕਹਾਂ ਲਗਿ ਬਜਾਹ ਕੋ ਲਵਪੁਰਿ ਜਥਾ ਉਛਾਹ।
ਮਾਨੁਖ ਤਨ ਸਫਲਾ ਕਰਜੋ ਪਹੁੰਚੇ ਮੇਲ ਜਿ ਮਾਂਹ॥ ੧੭॥

ਵਿਆਹ ਬਾਰੇ ਕਿਥੋਂ ਤਕ ਕਹਾਂ, ਗੁਰੂ ਦੇ ਲਾਹੌਰ ਵਿਖੇ ਜਿੰਨਾ ਉਤਸ਼ਾਹ ਸੀ, ਜਿਹੜੇ ਮਨੁੱਖ ਮੇਲ ਦੇ ਰੂਪ ਵਿਚ ਪਹੁੰਚੇ ਸਨ, ਉਨ੍ਹਾਂ ਮਨੁੱਖਾਂ ਨੇ ਆਪਣਾ ਤਨ ਸਫਲਾ ਕਰ ਲਿਆ ਸੀ॥ ੧੭॥

ਜਹਾਂ ਨਿਕਾਸਜੋ ਨੀਰ ਕੋ ਤੋਮਰ ਅਨੀ ਪ੍ਰਹਾਰਿ।
ਚਿੰਨ੍ਹਤਿ ਥਲ ਸੋ ਆਜ ਲਗ ਚਲਤਿ ਬਾਰ ਕਛੁ ਧਾਰ॥ ੧੮॥

ਜਿਥੇ ਬਰਛਾ ਮਾਰ ਕੇ ਪਾਣੀ ਕਢਿਆ ਸੀ, ਉਸ ਥਾਂ ਤੇ ਅੱਜ ਤਕ ਪਾਣੀ ਦੀ ਕੁਝ ਧਾਰ ਚਲਦੀ ਹੈ॥ ੧੮॥

ਸ੍ਵੈਯਾ- ਸ੍ਰੀ ਮੁਖ ਤੇ ਫੁਰਮਾਵਨਿ ਕੀਨਿ 'ਅਬੈ ਹਮ ਕੋ ਕਰਿ ਦੇਹੁ ਬਿਦਾ'।
ਜਾਇ ਮਸੰਦ ਬਖਾਨਤਿ ਭਾ, ਸਭਿਹੀ ਬਿਧਿ ਤਜਾਰੀ ਕੋ ਠਾਨਿ ਤਦਾ।
ਦਾਇਜ ਆਨਿ ਧਰਜੋ ਸਗਰੋ ਗੁਰ ਕੀ ਮਰਜ਼ੀ ਉਰ ਜਾਨੀ ਜਦਾ।
ਆਪ ਮਿਲੈ,ਮਿਲ ਬਾਤ ਭਨੈ 'ਇਹ ਆਨੰਦਯਾਦਿ ਰਿਦੇ ਹੈ ਸਦਾ' ॥੧੯॥

ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਹੁਣ ਸਾਨੂੰ ਵਿਦਾ ਕਰ ਦੇਵੋ।" ਜਾ ਕੇ ਮਸੰਦ ਨੇ ਕਿਹਾ, ਤਦ ਸਾਰੀਆਂ ਵਿਧੀਆਂ ਨਾਲ ਤਿਆਰੀ ਕਰ ਲਈ। ਸਾਰਾ ਦਾਜ ਲਿਆ ਕੇ ਧਰ ਦਿੱਤਾ, ਜਦ ਗੁਰੂ ਜੀ ਦੀ ਮਰਜ਼ੀ ਨੂੰ ਜਾਣਿਆ। ਆਪ ਮਿਲ ਕੇ ਗੱਲ ਕੀਤੀ, "ਇਹ ਅਨੰਦ ਆਦਿ ਸਦਾ ਹਿਰਦੇ ਵਿਚ ਹੈ" ॥ ੧੯॥

ਸੁੰਦਰ ਆਨਿ ਤੁਰੰਗਮ ਕੇ ਗਰਭੂਖਨ ਪਾਇ ਬਿਸਾਲ ਸਜਾਏ।
ਰੇਸ਼ਮੀ ਚੀਰ ਸੁਰੰਗ ਤੇ ਛਾਦਤਿ ਦੇ ਕਵਿਕਾ ਮੁਖ ਮਹਿਂ ਤਹਿਂ ਲਜਾਏ।
ਯੌਂ ਸਭਿ ਤਜਾਰ ਕਰੀ ਵਸਤੂ ਇਕ ਥਾਨ ਸਕੇਲਿ ਧਰੀ ਸਮੁਦਾਏ।
ਡਾਸਿ ਪ੍ਰਯੰਕ, ਪਠਾਇ ਦਿਯੋ ਦਿਜ ਸ਼੍ਰੀ ਗੁਰ ਜੀ ਤਤਕਾਲ ਬੁਲਾਏ॥ ੨੦॥

ਘੋੜਿਆਂ ਦੇ ਗਲਾਂ ਵਿਚ ਆ ਕੇ ਸੁੰਦਰ ਗਹਿਣੇ ਪਾ ਕੇ ਬਹੁਤ ਸਜਾਏ, ਸ੍ਰੇਸ਼ਟ ਰੰਗ ਦੇ ਰੇਸ਼ਮੀ ਕੱਪੜੇ ਨਾਲ ਢੱਕ ਲਗਾਮ ਲਿਆ ਕੇ ਘੋੜੇ ਦੇ ਮੂੰਹ ਵਿਚ ਦੇ ਕੇ ਓਥੇ ਲਿਆਏ। ਇਸ ਤਰ੍ਹਾਂ ਸਭ ਤਿਆਰੀ ਕੀਤੀ, ਸਾਰੀਆਂ ਵਸਤਾਂ ਇਕੱਠੀਆਂ ਕਰਕੇ ਇਕ ਥਾਂ ਰੱਖ ਦਿੱਤੀਆਂ। ਸੁੰਦਰ ਪਲੰਘ ਡੁਹਾ ਕੇ ਬ੍ਰਾਹਮਣ ਨੂੰ ਭੇਜ ਦਿੱਤਾ ਤੇ ਗੁਰੂ ਜੀ ਨੂੰ ਤੁਰਤ ਬੁਲਾ ਲਿਆ॥ ੨੦॥

ਬ੍ਰਿੰਦ ਮਸੰਦਨਿ ਸੰਗਤਿ ਮੋਂ ਪ੍ਰਭੁ ਤਜਾਰੀ ਸੁਨੀ ਜਬਿ ਹੇਤੁ ਬਿਦਾਈ।
ਬਾਦਿਤ ਬਾਜ ਉਠੇ ਤਤਕਾਲ, ਕਹੀ ਮੁਖ ਬਾਤ ਨ ਦੇਤਿ ਸੁਨਾਈ।
ਆਪ ਉਠੇ ਮਹਾਰਾਜ ਗੁਰੂ ਨਿਜ ਸੰਗ ਸਭਾ ਕੇ ਲਿਯੇ ਸਮੁਦਾਈ।
ਜਾਇ ਨਿਵੇਸ ਪ੍ਰਵੇਸ਼ ਭਏ, ਸਿਰ ਨੰਮ੍ਰਿ ਅਸ਼ੇਸ਼ ਉਠੇ ਅਗਵਾਈ॥ ੨੧॥

ਸੰਗਤ ਵਿਚ ਬਹੁਤ ਮਸੰਦਾਂ ਨੇ ਵਿਦਾਈ ਵਾਸਤੇ ਜਦ ਗੁਰੂ ਜੀ ਦੀ ਤਿਆਰੀ ਸੁਣੀ ਤਾਂ ਵਾਜੇ ਵੱਜਦਿਆਂ ਤੁਰਤ ਉੱਠ ਪਏ ਤੇ ਵੱਡੇ ਰੌਲੇ ਕਾਰਨ ਮੁਖ ਵਿਚੋਂ ਕਹੀ ਹੋਈ ਗੱਲ ਸੁਣਾਈ ਨਹੀਂ ਸੀ ਦਿੰਦੀ। ਗੁਰੂ ਮਹਾਰਾਜ ਜੀ ਆਪ ਉੱਠੇ ਤੇ ਆਪਣੇ ਸੰਗ ਸਭਾ ਦੇ ਸਾਰੇ ਮਨੁੱਖ ਲੈ ਲਏ। ਜਾ ਕੇ ਘਰ ਦੇ ਵਿਚ ਦਾਖਲ ਹੋ ਗਏ, ਸਿਰ ਨਿਵਾ ਕੇ ਸਾਰੇ ਉੱਠ ਕੇ ਅਗੋਂ ਲੈਣ ਆਏ॥ ੨੧॥

ਸਭਿ ਬੀਚ ਪ੍ਰਯੰਕ ਪੈ ਬੈਠਿ ਗਏ, ਚਹੂੰ ਓਰ ਨਿਹਾਰਤਿ ਹੈਂ ਨਰ ਨਾਰੀ।
ਉਸ਼ਨੀਕ ਜਿਗਾ ਕਲਗੀ ਕਲ ਕੁੰਡਲ ਡੋਲਕਪੋਲ ਹੁਵੈਂ ਬਲਿਹਾਰੀ।
ਅਰਬਿੰਦ ਬਿਲੋਚਨ ਸੋਚ ਬਿਮੋਚਨ, ਛੋਰ ਸਕੋਚ, ਪਿਖੈਂ ਮਤਿ ਹਾਰੀ।
ਗਨ ਆਨਿ ਬਿਭੂਖਨ ਥਾਲ ਧਰੇ, ਬਹੁ ਬਾਸਨ ਕੋ ਧਰਿ ਕੀਨਸਿ ਤਜਾਰੀ॥੨੨॥

ਸਭ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ, ਚਾਰੇ ਪਾਸੇ ਇਸਤਰੀ ਪੁਰਸ਼ ਵੇਖ ਰਹੇ ਸਨ। ਦਸਤਾਰ ਜਿਗਾ ਕਲਗੀ ਤੇ ਕਲ ਕੁੰਡਲ ਗਲ੍ਹਾਂ ਤੇ ਲਮਕ ਕੇ ਬਲਿਹਾਰ ਜਾ ਰਹੇ ਸਨ। ਕੰਵਲ ਨੈਣੀਆਂ, ਸੋਚਾਂ ਛੱਡ ਕੇ ਖੁੱਲ੍ਹਮ-ਖੁੱਲ੍ਹਾ ਬੁੱਧੀ ਹਾਰ ਕੇ ਵੇਖ ਰਹੀਆਂ ਸਨ। ਗਹਿਣਿਆਂ ਦੇ ਬਹੁਤ ਥਾਲ ਲਿਆ ਕੇ ਧਰ ਦਿੱਤੇ ਤੇ ਬਹੁਤ ਬਰਤਨ ਧਰ ਕੇ ਤਿਆਰੀ ਕੀਤੀ॥ ੨੨॥

ਭਾਟ ਨੇ ਦਾਇਜ ਪੁੰਜ ਗਿਨਜੋ, ਧਨ ਅੰਬਰ ਹੈਂ ਬਹੁ ਮੋਲਨ ਕੇ।
ਆਨਿ ਬਿਠਾਈ ਤਬੈ ਦੁਲਹੀ ਬਹੁ ਰੰਗ ਸੁਹਾਇਨਿ ਚੋਲਨ ਕੇ।
ਅੰਜੁਲ ਕੋ ਭਰਿ ਛੋਰਤਿ ਭਾ, ਅਨੁਸਾਰ ਭਯੋ ਦਿਜ ਬੋਲਨਿ ਕੇ।
ਜੀਤੋ ਪਿਤਾ ਜੁਤਿ ਭਾਗ ਬਿਲੰਦ ਮਨਿੰਦ ਕਹੈਂ ਕਿਹ ਤੋਲਨ ਕੇ॥ ੨੩॥

ਭਟ ਨੇ ਸਾਰੇ ਦਾਜ ਨੂੰ ਗਿਣਿਆ, ਧਨ ਅਤੇ ਕੱਪੜੇ ਬਹੁਤ ਕੀਮਤੀ ਸਨ। ਫਿਰ ਸ੍ਰੀ ਜੀਤੋ ਜੀ ਨੂੰ ਲਿਆ ਕੇ ਬਿਠਾ ਦਿੱਤਾ, ਉਨ੍ਹਾਂ ਦੇ ਵਸਤਰਾਂ ਦੇ ਰੰਗ ਬੜੇ ਸ਼ੋਭ ਰਹੇ ਸਨ। ਪਾਣੀ ਦੀ ਚੁਲ੍ਹੀ ਭਰ ਕੇ ਛੱਡਦੇ ਸਨ ਬ੍ਰਾਹਮਣ ਕਹਿਣ ਅਨੁਸਾਰ ਕਰਦੇ ਸਨ। ਸ੍ਰੀ ਜੀਤੋ ਜੀ ਤੇ ਉਨ੍ਹਾਂ ਦੇ ਪਿਤਾ ਜੀ ਦੇ ਭਾਗ ਵੱਡੇ ਹਨ। ਉਨ੍ਹਾਂ ਦੇ ਭਾਗਾਂ ਨੂੰ ਕਿਸ ਦੀ ਵਿਚਾਰ ਕੇ ਤੁਲਨਾ ਦੇਈਏ, ਭਾਵ ਉਨ੍ਹਾਂ ਦੇ ਭਾਗਾਂ ਦਾ ਕੋਈ ਵੀ ਸਾਨੀ ਨਹੀਂ ਹੈ॥ ੨੩॥

ਕੀਨਿ ਸਭੀ ਕੁਲ ਰੀਤਿ ਭਲੀ ਬਿਧਿ ਸ੍ਰੀ ਗੁਰ ਫੇਰ ਉਠੇ ਤਤਕਾਲਾ।
ਹੋਇ ਬਿਦਾ ਘਰ ਸਾਸੁਰ ਤੇ ਨਿਕਸੇ ਅਵਿਲੋਕਤਿ ਲੋਕ ਬਿਸਾਲਾ।
ਬਾਦਿਤ ਬ੍ਰਿੰਦ ਬਜੈਂ ਅਗਵਾਨ, ਸੁ ਡੇਰੇ ਮੈਂ ਆਇ ਕੈ ਤਯਾਰ ਕ੍ਰਿਪਾਲਾ।
ਆਯੁਧ ਅੰਗ ਸਜਾਵਤਿ ਭੇ ਮਨ ਭਾਵਤ ਜੇ ਕਰਵਾਰ ਕਰਾਲਾ॥ ੨੪॥

ਸਭ ਗੱਲਾਂ ਵੰਸ਼ ਦੀ ਰੀਤ ਅਨੁਸਾਰ ਭਲੀ ਪ੍ਰਕਾਰ ਕੀਤੀਆਂ ਗਈਆਂ ਫਿਰ ਗੁਰੂ ਜੀ ਤੁਰਤ ਉੱਠ ਪਏ। ਸਹੁਰੇ ਦੇ ਘਰ ਤੋਂ ਵਿਦਾ ਹੋਏ ਤੇ ਬਹੁਤ ਲੋਕਾਂ ਦੇ ਵੇਖਦਿਆਂ ਬਾਹਰ ਨਿਕਲੇ। ਅੱਗੇ-ਅੱਗੇ ਬਹੁਤ ਵਾਜੇ ਵੱਜ ਉਠੇ ਤੇ ਡੇਰੇ ਵਿਚ ਆ ਕੇ ਕ੍ਰਿਪਾਲੂ ਗੁਰੂ ਜੀ ਤਿਆਰ ਹੋ ਗਏ। ਸਾਰੇ ਸ਼ਸਤਰ ਅੰਗ ਨਾਲ ਸਜਾ ਲਏ ਤੇ ਮਨ-ਭਾਉਂਦੀ ਜਿਹੜੀ ਵਿਕਰਾਲ ਸ੍ਰੀ ਸਾਹਿਬ ਸੀ ਉਹ ਪਹਿਣ ਲਈ॥ ੨੪॥

ਸੰਗ ਖਤੰਗਨਿ ਪੂਰ ਨਿਖੰਗਹਿ ਅੰਗ ਸਜਾਇ ਚਢੇ ਤਬਿ ਘੋਰੇ।
ਹਾਥ ਸਰਾਸਨ ਸ਼ੋਭਤਿ ਹੈ ਬਰ ਜ਼ੇਵਰ ਜੋਤਿ ਦਿਪੈ ਚਹੁੰ ਓਰੇ।
ਹ੍ਵੈ ਸਖੀਆਂ ਪਰਵਾਰਤਿ ਪੁੰਜ ਮਿਲੈਂ ਦੁਲਹੀ, ਸੁਚਢਾਇਕੈ ਡੋਰੇ।
ਬ੍ਰਿੰਦ ਮਸੰਦ ਬਿਲੰਦ ਲਿਯੋ ਧਨ ਮੇਘ ਮਨਿੰਦ ਵੁਠੇ ਕਰਿ ਜੋਰੇ॥ ੨੫॥

ਤੀਰਾਂ ਨਾਲ ਭਰਿਆ ਹੋਇਆ ਭੱਥਾ ਅੰਗ ਤੇ ਸਜਾ ਕੇ ਫਿਰ ਘੋੜੇ 'ਤੇ ਚੜ੍ਹ ਗਏ। ਹੱਥ ਵਿਚ ਧਨੁੱਖ ਸ਼ੋਭ ਰਹੀ ਹੈ ਤੇ ਚਾਰੇ ਪਾਸੇ ਸ੍ਰੇਸ਼ਟ ਜ਼ੇਵਰਾਂ ਦੀ ਜੋਤ ਚਮਕਦੀ ਹੈ। ਸਖੀਆਂ ਸ੍ਰੀ ਜੀਤੋ ਜੀ ਨੂੰ ਘੇਰਾ ਪਾ ਕੇ ਡੋਲੇ ਵਿਚ ਚੜ੍ਹਾ ਕੇ ਮਿਲਦੀਆਂ ਹਨ। ਬਹੁਤ ਮਸੰਦਾਂ ਨੇ ਬਹੁਤ ਧਨ ਲਿਆ ਤੇ ਬਦਲ ਵਾਂਗ ਬੜੇ ਜ਼ੋਰ ਨਾਲ ਧਨ ਵਰਸਾਉਣ ਲੱਗੇ॥ ੨੫॥

ਆਵਤਿ ਊਪਰਿ ਕੋ ਬਰਖਾਵਤਿ ਆਗੇ ਕਰਯੋ ਸਭਿਹੂੰਨ ਤੇ ਡੋਰਾ।
ਪੰਥ ਪਰੇ ਪੁਰਿ ਆਨੰਦ ਕੇਰ ਬਿਲੋਚਨ ਲਾਗ ਰਹੇ ਤਿਤ ਓਰਾ।
ਹੋਤਿ ਕੁਲਾਹਲ ਧੂਰ ਉਡੀ, ਗੁਰ ਦੇਖਿ ਟਿਕਾਇ ਲਿਯੋ ਨਿਜ ਘੋਰਾ।
ਸੰਗ ਬਰਾਤ ਪ੍ਰਜਾਤ ਸੁ ਮਾਰਗ, ਹ੍ਵੈ ਮਨ ਬੀਚ ਅਨੰਦ ਨ ਥੋਰਾ॥ ੨੬॥

ਡੋਲੇ ਨੂੰ ਸਾਰਿਆਂ ਦੇ ਅੱਗੇ ਕੀਤਾ ਤੇ ਧਨ ਵਰਖਾ ਕਰਦੇ ਉੱਪਰ ਵਲ ਆਏ। ਫਿਰ ਅਨੰਦਪੁਰ ਦੇ ਰਾਹ ਪੈ ਗਏ ਤੇ ਉਸ ਪਾਸੇ ਅੱਖਾਂ ਲੱਗੀਆਂ ਹੋਈਆਂ ਸਨ। ਬਹੁਤ ਸ਼ੋਰ ਮੱਚਿਆ ਤੇ ਧੂੜ ਉਡੀ, ਗੁਰੂ ਜੀ ਨੇ ਵੇਖ ਕੇ ਆਪਣਾ ਘੋੜਾ ਟਿਕਾ ਲਿਆ। ਗੁਰੂ ਜੀ ਰਾਹ ਵਿਚ ਬਰਾਤ ਦੇ ਨਾਲ-ਨਾਲ ਚਲਦੇ ਸਨ, ਉਨ੍ਹਾਂ ਦੇ ਮਨ ਵਿਚ ਕੋਈ ਥੋੜਾ ਅਨੰਦ ਨਹੀਂ ਸੀ॥ ੨੬॥

ਜਯੋਂ ਧਨ ਡਾਰਤਿ ਜਾਤਿ ਭਏ, ਤਿਮ ਆਵਤਿ ਭੀ ਬਰਖਾਇ ਬਿਸਾਲਾ।
ਜਾਚਿਕ ਦਾਰਿਦ ਦੂਰ ਦੀਓ ਕਰਿ ਜੇ ਤਹਿਂ ਆਇ ਗਏ ਤਤਕਾਲਾ।
ਬ੍ਰਿੰਦ ਅਨੰਦਪੁਰੇ ਮੈਂ ਅਨੰਦ ਬਿਲੰਦਹਿ ਪ੍ਰੀਤ ਪ੍ਰਤੀਖਤਿ ਬਾਲਾ।
ਮੰਦਰ ਮੇਘਨ ਤੇ ਉਮਡੀ ਤੜਿਤਾ ਬਹੁਰੂਪ ਭਈ ਚਲਚਾਲਾ॥ ੨੭॥

ਜਿਵੇਂ ਧਨ ਦੀ ਵਰਸ਼ਾ ਕਰਦੇ ਗਏ ਸਨ, ਉਸ ਤਰ੍ਹਾਂ ਹੀ ਧਨ ਦੀ ਵਰਸ਼ਾ ਕਰਦੇ ਆਏ। ਮੰਗਤਿਆਂ ਦੀ ਗਰੀਬੀ ਨੂੰ ਦੂਰ ਕਰ ਦਿੱਤਾ, ਤੇ ਉਸ ਥਾਂ ਤੁਰਤ ਆ ਪਹੁੰਚੇ। ਅਨੰਦਪੁਰ ਵਿਚ ਵੱਡਾ ਅਨੰਦ ਛਾਇਆ ਹੋਇਆ ਸੀ ਤੇ ਇਸਤਰੀਆਂ ਬੜੀ ਪ੍ਰੀਤ ਨਾਲ ਇੰਤਜ਼ਾਰ ਕਰ ਰਹੀਆਂ ਸਨ। ਮਾਨੋ ਘਰਾਂ ਰੂਪੀ ਬੱਦਲਾਂ ਤੋਂ ਬਿਜਲੀ ਉਮਡੀ ਹੋਵੇ, ਇਸਤਰੀਆਂ ਦੀ ਬਹੁਤ ਰੂਪਾਂ ਵਿਚ ਚਾਲ ਚੰਚਲ ਹੋ ਗਈ॥ ੨੭॥

ਤਬਿ ਸ੍ਰੀ ਗੁਜਰੀ ਨਿਜ ਨੰਦ ਨੁਖਾਜੁਤਿ ਦੇਖਨ ਕੌ ਉਤਲਾਵਤਿ ਹੈ।
ਬਹੁਮੇਲ ਭਯੋ ਅਬਲਾ ਗਨ ਕੋ ਉਮਗਾਵਤਿ ਗੀਤਨ ਗਾਵਤਿ ਹੈਂ।
ਲਖਿ ਤੁੰਗ ਅਟਾਰਨ ਪੈ ਚਢਿ ਕੈ ਦਿਸ਼ ਆਵਤਿ ਕੀ ਦ੍ਰਿਗ ਲਾਵਤਿ ਹੈਂ।
ਹਰਖਾਵਤਿ ਹੈਂ, ਬਤਰਾਵਤਿ ਹੈਂ, 'ਇਹ ਚੋਰ ਢੁਰਜੋ ਦਿਖਰਾਵਤਿ ਹੈ' ॥੨੮॥

ਤਦ ਮਾਤਾ ਗੁਜਰੀ ਜੀ ਆਪਣੇ ਪੁੱਤਰ ਸਹਿਤ ਨੂੰਹ ਦੇ ਵੇਖਣ ਵਾਸਤੇ ਉਤਾਵਲੀ ਹੋ ਗਈ। ਇਸਤਰੀਆਂ ਦਾ ਬਹੁਤ ਇਕੱਠ ਜੁੜਿਆ ਤੇ ਸਾਰੀਆਂ ਬਹੁਤ ਉਤਸ਼ਾਹਿਤ ਹੋ ਕੇ ਗੀਤ ਗਾ ਰਹੀਆਂ ਹਨ। ਕਈ ਵੇਖਣ ਵਾਸਤੇ ਉੱਚੀਆਂ ਅਟਾਰੀਆਂ 'ਤੇ ਚੜ੍ਹ ਕੇ, ਜਿਸ ਪਾਸੇ ਤੋਂ ਬਰਾਤ ਆ ਰਹੀ ਹੈ, ਉਸ ਪਾਸੇ ਨੈਣ ਲਾ ਕੇ ਵੇਖਦੀਆਂ ਹਨ। ਬਹੁਤ ਪ੍ਰਸੰਨ ਹੋ ਕੇ ਦੱਸਦੀਆਂ ਹਨ "ਇਹ ਚੋਰ ਫਿਰਦਾ ਦਿਖਾਈ ਦਿੰਦਾ ਹੈ"॥ ੨੮॥

ਹੋਤਿ ਕੁਲਾਹਲ ਨਾਦ ਮਹਾਂ, ਘਨ ਬਾਦਿਤ ਬਾਜ ਸੁਨਾਵਤਿ ਹੈਂ।
ਰੰਗ ਅਨੇਕ ਨਿਸ਼ਾਨਨਿ ਕੇ ਪਟ ਬਾਯੁ ਲਗੇ ਫਹਿਰਾਵਤਿ ਹੈਂ।
ਧੂਲ ਉਠੈ ਬਡ ਧੂਮ ਪਰੈ ਭਟ ਸੰਗ ਤੁਰੰਗ ਨਚਾਵਤਿ ਹੈਂ।
ਬਾਗੇ ਸੁਹਾਵਤਿ ਭਾਵਤਿ ਹੈਂ, ਬਿਹਸਾਵਤਿ ਚਾਵਤਿ ਆਵਤਿ ਹੈਂ॥ ੨੯॥

ਬਹੁਤ ਸ਼ੋਰ ਮੱਚ ਰਿਹਾ ਹੈ ਤੇ ਬਹੁਤ ਉੱਚੀ ਨਾਦ ਉੱਠ ਰਿਹਾ ਹੈ, ਵਾਜੇ ਵੱਜਦੇ ਸੁਣਾਈ ਦੇ ਰਹੇ ਹਨ। ਝੰਡਿਆਂ ਦੇ ਅਨੇਕਾਂ ਰੰਗ ਹਨ ਤੇ ਰੇਸ਼ਮੀ ਕੱਪੜੇ ਹਵਾ ਲੱਗਣ ਨਾਲ ਫਰ ਫਰਾ ਰਹੇ ਹਨ। ਧੂੜ ਉੱਠਦੀ ਹੈ ਤੇ ਸੂਰਮਿਆਂ ਦੀ ਧੂਮ ਪਈ ਹੈ ਜਿਹੜੇ ਨਾਲ-ਨਾਲ ਘੋੜਿਆਂ ਨੂੰ ਨਚਾ ਰਹੇ ਹਨ। ਸੁਹਾਵਣੇ ਕੱਪੜੇ ਬੜੇ ਚੰਗੇ ਲੱਗਦੇ ਹਨ, ਹੱਸਦੇ ਹੋਏ ਬੜੇ ਚਾਉ ਨਾਲ ਆ ਰਹੇ ਹਨ॥ ੨੯॥

ਚਢਿ ਓਕਨ ਪੈ ਅਵਲੋਕਤਿ ਲੋਕ, ਤ੍ਰਿਯਾ ਨਿਜ ਦ੍ਵਾਰਨਿ ਦ੍ਵਾਰ ਖਰੀ।
ਪੁਰਿ ਬੀਚ ਪ੍ਰਵੇਸ਼ ਭਏ ਕਲਗੀਧਰ, ਭੀਰ ਬਜ਼ਾਰ ਬਿਲੰਦ ਗਰੀ।
ਗਨ ਫੂਲਨ ਅੰਜੁਲ ਕੌ ਭਰਿ ਕੈ, ਗੁਰ ਊਪਰ ਗੇਰਤਿ ਮੋਦ ਭਰੀ।
ਜਨੁ ਲਾਗ ਝਰੀ ਇਸ ਰੀਤਿ ਪਰੀ ਬਰਖਾ ਸੁ ਕਰੀ ਦੁਤਿ ਹੋਤਿ ਖਰੀ॥ ੩੦॥

ਲੋਕ ਘਰਾਂ ਦੀਆਂ ਛੱਤਾਂ ਤੇ ਚੜ੍ਹ ਕੇ ਵੇਖਦੇ ਹਨ ਤੇ ਇਸਤਰੀਆਂ ਆਪਣੇ-ਆਪਣੇ ਦਰਵਾਜ਼ਿਆਂ 'ਤੇ ਖੜੀਆਂ ਹਨ। ਫਿਰ ਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰ ਗਏ, ਬਜ਼ਾਰ ਅਤੇ ਗਲੀਆਂ ਵਿਚ ਬਹੁਤ ਭੀੜ ਹੋ ਗਈ। ਇਸਤਰੀਆਂ ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਦੇ ਉੱਪਰ ਫੁੱਲਾਂ ਦੇ ਬੁਕ ਭਰ-ਭਰ ਸੁੱਟ ਰਹੀਆਂ ਸਨ। ਮਾਨੋ ਝੜੀ ਲੱਗ ਕੇ ਇਸ ਰੀਤੀ ਨਾਲ ਵਰਖਾ ਪੈ ਕੇ ਉਸ ਦੀ ਸ਼ੋਭਾ ਖੜੀ ਹੋ ਗਈ ਹੈ॥ ੩੦॥

ਦੋਹਰਾ- ਇਮ ਬਰਾਤ ਪ੍ਰਵਿਸ਼ੀ ਸਕਲ ਰਥ, ਹਯ, ਬਹਿਲ ਸਮਾਜ।
ਮਹਿਦ ਅਨੰਦ ਅਨੰਦਪੁਰਿ ਕ੍ਰਿਪਾ ਪਾਇ ਮਹਾਰਾਜ॥ ੩੧॥

ਇਸ ਤਰ੍ਹਾਂ ਬਰਾਤ ਸਾਰੀ ਅੰਦਰ ਪ੍ਰਵੇਸ਼ ਕਰ ਗਈ ਤੇ ਸਾਰੇ ਰੱਥ, ਘੋੜੇ, ਬਹਿਲ ਅਤੇ ਹੋਰ ਸਾਜ਼ੋ-ਸਾਮਾਨ ਪਹੁੰਚ ਗਿਆ। ਗੁਰੂ ਜੀ ਦੀ ਕ੍ਰਿਪਾ ਪਾ ਕੇ ਸਾਰਾ ਅਨੰਦਪੁਰ ਵੱਡੇ ਅਨੰਦ ਨਾਲ ਭਰ ਗਿਆ॥ ੩੧॥

ਬਾਦਿਤ ਡੋਰੇ ਅੱਗ੍ਰ ਸਭਿ ਪਾਛੈ ਦੂਲਹੁ ਚੰਦ।
ਸਭਿ ਬਰਾਤ ਪਸ਼ਚਾਤ ਚਲਿ ਕਰਤਿ ਤੁਰੰਗਮ ਤੁੰਦ॥ ੩੨॥

ਡੋਲੇ ਦੇ ਅੱਗੇ ਵਾਜੇ ਵੱਜ ਰਹੇ ਸਨ ਤੇ ਪਿੱਛੇ ਚੰਦ ਵਰਗੇ ਦੂਲ੍ਹਾ ਜੀ ਸਨ। ਸਾਰੀ ਬਰਾਤ ਪਿੱਛੇ-ਪਿੱਛੇ ਘੋੜਿਆਂ ਨੂੰ ਤੇਜ ਕਰਕੇ ਚਲ ਰਹੀ ਸੀ॥ ੩੨॥

*ਪਹਿਲੀ ਰੁੱਤ ਦਾ ਪੰਦਰਵਾਂ ਅਧਿਆਇ ਸਮਾਪਤ ਹੋਇਆ॥ ੧੫॥*

# ਅਧਿਆਇ ਸੋਲ੍ਹਵਾਂ

## ਬਰਾਤ ਵਾਪਸ, ਚੋਰੀ ਹੋ ਗਈ ਥੈਲੀ ਦੱਸੀ

ਦੋਹਰਾ- ਗੁਜਰੀ ਰਿਦੇ ਪ੍ਰਮੋਦ ਧਰਿ ਚਹੂੰ ਕੋਦ ਗਨ ਨਾਰਿ।
ਤਜਗਿ ਸਦਨ ਨਿਜ ਪੌਰ ਕੋ ਮਿਲੀ ਆਇ ਅਗਵਾਰ॥੧॥

ਚਾਰੇ ਪਾਸਿਆਂ ਤੋਂ ਬਹੁਤ ਇਸਤਰੀਆਂ ਨਾਲ ਘਿਰੀ ਹੋਈ ਮਾਤਾ ਗੁਜਰੀ ਜੀ ਘਰ ਨੂੰ ਛੱਡ ਕੇ ਬਾਹਰਲੇ ਦਰਵਾਜ਼ੇ ਤੇ ਅਗਾਊਂ ਹੋ ਕੇ ਮਿਲੀ॥ ੧॥

ਚੌਪਈ- ਬਡੇ ਗੁਰਨਿ ਜਹਿਂ ਥਾਨ ਸੁਹਾਵਨ। ਚਾਹਤਿ ਹੈਂ ਤਹਿਂ ਮਾਥ ਟਿਕਾਵਨਿ।
ਕਹਿ ਕਰਿ ਪ੍ਰੇਰਯੋ ਉਤ ਕੋ ਡੋਰਾ। ਦੂਲਹੁ ਸਹਿਤ ਚਲੇ ਤਿਤ ਓਰਾ॥੨॥

ਵੱਡੇ ਗੁਰੂ ਜੀ ਦਾ ਜਿਥੇ ਸਥਾਨ ਸ਼ੋਭ ਰਿਹਾ ਸੀ, ਮਾਤਾ ਜੀ ਓਥੇ ਮੱਥਾ ਟਿਕਵਾਉਣਾ ਚਾਹੁੰਦੀ ਸੀ। ਕਹਿ ਕੇ ਉਸ ਪਾਸੇ ਵਲ ਡੋਲਾ ਮੁੜਵਾ ਦਿੱਤਾ। ਦੂਲ੍ਹੇ ਸਹਿਤ ਉਸ ਪਾਸੇ ਵਲ ਚਲੇ ਗਏ॥ ੨॥

ਬਹੁਰ ਬਰਾਤ ਚਲੀ ਪਸ਼ਚਾਤਾ। ਹੇਤੁ ਮਨਾਵਨਿ ਕੇ ਸੁਖਦਾਤਾ।
ਮੋਦਕ ਥਾਰ ਲਜਾਇ ਸਮੁਦਾਏ। ਜਾਇ ਅੱਗ੍ਰ ਦਰਬਾਰ ਟਿਕਾਏ॥੩॥

ਪਿੱਛੇ-ਪਿੱਛੇ ਬਰਾਤ ਚਲੀ, ਸੁਖਾਂ ਦੇ ਦਾਤੇ ਵੱਡੇ ਗੁਰੂ ਜੀ ਨੂੰ ਮੱਥਾ ਟੇਕਣ ਵਾਸਤੇ ਗਏ। ਬਹੁਤ ਲੱਡੂਆਂ ਦੇ ਥਾਲ ਲਿਆਂਦੇ ਤੇ ਗੁਰੂ ਜੀ ਦੇ ਦਰਬਾਰ ਦੇ ਅੱਗੇ ਟਿਕਾ ਦਿੱਤੇ॥ ੩॥

ਕਲਗ਼ੀਧਰ ਉਤਰੇ ਤਤਕਾਲਾ। ਦੂਲਹਨ ਸੰਗ ਮਿਲੀ ਗਨ ਬਾਲਾ।
ਪਹੁਚੇ ਸ੍ਰੀ ਦਰਬਾਰ ਅਗਾਰੀ। ਖਰੇ ਹੋਇ ਅਰਦਾਸ ਉਚਾਰੀ॥੪॥

ਗੁਰੂ ਜੀ ਤੁਰਤ ਘੋੜੇ ਤੋਂ ਉਤਰ ਗਏ। ਦੂਲਹਨ ਨਾਲ ਬਹੁਤ ਇਸਤਰੀਆਂ ਹੋ ਗਈਆਂ। ਗੁਰੂ ਜੀ ਦੇ ਦਰਬਾਰ ਦੇ ਅੱਗੇ ਪਹੁੰਚ ਗਏ। ਖੜੇ ਹੋ ਕੇ ਅਰਦਾਸ ਕੀਤੀ॥ ੪॥

ਚਾਰ ਪੰਚ ਗੁਰ ਕੇ ਲੇ ਨਾਮੂ। 'ਬੋਲਹੁ ਵਾਹਿਗੁਰੂ ਸੁਖਧਾਮੂ।
ਪਾਨ ਗ੍ਰਹਨਿ ਕਲਗ਼ੀਧਰ ਹੋਵਾ। ਆਨਿ ਆਪ ਕੋ ਦਰਸ਼ਨ ਜੋਵਾ॥੫॥

ਨੌਂ ਗੁਰੂ ਸਾਹਿਬਾਨ ਦਾ ਨਾਮ ਲੈ ਕੇ, ਸੁਖਾਂ ਦਾ ਘਰ ਵਾਹਿਗੁਰੂ ਬੋਲੋ। ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਹੋਇਆ ਹੈ। ਆ ਕੇ ਆਪ ਜੀ ਦੇ ਦਰਸ਼ਨ ਕੀਤੇ ਹਨ॥ ੫॥

ਅੰਗ ਸੰਗ ਨਿਤ ਰਹਹੁ ਸਹਾਇਕ। ਮੰਗਲ ਦਾਇਕ ਸਹਿਜ ਸੁਭਾਇਕ।
ਬੰਸ ਬ੍ਰਿਧਾਇਕ ਸਭਿ ਜਗਨਾਇਕ। ਸਦਾ ਬਿਘਨ ਕੇ ਓਘਨ ਘਾਇਕ॥੬॥

ਅੰਗ ਸੰਗ ਰਹਿ ਕੇ ਸਦਾ ਸਹਾਇਕ ਬਣੋ। ਤੁਸੀਂ ਸਹਿਜ ਸੁਭਾਅ ਹੀ ਅਨੰਦ ਮੰਗਲ ਦੇਣ ਵਾਲੇ ਹੋ। ਵੰਸ਼ ਵਧਾਉਣ ਵਾਲੇ ਸਭ ਜਗ ਦੇ ਮਾਲਕ ਹੋ। ਸਦਾ ਸਮੂਹ ਵਿਘਨਾਂ ਦੇ ਨਾਸਕ ਹੋ'॥ ੬॥

ਇੱਤਜਾਦਿਕ ਕਹਿ ਬਿਨੈ ਮਹਾਨੀ। ਕੀਨਿ ਪ੍ਰਨਾਮ ਜੋਰਿ ਜੁਗ ਪਾਨੀ।
ਇਮ ਸ੍ਰੀ ਸਤਿਗੁਰ ਤੇਗ ਬਹਾਦਰ। ਕਰੇ ਨਿਹੋਰਨਿ ਸਭਿਹਿਨਿ ਸਾਦਰ॥੭॥

ਇਸ ਤਰ੍ਹਾਂ ਦੀ ਮਹਾਨ ਬੇਨਤੀ ਕੀਤੀ, ਫਿਰ ਦੋਵੇਂ ਹੱਥ ਜੋੜ ਕੇ ਮੱਥਾ ਟੇਕਿਆ। ਇਸ ਤਰ੍ਹਾਂ ਸਤਿਗੁਰੂ ਤੇਗ ਬਹਾਦਰ ਜੀ ਦੇ ਸਥਾਨ ਦੇ ਬੜੇ ਆਦਰ ਨਾਲ ਸਾਰਿਆਂ ਨੇ ਦਰਸ਼ਨ ਕੀਤੇ॥ ੭॥

**ਗਮਨੇ ਪੁਨ ਨਿਕੇਤ ਕੀ ਕੋਦ। ਗਾਵਤਿ ਗੀਤ ਸਪ੍ਰੀਤਿ ਪ੍ਰਮੋਦ।**
**ਨੀਕੇ ਸ਼ਗਨ ਸੰਗ ਨਿਜ ਪੌਰ। ਪਹੁੰਚੇ ਧੂੰਮ ਧਾਮ ਬਹੁਰੌਰ॥ ੮॥**

ਫਿਰ ਆਪਣੇ ਘਰ ਵਲ ਚਲ ਪਏ, ਇਸਤਰੀਆਂ ਪ੍ਰਸੰਨ ਹੋ ਕੇ ਸ੍ਰੇਸ਼ਟ ਪ੍ਰੀਤ ਨਾਲ ਗੀਤ ਗਾ ਰਹੀਆਂ ਸਨ। ਚੰਗੇ ਸ਼ਗਨਾਂ ਸਹਿਤ ਆਪਣੇ ਘਰ ਦੇ ਦਰਵਾਜ਼ੇ ਤੇ ਬਹੁਤ ਧੂਮ ਧਾਮ ਅਤੇ ਰੌਲੇ ਰੱਪੇ ਸਹਿਤ ਪਹੁੰਚੇ॥ ੮॥

**ਕਰਿ ਕੁਲ ਰੀਤਿ ਜਾਚਕਨਿ ਦੈਕੈ। ਅੰਤਰ ਪ੍ਰਵਿਸ਼ ਨੁਖਾ ਜੁਤਿ ਹ੍ਵੈ ਕੈ।**
**ਸਨਮਾਨਤਿ ਘਰ ਚਿੱਤ੍ਰਿਤ ਮਾਂਹੀ। ਬੈਠਾਰਸਿ ਬਰ ਆਸਨ ਜਾਂਹੀ॥ ੯॥**

ਵੰਸ਼ ਦੀ ਰੀਤੀ ਅਨੁਸਾਰ ਮੰਗਤਿਆਂ ਨੂੰ ਧਨ ਦੇ ਕੇ ਆਪਣੀ ਨੂੰਹ ਨੂੰ ਨਾਲ ਲੈ ਕੇ ਅੰਦਰ ਪ੍ਰਵੇਸ਼ ਕਰ ਗਏ। ਚਿਤ੍ਰਕਾਰੀ ਵਾਲੇ ਕਮਰੇ ਵਿਚ ਜਿੱਥੇ ਸ੍ਰੇਸ਼ਟ ਆਸਣ ਲੱਗਾ ਸੀ, ਉਥੇ ਬੈਠਾ ਕੇ ਸਨਮਾਨ ਕੀਤਾ॥ ੯॥

**ਸ੍ਰੀ ਗੁਜਰੀ ਧਰ ਧਨ ਕੀ ਥਾਤੀ। ਝੋਰੀ ਪਾਇ ਅਧਿਕ ਹਰਖਾਤੀ।**
**ਬਦਨ ਬਿਲੋਕਿ ਸਪਰਸ਼ਤਿ ਕਰ ਕੋ। ਆਸ਼ਿਖ ਦੇਤਿ ਉਚਰ ਕਰਿ ਬਰ ਕੋ॥੧੦॥**

ਮਾਤਾ ਗੁਜਰੀ ਜੀ ਨੇ ਧਨ ਦੀ ਥੈਲੀ ਲੈ ਕੇ ਆਪਣੀ ਨੂੰਹ ਦੀ ਝੋਲੀ ਵਿਚ ਪਾ ਕੇ ਬਹੁਤ ਪ੍ਰਸੰਨ ਹੋਈ। ਮੁਖ ਵੇਖ ਕੇ ਬਾਹਾਂ ਨੂੰ ਸਪਰਸ਼ ਕਰਕੇ ਵਰ ਉਚਾਰਨ ਕਰਕੇ ਅਸੀਸ ਦਿੱਤੀ॥ ੧੦॥

**ਉਤ ਸਤਿਗੁਰ ਨਿਜ ਥਾਨ ਸਿਧਾਏ। ਸਿੰਘਾਸਨ ਪਰ ਬੈਠਿ ਸੁਹਾਏ।**
**ਸੰਗ ਕ੍ਰਿਪਾਲ ਸੁ ਪੰਚਹੁਂ ਭ੍ਰਾਤਾ। ਸੂਰਜ ਮਲ ਕੇ ਦੋਨਹੁਂ ਤਾਤਾ॥ ੧੧॥**

ਓਧਰ ਸਤਿਗੁਰੂ ਜੀ ਆਪਣੇ ਸਥਾਨ ਤੇ ਚਲੇ ਗਏ ਤੇ ਆਪਣੇ ਸਿੰਘਾਸਣ 'ਤੇ ਬੈਠ ਕੇ ਸ਼ੋਭਾ ਪਾਈ। ਉਨ੍ਹਾਂ ਦੇ ਨਾਲ ਮਾਮਾ ਕ੍ਰਿਪਾਲ ਜੀ, ਭੂਆ ਜੀ ਦੇ ਪੁੱਤਰ ਪੰਜੇ ਭਰਾ ਅਤੇ ਬਾਬਾ ਸੂਰਜ ਮਲ ਦੇ ਦੋਵੇਂ ਪੋਤਰੇ ਬੈਠੇ ਸਨ॥ ੧੧॥

**ਸਿਖ ਮਸੰਦ ਕੇਤਿਕ ਢਿਗ ਔਰ। ਉਤਰੀ ਸਭਿ ਬਰਾਤ ਨਿਜ ਠੌਰ।**
**ਸਭਿਹਿਨਿ ਕੀ ਸੁਧਿ ਲੈਬੇ ਕਾਜ। ਬੋਲੇ ਗੁਰੂ ਗ਼ਰੀਬ ਨਿਵਾਜ॥ ੧੨॥**

ਹੋਰ ਕਈ ਸਿੱਖ ਅਤੇ ਮਸੰਦ ਵੀ ਪਾਸ ਬੈਠੇ ਸਨ। ਸਾਰੀ ਬਰਾਤ ਆਪਣੇ ਨਿੱਜੀ ਸਥਾਨ ਤੇ ਉੱਤਰ ਗਈ। ਸਾਰਿਆਂ ਦੀ ਖ਼ਬਰ ਲੈਣ ਵਾਸਤੇ ਗੁਰੂ ਗ਼ਰੀਬ-ਨਿਵਾਜ਼ ਬੋਲੇ॥ ੧੨॥

**'ਮਾਤੁਲ! ਲੇਹੁ ਮਸੰਦ ਗਨ ਨਾਲ। ਜਹਿਂ ਕਹਿਂ ਨਰ ਪਠਿ ਕਰਹੁ ਸੰਭਾਲ।**
**ਦੇਗ਼ ਰਸਤ ਪਹੁਚੈ ਸਭਿ ਡੇਰੇ। ਤ੍ਰਿਣ ਦਾਨਾ ਦਿਹੁ ਹਯਨਿ ਘਨੇਰੇ'॥ ੧੩॥**

"ਮਾਮਾ ਜੀ! ਆਪਣੇ ਨਾਲ ਸਾਰੇ ਮਸੰਦਾਂ ਨੂੰ ਲਵੋ, ਜਿੱਥੇ ਕਿੱਥੇ ਮਨੁੱਖ ਭੇਜ ਕੇ ਸੰਭਾਲ ਕਰੋ। ਲੰਗਰ ਦੀ ਸਾਰੀ ਰਸਦ ਡੇਰੇ ਵਿਚ ਪਹੁੰਚ ਜਾਵੇ ਤੇ ਘੋੜਿਆਂ ਨੂੰ ਬਹੁਤ ਘਾਹ ਅਤੇ ਦਾਨੇ ਦੇਵੋ"॥ ੧੩॥

**ਆਇਸੁ ਮਾਨਿ ਉਠਜੋ ਹਰਖੈਕੈ। ਬ੍ਰਿੰਦ ਮਸੰਦ ਸੰਗ ਨਿਜ ਲੈਕੇ।**
**ਸਭਿ ਕੀ ਸੁਧਿ ਨੀਕੀ ਬਿਧਿ ਲੀਨਿ। ਨਿਸ ਮਹਿਂ ਸਕਲ ਬਸੇਰਾ ਕੀਨਿ॥੧੪॥**

ਆਗਿਆ ਮੰਨ ਕੇ ਮਾਮਾ ਜੀ ਪ੍ਰਸੰਨ ਹੋ ਕੇ ਉੱਠ ਪਏ, ਬਹੁਤ ਮਸੰਦਾਂ ਨੂੰ ਨਾਲ ਲੈ ਕੇ ਸਾਰੀ ਬਰਾਤ ਦੀ ਚੰਗੀ ਵਿਧੀ ਅਨੁਸਾਰ ਖ਼ਬਰ ਸਾਰ ਲਈ। ਰਾਤ ਸਮੇਂ ਸਾਰਿਆਂ ਨੇ ਓਥੇ ਨਿਵਾਸ ਕੀਤਾ॥ ੧੪॥

**ਜਥਾ ਜੋਗ ਆਛੇ ਤ੍ਰਿਪਤਾਏ। ਸਿਤਾ ਘ੍ਰਿਤ ਮੈਦਾ ਸਮੁਦਾਏ।**
**ਗਰੀ ਬਜ਼ਾਰਨਿ ਸਦਨ ਉਦਾਰਾ। ਦੀਪਮਾਲ ਸਭਿ ਪਰ ਇਕ ਸਾਰਾ॥ ੧੫॥**

ਯਥਾ ਯੋਗ ਭੋਜਨ ਛਕਾ ਕੇ ਚੰਗੀ ਤਰ੍ਹਾਂ ਤ੍ਰਿਪਤ ਕੀਤੇ, ਖੰਡ, ਘਿਉ ਅਤੇ ਮੈਦਾ ਮੰਗਵਾਇਆ। ਗਲੀ ਬਜ਼ਾਰਾਂ ਵਿਚ ਜਿਹੜੇ ਵੱਡੇ-ਵੱਡੇ ਘਰ ਸਨ, ਸਾਰਿਆਂ ਦੇ ਉੱਤੇ ਇਕਸਾਰ ਦੀਪਮਾਲਾ ਹੋਈ॥ ੧੫॥

**ਸਭਿ ਨਰ ਉਰ ਹ੍ਵੈ ਕਰਿ ਅਹਿਲਾਦੀ। ਮੰਗਲ ਕਰਹਿਂ ਲਖੈਂ ਗੁਰ ਸ਼ਾਦੀ।**
**ਮਿਲਹਿਂ ਪਰਸਪਰ ਸੁਜਸੁ ਉਚਾਰਹਿਂ। ਭਾਗ ਆਪਨੇ ਅਧਿਕ ਬਿਚਾਰਹਿਂ॥੧੬॥**

ਸਾਰੇ ਨਰ ਹਿਰਦੇ ਵਿਚ ਅਨੰਦ ਪ੍ਰਸੰਨ ਹੋ ਕੇ ਮੰਗਲ ਕਰਦੇ ਸਨ ਤੇ ਗੁਰੂ ਜੀ ਦੀ ਖੁਸ਼ੀ ਨੂੰ ਸਮਝਦੇ ਸਨ। ਆਪਸ ਵਿਚ ਮਿਲ ਕੇ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਆਪਣੇ ਵੱਡੇ ਭਾਗ ਸਮਝਦੇ ਸਨ॥ ੧੬॥

**'ਰਾਮਚੰਦ ਆਨੰਦ ਧਰਿ ਔਧ। ਤਿਮ ਅਨੰਦਪੁਰਿ ਆਨੰਦ ਔਧਿ।**
**ਨਿਤ ਗੁਰ ਦਰਸ਼ਨ ਉਤਸਵ ਸਹਿਤ। ਜਿਸ ਤੇ ਪਾਵਨ ਹ੍ਵੈ ਫਲ ਮਹਿਤ' ॥੧੭॥**

ਕਹਿੰਦੇ ਸਨ, "ਜਿਵੇਂ ਰਾਮਚੰਦਰ ਨੇ ਅਯੁੱਧਿਆ ਵਿਚ ਅਨੰਦ ਧਾਰਨ ਕੀਤਾ ਸੀ, ਉਸ ਤਰ੍ਹਾਂ ਹੀ ਅਨੰਦਪੁਰ ਵਿਚ ਅਨੰਦ ਦੀ ਓੜਕ ਹੈ। ਨਿਤ ਉਤਸਵ ਸਹਿਤ ਗੁਰੂ ਜੀ ਦੇ ਦਰਸ਼ਨ ਹੁੰਦੇ ਹਨ, ਜਿਸ ਤੋਂ ਵੱਡਾ ਫਲ ਪ੍ਰਾਪਤ ਹੁੰਦਾ ਹੈ" ॥ ੧੭॥

**ਇੱਤਯਾਦਿਕ ਨਿਜ ਘਰ ਨਰ ਨਾਰੀ। ਗੁਰੂ ਬਾਤ ਕੋ ਕਰਤਿ ਉਚਾਰੀ।**
**ਖਾਨ ਪਾਨ ਕਰਿ ਸੁਖ ਸੋਂ ਸਾਰੇ। ਸੁਪਤ ਭਏ ਹਰਖੰਤਿ ਉਦਾਰੇ॥ ੧੮॥**

ਇਸ ਤਰ੍ਹਾਂ ਆਪਣੇ-ਆਪਣੇ ਘਰਾਂ ਵਿਚ ਇਸਤਰੀ ਪੁਰਸ਼, ਗੁਰੂ ਜੀ ਦੀਆਂ ਗੱਲਾਂ ਦਾ ਉਚਾਰਨ ਕਰਦੇ ਸਨ। ਖਾ ਪੀ ਕੇ ਸਾਰੇ ਸੁਖ ਨਾਲ ਬਹੁਤ ਪ੍ਰਸੰਨ ਹੋ ਕੇ ਸੌਂ ਗਏ॥ ੧੮॥

**ਜਾਮ ਜਾਮਨੀ ਜਾਗਤਿ ਜਬੈ। ਸਤਿਗੁਰ ਪ੍ਰਭੁ ਕੋ ਸਿਮਰਤਿ ਤਬੈ।**
**ਆਇ ਰਬਾਬੀ ਗਾਵਨਿ ਲਾਗੇ। ਬਡਭਾਗੀ ਅਨੁਰਾਗੀ ਜਾਗੇ॥ ੧੯॥**

ਪਹਿਰ ਰਾਤ ਰਹਿੰਦਿਆਂ ਜਦ ਜਾਗਦੇ ਸਨ, ਤਦ ਸਤਿਗੁਰੂ ਪ੍ਰਭੂ ਨੂੰ ਯਾਦ ਕਰਦੇ ਸਨ। ਰਬਾਬੀ ਆ ਕੇ ਕੀਰਤਨ ਕਰਨ ਲੱਗ ਜਾਂਦੇ ਸਨ। ਵੱਡੇ ਭਾਗਾਂ ਵਾਲੇ ਪ੍ਰੇਮ ਨਾਲ ਜਾਗ ਪੈਂਦੇ ਸਨ॥ ੧੯॥

**ਸੁਨਹਿਂ ਰਾਗ ਤੇ ਸ਼ਬਦ ਬਿਚਾਰੈਂ। ਬਿਸ਼ਯਨਿ ਤੇ ਬਿਰਾਗ ਕੋ ਧਾਰੈਂ।**
**ਬਿਨਾਂ ਪ੍ਰੇਮ ਪ੍ਰਭੁ ਤੇ ਨਿਜ ਨਿੰਦਹਿਂ। ਇਕ ਚਿਤ ਹੁਇ ਗੁਰ ਮਹਿੰਮਾ ਬਿੰਦਹਿਂ॥੨੦॥**

ਰਾਗ ਸੁਣਦੇ ਹਨ ਤੇ ਸ਼ਬਦ 'ਤੇ ਵਿਚਾਰ ਕਰਦੇ ਹਨ ਤੇ ਵਿਸ਼ੇ ਵਿਕਾਰਾਂ ਤੋਂ ਵਿਰਾਗ ਧਾਰਨ ਕਰਦੇ ਹਨ। ਪ੍ਰਭੂ ਪ੍ਰੇਮ ਤੋਂ ਬਿਨਾਂ ਆਪਣੇ ਆਪ ਨੂੰ ਨਿੰਦਦੇ ਹਨ ਤੇ ਇਕ ਚਿੱਤ ਹੋ ਕੇ ਗੁਰੂ ਜੀ ਦੀ ਮਹਿਮਾ ਕਰਦੇ ਹਨ॥ ੨੦॥

**ਮਨ ਠਹਿਰਾਇ ਚਰਨ ਅਰਬਿੰਦਹਿਂ। ਪ੍ਰਾਪਤਿ ਹੋਤਿ ਅਨੰਦ ਬਿਲੰਦਹਿ।**
**ਕੇਚਿਤ ਸਤੁੱਦ੍ਰਵ ਕਰਹਿਂ ਸ਼ਨਾਨ। ਥਿਰਹਿਂ,ਸ਼ਬਦ ਜਹਿਂ ਸੁਨੀਅਹਿ ਕਾਨ॥੨੧॥**

ਆਪਣੇ ਮਨ ਨੂੰ ਜਦ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਠਹਿਰਾਉਂਦੇ ਹਨ ਤਾਂ ਵੱਡਾ ਅਨੰਦ ਪ੍ਰਾਪਤ ਹੁੰਦਾ ਹੈ। ਕਈ ਸਤਲੁਜ ਵਿਚ ਇਸ਼ਨਾਨ ਕਰਦੇ ਹਨ। ਜਿੱਥੇ ਸ਼ਬਦ ਕੰਨੀ ਸੁਣਦਾ ਹੈ, ਓਥੇ ਟਿਕ ਕੇ ਬੈਠ ਜਾਂਦੇ ਹਨ॥ ੨੧॥

**ਗੁਰਮਤਿ ਲੇਤਿ ਰਹਿਤ ਕੇ ਸਹਿਤ। ਮੋਹ ਮਹਿਤ ਚਿਤ ਕੇ ਨਿਤ ਦਹਿਤਿ।**
**ਰਾਤ ਦੁਘਟਕਾ ਤੇ ਸਭਿ ਜਾਗੇ। ਨੌਬਤ ਬਜਨਿ ਲਗੀ ਦਰ ਆਗੇ॥ ੨੨॥**

ਰਹਿਤ ਸਹਿਤ ਗੁਰਮਤ ਪ੍ਰਾਪਤ ਕਰਦੇ ਹਨ, ਚਿੱਤ ਦੇ ਵੱਡੇ ਮੋਹ ਨੂੰ ਨਿਤ ਸਾੜਦੇ ਹਨ। ਦੋ ਘੜੀ ਰਾਤ ਰਹਿੰਦਿਆਂ ਸਾਰੇ ਜਾਗ ਪਏ ਤੇ ਦਰਵਾਜ਼ੇ ਦੇ ਅੱਗੇ ਢੋਲ ਨਗਾਰੇ ਵੱਜਣ ਲੱਗ ਗਏ॥ ੨੨॥

**ਸੁਜਸੁ ਕਬਿੱਤਨ ਭਾਟ ਉਚਾਰੈਂ। ਖਰੇ ਨਕੀਬ ਅਵਾਜ਼ ਪੁਕਾਰੈਂ।**
**ਗਨ ਬਿਹੰਗ ਤਰੁਵਰੁ ਪਰ ਬੋਲੈਂ। ਚੱਕ੍ਰਵਾਕ ਮਿਲਿ ਜੁਗਮ ਕਲੋਲੈਂ॥ ੨੩॥**

ਭੱਟ ਕਬਿੱਤਾਂ ਵਿਚ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਨਕੀਬ ਖੜੇ ਹੋਏ ਉੱਚੀ-ਉੱਚੀ ਪੁਕਾਰ ਰਹੇ ਸਨ। ਬਹੁਤ ਪੰਛੀ ਦਰੱਖਤਾਂ ਉੱਤੇ ਬੋਲਦੇ ਸਨ। ਚਕਵੀ ਚਕਵਾ ਦੋਵੇਂ ਮਿਲ ਕੇ ਕਲੋਲਾਂ ਕਰਦੇ ਸਨ॥ ੨੩॥

**ਕਲਗ਼ੀਧਰ ਸਤਿਗੁਰ ਭਗਵਾਨ। ਜਾਗੇ ਠਾਨਜੋਂ ਸੌਚ ਸ਼ਨਾਨ।**
**ਥਿਰ ਆਸਨ ਪਰ ਮੁੱਦ੍ਰਿਤਿ ਨੈਨ। ਨਿਜ ਸਰੂਪ ਕੋ ਆਨੰਦ ਲੈਨ॥ ੨੪॥**

ਕਲਗ਼ੀਧਰ ਸਤਿਗੁਰੂ ਭਗਵਾਨ ਨੇ ਜਾਗ ਕੇ ਸੌਚ ਇਸ਼ਨਾਨ ਕੀਤਾ। ਆਸਣ ਉੱਤੇ ਬੈਠ ਕੇ ਨੈਣ ਬੰਦ ਕਰ ਲਏ ਤੇ ਆਪਣੇ ਸਰੂਪ ਦਾ ਆਨੰਦ ਲੈਣ ਲੱਗੇ॥ ੨੪॥

**ਆਸਾ ਵਾਰ ਭੋਗ ਜਬਿ ਪਾਯੋ। ਸੁਨਿ ਸਭਿਹਿਨਿ ਤਬਿ ਸੀਸ ਨਿਂਵਾਯੋ।**
**ਜਬਿ ਤੇ ਹੋਇ ਤਰਨਿ ਪਰਕਾਸ਼ਾ। ਪਹਿਰਨਿ ਬਾਸ ਲਜਾਇ ਗਨ ਦਾਸਾ॥੨੫॥**

ਆਸਾ ਦੀ ਵਾਰ ਦਾ ਜਦ ਭੋਗ ਪਾਇਆ, ਸਾਰਿਆਂ ਨੇ ਸੁਣ ਕੇ ਫਿਰ ਸੀਸ ਨਿਵਾਇਆ। ਜਦ ਸੂਰਜ ਦਾ ਪ੍ਰਕਾਸ਼ ਹੋਇਆ ਤਾਂ ਕਈ ਸੇਵਕ ਪਹਿਨਣ ਵਾਸਤੇ ਵਸਤਰ ਲਿਆਏ॥ ੨੫॥

**ਚੀਰ ਸਰੀਰ ਧੀਰ ਗੁਰ ਧਰੇ। ਅਲੰਕਾਰ ਸਭਿ ਪਹਿਰਨਿ ਕਰੇ।**
**ਦਿਵਸ ਚਢੇ ਬਡ ਫਰਸ਼ ਕਰਾਵਾ। ਸੁੰਦਰ ਆਸਨ ਬਹੁਰ ਡਸਾਵਾ॥ ੨੬॥**

ਧੀਰਜਵਾਨ ਗੁਰੂ ਜੀ ਨੇ ਵਸਤਰ ਪਹਿਨ ਲਏ ਤੇ ਹੋਰ ਸਾਰੇ ਗਹਿਣੇ ਆਦਿ ਵੀ ਪਾ ਲਏ। ਦਿਨ ਚੜ੍ਹਨ ਉੱਤੇ ਕੱਪੜੇ ਵਿਛਾ ਕੇ ਵੱਡਾ ਫਰਸ਼ ਤਿਆਰ ਕੀਤਾ ਤੇ ਉਸ ਉੱਤੇ ਸੁੰਦਰ ਆਸਣ ਨੂੰ ਡੁਹਾਇਆ॥ ੨੬॥

**ਸ੍ਰੀ ਗੋਵਿੰਦ ਸਿੰਘ ਬੈਠੇ ਜਾਇ। ਸੁਧਿ ਕੋ ਸੁਨਿ ਸੁਨਿ ਨਰ ਸਮੁਦਾਇ।**
**ਪ੍ਰਥਮ ਕ੍ਰਿਪਾਲ ਸੁ ਮਾਤੁਲ ਆਯੋ। ਪੰਚਹੁੰ ਭ੍ਰਾਤ ਆਇ ਸੁਖ ਪਾਯੋ॥ ੨੭॥**

ਗੁਰੂ ਗੋਬਿੰਦ ਸਿੰਘ ਜੀ ਉਸ ਉੱਤੇ ਜਾ ਕੇ ਬੈਠ ਗਏ। ਉਨ੍ਹਾਂ ਦੇ ਬੈਠਣ ਬਾਰੇ ਸੁਣ ਸੁਣ ਕੇ ਬਹੁਤ ਮਨੁੱਖ ਇਕੱਠੇ ਹੋ ਗਏ। ਸਭ ਤੋਂ ਪਹਿਲਾਂ ਮਾਮਾ ਕ੍ਰਿਪਾਲ ਜੀ ਆਏ ਫਿਰ ਪੰਜੇ ਭਰਾਵਾਂ ਨੇ ਆ ਕੇ ਸੁਖ ਪਾਇਆ॥ ੨੭॥

**ਬ੍ਰਿੰਦ ਮਸੰਦ ਕਰਹਿਂ ਸਭਿ ਬੰਦਨ। ਸੂਰਜਮਲ ਕੇ ਨੰਦ ਕਿ ਨੰਦਨ।**
**ਰਾਇ ਗੁਲਾਬ ਸ਼ਾਮ ਸਿੰਘ ਨਾਮੂ। ਥਿਰੇ ਸਭਾ ਸਭਿ ਕੀਨਿ ਪ੍ਰਨਾਮੂ॥ ੨੮॥**

ਬਹੁਤ ਮਸੰਦ ਬੰਦਨਾਂ ਕਰਦੇ ਸਨ। ਸ੍ਰੀ ਸੂਰਜ ਮਲ ਦੇ ਦੋਵੇਂ ਪੋਤਰੇ ਆਏ, ਜਿਨ੍ਹਾਂ ਦੇ ਨਾਮ ਗੁਲਾਬ ਰਾਏ ਅਤੇ ਸ਼ਾਮ ਸਿੰਘ ਸੀ। ਸਭਾ ਵਿਚ ਖਲੋ ਕੇ ਸਭ ਨੇ ਪ੍ਰਣਾਮ ਕੀਤਾ॥ ੨੮॥

**ਸਭਾ ਸੁਧਰਮਾ ਕੇ ਸਮ ਲਾਗੀ। ਬ੍ਰਿੰਦ ਦੇਵਤਾ ਸਭਿ ਅਨੁਰਾਗੀ।**
**ਇੰਦ੍ਰ ਮਨਿੰਦ ਗੁਵਿੰਦ ਸਿੰਘ ਗੁਰੂ। ਜਿਨ ਦਰਸ਼ਨ ਤੇ ਹਰਿ ਅਘ ਰੁਰੂ॥ ੨੯॥**

ਇੰਦਰ ਦੀ ਸਭਾ ਵਾਂਗ ਸਭਾ ਲੱਗ ਗਈ, ਜਿਥੇ ਬਹੁਤ ਦੇਵਤੇ ਪ੍ਰੇਮ ਸਹਿਤ ਬੈਠਦੇ ਹਨ। ਇੰਦਰ ਵਾਂਗ ਹੀ ਗੁਰੂ ਗੋਬਿੰਦ ਸਿੰਘ ਜੀ ਹਨ, ਜਿਨ੍ਹਾਂ ਦੇ ਦਰਸ਼ਨ ਰੂਪੀ ਸ਼ੇਰ ਤੋਂ ਮ੍ਰਿਗ ਰੂਪੀ ਪਾਪ ਨੱਸ ਜਾਂਦੇ ਹਨ॥ ੨੯॥

ਬੇਦੀ ਬ੍ਰਿੰਦ ਸੁ ਤੇਹਣ ਆਏ। ਸ੍ਰੀ ਗੁਰੂ ਅਮਰ ਅੰਸ਼ ਸਮੁਦਾਏ।
ਚਾਰੂ ਚੌਰ ਢੁਰਤਿ ਛਬਿ ਪਾਵੈ। ਮਨਹੁੰ ਮਰਾਲ ਉਡਤਿ ਨਿਯਰਾਵੈਂ॥ ੩੦॥

ਬਹੁਤ ਬੇਦੀ ਅਤੇ ਤ੍ਰੇਹਣ ਆਏ ਤੇ ਸ੍ਰੀ ਗੁਰੂ ਅਮਰਦਾਸ ਦੀ ਅੰਸ਼ ਦੇ ਭੱਲੇ ਵੀ ਇਕੱਠੇ ਹੋ ਕੇ ਆਏ। ਸੁੰਦਰ ਚੌਰ ਫਿਰਦਾ ਹੋਇਆ ਸ਼ੋਭਾ ਪਾ ਰਿਹਾ ਹੈ ਮਾਨੋ ਚਿੱਟਾ ਹੰਸ ਨੇੜੇ ਹੋ ਕੇ ਉਡਾਰੀਆਂ ਮਾਰ ਰਿਹਾ ਹੈ॥ ੩੦॥

ਕਲਗ਼ੀ ਕੇ ਮੁਕਤਾ ਗੁਛ ਹੇਰਿ। ਆਵਤਿ, ਡਰਤਿ ਨ ਕਰਤੋ ਨੇਰ।
ਕੰਚਨ ਦੰਡ ਲਿਏ ਨਰ ਖਰੇ। ਸੂਰਜ ਮੁਖੀ ਹਾਥ ਮੇ ਧਰੇ॥ ੩੧॥

ਮਾਨੋ ਹੰਸ ਗੁਰੂ ਜੀ ਦੀ ਕਲਗ਼ੀ ਦੇ ਮੋਤੀਆਂ ਦੇ ਗੁਛਿਆਂ ਨੂੰ ਵੇਖ ਕੇ ਆਉਂਦਾ ਹੈ, ਪਰ ਡਰ ਕਰਕੇ ਨੇੜੇ ਨਹੀਂ ਹੁੰਦਾ ਹੈ। ਸੋਨੇ ਦੇ ਡੰਡੇ ਲਈ ਕਈ ਮਨੁੱਖ ਖੜੇ ਹਨ ਤੇ ਸੂਰਜ ਮੁਖੀ ਪੱਖੇ ਉਨ੍ਹਾਂ ਹੱਥ ਵਿਚ ਧਾਰਨ ਕੀਤੇ ਹਨ॥ ੩੧॥

ਕਰਤਿ ਬਾਰਤਾਲਾਪ ਅਨੰਦਤਿ। ਸੁਨਿ ਕਲਗੀਧਰ ਤੇ ਸਿਖ ਬੰਦਤਿ।
ਇਤਨੇ ਸਿਖੈ ਬਨਿਕ ਇਕ ਆਯੋ। ਮਹਤ ਪੁਕਾਰਤਿ ਸਭਿਨਿ ਸੁਨਾਯੋ॥ ੩੨॥

ਅਨੰਦਮਈ ਵਾਰਤਾਲਾਪ ਕਰਦੇ ਹਨ, ਸਿੱਖ ਸੁਣ ਕੇ ਗੁਰੂ ਜੀ ਅੱਗੇ ਬੰਦਨਾ ਕਰਦੇ ਹਨ। ਏਨੇ ਵਿਚ ਓਥੇ ਇਕ ਬਾਣੀਆ ਆਇਆ, ਉਸ ਨੇ ਬਹੁਤ ਪੁਕਾਰ ਕਰਕੇ ਸਭ ਨੂੰ ਸੁਣਾਇਆ॥ ੩੨॥

'ਭੋਰ ਹੋਤਿ ਥਾਤੀ ਇਕ ਮੋਰੀ। ਪਰਿਓ ਚੋਰ ਅਚਾਨਕ ਚੋਰੀ।
ਮੂਲ ਪੰਚ ਸੈ ਘਰ ਤੇ ਆਨੇ। ਇਹਾਂ ਲਾਭ ਮੁਝ ਭਯੋ ਮਹਾਨੇ॥ ੩੩॥

"ਸਵੇਰ ਹੁੰਦਿਆਂ ਹੀ ਮੇਰੀ ਇਕ ਥੈਲੀ, ਕਿਸੇ ਚੋਰ ਨੇ ਪੈ ਕੇ ਅਚਾਨਕ ਚੋਰੀ ਕਰ ਲਈ ਹੈ। ਪੰਜ ਸੌ ਦੀ ਮੂਲ ਰਕਮ ਘਰ ਤੋਂ ਲਿਆਇਆ ਸੀ। ਏਥੇ ਮੈਨੂੰ ਬਹੁਤ ਲਾਭ ਹੋਇਆ ਹੈ॥ ੩੩॥

ਹੁਤੀ ਸਾਤ ਸੈ ਕੀ ਸਭਿ ਥੈਲੀ। ਤਸਕਰ ਲੇ ਗਮਨਯੋਂ ਕਿਤ ਗੈਲੀ।
ਸ੍ਰੀ ਕਲਗ਼ੀਧਰ ਗੁਰੂ ! ਦੁਹਾਈ। ਬਨੌਂ ਫਕੀਰ ਜਿ ਨਾ ਅਬਿ ਪਾਈ ॥ ੩੪॥

ਥੈਲੀ ਵਿਚ ਸਾਰੇ ਸਤ ਸੌ ਰੁਪਏ ਸਨ, ਚੋਰ ਲੈ ਕੇ ਕਿਸੇ ਰਸਤੇ ਚਲੇ ਗਿਆ ਹੈ। ਹੇ ਕਲਗ਼ੀਧਰ ਗੁਰੂ ਜੀ ! ਮੇਰੀ ਦੁਹਾਈ ਹੈ, ਜੇ ਮੈਂ ਹੁਣ ਥੈਲੀ ਨਹੀਂ ਪਾਵਾਂਗਾ ਤਾਂ ਕੰਗਾਲ ਹੋ ਜਾਵਾਂਗਾ॥ ੩੪॥

ਪੂੰਜੀ ਸਰਬ ਹੁਤੀ ਇਹ ਮੇਰੀ। ਗੁਜਰ ਕੁਟੰਬ ਗੁਜਾਰਤਿ ਥੋਰੀ।
ਨਹੀਂ ਅਲੰਬ ਅਪਰ ਮਮ ਕੋਈ। ਜਿਸ ਕੇ ਨਿਕਟ ਜੀਵਕਾ ਹੋਈ॥ ੩੫॥

ਇਹ ਮੇਰੀ ਸਾਰੀ ਪੂੰਜੀ ਸੀ, ਪਰਿਵਾਰ ਦੀ ਸਾਰੀ ਗੁਜਰਾਨ ਏਸੇ ਥੋੜ੍ਹੀ ਜਿਹੀ ਪੂੰਜੀ ਨਾਲ ਚਲਦੀ ਸੀ। ਮੇਰਾ ਹੋਰ ਕੋਈ ਆਸਰਾ ਨਹੀਂ ਹੈ, ਜਿਸ ਦੇ ਪਾਸ ਹੋਣ ਕਰਕੇ ਮੇਰਾ ਗੁਜ਼ਾਰਾ ਹੋ ਸਕੇ॥ ੩੫॥

ਸੁਨਤਿ ਹੁਕਮਨਾਮਾ ਗੁਰ ਕੇਰਾ। ਚਲਿ ਆਏ ਸਭਿ ਕਰੀ ਨ ਦੇਰਾ।
ਲੈਨ ਲਾਭ ਤੌ ਰਹਯੋ ਕਿਥਾਈਂ। ਅਗਲੀ ਪੂੰਜੀ ਆਨਿ ਗਵਾਈ॥ ੩੬॥

ਗੁਰੂ ਜੀ ਦਾ ਹੁਕਮਨਾਮਾ ਸੁਣ ਕੇ, ਅਸੀਂ ਸਾਰੇ ਚਲ ਕੇ ਆ ਗਏ ਕਿਸੇ ਪ੍ਰਕਾਰ ਦੀ ਦੇਰ ਨਾ ਲਾਈ, ਲਾਭ ਲੈਣਾ ਤਾਂ ਕਿਤੇ ਰਿਹਾ ਅਗਲੀ ਪੂੰਜੀ ਵੀ ਆ ਕੇ ਗਵਾ ਦਿੱਤੀ ਹੈ॥ ੩੬॥

ਸ੍ਰੀ ਸਤਿਗੁਰ ! ਤੁਮਰੇ ਪੁਰਿ ਮਾਂਹੀ। ਹੋਤਿ ਭਯੋ ਨੁਕਸਾਨ ਮਹਾਂ ਹੀ।
ਤੁਮ ਬਿਨ ਕਿਸ ਢਿਗ ਕਰੈਂ ਪੁਕਾਰਾ। ਹਤਯੋ ਗਯੋ ਮੈਂ, ਧਨ ਖ੍ਵੈ ਸਾਰਾ॥ ੩੭॥

ਹੇ ਸਤਿਗੁਰੂ ਜੀ ਤੁਹਾਡੇ ਨਗਰ ਵਿਚ, ਮਹਾਨ ਨੁਕਸਾਨ ਹੋਇਆ ਹੈ, ਤੁਹਾਡੇ ਬਗੈਰ ਹੁਣ ਕਿਸ ਪਾਸ ਜਾ ਕੇ ਪੁਕਾਰ ਕਰੀਏ, ਸਾਰਾ ਧਨ ਖੁਹਾ ਕੇ ਮੈਂ ਮਾਰਿਆ ਗਿਆ ਹਾਂ॥ ੩੭॥

ਰਾਵਰਿ ਹੋ ਸਮਰਥ ਸਭਿ ਭਾਂਤੀ। ਨਹਿਂ ਜੀਵਨ ਮਮ ਕਿਮ ਬਿਨ ਥਾਤੀ।
ਸਭਿ ਸੁਖਦਾਤਾ ਤੁਮ ਕੋ ਜਾਨਾ। ਬਿਨ ਬਿਲੰਬ ਹਮ ਆਵਨਿ ਠਾਨਾ॥ ੩੮॥

ਆਪ ਜੀ ਸਭ ਪ੍ਰਕਾਰ ਸਮਰੱਥ ਹੋ, ਮੇਰਾ ਥੈਲੀ ਤੋਂ ਬਗੈਰ ਕਿਸੇ ਪ੍ਰਕਾਰ ਵੀ ਜੀਵਨ ਨਹੀਂ ਹੈ। ਤੁਹਾਨੂੰ ਸਭ ਪ੍ਰਕਾਰ ਸੁਖਾਂ ਦਾ ਦਾਤਾ ਜਾਣਿਆ ਹੈ। ਆਸਰਾ ਰਹਿਤ ਹੋ ਕੇ ਮੈਂ ਏਥੇ ਆਉਣ ਬਾਰੇ ਧਾਰਨ ਕੀਤਾ ਹੈ॥ ੩੮॥

ਸਗਰੇ ਘਰ ਗਮਨੇ ਹਰਖਾਏ। ਮੈਂ ਸੰਕਟ ਜੁਤਿ ਜਾਉਂ ਕਿਥਾਏ।
ਮਰੌਂ ਪ੍ਰਭੂ! ਜੀ ਤੁਮਰੇ ਪੌਰ। ਧਨ ਬਿਹੀਨ ਮੁਝ ਅਪਰ ਨ ਠੌਰ॥ ੩੯॥

ਸਾਰੇ ਘਰ ਖੁਸ਼ੀ-ਖੁਸ਼ੀ ਚਲੇ ਗਏ ਹਨ ਮੈਂ ਸੰਕਟ ਸਹਿਤ ਹੁਣ ਕਿੱਥੇ ਜਾਵਾਂ। ਹੇ ਪ੍ਰਭੂ ਜੀ ! ਮੈਂ ਤੁਹਾਡੇ ਦਰਵਾਜ਼ੇ ਤੇ ਮਰ ਜਾਵਾਂਗਾ, ਧੰਨ ਵਿਹੀਣ ਹੋ ਕੇ ਹੁਣ ਮੇਰਾ ਹੋਰ ਕੋਈ ਆਸਰਾ ਨਹੀਂ ਹੈ"॥ ੩੯॥

ਸ੍ਰੀ ਕਲਗੀਧਰ ਕ੍ਰਿਪਾ ਵਿਸ਼ੇਖਾ। ਦੁਖ ਤੇ ਬਨੀਆ ਬ੍ਯਾਕੁਲ ਦੇਖਾ।
'ਹਮਰੇ ਹਿਤ ਏ ਸਭਿ ਚਲਿ ਆਏ। ਨਿਜ ਨਿਜ ਧਨ ਲੇ ਕਰਿ ਸਮੁਦਾਏ॥੪੦॥

ਸ੍ਰੀ ਕਲਗੀਧਰ ਗੁਰੂ ਜੀ ਵਿਸ਼ੇਸ਼ ਤੌਰ ਤੇ ਕਿਰਪਾਲੂ ਹਨ, ਜਦ ਉਨ੍ਹਾਂ ਬਾਣੀਏਂ ਨੂੰ ਦੁਖ ਨਾਲ ਵਿਆਕੁਲ ਵੇਖਿਆ ਤਾਂ ਉਨ੍ਹਾਂ ਵਿਚਾਰ ਕੀਤੀ, "ਇਹ ਸਾਰੇ ਸਾਡੇ ਹਿਤ ਵਾਸਤੇ ਚਲ ਕੇ ਆਏ, ਆਪਣਾ-ਆਪਣਾ ਧਨ ਲੈ ਕੇ ਇਕੱਠੇ ਹੋਏ॥ ੪੦॥

ਜੁਗ ਲੋਕਨਿ ਕੇ ਸੁਖ ਕੋ ਚਾਹਤਿ। ਹਮਰੇ ਦਰਸ਼ਨ ਹੇਤੁ ਉਮਾਹਤਿ।
ਬਿਘਨ ਪਰਹਿ ਜੇ ਸੰਕਟ ਲਹੈਂ। ਤੌ ਆਵਨ ਨਿਸ਼ਫਲ ਹੀ ਕਹੈਂ॥ ੪੧॥

ਦੋਵਾਂ ਲੋਕਾਂ ਦਾ ਸੁਖ ਚਾਹੁੰਦੇ ਸਨ, ਸਾਡੇ ਦਰਸ਼ਨ ਵਾਸਤੇ ਵੱਡੀ ਉਮੰਗ ਸੀ। ਵਿਘਨ ਪੈਣ ਤੇ ਜੇ ਸੰਕਟ ਪ੍ਰਾਪਤ ਕਰਨਗੇ ਤਾਂ ਆਉਣਾ ਨਿਸਫਲ ਹੀ ਕਹਿਣਗੇ"॥ ੪੧॥

ਇਤ੍ਯਾਦਿਕ ਸਤਿਗੁਰੂ ਬਿਚਾਰਾ। ਸੁਨਤਿ ਸਭਿਨਿ ਕੇ ਊਚ ਉਚਾਰਾ।
'ਮਤ ਰੁਦਨਹੁ ਰੇ ਬਨਿਕ ਸਿਆਨੇ! ਤੋਰ ਦਰਬ ਕੋ ਦੇਹਿਂ ਨ ਜਾਨੇ॥ ੪੨॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਵਿਚਾਰਿਆ ਤੇ ਸਾਰਿਆਂ ਦੇ ਸੁਣਦਿਆਂ ਉੱਚੀ ਦਿੱਤੀ ਕਿਹਾ, "ਹੇ ਸਿਆਣੇ ਬਾਣੀਏਂ ! ਰੋਵੋ ਨਹੀਂ, ਤੇਰੇ ਧਨ ਨੂੰ ਜਾਣ ਨਹੀਂ ਦੇਵਾਂਗੇ॥ ੪੨॥

ਸਿਖ ਸੰਗਤਿ ਢਿਗ ਜੇ ਦੁਖ ਪਾਵੈਂ। ਤੌ ਪ੍ਰਲੋਕ ਮਹਿਂ ਕਿਮਹੁਂ ਬਚਾਵੈਂ।
ਦੇਨਿ ਅਨੰਦ ਕੇ ਹੇਤੁ ਹਕਾਰੇ। ਜੇ ਘਰ ਪਹੁੰਚਹੁ ਹੋਹੁ ਦੁਖਾਰੇ॥ ੪੩॥

ਸਾਡੇ ਸਾਹਮਣੇ ਬੈਠਿਆਂ ਜੇ ਸਿੱਖ ਸੰਗਤ ਦੁਖ ਪਾਵੇਗਾ ਤਾਂ ਪਰਲੋਕ ਵਿਚ ਇਨ੍ਹਾਂ ਨੂੰ ਕੌਣ ਬਚਾਵੇਗਾ। ਅਸੀਂ ਸਾਰਿਆਂ ਨੂੰ ਅਨੰਦ ਦੇਣ ਵਾਸਤੇ ਬੁਲਾਇਆ ਸੀ, ਜੇ ਘਰ ਪਹੁੰਚ ਕੇ ਦੁਖੀ ਹੋਵੋਗੇ॥ ੪੩॥

ਤੌ ਗੁਰ ਦਰਸ਼ਨ ਫਲ ਕਹਾ ਭਯੋ। ਜੇ ਨ ਹਰਖ ਕਰਿ ਨਿਜ ਘਰ ਗਯੋ'।
ਇਕ ਦਿਸ਼ਿ ਖਰੇ ਸਿਪਾਹੀ ਹੇਰੇ। ਸਭਿ ਕੇ ਸੁਨਤਿ ਕਹ੍ਯੋ ਤਿਸ ਬੇਰੇ॥ ੪੪॥

ਤਾਂ ਗੁਰ ਦਰਸ਼ਨਾਂ ਦਾ ਫਲ ਕੀ ਪਾਇਆ, ਜੇ ਪ੍ਰਸੰਨ ਹੋ ਕੇ ਆਪਣੇ ਘਰ ਨਾ ਗਏ।" ਇਕ ਪਾਸੇ ਖੜੇ ਸਿਪਾਹੀਆਂ ਨੂੰ ਵੇਖਿਆ, ਉਸ ਸਮੇਂ ਸਾਰਿਆਂ ਦੇ ਸੁਣਦਿਆਂ ਕਿਹਾ॥ ੪੪॥

'ਅਮੁਕ ਸਦਨ ਹੈ ਤਸਕਰ ਕੇਰਾ। ਥਾਤੀ ਧਰੀ ਜਾਇ ਲਿਹੁ ਹੇਰਾ।
ਦੱਖਨ ਦਿਸ਼ਿ ਦਿਵਾਰ ਮਹਿਂ ਤਾਕੀ। ਔਚਕ ਜਾਇ ਨਿਕਾਸਹੁ ਵਾਕੀ॥ ੪੫॥

ਚੋਰ ਦਾ ਫਲਾਨਾ ਘਰ ਹੈ, ਉਸ ਨੂੰ ਥੈਲੀ ਧਰਦਿਆਂ ਨੂੰ ਵੇਖਿਆ ਹੈ। ਦਖਣ ਵਾਲੇ ਪਾਸੇ ਦੀਵਾਰ ਵਿਚ ਇਕ ਤਾਕੀ ਹੈ ਅਚਾਨਕ ਜਾ ਕੇ ਉਸ ਤਾਕੀ ਵਿਚੋਂ ਥੈਲੀ ਕੱਢ ਲਵੋ॥ ੪੫॥

ਦਿਹੁ ਮੁਸ਼ਕੈਂ ਗਹਿ ਤਰਜੋ ਤਾਂਹੀ। ਲੇ ਕਰਿ ਚਲਿ ਆਵਹੁ ਹਮ ਪਾਹੀ'।
ਸੁਨਿ ਪ੍ਰਭੁ ਆਇਸੁ ਗਮਨੇ ਧਾਇ। ਦਸਕ ਵਲੈਤ ਪਹੂੰਚੇ ਜਾਇ॥ ੪੬॥

ਉਸਦੀਆਂ ਮੁਸ਼ਕਾਂ ਕੱਸ ਕੇ ਫੜ ਕੇ ਤਾੜਨਾ ਕਰੋ ਤੇ ਉਸ ਨੂੰ ਫਿਰ ਲੈ ਕੇ ਸਾਡੇ ਪਾਸ ਆ ਜਾਵੋ। ਪ੍ਰਭੂ ਦੀ ਆਗਿਆ ਸੁਣ ਕੇ ਉਹ ਭੱਜੇ ਗਏ। ਦਸ ਕੁ ਸਿਪਾਹੀ ਓਥੇ ਪਹੁੰਚ ਗਏ॥ ੪੬॥

ਔਚਕ ਸਦਨ ਪ੍ਰਵੇਸ਼ਨਿ ਕੀਨਾ। ਦੱਖਣ ਦਿਸ਼ਾ ਦ੍ਵਾਰ ਦ੍ਰਿਗ ਕੀਨਾ।
ਪਿਖਿ ਤਾਕੀ ਕੋ ਖੋਲਿ ਕਿਵਾਰਾ। ਧਰਯੋ ਦਰਬ ਤਤਕਾਲ ਨਿਕਾਰਾ॥ ੪੭॥

ਅਚਾਨਕ ਘਰ ਦੇ ਵਿਚ ਪ੍ਰਵੇਸ਼ ਕੀਤਾ, ਦਖਣ ਪਾਸੇ ਦੀ ਦੀਵਾਰ ਨੂੰ ਵੇਖਿਆ। ਜਦ ਤਾਕੀ ਵੇਖੀ ਤਾਂ ਉਸ ਦੇ ਦਰਵਾਜ਼ੇ ਨੂੰ ਖੋਲ੍ਹਿਆ, ਉਸ ਵਿਚ ਪਏ ਧਨ ਨੂੰ ਤੁਰਤ ਕੱਢ ਲਿਆ॥ ੪੭॥

ਤਸਕਰ ਬੈਠਯੋ ਸੋ ਗਹਿ ਲਿਯੋ। ਦ੍ਰਿੜ੍ਹ ਮੁਸ਼ਕੈਂ ਦੇ ਤਰਜਨ ਕਿਯੋ।
'ਸ੍ਰੀ ਕਲਗੀਧਰ ਅੰਤਰਜਾਮੀ। ਮਹਿੰਮਾ ਤੈਂ ਨ ਲਖੀ ਗੁਰ ਸ੍ਵਾਮੀ॥ ੪੮॥

ਚੋਰ ਓਥੇ ਬੈਠਾ ਸੀ, ਉਸ ਨੂੰ ਫੜ ਲਿਆ, ਦ੍ਰਿੜ੍ਹ ਢੰਗ ਨਾਲ ਮੁਸ਼ਕਾਂ ਕੱਸ ਕੇ ਉਸ ਨੂੰ ਡਾਂਟਿਆ ਤੇ ਕਿਹਾ, "ਸ੍ਰੀ ਗੁਰੂ ਕਲਗੀਧਰ ਜੀ ਅੰਤਰਜਾਮੀ ਹਨ ਤੂੰ ਗੁਰੂ ਸਵਾਮੀ ਦੀ ਮਹਿਮਾ ਨਹੀਂ ਸਮਝੀ ਹੈ॥ ੪੮॥

ਤਿਨ ਤੇ ਰਾਖਹਿਂ ਕਹਾਂ ਦੁਰਾਏ। ਜੋ ਮਨ ਕੀ ਗਤਿ ਦੇਤਿ ਬਤਾਏ'।
ਲੇ ਕਰਿ ਧਨ ਅਰੁ ਤਸਕਰ ਤਬੈ। ਗਮਨੇ ਨਰ ਹੇਰਤਿ ਭੇ ਸਭੈ॥ ੪੯॥

ਉਨ੍ਹਾਂ ਪਾਸੋਂ ਲੁਕਾ ਕੇ ਕਿਥੇ ਰੱਖੇਂਗੇ, ਜਿਹੜੇ ਕਿ ਮਨ ਦੀ ਗਤੀ ਵੀ ਦੱਸ ਦਿੰਦੇ ਹਨ।" ਫਿਰ ਧਨ ਅਤੇ ਚੋਰ ਨੂੰ ਲੈ ਕੇ ਉਹ ਸਿਪਾਹੀ ਚਲ ਪਏ, ਸਾਰੇ ਲੋਕ ਵੇਖ ਰਹੇ ਸਨ॥ ੪੯॥

ਮਾਰਤਿ ਪਨਹੀ ਸਭਿਨਿ ਦਿਖਾਵੈਂ। ਗੁਰ ਪ੍ਰਤਾਪ ਕੋ ਬਿਦਤ ਬਤਾਵੈਂ।
ਗਰੀ ਬਜਾਰਨਿ ਮੈਂ ਗਮਨੰਤੇ। ਗਨ ਬਾਲਿਕ ਭੇ ਸੰਗ ਦਿਖੰਤੇ॥ ੫੦॥

ਚੋਰ ਦੇ ਜੁੱਤੀਆਂ ਮਾਰ ਕੇ ਸਭ ਨੂੰ ਵਿਖਾਉਂਦੇ ਸਨ। ਗੁਰੂ ਜੀ ਦੇ ਪ੍ਰਤਾਪ ਨੂੰ ਪ੍ਰਗਟ ਰੂਪ ਵਿਚ ਦੱਸਦੇ ਸਨ। ਗਲੀ ਬਜ਼ਾਰਾਂ ਵਿਚ ਚਲੇ ਜਾ ਰਹੇ ਸਨ, ਬਹੁਤ ਬਾਲਕ ਵੇਖਣ ਵਾਸਤੇ ਨਾਲ ਚਲ ਪਏ॥ ੫੦॥

ਨਰ ਨਾਰੀ ਹੇਰਤਿ ਬਿਸਮਾਏ। 'ਧਰਯੋ ਦਰਬ ਗੁਰ ਦਯੋ ਬਤਾਏ'।
ਗੁਰ ਸਮੀਪ ਲੇ ਪਹੁੰਚੇ ਜਾਈ। ਸਭਾ ਦੇਖਿ ਸਗਰੀ ਬਿਸਮਾਈ॥ ੫੧॥

ਇਸਤਰੀ ਪੁਰਸ਼ ਵੇਖ ਕੇ ਹੈਰਾਨ ਹੋ ਰਹੇ ਸਨ, "ਧਰਿਆ ਹੋਇਆ ਧਨ ਵੀ ਗੁਰੂ ਜੀ ਨੇ ਦੱਸ ਦਿੱਤਾ ਹੈ।" ਗੁਰੂ ਜੀ ਪਾਸ ਲੈ ਕੇ ਪਹੁੰਚ ਗਏ, ਸਾਰੀ ਸਭਾ ਦੇਖ ਕੇ ਹੈਰਾਨ ਹੋਈ॥ ੫੧॥

ਅਤਿਸ਼ੈ ਸ਼ਕਤਿਵੰਤ ਗੁਰ ਜਾਨੇ। ਬੈਠੇ ਬੇਦੀ ਆਦਿ ਜਿ ਸਜਾਨੇ।
ਬ੍ਰਿੰਦ ਮਸੰਦ ਸੰਗਤਾਂ ਸਾਰੇ। ਮਾਨਵ ਅਪਰ ਅਨੇਕ ਨਿਹਾਰੇਂ॥ ੫੨॥

ਗੁਰੂ ਜੀ ਨੂੰ ਵੱਡਾ ਸ਼ਕਤੀਵਾਨ ਜਾਣਿਆ। ਬੇਦੀ ਆਦਿ ਜਿਹੜੇ ਸਿਆਣੇ ਪੁਰਸ਼ ਬੈਠੇ ਸਨ। ਬਹੁਤ ਮਸੰਦ ਅਤੇ ਸਾਰੀਆਂ ਸੰਗਤਾਂ ਬੈਠੀਆਂ ਸਨ, ਹੋਰ ਦੂਸਰੇ ਅਨੇਕਾਂ ਪੁਰਖ ਵੇਖ ਰਹੇ ਸਨ॥ ੫੨॥

Sri Satguru Jagjit Singh Ji eLlibrary NamdhariElibrary@gmail.com

ਤਬਿ ਕਲਗੀਧਰ ਬਾਕ ਸੁਨਾਯੋ। 'ਮੂਢ ਮਹਾਂ ਅਪਰਾਧ ਕਮਾਯੋ।
ਫਾਸੀ ਦੇਨਿ ਸਜ਼ਾਇ ਇਸੀ ਕੀ। ਹੈ ਉਤਸਵ ਸ਼ਾਦੀ ਬਿਧਿ ਨੀਕੀ॥ ੫੩॥

ਤਦ ਕਲਗੀਧਰ ਨੇ ਬਚਨ ਕੀਤਾ, "ਮਹਾਂ ਮੂਰਖ ਵੱਡਾ ਅਪਰਾਧ ਕਮਾਇਆ ਹੈ। ਫਾਂਸੀ ਦੇਣ ਦੀ ਇਸ ਦੀ ਸਜ਼ਾ ਹੈ। ਚੰਗੀ ਵਿਧੀ ਨਾਲ ਖੁਸ਼ੀ ਦਾ ਉਤਸਵ ਹੋਇਆ ਹੈ॥ ੫੩॥

ਯਾਂ ਤੇ ਇਸ ਕੋ ਕਰੋ ਖਲਾਸੀ। ਬਹੁਰ ਕਰੈ ਕੋ, ਦੈ ਹੈਂ ਫਾਸੀ।
ਗਿਨ ਕਰਿ ਸੌਂਪਹੁਂ ਬਨਿਕ ਸੁ ਥਾਤੀ। ਲੇ ਨਿਜ ਧਨ ਹੁਇ ਸੀਤਲ ਛਾਤੀ' ॥੫੪॥

ਇਸ ਕਰਕੇ ਇਸ ਨੂੰ ਛੱਡ ਦੇਵੋ, ਦੁਬਾਰਾ ਜੇ ਕੁਝ ਕਰੇਗਾ ਤਾਂ ਇਸ ਨੂੰ ਫਾਂਸੀ ਦੇਵਾਂਗੇ। ਬਾਣੀਏਂ ਨੂੰ ਧਨ ਗਿਣ ਕੇ ਥੈਲੀ ਸੌਂਪ ਦੇਵੋ, ਆਪਣਾ ਧਨ ਲੈ ਕੇ ਇਸ ਦੀ ਛਾਤੀ ਸੀਤਲ ਹੋ ਜਾਵੇ"॥ ੫੪॥

ਹੁਕਮ ਗੁਰੂ ਕੋ ਪਾਇ ਸਿਪਾਹੀ। ਧਨ ਗਿਨ ਦੀਨੋ ਤਿਸ ਪਾਹੀ।
ਤਸਕਰ ਛੋਰਯੋ ਨਗਰ ਨਿਕਾਰਯੋ। ਬਹੁਰ ਨ ਅਸ ਕੁਕਰਮ ਕਿਨ ਧਾਰਯੋ॥੫੫॥

ਸਿਪਾਹੀਆਂ ਨੇ ਗੁਰੂ ਜੀ ਦਾ ਹੁਕਮ ਪਾ ਕੇ ਧਨ ਗਿਣ ਕੇ ਬਾਣੀਏਂ ਨੂੰ ਦੇ ਦਿੱਤਾ। ਚੋਰ ਨੂੰ ਛੱਡ ਕੇ ਨਗਰ ਵਿਚੋਂ ਬਾਹਰ ਕੱਢ ਦਿੱਤਾ ਫਿਰ ਕਿਸੇ ਨੇ ਐਸਾ ਕੁਕਰਮ ਨਾ ਧਾਰਨ ਕੀਤਾ॥ ੫੫॥

*ਪਹਿਲੀ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥*

## *ਅਧਿਆਇ ਸਤਾਰ੍ਹਵਾਂ*

*ਮੇਲ ਵਿਦਾ, ਸਤਲੁਜ ਵਿਚ ਤਰਨਾ, ਗੁਲਾਬ ਰਾਇ*

ਦੋਹਰਾ- ਇਮ ਸਤਿਗੁਰ ਲੀਲਾ ਕਰਤਿ, ਚੋਰ ਜਾਰ ਬਟਪਾਰ।
ਸਭਿਹਿਨਿ ਕੋ ਚਿੰਤਾ ਭਈ ਕਰਹਿਂ ਖੌਂਸੜੇ ਮਾਰ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਲੀਲ੍ਹਾ ਕਰਦੇ ਸਨ, ਚੋਰ, ਯਾਰ ਅਤੇ ਲੁਟੇਰਿਆਂ ਸਾਰਿਆਂ ਨੂੰ ਚਿੰਤਾ ਹੋ ਗਈ ਕਿ ਜੁਤੀਆਂ ਦੀ ਮਾਰ ਪਵੇਗੀ॥ ੧॥

ਚੌਪਈ- ਨ੍ਰਿਭੈ ਬਨਿਕ ਠਾਨਤਿ ਬਿਵਹਾਰਾ। ਗਹਯੋ ਚੋਰ ਤੇ ਅਚਰਜ ਧਾਰਾ।
ਸੂਨੀ ਵਸਤੁ ਰਹੈ ਕਿਸ ਥਾਈਂ। ਨਹਿਂ ਕੋ ਸਕੈ ਹਾਥ ਕੋ ਪਾਈ॥ ੨॥

ਬਾਣੀਏ ਨਿਰਭੈ ਹੋ ਕੇ ਵਪਾਰ ਕਰਦੇ ਸਨ, ਚੋਰ ਫੜੇ ਜਾਣ ਤੇ ਬੜਾ ਅਸਚਰਜ ਧਾਰਨ ਕੀਤਾ। ਵਸਤਾਂ ਸੁੰਞੀਆਂ ਅਤੇ ਲਾਵਾਰਸ ਹੀ ਪਈਆਂ ਰਹਿੰਦੀਆਂ ਸਨ, ਪਰ ਉਨ੍ਹਾਂ ਵਸਤਾਂ ਨੂੰ ਕੋਈ ਵੀ ਹੱਥ ਨਹੀਂ ਪਾਉਂਦਾ ਸੀ॥ ੨॥

ਕੇਤਿਕ ਦਿਨ ਗੁਰ ਕੇ ਲਵਪੁਰਿ ਮੈਂ। ਬਸੇ ਬਨਿਕ ਧਰਿ ਆਨੰਦ ਉਰ ਮੈਂ।
ਖਾਟਯੋ ਲਾਭ ਜਿਤਿਕ ਬਿਵਹਾਰੂ। ਉਤਸਵ ਜੁਤਿ ਗੁਰ ਦਰਸ ਨਿਹਾਰੂ॥੩॥

ਕਈ ਦਿਨ ਗੁਰੂ ਦੇ ਲਾਹੌਰ ਵਿਚ, ਬਾਣੀਏਂ ਦਿਲ ਵਿਚ ਆਨੰਦ ਧਾਰ ਕੇ ਵਸੇ। ਜਿਨ੍ਹਾਂ ਵੀ ਵਪਾਰ ਕੀਤਾ, ਲਾਭ ਖੱਟਿਆ ਤੇ ਉਤਸਵ ਸਹਿਤ ਗੁਰ ਜੀ ਦੇ ਦਰਸ਼ਨ ਕੀਤੇ॥ ੩॥

**ਕਲਗ਼ੀਧਰ ਕੋ ਸਸੁਰ ਅਨੰਦਜੋ। ਭ੍ਰਾਤਨਿ ਸਹਿਤ ਆਨਿ ਕਰ ਬੰਦਜੋ।**
**'ਮਹਾਰਾਜ! ਕਾਰਜ ਸਭਿ ਭਯੋ। ਰਿਦੇ ਮਨੋਰਥ ਪੂਰਨ ਕਯੋ॥ ੪॥**

ਗੁਰੂ ਜੀ ਦੇ ਸਹੁਰਾ ਸਾਹਿਬ ਬਹੁਤ ਪ੍ਰਸੰਨ ਹੋਏ, ਉਨ੍ਹਾਂ ਆਪਣੇ ਭਰਾਵਾਂ ਸਹਿਤ ਆ ਕੇ ਹੱਥ ਜੋੜੇ ਤੇ ਕਿਹਾ, "ਮਹਾਰਾਜ ! ਸਾਰਾ ਕਾਰਜ ਹੋ ਗਿਆ ਹੈ, ਹਿਰਦੇ ਦਾ ਮਨੋਰਥ ਪੂਰਾ ਕੀਤਾ ਹੈ॥੪॥

**ਅਬਿ ਚਾਹਤਿ ਸਭਿ ਸਦਨ ਸਿਧਾਰਾ। ਆਪ ਆਪਨੀ ਕਰਤਿ ਸੰਭਾਰਾ'।**
**ਸੁਨਿ ਦਯੋ ਹੁਕਮ 'ਸਭੈ ਤੁਮ ਜਾਵਹੁ। ਸਿਮਰਹੁ ਸੱਤਿਨਾਮ ਸੁਖ ਪਾਵਹੁ' ॥੫॥**

ਹੁਣ ਸਾਰੇ ਆਪਣੇ ਘਰ ਜਾਣਾ ਚਾਹੁੰਦੇ ਹਨ, ਆਪ ਜੀ ਨੇ ਆਪਣੀ ਕਿਰਤ ਸੰਭਾਲ ਲਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਹੁਕਮ ਕੀਤਾ, "ਤੁਸੀਂ ਸਾਰੇ ਜਾਵੋ ਤੇ ਸਤਿਨਾਮ ਦਾ ਸਿਮਰਨ ਕਰਕੇ ਸੁਖ ਪਾਵੋ"॥ ੫॥

**ਲਵਪੁਰਿ ਕੀ ਸੰਗਤਿ ਸੁਨਿ ਸਾਰੀ। ਵਸਤੁ ਸੰਭਾਰਿ ਕਰੀ ਨਿਜ ਤਯਾਰੀ।**
**ਕਰਿ ਕਰਿ ਬੰਦਨ ਪੰਥ ਪਧਾਰੇ। ਤਿਮ ਰੋਪਰ ਸੀਰੰਦ ਸਿਧਾਰੇ॥ ੬॥**

ਲਾਹੌਰ ਦੀ ਸਾਰੀ ਸੰਗਤ ਨੇ ਸੁਣ ਕੇ ਆਪਣੀਆਂ ਵਸਤਾਂ ਸੰਭਾਲ ਕੇ ਜਾਣ ਦੀ ਤਿਆਰੀ ਕਰ ਲਈ। ਬੰਦਨਾਂ ਕਰ-ਕਰ ਮਾਰਗ ਵਿਚ ਚਲ ਪਏ। ਉਸ ਤਰ੍ਹਾਂ ਰੋਪੜ ਅਤੇ ਸਰਹੰਦ ਦੀਆਂ ਸੰਗਤਾਂ ਵੀ ਚਲ ਪਈਆਂ॥ ੬॥

**ਪੁਰਿ ਹੁਸ਼ੀਆਰ ਗਏ ਚਲਿ ਕੇਈ। ਕਰਹਿਂ ਬਾਰਤਾ ਮਿਲਿ ਮਿਲਿ ਤੇਈ।**
**ਬਾਰਿ ਨਿਕਾਸਨ, ਤਸਕਰ ਗਹਯੋ, ਬ੍ਯਾਹ ਸੁ ਕੌਤਕ ਜੈਸੇ ਲਹਯੋ॥ ੭॥**

ਹੁਸ਼ਿਆਰਪੁਰ ਦੇ ਵੀ ਕਈ ਵਸਨੀਕ ਚਲੇ ਗਏ ਤੇ ਸਾਰੇ ਮਿਲ-ਮਿਲ ਉਥੇ ਦੀ ਵਾਰਤਾ ਕਰਦੇ ਸਨ। ਗੁਰੂ ਜੀ ਨੇ ਬਰਛਾ ਮਾਰ ਕੇ ਪਾਣੀ ਕਢਿਆ, ਚੋਰ ਫੜਿਆ ਤੇ ਵਿਆਹ ਵਿਚ ਜੈਸੇ ਕੌਤਕ ਵੇਖੇ ਸਨ॥ ੭॥

**ਸੁਨਿ ਸੁਨਿ ਅਪਰ ਸਿੱਖ ਹਰਖਾਇਂ। 'ਗੁਰ ਤੇ ਕੁਛ ਅਚਰਜ ਨਹਿਂ ਪਾਇ।**
**ਚਹੈਂ ਸੁ ਕਰੈਂ ਸ਼ਕਤਿ ਸਭਿ ਧਾਰੀ। ਨਹਿਂ ਕੁਛ ਅਟਕਹਿ ਜਿਨਹੁਂ ਅਗਾਰੀ' ॥੮॥**

ਸੁਣ ਸੁਣ ਕੇ ਹੋਰ ਸਿੱਖ ਪ੍ਰਸੰਨ ਹੁੰਦੇ ਸਨ, "ਗੁਰੂ ਜੀ ਪਾਸੋਂ ਕੁਝ ਅਸਚਰਜ ਨਹੀਂ ਪਾਇਆ ਹੈ। ਜੋ ਚਾਹੁਣ ਉਹ ਕਰ ਸਕਦੇ ਹਨ, ਸਾਰੀ ਸ਼ਕਤੀ ਧਾਰਨ ਕੀਤੀ ਹੋਈ ਹੈ, ਜਿਨ੍ਹਾਂ ਦੇ ਅੱਗੇ ਕੋਈ ਵੀ ਅਟਕ ਨਹੀਂ ਸਕਦਾ ਹੈ"॥ ੮॥

**ਪੁਰਿ ਪੁਰਿ ਗ੍ਰਾਮ ਗ੍ਰਾਮ ਘਰ ਘਰ ਮੈਂ। ਕੀਰਤਿ ਕਰਤਿ ਹਰਖ ਧਰਿ ਉਰ ਮੈਂ।**
**ਦੇ ਕਰਿ ਦਰਬ ਸਰਬ ਬੇਦੀਨਿ। ਬਿਦਾ ਕਰੇ ਪਗ ਮਗ ਮਹਿਂ ਦੀਨਿ॥ ੯॥**

ਨਗਰ-ਨਗਰ, ਪਿੰਡ-ਪਿੰਡ, ਘਰ-ਘਰ ਵਿਚ ਦਿਲ ਵਿਚ ਪ੍ਰਸੰਨਤਾ ਧਾਰ ਕੇ ਕੀਰਤੀ ਕਰਦੇ ਸਨ। ਸਾਰੇ ਬੇਦੀਆਂ ਨੂੰ ਧਨ ਦੇ ਕੇ ਵਿਦਾ ਕੀਤਾ ਤੇ ਉਨ੍ਹਾਂ ਆਪਣੇ ਚਰਨ ਮਾਰਗ ਵਿਚ ਧਰ ਲਏ॥ ੯॥

**ਪੁਨ ਸ਼੍ਰੀ ਅੰਗਦਿ ਕੁਲ ਕੇ ਜੇਈ। ਜਥਾ ਜੋਗ ਲੇ ਗਮਨੇ ਤੇਈ।**
**ਸ਼੍ਰੀ ਗੁਰ ਅਮਰਦਾਸ ਕੀ ਅੰਸ਼। ਉੱਜਲ ਮਤਿ ਜਿਨ ਹੁਇ ਜਿਮ ਹੰਸ॥੧੦॥**

ਫਿਰ ਜਿਹੜੇ ਗੁਰੂ ਅੰਗਦ ਦੇਵ ਜੀ ਦੀ ਵੰਸ਼ ਵਿਚੋਂ ਸਨ, ਉਹ ਵੀ ਯਥਾ ਯੋਗ ਧਨ ਲੈ ਕੇ ਚਲੇ ਗਏ। ਸ੍ਰੀ ਗੁਰੂ ਅਮਰਦਾਸ ਦੀ ਅੰਸ਼ ਇਸ ਤਰ੍ਹਾਂ ਉੱਜਲ ਹੈ, ਜਿਨ੍ਹਾਂ ਦੀ ਮੱਤ ਹੰਸਾਂ ਵਰਗੀ ਹੈ॥ ੧੦॥

**ਸਾਦਰ ਦੇਤਿ ਬਿਸਰਜਨ ਕੀਨੇ। ਬ੍ਯਾਹ ਸਰਾਹਤਿ ਚਲੇ ਪ੍ਰਬੀਨੇ।**
**ਮਾਝੇ ਦੇਸ਼ ਸੰਗਤਾਂ ਸਾਰੀ। ਦੁਨੀ ਚੰਦ ਕੋ ਕਰਹਿਂ ਅਗਾਰੀ॥ ੧੧॥**

ਬੜਾ ਆਦਰ ਦੇ ਕੇ ਉਨ੍ਹਾਂ ਨੂੰ ਵਿਦਾ ਕੀਤਾ, ਉਹ ਵਿਆਹ ਦੀ ਸ਼ਲਾਘਾ ਕਰਦੇ ਚਲ ਪਏ। ਮਾਝੇ ਦੇਸ਼ ਦੀ ਸਾਰੀ ਸੰਗਤ ਨੇ ਦੁਨੀ ਚੰਦ ਨੂੰ ਅੱਗੇ ਕੀਤਾ॥ ੧੧॥

**ਹਾਥ ਜੋਰਿ ਸਭਿ ਅਰਜ਼ ਗੁਜ਼ਾਰੀ। 'ਪ੍ਰਭੁ ਜੀ ! ਕਰਹੁ ਖੁਸ਼ੀ, ਹਮ ਤਯਾਰੀ'।**
**ਸਿਰੇਪਾਉ ਸਭਿ ਕੋ ਤਬਿ ਦੀਨੇ। ਗੁਰ ਘਰ ਕੋ ਲੇ ਸਿਰ ਧਰਿ ਲੀਨੇ॥ ੧੨॥**

ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਹੇ ਪ੍ਰਭੂ ਜੀ ! ਸਾਡੇ ਉੱਤੇ ਖੁਸ਼ੀ ਕਰੋ, ਸਾਡੀ ਤਿਆਰੀ ਹੈ।" ਤਦ ਗੁਰੂ ਜੀ ਨੇ ਸਭ ਨੂੰ ਸਿਰੋਪੇ ਦਿੱਤੇ, ਸੰਗਤ ਨੇ ਗੁਰੂ ਘਰ ਦੇ ਸਿਰੋਪੇ ਲੈ ਕੇ ਆਪਣੇ ਸਿਰ 'ਤੇ ਧਰ ਲਏ॥ ੧੨॥

**ਸੁਜਸੁ ਉਚਾਰਤਿ ਗਮਨੇ ਦੇਸ਼। 'ਧੰਨ ਗੁਰੂ ਜਿਨ ਚਲਿਤ ਵਿਸ਼ੇਸ਼'।**
**ਇਸੀ ਰੀਤਿ ਜੇ ਅਨਿਕ ਮਸੰਦ। ਸੰਗ ਸੰਗਤਾਂ ਜਿਨਹੁਂ ਬਿਲੰਦ॥ ੧੩॥**

ਉਹ ਸ੍ਰੇਸ਼ਟ ਜੱਸ ਉਚਾਰਨ ਕਰਦੇ ਆਪਣੇ ਦੇਸ਼ ਨੂੰ ਚਲੇ ਗਏ, "ਧੰਨ ਗੁਰੂ ਜੀ ਹਨ ਜਿਨ੍ਹਾਂ ਦਾ ਵਿਸ਼ੇਸ਼ ਚਰਿੱਤਰ ਹੈ।" ਇਸ ਤਰ੍ਹਾਂ ਹੀ ਹੋਰ ਮਸੰਦ, ਜਿਨ੍ਹਾਂ ਨਾਲ ਬਹੁਤ ਸੰਗਤਾਂ ਸਨ, ਜੱਸ ਕਰਦੇ ਜਾਂਦੇ ਸਨ॥ ੧੩॥

**ਸੋ ਸਭਿ ਸਿਰੇਪਾਉ ਕੋ ਲੈਕੇ। ਗਮਨੇ ਨਿਜ ਦੇਸ਼ਨਿ ਹਰਖੈਕੇ।**
**ਲੰਮੇ, ਘੇਪ ਜਿ ਧੰਨੀ ਆਦਿ। ਕਾਬਲ ਨਰ ਪਸ਼ੌਰ ਅਹਿਲਾਦ॥ ੧੪॥**

ਸਾਰੇ ਸਿਰੋਪੇ ਲੈ ਕੇ, ਪ੍ਰਸੰਨ ਹੋ ਕੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ। ਲਹਿੰਦਾ, ਧੰਨੀ ਤੇ ਘੇਪ ਆਦਿ ਕਾਬਲ, ਪਸ਼ੌਰ ਆਦਿ ਸਥਾਨਾਂ ਦੇ ਜਿਹੜੇ ਵੱਡੀ ਗਿਣਤੀ ਵਿਚ ਸਿੱਖ ਸਨ॥ ੧੪॥

**ਜੋ ਸ਼ਿਕਾਰਪੁਰ, ਬਲਖ ਬੁਖਾਰਾ, ਸੰਗਤਿ ਆਵਤਿ ਜਾਤਿ ਹਜ਼ਾਰਾ।**
**ਨਗਰ ਤੁਲੰਬਾ ਅਰੁ ਮੁਲਤਾਨ। ਨਿਕਟਿ ਦੂਰ ਗਿਨੀਅਹਿ ਕਿਤ ਆਨ॥ ੧੫॥**

ਜਿਹੜੇ ਸ਼ਿਕਾਰਪੁਰ, ਬਲਖ, ਬੁਖਾਰਾ ਆਦਿ ਸਥਾਨ ਸਨ, ਉਥੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਜਾਂਦੀ ਸੀ। ਨਗਰ ਤੁਲੰਬਾ ਅਤੇ ਮੁਲਤਾਨ, ਨੇੜੇ ਦੂਰ ਕਿੰਨਿਆਂ ਦੀ ਗਿਣਤੀ ਕਰੀਏ॥ ੧੫॥

**ਪੂਰਬ ਦੇਸ਼ ਕਾਮਰੂ ਆਦਿ। ਢਾਕਾ, ਕਾਸ਼ੀ, ਫਰਕਾਵਾਦ।**
**ਪਟਣਾ ਪੁਰਿ, ਮਖਸੂਦਾ ਵਾਦ। ਪੁਰਿ ਬੁਰਹਾਨ ਅਕਬਰਾਬਾਦ॥ ੧੬॥**

ਪੂਰਬ ਦੇਸ਼ ਕਾਮਰੂਪ ਆਦਿ, ਢਾਕਾ, ਕਾਸ਼ੀ, ਫਰਕਾਬਾਦ। ਪਟਣਾ ਨਗਰ, ਮਕਸੂਦਾਬਾਦ, ਬੁਰਹਾਨਪੁਰ, ਅਕਬਰਾਬਾਦ ਇਨ੍ਹਾਂ ਸਾਰੇ ਨਗਰਾਂ ਤੋਂ ਸੰਗਤ ਚਲੀ ਆਉਂਦੀ ਸੀ॥ ੧੬॥

*ਨੋਟ :- ਮਕਸੂਦਾਬਾਦ ਬੰਗਾਲ ਦਾ ਸ਼ਹਿਰ ਹੈ, ਇਸ ਨੂੰ ਮੁਰਸ਼ਦਾਬਾਦ ਵੀ ਕਹਿੰਦੇ ਹਨ। ਬੁਰਹਾਨਪੁਰ ਤਾਪਤੀ ਨਦੀ ਦੇ ਕਿਨਾਰੇ ਹੈ। ਅਕਬਰਾਬਾਦ ਆਗਰੇ ਦਾ ਦੂਸਰਾ ਨਾਮ ਹੈ।*

**ਦੱਖਣ ਮਹਿਂ ਉਜੈਨਪੁਰਿ ਰਹੈਂ। ਬਹੁਰ ਹੈਦਰਾਬਾਦ ਨਗਰ ਹੈ।**
**ਸਭਿ ਪੁਰਿ ਤੇ ਸਿਖ ਸੰਗਤਿ ਆਵੈ। ਦਰਸ਼ਨ ਕਰੇ ਕਾਮਨਾ ਪਾਵੈ॥ ੧੭॥**

ਦੱਖਣ ਵਿਚ ਉਜੈਨਪੁਰ ਵਿਚ ਜਿਹੜੇ ਰਹਿੰਦੇ ਸਨ, ਫਿਰ ਹੈਦਰਾਬਾਦ ਨਗਰ ਹੈ। ਸਭ ਨਗਰਾਂ ਤੋਂ ਸਿੱਖ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਕਾਮਨਾ ਪਾਉਂਦੀ ਸੀ॥ ੧੭॥

**ਇਮ ਚਹੁਂ ਚੱਕਨਿ ਸੁਜਸੁ ਪਸਾਰਾ। ਚਲੇ ਆਇਂ ਗੁਰ ਕੇ ਦਰਬਾਰਾ।**
**ਅਨਗਨ ਧਨ ਕੋ ਅਰਪਨ ਕਰੈਂ। ਹਲਤ ਪਲਤ ਸੁਖ ਇੱਛਾ ਧਰੈਂ॥ ੧੮॥**

ਇਸ ਤਰ੍ਹਾਂ ਗੁਰੂ ਜੀ ਦਾ ਚਾਰ ਚੱਕਾਂ ਵਿਚ ਸ੍ਰੇਸ਼ਟ ਜੱਸ ਫੈਲਿਆ ਸੀ, ਸਾਰੇ ਗੁਰੂ ਜੀ ਦੇ ਦਰਬਾਰ ਵਿਚ ਚਲੇ ਆਉਂਦੇ ਸਨ। ਅਣਗਿਣਤ ਧਨ ਅਰਪਣ ਕਰਦੇ ਸਨ, ਲੋਕ ਪਰਲੋਕ ਵਿਚ ਸੁਖ ਦੀ ਇੱਛਾ ਧਾਰਨ ਕਰਦੇ ਸਨ॥ ੧੮॥

ਜੇਸ਼ਟ ਮਾਸ ਬੀਤ ਕਰਿ ਗਯੋ। ਮੰਗਲ ਸਹਿਤ ਬਯਾਹ ਸਭਿ ਭਯੋ।
ਰੁਤ ਗ੍ਰੀਖਮ ਤੇ ਤਪਤ ਬਿਸ਼ਾਲਾ। ਸਤੱਦ੍ਰਵ ਤੀਰ ਪਹੂਚਿ ਕ੍ਰਿਪਾਲਾ॥ ੧੯॥

ਜੇਠ ਦਾ ਮਹੀਨਾਂ ਬੀਤ ਗਿਆ, ਮੰਗਲ ਸਹਿਤ ਵਿਆਹ ਹੋ ਗਿਆ। ਗਰਮੀ ਦੀ ਰੁੱਤ ਆ ਗਈ ਤੇ ਤਪਸ਼ ਬਹੁਤ ਵੱਧ ਗਈ। ਗੁਰੂ ਜੀ ਦਰਿਆ ਸਤਲੁਜ ਦੇ ਕਿਨਾਰੇ ਪਹੁੰਚ ਗਏ॥ ੧੯॥

ਹਿਤ ਜਲ ਕੇਲ ਉਤਾਰੇ ਚੀਰ। ਹੋਇ ਪ੍ਰਵੇਸ਼ਨਿ ਨੀਰ ਗਹੀਰ।
ਤਰਹਿਂ ਅਨੇਕ ਪ੍ਰਕਾਰ ਕਲੋਲਹਿਂ। ਇਤ ਉਤ ਧਾਇ ਧਾਇ ਕਰਿ ਡੋਲਹਿਂ॥੨੦॥

ਜਲ ਵਿਚ ਖੇਡਣ ਵਾਸਤੇ ਕੱਪੜੇ ਉਤਾਰੇ ਤੇ ਡੂੰਘੇ ਪਾਣੀ ਵਿਚ ਦਾਖਲ ਹੋ ਗਏ। ਗੁਰੂ ਜੀ ਅਨੇਕ ਪ੍ਰਕਾਰ ਤਰ ਕੇ ਕਲੋਲਾਂ ਕਰਦੇ ਸਨ ਏਧਰ ਓਧਰ ਭੱਜ ਭੱਜ ਕੇ ਡੋਲਦੇ ਸਨ॥ ੨੦॥

ਪੰਚਹੁਂ ਬੀਰ ਸੰਗ ਹੀ ਖੇਲਹਿਂ। ਹਾਥਨਿ ਸਾਥ ਕਿਲਾਲ ਧਕੇਲਹਿਂ।
ਸੂਰਜ ਮਲ ਕੇ ਪੌਤ੍ਰੇ ਦੋਈ। ਕ੍ਰੀੜਾ ਕਰਹਿਂ ਗੁਰੂ ਸੰਗ ਸੋਈ॥ ੨੧॥

ਬੀਬੀ ਵੀਰੋ ਜੀ ਦੇ ਪੰਜ ਸੂਰਬੀਰ ਪੁੱਤਰਾਂ ਨਾਲ ਖੇਡਦੇ ਸਨ ਤੇ ਹੱਥ ਨਾਲ ਜਲ ਨੂੰ ਧੱਕਦੇ ਸਨ। ਸੂਰਜ ਮਲ ਦੇ ਦੋਵੇਂ ਪੋਤਰੇ ਵੀ ਗੁਰੂ ਜੀ ਨਾਲ ਮਿਲ ਕੇ ਖੇਡਦੇ ਸਨ॥ ੨੧॥

ਕੁਲ ਭੱਲਜਨਿ ਕੇ ਬਾਲਿਕ ਕੇਈ। ਗੁਰ ਕੀ ਬਯ ਸਮਾਨ ਹੈਂ ਜੇਈ।
ਦਯਾਰਾਮ ਪ੍ਰੋਹਤ ਗੁਰ ਕੇਰਾ। ਆਰਬਲਾ ਮਹਿਂ ਅਹੈ ਬਡੇਰਾ॥ ੨੨॥

ਭੱਲਿਆਂ ਦੀ ਕੁਲ ਦੇ ਵੀ ਕਈ ਬਾਲਕ ਸਨ, ਜਿਹੜੇ ਗੁਰੂ ਜੀ ਦੀ ਹਮ ਉਮਰ ਦੇ ਸਨ, ਉਹਵੀ ਗੁਰੂ ਜੀ ਨਾਲ ਮਿਲ ਕੇ ਖੇਡਦੇ ਸਨ। ਗੁਰੂ ਜੀ ਦਾ ਦਇਆ ਰਾਮ ਨਾਮ ਦਾ ਪ੍ਰੋਹਤ ਸੀ, ਉਹ ਉਮਰ ਵਿਚ ਗੁਰੂ ਜੀ ਤੋਂ ਵੱਡਾ ਸੀ॥ ੨੨॥

ਕਿਤਿਕ ਮਸੰਦਨਿ ਕੇ ਸੁਤ ਅਹੈਂ। ਨੰਦ ਚੰਦ ਆਦਿਕ ਸੰਗ ਰਹੈਂ।
ਜਲ ਮਹਿਂ ਸਭਿ ਪ੍ਰਵੇਸ਼ ਜਬਿ ਹੋਏ। ਗਿਨ ਗਿਨ ਕੈ ਕੀਨਸਿ ਦਿਸ਼ਿ ਦੋਏ॥੨੩॥

ਕਈ ਮਸੰਦਾਂ ਦੇ ਪੁੱਤਰ ਸਨ, ਨੰਦ ਚੰਦ ਆਦਿ ਮਸੰਦਾਂ ਦੇ ਪੁੱਤਰ ਸਨ ਉਹ ਵੀ ਗੁਰੂ ਜੀ ਦੇ ਨਾਲ ਰਹਿੰਦੇ ਸਨ। ਜਲ ਵਿਚ ਜਦ ਸਾਰੇ ਪ੍ਰਵੇਸ਼ ਹੋ ਗਏ ਤਾਂ ਗੁਰੂ ਜੀ ਨੇ ਗਿਣ ਗਿਣ ਕੇ ਸਾਰਿਆਂ ਨੂੰ ਦੋਵਾਂ ਪਾਸਿਆਂ ਵਿਚ ਆਹਮਣੇ-ਸਾਹਮਣੇ ਕਰ ਦਿੱਤਾ॥ ੨੩॥

ਛੀਂਟਨਿ ਸੰਗ ਜੰਗ ਕੋ ਕਰੈਂ। ਕੋ ਭਾਜੈ ਕੋ ਬਲ ਕਰਿ ਖਿਰੈ।
ਕਰਜੋ ਗੁਲਾਬ ਰਾਇ ਦਿਸ਼ਿ ਏਕ। ਦਿਸ਼ ਦੂਜੀ ਹੁਇ ਜਲਧਿ ਬਿਬੇਕ॥੨੪॥

ਉਹ ਇਕ ਦੂਜੇ ਨੂੰ ਛਿੱਟੇ ਮਾਰਨ ਦੀ ਜੰਗ ਕਰਦੇ ਸਨ ਕੋਈ ਭੱਜ ਜਾਂਦਾ ਸੀ, ਕੋਈ ਬਲ ਧਾਰ ਕੇ ਖਲੋ ਜਾਂਦਾ ਸੀ। ਗੁਰੂ ਜੀ ਨੇ ਗੁਲਾਬ ਰਾਇ ਨੂੰ ਇਕ ਪਾਸੇ ਕੀਤਾ ਤੇ ਦੂਸਰੇ ਪਾਸੇ ਗਿਆਨ ਦੇ ਸਾਗਰ ਆਪ ਹੋ ਗਏ॥ ੨੪॥

ਇਮ ਬਦ ਕਰਿ ਇਕ ਕੇ ਇਕ ਸਾਥ। ਧਿਰਾਂ ਬਨਾਈ ਦ੍ਵੈ ਗੁਰ ਨਾਥ।
ਪ੍ਰਿਥਕ ਪ੍ਰਿਥਕ ਹ੍ਵੈ ਸਨਮੁਖ ਖਰੇ। ਬਲ ਕਰਿ ਸਭਿ ਛੀਂਟਨਿ ਤੇ ਭਿਰੇ॥੨੫॥

ਇਸ ਤਰ੍ਹਾਂ ਇਕ ਦੇ ਨਾਲ ਇਕ ਮਿਥ ਕੇ, ਗੁਰੂ ਜੀ ਨੇ ਦੋ ਧਿਰਾਂ ਬਣਾ ਦਿੱਤੀਆਂ। ਵੱਖ-ਵੱਖ ਹੋ ਕੇ ਸਾਹਮਣੇ ਖਲੋ ਗਏ, ਬਲ ਕਰਕੇ ਸਾਰੇ ਆਹਮੋ ਸਾਹਮਣੇ ਛਿੱਟੇ ਮਾਰਦੇ ਹੋਏ ਭਿੜ ਪਏ॥ ੨੫॥

ਸਮੁਖ ਛੀਂਟ ਹਾਥਨਿ ਤੇ ਮਾਰਹਿਂ। ਪੁਨਹਿਂ ਧਕੇਲਹਿਂ ਹਾਥ ਉਭਾਰਹਿਂ।
ਪੁਨ ਹਟਿ ਮਿਲਿ ਮਿਲਿ ਬਯਾਕੁਲ ਕਰੈਂ। ਨਹਿਂ ਨ ਬਿਲੋਚਨਿ ਉਘਰਨਿ ਪਰੈਂ॥੨੬॥

ਆਹਮੋ-ਸਾਹਮਣੇ ਹੱਥਾਂ ਨਾਲ ਛਿੱਟੇ ਮਾਰਦੇ ਸਨ, ਫਿਰ ਹੱਥ ਉਭਾਰ ਕੇ ਇਕ ਦੂਸਰੇ ਨੂੰ ਧੱਕਦੇ ਸਨ। ਫਿਰ ਹੱਟ ਕੇ ਇਕ ਦੂਸਰੇ ਨੂੰ ਮਿਲ ਮਿਲ ਵਿਆਕੁਲ ਕਰਦੇ ਸਨ। ਅੱਖਾਂ ਨੂੰ ਉਘੇੜਨ ਨਹੀਂ ਸੀ ਦਿੰਦੇ॥ ੨੬॥

ਮੁੱਦ੍ਰਤ ਹੀ ਜਲ ਬਲ ਤੇ ਰੇਲੈਂ। ਸਮੁਖ ਖਰੇ ਤੇ ਛੀਂਟ ਧਕੇਲੈਂ।
ਕੋ ਬ੍ਯਾਕੁਲ ਹ੍ਵੈ ਭਾਜਿ ਸਿਧਾਵੈ। ਕਿਹ ਰੋਕਹਿਂ ਸੋ ਜਾਨਿ ਨ ਪਾਵੈ॥ ੨੭॥

ਅੱਖਾਂ ਮੀਟੀ ਹੀ ਜਲ ਦੇ ਬਲ ਨਾਲ ਧਕਦੇ ਸਨ, ਸਾਹਮਣੇ ਖੜੇ ਤੇ ਛਿੱਟੇ ਮਾਰ ਕੇ ਧਕੇਲਦੇ ਸਨ। ਕੋਈ ਵਿਆਕੁਲ ਹੋ ਕੇ ਭੱਜ ਜਾਂਦਾ ਸੀ, ਉਸ ਨੂੰ ਰੋਕਦੇ ਸਨ ਤਾਂਕਿ ਉਹ ਜਾ ਨਾ ਸਕੇ॥ ੨੭॥

ਦ੍ਵੈ ਘਟਿਕਾ ਲਗਿ ਕਰਿ ਕਰਿ ਜ਼ੋਰ। ਛੀਂਟਨਿ ਸੰਗ ਭਿਰੇ ਜੁਗ ਓਰ।
ਸ੍ਰੀ ਗੋਬਿੰਦ ਸਿੰਘ ਬਲ ਕਰਿ ਫੇਰ। ਲਿਯੋ ਗੁਲਾਬ ਰਾਇ ਕੋ ਘੇਰ॥ ੨੮॥

ਇਸ ਪ੍ਰਕਾਰ ਦੋ ਘੜੀਆਂ ਤਕ ਜ਼ੋਰ ਲਾ ਲਾ ਕੇ ਛਿੱਟੇ ਪਾ ਪਾ ਕੇ ਦੋਵੇਂ ਪਾਸੇ ਭਿੜੇ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਬਲ ਕਰਕੇ ਗੁਲਾਬ ਰਾਇ ਨੂੰ ਘੇਰ ਲਿਆ॥ ੨੮॥

ਨੇਤ੍ਰ ਨਹੀਂ ਉਘਰਨਿ ਕੋ ਪਾਵੈਂ। ਸ੍ਵਾਸ ਨਾਸਕਾ ਆਇ ਨ ਜਾਵੈ।
ਨੀਠ ਨੀਠ ਲੈ ਬਿਹਬਲ ਹੋਵਾ। ਗੁਰ ਕੇ ਸਮੁਖ ਨ ਜਾਇ ਖਰੋਵਾ॥ ੨੯॥

ਉਹ ਅੱਖਾਂ ਨੂੰ ਖੋਲ੍ਹ ਨਹੀਂ ਸਕਦਾ ਸੀ ਤੇ ਨਾਸਾਂ ਵਿਚ ਸਾਹ ਆਉਂਦਾ ਜਾਂਦਾ ਨਹੀਂ ਸੀ। ਮਸਾਂ-ਮਸਾਂ ਸਾਹ ਲੈ ਕੇ ਵਿਆਕੁਲ ਹੋ ਗਿਆ, ਗੁਰੂ ਜੀ ਦੇ ਸਾਹਮਣੇ ਖਲੋਤਾ ਨਹੀਂ ਸੀ ਜਾਂਦਾ॥ ੨੯॥

ਭਾਜਿ ਚਲ੍ਯੋ ਜਲ ਤਜਿ ਕੈ ਫੇਰ। ਗਯੋ ਨਿਕਸਿ ਘੇਰ੍ਯੋ ਬਹੁ ਬੇਰ।
ਜਾਜਮ ਪਰ ਪਟ ਸਭਿ ਕੇ ਪਰੇ। ਪਾਗ ਬੰਧੀ ਜ੍ਯੋਂ ਕੀ ਤ੍ਯੋਂ ਕਰੇ॥ ੩੦॥

ਫਿਰ ਉਹ ਜਲ ਨੂੰ ਛੱਡ ਕੇ ਭੱਜ ਚਲਿਆ, ਬਹੁਤ ਵਾਰ ਘੇਰਨ ਤੇ ਵੀ ਉਹ ਨਿਕਲ ਗਿਆ। ਇਕ ਖੱਦਰ ਦੀ ਚਾਦਰ ਉੱਤੇ ਸਾਰਿਆਂ ਦੇ ਕੱਪੜੇ ਪਏ ਹੋਏ ਸਨ, ਸਾਰਿਆਂ ਦੀਆਂ ਪੱਗਾਂ ਵੀ ਜਿਵੇਂ ਤਿਵੇਂ ਪਈਆਂ ਸਨ॥ ੩੦॥

ਨਿਕਸਿ ਗੁਲਾਬਰਾਇ ਤਤਕਾਲਾ। ਜਲ ਆਂਖਨਿ ਮਹਿਂ, ਭਯੋ ਬਿਹਾਲਾ।
ਜਲ ਤੇ ਨਿਕਸਿ ਧਾਇ ਕਰਿ ਆਇ। ਸ੍ਰੀ ਗੁਰ ਕੀ ਲਈ ਪਾਗ ਉਠਾਇ॥ ੩੧॥

ਗੁਲਾਬ ਰਾਇ ਤੁਰਤ ਪਾਣੀ ਵਿਚੋਂ ਬਾਹਰ ਨਿਕਲਿਆ, ਅੱਖਾਂ ਵਿਚ ਜਲ ਪੈਣ ਕਰਕੇ ਬਹੁਤ ਬਿਹਾਲ ਹੋਇਆ ਸੀ। ਜਲ ਵਿਚੋਂ ਨਿਕਲ ਕੇ ਭੱਜ ਕੇ ਆਇਆ ਤੇ ਸ੍ਰੀ ਗੁਰੂ ਜੀ ਦੀ ਪੱਗ ਚੁੱਕ ਲਈ॥ ੩੧॥

ਨਿਜ ਸਿਰ ਧਰਿ ਕਰਿ ਦੌਰਨਿ ਕਰ੍ਯੋ। ਤਬਿ ਸੰਗੋ ਤਿਹ ਜਾਤ ਨਿਹਰ੍ਯੋ।
ਗਹਿਬੇ ਧਾਯੋ ਊਚ ਉਚਾਰਾ। 'ਸਿਰ ਪਰ ਤੁਵ ਗੁਰ ਕੀ ਦਸਤਾਰਾ॥ ੩੨॥

ਉਸ ਪੱਗ ਨੂੰ ਆਪਣੇ ਸਿਰ ਤੇ ਰੱਖ ਕੇ ਦੌੜ ਪਿਆ। ਤਦ ਸੰਗੋ ਸ਼ਾਹ ਨੇ ਉਸ ਨੂੰ ਜਾਂਦੇ ਹੋਏ ਨੂੰ ਵੇਖਿਆ, ਉਸ ਨੂੰ ਫੜਨ ਵਾਸਤੇ ਭਜਿਆ ਤੇ ਉੱਚੀ ਆਵਾਜ਼ ਵਿਚ ਬੋਲਿਆ, "ਤੇਰੇ ਸਿਰ ਉੱਤੇ ਗੁਰੂ ਜੀ ਦੀ ਦਸਤਾਰ ਹੈ॥ ੩੨॥

ਅਪਨੀ ਲਿਹੁ ਪਛਾਨਿ ਕੈ ਆਇ। ਮਤਿ ਥਿਰ ਰਹੀ ਨ, ਜਲ ਬਿਚਲਾਇ'।
ਸੁਨਤਿ ਡਰ੍ਯੋ ਪੁਨ ਹਟਿ ਕਰਿ ਆਵਾ। ਜਹਿਂ ਸਭਿਹਿਨਿ ਪਟ ਬ੍ਰਿੰਦ ਧਰਾਵਾ॥ ੩੩॥

ਆ ਕੇ ਆਪਣੀ ਪੱਗ ਪਛਾਣ ਕੇ ਲੈ ਲਵੇ, ਜਲ ਦੇ ਵਿਚ ਤੇਰੀ ਬੁਧੀ ਸਥਿਰ ਨਹੀਂ ਰਹੀ ਹੈ, ਜਲ ਨੇ ਵਿਗਾੜ ਦਿੱਤੀ ਹੈ।" ਇਹ ਸੁਣ ਕੇ ਗੁਲਾਬ ਰਾਇ ਡਰ ਗਿਆ ਤੇ ਫਿਰ ਵਾਪਸ ਆ ਗਿਆ, ਜਿੱਥੇ ਸਾਰਿਆਂ ਦੇ ਕੱਪੜੇ ਧਰੇ ਹੋਏ ਸਨ॥ ੩੩॥

Sri Satguru Jagjit Singh Ji eLlibrary NamdhariElibrary@gmail.com

ਅਪਨੀ ਪਗੀਆ ਕੀਨਿ ਚਿਨਾਰੀ। ਚਾਹਤਿ ਸਿਰ ਕੀ ਧਰੌਂ ਉਤਾਰੀ।
ਜਬਹਿ ਸੀਸ ਕੋ ਹਾਥ ਚਲਾਯੋ। ਸ੍ਰੀ ਕਲਗ਼ੀਧਰ ਨੇ ਦਰਸਾਯੋ॥ ੩੪॥

ਉਸ ਨੇ ਆਪਣੀ ਪੱਗ ਦੀ ਪਛਾਣ ਕੀਤੀ, ਚਾਹੁੰਦਾ ਸੀ ਸਿਰ ਦੀ ਉਤਾਰ ਕੇ ਹੇਠਾਂ ਧਰ ਦੇਵਾਂ। ਜਦ ਸਿਰ ਵਾਲੀ ਪੱਗੜੀ ਨੂੰ ਹੱਥ ਲਾਇਆ, ਸ੍ਰੀ ਕਲਗ਼ੀਧਰ ਨੇ ਵੇਖ ਲਿਆ॥ ੩੪॥

ਕਰਜੋ ਬਾਕ 'ਅਬਿ ਨਹੀਂ ਉਤਾਰੋ। ਇਹੀ ਪਾਗ ਨਿਜ ਸਿਰ ਪਰ ਧਾਰੋ।
ਏਕ ਸਮੈਂ ਐਸੋ ਹੁਇ ਜਾਈ। ਤੂੰ ਪੈ ਹੈਂ ਪਗਿਯਾ ਗੁਰਿਆਈ॥ ੩੫॥

ਉਨ੍ਹਾਂ ਬਚਨ ਕੀਤਾ, "ਹੁਣ ਨਹੀਂ ਉਤਾਰੋ, ਇਹੋ ਪੱਗੜੀ ਹੁਣ ਸਿਰ 'ਤੇ ਧਾਰਨ ਕਰੋ। ਇਕ ਐਸਾ ਸਮਾਂ ਹੋ ਜਾਵੇਗਾ, ਤੇਰੇ ਪਾਸ ਗੁਰਿਆਈ ਦੀ ਪੱਗ ਆਵੇਗੀ॥ ੩੫॥

ਅਬਿ ਲਾਯਕ ਪਗੀਆ ਇਹ ਤੇਰੇ। ਕਬਹਿ ਦੇਹਿਂ ਪਦ ਤੋਹਿ ਉਚੇਰੇ'।
ਤ੍ਰਾਸ ਕਰੇ ਸੁਨਿ ਕੈ ਗੁਰ ਬੈਨ। ਦੇਖਿ ਅਨੁਚਿਤੀ, ਮਨ ਰਿਸ ਹੈ ਨ॥ ੩੬॥

ਹੁਣ ਇਹ ਪੱਗ ਤੇਰੇ ਲਾਇਕ ਹੈ, ਕਦੀ ਤੈਨੂੰ ਉਚੇਰੀ ਪਦਵੀ ਦੇਵਾਂਗੇ।" ਗੁਰੂ ਜੀ ਦੇ ਬਚਨ ਸੁਣ ਕੇ ਉਹ ਡਰ ਗਿਆ। ਅਯੋਗ ਗੱਲ ਵੇਖ ਕੇ ਸ੍ਰੀ ਗੁਰੂ ਜੀ ਦੇ ਮਨ ਵਿਚ ਗੁੱਸਾ ਨਹੀਂ ਆਇਆ ਹੈ॥ ੩੬॥

ਤਬਿ ਸਤਿਗੁਰ ਨੇ ਅਪਰ ਮੰਗਾਈ। ਹਾਸ ਬਿਲਾਸ ਕਰਹਿਂ ਸਮੁਦਾਈ।
'ਭਲੋ ਭਜਾਯੋ ਥਿਰ ਨਹਿਂ ਰਹਜੋ। ਵਹਿਰ ਨਿਕਸਿ ਭੀ ਸੁਧਿ ਨਹਿਂ ਲਹਜੋ' ॥੩੭॥

ਤਦ ਸਤਿਗੁਰੂ ਜੀ ਹੋਰ ਦਸਤਾਰ ਮੰਗਵਾਈ। ਸਾਰਿਆਂ ਨਾਲ ਹਾਸ ਬਿਲਾਸ ਕਰਦੇ ਸਨ, "ਭਲਾ ਭਜਾਇਆ ਹੈ, ਸਥਿਰ ਨਹੀਂ ਰਹਿ ਸਕਿਆ ਹੈ, ਬਾਹਰ ਨਿਕਲ ਕੇ ਵੀ ਸੋਝੀ ਨਹੀਂ ਰਹੀ ਹੈ"॥ ੩੭॥

ਜਬਹਿ ਗੁਰੂ ਅਨੰਦਪੁਰਿ ਤਜਾਰੇ। ਅਬਚਲ ਨਗਰ ਜਾਨਿ ਕਹੁ ਲਾਗੇ।
ਤਹਾਂ ਜਾਇ ਬੈਕੁੰਠ ਪਧਾਰੇ। ਨਹਿਂ ਪੀਛੈ ਕੋ ਗੁਰੂ ਨਿਹਾਰੇ॥ ੩੮॥

ਜਦ ਗੁਰੂ ਜੀ ਨੇ ਅਨੰਦਪੁਰ ਛੱਡਿਆ ਤੇ ਅਬਚਲ ਨਗਰ ਨੂੰ ਜਾਣ ਲੱਗੇ ਤੇ ਓਥੇ ਜਾ ਕੇ ਬੈਕੁੰਠ ਵਿਚ ਚਲੇ ਗਏ, ਪਿੱਛੇ ਕਿਸੇ ਗੁਰੂ ਨੂੰ ਨਹੀਂ ਵੇਖਦੇ ਸਨ॥ ੩੮॥

ਤਬਿ ਅਨੰਦਪੁਰਿ ਸੂੰਨੀ ਜਾਨਿ। ਥਿਰਜੋ ਗੁਲਾਬਰਾਇ ਤਹਿਂ ਆਨਿ।
ਹੋਲੀ ਦੀਪਮਾਲ ਕੋ ਮੇਲਾ। ਲਖਿ ਗੁਰਪੁਰਿ ਕੋ ਹੋਇ ਸਕੇਲਾ॥ ੩੯॥

ਤਦ ਅਨੰਦਪੁਰ ਨੂੰ ਸੁੰਞੀ ਜਾਣ ਕੇ ਗੁਲਾਬ ਰਾਇ ਓਥੇ ਆ ਕੇ ਸਥਿਰ ਹੋ ਗਿਆ। ਹੋਲੀ ਅਤੇ ਦੀਵਾਲੀ ਤੇ ਮੇਲਾ ਲੱਗਣ ਲੱਗ ਗਿਆ। ਗੁਰੂ ਜੀ ਦਾ ਨਗਰ ਜਾਣ ਕੇ ਬਹੁਤ ਦੁਨੀਆਂ ਇਕੱਠੀ ਹੁੰਦੀ ਸੀ॥ ੩੯॥

ਤਬਿ ਮੰਜੀ ਕੋ ਬੈਠਹਿ ਲਾਇ। ਲੇਹਿ ਸੁ ਪੂਜਾ ਧਨ ਸਮੁਦਾਇ।
ਕੇਤਿਕ ਬਰਖ ਰਹਜੋ ਤਹਿਂ ਜੀਵਤਿ। ਸੰਗਤਿ ਮਹਿਂ ਗੁਰ ਆਪੇ ਥੀਵਤਿ॥੪੦॥

ਤਦ ਗੁਲਾਬ ਰਾਇ ਮੰਜੀ ਲਾ ਕੇ ਬੈਠ ਗਿਆ ਤੇ ਪੂਜਾ ਦਾ ਸਾਰਾ ਧਨ ਲੈਂਦਾ ਸੀ। ਕਈ ਸਾਲ ਓਥੇ ਜੀਉਂਦਾ ਰਿਹਾ ਤੇ ਸੰਗਤ ਵਿਚ ਆਪੇ ਗੁਰੂ ਬਣ ਕੇ ਬੈਠਾ ਰਿਹਾ॥ ੪੦॥

ਇਹ ਬਚ ਕਰਜੋ ਸਫਲ ਤਬਿ ਭਯੋ। ਉਰ ਅਹੰਕਾਰ ਅਧਿਕ ਹੁਇ ਗਯੋ।
ਸਤਿਗੁਰ ਬੈਠਨਿ ਕੋ ਜਹਿਂ ਥਾਨ। ਪੂਜਾ ਹਿਤ ਬੈਠਹਿ ਤਹਿਂ ਆਨਿ॥ ੪੧॥

ਇਹ ਬਚਨ ਕੀਤਾ ਤਦ ਸਫਲ ਹੋ ਗਿਆ, ਉਸ ਦੇ ਹਿਰਦੇ ਵਿਚ ਬਹੁਤ ਅਹੰਕਾਰ ਹੋ ਗਿਆ। ਅਨੰਦਪੁਰ ਵਿਖੇ ਸਤਿਗੁਰੂ ਜੀ ਦੇ ਬੈਠਣ ਦਾ ਜਿਹੜਾ ਸਥਾਨ ਸੀ, ਓਥੇ ਪੂਜਾ ਵਾਸਤੇ ਆ ਕੇ ਬੈਠ ਜਾਂਦਾ ਸੀ॥ ੪੧॥

ਇਕ ਗੁਰਬਖਸ਼ ਸਾਧ ਤਹਿਂ ਤਜਾਗਾ। ਸ੍ਰੀ ਗੁਰ ਤੇਗਬਹਾਦਰ ਜਾਗਾ।
'ਧੂਪ ਦੀਪ ਨਿਤ ਕਰਤੇ ਰਹੀਅਹਿ। ਆਨ ਥਾਨ ਜੈਬੋ ਨਹਿਂ ਚਹੀਅਹਿ' ॥੪੨॥

ਗੁਰੂ ਗੋਬਿੰਦ ਸਿੰਘ ਜੀ ਇਕ ਗੁਰਬਖਸ਼ ਨਾਮੀ ਸਾਧ ਨੂੰ ਓਥੇ ਛੱਡ ਕੇ ਗਏ ਸਨ। ਉਸਨੂੰ ਕਿਹਾ ਸੀ ਜਿਹੜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਗ੍ਹਾ ਹੈ, 'ਓਥੇ ਸਦਾ ਧੂਪ ਦੀਪ ਕਰਦੇ ਰਹੋ ਕਿਸੇ ਹੋਰ ਸਥਾਨ 'ਤੇ ਜਾਣਾ ਨਾ ਚਾਹੋ'॥ ੪੨॥

ਰਹਤਿ ਹੁਤੋ ਸੋ ਤਿਸ ਹੀ ਥਾਨਿ। ਪਿਖਯੋ ਗੁਲਾਬਰਾਇ ਕੋ ਮਾਨ।
ਜਬਿ ਗੁਰ ਥਲ ਪਰ ਬੈਠਯੋ ਜਾਇ। ਤਬਿ ਗੁਰਬਖਸ਼ ਸਾਧ ਤਹਿਂ ਆਇ॥੪੩॥

ਉਹ ਉਸ ਸਥਾਨ ਤੇ ਹੀ ਰਹਿੰਦਾ ਸੀ, ਉਸ ਨੇ ਜਦ ਗੁਲਾਬ ਰਾਇ ਦੇ ਅਹੰਕਾਰ ਨੂੰ ਵੇਖਿਆ। ਜਦ ਉਹ ਗੁਰੂ ਸਥਾਨ ਤੇ ਬੈਠਾ ਸੀ ਤਦ ਗੁਰਬਖਸ਼ ਸਾਧ ਓਥੇ ਆਇਆ॥ ੪੩॥

ਮ੍ਰਿਦੁ ਬਾਕਨ ਤੇ ਕਹਿ ਸਮੁਝਾਯੋ। 'ਕਰਨਿ ਅਜੋਗ ਨ ਤੁਹਿ ਬਨਿ ਆਯੋ।
ਅਦਬ ਰਾਖਨੈ ਜਿਸ ਥਲ ਕੇਰਾ। ਤਹਿਂ ਬੈਠੇ ਕਜਾ ਬਨਹਿ ਉਚੇਰਾ?॥੪੪॥

ਮਿੱਠੇ ਬਚਨ ਕਹਿ ਕੇ ਸਮਝਾਇਆ, "ਤੈਨੂੰ ਅਯੋਗ ਕਰਨਾ ਨਹੀਂ ਬਣਦਾ ਹੈ। ਜਿਸ ਸਥਾਨ ਦਾ ਅਦਬ ਰੱਖਣਾ ਹੈ, ਕੀ ਓਥੇ ਬੈਠ ਕੇ ਉੱਚਾ ਬਣ ਜਾਵੇਂਗਾ?॥ ੪੪॥

ਤੁਝ ਕੋ ਦੋਸ਼ ਲਗੈ ਇਹ ਭਾਰੇ। ਭਲੇ ਕਰਮ ਕੋ ਦੂਰ ਬਿਦਾਰੇ।
ਕਯੋਂ ਅਪਰਾਧ ਬਿਸਾਲ ਕਮਾਵੈਂ। ਬੈਠਿ ਅਪਰ ਥਲ, ਲਿਹੁ ਧਨ ਆਵੈਂ' ॥੪੫॥

ਤੈਨੂੰ ਇਹ ਭਾਰੀ ਦੋਸ਼ ਲਗੇਗਾ, ਭਲੇ ਕਰਮ ਨੂੰ ਤੂੰ ਦੂਰ ਕਰ ਦਿੱਤਾ। ਕਿਉਂ ਵਿਸ਼ਾਲ ਅਪਰਾਧ ਕਮਾਉਂਦੇ ਹੋ। ਕਿਸੇ ਹੋਰ ਥਾਂ ਬੈਠ ਕੇ ਧਨ ਪ੍ਰਾਪਤ ਕਰ ਲਵੋ"॥ ੪੫॥

ਸੁਨਤਿ ਗੁਲਾਬਰਾਇ ਖਿਝਿ ਮਹਾਂ। ਬੋਲਯੋ 'ਤੂੰ ਜਾਨਤਿ ਹੈਂ ਕਹਾਂ।
ਹੈਂ ਫਕੀਰ, ਜਾਨੈਂ ਸੁਧ ਸੋਈ। ਗੁਰੂਅਨਿ ਕੀ ਸੂਝਤਿ ਨਹਿਂ ਕੋਈ॥ ੪੬॥

ਇਹ ਸੁਣ ਕੇ ਗੁਲਾਬ ਰਾਇ ਬਹੁਤ ਖਿੱਝ ਕੇ ਬੋਲਿਆ, "ਤੂੰ ਕੀ ਜਾਣਦਾ ਹੈਂ, ਇਕ ਫਕੀਰ ਹੈਂ, ਇਸ ਕਰਕੇ ਵੈਸੀ ਸੂਝ ਹੀ ਰੱਖਦਾ ਹੈਂ ਭਾਵ ਇਕ ਕੇਵਲ ਫਕੀਰਾਂ ਦੀ ਸਾਰ ਹੀ ਜਾਣਦਾ ਹੈਂ। ਗੁਰੂਆਂ ਬਾਰੇ ਤੈਨੂੰ ਕੋਈ ਸੂਝ ਨਹੀਂ ਹੈ॥ ੪੬॥

ਤੂਟਹਿ ਘੂੰਘਟ ਕੋ ਮਤਿ ਤੇਰੋ। ਹਮਰੀ ਦਿਸ਼ਿ ਕਜਾ ਕਰਿਹਹਿਂ ਝੇਰੋ'।
ਸੁਨਿ ਗੁਰਬਖਸ਼ ਕ੍ਰੋਧ ਉਰਿ ਧਾਰਾ। ਖਰੋ ਸਮੁਖ ਇਮ ਸ੍ਰਾਪ ਉਚਾਰਾ॥ ੪੭॥

ਤੇਰੇ ਮੱਤ ਦਾ ਘੁੰਘਟ ਦੂਰ ਹੋ ਜਾਵੇਗਾ, ਸਾਡੇ ਪਾਸੇ ਤੋਂ ਕੀ ਝਗੜਾ ਕਰਦਾ ਹੈ।" ਇਹ ਸੁਣ ਕੇ ਗੁਰਬਖਸ਼ ਨੇ ਹਿਰਦੇ ਵਿਚ ਕ੍ਰੋਧ ਧਾਰਨ ਕੀਤਾ, ਸਾਹਮਣੇ ਖਲੋ ਕੇ ਇਸ ਤਰ੍ਹਾਂ ਸਰਾਪ ਉਚਾਰਨ ਕੀਤਾ॥ ੪੭॥

'ਕੇਤਿਕ ਦਿਨ ਮਹਿਂ ਬੰਸ ਬਿਹੀਨਾ। ਰਹੈਂ ਨ ਕਯੋਂਹੂੰ ਮਰਿ ਹੁਇਂ ਛੀਨਾ'।
ਦੇ ਕਰਿ ਸ੍ਰਾਪ ਸੁ ਕੀਨਿ ਅਨਾਦਰ। ਥਿਰਯੋ ਥਾਨ ਸ੍ਰੀ ਤੇਗਬਹਾਦਰ॥ ੪੮॥

"ਕੁਝ ਦਿਨਾਂ ਵਿਚ ਵੰਸ਼ ਰਹਿਤ ਹੋ ਜਾਵੇਂਗਾ, ਕੋਈ ਨਹੀਂ ਰਹੇਗਾ ਮਰ ਕੇ ਸਾਰੇ ਦੂਰ ਹੋ ਜਾਣਗੇ।" ਇਸ ਤਰ੍ਹਾਂ ਸਰਾਪ ਦੇ ਕੇ ਉਸ ਦਾ ਅਨਾਦਰ ਕੀਤਾ ਤੇ ਆਪ ਗੁਰੂ ਤੇਗ ਬਹਾਦਰ ਵਾਲੇ ਸਥਾਨ ਵਿਖੇ ਰਹਿਣ ਲੱਗ ਪਿਆ॥ ੪੮॥

ਸ੍ਰਾਪ ਸਾਧ ਕੋ ਤਤਛਿਨ ਹੋਯੋ। ਲਾਭ ਮੂਲ ਕੋ ਸਭਿ ਹੀ ਖੋਯੋ।
ਭਯੋ ਬਿਨਾਸ, ਥਿਰਯੋ ਨਹਿਂ ਸੋਈ। ਗੁਰੁ ਬਾਕ ਸਫਲਯੋ ਇਮ ਹੋਈ॥ ੪੯॥

ਸਾਧ ਦਾ ਸਰਾਪ ਤੁਰਤ ਪੂਰਾ ਹੋ ਗਿਆ, ਉਸ ਨੇ ਮੂਲ, ਲਾਭ ਸਭ ਕੁਝ ਗਵਾ ਲਿਆ। ਉਸ ਦਾ ਵਿਨਾਸ਼ ਹੋ ਗਿਆ ਤੇ ਉਹ ਸਥਿਰ ਨਾ ਰਿਹਾ। ਗੁਰੂ ਜੀ ਦਾ ਬਚਨ ਇਸ ਤਰ੍ਹਾਂ ਪੂਰਾ ਹੋਇਆ॥ ੪੯॥

*ਪਹਿਲੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥*

# ਅਧਿਆਇ ਅਠਾਰ੍ਹਵਾਂ

*ਇਕ ਸਿੱਖ ਤੇ ਰਿੱਛ ਦਾ ਪ੍ਰਸੰਗ*

*ਦੋਹਰਾ-* ਸ੍ਰੀ ਸਤਿਗੁਰ ਸਰਬੱਗਜ ਸਭਿ, ਧਰਿ, ਕ੍ਰਿਤੱਗਜ ਬਿਸਾਲ।
ਕਰਤਿ ਅਨੰਦ ਪੁਰਿ ਮਹਿਂ ਅਨੰਦ ਦਰਸਹਿਂ ਦਰਸ਼ਨ ਜਾਲ॥ ੧॥

ਸ੍ਰੀ ਸਤਿਗੁਰੂ ਜੀ ਸਭ ਪ੍ਰਕਾਰ ਸਰਬ ਸਮਰੱਥ, ਧੀਰਜਵਾਨ ਅਤੇ ਕੀਤੇ ਉਪਕਾਰ ਨੂੰ ਜਾਨਣ ਵਾਲੇ ਹਨ। ਅਨੰਦਪੁਰ ਵਿਚ ਸੰਗਤਾਂ ਨੂੰ ਦਰਸ਼ਨ ਦੇ ਕੇ ਅਨੰਦਿਤ ਕਰਦੇ ਹਨ॥ ੧॥

*ਚੌਪਈ-* ਸਹਿਜ ਸੁਭਾਇਕ ਗੁਰ ਸਰਬੱਗਜ। ਸ਼ੋਭਤਿ ਬੈਠੇ ਹੁਤੇ ਕ੍ਰਿਤੱਗਜ।
ਈਖਦ ਸਿੱਖ ਪਾਸ ਪਰਵਾਰਤਿ। ਚਹੂੰ ਓਰ ਚਾਮਰ ਬਰ ਢਾਰਤਿ॥ ੨॥

ਸਹਿਜ ਸੁਭਾਵਕ ਸਰਬ ਸਮਰੱਥ ਗੁਰੂ ਜੀ ਬੈਠੇ ਸ਼ੋਭ ਰਹੇ ਸਨ ਜਿਹੜੇ ਪ੍ਰਭੂ ਜੀ ਸਭ ਦੇ ਕੀਤੇ ਨੂੰ ਜਾਣਦੇ ਹਨ। ਥੋੜੇ ਜੇਹੇ ਸਿੱਖ ਗੁਰੂ ਜੀ ਦੁਆਲੇ ਬੈਠੇ ਸਨ, ਚਾਰੇ ਪਾਸੇ ਸ੍ਰੇਸ਼ਟ ਚੌਰ ਫਿਰ ਰਿਹਾ ਸੀ॥ ੨॥

ਮਹਾਂ ਪ੍ਰਕਾਸ਼ਤਿ ਬੁੱਧਿ ਬਿਲੰਦ। ਜਨ ਤਾਰਨਿ ਮਹਿਂ ਪੂਰਨਚੰਦ।
ਪਦਮਪੱਤ੍ਰ ਸੀ ਆਂਖ ਬਿਸਾਲੀ। ਡੋਰੇ ਸਹਿਤ ਅੰਤ ਮਹਿਂ ਲਾਲੀ॥ ੩॥

ਉੱਚੀ ਬੁੱਧੀ ਮਹਾਨ ਪ੍ਰਕਾਸ਼ਤ ਸੀ, ਗਰੀਬਾਂ ਨੂੰ ਤਾਰਨ ਵਿਚ ਪੂਰਨਮਾਸ਼ੀ ਦੇ ਚੰਦ ਵਾਂਗ ਹਨ। ਕੰਵਲ ਪੱਤਰ ਵਰਗੇ ਵਿਸ਼ਾਲ ਨੈਣ ਹਨ ਤੇ ਕੋਨੇ ਵਲ ਡੋਰੇ ਦੀ ਲਾਲੀ ਹੈ॥ ੩॥

ਤੀਛਨ ਹੈਂ ਕਟਾਖਜ ਬਡ ਈਛਨ। ਚੰਚਲ ਜਨੁ ਖੰਜਨ ਦੇ ਸੀਛਨ।
ਮਹਾਂ ਉਦਾਰ ਮੁਕਤਿ ਲੌ ਦੇਤਿ। ਹੇਰਤਿ ਦਾਸਨਿ ਦੁਖ ਹਰਿ ਲੇਤਿ॥ ੪॥

ਨੇਤਰਾਂ ਦੇ ਕਟਾਖ ਬੜੇ ਤਿੱਖੇ ਹਨ, ਏਨੇ ਚੰਚਲ ਹਨ ਕਿ ਮਾਨੋ ਮਮੋਲੇ ਨੂੰ ਸਿਖਿਆ ਦਿੰਦੇ ਹਨ। ਮਹਾਂ ਉਦਾਰ ਮੁਕਤੀ ਤਕ ਦਿੰਦੇ ਹਨ, ਦਾਸਾਂ ਵਲ ਵੇਖ ਕੇ ਉਨ੍ਹਾਂ ਦੇ ਦੁਖ ਦੂਰ ਕਰ ਦਿੰਦੇ ਹਨ॥ ੪॥

ਕਿਤਿਕ ਕਾਲ ਜਬਿ ਬੈਠਿ ਬਿਤਾਯੋ। ਲੇ ਇਕ ਰੀਛ ਕਲੰਦਰ ਆਯੋ।
ਮਹਾਂਬਲੀ ਬਡ ਦੇਹ ਅਕਾਰਾ। ਕੈਧੌਂ ਜਾਮਵੰਤ ਦੇਹ ਧਾਰਾ॥ ੫॥

ਕਾਫੀ ਸਮਾਂ ਜਦ ਓਥੇ ਬੈਠ ਕੇ ਬਤੀਤ ਕੀਤਾ ਤਾਂ ਇਕ ਕਲੰਦਰ ਰਿੱਛ ਲੈ ਕੇ ਆਇਆ। ਰਿੱਛ ਮਹਾਂਬਲੀ ਅਤੇ ਸਰੀਰ ਦੇ ਵੱਡੇ ਅਕਾਰ ਵਾਲਾ ਸੀ ਮਾਨੋ ਜਾਮਵੰਤ ਨੇ ਦੇਹ ਧਾਰਨ ਕੀਤੀ ਹੋਵੇ॥ ੫॥

*ਨੋਟ :- ਜਾਮਵੰਤ, ਇਕ ਰਿੱਛਾਂ ਦਾ ਸਰਦਾਰ ਸੀ, ਉਹ ਰਾਮਚੰਦਰ ਜੀ ਦਾ ਲੰਕਾ ਦੇ ਯੁੱਧ ਸਮੇਂ ਵੱਡਾ ਸਹਾਇਕ ਬਣਿਆ ਸੀ। ਭਾਗਵਤ ਪੁਰਾਣ ਅਨੁਸਾਰ ਉਸ ਦੀ ਪੁੱਤਰੀ ਜਾਂਬਵਤੀ ਨਾਲ ਕ੍ਰਿਸ਼ਨ ਜੀ ਨੇ ਸ਼ਾਦੀ ਕੀਤੀ ਸੀ। ਬਾਲਮੀਕ ਰਾਮਾਇਣ ਵਿਚ ਲਿਖਿਆ ਹੈ ਕਿ ਬ੍ਰਹਮਾ ਨੇ ਇਕ ਵਾਰ ਆਵਾਸੀ ਲਈ ਸੀ ਤਾਂ ਮੂੰਹ ਵਿਚੋਂ ਜਾਮਵੰਤ ਨਿਕਲਿਆ ਸੀ।*

ਸਭਿ ਅੰਗਨਿ ਪਰ ਬਾਲ ਬਿਸਾਲਾ। ਭੂਰ ਬਰਨ ਨਖ ਭੂਰ ਕਰਾਲਾ।
ਫੋਰਿ ਨਾਸਕਾ ਰੱਜੂ ਪਾਈ। ਚਰਮ ਕਲੰਦਰ ਤਨ ਲਪਟਾਈ॥ ੬॥

ਰਿੱਛ ਦੇ ਸਾਰੇ ਅੰਗਾਂ 'ਤੇ ਬਹੁਤ ਵਾਲ ਸਨ, ਭੂਰਾ ਰੰਗ ਸੀ ਤੇ ਵਿਕਰਾਲ ਨਹੁੰ ਵੀ ਭੂਰੇ ਸਨ। ਨੱਕ ਪਾੜ ਕੇ ਨੱਥ ਪਾਈ ਸੀ ਤੇ ਕਲੰਦਰ ਨੇ ਆਪਣੇ ਸਰੀਰ ਨਾਲ ਚਮੜਾ ਲਪੇਟਿਆ ਸੀ॥ ੬॥

ਲਕੁਟੀ ਹਾਥ ਡਰਾਵਨਿ ਕਾਰਨ। ਜਬਹਿ ਦਿਖਾਇ ਕਰਹਿ ਭਭਕਾਰਨ।
ਸ੍ਰੀ ਸਤਿਗੁਰ ਕੀ ਦ੍ਰਿਸ਼ਟਿ ਅਗਾਰੀ। ਲਗਯੋ ਦਿਖਾਵਨਿ ਤਿਹ ਬਲ ਭਾਰੀ॥੭॥

ਰਿੱਛ ਨੂੰ ਡਰਾਉਣ ਵਾਸਤੇ ਹੱਥ ਵਿਚ ਸੋਟੀ ਫੜੀ ਸੀ ਜਦ ਕਲੰਦਰ ਉਸ ਨੂੰ ਸੋਟੀ ਵਖਾਉਂਦਾ ਸੀ ਤਾਂ ਉਹ ਅਗੋਂ ਭਬਕਦਾ ਸੀ। ਸਤਿਗੁਰੂ ਜੀ ਦੀ ਦ੍ਰਿਸ਼ਟੀ ਅੱਗੇ ਉਹ ਭਾਰੀ ਬਲ ਵਿਖਾਉਣ ਲੱਗਾ॥ ੭॥

ਕੁਸ਼ਤੀ ਲਗੇ ਕਰਨਿ ਬਲ ਧਰੇ। ਕਬਿ ਊਪਰ ਹੋਵਹਿਂ ਕਬਿ ਤਰੇ।
ਇਤ ਉਤ ਫਿਰਤ ਬੀਚ ਮੈਦਾਨ। ਬਡੇ ਸ਼ਬਦ ਕੋ ਕਰਤਿ ਭਯਾਨ॥ ੮॥

ਬਲ ਧਾਰ ਕੇ ਕਲੰਦਰ ਅਤੇ ਰਿੱਛ ਕੁਸ਼ਤੀ ਕਰਨ ਲੱਗੇ, ਕਦੀ ਉੱਤੇ ਹੁੰਦੇ ਸੀ ਤੇ ਕਦੀ ਥੱਲੇ। ਮੈਦਾਨ ਦੇ ਵਿਚ ਏਧਰ ਓਧਰ ਫਿਰਦੇ ਸਨ, ਬੜੀਆਂ ਭਿਆਨਕ ਆਵਾਜ਼ਾਂ ਕੱਢਦੇ ਸਨ॥ ੮॥

ਦੁਹਿ ਪਗ ਪਰ ਭਾਲਕ ਹੁਇ ਖਰੋ। ਆਪਸ ਬਿਖੇ ਅੰਕ ਲੈ ਭਰੋ।
ਇਸ ਪ੍ਰਕਾਰ ਬਹੁ ਘੋਲ ਦਿਖਾਯੋ। ਸਿੱਖਜ ਬਿਲੋਕਤਿ ਕਹਤਿ ਸੁਨਾਯੋ॥ ੯॥

ਦੋ ਲੱਤਾਂ ਉੱਤੇ ਭਾਲੂ ਖੜਾ ਹੋ ਗਿਆ, ਆਪਸ ਵਿਚ ਜੱਫੇ ਭਰਦੇ ਸਨ। ਇਸ ਪ੍ਰਕਾਰ ਬਹੁਤ ਘੋਲ ਵਿਖਾਇਆ। ਇਕ ਸਿੱਖ ਨੇ ਵੇਖ ਕੇ ਕਹਿ ਕੇ ਸੁਣਾਇਆ॥ ੯॥

'ਇਸ ਭਾਲਕ ਕੋ ਬਡੋ ਅਕਾਰਾ। ਨਹਿਂ ਅਸ ਪੂਰਬ ਕਬਹਿ ਨਿਹਾਰਾ।
ਚਮਰਦਾਰ ਕੀਰਤੀਆ ਨਾਮ। ਠਾਂਢੋ ਚੌਰ ਕਰਤਿ ਅਭਿਰਾਮ॥ ੧੦॥

"ਇਸ ਭਾਲੂ ਦਾ ਬਹੁਤ ਵੱਡਾ ਅਕਾਰ ਹੈ ਅਜਿਹਾ ਰਿੱਛ ਪਹਿਲਾਂ ਕਦੀ ਨਹੀਂ ਵੇਖਿਆ। ਇਕ ਕੀਰਤੀਆ ਨਾਮ ਦਾ ਚੌਰਬਰਦਾਰ ਸੀ, ਉਹ ਖੜਾ ਹੋ ਕੇ ਬੜਾ ਮਨੋਹਰ ਚੌਰ ਕਰ ਰਿਹਾ ਸੀ॥ ੧੦॥

ਖੋੜਸ ਬਰਸ ਆਰਬਲ ਜਾਂਹਿ। ਭਾਲਕ ਪਿਖਤਿ ਹਰਖ ਉਰ ਮਾਂਹਿ।
ਕਹਤਿ ਭਯੋ 'ਦੀਰਘ ਇਸ ਦੇਹਿ। ਕਿਮ ਗਹਿ ਲੀਨਸਿ ਇਹ ਦੁਖ ਦੇਹ? ॥੧੧॥

ਸੋਲ੍ਹਾਂ ਬਰਸ ਜਿਸ ਦੀ ਉਮਰ ਸੀ, ਉਹ ਭਾਲੂ ਨੂੰ ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਵੇਖ ਰਿਹਾ ਸੀ। ਕੀਰਤੀਏ ਫਿਰ ਕਿਹਾ, "ਇਸ ਦਾ ਸਰੀਰ ਬਹੁਤ ਵੱਡਾ ਹੈ, ਇਸ ਦੁਖ ਦੇਣ ਵਾਲੇ ਨੂੰ ਕਿਵੇਂ ਫੜ ਲਿਆ ਹੈ ?॥ ੧੧॥

ਕੋ ਅਘ ਕਰਿ ਐਸੀ ਗਤਿ ਹੋਈ? ਸ੍ਰੀ ਸਤਿਗੁਰ ਬਿਨ ਲਖੈ ਨ ਕੋਈ'।
ਸਭਿ ਸਿੱਖਨ ਮਹਿਂ ਕਰੁਨਾ ਸਾਗਰ। ਤਬਿ ਮੁਸਕਾਵਤਿ ਕਹਯੋ ਉਜਾਗਰ॥੧੨॥

ਕਿਹੜੇ ਪਾਪਾਂ ਕਰਕੇ ਇਸ ਦੀ ਐਸੀ ਗਤੀ ਹੋਈ ਹੈ, ਸਤਿਗੁਰੂ ਜੀ ਤੋਂ ਬਗੈਰ ਹੋਰ ਕੋਈ ਨਹੀਂ ਜਾਣ ਸਕਦਾ।" ਫਿਰ ਕਿਰਪਾ ਦੇ ਸਾਗਰ ਭਾਵ ਗੁਰੂ ਜੀ ਨੇ ਮੁਸਕਰਾ ਕੇ ਸਭ ਸਿੱਖਾਂ ਵਿਚ ਪ੍ਰਗਟ ਰੂਪ ਵਿਚ ਕਿਹਾ॥ ੧੨॥

'ਭੋ ਕੀਰਤੀਆ ! ਉਰ ਲਖਿ ਆਪ। ਪ੍ਰਥਮ ਜਨਮ ਮਹਿਂ ਇਹ ਤੁਵ ਬਾਪ।
ਅਘ ਬਡ, ਭਾਲਕ ਦੇਹ ਭਯੋ ਹੈ। ਗਹਯੋ ਇਨਹੁਂ ਕੇ ਬਸੀ ਥਿਯੋ ਹੈਂ' ॥੧੩॥

ਹੇ ਕੀਰਤੀਆ ! ਆਪਣੇ ਹਿਰਦੇ ਵਿਚ ਸਮਝੋ, ਪਿਛਲੇ ਜਨਮ ਵਿਚ ਇਹ ਰਿੱਛ ਤੇਰਾ ਬਾਪ ਸੀ। ਵੱਡੇ ਪਾਪਾਂ ਕਰਕੇ ਇਸ ਨੇ ਭਾਲੂ ਦਾ ਸਰੀਰ ਧਾਰਿਆ ਹੈ, ਫੜੇ ਜਾਣ ਤੇ ਇਨ੍ਹਾਂ ਦੇ ਵੱਸ ਵਿਚ ਪੈ ਗਿਆ ਹੈ" ॥ ੧੩ ॥

**ਕੀਰਤੀਆ ਸਮੇਤ ਸਿਖ ਤਹਾਂ। ਮਾਨਯੋ ਸੁਨਤਿ ਅਚੰਭਾ ਮਹਾਂ।**
**ਹਾਥ ਜੋਰਿ ਕਰਿ ਬਿਨੈ ਸੁਨਾਈ। 'ਸ੍ਰੀ ਸਤਿਗੁਰ ਇਹ ਕਹਾ ਅਲਾਈ ? ॥੧੪॥**

ਕੀਰਤੀਏ ਸਮੇਤ ਜਿਹੜੇ ਓਥੇ ਸਿੱਖ ਸਨ, ਉਨ੍ਹਾਂ ਸਾਰਿਆਂ ਨੇ ਸੁਣ ਕੇ ਮਹਾਂ ਅਚੰਭਾ ਮੰਨਿਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ! ਇਹ ਕੀ ਫੁਰਮਾਇਆ ਹੈ ? ॥ ੧੪ ॥

**ਪਿਤਾ ਆਪ ਕੇ ਪਾਸ ਸਦੀਵ। ਮਮ ਪਿਤ ਰਹਯੋ ਸੇਵ ਕਰਿ ਥੀਵ।**
**ਸੰਗਤਿ ਕੀ ਅਰਦਾਸ ਕਰੰਤਾ। ਜੋ ਪ੍ਰਸ਼ਾਦਿ ਹੁਇ ਸੋ ਬਰਤੰਤਾ॥ ੧੫ ॥**

ਆਪ ਜੀ ਦੇ ਪਿਤਾ ਜੀ ਪਾਸ, ਮੇਰੇ ਪਿਤਾ ਜੀ ਸਦਾ ਸੇਵਾ ਕਰਦੇ ਰਹੇ ਹਨ। ਸੰਗਤ ਦੀ ਅਰਦਾਸ ਕਰਵਾਉਂਦੇ ਸਨ, ਜਿਹੜਾ ਪ੍ਰਸ਼ਾਦ ਹੁੰਦਾ ਸੀ ਉਸ ਨੂੰ ਵਰਤਾ ਦਿੰਦੇ ਸਨ॥ ੧੫ ॥

**ਰਹਤਿ ਹਜ਼ੂਰ ਕਰਤਿ ਨਿਤ ਸੇਵਾ। ਨੌਮੇ ਪਾਤਿਸ਼ਾਹ ਗੁਰਦੇਵਾ।**
**ਕਰਯੋ ਹਜ਼ਾਰਨਿ ਕੋ ਕਲਜਾਨਾ। ਤਿਨ ਕੋ ਸੇਵਤਿ ਰਹਯੋ ਮਹਾਨਾ॥ ੧੬ ॥**

ਉਹ ਗੁਰਦੇਵ ਨੌਵੇਂ ਪਾਤਿਸ਼ਾਹ ਦੀ ਹਜ਼ੂਰੀ ਵਿਚ ਰਹਿ ਕੇ ਨਿਤ ਸੇਵਾ ਕਰਦੇ ਸਨ। ਹਜ਼ਾਰਾਂ ਦਾ ਕਲਿਆਣ ਕੀਤਾ ਹੈ, ਉਨ੍ਹਾਂ ਦੀ ਮਹਾਨ ਸੇਵਾ ਕਰਦੇ ਰਹੇ ਹਨ॥ ੧੬ ॥

**ਜੇ ਤਿਸ ਕੋ ਐਸੋ ਫਲ ਭਯੋ। ਮਾਨੁਖ ਤਨ ਤੇ ਭਾਲਕ ਥਿਯੋ।**
**ਤਿਸ ਗੁਰ ਕੇ ਸਪੂਤ ਹੋ ਆਪ। ਸੇਵਤਿ ਹੁਤੋ ਜਿਨਹੁਂ ਮਮ ਬਾਪ॥ ੧੭॥**

ਜੇ ਉਨ੍ਹਾਂ ਨੂੰ ਐਸਾ ਫਲ ਮਿਲਿਆ ਹੈ, ਜਿਨ੍ਹਾਂ ਨੇ ਮਨੁੱਖਾ ਸਰੀਰ ਤੋਂ ਭਾਲੂ ਦਾ ਸਰੀਰ ਪਾਇਆ ਹੈ। ਉਸ ਗੁਰੂ ਜੀ ਦੇ ਆਪ ਪੁੱਤਰ ਹੋ, ਜਿਨ੍ਹਾਂ ਦੀ ਮੇਰੇ ਪਿਤਾ ਜੀ ਸੇਵਾ ਕਰਦੇ ਰਹੇ ਹਨ॥ ੧੭॥

**ਸੋ ਭਾਲਕ ਤਨ ਭਾ ਇਮ ਭਨਜੋ। ਮੁਝ ਕੋ ਬੰਦਨ ਚਹੀਯਤਿ ਬਨਜੋ।**
**ਰਾਵਰ ਕੀ ਸੇਵਾ ਫਲ ਐਸੇ। ਮਾਨੁਖ ਲਖਹਿਂ ਕਰਹਿਂ ਤਬਿ ਕੈਸੇ॥ ੧੮ ॥**

ਉਨ੍ਹਾਂ ਨੇ ਭਾਲੂ ਦਾ ਸਰੀਰ ਧਾਰਨ ਕੀਤਾ ਹੈ, ਇਸ ਤਰ੍ਹਾਂ ਕਿਹਾ ਹੈ, ਮੈਨੂੰ ਇਨ੍ਹਾਂ ਨੂੰ ਬੰਦਨਾ ਕਰਨੀ ਚਾਹੀਦੀ ਹੈ। ਜੇ ਆਪ ਜੀ ਦੀ ਸੇਵਾ ਕਰਕੇ ਐਸਾ ਫਲ ਮਿਲਦਾ ਹੈ। ਮਨੁੱਖ ਇਸ ਤਰ੍ਹਾਂ ਸਮਝਕੇ ਕਿਵੇਂ ਸੇਵਾ ਕਰ ਸਕਣਗੇ॥ ੧੮ ॥

**ਉੱਤਮ ਪਦ ਮੁਕਤੀ ਲੌ ਜੋਇ। ਚਾਹਤਿ ਨਰ ਸੋ ਸੇਵਕ ਹੋਇ।**
**ਜੇ ਪ੍ਰਾਪਤਿ ਹੁਇ ਫਲ ਬਿੱਪ੍ਰੀਤ। ਨਹਿਂ ਸੇਵਹਿਂ ਤੁਮ ਕੋ ਡਰ ਚੀਤ॥ ੧੯ ॥**

ਉੱਤਮ ਜਿਹੜੀ ਮੁਕਤੀ ਦੀ ਪਦਵੀ ਹੈ, ਜਿਹੜੇ ਮਨੁੱਖ ਚਾਹੁੰਦੇ ਹਨ, ਉਹ ਸੇਵਕ ਬਣਦੇ ਹਨ। ਜੇ ਉਲਟ ਫਲ ਪ੍ਰਾਪਤ ਹੁੰਦਾ ਹੈ ਤਾਂ ਕੋਈ ਵੀ ਚਿੱਤ ਵਿਚ ਡਰ ਮੰਨ ਕੇ ਸੇਵਾ ਨਹੀਂ ਕਰੇਗਾ॥ ੧੯ ॥

**ਸਿੱਖਨ ਗਨ ਕੇ ਆਸ੍ਰੇ ਅਹੋ। ਕੋ ਕਾਰਨ ਭਾ? ਸ੍ਰੀ ਗੁਰ ! ਕਹੋ।**
**ਸਿਖ ਗੁਰਦਾਸ ਨਾਮ ਇਸ ਕੇਰ। ਰਾਖਹੁ ਜਹਿਂ ਕਹਿਂ ਲਾਜ ਘਨੇਰ॥ ੨੦ ॥**

ਤੁਸੀਂ ਸਿੱਖ ਸਮੂਹ ਦਾ ਆਸਰਾ ਹੋ, ਕੀ ਕਾਰਨ ਹੋਇਆ ਹੈ, ਹੇ ਗੁਰੂ ਜੀ ! ਫੁਰਮਾਉ। ਸਿੱਖ ਵੀ ਸੀ ਤੇ ਮੇਰੇ ਪਿਤਾ ਦਾ ਨਾਮ ਵੀ ਗੁਰਦਾਸ ਸੀ। ਜਿੱਥੇ ਕਿੱਥੇ ਤੁਸੀਂ ਆਪਣੇ ਸਿੱਖਾਂ ਦੀ ਘਨੀ ਲਾਜ ਰੱਖਦੇ ਹੋ॥ ੨੦ ॥

Sri Satguru Jagjit Singh Ji eLlibrary NamdhariElibrary@gmail.com

ਯਾਂ ਤੇ ਕਰੁਨਾ ਕਰਹੁ ਸੁਨਾਵਹੁ। ਪੁਨਹਿਂ ਜੂਨਿ ਦੁਖ ਤੇ ਛੁਟਵਾਵਹੁ।
ਆਸ਼੍ਰੈ ਸਭਿ ਸਿੱਖਨ ਕੋ ਔਰ ਨ। ਤੁਮ ਬਿਨ ਸ਼੍ਰੇਯ ਪਾਇ ਕਿਤ ਠੌਰ ਨ ॥੨੧॥

ਇਸ ਕਰਕੇ ਕਿਰਪਾ ਕਰਕੇ ਮੇਰੇ ਪਿਤਾ ਜੀ ਦੇ ਪਿਛਲੇ ਜਨਮ ਦੀ ਕਥਾ ਸੁਣਾਵੋ ਤੇ ਫਿਰ ਦੁਖੀ ਜੂਨ ਤੋਂ ਛੁਡਵਾ ਦੇਵੋ। ਸਾਰੇ ਸਿੱਖਾਂ ਦੇ ਹੋਰ ਆਸ਼ੇ ਨਹੀਂ ਹਨ, ਤੁਹਾਡੇ ਬਗੈਰ ਕਿਸੇ ਹੋਰ ਥਾਂ ਮੁਕਤੀ ਨਹੀਂ ਪਾ ਸਕਦੇ ਹਨ" ॥ ੨੧॥

ਸ੍ਰੀ ਸਤਿਗੁਰ ਤਬਿ ਸਰਬ ਸੁਨਾਈ। 'ਤੋਹਿ ਪਿਤਾ ਇਮ ਜੂਨੀ ਪਾਈ।
ਪੰਚਾਂਮ੍ਰਿਤ ਆਯੋ ਗੁਰ ਪਾਸਾ। ਤੁਵ ਪਿਤ ਨੇ ਕਰਿਕੈ ਅਰਦਾਸਾ ॥੨੨॥

ਸਤਿਗੁਰੂ ਜੀ ਨੇ ਫਿਰ ਸਾਰੀ ਕਥਾ ਸੁਣਾਈ, "ਤੁਹਾਡੇ ਪਿਤਾ ਜੀ ਨੇ ਇਸ ਤਰ੍ਹਾਂ ਰਿੱਛ ਦੀ ਜੂਨ ਪਾਈ। ਗੁਰੂ ਜੀ ਦੇ ਪਾਸ ਕੜਾਹ ਪ੍ਰਸ਼ਾਦਿ ਆਇਆ। ਤੁਹਾਡੇ ਪਿਤਾ ਜੀ ਨੇ ਅਰਦਾਸ ਕਰਕੇ॥ ੨੨॥

ਬਰਤਾਵਨਿ ਲਗਿ ਸੰਗਤਿ ਮਾਂਹੀ। ਸਨੇ ਸਨੇ ਦੇਤੇ ਸਭਿ ਪਾਹੀ।
ਗੁੜ ਲਾਦੇ ਗਾਡੇ ਮਹਿਂ ਕੋਇ। ਤਹਿਂ ਮਾਰਗ ਆਯੋ ਚਲਿ ਸੋਇ॥੨੩॥

ਸੰਗਤ ਵਿਚ ਵਰਤਾਉਣ ਲੱਗੇ, ਹੌਲੀ-ਹੌਲੀ ਸਾਰਿਆਂ ਨੂੰ ਪ੍ਰਸ਼ਾਦਿ ਦਿੰਦੇ ਜਾਂਦੇ ਸਨ। ਕੋਈ ਸਿੱਖ ਗੱਡੇ ਵਿਚ ਗੁੜ ਲੱਦੀ ਉਸ ਰਾਹ 'ਤੇ ਚਲ ਕੇ ਆ ਗਿਆ॥ ੨੩॥

ਗੁਰ ਉਤਰੇ ਸੁਨਿਕੈ ਸਿਖ ਕਾਨ। ਇਕ ਭੇਲੀ ਲੇ ਕਰਿ ਨਿਜ ਪਾਨ।
ਧਰਿ ਆਗੈ ਦਰਸ਼ਨ ਗੁਰੁ ਕਰਜੋ। ਨਮੋ ਕਰਤਿ ਅਵਨੀ ਸਿਰ ਧਰਜੋ॥੨੪॥

ਜਦ ਉਸ ਨੂੰ ਪਤਾ ਲੱਗਾ ਕਿ ਦੇਖੋ ਗੁਰੂ ਜੀ ਨੇ ਉਤਾਰਾ ਕੀਤਾ ਹੈ ਤਾਂ ਗੁੜ ਦੀ ਇਕ ਭੇਲੀ ਆਪਣੇ ਹੱਥ ਵਿਚ ਲੈ ਕੇ। ਉਸ ਗੁਰੂ ਜੀ ਅੱਗੇ ਧਰ ਕੇ ਦਰਸ਼ਨ ਕੀਤੇ, ਬੰਦਨਾ ਕਰਕੇ ਧਰਤੀ 'ਤੇ ਮੱਥਾ ਟੇਕਿਆ॥ ੨੪॥

ਪੁਨ ਉਠਿ ਚਲਜੋ ਸੰਭਾਰਨਿ ਗਾਡੇ। ਮਾਰਗ ਚਲਿਤੇ ਆਇ ਜੁ ਛਾਡੇ।
ਤੁਵ ਪਿਤ ਤਬਿ ਪ੍ਰਸ਼ਾਦ ਬਰਤਾਵੈ। ਸੋ ਸਿਖ ਤਿਹ ਢਿਗ ਗਾ ਉਤਲਾਵੈ॥੨੫॥

ਫਿਰ ਉੱਠ ਕੇ ਗੱਡੇ ਸੰਭਾਲਣ ਚਲੇ ਗਿਆ, ਗੱਡਿਆਂ ਨੂੰ ਉਹ ਰਾਹ ਵਿਚ ਚਲਦੇ ਹੀ ਛੱਡ ਆਇਆ ਸੀ। ਤੇਰਾ ਪਿਤਾ ਉਸ ਸਮੇਂ ਪ੍ਰਸ਼ਾਦਿ ਵਰਤਾ ਰਿਹਾ ਸੀ। ਉਹ ਸਿੱਖ ਕਾਹਲੀ-ਕਾਹਲੀ ਤੇਰੇ ਪਿਤਾ ਜੀ ਪਾਸ ਗਿਆ॥ ੨੫॥

ਧੂਰ ਪੰਥ ਕੀ ਜਿਸ ਪਰ ਪਰੀ। ਬਦਨ ਸ਼ਮਸ਼ ਧੂਸਰ ਸਭਿ ਕਰੀ।
ਬਸਤ੍ਰਨਿ ਪਰ ਜਿਸਕੇ ਰਜ ਛਾਈ। ਸਕਟ ਚੱਕ੍ਰ ਪਗ ਬ੍ਰਿਖਭ ਉਡਾਈ॥੨੬॥

ਜਿਸ ਦੇ ਉੱਤੇ ਰਾਹ ਦੀ ਬਹੁਤ ਧੂੜ ਪਈ ਹੋਈ ਸੀ, ਮੂੰਹ ਤੇ ਦਾੜ੍ਹੀ ਮਿੱਟੀ ਵਰਗੇ ਹੋ ਗਏ ਸਨ। ਜਿਸ ਦੇ ਕੱਪੜਿਆਂ ਉੱਤੇ ਮਿਟੀ ਚੜ੍ਹੀ ਸੀ। ਗੱਡੇ ਦੇ ਪਹੀਆਂ ਅਤੇ ਬਲਦਾਂ ਨੇ ਬਹੁਤ ਮਿੱਟੀ ਉਡਾਈ ਸੀ॥ ੨੬॥

ਤੋਹਿ ਪਿਤਾ ਤੇ ਜਾਚਨਿ ਕਰਜੋ। ਨਹੀਂ ਕਛੂ ਤਿਸ ਕੇ ਕਰ ਧਰਜੋ।
ਪੁਨਹਿਂ ਨਿਕਟਿ ਹੁਇ ਮਾਂਗਜੋ ਕੁਨਕਾ। ਜਿਸਕੇ ਗਾਢੋ ਸਿਦਕ ਸੁ ਮਨ ਕਾ॥੨੭॥

ਤੇਰੇ ਪਿਤਾ ਪਾਸੋਂ ਉਸ ਨੇ ਪ੍ਰਸ਼ਾਦਿ ਮੰਗਿਆ, ਪਰ ਉਸ ਨੇ ਉਸ ਦੇ ਹੱਥ ਉੱਤੇ ਕੁਝ ਵੀ ਨਾ ਧਰਿਆ। ਫਿਰ ਨੇੜੇ ਹੋ ਕੇ ਥੋੜ੍ਹਾ ਪ੍ਰਸ਼ਾਦਿ ਮੰਗਿਆ, ਜਿਸ ਦੇ ਮਨ ਦਾ ਸਿਦਕ ਅਟੱਲ ਸੀ॥ ੨੭॥

ਮੁਖ ਪਾਵਨ ਤੇ ਪਾਵਨ ਹੋਈ। ਉਤਕੰਠਿਤ ਯਾਂਤੇ ਬਹੁ ਸੋਈ।
ਤੁਵ ਪਿਤ ਨੇ ਕਰਿ ਕ੍ਰੋਧ ਘਨੇਰਾ। ਝਿਰਕਨ ਕੀਨਿ ਸਿੱਖ ਤਿਸ ਬੇਰਾ॥੨੮॥

ਪ੍ਰਸ਼ਾਦ ਨੂੰ ਮੁੱਖ ਵਿਚ ਪਾ ਕੇ ਪਵਿੱਤਰ ਹੋਣਾ ਚਾਹੁੰਦਾ ਸੀ, ਇਸ ਕਰਕੇ ਬਹੁਤ ਕਾਹਲਾ ਪੈ ਰਿਹਾ ਸੀ। ਤੇਰੇ ਪਿਤਾ ਨੇ ਬਹੁਤ ਕ੍ਰੋਧ ਕਰਕੇ ਉਸ ਸਮੇਂ ਉਸ ਸਿੱਖ ਨੂੰ ਝਿੜਕ ਕੇ ਕਿਹਾ॥ ੨੮॥

'ਰੀਛ ਬੇਸ ਕਰਿਕੇ ਮਤਿ ਮੂੜ੍ਹਾ। ਕਯੋਂ ਸਭਿ ਪਰ ਤੂੰ ਹੋਤਿ ਅਰੂੜ੍ਹਾ।
ਪਰੇ ਰਹੋ ਠਾਂਢੇ, ਕਯੋਂ ਆਵਹਿਂ। ਬਹੁ ਬੋਲਤਿ ਕਯੋਂ ਰੌਰ ਮਚਾਵਹਿਂ' ॥ ੨੯ ॥

ਹੇ ਮੂਰਖ ਮੱਤ ਵਾਲੇ ! ਰਿੱਛ ਵਾਂਗ ਭੇਸ ਕਰਕੇ ਕਿਉਂ ਸਾਰਿਆਂ ਉੱਤੇ ਚੜ੍ਹਦਾ ਜਾਂਦਾ ਹੈ। ਪਰ੍ਹੇ ਹੋ ਕੇ ਖਲੋਤਾ ਰਹੋ, ਕਿਉਂ ਅੱਗੇ ਆਉਂਦਾ ਹੈਂ, ਬਹੁਤ ਬੋਲ ਕੇ ਕਿਉਂ ਰੌਲਾ ਮਚਾਉਂਦਾ ਹੈਂ"॥ ੨੯॥

ਇਮ ਸੁਨਿਕੈ ਸਿਖ ਹੁਇ ਮਨ ਭੰਗ। ਅਵਨੀ ਹੇਰਤਿ ਬ੍ਰੀੜਾ ਸੰਗ।
ਲਘੁ ਕਨ ਪਰਯੋ ਉਠਾਯੋ ਛਿਤ ਤੇ। ਆਨਨ ਮਹਿਂ ਪਾਯੋ ਗੁਰ ਹਿਤ ਤੇ ॥੩੦॥

ਇਸ ਤਰ੍ਹਾਂ ਸੁਣ ਕੇ ਸਿਦਕ ਵਾਲੇ ਸਿੱਖ ਦਾ ਮਨ ਭੰਗ ਹੋ ਗਿਆ ਉਹ ਸ਼ਰਮਿੰਦਾ ਹੋਇਆ ਧਰਤੀ ਵਲ ਵੇਖਣ ਲੱਗਾ। ਧਰਤੀ ਉੱਤੇ ਪ੍ਰਸ਼ਾਦਿ ਦਾ ਇਕ ਕਿਣਕਾ ਪਿਆ ਸੀ, ਉਸਨੂੰ ਉਸ ਧਰਤੀ ਤੋਂ ਚੱਕ ਲਿਆ ਤੇ ਗੁਰੂ ਜੀ ਦਾ ਹਿਤ ਜਾਣ ਕੇ ਆਪਣੇ ਮੂੰਹ ਵਿਚ ਪਾ ਲਿਆ॥ ੩੦॥

ਵਾਹਿਗੁਰੂ ਕੋ ਸਿਮਰਨ ਕਰਿ ਕੈ। ਤੁਵ ਪਿਤ ਕੋ ਦਿਯ ਸ੍ਰਾਪ ਉਚਰਿਕੈ।
'ਗੁਰ ਸਿੱਖੀ ਕੋ ਲੇਸ਼ ਨ ਤੋਹਿ। ਅਬਹਿ ਸਰੀਰ ਰੀਛ ਕੋ ਹੋਹਿ' ॥ ੩੧ ॥

ਫਿਰ ਵਾਹਿਗੁਰੂ ਦਾ ਸਿਮਰਨ ਕਰਕੇ ਤੇਰੇ ਪਿਤਾ ਨੂੰ ਉਚਾਰਨ ਕਰਕੇ ਸਰਾਪ ਦਿੱਤਾ। ਤੇਰੇ ਵਿਚ ਲੇਸ਼ ਮਾਤਰ ਵੀ ਗੁਰਸਿੱਖੀ ਨਹੀਂ ਹੈ, ਹੁਣ ਤੇਰਾ ਸਰੀਰ ਰਿੱਛ ਦਾ ਹੋ ਜਾਵੇਗਾ"॥ ੩੧॥

ਗਯੋ ਉਤਾਇਲ ਸਕਟੇ ਮਿਲਯੋ। ਕਰੇ ਸਾਥ, ਸੋ ਆਗੇ ਚਲਯੋ।
ਕੇਤਿਕ ਦਿਨ ਬੀਤੇ ਪਿਤ ਤੋਹਿ। ਬਯ ਪੂਰਨ ਤੇ ਮ੍ਰਿਤੁ ਬਸਿ ਹੋਹਿ ॥ ੩੨ ॥

ਬੜੀ ਕਾਹਲੀ-ਕਾਹਲੀ ਚਲੇ ਗਿਆ ਤੇ ਗੱਡਿਆਂ ਨੂੰ ਜਾ ਮਿਲਿਆ ਸਾਰੇ ਗੱਡੇ ਇਕੱਠੇ ਕਰਕੇ ਅੱਗੇ ਚਲ ਪਿਆ। ਤੇਰੇ ਪਿਤਾ ਨੂੰ ਬਾਅਦ ਵਿਚ ਕਈ ਦਿਨ ਬੀਤ ਗਏ, ਉਮਰ ਪੂਰੀ ਹੋਣ ਤੇ ਮੌਤ ਦੇ ਵੱਸ ਹੋ ਗਿਆ॥ ੩੨॥

ਅਮੁਕੇ ਪਰਬਤ ਭਾਲਕ ਭਯੋ। ਹੁਤੋ ਅਲਪ ਹੀ ਇਨ ਗਹਿ ਲਯੋ।
ਸਿਖ ਕੋ ਸ੍ਰਾਪ ਨਿਫਲ ਕਯੋਂ ਜਾਏ। ਜਿਨਕੇ ਚਿਤ ਗੁਰ ਚਰਨ ਟਿਕਾਏ' ॥੩੩॥

ਫਲਾਣੇ ਪਰਬਤ 'ਤੇ ਜਾ ਕੇ ਰਿੱਛ ਦਾ ਸਰੀਰ ਧਾਰਨ ਕੀਤਾ, ਉਸ ਸਮੇਂ ਹਾਲੇ ਛੋਟਾ ਹੀ ਸੀ ਜਦ ਇਸ ਕਲੰਦਰ ਨੇ ਫੜ ਲਿਆ। ਸਿੱਖ ਦਾ ਸਰਾਪ ਕਦੇ ਨਿਸਫਲ ਨਹੀਂ ਜਾਂਦਾ ਹੈ ਜਿਨ੍ਹਾਂ ਆਪਣੇ ਚਿੱਤ ਗੁਰੂ ਜੀ ਦੇ ਚਰਨਾਂ ਵਿਚ ਟਿਕਾਏ ਹਨ"॥ ੩੩॥

ਸੁਨਤਿ ਅਚੰਭੋ ਮਾਨਯੋਂ ਸਭਿਹੂੰ। ਹਾਥ ਜੋਰਿ ਤਿਹ ਸੁਤ ਕਹਿ ਤਬਿ ਹੂੰ।
'ਰਾਵਰ ਭਨੀ ਬਾਤ ਸਭਿ ਨੀਕੀ। ਅਬਿ ਗਤਿ ਕਰੀਏ ਨਿਜ ਸਿਖ ਹੀ ਕੀ ॥੩੪॥

ਸਾਰਿਆਂ ਨੇ ਸੁਣ ਕੇ ਅਸਚਰਜ ਮੰਨਿਆ, ਫਿਰ ਹੱਥ ਜੋੜ ਕੇ ਉਸ ਦੇ ਪੁੱਤਰ ਨੇ ਕਿਹਾ, "ਆਪ ਜੀ ਨੇ ਸਾਰੀ ਚੰਗੀ ਗੱਲ ਕਹੀ ਹੈ, ਹੁਣ ਆਪਣੇ ਸਿੱਖ ਨੂੰ ਮੁਕਤ ਕਰ ਦੇਵੋ॥ ੩੪॥

ਪਤਿਤ ਪਾਵਨੋ ਨਾਮ ਤੁਮਾਰਾ। ਦੋਸ਼ ਅਨੇਕ ਬਿਦਾਰਨਿ ਹਾਰਾ।
ਕ੍ਰਿਪਾ ਦ੍ਰਿਸ਼ਟਿ ਤੇ ਜੂਨ ਛੁਟਾਵੋ। ਅਬਿ ਉੱਤਮ ਗਤਿ ਕੋ ਪਹੁੰਚਾਵੋ' ॥ ੩੫ ॥

ਪਤਿਤ ਪਾਵਨ ਤੁਹਾਡਾ ਨਾਮ ਹੈ, ਤੁਸੀਂ ਅਨੇਕਾਂ ਦੋਸ਼ਾਂ ਨੂੰ ਦੂਰ ਕਰਨ ਵਾਲੇ ਹੋ। ਕਿਰਪਾ ਦ੍ਰਿਸ਼ਟੀ ਕਰਕੇ ਇਸ ਦੀ ਜੂਨ ਛਡਵਾਵੋ, ਹੁਣ ਉੱਤਮ ਗਤੀ ਨੂੰ ਪਹੁੰਚਾ ਦੇਵੋ"॥ ੩੫॥

Sri Satguru Jagjit Singh Ji eLlibrary NamdhariElibrary@gmail.com

ਤਬਿ ਕ੍ਰਿਪਾਲ ਨੇ ਇਕ ਸਿਖ ਭੇਜਾ। 'ਲੇਹੁ ਮੋਲ ਕੋ ਭਾਲਕ ਦੇ ਜਾ'।
ਸੁਨਤਿ ਕਲੰਦਰ ਨੇ ਤਬਿ ਕਹਯੋ। 'ਇਹ ਸਮ ਰੀਛ ਅਪਰ ਨਹਿਂ ਲਹਯੋ ॥ ੩੬ ॥

ਤਦ ਕ੍ਰਿਪਾਲੂ ਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਤੇ ਕਿਹਾ, "ਕਲੰਦਰ ਨੂੰ ਕਹੋ, ਮੁੱਲ ਲੈ ਕੇ ਰਿੱਛ ਦੇ ਜਾਵੋ।" ਇਹ ਸੁਣ ਕੇ ਫਿਰ ਕਲੰਦਰ ਨੇ ਕਿਹਾ, "ਇਸ ਵਰਗਾ ਕੋਈ ਹੋਰ ਰਿੱਛ ਨਹੀਂ ਵੇਖਿਆ ਹੈ॥ ੩੬ ॥

ਇਸ ਕੇ ਸਾਥ ਕਮਾਈ ਮੇਰੀ। ਲੇਹੁਂ ਪੁਰਿਨਿ ਤੇ ਭਿੱਛ' ਘਨੇਰੀ।
ਮੋਹਿ ਰਜਤਪਨ ਦੋ ਸੈ ਦੇਹੁ। ਤੌ ਭਾਲਕ ਕੋ ਰਾਵਰ ਲੇਹੁ' ॥ ੩੭ ॥

ਇਸ ਦੇ ਨਾਲ ਹੀ ਮੇਰੀ ਕਮਾਈ ਚਲਦੀ ਹੈ, ਇਸ ਕਰਕੇ ਮੈਂ ਪਿੰਡਾਂ ਨਗਰਾਂ ਤੋਂ ਬਹੁਤ ਭਿਖਿਆ ਲੈਂਦਾ ਹਾਂ। ਮੈਨੂੰ ਦੋ ਸੌ ਰੁਪਏ ਦੇਵੋ ਤੇ ਰਿੱਛ ਨੂੰ ਆਪ ਲੈ ਲਵੋ" ॥ ੩੭ ॥

'ਏਤੇ ਹੀ ਦਿਹੁ' ਸਤਿਗੁਰ ਕਹੈਂ। ਸੇਵਕ ਗਯੋ ਕੋਸ਼ ਜਹਿਂ ਅਹੈ।
ਲੇ ਕਰਿ ਗਯੋ ਦੀਨ ਤਿਸ ਪਾਹੀ। ਫਿਰਯੋ ਕਲੰਦਰ, ਲੇ ਤਬਿ ਨਾਂਹੀ ॥ ੩੮ ॥

ਸਤਿਗੁਰੂ ਜੀ ਨੇ ਕਿਹਾ, "ਏਨੇ ਹੀ ਦੇ ਦੇਵੋ" ਉਹ ਸਿੱਖ ਓਥੇ ਗਿਆ ਜਿਥੇ ਖਜ਼ਾਨਾ ਸੀ ਤੇ ਪੈਸੇ ਲੈ ਕੇ ਦੇਣ ਵਾਸਤੇ ਉਸ ਦੇ ਪਾਸ ਗਿਆ। ਕਲੰਦਰ ਫਿਰ ਮੁਕਰ ਗਿਆ ਤੇ ਉਸ ਪੈਸੇ ਨਾ ਲਏ ॥ ੩੮ ॥

'ਕਹਤਿ ਭਯੋ ਮੈ ਲੇਉਂ ਘਨੇਰੇ'। ਹਟਿ ਸਿਖ ਭਾਖਯੋ ਗੁਰੂ ਅਗੇਰੇ।
'ਨਹਿਂ ਅਬਿ ਲੇਤਿ ਕਹੈ ਕੁਛ ਔਰਾ। ਕਰਯੋ ਮੋਲ ਨਹਿਂ ਮਾਨਹਿਂ ਬੌਰਾ' ॥ ੩੯ ॥

ਕਹਿਣ ਲੱਗਾ, "ਮੈਂ ਬਹੁਤ ਪੈਸੇ ਲਵਾਂਗਾ", ਵਾਪਸ ਆ ਕੇ ਸਿੱਖ ਨੇ ਗੁਰੂ ਜੀ ਨੂੰ ਦੱਸਿਆ, "ਹੁਣ ਪੈਸੇ ਨਹੀਂ ਲੈਂਦਾ ਹੈ, ਕੁਝ ਹੋਰ ਹੀ ਕਹਿੰਦਾ ਹੈ, ਪਾਗਲ ਨੇ ਜਿੰਨਾ ਮੁੱਲ ਕੀਤਾ ਹੈ ਓਨੇ ਲੈਣੇ ਨਹੀਂ ਮੰਨਿਆ ਹੈ" ॥ ੩੯ ॥

ਤਬਿ ਗੁਰ ਭਨਯੋਂ 'ਲੇਹੁ ਤਿਸ ਛੀਨ'। ਸੁਨਿ ਸਿੱਖਨਿ ਉਠਿ ਤੈਸੇ ਕੀਨਿ।
ਆਨਿ ਹਜ਼ੂਰ ਖਰੋ ਕਰਿ ਦੀਨਿ। ਇਕ ਸਥਾਨ ਬੰਧਾਵਨ ਕੀਨਿ ॥ ੪੦ ॥

ਤਦ ਗੁਰੂ ਜੀ ਕਿਹਾ, "ਉਸ ਪਾਸੋਂ ਖੋਹ ਲਵੋ"। ਸਿੱਖਾਂ ਨੇ ਉੱਠ ਕੇ ਉਸ ਤਰ੍ਹਾਂ ਹੀ ਕੀਤਾ। ਰਿੱਛ ਨੂੰ ਲਿਆ ਕੇ ਗੁਰੂ ਜੀ ਦੇ ਸਾਹਮਣੇ ਖੜਾ ਕਰ ਦਿੱਤਾ ਤੇ ਇਕ ਸਥਾਨ ਤੇ ਬੰਨ੍ਹ ਦਿੱਤਾ ॥ ੪੦ ॥

ਦਯੋਸ ਬਿਤੀਤਯੋ ਜਾਮਨਿ ਛਾਵਾ। ਭਈ ਪ੍ਰਾਤਿ ਸਤਿਗੁਰ ਫੁਰਮਾਵਾ।
'ਸੈ ਕੋ ਪੰਚਾਂਮ੍ਰਿਤ ਕਰਿਵਾਵਹੁ। ਸੁਚ ਸੋਂ ਸ਼ੀਘ੍ਰ ਕਰਹੁ ਲੈ ਆਵਹੁ' ॥ ੪੧ ॥

ਦਿਨ ਬੀਤ ਗਿਆ ਰਾਤ ਪੈ ਗਈ, ਜਦ ਫਿਰ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਸੌ ਰੁਪਏ ਦਾ ਕੜਾਹ ਪ੍ਰਸ਼ਾਦਿ ਕਰਵਾਵੋ ਸੁੱਚਮ ਰੱਖ ਕੇ ਛੇਤੀ ਤਿਆਰ ਕਰਕੇ ਲੈ ਆਵੋ" ॥ ੪੧ ॥

ਰੁਚਿਰ ਬਨਾਯੋ ਆਨਯੋਂ ਪਾਸ। ਖਰੇ ਹੋਇ ਕੀਨਸਿ ਅਰਦਾਸ।
ਸ਼੍ਰੀ ਸਤਿਗੁਰ ਲੇਕੇ ਨਿਜ ਪਾਨ। ਪੰਚਾਂਮ੍ਰਿਤ ਈਖਦ ਕਰਿ ਖਾਨ ॥ ੪੨ ॥

ਸੁੰਦਰ ਪ੍ਰਸ਼ਾਦਿ ਤਿਆਰ ਕਰਕੇ ਗੁਰੂ ਜੀ ਦੇ ਪਾਸ ਲੈ ਆਏ ਤੇ ਖੜੇ ਹੋ ਕੇ ਅਰਦਾਸ ਕੀਤੀ। ਸਤਿਗੁਰੂ ਨੇ ਪ੍ਰਸ਼ਾਦਿ ਆਪਣੇ ਹੱਥ ਵਿਚ ਲੈ ਕੇ ਥੋੜੀ ਮਾਤ੍ਰਾ ਵਿਚ ਖਾਧਾ ॥ ੪੨ ॥

ਸੀਤ ਪ੍ਰਸਾਦਿ ਰੀਛ ਕੋ ਦਯੋ। ਜਬਿ ਮੁਖ ਮਹਿਂ ਸੋ ਪਾਵਤਿ ਭਯੋ।
ਗਯੋ ਉਦਰ ਮਹਿਂ ਤਤਛਿਨ ਮਰਯੋ। ਸ੍ਰਾਪ ਪਾਪ ਸਭਿ ਹੀ ਪਰਹਰਯੋ ॥ ੪੩ ॥

ਫਿਰ ਕੁਝ ਬਚਿਆ ਸੀਤ ਪ੍ਰਸ਼ਾਦਿ ਰਿੱਛ ਨੂੰ ਦਿੱਤਾ। ਜਦ ਰਿੱਛ ਨੇ ਪ੍ਰਸ਼ਾਦਿ ਨੂੰ ਆਪਣੇ ਮੁਖ ਵਿਚ ਪਾਇਆ ਤੇ ਪੇਟ ਵਿਚ ਜਾਂਦਿਆਂ ਹੀ ਤੁਰਤ ਮਰ ਗਿਆ। ਸਰਾਪ ਪਾਪ ਸਭ ਦੂਰ ਹੋ ਗਏ॥ ੪੩॥

ਉਤਮ ਗਤਿ ਕੋ ਪ੍ਰਾਪਤਿ ਹੋਵਾ। ਸਿੱਖਨ ਸਭਿਨਿ ਅਚੰਭੋ ਜੋਵਾ।
'ਧੰਨ ਧੰਨ ਸਤਿਗੁਰਹਿ' ਬਖਾਨਹਿਂ।'ਅਪਨੀ ਗਤਿ ਤੁਮ ਆਪੇ ਜਾਨਹਿਂ' ॥੪੪॥

ਉੱਤਮ ਗਤੀ ਨੂੰ ਪ੍ਰਾਪਤ ਹੋਇਆ, ਸਾਰੇ ਸਿੱਖਾਂ ਨੇ ਵੱਡਾ ਅਚੰਭਾ ਵੇਖਿਆ। ਕਹਿੰਦੇ ਸਨ, "ਧੰਨ ਧੰਨ ਸਤਿਗੁਰੂ ਜੀ, ਤੁਸੀਂ ਆਪਣੀ ਗਤੀ ਆਪ ਹੀ ਜਾਣਦੇ ਹੋ"॥ ੪੪॥

*ਪਹਿਲੀ ਰੁੱਤ ਦਾ ਅਠਾਰ੍ਵਾਂ ਅਧਿਆਇ ਸਮਾਪਤ ਹੋਇਆ॥ ੧੮॥*

## ਅਧਿਆਇ ਉੱਨੀਵਾਂ

*ਗੁਰੂ ਜੀ ਦੀ ਵੀਰਰਸੀ ਨਿੱਤ ਕ੍ਰਿਆ*

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਗੋਵਿੰਦ ਸਿੰਘ ਸੁਜਾਨ।
ਬਲ ਜੁਤਿ ਵਧਹਿ ਸਰੀਰ ਬਡ ਕਰਹਿਂ ਨਰਨਿ ਕਲਜਾਨ॥ ੧॥

ਇਸ ਪ੍ਰਕਾਰ ਸਤਿਗੁਰੂ ਗੋਬਿੰਦ ਸਿੰਘ ਜੀ ਸੁਜਾਨ ਹਨ। ਬਲ ਸਹਿਤ ਸਰੀਰ ਵੱਧ ਰਿਹਾ ਹੈ ਤੇ ਮਨੁੱਖਾਂ ਦਾ ਬਹੁਤ ਕਲਿਆਣ ਕਰ ਰਹੇ ਹਨ॥ ੧॥

ਚੌਪਈ- ਆਯੁਧ ਬਿੱਦਜਾ ਕਹੁ ਅੱਭਜਾਸਹਿਂ। ਅਪਰ ਸਕਲ ਹੀ ਗੇਰਹਿਂ ਪਾਸਹਿ।
ਵਹਿਰ ਜਾਇ ਧਰਿਵਾਇਂ ਨਿਸ਼ਾਨਾ। ਕਰਹਿਂ ਚਲਾਵਨਿ ਧਨੁ ਤੇ ਬਾਨਾ॥੨॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਹਨ, ਹੋਰ ਸਾਰੇ ਪਾਸੇ ਹੀ ਡੇਗਦੇ ਹਨ। ਬਾਹਰ ਜਾ ਕੇ ਨਿਸ਼ਾਨੇ ਰਖਵਾਉਂਦੇ ਹਨ ਤੇ ਧਨੁੱਖ ਤੋਂ ਬਾਨ ਚਲਾਉਂਦੇ ਹਨ॥ ੨॥

ਥਿਰ ਬੀਰਾਸਨ ਹੋਇ ਚਲਾਵਹਿਂ। ਕਬਿ ਠਾਂਢੇ ਹਤਿ ਲੱਛ ਗਿਰਾਵਹਿਂ।
ਕਬਹੁਂ ਕੁਵਾਦਾ ਐਂਚਨਿ ਕਰਹਿਂ। ਜਿਮ ਭੁਜਦੰਡ ਅਧਿਕ ਬਲ ਧਰਹਿਂ॥੩॥

ਬੀਰ ਆਸਣ ਵਿਚ ਸਥਿਰ ਹੋ ਕੇ ਚਲਾਉਂਦੇ ਹਨ, ਕਦੀ ਖੜੇ ਹੋ ਕੇ ਨਿਸ਼ਾਨੇ ਨੂੰ ਡੇਗਦੇ ਹਨ। ਕਦੀ ਕਸਰਤ ਕਰਨ ਵਾਲੀ ਕਮਾਨ ਖਿੱਚਦੇ ਹਨ, ਜਿਸ ਨਾਲ ਬਾਹਾਂ ਵਿਚ ਜ਼ਿਆਦਾ ਬਲ ਧਾਰਨ ਕਰਦੇ ਹਨ॥ ੩॥

ਸੁਨਹਿਂ ਪਿਤਾਮੇ ਕੀ ਵਡਿਆਈ। ਪਰੇ ਜੰਗ ਬਡ ਭਟ ਸਮੁਦਾਈ।
ਦੀਹ ਕਠੋਰ ਸਰਾਸਨ ਧਾਰਹਿਂ। ਸ਼ੱਤ੍ਰੁ ਅਨੇਕਨਿ ਤੇ ਕਰਿ ਪਾਰਹਿਂ॥ ੪॥

ਆਪਣੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਵਡਿਆਈ ਸੁਣਦੇ ਹਨ, ਜਿਨ੍ਹਾਂ ਦੇ ਬਹੁਤ ਵੱਡੇ ਸੂਰਬੀਰਾਂ ਦੇ ਸਮੂਹ ਨਾਲ ਜੰਗ ਹੋਏ ਸਨ। ਉਹ ਬਹੁਤ ਕਠੋਰ ਕਮਾਨ ਧਾਰਨ ਕਰਦੇ ਸਨ ਤੇ ਤੀਰ ਨੂੰ ਅਨੇਕਾਂ ਵੈਰੀਆਂ ਦੇ ਵਿਚ ਦੀ ਪਾਰ ਕਰ ਦਿੰਦੇ ਸਨ॥ ੪॥

ਕੰਕ ਪੰਖ ਲਗਿ ਮੋਟਿਯ ਕਾਨਾ। ਖਪਰੇਮੁਖੀ, ਬਡੇ ਕਰਿ ਬਾਨਾ।
ਜਿਨ ਕੇ ਆਗੇ ਅਰਜੋ ਨ ਕੋਈ। ਕਈ ਬਾਰ ਬਡ ਸੰਘਰ ਹੋਈ॥ ੫॥

ਕੌਂਚ ਪੰਛੀ ਦੇ ਖੰਭਾਂ ਵਾਲੇ ਮੋਟੇ ਦੋਹਰੇ ਫਲ ਵਾਲੇ ਵੱਡੇ ਬਾਨ ਬਣਾ ਕੇ ਚਲਾਉਂਦੇ ਸਨ। ਉਨ੍ਹਾਂ ਦੇ ਅੱਗੇ ਕੋਈ ਵੀ ਅੜਿਆ ਨਹੀਂ ਸੀ, ਉਨ੍ਹਾਂ ਨਾਲ ਕਈ ਵਾਰ ਵੱਡੇ-ਵੱਡੇ ਸੰਘਰਸ਼ ਹੋਏ ਸਨ॥ ੫॥

ਸੁਨਹਿ ਚੌਪ ਚਿਤ ਅਧਿਕ ਵਧਾਵਹਿਂ। ਕਾਰੀਗਰਨਿ ਹਜ਼ੂਰ ਬੁਲਾਵਹਿਂ।
ਦੇਦੇ ਸੀਖ ਘਰਾਵਹਿਂ ਖਪਰੇ। ਇਸੀ ਰੀਤਿ ਗਨ ਆਯੁਧ ਅਪਰੇ॥ ੬॥

ਆਪਣੇ ਪਿਤਾਮੇ ਬਾਰੇ ਸੁਣ ਕੇ ਚਿੱਤ ਵਿਚ ਚਾਹਤ ਹੋਰ ਵਧਾਉਂਦੇ ਸਨ ਤੇ ਕਾਰੀਗਰਾਂ ਨੂੰ ਆਪਣੇ ਪਾਸ ਬੁਲਾਉਂਦੇ ਸਨ। ਸਿਖਿਆ ਦੇ ਦੇ ਕੇ ਤੀਰ ਘੜਵਾਉਂਦੇ ਸਨ, ਏਸੇ ਰੀਤੀ ਨਾਲ ਬਹੁਤ ਹਥਿਆਰ ਤਿਆਰ ਕਰਵਾਏ॥ ੬॥

ਸੇਲੇ, ਸਾਂਗਨ, ਭਾਲੇ ਭਲੇ। ਕਾਰੀਗਰ ਲੇ ਲੇ ਗਨ ਮਿਲੇ।
ਹੇਰਿ ਹੇਰਿ ਸ਼ਸਤ੍ਰਨ ਹਰਖਾਵੈਂ। ਬਖਸ਼ਸ਼ ਧਨ ਕੀ ਅਧਿਕ ਦਿਵਾਵੈਂ॥ ੭॥

ਨੇਜ਼ੇ, ਬਰਛੇ, ਭਾਲੇ, ਭਲੀ ਪ੍ਰਕਾਰ ਤਿਆਰ ਕਰਕੇ ਬਹੁਤ ਕਾਰੀਗਰ ਲੈ ਲੈ ਕੇ ਮਿਲੇ। ਸ਼ਸਤਰਾਂ ਨੂੰ ਵੇਖ ਵੇਖ ਕੇ ਪ੍ਰਸੰਨ ਹੁੰਦੇ ਸਨ ਬਹੁਤ ਧਨ ਬਖਸ਼ਸ਼ ਕਰਕੇ ਉਨ੍ਹਾਂ ਨੂੰ ਦਵਾਉਂਦੇ ਸਨ॥ ੭॥

ਸੁਨਿ ਸੁਨਿ ਜਸੁ ਆਵਹਿਂ ਨਰ ਘਨੇ। ਆਯੁਧ ਅਰਪਤਿ ਹੈਂ ਅਨਗਿਨੇ।
ਬੀਰ ਸਮੀਪੀ ਬਖਸ਼ਨ ਕਰੈਂ। ਗਹੇ ਸੁ ਹਰਖ ਰਿਦੇ ਬਹੁ ਧਰੈਂ॥ ੮॥

ਗੁਰੂ ਜੀ ਦਾ ਜੱਸ ਸੁਣ ਸੁਣ ਕੇ ਬਹੁਤ ਮਨੁੱਖ ਆਉਂਦੇ ਸਨ ਤੇ ਅਣਗਿਣਤ ਸ਼ਸਤਰ ਅਰਪਣ ਕਰਦੇ ਸਨ। ਗੁਰੂ ਜੀ ਅੱਗੇ ਉਹੀ ਹਥਿਆਰ ਸੂਰਬੀਰਾਂ ਨੂੰ ਬਖਸ਼ ਦਿੰਦੇ ਸਨ, ਉਹ ਹਥਿਆਰ ਨੂੰ ਹੱਥ ਵਿਚ ਫੜ ਕੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥ ੮॥

ਕਾਰੀਗਰਨਿ ਟਿਕਾਵਹਿਂ ਬ੍ਰਿੰਦੇ। ਘਰਹਿਂ ਅਨੇਕ ਬਿਧਾਨ ਬਿਲੰਦੇ।
ਦਿਨਪ੍ਰਤਿ ਹੀ ਸਮਾਜ ਬਿਰਧਾਵਹਿਂ। ਰਾਖਹਿਂ ਚਾਕਰ ਜੇ ਢਿਗ ਆਵਹਿਂ॥ ੯॥

ਬਹੁਤ ਕਾਰੀਗਰਾਂ ਨੂੰ ਆਪਣੇ ਪਾਸ ਰੱਖਦੇ ਸਨ, ਉਹ ਸ੍ਰੇਸ਼ਟ ਢੰਗ ਤਰੀਕਿਆਂ ਨਾਲ ਅਨੇਕ ਹਥਿਆਰ ਘੜ ਕੇ ਤਿਆਰ ਕਰਦੇ ਸਨ। ਪ੍ਰਤੀ ਦਿਨ ਸਾਜ਼ੋ-ਸਾਮਾਨ ਅਤੇ ਸਮਾਜ ਵਧਦਾ ਜਾਂਦਾ ਸੀ। ਜਿਹੜੇ ਵੀ ਸੂਰਬੀਰ ਪਾਸ ਆਉਂਦੇ ਸਨ ਉਨ੍ਹਾਂ ਨੂੰ ਨੌਕਰ ਰੱਖ ਲੈਂਦੇ ਸਨ॥ ੯॥

ਕਿਤਿਕ ਦੇਗ ਤੇ ਅਚਹਿਂ ਅਹਾਰਾ। ਕਿਤਿਕ ਰਸਤ ਲੇ ਕਰਹਿਂ ਗੁਜ਼ਾਰਾ।
ਧਨ ਕੀ ਦੇਤਿ ਨੌਕਰੀ ਤਿਨੈ। ਜੋ ਨਿਤ ਰਹਿਤਿ ਬੀਰ ਰਸ ਸਨੈ॥ ੧੦॥

ਕਈ ਲੰਗਰ ਵਿਚੋਂ ਭੋਜਨ ਛਕਦੇ ਸਨ, ਕਈ ਰਸਦ ਲੈ ਕੇ ਗੁਜ਼ਾਰਾ ਕਰਦੇ ਸਨ। ਉਨ੍ਹਾਂ ਨੂੰ ਤਨਖਾਹ ਉੱਤੇ ਨੌਕਰੀ ਦਿੰਦੇ ਸਨ, ਜਿਹੜੇ ਸਦਾ ਹੀ ਬੀਰ-ਰਸ ਵਿਚ ਭਿੱਜੇ ਹੋਏ ਰਹਿੰਦੇ ਸਨ॥ ੧੦॥

ਹਯਨਿ ਅਰੂਢਹਿਂ ਵਹਿਰ ਸਿਧਾਰਹਿਂ। ਬ੍ਰਿੱਤ ਅਖੇਰ ਕਰਹਿਂ ਮੁਦ ਧਾਰਹਿਂ।
ਮ੍ਰਿਗਨ ਧਵਾਇ ਥਕਾਵਹਿਂ ਜਬੈ। ਘੇਰਿ ਘੇਰਿ ਸਰ ਮਾਰਹਿਂ ਤਬੈ॥ ੧੧॥

ਗੁਰੂ ਜੀ ਘੋੜਿਆਂ ਉੱਤੇ ਚੜ੍ਹ ਕੇ ਬਾਹਰ ਜਾਂਦੇ ਸਨ ਤੇ ਪ੍ਰਸੰਨਤਾ ਧਾਰ ਕੇ ਸ਼ਿਕਾਰ ਖੇਡਣ ਜਾਂਦੇ ਸਨ। ਹਿਰਨਾਂ ਨੂੰ ਭਜਾਉਂਦੇ ਸਨ ਤੇ ਜਦ ਉਹ ਥੱਕ ਜਾਂਦੇ ਸਨ ਤਾਂ ਘੇਰ ਘੇਰ ਕੇ ਤੀਰ ਮਾਰਦੇ ਸਨ॥ ੧੧॥

ਕੋ ਤੁਫੰਗ ਕੋ ਛੋਰਤਿ ਹਨੇ। ਸੀਖਹਿਂ ਸ਼ਸਤ੍ਰ ਪ੍ਰਹਾਰਨਿ ਘਨੇ।
ਕੋ ਕ੍ਰਿਪਾਨ ਤੇ ਕਰਹਿ ਸੰਘਾਰਨ। ਕੋ ਤੋਮਰ ਭ੍ਰਮਾਇ ਪਰਹਾਰਨਿ॥ ੧੨॥

ਕੋਈ ਬੰਦੂਕ ਚਲਾ ਕੇ ਮਾਰਦਾ ਸੀ, ਕਈ ਸ਼ਸਤਰ ਚਲਾਉਣੇ ਸਿੱਖਦੇ ਸਨ ਤੇ ਬਾਰ ਬਾਰ ਚਲਾਉਂਦੇ ਸਨ। ਕਈ ਕਿਰਪਾਨ ਮਾਰ ਕੇ ਮਾਰਦੇ ਸਨ। ਕਈ ਨੇਜ਼ਾ ਮਾਰ ਕੇ ਵਾਰ ਕਰਦੇ ਸਨ॥ ੧੨॥

**ਸ਼ਿਕਰੇ, ਜੁਰਰੇ, ਬਾਜ ਰੁ ਸ੍ਵਾਨ। ਇਨ ਤੇ ਕਰਹਿਂ ਅਖੇਰ ਮਹਾਨ।**
**ਹਯ ਅਰੂਢਿਬੇ ਬਿੱਦਜਾ ਫੇਰਨਿ। ਅਧਿਕ ਧਵਾਵਹਿਂ, ਫਾਂਧਹਿਂ ਪ੍ਰੇਰਨ ॥੧੩॥**

ਸ਼ਿਕਰੇ, ਜੁਰਰੇ, ਬਾਜ਼ ਅਤੇ ਕੁੱਤੇ, ਇਨ੍ਹਾਂ ਨਾਲ ਮਹਾਨ ਸ਼ਿਕਾਰ ਖੇਡਦੇ ਸਨ। ਘੋੜਿਆਂ ਉੱਤੇ ਚੜ੍ਹ ਕੇ ਘੋੜੇ ਫੇਰਨ ਦੀ ਵਿਦਿਆ ਕਰਦੇ ਸਨ। ਬਹੁਤ ਭਜਾਉਂਦੇ ਸਨ ਤੇ ਪ੍ਰੇਰ ਕੇ ਛਾਲ ਮਰਵਾਉਂਦੇ ਸਨ॥ ੧੩॥

**ਛਾਲ ਬਿਸਾਲ ਅਲਪ ਕਰਿਵਾਵਹਿਂ। ਬਾਗਨ ਕੇ ਅਨੁਸਾਰ ਭ੍ਰਮਾਵਹਿਂ।**
**ਕਰਹਿਂ ਕੁੰਡਲਾਕਾਰ ਬਿਸਾਲੇ। ਪਲਟਹਿਂ ਤੁਰਤ ਫੁਰਤ ਕਰ ਨਾਲੇ॥ ੧੪॥**

ਵੱਡੀ ਛਾਲ ਤੇ ਛੋਟੀ ਛਾਲ ਮਰਵਾਉਂਦੇ ਸਨ ਤੇ ਵਾਗਾਂ ਦੇ ਅਨੁਸਾਰ ਫੇਰਦੇ ਸਨ। ਵਿਸ਼ਾਲ ਕੁੰਡਲਾਕਾਰ ਕਰਦੇ ਸਨ ਤੇ ਹੱਥ ਨਾਲ ਤੁਰਤ ਫੁਰਤ ਪਲਟਦੇ ਸਨ॥ ੧੪॥

**ਪੁਨਹਿ ਅਟੇਰਨ ਕੀ ਬਿਧਿ ਪ੍ਰੇਰਨ। ਹੇਤੁ ਚਲਾਕੀ ਫਿਰ ਫਿਰ ਫੇਰਨਿ।**
**ਦਿਨ ਪ੍ਰਤਿ ਬਹੁ ਬਿਲਾਸ ਗੁਰ ਕਰੈਂ। ਪਿਖਿ ਸਿਖ ਸੰਗਤਿ ਇਮ ਉਰ ਧਰੈਂ॥੧੫॥**

ਫਿਰ ਸੂਤ ਦੇ ਅਟੇਰਨ ਵਾਂਗ ਘੋੜੇ ਨੂੰ ਪ੍ਰੇਰਦੇ ਸਨ। ਚਲਾਕੀ ਵਾਸਤੇ ਫਿਰ-ਫਿਰ ਫੇਰਦੇ ਸਨ। ਪ੍ਰਤੀ ਦਿਨ ਗੁਰੂ ਜੀ ਬਹੁਤ ਬਿਲਾਸ ਕਰਦੇ ਸਨ। ਵੇਖ ਵੇਖ ਕੇ ਸੰਗਤ ਵੀ ਉਸ ਤਰ੍ਹਾਂ ਹੀ ਧਾਰਨ ਕਰਦੀ ਸੀ॥ ੧੫॥

**ਰੀਤਿ ਪਿਤਾਮੇ ਕੀ ਉਰਧਾਰੀ। ਬਿਧਿ ਸੰਘਰ ਕੀ ਸਕਲ ਸੰਭਾਰੀ।**
**ਇਹ ਘਾਲਹਿਂ ਸ਼ੱਤ੍ਰੁਨਿ ਘਮਸਾਨੇ। ਆਯੁਧ ਬਿੱਦਜਾ ਮਹਿਂ ਸਵਧਾਨੇ॥ ੧੬॥**

ਆਪਣੇ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਰੀਤ ਹਿਰਦੇ ਵਿਚ ਧਾਰਨ ਕੀਤੀ ਸੀ। ਉਨ੍ਹਾਂ ਦੀ ਸਾਰੀ ਸੰਘਰਸ਼ ਦੀ ਵਿਧੀ ਨੂੰ ਸੰਭਾਲ ਲਿਆ। ਸ਼ਸਤਰ ਵਿਦਿਆ ਵਿਚ ਸਾਵਧਾਨ ਹੋ ਕੇ ਉਹ ਵੈਰੀਆਂ ਦੇ ਘਮਸਾਣ ਘਾਲਦੇ ਸਨ॥ ੧੬॥

**ਜਥਾ ਚਰਿੱਤ੍ਰ ਤਿਨਹੁਂ ਕੇ ਸੁਨੇ। ਤਥਾ ਇਨਹੁਂ ਮੈਂ ਪਈਯਤਿ ਘਨੇ।**
**ਕ੍ਰਾਂਤਿਮਾਨ ਬਡ ਰੂਪ ਪ੍ਰਕਾਸ਼ਹਿ। ਹੁਇ ਪ੍ਰਸੰਨ ਬਖਸ਼ਤਿ ਸੁਖਰਾਸਹਿ॥ ੧੭॥**

ਜਿਵੇਂ ਉਨ੍ਹਾਂ ਦੇ ਚਰਿਤਰ ਸੁਣੇ ਸਨ, ਉਸ ਤਰ੍ਹਾਂ ਹੀ ਇਨ੍ਹਾਂ ਵਿਚ ਘਨੇ ਪਾਏ ਜਾਂਦੇ ਹਨ। ਸ਼ੋਭਾ ਵਾਲਾ ਵੱਡਾ ਸਰੂਪ ਪ੍ਰਕਾਸ਼ਦਾ ਹੈ, ਸੁਖਾਂ ਦੀ ਰਾਸ ਭਾਵ ਗੁਰੂ ਜੀ ਪ੍ਰਸੰਨ ਹੋ ਕੇ ਬਖਸ਼ ਦਿੰਦੇ ਹਨ॥ ੧੭॥

**ਜਿਨ ਕੀ ਰੀਝ ਖੀਝ ਬਿਨ ਮੋਘੂ। ਨਾਸਹਿਂ ਬਿਘਨ ਅਘਨ ਕੇ ਉਘੂ।**
**ਆਇ ਦੂਰ ਤੇ ਦਰਸ਼ਨ ਕਰਹਿਂ। ਪੁਨ ਘਰ ਬਿਖੈ ਪਜਾਨ ਨਿਤ ਧਰਹਿਂ॥੧੮॥**

ਗੁਰੂ ਜੀ ਦੀ ਕਿਰਪਾਲਤਾ ਤੇ ਗੁੱਸਾ ਖਾਲੀ ਨਹੀਂ ਜਾਂਦੇ ਹਨ, ਭਾਵ ਕਿਸੇ ਤੇ ਰੀਝਣਾ ਤੇ ਖਿਝਣਾ ਸੁਖ ਤੇ ਦੁਖ ਦਾ ਅਸਰ ਕਰ ਜਾਂਦਾ ਹੈ। ਸੰਗਤਾਂ ਦੂਰ ਤੋਂ ਆ ਕੇ ਦਰਸ਼ਨ ਕਰਦੀਆਂ ਹਨ ਫਿਰ ਨਿਤ ਆਪਣੇ ਘਰਾਂ ਨੂੰ ਚਲੇ ਜਾਂਦੀਆਂ ਹਨ॥ ੧੮॥

**ਗੁਰ ਮੂਰਤ ਸੂਰਤ ਬਰ ਚਾਰੂ। ਬਰਨੌਂ ਮੈਂ ਅਬਿ ਤਿਸੀ ਪ੍ਰਕਾਰੂ।**
**ਜੇ ਸਿਖ ਸੁਨਿ ਸੁਨਿ ਕਰੈਂ ਧਯਾਨ। ਚਾਰ ਪਦਾਰਥ ਪ੍ਰਾਪਤਿ ਪਾਨ॥ ੧੯॥**

ਗੁਰੂ ਜੀ ਦੀ ਮੂਰਤ ਸੂਰਤ ਸ੍ਰੇਸ਼ਟ ਸੁੰਦਰ ਹੈ, ਮੈਂ ਉਸ ਨੂੰ ਹੁਣ ਉਸ ਪ੍ਰਕਾਰ ਹੀ ਵਰਣਨ ਕਰਦਾ ਹਾਂ। ਜਿਹੜੇ ਸਿੱਖ ਸੁਣ ਸੁਣ ਕੇ ਧਿਆਨ ਕਰਦੇ ਹਨ, ਉਹ ਚਾਰ ਪਦਾਰਥ ਪ੍ਰਾਪਤ ਕਰ ਲੈਂਦੇ ਹਨ॥ ੧੯॥

**ਪਦ ਅਰਬਿੰਦੈ ਮ੍ਰਿਦੁਲ ਮਨਿੰਦੇ। ਅਰੁਣ ਬਰਣ ਤਿਨ ਚਰਣ ਮੁਕੰਦੇ।**
**ਜਿਨ ਸਿੱਖਨਿ ਕੇ ਮਨ ਅਨੁਰਾਗੇ। ਭਏ ਲਾਲ ਲਾਗੇ ਜੁਗ ਪਾਗੇ॥ ੨੦॥**

ਗੁਰੂ ਜੀ ਦੇ ਚਰਨ ਕੰਵਲ ਵਾਂਗ ਕੋਮਲ ਹਨ ਮੁਕਤੀ ਦਾਤੇ ਗੁਰੂ ਜੀ ਦੇ ਚਰਨਾਂ ਦਾ ਰੰਗ ਲਾਲ ਹੈ। ਦੋਵਾਂ ਚਰਨਾਂ ਨੂੰ ਜਿਹੜੇ ਮਨ ਪ੍ਰੇਮ ਨਾਲ ਲੱਗੇ ਹਨ, ਸੋ ਮਨ ਲਾਲ ਹੋ ਗਏ ਭਾਵ ਲਾਲ ਵਾਂਗ ਅਮੋਲਕ ਹੋ ਗਏ॥ ੨੦॥

**ਨਖਸੁੰਦਰ ਸ਼ੋਭਤਿ ਇਮ ਖਰੇ। ਜਨੁ ਲਾਲੀ ਪਰ ਹੀਰੇ ਧਰੇ।**
**ਏੜੀ ਕੋਮਲੁ ਬ੍ਰਿਤਲਾਕਾਰ। ਜਨੁ ਫਲ ਕੋਹਰ ਲਾਲ ਉਦਾਰ॥ ੨੧॥**

ਸੁੰਦਰ ਨਹੁੰ ਖੜੇ ਇੰਝ ਸ਼ੋਭ ਰਹੇ ਹਨ ਮਾਨੋ ਲਾਲੀ ਉੱਤੇ ਹੀਰੇ ਧਰੇ ਹਨ ਗੁਰੂ ਜੀ ਦੀਆਂ ਅੱਡੀਆਂ ਕੋਮਲ ਅਤੇ ਗੋਲ ਹਨ, ਮਾਨੋ ਕੌਂਹਰ ਦਾ ਪੱਕਾ ਹੋਇਆ ਲਾਲ ਫਲ ਹੈ॥ ੨੧॥

**ਤਰੁਵਾ ਬ੍ਰਿਛਤੇ ਊਰਧ ਐਸੇ। ਕਮਠ ਪੀਠ ਹੁਇ ਕੋਮਲ ਜੈਸੇ।**
**ਸੁਮਿਲਿ ਆਂਗੁਰੀ ਸੂਧੀ ਸੋਹੈਂ। ਦੁਤਿ ਪੱਲਵ ਕੀ ਜਿਨੁ ਮਨ ਮੋਹੈ॥ ੨੨॥**

ਉਂਗਲੀਆਂ ਦੀ ਆਕ੍ਰਿਤੀ ਤੋਂ ਪੈਰ ਦੀ ਅੱਡੀ ਇੰਝ ਉੱਚੀ ਹੈ ਜਿਵੇਂ ਕੱਛੂ ਦੀ ਪਿੱਠ ਹੋਵੇ, ਪਰ ਉਹ ਕਰੜੀ ਹੁੰਦੀ ਹੈ, ਪਰ ਇਹ ਕੋਮਲ ਹੈ। ਮਿਲੀਆਂ ਹੋਈਆਂ ਉਂਗਲਾਂ ਸਿੱਧੀਆਂ ਸ਼ੋਭ ਰਹੀਆਂ ਹਨ, ਜਿਨ੍ਹਾਂ ਦੀ ਕਰੂੰਬਲਾਂ ਵਰਗੀ ਸੁੰਦਰਤਾ ਮਨ ਨੂੰ ਮੋਹ ਰਹੀ ਹੈ॥ ੨੨॥

**ਸ਼ੁਭਤਿ ਪਗਨਿ ਪਰ ਗੁਲਫ ਉਚੇਰੇ। ਜਿਨ ਮੋ ਸ਼ੁਭ ਲੱਛਨ ਸਭਿ ਹੇਰੇ।**
**ਜੁਗਲ ਜੰਘ ਜਾਨੂ ਦਿਢ ਹੋਏ। ਮਨਹੁੰ ਓਜ ਕੇ ਥੰਭ ਖਰੋਏ॥ ੨੩॥**

ਚਰਨਾਂ ਉੱਤੇ ਉੱਚੇ ਗਿੱਟੇ ਸ਼ੋਭ ਰਹੇ ਹਨ, ਜਿਨ੍ਹਾਂ ਵਿਚ ਸਾਰੇ ਸ਼ੁਭ ਲੱਛਣ ਦਿਖਾਈ ਦਿੰਦੇ ਹਨ। ਦੋਵੇਂ ਲੱਤਾਂ ਅਤੇ ਗੋਡੇ ਦ੍ਰਿੜ ਹੋਏ ਹਨ ਮਾਨੋ ਸ਼ਕਤੀ ਦੇ ਖੰਭੇ ਖਲੋਤੇ ਹਨ॥ ੨੩॥

**ਉਦਰ ਸ-ਤ੍ਰਿਵਲੀ ਸੁੰਦਰ ਸੋਹਤਿ। ਨਾਭਿ ਗੰਭੀਰ ਦਿਪਤ ਚਿਤ ਮੋਹਤਿ।**
**ਬਾਹੁ ਅਜਾਨੁ ਸੁ ਅਰਲਾ ਮਾਨੋ। ਸ਼ੁਭਤਿ ਕਰੀ ਕਰ ਬਲੀ ਮਹਾਨੋ॥ ੨੪॥**

ਪੇਟ ਉੱਤੇ ਤਿੰਨ ਵਲਾਂ ਵਾਲੀ ਰੇਖਾ ਸੁੰਦਰ ਸ਼ੋਭ ਰਹੀ ਹੈ ਨਾਭੀ ਗੰਭੀਰ ਚਮਕਦੀ ਹੈ ਤੇ ਚਿੱਤ ਨੂੰ ਮੋਹਤ ਕਰ ਰਹੀ ਹੈ ਗੋਡਿਆਂ ਤਕ ਲੰਮੀਆਂ ਬਾਹਾਂ, ਅੱਲ ਵਰਗੀਆਂ ਹਨ, ਭਾਵ ਗੋਲ ਤੇ ਲੰਮੀਆਂ ਹਨ, ਉਹ ਮਹਾਨ ਬਲਵਾਨ ਹਾਥੀ ਦੀ ਸੁੰਡ ਵਾਂਗ ਸ਼ੋਭਦੀਆਂ ਹਨ॥ ੨੪॥

**ਦਿਪਤ ਪ੍ਰਚੰਡ ਬਡੇ ਭੁਜ ਦੰਡੰ। ਮਨਹੁੰ ਬੱਜ੍ਰ ਕੇ ਇਹ ਜੁਗ ਖੰਡੰ।**
**ਆਯੁਤ ਛਾਤੀ ਅਤਿਸ਼ੈ ਗਾਢੇ। ਮਨਹੁੰ ਕਪਾਟ ਕਠਨ ਰਿਪੁ ਠਾਂਢੇ॥ ੨੫॥**

ਪ੍ਰਚੰਡ ਵੱਡੇ-ਵੱਡੇ ਡੌਲੇ ਬਹੁਤ ਸ਼ੋਭਦੇ ਹਨ, ਮਾਨੋ ਬੱਜਰ ਦੇ ਇਹ ਦੋ ਟੁਕੜੇ ਹੋਣ। ਚੌੜੀ ਛਾਤੀ ਬਹੁਤ ਸ਼ਕਤੀਸ਼ਾਲੀ ਹੈ, ਮਾਨੋ ਵੈਰੀਆਂ ਨੂੰ ਰੋਕਣ ਵਾਸਤੇ ਮਜ਼ਬੂਤ ਤਖ਼ਤੇ ਹਨ॥ ੨੫॥

**ਤੁੰਗ ਸਿਕੰਧਨ ਤੇ ਜੁਗ ਛੈਲੰ। ਜਿਮ ਕ੍ਰਿਖਚਰ ਸੂਨੋ ਬਡ ਬੈਲੰ।**
**ਮੁਕਤਾ ਮਾਲ ਬਿਸਾਲ ਉਜਾਲੀ। ਗੋਲ ਮੋਲ ਬਡ ਕੇ ਦੁਤਿ ਸ਼ਾਲੀ॥ ੨੬॥**

ਦੋਵੇਂ ਮੋਢੇ ਬਹੁਤ ਉੱਚੇ ਹੋਣ ਕਰਕੇ ਬਹੁਤ ਸੁੰਦਰ ਹਨ, ਜਿਵੇਂ ਰਾਖੀ ਰਹਿਤ ਖੇਤੀ ਖਾਣ ਵਾਲੇ ਸਾਨ੍ਹ ਦਾ ਬੰਨ੍ਹ ਬਹੁਤ ਵੱਡਾ ਹੁੰਦਾ ਹੈ। ਮੋਤੀਆਂ ਦੀ ਮਾਲਾ ਵਿਸ਼ਾਲ ਉੱਜਲ ਹੈ, ਗੋਲ ਮੋਲ ਵੱਡੇ ਮਣਕੇ ਸ਼ੋਭਾ ਦਾ ਘਰ ਹਨ॥ ੨੬॥

**ਚਿਬਕ ਚਾਰੁ ਚਹੁੰਗਿਰਦ ਸੁਹਾਵਤਿ। ਫਲ ਰਸਾਲਨੂਤਨ ਜਨੁ ਭਾਵਤਿ।**
**ਅਧਰ ਮ੍ਰਿਦੁਲ ਸ਼ੁਭ ਲਾਲ ਬਿਸਾਲਾ। ਹੀਰਨਿ ਪੰਕਤਿ ਦੰਤ ਉਜਾਲਾ॥ ੨੭॥**

ਸੁੰਦਰ ਠੋਡੀ ਚਾਰੇ ਪਾਸੇ ਸ਼ੋਭ ਰਹੀ ਹੈ, ਅੰਬ ਦਾ ਨਵਾਂ ਫਲ ਜਿਵੇਂ ਸਭ ਨੂੰ ਬਹੁਤ ਚੰਗਾ ਲੱਗਦਾ ਹੈ, ਇਸ ਤਰ੍ਹਾਂ ਉਹ ਸ਼ੋਭ ਰਹੀ ਹੈ। ਬੁਲ੍ਹ ਬਹੁਤ ਨਰਮ ਤੇ ਸ੍ਰੇਸ਼ਟ ਲਾਲ ਰੰਗ ਦੇ ਹਨ। ਹੀਰਿਆਂ ਦੀ ਪੰਗਤੀ ਵਾਂਗ ਉੱਜਲ ਦੰਦ ਹਨ॥ ੨੭॥

ਮੁਸਕਾਵਤਿ ਦਿਖੀਅਤਿ ਦਮਕਾਵਤਿ। ਸੰਪਟ ਬਿੱਦ੍ਰਮ ਕਲੀ ਲਖਾਵਤਿ।
ਸੁੰਦਰ ਦੀਪਤ ਜੁਗਲ ਕਪੋਲੰ। ਮੁਕਰ ਮਾਰ ਕੇ ਮਨਹੁਂ ਅਮੋਲੰ॥ ੨੮॥

ਜਦ ਮੁਸਕਰਾਉਂਦੇ ਹਨ ਤਾਂ ਚਮਕਦੇ ਹੋਏ ਦਿੱਸਦੇ ਹਨ, ਮਾਨੋ ਗੁੱਲੀਆਂ ਦੇ ਡੱਬੇ ਵਿਚ ਦੰਦ ਫੁੱਲਾਂ ਦੀਆਂ ਕਲੀਆਂ ਭਾਸਦੇ ਹਨ। ਦੋਵਾਂ ਗਲ੍ਹਾਂ ਦੀ ਸੁੰਦਰ ਸ਼ੋਭਾ ਹੈ, ਮਾਨੋ ਕਾਮਦੇਵ ਦੇ ਅਮੋਲਕ ਸ਼ੀਸ਼ੇ ਹਨ॥ ੨੮॥

ਤਿਨ ਪਰ ਕੁੰਡਲ ਡੋਲਤਿ ਝਲਕਤਿ। ਰਤਨ ਜਵਾਹਰ ਤੇ ਬਰ ਡਲਕਤਿ।
ਮੁਖ ਮੰਡਲ ਜਨੁ ਚੰਦ ਅਖੰਡਤ। ਕਮਲ ਪ੍ਰਫੁੱਲਜਤ ਦੁਤਿ ਬਡ ਮੰਡਤਿ॥੨੯॥

ਦੋਵਾਂ ਗਲ੍ਹਾਂ ਉੱਤੇ ਕੁੰਡਲ ਡੋਲਦੇ ਹੋਏ ਝਲਕਦੇ ਹਨ ਰਤਨਾਂ ਜਵਾਹਰਾਂ ਨਾਲੋਂ ਵੀ ਸ੍ਰੇਸ਼ਟ ਡਲ੍ਹਕਦੇ ਹਨ। ਮੁਖ ਮੰਡਲ ਮਾਨੋ ਅਖੰਡ ਚੰਦ ਹੈ ਭਾਵ ਜਿਹੜਾ ਚੰਦ ਘੱਟ ਵੱਧ ਨਾ ਹੋਵੇ ਭਾਵ ਪੂਰਨਮਾਸ਼ੀ ਦਾ ਚੰਦ ਹੈ ਤੇ ਖਿੜੇ ਹੋਏ ਕੰਵਲ ਦੀ ਚਮਕ ਨੂੰ ਧਾਰਦਾ ਹੈ॥੨੯॥

ਮਧੁਰ ਮਧੁਰ ਘਨ ਧੁਨਿ ਸ਼ੁਭ ਬਾਨੀ। ਨਿਜ ਦਾਸਨ ਕੋ ਅੰਮ੍ਰਿਤਦਾਨੀ।
ਕੈ ਦੁੰਦਭਿ ਸੁਰ ਸ਼ਬਦ ਗੰਭੀਰ। ਬੋਲਤਿ ਮਹਾਂ ਭਰੇ ਰਸ ਬੀਰ॥ ੩੦॥

ਮਿੱਠੀ-ਮਿੱਠੀ ਬਦਲ ਦੀ ਧੁਨੀ ਵਰਗੀ ਸ਼ੁਭ ਬਾਣੀ ਹੈ ਜਿਹੜੀ ਆਪਣੇ ਦਾਸਾਂ ਨੂੰ ਅੰਮ੍ਰਿਤ ਦੇਣ ਵਾਲੀ ਹੈ। ਜਾਂ ਨਗਾਰੇ ਦੇ ਸ਼ਬਦ ਵਰਗੀ ਗੰਭੀਰ ਆਵਾਜ਼ ਹੈ, ਜਦ ਬੋਲਦੇ ਹਨ ਤਾਂ ਬਾਣੀ ਮਹਾਨ ਰਸ ਨਾਲ ਭਰ ਜਾਂਦੀ ਹੈ॥ ੩੦॥

ਕਮਲ ਪਾਂਖਰੀ ਚਾਰ ਸਰੀਖੀ। ਆਂਖ ਬਡੀ ਜੁਗ ਤੀਖੀ ਤੀਖੀ।
ਕਰੁਨਾਭਰੇ ਕਟਾਛ ਛਬੀਲੇ। ਪਲਟਤਿ ਮੀਨ ਮਨਹੁਂ ਦੁਤਿ ਲੀਲੇ॥ ੩੧॥

ਸੋਹਣੇ ਕਮਲ ਵਾਂਗ ਸੁੰਦਰ ਦੋਵੇਂ ਨੈਣ ਵੱਡੇ-ਵੱਡੇ ਅਤੇ ਤਿੱਖੇ-ਤਿੱਖੇ ਹਨ। ਪ੍ਰੇਮ ਭਰਿਆ ਉਨ੍ਹਾਂ ਵਿਚ ਕਟਾਖ ਹੈ, ਮਾਨੋ ਪਾਣੀ ਵਿਚ ਮੱਛੀਆਂ ਹੇਠਾਂ ਉੱਤੇ ਹੁੰਦੀਆਂ ਸ਼ੋਭਾ ਪਾ ਰਹੀਆਂ ਹਨ, ਕਟਾਖ ਉਸ ਸ਼ੋਭਾ ਨੂੰ ਵੀ ਨਿਗਲਣ ਵਾਲੇ ਹਨ॥ ੩੧॥

ਚਮਕਤਿ ਅਨੀਦਾਰ ਬਿਨ ਆਂਜੇ। ਜਨੁ ਕਟਾਰ ਕਾਰੀਗਰ ਮਾਂਜੇ।
ਜਗ ਮਹਿਂ ਨਰ ਨਾਰੀ ਅਸ ਕੋ ਹੈ। ਅਤਿ ਕਠੋਰ, ਜਿਸ ਕੋ ਨਹਿਂ ਮੋਹੈਂ॥ ੩੨॥

ਬਿਨਾਂ ਸੁਰਮੇ ਪਾਏ ਅਣੀਦਾਰ ਅੱਖੀਆਂ ਚਮਕਦੀਆਂ ਹਨ ਮਾਨੋ ਕਟਾਰਾਂ ਨੂੰ ਕਾਰੀਗਰ ਨੇ ਚਮਕਾਏ ਹੈ। ਜਗਤ ਵਿਚ ਐਸਾ ਇਸਤਰੀ ਪੁਰਸ਼ ਕੌਣ ਹੈ ਜਿਹੜਾ ਅਤੀ ਕਠੋਰ ਜਿਸ ਨੂੰ ਕੋਈ ਵੀ ਨਹੀਂ ਮੋਹ ਸਕਦਾ ਹੈ॥ ੩੨॥

ਮਨਹੁਂ ਨਿਪੁਨਤਾ ਬਿਧਿ ਉਪਜਾਈ। ਹੁਤੀ ਜਿਤਿਕ ਸਭਿ ਲਾਇ ਦਿਖਾਈ।
ਕ੍ਰਿਪਾ ਕਰਤਿ ਜਿਸ ਕੀ ਦਿਸ਼ਿ ਹੇਰਹਿਂ। ਬਿਨ ਦਾਮਨ ਤਿਨ ਠਾਨਤਿ ਚੇਰਹਿਂ॥੩੩॥

ਮਾਨੋ ਵਿਧਾਤਾ ਨੇ ਨਿਪੁੰਨਤਾ ਪ੍ਰਗਟ ਕੀਤੀ ਹੈ, ਜੋ ਕੁਝ ਵੀ ਵਿਧਾਤਾ ਪਾਸ ਮੌਜੂਦ ਸੀ ਉਹ ਸਭ ਕੁਝ ਲਾ ਕੇ ਵਿਖਾ ਦਿੱਤਾ ਹੈ। ਕਿਰਪਾ ਕਰਕੇ ਜਿਸ ਵਲ ਵੀ ਵੇਖਦੇ ਹਨ, ਉਸ ਨੂੰ ਬਿਨਾਂ ਮੁਲੋਂ ਦਾਸ ਬਣਾ ਲੈਂਦੇ ਹਨ॥ ੩੩॥

ਅਤਿ ਸੁੰਦਰ ਸ਼ੋਭਤਿ ਗਰਬੀਲੇ। ਰਸ ਕੋ ਬਰਸਤਿ ਅਧਿਕ ਰਸੀਲੇ।
ਮਨਹੁਂ ਲਾਜ ਕੇ ਭਰੇ ਜਹਾਜਾ। ਚੰਚਲ ਮਹਾਂ ਦ੍ਰਿਗੰਚਲ ਸਾਜਾ॥ ੩੪॥

ਗੌਰਵਤਾ ਸਹਿਤ ਅਤੀ ਸੁੰਦਰ ਸ਼ੋਭਦੇ ਹਨ, ਬਹੁਤ ਰਸੀਲੇ ਰਸ ਬਰਸਾ ਰਹੇ ਹਨ। ਮਾਨੋ ਲਾਜ ਦੇ ਜਹਾਜ਼ ਭਰੇ ਹਨ ਤੇ ਪਲਕਾਂ ਦੀ ਬਨਾਵਟ ਬੜੀ ਚੰਚਲ ਹੈ॥ ੩੪॥

ਭ੍ਰਿਕੁਟੀ ਕੁਟਿਲ ਕਮਾਨ ਸਮਾਨਾ। ਭਰਜੋ ਭਾਗ ਤੇ ਭਾਲ ਮਹਾਨਾ।
ਮੇਚਕ ਚਿੱਕ੍ਰਨ ਕੇਸ ਅਸ਼ੇਸ਼। ਸਿਰ ਉਸ਼ਨੀਕ ਸੁਹਾਇ ਅਸ਼ੇਸ਼॥ ੩੫॥

Sri Satguru Jagjit Singh Ji eLlibrary NamdhariElibrary@gmail.com

ਭਰਵੱਟੇ ਕੁਟਲ ਕਮਾਲ ਵਾਂਗ ਹਨ, ਮਹਾਨ ਮੱਥਾ ਭਾਗਾਂ ਨਾਲ ਭਰਿਆ ਹੈ। ਸਾਰੇ ਕੇਸ ਕਾਲੇ ਤੇ ਚੀਕਣੇ ਹਨ। ਦਸਤਾਰ ਸਿਰ ਉੱਤੇ ਬਹੁਤ ਸ਼ੋਭਾ ਪਾ ਰਹੀ ਹੈ॥ ੩੫॥

ਕਲਗੀ ਜਿਗਾ ਜ਼ੇਬ ਜਿਨ ਜ਼ਾਹਰ। ਜਬਰ ਜੋਤਿ ਜਗਮਗਤ ਜਵਾਹਰ।
ਸਰਬ ਬਿਭੂਖਨ ਭੂਖਤਿ ਭਾਰੇ। ਲਾਗੇ ਮੋਲ ਬਿਸਾਲ ਸੁਧਾਰੇ॥ ੩੬॥

ਕਲਗੀ ਅਤੇ ਜਿਗਾ ਦੀ ਸ਼ੋਭਾ ਪ੍ਰਗਟ ਹੈ ਉਨ੍ਹਾਂ ਵਿਚ ਲੱਗੇ ਹੀਰੇ ਜਵਾਹਰਾਤ ਵਿਸ਼ੇਸ਼ ਤੌਰ ਤੇ ਜਗਮਗਾ ਰਹੇ ਹਨ। ਸਾਰੇ ਗਹਿਣੇ ਬਹੁਤ ਸ਼ੋਭ ਰਹੇ ਹਨ, ਸਾਰੇ ਵੱਡਾ ਮੁੱਲ ਲਾ ਕੇ ਸੁਧਾਰ ਕੇ ਤਿਆਰ ਕਰਵਾਏ ਹਨ॥ ੩੬॥

ਕੰਚਨ ਕੇ ਕੰਕਨ ਖਚਿ ਹੀਰੇ। ਜਰੇ ਰੁਚਿਰ ਕਾਰੀਗਰ ਚੀਰੇ।
ਨਵਰਤਨੇ ਇਸ ਭਾਂਤਿ ਸੁਹਾਏ। ਨਵ ਗ੍ਰੈਹ ਮਨਹੁਂ ਭੁਜਾ ਲਪਟਾਏ॥ ੩੭॥

ਹੀਰੇ ਜੜੇ ਸੋਨੇ ਦੇ ਕੜੇ ਹਨ, ਕਾਰੀਗਰ ਨੇ ਹੀਰੇ ਸੁੰਦਰ ਢੰਗ ਨਾਲ ਚੀਰ ਕੇ ਜੜੇ ਹਨ। ਨੌਂ ਰਤਨੇ ਇਸ ਭਾਂਤ ਸ਼ੋਭਦੇ ਹਨ, ਮਾਨੋ ਨੌਂ ਗ੍ਰਹਿ ਬਾਜੂ ਨਾਲ ਲਪਟਾਏ ਹੋਣ॥ ੩੭॥

ਬਰਣ ਬਰਣ ਬਰ ਬਸਤ੍ਰ ਹਮੇਸ਼ੈਂ। ਪਹਿਰਤਿ ਰੀਤਿ ਨਵੀਨੀ ਬੇਸ਼ੈਂ।
ਛਾਪ ਛਲਾਯਨ ਤੇ ਛਬਿ ਛਾਜਤਿ। ਗਰ ਮਹਿਂ ਖੜਗ ਬਿਸਾਲ ਬਿਰਾਜਤਿ॥੩੮॥

ਹਮੇਸ਼ਾਂ ਵੱਖ ਵੱਖ ਰੰਗਾਂ ਦੇ ਸ੍ਰੇਸ਼ਟ ਵਸਤਰ ਨਵੀਂ ਰੀਤ ਅਨੁਸਾਰ ਪਹਿਨਦੇ ਹਨ। ਛਾਪ ਛੱਲਿਆਂ ਨਾਲ ਛਵੀ ਸ਼ੋਭਾ ਸਹਿਤ ਹੁੰਦੀ ਹੈ। ਗਲ ਵਿਚ ਵੱਡੀ ਕਿਰਪਾਨ ਬਿਰਾਜਦੀ ਹੈ॥ ੩੮॥

ਧਨੁ ਬਿੱਦਯਾ ਅੱਭਯਾਸ ਕਰਾਵੈਂ। ਕਹਿ ਕਹਿ ਖਪਰੇ ਤੀਰ ਘਰਾਵੈਂ।
ਧਰਿ ਧਰਿ ਮਾਰਹਿਂ ਦੂਰ ਨਿਸ਼ਾਨਾ। ਬਡੇ ਬੇਗ ਤੇ ਛੂਟਹਿਂ ਬਾਨਾ॥ ੩੯॥

ਧਨੁੱਖ ਵਿੱਦਿਆ ਦਾ ਅਭਿਆਸ ਕਰਵਾਉਂਦੇ ਹਨ ਤੇ ਕਹਿ ਕਹਿ ਕੇ ਤਿੱਖੇ ਤੀਰ ਘੜਵਾਉਂਦੇ ਹਨ ਤੇ ਧਨੁੱਖ ਵਿਚ ਧਰ ਧਰ ਕੇ ਦੂਰ ਨਿਸ਼ਾਨਾ ਮਾਰਦੇ ਹਨ। ਬਾਨ ਬੜੀ ਤੇਜ਼ੀ ਨਾਲ ਚਲਦੇ ਹਨ॥ ੩੯॥

ਚਾਂਪ ਕਠੋਰ ਕਹਤਿ ਬਨਿਵਾਵਹਿਂ। ਬਡ ਬਲ ਕਰਿ ਜੋ ਐਂਚਯੋ ਜਾਵਹਿ।
ਸੰਬਤਿ ਏਕ ਬਿਤੇ ਪੁਨ ਕਹੈਂ। ਧਨੁ ਦੁਗਨੋ ਦ੍ਰਿਢ ਕਰ ਮਹਿਂ ਗਹੈਂ॥ ੪੦॥

ਬੜਾ ਸਖ਼ਤ ਧਨੁੱਖ ਕਹਿ ਕੇ ਬਣਵਾਉਂਦੇ ਹਨ, ਜਿਹੜੀ ਕਿ ਵੱਡੀ ਸ਼ਕਤੀ ਨਾਲ ਖਿੱਚੀ ਜਾਵੇ। ਇਕ ਸਾਲ ਬੀਤ ਜਾਣ ਦੇ ਬਾਅਦ ਕਹਿੰਦੇ ਹਨ ਕਿ ਅਸੀਂ ਹੁਣ ਪਹਿਲਾਂ ਨਾਲੋਂ ਦੁੱਗਣਾ ਸਖ਼ਤ ਧਨੁੱਖ ਹੱਥ ਵਿਚ ਫੜਾਂਗੇ॥ ੪੦॥

ਜੰਗੀ ਤੀਰ ਪੁਲਾਦੀ ਖਪਰੇ। ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ।
ਹੇਰਿ ਹੇਰਿ ਤੀਖਨ ਬਡ ਤੀਰੈਂ। ਸ਼੍ਰੀ ਗੋਵਿੰਦ ਸਿੰਘ ਗੁਨੀ ਗਹੀਰੈਂ॥ ੪੧॥

ਜੰਗੀ ਤੀਰ ਤੇ ਫੁਲਾਦੀ ਖਪਰੇ ਕਹਿ-ਕਹਿ ਬਹੁਤ ਤਿਆਰ ਕਰਵਾਉਂਦੇ ਹਨ। ਵੱਡੇ ਤਿੱਖੇ ਤੀਰ ਵੇਖ ਵੇਖ ਕੇ ਗੁਨੀ ਗਹੀਰ ਸ੍ਰੀ ਗੋਬਿੰਦ ਸਿੰਘ ਜੀ ਕਹਿੰਦੇ ਹਨ॥ ੪੧॥

'ਤੁਰਕ ਸ਼ਤ੍ਰੁ ਗਨ ਅੰਗ ਮਝਾਰੀ। ਮਮ ਕਰ ਤੇ ਪ੍ਰਵਿਸ਼ਹਿਂ ਕਿਸ ਵਾਰੀ।
ਕਬਹੁਂ ਜੰਗ ਮਹਿਂ ਬਨਹਿਂ ਨਿਸ਼ੰਗਾ। ਕਰੌਂ ਪ੍ਰਹਾਰਨਿ ਖਰਨ ਖਤੰਗਾ॥ ੪੨॥

"ਵੈਰੀ ਤੁਰਕ ਦੇ ਅੰਗਾਂ ਵਿਚ, ਮੇਰੇ ਹੱਥੋਂ ਕਦ ਇਹ ਤੀਰ ਪ੍ਰਵੇਸ਼ ਕਰਨਗੇ। ਕਦੀ ਜੰਗ ਵਿਚ ਨਿਸ਼ੰਗ ਹੋ ਕੇ ਵੈਰੀਆਂ ਉੱਤੇ ਤਿੱਖੇ ਤੀਰਾਂ ਦਾ ਵਾਰ ਕਰਾਂਗਾ॥ ੪੨॥

ਕਬਿ ਤੁਫੰਗ ਕੋ ਗਹੈਂ ਚਲਾਵੈਂ। ਮਾਰ ਲੱਛ ਕੋ ਤਰੈ ਗਿਰਾਵੈਂ'।
ਇੱਤਜਾਦਿਕ ਆਯੁਧ ਅੱਭਜਾਸੀ। ਦਿਨ ਪ੍ਰਤਿ ਸਤਿਗੁਰ ਕਰਤਿ ਬਿਲਾਸੀ ॥੪੩॥

ਕਦ ਬੰਦੂਕ ਫੜ ਕੇ ਚਲਾਵਾਂਗਾ ਤੇ ਨਿਸ਼ਾਨ ਤੇ ਮਾਰ ਕੇ ਵੈਰੀ ਨੂੰ ਥੱਲੇ ਡੇਗਾਂਗਾ।" ਇਸ ਤਰ੍ਹਾਂ ਸ਼ਸਤਰਾਂ ਦਾ ਅਭਿਆਸ ਕਰਦੇ ਹਨ। ਪ੍ਰਤੀ ਦਿਨ ਸਤਿਗੁਰੂ ਜੀ ਇਸ ਤਰ੍ਹਾਂ ਅਨੰਦ ਵਿਲਾਸ ਕਰਦੇ ਹਨ॥ ੪੩॥

*ਪਹਿਲੀ ਰੁੱਤ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥ ੧੯॥*

## ਅਧਿਆਇ ਵੀਹਵਾਂ

*ਤੰਬੂ ਕਾਬਲੋਂ ਬਣਵਾਇਆ, ਦੂਜਾ ਵਿਵਾਹ*

ਦੋਹਰਾ- ਕਾਬਲ ਬਿਖੈ ਮਸੰਦ ਇਕ ਸੰਗ੍ਰਹਿ ਗੁਰ ਕੀ ਕਾਰ।
ਸੰਮਤ ਮਹਿਂ ਸਭਿ ਆਨਿ ਕਰਿ ਅਰਪਹਿ ਗੁਰ ਦਰਬਾਰ॥ ੧॥

ਕਾਬਲ ਵਿਚ ਇਕ ਮਸੰਦ ਗੁਰੂ ਜੀ ਦੀ ਕਾਰ ਭੇਟ ਇਕੱਠੀ ਕਰਦਾ ਸੀ। ਸਾਲ ਪਿਛੋਂ ਉਹ ਸਾਰੀ ਕਾਰ ਭੇਟ ਗੁਰੂ ਜੀ ਨੂੰ ਆ ਕੇ ਅਰਪਣ ਕਰ ਦਿੰਦਾ ਸੀ॥ ੧॥

ਚੌਪਈ- ਬਲਖ਼ ਬੁਖ਼ਾਰਾ ਅਰੁ ਈਰਾਨ। ਇੱਤਜਾਦਿਕ ਜੇ ਦੇਸ਼ ਮਹਾਨ।
ਸਭਿ ਤੇ ਸੰਗ੍ਰਹ ਲੇਕਰਿ ਕਾਰ। ਕਈ ਬਾਰ ਲਜਾਯੋ ਦਰਬਾਰ॥ ੨॥

ਬਲਖ਼, ਬੁਖ਼ਾਰਾ ਅਤੇ ਈਰਾਨ, ਇਸ ਤਰ੍ਹਾਂ ਦੇ ਜਿਹੜੇ ਮਹਾਨ ਦੇਸ਼ ਹਨ। ਸਾਰਿਆਂ ਪਾਸੋਂ ਕਾਰ ਭੇਟ ਲੈ ਕੇ ਕਈ ਵਾਰ ਦਰਬਾਰ ਵਿਚ ਲਿਆਇਆ ਸੀ॥ ੨॥

ਇਕ ਦਿਨ ਗੁਰ ਹਜ਼ੂਰ ਮਹਿਂ ਬੈਸੇ। ਕਰਜੋ ਬ੍ਰਿਤਾਂਤ ਸੁਨਾਵਨਿ ਐਸੇ।
'ਪ੍ਰਭੁ ਜੀ ਪਸ਼ਮੰਬਰ ਕੋ ਡੇਰਾ। ਦਿੱਲੀ ਪਤਿ ਹਿਤ ਬਨਜੋ ਬਡੇਰਾ॥ ੩॥

ਉਹ ਮਸੰਦ ਇਕ ਦਿਨ ਗੁਰੂ ਜੀ ਦੀ ਹਜ਼ੂਰੀ ਵਿਚ ਬੈਠਾ ਸੀ, ਉਸ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਬ੍ਰਿਤਾਂਤ ਸੁਣਾਇਆ। "ਹੇ ਪ੍ਰਭੂ ਜੀ! ਪਸ਼ਮੀਨੇ ਦਾ ਇਕ ਵੱਡਾ ਤੰਬੂ ਦਿੱਲੀ ਦੇ ਬਾਦਸ਼ਾਹ ਨੌਰੰਗੇ ਵਾਸਤੇ ਬਣਿਆ ਹੈ॥ ੩॥

ਕਾਬਲ ਮਹਿਂ ਕਾਰੀਗਰ ਕੀਨਾ। ਕਾਰ ਅਜਾਇਬ ਜਿਸ ਮਹਿਂ ਚੀਨਾ।
ਹੇਰਿ ਬਿਸੂਰਤਿ ਮੈਂ ਉਰ ਲਹੌਂ। 'ਸ਼੍ਰੀ ਗੁਰ ਉਚਿਤ' ਬਿਚਾਰਤਿ ਰਹੌਂ॥੪॥

ਕਾਬਲ ਵਿਚ ਇਕ ਕਾਰੀਗਰ ਨੇ ਬਣਾਇਆ ਹੈ, ਅਜੀਬ ਪ੍ਰਕਾਰ ਦੀ ਕਾਰੀਗਰੀ ਜਿਸ ਵਿਚ ਕੀਤੀ ਗਈ ਹੈ। ਉਹ ਤੰਬੂ ਨੂੰ ਵੇਖਕੇ ਮੈਂ ਹਿਰਦੇ ਵਿਚ ਬੜਾ ਦੁਖ ਅਨੁਭਵ ਕੀਤਾ ਹੈ। ਉਸ ਤੰਬੂ ਨੂੰ ਮੈਂ ਆਪ ਜੀ ਵਾਸਤੇ ਉਚਿਤ ਵਿਚਾਰਦਾ ਰਿਹਾ ਹਾਂ॥ ੪॥

ਸੋ ਪਠਿ ਦੀਨਿ ਦਿਲੀਪਤ ਪਾਸਾ। ਪੁਨ ਕੀਨੀ ਮੈ ਮਨ ਮਹਿਂ ਆਸਾ।
ਗੁਰੂ ਹੇਤੁ ਦੂਜੋ ਬਨਿਵਾਵਹੁਂ। ਦਰਬ ਕਾਰ ਕੋ ਸਰਬ ਲਗਾਵਹੁਂ॥ ੫॥

Sri Satguru Jagjit Singh Ji eLlibrary NamdhariElibrary@gmail.com

ਉਸ ਤੰਬੂ ਨੂੰ ਨੌਰੰਗੇ ਪਾਸ ਭੇਜ ਦਿੱਤਾ ਹੈ। ਫਿਰ ਮੈਂ ਮਨ ਵਿਚ ਇਹ ਆਸ ਪ੍ਰਗਟ ਕੀਤੀ ਹੈ ਕਿ ਗੁਰੂ ਜੀ ਵਾਸਤੇ ਦੂਸਰਾ ਬਣਵਾਵਾਂਗੇ, ਕਾਰ ਭੇਟ ਦਾ ਸਾਰਾ ਧਨ ਉਸ ਉੱਤੇ ਲਾ ਦੇਵਾਂਗੇ॥ ੫॥

ਬਿਨਾ ਆਪ ਕੇ ਹੁਕਮ ਨ ਹੋਵਾ। 'ਨਹਿਂ ਬੂਝੇ' ਇਹ ਸੰਸਾ ਜੋਵਾ'।
ਸੁਨਿ ਕਲਗੀਧਰ ਬਾਕ ਬਖਾਨਾ। 'ਅਬਿ ਕਾਬਲ ਕੋ ਕਰਹੁ ਪਯਾਨਾ॥ ੬॥

ਆਪ ਜੀ ਦਾ ਹੁਕਮ ਪ੍ਰਾਪਤ ਨਾ ਹੋਣ ਕਰਕੇ, ਇਹ ਕਾਰਜ ਨਹੀਂ ਹੋਇਆ ਹੈ। ਗੁਰੂ ਜੀ ਨੂੰ ਪੁੱਛਿਆ ਨਹੀਂ ਇਹ ਮਨ ਵਿਚ ਸ਼ੰਕਾ ਰੱਖੀ ਹੈ।" ਇਹ ਸੁਣ ਕੇ ਕਲਗੀਧਰ ਜੀ ਨੇ ਬਚਨ ਕੀਤਾ, "ਹੁਣ ਕਾਬਲ ਨੂੰ ਚਲੇ ਜਾਵੋ॥ ੬॥

ਜਿਸ ਬਿਧਿ ਕੋ ਹੋਯਸਿ ਬਰ ਡੇਰਾ। ਕਜਾ ਕਜਾ ਬਨਹਿ, ਕਹੋ ਇਕ ਬੇਰਾ।
ਪੁਨ ਤੈਂ ਜਾਇ ਤਯਾਰ ਕਰਿਵਾਵਹੁ। ਮਨ ਪਾਵਤਿ ਧਨ ਤਾਂਹਿ ਲਗਾਵਹੁ ॥੭॥

ਜਿਸ ਵਿਧੀ ਅਨੁਸਾਰ ਸ੍ਰੇਸ਼ਟ ਤੰਬੂ ਤਿਆਰ ਹੋਇਆ ਹੈ, ਉਸ ਵਿਚ ਕੀ-ਕੀ ਬਣਿਆ ਸੀ, ਇਕ ਵਾਰ ਕਹੋ। ਫਿਰ ਓਥੇ ਜਾ ਕੇ ਤਿਆਰ ਕਰਵਾਵੋ ਤੇ ਮਨ ਭਾਉਂਦਾ ਧਨ ਉਸ ਉੱਤੇ ਲਗਾਵੋ"॥ ੭॥

ਸੁਨਿ ਮਸੰਦ ਕਹਿ: 'ਪ੍ਰਭੋ ਮੁਕੰਦੰ! ਇਕ ਤੰਬੂ ਬਿਚ ਬਨਜੋ ਬਿਲੰਦੰ।
ਅਨਿਕ ਪ੍ਰਕਾਰ ਬੂਟ ਅਰੁ ਬੇਲਾਂ। ਝਾਲਰ ਜ਼ਰੀ ਲਰਕਤੀ ਗੇਲਾਂ॥ ੮॥

ਮਸੰਦ ਨੇ ਸੁਣ ਕੇ ਕਿਹਾ, "ਹੇ ਮੁਕਤੀ ਦਾਤੇ ਪ੍ਰਭੂ ਜੀ! ਉਸ ਤੰਬੂ ਵਿਚ ਬਹੁਤ ਕੁਝ ਬਣਿਆ ਹੈ, ਅਨੇਕ ਪ੍ਰਕਾਰ ਦੇ ਬੂਟੇ ਅਤੇ ਵੇਲਾਂ ਬਣੀਆਂ ਹਨ ਤੇ ਹੇਠਾਂ ਜ਼ਰੀ ਦੀਆਂ ਝਾਲਰਾਂ ਲਮਕਦੀਆਂ ਹਨ॥ ੮॥

ਕਿਤ ਕਿਤੇ ਮੁਕਤਾ ਗੁੱਛ ਲਗਾਏ। ਰੇਸ਼ਮ ਕੀ ਡੋਰੈਂ ਤਨਵਾਏ।
ਕੰਚਨ ਕਲਸ ਉਤੰਗ ਸੁਹਾਏ। ਤਨਜੋ ਸੁਦਰ ਚਹੁੰ ਕੂੰਟ ਬਨਾਏ॥ ੯॥

ਕਿਤੇ-ਕਿਤੇ ਮੋਤੀਆਂ ਦੇ ਗੁੱਛੇ ਲਾਏ ਹਨ ਤੇ ਰੇਸ਼ਮ ਦੇ ਰੱਸਿਆਂ ਨਾਲ ਤਣਵਾਇਆ ਹੈ। ਉੱਚੇ ਸੋਨੇ ਦੇ ਕਲਸ ਬਹੁਤ ਸ਼ੋਭਦੇ ਹਨ ਤੇ ਇਹ ਕਲਸ ਚਾਰੇ ਨੁੱਕਰਾਂ ਤੇ ਬਣਾਏ ਹੋਣ ਕਰਕੇ, ਤਾਣਿਆ ਹੋਇਆ ਤੰਬੂ ਬੜਾ ਸਡੌਲ ਲੱਗਦਾ ਹੈ॥ ੯॥

ਵਹਿਰ ਚਾਨਨੀ ਚਾਰੁ ਚੁਕੋਨੀ। ਮੁਕਤਾ ਲਰੀ ਲਗੀ ਤਿਨ ਲੋਨੀ।
ਚੋਬ ਸੁ ਚਾਂਦੀ ਚਾਮੀਕਰ ਕੀ। ਅਧਿਕ ਚਤੁਰਤਾ ਕਾਰੀਗਰ ਕੀ॥ ੧੦॥

ਬਾਹਰ ਚਾਰ ਨੁਕਰਾਂ ਵਾਲੀ ਚਕੋਰ ਚਾਨਣੀ ਲੱਗੀ ਹੈ, ਜਿਸ ਨਾਲ ਸੁੰਦਰ ਮੋਤੀਆਂ ਦੀਆਂ ਲੜੀਆਂ ਲੱਗੀਆਂ ਹਨ। ਚਾਂਦੀ ਸੋਨੇ ਦੀ ਚੋਬ ਕਾਰੀਗਰ ਨੇ ਬੜੀ ਚਤੁਰਾਈ ਨਾਲ ਬਣਾਈ ਹੈ॥ ੧੦॥

ਅਬਿ ਰਾਵਰ ਕੀ ਆਇਸੁ ਭਈ। ਸਹਿਤ ਕਨਾਤ ਜਥਾ ਪਿਖਿ ਲਈ।
ਤਥਾ ਕਰਾਵੌਂ ਦੇ ਕਰਿ ਦਰਬਾ। ਕਹੌਂ ਕਹਾਂ ਪਿਖਿ ਲੀਜਹਿ ਸਰਬਾ॥ ੧੧॥

ਹੁਣ ਆਪ ਜੀ ਦੀ ਆਗਿਆ ਮਿਲ ਗਈ ਹੈ, ਜਿਵੇਂ ਕਨਾਤ ਸਹਿਤ ਮੈਂ ਵੇਖ ਲਿਆ ਹੈ, ਉਸ ਤਰ੍ਹਾਂ ਦਾ ਹੀ ਤੰਬੂ ਧਨ ਦੇ ਕੇ ਤਿਆਰ ਕਰਵਾਵਾਂਗਾ, ਜਿਵੇਂ ਮੈਂ ਕਿਹਾ, ਉਸ ਤਰ੍ਹਾਂ ਦਾ ਤਿਆਰ ਹੋਇਆ ਤੰਬੂ ਵੇਖ ਲੈਣਾ ਜੀ"॥ ੧੧॥

ਗਮਨਜੋਂ ਮਨ ਭਾਵਤ ਸੁਨਿ ਗੁਰ ਤੇ। ਪਹੁੰਚਜੋ ਕਾਬਲ ਹਰਖਤਿ ਉਰ ਤੇ।
ਪਰਾਰੰਭ ਤਤਛਿਨ ਕਰਿਵਾਵਾ। ਚਹੀਅਤਿ ਦਰਬ ਸਰਬ ਪਹੁੰਚਾਵਾ॥ ੧੨॥

ਗੁਰੂ ਜੀ ਪਾਸੋਂ ਮਨ-ਭਾਉਂਦੀ ਗੱਲ ਸੁਣ ਕੇ ਚਲਾ ਗਿਆ ਤੇ ਪ੍ਰਸੰਨ ਹੋ ਕੇ ਕਾਬਲ ਵਿਚ ਪਹੁੰਚ ਗਿਆ। ਤੁਰਤ ਤੰਬੂ ਬਣਾਉਣਾ ਆਰੰਭ ਕਰਵਾਇਆ, ਜਿੰਨਾ ਵੀ ਧਨ ਲੋੜੀਦਾ ਸੀ, ਸਾਰਾ ਧਨ ਪਹੁੰਚਾਇਆ॥ ੧੨॥

**ਸਭਿ ਦੇਸ਼ਨਿ ਤੇ ਗੁਰ ਕੀ ਕਾਰ। ਲੇ ਲੇ ਦਈ ਕਰਨਿ ਕੌ ਤਜਾਰ।**
**ਬਾਰ ਬਾਰ ਕਹਿ ਕਰੀ ਤਗੀਦ। 'ਜਿਮ ਤੁਰਕੇਸ਼ੁਰ ਨਿਕਟ ਰਸੀਦ॥ ੧੩॥**

ਸਾਰੇ ਦੇਸ਼ਾਂ ਵਿਚੋਂ ਗੁਰੂ ਜੀ ਦੀ ਕਾਰ ਭੇਟ ਲੈ ਕੇ ਤੰਬੂ ਤਿਆਰ ਕਰਨ ਵਾਸਤੇ ਦਿੱਤੀ। ਬਾਰ-ਬਾਰ ਕਹਿ ਕੇ ਕਾਰੀਗਰ ਨੂੰ ਤਾਕੀਦ ਕੀਤੀ, "ਜਿਵੇਂ ਤੁਰਕ ਬਾਦਸ਼ਾਹ ਦੇ ਪਾਸ ਤੰਬੂ ਪਹੁੰਚਿਆ ਹੈ॥ ੧੩॥

**ਤਿਸ ਤੇ ਆਛੋ ਦੇਹੁ ਬਨਾਇ। ਗੁਰ ਘਰ ਧਨ ਕੀ ਤੋਟ ਨ ਕਾਇ'।**
**ਇਮ ਬਨਵਾਵਤਿ ਭਾ ਬਹੁ ਕਾਲ। ਅਤਿ ਸੁੰਦਰ ਸਭਿ ਕਰਜੋ ਬਿਸਾਲ॥੧੪॥**

ਉਸ ਨਾਲੋਂ ਚੰਗਾ ਤੰਬੂ ਬਣਾ ਕੇ ਦੇਵੋ, ਗੁਰੂ ਘਰ ਵਿਚ ਧਨ ਦੀ ਕੋਈ ਤੋਟ ਨਹੀਂ ਹੈ।" ਇਸ ਤਰ੍ਹਾਂ ਬਣਾਉਂਦਿਆਂ ਬਹੁਤ ਸਮਾਂ ਬੀਤ ਗਿਆ ਫਿਰ ਅਤੀ ਸੁੰਦਰ ਵਿਸ਼ਾਲ ਤੰਬੂ ਤਿਆਰ ਹੋ ਗਿਆ॥ ੧੪॥

**ਆਛੀ ਰੀਤਿ ਸਕਲ ਬਨਵਾਯਹੁ। ਚਹੀਅਤਿ ਜੇਤਿਕ ਦਰਬ ਲਗਾਯਹੁ।**
**ਸਵਾਲਾਖ ਇਕ ਸੰਮਤ ਕੇਰਾ। ਲੇਤਿ ਬਟੋਰਨ ਧਨ, ਕਰਿ ਫੇਰਾ॥ ੧੫॥**

ਚੰਗੀ ਰੀਤ ਨਾਲ ਸਾਰਾ ਤੰਬੂ ਬਣਾਇਆ, ਜਿੰਨਾ ਧਨ ਚਾਹੀਦਾ ਸੀ ਓਨਾ ਹੀ ਲਾਇਆ। ਇਕ ਸਾਲ ਦਾ ਸਵਾ ਲੱਖ ਰੁਪਈਆ ਫੇਰਾ ਕਰਕੇ ਇਕੱਠੇ ਕਰ ਲਿਆ॥ ੧੫॥

**ਦ੍ਵੈ ਸੰਮਤ ਕੀ ਜੋ ਗੁਰ ਕਾਰ। ਹੋਤਿ ਅਢਾਈ ਲਾਖ ਬਿਚਾਰ।**
**ਸੋ ਸਭਿ ਡੇਰੇ ਪਰ ਲਗਵਾਯਹੁ। ਬਹੁ ਚਾਤੁਰਤਾ ਸਹਿਤ ਬਨਾਯਹੁ॥ ੧੬॥**

ਦੋ ਸਾਲਾਂ ਦੀ ਜੋ ਗੁਰਾਂ ਦੀ ਕਾਰ ਭੇਟ ਸੀ, ਉਹ ਢਾਈ ਲੱਖ ਹੋਈ, ਉਹ ਸਾਰੀ ਰਕਮ ਤੰਬੂ ਬਣਾਉਣ ਉੱਤੇ ਲਾ ਦਿੱਤੀ ਤੇ ਕਾਰੀਗਰ ਨੇ ਬੜੀ ਚਤੁਰਾਈ ਨਾਲ ਤੰਬੂ ਬਣਾਇਆ॥ ੧੬॥

**ਸੋ ਉਚਵਾਇ ਅਨੰਦਪੁਰਿ ਆਨਾ। ਬਹੁ ਨਰ ਸੰਗ ਸੰਭਾਰਨਿ ਠਾਨਾ।**
**ਮਿਲਜੋ ਆਨਿ ਸਤਿਗੁਰ ਪਗ ਪਰਜੋ। 'ਡੇਰਾ ਤਜਾਰਾ' ਨਿਵੇਦਨ ਕਰਜੋ॥੧੭॥**

ਉਹ ਤੰਬੂ ਚੁਕਵਾ ਕੇ ਫਿਰ ਅਨੰਦਪੁਰ ਲੈ ਆਇਆ, ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਉਸ ਦੀ ਸੰਭਾਲ ਕੀਤੀ। ਸਤਿਗੁਰੂ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬੇਨਤੀ ਕੀਤੀ, "ਤੰਬੂ ਤਿਆਰ ਹੈ ਜੀ"॥ ੧੭॥

**ਪੁਨ ਪ੍ਰਭੁ ਸ਼੍ਰੀ ਮੁਖ ਹੁਕਮ ਬਖਾਨਾ।'ਤਹਿਂ ਲਗਾਇ ਸੋ ਡੋਰਨਿ ਤਾਨਾ।**
**ਤਬਿ ਹੇਰਹਿੰਗੇ ਜਿਮ ਇਹ ਭਯੋ। ਚਿਰੰਕਾਲ ਮਹਿਂ ਲਜਾਵਨਿ ਕਿਯੋ' ॥੧੮॥**

ਫਿਰ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਹੁਕਮ ਕੀਤਾ, "ਰੱਸੇ ਤਾਣ ਕੇ ਓਥੇ ਲਗਾ ਦੇਵੋ, ਫਿਰ ਵੇਖਾਂਗੇ ਜਿਵੇਂ ਇਹ ਬਣਿਆ ਹੈ, ਬਹੁਤ ਦੇਰ ਬਾਅਦ ਇਸ ਨੂੰ ਲੈ ਕੇ ਆਏ ਹੋ"॥ ੧੮॥

**ਲਗੇ ਫਰਾਸ਼ ਲਗਾਵਨਿ ਸੋਇ। ਤਨੀ ਕਨਾਤ ਚੁਫੇਰੇ ਜੋਇ।**
**ਬੂਟੇ ਨਿਕਸੇ ਬਾਗ਼ ਮਨਿੰਦ। ਫਲ ਫੂਲਨਿ ਦਲ ਕਿਤ ਅਰਬਿੰਦ॥ ੧੯॥**

ਵਸਤਰ ਵਿਛਾਉਣ ਵਾਲੇ ਫਰਸ਼ ਤਿਆਰ ਕਰਨ ਵਾਸਤੇ ਗਲੀਚੇ ਆਦਿ ਵਿਛਾਉਣ ਲੱਗੇ ਜਿਸ ਦੇ ਚਾਰ ਚੁਫੇਰੇ ਮਖਮਲੀ ਕਨਾਤ ਤਣੀ ਹੋਈ ਸੀ। ਬਾਗ਼ ਵਾਂਗ ਬੂਟੇ ਨਿਕਲੇ, ਕਿਤੇ ਫਲ ਫੁੱਲ ਅਤੇ ਪੱਤੇ ਸਨ ਤੇ ਕਿਤੇ ਕੰਵਲ ਦੇ ਫੁੱਲ ਸਨ॥ ੧੯॥

**ਪੁਨ ਤੰਬੂ ਤਾਨਜੋ ਤਿਸ ਮਾਂਹੀ। ਕੰਚਨ ਕਲਸ ਤੁੰਗ ਜੁਗ ਜਾਂਹੀ।**
**ਪਸ਼ਮੰਬਰ ਬਹੁ ਬਰਨ ਬਰਨ ਕੇ। ਦਿਪਹਿਂ ਦੂਰ ਆਕਾਰ ਤਰਨਿ ਕੇ॥ ੨੦॥**

ਫਿਰ ਉਸ ਦੇ ਅੰਦਰ ਤੰਬੂ ਤਾਣ ਦਿੱਤਾ, ਜਿਸ ਵਿਚ ਦੋ ਉੱਚੇ ਸੋਨੇ ਦੇ ਕਲਸ ਲੱਗੇ ਹੋਏ ਸਨ। ਬਹੁਤ ਰੰਗ ਬਰੰਗਾ ਪਸ਼ਮੀਨਾ ਲੱਗਾ ਹੋਇਆ ਸੀ, ਜਿਹੜਾ ਦੂਰ ਤਕ ਸੂਰਜ ਵਾਂਗ ਚਮਕਦਾ ਸੀ॥ ੨੦॥

**ਚਾਰੁ ਚੁਕੋਨ ਕਲਸ ਲਘੁ ਚਾਰ। ਦਿਪਤ ਮਹਾਂ ਦੁਤਿ ਗਨ ਗੁਲਜ਼ਾਰ।**
**ਵਹਿਰ ਜ਼ਰੀ ਝਾਲਰ ਝਲਕੰਤੀ।ਅੰਤਰ ਮੁਕਤਾ ਲਰੀ ਝੁਲੰਤੀ॥ ੨੧॥**

ਚਾਰੇ ਕੋਨਿਆਂ ਤੇ ਸੁੰਦਰ ਚਾਰ ਕਲਸ ਲੱਗੇ ਹੋਏ ਸਨ, ਜਿਹੜੇ ਬਹੁਤ ਚਮਕਦੇ ਸਨ, ਮਾਨੋਂ ਗੁਲਜ਼ਾਰ ਖਿੜੀ ਹੋਵੇ। ਬਾਹਰ ਜ਼ਰੀ ਦੀਆਂ ਝਾਲਰਾਂ ਚਮਕਦੀਆਂ ਸਨ, ਅੰਦਰ ਮੋਤੀਆਂ ਦੀਆਂ ਲੜੀਆਂ ਝੂਲਦੀਆਂ ਸਨ॥ ੨੧॥

**ਚਾਂਦੀ ਸਹਿਤ ਸੁ ਚਾਮੀਕਰ ਕੀ। ਚੋਬ ਖਰੀ ਜੁਗ ਘਾੜਤ ਬਰ ਕੀ।**
**ਚਾਰੁ ਚਾਨਣੀ ਚਮਕ ਚੁਕੋਨੀ। ਤਨੀ ਤਾਨ ਕਰਿ ਦੀਪਤਿ ਲੋਨੀ॥ ੨੨॥**

ਚਾਂਦੀ ਸਹਿਤ ਸੋਨੇ ਦੀਆਂ ਬਣੀਆਂ ਹੋਈਆਂ ਸ੍ਰੇਸ਼ਟ ਘੜਤ ਵਾਲੀਆਂ ਦੋ ਚੋਬਾਂ ਖੜੀਆਂ ਸਨ। ਚੁਕੋਨੀ ਚਮਕ ਵਾਲੀ ਸੁੰਦਰ ਚਾਨਣੀ, ਬਲ ਨਾਲ ਤਾਣੀ ਗਈ ਸੁੰਦਰ ਚਮਕਦੀ ਸੀ॥ ੨੨॥

**ਧਨ ਲਾਗਜੋ ਜਿਹਂ ਲਾਖ ਅਢਾਈ। ਅਸ ਡੇਰੇ ਕੋ ਹੇਰਿ ਗੁਸਾਈਂ।**
**ਭਏ ਪ੍ਰਸੰਨ ਜਬਹਿ ਬਿਚ ਬਰੇ। ਮਾਤੁਲ ਅਧਿਕ ਸਰਾਹਨਿ ਕਰੇ॥ ੨੩॥**

ਜਿਸ ਨੂੰ ਬਣਾਉਣ ਵਿਚ ਢਾਈ ਲੱਖ ਦਾ ਧਨ ਲੱਗਾ ਸੀ, ਐਸੇ ਤੰਬੂ ਨੂੰ ਗੁਰੂ ਜੀ ਨੇ ਵੇਖਿਆ। ਜਦ ਉਸ ਤੰਬੂ ਦੇ ਅੰਦਰ ਦਾਖਲ ਹੋਏ ਤਾਂ ਬਹੁਤ ਪ੍ਰਸੰਨ ਹੋਏ। ਮਾਮਾ ਜੀ ਬਹੁਤ ਸ਼ਲਾਘਾ ਕਰਦੇ ਸਨ॥ ੨੩॥

**'ਸਰਬ ਸ਼ਿਰੋਮਣਿ ਤੁਮ ਜਿਮ ਅਹੋ। ਤਿਮ ਇਹ ਜਗ ਤੇ ਉੱਤਮ ਲਹੋ।**
**ਸੁਨਜੋ ਦਿਲੇਸ਼ੁਰ ਢਿਗ ਅਸ ਗਯੋ। ਇਸ ਕੇ ਸਮ ਸੋ ਬਨਤਿ ਨ ਭਯੋ॥੨੪॥**

ਉਨ੍ਹਾਂ ਕਿਹਾ, "ਜਿਵੇਂ ਤੁਸੀਂ ਸਰਬ ਸ਼ਿਰੋਮਣੀ ਹੋ, ਉਸ ਤਰ੍ਹਾਂ ਇਹ ਤੰਬੂ ਜਗ ਵਿਚ ਉੱਤਮ ਸਮਝੋ। ਸੁਣਿਆ ਹੈ ਦਿੱਲੀ ਦੇ ਬਾਦਸ਼ਾਹ ਪਾਸ ਐਸਾ ਤੰਬੂ ਗਿਆ ਹੈ, ਪਰ ਉਹ ਇਸ ਦੇ ਬਰਾਬਰ ਨਹੀਂ ਬਣਿਆ ਹੋਵੇਗਾ॥ ੨੪॥

**ਅਪਰ ਕੌਨ ਸਕਿ ਹੈ ਬਨਿਵਾਇ। ਬਿਨਾ ਆਪ ਕੇ ਸ਼ਕਤਿ ਨ ਕਾਇ।**
**ਪਿਛਲੇ ਪਹਿਰ ਫਰਸ਼ ਕਰਿਵਾਯੋ। ਤੰਬੂ ਕੇ ਸੰਗ ਲੇਯ ਜੁ ਆਯੋ॥ ੨੫॥**

ਹੋਰ ਕੌਣ ਐਸਾ ਬਣਵਾ ਸਕਦਾ ਹੈ, ਆਪ ਜੀ ਤੋਂ ਬਗੈਰ ਹੋਰ ਕਿਸੇ ਵਿਚ ਐਸੀ ਸ਼ਕਤੀ ਨਹੀਂ ਹੈ।" ਪਿਛਲੇ ਪਹਿਰ ਗਲੀਚੇ ਵਿਛਾ ਕੇ ਫਰਸ਼ ਤਿਆਰ ਕਰਵਾਇਆ ਜਿਹੜੇ ਗਲੀਚੇ ਤੰਬੂ ਦੇ ਨਾਲ ਲੈ ਕੇ ਆਏ ਸਨ॥ ੨੫॥

**ਆਨਿ ਦਿਵਾਨ ਲਗਜੋ ਦਰਬਾਰ। ਬੈਠੇ ਸ਼ੋਭਤਿ ਗੁਰੂ ਉਦਾਰ।**
**ਸਿਖ ਸੰਗਤਿ ਅਰ ਬ੍ਰਿੰਦ ਮਸੰਦ। ਗਾਇਂ ਰਬਾਬੀ ਸ਼ਬਦ ਅਨੰਦ॥ ੨੬॥**

ਤੰਬੂ ਵਿਚ ਆ ਕੇ ਦਰਬਾਰ ਲਾਇਆ ਤੇ ਗੁਰੂ ਜੀ ਬੈਠੇ ਬਹੁਤ ਸ਼ੋਭ ਰਹੇ ਸਨ। ਸਿੱਖ ਸੰਗਤ ਅਤੇ ਬਹੁਤ ਮਸੰਦ ਬੈਠੇ ਸਨ ਤੇ ਰਬਾਬੀ ਅਨੰਦ ਨਾਲ ਸ਼ਬਦ ਗਾ ਰਹੇ ਸਨ॥ ੨੬॥

**ਸਭਿਹਿਨਿ ਦੇਖਜੋ ਬਨਜੋ ਅਜਾਇਬ। ਹਰਖਹਿਂ ਰਿਦੇ,'ਉਚਿਤ ਇਹ ਸਾਹਿਬ'।**
**ਸੰਧਜਾ ਲਗਿ ਥਿਰ ਹੁਇ ਹਰਖਾਏ। ਪਠਿ ਰਹਿਰਾਸ ਭੋਗ ਤਬਿ ਪਾਏ॥੨੭॥**

ਸਾਰਿਆਂ ਨੇ ਵੇਖਿਆ ਅਜੀਬ ਸੁੰਦਰ ਤੰਬੂ ਬਣਿਆ ਸੀ, ਹਿਰਦੇ ਵਿਚ ਪ੍ਰਸੰਨ ਹੋ ਕੇ ਕਹਿੰਦੇ ਸਨ, "ਇਹ ਗੁਰੂ ਜੀ ਦੇ ਯੋਗ ਹੈ।" ਸ਼ਾਮ ਤਕ ਬੈਠ ਕੇ ਬਹੁਤ ਪ੍ਰਸੰਨ ਹੋਏ। ਫਿਰ ਰਹਰਾਸਿ ਦਾ ਪਾਠ ਕਰਕੇ ਭੋਗ ਪਾਇਆ॥ ੨੭॥

ਸੁੰਦਰ ਸਦਨ ਬਿਰਾਜੇ ਜਾਇ। ਖਾਨ ਪਾਨ ਕਰਿ ਨਿਸਾ ਬਿਤਾਇ।
ਸਭਿ ਥਲ ਬਿਦਤਿ ਭਯੋ ਸੋ ਡੇਰਾ। ਕਰਹਿਂ ਸਰਾਹਨਿ ਜਿਸ ਜਿਸ ਹੇਰਾ॥੨੮॥

ਫਿਰ ਗੁਰੂ ਜੀ ਆਪਣੇ ਸੁੰਦਰ ਘਰ ਵਿਚ ਜਾ ਕੇ ਬਿਰਾਜ ਗਏ ਤੇ ਖਾ ਪੀ ਕੇ ਰਾਤ ਬਤੀਤ ਕੀਤੀ। ਸਭ ਥਾਵਾਂ ਤੇ ਤੰਬੂ ਮਸ਼ਹੂਰ ਹੋ ਗਿਆ, ਜਿਸ ਜਿਸ ਵੀ ਵੇਖਿਆ ਸੀ, ਉਹ ਬਹੁਤ ਸ਼ਲਾਘਾ ਕਰਦਾ ਸੀ॥ ੨੮॥

ਪੁਨ ਇਕ ਦਿਨ ਸ੍ਰੀ ਸਤਿਗੁਰ ਬੈਸੇ। ਸਿਖ ਸੁਰ ਗਨ ਮਹਿਂ ਸੁਰਪਤਿ ਜੈਸੇ।
ਬਸਤ੍ਰ ਬਿਭੂਖਨ ਰਹੇ ਸੁਹਾਇ। ਸੰਗਤਿ ਨਈ ਦਰਸ ਕੋ ਪਾਇ॥ ੨੯॥

ਫਿਰ ਇਕ ਦਿਨ ਸਤਿਗੁਰੂ ਜੀ ਬੈਠੇ ਸਨ, ਜਿਵੇਂ ਦੇਵਤਿਆਂ ਦੇ ਸਮੂਹ ਵਿਚ ਰਾਜਾ ਇੰਦਰ ਬੈਠਾ ਸ਼ੋਭਾ ਪਾ ਰਿਹਾ ਹੋਵੇ। ਵਸਤਰ ਗਹਿਣੇ ਬਹੁਤ ਸ਼ੋਭ ਰਹੇ ਸਨ, ਨਵੀਂ ਸੰਗਤ ਦਰਸ਼ਨ ਕਰਨ ਵਾਸਤੇ ਆਉਂਦੀ ਸੀ॥ ੨੯॥

ਪੁਨ ਇਕ ਸੰਗਤਿ ਕਿਤ ਤੇ ਆਈ। ਅਨਿਕ ਅਕੋਰਨਿ ਅਦਭੁਤ ਲਜਾਈ।
ਤਿਸ ਮਹਿਂ ਖੱਤ੍ਰੀ ਸਿਖ ਚਲਿ ਆਯੋ। ਨਿਜ ਤਨੁਜਾ ਕੋ ਡੋਰਾ ਲਜਾਯੋ॥ ੩੦॥

ਫਿਰ ਕਿਸੇ ਸਥਾਨ ਤੋਂ ਇਕ ਸੰਗਤ ਆਈ, ਉਹ ਅਨੇਕ ਪ੍ਰਕਾਰ ਅਦਭੁਤ ਉਪਹਾਰ ਲਿਆਈ। ਉਸ ਸੰਗਤ ਵਿਚ ਇਕ ਖੱਤਰੀ ਸਿੱਖ ਚਲ ਕੇ ਆਇਆ ਤੇ ਆਪਣੀ ਪੁੱਤਰੀ ਦਾ ਨਾਲ ਡੋਲਾ ਲਿਆਇਆ॥ ੩੦॥

ਗੋਤ ਹੁਤੋ ਕੁਮਰਾਵ ਅਛੇਰਾ। ਆਨ ਅਨੰਦਪੁਰਿ ਕੀਨਸਿ ਡੇਰਾ।
ਸੁਧਿ ਸ੍ਰੀ ਗੁਜਰੀ ਨਿਕਟ ਪਠਾਈ। ਅਪਰ ਨੁਖਾ ਡੋਰੇ ਮਹਿਂ ਪਾਈ॥ ੩੧॥

ਉਸ ਦਾ ਕੁਮਰਾਵ ਚੰਗਾ ਗੋਤ ਸੀ, ਉਸ ਨੇ ਅਨੰਦਪੁਰ ਵਿਚ ਆ ਕੇ ਡੇਰਾ ਲਾ ਲਿਆ। ਮਾਤਾ ਗੁਜਰੀ ਪਾਸ ਉਸ ਖਬਰ ਭੇਜ ਦਿੱਤੀ। ਹੋਰ ਨੂੰਹ ਡੋਲੇ ਵਿਚ ਪਾਈ ਹੈ॥ ੩੧॥

ਮਨ ਮੈਂ ਮੁਦਤਿ ਵਧਾਈ ਲੇਤਿ। ਬਸਨ ਦਰਬ ਜਾਚਕ ਕੋ ਦੇਤਿ।
ਦਰਸ਼ਨ ਦੇਨਿ ਹੇਤੁ ਗੁਰ ਆਏ। ਬੈਠਿ ਸਭਾ ਦਰਬਾਰ ਲਗਾਏ॥ ੩੨॥

ਮਨ ਵਿਚ ਪ੍ਰਸੰਨ ਹੋ ਕੇ ਵਧਾਈ ਲੈਂਦੀ ਸੀ ਤੇ ਵਸਤਰ ਅਤੇ ਧਨ ਮੰਗਤਿਆਂ ਨੂੰ ਦਿੰਦੀ ਸੀ। ਦਰਸ਼ਨ ਦੇਣ ਵਾਸਤੇ ਗੁਰੂ ਜੀ ਆਏ ਤੇ ਸਭਾ ਵਿਚ ਬੈਠ ਕੇ ਦਰਬਾਰ ਲਾਇਆ॥ ੩੨॥

ਸਭਿ ਸੰਗਤ ਮਹਿਂ ਸੁਧਿ ਪਹੁੰਚਾਈ। 'ਲਿਹੁ ਦਰਸ਼ਨ ਪਹੁੰਚਹੁ ਸਮੁਦਾਈ'।
ਸੁਨਿ ਸੁਨਿ ਸੁਧਿ ਕੋ ਸਭਿ ਉਤਲਾਏ। ਲਏ ਅਕੋਰਨ ਕੋ ਚਲਿ ਆਏ॥ ੩੩॥

ਸਾਰੀ ਸੰਗਤ ਵਿਚ ਖ਼ਬਰ ਭੇਜੀ, "ਸਾਰੇ ਪਹੁੰਚ ਕੇ ਦਰਸ਼ਨ ਕਰੋ।" ਖ਼ਬਰ ਸੁਣ-ਸੁਣ ਕੇ ਸਾਰੇ ਉਤਾਵਲੇ ਹੋ ਗਏ ਤੇ ਉਪਹਾਰ ਲੈ ਕੇ ਚਲ ਕੇ ਆ ਗਏ॥ ੩੩॥

ਅਰਪਨ ਕਰਹਿਂ, ਬੰਦਨਾ ਠਾਨਹਿਂ। ਰਿਦੇ ਕਾਮਨਾ ਬਦਨ ਬਖਾਨਹਿਂ।
ਪਿਖਿ ਪਿਖਿ ਪ੍ਰੇਮੀ ਪੂਰਵਨ ਕਰੈਂ। ਕਰੁਨਾ ਦ੍ਰਿਸ਼ਟਿ ਸਭਿਨਿ ਪਰ ਧਰੈਂ॥ ੩੪॥

ਬੰਦਨਾਂ ਕਰਕੇ ਅਰਪਣ ਕਰਦੇ ਸਨ ਤੇ ਹਿਰਦੇ ਦੀ ਕਾਮਨਾ ਮੁਖ ਤੋਂ ਕਹਿੰਦੇ ਸਨ। ਵੇਖ ਵੇਖ ਕੇ ਗੁਰੂ ਜੀ ਪੂਰੀ ਕਰਦੇ ਸਨ ਤੇ ਕਿਰਪਾ ਦ੍ਰਿਸ਼ਟੀ ਸਭ ਉੱਤੇ ਧਾਰਨ ਕਰਦੇ ਸਨ॥ ੩੪॥

ਹਾਥ ਜੋਰਿ ਖੱਤ੍ਰੀ ਸਿਖ ਆਯੋ। 'ਮੈਂ ਤਨੁਜਾ ਦਾਸੀ ਹਿਤ ਲਜਾਯੋ।
ਬਨਹਿ ਸਨਾਥਾ ਤੁਮਤੇ ਸੋਇ। ਇਹ ਸ਼ਰਧਾ ਪੂਰਨ ਮਮ ਹੋਇ'॥ ੩੫॥

ਫਿਰ ਹੱਥ ਜੋੜ ਕੇ ਖੱਤਰੀ ਸਿੱਖ ਆਇਆ ਤੇ ਕਹਿਣ ਲੱਗਾ, "ਮੈਂ ਆਪਣੀ ਪੁੱਤਰੀ ਨੂੰ ਤੁਹਾਡੀ ਦਾਸੀ ਬਣਾਉਣ ਵਾਸਤੇ ਲਿਆਇਆ ਹਾਂ। ਉਹ ਤੁਹਾਡਾ ਕਰਕੇ ਹੀ ਸੁਹਾਗਵੰਤੀ ਬਣੇਗੀ, ਮੇਰੀ ਇਹ ਸ਼ਰਧਾ ਪੂਰੀ ਹੋਵੇਗੀ"॥ ੩੫॥

ਸੁਨਿ ਕਰਿ ਸ਼੍ਰੀ ਮੁਖ ਤੇ ਫੁਰਮਾਯੋ। 'ਅੰਤਹਿਪੁਰਿ ਡੋਰਾ ਪਹੁੰਚਾਯੋ'।
ਦੇ ਦਰਸ਼ਨ ਸੰਗਤ ਕੋ ਸਾਰੀ। ਗਮਨੇ ਸਤਿਗੁਰ ਸਦਨ ਮਝਾਰੀ॥ ੩੬॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਮਹਿਲਾਂ ਅੰਦਰ ਡੋਲਾ ਪਹੁੰਚਾ ਦੇਵੋ"। ਫਿਰ ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਗੁਰੂ ਜੀ ਆਪਣੇ ਘਰ ਦੇ ਅੰਦਰ ਚਲੇ ਗਏ॥ ੩੬॥

ਸ਼੍ਰੀ ਗੁਜਰੀ ਸਾਹਾ ਸੁਧਵਾਇ। ਉਤਸਵ ਬਜਾਹ ਬਿਲੰਦ ਬਨਾਇ।
ਸਤਿਗੁਰ ਕੌ ਫੇਰੇ ਫਿਰਿਵਾਏ। ਪੁਰਿ ਅਨੰਦ ਮਹਿਂ ਅਨੰਦ ਵਧਾਏ॥ ੩੭॥

ਮਾਤਾ ਗੁਜਰੀ ਜੀ ਨੇ ਸਾਹਾ ਸੁਧਵਾ ਦਿੱਤਾ ਤੇ ਵਿਆਹ ਦਾ ਵੱਡਾ ਉਤਸਵ ਬਣਾਇਆ। ਸਤਿਗੁਰੂ ਜੀ ਦੇ ਫੇਰੇ ਕਰਵਾਏ ਤੇ ਅਨੰਦਪੁਰ ਵਿਚ ਅਨੰਦ ਵਧਾਇਆ॥ ੩੭॥

ਜਥਾ ਜੋਗ ਕੁਲਰੀਤਿ ਕਰਾਈ। ਧਨ ਖਰਚਜੋ ਬਹੁ ਵਜੀ ਵਧਾਈ।
ਦੂਤੀ ਬਜਾਹ ਕਲਗੀਧਰ ਕੇਰਾ। ਸੰਗ ਸੁੰਦਰੀ ਭਾਗ ਭਲੇਰਾ॥ ੩੮॥

ਯਥਾ ਯੋਗ ਕੁਲ ਦੀ ਰੀਤ ਕਰਵਾਈ, ਧਨ ਖਰਚਿਆ ਤੇ ਬਹੁਤ ਵਧਾਈ ਵੱਜੀ। ਇਹ ਕਲਗੀਧਰ ਜੀ ਦਾ ਭਲੇ ਭਾਗਾਂ ਵਾਲੀ ਸ੍ਰੀ ਸੁੰਦਰੀ ਜੀ ਨਾਲ ਦੂਸਰਾ ਵਿਆਹ ਸੀ॥ ੩੮॥

ਜਿਸ ਕੀ ਹੋਈ ਬੈਸ ਬਿਸਾਲਾ। ਗੁਰ ਪੀਛੇ ਜੀਵੀ ਚਿਰਕਾਲਾ।
ਇਸ ਪ੍ਰਕਾਰ ਪੁਰਿ ਅਨੰਦ ਮਝਾਰਾ। ਬਿਲਸਤਿ ਗੁਰੂ ਬਿਲਾਸ ਉਦਾਰਾ॥ ੩੯॥

ਜਿਸ ਦੀ ਬਹੁਤ ਲੰਮੀ ਉਮਰ ਹੋਈ ਤੇ ਗੁਰੂ ਜੀ ਤੋਂ ਬਾਅਦ ਉਹ ਕਾਫੀ ਦੇਰ ਤਕ ਜੀਉਂਦੀ ਰਹੀ। ਇਸ ਪ੍ਰਕਾਰ ਅਨੰਦਪੁਰ ਵਿਚ ਗੁਰੂ ਜੀ ਦਾ ਵੱਡਾ ਅਨੰਦ ਬਿਲਾਸ ਹੋਇਆ॥ ੩੯॥

*ਪਹਿਲੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

## *ਅਧਿਆਇ ਇੱਕੀਵਾਂ*

### *ਰਤਨ ਰਾਇ ਦੀ ਦਰਸ਼ਨਾਂ ਲਈ ਤਿਆਰੀ*

*ਦੋਹਰਾ-* ਅਬਿ ਇਕ ਭੂਪਤਿ ਕੀ ਕਥਾ ਕਹਨਿ ਬਨੈ ਇਸ ਬਾਨ।
ਗਨਸ਼੍ਰੋਤਾ ਸੁਨੀਅਹਿ ਸਕਲ ਬਨਹੁਂ ਸੁਚਿਤ ਸਵਧਾਨ॥ ੧॥

ਹੁਣ ਏਥੇ ਇਕ ਰਾਜੇ ਦੀ ਕਥਾ ਕਹਿਣੀ ਬਣਦੀ ਹੈ। ਹੇ ਸਰੋਤਾਗਨ ! ਚਿੱਤ ਵਿਚ ਸਾਵਧਾਨ ਬਣ ਕੇ ਸਾਰੀ ਕਥਾ ਸੁਣੋ॥ ੧॥

*ਚੌਪਈ-* ਸ਼੍ਰੀ ਗੁਰ ਤੇਗਬਹਾਦਰ ਧੀਰ। ਗਮਨੇ ਦੇਸ਼ ਕਾਮਰੂ ਤੀਰ।
ਬਿਸ਼ਨ ਸਿੰਘ ਨ੍ਰਿਪ ਕਾਜ ਬਨਾਯੋ। ਤਿਸ ਨਰਿੰਦ੍ਰ ਕੋ ਬੋਲਿ ਮਿਲਾਯੋ॥੨॥

ਧੀਰਜਵਾਨ ਸ੍ਰੀ ਗੁਰੂ ਤੇਗਬਹਾਦਰ ਜੀ ਜਦ ਕਾਮਰੂਪ ਦੇਸ਼ ਦੇ ਪਾਸ ਗਏ ਸਨ ਤੇ ਰਾਜੇ ਬਿਸ਼ਨ ਸਿੰਘ ਦਾ ਕਾਰਜ ਬਣਾਇਆ ਸੀ ਤੇ ਕਾਮਰੂਪ ਦੇ ਰਾਜੇ ਨੂੰ ਕਹਿ ਕੇ ਮਿਲਾ ਦਿੱਤਾ ਸੀ॥ ੨॥

ਜਬਿ ਇਤ ਐਬੇ ਕੀਨੀ ਤਜਾਰੀ। ਪਸਰਜੋ ਸੁਜਸੁ ਜਹਾਂ ਕਹਿਂ ਭਾਰੀ।
ਦੇਸ਼ ਅਸਾਮ ਕੇਰ ਮਹਿਪਾਲਾ। ਜਿਸਕੇ ਪੁੱਤ੍ਰ ਨ ਹੁਇ ਕਿਸ ਕਾਲਾ॥ ੩॥

ਜਦ ਏਧਰ ਆਉਣ ਦੀ ਤਿਆਰੀ ਕੀਤੀ ਸੀ ਤਾਂ ਜਿੱਥੇ ਕਿੱਥੇ ਭਾਰੀ ਸ੍ਰੇਸ਼ਟ ਜੱਸ ਫੈਲ ਗਿਆ ਸੀ। ਆਸਾਮ ਦੇਸ਼ ਦਾ ਇਕ ਰਾਜਾ ਜਿਸ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਸੀ ਹੋਇਆ॥ ੩॥

ਕਰਿ ਕਰਿ ਥਕਜੋ ਅਨਿਕ ਉਪਚਾਰ। ਬੀਤ ਗਯੋ ਤਰੁਨਾਪਨ ਚਾਰੁ।
ਸੁਨਿਕੈ ਗੁਰਜਸੁ ਮੁਦਤਿ ਬਿਲੰਦ। ਜਨ ਕੀ ਪੁਰਹਿਂ ਕਾਮਨਾ ਬ੍ਰਿੰਦ॥ ੪॥

ਉਹ ਅਨੇਕਾਂ ਉਪਚਾਰ ਕਰ-ਕਰ ਥੱਕ ਗਿਆ ਸੀ, ਉਸ ਦੀ ਸੁੰਦਰ ਜਵਾਨੀ ਬੀਤ ਗਈ ਸੀ। ਉਹ ਰਾਜਾ ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਕੇ ਬਹੁਤ ਪ੍ਰਸੰਨ ਹੋਇਆ ਕਿ ਗੁਰੂ ਜੀ ਆਪਣੇ ਸੇਵਕਾਂ ਦੀਆਂ ਸਭ ਕਾਮਨਾਵਾਂ ਪੂਰੀਆਂ ਕਰਦੇ ਹਨ॥ ੪॥

ਅੰਤਹਿਪੁਰਿ ਕੋ ਲੇ ਨਿਜ ਸਾਥ। ਮਿਲਜੋ ਆਇ ਜਹਿਂ ਸਤਿਗੁਰ ਨਾਥ।
ਅਨਿਕ ਅਕੋਰ ਅਰਪ ਕਰਿ ਧਰੇ। ਦੋ ਕਰਿ ਜੋਰਿ ਨਿਹੋਰਨਿ ਕਰੇ॥ ੫॥

ਆਪਣੀ ਰਾਣੀ ਨੂੰ ਆਪਣੇ ਨਾਲ ਲੈ ਕੇ, ਓਥੇ ਆ ਮਿਲਿਆ ਜਿਥੇ ਸਤਿਗੁਰੂ ਜੀ ਮੌਜੂਦ ਸਨ। ਅਨੇਕਾਂ ਉਪਹਾਰ ਅਰਪਣ ਕਰਕੇ ਅੱਗੇ ਧਰ ਦਿੱਤੇ ਤੇ ਦੋ ਹੱਥ ਜੋੜ ਕੇ ਦਰਸ਼ਨ ਕੀਤੇ॥ ੫॥

ਸੁਤਿ ਅਭਿਲਾਖਾ ਅਰਜ਼ ਗੁਜਾਰੀ। ਸੁਨਿ ਕਰਿ ਸਤਿਗੁਰ ਕਰੁਨਾ ਧਾਰੀ।
ਹੁਤੀ ਹਾਥ ਮਹਿਂ ਅੱਛਰ ਛਾਪ। ਨ੍ਰਿਪਤਿ ਉਰੂ ਪਰ ਲਾਈ ਆਪ॥ ੬॥

ਪੁੱਤਰ ਦੀ ਅਭਿਲਾਸ਼ਾ ਦੀ ਬੇਨਤੀ ਕੀਤੀ ਤੇ ਸਤਿਗੁਰੂ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ। ਗੁਰੂ ਜੀ ਦੇ ਹੱਥ ਵਿਚ ਅੱਖਰਾਂ ਵਾਲੀ ਮੋਹਰ ਸੀ, ਗੁਰੂ ਜੀ ਨੇ ਉਸ ਨੂੰ ਰਾਜੇ ਦੇ ਪੱਟ ਉੱਤੇ ਲਾ ਦਿੱਤਾ॥ ੬॥

ਕਹਜੋ ਬਾਕ ਬਰ ਕੋ ਤਬਿ ਤਿਸੈ। 'ਉਪਜੈ ਪੁੱਤ੍ਰ ਤੋਹਿ ਘਰ ਬਿਸੈ।
ਤਿਸਕੇ ਸਿਰ ਪਰ ਮੁਹਰ ਹਮਾਰੀ। ਹ੍ਵੈ ਹੈ ਚਿੰਨ੍ਹਤਿ ਸੋ ਬਯ ਸਾਰੀ'॥ ੭॥

ਫਿਰ ਉਸ ਨੂੰ ਵਰ ਦੇ ਕੇ ਬਚਨ ਕਹੇ, "ਤੇਰੇ ਘਰ ਵਿਚ ਪੁੱਤਰ ਪੈਦਾ ਹੋਵੇਗਾ, ਉਸ ਦੇ ਸਿਰ ਉੱਤੇ ਸਾਡੀ ਮੋਹਰ ਹੋਵੇਗੀ, ਉਸ ਦਾ ਚਿੰਨ੍ਹ ਸਾਰੀ ਉਮਰ ਤੁਹਾਡੇ ਪੁੱਤਰ ਦੇ ਸਿਰ ਤੇ ਰਹੇਗਾ"॥ ੭॥

ਗੁਰ ਤੇ ਲੇ ਕਰਿ ਨ੍ਰਿਪ ਘਰ ਗਯੋ। ਇਕ ਸੰਮਤ ਮਹਿਂ ਸੁਤ ਉਪਜਯੋ।
ਅਨਿਕ ਅਨੰਦ ਬਜਾਇ ਵਧਾਈ। ਬੰਟਜੋ ਦਰਬ ਨਰਨਿ ਸਮੁਦਾਈ॥ ੮॥

ਗੁਰੂ ਜੀ ਤੋਂ ਵਰ ਲੈ ਕੇ ਰਾਜਾ ਆਪਣੇ ਘਰ ਨੂੰ ਚਲਾ ਗਿਆ। ਇਕ ਸਾਲ ਬਾਅਦ ਪੁੱਤਰ ਪੈਦਾ ਹੋਇਆ। ਅਨੇਕ ਪ੍ਰਕਾਰ ਦੀ ਅਨੰਦਮਈ ਵਧਾਈ ਵੱਜੀ ਤੇ ਲੋਕਾਂ ਵਿਚ ਬਹੁਤ ਧਨ ਵੰਡਿਆ॥ ੮॥

ਪ੍ਰਤਿਪਾਰਜੋ ਪ੍ਰਿਯ ਪੁੱਤ੍ਰ ਬਡੇਰਾ। ਕਰਤਿ ਪ੍ਰਤੀਖਨ ਚਿਰ ਨਹਿਂ ਹੇਰਾ।
ਕਰਹਿਂ ਦੁਲਾਰਨਿ ਹਰਖਤਿ ਹੋਏ। ਗੁਰ ਜਸ ਉਚਰਹਿਂ ਦੰਪਤਿ ਦੋਏ॥ ੯॥

ਪਿਆਰੇ ਪੁੱਤਰ ਦਾ ਬਹੁਤ ਪਾਲਣਪੋਸ਼ਣ ਕੀਤਾ, ਇੰਤਜ਼ਾਰ ਕਰਨ ਵਿਚ ਬਹੁਤ ਦੇਰੀ ਨਹੀਂ ਲੱਗੀ ਹੈ। ਪ੍ਰਸੰਨ ਹੋ ਕੇ ਪੁੱਤਰ ਨੂੰ ਦੁਲਾਰਦੇ ਸਨ ਤੇ ਰਾਜਾ-ਰਾਣੀ ਗੁਰੂ ਜੀ ਦਾ ਬਹੁਤ ਜੱਸ ਉਚਾਰਨ ਕਰਦੇ ਸਨ॥ ੯॥

**ਸਪਤ ਬਰਖ ਕੋ ਬਾਲਿਕ ਭਯੋ। ਬੈਸ ਅੰਤ ਤੇ ਨ੍ਰਿਪ ਮਰਿ ਗਯੋ।**
**ਮਾਤ ਰਹੀ ਜੀਵਤਿ ਪ੍ਰਤਿਪਾਰਾ। ਤਬਿ ਨ੍ਰਿਪ ਸੁਤ ਨਿਜ ਸੁਰਤ ਸੰਭਾਰਾ ॥੧੦॥**

ਜਦ ਸਤ ਵਰਸ਼ ਦਾ ਬਾਲਕ ਹੋਇਆ ਤਾਂ ਉਮਰ ਪੂਰੀ ਹੋਣ ਤੇ ਰਾਜਾ ਮਰ ਗਿਆ। ਮਾਤਾ ਜੀਉਂਦੀ ਰਹੀ, ਉਸ ਪੁੱਤਰ ਦੀ ਪਾਲਣਾ ਕੀਤੀ, ਤਦ ਰਾਜੇ ਦੇ ਪੁੱਤਰ ਨੇ ਆਪਣੀ ਸੁਰਤ ਸੰਭਾਲੀ॥ ੧੦॥

**ਦ੍ਵਾਦਸ਼ ਸੰਮਤ ਕੋ ਜਬਿ ਹੋਵਾ। ਇਕ ਦਿਨ ਮੁਕਰ ਭਲੀ ਬਿਧਿ ਜੋਵਾ।**
**ਕੰਘਾ ਕਰਹਿ ਸੁ ਕੇਸਨ ਮਾਂਹਿ। ਪੁਨ ਜੂਰੇ ਬੰਧਨ ਕਿਯ ਤਾਂਹਿ॥ ੧੧॥**

ਜਦ ਬਾਰਾਂ ਸਾਲ ਦਾ ਪੁੱਤਰ ਹੋਇਆ ਤਾਂ ਇਕ ਦਿਨ ਭਲੀ ਪ੍ਰਕਾਰ ਸ਼ੀਸ਼ਾ ਵੇਖਿਆ। ਕੇਸਾਂ ਵਿਚ ਕੰਘਾ ਕਰਕੇ ਫਿਰ ਉੱਤੇ ਜੂੜਾ ਬੰਨ੍ਹ ਲਿਆ॥ ੧੧॥

**ਦੇਖਤਿ ਮੁਕਰ ਬਿਖੈ ਨਿਜ ਸਿਰ ਕੋ। ਤਿਸ ਪਰ ਹੇਰਯੋ ਚਿੰਨ੍ਹ ਮੁਹਰ ਕੋ।**
**ਅੰਗੁਰੀ ਸੰਗ, ਕੇਸ ਕਉ ਟਾਰੈ। ਬਾਰ ਬਾਰ ਸੋ ਥਾਨ ਨਿਹਾਰੈ॥ ੧੨॥**

ਸ਼ੀਸ਼ੇ ਵਿਚ ਆਪਣੇ ਸਿਰ ਨੂੰ ਵੇਖ ਕੇ, ਉਸ ਉੱਤੇ ਮੋਹਰ ਦਾ ਚਿੰਨ੍ਹ ਵੇਖਿਆ। ਉਂਗਲੀ ਨਾਲ ਓਥੋਂ ਕੇਸ ਹਟਾਏ ਤੇ ਬਾਰ ਬਾਰ ਉਸ ਥਾਂ ਨੂੰ ਵੇਖਿਆ॥ ੧੨॥

**ਨਹੀਂ ਕੇਸ ਜਾਮੇ ਕਯਾ ਹੇਤੁ? ਲਗੀ ਚੋਟ ਜਬਿ ਬੈਸ ਅਚੇਤ।**
**ਕੈ ਬਿਸਫੋਟ ਨਿਕਸਯੋ ਹੋਇ। ਇਮ ਸੰਸੈ ਨ੍ਰਿਪ ਨੰਦਨ ਕੋਇ॥ ੧੩॥**

ਚਿੰਨ੍ਹ ਵਾਲੇ ਸਥਾਨ ਉੱਤੇ, ਕੇਸ ਨਹੀ ਉੱਗੇ ਹਨ, ਕੀ ਕਾਰਨ ਹੈ। ਛੋਟੀ ਉਮਰ ਵਿਚ ਕੋਈ ਸੱਟ ਲੱਗੀ ਹੈ, ਜਾਂ ਏਥੇ ਕੋਈ ਫੋੜਾ ਨਿਕਲਿਆ ਹੈ। ਇਸ ਤਰ੍ਹਾਂ ਰਾਜੇ ਦਾ ਪੁੱਤਰ ਸ਼ੰਕੇ ਵਿਚ ਪੈ ਗਿਆ॥ ੧੩॥

**ਪਗਿਯਾ ਬੰਧਤਿ ਕਰਤਿ ਬਿਚਾਰਨ। 'ਜਨਨੀ ਜਾਨਤਿ ਹੁਇ ਇਸ ਕਾਰਨ'।**
**ਇਮ ਮਨ ਠਾਨਿ ਪਯਾਨੋ ਕੀਨਿ। ਜਿਹਠਾਂ ਅੰਤਹਿਪੁਰਿ ਆਸੀਨ॥ ੧੪॥**

ਪੱਗ ਬੰਨ੍ਹਦਾ ਵਿਚਾਰ ਕਰਦਾ ਸੀ, "ਮੇਰੇ ਮਾਤਾ ਜੀ ਇਸ ਕਾਰਨ ਨੂੰ ਜਾਣਦੇ ਹੋਣਗੇ" ਇਸ ਤਰ੍ਹਾਂ ਮਨ ਵਿਚ ਧਾਰ ਕੇ ਚਲਾ ਗਿਆ, ਜਿੱਥੇ ਰਾਣੀ ਦਾ ਨਿਵਾਸ ਸੀ॥ ੧੪॥

**ਨਿਕਟ ਬੈਠਿ ਕਰਿ ਬੂਝੀ ਤਹਾਂ। 'ਸਿਰ ਮੈਂ ਚਿੰਨ੍ਹ, ਹੇਤੁ ਇਸ ਕਹਾਂ।**
**ਲਗੀ ਚੋਟ ਕੈ ਭਾ ਬਿਸਫ਼ੋਟ। ਕੇਸ ਨ ਜਾਮੇ ਕੌਨੇ ਖੋਟ?'॥ ੧੫॥**

ਓਥੇ ਰਾਣੀ ਦੇ ਪਾਸ ਬੈਠ ਕੇ ਪੁੱਛਿਆ, "ਸਿਰ ਵਿਚ ਜਿਹੜਾ ਨਿਸ਼ਾਨ ਹੈ ਕਿਸ ਕਾਰਨ ਹੈ। ਏਥੇ ਸੱਟ ਲੱਗੀ ਸੀ ਜਾਂ ਫੋੜਾ ਨਿਕਲਿਆ ਸੀ, ਓਥੇ ਕੇਸ ਨਹੀਂ ਉੱਗੇ ਹਨ, ਕਿਹੜਾ ਖੋਟ ਹੈ?"॥ ੧੫॥

**ਸੁਨਿ ਰਾਨੀ ਸਭਿ ਕਹਯੋ ਬ੍ਰਿਤੰਤ। 'ਇਤ ਆਏ ਸਤਿਗੁਰ ਭਗਵੰਤ।**
**ਤੋਰ ਪਿਤਾ ਗਮਨਯੋਂ ਤਿਨਿ ਪਾਸ। ਸੁਤ ਬਾਂਛਤ ਕੀਨਸਿ ਅਰਦਾਸ॥ ੧੬॥**

ਇਹ ਸੁਣ ਕੇ ਰਾਣੀ ਨੇ ਸਾਰਾ ਬ੍ਰਿਤਾਂਤ ਕਿਹਾ, "ਏਧਰ ਸਤਿਗੁਰੂ ਭਗਵੰਤ ਜੀ ਆਏ ਸਨ। ਤੁਹਾਡੇ ਪਿਤਾ ਜੀ ਉਨ੍ਹਾਂ ਦੇ ਪਾਸ ਗਏ ਸਨ ਪੁੱਤਰ ਦੀ ਦਾਤ ਮੰਗਣ ਵਾਸਤੇ ਉਨ੍ਹਾਂ ਪਾਸ ਬੇਨਤੀ ਕੀਤੀ ਸੀ॥ ੧੬॥

**ਸੁਨਿ ਗੁਰ ਮੁਹਰ ਹਾਥ ਤੇ ਲਾਈ। 'ਚਿੰਨ੍ਹਿਤ ਸੁਤ ਹੁਇ ਸਿਰ, ਉਪਜਾਈ'।**
**ਮਹਿਪਾਲਕ ਤਨ ਲਾਗੀ ਜੋਈ। ਤੋਹਿ ਸੀਸ ਪਰ ਜਾਨਹੁ ਸੋਈ॥ ੧੭॥**

ਇਹ ਸੁਣ ਕੇ ਗੁਰੂ ਜੀ ਨੇ ਮੁਹਰ ਆਪਣੇ ਹੱਥ ਨਾਲ ਲਾਈ। ਇਸ ਚਿੰਨ੍ਹ ਵਾਲਾ ਤੁਹਾਡੇ ਘਰ ਪੁੱਤਰ ਹੋਵੇਗਾ। ਰਾਜੇ ਦੇ ਸਰੀਰ ਨੂੰ ਜਿਹੜੀ ਲੱਗੀ ਸੀ, ਉਹ ਤੇਰੇ ਸਰੀਰ ਤੇ ਜਾਣੀ ਜਾਂਦੀ ਹੈ॥ ੧੭॥

ਤੂੰ ਜਨਮਜੋਂ ਗੁਰ ਸਿੱਖ ਮਹਾਨਾ। ਸਿਰ ਪਰ ਮੁਹਰ ਲਗੇ ਤੇ ਜਾਨਾ'।
ਨ੍ਰਿਪ ਸੁਤਿ ਸੁਨਿਕੈ ਮਨ ਬਿਸਮਾਯੋ। 'ਇਹ ਤੌ ਅਦਭੁਤ ਹੇਤੁ ਬਤਾਯੋ॥੧੮॥

ਤੂੰ ਮਹਾਨ ਗੁਰਸਿੱਖ ਪੈਦਾ ਹੋਇਆ ਹੈਂ, ਸਿਰ ਉੱਤੇ ਮੁਹਰ ਲੱਗਣ ਕਾਰਨ ਜਾਣਿਆ ਹੈ।" ਰਾਜੇ ਦਾ ਪੁੱਤਰ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਇਹ ਅਦਭੁਤ ਕਾਰਨ ਦੱਸਿਆ ਹੈ॥ ੧੮॥

ਹੇ ਜਨਨੀ! ਸੋ ਸਤਿਗੁਰ ਕਹਾਂ। ਜਿਨ ਮੈਂ ਸ਼ਕਤੀ ਪਈਯਤਿ ਮਹਾਂ।
ਦਰਸ਼ਨ ਕਰਿਬੇ ਮਨ ਉਮਗਾਯੋ। ਜਿਨ ਕੇ ਬਰ ਤੇ ਮੁਹਿ ਨਿਪਜਾਯੋ'॥੧੯॥

ਹੇ ਮੇਰੇ ਮਾਤਾ ਜੀ ! ਉਹ ਸਤਿਗੁਰੂ ਜੀ ਹੁਣ ਕਿੱਥੇ ਹੈ, ਜਿਨ੍ਹਾਂ ਨੇ ਏਨੀ ਮਹਾਨ ਸ਼ਕਤੀ ਪਾਈ ਹੈ। ਦਰਸ਼ਨ ਕਰਨ ਵਾਸਤੇ ਮਨ ਵਿਚ ਬੜੀ ਉਮੰਗ ਪੈਦਾ ਹੋਈ ਹੈ, ਜਿਨ੍ਹਾਂ ਦੇ ਵਰ ਦੇ ਨਾਲ ਮੇਰਾ ਜਨਮ ਹੋਇਆ ਹੈ"॥ ੧੯॥

ਰਾਨੀ ਕਹਜੋ 'ਸੁ ਬੈਕੁੰਠ ਗਏ। ਗਾਦੀ ਪਰ ਤਿਨ ਕੇ ਸੁਤ ਭਏ।
ਜਨਮੇ ਪਟਣੇ ਨਗਰ ਮਝਾਰੀ। ਬਡੇ ਹੋਇ ਜਬਿ ਸੁਰਤਿ ਸੰਭਾਰੀ॥ ੨੦॥

ਰਾਣੀ ਨੇ ਕਿਹਾ, "ਉਹ ਸਤਿਗੁਰੂ ਜੀ ਤਾਂ ਬੈਕੁੰਠ ਚਲੇ ਗਏ ਹਨ, ਉਨ੍ਹਾਂ ਦੀ ਗੱਦੀ ਉੱਤੇ ਉਨ੍ਹਾਂ ਦਾ ਪੁੱਤਰ ਬੈਠਾ ਹੈ। ਉਹ ਪਟਨੇ ਸ਼ਹਿਰ ਵਿਚ ਪੈਦਾ ਹੋਏ ਸਨ, ਵੱਡੇ ਹੋ ਕੇ ਜਦ ਸੁਰਤ ਸੰਭਾਲੀ॥ ੨੦॥

ਦੇਸ਼ ਪੰਜਾਬ ਹੁਤੋ ਤਿਨ ਕੇਰਾ। ਤਿਸ ਥਲ ਜਾਇ ਟਿਕੇ ਤਿਸ ਬੇਰਾ।
ਅਪਨਿ ਦੇਸ਼ ਤੇ ਦੂਰ ਬਡੇਰੇ। ਦਿਖਿਯਤਿ ਗਮਨੇ ਪੰਥ ਘਨੇਰੇ'॥ ੨੧॥

ਉਨ੍ਹਾਂ ਦਾ ਦੇਸ਼ ਪੰਜਾਬ ਸੀ ਤੇ ਫਿਰ ਉਸ ਥਾਂ ਜਾ ਕੇ ਟਿਕ ਗਏ ਹਨ। ਉਹ ਆਪਣੇ ਦੇਸ਼ ਤੋਂ ਬਹੁਤ ਦੂਰ ਹੈ, ਬੜਾ ਲੰਮਾ ਪੈਂਡਾ ਦਿਖਾਈ ਦਿੰਦਾ ਹੈ"॥ ੨੧॥

ਨ੍ਰਿਪਸੁਤ ਸੁਨਤਿ ਰਿਦੇ ਆਨੰਦ। ਜਗੀ ਦੇਖਿਬੇ ਚਾਹਿ ਬਿਲੰਦ।
ਤਿਸ ਦਿਨ ਤੇ ਤਯਾਰੀ ਕਰਿਵਾਵਤਿ। ਵਸਤੁ ਅਜਾਇਬ ਕੋ ਖੁਜਵਾਵਤਿ॥੨੨॥

ਰਾਜੇ ਦਾ ਪੁੱਤਰ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਤੇ ਦਰਸ਼ਨ ਕਰਨ ਦੀ ਵੱਡੀ ਚਾਹਤ ਜਾਗੀ। ਉਸ ਦਿਨ ਤੋਂ ਤਿਆਰੀ ਕਰਵਾਉਣ ਲੱਗਾ। ਅਜੀਬ ਵਸਤਾਂ ਦੀ ਖੋਜ ਕਰਨ ਲੱਗਾ॥ ੨੨॥

ਮਸਲਤ ਕਰਤਿ ਮੰਤ੍ਰੀਅਨਿ ਸੰਗ। ਹਿਤ ਅਕੋਰਲੇ ਕਿਤਿਕ ਤੁਰੰਗ।
ਚਪਲ ਬਲੀ ਜਿਨ ਬੇਗ ਬਿਸਾਲੇ। ਜ਼ਰੀ ਜ਼ੀਨ ਕੰਚਨ ਕੇ ਡਾਲੇ॥ ੨੩॥

ਆਪਣੇ ਮੰਤਰੀਆਂ ਨਾਲ ਸਲਾਹ ਕੀਤੀ ਤੇ ਉਪਹਾਰ ਦੇ ਤੌਰ 'ਤੇ ਅਰਪਣ ਕਰਨ ਵਾਸਤੇ ਕਈ ਘੋੜੇ ਲਏ। ਸਾਰੇ ਘੋੜੇ ਬੜੇ ਚੰਚਲ, ਬਲਵਾਨ ਅਤੇ ਤੇਜ਼ ਦੌੜਨ ਵਾਲੇ ਸਨ, ਜਿਨ੍ਹਾਂ ਉੱਤੇ ਜ਼ਰੀ ਅਤੇ ਸੋਨੇ ਦੀਆਂ ਕਾਠੀਆਂ ਪਾਈਆਂ ਹੋਈਆਂ ਸਨ॥ ੨੩॥

ਅਦਭੁਤ ਲੀਨਸਿ ਏਕ ਮਤੰਗ। ਕਦ ਛੋਟੋ ਨਹਿੰ ਦੀਰਘ ਅੰਗ।
ਜਿਤੋ ਰੋਟਕਾ ਕੇਰ ਅਕਾਰ। ਸੁੰਦਰ ਹੁਤੋ ਸੁਪੇਦ ਲਿਲਾਰ॥ ੨੪॥

ਇਕ ਅਦਭੁਤ ਹਾਥੀ ਲਿਆ, ਉਸ ਦਾ ਕੱਦ ਛੋਟਾ ਸੀ ਤੇ ਅੰਗ ਵੀ ਬਹੁਤ ਵੱਡੇ ਨਹੀਂ ਸਨ। ਰੋਟੀ ਦੇ ਆਕਾਰ ਜਿੱਡਾ ਸਫੇਦ ਮੱਥਾ ਬਹੁਤ ਸੁਹਣਾ ਲੱਗਦਾ ਸੀ॥ ੨੪॥

Sri Satguru Jagjit Singh Ji eLlibrary NamdhariElibrary@gmail.com

ਤਿਸੀ ਸੁਪੇਦੀ ਕੀ ਸ਼ੁਭ ਧਾਰੀ। ਉਤਰੀ ਤਰੀ ਸੁੰਡ ਲਗਿ ਸਾਰੀ।
ਸਿਰ ਪਰਿ ਹੁਇ ਕਰਿ ਗਈ ਪਿਛਾਰੇ। ਲਾਂਗੁਲ ਮੂਲ ਤੀਕ ਇਕ ਸਾਰੇ॥੨੫॥

ਉਸ ਸਫੈਦੀ ਦੀ ਸ਼ੁਭ ਧਾਰੀ (ਭਾਵ ਲਕੀਰ) ਹੇਠਾਂ ਸਾਰੀ ਸੁੰਡ ਤਕ ਉੱਤਰੀ ਹੋਈ ਸੀ। ਫਿਰ ਸਿਰ ਤੋਂ ਹੋ ਕੇ ਪਿਛੇ ਤਕ ਗਈ ਸੀ ਤੇ ਪੂਛ ਦੇ ਮੁੱਢ ਤਕ ਇਕਸਾਰ ਜਾਂਦੀ ਸੀ॥ ੨੫॥

ਅਪਰ ਅਕਾਰ ਸੁ ਕਾਰਾ ਸਾਰੋ। ਸਕਲ ਅੰਗ ਸੁੰਦਰ ਦੁਤਿ ਵਾਰੋ।
ਪੁਨ ਸੀਖਜਾ ਦੇ ਭਲੇ ਸਿਖਾਯੋ। ਕਰਹਿ ਸੁ ਨਰ ਜਿਮ ਚਹੈ ਕਰਾਯੋ॥੨੬॥

ਹੋਰ ਸਾਰਾ ਸਰੀਰ ਕਾਲਾ ਸੀ। ਸਾਰੇ ਅੰਗ ਸੁੰਦਰ ਸ਼ੋਭਾ ਵਾਲੇ ਸਨ। ਫਿਰ ਉਸ ਹਾਥੀ ਨੂੰ ਸਿੱਖਿਆ ਦੇ ਕੇ ਭਲੀ ਪ੍ਰਕਾਰ ਸਿਖਾਇਆ ਸੀ, ਜਿਵੇਂ ਮੁਹਾਵਤ ਉਸ ਤੋਂ ਕਰਵਾਉਣਾ ਚਾਹੁੰਦਾ ਸੀ ਉਸ ਤਰ੍ਹਾਂ ਹੀ ਕਰ ਦਿੰਦਾ ਸੀ॥ ੨੬॥

ਸੁੰਡ ਬਿਖੈ ਗਹਿ ਲੇਤਿ ਮਸਾਲ। ਠਾਢੇ ਕਰਹਿ ਪ੍ਰਕਾਸ਼ ਬਿਸਾਲ।
ਕਰਤਿ ਰਹਤਿ ਨ੍ਰਿਪ ਕੇ ਸਿਰ ਚੌਰ। ਚਿਰ ਲੌ ਖਰੋ ਪਾਛਲੀ ਠੌਰ॥ ੨੭॥

ਸੁੰਡ ਵਿਚ ਮਸਾਲ ਫੜ ਲੈਂਦਾ ਸੀ, ਖੜੇ ਹੋ ਕੇ ਬਹੁਤ ਪ੍ਰਕਾਸ਼ ਕਰਦਾ ਸੀ। ਰਾਜੇ ਦੇ ਸਿਰ 'ਤੇ ਚੌਰ ਕਰਦਾ ਰਹਿੰਦਾ ਸੀ, ਕਾਫੀ ਦੇਰ ਤਕ ਪਿਛਲੀਆਂ ਲੱਤਾਂ 'ਤੇ ਖੜਾ ਰਹਿੰਦਾ ਸੀ॥ ੨੭॥

ਜੇਤਿਕ ਤੀਰ ਚਲਾਵਨਿ ਕਰੈਂ। ਬੀਨ ਬੀਨ ਤਿਨ ਆਗੇ ਧਰੈ।
ਇੱਤਜਾਦਿਕ ਗੁਨ ਜਿਸ ਮੈਂ ਘਨੇ। ਜਬਹਿ ਆਇ ਕਰਿ ਤਿਸ ਢਿਗ ਭਨੇ॥੨੮॥

ਜਿੰਨੇ ਵੀ ਕੋਈ ਤੀਰ ਚਲਾਉਂਦਾ ਸੀ, ਲੱਭ ਕੇ ਚੁਣ ਚੁਣ ਕੇ ਚਲਾਉਣ ਵਾਲੇ ਦੇ ਅੱਗੇ ਲਿਆ ਧਰਦਾ ਸੀ। ਇਸ ਤਰ੍ਹਾਂ ਦੇ ਜਿਸ ਵਿਚ ਬਹੁਤ ਗੁਣ ਸਨ। ਜਦ ਨੌਕਰ ਰਾਜੇ ਦੇ ਪੁੱਤਰ ਪਾਸ ਉਸ ਹਾਥੀ ਦੇ ਅਜਿਹੇ ਗੁਣ ਕਹਿੰਦੇ ਸਨ॥ ੨੮॥

ਅਸ ਅਦਭੁਤ ਸੁਨਿ ਮਹਿਪਤ ਨੰਦ। ਮੁਖ ਮਾਂਗਜੋ ਧਨ ਪਠਜੋ ਬਿਲੰਦ।
ਗੁਰ ਹਿਤ ਹਰਖਤਿ ਹ੍ਵੈ ਕਰਿ ਲੀਨੋ। ਸਿਤਾ ਘ੍ਰਿਤਾਦਿ ਖਾਨ ਕੌ ਦੀਨੋ॥੨੯॥

ਰਾਜੇ ਦੇ ਪੁੱਤਰ ਨੇ ਅਜਿਹੇ ਅਦਭੁਤ ਗੁਣ ਸੁਣ ਕੇ, ਮੂੰਹ ਮੰਗਿਆ ਬਹੁਤ ਧਨ ਭੇਜਿਆ। ਉਸ ਹਾਥੀ ਨੂੰ ਗੁਰੂ ਜੀ ਵਾਸਤੇ ਪ੍ਰਸੰਨ ਹੋ ਕੇ ਨਾਲ ਲੈ ਲਿਆ ਤੇ ਖੰਡ ਘਿਉ ਆਦਿ ਖਾਣ ਨੂੰ ਦਿੱਤਾ॥ ੨੯॥

ਦੂਰ ਦੇਸ਼ ਤੇ ਏ ਮੰਗਵਾਇਵ। ਚਾਹਿਤ ਚਿਤ ਸਤਿਗੁਰੂ ਰਿਝਾਇਵ।
ਪੰਚਕਲਾ ਇਕ ਸ਼ਸਤ੍ਰ ਅਜਾਇਬ। ਤਜਾਰ ਕਰਾਯਹੁ ਅਰਪਨਿ ਸਾਹਿਬ॥੩੦॥

ਦੂਰ ਦੇਸ਼ ਤੋਂ ਐਸਾ ਹਾਥੀ ਮੰਗਵਾ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦਾ ਹੈ। ਪੰਜਾਂ ਕਲਾਂ ਵਾਲਾ ਇਕ ਅਜੀਬ ਸ਼ਸਤਰ ਹੈ, ਉਹ ਵੀ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਤਿਆਰ ਕਰਵਾਇਆ॥ ੩੦॥

ਰਹੇ ਗਾਤਰੇ ਬਨਜੋਂ ਕ੍ਰਿਪਾਨ। ਤੀਖਨ ਧਾਰ ਕਰਹਿ ਰਿਪੁਹਾਨਿ।
ਕਲ ਦਾਬੇ ਬਰਛੀ ਹੁਇ ਜਾਇ। ਸਨਮੁਖ ਅਰਿ ਕੇ ਹਤਹਿ ਬਗਾਇ॥ ੩੧॥

ਇਕ ਕਿਰਪਾਨ ਬਣਦੀ ਸੀ ਜਿਹੜੀ ਗਾਤਰੇ ਵਿਚ ਰਹਿੰਦੀ ਸੀ, ਉਹ ਬੜੀ ਤਿਖੀ ਧਾਰ ਵਾਲੀ ਸੀ ਜਿਹੜੀ ਵੈਰੀਆਂ ਦਾ ਨਾਸ਼ ਕਰਦੀ ਸੀ। ਕਲਾ ਦੱਬਣ ਨਾਲ ਬਰਛੀ ਹੋ ਜਾਂਦੀ ਸੀ ਤੇ ਸਾਹਮਣੇ ਹੋਦੇ ਵੈਰੀ ਵਲ ਸੁੱਟਣ ਨਾਲ ਉਸ ਨੂੰ ਮਾਰ ਦਿੰਦੀ ਸੀ॥ ੩੧॥

ਪੁਨ ਕਲ ਦਾਬੇ ਬਨਹਿ ਤਮਾਂਚਾ। ਗੁਲਕਾ ਡਾਰਿ ਹਤਹਿ ਰਣ ਮਾਚਾ।
ਤੀਖਨ ਪੁਨ ਕਟਾਰ ਬਨ ਜਾਇ। ਰਿਪੁ ਢਿਗ ਪਹੁੰਚੇ ਉਦਰ ਧਸਾਇ॥ ੩੨॥

ਫਿਰ ਕਲਾ ਦੱਬਣ ਨਾਲ ਪਸਤੌਲ ਬਣ ਜਾਂਦਾ ਸੀ ਤੇ ਗੋਲੀ ਪਾਉਣ ਨਾਲ ਯੁੱਧ ਵਿਚ ਵੈਰੀਆਂ ਨੂੰ ਮਾਰ ਦਿੰਦਾ ਸੀ। ਫਿਰ ਕਲਾ ਦੱਬਣ ਨਾਲ ਕਟਾਰ ਬਣ ਜਾਂਦੀ ਸੀ ਤੇ ਵੈਰੀ ਦੇ ਪਾਸ ਪਹੁੰਚ ਕੇ ਹਿਰਦੇ ਵਿਚ ਧਸ ਜਾਂਦੀ ਸੀ॥ ੩੨॥

ਪੁਨ ਇਕ ਚੌਕੀ ਲਈ ਅਜਾਇਬ। ਕਰਨਿ ਪ੍ਰਸੰਨ ਸਤਿਗੁਰੂ ਸਾਹਿਬ।
ਜਬਿ ਇਸ ਕੀ ਕਲ ਦਾਬਨਿ ਕਰੈਂ। ਪੁਤਲੀ ਚਾਰ ਨਿਕਸਿ ਤਹਿਂ ਥਿਰੈਂ॥੩੩॥

ਫਿਰ ਇਕ ਅਜੀਬ ਚੌਕੀ ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਲਈ। ਜਦ ਇਸ ਚੌਕੀ ਦੀ ਕਲਾ ਦੱਬਦੇ ਸਨ ਤਾਂ ਚਾਰ ਪੁਤਲੀਆਂ ਨਿਕਲ ਕੇ ਬੈਠ ਜਾਂਦੀਆਂ ਸਨ॥ ੩੩॥

ਚੌਪਰ ਕੋ ਬਿਛਾਇ ਤਿਨ ਆਗੈ। ਡਲ ਕੋ ਗਹਿ ਸੋ ਖੇਲਨਿ ਲਾਗੈਂ।
ਪੁਨ ਲੀਨਸਿ ਇਕ ਜਾਮ ਕਟੋਰਾ। ਇਨ ਹਿਤ ਦਰਬ ਦਿਯੋ ਨਹਿਂ ਥੋਰਾ॥੩੪॥

ਉਨ੍ਹਾਂ ਦੇ ਅੱਗੇ ਚੌਪੜ ਵਿੱਛ ਜਾਂਦਾ ਸੀ ਤੇ ਉਹ ਪੁਤਲੀਆਂ ਨਰਦਾਂ ਲੈ ਕੇ ਖੇਡਣ ਲੱਗ ਜਾਂਦੀਆਂ ਸਨ। ਫਿਰ ਇਕ ਪਿਆਲੇ ਵਾਂਗ ਬਣਿਆ ਕਟੋਰਾ ਲਿਆ, ਇਸ ਵਾਸਤੇ ਕੋਈ ਥੋੜਾ ਧਨ ਨਾ ਦਿੱਤਾ, ਭਾਵ ਬਹੁਤ ਧਨ ਖਰਚਿਆ॥ ੩੪॥

ਇੱਤਯਾਦਿਕ ਵਸਤੂ ਸਮੁਦਾਏ। ਰੁਚਿਰ ਬਿਭੂਖਨ ਘਰਾਏ।
ਬਹੁ ਅੰਬਰ ਬਹੁ ਬਿਧਿ ਕੇ ਲੀਨਿ। ਚਲਿਬੇ ਹਿਤ ਤਯਾਰੀ ਨਿਜ ਕੀਨਿ॥੩੫॥

ਇਸ ਤਰ੍ਹਾਂ ਦੀਆਂ ਬਹੁਤ ਵਸਤਾਂ ਇਕੱਠੀਆਂ ਕੀਤੀਆਂ। ਕਈ ਸੁੰਦਰ ਗਹਿਣੇ ਘੜਵਾਦੇ ਤੇ ਬਹੁਤ ਵਿਧੀਆਂ ਦੇ ਕੱਪੜੇ ਲਏ ਤੇ ਚਲਣ ਵਾਸਤੇ ਆਪਣੀ ਤਿਆਰੀ ਕੀਤੀ॥ ੩੫॥

*ਪਹਿਲੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

## ਅਧਿਆਇ ਬਾਈਵਾਂ

### *ਰਤਨ ਰਾਇ ਗੁਰੂ ਜੀ ਦੇ ਹਜ਼ੂਰ*

*ਦੋਹਰਾ-* ਸਯਾਨੀ ਜਨਨੀ ਸੰਗ ਲੈ ਕਛੁਕ ਬਾਹਨੀ ਸਾਥ।
ਧਰਿ ਸ਼ਰਧਾ ਮਾਰਗ ਪਰਯੋ ਨ੍ਰਿਪ ਸੁਤ ਦਰਸ਼ਨ ਨਾਥ॥ ੧॥

ਸਿਆਣੀ ਮਾਤਾ ਜੀ ਨੂੰ ਨਾਲ ਲੈ ਕੇ ਕੁਝ ਗੱਡੀਆਂ ਨਾਲ ਲਈਆਂ। ਸ਼ਰਧਾ ਧਾਰ ਕੇ ਰਸਤੇ ਪੈ ਗਿਆ, ਰਾਜੇ ਦਾ ਪੁੱਤਰ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ॥ ੧॥

*ਚੌਪਈ-* ਸ਼ੁਭ ਮਤਿ ਚਤੁਰ ਚੌਂਪ ਚਿਤ ਜਗੀ। ਕਬਿ ਗੁਰ ਦਰਸੋਂ ਪ੍ਰੀਤੀ ਲਗੀ।
ਬੰਦਨ ਕਰਿ ਬੈਠੌਂ ਪਗ ਪਾਸ। ਸੁਨੌਂ ਕਬਹਿ ਗੁਰ ਬਾਕ ਬਿਲਾਸ॥੨॥

ਚਤੁਰ ਸ਼ੁਭ ਮੱਤ ਵਾਲੀ ਚਾਹਤ ਚਿੱਤ ਵਿਚ ਜਾਗੀ, ਕਦ ਗੁਰੂ ਜੀ ਦੇ ਦਰਸ਼ਨ ਕਰਾਂ, ਵੱਡੀ ਪ੍ਰੀਤ ਲੱਗੀ ਸੀ। ਕਦ ਬੰਦਨਾ ਕਰਕੇ ਗੁਰੂ ਜੀ ਦੇ ਚਰਨਾਂ ਪਾਸ ਬੈਠਾਂਗਾ। ਕਦ ਗੁਰੂ ਜੀ ਦੇ ਬਚਨ ਬਿਲਾਸਾਂ ਨੂੰ ਸੁਣਾਂਗਾ॥ ੨॥

ਸਾਰਦ ਚੰਦ ਬਦਨ ਕੀ ਓਰਾ। ਲੋਚਨ ਕਰੌਂ ਚਕੋਰਨਿ ਜੋਰਾ।
ਸ਼੍ਰਵਨ ਪੁਟਨ ਤੇ ਅੰਮ੍ਰਿਤ ਬਾਨੀ। ਪਾਨ ਕਰੌਂ ਮੈਂ ਅਤਿ ਸੁਖਦਾਨੀ॥੩॥

ਸਰਦ ਰੁੱਤ ਦੇ ਚੰਦ੍ਰਮਾਂ ਰੂਪੀ ਗੁਰੂ ਜੀ ਦੇ ਮੁਖ ਵਲ ਆਪਣੇ ਨੈਣ ਚਕੋਰ ਵਾਂਗ ਜੋੜ ਲਵਾਂਗਾ। ਆਪਣੇ ਕੰਨਾਂ ਨਾਲ ਗੁਰੂ ਜੀ ਦੀ ਅਤੀ ਸੁਖ ਦੇਣ ਵਾਲੀ ਅੰਮ੍ਰਿਤ ਬਾਣੀ ਸੁਣਾਂਗਾ॥ ੩॥

ਚਿਤਵੈ ਬੈਠਤਿ ਉਠਤਿ ਚਲੰਤਾ। ਸੁਨਿ ਗੁਰ ਮਹਿਮਾਂ ਉਰ ਹਰਖੰਤਾ।
ਸਨੇ ਸਨੇ ਗਮਨਤਿ ਲਖਿ ਦੂਰ। ਨਿਜ ਦਲ ਨਰਨਿ ਦੇਤਿ ਸੁਖ ਭੂਰ॥ ੪॥

ਉਠਦਾ, ਬੈਠਦਾ ਅਤੇ ਚਲਦਾ ਚਿੱਤ ਵਿਚ ਸੋਚਦਾ ਸੀ। ਗੁਰੂ ਜੀ ਦੀ ਮਹਿਮਾਂ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦਾ ਸੀ। ਲੰਮਾ ਪੈਂਡਾ ਵੇਖ ਕੇ ਹੌਲੀ ਹੌਲੀ ਚਲਦੇ ਸਨ, ਆਪਣੇ ਸਾਥੀ ਮਨੁੱਖਾਂ ਨੂੰ ਬਹੁਤ ਸੁਖ ਦਿੰਦਾ ਸੀ॥ ੪॥

ਜਨ ਪੰਜਾਬ ਦੇਸ਼ ਕੋ ਮਿਲੇ। ਗੁਰ ਸੁਧਿ ਤਿਸ ਕੌ ਬੂਝਤਿ ਭਲੇ।
'ਥਿਤ ਅਨੰਦਪੁਰਿ ਨਗਰ' ਸੁਨਾਵੈ। 'ਸੰਗਤਿ ਦਰਸ ਹਜ਼ਾਰਹੁਂ ਆਵੈ'॥ ੫॥

ਪੰਜਾਬ ਦੇਸ਼ ਦਾ ਜੇ ਕੋਈ ਆਦਮੀ ਮਿਲ ਪਵੇ ਤਾਂ ਉਸ ਪਾਸੋਂ ਗੁਰੂ ਜੀ ਬਾਰੇ ਭਲੀ ਪ੍ਰਕਾਰ ਪੁੱਛਦਾ ਸੀ। ਉਹ ਅਗੋਂ ਸੁਣਾਉਂਦਾ ਸੀ ਕਿ ਉਹ ਅਨੰਦਪੁਰ ਨਗਰ ਵਿਚ ਸਥਿਤ ਹਨ, ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਰੋਜ਼ ਆ ਕੇ ਦਰਸ਼ਨ ਕਰਦੀ ਹੈ"॥ ੫॥

ਦਿਨ ਪ੍ਰਤਿ ਕੂਚ ਕਰਤਿ ਮਗ ਆਵਤਿ। ਸਰਿਤਾ ਬ੍ਰਿੰਦ ਉਲੰਘਿ ਉਤਲਾਵਤਿ।
ਪੁਨ ਗ੍ਰਾਮਨ ਕੋ ਪਿਖਿ ਪਿਖਿ ਛੋਰਾ। ਚਲਯੋ ਆਇ ਸਤਿਗੁਰ ਕੀ ਓਰਾ॥ ੬॥

ਪ੍ਰਤੀ ਦਿਨ ਕੂਚ ਕਰਦੇ ਰਾਹੇ-ਰਾਹ ਚਲੇ ਆਉਂਦੇ ਸਨ, ਬਹੁਤ ਨਦੀਆਂ ਉਤਾਵਲੇ ਹੋ ਕੇ ਪਾਰ ਕੀਤੀਆਂ। ਫਿਰ ਨਗਰਾਂ-ਪਿੰਡਾਂ ਨੂੰ ਵੇਖ-ਵੇਖ ਪਿੱਛੇ ਛੱਡਦੇ ਹੋਏ ਸਤਿਗੁਰੂ ਜੀ ਵਲ ਚਲੇ ਆਉਂਦੇ ਸਨ॥ ੬॥

ਸੁਰਸਰਿ ਤਰੀ, ਉਲੰਘੀ ਜਮਨਾ। ਜਿਨ ਕੇ ਮੱਜਨ ਤ੍ਰਾਸਦ ਜਮ ਨਾ।
ਚਲਤਿ ਅਨੰਦਪੁਰਾ ਨਿਯਰਾਯੋ। ਪੁੱਤ੍ਰ ਮਹੀਪਤਿ ਕੋ ਹਰਖਾਯੋ॥ ੭॥

ਗੰਗਾ ਤਰ ਕੇ ਜਮਨਾ ਲੰਘੇ, ਜਿਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਜਮ ਦਾ ਭੈ ਨਹੀਂ ਰਹਿੰਦਾ ਹੈ। ਚਲਦੇ-ਚਲਦੇ ਅਨੰਦਪੁਰ ਦੇ ਨੇੜੇ ਆ ਗਏ, ਰਾਜੇ ਦਾ ਪੁੱਤਰ ਫਿਰ ਬਹੁਤ ਪ੍ਰਸੰਨ ਹੋ ਗਿਆ॥ ੭॥

ਰਾਖੇ ਪੁਸ਼ਟ ਤੁਰੰਗਮ ਸਾਰੇ। ਤਿਮ ਕੁੰਚਰ ਭੀ ਤਨ ਬਲ ਭਾਰੇ।
ਸਾਥ ਅਸੂਦਾ ਲਸ਼ਕਰ ਭਲੇ। ਸਨੇ ਸਨੇ ਬਡ ਮਾਰਗ ਚਲੇ॥ ੮॥

ਸਾਰੇ ਸ਼ਕਤੀਸ਼ਾਲੀ ਘੋੜੇ ਲਿਆਏ ਸਨ, ਉਸ ਤਰ੍ਹਾਂ ਹਾਥੀ ਵੀ ਸਰੀਰਕ ਤੌਰ ਤੇ ਬੜੇ ਬਲਵਾਨ ਸਨ। ਨਾਲ ਸੰਪਦਾ ਸਹਿਤ ਪ੍ਰਸੰਨ ਚਿੱਤ ਲਸ਼ਕਰ ਸੀ, ਹੌਲੀ-ਹੌਲੀ ਵੱਡੇ ਮਾਰਗ ਵਿਚ ਚਲਦੇ ਆਏ ਸਨ॥ ੮॥

ਸਤੁੱਦ੍ਰਵ ਤੀਰ ਆਨਿ ਕਰਿ ਹੇਰਾ। ਨੇਤ੍ਰ ਤੁੰਗ ਕੋ ਸੈਲ ਬਡੇਰਾ।
ਪਹੁੰਚੇ ਗੁਰ ਪੁਰਿ ਪਿਖਿ ਸ਼ੁਭ ਥਾਨ। ਜਹਿਂ ਛਾਯਾ ਰਮਣੀਕ ਮਹਾਨ॥ ੯॥

ਸਤਲੁਜ ਦਾ ਆ ਕਿਨਾਰਾ ਵੇਖਿਆ, ਅੱਖਾਂ ਨੂੰ ਬੜੇ ਵੱਡੇ ਤੇ ਉਚੇ ਪਹਾੜ ਦਿਖਾਈ ਦਿੱਤੇ। ਸ਼ੁਭ ਸਥਾਨ ਵੇਖ ਕੇ ਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਏ, ਜਿੱਥੇ ਮਹਾਨ ਰਮਣੀਕ ਛਾਂ ਸੀ॥ ੯॥

ਸਿਵਰ ਕਰਯੋ ਤੰਬੂ ਲਗਵਾਏ। ਸੁਧ ਹਿਤ ਸ਼ੁਭ ਨਰ ਤਬਹਿ ਪਠਾਏ।
ਸਤਿਗੁਰ ਪੌਰ ਜਨਾਇ ਬ੍ਰਿਤਾਂਤ। 'ਦੇਸ਼ ਅਸਾਮ ਨ੍ਰਿਪਤਿ ਕੋ ਤਾਤ॥ ੧੦॥

ਤੰਬੂ ਲਗਵਾ ਕੇ ਡੇਰਾ ਕੀਤਾ, ਖ਼ਬਰ ਦੇਣ ਵਾਸਤੇ ਸ਼ੁਭ ਮਨੁੱਖਾਂ ਨੂੰ ਭੇਜਿਆ, ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਵਾਜ਼ੇ 'ਤੇ ਬ੍ਰਿਤਾਂਤ ਸੁਣਾਇਆ, "ਆਸਾਮ ਦੇਸ਼ ਦੇ ਰਾਜੇ ਦਾ ਪੁੱਤਰ ਆਇਆ ਹੈ॥ ੧੦॥

ਗੁਰ ਕੋ ਸਿਖ ਦਰਸ਼ਨ ਹਿਤ ਆਯੋ। ਸ਼ਰਧਾ ਧਰੇ ਭਾਉ ਅਧਿਕਾਯੋ'।
ਪੌਰਦਾਰ ਚਲਿ ਗਯੋ ਹਜ਼ੂਰ। ਅਰਜ਼ ਗੁਜ਼ਾਰੀ ਸਹਿਤ ਸ਼ਊਰ॥ ੧੧॥

ਵੱਡੇ ਗੁਰੂ ਜੀ ਦਾ ਸਿੱਖ ਹੈ, ਉਹ ਦਰਸ਼ਨਾਂ ਵਾਸਤੇ ਆਇਆ ਹੈ, ਬੜੀ ਸ਼ਰਧਾ ਤੇ ਪ੍ਰੇਮ ਉਸ ਧਾਰਨ ਕੀਤਾ ਹੈ।" ਦਰਬਾਨ ਫਿਰ ਚਲ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਗਿਆ ਤੇ ਉਸ ਨੇ ਜਾ ਕੇ ਬੜੀ ਸਿਆਣਪ ਨਾਲ ਬੇਨਤੀ ਕੀਤੀ॥ ੧੧॥

ਸੁਨਿ ਕਲਗੀਧਰ ਹੁਕਮ ਬਖਾਨਾ। 'ਗੁਰ ਘਰ ਤੇ ਦਿਹੁ ਦੇਗ ਮਹਾਨਾ।
ਤ੍ਰਿਣ ਦਾਨਾ ਘ੍ਰਿਤ ਸਿਤਾ ਨਿਹਾਰੀ। ਦੇਹੁ ਤੁਰੰਗਮ ਜੇ ਗਜ ਭਾਰੀ'॥ ੧੨॥

ਇਹ ਸੁਣ ਕੇ ਕਲਗੀਧਰ ਨੇ ਹੁਕਮ ਕੀਤਾ, "ਗੁਰੂ ਘਰ ਤੋਂ ਉਨ੍ਹਾਂ ਨੂੰ ਮਹਾਨ ਲੰਗਰ ਭੇਜੋ। ਘਾਹ, ਦਾਣੇ, ਘਿਉ, ਖੰਡ ਅਤੇ ਨਿਹਾਰੀਆਂ ਘੋੜਿਆਂ ਤੇ ਭਾਰੀ ਹਾਥੀਆਂ ਦੇ ਖਾਣ ਵਾਸਤੇ ਦੇਵੋ"॥ ੧੨॥

ਆਇ ਮਸੰਦਨ ਕੋ ਤਿਨ ਕਹ੍ਯੋ। ਜਬਿ ਗੁਰ ਹੁਕਮ ਸਭਿਨਿ ਹੂੰ ਲਹ੍ਯੋ।
ਨ੍ਰਿਪਸੁਤ ਨਿਕਟ ਮੇਵਰੇ ਗਏ। ਜਥਾ ਜੋਗ ਹਿਤ ਖੈਬੇ ਦਏ॥ ੧੩॥

ਉਸ ਨੇ ਆ ਕੇ ਮਸੰਦਾਂ ਨੂੰ ਕਿਹਾ। ਜਦ ਗੁਰੂ ਜੀ ਦਾ ਹੁਕਮ ਸਭ ਨੇ ਸੁਣ ਲਿਆ। ਰਾਜੇ ਦੇ ਪੁੱਤਰ ਪਾਸ ਮੇਵੜੇ ਗਏ ਤੇ ਯਥਾ ਯੋਗ ਖਾਣ ਵਾਸਤੇ ਵਸਤਾਂ ਦਿੱਤੀਆਂ॥ ੧੩॥

ਸਰਬ ਰੀਤਿ ਸੁਖ ਪਾਇ ਘਨੇਰਾ। ਗੁਰਨਿ ਸਰਾਹਹਿ ਸਗਰੋ ਡੇਰਾ।
ਚਹੀ ਵਸਤੁ ਤਤਛਿਨ ਪਹੁੰਚਾਹੀ। ਸੁਪਤਿ ਭਏ ਸੋ ਨਿਸਾ ਬਿਤਾਈ॥ ੧੪॥

ਸਰਬ ਰੀਤੀ ਨਾਲ ਬਹੁਤ ਸੁਖ ਪਾਇਆ, ਸਾਰਾ ਡੇਰਾ ਗੁਰੂ ਜੀ ਦੀ ਸ਼ਲਾਘਾ ਕਰਦਾ ਸੀ। ਚਾਹੀਦੀਆਂ ਵਸਤਾਂ ਤੁਰਤ ਪਹੁੰਚਾਈਆਂ ਗਈਆਂ। ਉਹ ਰਾਤ ਉਨ੍ਹਾਂ ਨੇ ਸੌਂ ਕੇ ਬਤੀਤ ਕੀਤੀ॥ ੧੪॥

ਸੌਚ ਸ਼ਨਾਨ ਠਾਨਿ ਸਵਧਾਨਾ। ਨ੍ਰਿਪਨੰਦਨ ਅਭਿਲਾਖ ਮਹਾਨਾ।
ਪਠ੍ਯੋ ਮੁਸਾਹਿਬ ਸਤਿਗੁਰ ਦ੍ਵਾਰੇ। 'ਰਾਵਰਿ ਦਰਸ਼ਨ ਚਾਹਿ ਉਦਾਰੇ॥ ੧੫॥

ਸੌਚ ਇਸ਼ਨਾਨ ਕਰਕੇ ਸਾਵਧਾਨ ਹੋ ਗਏ, ਰਾਜੇ ਦੇ ਪੁੱਤਰ ਦੀ ਮਹਾਨ ਅਭਿਲਾਸ਼ਾ ਸੀ। ਉਸ ਨੇ ਆਪਣੇ ਮੁਸਾਹਿਬ ਨੂੰ ਸਤਿਗੁਰੂ ਜੀ ਦੇ ਦਵਾਰ 'ਤੇ ਭੇਜਿਆ, "ਆਪ ਜੀ ਦੇ ਦਰਸ਼ਨ ਕਰਨ ਦੀ ਬਹੁਤ ਚਾਹਤ ਹੈ॥ ੧੫॥

ਨੀਠ ਨੀਠ ਕਰਿ ਨਿਸਾ ਬਿਤਾਈ। ਮਿਲ੍ਯੋ ਚਹਤਿ ਹੌਂ ਪਰਿ ਸ਼ਰਨਾਈ'।
ਸੁਧਿ ਕਲਗੀਧਰਿ ਢਿਗ ਪਹੁੰਚਾਈ। ਸੁਨਿ ਸ੍ਰੀ ਮੁਖ ਤੇ ਬਚ ਫੁਰਮਾਈ॥ ੧੬॥

ਮਸਾਂ ਮਸਾਂ ਰਾਤ ਬਿਤੀਤ ਕੀਤੀ ਹੈ, ਆਪ ਜੀ ਦੀ ਸ਼ਰਨ ਵਿਚ ਆ ਕੇ ਮਿਲਣਾ ਚਾਹੁੰਦਾ ਹਾਂ।" ਕਲਗੀਧਰ ਪਾਸ ਜਦ ਖ਼ਬਰ ਪਹੁੰਚਾਈ ਤੇ ਗੁਰੂ ਜੀ ਨੇ ਸੁਣ ਕੇ ਆਪਣੇ ਮੁਖ ਤੋਂ ਫੁਰਮਾਇਆ॥ ੧੬॥

'ਪਹਿਰ ਤੀਸਰੇ ਸਜਹਿਂ ਸੁਚੇਤਾ। ਬੈਠੈਂ ਦਰਸ਼ਨ ਦੈਬੇ ਹੇਤਾ।
ਮਿਲਹੁ ਆਨਿ ਕਰਿ ਪੁਰਹੁ ਭਿਲਾਖਾ। ਸੁਧਰੈ ਜਨਮ ਭਾਉ ਅਸ ਰਾਖਾ' ॥੧੭॥

"ਦਿਨ ਦੇ ਤੀਸਰੇ ਪਹਿਰ ਸੁਚੇਤ ਹੋ ਕੇ ਤਿਆਰ ਹੋ ਜਾਣ ਉਸ ਸਮੇਂ ਅਸੀਂ ਦਰਸ਼ਨ ਦੇਣ ਵਾਸਤੇ ਬੈਠਾਂਗੇ, ਉਸ ਸਮੇਂ ਆ ਕੇ ਮਿਲੋ ਤੇ ਅਭਿਲਾਸ਼ਾ ਪੂਰੀ ਕਰੋ, ਜਨਮ ਸੁਧਰੇਗਾ ਜੋ ਐਸਾ ਪ੍ਰੇਮ ਰੱਖਿਆ ਹੈ"॥ ੧੭॥

ਗਯੋ ਸਿਵਰ ਮਹਿਂ ਨ੍ਰਿਪਤਿ ਸੁਨਾਯੋ। ਹਰਖਤਿ ਮੁਖ ਪੰਕਜ ਬਿਕਸਾਯੋ।
ਕਰ੍ਯੋ ਹੁਕਮ 'ਹਾਥੀ ਸ਼ਿੰਗਾਰਹੁ। ਜਲ ਤੇ ਮਲ ਕਰਿ ਰੰਗ ਨਿਕਾਰਹੁ' ॥੧੮॥

ਸੇਵਕ ਰਾਜੇ ਦੇ ਡੇਰੇ ਵਿਚ ਗਿਆ ਤੇ ਰਾਜੇ ਨੂੰ ਗੁਰੂ ਜੀ ਦਾ ਆਦੇਸ਼ ਸੁਣਾਇਆ। ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸਦਾ ਕੰਵਲ ਰੂਪ ਮੁਖੜਾ ਖਿੜ ਉਠਿਆ। ਉਸ ਨੇ ਹੁਕਮ ਕੀਤਾ, "ਹਾਥੀ ਨੂੰ ਸ਼ਿੰਗਾਰੋ ਪਾਣੀ ਨਾਲ ਮਲ ਮਲ ਕੇ ਇਸ ਦਾ ਰੰਗ ਕੱਢੋ" ॥ ੧੮ ॥

**ਜ਼ਰੀਦਾਰ ਬਰ ਮਖ਼ਮਲ ਝੂਲ। ਲਗੇ ਬਿੰਦ ਜਾਂਬੂਨਦ ਫੂਲ।**
**ਸਿਰ ਪਰ ਝਾਲਰ ਝਲਕਤਿ ਜ਼ਰੀ। ਕਿਤ ਕਿਤ ਲਰਕਤਿ ਮੁਕਤਨਿ ਲਰੀ ॥੧੯ ॥**

ਜ਼ਰੀਦਾਰ ਸ੍ਰੇਸ਼ਟ ਮਖ਼ਮਲ ਝੂਲਦੀ ਸੀ ਤੇ ਜਿਸਨੂੰ ਸੋਨੇ ਦੇ ਬਹੁਤ ਫੁੱਲ ਲੱਗੇ ਹੋਏ ਸਨ। ਸਿਰ ਉੱਤੇ ਜ਼ਰੀ ਦੀ ਝਾਲਰ ਲਟਕਦੀ ਸੀ ਤੇ ਕਿਤੇ-ਕਿਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਸਨ॥ ੧੯॥

**ਉਘਰਜੋ ਭਾਲ ਸੁਪੇਦਾ ਭਲੇ। ਸ਼ਜਾਮ ਬਰਨ ਸਭਿ ਤਨ ਪਰ ਮਲੇ।**
**ਜਸ ਕਦ ਤਸ ਹੀ ਦਸਨ ਸੁਹਾਏ। ਹਾਟਕ ਚੂਰੇ ਰੂੜ ਚੜ੍ਹਾਏ॥ ੨੦॥**

ਹਾਥੀ ਦਾ ਸੁਫੈਦ ਮੱਥਾ ਬੜਾ ਚਮਕਿਆ ਸੀ, ਬਾਕੀ ਸਾਰੇ ਸਰੀਰ ਦਾ ਰੰਗ ਕਾਲਾ ਸੀ। ਜੈਸਾ ਉਸਦਾ ਕੱਦ ਸੀ ਵੈਸੇ ਹੀ ਉਸਦੇ ਦੰਦ ਸ਼ੋਭਦੇ ਸਨ ਤੇ ਦੰਦਾਂ ਉੱਤੇ ਸੋਨੇ ਦੀਆਂ ਸੁੰਦਰ ਚੂੜੀਆਂ ਚੜ੍ਹਾਈਆਂ ਹੋਈਆਂ ਸਨ॥ ੨੦॥

**ਚਾਂਦੀ ਕੇ ਸਿੰਖਲ ਘਰਿਵਾਏ। ਚਾਰ ਪਗਨ ਮਹਿਂ ਰਹੇ ਸੁਹਾਏ।**
**ਤਿਮ ਹੀ ਕਰੇ ਤੁਰੰਗਮ ਤਜਾਰੇ। ਜਰੇ ਜ਼ੀਨ ਜਾਂਬੂਨਦ ਡਾਰੇ॥ ੨੧॥**

ਚਾਂਦੀ ਦੇ ਸੰਗਲ ਘੜਵਾਏ ਸਨ, ਉਹ ਚਾਰੇ ਪੈਰਾਂ ਵਿਚ ਸ਼ੋਭ ਰਹੇ ਸਨ। ਉਸ ਤਰ੍ਹਾਂ ਹੀ ਘੋੜੇ ਤਿਆਰ ਕੀਤੇ ਸਨ ਤੇ ਉਨ੍ਹਾਂ ਉੱਤੇ ਸੋਨੇ ਦੀਆਂ ਕਾਠੀਆਂ ਪਾਈਆਂ ਹੋਈਆਂ ਸਨ॥ ੨੧॥

**ਸ਼ਸਤ੍ਰ ਪੰਚਕਲ, ਚੌਕੀ ਚਾਰੂ। ਜਾਮ ਕਟੋਰਾ ਸ਼ੁਭ ਦੁਤਿ ਵਾਰੂ।**
**ਕੰਕਨ ਕੰਚਨ ਬੱਜ੍ਰ ਜਰਾਏ। ਬਹੁ ਬਨਾਵ ਕੇ ਬਸਤ੍ਰ ਬਨਾਏ॥ ੨੨॥**

ਪੰਜ ਕਲਾ ਵਾਲਾ ਸ਼ਸਤਰ, ਸੁੰਦਰ ਚੌਕੀ, ਵੱਡੇ ਪਿਆਲੇ ਨੇ ਸ਼ੁਭ ਸ਼ੋਭਾ ਪਾਈ ਸੀ। ਸੋਨੇ ਦੇ ਕੰਗਣਾਂ ਨੂੰ ਹੀਰੇ ਜੜੇ ਹੋਏ ਸਨ ਤੇ ਬਹੁਤ ਬਨਾਵਟਾਂ ਦੇ ਕੱਪੜੇ ਬਣਾਏ ਸਨ॥ ੨੨॥

**ਤਜਾਰ ਕਰੀ ਇੱਤਜਾਦਿ ਅਕੋਰ। ਅਰਪਨਿ ਸ਼੍ਰੀ ਗੁਰ ਹਿਤ ਕਰ ਜੋਰਿ।**
**ਬਸਤ੍ਰ ਬਿਭੂਖਨ ਮੋਲ ਘਨੇਰੇ। ਪਹਿਰਨਿ ਤਨ ਸਤਿਗੁਰ ਤਿਸ ਬੇਰੇ॥੨੩॥**

ਇਸ ਤਰ੍ਹਾਂ ਦੇ ਹੋਰ ਬਹੁਤ ਉਪਹਾਰ ਤਿਆਰ ਕੀਤੇ ਸਨ, ਉਹ ਸਾਰੇ ਹੱਥ ਜੋੜ ਕੇ ਗੁਰੂ ਜੀ ਨੂੰ ਅਰਪਣ ਕਰਨੇ ਸਨ। ਵਸਤਰ ਅਤੇ ਗਹਿਣੇ ਬਹੁਤ ਕੀਮਤੀ ਸਨ, ਜਿਹੜੇ ਸਤਿਗੁਰੂ ਜੀ ਦੇ ਪਹਿਣਨ ਵਾਸਤੇ ਲੈ ਲਏ॥ ੨੩॥

**ਸਚਿਵ ਸੈਨ ਸਭਿਹੂੰ ਸ਼ੁਭ ਬਨੇ। ਬਸਤ੍ਰ ਸ਼ਸਤ੍ਰ ਧਰਿ ਜੇ ਮੁਲ ਘਨੇ।**
**ਇਮ ਤਜਾਰੀ ਕਰਿਤੇ ਸਭਿ ਰੀਤਿ। ਤੀਨ ਪਹਿਰ ਗਜੋ ਬਾਸੁਰ ਬੀਤ॥੨੪॥**

ਮੰਤਰੀ ਅਤੇ ਸੈਨਾ ਸਾਰੇ ਹੀ ਬਹੁਤ ਸ਼ੁਭ ਸਜੇ ਸਨ, ਉਨ੍ਹਾਂ ਨੇ ਵਸਤਰ ਸ਼ਸਤਰ ਬਹੁਤ ਵਡਮੁੱਲੇ ਪਾਏ ਹੋਏ ਸਨ। ਇਸ ਤਰ੍ਹਾਂ ਸਭ ਰੀਤੀਆਂ ਨਾਲ ਤਿਆਰੀ ਕਰਦਿਆਂ, ਤਿੰਨ ਪਹਿਰ ਦਿਨ ਬੀਤ ਗਿਆ॥ ੨੪॥

**ਤਿਸ ਛਿਨ ਆਇ ਮੇਵਰਾ ਗਯੋ। ਭੂਪਤਿ ਸਾਥ ਭਾਖਤੋ ਭਯੋ।**
**'ਸਭਾ ਬਿਖੈ ਭਾ ਗੁਰ ਆਗਵਨੂੰ। ਸਿਖ ਉਡਗਨ ਮਹਿਂ ਸਸਿ ਗੁਨ ਭਵਨੂੰ॥੨੫॥**

ਉਸ ਸਮੇਂ ਮੇਵੜਾ ਆ ਗਿਆ ਤੇ ਉਹ ਆ ਕੇ ਰਾਜੇ ਨੂੰ ਕਹਿਣ ਲੱਗਾ, "ਸਭਾ ਵਿਚ ਗੁਰੂ ਜੀ ਆ ਗਏ ਹਨ, ਉਹ ਗੁਣਾਂ ਦੇ ਘਰ ਸਿੱਖ ਰੂਪੀ ਤਾਰਿਆਂ ਵਿਚ ਚੰਦਰਮਾਂ ਵਾਂਗ ਸ਼ੋਭ ਰਹੇ ਹਨ॥ ੨੫॥

ਬੈਠੇ ਪਾਵਨਿ ਦਰਸ਼ਨ ਹੇਤੁ। ਸੰਗਤਿ ਸਕਲ ਮਨੋਰਥ ਲੇਤਿ'।
ਰਤਨਰਾਇ ਸੁਨਿ ਹਰਖਤਿ ਭਯੋ। 'ਲੇ ਸਭਿ ਚਲਹੁ' ਹੁਕਮ ਕਰਿ ਦਯੋ॥੨੬॥

ਪਵਿੱਤਰ ਦਰਸ਼ਨਾਂ ਵਾਸਤੇ ਬੈਠੇ ਹਨ, ਸਾਰੀ ਸੰਗਤ ਦਰਸ਼ਨ ਕਰਕੇ ਆਪਣੇ ਮਨੋਰਥ ਪੂਰੇ ਕਰ ਰਹੀ ਹੈ।" ਰਤਨ ਰਾਇ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਹੁਕਮ ਕਰ ਦਿੱਤਾ, "ਸਭ ਵਸਤਾਂ ਲੈ ਚਲੋ"॥ ੨੬॥

ਬਸਤ੍ਰ ਬਿਭੂਖਨ ਗਨ ਦੀਨਾਰ। ਲੇ ਕਰਿ ਗਮਨੇ ਭਰਿ ਭਰਿ ਥਾਰ।
ਅਪਰ ਵਸਤੁ ਸਭਿ ਕਰੇ ਅਗਾਰੀ। ਨਗਨ ਪਗਨ ਨ੍ਰਿਪ ਚਲਯੋ ਪਿਛਾਰੀ॥੨੭॥

ਵਸਤਰ, ਗਹਿਣੇ ਤੇ ਬਹੁਤ ਅਸ਼ਰਫੀਆਂ ਦੇ ਥਾਲ ਭਰ ਭਰ ਕੇ ਚਲ ਪਏ। ਹੋਰ ਸਾਰੀਆਂ ਵਸਤਾਂ ਅੱਗੇ ਕੀਤੀਆਂ ਤੇ ਪਿੱਛੇ-ਪਿੱਛੇ ਰਾਜਾ ਨੰਗੀ ਪੈਰੀਂ ਚਲ ਪਿਆ॥ ੨੭॥

ਸਚਿਵ ਸੁਭਟ ਨਿਜ ਸਾਥ ਮਿਲਾਏ। ਗਮਨੇ ਮਾਨਵ ਹੈ ਸਮੁਦਾਏ।
ਪੌਰ ਸਭਾ ਕੋ ਤਹਿਂ ਚਲਿ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ॥ ੨੮॥

ਅਧਿਕਾਰੀ, ਸੂਰਬੀਰ ਸਾਰੇ ਆਪਣੇ ਨਾਲ ਮਿਲਾਏ ਤੇ ਸਾਰੇ ਮਨੁੱਖ ਇਕੱਠੇ ਹੋ ਕੇ ਚਲ ਪਏ। ਸਭਾ ਦੇ ਦਰਵਾਜ਼ੇ ਤਕ ਚਲ ਕੇ ਆ ਗਏ ਤੇ ਰਾਜੇ ਨੇ ਹੱਥ ਜੋੜ ਕੇ ਸਿਰ ਨਿਵਾਇਆ॥ ੨੮॥

ਅੰਤਰ ਪ੍ਰਵਿਸ਼ੇ ਸਿਰ ਕਰਿ ਨੀਵਾ। ਵਾਹਿਗੁਰੂ ਕਹਿ ਭਾਵ ਅਤੀਵਾ।
ਪਿਖੀ ਦੂਰ ਤੇ ਗੁਰ ਕੀ ਮੂਰਤਿ। ਬੈਠੇ ਮਨਹੁਂ ਚੰਦ ਕੀ ਸੂਰਤ॥ ੨੯॥

ਨੀਵਾਂ ਸਿਰ ਕਰਕੇ ਅੰਦਰ ਪ੍ਰਵੇਸ਼ ਕੀਤਾ ਤੇ ਬਹੁਤ ਹੀ ਪਿਆਰ ਨਾਲ ਵਾਹਿਗੁਰੂ ਕਿਹਾ। ਦੂਰ ਤੋਂ ਹੀ ਗੁਰੂ ਜੀ ਦੀ ਮੂਰਤ ਵੇਖੀ, ਮਾਨੋ ਚੰਦ ਦੀ ਸੂਰਤ ਧਾਰ ਕੇ ਬੈਠੇ ਹੋਣ॥ ੨੯॥

ਝੂਲਤਿ ਕਲਗੀ ਦਮਕਤਿ ਮੋਤੀ। ਜਿਗਾ ਬੰਧੀ ਹੀਰਨ ਦੁਤਿ ਹੋਤੀ।
ਚਮਰ ਢੁਰਤਿ ਹੈ ਬਾਰੰਬਾਰੀ। ਥਿਰੇ ਸੁਹਾਵਤਿ ਸਭਾ ਮਝਾਰੀ॥ ੩੦॥

ਕਲਗੀ ਝੂਲਦੀ ਸੀ ਤੇ ਮੋਤੀ ਚਮਕਦੇ ਸਨ, ਬੰਨ੍ਹੀ ਹੋਈ ਜਿਗਾ ਵਿਚ ਹੀਰੇ ਲਿਸ਼ਕਦੇ ਸਨ। ਬਾਰ-ਬਾਰ ਚੌਰ ਫਿਰ ਰਿਹਾ ਸੀ। ਗੁਰੂ ਜੀ ਸਭਾ ਵਿਚ ਬੈਠੇ ਮਹਾਨ ਸ਼ੋਭਾ ਪਾ ਰਹੇ ਸਨ॥ ੩੦॥

ਜਨੁ ਦੇਵਨ ਮਹਿਂ ਬਿਸ਼ਨੁ ਕ੍ਰਿਪਾਲਾ। ਗ੍ਯਾਨ ਨਿਧਾਨ ਮਹਾਨ ਉਜਾਲਾ।
ਤੂਰਨ ਕਰਤਿ ਪਰਯੋ ਪਗ ਜਾਈ। ਸਕਹਿ ਨਹੀਂ ਪੁਨ ਸੀਸ ਉਠਾਈ॥ ੩੧॥

ਮਾਨੋ ਦੇਵਤਿਆਂ ਵਿਚ ਕ੍ਰਿਪਾਲੂ ਵਿਸ਼ਨੂੰ ਜੀ ਬੈਠੇ ਸਨ, ਗਿਆਨ ਦੇ ਨਿਧਾਨ ਮਹਾਂ ਉੱਜਲ ਦਿਖਾਈ ਦੇ ਰਹੇ ਸਨ। ਰਾਜਾ ਤੁਰਤ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਜਾ ਪਿਆ, ਫਿਰ ਆਪਣਾ ਸਿਰ ਚੁੱਕ ਨਹੀਂ ਸੀ ਸਕਦਾ॥ ੩੧॥

ਕ੍ਰਿਪਾਦ੍ਰਿਸ਼ਟਿ ਤੇ ਗੁਰੂ ਬਿਲੋਕਾ। 'ਉਠਹੁ ਭੂਪ ! ਸੁਧਰੇ ਜੁਗ ਲੋਕਾ'।
ਮਾਨਿ ਬਾਕ ਕੋ ਸੀਸ ਉਠਾਯੋ। ਬੈਠਯੋ ਸਨਮੁਖ ਪ੍ਰੇਮ ਵਧਾਯੋ॥ ੩੨॥

ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ ਤੇ ਕਿਹਾ, "ਹੇ ਰਾਜਨ ! ਉੱਠੋ ਤੇਰੇ ਦੋਵੇਂ ਲੋਕ ਸੁਧਰ ਗਏ ਹਨ।" ਗੁਰੂ ਜੀ ਦਾ ਬਚਨ ਮੰਨ ਕੇ ਸਿਰ ਚੁੱਕ ਲਿਆ ਤੇ ਸਾਹਮਣੇ ਬੈਠ ਕੇ ਪ੍ਰੇਮ ਵਧਾਇਆ॥ ੩੨॥

ਕੁਸ਼ਲ ਪ੍ਰਸ਼ਨ ਸ੍ਰੀ ਸਤਿਗੁਰ ਕੀਨੋ। ਹਾਥ ਜੋਰਿ ਤਿਨ ਸਭਿ ਕਹਿ ਦੀਨੋ।
ਤਬਿ ਮੰਤ੍ਰੀ ਕਰ ਜੋਰਿ ਬਖਾਨਾ। 'ਬਡੇ ਗੁਰੂ ਪਹੁੰਚੇ ਤਿਸ ਥਾਨਾ॥ ੩੩॥

ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ, ਹੱਥ ਜੋੜ ਕੇ ਰਾਜੇ ਨੇ ਸਭ ਕਹਿ ਦਿੱਤਾ। ਤਦ ਮੰਤਰੀ ਨੇ ਹੱਥ ਜੋੜ ਕੇ ਕਿਹਾ, "ਵੱਡੇ ਗੁਰੂ ਜੀ ਉਸ ਸਥਾਨ ਤੇ ਪਹੁੰਚੇ ਸਨ॥ ੩੩॥

ਰਾਜਾ ਰਾਮ ਮਿਲਯੋ ਮਹਿਪਾਲਾ। ਕੀਨਿ ਬੇਨਤੀ ਇਮ ਤਿਸ ਕਾਲਾ।
ਜਤਨ ਕਰੇ ਉਪਜਯੋ ਨਹਿੰ ਬਾਲਿਕ। ਬਖਸ਼ਹੁ ਆਪ ਰਾਜ ਕੋ ਮਾਲਿਕ ॥੩੪॥

ਰਤਨ ਰਾਇ ਦੇ ਪਿਤਾ ਜੀ ਰਾਜਾ ਰਾਮ ਰਾਇ ਵੱਡੇ ਗੁਰੂ ਜੀ ਨੂੰ ਮਿਲੇ ਸਨ ਤੇ ਉਸ ਨੇ ਉਸ ਸਮੇਂ ਬੇਨਤੀ ਕੀਤੀ ਸੀ ਕਿ ਅਸੀਂ ਬਹੁਤ ਯਤਨ ਕੀਤੇ ਹਨ, ਪਰ ਸਾਡੇ ਘਰ ਪੁੱਤਰ ਪੈਦਾ ਨਹੀਂ ਹੋਇਆ ਹੈ, ਤੁਸੀਂ ਕਿਰਪਾ ਕਰਕੇ ਰਾਜ ਦਾ ਮਾਲਕ ਬਖਸ਼ੋ॥ ੩੪॥

ਕ੍ਰਿਪਾ ਕਰੀ ਗੁਰ ਮੁਹਰ ਲਗਾਈ। ਦਯੋ ਪੁੱਤ੍ਰ ਇਹ, ਬਜੀ ਵਧਾਈ।
ਤਿਸ ਤੇ ਚਿੰਨ੍ਹਤਿ ਸਿਰ ਇਸ ਕੇਰਾ। ਦਰਪਨ ਮਹਿਂ ਦੇਖਯੋ ਜਿਸ ਬੇਰਾ ॥੩੫॥

ਗੁਰੂ ਜੀ ਨੇ ਕਿਰਪਾ ਕਰਕੇ ਮੁਹਰ ਲਾਈ, ਇਨ੍ਹਾਂ ਇਸ ਨੂੰ ਪੁੱਤਰ ਦੇ ਰੂਪ ਵਿਚ ਦਿੱਤਾ ਤੇ ਵਧਾਈਆਂ ਵੱਜੀਆਂ। ਉਸ ਮੋਹਰ ਦਾ ਚਿੰਨ੍ਹ ਇਨ੍ਹਾਂ ਦੇ ਸਿਰ ਉੱਤੇ ਹੈ। ਜਦ ਇਨ੍ਹਾਂ ਨੇ ਇਹ ਚਿੰਨ੍ਹ ਸ਼ੀਸ਼ੇ ਵਿਚ ਵੇਖਿਆ॥ ੩੫॥

ਸਭਿ ਪ੍ਰਸੰਗ ਜਨਨੀ ਤੇ ਸੁਨਯੋਂ। ਅਨੰਦ ਉਪਾਇ ਆਵਨੋ ਭਨਯੋ।
ਪੁਨਿਹ ਉਪਾਇਨ ਕੀਨਿ ਜਨਾਵਨਿ। ਪ੍ਰਿਥਕ ਪ੍ਰਿਥਕ ਸਭਿ ਕਰਯੋ ਬਤਾਵਨਿ ॥੩੬॥

ਫਿਰ ਸਾਰਾ ਪ੍ਰਸੰਗ ਆਪਣੀ ਮਾਤਾ ਜੀ ਪਾਸੋਂ ਸੁਣਿਆ ਤੇ ਅਨੰਦ ਪਾ ਕੇ ਦੇਖੇ ਆਉਣ ਵਾਸਤੇ ਕਿਹਾ।" ਫਿਰ ਉਪਹਾਰਾਂ ਬਾਰੇ ਜਾਣਕਾਰੀ ਦਿੱਤੀ। ਵੱਖ-ਵੱਖ ਵਰਣਨ ਕਰਕੇ ਸਾਰਿਆਂ ਬਾਰੇ ਜਾਣਕਾਰੀ ਦਿੱਤੀ॥ ੩੬॥

ਪ੍ਰਥਮ ਮਤੰਗ ਅਜਬ ਦਿਖਰਾਯੋ। ਜਿਹ ਸਮ ਦੂਤੀ ਨ ਜਗ ਮਹਿਂ ਜਾਯੋ।
ਪੰਚ ਤੁਰੰਗ ਅਗਾਰੀ ਕਰੇ। ਕੰਚਨ ਜ਼ੀਨ ਜਿਨਹੁਂ ਪਰ ਪਰੇ॥ ੩੭॥

ਪਹਿਲਾਂ ਅਜੀਬ ਹਾਥੀ ਵਿਖਾਇਆ, ਜਿਸ ਵਰਗਾ ਦੂਸਰਾ ਜਗ ਵਿਚ ਪੈਦਾ ਨਹੀਂ ਹੋਇਆ ਹੈ। ਪੰਜ ਘੋੜੇ ਅੱਗੇ ਕੀਤੇ, ਜਿਨ੍ਹਾਂ ਉੱਤੇ ਸੋਨੇ ਦੀਆਂ ਕਾਠੀਆਂ ਪਈਆਂ ਹੋਈਆਂ ਸਨ॥ ੩੭॥

ਸ਼ਸਤ੍ਰ ਬਿਭੂਖਨ ਬਸਤ੍ਰ ਘਨੇਰੇ। ਸ਼ਸਤ੍ਰ ਧਰੇ ਸਤਿਗੁਰੂ ਅਗੇਰੇ।
ਦੇਖਤਿ ਖੁਸ਼ੀ ਬਿਸਾਲ ਦਈ ਹੈ। ਸੁਖ ਪ੍ਰਾਪਤਿ ਅਰਦਾਸ ਭਈ ਹੈ॥ ੩੮॥

ਸ਼ਸਤਰ, ਗਹਿਣੇ ਅਤੇ ਬਹੁਤ ਵਸਤਰ ਸਨ। ਸ਼ਸਤਰਾਂ ਨੂੰ ਸਤਿਗੁਰੂ ਜੀ ਦੇ ਅੱਗੇ ਰੱਖਿਆ। ਗੁਰੂ ਜੀ ਨੇ ਵੇਖ ਕੇ ਵਿਸ਼ਾਲ ਖੁਸ਼ੀ ਬਖਸ਼ੀ ਹੈ ਮੇਵੜੇ ਨੇ ਰਾਜੇ ਦੇ ਮਹਾਨ ਖੁਸ਼ੀ ਪ੍ਰਾਪਤ ਕਰਨ ਦੀ ਅਰਦਾਸ ਕੀਤੀ॥ ੩੮॥

ਭਯੋ ਨਿਹਾਲ ਖੁਸ਼ੀ ਕੌ ਲੇਯ। ਦਰਸ਼ਨ ਦੇਖਤਿ ਅਨੰਦ ਧਰੇਯ।
ਬਹੁ ਅਸਾਮ ਦੇਸ਼ਨ ਕੀ ਗਾਥਾ। ਬੂਝਤਿ ਰਤਨਰਾਇ ਕੇ ਸਾਥਾ॥ ੩੯॥

ਗੁਰੂ ਜੀ ਦੀ ਖੁਸ਼ੀ ਲੈ ਕੇ ਨਿਹਾਲ ਹੋ ਗਿਆ ਤੇ ਦਰਸ਼ਨ ਕਰਕੇ ਅਨੰਦ ਧਾਰਨ ਕੀਤਾ। ਫਿਰ ਗੁਰੂ ਜੀ ਰਤਨ ਰਾਇ ਪਾਸੋਂ ਅਸਾਮ ਦੇਸ਼ ਦੀਆਂ ਗਾਥਾਵਾਂ ਬਾਰੇ ਪੁੱਛਣ ਲੱਗੇ॥ ੩੯॥

ਸਚਿਵਨ ਸਹਿਤ ਬਖਾਨਹਿਂ ਤੈਸੇ। ਕਲਗ਼ੀਧਰ ਕੋ ਰੁਖ ਹੁਇ ਜੈਸੇ।
ਦੇਸ਼ ਰੁ ਅਪਨੋ ਸਰਬ ਬ੍ਰਿਤੰਤ। ਕਰਯੋ ਸੁਨਾਵਨਿ ਗੁਰ ਭਗਵੰਤ॥ ੪੦॥

ਮੰਤਰੀਆਂ ਸਹਿਤ ਉਸ ਤਰ੍ਹਾਂ ਕਹਿੰਦਾ ਸੀ, ਜਿਵੇਂ ਸਤਿਗੁਰੂ ਜੀ ਦੇ ਰੁਖ ਨੂੰ ਵੇਖਦਾ ਸੀ। ਆਪਣੇ ਦੇਸ਼ ਦਾ ਸਾਰਾ ਬ੍ਰਿਤਾਂਤ, ਗੁਰੂ ਭਗਵੰਤ ਨੂੰ ਸੁਣਾ ਦਿੱਤਾ॥ ੪੦॥

ਖਟ ਘਟਕਾ ਲਗਿ ਬੈਠੇ ਰਹੇ। ਰਤਨਰਾਇ ਅਰੁ ਗੁਰ ਮੁਦ ਲਹੇ।
ਗਜ ਕੇ ਗੁਨ ਬਰਨਨ ਬਹੁ ਕਰੇ। 'ਸੀਛਤਿ ਬਡੋ ਕਹਿਨ ਅਨੁਸਰੇ॥ ੪੧॥

ਛੇ ਘੜੀਆਂ ਤਕ ਬੈਠੇ ਰਹੇ, ਰਤਨ ਰਾਇ ਅਤੇ ਗੁਰੂ ਜੀ ਬਹੁਤ ਅਨੰਦ ਲੈ ਰਹੇ ਸਨ। ਹਾਥੀ ਦੇ ਬਹੁਤ ਗੁਣ ਵਰਣਨ ਕਰਦੇ ਸਨ। ਬਹੁਤ ਸਿੱਖਿਆ ਹੋਇਆ ਹੈ ਤੇ ਕਹਿਣ ਅਨੁਸਾਰ ਕੰਮ ਕਰਦਾ ਹੈ॥ ੪੧॥

ਜਿਮ ਚਾਹਹੁ ਪ੍ਰਭੁਜੀ ਕਰਿਵਾਵਹੁ। ਨਿਤ ਦੇਖਹੁ ਪਰਖਹੁ ਹਰਖਾਵਹੁ।
ਪੰਚਕਲਾ ਇਹ ਸ਼ਸਤ੍ਰ ਬਿਸਾਲਾ। ਕਰਹਿ ਕਾਜ ਬਹੁਤੇ ਰਣ ਕਾਲਾ॥ ੪੨॥

ਜਿਵੇਂ ਚਾਹੋ, ਉਸ ਤਰ੍ਹਾਂ ਹੀ ਪ੍ਰਭੂ ਜੀ ਕਰਵਾਵੋ, ਨਿਤ ਵੇਖੋ, ਪਰਖੋ ਅਤੇ ਪ੍ਰਸੰਨ ਹੋਵੋ। ਪੰਜਕਲਾ ਵਾਲਾ ਇਹ ਵਿਸ਼ਾਲ ਸ਼ਸਤਰ ਹੈ, ਰਣਖੇਤਰ ਵਿਚ ਇਹ ਬਹੁਤ ਕਾਰਜ ਕਰਦਾ ਹੈ॥ ੪੨॥

ਬਰਛੀ, ਜਮਧਰ, ਖੜਗ, ਤਮਾਂਚਾ। ਚਹੌ ਸੁ ਕਰੈ ਰੋਸ ਰਣ ਰਾਚਾ।
ਦੁਸ਼ਮਨ ਹਤਹੁ ਦਾਵ ਜਸ ਹੋਇ। ਇਸ ਤੇ ਬਚਿ ਕੈ ਜਾਇ ਨ ਕੋਇ॥ ੪੩॥

ਬਰਛੀ, ਕਟਾਰ, ਤਲਵਾਰ ਅਤੇ ਪਸਤੌਲ, ਗੁੱਸੇ ਨਾਲ ਰਣ ਰਚ ਕੇ ਜੋ ਵੀ ਚਾਹੋ ਸੋ ਹੀ ਬਣਾ ਲਵੋ, ਜਿਸ ਤਰ੍ਹਾਂ ਦਾ ਵੀ ਦਾਅ ਹੋਵੇ, ਉਸ ਤਰ੍ਹਾਂ ਹੀ ਦੁਸ਼ਮਣ ਨੂੰ ਮਾਰੋ, ਇਸ ਪਾਸੋਂ ਕੋਈ ਵੀ ਬਚ ਕੇ ਨਹੀਂ ਜਾ ਸਕਦਾ॥ ੪੩॥

ਇਹ ਚੌਕੀ ਪ੍ਰਭੁ ਅਜਬ ਬਿਸਾਲੀ। ਸਭਿ ਕੀ ਸੈਲ ਕੀਜੀਅਹਿ ਕਾਲੀ।
ਬਡੇ ਜਤਨ ਤੇ ਵਸਤੁ ਮੰਗਾਈ। ਮੁਖ ਮਾਂਗਜੋ ਦਿਯ ਮੋਲ ਪਠਾਈ॥ ੪੪॥

ਇਹ ਚੌਕੀ ਵੀ ਪ੍ਰਭੂ ਜੀ ਬੜੀ ਅਜੀਬ ਹੈ, ਕਲ ਨੂੰ ਸਭ ਦੀ ਪਰਖ ਕਰੋ। ਬੜੇ ਯਤਨਾਂ ਨਾਲ ਇਹ ਵਸਤ ਮੰਗਵਾਈ ਹੈ ਤੇ ਮੂੰਹ ਮੰਗਿਆ ਮੁੱਲ ਭੇਜਿਆ ਹੈ॥ ੪੪॥

ਦੂਰ ਦੂਰ ਤੇ ਸੁਨਿ ਸੁਨਿ ਆਛੀ। ਹੇਤੁ ਆਪ ਕੇ ਅਰਪਨਿ ਬਾਛੀ।
ਸਦਾ ਦਾਸ ਮੈਂ ਸਤਿਗੁਰ ਘਰ ਕੋ। ਸਿੱਖੀ ਬਖਸ਼ਹੁ ਦੇ ਕਰਿ ਬਰ ਕੋ॥ ੪੫॥

ਦੂਰ-ਦੂਰ ਤੋਂ ਚੰਗੀਆਂ ਵਸਤਾਂ ਬਾਰੇ ਸੁਣ ਕੇ ਆਪ ਜੀ ਨੂੰ ਅਰਪਣ ਕਰਨੀਆਂ ਚਾਹੀਆਂ ਹਨ। ਮੈਂ ਸਦਾ ਹੀ ਸਤਿਗੁਰੂ ਜੀ ਦੇ ਘਰ ਦਾ ਦਾਸ ਹਾਂ ਤੇ ਵਰ ਦੇ ਕੇ ਮੈਨੂੰ ਸਿੱਖੀ ਬਖਸ਼ੋ॥ ੪੫॥

ਸੁਨਤਿ ਮਹਾਤਮ ਉਪਜਜੋ ਪ੍ਰੇਮ। ਸ੍ਰੀ ਗੁਰ ਦਾਤਾ ! ਦੇ ਗੁਰ ਛੇਮ।
ਅਪਨੋ ਜਾਨਿ ਭੁਜਾ ਪਕਰੀਜੈ। ਚਰਨ ਕਮਲ ਕੀ ਪਾਹੁਲ ਦੀਜੈ'॥ ੪੬॥

ਆਪ ਜੀ ਦਾ ਮਹਾਤਮ ਸੁਣ ਕੇ ਬੜਾ ਪ੍ਰੇਮ ਪ੍ਰਗਟ ਹੋਇਆ ਹੈ, ਹੇ ਸ੍ਰੀ ਗੁਰੂ ਦਾਤਾ ਜੀ ! ਮੁਕਤੀ ਬਖਸ਼ੋ ! ਆਪਣਾ ਜਾਣ ਕੇ ਮੇਰੀ ਬਾਂਹ ਫੜੋ ਤੇ ਆਪਣੇ ਚਰਨ ਕੰਵਲਾਂ ਦੀ ਪਾਹੁਲ ਦੇਵੋ'॥ ੪੬॥

ਬਿਨਤੀ ਸੁਨਤਿ ਪ੍ਰਸੰਨ ਪ੍ਰਭੁ ਪੂਰੇ। ਆਨੀ ਲਖੀ ਉਪਾਇਨ ਰੂਰੇ।
ਪ੍ਰੇਮੀ ਹੇਰਿ ਖੁਸ਼ੀ ਬਹੁ ਕਰੀ। ਜਨਮ ਮਰਨ ਕੀ ਆਪਦਾ ਹਰੀ॥ ੪੭॥

ਬੇਨਤੀ ਸੁਣ ਕੇ ਪੂਰਨ ਪ੍ਰਭੂ ਜੀ ਪ੍ਰਸੰਨ ਹੋ ਗਏ, ਸੁੰਦਰ ਉਪਹਾਰਾਂ ਦੇ ਲਿਆਉਣ ਬਾਰੇ ਜਾਣਿਆ। ਪ੍ਰੇਮ ਵੇਖ ਕੇ ਗੁਰੂ ਜੀ ਨੇ ਬਹੁਤ ਖ਼ੁਸ਼ੀ ਕੀਤੀ ਤੇ ਜਨਮ ਮਰਨ ਦੇ ਦੁਖ ਨੂੰ ਦੂਰ ਕੀਤਾ॥ ੪੭॥

ਬੰਦਨ ਕਰਿ ਰਾਜਾ ਤਬਿ ਗਯੋ। ਪਿਖਿ ਸੁਸ਼ੀਲ ਗੁਰ ਕੋ ਹਰਖਯੋ।
ਹਯ ਗਯ ਸੌਂਪੇ ਦਾਸਨਿ ਪਾਸ। 'ਖੇਬੇ ਦੇਹੁ ਨਿਹਾਰੀ ਘਾਸ'॥ ੪੮॥

ਬੰਦਨਾ ਕਰਕੇ ਫਿਰ ਰਾਜਾ ਚਲਾ ਗਿਆ ਤੇ ਗੁਰੂ ਜੀ ਨੂੰ ਸੁਸ਼ੀਲ ਵੇਖ ਕੇ ਬਹੁਤ ਪ੍ਰਸੰਨ ਹੋਇਆ। ਹਾਥੀ ਘੋੜੇ ਸੇਵਕਾਂ ਨੂੰ ਸੌਂਪ ਦਿੱਤੇ ਤੇ ਕਿਹਾ, "ਇਨ੍ਹਾਂ ਨੂੰ ਖਾਣ ਵਾਸਤੇ ਘਾਹ ਅਤੇ ਨਿਹਾਰੀਆਂ ਦੇਵੋ"॥ ੪੮॥

*ਪਹਿਲੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

# ਅਧਿਆਇ ਤੇਈਵਾਂ

## ਰਤਨ ਰਾਇ ਦੇ ਉਪਹਾਰ

ਦੋਹਰਾ- ਨਿਸਾ ਬਿਤਾਇ ਪ੍ਰਭਾਤਿ ਭੀ ਠਾਨੇ ਸੌਚ ਸ਼ਨਾਨ।
ਗੁਰ ਦਰਬਾਰ ਲਗਾਇ ਕਰਿ ਬੈਠੇ ਮੁਦਤ ਸੁਜਾਨ॥ ੧॥

ਰਾਤ ਬਿਤੀਤ ਕਰਕੇ ਸਵੇਰ ਹੋ ਗਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਗੁਰੂ ਜੀ ਦਰਬਾਰ ਲਾ ਕੇ ਪ੍ਰਸੰਨਤਾ ਧਾਰ ਕੇ ਬੈਠ ਗਏ॥ ੧॥

ਚੌਪਈ- ਪਠਜੋ ਮੇਵੜਾ ਨ੍ਰਿਪ ਬੁਲਵਾਯੋ। ਮੁਦਤਿ ਸਚਿਵ ਜੁਤਿ ਚਲਿ ਕਰਿ ਆਯੋ।
ਕਰਿ ਬੰਦਨ ਬੈਠਜੋ ਪ੍ਰਭੁ ਤੀਰ। ਖੜਗ ਸਿਪਰ ਜੁਤਿ ਸੁਭਿਤਿ ਸ਼ਰੀਰ॥੨॥

ਫਿਰ ਗੁਰੂ ਜੀ ਨੇ ਮੇਵੜੇ ਨੂੰ ਭੇਜ ਰਾਜੇ ਨੂੰ ਬੁਲਾਇਆ, ਰਾਜਾ ਪ੍ਰਸੰਨ ਹੋ ਕੇ ਮੰਤਰੀ ਸਹਿਤ ਚਲ ਕੇ ਆਇਆ। ਰਾਜਾ ਗੁਰੂ ਜੀ ਨੂੰ ਬੰਦਨਾ ਕਰਕੇ ਪਾਸ ਬੈਠ ਗਿਆ, ਤਲਵਾਰ ਤੇ ਢਾਲ ਉਸ ਦੇ ਸਰੀਰ 'ਤੇ ਸ਼ੋਭ ਰਹੀ ਸੀ॥ ੨॥

ਪ੍ਰਥਮੈ ਚੌਕੀ ਸੋ ਮੰਗਵਾਈ। ਦਾਬੀ ਕਲ ਪੁਤਲੀ ਨਿਕਸਾਈ।
ਚੌਪਰ ਕੋ ਬਿਛਾਇ ਕਰਿ ਦੀਨਿ। ਡਲ ਗੇਰਤਿ ਖੇਲਤਿ ਲਖਿ ਲੀਨਿ॥੩॥

ਸਭ ਤੋਂ ਪਹਿਲਾਂ ਰਾਜੇ ਦੀ ਭੇਟ ਵਾਲੀ ਚੌਕੀ ਮੰਗਵਾਈ ਗਈ, ਜਦ ਉਸ ਦੀ ਕਲਾ ਦੱਬੀ ਤਾਂ ਪੁਤਲੀਆਂ ਨਿਕਲ ਆਈਆਂ। ਚੌਪਰ ਨੂੰ ਵਿਛਾ ਦਿੱਤਾ ਤੇ ਪੁਤਲੀਆਂ ਨਰਦਾਂ ਨੂੰ ਡੇਗਦੀਆਂ ਖੇਡਦੀਆਂ ਵੇਖ ਲਈਆਂ॥ ੩॥

ਪੰਚਕਲਾ ਪੁਨ ਸ਼ਸਤ੍ਰ ਮੰਗਾਯੋ। ਕਸਜੋ ਤਮਾਂਚਾ ਪ੍ਰਥਮ ਚਲਾਯੋ।
ਬਡੋ ਸ਼ਬਦ ਭਾ ਤੋੜ ਘਨੇਰਾ। ਹਤਹਿ ਸ਼ੱਤ੍ਰ ਨੀਕੇ ਗੁਰ ਹੇਰਾ॥ ੪॥

ਪੰਜਾਂ ਕਲਾਂ ਵਾਲਾ ਫਿਰ ਸ਼ਸਤਰ ਮੰਗਵਾਇਆ ਤੇ ਪਸਤੌਲ ਕੱਸ ਕੇ ਸਭ ਤੋਂ ਪਹਿਲਾਂ ਚਲਾਇਆ। ਜਦ ਤੋੜਾ ਲਾਇਆ ਤਾਂ ਬਹੁਤ ਉੱਚੀ ਆਵਾਜ਼ ਹੋਈ। ਵੈਰੀਆਂ ਨੂੰ ਮਾਰੇਗਾ, ਗੁਰੂ ਜੀ ਨੇ ਚੰਗੀ ਤਰ੍ਹਾਂ ਵੇਖਿਆ॥ ੪॥

ਪੁਨ ਕਲ ਦਾਬੇ ਭਯੋ ਕ੍ਰਿਪਾਨ। ਤੀਖਨ ਧਾਰਾ ਦਿਖਜੋ ਮਹਾਂਨ।
ਗਹਿ ਕਬਜ਼ਾ ਕਰ ਮਹਿਂ ਪ੍ਰਭੁ ਤਬੈ। ਇਤ ਉਤ ਕਰਿ ਦੇਖਜੋ ਸ਼ੁਭ ਤਬੈ॥੫॥

ਫਿਰ ਕਲਾ ਦੱਬਣ ਨਾਲ ਕ੍ਰਿਪਾਨ ਬਣ ਗਈ, ਉਸ ਦੀ ਵੀ ਮਹਾਨ ਤਿੱਖੀ ਧਾਰ ਦਿਖਾਈ ਦਿੱਤੀ। ਗੁਰੂ ਜੀ ਨੇ ਫਿਰ ਕਿਰਪਾਨ ਦੀ ਮੁੱਠੀ ਨੂੰ ਫੜ ਕੇ, ਉਸ ਨੂੰ ਇਧਰ ਉਧਰ ਫੇਰ ਕੇ ਉਸ ਦੇ ਸ਼ੁਭ ਗੁਣਾਂ ਨੂੰ ਵੇਖਿਆ॥ ੫॥

ਪੁਨ ਬਰਛੀ ਕਰਿ ਕੈ ਦਿਖਰਾਈ। ਤੀਖਨ ਅਨੀ ਘਨੀ ਰਿਪੁ ਘਾਈ।
ਪੁਨ ਜਮਧਰ ਕੋ ਤਿਸ ਤੇ ਕਰਜੋ। ਸੁੰਦਰ ਪਰੇ ਹਾਥ ਮਹਿਂ ਧਰਜੋ॥ ੬॥

ਫਿਰ ਬਰਛੀ ਬਣਾ ਕੇ ਵਿਖਾਈ, ਤਿੱਖਾ ਫਲ ਬਹੁਤ ਵੈਰੀਆਂ ਨੂੰ ਮਾਰਨ ਵਾਲਾ ਸੀ। ਫਿਰ ਉਸ ਤੋਂ ਕਟਾਰ ਬਣਾਈ, ਹੱਥ ਵਿਚ ਫੜੀ ਬੜੀ ਸੁੰਦਰ ਲਗਦੀ ਸੀ॥ ੬॥

ਖਰ ਧਾਰਾ ਅਰੁ ਅਨੀ ਮਹਾਨੇ। ਸ਼ੱਤ੍ਰ ਉਦਰ ਕੋ ਧਸਿ ਕਰਿ ਹਾਨੇ।
ਪਟੇਦਾਰ ਪੁਨ ਗੁਰਜ ਬਨਾਈ। ਲਗਹਿ ਸੀਸ ਪੁਨ ਬਚਨਿ ਨ ਪਾਈ॥ ੭॥

ਉਸ ਦੀ ਧਾਰ ਅਤੇ ਨੋਕ ਮਹਾਨ ਤਿੱਖੀ ਸੀ, ਵੈਰੀ ਨੂੰ ਉਸ ਦੇ ਪੇਟ ਵਿਚ ਧਸ ਕੇ ਮਾਰਦੀ ਸੀ। ਤਲਵਾਰ ਦੀ ਮੁੱਠ ਵਰਗੀ ਮੁੱਠ ਵਾਲਾ ਫਿਰ ਗੁਰਜ ਬਣਾਇਆ, ਜਿਹੜਾ ਸਿਰ ਉੱਤੇ ਲੱਗਣ ਨਾਲ ਫਿਰ ਆਦਮੀ ਬਚ ਨਹੀਂ ਸੀ ਸਕਦਾ॥ ੭॥

ਸਭਿ ਕਲ ਪਰਖਤਿ ਹਰਖਤਿ ਨਾਥ। ਸ਼ਸਤ੍ਰ ਅਜਾਇਬ ਧਰਿ ਕਰਿ ਹਾਥ।
ਬਹੁਰ ਤੁਰੰਗਮ ਸਭਿ ਫਿਰਿਵਾਇ। ਮ੍ਰਿਗਨ ਸਮਾਨ ਧਵਾਇ ਕੁਦਾਇ॥ ੮॥

ਸਾਰੇ ਹਥਿਆਰਾਂ ਨੂੰ ਪਰਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਫਿਰ ਅਜੀਬ ਸ਼ਸਤਰ ਨੂੰ ਹੱਥ ਵਿਚ ਫੜ ਕੇ ਸਾਰੇ ਘੋੜਿਆਂ ਨੂੰ ਫਿਰਵਾਇਆ। ਹਿਰਨਾਂ ਵਾਂਗ ਉਨ੍ਹਾਂ ਨੂੰ ਭਜਾਇਆ ਅਤੇ ਕੁਦਵਾਇਆ॥ ੮॥

ਜਰੇ ਜ਼ੀਨ ਜਾਂਬੂਨਦ ਕੇਰੇ। ਰਤਨਰਾਇ ਕੋ ਪ੍ਰੇਮ ਬਡੇਰੇ
ਕ੍ਰਿਪਾਦ੍ਰਿਸ਼ਟਿ ਤੇ ਪਿਖਹਿਂ ਗੁਸਾਈਂ। ਵਸਤੁ ਅਜਬ ਆਨੀ ਸਮੁਦਾਈ॥ ੯॥

ਘੋੜਿਆਂ ਦੀਆਂ ਕਾਠੀਆਂ ਸੋਨੇ ਦੀਆਂ ਬਣੀਆਂ ਹੋਈਆਂ ਸਨ, ਰਤਨ ਰਾਇ ਦੇ ਵੱਡੇ ਪਿਆਰ ਨੂੰ ਵੇਖ ਕੇ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ। ਸਾਰੀਆਂ ਵਸਤਾਂ ਅਜੀਬ ਲਿਆਂਦੀਆਂ ਸਨ॥ ੯॥

ਪੁਨਹਿ ਮਤੰਗ ਅਨਾਵਨਿ ਕੀਨੋ। ਸੁੰਦਰ ਸਰਬ ਸ਼ਿੰਗਾਰ ਨਵੀਨੋ।
ਸ੍ਰੀ ਕਲਗੀਧਰ ਨਿਕਟਿ ਹਕਾਰਾ। ਝੂਲਤਿ ਪਹੁੰਚਯੋ ਭਲੇ ਨਿਹਾਰਾ॥ ੧੦॥

ਫਿਰ ਹਾਥੀ ਨੂੰ ਮੰਗਵਾਇਆ, ਸਾਰਾ ਹਾਥੀ ਸੁੰਦਰ ਢੰਗ ਨਾਲ ਥੋੜੀ ਦੇਰ ਪਹਿਲਾਂ ਹੀ ਸ਼ਿੰਗਾਰਿਆ ਸੀ। ਸ੍ਰੀ ਕਲਗੀਧਰ ਜੀ ਨੇ ਪਾਸ ਬੁਲਾਇਆ। ਹਾਥੀ ਝੂਲਦਾ ਹੋਇਆ ਪਹੁੰਚਿਆ ਤੇ ਭਲੀ ਪ੍ਰਕਾਰ ਵੇਖਿਆ॥ ੧੦॥

ਕਦ ਮਹਿਖੇ ਸਮ, ਸਦਨ ਅਨੰਦ। ਤਿਨ ਦਿਸਿ ਪ੍ਰੇਰਤਿ ਸੁੰਡ ਬਿਲੰਦ।
ਪ੍ਰਭੁ ਪੇਖਿ ਤਿਹ ਹਾਥ ਲਗਾਯੋ। ਮ੍ਰਿਦੁਲ ਦਿਲਾਸਾ ਦੇ ਠਹਿਰਾਯੋ॥ ੧੧॥

ਸੰਢੇ ਵਰਗਾ ਕੱਦ ਸੀ ਤੇ ਅਨੰਦ ਦਾ ਘਰ ਸੀ, ਗੁਰੂ ਜੀ ਵਲ ਸੁੰਡ ਬਹੁਤ ਹਿਲਾਉਂਦਾ ਸੀ। ਗੁਰੂ ਜੀ ਨੇ ਵੇਖ ਕੇ ਉਸ ਦੀ ਸੁੰਡ ਨੂੰ ਹੱਥ ਲਾਇਆ ਤੇ ਮਿੱਠੇ ਸ਼ਬਦ ਬੋਲ ਦਿਲਾਸਾ ਦੇ ਕੇ ਖੜਾ ਕੀਤਾ॥ ੧੧॥

ਹਟਿ ਪੁਨ ਗੁਰ ਪਨਹੀ ਜਹਿਂ ਧਰੀ। ਸੁੰਡ ਬਿਖੈ ਗਹਿ ਝਾਰਨਿ ਕਰੀ।
ਭਲੇ ਬਨਾਇ ਟਿਕਾਇ ਅਗਾਰੀ। ਬਿਸਮਤਿ ਸਭਾ ਬਿਲੋਕਤਿ ਸਾਰੀ॥ ੧੨॥

ਫਿਰ ਪਿੱਛੇ ਹਟ ਕੇ ਗੁਰੂ ਜੀ ਨੇ ਜਿੱਥੇ ਜੁੱਤੀ ਧਰੀ ਸੀ, ਉਸ ਨੂੰ ਸੁੰਡ ਵਿਚ ਫੜ ਕੇ ਹਾਥੀ ਨੇ ਝਾੜਿਆ ਤੇ ਭਲੀ ਪ੍ਰਕਾਰ ਬਣਾ ਕੇ ਗੁਰੂ ਜੀ ਦੇ ਅੱਗੇ ਟਿਕਾ ਦਿੱਤੀ। ਸਾਰੀ ਸਭਾ ਵੇਖ ਕੇ ਬਹੁਤ ਹੈਰਾਨ ਹੋਈ॥ ੧੨॥

ਗਹਿ ਸਤਿਗੁਰ ਧਨੁ ਬਾਨ ਚਲਾਏ। ਪ੍ਰੇਰਯੋ ਗਜ, ਬੀਨਤਿ ਤਹਿਂ ਜਾਏ।
ਸਭਿ ਇਕਠੇ ਕਰਿ ਸੁੰਡ ਮਝਾਰੀ। ਧਰੇ ਆਨਿ ਕਰਿ ਪ੍ਰਭੁ ਅਗਾਰੀ॥ ੧੩॥

ਫਿਰ ਗੁਰੂ ਜੀ ਨੇ ਧਨੁੱਖ ਵਿਚ ਰੱਖ ਕੇ ਕੁਝ ਤੀਰ ਚਲਾਏ ਤੇ ਫਿਰ ਹਾਥੀ ਨੂੰ ਪ੍ਰੇਰਿਆ ਕਿ ਉਹ ਤੀਰਾਂ ਨੂੰ ਲਭ ਕੇ ਚੁਣ ਕੇ ਲਿਆਏ। ਹਾਥੀ ਨੇ ਸਾਰੇ ਤੀਰਾਂ ਨੂੰ ਚੁਣ ਕੇ ਸੁੰਡ ਵਿਚ ਧਾਰਨ ਕਰ ਲਿਆ ਤੇ ਫਿਰ ਲਿਆਕੇ ਗੁਰੂ ਜੀ ਦੇ ਅੱਗੇ ਧਰ ਦਿੱਤੇ॥ ੧੩॥

ਚਲਤਿਚਾਲ ਚੰਚਲ ਅਤਿਚਾਰੂ। ਇਤ ਉਤ ਫਿਰਤਿ ਤੁਰਤ ਦੁਤਿਵਾਰੂ।
ਲਘੁ ਲਘੁ ਕਿੰਕਨ ਗਰ ਮਹਿਂ ਬਾਜਹਿਂ। ਕੰਚਨ ਕਾਮ ਝੂਲ ਸੁਭ ਸਾਜਹਿ ॥੧੪॥

ਹਾਥੀ ਅਤੀ ਸੁੰਦਰ ਚੰਚਲ ਚਾਲ ਚਲਿਆ, ਤੁਰਤ ਏਧਰ ਓਧਰ ਫਿਰਦਾ ਸ਼ੋਭ ਰਿਹਾ ਸੀ। ਛੋਟੀਆਂ-ਛੋਟੀਆਂ ਘੰਟੀਆਂ ਗਲ ਵਿਚ ਪਈਆਂ ਖੜਕ ਰਹੀਆਂ ਸਨ, ਜਿਸ ਝੁੱਲ ਤੇ ਸੋਨੇ ਦਾ ਕੰਮ ਹੋਇਆ ਸੀ, ਉਹ ਬੜੇ ਸ਼ੁਭ ਢੰਗ ਨਾਲ ਸੱਜ ਰਿਹਾ ਸੀ॥ ੧੪॥

ਜਲ ਕੋ ਲੇ ਪੁਨ ਸੁੰਡ ਪਖਾਰੀ। ਗਹਿਵਾਈ ਤਿਸ ਮਹਿਂ ਭਰਿ ਝਾਰੀ।
ਜਥਾ ਦਾਸ ਕਰ ਚਰਨ ਧੁਵਾਵਹਿ। ਤਥਾ ਨੀਰ ਝਾਰੀ ਤੇ ਪਾਵਹਿ ॥ ੧੫ ॥

ਜਲ ਨੂੰ ਲੈ ਕੇ ਫਿਰ ਸੁੰਡ ਨੂੰ ਧੋਤਾ, ਉਸ ਵਿਚ ਫਿਰ ਪਾਣੀ ਦੀ ਇਕ ਸੁਰਾਹੀ ਭਰ ਕੇ ਫੜਵਾਈ। ਸੇਵਕਾਂ ਵਾਂਗ ਚਰਨ ਧੋਂਦਾ ਸੀ ਤੇ ਸੁਰਾਹੀ ਤੋਂ ਸੇਵਕਾਂ ਵਾਂਗ ਪਾਣੀ ਪਾਉਂਦਾ ਸੀ॥ ੧੫॥

ਗੁਰ ਕੇ ਪਾਇ ਪਖਾਰਨਿ ਕਰੇ। ਪਟ ਕੌ ਗਹਿ ਪੌਂਛੇ ਬਿਧਿ ਖਰੇ।
ਚਮਰ ਚਾਰੁ ਕੋ ਤਬਿ ਗਹਿਵਾਯੋ। ਥਿਰ ਹੁਇ ਗੁਰ ਪਰ ਭਲੇ ਝੁਲਾਯੋ ॥ ੧੬ ॥

ਗੁਰੂ ਜੀ ਦੇ ਪੈਰ ਧੋ ਦਿੱਤੇ, ਫਿਰ ਰੇਸ਼ਮ ਦਾ ਕੱਪੜਾ ਫੜ ਕੇ ਚੰਗੀ ਵਿਧੀ ਨਾਲ ਪੈਰਾਂ ਨੂੰ ਚੰਗੀ ਤਰ੍ਹਾਂ ਪੂੰਝਿਆ। ਫਿਰ ਉਸ ਨੂੰ ਸੁੰਦਰ ਚੌਰ ਫੜਾਇਆ ਤੇ ਉਸ ਖੜੇ ਹੋ ਕੇ ਭਲੀ ਪ੍ਰਕਾਰ ਚੌਰ ਨੂੰ ਗੁਰੂ ਜੀ ਦੇ ਉਤੋਂ ਦੀ ਝੁਲਾਇਆ॥ ੧੬॥

ਜਥਾ ਦਾਸ ਲੇ ਮਤਿ ਕਰਿ ਫੇਰਹਿ। ਤਥਾ ਢੁਰਾਵਤਿ ਚਾਮਰ ਪ੍ਰੇਰਹਿ।
ਇੱਤਜਾਦਿਕ ਬਿੱਦਜਾ ਦਿਖਰਾਈ। ਹਰਖਤਿ ਗੁਰੂ ਸਭਾ ਬਿਸਮਾਈ ॥ ੧੭ ॥

ਜਿਵੇਂ ਸੇਵਕ ਬੁੱਧੀ ਕਰਕੇ ਚੌਰ ਫੇਰਦਾ ਹੈ, ਉਸ ਤਰ੍ਹਾਂ ਚੌਰ ਨੂੰ ਏਧਰ ਓਧਰ ਝੁਲਾ ਰਿਹਾ ਸੀ। ਇਸ ਤਰ੍ਹਾਂ ਹਾਥੀ ਨੇ ਆਪਣੀ ਵਿੱਦਿਆ ਵਿਖਾਈ। ਗੁਰੂ ਜੀ ਦੀ ਸਭਾ ਇਹ ਵਿਸਮਾਦ ਵੇਖ ਕੇ ਬਹੁਤ ਪ੍ਰਸੰਨ ਹੋਈ॥ ੧੭॥

ਹੁਇ ਪ੍ਰਸੰਨ ਮੁਖ ਬਾਕ ਉਚਰਯੋ। ਨਾਮ ਪ੍ਰਸਾਦੀ ਗਜ ਕੋ ਧਰਯੋ।
'ਸਿਤਾ ਘ੍ਰਿਤ ਮੈਦਾ ਸਮੁਦਾਇ। ਜੇਤਿਕ ਖਾਇ ਰਹੇ ਤ੍ਰਿਪਤਾਇ' ॥ ੧੮ ॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਮੁਖ ਤੋਂ ਬਚਨ ਉਚਾਰਨ ਕੀਤਾ ਤੇ ਹਾਥੀ ਦਾ ਨਾਮ ਪ੍ਰਸਾਦੀ ਹਾਥੀ ਰੱਖ ਦਿੱਤਾ ਤੇ ਸੇਵਕਾਂ ਨੂੰ ਕਿਹਾ, "ਖੰਡ, ਘਿਉ ਅਤੇ ਮੈਦਾ ਜਿੰਨਾ ਵੀ ਇਹ ਖਾਵੇ, ਇਸ ਨੂੰ ਖਵਾ ਕੇ ਤ੍ਰਿਪਤ ਰੱਖੋ" ॥ ੧੮॥

ਸੌਂਪਯੋ ਦਾਸਨਿ ਕੋ ਇਤ ਸੇਵਾ। ਭਏ ਕ੍ਰਿਪਾਲ ਪ੍ਰਭੁ ਗੁਰਦੇਵਾ।
ਰਤਨ ਰਾਇ ਕਰ ਜੋਰਿ ਉਚਾਰਾ। 'ਸੁਨਹੁਂ ਜਗਤ ਗੁਰ ਰਾਤਿ ਮਝਾਰਾ ॥ ੧੯ ॥

ਸੇਵਾ ਵਾਸਤੇ ਦਾਸਾਂ ਦੀ ਸੌਂਪਣਾ ਕੀਤੀ, ਪ੍ਰਭੂ ਗੁਰੂ ਜੀ ਬਹੁਤ ਕਿਰਪਾਲੂ ਹੋ ਗਏ। ਰਤਨ ਰਾਇ ਹੱਥ ਜੋੜ ਕੇ ਬੋਲਿਆ "ਹੇ ਜਗਤ ਗੁਰੂ ਜੀ ! ਸੁਣੋ, ਰਾਤ ਸਮੇਂ॥ ੧੯॥

ਜੁਲਤ ਮਸਾਲ ਦੇਹਿਂ ਗਹਿਵਾਈ। ਕਰਤਿ ਪ੍ਰਕਾਸ਼ ਚਲਯੋ ਮਗ ਜਾਈ।
ਸੁਮਤਵੰਤਿ ਜਿਮ ਚਹਿਹਿ ਕਰਾਵਹਿ। ਅਵਿਲੋਕਤਿ ਲੋਕਨਿ ਬਿਸਮਾਵਹਿ ॥੨੦॥

ਇਸ ਨੂੰ ਜਗਦੀ ਮਸਾਲ ਫੜਾ ਦੇਵੋ, ਇਹ ਪ੍ਰਕਾਸ਼ ਕਰਦਾ ਰਸਤੇ-ਰਸਤੇ ਚਲਦਾ ਜਾਵੇਗਾ। ਇਹ ਬੜਾ ਬੁੱਧੀਵਾਨ ਹੈ ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਇਸ ਪਾਸੋਂ ਕੰਮ ਕਰਵਾਵੋ। ਵੇਖਦੇ ਹੋਏ ਲੋਕਾਂ ਨੂੰ ਹੈਰਾਨ ਕਰ ਦਿੰਦਾ ਹੈ॥ ੨੦॥

ਇਸ ਕੇ ਸਮ ਜਗ ਲਹੀਅਹਿ ਆਨ ਨ। ਸਹਿਤ ਸੁਪੇਦੇ ਸ਼ੋਭਤਿ ਆਨਨ।
ਨਹਿਨ ਨਗਰ ਅਰੁ ਨਹਿਂ ਕਿਸ ਕਾਨਨ। ਕਿਤ ਦੇਖਹਿਂ ਜੇ ਸੁਨਿਯ ਨ ਕਾਨਨ ॥੨੧॥

ਇਸ ਵਰਗਾ ਜਗਤ ਤੇ ਕੋਈ ਹੋਰ ਨਹੀਂ ਵੇਖਿਆ ਹੈ। ਸੁਫੈਦ ਧਾਰੀ ਸਹਿਤ ਇਸ ਦਾ ਮੂੰਹ ਮੱਥਾ ਸ਼ੋਭਦਾ ਹੈ। ਇਸ ਵਰਗਾ ਨਾ ਹੀ ਕਿਸੇ ਨਗਰ ਵਿਚ ਅਤੇ ਨਾ ਹੀਂ ਕਿਸੇ ਜੰਗਲ ਵਿਚ ਹੈ। ਜੇ ਕਿਤੇ ਕੰਨੀਂ ਨਹੀਂ ਸੁਣਿਆ ਹੈ ਤੇ ਵੇਖਣਾ ਕਿੱਥੋਂ ਹੈ॥ ੨੧॥

ਸਰਬ ਸ਼ਿਰੋਮਣਿ ਰਾਵਰ ਜੈਸੇ। ਵਸਤੁ ਅਮੋਲ ਪਰਾਪਤਿ ਤੈਸੇ।
ਜਾਨੀ ਪਰੇ ਕਰੇ ਅਨੁਮਾਨ। ਸੁਰਪਤਿ ਕੋ ਗਜਰਾਜ ਮਹਾਨ॥ ੨੨॥

ਜੈਸੇ ਆਪ ਜੀ ਸਰਬ ਸ਼ਿਰੋਮਣੀ ਹੋ, ਉਸ ਤਰ੍ਹਾਂ ਹੀ ਇਹ ਅਮੋਲਕ ਵਸਤ ਆਪ ਜੀ ਨੂੰ ਪ੍ਰਾਪਤ ਹੋਈ ਹੈ। ਵਿਚਾਰ ਕੀਤਿਆਂ ਇਹ ਗੱਲ ਸਮਝ ਆਉਂਦੀ ਹੈ ਕਿ ਇੰਦਰ ਦਾ ਜੋ ਐਰਾਵਤ ਵੱਡਾ ਹਾਥੀ ਹੈ॥ ੨੨॥

ਨਿਜ ਤਨ ਕੋ ਤੁਮ ਹਿਤ ਪਲਟਾਯੋ। ਅਲਪ ਅਕਾਰ ਬਿਚੱਤ੍ਰ ਬਨਾਯੋ।
ਕਰਨਿ ਆਪ ਕੋ ਮੁਦਤਿ ਬਡੇਰੋ। ਆਯੋ ਸ਼ਰਨਿ ਲੀਨਿ ਮਿਸ ਮੇਰੋ॥ ੨੩॥

ਉਸ ਨੇ ਆਪਣੇ ਸਰੀਰ ਨੂੰ ਤੁਹਾਡੇ ਹਿੱਤ ਵਾਸਤੇ ਪਲਟਾ ਲਿਆ ਹੈ ਤੇ ਆਪਣਾ ਵਚਿੱਤਰ ਛੋਟਾ ਆਕਾਰ ਬਣਾਇਆ ਹੈ। ਆਪ ਜੀ ਦਾ ਕੰਮ ਕਰਕੇ ਬਹੁਤ ਪ੍ਰਸੰਨ ਹੁੰਦਾ ਹੈ ਤੇ ਮੇਰੇ ਬਹਾਨੇ ਆਪ ਜੀ ਦੀ ਸ਼ਰਨ ਵਿਚ ਆਇਆ ਹੈ॥ ੨੩॥

ਹੇਤੁ ਰਿਝਾਵਨਿ ਤੁਮਹਿਂ ਬਿਧਾਤਾ। ਕਿਧੌਂ ਪਠਜੋ ਰਚਿ ਕਰਿ ਗਜ ਗਾਤਾ।
ਇੱਤਜਾਦਿਕ ਕਾਰਨ ਕੁਛ ਹੋਇਂ। ਨਾਂਹਿ ਤ ਇਹ ਸਮ ਦੁਤਿਯ ਨ ਕੋਇ॥ ੨੪॥

ਵਿਧਾਤਾ ਨੇ ਆਪ ਜੀ ਨੂੰ ਪ੍ਰਸੰਨ ਕਰਨ ਵਾਸਤੇ ਹਾਥੀ ਦਾ ਸਰੀਰ ਬਣਾ ਕੇ ਭੇਜਿਆ ਹੈ। ਇਸ ਤਰ੍ਹਾਂ ਦਾ ਕੋਈ ਵੀ ਕਾਰਨ ਹੋਏ ਨਹੀਂ ਤਾਂ ਇਸ ਵਰਗਾ ਦੂਸਰਾ ਕੋਈ ਨਹੀਂ ਹੈ"॥ ੨੪॥

ਰਤਨ ਰਾਇ ਕੇ ਸੁਨਿ ਸੁਭ ਬੈਨ। ਖੁਸ਼ੀ ਕੀਨਿ ਗੁਰ ਕਰੁਨਾ ਨੈਨ।
'ਸ਼ਸਤ੍ਰ ਮਤੰਗ ਆਦਿ ਵਥੁ ਜੇਈ। ਲਜਾਇ ਅਜਾਇਬ ਹਮ ਹਿਤ ਤੇਈ॥ ੨੫॥

ਰਾਜਾ ਰਤਨਰਾਇ ਦੀਆਂ ਸ਼ੁਭ ਗੱਲਾਂ ਸੁਣ ਕੇ ਕਿਰਪਾਲੂ ਗੁਰੂ ਜੀ ਬਹੁਤ ਖੁਸ਼ੀ ਕੀਤੀ ਤੇ ਕਿਹਾ, "ਸ਼ਸਤਰ, ਹਾਥੀ ਤੇ ਹੋਰ ਜੋ ਆਦਿ ਵਸਤਾਂ ਹਨ ਤੁਸੀਂ ਇਹ ਅਜੀਬ ਵਸਤਾਂ ਮੇਰੇ ਵਾਸਤੇ ਲਿਆਏ ਹੋ॥ ੨੫॥

ਪ੍ਰੇਮ ਬਿਸਾਲ ਅਹੈ ਜਸ ਤੇਰੇ। ਤਸ ਪ੍ਰਾਪਤਿ ਫਲ ਅਨੰਦ ਬਡੇਰੇ।
ਪੂਰਬ ਜਨਮ ਹੁਤੋ ਗੁਰ ਸਿੱਖ। ਨ੍ਰਿਪ ਕੋ ਦਿਯ ਸੁਖ ਭੋਗ ਭਵਿੱਖਜ॥ ੨੬॥

ਜਿਵੇਂ ਤੇਰੇ ਵਿਚ ਵਿਸ਼ਾਲ ਪ੍ਰੇਮ ਹੈ, ਉਸ ਤਰ੍ਹਾਂ ਦਾ ਹੀ ਤੈਨੂੰ ਵੱਡਾ ਅਨੰਦ ਦਾ ਫਲ ਪ੍ਰਾਪਤ ਹੋਵੇਗਾ। ਪਿਛਲੇ ਜਨਮ ਵਿਚ ਤੂੰ ਵੱਡਾ ਗੁਰਸਿੱਖ ਸੀ। ਤਦ ਹੀ ਤੈਨੂੰ ਰਾਜਾ ਹੋਣ ਦੇ ਸੁੱਖਾਂ ਦੇ ਭੋਗ ਭਵਿੱਖ ਵਿਚ ਦਿੱਤੇ ਸਨ, ਭਾਵ ਤੈਨੂੰ ਵਰ ਦਿੱਤਾ ਸੀ ਕਿ ਤੂੰ ਅਗਲੇ ਜਨਮ ਵਿਚ ਰਾਜਾ ਹੋ ਕੇ ਸੁਖ ਭੋਗੇਂਗਾ"॥ ੨੬॥

ਇਮ ਕਹਿ ਪਦ ਅਰਬਿੰਦ ਪਖਾਰੇ। ਪਾਹੁਲ ਦਈ ਭਾਗ ਜਿਸ ਭਾਰੇ।
ਵਾਹਿਗੁਰੂ ਨਿਜ ਮੰਤ੍ਰ ਦ੍ਰਿੜ੍ਹਾਯੋ। ਭੋਗ ਮੋਖ ਦਾ ਭਲੇ ਬਤਾਯੋ॥ ੨੭॥

ਇਸ ਤਰ੍ਹਾਂ ਕਹਿ ਕੇ ਚਰਨ ਕੰਵਲਾਂ ਨੂੰ ਧੋਤਾ ਤੇ ਵੱਡੇ ਭਾਗਾਂ ਵਾਲੇ ਨੂੰ ਪਾਹੁਲ ਦਿੱਤੀ। ਵਾਹਿਗੁਰੂ ਦਾ ਮੰਤਰ ਦ੍ਰਿੜ੍ਹ ਕਰਵਾਇਆ ਤੇ ਭੋਗ ਮੋਖ ਦਾ ਭਲਾ ਰਾਹ ਦੱਸਿਆ॥ ੨੭॥

ਸਚਿਵਨ ਸਹਿਤ ਚਮੂੰ ਨਰ ਬ੍ਰਿੰਦ। ਲੇ ਪਗ ਪਾਹੁਲ ਅਧਿਕ ਅਨੰਦ।
ਪ੍ਰੇਮ ਬਿਸਾਲ ਸਿੱਖ ਹੁਇ ਰਾਜਾ। ਕ੍ਰਿਤ ਕ੍ਰਿਤ ਹੋਯੋ ਸਹਿਤ ਸਮਾਜਾ॥ ੨੮॥

ਮੰਤਰੀਆਂ ਸਹਿਤ ਸੈਨਾ ਅਤੇ ਹੋਰ ਬਹੁਤ ਮਨੁੱਖਾਂ ਨੇ ਚਰਨ ਕੰਵਲਾਂ ਦੀ ਪਾਹੁਲ ਲੈ ਕੇ ਬਹੁਤ ਅਨੰਦ ਪ੍ਰਾਪਤ ਕੀਤਾ। ਰਾਜਾ ਬੜੇ ਪ੍ਰੇਮ ਨਾਲ ਸਿੱਖ ਹੋਇਆ, ਜਿਸ ਦੇ ਫਲ ਸਰੂਪ ਉਸ ਦਾ ਸਾਰਾ ਸਮਾਜ ਹੀ ਸਿੱਖ ਹੋ ਗਿਆ॥ ੨੮॥

ਕਰਤਿ ਸੁਜਸੁ ਕੋ ਗਮਨਜੋਂ ਡੇਰੇ। ਰਹਜੋ ਅਨੰਦਪੁਰਿ ਦਿਨ ਬਹੁਤੇਰੇ।
ਦਰਸ਼ਨ ਜਾਇ ਨਿਤਾਪ੍ਰਤਿ ਕਰੈ। ਬੈਠਹਿ ਕਿਤਿਕ ਕਾਲ ਮੁਦ ਧਰੈ॥ ੨੯॥

ਸ੍ਰੇਸ਼ਟ ਜੱਸ ਕਰਦਾ ਹੋਇਆ ਆਪਣੇ ਡੇਰੇ ਚਲੇ ਗਿਆ ਤੇ ਅਨੰਦਪੁਰ ਵਿਚ ਬਹੁਤ ਦਿਨ ਰਿਹਾ। ਨਿਤਾਪ੍ਰਤੀ ਜਾ ਕੇ ਗੁਰੂ ਜੀ ਦੇ ਦਰਸ਼ਨ ਕਰਦਾ ਤੇ ਓਥੇ ਕਾਫੀ ਦੇਰ ਤਕ ਪ੍ਰਸੰਨਤਾ ਧਾਰ ਕੇ ਬੈਠਦਾ ਸੀ॥ ੨੯॥

ਸਤਿਗੁਰ ਪਰਚਹਿਂ ਗਜ ਮੰਗਵਾਵਹਿਂ। ਆਨ ਕਾਜ ਤਿਸਤੇ ਕਰਿਵਾਵਹਿਂ।
ਕਬਿ ਪੁਤਲੀਨ ਬਿਲੋਕਿ ਤਮਾਸ਼ਾ। ਜੋ ਕਲ ਦਾਬੇ ਗੇਰਤਿ ਪਾਸਾ॥ ੩੦॥

ਸਤਿਗੁਰੂ ਜੀ ਹਾਥੀ ਮੰਗਵਾ ਕੇ ਪਰਚ ਜਾਂਦੇ ਸਨ ਤੇ ਹੋਰ ਸਾਰੇ ਕੰਮ ਉਸ ਤੋਂ ਕਰਵਾਉਂਦੇ ਸਨ। ਕਦੀ ਪੁਤਲੀਆਂ ਦਾ ਤਮਾਸ਼ਾ ਵੇਖਦੇ ਸਨ ਜੋ ਕਲਾ ਦੱਬਣ ਨਾਲ ਪਾਸਾ ਡੇਗਦੀਆਂ ਸਨ॥ ੩੦॥

ਕਬਹੂੰ ਸ਼ਸਤ੍ਰ ਅਜਾਇਬ ਹੇਰੈਂ। ਬਨਹਿ ਅਪਰ ਬਿਧਿ ਜਬਿ ਕਲ ਫੇਰੈਂ।
ਕਬਹੂੰ ਰਤਨਰਾਇ ਲੇ ਸਾਥ। ਚਢਹਿਂ ਅਖੇਰ ਬ੍ਰਿੱਤ ਕੌ ਨਾਥ॥ ੩੧॥

ਕਦੀ ਅਜੀਬ ਸ਼ਸਤਰਾਂ ਨੂੰ ਵੇਖਦੇ ਸਨ, ਜਦ ਕਲਾ ਫੇਰਦੇ ਸਨ ਤਾਂ ਸ਼ਸਤਰ ਹੋਰ ਵਿਧੀ ਨਾਲ ਹੋ ਜਾਂਦੇ ਸਨ। ਕਦੀ ਰਤਨ ਰਾਇ ਨੂੰ ਨਾਲ ਲੈਂਦੇ ਸਨ ਤੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਜਾਂਦੇ ਸਨ॥ ੩੧॥

ਬਨ ਮਹਿਂ ਬਿਚਰਹਿਂ ਮ੍ਰਿਗਨਿ ਪ੍ਰਹਾਰਹਿਂ। ਸ਼ਿਕਰੇ ਸ੍ਵਾਨ ਬਾਜ ਖਗ ਮਾਰਹਿਂ।
ਕਬਹੁਂ ਕਰਹਿਂ ਕ੍ਰੀੜਾ ਜਲ ਕੇਰੀ। ਭਿਰਹਿਂ ਦੁਦਿਸ਼ਿ ਤੇ ਛੀਂਟ ਘਨੇਰੀ॥ ੩੨॥

ਜੰਗਲ ਵਿਚ ਫਿਰ ਕੇ ਹਿਰਨਾਂ ਨੂੰ ਮਾਰਦੇ ਸਨ, ਸ਼ਿਕਰੇ, ਕੁੱਤੇ ਅਤੇ ਬਾਜ ਪੰਛੀਆਂ ਨੂੰ ਮਾਰਦੇ ਸਨ। ਕਦੀ ਜਲ ਕ੍ਰੀੜਾ ਕਰਦੇ ਸਨ, ਦੋਵਾਂ ਪਾਸਿਆਂ ਤੋਂ ਛਿੱਟੇ ਮਾਰ ਕੇ ਭਿੜਦੇ ਸਨ॥ ੩੨॥.

ਕਬਹੂੰ ਆਯੁਧ ਬਿਦਜਾ ਕਰੈਂ। ਤੀਰ ਪ੍ਰਹਾਰੈਂ ਕਰ ਧਨੁ ਧਰੈਂ।
ਕਬਹੂੰ ਕਸਹਿਂ ਤੁਫੰਗ ਚਲਾਵਹਿਂ। ਛੋਰਹਿਂ ਹਯ ਪਰ ਚਢੇ ਧਵਾਵਹਿਂ॥ ੩੩॥

ਕਦੀ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ, ਧਨੁੱਖ ਉੱਤੇ ਤੀਰ ਧਰ ਕੇ ਵਾਰ ਕਰਦੇ ਸਨ। ਕਦੀ ਤੋੜੇ ਕੱਸ ਕੇ ਬੰਦੂਕ ਚਲਾਉਂਦੇ ਸਨ, ਘੋੜੇ ਭਜਾਉਂਦੇ ਹੋਏ ਹੀ ਗੋਲੀਆਂ ਛੱਡਦੇ ਸਨ॥ ੩੩॥

ਤੋਮਰ ਫੇਰਿ ਕਵਾਇਦ ਕਰੈਂ। ਸਮੁਖ ਅਨੀ ਜਿਮ ਸ਼ੱਤ੍ਰੂ ਮਰੈਂ।
ਇਸ ਪ੍ਰਕਾਰ ਕੇ ਅਨਿਕ ਬਿਲਾਸਾ। ਕਰਹਿਂ ਗੁਰੂ ਪੂਰਹਿਂ ਸਭਿ ਆਸ਼ਾ॥ ੩੪॥

ਨੇਜੇ ਘੁਮਾ ਕੇ ਕਵਾਇਦ ਕਰਦੇ ਸਨ, ਸਾਹਮਣੇ ਨੋਕ ਕਰਦੇ ਸਨ ਜਿਵੇਂ ਵੈਰੀ ਨੂੰ ਮਾਰ ਰਹੇ ਹੋਣ। ਇਸ ਪ੍ਰਕਾਰ ਦੇ ਅਨੇਕ ਅਨੰਦ ਬਿਲਾਸ ਕਰਦੇ ਸਨ। ਪੂਰਨ ਗੁਰੂ ਜੀ ਸਭ ਦੀਆਂ ਆਸਾਂ ਪੂਰੀਆਂ ਕਰਦੇ ਸਨ॥ ੩੪॥

ਕਿਤਿਕ ਦਿਵਸ ਲੌਂ ਦੁਰਦ ਪ੍ਰਸਾਦੀ। ਕਿਸ ਥਲ ਬੰਧਜੋ ਰਹਿ ਅਹਿਲਾਦੀ।
ਪਿਖਿ ਪ੍ਰਸੰਨ ਸਤਿਗੁਰੂ ਮਹਾਨਜੋਂ। ਗਜ ਦਾਸਨ ਕੇ ਸਾਥ ਬਖਾਨਜੋ॥ ੩੫॥

ਕਈ ਦਿਨਾਂ ਤਕ ਪ੍ਰਸਾਦੀ ਹਾਥੀ ਕਿਸੇ ਇਕ ਥਾਂ ਹੀ ਬੰਨ੍ਹਿਆ ਰਹਿੰਦਾ ਸੀ। ਉਸ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਫਿਰ ਹਾਥੀ ਦੇ ਸੇਵਕਾਂ ਨੂੰ ਕਿਹਾ॥ ੩੫॥

'ਨਹਿਨ ਪ੍ਰਸਾਦੀ ਬੰਧਨਿ ਪਾਵਹੁ। ਇਮ ਹੀ ਛੋਰਹੁ ਸੇਵ ਕਮਾਵਹੁ।
ਫਿਰਹਿ ਅਨੰਦਪੁਰਿ ਜਹਿਂ ਜਹਿਂ ਕਹਾਂ। ਆਪੇ ਥਿਰੈ ਜਹਾਂ ਰੁਚਿ ਤਹਾਂ॥ ੩੬॥

ਪ੍ਰਸਾਦੀ ਹਾਥੀ ਨੂੰ ਨਾ ਬੰਨ੍ਹੋ, ਇੰਝ ਹੀ ਛੱਡ ਕੇ ਸੇਵਾ ਕਰੋ। ਅਨੰਦਪੁਰ ਵਿਚ ਜਿੱਥੇ ਕਿੱਥੇ ਇਹ ਫਿਰਦਾ ਰਹੇ ਤੇ ਆਪ ਹੀ ਬੈਠ ਜਾਵੇ ਜਿੱਥੇ ਇਹ ਸੁੰਦਰ ਥਾਂ ਵੇਖੇ॥ ੩੬॥

**ਕੇਤਿਕ ਦਿਵਸ ਦਾਸ ਰਹਿਂ ਸੰਗ। ਕਰਹਿਂ ਪਿਖਿਨਿ ਜਹਿਂ ਫਿਰਹਿ ਮਤੰਗ।**
**ਜਬਿ ਹਿਲ ਜਾਇ ਹਟਕ ਤਬਿ ਰਹੈਂ। ਦੇਹਿਂ ਖੁਆਇ ਖੁਰਾਕ ਜਿ ਅਹੈ' ॥੩੭॥**

ਕਈ ਦਿਨਾਂ ਤਕ ਤੁਸੀਂ ਹਾਥੀ ਦੇ ਨਾਲ ਰਹੋ, ਇਹ ਵੇਖਦੇ ਰਹੋ ਜਿਥੇ ਹਾਥੀ ਫਿਰਦਾ ਹੈ। ਜਦੋਂ ਹਿਲ ਜਾਵੇ ਤਦ ਨਾਲ ਜਾਣੋਂ ਹੱਟ ਜਾਣਾ। ਉਸ ਦੀ ਜਿਹੜੀ ਖੁਰਾਕ ਹੈ ਉਸ ਨੂੰ ਖਵਾਉਂਦੇ ਰਹੋ" ॥ ੩੭॥

**ਸੁਨਿ ਗੁਰ ਹੁਕਮ ਛੋਰਿ ਫਿਰ ਦੀਨਾ। ਜਹਿਂ ਕਹਿਂ ਬਿਚਰਹਿ ਭਾ ਬਹੁ ਪੀਨਾ।**
**ਫਿਰਹਿ ਬਜਾਰ ਬਿਖੈ ਬਹੁ ਬਾਰਿ। ਬਨਕਨ ਕੋ ਕਰਿ ਦੇਤਿ ਬਿਗਾਰ॥ ੩੮॥**

ਗੁਰੂ ਜੀ ਦਾ ਹੁਕਮ ਸੁਣ ਕੇ ਫਿਰ ਹਾਥੀ ਨੂੰ ਛੱਡ ਦਿੱਤਾ, ਹਾਥੀ ਆਪਣੀ ਮਰਜ਼ੀ ਨਾਲ ਜਿੱਥੇ ਕਿੱਥੇ ਫਿਰਦਾ ਬਹੁਤ ਮੋਟਾ ਹੋ ਗਿਆ। ਬਹੁਤ ਵਾਰ ਬਜ਼ਾਰ ਵਿਚ ਫਿਰਦਾ ਸੀ ਤੇ ਬਾਣੀਆਂ ਦਾ ਨੁਕਸਾਨ ਕਰ ਦਿੰਦਾ ਸੀ॥ ੩੮॥

**ਮੋਦਕ ਆਦਿ ਧਰੇ ਪਕਵਾਨ। ਜਹਿਂ ਕਹਿਂ ਕਰਤਿ ਫਿਰਤਿ ਸੋ ਖਾਨ।**
**ਅੰਨ ਆਦਿ ਧੈਬੇ ਵਥੁ ਜੋਇ। ਬਿਚਰਤਿ ਬਦਨ ਪਾਇਲੇ ਸੋਇ॥ ੩੯॥**

ਲੱਡੂ ਆਦਿ ਜਿਹੜੇ ਪਕਵਾਨ ਧਰੇ ਹੁੰਦੇ ਸਨ, ਹਾਥੀ ਜਿੱਥੇ ਕਿੱਥੇ ਫਿਰ ਕੇ ਖਾ ਜਾਂਦਾ ਸੀ। ਅੰਨ ਆਦਿ ਜੋ ਵਸਤਾਂ ਸਨ, ਉਨ੍ਹਾਂ ਨੂੰ ਖਾ ਜਾਂਦਾ ਸੀ, ਤੁਰਦਾ ਫਿਰਦਾ ਮੂੰਹ ਮਾਰਦਾ ਰਹਿੰਦਾ ਸੀ॥ ੩੯॥

**ਮਿਲ ਬਨੀਏਂ ਸਤਿਗੁਰ ਢਿਗ ਆਏ। 'ਕੁੰਚਰ ਕਰਹਿ ਬਿਗਾਰ' ਸੁਨਾਏ।**
**'ਔਚਕ ਸੌਦਾ ਕਰਤਿ ਬਖੇਰਤਿ। ਬਰਜਤਿ ਬਰਜਤਿ ਤਤਛਿਨ ਗੇਰਤਿ॥੪੦॥**

ਸਾਰੇ ਬਾਣੀਏ ਇਕੱਠੇ ਹੋ ਕੇ ਸਤਿਗੁਰ ਪਾਸ ਆਏ, "ਹਾਥੀ ਨੁਕਸਾਨ ਕਰਦਾ ਹੈ" ਗੁਰੂ ਜੀ ਨੂੰ ਸੁਣਾਇਆ। ਅਚਾਨਕ ਸੌਦਾ ਬਖੇਰ ਦਿੰਦਾ ਹੈ, ਵਰਜਦਿਆਂ ਵਰਜਦਿਆਂ ਤੁਰਤ ਡੇਗ ਦਿੰਦਾ ਹੈ॥ ੪੦॥

**ਸਰਬ ਦਿਵਸ ਬਿਚਰਤਿ ਤਹਿਂ ਆਵਤਿ। ਗਨ ਪਕਵਾਨ ਖਾਇ ਕਰਿ ਜਾਵਤਿ।**
**ਡਰਹਿਂ ਆਪ ਤੇ ਹਤਹਿਂ ਨ ਦੰਡਾ। ਪ੍ਰੇਰਤਿ ਇਤ ਉਤ ਫੇਰਤਿ ਸੁੰਡਾ' ॥੪੧॥**

ਸਾਰਾ ਦਿਨ ਫਿਰਦਾ ਓਥੇ ਆਉਂਦਾ ਹੈ ਤੇ ਬਹੁਤ ਪਕਵਾਨ ਖਾ ਕੇ ਚਲਾ ਜਾਂਦਾ ਹੈ। ਆਪ ਜੀ ਤੋਂ ਡਰਦੇ ਡੰਡਾ ਨਹੀਂ ਮਾਰਦੇ ਹਾਂ, ਉਹ ਆਪਣੀ ਸੁੰਡ ਨੂੰ ਏਧਰ ਓਧਰ ਫੇਰਦਾ ਹੈ" ॥ ੪੧॥

**ਸੁਨਿ ਕਲਗੀਧਰ ਕਰੀ ਗੁਹਾਰਾ। ਸੰਗ ਮਸੰਦਨ ਹੁਕਮ ਉਚਾਰਾ।**
**'ਜਿਤਕ ਬਨਕ ਕੋ ਹੁਇ ਨੁਕਸਾਨ। ਕਰਹਿ ਪ੍ਰਸਾਦੀ ਜਾਇ ਦੁਕਾਨ॥੪੨॥**

ਇਹ ਸੁਣ ਕੇ ਕਲਗੀਧਰ ਨੇ ਅਵਾਜ਼ ਦਿੱਤੀ ਤੇ ਮਸੰਦਾਂ ਨੂੰ ਹੁਕਮ ਦਿੱਤਾ, "ਪ੍ਰਸਾਦੀ ਹਾਥੀ ਦੁਕਾਨਾਂ ਉੱਤੇ ਜਾ ਕੇ ਜਿਨ੍ਹਾਂ ਬਾਣੀਆਂ ਦਾ ਜਿੰਨਾ ਨੁਕਸਾਨ ਕਰੇ॥ ੪੨॥

**ਸੋ ਸਰਕਾਰਹਿ ਤੇ ਦਿਹੁ ਦਰਬ। ਸੰਧਯਾ ਸਮੈ ਬੂਝਿ ਲੇਹੁ ਸਰਬ'।**
**ਸੁਨੀ ਬਨਿਅਨਿ ਮਨ ਅਨੰਦ ਉਪੰਨਾ। ਜਥਾ ਜੋਗ ਗੁਰ ਕੋ ਬਚ ਮੰਨਾ॥੪੩॥**

ਸੋ ਸਤਿਗੁਰੂ ਜੀ ਦੇ ਖਜ਼ਾਨੇ ਵਿਚੋਂ ਧਨ ਲੈ ਕੇ ਬਾਣੀਆਂ ਨੂੰ ਦੇਵੋ, ਸ਼ਾਮ ਦੇ ਸਮੇਂ ਸਾਰਿਆਂ ਨੂੰ ਜਾ ਕੇ ਪੁੱਛ ਲਵੋ।" ਇਹ ਗੱਲ ਸੁਣ ਕੇ ਬਾਣੀਏਂ ਬਹੁਤ ਪ੍ਰਸੰਨ ਹੋ ਗਏ ਤੇ ਯਥਾ ਯੋਗ ਗੁਰੂ ਜੀ ਦਾ ਬਚਨ ਮੰਨਿਆ॥ ੪੩॥

ਸਗਰੇ ਪੁਰਿ ਮਹਿਂ ਬਿਚਰਤਿ ਰਹੈ। ਲੋਕ ਹਜ਼ਾਰਹੁਂ ਹੇਰਤਿ ਅਹੈਂ।
ਦੂਰ ਦੂਰ ਕੀ ਸੰਗਤਿ ਆਵੈ। ਪਿਖਿ ਅਦਭੁਤ ਕੋ ਸਭਿ ਬਿਸਮਾਵੈਂ॥ ੪੪॥

ਹਾਥੀ ਸਾਰੇ ਨਗਰ ਵਿਚ ਫਿਰਦਾ ਰਹਿੰਦਾ ਸੀ ਤੇ ਹਜ਼ਾਰਾਂ ਲੋਕ ਉਸ ਨੂੰ ਵੇਖਦੇ ਸਨ। ਦੂਰ-ਦੂਰ ਦੀ ਸੰਗਤ ਆਉਂਦੀ ਸੀ। ਅਦਭੁਤ ਹਾਥੀ ਨੂੰ ਵੇਖ ਕੇ ਸਾਰੇ ਹੈਰਾਨ ਹੁੰਦੇ ਸਨ॥ ੪੪॥

ਰਤਨਰਾਇ ਰਹਿ ਕੇਤਿਕ ਮਾਸ। ਪਿਖਿ ਸਤਿਗੁਰ ਕੇ ਅਨਿਕ ਬਿਲਾਸ।
ਸ੍ਰੀ ਗੁਜਰੀ ਢਿਗ ਜਨਨੀ ਸਹਿਤ। ਪਹੁਚੈ ਬਾਰਿ ਬਾਰਿ ਸੁਖ ਲਹਿਤਿ॥ ੪੫॥

ਰਤਨ ਰਾਇ ਨੇ ਕਈ ਮਹੀਨੇ ਰਹਿ ਕੇ ਸਤਿਗੁਰੂ ਜੀ ਦੇ ਅਨੇਕਾਂ ਬਿਲਾਸ ਵੇਖੇ। ਸ੍ਰੀ ਰਤਨ ਰਾਇ ਆਪਣੀ ਮਾਤਾ ਸਹਿਤ ਸਤਿਗੁਰੂ ਜੀ ਦੇ ਮਾਤਾ ਗੁਜਰੀ ਜੀ ਪਾਸ ਬਾਰ-ਬਾਰ ਪਹੁੰਚ ਕੇ ਸੁਖ ਪ੍ਰਾਪਤ ਕਰਦੇ ਸਨ॥ ੪੫॥

ਤਿਮ ਕਲਗ਼ੀਧਰ ਕੇਤਿਕ ਦਰਸ਼ਨ। ਬਾਰਿ ਬਾਰਿ ਪਗ ਪੰਕਜ ਪਰਸਨ।
ਅਪਨਿ ਦੇਸ਼ ਹਿਤ ਕਰਨਿ ਚਢਾਈ। ਹਾਥ ਜੋਰਿ ਕਰਿ ਜਾਚਿ ਬਿਦਾਈ॥ ੪੬॥

ਉਸ ਤਰ੍ਹਾਂ ਹੀ ਕਲਗ਼ੀਧਰ ਜੀ ਦੇ ਕਈ ਵਾਰ ਦਰਸ਼ਨ ਕਰਦੇ ਸਨ ਤੇ ਬਾਰ-ਬਾਰ ਚਰਨ ਕੰਵਲਾਂ ਨੂੰ ਪਰਸਦੇ ਸਨ। ਆਪਣੇ ਦੇਸ਼ ਵਲ ਚੜ੍ਹਾਈ ਕਰਨ ਵਾਸਤੇ ਹੱਥ ਜੋੜ ਕੇ ਵਿਦਾ ਮੰਗੀ॥ ੪੬॥

ਸਤਿਗੁਰ ਕਹਿ ਕਹਿ ਬਹੁਤ ਟਿਕਾਯੋ। ਪੁਨ ਓਰਕ ਚਲਿਬੋ ਬਨਿ ਆਯੋ।
ਅਧਿਕ ਪ੍ਰੇਮ ਤੇ ਨ੍ਰਿਪ ਨਹਿਂ ਚਹੈ। ਹੁਇ ਕਰਿ ਤਯਾਰ ਬਹੁਰ ਪੁਰਿ ਰਹੈ॥ ੪੭॥

ਸਤਿਗੁਰੂ ਜੀ ਨੇ ਕਹਿ-ਕਹਿ ਬਹੁਤ ਵਾਰ ਟਿਕਾਇਆ, ਫਿਰ ਓੜਕ ਚਲਣਾ ਬਣ ਹੀ ਗਿਆ। ਬਹੁਤ ਪ੍ਰੇਮ ਹੋਣ ਕਰਕੇ ਰਾਜਾ ਜਾਣਾ ਨਹੀਂ ਸੀ ਚਾਹੁੰਦਾ, ਤਿਆਰ ਹੋ ਕੇ ਫਿਰ ਨਗਰ ਵਿਚ ਰਹਿ ਜਾਂਦਾ ਸੀ॥ ੪੭॥

ਜ਼ਰੀ ਦੁਸ਼ਾਲੇ ਕੋ ਸਿਰੁਪਾਉ। ਬਖਸ਼ਯੋ ਗੁਰੂ ਲੀਨ ਚਿਤਚਾਊ।
ਕਹੈ ਭੂਪ 'ਜਿਮ ਸੁਨਯੋ ਸੁਜਸੁ ਕੋ। ਕਰਯੋ ਆਇ ਮੈਂ ਤਥਾ ਦਰਸ ਕੋ॥ ੪੮॥

ਗੁਰੂ ਜੀ ਨੇ ਜ਼ਰੀ ਦੇ ਦੁਸ਼ਾਲਿਆਂ ਦਾ ਸਿਰੋਪਾ ਬਖਸ਼ਿਆ ਜਿਸ ਨੂੰ ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਰਾਜੇ ਨੇ ਲੈ ਲਿਆ। ਰਾਜਾ ਕਹਿੰਦਾ ਸੀ, "ਜਿਵੇਂ ਸ੍ਰੇਸ਼ਟ ਜੱਸ ਸੁਣਿਆ ਸੀ, ਉਸ ਤਰ੍ਹਾਂ ਹੀ ਮੈਂ ਆ ਕੇ ਦਰਸ਼ਨ ਕੀਤੇ ਹਨ॥ ੪੮॥

ਸਭਿ ਬਿਧਿ ਤੇ ਮੁਝ ਕਰਯੋ ਨਿਹਾਲ। ਹਲਤ ਭਲੇ ਲਿਹੁਂ ਪਲਤ ਬਿਸਾਲ'।
ਕਹਯੋ ਨ ਜਾਇ ਗਰੋ ਭਰਿ ਗਯੋ। ਚਰਨ ਕਮਲ ਪਰ ਸਿਰ ਧਰਿ ਦਯੋ॥ ੪੯॥

ਸਭ ਵਿਧੀਆਂ ਨਾਲ ਮੈਨੂੰ ਨਿਹਾਲ ਕੀਤਾ ਹੈ, ਇਸ ਲੋਕ ਵਿਚ ਮੇਰਾ ਭਲਾ ਹੋਇਆ ਹੈ, ਪਰਲੋਕ ਵਿਚ ਮੈਨੂੰ ਬਹੁਤ ਸੁਖ ਪ੍ਰਾਪਤ ਹੋਵੇਗਾ।" ਉਸ ਪਾਸੋਂ ਕਿਹਾ ਨਹੀਂ ਸੀ ਜਾਂਦਾ, ਗਲਾ ਭਰ ਗਿਆ ਸੀ ਤੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰ ਦਿੱਤਾ॥ ੪੯॥

ਦ੍ਰਿਗ ਜਲ ਸੰਗ ਪਖਾਰਨਿ ਕਰੇ। ਗੁਰ ਧੀਰਜ ਦੀਨਸਿ ਮੁਦ ਧਰੇ।
ਭਗਤਿ ਗਯਾਨ ਗੁਰਸਿੱਖੀ ਸਾਥ। ਬਖਸ਼ਿਸ਼ ਕਰੀ ਤਬਹਿ ਗੁਰ ਨਾਥ॥ ੫੦॥

ਨੈਣਾਂ ਦੇ ਜਲ ਨਾਲ ਚਰਨਾਂ ਨੂੰ ਧੋ ਰਿਹਾ ਸੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਧੀਰਜ ਦਿੱਤਾ। ਤਦ ਗੁਰੂ ਜੀ ਨੇ ਗੁਰਸਿੱਖੀ ਦੇ ਨਾਲ ਭਗਤੀ ਗਿਆਨ ਦੀ ਬਖਸ਼ਿਸ਼ ਕੀਤੀ॥ ੫੦॥

ਜਨਨੀ ਸਹਿਤ ਸਚਿਵ ਗਨ ਸਬੈ। ਕਰਿ ਕਰਿ ਨਮੋ ਪਯਾਨੇ ਤਬੈ।
ਨੀਠ ਨੀਠ ਕਰਿ ਬਿਛਰਯੋ ਰਾਜਾ। ਚੜਿ ਕਰਿ ਚਲਯੋ ਸਮੇਤ ਸਮਾਜਾ॥ ੫੧॥

ਮਾਤਾ ਸਹਿਤ ਜਿੰਨੇ ਵੀ ਮੰਤਰੀ ਸਨ, ਸਾਰੇ ਨਮਸਕਾਰ ਕਰ ਕਰ ਕੇ ਤਦ ਚਲੇ ਗਏ। ਮਸਾਂ-ਮਸਾਂ ਕਰਕੇ ਰਾਜਾ ਵਿਛੜਿਆ ਤੇ ਸਾਰੇ ਸਮਾਜ ਨਾਲ ਚੜ੍ਹ ਕੇ ਚਲਾ ਗਿਆ॥ ੫੧॥

*ਪਹਿਲੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥*

# ਅਧਿਆਇ ਚਵੀਵਾਂ

### *ਰਣਜੀਤ ਨਗਾਰਾ ਬਣਵਾਉਣਾ*

*ਦੋਹਰਾ-* ਗਯੋ ਨ੍ਰਿਪਤ ਗਜ ਕੋ ਅਰਪਿ, ਚਿਤਵਤਿ ਗੁਰੂ ਬਿਹਾਲ।
ਜਥਾ ਸੁਸ਼ੀਲ ਸਰੂਪ ਕੋ ਕਰਤਿ ਸਰਾਂਹ ਬਿਸ਼ਾਲ॥ ੧॥

ਹਾਥੀ ਅਰਪਣ ਕਰਕੇ ਰਾਜਾ ਚਲਾ ਗਿਆ, ਪਰ ਗੁਰੂ ਜੀ ਨੂੰ ਚਿਤਵਦਾ ਪ੍ਰੇਮ ਨਾਲ ਬਿਹਾਲ ਹੁੰਦਾ ਹੈ। ਸੁਸ਼ੀਲ ਸਰੂਪ ਗੁਰੂ ਜੀ ਦੀ ਵਿਸ਼ਾਲ ਸ਼ਲਾਘਾ ਕਰਦਾ ਹੈ॥ ੧॥

*ਚੌਪਈ-* ਪੁਰੀ ਅਨੰਦ ਅਨੰਦ ਬਿਲੰਦ। ਕਰਤਿ ਪ੍ਰਕਾਸ਼ਨਿ ਗੁਰੂ ਮੁਕੰਦ।
ਚਲੀ ਆਇ ਜਹਿਂ ਕਹਿਂ ਕੀ ਸੰਗਤਿ। ਨਿਤ ਨਵੀਨ ਗਨ ਬੈਠਹਿਂ ਪੰਗਤਿ॥੨॥

ਅਨੰਦ ਦੀ ਪੁਰੀ ਵਿਚ ਬਹੁਤ ਅਨੰਦ ਹੈ, ਮੁਕਤੀ ਦਾਤੇ ਗੁਰੂ ਜੀ ਅਨੰਦ ਦਾ ਪ੍ਰਕਾਸ਼ ਕਰ ਰਹੇ ਹਨ। ਜਿੱਥੋਂ ਕਿੱਥੋਂ ਦੀ ਸੰਗਤ ਚਲੀ ਆਉਂਦੀ ਹੈ, ਨਿਤ ਨਵੀਂ ਪੰਗਤ ਬੈਠਦੀ ਹੈ॥ ੨॥

ਆਇਂ ਅਕੋਰਨਿ ਕੇ ਅੰਬਾਰ। ਦੇਸ਼ ਦੇਸ਼ ਕੇ ਤੁਰੰਗ ਉਦਾਰ।
ਪਾਇ ਹੁਕਮ ਗੁਰ ਕੋ ਗਨ ਦਾਸ। ਰਹਨਿ ਲਗੇ ਹਰਖਤਿ ਹੁਇ ਪਾਸ॥੩॥

ਜਦ ਸੰਗਤ ਆਉਂਦੀ ਹੈ ਤਾਂ ਉਪਹਾਰਾਂ ਦੇ ਅੰਬਾਰ ਲੱਗ ਜਾਂਦੇ ਹਨ। ਦੇਸ਼ਾਂ-ਦੇਸ਼ਾਂ ਦੇ ਸ਼ਕਤੀਸ਼ਾਲੀ ਘੋੜੇ ਆਉਂਦੇ ਹਨ। ਗੁਰੂ ਜੀ ਦਾ ਹੁਕਮ ਪਾ ਕੇ ਕਈ ਸੇਵਕ ਪ੍ਰਸੰਨ ਹੋ ਕੇ ਗੁਰੂ ਜੀ ਪਾਸ ਰਹਿਣ ਲੱਗ ਜਾਂਦੇ ਹਨ॥ ੩॥

ਸ਼ਸਤ੍ਰ ਗਹੈਂ ਅੱਭਜਾਸ ਕਮਾਵੈਂ। ਤੀਰ ਤੁਪਕ ਤਰਵਾਰ ਚਲਾਵੈਂ।
ਸਭਿ ਜਾਤਨਿ ਕੇ ਬਨਇਂ ਸਿਪਾਹੀ। ਵਧਹਿ ਬੀਰ ਰਸ ਬਹੁ ਉਰ ਮਾਂਹੀ॥੪॥

ਸ਼ਸਤਰ ਫੜ ਕੇ ਅਭਿਆਸ ਕਮਾਉਂਦੇ ਹਨ, ਤੀਰ ਬੰਦੂਕ ਅਤੇ ਤਲਵਾਰ ਚਲਾਉਂਦੇ ਹਨ, ਸਭ ਜਾਤੀਆਂ ਦੇ ਸਿਪਾਹੀ ਬਣਦੇ ਹਨ ਤੇ ਹਿਰਦੇ ਵਿਚ ਬਹੁਤ ਬੀਰ-ਰਸ ਵਧਦਾ ਹੈ॥ ੪॥

ਕੇਤਿਕ ਕਰਹਿਂ ਨੌਕਰੀ ਆਇ। ਲੇਹਿਂ ਰੁਜ਼ੀਨਾ ਧਨ ਗਨ ਪਾਇ।
ਭਈ ਫੌਜ ਗੁਰ ਸੰਗ ਹਜ਼ਾਰੈਂ। ਕਹਿ ਜੈਕਾਰਾ ਦਰਸ ਨਿਹਾਰੈਂ॥ ੫॥

ਕਈ ਆ ਕੇ ਨੌਕਰੀ ਕਰਦੇ ਹਨ ਤੇ ਦਿਹਾੜੀ ਲੈ ਕੇ ਬਹੁਤ ਧਨ ਪਾਉਂਦੇ ਹਨ। ਗੁਰੂ ਜੀ ਦੇ ਪਾਸ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਹੋ ਗਈ ਹੈ ਤੇ ਉਹ ਜੈਕਾਰਾ ਬੋਲ ਕੇ ਦਰਸ਼ਨ ਕਰਦੇ ਹਨ॥ ੫॥

ਬਖਸ਼ਿਸ਼ ਬਖਸ਼ਹਿਂ ਗੁਰ ਸਮੁਦਾਯਾ। ਅਪਨੋ ਜਾਨਿ ਕਰਹਿਂ ਬਹੁ ਦਾਯਾ।
ਤੀਖਨ ਸ਼ਸਤ੍ਰਨਿ ਕੋ ਗਹਿਵਾਵੈਂ। ਚਪਲ ਬਲੀ ਹਯ ਦੇਤਿ ਧਵਾਵਹਿਂ॥੬॥

ਗੁਰੂ ਜੀ ਸਾਰਿਆਂ ਨੂੰ ਬਹੁਤ ਬਖ਼ਸ਼ਿਸ਼ਾਂ ਬਖਸ਼ਦੇ ਹਨ ਤੇ ਆਪਣੇ ਜਾਣ ਕੇ ਬਹੁਤ ਦਇਆ ਕਰਦੇ ਹਨ। ਤਿੱਖੇ ਸ਼ਸਤਰਾਂ ਨੂੰ ਫੜਾਉਂਦੇ ਹਨ ਤੇ ਭਜਾਉਣ ਵਾਸਤੇ ਸ਼ਕਤੀਸ਼ਾਲੀ ਘੋੜੇ ਦਿੰਦੇ ਹਨ॥ ੬॥

ਨਹੀਂ ਦਮਾਮਾ ਦਲ ਮਹਿਂ ਚੀਨਾ। ਸ੍ਰੀ ਸਤਿਗੁਰੂ ਬਿਚਾਰਨਿ ਕੀਨਾ।
ਅਬਿ ਦੁੰਦਭਿ ਚਹੀਅਹਿ ਬਨਿਵਾਯੋ। ਹਿਤ ਉਤਸਾਹ ਬਨਹਿ ਬਜਵਾਯੋ॥ ੭॥

ਸਤਿਗੁਰੂ ਜੀ ਨੇ ਵਿਚਾਰ ਕੀਤੀ ਕਿ ਸਾਡੀ ਸੈਨਾ ਵਿਚ ਨਗਾਰਾ ਨਹੀਂ ਹੈ। ਹੁਣ ਨਗਾਰਾ ਬਣਾਉਣਾ ਚਾਹੀਦਾ ਹੈ ਤੇ ਉਤਸ਼ਾਹ ਵਧਾਉਣ ਵਾਸਤੇ ਇਹ ਵਜਾਉਣਾ ਬਣਦਾ ਹੈ॥ ੭॥

ਰਹਹਿ ਸਦਨ ਗੁਰ ਸਦਾ ਭਵਿੱਖਜ। ਜਹਿਂ ਕਹਿਂ ਰਾਜ ਕਰਹਿਂ ਗਨ ਸਿੱਖਜ।
ਸਾਗਰ ਲੌ ਅਵਨੀ ਥਲ ਸਾਰਾ। ਬਜਹਿ ਪ੍ਰਤਾਪੀ ਗੁਰੂ ਨਗਾਰਾ॥ ੮॥

ਭਵਿੱਖ ਵਿਚ ਗੁਰੂ ਜੀ ਸਦਾ ਘਰ ਵਿਚ ਰਹਿਣਗੇ ਤੇ ਜਿੱਥੇ ਕਿੱਥੇ ਸਾਰੇ ਸਿੱਖ ਰਾਜ ਕਰਨਗੇ। ਸਾਗਰ ਤਕ ਜਿੰਨਾ ਧਰਤੀ ਦਾ ਸਥਲ ਹੈ, ਓਥੇ ਗੁਰੂ ਜੀ ਦੇ ਪ੍ਰਤਾਪ ਦਾ ਨਗਾਰਾ ਵੱਜੇਗਾ॥ ੮॥

ਇਮ ਚਿਤਵਤਿ ਚਿਤ ਹੁਕਮ ਬਖਾਨਾ। 'ਕਰਹੁ ਘਰਾਵਨਿ ਦੀਹ ਨਿਸ਼ਾਨਾ।
ਨੀਕੇ ਕਾਰੀਗਰ ਕੇ ਪਾਸ। ਜੋ ਸਭਿ ਬਿਧਿ ਤੇ ਆਨਹਿ ਰਾਸ'॥ ੯॥

ਇਸ ਤਰ੍ਹਾਂ ਚਿੱਤ ਵਿਚ ਵਿਚਾਰਦਿਆਂ, ਗੁਰੂ ਜੀ ਹੁਕਮ ਫੁਰਮਾਇਆ, "ਇਕ ਵੱਡਾ ਨਗਾਰਾ ਬਣਵਾਵੋ। ਚੰਗੇ ਕਾਰੀਗਰ ਦੇ ਪਾਸ ਜਾਵੋ ਜਿਹੜਾ ਸਭ ਵਿਧੀਆਂ ਨਾਲ ਰਾਸ ਆਵੇ"॥ ੯॥

ਨੰਦ ਚੰਦ ਲੇ ਆਇਸ ਗਯੋ। ਘਰਿਬੇ ਹੇਤੁ ਹਕਾਰਤਿ ਭਯੋ।
ਕਹ੍ਯੋ ਗੁਰੂ ਕੌ ਤਾਹਿ ਸੁਨਾਯੋ। ਕਰਿ ਬਿਚਾਰ ਸ਼ੁਭ ਲੋਹ ਮੰਗਾਯੋ॥ ੧੦॥

ਨੰਦ ਚੰਦ ਆਗਿਆ ਲੈ ਕੇ ਚਲੇ ਗਿਆ ਤੇ ਨਗਾਰਾ ਬਣਾਉਣ ਵਾਸਤੇ ਉਸ ਕਾਰੀਗਰ ਨੂੰ ਬੁਲਾਇਆ। ਉਸ ਨੂੰ ਗੁਰੂ ਜੀ ਦਾ ਕਿਹਾ ਹੋਇਆ ਹੁਕਮ ਸੁਣਾਇਆ ਤੇ ਵਿਚਾਰ ਕਰਕੇ ਸ਼ੁਭ ਲੋਹਾ ਮੰਗਵਾਉਣ ਵਾਸਤੇ ਕਿਹਾ॥ ੧੦॥

ਜੇਤਿਕ ਘਰਤਿ ਘਰਤਿ ਰਹਿ ਜਾਇ। ਤਿਸਤੇ ਚੌਗੁਨ ਲੀਨਿ ਤੁਲਾਇ।
ਬਹੁ ਨਰ ਲਗੇ ਘਰਨਿ ਤਤਕਾਲਾ। ਹੁਤੇ ਸੁਜਾਨ ਬਨਾਇ ਸੁਢਾਲਾ॥ ੧੧॥

ਲੋਹਾ ਗਰਮ ਕਰਕੇ ਘੜਦਿਆਂ ਘੜਦਿਆਂ ਸੜ ਕੇ ਜਿੰਨਾ ਬਾਕੀ ਰਹਿ ਜਾਵੇ, ਉਸ ਤੋਂ ਵੱਧ ਚਾਰ ਗੁਣਾਂ ਤੁਲਵਾ ਲੋਹਾ ਲਿਆਵੋ। ਤੁਰੰਤ ਹੀ ਬਹੁਤ ਮਨੁੱਖ ਨਗਾਰਾ ਘੜਨ ਲੱਗੇ, ਬਹੁਤ ਚਤੁਰ ਸਨ ਇਸ ਕਰਕੇ ਸੋਹਣਾ ਨਗਾਰਾ ਬਣ ਗਿਆ॥ ੧੧॥

ਦੌਨਹੁ ਦੌਰ ਤਜਾਰ ਕਰਿ ਲ੍ਯਾਏ। ਰੁਚਿਰ ਹੇਰਿ ਸਤਿਗੁਰ ਹਰਖਾਏ।
ਦਰਬ ਬਿਸਾਲ ਬਖਸ਼ ਕਰਿ ਦੀਨੋ। ਮਢਿਬੇ ਹੇਤੁ ਹੁਕਮ ਤਬਿ ਕੀਨੋ॥ ੧੨॥

ਲੋਹੇ ਦੇ ਦੋ ਚਕਰਾਦਾਰ ਹਿੱਸੇ ਜਿਨ੍ਹਾਂ ਨੂੰ ਜੋੜ ਕੇ ਵੱਡੇ ਕੜਾਹੇ ਵਾਂਗ ਬਣ ਜਾਂਦਾ ਹੈ ਤੇ ਉਸ ਦੇ ਉੱਤੇ ਫੇਰ ਚਮੜਾ ਮੜ੍ਹਦੇ ਹਨ। ਉਸ ਸੁੰਦਰ ਦੌਰੇ ਨੂੰ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਬਹੁਤ ਧਨ ਬਖਸ਼ ਕੇ ਦਿੱਤਾ ਫਿਰ ਉਸ ਨੂੰ ਚਮੜੇ ਨਾਲ ਮੜ੍ਹਨ ਦਾ ਹੁਕਮ ਦਿੱਤਾ॥ ੧੨॥

ਸਕਲ ਮਸੰਦਨ ਜਬਿ ਸੁਧਿ ਪਾਈ। ਚਿਤਹਿਂ ਬਿਚਾਰ ਕਰਤਿ ਸਮੁਦਾਈ।
ਸੈਨ ਸਕੇਲਤਿ ਦਿਨ ਪ੍ਰਤਿ ਭਾਰੀ। ਸ਼ਸਤ੍ਰ ਤੁਰੰਗਨ ਸੋਂ ਹਿਤ ਧਾਰੀ॥ ੧੩॥

ਸਾਰੇ ਮਸੰਦਾਂ ਨੂੰ ਜਦ ਇਹ ਖ਼ਬਰ ਮਿਲੀ ਤਾਂ ਸਾਰੇ ਚਿੱਤ ਵਿਚ ਵਿਚਾਰ ਕਰਨ ਲੱਗੇ, "ਗੁਰੂ ਜੀ ਪ੍ਰਤੀ ਦਿਨ ਬਹੁਤ ਸੈਨਾ ਇਕੱਠੀ ਕਰ ਰਹੇ ਹਨ ਤੇ ਸ਼ਸਤਰਾਂ ਤੇ ਘੋੜਿਆਂ ਨਾਲ ਪ੍ਰੇਮ ਧਾਰਨ ਕੀਤਾ ਹੋਇਆ ਹੈ॥ ੧੩॥

ਅਬਹਿ ਗੁਰੂ ਦੁੰਦਭਿ ਘਰਿਵਾਯਹੁ। ਜਬਿ ਇਸ ਦੇਸ਼ ਵਿਖੇ ਬਜਵਾਯਹੁ।
ਭੀਮਚੰਦ ਕਹਿਲੂਰੀ ਰਾਜਾ। ਜਿਹ ਸਮੀਪ ਬਡ ਸੈਨ ਸਮਾਜਾ॥ ੧੪॥

ਹੁਣ ਗੁਰੂ ਜੀ ਨੇ ਨਗਾਰਾ ਘੜਵਾਇਆ ਹੈ, ਜਦ ਇਸ ਦੇਸ਼ ਵਿਚ ਵਜਾਇਆ ਤਾਂ ਕਹਿਲੂਰ ਦਾ ਰਾਜਾ ਭੀਮ ਸੈਨ ਜਿਹੜਾ ਨੇੜੇ ਹੀ ਵੱਡੀ ਸੈਨਾ ਸਹਿਤ ਰਹਿੰਦਾ ਹੈ॥ ੧੪॥

ਪ੍ਰਥਮ ਹੁਤੋ ਗਮਨਜੋ ਕਿਤ ਓਰ। ਅਬਿ ਬਿਲਾਸ ਪੁਰ ਕੀ ਬਸਿ ਠੌਰ।
ਫਿਰਹਿ ਦੇਸ਼ ਨਿਜ ਸਹਿਜ ਸੁਭਾਇ। ਧੌਂਸਾ ਧੁੰਕਾਰਗਤਿ ਸੁਧਿ ਪਾਇ॥ ੧੫॥

ਪਹਿਲਾਂ ਉਹ ਕਿਤੇ ਹੋਰ ਸਥਾਨ ਤੇ ਗਿਆ ਸੀ, ਹੁਣ ਬਿਲਾਸਪੁਰ ਵਾਲੇ ਸਥਾਨ ਤੇ ਹੀ ਰਹਿੰਦਾ ਹੈ। ਉਹ ਸਹਿਜ ਸੁਭਾਅ ਆਪਣੇ ਦੇਸ਼ ਵਿਚ ਫਿਰਦਾ ਰਹਿੰਦਾ ਹੈ ਤਾਂ ਨਗਾਰਾ ਵੱਜਣ ਦੀ ਖ਼ਬਰ ਸੁਣ ਲਵੇਗਾ॥ ੧੫॥

ਅਸ ਨਹਿਂ ਹੋਇ ਬਿਗਰ ਕਰਿ ਪਰੈ। ਦਾਵੇਦਾਰ ਜਾਨਿ ਕਰਿ ਲਰੈ।
ਲਖੀਅਹਿ ਇਸ ਤੇ ਹੁਇ ਉਤਪਾਤ। ਬਿਗਰ ਜਾਇਗੀ ਸਗਰੀ ਬਾਤ॥ ੧੬॥

ਐਸਾ ਨਾ ਹੋਵੇ ਕਿ ਵਿਗੜ ਕੇ ਪੈ ਜਾਵੇ ਤੇ ਦਾਵੇਦਾਰ ਜਾਣ ਕੇ ਲੜ ਪਵੇ। ਜਾਪਦਾ ਹੈ ਇਸ ਕਾਰਨ ਝਗੜਾ ਖੜਾ ਹੋਵੇਗਾ ਤੇ ਸਾਰੀ ਗੱਲ ਵਿਗੜ ਜਾਵੇਗੀ॥ ੧੬॥

ਇਹਾਂ ਬਸਨ ਭੀ ਮੁਸ਼ਕਲ ਹੋਇ। ਜਿਨ ਕੋ ਰਾਜ, ਨਿਕਾਸਹਿਂ ਸੋਇ।
ਪਰੇ ਜੰਗ ਧਨ ਚਹਿਯ ਮਹਾਨਾ। ਹਮ ਸਿਰ ਪਰਹਿ ਜ਼ੋਰ ਸਭਿ ਆਨਾ॥ ੧੭॥

ਏਥੇ ਫਿਰ ਰਹਿਣਾ ਵੀ ਮੁਸ਼ਕਲ ਹੋ ਜਾਵੇਗਾ, ਜਿਨ੍ਹਾਂ ਦਾ ਰਾਜ ਹੈ ਉਹ ਫਿਰ ਕੱਢ ਦੇਣਗੇ। ਜੰਗ ਪੈਣ ਵਿਚ ਬਹੁਤ ਧਨ ਚਾਹੀਦਾ ਹੈ ਤਾਂ ਸਾਡੇ ਸਿਰ ਉੱਤੇ ਹੀ ਸਾਰਾ ਜ਼ੋਰ ਆ ਪਵੇਗਾ॥ ੧੭॥

ਯਾਂਤੇ ਅਬਿ ਮਸਲਤ ਕਰਿ ਸਾਰੇ। ਕਰਹੁ ਜਤਨ ਦੁੰਦਭਿ ਨਹਿਂ ਧਾਰੇ।
ਉਮਰ ਗੁਰੂ ਕੀ ਅਹੈ ਨਵੀਨ। ਮਨ ਭਾਵਤਿ ਕੌ ਰਚਹਿਂ ਪ੍ਰਬੀਨ॥ ੧੮॥

ਇਸ ਕਰਕੇ ਹੁਣ ਸਾਰੇ ਸਲਾਹ ਕਰਕੇ, ਇਹ ਯਤਨ ਕਰੋ ਕਿ ਨਗਾਰਾ ਨਾ ਧਾਰਨ ਕਰਨ। ਗੁਰੂ ਜੀ ਦੀ ਹਾਲੇ ਛੋਟੀ ਉਮਰ ਹੈ, ਮਨ-ਭਾਉਂਦਾ ਨਗਾਰਾ ਉਹ ਬਣਾ ਲੈਣਗੇ॥ ੧੮॥

ਤਿਨ ਕੇ ਸੰਗ ਕਹਯੋ ਨਹਿਂ ਜੈ ਹੈ। ਸਮੁਖ ਬਾਕ ਬਿੱਪ੍ਰਿ ਨ ਕਹੈ ਹੈ।
ਪ੍ਰਥਮ ਮਾਤ ਕੇ ਨਿਕਟ ਸਿਧਾਰਹੁ। ਤ੍ਰਾਸ ਸਮੇਤ ਬ੍ਰਿਤੰਤ ਉਚਾਰਹੁ॥ ੧੯॥

ਗੁਰੂ ਜੀ ਪਾਸ ਹੁਣ ਕਿਹਾ ਨਹੀਂ ਜਾ ਸਕਦਾ, ਜੋ ਸਤਿਗੁਰੂ ਜੀ ਹੁਕਮ ਦੇਣ, ਉਨ੍ਹਾਂ ਦੇ ਸਾਹਮਣੇ ਉਲਟ ਨਹੀਂ ਕਿਹਾ ਜਾ ਸਕਦਾ। ਪਹਿਲਾਂ ਮਾਤਾ ਜੀ ਪਾਸ ਚਲੋ ਤੇ ਡਰ ਸਮੇਤ ਸਾਰਾ ਬ੍ਰਿਤਾਂਤ ਉਚਾਰਨ ਕਰੋ'॥ ੧੯॥

ਅਸ ਮਸਲਤ ਕਰਿ ਸਕਲ ਮਸੰਦ। ਸ਼੍ਰੀ ਗੁਜਰੀ ਢਿਗ ਗਮਨੇ ਬ੍ਰਿੰਦ।
ਮਸਤਕ ਟੇਕਿ ਬੈਠਿਗੇ ਪਾਸ। ਬੋਲੇ ਹਾਥ ਜੋਰਿ ਅਰਦਾਸ॥ ੨੦॥

ਇਸ ਤਰ੍ਹਾਂ ਸਲਾਹ ਕਰਕੇ ਸਾਰੇ ਮਸੰਦ ਮਾਤਾ ਗੁਜਰੀ ਜੀ ਦੇ ਪਾਸ ਗਏ ਤੇ ਮੱਥਾ ਟੇਕ ਕੇ ਪਾਸ ਬੈਠ ਗਏ ਤੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥ ੨੦॥

'ਮਾਤਾ ਜੀ! ਸੁਨੀਅਹਿ ਸਭਿ ਬਾਤ। ਸ਼੍ਰੀ ਸਤਿਗੁਰ ਕੋ ਜਥਾ ਬ੍ਰਿਤਾਂਤ।
ਸੈਨ ਸਕੇਲਨ ਕਰਿ ਗਨ ਰਾਖੀ। ਰਹੈਂ ਸੁਭਟ ਧਨ ਕੇ ਅਭਿਲਾਖੀ॥ ੨੧॥

"ਹੇ ਮਾਤਾ ਜੀ ! ਸਾਰੀ ਗੱਲ ਸੁਣੋ, ਸ੍ਰੀ ਸਤਿਗੁਰੂ ਜੀ ਦਾ ਜਿਵੇਂ ਬ੍ਰਿਤਾਂਤ ਹੋਇਆ ਹੈ। ਬਹੁਤ ਸੈਨਾ ਇਕੱਠੀ ਕਰਕੇ ਰੱਖੀ ਹੈ ਤੇ ਧਨ ਦੀ ਅਭਿਲਾਸ਼ਾ ਵਾਲੇ ਸੂਰਬੀਰ ਪਾਸ ਰਹਿੰਦੇ ਹਨ॥ ੨੧॥

**ਇਕ ਤੌ ਖਰਚ ਦੇਗ ਕੋ ਭਾਰੀ। ਅਨਗਨ ਕੋ ਅਹਾਰ ਹੁਇ ਤਜਾਰੀ।**
**ਜਾਮ ਨਿਸਾ ਲਗਿ ਜੋ ਚਲਿ ਆਵੈ। ਸਕਲ ਦੇਗ ਤੇ ਅਚਿ ਤ੍ਰਿਪਤਾਵੈਂ॥੨੨॥**

ਇਕ ਤਾਂ ਲੰਗਰ ਦਾ ਬਹੁਤ ਖ਼ਰਚਾ ਹੈ, ਅਣਗਿਣਤ ਮਨੁੱਖਾਂ ਵਾਸਤੇ ਭੋਜਨ ਤਿਆਰ ਹੁੰਦਾ ਹੈ, ਪਹਿਰ ਰਾਤ ਤਕ ਜਿਹੜਾ ਵੀ ਚਲ ਕੇ ਆਵੇ, ਉਹ ਸਾਰੇ ਲੰਗਰ ਵਿਚੋਂ ਭੋਜਨ ਛਕ ਕੇ ਤ੍ਰਿਪਤ ਹੁੰਦੇ ਹਨ॥ ੨੨॥

**ਪੁਨ ਸੁਭਟਨਿ ਕੌ ਦੇਨਿ ਛਿਮਾਹੀ। ਬਿਨਾ ਲਿਏ ਕੋ ਰਹੈ ਨ ਪਾਹੀ।**
**ਰਾਜ ਦੇਸ਼ ਕੋ ਜਿਸ ਢਿਗ ਹੋਇ। ਇਤਨੋ ਖਰਚ ਨਿਬਾਹੈ ਸੋਇ॥ ੨੩॥**

ਫਿਰ ਸੂਰਮਿਆਂ ਨੂੰ ਛਿਮਾਹੀ ਦਿੰਦੇ ਹਾਂ, ਧਨ ਲੈਣ ਤੋਂ ਬਗ਼ੈਰ ਕੋਈ ਪਾਸ ਨਹੀਂ ਰਹਿੰਦਾ ਹੈ। ਇਕ ਦੇਸ਼ ਦਾ ਰਾਜ ਜਿਸ ਪਾਸ ਹੋਵੇ, ਏਨਾ ਖਰਚਾ ਉਹੀ ਨਿਬਾਹ ਸਕਦਾ ਹੈ॥ ੨੩॥

**ਅਪਨੇ ਘਰ ਸਿਖ ਸੰਗਤਿ ਆਵੈ। ਜਥਾ ਸ਼ਕਤਿ ਭੇਟਨ ਅਰਪਾਵੈ।**
**ਕਿਸ ਤੇ ਹੁਕਮ ਨ ਕਰਿਕੈ ਲੇਨਾ। ਜਿਸ ਤੇ ਖਰਚ ਸੈਨ ਕੋ ਦੇਨਾ॥ ੨੪॥**

ਆਪਣੇ ਘਰ ਸਿੱਖ ਸੰਗਤ ਆਉਂਦੀ ਹੈ, ਯਥਾ ਸ਼ਕਤੀ ਉਹ ਭੇਟਾਂ ਅਰਪਣ ਕਰਦੇ ਹਨ। ਕਿਸੇ ਉੱਤੇ ਹੁਕਮ ਕਰਕੇ ਧਨ ਨਹੀ ਲਿਆ ਜਾਂਦਾ ਹੈ, ਹੁਣ ਇਸ ਵਿਚੋਂ ਸੈਨਾ ਨੂੰ ਖਰਚ ਦੇਣਾ ਹੈ॥ ੨੪॥

**ਤਊ ਜ਼ਿਕਰ ਅਸ ਫਿਕਰ ਨ ਕੋਈ। ਕਰਹਿਂ ਬਿਚਾਰ ਨ, ਆਮਦ ਸੋਈ।**
**ਅਬਿ ਦੁੰਦਭਿ ਕੋ ਕਹਿ ਘਰਿਵਾਯੋ। ਤਜਾਰ ਹੋਤਿ ਹੈ ਸਭਿ ਲਖਿ ਪਾਯੋ॥੨੫॥**

ਤਦ ਵੀ ਇਹੋ ਜੇਹੀ ਗੱਲ ਦੀ ਕੋਈ ਚਿੰਤਾ ਨਹੀਂ ਹੈ, ਸ੍ਰੀ ਗੁਰੂ ਜੀ ਵਿਚਾਰ ਨਹੀਂ ਕਰਦੇ ਕਿ ਆਮਦਨ ਤਾਂ ਸੋਈ ਹੈ, ਜੋ ਸਿੱਖ ਆਪਣੇ ਆਪ ਦਿੰਦੇ ਹਨ। ਹੁਣ ਨਗਾਰਾ ਘੜਵਾਇਆ ਹੈ, ਤਿਆਰ ਹੁੰਦਾ ਸਭ ਨੇ ਵੇਖ ਲਿਆ ਹੈ॥ ੨੫॥

**ਇਸ ਤੇ ਹੁਇ ਉਤਪਾਤ ਬਿਸਾਲਾ। ਚਢੇ ਬਜਾਵਨਿ ਕਰਿ ਜਿਸ ਕਾਲਾ।**
**ਭੀਮ ਚੰਦ ਕਹਿਲੂਰੀ ਰਾਜਾ। ਜਿਸ ਕੇ ਸੰਗ ਅਨੇਕ ਸਮਾਜਾ॥ ੨੬॥**

ਇਸ ਤੋਂ ਬਹੁਤ ਵੱਡਾ ਝਗੜਾ ਖੜਾ ਹੋ ਜਾਵੇਗਾ, ਜਿਸ ਸਮੇਂ ਨਗਾਰਾ ਵਜਾ ਕੇ ਚੜ੍ਹਾਈ ਕਰਨਗੇ। ਭੀਮ ਚੰਦ ਕਹਿਲੂਰ ਦਾ ਰਾਜਾ ਹੈ, ਉਸ ਦੇ ਪਾਸ ਬਹੁਤ ਵੱਡੀ ਸੈਨਾ ਅਤੇ ਸਾਜ਼ੋ-ਸਾਮਾਨ ਹੈ॥ ੨੬॥

**ਦੇਸ਼ ਬਿਸਾਲ ਰਾਜ ਕੋ ਕਰਿਹੀ। ਗਿਰਪਤਿ ਗਨ ਰਹਿਂ ਨਿਤ ਅਨੁਸਰਹੀ।**
**ਦੀਹ ਦਮਾਮੇ ਕੀ ਧੁਨਿ ਸੁਨੈ। ਜਰਹਿ ਨ ਮਨ ਮਹਿਂ ਮਤਸਰ ਗੁਨੈ॥ ੨੭॥**

ਉਹ ਵਿਸ਼ਾਲ ਦੇਸ਼ 'ਤੇ ਰਾਜ ਕਰ ਰਿਹਾ ਹੈ, ਬਹੁਤ ਪਹਾੜੀ ਰਾਜੇ ਸਦਾ ਹੀ ਉਸ ਦੀ ਆਗਿਆ ਅਨੁਸਾਰ ਰਹਿੰਦੇ ਹਨ। ਉਹ ਜਦ ਵੱਡੇ ਨਗਾਰੇ ਦੀ ਆਵਾਜ਼ ਸੁਣੇਗਾ ਤਾਂ ਉਹ ਜਰੇਗਾ ਨਹੀਂ, ਵੱਡਾ ਘੁਮੰਡੀ ਹੈ॥ ੨੭॥

**ਅਪਨਿ ਦੇਸ਼ ਮਹਿਂ ਦੁਤਿਯ ਨਗਾਰਾ ਕਿਮ ਬਾਜਨਿ ਦੇ ਕਰਿ ਹੰਕਾਰਾ।**
**ਬੈਸ ਨਵੀਨ ਗੁਰੂ ਕੀ ਅਹੈ। ਹਟੈ ਨਹੀਂ ਉਰ ਮੈਂ ਹਠ ਗਹੈਂ॥ ੨੮॥**

ਆਪਣੇ ਦੇਸ਼ ਵਿਚ ਦੂਸਰਾ ਨਗਾਰਾ ਹੰਕਾਰ ਕਰਕੇ ਕਿਵੇਂ ਵੱਜਣ ਦੇਵੇਗਾ। ਗੁਰੂ ਜੀ ਦੀ ਹਾਲੇ ਛੋਟੀ ਉਮਰ ਹੈ, ਉਹ ਹਟਣਗੇ ਨਹੀਂ ਦਿਲ ਵਿਚ ਵੱਡਾ ਹਠ ਫੜ ਲੈਣਗੇ॥ ੨੮॥

ਯਾਂਤੇ ਜਾਨੀ ਪਰੈ ਖੁਟਾਈ। ਸੈਲਪਤਨਿ ਸੋਂ ਮਚੈ ਲਰਾਈ।
ਤਿਸ ਮੈਂ ਅਨਿਕ ਉਪਾਧਿ ਉਠੈ ਹੈਂ। ਬਾਸ ਕਰਨਿ ਭੀ ਸੰਸੈ ਪੈਹੈਂ॥ ੨੯॥

ਇਸ ਕਰਕੇ ਖੁਟਾਈ ਜਾਣ ਪੈਂਦੀ ਹੈ, ਪਹਾੜੀ ਰਾਜਿਆਂ ਨਾਲ ਪ੍ਰਗਟ ਰੂਪ ਵਿਚ ਲੜਾਈ ਹੋ ਪਵੇਗੀ। ਉਸ ਤੋਂ ਅਨੇਕ ਪਵਾੜੇ ਉੱਠਣਗੇ, ਸਾਡਾ ਏਥੇ ਵਾਸਾ ਕਰਨਾ ਸ਼ੰਕਾ ਸਹਿਤ ਹੋ ਜਾਵੇਗਾ॥ ੨੯॥

ਅਪਨੇ ਪੁੱਤ੍ਰ ਅਬਹਿ ਸਮੁਝਾਵੋ। ਦੁੰਦਭਿ ਬਾਜਹਿ ਨਹੀਂ, ਹਟਾਵੋ।
ਬਡੇ ਗੁਰੂ ਖਸ਼ਟਮ ਰਨ ਕੀਨਿ। ਬਾਸ ਸੁਧਾਸਰ ਕੋ ਤਜਿ ਦੀਨ॥ ੩੦॥

ਆਪਣੇ ਪੁੱਤਰ ਨੂੰ ਹੁਣ ਸਮਝਾਵੋ, ਨਗਾਰਾ ਨਾ ਵੱਜੇ, ਇਸ ਕਾਰਜ ਤੋਂ ਹਟਾਵੋ। ਵੱਡੇ ਛੇਵੇਂ ਗੁਰੂ ਜੀ ਨੇ ਵੀ ਯੁੱਧ ਕੀਤੇ ਸਨ ਤਾਂ ਅੰਮ੍ਰਿਤਸਰ ਦਾ ਵਾਸਾ ਛੱਡ ਦਿੱਤਾ ਸੀ॥ ੩੦॥

ਸੰਕਟ ਭਏ ਅਨੇਕ ਪ੍ਰਕਾਰੀ। ਸੁਨੇ ਪਿਖੇ ਤੁਮ ਨੇ ਬਹੁ ਬਾਰੀ।
ਦੇਸ਼ ਕਾਲ ਕੀ ਗਜਾਤਾਵਾਨ। ਬਰਜਹੁ ਸਤਿਗੁਰ ਮ੍ਰਿਦੁਲ ਬਖਾਨਿ॥ ੩੧॥

ਅਨੇਕ ਪ੍ਰਕਾਰ ਦੇ ਸੰਕਟ ਪਏ ਸਨ, ਤੁਸੀਂ ਬਹੁਤ ਵਾਰ ਵੇਖੇ ਅਤੇ ਸੁਣੇ ਹਨ। ਤੁਸੀਂ ਦੇਸ਼ ਕਾਲ ਦੇ ਗਿਆਨਵਾਨ ਹੋ, ਭਾਵ ਪਹਾੜ ਦਾ ਦੇਸ਼ ਹੈ, ਪਹਾੜੀਏ ਖੋਟੇ ਹਨ ਤੇ ਸਮਾਂ ਤੁਰਕਾਂ ਦੇ ਰਾਜ ਦਾ ਹੈ, ਇਸ ਗੱਲ ਦਾ ਆਪ ਜੀ ਨੂੰ ਪਤਾ ਹੈ। ਇਸ ਕਰਕੇ ਮਿੱਠੇ ਬਚਨ ਬੋਲ ਕੇ ਗੁਰੂ ਨੂੰ ਰੋਕੋ॥ ੩੧॥

ਅਪਰ ਬਿਲਾਸ ਕਰਹਿਂ ਮਨ ਭਾਏ। ਪਰਹਿ ਬਿਖੇਰਾ ਦੇਹੁ ਹਟਾਏ।
ਸੁਖ ਸੋਂ ਬਾਸਹੁ ਅਪਨੇ ਪੁਰਿ ਮੈਂ। ਨੀਕੀ ਕਰਹੁ ਬਿਚਾਰਨ ਉਰ ਮੈਂ॥ ੩੨॥

ਹੋਰ ਮਨ-ਭਾਉਂਦੇ ਅਨੰਦ ਵਿਲਾਸ ਕਰਨ, ਜਿਸ ਤੋਂ ਝਗੜਾ ਖੜਾ ਹੋਵੇ ਉਸ ਤੋਂ ਹਟਾ ਦੇਵੋ। ਆਪਣੇ ਨਗਰ ਵਿਚ ਸੁਖ ਨਾਲ ਵਸੋ, ਦਿਲ ਵਿਚ ਚੰਗੀ ਤਰ੍ਹਾਂ ਵਿਚਾਰ ਲਵੋ"॥ ੩੨॥

ਸੁਨਤਿ ਮਸੰਦਨ ਕੀ ਅਸ ਬਾਨੀ। ਸ੍ਰੀ ਗੁਜਰੀ ਚਿਤ ਚਿੰਤਾ ਠਾਨੀ।
ਆਛੀ ਕਹਹਿਂ, ਨ ਬਨਹਿ ਦਮਾਮਾ। ਵਧਹਿ ਬਿਖੇਰਾ ਸੰਕਟ ਧਾਮਾ॥ ੩੩॥

ਮਸੰਦਾਂ ਦੀ ਐਸੀ ਗੱਲ ਸੁਣ ਕੇ, ਮਾਤਾ ਗੁਜਰੀ ਜੀ ਨੇ ਚਿੱਤ ਵਿਚ ਚਿੰਤਾ ਧਾਰਨ ਕੀਤੀ। ਮਸੰਦ ਚੰਗੀ ਗੱਲ ਕਹਿੰਦੇ ਹਨ, ਨਗਾਰਾ ਨਹੀਂ ਬਣਨਾ ਚਾਹੀਦਾ, ਲੜਾਈ ਵਧਣ ਨਾਲ ਘਰ ਵਿਚ ਸੰਕਟ ਆ ਜਾਵੇਗਾ॥ ੩੩॥

ਮੋਨ ਠਾਨਿ ਕਰਿ ਕੇਤਿਕ ਸਮੈਂ। ਭਨਯੋਂ ਮਸੰਦਨ ਸੋਂ ਮਨ ਗਮੈਂ।
'ਬਰਜੋਂ ਮੈਂ ਸੁਤ ਨਿਕਟ ਹਕਾਰੋਂ। ਖਸ਼ਟਮ ਗੁਰੂ ਪ੍ਰਸੰਗ ਉਚਾਰੋਂ॥ ੩੪॥

ਕਾਫੀ ਸਮੇਂ ਤਕ ਮੋਨ ਧਾਰ ਕੇ ਤੇ ਫਿਰ ਮਨ ਵਿਚ ਚਿੰਤਾ ਧਾਰ ਕੇ ਮਸੰਦਾਂ ਨੂੰ ਕਿਹਾ, "ਮੈਂ ਪੁੱਤਰ ਨੂੰ ਪਾਸ ਬੁਲਾ ਕੇ ਵਰਜਾਂਗੀ ਤੇ ਉਨ੍ਹਾਂ ਨੂੰ ਛੇਵੇਂ ਗੁਰੂ ਜੀ ਦਾ ਪ੍ਰਸੰਗ ਸੁਣਾਵਾਂਗੀ॥ ੩੪॥

ਜਿਤਿਕ ਸਮੀਪੀ ਬੈਠਿਨਿ ਹਾਰੇ। ਸਮਝ ਦੇਹੁੰ ਸਮੁਝਾਇ ਬਿਚਾਰੇ।
ਗਨ ਉਤਸਾਹ ਦੇਨਿ ਕੀ ਗਾਥਾ। ਕਰੋ ਨ ਸਾਹਿਬਜ਼ਾਦੇ ਸਾਥਾ॥ ੩੫॥

ਜਿੰਨੇ ਵੀ ਉਨ੍ਹਾਂ ਦੇ ਪਾਸ ਬੈਠਣ ਵਾਲੇ ਹਨ, ਉਨ੍ਹਾਂ ਨੂੰ ਇਸ ਵਿਚਾਰ ਦੀ ਸਮਝ, ਸਮਝਾ ਦੇਵਾਂਗੀ। ਉਨ੍ਹਾ ਨੂੰ ਕਹਾਂਗੀ ਕਿ ਬਹੁਤ ਉਤਸ਼ਾਹ ਦੇਣ ਦੀ ਗਾਥਾ, ਸਾਹਿਬਜ਼ਾਦੇ ਨਾਲ ਨਾ ਕਰੋ॥ ੩੫॥

ਨਿਜ ਭ੍ਰਾਤਾ ਕੋ ਅਬਹਿ ਹਕਾਰੋਂ। ਇਨ ਬਾਤਨਿ ਤੇ ਕਹਿ ਹਟਕਾਰੋਂ।
ਗੁਰਨਿ ਭਾਣਜੇ ਤਿਨ ਸਮਝਾਵਹੁ। ਨਹੀਂ ਜੰਗ ਕੇ ਜ਼ਿਕਰ ਚਲਾਵਹੁ॥ ੩੬॥

ਆਪਣੇ ਭਰਾ ਨੂੰ ਹੁਣੇ ਬੁਲਾਉਂਦੀ ਹਾਂ, ਇਹ ਗੱਲਾਂ ਕਹਿ ਕੇ ਰੋਕਾਂਗੀ। ਵੱਡੇ ਗੁਰੂ ਜੀ ਦੇ ਭਾਣਜੇ, ਸੰਗੋ ਆਦਿ ਸੂਰਮਿਆਂ ਨੂੰ ਸਮਝਾਵਾਂਗੀ ਤੇ ਕਹਾਂਗੀ ਕਿ ਲੜਾਈ ਦੇ ਜ਼ਿਕਰ ਨਾ ਚਲਾਵੇ॥ ੩੬॥

ਜਾਹੁ ਸ਼ਿਕਾਰ, ਨ ਦੂਰ ਸਿਧਾਵਹੁ। ਚਿਤ ਪਰਚਾਇ ਸਦਨ ਕੋ ਲਜਾਵਹੁ।
ਜਜੋਂ ਕਜੋਂ ਕਰਿ ਬਰਜਹੁ ਇਹ ਬਾਤੀ। ਨਾਹਕ ਬਨਹੁੰ ਕਹਾਂ ਉਤਪਾਤੀ॥੩੭॥

ਸ਼ਿਕਾਰ ਜਾਂਦੇ ਸਮੇਂ ਦੂਰ ਨਾ ਜਾਵੇ ਦਿਲ ਪਰਚਾਵਾ ਕਰ ਕੇ ਘਰ ਨੂੰ ਲਿਆਵੇ। ਜਿਵੇਂ ਕਿਵੇਂ ਕਰਕੇ ਇਸ ਗੱਲ ਤੋਂ ਵਰਜੋ, ਖਾਹਮਖਾਹ ਝਗੜਾ ਖੜਾ ਹੋ ਜਾਵੇਗਾ॥ ੩੭॥

ਸੁਭਟ ਰਖੇ ਤੌ ਰਾਖਹੁ ਤੈਸੇ। ਖਰਚਨਿ ਕਰਹਿਂ ਆਇ ਧਨ ਜੈਸੇ।
ਨਹਿਂ ਰਾਜਨ ਸੋਂ ਪਰੈ ਬਿਗਾਰਾ। ਮਾਲਿਕ ਦੇਸ਼ਨ ਕੇ ਦਲ ਭਾਰਾ'॥ ੩੮॥

ਸੂਰਮੇ ਰੱਖੇ ਹਨ ਤਾਂ ਉਸ ਤਰ੍ਹਾਂ ਰੱਖੋ, ਜਿਵੇਂ ਧਨ ਆਉਂਦਾ ਹੈ ਉਸ ਤਰ੍ਹਾਂ ਹੀ ਖਰਚਾ ਕਰੀਏ। ਰਾਜਿਆਂ ਨਾਲ ਸਾਡਾ ਵਿਗਾੜ ਨਾ ਪੈ ਜਾਵੇ, ਮਾਲਕ ਰਾਜਿਆਂ ਦੀ ਸੈਨਾ ਬਹੁਤ ਭਾਰੀ ਹੈ"॥ ੩੮॥

ਸੁਨਤਿ ਮਾਤ ਤੇ ਭਨਹਿਂ ਮਸੰਦ। 'ਇਮ ਸਮੁਝਾਵਹੁ ਸਤਿਗੁਰ ਨੰਦ।
ਹਮ ਹੈਂ ਪੂਜ ਸਕਲ ਜਗ ਕੇਰੇ। ਸਮਤਾ ਦ੍ਰਿਸ਼ਟਿ ਸਭਿਨਿ ਪਰ ਹੇਰੇ॥ ੩੯॥

ਮਾਤਾ ਜੀ ਪਾਸੋਂ ਸੁਣ ਕੇ ਮਸੰਦਾਂ ਨੇ ਕਿਹਾ, "ਇਸ ਤਰ੍ਹਾਂ ਸਤਿਗੁਰੂ ਪੁੱਤਰ ਨੂੰ ਸਮਝਾਵੋ। ਅਸੀਂ ਸਾਰੇ ਜਗਤ ਦੇ ਪੂਜਣ ਯੋਗ ਹਾਂ, ਬਰਾਬਰ ਦ੍ਰਿਸ਼ਟੀ ਨਾਲ ਸਭ ਨੂੰ ਵੇਖਦੇ ਹਾਂ॥ ੩੯॥

ਚਹੁੰਦਿਸ਼ਿ ਅਪਨੇ ਸੇਵਕ ਜਾਨੋ। ਨਹਿਂ ਬਿਰੋਧ ਕਿਹ ਸੋਂ ਪਹਿਚਾਨੋਂ।
ਸੁਭਟ ਰਾਖਿਬੇ ਸਹਿਤ ਨਗਾਰੇ। ਇਹ ਰਾਜਨਿ ਕੇ ਕਾਜ ਉਦਾਰੇ॥ ੪੦॥

ਚਾਰੇ ਪਾਸੇ ਆਪਣੇ ਸੇਵਕ ਜਾਣੋ ਤੇ ਕਿਸੇ ਨਾਲ ਵੀ ਆਪਣਾ ਵਿਰੋਧ ਨਾ ਪਛਾਣੋ। ਨਗਾਰਿਆਂ ਸਹਿਤ ਸੂਰਬੀਰ ਰੱਖਣੇ, ਇਹ ਵੱਡੇ ਰਾਜਿਆਂ ਦੇ ਕੰਮ ਹਨ॥ ੪੦॥

ਮਾਰਨ ਮਰਨ ਕਸ਼ਟ ਬਡ ਪਾਵਨਿ। ਤੁਮਕੋ ਉਚਿਤ ਨ ਏਵ ਕਮਾਵਨਿ।
ਇੱਤਜਾਦਿਕ ਭਾਖਹੁ ਜੇ ਮਾਨਹਿਂ। ਸਭਿਨਿ ਬਰਜ ਹ੍ਵੈ ਕ੍ਵੈ ਨ ਬਖਾਨਹਿ'॥੪੧॥

ਮਾਰਨ ਮਰਨ, ਵੱਡਾ ਕਸ਼ਟ ਪਾਉਣਾ ਹੈ, ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ ਹੈ। ਇਸ ਤਰ੍ਹਾਂ ਕਹੋ ਜੇ ਮੰਨ ਜਾਣ। ਸਾਰਿਆਂ ਨੂੰ ਵਰਜ ਦੇਵੋ ਕੋਈ ਵੀ ਗੁਰੂ ਜੀ ਨੂੰ ਜੰਗ ਦੀ ਗੱਲ ਨਾ ਕਹੇ"॥ ੪੧॥

ਅਸ ਮਸਲਤ ਕਰਿ ਮਾਤ ਸਿਖਾਈ। ਮਸਤਕ ਟੇਕਿ ਉਠੇ ਸਮੁਦਾਈ।
ਜੋ ਜਿਸ ਮਿਲਹਿ ਸਮੀਪੀ ਗੁਰ ਕੋ। ਕਰਹਿ ਸਿਖਾਵਨਿ ਆਸ਼ੈ ਉਰ ਕੋ॥੪੨॥

ਇਸ ਤਰ੍ਹਾਂ ਸਲਾਹ ਕਰਕੇ ਮਾਤਾ ਜੀ ਨੂੰ ਸਿਖਾਇਆ ਤੇ ਫਿਰ ਸਾਰੇ ਮੱਥਾ ਟੇਕ ਕੇ ਉੱਠ ਪਏ। ਗੁਰੂ ਜੀ ਦਾ ਜਿਹੜਾ ਵੀ ਨਜ਼ਦੀਕੀ ਸਿੱਖ ਮਿਲਦਾ ਸੀ, ਉਸ ਨੂੰ ਆਪਣੇ ਦਿਲ ਦੇ ਆਸ਼ੇ ਸਿਖਾਉਂਦੇ ਸਨ॥ ੪੨॥

ਨਿਜ ਭ੍ਰਾਤਾ ਗੁਜਰੀ ਬੁਲਵਾਯੋ। 'ਕਰਹੁ ਹਟਾਵਨ' ਸਭਿ ਸਮੁਝਾਯੋ।
ਸੁਸਾ ਸੰਗ ਤਿਨ ਭਾਖਿ ਸੁਨਾਈ। 'ਠਟਹਿਂ ਗੁਰੂ, ਕੋ ਸਕਹਿ ਹਟਾਈ॥ ੪੩॥

ਮਾਤਾ ਗੁਜਰੀ ਜੀ ਨੇ ਆਪਣੇ ਭਰਾ ਨੂੰ ਬੁਲਾਇਆ ਤੇ ਉਸ ਨੂੰ ਸਮਝਾਇਆ, "ਗੁਰੂ ਜੀ ਨੂੰ ਨਗਾਰਾ ਬਣਾਉਣ ਤੋਂ ਹਟਾ ਦੇਵੋ" ਭਾਈ ਕਿਰਪਾਲ ਜੀ ਨੇ ਆਪਣੀ ਭੈਣ ਨੂੰ ਸੁਣਾ ਕੇ ਕਿਹਾ, "ਜੋ ਗੁਰੂ ਜੀ ਕਰਨ ਉਸ ਨੂੰ ਕੌਣ ਹਟਾ ਸਕਦਾ ਹੈ॥ ੪੩॥

ਆਸ਼ੈ ਸੁਨਹਿਂ ਤਿਨਹੁੰ ਕੇ ਜਬੈ। ਸਨਮਾਨਤਿ, ਬੋਲਤਿ ਤਿਮ ਸਬੈ।
ਸਭਿ ਕੋ ਸੀਖ ਦੇਤਿ ਹੈਂ ਸੋਈ। ਕਹਿ ਨ ਸਕੈ ਵਿਗ ਬਿੱਪ੍ਰੈ ਕੋਈ॥ ੪੪ ॥

ਜਦ ਗੁਰੂ ਜੀ ਦੇ ਆਸ਼ੇ ਸੁਣਦੇ ਹਨ ਤਾਂ ਸਭ ਸਨਮਾਨ ਨਾਲ ਬੋਲਦੇ ਹਨ। ਸਭ ਨੂੰ ਸਿਖਿਆ ਉਹੀ ਦਿੰਦੇ ਹਨ, ਕੋਈ ਵੀ ਆਪਣੇ ਵਲੋਂ ਉਲਟੀ ਗੱਲ ਨਹੀਂ ਕਹਿ ਸਕਦਾ॥ ੪੪ ॥

ਜੇਕਰਿ ਤੁਮਤੇ ਬਰਜਜੋ ਜਾਇ। ਤੌ ਕਹੀਅਹਿ ਨੀਕੇ ਸਮੁਝਾਇ।
ਅਪਰ ਬਿਖੈ ਕਜਾ ਸ਼ਕਤਿ ਸੁਨਾਵਨਿ। ਜੇ ਕੋ ਕਹੈ ਬਹੁਰ ਪਛੁਤਾਵਨਿ ॥੪੫॥

ਜੇ ਆਪ ਪਾਸੋਂ ਵਰਜਿਆ ਜਾ ਸਕਦਾ ਹੈ ਤਾਂ ਚੰਗੀ ਤਰ੍ਹਾਂ ਕਹਿ ਕੇ ਸਮਝਾ ਦੇਵੋ, ਹੋਰ ਕਿਸੇ ਵਿਚ ਸਮਝਾਉਣ ਦੀ ਸ਼ਕਤੀ ਕਿੱਥੇ ਹੈ, ਜੇ ਕੋਈ ਕਹੇਗਾ ਤਾਂ ਬਾਅਦ ਵਿਚ ਪਛੁਤਾਵੇਗਾ" ॥ ੪੫॥

*ਪਹਿਲੀ ਰੁੱਤ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥ ੨੪ ॥*

## *ਅਧਿਆਇ ਪੰਝੀਵਾਂ*

### *ਘਰ ਵਿਚ ਵਿਚਾਰ, ਰਣਜੀਤ ਨਗਾਰਾ*

*ਦੋਹਰਾ-* ਉਠੇ ਪ੍ਰਾਤਿ ਕੋ ਸਤਿਗੁਰੂ ਠਾਨੇ ਸੌਚ ਸ਼ਨਾਨ।
ਪ੍ਰਥਮ ਗਏ ਮਾਤਾ ਨਿਕਟ ਬੈਠੇ ਬੰਦਨ ਠਾਨਿ॥ ੧॥

ਸਵੇਰੇ ਉੱਠ ਕੇ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਪਹਿਲਾਂ ਆਪਣੇ ਮਾਤਾ ਜੀ ਪਾਸ ਗਏ ਤੇ ਬੰਦਨਾ ਕਰਕੇ ਪਾਸ ਬੈਠ ਗਏ॥ ੧॥

*ਚੌਪਈ-* ਦੇ ਆਸ਼ਿਖ ਕੋ ਪ੍ਰੇਮ ਕਰੰਤੀ। ਪਿਖਿ ਸਪੂਤ ਕੋ ਉਰ ਹਰਖੰਤੀ।
ਹਿਤ ਸਮੁਝਾਵਨਿ ਕਹਿ ਮ੍ਰਿਦੁ ਬਾਨੀ। ਇਕ ਪੁੱਤ੍ਰਾ ਮਨ ਪ੍ਰੀਤਿ ਮਹਾਨੀ॥੨॥

ਗੁਰੂ ਜੀ ਨੂੰ ਅਸੀਸ ਦੇ ਕੇ ਪਿਆਰ ਕੀਤਾ ਤੇ ਪੁੱਤਰ ਨੂੰ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਸਮਝਾਉਣ ਵਾਸਤੇ ਬੜੇ ਮਿੱਠੇ ਬਚਨ ਕਹੇ, ਇਕੋ ਇਕ ਪੁੱਤਰ ਹੈ, ਇਸ ਕਰਕੇ ਮਨ ਵਿਚ ਮਹਾਨ ਪ੍ਰੀਤ ਹੈ॥ ੨॥

ਜਿਨ ਬੈਠੇ ਭੀ ਬਡ ਬਡਿਆਈ। ਗੁਰਤਾ ਗਾਦੀ ਅਧਿਕ ਸੁਹਾਈ।
'ਸੁਨੀਅਹਿ ਸੁਤ ! ਐਸੇ ਨਹਿਂ ਕਰੋ। ਜਿਸ ਤੇ ਸੈਲਪਤਿਨਿ ਸੋਂ ਲਰੋ॥ ੩॥

ਜਿਨ੍ਹਾਂ ਦੇ ਬੈਠਿਆਂ ਵੀ ਵੱਡੀ ਵਡਿਆਈ ਹੈ, ਗੁਰਤਾ-ਗੱਦੀ ਉਨ੍ਹਾਂ ਨੂੰ ਬਹੁਤ ਸੁਹਾਈ ਹੈ। ਮਾਤਾ ਜੀ ਕਹਿਣ ਲੱਗੀ, "ਹੇ ਪੁੱਤਰ ਜੀ ! ਸੁਣੋ ! ਇਸ ਤਰ੍ਹਾਂ ਨਾ ਕਰੋ ਜਿਸ ਕਰਕੇ ਪਹਾੜੀ ਰਾਜਿਆਂ ਨਾਲ ਲੜਾਈ ਹੋ ਜਾਵੇ॥ ੩॥

ਰਾਖੀ ਸੈਨ ਨ ਅਚਰਜ ਕੋਈ। ਕਰਹੁ ਅਖੇਰ ਜਥਾ ਮਨ ਹੋਈ।
ਤੁਮ ਜਗ ਪੂਜ ਬਿਰੋਧ ਨ ਕਰੀਅਹਿ। ਚਹੁੰਦਿਸ਼ਿ ਸੰਗਤਿ ਅਪਨਿ ਬਿਚਰੀਅਹਿ॥੪॥

ਤੁਸੀਂ ਸੈਨਾ ਰੱਖੀ ਹੈ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ, ਸ਼ਿਕਾਰ ਖੇਡੋ ਜਿਵੇਂ ਮਨ ਚਾਹੁੰਦਾ ਹੈ, ਕਰੋ। ਤੁਸੀਂ ਜਗਤ ਦੇ ਪੂਜਨੀਕ ਹੋ ਕਿਸੇ ਦਾ ਵਿਰੋਧ ਨਾ ਕਰੋ, ਚਾਰੇ ਪਾਸਿਆਂ ਦੀ ਸੰਗਤ ਨੂੰ ਆਪਣੀ ਸਮਝੋ॥ ੪॥

Sri Satguru Jagjit Singh Ji eLlibrary NamdhariElibrary@gmail.com

ਮੈਂ ਅਬਿ ਸੁਨਜੋਂ ਬਨਾਇ ਨਗਾਰਾ। ਚਹਤਿ ਬਜਾਯਹੁ ਸੈਨ ਮਝਾਰਾ।
ਇਸ ਤੇ ਔਚਕ ਉਠਹਿ ਉਪੱਦ੍ਰਵ। ਬਸਹੁ ਸ਼ਾਂਤਿ ਜੁਤਿ ਤੀਰ ਸਤੁੱਦ੍ਰਵ॥ ੫॥

ਮੈਂ ਹੁਣ ਸੁਣਿਆ ਹੈ ਕਿ ਤੁਸੀਂ ਨਗਾਰਾ ਬਣਾਇਆ ਹੈ, ਤੁਸੀਂ ਉਸ ਨੂੰ ਸੈਨਾ ਦੇ ਵਿਚ ਵਜਾਉਣਾ ਚਾਹੁੰਦੇ ਹੋ, ਇਸ ਨਾਲ ਅਚਾਨਕ ਉਪੱਦਰ ਖੜਾ ਹੋ ਜਾਵੇਗਾ, ਤੁਸੀਂ ਸਤਲੁਜ ਦੇ ਕਿਨਾਰੇ ਸ਼ਾਂਤੀ ਸਹਿਤ ਵਸੋ॥ ੫॥

ਨਹਿਂ ਆਛੋ ਜੋ ਪਰਹਿ ਬਖੇਰਾ। ਵਧਤਿ ਵਧਤਿ ਹੁਇ ਕਸ਼ਟ ਬਡੇਰਾ।
ਬਡੇ ਗੁਰਨਿ ਜਬਿ ਜੰਗ ਮਚਾਏ। ਤਜ੍ਯਾਗਿ ਸੁਧਾਸਰ ਕੋ ਨਿਕਸਾਏ॥ ੬॥

ਇਹ ਗੱਲ ਚੰਗੀ ਨਹੀਂ ਕਿ ਕੋਈ ਬਖੇੜਾ ਖੜਾ ਹੋ ਜਾਵੇ, ਵਧਦਿਆਂ-ਵਧਦਿਆਂ ਬਹੁਤ ਕਸ਼ਟ ਵਧ ਜਾਵੇਗਾ। ਵੱਡੇ ਗੁਰੂ ਜੀ ਨੇ ਜਦ ਜੰਗ ਮਚਾਏ ਸਨ ਤਾਂ ਅੰਮ੍ਰਿਤਸਰ ਨੂੰ ਛੱਡ ਕੇ ਨਿਕਲ ਆਏ ਸਨ॥ ੬॥

ਪਾਤਸ਼ਾਹ ਮਹਿਪਾਲ ਅਸ਼ੇਸ਼। ਰਾਜ ਤਿਨਹੁਂ ਢਿਗ ਦੇਸ਼ ਵਿਸ਼ੇਸ਼।
ਕਰਿਬੇ ਕੋ ਸਮਰਥ ਸਭਿ ਭਾਂਤੀ। ਕੋਇ ਮੀਤ ਕੋ ਬਨਹਿ ਅਰਾਤੀ॥ ੭॥

ਬਾਦਸ਼ਾਹ ਅਤੇ ਸਾਰੇ ਰਾਜਿਆਂ ਪਾਸ ਰਾਜ ਕਰਨ ਵਾਸਤੇ ਵਿਸ਼ੇਸ਼ ਦੇਸ਼ ਹੈ। ਉਹ ਸਭ ਪ੍ਰਕਾਰ ਕਰਨ ਦੇ ਸਮਰੱਥ ਹਨ, ਕੋਈ ਮਿੱਤਰ ਬਣ ਜਾਵੇਗਾ ਕੋਈ ਵੈਰੀ ਬਣੇਗਾ॥ ੭॥

ਸੁਨਜੋ ਸ਼੍ਰੋਨ ਆਯੋ ਅਬਿ ਨੇਰੇ। ਭੀਮਚੰਦ ਮਹਿਪਾਲ ਬਡੇਰੇ।
ਧੁਨਿ ਦੁੰਦਭਿ ਕੀ ਸਹਿ ਨ ਸਕਾਈ। ਨਾਹਕ ਬੀਚ ਬੈਰ ਪਰਿ ਜਾਈ॥ ੮॥

ਮੈਂ ਆਪਣੇ ਕੰਨਾਂ ਨਾਲ ਸੁਣਿਆ ਹੈ, ਕਿ ਰਾਜਾ ਹੁਣ ਨੇੜੇ ਆਇਆ ਹੈ। ਭੀਮ ਚੰਦ ਬਹੁਤ ਵੱਡਾ ਰਾਜਾ ਹੈ, ਉਹ ਨਗਾਰੇ ਦੀ ਧੁਨੀ ਨੂੰ ਬਰਦਾਸ਼ਤ ਨਹੀਂ ਕਰ ਸਕੇਗਾ, ਖਾਹਮਖਾਹ ਵਿਚ ਵੈਰ ਪੈ ਜਾਵੇਗਾ॥ ੮॥

ਅਪਨਿ ਪੌਰ ਨੌਬਤ ਬਜਵਾਵਹੁ। ਚਢਿ ਕਰਿ ਨਹਿਂ ਧੌਂਸਾ ਗਰਜਾਵਹੁ।
ਜੋ ਦੇਸ਼ਨਿ ਕੇ ਦੇਸ਼ ਬਿਸਾਲੇ। ਸਮਤਾ ਪੁਜਹਿ ਨਹੀਂ ਤਿਨ ਨਾਲੇ॥ ੯॥

ਆਪਣੇ ਦਰਵਾਜ਼ੇ ਤੇ ਨਗਾਰਾ ਵਜਾਵੋ, ਚੜ੍ਹਾਈ ਕਰਕੇ ਨਗਾਰੇ ਨੂੰ ਨਾ ਗਰਜਾਵੋ। ਜੋ ਦੇਸ਼ਾਂ ਦੇ ਵੱਡੇ ਰਾਜੇ ਹਨ, ਉਨ੍ਹਾਂ ਦੇ ਨਾਲ ਸਾਡੀ ਬਰਾਬਰੀ ਪੁੱਗਦੀ ਨਹੀਂ ਹੈ॥ ੯॥

ਲਰਨਿ ਬਿਖੈ ਸੁਖ ਪਈਅਤਿ ਨਾਂਹੀ। ਸਦਾ ਬਿਖਾਦ ਹੋਤਿ ਜਿਸ ਮਾਂਹੀ'।
ਜਨਨੀ ਤੇ ਸੁਨਿ ਕਰਿ ਤਿਹ ਸਮੈਂ। ਕਹਜੋਂ 'ਕਿਸੀ ਕੋ ਤ੍ਰਾਸ ਨ ਹਮੈਂ'॥ ੧੦॥

ਲੜਨ ਵਿਚ ਕਿਸੇ ਪ੍ਰਕਾਰ ਦਾ ਸੁਖ ਨਹੀਂ ਮਿਲਦਾ ਹੈ, ਸਦਾ ਝਗੜੇ ਵਿਚ ਜਿਵੇਂ ਹੁੰਦਾ ਹੈ।" ਗੁਰੂ ਜੀ ਨੇ ਆਪਣੇ ਮਾਤਾ ਜੀ ਪਾਸੋਂ ਉਸ ਸਮੇਂ ਸੁਣ ਕੇ ਕਿਹਾ, "ਅਸੀਂ ਕਿਸੇ ਪਾਸੋਂ ਡਰਦੇ ਨਹੀਂ ਹਾਂ॥ ੧੦॥

ਕਰਹਿਂ ਬਜਾਵਨਿ ਆਪ ਨਗਾਰਾ। ਖੇਲਹਿਂ ਕਾਨਨ ਬਿਖੈ ਸ਼ਿਕਾਰਾ।
ਰਾਜ ਨ ਛੀਨਹਿਂ ਹਮ ਕਿਸ ਕੇਰਾ। ਕਜੋਂ ਬਿਰੋਧ ਕੋ ਰਚਹਿ ਬਡੇਰਾ॥ ੧੧॥

ਅਸੀਂ ਆਪ ਨਗਾਰਾ ਵਜਾਵਾਂਗੇ ਤੇ ਜੰਗਲ ਵਿਚ ਜਾ ਕੇ ਸ਼ਿਕਾਰ ਖੇਡਾਂਗੇ ਅਸੀਂ ਕਿਸੇ ਦਾ ਰਾਜ ਨਹੀਂ ਖੋਵਾਂਗੇ, ਫਿਰ ਉਹ ਕਿਉਂ ਵੱਡਾ ਵਿਰੋਧ ਰਚਣਗੇ॥ ੧੧॥

ਅਪਨੋ ਦੇਸ਼ ਗ੍ਰਾਮ ਦਿਢ ਰਾਖੇ। ਬਿਨਾ ਹੇਤੁ ਕਿਮ ਰਣ ਅਭਿਲਾਖੇ।
ਜੇਕਰਿ ਨਿਜ ਬਲ ਧਰਿ ਗਰਬਾਵੈ। ਬਿਨ ਕਾਰਨ ਹੀ ਬੈਰ ਬਧਾਵੈ॥ ੧੨॥

ਆਪਣਾ ਦੇਸ਼ ਗ੍ਰਾਮ ਦ੍ਰਿੜ ਕਰਕੇ ਰੱਖਣ, ਕਿਸੇ ਮਤਲਬ ਤੋਂ ਬਗੈਰ ਕਿਵੇਂ ਯੁੱਧ ਦੀ ਅਭਿਲਾਸ਼ਾ ਕਰਨਗੇ। ਪਰ ਜੇ ਨਿੱਜੀ ਬਲ ਧਾਰ ਕੇ ਹੰਕਾਰ ਕਰਨਗੇ ਤਾਂ ਉਹ ਬਿਨਾਂ ਕਿਸੇ ਕਾਰਨ ਦੇ ਵੈਰ ਵਧਾਉਣਗੇ॥ ੧੨॥

**ਤੌ ਹਮ ਕਹਾਂ ਕਰਹਿਂ ਗਰ ਪਰੇ। ਸਾਰਹਿਂ ਕਾਜ ਜਥਾ ਤਬਿ ਸਰੇ।**
**ਦੇਸ਼ ਰਾਜ ਕੋ ਧਰਹਿ ਗਰੂਰ। ਕਰਤਾ ਪੁਰਖ ਕਰਹਿ ਤਿਸ ਦੂਰ॥ ੧੩॥**

ਫਿਰ ਅਸੀਂ ਕੀ ਕਰਾਂਗੇ ਜੇ ਸਾਡੇ ਗਲ ਪੈ ਜਾਣਗੇ, ਫਿਰ ਉਸ ਤਰ੍ਹਾਂ ਹੀ ਕਾਰਜ ਸਾਰਾਂਗੇ ਜਿਵੇਂ ਸਰੇਗਾ। ਜਿਹੜਾ ਦੇਸ਼ ਰਾਜ ਦਾ ਘੁਮੰਡ ਕਰੇਗਾ, ਕਰਤਾਪੁਰਖ ਉਸ ਨੂੰ ਦੂਰ ਕਰ ਦੇਵੇਗਾ॥ ੧੩॥

**ਭੀਮਚੰਦ ਨ੍ਰਿਪ ਨਿਕਟਿ ਬਤਾਵਹੁ। ਇਮ ਕਹਿ ਮੋ ਕਹੁ ਬਹੁਤ ਡਰਾਵਹੁ।**
**ਜਥਾ ਬਾਲ ਕੋ ਤ੍ਰਾਸ ਉਪਾਵੈਂ। 'ਹਾਊ ਬੈਠਯੋ' ਬੋਲਿ ਸੁਨਾਵੈਂ॥ ੧੪॥**

ਤੁਸੀਂ ਦੱਸਦੇ ਹੋ ਕਿ ਭੀਮ ਚੰਦ ਰਾਜਾ ਬਹੁਤ ਨੇੜੇ ਆਇਆ ਹੈ, ਇਸ ਤਰ੍ਹਾਂ ਕਹਿ ਕੇ ਮੈਨੂੰ ਬਹੁਤ ਡਰਾਉਂਦੇ ਹੋ। ਜਿਵੇਂ ਇਕ ਬੱਚੇ ਨੂੰ ਡਰਾਉਂਦੇ ਹਨ "ਹਊਆ ਬੈਠਾ ਹੈ" ਬੋਲ ਕੇ ਸੁਣਾਉਂਦੇ ਹਨ॥ ੧੪॥

**ਹਮ ਰਹਿਂ ਤਿਮ ਗਿਰਪਤਿ ਜਿਮ ਹਮ ਸੌਂ। ਬਿਖਮ ਬਿਖਮ ਸੌਂ, ਸਮ ਹੁਇਂ ਸਮ ਸੌਂ।**
**ਪ੍ਰਥਮ ਬਿਰੋਧ ਨਹੀਂ ਕਿਮ ਕਰੈਂ। ਮਿਲਹਿ ਤ ਮੇਲਹਿਂ ਲਰਹਿ ਤ ਲਰੈਂ॥ ੧੫॥**

ਅਸੀਂ ਉਸ ਤਰ੍ਹਾਂ ਰਹਾਂਗੇ ਜਿਵੇਂ ਪਹਾੜੀ ਰਾਜੇ ਸਾਡੇ ਨਾਲ ਰਹਿਣਗੇ, ਵਿਰੋਧੀ ਨਾਲ ਵਿਰੋਧੀ ਬਣਾਂਗੇ ਤੇ ਪ੍ਰੇਮ ਨਾਲ ਰਹਿਣ ਵਾਲੇ ਨਾਲ ਪ੍ਰੇਮ ਨਾਲ ਰਹਾਂਗੇ। ਅਸੀਂ ਆਪਣੇ ਆਪ ਪਹਿਲਾਂ ਕਿਸੇ ਨਾਲ ਵਿਰੋਧ ਨਹੀਂ ਕਰਾਂਗੇ, ਮਿਲਣ ਵਾਲੇ ਨਾਲ ਮਿਲਾਂਗੇ ਤੇ ਲੜਨ ਵਾਲੇ ਨਾਲ ਲੜਾਂਗੇ॥ ੧੫॥

**ਗੁਰ ਕੋ ਘਰ ਆਦਰਸ਼ ਸਮਾਨੂ। ਸਦਾ ਬਿਮਲ ਤੇ ਬਿਮਲ ਮਹਾਨੂ।**
**ਊਜਲ ਬਦਨ ਭਾਵਨਾ ਜੈਸੇ। ਕਰਹਿ ਬਿਲੋਕਨਿ ਫਲ ਕੋ ਤੈਸੇ॥ ੧੬॥**

ਗੁਰੂ ਜੀ ਦਾ ਘਰ ਇਕ ਆਦਰਸ਼ ਸਮਾਨ ਹੈ, ਭਾਵ ਸ਼ੀਸ਼ੇ ਵਰਗਾ ਹੈ ਸਦਾ ਸ਼ੁੱਧ ਤੇ ਮਹਾਨ ਨਿਰਮਲ ਹੈ, ਉੱਜਲ ਮੁਖੜਾ ਜਿਵੇਂ ਭਾਉਂਦਾ ਹੈ, ਇਸ ਤਰ੍ਹਾਂ ਹੀ ਉਸ ਵਿਚ ਫਲ ਨੂੰ ਵੇਖਦਾ ਹੈ॥ ੧੬॥

**ਅਹੋ ਮਾਤ ! ਜਿਮ ਤੁਮਹੁਂ ਬਖਾਨੇ। ਕਿਮ ਹਮ ਛਿਪਹਿਂ ਸਕਲ ਜਗ ਜਾਨੇ।**
**ਕਬਿ ਲਗਿ ਲਹਿਜ ਦੁੰਦਭਿ ਬਜਾਵੈਂ। ਦੁਰ ਕਰਿ, ਨਹਿਂ ਆਪਾ ਬਿਦਤਾਵੈਂ ?'॥੧੭॥**

ਹੇ ਮਾਤਾ ਜੀ ! ਜਿਵੇਂ ਤੁਸੀਂ ਕਿਹਾ ਹੈ, ਅਸੀਂ ਕਿਵੇਂ ਛੁਪ ਸਕਦੇ ਹਾਂ, ਸਾਨੂੰ ਸਾਰਾ ਜਗ ਜਾਣਦਾ ਹੈ, ਕਦ ਤਕ ਨਗਾਰਾ ਨਹੀਂ ਵਜਾਵਾਂਗੇ, ਲੁਕ ਕੇ, ਕਿਵੇਂ ਆਪਾ ਪ੍ਰਗਟ ਕਰਾਂਗੇ ?"॥ ੧੭॥

**ਇਮ ਕਹਿ ਕਰਿ ਜਨਨੀ ਕੇ ਸੰਗ। ਬੋਲਤਿ ਝੂਲਤਿ ਕਲਗੀ ਤੁੰਗ।**
**ਉਠਿ ਕਰਿ ਬਹੁਰ ਵਹਿਰ ਕੋ ਆਏ। ਬ੍ਰਿੰਦਹਿ ਬ੍ਰਿੰਦ ਸੁਭਟ ਚਲਿ ਆਏ॥੧੮॥**

ਇਸ ਤਰ੍ਹਾਂ ਆਪਣੇ ਮਾਤਾ ਜੀ ਨੂੰ ਕਿਹਾ। ਬੋਲਦਿਆਂ ਗੁਰੂ ਜੀ ਦੀ ਉੱਚੀ ਕਲਗੀ ਝੂਲਦੀ ਸੀ। ਉੱਠ ਕੇ ਫਿਰ ਬਾਹਰ ਨੂੰ ਆ ਗਏ। ਟੋਲਿਆਂ ਦੇ ਟੋਲੇ ਸੂਰਬੀਰ ਚਲ ਕੇ ਆ ਗਏ॥ ੧੮॥

**ਜਾਇ ਸਭਾ ਕੇ ਸਦਨ ਸੁਹਾਏ। ਮਿਲੇ ਮਸੰਦ ਸਿੱਖ ਸਮੁਦਾਏ।**
**ਗਰਜਤਿ ਕਹ੍ਯੋ ਬੀਰ ਰਸ ਧਾਮਾ। 'ਭਯੋ ਤਯਾਰ ਕੈ ਨਹੀਂ ਦਸਾਮਾ ?॥੧੯॥**

ਸਭਾ ਦੇ ਘਰ ਵਿਚ ਜਾ ਕੇ ਸ਼ੋਭ ਰਹੇ ਸਨ ਤੇ ਮਸੰਦ ਅਤੇ ਸਿੱਖ ਆ ਕੇ ਮਿਲੇ। ਵੀਰ ਰਸ ਦੇ ਘਰ ਭਾਵ ਗੁਰੂ ਜੀ ਨੇ ਫਿਰ ਗੱਜ ਕੇ ਕਿਹਾ, "ਨਗਾਰਾ ਤਿਆਰ ਹੋਇਆ ਹੈ ਕਿ ਨਹੀਂ ?॥ ੧੯॥

ਡਾਰਿ ਮਸਾਲੇ ਸੁਰਾ ਮਝਾਰੀ। ਕਰਹੁ ਰਚਾਵਨਿ ਗਰਜੈ ਭਾਰੀ।
ਨਹੀਂ ਦੇਰ ਅਬਿ ਕੀਜਹਿ ਕੈਸੇ। ਬਡੋ ਬਨਾਇ ਆਨੀ ਅਹਿ ਤੈਸੇ' ॥ ੨੦ ॥

ਸ਼ਰਾਬ ਵਿਚ ਬਹੁਤ ਮਸਾਲੇ ਮਿਲਾ ਕੇ ਤਿਆਰ ਕਰੋ ਤਾਂਕਿ ਬਹੁਤ ਉੱਚੀ ਆਵਾਜ਼ ਵਿਚ ਗਰਜੇ। ਹੁਣ ਕਿਸੇ ਤਰ੍ਹਾਂ ਵੀ ਦੇਰ ਨਾ ਕਰੋ, ਉਸ ਤਰ੍ਹਾਂ ਹੀ ਵੱਡਾ ਨਗਾਰਾ ਬਣਾ ਕੇ ਲਿਆਵੋ" ॥ ੨੦ ॥

ਤਬਿ ਕ੍ਰਿਪਾਲ ਮਾਤੁਲ ਬਚ ਕਹਜੋ। 'ਭੂਤ ਭਵਿੱਖਜ ਆਪ ਸਭਿ ਲਹਜੋ।
ਕਹਿਨਿ ਬਨੈ ਨਹਿਂ ਰਾਵਰਿ ਸਾਥ। ਚਹਹੁ ਸੁ ਰਚਹੁ ਤੁਰਤ ਜਗਨਾਥ ॥ ੨੧ ॥

ਤਦ ਮਾਮਾ ਕ੍ਰਿਪਾਲ ਜੀ ਨੇ ਬਚਨ ਕਿਹਾ, "ਭੂਤ ਭਵਿੱਖ ਆਪ ਸਭ ਜਾਣਦੇ ਹੋ, ਆਪ ਜੀ ਦੇ ਨਾਲ ਕੁਝ ਕਹਿਣਾ ਨਹੀਂ ਬਣਦਾ ਹੈ, ਹੇ ਜਗਤ ਦੇ ਨਾਥ ! ਜੋ ਚਾਹੁੰਦੇ ਹੋ ਤੁਰਤ ਬਣਵਾ ਲੈਂਦੇ ਹੋ॥ ੨੧ ॥

ਤਊ ਮਸੰਦ ਆਦਿ ਧ੍ਰਿਤ ਹੌਰੇ। ਸ਼੍ਰੀ ਗੁਜਰੀ ਸੰਗ ਕਹਿਂ ਬਿਧਿ ਔਰੇ।
ਤ੍ਰਸਤਿ ਚਿਤਾਰਤਿ ਪੂਰਬ ਜੰਗ। ਭਯੋ ਹਜ਼ਾਰਨਿ ਬੀਰਨਿ ਭੰਗ ॥ ੨੨ ॥

ਫਿਰ ਵੀ ਮਸੰਦ ਆਦਿ ਜਿਹੜੇ ਧੀਰਜ ਦੇ ਹੌਲੇ ਹਨ, ਸ੍ਰੀ ਗੁਜਰੀ ਜੀ ਪਾਸ ਇਨ੍ਹਾਂ ਨੇ ਹੋਰ ਵਿਧੀ ਨਾਲ ਗੱਲਾਂ ਕੀਤੀਆਂ ਹਨ। ਡਰਦੇ ਹੋਏ ਪਹਿਲਾਂ ਜੰਗ ਚਿਤਾਰਦੇ ਹਨ, ਹਜ਼ਾਰਾਂ ਸੂਰਬੀਰ ਨਾਸ਼ ਹੋ ਜਾਣਗੇ॥ ੨੨ ॥

ਰਾਵਰ ਕੇ ਸਮੀਪ ਬਡ ਰਾਜਾ। ਭੀਮਚੰਦ ਗਨ ਸੈਨ ਸਮਾਜਾ।
ਨਹੀਂ ਬਿਰੋਧ ਮੇਲ ਨਹਿਂ ਕੋਈ। ਉਦਾਸੀਨ ਹੀ ਲਖੀਅਤਿ ਸੋਈ ॥ ੨੩ ॥

ਆਪ ਜੀ ਦੇ ਪਾਸ ਵੱਡਾ ਰਾਜਾ ਰਹਿੰਦਾ ਹੈ। ਭੀਮ ਚੰਦ ਪਾਸ ਬਹੁਤ ਸੈਨਾ ਅਤੇ ਸਾਜ਼ੋ-ਸਾਮਾਨ ਹੈ। ਉਸ ਨਾਲ ਨਾ ਕੋਈ ਮੇਲ ਹੈ ਅਤੇ ਨਾ ਹੀ ਵਿਰੋਧ ਹੈ, ਇਹ ਸਮਝਿਆ ਜਾਂਦਾ ਹੈ ਕਿ ਉਸ ਨੇ ਚੁੱਪ ਧਾਰਨ ਕੀਤੀ ਹੈ॥ ੨੩ ॥

ਤਊ ਨੀਤ ਮਹਿਂ ਐਸੀ ਬਾਤ। ਸਜਾਨੇ ਪੁਰਖ ਭਨੈਂ ਅਵਿਦਾਤਿ।
ਨਿਕਟ ਭੂਪ ਕੇ ਭੂਪਤਿ ਜੋਈ। ਮਿਲਜੋ ਦੇਸ਼ ਰਈਯਤ ਜੁਤਿ ਹੋਈ ॥ ੨੪ ॥

ਫਿਰ ਵੀ ਨੀਤੀ ਵਿਚ ਐਸੀ ਗੱਲ, ਸਿਆਣੇ ਪ੍ਰਗਟ ਰੂਪ ਵਿਚ ਕਹਿੰਦੇ ਹਨ। ਰਾਜੇ ਦੇ ਨੇੜੇ ਜਿਹੜਾ ਰਾਜਾ ਹੁੰਦਾ ਹੈ, ਪਰਜਾ ਸਮੇਤ ਜਿਸ ਦਾ ਦੇਸ਼ ਮਿਲਿਆ ਹੋਵੇ ਭਾਵ ਹੱਦ ਸਾਂਝੀ ਹੋਵੇ॥ ੨੪ ॥

ਸੋ ਆਪਸ ਮਹਿਂ ਸ਼ੱਤ੍ਰੁ ਬਨੈਂ। ਕਬਹੂੰ ਲਰਹਿਂ ਹੋਇ ਰਿਸ ਸਨੈ।
ਤਿਸ ਰਿਪੁ ਤੇ ਜੁ ਪਰੈ ਮਹਿਪਾਲਾ। ਸੋ ਕਰੀਅਹਿ ਹੈ ਮਿੱਤ੍ਰ ਬਿਸਾਲਾ ॥ ੨੫ ॥

ਜੇ ਉਹ ਆਪਸ ਵਿਚ ਵੈਰੀ ਬਣ ਜਾਣ, ਕਦੀ ਕ੍ਰੋਧ ਸਹਿਤ ਲੜਾਈ ਹੋ ਜਾਵੇ। ਉਸ ਦੁਸ਼ਮਣ ਤੋਂ ਪਰ੍ਹੇ ਦਾ ਜਿਹੜਾ ਤੀਜੇ ਥਾਂ ਵਾਲਾ ਰਾਜਾ ਹੋਵੇ, ਜਿਸ ਦੀ ਹੱਦ ਨਾ ਲਗਦੀ ਹੋਵੇ, ਉਸ ਨੂੰ ਆਪਣਾ ਵੱਡਾ ਮਿੱਤਰ ਬਣਾਉਣਾ ਚਾਹੀਦਾ ਹੈ॥ ੨੫ ॥

ਤਿਸਤੇ ਪਰੈ ਤੀਸਰੋ ਜੋਇ। ਉਦਾਸੀਨ ਰਹਿ, ਭਾਖਹਿਂ ਸੋਇ।
ਚਢਹਿਂ ਆਪ, ਦੁੰਦਭਿ ਜਬਿ ਬਾਜੇ। ਚਹੁਂ ਦਿਸ਼ਿ ਕੇਰ ਸਮੀਪੀ ਰਾਜੇ ॥ ੨੬ ॥

ਉਸ ਤੋਂ ਪਰ੍ਹੇ ਜਿਹੜਾ ਤੀਸਰਾ ਹੋਵੇ, ਉਸ ਤੋਂ ਉਪਰਾਮ ਰਹੋ, ਇਹ ਸਿਆਣੇ ਕਹਿੰਦੇ ਹਨ। ਜਦ ਆਪ ਨਗਾਰੇ ਵਜਾਉਂਦੇ ਚੜ੍ਹਾਈ ਕਰੋਗੇ, ਤਾਂ ਚਾਰੇ ਪਾਸਿਆਂ ਦੇ ਨਜ਼ਦੀਕੀ ਰਾਜੇ॥ ੨੬ ॥

ਖੁਨਸਹਿਂ, ਜਰਯੋ ਨ ਜਾਇ ਪ੍ਰਤਾਪੂ। ਬਿਗਰਹਿਂ, ਪਰਹਿ ਜੰਗ ਭਟ ਖਾਪੂ'।
ਸੁਨਿ ਕ੍ਰਿਪਾਲ ਤੇ ਸੰਗੋ ਕਹੈ। 'ਇਮ ਹਮ ਕਿਮ ਛਪਿ ਕਰਿ ਜਗ ਰਹੈਂ ॥ ੨੭ ॥

ਦੁਖੀ ਹੋਣਗੇ, ਉਨ੍ਹਾਂ ਪਾਸੋਂ ਪ੍ਰਤਾਪ ਜਰਿਆ ਨਾ ਜਾਵੇਗਾ, ਉਹ ਵਿਗੜਨਗੇ ਤੇ ਸੂਰਬੀਰਾਂ ਨੂੰ ਖਤਮ ਕਰਨ ਵਾਲੀ ਜੰਗ ਲੜਨੀ ਪਵੇਗੀ'। ਸ੍ਰੀ ਕ੍ਰਿਪਾਲ ਜੀ ਪਾਸੋਂ ਸੁਣ ਕੇ ਸੰਗੋ ਸ਼ਾਹ ਨੇ ਕਿਹਾ, "ਅਸੀਂ ਇਸ ਤਰ੍ਹਾਂ ਲੁਕ ਕੇ ਕਿਵੇਂ ਜਗ ਵਿਚ ਰਹਾਂਗੇ॥ ੨੭॥

**ਗੁਰ ਪ੍ਰਤਾਪ ਸਾਗਰ ਲਗਿ ਜਾਇ। ਅਚਲੇਸ਼ਨ ਤੇ ਰੁਕਹਿ ਨ ਕਾਇ।**
**ਗੁਰ ਘਰ ਸ਼ੰਕਮਾਨ ਨਹਿਂ ਕਿਸ ਤੇ। ਚਲੇ ਆਇਂ ਸਿਖ ਜਿਸ ਕਿਸ ਦਿਸ਼ਿ ਤੇ' ॥੨੮॥**

ਗੁਰੂ ਜੀ ਦਾ ਪ੍ਰਤਾਪ ਸਾਗਰ ਤਕ ਜਾਵੇਗਾ, ਪਹਾੜੀ ਰਾਜਿਆਂ ਤੋਂ ਕਿਸੇ ਪ੍ਰਕਾਰ ਵੀ ਗੁਰੂ ਜੀ ਦਾ ਪ੍ਰਤਾਪ ਰੁਕ ਨਹੀਂ ਸਕੇਗਾ। ਗੁਰੂ ਘਰ ਬਾਰੇ ਕਿਸੇ ਨੂੰ ਸ਼ੰਕਾ ਨਹੀਂ ਹੈ, ਜਿਸ ਕਿਸ ਪਾਸੇ ਤੋਂ ਸਿੱਖ ਚਲੇ ਆਉਂਦੇ ਹਨ"॥ ੨੮॥

**ਨਿਕਟ ਮਸੰਦਨ ਸੁਨਤਿ ਬਖਾਨਾ। 'ਰਿਦੇ ਬਿਚਾਰ ਲੇਹੁ ਬਿਧਿ ਨਾਨਾ।**
**ਰਿਪੁ ਕੋ ਅਪਨੋ ਦਲ ਅਰੁ ਬਲ ਕੋ। ਤੋਲਨ ਕਰਿ ਲੀਜੈ ਲਖਿ ਛਲ ਕੋ ॥੨੯॥**

ਪਾਸ ਬੈਠੇ ਮਸੰਦਾਂ ਨੇ ਸੁਣਾ ਕੇ ਕਿਹਾ, "ਕਈ ਵਿਧੀਆਂ ਨਾਲ ਆਪਣੇ ਹਿਰਦੇ ਵਿਚ ਵਿਚਾਰ ਲਵੋ, ਵੈਰੀ ਨੂੰ ਆਪਣੇ ਦਲ ਅਤੇ ਬਲ ਨਾਲ ਤੋਲੋ ਅਤੇ ਅਸਲੀ ਛਲ ਨੂੰ ਸਮਝ ਲਵੋ॥ ੨੯॥

**ਤੁਮ ਜਗ ਪੂਜ ਸ਼ਾਂਤਿਮਤਿ ਜਾਨਹੁਂ। ਦੇਸ਼ਨਿ ਪਤੀ ਨਰੇਸ਼ ਪਛਾਨਹੁ।**
**ਪੁਨ ਤੁਰਕਨਿ ਕੋ ਜੋਰ ਬਡੇਰਾ। ਚਹੁਂ ਕੁੰਟਨਿ ਕੋ ਰਾਜ ਘਨੇਰਾ॥ ੩੦॥**

ਤੁਸੀਂ ਆਪਣੇ ਆਪ ਨੂੰ ਜਗਤ ਦੇ ਪੂਜਨੀਕ ਸ਼ਾਂਤ ਮੱਤ ਵਾਲੇ ਜਾਣਦੇ ਹੋ ਤੇ ਰਾਜਿਆਂ ਨੂੰ ਦੇਸ਼ਾਂ ਦੇ ਮਾਲਕ ਪਛਾਣਦੇ ਹੋ। ਫਿਰ ਤੁਰਕਾਂ ਦਾ ਵੱਡਾ ਜ਼ੋਰ ਹੈ, ਚਾਰੇ ਕੂਟਾਂ 'ਤੇ ਉਨ੍ਹਾਂ ਦਾ ਵੱਡਾ ਰਾਜ ਹੈ॥ ੩੦॥

**ਤੋਪ ਜੰਬੂਰਨਿ ਗਿਨਤੀ ਕਹਾਂ। ਲਖੀਅਤਿ ਜਗਤ ਪ੍ਰਤਾਪੀ ਮਹਾਂ'।**
**ਪੁਨ ਸੰਗੋ ਕਰਿ ਤਮਕ ਬਖਾਨਾ। 'ਗੁਰੂ ਪਿਤਾਮਾ ਹਮਰੋ ਨਾਨਾ॥ ੩੧॥**

ਤੋਪਾਂ ਜੰਬੂਰਿਆਂ ਦੀ ਗਿਣਤੀ ਕਿੱਥੇ ਹੈ, ਜਗਤ ਵਿਚ ਵੱਡਾ ਪ੍ਰਤਾਪ ਜਾਣਿਆ ਜਾਂਦਾ ਹੈ।" ਫਿਰ ਸੰਗੋ ਕ੍ਰੋਧ ਧਾਰ ਕੇ ਬੋਲਿਆ "ਗੁਰੂ ਜੀ ਦੇ ਪਿਤਾਮਾ ਸਾਡੇ ਨਾਨਾ ਜੀ ਸਨ॥ ੩੧॥

**ਤੁਰਕਨ ਸਾਥ ਕੀਨਿ ਘਮਸਾਨਾ। ਬਹੁਤ ਬਾਰਿ ਸੰਘਰ ਕੋ ਠਾਨਾ।**
**ਜੋ ਤੁਮ ਭਨਿਹੋ ਬਡੋ ਬਡੇਰੋ। ਹਤਿ ਰਿਪੁ ਕੀਨਿ ਲਥੇਰ ਪਥੇਰੋ॥ ੩੨॥**

ਉਨ੍ਹਾਂ ਤੁਰਕਾਂ ਨਾਲ ਵੱਡੇ ਜੰਗ ਕੀਤੇ ਸਨ, ਬਹੁਤ ਵਾਰ ਯੁੱਧ ਮਚਾਇਆ ਸੀ। ਜਿਹੜਾ ਤੁਸੀਂ ਵੱਡੇ ਵਡੇਰਿਆਂ ਬਾਰੇ ਕਹਿੰਦੇ ਹੋ, ਉਨ੍ਹਾਂ ਨੇ ਵੈਰੀ ਨੂੰ ਮਾਰ ਕੇ ਤੇ ਲਿਤਾੜ ਕੇ ਮਿੱਟੀ ਵਿਚ ਮਿਲਾ ਦਿੱਤਾ ਸੀ, ਭਾਵ ਵੈਰੀ ਨੂੰ ਤਬਾਹ ਕਰਕੇ ਰੱਖ ਦਿੱਤਾ ਸੀ॥ ੩੨॥

**ਤਿਨਹੂੰ ਕੇ ਪੌਤ੍ਰੇ ਇਹ ਅਹੈਂ। ਅਪਨਿ ਪ੍ਰਤਾਪ ਬਧਾਵਨਿ ਚਹੈਂ।**
**ਸਕਲ ਕਲਾ ਸਮਰਥ ਬਲ ਭਾਰੀ। ਕਿਮ ਤੁਮ ਰੋਕਹੁ ਬਾਕ ਉਚਾਰੀ' ॥ ੩੩॥**

ਉਸ ਗੁਰੂ ਜੀ ਦੇ ਹੀ ਇਹ ਪੋਤਰੇ ਹਨ, ਆਪਣਾ ਪ੍ਰਤਾਪ ਵਧਾਉਣਾ ਚਾਹੁੰਦੇ ਹਨ। ਇਹ ਸਰਬ ਕਲਾ ਸਮਰੱਥ ਹਨ ਤੇ ਭਾਰੀ ਬਲਵਾਨ ਹਨ, ਤੁਸੀਂ ਅਜਿਹੀ ਗੱਲ ਕਰਕੇ ਕਿਵੇਂ ਰੋਕ ਦੇਵੋਗੇ"॥ ੩੩॥

**ਸੁਨਿ ਸੰਗੋ ਕੇ ਬਚ ਰਸ ਬੀਰ। ਭਏ ਪ੍ਰਸੰਨ ਗੁਰੂ ਗੰਭੀਰ।**
**'ਭੋ ਮਾਤੁਲ ! ਗਿਰਪਤਿ ਨਿਤ ਪਾਸ। ਕਬਿ ਲੌਂ ਬੈਠਿ ਰਹੈਂ ਕਰਿ ਤ੍ਰਾਸ॥ ੩੪॥**

ਸੰਗੋ ਸ਼ਾਹ ਦੇ ਇਹ ਬੀਰ-ਰਸ ਭਰਪੂਰ ਬਚਨ ਸੁਣ ਕੇ ਗੁਰੂ ਗੰਭੀਰ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਹੇ ਮਾਮਾ ਜੀ ! ਪਹਾੜੀ ਰਾਜੇ ਸਦਾ ਸਾਡੇ ਪਾਸ ਹਨ, ਕਦ ਤਕ ਉਨ੍ਹਾਂ ਦਾ ਡਰ ਮੰਨ ਕੇ ਬੈਠੇ ਰਹਾਂਗੇ॥ ੩੪॥

ਪੁਰਿ ਅਪਨੇ ਮਹਿਂ ਕੈ ਬਨ ਮਹੀਆ। ਕਰਹਿਂ ਤਥਾ ਜੈਸੇ ਚਿਤ ਚਹੀਆ।
ਬਿਨ ਕਾਰਨ ਤੇ ਰਿਦੈ ਰਿਸੈ ਹੈਂ। ਅਪਨੋ ਬਲ ਹਮ ਪਰ ਕੁਛ ਕੈਹੈਂ॥ ੩੫॥

ਆਪਣੇ ਨਗਰ ਵਿਚ ਕੀ ਬਣ ਸਕੇਗਾ, ਜਿਵੇਂ ਸਾਡਾ ਚਿੱਤ ਚਾਹੇਗਾ ਉਸ ਤਰ੍ਹਾਂ ਹੀ ਕਰਾਂਗੇ। ਜੇ ਕਿਸੇ ਕਾਰਨ ਤੋਂ ਬਗੈਰ ਹੀ ਹਿਰਦੇ ਵਿਚ ਗੁੱਸਾ ਧਾਰਨ ਕਰਦੇ ਹਨ ਤੇ ਆਪਣਾ ਬਲ ਸਾਡੇ ਤੇ ਕੁਝ ਕਰਦੇ ਹਨ॥ ੩੫॥

ਤੌ ਇਤ ਕਹਾਂ ਨਾਰਿ ਤਨ ਧਾਰਾ। ਕਰਹਿਂ ਦਿਖਾਵਨਿ ਖੜਗਨਿ ਧਾਰਾ।
ਆਗਜਾ ਹਮਹਿਂ ਅਕਾਲ ਪੁਰਖ ਕੀ। ਕਰਹਿਂ ਬਾਰਤਾ ਕਰਤੇ ਰੁਖ ਕੀ॥ ੩੬॥

ਤਾਂ ਏਥੇ ਕਿਹੜਾ ਅਸੀਂ ਤੀਵੀਆਂ ਦਾ ਸਰੀਰ ਧਾਰਿਆ ਹੋਇਆ ਹੈ। ਅਸੀਂ ਤਲਵਾਰ ਦੀ ਧਾਰ ਉਨ੍ਹਾਂ ਨੂੰ ਵਿਖਾਵਾਂਗੇ। ਸਾਨੂੰ ਅਕਾਲ ਪੁਰਖ ਦੀ ਆਗਿਆ ਹੈ, ਅਸੀਂ ਅਕਾਲ ਪੁਰਖ ਦੇ ਰੁਖ ਦੀ ਵਾਰਤਾ ਕਰਾਂਗੇ॥ ੩੬॥

ਬਿਦਤਿ ਹੋਨਿ ਕੇ ਹੇਤੁ ਪਠਾਏ। ਕਯੋਂ ਨ ਕਰਹਿਂ ਹਮ ਪ੍ਰਭੁ ਰਜ਼ਾਏ।
ਬਿਨ ਦੁੰਦਭਿ ਤੇ ਚਮੂੰ ਹਮਾਰੀ। ਕਿਮ ਸ਼ੋਭਾ ਪ੍ਰਾਪਤਿ ਬਲ ਭਾਰੀ॥ ੩੭॥

ਅਕਾਲ ਪੁਰਖ ਜੀ ਨੇ ਪ੍ਰਗਟ ਹੋਣ ਵਾਸਤੇ ਸਾਨੂੰ ਭੇਜਿਆ ਹੈ, ਅਸੀਂ ਪ੍ਰਭੂ ਦੀ ਰਜ਼ਾ ਅਨੁਸਾਰ ਕਿਉਂ ਨਾ ਕਰੀਏ। ਸਾਡੀ ਸੈਨਾ ਨਗਾਰੇ ਤੋਂ ਬਗੈਰ ਹੈ, ਜਿਹੜਾ ਭਾਰੀ ਬਲ ਪ੍ਰਾਪਤ ਕੀਤਾ ਹੈ, ਉਸ ਦੀ ਕਿਵੇਂ ਸ਼ੋਭਾ ਹੋਵੇ॥ ੩੭॥

ਜੇ ਅਬਿ ਛਪੈਂ ਤ੍ਰਾਸ ਕੋ ਧਰੈਂ। ਅਪਰ ਕਾਜ ਕੈਸੇ ਹਮ ਕਰੈਂ।
ਬਿਨਾ ਬਿਲੰਬ ਤਜਾਰ ਕਰਿਵਾਵਹੁ। ਸਿਮਰਿ ਗੁਰੂ ਨਾਨਕ ਬਜਵਾਵਹੁ॥ ੩੮॥

ਜੇ ਹੁਣ ਡਰ ਨੂੰ ਮੰਨ ਕੇ ਲੁਕ ਜਾਈਏ ਤਾਂ ਹੋਰ ਕਾਰਜ ਅਸੀਂ ਕਿਸ ਤਰ੍ਹਾਂ ਕਰਾਂਗੇ। ਕਿਸੇ ਦੇਰੀ ਤੋਂ ਬਗੈਰ ਨਗਾਰਾ ਤਿਆਰ ਕਰਵਾਵੋ ਤੇ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਕੇ ਉਸ ਨਗਾਰੇ ਨੂੰ ਵਜਵਾਵੋ॥ ੩੮॥

ਪਰਲੇ ਅਹੈਂ ਦੂਰ ਜੋ ਸੈਲ। ਚਲਹਿਂ ਤਹਾਂ ਤਿਕ ਕਰਤੇ ਸੈਲ।
ਹੇਰਹਿਂ ਬਿਚਰਤਿ ਕਾਨਨ ਨਾਨਾ। ਖੇਲਤਿ ਕਰਹਿਂ ਅਖੇਰ ਮਹਾਨਾ॥ ੩੯॥

ਪਰਲੇ ਪਾਸੇ ਜਿਹੜੇ ਦੂਰ ਤਕ ਪਹਾੜ ਹਨ, ਓਥੋਂ ਤਕ ਅਸੀਂ ਸੈਰ ਕਰਦੇ ਚਲਾਂਗੇ। ਕਈ ਪ੍ਰਕਾਰ ਦੇ ਜੰਗਲਾਂ ਦੇ ਵਿਚ ਸਾਨੂੰ ਫਿਰਦਿਆਂ ਨੂੰ ਵੇਖਣਗੇ ਤੇ ਅਸੀਂ ਮਹਾਨ ਸ਼ਿਕਾਰ ਖੇਡਾਂਗੇ॥ ੩੯॥

ਭੀਮਚੰਦ ਭੂਪਤਿ ਅਹੰਕਾਰੀ। ਸਭਿ ਗਿਰਪਤਿ ਜਿਸ ਕੇ ਅਨੁਸਾਰੀ।
ਪ੍ਰਥਮ ਦਯੋਸ ਹੀ ਤਾਂਹਿ ਸੁਨਾਵੈਂ। ਦੁਹਰੀ ਦੁੰਦਭਿ ਚੋਬ ਬਜਾਵੈਂ॥ ੪੦॥

ਭੀਮ ਚੰਦ ਇਕ ਹੰਕਾਰੀ ਰਾਜਾ ਹੈ, ਸਾਰੇ ਪਹਾੜੀ ਰਾਜੇ ਜਿਸ ਦੀ ਆਗਿਆ ਅਨੁਸਾਰ ਹਨ। ਪਹਿਲੇ ਦਿਨ ਹੀ ਉਸ ਨੂੰ ਨਗਾਰੇ ਦੀ ਆਵਾਜ਼ ਸੁਣਾਵਾਂਗੇ ਤੇ ਧੌਂਸੇ ਨੂੰ ਦੋਹਰੀ ਚੋਟ ਲਾ ਕੇ ਵਜਾਵਾਂਗੇ॥ ੪੦॥

ਸੁਨਿ ਕਿਮ ਕਹੈ ਸੁ ਜਾਨਯੋ ਜਾਇ। ਤਬਿ ਸਭਿ ਕੇ ਸੰਸੈ ਮਿਟਵਾਇ'।
ਨੰਦ ਚੰਦ ਕੋ ਹੁਕਮ ਬਖਾਨਾ। 'ਕੀਜਹਿ ਤਜਾਰ ਨਿਸ਼ਾਨ ਮਹਾਨਾ'॥ ੪੧॥

ਨਗਾਰਾ ਸੁਣ ਕੇ ਕੀ ਕਹਿੰਦਾ ਹੈ, ਇਸ ਦਾ ਪਤਾ ਲੱਗ ਜਾਵੇਗਾ ਤੇ ਸਾਰਿਆਂ ਦੇ ਸ਼ੰਕੇ ਮਿਟਾ ਦੇਵਾਂਗੇ।" ਫਿਰ ਨੰਦ ਚੰਦ ਨੂੰ ਹੁਕਮ ਕੀਤਾ, "ਮਹਾਨ ਨਗਾਰੇ ਨੂੰ ਤਿਆਰ ਕਰਵਾਵੋ"॥ ੪੧॥

ਸੋ ਚਲਿ ਗਯੋ ਤਜਾਰ ਕਰਿਵਾਯੋ। ਸੁਰਾ ਮਸਾਲੇ ਸਭਿ ਮਸਲਾਯੋ।
ਭਯੋ ਤਜਾਰ ਜਿਸ ਕੀ ਧੁਨਿ ਭਾਰੀ। ਆਇ ਹਜ਼ੂਰ ਸੁ ਅਰਜ਼ ਉਚਾਰੀ॥ ੪੨॥

ਸ੍ਰੀ ਨੰਦ ਚੰਦ ਚਲਾ ਗਿਆ ਤੇ ਉਹ ਨਗਾਰਾ ਤਿਆਰ ਕਰਵਾਉਣ ਲੱਗਾ। ਸ਼ਰਾਬ ਵਿਚ ਸਭ ਪ੍ਰਕਾਰ ਦੇ ਮਸਾਲੇ ਮਿਲਾਏ ਤਾਂ ਨਗਾਰਾ ਤਿਆਰ ਹੋ ਗਿਆ ਜਿਸ ਦੀ ਧੁਨੀ ਬਹੁਤ ਭਾਰੀ ਸੀ। ਤੇ ਉਸ ਨੇ ਹਜ਼ੂਰ ਦੇ ਪਾਸ ਆ ਕੇ ਬੇਨਤੀ ਉਚਾਰਨ ਕੀਤੀ॥ ੪੨॥

*ਪਹਿਲੀ ਰੁੱਤ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

## ਅਧਿਆਇ ਛੱਬੀਵਾਂ

### ਰਣਜੀਤ ਨਗਾਰਾ ਵੱਜਣਾ

ਦੋਹਰਾ- ਨੰਦ ਚੰਦ ਕਰ ਬੰਦਿ ਕੈ ਕਹਜੋ ਸਮੀਪ ਮੁਕੰਦ।
ਦੁੰਦਭਿ ਭਯੋ ਬਿਲੰਦ ਅਬਿ ਕੋ ਦੂਜਾ ਨ ਮਨਿੰਦ॥ ੧॥

ਭਾਈ ਨੰਦ ਚੰਦ ਨੇ ਹੱਥ ਜੋੜ ਕੇ ਮੁਕਤੀ ਦਾਤੇ ਗੁਰੂ ਜੀ ਦੇ ਪਾਸ ਆ ਕੇ ਕਿਹਾ ਕਿ ਬਹੁਤ ਵੱਡਾ ਨਗਾਰਾ ਬਣਿਆ ਹੈ, ਹੁਣ ਤਕ ਉਸ ਵਰਗਾ ਕੋਈ ਦੂਸਰਾ ਨਗਾਰਾ ਨਹੀਂ ਵੇਖਿਆ॥ ੧॥

ਚੌਪਈ- ਸੁਨਿ ਸਤਿਗੁਰ ਨਿਸ ਮਹਿਂ ਤਬਿ ਸੋਏ। ਉਠੇ ਬਹੁਰ ਪ੍ਰਾਤੀ ਕਹੁ ਜੋਏ।
ਅਧਿਕ ਤਿਹਾਵਲ ਕਰਿ ਮੰਗਵਾਯੋ। ਹਯ ਪਰ ਦੁੰਦਭਿ ਦੀਹ ਕਸਾਯੋ॥੨॥

ਇਹ ਸੁਣ ਕੇ ਸਤਿਗੁਰੂ ਜੀ ਫਿਰ ਰਾਤ ਨੂੰ ਸੌਂ ਗਏ, ਫਿਰ ਸਵੇਰ ਹੋਈ ਵੇਖ ਕੇ ਉੱਠ ਪਏ। ਬਹੁਤ ਕੜਾਹ ਪ੍ਰਸ਼ਾਦ ਕਰਵਾ ਕੇ ਮੰਗਵਾਇਆ ਤੇ ਇਕ ਘੋੜੇ ਉੱਤੇ ਵੱਡੇ ਨਗਾਰੇ ਨੂੰ ਕੱਸ ਕੇ ਬੰਨ੍ਹਵਾ ਦਿੱਤਾ॥ ੨॥

ਸ੍ਰੀ ਨਾਨਕ ਤੇ ਆਦਿਕ ਨਾਮੂ। ਲੇ ਅਰਦਾਸ ਕਰੀ ਅਭਿਰਾਮੂ।
ਪੁਨ ਧੌਂਸਾ ਧੁੰਕਾਰਨਿ ਕੀਨਾ। ਦੂਰ ਦੂਰ ਲਗਿ ਧੁਨਿ ਸੁਨਿ ਲੀਨਾ॥ ੩॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਆਦਿ ਗੁਰੂ ਸਾਹਿਬਾਨ ਦੇ ਨਾਮ ਲੈ ਕੇ ਮਨੋਹਰ ਅਰਦਾਸ ਕੀਤੀ। ਫਿਰ ਨਗਾਰੇ ਦੀ ਧੁਨਕਾਰ ਕੀਤੀ, ਦੂਰ-ਦੂਰ ਤਕ ਨਗਾਰੇ ਦੀ ਆਵਾਜ਼ ਸੁਣਾਈ ਦਿੱਤੀ॥ ੩॥

ਸਭਿ ਕੇ ਮਨੈ ਬਧਜੋ ਉਤਸਾਹੂ। ਪੁਰਿ ਨਰ ਅਨਿਕ ਆਇਗੇ ਪਾਹੂ।
ਪੰਚਾਂਮ੍ਰਿਤ ਸਭਿ ਮਹਿਂ ਬ੍ਰਤਾਯੋ। ਗੁਰਨਿ ਸਰਾਹਿ ਸ੍ਵਾਦ ਸਭਿ ਪਾਯੋ॥੪॥

ਸਾਰਿਆਂ ਦੇ ਮਨ ਵਿਚ ਬਹੁਤ ਉਤਸ਼ਾਹ ਵਧਿਆ, ਨਗਰ ਦੇ ਬਹੁਤ ਮਨੁੱਖ ਪਾਸ ਆ ਗਏ। ਕੜਾਹ ਪ੍ਰਸ਼ਾਦਿ ਸਭ ਵਿਚ ਵਰਤਾਇਆ ਗਿਆ। ਗੁਰੂ ਜੀ ਦੀ ਸ਼ਲਾਘਾ ਕੀਤੀ ਤੇ ਸਭ ਨੇ ਕੜਾਹ ਪ੍ਰਸ਼ਾਦਿ ਛਕ ਕੇ ਬੜਾ ਸਵਾਦ ਪਾਇਆ॥ ੪॥

ਸਭਿ ਸੁਭਟਨਿ ਤਜਾਰੀ ਨਿਜ ਕਰੇ। ਤਤਛਿਨ ਜ਼ੀਨ ਤੁਰੰਗਨ ਪਰੇ।
ਸ਼ਸਤ੍ਰ ਬਸਤ੍ਰ ਸ਼ੁਭ ਅੰਗ ਲਗਾਇ। ਉਤਸਾਹਤਿ ਸਤਿਗੁਰ ਢਿਗ ਆਇ॥੫॥

ਸਾਰੇ ਸੂਰਮਿਆਂ ਨੇ ਆਪਣੀ ਤਿਆਰੀ ਕੀਤੀ ਤੇ ਤੁਰਤ ਘੋੜਿਆਂ ਤੇ ਕਾਠੀਆਂ ਪਾਈਆਂ। ਸ਼ੁਭ ਵਸਤਰ ਸ਼ਸਤਰ ਸਰੀਰ 'ਤੇ ਧਾਰਨ ਕੀਤੇ ਤੇ ਸਾਰੇ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਪਾਸ ਆਏ॥ ੫॥

**ਇਤਨੇ ਮਹਿਂ ਮਸੰਦ ਮਿਲ ਦੋਇ। ਸ਼੍ਰੀ ਗੁਜਰੀ ਕਹਿ ਭੇਜੇ ਸੋਇ।**
**ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। 'ਤੁਮ ਪ੍ਰਤਿ ਮਾਤਾ ਏਵ ਉਚਾਰੀ॥ ੬॥**

ਏਨੇ ਵਿਚ ਦੋ ਮਸੰਦ ਮਿਲ ਕੇ ਆਏ, ਜਿਨ੍ਹਾਂ ਨੂੰ ਮਾਤਾ ਗੁਜਰੀ ਜੀ ਨੇ ਕਹਿ ਕੇ ਭੇਜਿਆ ਸੀ। ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਤੁਹਾਡੇ ਪਾਸ ਮਾਤਾ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਹਨ॥ ੬॥

**ਕਜੋਂ ਇਮ ਕਰਹੁ ਜਿ ਵਧਹਿ ਬਖੇਰਾ। ਨ੍ਰਿਪ ਕਹਿਲੂਰੀ ਬਲੀ ਬਡੇਰਾ।**
**ਤਾਹਿ ਦੇਸ਼ ਦੁੰਦਭਿ ਬਜਵ੍ਾਵਹੁ। ਨਾਹਕ ਬੈਠੇ ਸਦਨ ਖਿਝਾਵਹੁ॥ ੭॥**

ਕਿਉਂ ਇਸ ਤਰ੍ਹਾਂ ਕਰਦੇ ਹੋ ਜੋ ਝਗੜਾ ਵਧੇਗਾ, ਕਹਿਲੂਰ ਦਾ ਰਾਜਾ ਬਹੁਤ ਬਲਵਾਨ ਹੈ। ਉਸ ਦੇ ਦੇਸ਼ ਵਿਚ ਤੁਸੀਂ ਨਗਾਰਾ ਵਜਾਉਂਦੇ ਹੋ, ਖਾਹਮਖਾਹ ਉਸ ਨੂੰ ਘਰ ਬੈਠੇ ਨੂੰ ਖਿਝਾਉਂਦੇ ਹੋ॥ ੭॥

**ਜੇ ਸ਼ਿਕਾਰ ਕੋ ਸ਼ੌਕ ਮਹਾਨਾ। ਗਮਨਹੁਂ ਬਿਪਨ ਬਿਹੀਨ ਨਿਸ਼ਾਨਾ।**
**ਮਨ ਭਾਵਨਿ ਬਿਚਰਹੁ ਹਰਖਾਵਹੁ। ਨਿਸਾ ਪਰੇ ਆਨੰਦਪੁਰ ਆਵਹੁ' ॥ ੮॥**

ਜੇ ਸ਼ਿਕਾਰ ਖੇਡਣ ਦਾ ਵੱਡਾ ਸ਼ੌਕ ਹੈ ਤਾਂ ਨਗਾਰੇ ਤੋਂ ਬਗੈਰ ਜਾਵੋ, ਮਨ ਭਾਉਂਦਾ ਫਿਰ ਤੁਰ ਕੇ ਪ੍ਰਸੰਨ ਹੋਵੋ ਤੇ ਰਾਤ ਪੈ ਜਾਣ 'ਤੇ ਅਨੰਦਪੁਰ ਆ ਜਾਵੋ" ॥ ੮॥

**ਅਪਰ ਮਸੰਦ ਨਿਕਟ ਜੇ ਹੁਤੇ। ਸੁਨਿ ਕੈ ਸਕਲ ਮਾਤ ਕੇ ਮਤੇ।**
**ਕਹਿ ਕਹਿ ਪੁਸ਼ਟ ਬਨਾਇ ਸੁਨਾਵਹਿਂ। 'ਸੋ ਰਾਜੇ ਗਿਰਰਾਜ ਕਮਾਵੈਂ॥ ੯॥**

ਹੋਰ ਮਸੰਦ ਜਿਹੜੇ ਪਾਸ ਮੌਜੂਦ ਸਨ, ਸੁਣ ਕੇ ਸਾਰੇ ਮਾਤਾ ਜੀ ਦੇ ਮਤੇ ਬਾਰੇ ਕਹਿ ਕਹਿ ਕੇ ਪੁਸ਼ਟੀ ਕਰਕੇ ਸੁਣਾਉਂਦੇ ਸਨ, "ਉਹ ਰਾਜੇ ਤਾਂ ਪਹਾੜਾਂ ਉੱਤੇ ਰਾਜ ਕਰਦੇ ਹਨ॥ ੯॥

**ਮੇਲ ਤਿਨੋ ਸੰਗ ਆਛੇ ਅਹੈ। ਕਰਹੁ ਨ ਸੋ ਜਿਸ ਤੇ ਰਿਸ ਲਹੈਂ।**
**ਕਿਮ ਸਮਤਾ ਤਿਨ ਕੀ ਹੁਇ ਆਵੈ। ਲਰਨ ਮਰਨ ਇਕਠੇ ਹੁਇ ਜਾਵੈਂ॥੧੦॥**

ਇਹੋ ਚੰਗਾ ਹੈ ਕਿ ਉਨ੍ਹਾਂ ਨਾਲ ਮੇਲ ਕਰੀਏ, ਐਸਾ ਕੰਮ ਨਾ ਕਰੋ ਜਿਸ ਕਰਕੇ ਗੁੱਸਾ ਧਾਰਨ ਕਰਨ। ਉਨ੍ਹਾਂ ਦੀ ਕਿਵੇਂ ਬਰਾਬਰੀ ਹੋ ਸਕਦੀ ਹੈ ਕਿਉਂਕਿ ਉਹ ਲੜਨ ਮਰਨ ਵਾਸਤੇ ਇਕੱਠੇ ਹੋ ਜਾਂਦੇ ਹਨ॥ ੧੦॥

**ਬਾਰਿ ਬਾਰਿ ਮਾਤਾ ਬਰਜੰਤਿ। ਆਗੈ ਤੁਮ ਜਾਨਹੁਂ ਭਗਵੰਤ!'।**
**ਸੁਨਿ ਕਲਗੀਧਰ ਕਹਯੋ ਤਿਨਹੁਂ ਕੋ। ਜਨਨੀ ਸੰਮਤ ਬੈਨ ਜਿਨਹੁਂ ਕੋ॥੧੧॥**

ਵਾਰ-ਵਾਰ ਮਾਤਾ ਜੀ ਰੋਕਦੇ ਹਨ, ਹੇ ਪ੍ਰਭੂ ਜੀ! ਅੱਗੇ ਤੁਸੀਂ ਜਿਵੇਂ ਠੀਕ ਜਾਣੋ।" ਇਹ ਸੁਣ ਕੇ ਕਲਗੀਧਰ ਨੇ ਉਨ੍ਹਾਂ ਨੂੰ ਕਿਹਾ ਜਿਨ੍ਹਾਂ ਦੇ ਮਾਤਾ ਜੀ ਅਨੁਸਾਰ ਬਚਨ ਸਨ॥ ੧੧॥

**'ਰਾਜ ਸਾਜ ਕੇ ਕਾਰਜ ਜੇਈ। ਕਰਿਬੇ ਜੰਗ ਆਦਿ ਹੈਂ ਤੇਈ।**
**ਤਿਨਕੋ ਜਾਨਿ ਸਕਹਿ ਨਹਿਂ ਮਾਈ। ਕਜਾ ਗਿਰਪਤਿ ਜਿਨ ਤੇ ਡਰ ਪਾਈ॥੧੨॥**

"ਰਾਜ ਸਾਜ ਦੇ ਜਿਹੜੇ ਕੰਮ ਹਨ, ਜਿਹੜੇ ਜੰਗ ਆਦਿ ਦੇ ਕਾਰਜ ਕਰਨੇ ਹਨ, ਉਨ੍ਹਾਂ ਨੂੰ ਮਾਤਾ ਜੀ ਨਹੀਂ ਜਾਣ ਸਕਦੇ ਹਨ, ਇਹ ਪਹਾੜੀ ਰਾਜੇ ਕੀ ਹਨ ਜਿਨ੍ਹਾਂ ਤੋਂ ਸਾਨੂੰ ਡਰਾਉਂਦੇ ਹਨ॥ ੧੨॥

**ਹਮ ਕੋ ਆਗਜ਼ਾ ਪੁਰਖ ਅਕਾਲ। ਬਿਗਰਹਿਂ ਰਿਪੁ ਰਣ ਕਰਹਿਂ ਬਿਸਾਲ।**
**ਪੂਰਬ ਧਰਹਿਂ ਨ ਕਿਸ ਸੋਂ ਬੈਰ। ਹੰਕਾਰੀ ਕੋ ਕਬਹੁਂ ਨ ਖੈਰ॥ ੧੩॥**

ਸਾਨੂੰ ਅਕਾਲ ਪੁਰਖ ਦੀ ਆਗਿਆ ਹੈ, ਵੈਰੀ ਵਿਗੜਣਗੇ ਤੇ ਅਸੀਂ ਬਹੁਤ ਜੰਗ ਕਰਾਂਗੇ। ਪਹਿਲਾਂ ਅਸੀਂ ਕਿਸੇ ਨਾਲ ਵੈਰ ਨਹੀਂ ਧਾਰਨ ਕਰਾਂਗੇ, ਪਰ ਹੰਕਾਰੀ ਨੂੰ ਕਦੀ ਸੁਖੀ ਨਹੀਂ ਰਹਿਣ ਦੇਵਾਂਗੇ" ॥ ੧੩ ॥

ਇਮ ਭਨਿਤੇ ਘੋਰਾ ਤਬਿ ਆਯੋ। ਬਲੀ ਚਪਲ ਨਟ ਜਿਮ ਦਰਸਾਯੋ।
ਖੜਗ ਨਿਖੰਗ ਬੰਧਿ ਕਟ ਸੰਗ। ਕਰ ਧਰਿ ਧਨੁ ਗੇ ਨਿਕਟਿ ਤੁਰੰਗ ॥ ੧੪ ॥

ਇਸ ਤਰ੍ਹਾਂ ਕਹਿੰਦਿਆਂ ਹੀ ਘੋੜਾ ਆਇਆ, ਜਿਹੜਾ ਬੜਾ ਬਲਵਾਨ, ਚੰਚਲ ਅਤੇ ਨਟ ਵਾਂਗ ਵਿਖਾਈ ਦਿੰਦਾ ਸੀ। ਤਲਵਾਰ ਅਤੇ ਭੱਥਾ ਉਸ ਦੇ ਲੱਕ ਨਾਲ ਬੰਨ੍ਹਿਆ ਹੋਇਆ ਸੀ। ਗੁਰੂ ਜੀ ਹੱਥ ਵਿਚ ਧਨੁੱਖ ਧਾਰ ਕੇ ਘੋੜੇ ਦੇ ਪਾਸ ਗਏ ॥ ੧੪ ॥

ਪਗ ਰਕਾਬ ਦੇ, ਭੇ ਅਸਵਾਰ। ਗਹਿ ਕਰਿ ਬਾਗ ਗਮਨ ਇਛ ਧਾਰਿ।
ਲਖਿ ਪ੍ਰਭੁ ਰੁਖ਼ ਤਬਿ ਦੁੰਦਭਿ ਬਾਜਾ। ਦੁਹਰੀ ਚੋਬ ਮਨਹੁਂ ਘਨ ਗਾਜਾ ॥ ੧੫ ॥

ਫਿਰ ਰਕਾਬ 'ਤੇ ਪੈਰ ਧਰ ਕੇ ਘੋੜੇ ਉੱਤੇ ਸਵਾਰ ਹੋ ਗਏ ਤੇ ਘੋੜੇ ਦੀ ਰਕਾਬ ਫੜ ਕੇ ਇੱਛਾ ਧਾਰ ਕੇ ਚਲ ਪਏ। ਪ੍ਰਭੂ ਜੀ ਦਾ ਰੁਖ਼ ਵੇਖ ਕੇ ਨਗਾਰਾ ਵੱਜ ਉਠਿਆ, ਦੋਹਰੀ ਚੋਬ ਵੱਜਣ ਨਾਲ ਏਨੀ ਉੱਚੀ ਆਵਾਜ਼ ਆਈ ਮਾਨੋ ਬੱਦਲ ਗੱਜਿਆ ਹੋਵੇ ॥ ੧੫ ॥

ਚਲੇ ਅਨੰਦਪੁਰਿ ਤੇ ਤਬਿ ਬਾਹਿਰ। ਕਰਹਿਂ ਬਿਲੋਕਨਿ ਨਰ ਗਨ ਜ਼ਾਹਿਰ।
ਗਮਨੇ ਉੱਤਰ ਦਿਸ਼ਿ ਮੁਖ ਕਰਿਕੈ। ਸੁੰਦਰ ਸ਼ਗਨ ਦੇਖਿ ਮੁਦ ਭਰਿਕੈ ॥ ੧੬ ॥

ਅਨੰਦਪੁਰ ਤੋਂ ਫਿਰ ਬਾਹਰ ਚਲ ਪਏ, ਬਹੁਤ ਮਨੁੱਖ ਪ੍ਰਗਟ ਰੂਪ ਵਿਚ ਵੇਖ ਰਹੇ ਸਨ। ਉੱਤਰ ਦਿਸ਼ਾ ਵਲ ਮੁਖ ਕਰਕੇ ਚਲ ਪਏ, ਸੁੰਦਰ ਸ਼ਗਨ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ॥ ੧੬ ॥

ਚਢੀ ਬ੍ਰਿੰਦ ਸੈਨਾ ਚਲਿ ਪਾਛੇ। ਭਾ ਉਤਸਾਹ ਸੁਭਟ ਮਨ ਆਛੇ।
ਚਪਲ ਚਲਾਕੀ ਚਲਤਿ ਤੁਰੰਗ। ਗਮਨਹਿਂ ਅੰਗ ਭਰੇ ਬਲ ਸੰਗ ॥ ੧੭ ॥

ਬਹੁਤ ਵੱਡੀ ਸੈਨਾ ਪਿੱਛੇ-ਪਿੱਛੇ ਚਲ ਪਈ, ਸੂਰਮਿਆਂ ਦੇ ਮਨ ਵਿਚ ਵੱਡਾ ਉਤਸ਼ਾਹ ਜਾਗਿਆ। ਚੰਚਲ ਚਲਾਕੀ ਨਾਲ ਘੋੜੇ ਚਲ ਰਹੇ ਸਨ, ਬੜੀ ਸ਼ਕਤੀ ਨਾਲ ਭਰੇ ਹੋਏ ਅੰਗਾਂ ਸਹਿਤ ਅੱਗੇ ਜਾ ਰਹੇ ਸਨ ॥ ੧੭ ॥

ਸਨੇ ਸਨੇ ਕਾਨਨ ਮਹਿਂ ਗਏ। ਜਾਤਿ ਅਨਿਕ ਮ੍ਰਿਗ ਦੇਖਤਿ ਭਏ।
ਤੀਰਨ ਸਾਥ ਕਿਤਿਕ ਤਹਿਂ ਮਾਰੇ। ਗੁਰ ਕਰ ਤੇ ਮਰਿ ਸੁਰਗ ਸਿਧਾਰੇ ॥ ੧੮ ॥

ਹੌਲੀ-ਹੌਲੀ ਜੰਗਲ ਵਿਚ ਚਲੇ ਗਏ, ਜਾਂਦਿਆਂ ਅਨੇਕਾਂ ਹਿਰਨ ਵੇਖੇ। ਤੀਰਾਂ ਨਾਲ ਕਈ ਹਿਰਨ ਮਾਰੇ, ਉਹ ਗੁਰੂ ਜੀ ਦੇ ਹਥੋਂ ਮਰ ਕੇ ਸਵਰਗ ਵਿਚ ਜਾਂਦੇ ਸਨ ॥ ੧੮ ॥

ਕਿਤਿਕ ਤੁਫੰਗਨਿ ਸੰਗ ਸੰਘਾਰੇ। ਖੋਜਹਿਂ ਸੁਭਟ ਧਵਾਇਂ ਅਗਾਰੇ।
ਅਨਿਕ ਝੰਖਾਰ ਸਸੇ ਤਹਿਂ ਗੇਰੇ। ਬਾਵਰ ਸਹਿਤ ਬਾਂਧ ਕਰਿ ਘੇਰੇ ॥ ੧੯ ॥

ਕਈ ਬੰਦੂਕਾਂ ਦੀਆਂ ਗੋਲੀਆਂ ਨਾਲ ਮਾਰੇ, ਸੂਰਮੇ ਅੱਗੇ ਭੱਜ ਕੇ ਉਨ੍ਹਾਂ ਹਿਰਨਾਂ ਦੀ ਖੋਜ ਕਰਦੇ ਸਨ। ਅਨੇਕਾਂ ਬਾਰਾਂ ਸਿੰਗੇ ਅਤੇ ਸਹੇ ਉਥੇ ਡੇਗੇ। ਜਾਲਾਂ ਨਾਲ ਬੰਨ੍ਹ ਕੇ ਘੇਰੇ ॥ ੧੯ ॥

ਇਮ ਬਿਲਾਸ ਬਨ ਮਹਿਂ ਬਡ ਕਰਿਤੇ। ਜਾਤਿ ਬ੍ਰਿਛਨ ਕੇ ਪੁੰਜ ਨਿਹਰਿਤੇ।
ਸਨੇ ਸਨੇ ਪਹੁੰਚੇ ਤਹਿਂ ਜਾਈ। ਕਿਤਿਕ ਦੂਰ ਰਹਿਗੋ ਗਿਰਰਾਈ ॥ ੨੦ ॥

ਇਸ ਤਰ੍ਹਾਂ ਜੰਗਲ ਵਿਚ ਵੱਡਾ ਅਨੰਦ ਬਿਲਾਸ ਕਰਦੇ ਸਨ ਤੇ ਜਾ ਕੇ ਬਹੁਤ ਬ੍ਰਿਛਾਂ ਦੇ ਝੁੰਡ ਵੇਖਦੇ ਸਨ। ਹੌਲੀ-ਹੌਲੀ ਉਥੇ ਪਹੁੰਚ ਜਾਂਦੇ ਸਨ। ਕੁਝ ਹੀ ਦੂਰੀ ਤੇ ਪਹਾੜੀ ਰਾਜਾ ਰਹਿ ਗਿਆ ॥ ੨੦ ॥

ਦੁੰਦਭਿ ਨਾਮ ਗੁਰੂ ਤਬਿ ਰਾਖਾ। ਸਭਿ ਕੇ ਸੁਨਤਜੋਂ ਊਚੇ ਭਾਖਾ।
'ਗੁਰ ਘਰ ਕੋ ਰਣਜੀਤ ਨਗਾਰਾ। ਦੁਹਰੀ ਚੋਬ ਦੇਹੁ ਬਲਧਾਰਾ॥ ੨੧॥

ਨਗਾਰੇ ਦਾ ਫਿਰ ਗੁਰੂ ਜੀ ਨੇ ਨਾਮ ਰਖਿਆ, ਸਾਰਿਆਂ ਦੇ ਸੁਣਦਿਆਂ ਉੱਚੀ ਆਵਾਜ਼ ਵਿਚ ਕਿਹਾ, "ਇਹ ਗੁਰੂ ਘਰ ਦਾ ਰਣਜੀਤ ਨਗਾਰਾ ਹੈ, ਬਲ ਧਾਰ ਕੇ ਇਸ ਨੂੰ ਦੂਹਰਾ ਡੱਗਾ ਲਾਵੋ॥ ੨੧॥

ਸੁਨਹਿਂ ਦੂਰ ਲਗਿ ਜ਼ਾਹਿਰ ਹੋਵੈ। ਦੇਸ਼ ਨਿਕਟਿ ਕੋ ਲਖਿ ਲਖਿ ਜੋਵੈ'।
ਸੁਨਿ ਨਗਾਰਚੀ ਗੁਰ ਬਚ ਜਬੈ। ਬਲ ਤੇ ਕਰਜੋ ਬਜਾਵਨਿ ਤਬੈ॥ ੨੨॥

ਦੂਰ ਤਕ ਇਸ ਦੀ ਆਵਾਜ਼ ਸੁਣਾਈ ਦੇਵੇ ਤੇ ਜ਼ਾਹਰਾ ਤੌਰ ਤੇ ਪ੍ਰਗਟ ਹੋਵੇ ਤੇ ਨੇੜੇ ਦੇ ਦੇਸ਼ ਚੰਗੀ ਤਰ੍ਹਾਂ ਸਮਝ ਕੇ ਤੱਕਣ।" ਨਗਾਰਚੀ ਨੇ ਜਦ ਗੁਰੂ ਜੀ ਦੇ ਬਚਨ ਸੁਣੇ ਤਾਂ ਨਗਾਰੇ ਨੂੰ ਸਾਰੀ ਤਾਕਤ ਨਾਲ ਵਜਾਉਣ ਲੱਗਾ॥ ੨੨॥

ਦੁਹਰੀ ਚੋਬ ਪਰੀ ਧੁਨਿ ਐਸੇ। ਸਾਗਰ ਸ਼ਬਦ ਦੂਰ ਹੈ ਜੈਸੇ।
ਸਪਤ ਸੈਲ ਧਾਰਾ ਥਰਹਰੀ। ਔਚਕ ਸਭਿ ਕੇ ਸ੍ਰੁਤ ਧੁਨਿ ਪਰੀ॥ ੨੩॥

ਦੌਹਰੀ ਚੋਬ ਪੈਣੋ ਨਾਲ ਐਸੀ ਉੱਚੀ ਆਵਾਜ਼ ਉੱਠੀ ਮਾਨੋ ਸਾਗਰ ਦੀ ਆਵਾਜ਼ ਦੂਰ ਤਕ ਪਹੁੰਚੀ ਹੋਵੇ। ਸੱਤ ਪਹਾੜਾਂ ਦੀ ਧਾਰਾ ਕੰਬ ਗਈ, ਅਚਾਨਕ ਸਾਰਿਆਂ ਦੇ ਕੰਨਾਂ ਵਿਚ ਉੱਚੀ ਆਵਾਜ਼ ਪਈ॥ ੨੩॥

ਚਹੁੰ ਦਿਸ਼ਿ ਗਰਜੇ ਤਬਹਿ ਪਹਾਰਾ। ਨਾਦਤਿ ਬ੍ਰਿੰਦ ਕੰਦਰਾ ਭਾਰਾ।
ਬਨ ਮਹਿਂ ਸ਼ਬਦ ਪਸਰ ਬਡ ਗਯੋ। ਸੁਨਤਿ ਅਚੰਭਾ ਸਭਿ ਕੇ ਭਯੋ॥ ੨੪॥

ਚਾਰੇ ਪਾਸੇ ਫਿਰ ਪਹਾੜ ਗੱਜ ਉਠੇ, ਭਾਰੀ ਕੰਦਰਾਂ ਫਿਰ ਗੂੰਜ ਉਠੀਆਂ। ਜੰਗਲ ਵਿਚ ਉੱਚੀ ਆਵਾਜ਼ ਪਸਰ ਗਈ। ਸੁਣ ਕੇ ਸਭ ਨੂੰ ਅਚੰਭਾ ਹੋਇਆ॥ ੨੪॥

ਸਤਿਗੁਰ ਸ਼ਕਤਿ ਭਈ ਤਬਿ ਐਸੇ। ਧੁਨਿ ਦੁੰਦਭਿ ਤੇ ਅਚਰਜ ਜੈਸੇ।
ਭੀਮਚੰਦ ਨ੍ਰਿਪ ਸਭਾ ਲਗਾਈ। ਤਿਸ ਕੇ ਕਾਨ ਪਰੀ ਧੁਨਿ ਜਾਈ॥ ੨੫॥

ਸਤਿਗੁਰੂ ਜੀ ਦੀ ਸ਼ਕਤੀ ਫਿਰ ਐਸੇ ਹੋਈ ਜਿਵੇਂ ਨਗਾਰੇ ਵਿਚੋਂ ਅਸਚਰਜ ਗੂੰਜ ਨਿਕਲੀ ਹੋਵੇ। ਰਾਜਾ ਭੀਮ ਚੰਦ ਸਭਾ ਲਾ ਕੇ ਬੈਠਾ ਸੀ, ਉਸ ਦੇ ਕੰਨ ਵਿਚ ਗੂੰਜ ਜਾ ਪਈ॥ ੨੫॥

ਦਲਕਜੋ ਰਿਦਾ ਬਾਤ ਸਭਿ ਛੋਰੀ। ਲਗਜੋ ਸੁਨਨਿ ਸ੍ਰੁਤ ਕਰਿ ਤਿਸ ਓਰੀ।
ਦੁਹਰੀ ਚੋਬ ਪਰੀ ਜਬ ਗਾਢੇ। ਸੁਨਿ ਸੁਨਿ ਸਭਿ ਮਨ ਸ਼ੰਕਾ ਬਾਢੇ॥ ੨੬॥

ਉਸਦਾ ਹਿਰਦਾ ਕੰਬਿਆ ਤੇ ਉਸ ਸਾਰੀਆਂ ਗੱਲਾਂ ਵਿਚੇ ਛੱਡ ਦਿੱਤੀਆਂ, ਉਸ ਪਾਸੇ ਕੰਨ ਧਰ ਕੇ ਸੁਣਨ ਲੱਗਾ। ਜਦ ਬੜੇ ਜ਼ੋਰ ਨਾਲ ਦੂਹਰਾ ਡੱਗਾ ਲਗਾ ਤਾਂ ਸੁਣ ਸੁਣ ਕੇ ਸਾਰਿਆਂ ਦੇ ਮਨ ਦਾ ਸ਼ੰਕਾ ਵਧਿਆ॥ ੨੬॥

ਮਹਿਪਾਲਿਕ ਢਿਗ ਸਚਿਵ ਨਿਹਾਰਾ। ਹਿਤ ਬੂਝਨਿ ਕੇ ਤਬਹਿ ਉਚਾਰਾ।
'ਧੁਨਿ ਗੰਭੀਰ ਦਮਾਮੇਂ ਉਠੈ। ਕਿਸ ਕੋ ਇਹ ਬਾਜਤਿ ਅਬਕਠੈ॥ ੨੭॥

ਰਾਜੇ ਨੇ ਨੇੜੇ ਮੰਤਰੀ ਨੂੰ ਵੇਖਿਆ ਤੇ ਪੁੱਛਣ ਵਾਸਤੇ ਤਦ ਕਿਹਾ, "ਦਮਾਮੇ ਦੀ ਬਹੁਤ ਗੰਭੀਰ ਧੁਨੀ ਉਠੀ ਹੈ, ਸਾਹਮਣੇ ਪਾਸਿਓਂ ਇਹ ਕਿਸ ਦਾ ਦਮਾਮਾ ਵੱਜ ਰਿਹਾ ਹੈ॥ ੨੭॥

ਕਿਸੀ ਗਿਰੇਸ਼ੁਰ ਕੋ ਅਸ ਨਾਂਹੀ। ਨਾਦਤਿ ਨਵੋਂ ਲਖੋ ਮਨ ਮਾਂਹੀ।
ਇਮ ਧੁਨਿ ਸੁਨੀ ਨ ਆਨ ਨਗਾਰੇ। ਬਜਤਿ ਦੂਰ ਜਨੁ ਨਿਕਟ ਬਿਚਾਰੇ'॥੨੮॥

ਕਿਸੇ ਵੀ ਪਹਾੜੀ ਰਾਜੇ ਦਾ ਐਸਾ ਨਗਾਰਾ ਨਹੀਂ ਹੈ, ਜਾਪਦਾ ਹੈ ਕਿ ਕੋਈ ਨਵਾਂ ਨਗਾਰਾ ਵੱਜ ਰਿਹਾ ਹੈ। ਇਸ ਤਰ੍ਹਾਂ ਦੀ ਧੁਨੀ ਹੋਰ ਕਿਸੇ ਨਗਾਰੇ ਦੀ ਨਹੀਂ ਸੁਣੀ ਹੈ, ਦੂਰ ਵੱਜਦਾ ਹੈ ਪਰ ਇੰਝ ਲੱਗਦਾ ਹੈ ਜਿਵੇਂ ਨੇੜੇ ਹੀ ਵੱਜ ਰਿਹਾ ਹੋਵੇ"॥ ੨੮॥

**ਸੁਨਿ ਅਮਾਤ ਤਬਿ ਸਰਬ ਬ੍ਰਿਤਾਂਤ। ਭਨਤਿ ਭਯੋ ਸਭਿ ਮਹਿਂ ਬੱਖਜਾਤ।**
**'ਮਹਾਂਰਾਜ ! ਮੈਂ ਸੁਨੀ ਸੁ ਗਾਥਾ। ਕਰੌਂ ਉਚਾਰਨਿ ਰਾਵਰਿ ਸਾਥਾ॥ ੨੯॥**

ਇਸ ਤਰ੍ਹਾਂ ਸੁਣ ਕੇ ਮੰਤਰੀ ਸਾਰਾ ਬ੍ਰਿਤਾਂਤ ਪ੍ਰਗਟ ਰੂਪ ਵਿਚ ਕਹਿਣ ਲੱਗਾ, "ਹੇ ਮਹਾਰਾਜ ! ਮੈਂ ਉਹ ਕਹਾਣੀ ਸੁਣੀ ਹੈ, ਉਸ ਨੂੰ ਮੈਂ ਆਪ ਜੀ ਪਾਸ ਸੁਣਾਉਂਦਾ ਹਾਂ॥ ੨੯॥

**ਸ੍ਰੀ ਨਾਨਕ ਜਗ ਗੁਰ ਜਬਿ ਬਿਦਤੇ। ਜਿਨ ਕੋ ਜਸੁ ਸੁਨਯਿਤਿ ਜਿਤ ਕਿਤਤੇ।**
**ਸੋ ਗਾਦੀ ਥਿਰ ਭੀ ਬਿਧਿ ਨੀਕਾ। ਬੈਠਯੋ ਸ੍ਰੀ ਸੋਢੀ ਕੁਲਟੀਕਾ॥ ੩੦॥**

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਜਗਤ ਗੁਰੂ ਦੇ ਤੌਰ ਤੇ ਪ੍ਰਸਿੱਧ ਹੋਏ ਸਨ, ਜਿਨ੍ਹਾਂ ਦਾ ਜੱਸ ਜਿੱਥੇ ਕਿੱਥੇ ਸੁਣਿਆ ਜਾਂਦਾ ਹੈ। ਉਹ ਗੱਦੀ ਚੰਗੀ ਵਿਧੀ ਨਾਲ ਸਥਿਰ ਹੈ, ਉਸ ਉੱਤੇ ਹੁਣ ਸੋਢੀ ਕੁਲ ਦੇ ਸ਼ਿਰੋਮਣੀ ਬੈਠੇ ਹਨ॥ ੩੦॥

**ਸ੍ਰੀ ਹਰਿਗੋਬਿੰਦ ਜੋਧਾ ਬਲੀ। ਲਰਯੋ ਸ਼ਾਹੁ ਸੋਂ ਜੈ ਕਰਿ ਭਲੀ।**
**ਕੇਤਿਕ ਸੂਬੇ ਸੈਨ ਸਮੇਤ। ਸ਼ਸਤ੍ਰ ਸਾਥ ਰਾਖੇ ਰਣਖੇਤ॥ ੩੧॥**

ਸ੍ਰੀ ਹਰਿਗੋਬਿੰਦ ਸਾਹਿਬ ਬਲਵਾਨ ਯੋਧੇ ਸਨ, ਉਸ ਨੇ ਬਾਦਸ਼ਾਹ ਸ਼ਾਹਜਹਾਨ ਦੇ ਨਾਲ ਜੰਗਾਂ ਕਰਕੇ ਭਲੀ ਪ੍ਰਕਾਰ ਜਿੱਤਾਂ ਪ੍ਰਾਪਤ ਕੀਤੀਆਂ ਸਨ। ਕਈ ਸੂਬੇ ਸੈਨਾ ਸਮੇਤ, ਉਸ ਨੇ ਸ਼ਸਤਰਾਂ ਸਹਿਤ ਯੁੱਧ ਭੂਮੀ ਵਿਚ ਰੱਖ ਲਏ ਸਨ॥ ੩੧॥

**ਬੀਰ ਬਹਾਦਰ ਬਿਦਤਯੋ ਘਨੋ। ਕਦ ਦੀਰਘ ਦ੍ਵਾਪੁਰ ਤਨ ਮਨੋ।**
**ਅਬਿ ਗਾਦੀ ਪਰ ਤਿਨ ਕੋ ਪੋਤਾ। ਆਦਿ ਬੀਰਤਾ ਗੁਨ ਗਨ ਪੋਤਾ॥ ੩੨॥**

ਉਹ ਵੱਡਾ ਬੀਰ ਬਹਾਦਰ ਪ੍ਰਸਿੱਧ ਹੋਇਆ। ਕੱਦ ਕਾਠ ਬਹੁਤ ਵੱਡਾ ਸੀ, ਮਾਨੋ ਉਸ ਨੇ ਦਵਾਪਰ ਯੁੱਗ ਦਾ ਸਰੀਰ ਪਾਇਆ ਸੀ। ਹੁਣ ਗੱਦੀ ਉੱਤੇ ਉਨ੍ਹਾਂ ਦਾ ਪੋਤਾ ਬੈਠਾ ਹੈ, ਜਿਹੜਾ ਸਾਰੇ ਬੀਰਤਾ ਵਾਲੇ ਗੁਣਾਂ ਦਾ ਭੰਡਾਰ ਹੈ॥ ੩੨॥

**ਗੁਰੂ ਗੁਵਿੰਦ ਰਾਇ ਤਿਨ ਨਾਮੂ। ਕਹਯੋ ਨ ਜਾਇ, ਜਥਾ ਸ਼ੁਭ ਰਾਮੂ।**
**ਅਲਪ ਬੈਸ ਬਰ ਅੰਗ ਕਿਸ਼ੋਰ। ਸੁਨੀ ਸ਼ਾਹਦੀ ਤਨ ਬਹੁ ਜ਼ੋਰ॥ ੩੩॥**

ਗੁਰੂ ਗੋਬਿੰਦ ਰਾਇ ਉਸਦਾ ਨਾਮ ਹੈ, ਇਹ ਕਿਹਾ ਨਹੀਂ ਜਾਂਦਾ ਜਿਵੇਂ ਸ਼ੁਭ ਰਾਮਚੰਦਰ ਹੋਵੇ। ਛੋਟੀ ਉਮਰ ਹੈ ਪਰ ਸਰੀਰ ਦੇ ਅੰਗ ਜਵਾਨੀ ਵਾਲੇ ਹਨ, ਇਹ ਸੁਣਿਆ ਹੈ ਕਿ ਸਰੀਰ ਵਿਚ ਬਹੁਤ ਸ਼ਕਤੀ ਹੈ॥ ੩੩॥

**ਅਤਿ ਉਤਸਾਹ ਸ਼ਸਤ੍ਰ ਅੱਭਯਾਸੀ। ਸੰਗਤਿ ਆਇ ਹਜ਼ਾਰਹੁਂ ਪਾਸੀ।**
**ਕਰਤਿ ਬਾਤ ਨਰ ਸੁਨੇ ਘਨੇਰੇ। ਤੀਰਨਿ ਬਿੱਦਯਾ ਨਿਪੁਨ ਬਡੇਰੇ॥ ੩੪॥**

ਬੜੇ ਉਤਸ਼ਾਹ ਨਾਲ ਸ਼ਸਤਰਾਂ ਦਾ ਅਭਿਆਸ ਕਰਦਾ ਹੈ ਤੇ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਪਾਸ ਸੰਗਤ ਆਉਂਦੀ ਹੈ ਜਦ ਬਚਨ ਕਰਦੇ ਹਨ ਤਾਂ ਬਹੁਤ ਲੋਕ ਸੁਣਦੇ ਹਨ ਤੇ ਤੀਰ ਕਮਾਨ ਦੀ ਵਿਦਿਆ ਵਿਚ ਵੱਡਾ ਨਿਪੁੰਨ ਹੈ॥ ੩੪॥

**ਧਨੁਖ ਕਠੋਰ ਹਾਥ ਅਸ ਰਾਖਹਿਂ। ਨਹਿਂ ਦੁਤੀਓ ਕਰਖਣ ਅਭਿਲਾਖਹਿ।**
**ਸੰਗ ਸੁਭਟ ਆਰੂਢਤਿ ਬ੍ਰਿੰਦ। ਕਰਹਿਂ ਬਾਸ ਕੋ ਪੁਰੀ ਅਨੰਦ॥ ੩੫॥**

ਹੱਥ ਵਿਚ ਬਹੁਤ ਸਖ਼ਤ ਕਮਾਨ ਧਾਰਨ ਕਰਦਾ ਹੈ, ਕੋਈ ਦੂਸਰਾ ਐਸੀ ਕਮਾਨ ਨੂੰ ਖਿੱਚਣ ਦੀ ਚਾਹਤ ਨਹੀਂ ਰੱਖ ਸਕਦਾ। ਉਸਦੇ ਨਾਲ ਬਹੁਤ ਸੂਰਮੇ ਘੋੜਿਆਂ 'ਤੇ ਸਵਾਰ ਹੁੰਦੇ ਹਨ, ਉਹ ਸਾਰੇ ਅਨੰਦਪੁਰ ਵਿਚ ਰਹਿੰਦੇ ਹਨ॥ ੩੫॥

Sri Satguru Jagjit Singh Ji eLlibrary NamdhariElibrary@gmail.com

ਇਨ ਕੋ ਪਿਤ ਸ੍ਰੀ ਤੇਗ਼ ਬਹਾਦਰ। ਜ਼ਰ ਖਰੀਦ ਲੇ ਅਵਨੀ ਖਾਦਰ।
ਨਰਨਿ ਬਟੋਰਤਿ ਨਗਰ ਬਸਾਯੋ। ਨੇਤ੍ਰ ਤੁੰਗ ਕੇ ਤਰ ਦਰਸਾਯੋ॥ ੩੬॥

ਇਨ੍ਹਾਂ ਦੇ ਪਿਤਾ ਜੀ ਸ੍ਰੀ ਤੇਗ਼ ਬਹਾਦਰ ਜੀ ਨੇ ਤਰਾਈ ਦੀ ਭੂਮੀ ਮੁੱਲ ਲਈ ਸੀ। ਮਨੁੱਖਾਂ ਨੂੰ ਇਕੱਠਿਆਂ ਕਰਕੇ ਨਗਰ ਵਸਾਇਆ। ਨੈਣੂੰ ਦੇ ਉੱਚੇ ਟਿਲੇ ਦੇ ਥੱਲੇ ਦਿਖਾਈ ਦਿੰਦਾ ਹੈ॥ ੩੬॥

ਤਿਸ ਮਹਿਂ ਬਸਹਿ ਤਿਨਹੁਂ ਕੋ ਨੰਦਨ। ਲਾਖਹੁਂ ਨਰ ਕਰਤੇ ਪਗ ਬੰਦਨ।
ਸੋ ਅਖੇਰ ਕਰਿਬੇ ਇਤ ਆਵੈ। ਹਤਨਿ ਮ੍ਰਿਗਨ ਗਨ ਪੁਨਿ ਪੁਰਿ ਜਾਵੈ॥ ੩੭॥

ਉਸ ਨਗਰ ਵਿਚ ਉਨ੍ਹਾਂ ਦਾ ਪੁੱਤਰ ਵੱਸਦਾ ਹੈ ਤੇ ਲੱਖਾਂ ਲੋਕ ਆ ਕੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਹਨ। ਉਹ ਸ਼ਿਕਾਰ ਖੇਡਣ ਵਾਸਤੇ ਏਧਰ ਆਉਂਦਾ ਹੈ, ਬਹੁਤ ਹਿਰਨਾਂ ਨੂੰ ਮਾਰ ਕੇ ਫਿਰ ਆਪਣੇ ਨਗਰ ਵਿਚ ਚਲਾ ਜਾਂਦਾ ਹੈ॥ ੩੭॥

ਆਜ ਮਨੁਜ ਇਕ ਉਤ ਤੇ ਆਯੋ। ਤਿਨ ਪ੍ਰਸੰਗ ਕਹਿ ਸਕਲ ਸੁਨਾਯੋ।
ਦੁੰਦਭਿ ਦੀਰਘ ਤਯਾਰ ਕਰਾਇਵ। ਜਾਨੀ ਪਰੈ ਸੁ ਚਢਿ ਕਰਿ ਆਇਵ॥ ੩੮॥

ਅਜ ਇਕ ਮਨੁੱਖ ਉਸ ਸਥਾਨ ਤੋਂ ਆਇਆ ਹੈ, ਉਸ ਨੇ ਕਹਿ ਕੇ ਸਾਰਾ ਪ੍ਰਸੰਗ ਸੁਣਾਇਆ ਹੈ। ਇਕ ਬਹੁਤ ਵੱਡਾ ਨਗਾਰਾ ਤਿਆਰ ਕਰਵਾਇਆ ਹੈ, ਇਹ ਜਾਣ ਪੈਂਦਾ ਕਿ ਉਸ ਨਗਾਰੇ ਸਹਿਤ ਚੜ੍ਹ ਕੇ ਆਇਆ ਹੈ॥ ੩੮॥

ਇਤ ਦਿਸ਼ਿ ਦੁੰਦਭਿ ਅਪਰ ਨ ਕੋਈ। ਜੋ ਬਜਾਇ ਬਿਚਰਹਿ ਢਿਗ ਹੋਈ।
ਕਰਾਮਾਤ ਸਾਹਿਬ ਗੁਰ ਗਾਦੀ। ਪਤਿਸ਼ਾਹਨ ਕੇ ਸਾਥ ਬਿਬਾਦੀ॥ ੩੯॥

ਇਸ ਪਾਸੇ ਹੋਰ ਕੋਈ ਨਗਾਰਾ ਨਹੀਂ ਹੈ, ਜਿਹੜਾ ਨੇੜੇ ਹੋ ਕੇ ਵਜਾਏ ਅਤੇ ਏਧਰ ਓਧਰ ਫਿਰੇ। ਗੁਰਗੱਦੀ ਦੀ ਵੱਡੀ ਕਰਾਮਾਤ ਸਹਿਤ ਹੈ, ਬਾਦਸ਼ਾਹਾਂ ਦੇ ਨਾਲ ਝਗੜਾ ਹੈ॥ ੩੯॥

ਜਨਮ ਭਯੋ ਪੂਰਬ ਕੇ ਦੇਸ਼। ਪ੍ਰਤਿਪਾਰਨ ਜਬਿ ਭਏ ਵਿਸ਼ੇਸ਼।
ਪਿਤ ਕੇ ਪੁਰਿ ਮੈਂ ਆਇ ਬਿਰਾਜੇ। ਦਰਸ਼ਨ ਕਰਿਬੇ ਪਹੁੰਚਹਿਂ ਰਾਜੇ॥ ੪੦॥

ਪੂਰਬ ਦੇ ਦੇਸ਼ ਵਿਚ ਇਨ੍ਹਾਂ ਦਾ ਜਨਮ ਹੋਇਆ ਹੈ? ਜਦ ਵਿਸ਼ੇਸ਼ ਤੌਰ ਤੇ ਪਾਲਣ ਪੋਸ਼ਣ ਹੋਇਆ ਹੈ ਤਾਂ ਆਪਣੇ ਪਿਤਾ ਜੀ ਦੇ ਨਗਰ ਵਿਚ ਆ ਬਿਰਾਜੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਰਾਜੇ ਵੀ ਪਹੁੰਚਦੇ ਹਨ॥ ੪੦॥

ਸੁਨਜੋ ਅਸਾਮ ਦੇਸ਼ ਤੇ ਆਯੋ। ਮਹਿਪਤਿ ਅਜਬ ਅਕੋਰਨ ਲਯਾਯੋ।
ਸ਼ਸਤ੍ਰ ਪੰਚਕਲ, ਚਾਰੁ ਮਤੰਗ। ਦਰਬ ਬ੍ਰਿੰਦ ਜੁਤਿ ਪੰਚ ਤੁਰੰਗ॥ ੪੧॥

ਸੁਣਿਆ ਹੈ ਕਿ ਇਕ ਆਸਾਮ ਦੇਸ਼ ਦਾ ਰਾਜਾ ਆਇਆ ਹੈ, ਉਹ ਅਜੀਬ ਪ੍ਰਕਾਰ ਦੇ ਉਪਹਾਰ ਲਿਆਇਆ ਹੈ। ਪੰਜ ਕਲਾਂ ਵਾਲਾ ਇਕ ਸ਼ਸਤਰ ਲਿਆਇਆ ਹੈ ਤੇ ਇਕ ਸੁੰਦਰ ਹਾਥੀ ਭੇਟ ਕੀਤਾ ਹੈ, ਬਹੁਤ ਧਨ ਸਹਿਤ ਪੰਜ ਘੋੜੇ ਦਿੱਤੇ ਹਨ॥ ੪੧॥

ਇਤੀ ਦੂਰ ਤੇ ਦਰਸ਼ਨ ਹੇਤੁ। ਰਾਵ ਰੰਕ ਤਜਿ ਆਇਂ ਨਿਕੇਤ।
ਰਾਵਰ ਕੇ ਸਮੀਪ ਇਹ ਰਹੈਂ। ਜਿਨਹੁਂ ਮਹਾਤਮ ਦੁਰਲਭ ਅਹੈ॥ ੪੨॥

ਏਡੀ ਦੂਰ ਤੋਂ ਦਰਸ਼ਨਾਂ ਵਾਸਤੇ ਆਇਆ ਹੈ। ਰਾਜੇ ਰੰਕ ਸਾਰੇ ਆਪਣੇ ਘਰ ਛੱਡ ਕੇ ਆਉਂਦੇ ਹਨ, ਆਪ ਜੀ ਦੇ ਪਾਸ ਹੀ ਰਹਿੰਦੇ ਹਨ, ਜਿਨ੍ਹਾਂ ਦਾ ਦੁਰਲਭ ਮਹਾਤਮ ਹੈ॥ ੪੨॥

ਕਯੋਂ ਨ ਮਿਲਾਪ ਆਪ ਚਿਤ ਚਹੀਅਹਿ। ਦੀਰਘ ਦੁਲਭ ਵਸਤੁ ਢਿਗ ਲਹੀਅਹਿ।
ਅਧਿਕ ਤਰੀਫ ਕਰਤਿ ਨਰ ਸੁਨੇ। ਤਨ ਧਰਿ ਰਾਮ ਕ੍ਰਿਸ਼ਨ ਇਹ ਬਨੇ॥ ੪੩॥

ਤੁਹਾਡਾ ਉਨ੍ਹਾਂ ਨੂੰ ਮਿਲਣ ਨੂੰ ਕਿਉਂ ਚਿੱਤ ਨਹੀਂ ਚਾਹੁੰਦਾ ਹੈ। ਵੱਡੀਆਂ ਦੁਰਲਭ ਵਸਤਾਂ ਆਪਣੇ ਪਾਸ ਲਵੇ, ਮਨੁੱਖ ਉਨ੍ਹਾਂ ਦੀ ਬਹੁਤ ਤਰੀਫ ਕਰਦੇ ਸੁਣੇ ਹਨ। ਤਨ ਧਾਰ ਕੇ ਇਹ ਰਾਮ ਕ੍ਰਿਸ਼ਨ ਬਣੇ ਹਨ॥ ੪੩॥

**ਅਤਿ ਸੁੰਦਰ, ਦੁਤਿ ਸਦਨ ਬਦਨ ਬਰ। ਦਲ ਅਰਬਿੰਦਨ ਦ੍ਰਿਗ ਦ੍ਵੈ ਮੁਦਕਰਿ।**
**ਇਕਤੌ ਗੁਰੂ ਪੂਜਿਬੇ ਥਾਨ। ਦੁਤੀਏ ਦਲ ਜੁਤਿ ਬਲੀ ਮਹਾਨ॥ ੪੪॥**

ਉਨ੍ਹਾਂ ਦਾ ਸੁੰਦਰ ਮੁਖੜਾ ਸੁੰਦਰਤਾ ਦਾ ਘਰ ਹੈ, ਦੋਵੇਂ ਨੈਣ ਕਮਲ ਪੱਤੀਆਂ ਵਾਂਗ ਪ੍ਰਸੰਨਤਾ ਦੇਣ ਵਾਲੇ ਹਨ। ਗੁਰੂ ਜੀ ਹੋਣ ਕਰਕੇ ਇਕ ਤਾਂ ਉਹ ਪੂਜਣ ਦਾ ਸਥਾਨ ਹਨ, ਦੂਸਰੇ ਸੈਨਾ ਸਹਿਤ ਮਹਾਨ ਬਲਵਾਨ ਹਨ॥ ੪੪॥

**ਕਰਹੁ ਸੰਧਿ ਬਨਿ ਹੈ ਸੁਖਦਾਏ। ਸਰਹਿ ਕਾਜ ਜਬਹੂੰ ਬਨਿ ਜਾਏ'।**
**ਸੁਨਿ ਮੰਤ੍ਰੀ ਤੇ ਮਸਲਤ ਨੀਕੀ। ਭੀਮਚੰਦ ਉਪਜੀ ਰੁਚਿ ਜੀ ਕੀ॥ ੪੫॥**

ਮੇਲ ਕਰਕੇ ਸੁਖਦਾਈ ਬਣ ਜਾਵੇ, ਜਦ ਵੀ ਕੋਈ ਕੰਮ ਪੈ ਜਾਵੇ ਤਾਂ ਪੂਰਾ ਹੋ ਜਾਵੇਗਾ।" ਰਾਜੇ ਭੀਮ ਸੈਨ ਨੇ ਜਦ ਮੰਤਰੀ ਪਾਸੋਂ ਇਹ ਚੰਗੀ ਸਲਾਹ ਸੁਣੀ ਤਾਂ ਉਸ ਦੇ ਹਿਰਦੇ ਵਿਚ ਮਿਲਣ ਦੀ ਰੁਚੀ ਪੈਦਾ ਹੋਈ॥ ੪੫॥

*ਪਹਿਲੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

## ਅਧਿਆਇ ਸਤਾਈਵਾਂ

### ਭੀਮ ਚੰਦ ਦਾ ਵਜ਼ੀਰ ਆਇਆ

**ਦੋਹਰਾ- ਭੀਮਚੰਦ ਕਹਿਲੂਰੀਆ ਸੈਲ ਨਰਿੰਦ ਬਿਲੰਦ।**
**ਸੁਨਿ ਸਤਿਗੁਰ ਕੇ ਸੁਜਸੁ ਕੋ ਰਿਦੇ ਬਿਸਾਲ ਅਨੰਦ॥ ੧॥**

ਭੀਮ ਚੰਦ ਕਹਿਲੂਰੀਆ ਪਹਾੜੀ ਰਾਜਿਆਂ ਵਿਚ ਵੱਡਾ ਰਾਜਾ ਸੀ, ਸਤਿਗੁਰੂ ਜੀ ਦੇ ਸ੍ਰੇਸ਼ਟ ਜੱਸ ਨੂੰ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੧॥

**ਚੌਪਈ- ਸਚਿਵਨ ਸੰਗ ਮੰਤ੍ਰ ਪੁਨ ਕਰਜੋ। ਸੰਧਿ ਬਿਖੇ ਗੁਨ ਬ੍ਰਿੰਦ ਬਿਚਰਜੋ।**
**'ਸੁਨਹੁ ਵਜ਼ੀਰ ! ਪ੍ਰਥਮ ਤਹਿਂ ਜਈਐ। ਭੇਤ ਸਕਲ ਬਾਤਨਿ ਤੇ ਪਈਐ॥੨॥**

ਮੰਤਰੀ ਨਾਲ ਫਿਰ ਉਸ ਸਲਾਹ ਕੀਤੀ, ਮਿਲਾਪ ਵਿਚ ਬਹੁਤ ਗੁਣਾਂ ਦੀ ਵਿਚਾਰ ਕੀਤੀ। ਆਪਣੇ ਵਜ਼ੀਰ ਨੂੰ ਉਹ ਕਹਿਣ ਲੱਗਾ, "ਪਹਿਲਾਂ ਤੁਸੀਂ ਓਥੇ ਜਾਵੋ ਤੇ ਸਾਰੀਆਂ ਗੱਲਾਂ ਦਾ ਭੇਤ ਪਾਵੋ॥ ੨॥

**ਹਮ ਕੰਨੈ ਕਹੁ ਟੇਕਨ ਮਾਥਾ। ਪੁਨ ਗੁਰ ਸਾਥ ਮੇਲ ਕੀ ਗਾਥਾ।**
**ਅਪਰ ਨਰੇਸ਼ਨ ਸਮ ਹਮ ਨਾਂਹੀ। ਸਦਾ ਬਾਸ ਬਾਸਹਿਂ ਪੁਰਿ ਪਾਹੀ॥ ੩॥**

ਸਾਡੀ ਵਲੋਂ ਮੱਥਾ ਟੇਕਣਾ ਕਹੋ, ਫਿਰ ਗੁਰੂ ਜੀ ਨਾਲ ਮੇਲ ਦੀ ਗੱਲ ਕਰੋ। ਅਸੀਂ ਦੂਸਰੇ ਰਾਜਿਆਂ ਵਰਗੇ ਨਹੀਂ ਹਾਂ ਤੇ ਇਸ ਗੱਲ ਤੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਚੇਤ ਕਰੋ। ਅਸੀਂ ਆਪ ਦੇ ਨਗਰ ਦੇ ਪਾਸ ਸਦਾ ਹੀ ਵੱਸਣ ਵਾਲੇ ਹਾਂ॥ ੩॥

**ਅਨਿਕ ਬਿਧਿਨਿ ਕੇ ਰਾਜਨਿ ਕਾਜ। ਪਰਹਿਂ ਆਨ ਜੁਤਿ ਚਮੂੰ ਸਮਾਜ।**
**ਸੰਧਿ ਕਰੇ ਸੁਧਰਹਿਂ ਦੁਹੂੰ ਓਰ। ਘਾਲ ਸਕਹਿ ਨਹਿਂ ਸ਼ੱਤ੍ਰੂ ਜ਼ੋਰ॥ ੪॥**

ਸੈਨਾ, ਸਮਾਜ ਸਹਿਤ ਅਨੇਕ ਵਿਧੀਆਂ ਦੇ ਕਾਰਜ ਰਾਜਿਆਂ ਨੂੰ ਆ ਪੈਂਦੇ ਹਨ। ਮਿਲਾਪ ਕਰ ਲੈਣ ਨਾਲ ਦੋਵਾਂ ਪਾਸਿਆਂ ਦੇ ਕਾਰਜ ਸੁਧਰ ਜਾਣਗੇ ਤੇ ਫਿਰ ਕੋਈ ਵੈਰੀ ਜ਼ੋਰ ਨਹੀਂ ਪਾ ਸਕੇਗਾ॥ ੪॥

**ਸਭਿ ਹੀ ਰੀਤਿ ਹੋਇ ਹਮ ਆਛੇ। ਬਨਹਿਂ ਸਹਾਇਕ ਜਬਹੂੰ ਬਾਛੇ।**
**ਜੇ ਸਨਮਾਨਹਿਂ ਮੋਹਿ ਮਿਲਾਪ। ਪਹੁੰਚ ਆਪ ਕੀ ਲੀਜੈ ਥਾਪਿ॥ ੫॥**

ਸਭ ਰੀਤੀਆਂ ਨਾਲ ਅਸੀਂ ਚੰਗੇ ਹੋ ਜਾਵਾਂਗੇ, ਜਦ ਵੀ ਜ਼ਰੂਰਤ ਹੋਵੇਗੀ ਅਸੀਂ ਸਹਾਇਕ ਬਣਾਂਗੇ। ਜੇ ਆਪ ਮੇਰੇ ਮਿਲਾਪ ਦਾ ਸਨਮਾਨ ਕਰਨਗੇ ਤਾਂ ਸਾਡੇ ਓਥੇ ਪਹੁੰਚਣ ਬਾਰੇ ਦਿਨ ਮਿਥ ਲੈਣਾ॥ ੫॥

**ਅਪਨੋ ਓਜ ਪ੍ਰਤਾਪ ਦਿਖਾਵਹੁ। ਨ੍ਰਿਪ ਸਭਿ ਤੇ ਬਡਿਆਇ ਬਤਾਵਹੁ।**
**ਇੱਤਜਾਦਿਕ ਕਹਿ ਅਨਿਕ ਪ੍ਰਕਾਰੀ। ਪਠਜੋ ਵਜ਼ੀਰ ਗਿਰੇਸ਼ ਹੰਕਾਰੀ॥ ੬॥**

ਆਪਣੀ ਸ਼ਕਤੀ ਅਤੇ ਪ੍ਰਤਾਪ ਵਿਖਾਵੋ, ਸਾਰੇ ਰਾਜਿਆਂ ਵਿਚ ਆਪਣੀ ਵਡਿਆਈ ਦੱਸੋ।" ਇਸ ਢੰਗ ਨਾਲ ਅਨੇਕ ਪ੍ਰਕਾਰ ਕਹਿ ਕੇ ਹੰਕਾਰੀ ਪਹਾੜੀ ਰਾਜੇ ਨੇ ਆਪਣੇ ਵਜ਼ੀਰ ਨੂੰ ਭੇਜਿਆ॥ ੬॥

**ਮਾਨਵ ਬ੍ਰਿੰਦ ਸੰਗ ਕਰਿ ਦੀਨੇ। ਰਜਤ ਲਸ਼ਟਕਾ ਕਰ ਗਹਿ ਲੀਨੇ।**
**ਗਮਨਜੋ ਚਢਿ ਸੁੰਦਰ ਝੰਪਾਨ। ਚਲੇ ਢਲੈਤ ਸ਼ਸਤ੍ਰ ਧਰਿ ਪਾਨ॥ ੭॥**

ਬਹੁਤ ਮਨੁੱਖ ਉਸ ਦੇ ਨਾਲ ਕਰ ਦਿਤੇ, ਜਿਨ੍ਹਾਂ ਨੇ ਚਾਂਦੀ ਦੀ ਮੁੱਠੀ ਵਾਲੀਆਂ ਲਾਠੀਆਂ ਫੜ ਲਈਆਂ। ਮੰਤਰੀ ਸੁੰਦਰ ਪਹਾੜੀ ਪਾਲਕੀ ਵਿਚ ਚੜ੍ਹ ਕੇ ਗਿਆ ਤੇ ਢਾਲ ਧਾਰਨ ਕਰਨ ਵਾਲੇ ਸਿਪਾਹੀ ਹੱਥ ਵਿਚ ਸ਼ਸਤਰ ਫੜ ਕੇ ਚਲ ਪਏ॥ ੭॥

**ਉਤ ਪ੍ਰਸੰਗ ਨ੍ਰਿਪ ਕੋ ਤਿਸ ਬੇਰਾ। ਇਤ ਸਤਿਗੁਰ ਬਹੁ ਖੇਲ ਅਖੇਰਾ।**
**ਹਟੇ ਬਜਤ ਰਣਜੀਤ ਨਗਾਰਾ। ਦੁਗਨ ਬੀਰ ਰਸ ਸੁਭਟਨਿ ਧਾਰਾ॥ ੮॥**

ਓਧਰ ਰਾਜੇ ਦਾ ਉਸ ਸਮੇਂ ਇਸ ਤਰ੍ਹਾਂ ਦਾ ਪ੍ਰਸੰਗ ਹੋਇਆ, ਏਧਰ ਸਤਿਗੁਰੂ ਜੀ ਨੇ ਬਹੁਤ ਸ਼ਿਕਾਰ ਖੇਡਿਆ। ਰਣਜੀਤ ਨਗਾਰੇ ਦੇ ਵੱਜਦਿਆਂ ਹੀ ਵਾਪਸ ਆ ਗਏ ਤੇ ਸੂਰਬੀਰਾਂ ਨੇ ਦੁਗਣਾ ਬੀਰ-ਰਸ ਧਾਰਨ ਕੀਤਾ॥ ੮॥

**ਦਿਨ ਪ੍ਰਤਿ ਅਧਿਕ ਪ੍ਰਤਾਪ ਸਮਾਜਾ। ਜਿਸ ਪ੍ਰਕਾਰ ਹੁਇ ਕੋ ਬਡ ਰਾਜਾ।**
**ਸ਼ਸਤ੍ਰ ਪ੍ਰਹਾਰਨਿ ਬਾਤਨ ਕਰਤੇ। ਚਲਤਿ ਸਮੁਖ ਪੁਰਿ ਅਨੰਦ ਨਿਹਰਿਤੇ॥ ੯॥**

ਦਿਨ ਪ੍ਰਤੀ ਬਹੁਤ ਪ੍ਰਤਾਪ ਤੇ ਸਮਾਜ ਵਧਿਆ, ਜਿਸ ਪ੍ਰਕਾਰ ਕੋਈ ਵੱਡਾ ਰਾਜਾ ਹੋਵੇ। ਸ਼ਸਤਰਾਂ ਦੇ ਵਾਰ ਕਰਦੇ ਹੋਏ ਗੱਲਾਂ ਕਰਦੇ ਸਨ ਤੇ ਸਾਰਿਆਂ ਦੇ ਅੱਗੇ ਚਲਦੇ ਹੋਏ ਆ ਕੇ ਅਨੰਦਪੁਰ ਨੂੰ ਵੇਖਦੇ ਸਨ॥ ੯॥

**ਸ਼ਿਕਰੇ, ਬਾਜ਼, ਸ੍ਵਾਨ ਸਮੁਦਾਇ। ਮੀਰ ਸ਼ਿਕਾਰ ਧਾਇ ਅਗਵਾਇ।**
**ਉਡਤਿ ਧੂਰ ਛਾਦਜੋ ਅਸਮਾਨ। ਆਨਿ ਪਹੂਚੇ ਕ੍ਰਿਪਾਨਿਧਾਨ॥ ੧੦॥**

ਸ਼ਿਕਰੇ, ਬਾਜ਼ ਅਤੇ ਸਾਰੇ ਕੁੱਤਿਆਂ ਦੇ ਅੱਗੇ ਅੱਗੇ ਮੀਰ ਸ਼ਿਕਾਰੀ ਦੌੜਦਾ ਸੀ। ਧੂੜ ਉੱਡ ਕੇ ਅਸਮਾਨ ਢੱਕਿਆ ਗਿਆ ਸੀ ਤੇ ਕਿਰਪਾ-ਨਿਧਾਨ ਗੁਰੂ ਜੀ ਆ ਪਹੁੰਚੇ॥ ੧੦॥

**ਸੁਨਿ ਦੁੰਦਭਿ ਧੁਨਿ ਨਰ ਗਨ ਨਾਰੀ। ਹਿਤ ਦੇਖਨਿ ਕੇ ਨਿਕਸਿ ਅਗਾਰੀ।**
**ਬੀਚ ਦਰੀਚੀ ਕੋ ਥਿਰ ਦ੍ਵਾਰੇ। ਉਦਤਿ ਮੁਦਤਿ ਜਨੁ ਬਧਤਿ ਨਿਹਾਰੇ॥ ੧੧॥**

ਨਗਾਰੇ ਦੀ ਧੁਨੀ ਸੁਣਨ ਵਾਸਤੇ ਬਹੁਤ ਇਸਤਰੀ ਪੁਰਸ਼ ਵੇਖਣ ਵਾਸਤੇ ਅੱਗੇ ਨਿਕਲਦੇ ਸਨ। ਕੋਈ ਬਾਰੀ ਵਿਚ ਖਲੋ ਜਾਂਦਾ ਸੀ ਤੇ ਕੋਈ ਦਰਵਾਜ਼ੇ ਵਿਚ ਖੜਾ ਹੋ ਜਾਂਦਾ ਸੀ। ਲੋਕ ਖੁਸ਼ੀ ਨਾਲ ਉੱਚੇ ਹੋ ਹੋ ਕੇ ਤੇ ਇਕ ਦੂਜੇ ਨਾਲੋਂ ਅੱਗੇ ਵੱਧ ਵੱਧ ਕੇ ਵੇਖਦੇ ਸਨ॥ ੧੧॥

ਸੰਧਜ ਸਮੈ ਪ੍ਰਵੇਸ਼ੇ ਆਇ। ਉਤਰੇ ਸਤਿਗੁਰ ਹਰਖ ਉਪਾਇ।
ਖਾਨ ਪਾਨ ਕਰਿ ਸੁਖ ਸੌਂ ਸੋਏ। ਨਿਜ ਨਿਜ ਸਦਨ ਥਿਰੇ ਸਭਿ ਕੋਏ॥ ੧੨॥

ਸ਼ਾਮ ਨੂੰ ਗੁਰੂ ਜੀ ਨਗਰੀ ਵਿਚ ਆ ਪ੍ਰਵੇਸ਼ੇ ਤੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਉਤਾਰਾ ਕਰ ਲਿਆ। ਫਿਰ ਖਾ ਪੀ ਕੇ ਸੁਖ ਨਾਲ ਸੌਂ ਗਏ ਤੇ ਬਾਕੀ ਸਾਰੇ ਆਪਣੇ ਘਰਾਂ ਵਿਚ ਪਹੁੰਚ ਗਏ॥ ੧੨॥

ਜਾਮ ਜਾਮਨੀ ਜਬਹੁੰ ਨਿਹਾਰੇ। ਨੌਬਤ ਬਜਨ ਲਗੀ ਗੁਰਦ੍ਵਾਰੇ।
ਸੁਨਤਿ ਰਬਾਬੀ ਚਲਿ ਕਰਿ ਆਏ। ਆਸਾਵਾਰ ਰਾਗ ਜੁਤਿ ਗਾਏ॥ ੧੩॥

ਜਦ ਪਹਿਰ ਰਾਤ ਰਹਿੰਦੀ ਵੇਖੀ ਤਾਂ ਗੁਰਦੁਆਰੇ ਵਿਚ ਨਗਾਰੇ ਵੱਜਣ ਲੱਗੇ। ਇਹ ਸੁਣ ਕੇ ਰਬਾਬੀ ਚਲ ਕੇ ਆਏ ਤੇ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ॥ ੧੩॥

ਸਿਖ ਸੰਗਤਿ ਜਹਿਂ ਕਹਿਂ ਗਨ ਜਾਗੇ। ਗੁਰਬਾਣੀ ਕੋ ਪਢਿਬੇ ਲਾਗੇ।
ਜਿਤ ਕਿਤ ਭਜਨ ਹੋਤਿ ਜੈਕਾਰ। ਮਨਹੁਂ ਬਿਸ਼ਨੁ ਗਨ ਸੁਰਨਿ ਮਝਾਰ॥ ੧੪॥

ਜਿੱਥੇ ਕਿੱਥੇ ਸਿੱਖ ਸੰਗਤ ਜਾਗ ਪਈ ਤੇ ਗੁਰਬਾਣੀ ਪੜ੍ਹਨ ਲੱਗੇ, ਜਿੱਥੇ ਕਿੱਥੇ ਭਜਨ ਦੀ ਜੈ ਜੈ ਕਾਰ ਹੋ ਰਹੀ ਸੀ ਮਾਨੋ ਵਿਸ਼ਨੂੰ ਜੀ ਸਮੂਹ ਦੇਵਤਿਆਂ ਵਿਚ ਬਿਰਾਜਮਾਨ ਸਨ॥ ੧੪॥

ਸੌਚ ਸ਼ਨਾਨ ਠਾਨਿ ਗੋਸਾਈਂ। ਆਸਨ ਥਿਰੇ ਸਮਾਧਿ ਲਗਾਈ।
ਅਰਣੋਦੈ ਲਖਿ ਕਰਿ ਭੁਨਸਾਰੇ। ਭਾਟ ਪੌਰ ਕੇ ਥਿਰੇ ਅਗਾਰੇ॥ ੧੫॥

ਗੁਰੂ ਜੀ ਨੇ ਸ਼ੌਚ ਇਸ਼ਨਾਨ ਕੀਤਾ ਤੇ ਆਸਣ ਵਿਚ ਟਿਕ ਕੇ ਸਮਾਧੀ ਲਾਈ। ਫਿਰ ਸਵੇਰੇ ਸੂਰਜ ਉਦੈ ਹੋਇਆ ਜਾਣਕੇ ਭੱਟ ਦਰਵਾਜ਼ੇ ਦੇ ਅੱਗੇ ਆ ਖੜੇ ਹੋਏ॥ ੧੫॥

ਗੁਰ ਕੋ ਸੁਜਸੁ ਕਬਿੱਤ ਬਨਾਏ। ਊਚੇ ਅਧਿਕ ਉਚਾਰਿ ਸੁਨਾਏ।
ਖਰੋ ਨਕੀਬ ਪੁਕਾਰਿ ਅਵਾਜੇ। 'ਮਹਾਰਾਜ ਰਾਜਨ ਪਤਿ ਰਾਜੇ! ॥ ੧੬॥

ਗੁਰੂ ਜੀ ਦੇ ਸ੍ਰੇਸ਼ਟ ਜੱਸ ਵਿਚ ਉਨ੍ਹਾਂ ਕਬਿੱਤ ਬਣਾਏ ਸਨ, ਉਹ ਉਨ੍ਹਾਂ ਨੇ ਬੜੀ ਉੱਚੀ ਆਵਾਜ਼ ਵਿਚ ਉਚਾਰਨ ਕਰਕੇ ਸੁਣਾਏ। ਨਕੀਬ ਖੜਾ ਹੋ ਕੇ ਉੱਚੀ-ਉੱਚੀ ਸੁਣਾਉਣ ਲੱਗਾ, "ਮਹਾਰਾਜ ਰਾਜਿਆਂ ਦੇ ਵੀ ਰਾਜੇ ਹਨ॥ ੧੬॥

ਪੂਰਨ ਗੁਰ ਸਾਹਿਬ ਅਵਤਾਰੀ! ਜਿਨਕੋ ਨਿਵਹਿ ਤ੍ਰਿਲੋਕੀ ਸਾਰੀ'।
ਘਰਿਆਵਲ ਬਾਜਤਿ ਠਨਕਾਰਾ। ਗਰਜ ਉਠਯੋ ਰਣਜੀਤ ਨਗਾਰਾ॥ ੧੭॥

ਗੁਰੂ ਸਾਹਿਬ ਪੂਰਨ ਅਵਤਾਰ ਹਨ ਜਿਨ੍ਹਾਂ ਦੇ ਅੱਗੇ ਤਿੰਨ ਲੋਕ ਨਿਉਂਦੇ ਹਨ।" ਘੜਿਆਲਾਂ ਦੀ ਠਨਕਾਰ ਵੱਜਦੀ ਹੈ ਤੇ ਰਣਜੀਤ ਨਗਾਰਾ ਵੀ ਗੱਜ ਉਠਿਆ॥ ੧੭॥

ਇਮ ਬਹੁ ਥਾਨ ਕੁਲਾਹਲ ਹੋਵਾ। ਸੂਰਜ ਉਦੈ ਭਯੋ ਸਭਿ ਜੋਵਾ।
ਸਤਿਗੁਰ ਬਸਤ੍ਰ ਸ਼ਸਤ੍ਰ ਤਨ ਧਾਰੇ। ਸਾਵਧਾਨ ਬਨਿ ਨਿਕਸੇ ਦ੍ਵਾਰੇ॥ ੮॥

ਇਸ ਤਰ੍ਹਾਂ ਬਹੁਤ ਥਾਵਾਂ ਤੇ ਕੁਲਾਹਲ ਹੋਇਆ, ਸੂਰਜ ਉਦੈ ਹੁੰਦੇ ਨੂੰ ਸਭ ਨੇ ਵੇਖਿਆ। ਸਤਿਗੁਰੂ ਜੀ ਨੇ ਫਿਰ ਵਸਤਰ ਸ਼ਸਤਰ ਤਨ 'ਤੇ ਧਾਰਨ ਕੀਤੇ ਤੇ ਸਾਵਧਾਨ ਹੋ ਕੇ ਦਰਵਾਜ਼ੇ ਤੇ ਨਿਕਲੇ॥ ੧੮॥

ਸਭਾ ਸਦਨ ਮਹਿਂ ਪਹੁਚੇ ਜਾਇ। ਝੁਲਤਿ ਕਲਗੀ ਅਨੰਦ ਵਧਾਇ।
ਫਰਸ਼ ਮਖ਼ਮਲੀ ਪਰ ਸਿੰਘਾਸਨ। ਬੈਠੇ ਗੁਰੂ ਸ਼ੁਭਤਿ ਸ਼ੁਭ ਆਸਨ॥ ੧੯॥

ਤੇ ਸਭਾ ਵਾਲੇ ਸਥਾਨ ਤੇ ਜਾ ਪਹੁੰਚੇ। ਝੂਲਦੀ ਹੋਈ ਕਲਗ਼ੀ ਅਨੰਦ ਵਧਾਉਂਦੀ ਸੀ। ਮਖ਼ਮਲੀ ਫਰਸ਼ ਉੱਤੇ ਸਿੰਘਾਸਣ ਲੱਗਾ ਸੀ ਤੇ ਗੁਰੂ ਜੀ ਸ਼ੁਭ ਆਸਣ 'ਤੇ ਬੈਠੇ ਹੋਏ ਸ਼ੋਭ ਰਹੇ ਸਨ॥ ੧੯॥

**ਪਾਂਚਹੁੰ ਭ੍ਰਾਤਾ ਬੀਰ ਬਿਲੰਦ। ਬ੍ਰਿੰਦ ਮਸੰਦ ਬੰਦ ਕਰ ਬੰਦਿ।**
**ਮਾਤੁਲ ਪੁਨ ਕ੍ਰਿਪਾਲ ਕਰਿ ਬੰਦਨ। ਸੂਰਜਮਲ ਕੇ ਨੰਦਨ ਨੰਦਨ॥ ੨੦॥**

ਪੰਜੇ ਵੱਡੇ ਸੂਰਬੀਰ ਭਰਾ ਅਤੇ ਬਹੁਤ ਮਸੰਦ ਹੱਥ ਜੋੜ ਕੇ ਬੰਦਨਾਂ ਕਰਦੇ ਹਨ। ਫਿਰ ਮਾਮਾ ਕਿਰਪਾਲ ਚੰਦ ਜੀ ਨੇ ਬੰਦਨਾਂ ਕੀਤੀ। ਸੂਰਜਮਲ ਦੇ ਦੋਵੇਂ ਪੋਤਰੇ ਵੀ ਆ ਗਏ॥ ੨੦॥

**ਇੱਤਯਾਦਿਕ ਸਭਿ ਸਭਾ ਪ੍ਰਵਾਰਤਿ। ਮਨਹੁੰ ਚੰਦ ਉਡਗਨਿ ਦੁਤਿ ਧਾਰਤਿ।**
**ਚਮਕਤਿ ਚਾਮਰ ਚਾਰੁ ਢੁਰੰਤਿ। ਜਨੁ ਰਵਿ ਕਿਰਨ ਨਿਕਰ ਨਿਯਰੰਤਿ॥ ੨੧॥**

ਇਸ ਤਰ੍ਹਾਂ ਸਾਰੇ ਸਭਾ ਵਿਚ ਗੁਰੂ ਜੀ ਦੇ ਆਲੇ ਦੁਆਲੇ ਬੈਠੇ ਸਨ, ਮਾਨੋ ਚੰਦ ਤਾਰਿਆਂ ਦੇ ਵਿਚ ਸ਼ੋਭਾ ਪਾ ਰਿਹਾ ਹੋਵੇ। ਸੁੰਦਰ ਚੌਰ ਫਿਰਦਾ ਹੋਇਆ ਇੰਞ ਚਮਕ ਰਿਹਾ ਸੀ ਮਾਨੋਂ ਸੂਰਜ ਦੀਆਂ ਸਾਰੀਆਂ ਕਿਰਨਾਂ ਨੇੜੇ ਆ ਰਹੀਆਂ ਸਨ॥ ੨੧॥

**ਕੰਚਨ ਰਜਤ ਛਰੀ ਕਰ ਧਰੇ। ਇਕ ਦਿਸ਼ਿ ਗੁਰ ਢਿਗ ਦੇਖਹਿਂ ਖਰੇ।**
**ਦਰਸ਼ਨ ਕਾਂਖੀ ਦਿਨ ਪ੍ਰਤਿ ਆਵਹਿਂ। ਲਗਹਿ ਸਭਾ ਤਬਿ ਦੇਖਨਿ ਪਾਵਹਿਂ॥੨੨॥**

ਨਕੀਬ ਸੋਨੇ ਚਾਂਦੀ ਦੀ ਮੁੱਠੀ ਵਾਲੀਆਂ ਸੋਟੀਆਂ ਹੱਥ ਵਿਚ ਫੜ ਕੇ ਇਕ ਪਾਸੇ ਖੜੇ ਹੋ ਕੇ ਗੁਰੂ ਜੀ ਨੂੰ ਵੇਖ ਰਹੇ ਸਨ। ਦਰਸ਼ਨ ਦੇ ਅਭਿਲਾਸ਼ੀ ਪ੍ਰਤੀ ਦਿਨ ਆਉਂਦੇ ਸਨ, ਜਦ ਸਭਾ ਲਗਦੀ ਸੀ ਤਾਂ ਫਿਰ ਦਰਸ਼ਨ ਪਾਉਂਦੇ ਸਨ॥ ੨੨॥

**ਗੁਰ ਦਰਬਾਰ ਭਯੋ ਜਬਿ ਭਾਰੀ। ਅਨਿਕ ਅਕੋਰਹਿਂ ਅਰਪਿ ਅਗਾਰੀ।**
**ਡੇਢ ਜਾਮ ਜਬਿ ਬੈਠਿ ਬਿਤਾਯੋ। ਦ੍ਵਾਰਪਾਲ ਤਬਿ ਅੰਤਰ ਆਯੋ॥ ੨੩॥**

ਜਦ ਗੁਰੂ ਜੀ ਦਾ ਭਾਰੀ ਦਰਬਾਰ ਲੱਗ ਗਿਆ ਤਾਂ ਅਨੇਕਾਂ ਸ਼ਰਧਾਲੂ ਅੱਗੇ ਉਪਹਾਰ ਅਰਪਣ ਕਰ ਰਹੇ ਸਨ। ਡੇਢ ਪਹਿਰ ਜਦ ਬੈਠ ਕੇ ਬਤੀਤ ਕੀਤਾ। ਦਵਾਰਪਾਲ ਤਦ ਅੰਦਰ ਆਇਆ॥ ੨੩॥

**ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਚੋਬਦਾਰ ਇਕ ਪੌਰ ਅਗਾਰੀ।**
**ਭੀਮਚੰਦ ਕੌ ਆਇ ਵਜ਼ੀਰ। ਮਿਲਯੋ ਚਹੈ ਰਾਵਰ ਕੇ ਤੀਰ॥ ੨੪॥**

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਮੁਖ ਦਰਵਾਜ਼ੇ ਅੱਗੇ ਖੜਾ ਇਕ ਚੋਬਦਾਰ ਦੱਸਦਾ ਹੈ ਕਿ ਰਾਜੇ ਭੀਮ ਚੰਦ ਦਾ ਵਜ਼ੀਰ ਆਇਆ ਹੈ, ਉਹ ਆਪ ਜੀ ਨੂੰ ਮਿਲਣਾ ਚਾਹੁੰਦਾ ਹੈ॥ ੨੪॥

**ਤਿਹ ਸੁਧ ਕੋ ਸੋ ਚਲਿ ਕਰਿ ਆਯੋ'। ਸੁਨਿ ਕਲਗ਼ੀਧਰ ਬਚ ਫੁਰਮਾਯੋ।**
**'ਅਬਿ ਤਿਸ ਖਾਨ ਪਾਨ ਸੁਧਿ ਲੀਜੈ। ਆਛੇ ਥਾਨ ਸਿਵਰ ਕੋ ਦੀਜੈ॥ ੨੫॥**

ਉਸ ਵਜ਼ੀਰ ਦੀ ਖ਼ਬਰ ਦੇਣ ਵਾਸਤੇ ਉਹ ਚੋਬਦਾਰ ਚਲ ਕੇ ਆਇਆ ਹੈ।" ਇਹ ਸੁਣ ਕੇ ਕਲਗ਼ੀਧਰ ਨੇ ਬਚਨ ਕੀਤਾ, "ਹੁਣ ਉਸ ਵਜ਼ੀਰ ਅਤੇ ਉਸ ਦੇ ਅਮਲੇ ਦੀ ਖਾਣ-ਪੀਣ ਦੀ ਖਬਰ ਸਾਰ ਲਵੋ ਤੇ ਚੰਗੇ ਸਥਾਨ ਤੇ ਉਸਦਾ ਡੇਰਾ ਕਰਵਾ ਦੇਵੋ॥ ੨੫॥

**ਪਿਛਲੇ ਪਹਿਰ ਸਮੀਪ ਬੁਲਾਵੈਂ। ਤਿਸ ਕੀ ਮਸਲਤ ਸੁਨਿਤਿਂ ਸੁਨਾਵੈਂ'।**
**ਇਮ ਕਰਿ ਹੁਕਮ ਉਠੇ ਗੋਸਾਈਂ। ਸੁੰਦਰ ਸਦਨ ਪ੍ਰਵੇਸ਼ੇ ਜਾਈ॥ ੨੬॥**

ਪਿਛਲੇ ਪਹਿਰ ਪਾਸ ਬੁਲਾਵਾਂਗੇ, ਉਸ ਦੀ ਸਲਾਹ ਸੁਣ ਕੇ ਫਿਰ ਆਪਣੀ ਸੁਣਾਵਾਂਗੇ।" ਇਸ ਤਰ੍ਹਾਂ ਹੁਕਮ ਕਰਕੇ ਗੁਰੂ ਜੀ ਉੱਠ ਪਏ ਤੇ ਸੁੰਦਰ ਸਦਨ ਵਿਚ ਪ੍ਰਵੇਸ਼ ਕਰ ਗਏ॥ ੨੬॥

ਖਾਨ ਪਾਨ ਕਰਿ ਦਿਵਸ ਢਰਾਯਹੁ। ਸੌਚ ਸ਼ਨਾਨ ਕਰਨਿ ਮਨ ਭਾਯਹੁ।
ਜਾਮ ਦਿਵਸ ਬਾਕੀ ਜਬਿ ਰਹਜੋ। ਸੋ ਵਜ਼ੀਰ ਬੁਲਵਾਵਨਿ ਚਹਜੋ॥ ੨੭॥

ਖਾ ਪੀ ਕੇ ਦਿਨ ਢਲ ਗਿਆ, ਫਿਰ ਗੁਰੂ ਜੀ ਦਾ ਸੌਚ ਇਸ਼ਨਾਨ ਕਰਨ ਵਾਸਤੇ ਦਿਲ ਕੀਤਾ। ਜਦ ਪਹਿਰ ਦਿਨ ਬਾਕੀ ਰਹਿ ਗਿਆ ਤਾਂ ਉਸ ਵਜ਼ੀਰ ਨੂੰ ਬੁਲਾਉਣਾ ਚਾਹਿਆ॥ ੨੭॥

ਸਭਾ ਥਾਨ ਮਹਿਂ ਬੈਠਿ ਕ੍ਰਿਪਾਲਾ। ਥਿਰੇ ਆਇ ਸਭਿ ਆਦਿ ਕ੍ਰਿਪਾਲਾ।
ਨੰਦ ਚੰਦ ਤੇ ਆਦਿ ਮਸੰਦ। ਲਾਗਜੋ ਗੁਰ ਦਰਬਾਰ ਬਿਲੰਦ॥ ੨੮॥

ਸਭਾ ਵਾਲੇ ਸਥਾਨ ਤੇ ਕ੍ਰਿਪਾਲੂ ਗੁਰੂ ਜੀ ਬੈਠ ਗਏ ਤੇ ਮਾਮਾ ਕ੍ਰਿਪਾਲ ਚੰਦ ਆਦਿ ਵੀ ਆ ਕੇ ਬੈਠ ਗਏ। ਨੰਦ ਚੰਦ ਤੇ ਹੋਰ ਜਿਹੜੇ ਮਸੰਦ ਆਦਿ ਸਨ ਉਹ ਵੀ ਆ ਗਏ। ਮਹਾਨ ਗੁਰ ਦਰਬਾਰ ਲੱਗ ਗਿਆ॥ ੨੮॥

ਨਰ ਪਠਿ ਲਿਯੋ ਬੁਲਾਇ ਵਜ਼ੀਰ। ਕਰਿ ਬੰਦਨ ਬੈਠਜੋ ਪ੍ਰਭੁ ਤੀਰ।
ਕਰ ਤੇ ਅਰਪਿ ਅਕੋਰ ਅਗਾਰੀ। ਨਮੋ ਨ੍ਰਿਪਤਿ ਕਰ ਜੋਰਿ ਉਚਾਰੀ॥ ੨੯॥

ਸੇਵਕ ਨੂੰ ਭੇਜ ਕੇ ਵਜ਼ੀਰ ਨੂੰ ਬੁਲਾ ਲਿਆ, ਉਹ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ। ਹੱਥ ਨਾਲ ਉਪਹਾਰ ਅੱਗੇ ਅਰਪਣ ਕੀਤੇ ਤੇ ਹੱਥ ਜੋੜ ਕੇ ਰਾਜੇ ਵਲੋਂ ਵੀ ਨਮਸਕਾਰ ਉਚਾਰਨ ਕੀਤੀ॥ ੨੯॥

ਸਤਿਗੁਰ ਕੁਸ਼ਲ ਬੂਝਨਾ ਕੀਨੀ। ਨਿੰਮ੍ਰ ਹੋਇ ਤਿਨ ਸਭਿ ਕਹਿ ਦੀਨੀ।
'ਪ੍ਰਭੁ ਜੀ ! ਤੁਮਰੋ ਸੁਨਜੋ ਨਗਾਰਾ। ਮਹਿਪਾਲਕ ਸੰਸੈ ਮਨ ਧਾਰਾ॥ ੩੦॥

ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ, ਸਨਿਮਰ ਹੋ ਕੇ ਵਜ਼ੀਰ ਨੇ ਸਭ ਕਹਿ ਦਿੱਤੀ, "ਹੇ ਪ੍ਰਭੂ ਜੀ ! ਤੁਹਾਡੇ ਨਗਾਰੇ ਦੀ ਆਵਾਜ਼ ਸੁਣੀ ਹੈ, ਰਾਜੇ ਨੇ ਮਨ ਵਿਚ ਸ਼ੰਕਾ ਧਾਰਨ ਕੀਤਾ ਹੈ॥ ੩੦॥

ਮੋ ਕਉ ਸੁਧਿ ਰਾਵਰ ਕੀ ਹੁਤੀ। ਕਹਿ ਕਰਿ ਸਮੁਝਾਯੋ ਗਿਰ ਪਤੀ।
ਸੁਨਤਿ ਸੁਜਸੁ ਕੋ ਬਹੁਤ ਅਨੰਦਾ। ਮਧੁਰ ਸ਼ਬਦ ਘਨ ਮੋਰ ਮਨਿੰਦਾ॥ ੩੧॥

ਮੈਨੂੰ ਆਪ ਜੀ ਦੇ ਬਾਰੇ ਪੂਰੀ ਜਾਣਕਾਰੀ ਸੀ ਤੇ ਮੈਂ ਰਾਜੇ ਨੂੰ ਕਹਿ ਕੇ ਸਮਝਾਇਆ ਹੈ। ਉਹ ਤੁਹਾਡਾ ਸ੍ਰੇਸ਼ਟ ਜੱਸ ਸੁਣ ਕੇ ਬਹੁਤ ਪ੍ਰਸੰਨ ਹੋਏ ਹਨ, 'ਜਿਵੇਂ ਮੋਰ ਬੱਦਲ ਨੂੰ ਵੇਖ ਕੇ ਪ੍ਰਸੰਨ ਹੋ ਕੇ ਬੋਲਦਾ ਹੈ, ਉਸ ਤਰ੍ਹਾਂ ਉਨ੍ਹਾਂ ਨੇ ਤੁਹਾਡਾ ਜੱਸ ਸੁਣ ਕੇ ਮਿੱਠੇ ਬਚਨ ਕਹੇ ਹਨ॥ ੩੧॥

ਅਭਿਲਾਖਤਿ ਚਿਤ ਦਰਸ ਤੁਮਾਰਾ। ਮੋਹਿ ਪਠਾਯੋ ਏਵ ਉਚਾਰਾ।
ਉਤ ਗੁਰ ਕੋ ਘਰ, ਇਤ ਹਮ ਰਾਜੇ। ਨਿਕਟਿ ਬਸਨਿ ਤੇ ਪੁਰਵਹਿਂ ਕਾਜੇ॥ ੩੨॥

ਆਪਣੇ ਚਿੱਤ ਵਿਚ ਤੁਹਾਡੇ ਦਰਸ਼ਨਾਂ ਦੀ ਅਭਿਲਾਖਾ ਕਰਦੇ ਹਨ, ਮੈਨੂੰ ਭੇਜ ਕੇ ਇੰਝ ਉਚਾਰਨ ਕੀਤਾ ਹੈ, "ਓਧਰ ਗੁਰੂ ਜੀ ਦਾ ਘਰ ਹੈ, ਏਧਰ ਅਸੀਂ ਰਾਜੇ ਹਾਂ, ਪਾਸ ਰਹਿ ਕੇ ਆਪਣੇ ਕਾਰਜ ਪੂਰੇ ਕਰਾਂਗੇ॥ ੩੨॥

ਹਮਰੋ, ਕਿਧੌਂ ਗੁਰੂ ਕੋ ਹੋਇ। ਕਰਹਿਂ ਸੁਧਾਰਹਿਂ ਮਿਲਿ ਦਿਸ਼ਿ ਦੋਇ।
ਇੱਤਜਾਦਿਕ ਲਖਿ ਲਾਭ ਬਿਸਾਲਾ। ਚਹਤਿ ਮੇਲ ਨਿਤ ਕੋ ਮਹਿਪਾਲਾ॥ ੩੩॥

ਸਾਡਾ ਜਾਂ ਗੁਰੂ ਜੀ ਦਾ ਕਾਰਜ ਹੋਵੇ, ਦੋਵੇਂ ਪਾਸੇ ਆਪਸ ਵਿਚ ਮਿਲ ਕੇ ਸੁਧਾਰ ਲਵਾਂਗੇ।" ਇਸ ਪ੍ਰਕਾਰ ਵਿਸ਼ਾਲ ਲਾਭ ਸਮਝ ਕੇ, ਰਾਜਾ ਸਦਾ ਲਈ ਮੇਲ ਕਰਨਾ ਚਾਹੁੰਦੇ ਹਨ॥ ੩੩॥

ਆਵਤਿ ਕਉ ਸਨਮਾਨ ਬਖਾਨਹੁ। ਬਧਹਿ ਪ੍ਰੇਮ ਜਿਮ ਕਰੁਨਾ ਠਾਨਹੁ।
ਸ਼੍ਰੀ ਕਲਗ਼ੀਧਰ ਕੋ ਰੁਖ ਪਾਇ। ਮਾਤੁਲ ਉੱਤਰ ਦਿਯਸਿ ਬਨਾਇ॥ ੩੪॥

ਆਉਂਦੇ ਦਾ ਸਨਮਾਨ ਕਰੋ, ਜਿਵੇਂ ਵੀ ਪ੍ਰੇਮ ਵਧੇ ਉਸ ਤਰ੍ਹਾਂ ਹੀ ਕਿਰਪਾ ਕਰੋ।" ਸ੍ਰੀ ਕਲਗੀਧਰ ਜੀ ਦਾ ਰੁਖ਼ ਵੇਖ ਕੇ, ਮਾਮਾ ਜੀ ਨੇ ਬਣਾ ਕੇ ਉੱਤਰ ਦਿੱਤਾ॥ ੩੪॥

'ਜੇ ਪ੍ਰੇਮੀ ਗੁਰ ਘਰ ਕੋ ਹੋਇ। ਆਦਰ ਕਜੋਂ ਨ ਪਾਇ ਢਿਗ ਸੋਇ।
ਜਥਾ ਭਾਵਨਾ ਰਿਦੇ ਉਠਾਵੈ। ਸ੍ਰੀ ਸਤਿਗੁਰ ਤੇ ਤਤਛਿਨ ਪਾਵੈ॥ ੩੫॥

"ਜਿਹੜਾ ਵੀ ਗੁਰੂ ਘਰ ਦਾ ਪ੍ਰੇਮੀ ਹੋਵੇ, ਉਹ ਪਾਸ ਆ ਕੇ ਕਿਵੇਂ ਆਦਰ ਨਹੀਂ ਪਾਵੇਗਾ। ਜੈਸੀ ਵੀ ਕੋਈ ਹਿਰਦੇ ਵਿਚ ਭਾਵਨਾ ਰੱਖਦਾ ਹੈ, ਵੈਸਾ ਹੀ ਪ੍ਰਤੀਕਰਮ ਉਹ ਸਤਿਗੁਰੂ ਜੀ ਪਾਸੋਂ ਤੁਰਤ ਪ੍ਰਾਪਤ ਕਰ ਲੈਂਦਾ ਹੈ॥ ੩੫॥

ਇਹ ਤੌ ਕ੍ਰਿਪਾ ਸਕਲ ਪਰ ਧਰੈਂ। ਰੰਕ ਰਾਵ ਕੀ ਕਾਮਨ ਪੂਰੈਂ।
ਭੀਮਚੰਦ ਕਹਿਲੂਰੀ ਰਾਜਾ। ਦੁਤਿਯੋ ਗੁਰੂ ਪ੍ਰੇਮ ਉਪਰਾਜਾ॥ ੩੬॥

ਸਤਿਗੁਰੂ ਜੀ ਤਾਂ ਸਭ ਉੱਤੇ ਕ੍ਰਿਪਾ ਧਾਰਨ ਕਰਦੇ ਹਨ, ਰਾਜਾ ਪਰਜਾ ਸਭ ਦੀ ਕਾਮਨਾ ਪੂਰੀ ਕਰਦੇ ਹਨ। ਭੀਮਚੰਦ ਕਹਿਲੂਰ ਦਾ ਰਾਜਾ ਹੈ, ਦੂਸਰਾ ਗੁਰੂ ਪ੍ਰੇਮ ਉਤਪੰਨ ਹੋਇਆ ਹੈ॥ ੩੬॥

ਤ੍ਰਿਤੀਏ ਬਾਸ ਸਮੀਪ ਸਦੀਵਾ। ਮਿਲਿਨਿ ਸ ਹਿਤ ਪੁਨ ਕਰਿ ਮਨ ਨੀਵਾ।
ਇੱਤਜਾਦਿਕ ਗੁਨ ਘਨੇ ਬਿਚਾਰਹੁ। ਆਵਹੁ ਭਲੀ ਬਾਤ ਨਿਰਧਾਰਹੁ' ॥ ੩੭॥

ਤੀਸਰਾ ਸਦਾ ਨਜ਼ਦੀਕ ਵਾਸਾ ਹੈ, ਹਿਤ ਨਾਲ ਮਿਲਣਾ ਚਾਹੁੰਦਾ ਹੈ ਤੇ ਫਿਰ ਮਨ ਨੀਵਾਂ ਕੀਤਾ ਹੈ। ਇਸ ਤਰ੍ਹਾਂ ਦੇ ਵੱਡੇ ਗੁਣ ਭਲੀ ਪ੍ਰਕਾਰ ਵਿਚਾਰ ਕਰੋ ਤੇ ਆ ਕੇ ਭਲੀ ਗੱਲ ਨਿਰਧਾਰਤ ਕਰੋ"॥ ੩੭॥

ਮੁਸਕਾਵਤਿ ਕਲਗੀਧਰ ਕਹਜੋ। 'ਗਿਰਪਤਿ ਸ਼ੌਕ ਕਾਹਿ ਬਹੁ ਲਹਜੋ?
ਕਰਨਿ ਅਖੇਰ ਕਿਤਿਕ ਮਨ ਭਾਵੈ? ਕੈਸੇ ਅਸੁ ਪਰ ਚਢਨਿ ਸੁਹਾਵੈ?॥ ੩੮॥

ਫਿਰ ਮੁਸਕਰਾ ਕੇ ਸ੍ਰੀ ਕਲਗੀਧਰ ਜੀ ਨੇ ਕਿਹਾ, "ਰਾਜੇ ਨੂੰ ਕਿਸ ਗੱਲ ਦਾ ਬਹੁਤ ਸ਼ੌਕ ਹੈ? ਸ਼ਿਕਾਰ ਖੇਡਣਾ ਮਨ ਨੂੰ ਕਿੰਨਾ ਕੁ ਚੰਗਾ ਲੱਗਦਾ, ਕੈਸੇ ਘੋੜੇ ਉੱਤੇ ਚੜ੍ਹ ਕੇ ਸ਼ੋਭਦਾ ਹੈ?॥ ੩੮॥

ਕਿਸ ਆਯੁਧ ਕੋ ਹੈ ਅੱਭਜਾਸਾ? ਰਖਹਿ ਤੁਫੰਗ, ਕਿ ਚਾਂਪ ਸੁ ਪਾਸਾ?।
ਕੌਨ ਸੁ ਥਲ ਮਹਿਂ ਸੁਨਜੋਂ ਨਗਾਰਾ? ਜਿਸਤੇ ਆਵਨਿ ਕੋ ਮਨ ਧਾਰਾ' ॥ ੩੯॥

ਕਿਸ ਹਥਿਆਰ ਦਾ ਉਸ ਨੂੰ ਜ਼ਿਆਦਾ ਅਭਿਆਸ ਹੈ? ਆਪਣੇ ਪਾਸ ਬੰਦੂਕ ਰੱਖਦਾ ਹੈ ਕਿ ਤੀਰ ਕਮਾਨ? ਕਿਹੜੇ ਸਥਾਨ ਤੇ ਨਗਾਰਾ ਵੱਜਦਾ ਸੁਣਿਆ ਹੈ? ਜਿਸ ਕਰਕੇ ਆਉਣ ਵਾਸਤੇ ਮਨ ਵਿਚ ਧਾਰਨ ਕੀਤਾ ਹੈ"॥ ੩੯॥

ਹਾਥ ਜੋਰਿ ਕਹਿ ਅਰਜ਼ ਵਜ਼ੀਰ। 'ਗਿਰਪਤਿ ਭੀਮਚੰਦ ਬਰ ਬੀਰ।
ਸੈਲਪਤੀ ਸਭਿ ਆਇਸੁ ਮਾਨਹਿਂ। ਸੁਮਤਿਵੰਤ ਅਤਿ ਮਸਲਤ ਠਾਨਹਿਂ ॥੪੦॥

ਹੱਥ ਜੋੜ ਕੇ ਵਜ਼ੀਰ ਨੇ ਬੇਨਤੀ ਕੀਤੀ, "ਰਾਜਾ ਭੀਮਚੰਦ ਵੱਡਾ ਸੂਰਬੀਰ ਹੈ। ਸਾਰੇ ਪਹਾੜੀ ਰਾਜੇ ਉਸ ਦੀ ਆਗਿਆ ਮੰਨਦੇ ਹਨ। ਅਤਿ ਬੁਧੀਵਾਨ ਰਾਜੇ ਵੀ ਉਸ ਦੀ ਸਲਾਹ ਵਰਤਦੇ ਹਨ॥ ੪੦॥

ਰਾਜਨੀਤਿ ਮਹਿਂ ਨਿਪੁਨ ਬਿਸਾਲਾ। ਸਭਿ ਤੇ ਅਧਿਕ ਚਮੂੰ ਤਿਸ ਨਾਲਾ।
ਕਬਿ ਕਬਿ ਚਢਹਿ ਅਖੇਰ ਕਰਨਿ ਕੋ। ਬਹੁ ਅੱਭਜਾਸਤਿ ਸ਼ਸਤ੍ਰ ਧਰਨਿ ਕੋ ॥੪੧॥

ਰਾਜਨੀਤੀ ਵਿਚ ਬੜਾ ਪ੍ਰਬੀਨ ਹੈ, ਸਾਰੇ ਰਾਜਿਆਂ ਨਾਲੋਂ ਜ਼ਿਆਦਾ ਉਸ ਪਾਸ ਸੈਨਾ ਹੈ। ਕਦੀ-ਕਦੀ ਸ਼ਿਕਾਰ ਖੇਡਣ ਨੂੰ ਜਾਂਦਾ ਹੈ। ਉਹ ਬਹੁਤ ਅਭਿਆਸਤ ਸ਼ਸਤਰ ਧਾਰਨ ਕਰਦਾ ਹੈ॥ ੪੧॥

ਤੁਮ ਸ਼ਿਕਾਰਿ ਕੋ ਕਰਨਿ ਗਏ ਜਬਿ। ਨਿਜ ਗ੍ਰਾਮਨਿ ਮਹਿਂ ਨਿਕਟ ਹੁਤੋ ਤਬਿ।
ਦਿਹੁ ਆਗਯਾ ਅਬਿ ਲੈ ਕਰਿ ਆਊਂ। ਸੁਧ ਰਾਵਰ ਕੀ ਸਕਲ ਸੁਨਾਊਂ ॥੪੨॥

ਜਦ ਤੁਸੀਂ ਸ਼ਿਕਾਰ ਖੇਡਣ ਗਏ ਸੀ, ਉਸ ਸਮੇਂ ਉਹ ਆਪਣੇ ਪਿੰਡਾਂ ਵਿਚ ਨੇੜੇ ਹੀ ਮੌਜੂਦ ਸੀ। ਹੁਣ ਆਗਿਆ ਦੇਵੋਂ ਮੈਂ ਉਨ੍ਹਾਂ ਨੂੰ ਲੈ ਕੇ ਆਵਾਂ। ਆਪ ਜੀ ਬਾਰੇ ਸਾਰੀ ਜਾਣਕਾਰੀ ਮੈਂ ਉਸ ਨੂੰ ਸੁਣਾਵਾਂਗਾ" ॥ ੪੨ ॥

ਬਹੁ ਮੋਲਾ ਸਿਰੁਪਾਉ ਮੰਗਾਯੋ। ਕਰਿ ਗੁਰ ਹੁਕਮ ਵਜ਼ੀਰ ਦਿਵਾਯੋ।
ਕਰਿ ਬੰਦਨ ਕੋ ਰੁਖ਼ਸਦ ਹੋਯੋ। ਹਰਖਤਿ ਬਹੁ ਸੁਸ਼ੀਲ ਜੁਤਿ ਜੋਯੋ॥ ੪੩ ॥

ਗੁਰੂ ਜੀ ਨੇ ਬਹੁਤ ਕੀਮਤੀ ਸਿਰੋਪਾ ਮੰਗਵਾਇਆ ਤੇ ਹੁਕਮ ਕਰਕੇ ਗੁਰੂ ਜੀ ਨੇ ਵਜ਼ੀਰ ਨੂੰ ਦਵਾਇਆ। ਉਹ ਬੰਦਨਾ ਕਰਕੇ ਰੁਖ਼ਸਤ ਹੋਇਆ ਤੇ ਗੁਰੂ ਜੀ ਨੂੰ ਆਚਰਣਸ਼ੀਲ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੪੩ ॥

*ਪਹਿਲੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## ਅਧਿਆਇ ਅਠਾਈਵਾਂ

### ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ

ਦੋਹਰਾ- ਬਿਦਾ ਹੋਇ ਸਤਿਗੁਰੂ ਤੇ ਹਰਖਤਿ ਲੇ ਸਿਰੁਪਾਇ।
ਭੀਮ ਚੰਦ ਗਿਰ ਇੰਦ ਢਿਗ, ਗਾ ਵਜ਼ੀਰ ਉਤਲਾਇ॥ ੧ ॥

ਰਾਜੇ ਭੀਮ ਚੰਦ ਦਾ ਵਜ਼ੀਰ ਸਤਿਗੁਰੂ ਜੀ ਪਾਸੋਂ ਸਿਰੋਪਾ ਲੈ ਕੇ ਪ੍ਰਸੰਨ ਹੋ ਕੇ ਵਿਦਾ ਹੋਇਆ ਤੇ ਬੜਾ ਉਤਾਵਲਾ ਹੋ ਕੇ ਵਜ਼ੀਰ ਪਹਾੜੀ ਰਾਜੇ ਭੀਮ ਚੰਦ ਪਾਸ ਪਹੁੰਚ ਗਿਆ॥ ੧ ॥

ਚੌਪਈ- ਨਮੋ ਠਾਨਿ ਬੈਠਯੋ ਨ੍ਰਿਪ ਪਾਸੀ। ਗੁਰਨਿ ਬਾਰਤਾ ਸਕਲ ਪ੍ਰਕਾਸ਼ੀ।
'ਬਡ ਉਤਸਾਹਵੰਤਿ ਬਲਿ ਭਾਰੀ। ਅਜ਼ਮਤਿ ਜਾਗਤਿ ਜੋਤਿ ਉਦਾਰੀ॥੨ ॥

ਫਿਰ ਨਮਸਕਾਰ ਕਰਕੇ ਰਾਜੇ ਦੇ ਪਾਸ ਬੈਠ ਗਿਆ ਤੇ ਗੁਰੂ ਜੀ ਬਾਰੇ ਸਾਰੀ ਵਾਰਤਾ ਸੁਣਾਈ। ਵੱਡੇ ਉਤਸ਼ਾਹ ਵਾਲੇ ਭਾਰੀ ਬਲਵਾਨ ਹਨ ਤੇ ਕਰਾਮਾਤ ਦੀ ਸ੍ਰੇਸ਼ਟ ਜੋਤੀ ਜੱਗਦੀ ਹੈ॥ ੨ ॥

ਤੁਮਰੋ ਕਹਯੋ ਸ਼੍ਰਵਨਿ ਸੁਨਿ ਆਛੇ। ਜਥਾ ਜੋਗ ਉੱਤਰ ਦੇ ਪਾਛੇ।
ਸਾਦਰ ਮੁਲਾਕਾਤ ਠਹਿਰਾਈ। ਮਿਲਹੁ ਆਪ ਲਿਹੁ ਕਾਜ ਬਨਾਈ॥੩ ॥

ਤੁਹਾਡਾ ਕਿਹਾ ਹੋਇਆ ਕੰਨਾਂ ਨਾਲ ਚੰਗੀ ਤਰ੍ਹਾਂ ਸੁਣਿਆ ਹੈ ਤੇ ਯਥਾ ਯੋਗ ਬਾਅਦ ਵਿਚ ਉੱਤਰ ਦਿੱਤਾ ਹੈ, ਬੜੇ ਆਦਰ ਨਾਲ ਮੁਲਾਕਾਤ ਕੀਤੀ ਹੈ, ਆਪ ਜੀ ਮਿਲ ਕੇ ਆਪਣਾ ਕਾਰਜ ਬਣਾ ਲਵੋ॥ ੩ ॥

ਭੀਰ ਬਿਲੰਦ ਅਨੰਦ ਪੁਰਿ ਮਹੀਆ। ਉਤਰੀ ਚਮੂੰ ਸੁਭਟ ਜਹਿਂ ਕਹੀਆ।
ਸਿਖ ਸੰਗਤਿ ਸਭਿ ਦਿਸ਼ਿ ਤੇ ਆਵੈਂ। ਵਸਤੁ ਅਜਾਇਬ ਭੇਟ ਚਢਾਵੈਂ॥੪ ॥

ਅਨੰਦਪੁਰ ਵਿਚ ਵੱਡੀ ਭੀੜ ਲੱਗੀ ਰਹਿੰਦੀ ਹੈ ਤੇ ਸੂਰਮਿਆਂ ਦੀ ਸੈਨਾ ਜਿੱਥੇ ਕਿੱਥੇ ਉੱਤਰੀ ਹੈ। ਸਿੱਖ ਸੰਗਤ ਸਭ ਪਾਸਿਆਂ ਤੋਂ ਆਉਂਦੀ ਹੈ ਤੇ ਅਜੀਬ ਵਸਤਾਂ ਉਹ ਭੇਟਾ ਵਿਚ ਚੜ੍ਹਾਉਂਦੇ ਹਨ॥ ੪ ॥

ਪੂਰਵਹਿਂ ਮਨਹੁਂ ਕਾਮਨਾ ਸਭਿ ਕੀ। ਹਰਖ੍ਯੋ ਪਿਖੀ ਜੋਤਿ ਮੈਂ ਜਬਿਕੀ।
ਉਚਿਤ ਆਪਕੋ ਤੂਰਨ ਚਲੀਅਹਿ। ਰਿਦੇ ਭਾਉ ਧਰਿ ਗੁਰ ਸੰਗ ਮਿਲੀਅਹਿ' ॥੫॥

ਸਾਰਿਆਂ ਦੀ ਮਨੋਕਾਮਨਾ ਪੂਰੀ ਕਰਦੇ ਹਨ, ਮੈਂ ਜਦ ਦੀ ਜੋਤ ਵੇਖੀ ਹੈ, ਬਹੁਤ ਪ੍ਰਸੰਨ ਹੋ ਗਿਆ ਹਾਂ। ਆਪ ਜੀ ਨੂੰ ਛੇਤੀ ਚਲਣਾ ਚਾਹੀਦਾ ਹੈ, ਹਿਰਦੇ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਮਿਲੀਏ" ॥ ੫ ॥

ਗਿਰਪਤਿ ਸੁਨਿ ਅਨੰਦ ਕੋ ਪਾਯੋ। ਮਿਲਨਿ ਹੇਤੁ ਸਭਿ ਸਾਜ ਬਨਾਯੋ।
ਸੈਨਾ ਸਕਲ ਬਟੋਰਨਿ ਕੀਨਿ। ਬ੍ਰਿੰਦ ਮੁਸਾਹਿਬ ਕਰਿ ਸੰਗ ਲੀਨ॥ ੬॥

ਰਾਜੇ ਨੇ ਸੁਣ ਕੇ ਬੜਾ ਅਨੰਦ ਪਾਇਆ ਤੇ ਮਿਲਣ ਵਾਸਤੇ ਸਭ ਸਾਜ ਬਣਾਏ। ਸਾਰੀ ਸੈਨਾ ਇਕੱਠੀ ਕੀਤੀ ਤੇ ਬਹੁਤ ਮੁਸਾਹਿਬ ਆਪਣੇ ਨਾਲ ਲੈ ਲਏ॥ ੬॥

ਬਸਨ ਬਿਭੂਖਨਿ ਤਨ ਧਰਿ ਘਨੇ। ਤੀਰ ਤੁਫੰਗਨਿ ਆਯੁਧ ਸਨੇ।
ਇਮ ਲੇਕਰਿ ਭਟ ਭੀਰ ਬਿਸਾਲਾ। ਦੁਰਦ ਅਰੂਢਿ ਪੰਥ ਕੋ ਚਾਲਾ॥ ੭॥

ਸ੍ਰੇਸ਼ਟ ਵਸਤਰ ਗਹਿਣੇ ਸਰੀਰ 'ਤੇ ਧਾਰਨ ਕਰ ਲਏ ਤੇ ਤੀਰ ਕਮਾਨ, ਬੰਦੂਕ ਆਦਿ ਸ਼ਸਤਰ ਨਾਲ ਲੈ ਲਏ। ਇੰਝ ਸੂਰਮਿਆਂ ਦਾ ਵੱਡਾ ਹਜੂਮ ਨਾਲ ਲੈ ਲਿਆ ਤੇ ਹਾਥੀ ਤੇ ਚੜ੍ਹ ਕੇ ਰਾਹ ਵਿਚ ਚਲ ਪਿਆ॥ ੭॥

ਬਾਦਿਤ ਦੁੰਦਭਿ ਆਦਿ ਅਗਾਰੀ। ਬਜਹਿਂ, ਕੁਲਾਹਲ ਘਾਲਤਿ ਭਾਰੀ।
ਭੀਮਚੰਦ ਉਤਸਾਹਿਤਿ ਆਯੋ। ਚਲਤਿ ਅਨੰਦਪੁਰਾ ਨਿਯਰਾਯੋ॥ ੮॥

ਅੱਗੇ-ਅੱਗੇ ਨਗਾਰੇ ਵੱਜਦੇ ਜਾਂਦੇ ਸਨ, ਜਿਨ੍ਹਾਂ ਦੇ ਵੱਜਣ ਨਾਲ ਵੱਡਾ ਸ਼ੋਰ ਮਚਿਆ ਹੋਇਆ ਸੀ। ਭੀਮ ਚੰਦ ਬੜਾ ਉਤਾਵਲਾ ਹੋ ਕੇ ਆਇਆ ਤੇ ਚਲਦਾ-ਚਲਦਾ ਅਨੰਦਪੁਰ ਨੇੜੇ ਆ ਗਿਆ॥ ੮॥

ਪਹੁੰਚਿ ਗੁਰੂ ਢਿਗ ਨਰ ਸੁਧਿ ਦੀਨ। ਨੰਦ ਚੰਦ ਤਬਿ ਭੇਜਨ ਕੀਨਿ।
'ਜਾਹੁ ਅੱਗ੍ਰ ਸਨਮਾਨਤਿ ਆਨਹੁ। ਆਛੇ ਥਾਨ ਉਤਾਰਨ ਠਾਨਹੁ॥ ੯॥

ਇਕ ਮਨੁੱਖ ਨੇ ਗੁਰੂ ਜੀ ਪਾਸ ਪਹੁੰਚ ਕੇ ਖ਼ਬਰ ਦਿੱਤੀ। ਤਦ ਗੁਰੂ ਜੀ ਨੇ ਭਾਈ ਨੰਦ ਚੰਦ ਨੂੰ ਭੇਜਿਆ ਤੇ ਕਿਹਾ, "ਜਾਓ ਅਗੋਂ ਮਿਲ ਕੇ ਸਨਮਾਨ ਨਾਲ ਲਿਆਵੋ ਤੇ ਚੰਗੇ ਥਾਂ 'ਤੇ ਉਤਾਰਾ ਕਰਵਾਉ॥ ੯॥

ਗੁਰ ਘਰ ਤੇ ਬਹੁ ਰਸਤ ਪੁਚਾਵਹੁ। ਘ੍ਰਿਤ ਮਿਸ਼ਟਾਨ ਅਧਿਕ ਲੇ ਜਾਵਹੁ।
ਵਾਹਿਨ ਗਨ ਕੋ ਦਿਹੁ ਤ੍ਰਿਣ ਦਾਨਾ। ਬਿਨ ਜਾਚੇ ਪਹੁਂਚਾਇ ਮਹਾਨਾ॥੧੦॥

ਗੁਰੂ ਘਰ ਤੋਂ ਬਹੁਤ ਰਸਦ ਪਹੁੰਚਾਵੋ ਤੇ ਘਿਉ ਖੰਡ ਬਹੁਤ ਲੈ ਜਾਵੋ। ਸਾਰੇ ਘੋੜਿਆਂ ਅਤੇ ਹਾਥੀਆਂ ਵਾਸਤੇ ਘਾਹ ਅਤੇ ਦਾਣੇ ਦੇਵੋ, ਮੰਗਣ ਤੋਂ ਬਗ਼ੈਰ ਹੀ ਵਾਧੂ ਰਸਦ ਪਹੁੰਚਾ ਦੇਵੋ॥ ੧੦॥

ਲਿਹੁ ਮਾਤੁਲ ਕੋ ਸੰਗ ਰਲਾਇ। ਅਹੈ ਸਦਨ, ਨਰ ਪਠਹੁ ਬੁਲਾਇ'।
ਨੰਦ ਚੰਦ ਸੁਨਿ ਹੁਕਮ ਸਿਧਾਰਾ। ਤਬਿ ਕ੍ਰਿਪਾਲ ਤਤਕਾਲ ਹਕਾਰਾ॥ ੧੧॥

ਮਾਮਾ ਜੀ ਨੂੰ ਆਪਣੇ ਨਾਲ ਲੈ ਲਵੋ, ਉਹ ਘਰ ਵਿਚ ਹੀ ਹਨ, ਕਿਸੇ ਮਨੁੱਖ ਨੂੰ ਭੇਜ ਕੇ ਬੁਲਾ ਲਵੋ।" ਨੰਦ ਚੰਦ ਗੁਰੂ ਜੀ ਦਾ ਹੁਕਮ ਸੁਣ ਕੇ ਚਲਾ ਗਿਆ ਤਦ ਮਾਮਾ ਕ੍ਰਿਪਾਲ ਜੀ ਨੂੰ ਤੁਰਤ ਬੁਲਾ ਲਿਆ॥ ੧੧॥

ਚਢੇ ਤੁਰੰਗਨਿ ਪਰ ਜੁਗ ਚਾਲੇ। ਕਿਤਿਕ ਸਊਰਨਿ ਲੈ ਸੰਗ ਨਾਲੇ।
ਮਿਲੇ ਨ੍ਰਿਪਤ ਕੇ ਹੁਇ ਅਗੁਵਾਈ। ਖੁਸ਼ੀ ਗੁਰੂ ਕੀ ਜਾਇ ਸੁਨਾਈ॥ ੧੨॥

ਦੋਵੇਂ ਘੋੜਿਆਂ ਤੇ ਚੜ੍ਹ ਕੇ ਚਲ ਪਏ ਤੇ ਕਈ ਸਵਾਰ ਆਪਣੇ ਨਾਲ ਲੈ ਲਏ ਤੇ ਅੱਗੇ ਹੋ ਕੇ ਰਾਜੇ ਨੂੰ ਮਿਲੇ ਤੇ ਗੁਰੂ ਜੀ ਦੀ ਖ਼ੁਸ਼ੀ ਜਾ ਕੇ ਸੁਣਾਈ॥ ੧੨॥

ਪਿਖਿ ਕਰਿ ਭੀਮਚੰਦ ਹਰਖਾਯੋ। ਕਰਤੇ ਬਾਤ ਅਨੰਦਪੁਰਿ ਆਯੋ।
ਕਰਯੋ ਨਿਵੇਸ ਬੇਸ਼ ਇਸਥਾਨਾ। ਖਾਨ ਪਾਨ ਕਰਿਵਾਇ ਸ਼ਨਾਨਾ॥ ੧੩॥

ਵੇਖ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਤੇ ਗੱਲਾਂ ਕਰਦੇ ਅਨੰਦਪੁਰ ਆ ਗਏ, ਚੰਗੇ ਅਸਥਾਨ 'ਤੇ ਉਸਦਾ ਡੇਰਾ ਕਰਵਾ ਦਿੱਤਾ ਤੇ ਇਸ਼ਨਾਨ ਕਰਵਾ ਕੇ ਖਵਾਇਆ ਪਿਆਇਆ॥ ੧੩॥

ਬਾਹਨਿ ਕੋ ਸਭਿ ਦੀਨਿ ਅਹਾਰਾ। ਸਰਬ ਸੰਗ ਨ੍ਰਿਪ ਮੁਦਤਿ ਉਦਾਰਾ।
ਸੁਖ ਸੋਂ ਸੁਪਤੇ ਰਾਤਿ ਬਿਤਾਈ। ਪੁਨ ਭੁਨਸਾਰ ਪਿਖੀ ਹੁਇ ਆਈ॥ ੧੪॥

ਸਾਰੇ ਘੋੜਿਆਂ ਅਤੇ ਹਾਥੀਆਂ ਨੂੰ ਭੋਜਨ ਦਿੱਤਾ ਤੇ ਸਾਰਿਆਂ ਦੇ ਨਾਲ ਰਾਜਾ ਬਹੁਤ ਪ੍ਰਸੰਨ ਹੋਇਆ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਫੇਰ ਵੇਖਿਆ ਸਵੇਰ ਹੋ ਆਈ ਹੈ॥ ੧੪॥

ਸੌਚ ਸ਼ਨਾਨ ਦੁਹਿਨ ਦਿਸ਼ਿ ਹੋਏ। ਬਸਨ ਬਿਭੂਖਨ ਧਰਿ ਸਭਿ ਕੋਏ।
ਸੁਨਿ ਸ੍ਰੀ ਗੁਜਰੀ ਅਧਿਕ ਅਨੰਦਤਿ। ਸੁਤ ਮਹਿੰਮਾ ਲਖਿ ਨਵ ਗੁਰ ਬੰਦਤਿ॥੧੫॥

ਸੌਚ ਇਸ਼ਨਾਨ ਦੋਵੀਂ ਪਾਸੀਂ ਹੋਏ, ਵਸਤਰ ਗਹਿਣੇ ਸਭ ਨੇ ਧਾਰਨ ਕਰ ਲਏ। ਇਹ ਸੁਣ ਕੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ। ਆਪਣੇ ਪੁੱਤਰ ਦੀ ਮਹਿਮਾ ਵੇਖ ਕੇ ਨੌਵੇਂ ਗੁਰੂ ਸਾਹਿਬਾਨ ਨੂੰ ਬੰਦਨਾ ਕੀਤੀ॥ ੧੫॥

ਸਭਾ ਥਾਨ ਕੋ ਗੁਰ ਚਲਿ ਆਏ। ਅਨਿਕ ਬਰਨ ਕੇ ਫਰਸ਼ ਬਿਛਾਏ।
ਚਾਰੁ ਸਿੰਘਾਸਨ ਪਰ ਚਢਿ ਥਿਰੇ। ਸੁਨਿ ਸਭਿ ਲੋਕ ਆਇਬੋ ਕਰੇ॥ ੧੬॥

ਫਿਰ ਗੁਰੂ ਜੀ ਸਭਾ ਵਾਲੇ ਸਥਾਨ ਤੇ ਚਲ ਕੇ ਆ ਗਏ, ਜਿਥੇ ਅਨੇਕ ਰੰਗਾਂ ਦਾ ਫਰਸ਼ ਵਿਛਾਇਆ ਸੀ। ਸੁੰਦਰ ਸਿੰਘਾਸਣ ਤੇ ਚੜ੍ਹ ਕੇ ਬੈਠ ਗਏ, ਇਸ ਬਾਰੇ ਸੁਣ ਕੇ ਸਾਰੇ ਲੋਕ ਆਉਣ ਲੱਗੇ॥ ੧੬॥

ਸ਼ੁਭਤਿ ਸਭਾ ਸਭਿ ਪੂਰਨ ਹੋਈ। ਰਾਜ ਸਮਾਜ ਪ੍ਰਦੀਪਤਿ ਸੋਈ।
ਕੰਚਨ ਛਰੀਦਾਰ ਗਨ ਖਰੇ। ਸੂਰਜਮੁਖੀ ਉਭਾਰਨਿ ਕਰੇ॥ ੧੭॥

ਸਭ ਪ੍ਰਕਾਰ ਪੂਰਨ ਹੋਈ ਸਭਾ ਸ਼ੋਭ ਰਹੀ ਸੀ, ਰਾਜ ਸਮਾਜ ਪ੍ਰਕਾਸ਼ ਰਿਹਾ ਸੀ। ਸੋਨੇ ਦੀ ਮੁੱਠਾਂ ਵਾਲੀਆਂ ਛੜੀਆਂ ਲੈ ਕੇ ਬਹੁਤ ਨਕੀਬ ਖੜੇ ਸਨ। ਸੂਰਜਮੁਖੀ ਪੱਖੇ ਉੱਪਰ ਝੁਲਾ ਰਹੇ ਸਨ॥ ੧੭॥

ਚਾਮਰ ਚਾਰੁ ਬਾਰਿ ਬਹੁ ਢੋਰਤਿ। ਬਿਸਦ ਮਰਾਲਨ ਕੀ ਦੁਤਿ ਚੋਰਤਿ।
ਪਠਯੋ ਮਸੰਦ ਹਕਾਰਨਿ ਰਾਜਾ। ਕਰੀ ਆਨਿ ਸੁਧਿ ਦਰਸ਼ਨ ਕਾਜਾ॥ ੧੮॥

ਸੁੰਦਰ ਚੌਰ ਵੀ ਵਾਰ-ਵਾਰ ਫਿਰ ਰਿਹਾ ਸੀ, ਉਹ ਉੱਜਲ ਹੰਸਾਂ ਦੀ ਸੁੰਦਰਤਾ ਨੂੰ ਚੁਰਾ ਰਿਹਾ ਸੀ। ਗੁਰੂ ਜੀ ਨੇ ਇਕ ਮਸੰਦ ਨੂੰ ਰਾਜੇ ਨੂੰ ਬੁਲਾਉਣ ਵਾਸਤੇ ਭੇਜਿਆ ਉਸ ਨੇ ਆ ਕੇ ਰਾਜੇ ਨੂੰ ਦਰਸ਼ਨਾਂ ਵਾਸਤੇ ਖ਼ਬਰ ਦਿੱਤੀ॥ ੧੮॥

'ਯਾਦ ਕਰਤਿ ਚਲੀਅਹਿ ਅਬਿ ਪਾਸਾ। ਪੁਰਹਿੰ ਸਤਿਗੁਰੂ ਜਨ ਕੀ ਆਸਾ'।
ਭੀਮਚੰਦ ਹੁਇ ਰਹਯੋ ਤਯਾਰੀ। ਬੈਠਯੋ ਹੁਤੋ ਪ੍ਰਤੀਖਨ ਧਾਰੀ॥ ੧੯॥

"ਗੁਰੂ ਜੀ ਯਾਦ ਕਰਦੇ ਹਨ, ਹੁਣ ਉਨ੍ਹਾਂ ਦੇ ਪਾਸ ਚਲੋ, ਸਤਿਗੁਰੂ ਜੀ ਸਾਰਿਆਂ ਦੀਆਂ ਆਸਾਂ ਪੂਰੀਆਂ ਕਰਦੇ ਹਨ।" ਭੀਮ ਚੰਦ ਤਿਆਰ ਹੋ ਕੇ ਬੈਠ ਕੇ ਇੰਤਜ਼ਾਰ ਕਰ ਰਿਹਾ ਸੀ॥ ੧੯॥

**ਆਇ ਹਕਾਰਨਿ, ਗਮਨਹਿਂ ਤਹਾਂ। ਬੈਠੈਂ ਦਰਸ਼ਨ ਦੈਹੈਂ ਜਹਾਂ।**
**ਪੁੰਜ ਮੁਸਾਹਿਬ ਲੈ ਕਰਿ ਸਾਥੇ। ਅਪਰ ਸੁਭਟ ਜਿਨ ਆਯੁਧ ਹਾਥੇ॥ ੨੦॥**

ਜਦ ਬੁਲਾਉਣ ਆਉਣਗੇ ਤਾਂ ਓਥੇ ਜਾਵਾਂਗੇ, ਜਿੱਥੇ ਬੈਠ ਕੇ ਦਰਸ਼ਨ ਦਿੰਦੇ ਹਨ। ਕਈ ਸਲਾਹਕਾਰਾਂ ਤੇ ਹੋਰ ਸੂਰਬੀਰਾਂ ਨੂੰ ਜਿਨ੍ਹਾਂ ਨੇ ਹੱਥਾਂ ਵਿਚ ਹਥਿਆਰ ਫੜੇ ਸਨ, ਆਪਣੇ ਨਾਲ ਲੈ ਲਿਆ॥ ੨੦॥

**ਗਮਨਜੋ ਬੋਲਤਿ ਸੰਗ ਵਜ਼ੀਰ। ਸ਼ਸਤ੍ਰ ਬਿਭੂਖਨ ਚੀਰ ਸ਼ਰੀਰ।**
**ਬਹੁ ਮੋਲੇ, ਧਾਰਤਿ ਚਲਿ ਆਏ। ਗੁਰੂ ਸਨ ਸਿੱਖਜਨਿ ਭਨਜੋ ਸੁਨਾਏ॥ ੨੧॥**

ਵਜ਼ੀਰ ਨਾਲ ਬੋਲਦਾ ਹੋਇਆ ਚਲਾ ਗਿਆ, ਸ਼ਸਤਰ ਗਹਿਣੇ ਤੇ ਬਹੁਮੁੱਲੇ ਸੁੰਦਰ ਕੱਪੜੇ ਸਰੀਰ ਤੇ ਪਹਿਣ ਕੇ ਚਲ ਕੇ ਆ ਗਿਆ। ਗੁਰੂ ਜੀ ਨੂੰ ਸਿੱਖਾਂ ਕਹਿ ਕੇ ਸੁਣਾਇਆ॥ ੨੧॥

**'ਪ੍ਰਭੁ ਜੀ ! ਗਿਰਪਤਿ ਮਤਿ ਕੇ ਕਾਚੇ। ਕਪਟ ਅਨੇਕ ਬਿਧਿਨਿ ਮਹਿਂ ਰਾਚੇ।**
**ਇਨ ਪਰ ਬਹੁ ਵਿਸ਼ਵਾਸ਼ ਨ ਕੀਜੈ। ਅੰਤਰ ਚਮੂੰ ਨ ਆਵਨਿ ਦੀਜੈ॥ ੨੨॥**

"ਹੇ ਗੁਰੂ ਜੀ ! ਪਹਾੜੀ ਰਾਜੇ ਮੱਤ ਦੇ ਕੱਚੇ ਹਨ, ਇਹ ਅਨੇਕ ਵਿਧੀਆਂ ਨਾਲ ਕਪਟ ਰਚਦੇ ਹਨ। ਇਨ੍ਹਾਂ ਉੱਤੇ ਬਹੁਤਾ ਵਿਸ਼ਵਾਸ ਨਾ ਕਰੋ ਤੇ ਫੌਜ ਨੂੰ ਅੰਦਰ ਨਾ ਆਉਣ ਦੇਵੋ॥ ੨੨॥

**ਜਿਤਿਕ ਮੁਸਾਹਿਬ ਆਨਹਿਂ ਸਾਥ। ਦਰਸਹਿਂ ਨਾਥ ਧਰੇ ਪਦ ਮਾਥ'।**
**ਲਖਿ ਆਸ਼ੈ ਬਹੁ ਦਾਸਨਿ ਕੇਰਾ। ਕਲਗੀਧਰ ਬੋਲੇ ਤਿਸ ਬੇਰਾ॥ ੨੩॥**

ਜਿੰਨੇ ਸਲਾਹਕਾਰ ਨਾਲ ਲਿਆਂਦੇ ਹਨ, ਉਹ ਚਰਨ ਕੰਵਲਾਂ ਉੱਤੇ ਮੱਥਾ ਟੇਕ ਕੇ ਦਰਸ਼ਨ ਕਰਨ।" ਆਪਣੇ ਸੇਵਕਾਂ ਦੇ ਬਹੁਤ ਆਸ਼ੇ ਸਮਝ ਕੇ, ਕਲਗੀਧਰ ਗੁਰੂ ਜੀ ਉਸ ਸਮੇਂ ਬੋਲੇ॥ ੨੩॥

**'ਸੈਨ ਸਮੇਤ ਜਿ ਅੰਤਰ ਆਵਹਿ। ਕਹਾਂ ਬਿਗਾਰ ਸਕਹਿ, ਕਜਾ ਪਾਵਹਿ ?।**
**ਕਜਾ ਬਿਸਵਾਸ ਤਿਨਹੁਂ ਤੇ ਕਰੈਂ। ਗਨ ਮ੍ਰਿਗ ਤੇ ਕਜਾ ਕੇਹਰਿ ਡਰੈ॥ ੨੪॥**

"ਸੈਨਾ ਸਮੇਤ ਜੇ ਅੰਦਰ ਆਉਣਗੇ ਤਾਂ ਕੀ ਵਿਗਾੜ ਸਕਣਗੇ, ਕੀ ਪ੍ਰਾਪਤ ਕਰ ਲੈਣਗੇ ? ਉਨ੍ਹਾਂ ਉੱਤੇ ਸ਼ੰਕਾ ਸੰਸਾ ਕੀ ਕਰਨੀ ਹੈ, ਕੁਝ ਹਿਰਨਾਂ ਤੋਂ ਕੀ ਸ਼ੇਰ ਡਰੇਗਾ॥ ੨੪॥

**ਆਵਨ ਦਿਹੁ ਸਭਿ ਸਭਾ ਮਝਾਰੀ। ਕਹਾਂ ਦੂਰਨ ਕਰਿ ਹੈਂ ਬਲ ਭਾਰੀ'।**
**ਸਿੰਘ ਪੌਰ ਇਤਨੇ ਮਹਿਂ ਆਯੋ। ਭਟਨਿ ਸਹਿਤ ਅੰਤਰ ਪ੍ਰਵਿਸ਼ਾਯੋ॥ ੨੫॥**

ਸਾਰਿਆਂ ਨੂੰ ਸਭਾ ਦੇ ਵਿਚ ਆਉਣ ਦੇਵੋ, ਕਿਉਂ ਲੁਕੀਏ ਸਾਡੇ ਪਾਸ ਭਾਰੀ ਬਲ ਹੈ।" ਏਨੇ ਵਿਚ ਰਾਜਾ ਮੁਖ ਦਵਾਰ 'ਤੇ ਆ ਗਿਆ ਤੇ ਸੂਰਬੀਰਾਂ ਸਹਿਤ ਅੰਦਰ ਪ੍ਰਵੇਸ਼ ਕਰ ਗਿਆ॥ ੨੫॥

**ਪਹੁੰਚੇ ਚਰਨ ਬੰਦਨਾ ਕੀਨੀ। ਬਾਤੀ ਧਨ ਆਗੇ ਧਰਿ ਦੀਨੀ।**
**ਗੁਰ ਆਇਸੁ ਕੋ ਲੇ ਕਰਿ ਬੈਸਾ। ਪਿਖਿ ਸਰੂਪ ਪੂਰਨ ਸਸਿ ਜੈਸਾ॥ ੨੬॥**

ਰਾਜੇ ਨੇ ਪਹੁੰਚ ਕੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ ਤੇ ਥੈਲੀ ਵਾਲਾ ਧਨ ਅੱਗੇ ਧਰ ਦਿੱਤਾ। ਗੁਰੂ ਜੀ ਦੀ ਆਗਿਆ ਲੈ ਕੇ ਬੈਠ ਗਿਆ। ਗੁਰੂ ਜੀ ਦੇ ਸਰੂਪ ਨੂੰ ਵੇਖਿਆ ਜਿਹੜਾ ਪੂਰਨਮਾਸ਼ੀ ਦੇ ਚੰਦ ਵਰਗਾ ਸੀ॥ ੨੬॥

**ਚਮੂੰ ਸਰਬ ਅਰੁ ਪੁੰਜ ਮੁਸਾਹਿਬ। ਧਨ ਧਰਿ ਨਮੋ ਕਰਹਿਂ ਗੁਰ ਸਾਹਿਬ।**
**ਜਥਾ ਜੋਗ ਥਿਰ ਹ੍ਵੈ ਕਰਿ ਸਾਰੇ। ਕੇਤਿਕ ਠਾਂਢੇ ਦਰਸ ਨਿਹਾਰੇ॥ ੨੭॥**

ਸਾਰੀ ਫੌਜ ਅਤੇ ਸਮੂਹ ਮੁਸਾਹਿਬਾਂ ਨੇ ਧਨ ਧਰ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਯਥਾ ਯੋਗ ਸਾਰੇ ਖੜੇ ਹੋ ਗਏ ਤੇ ਕਈਆਂ ਨੇ ਖੜੇ ਖੜੇ ਗੁਰੂ ਜੀ ਦੇ ਦਰਸ਼ਨ ਕੀਤੇ॥ ੨੭॥

ਕੁਸ਼ਲ ਪ੍ਰਸ਼ਨ ਕਲਗ਼ੀਧਰ ਕੀਨਾ। ਹਾਥ ਜੋਰਿ ਭੂਪਤਿ ਕਹਿ ਦੀਨਾ।
ਗਿਰ ਰਾਜਨ ਕੇ ਅਨਿਕ ਪ੍ਰਸੰਗ। ਪੁਨ ਪ੍ਰਭੁ ਪੂਛੇ ਜਿਸ ਜਿਸ ਢੰਗ॥ ੨੮॥

ਕਲਗ਼ੀਧਰ ਜੀ ਨੇ ਸੁਖ-ਸਾਂਦ ਪੁੱਛੀ, ਹੱਥ ਜੋੜ ਕੇ ਰਾਜੇ ਨੇ ਕਿਹਾ। ਫਿਰ ਗੁਰੂ ਜੀ ਨੇ ਪਹਾੜੀ ਰਾਜਿਆਂ ਬਾਰੇ ਅਨੇਕਾਂ ਪ੍ਰਸੰਗ, ਜਿਸ-ਜਿਸ ਢੰਗ ਨਾਲ ਵਾਪਰੇ ਸਨ, ਪੁੱਛੇ॥ ੨੮॥

'ਕਿਤਿਕ ਰਾਜ ਦੂਨ ਜੁ ਕਹਿਲੂਰੰ। ਭੂਪ ਕਟੋਚਨ ਕੋ ਕਿਤ ਭੂਰੰ।
ਜਸੋਵਾਰੀਆ ਔਰ ਗੁਲੇਰੂ। ਬਿੱਝੜ ਵਾਲੀਆ ਬਹੁਰ ਚੰਦੇਰੂ'॥ ੨੯॥

ਕਹਿਲੂਰ ਦੀ ਦੂਣ ਵਿਚ ਕਿੰਨੇ ਰਾਜ ਹਨ। ਕਟੋਚੀਏ ਰਾਜੇ ਦਾ ਕਿੰਨਾ ਕੁ ਵੱਡਾ ਰਾਜ ਹੈ। ਜਸੋਵਾਲੀਏ, ਗੁਲੇਰ, ਬਿੱਝੜ ਵਾਲੀਏ ਅਤੇ ਚੰਦੇਲ ਆਦਿ ਜਿਹੜੇ ਰਾਜੇ ਹਨ।"॥ ੨੯॥

ਇਸਤੇ ਆਦਿਕ ਰਾਜ ਪਹਾਰੀ। ਗੁਰ ਬੂਝਨਿ ਨ੍ਰਿਪ ਸਕਲ ਉਚਾਰੀ।
ਪੁਨ ਬੋਲਯੋ 'ਜੇ ਵਸਤੁ ਅਜਾਇਬ। ਸੁਨੀ ਅਨੇਕ ਅਹੈਂ ਢਿਗ ਸਾਹਿਬ॥ ੩੦॥

ਇਸ ਤੋਂ ਉਪਰੰਤ ਹੋਰ ਪਹਾੜੀ ਰਾਜਿਆਂ ਬਾਰੇ ਗੁਰੂ ਜੀ ਨੇ ਜੋ ਪੁੱਛਿਆ, ਰਾਜੇ ਨੇ ਸਭ ਬਾਰੇ ਉਚਾਰਨ ਕਰਕੇ ਕਿਹਾ। ਫਿਰ ਰਾਜਾ ਬੋਲਿਆ, "ਸੁਣਿਆ ਹੈ ਤੁਹਾਡੇ ਪਾਸ ਬਹੁਤ ਅਜੀਬ ਵਸਤਾਂ ਹਨ॥ ੩੦॥

ਕ੍ਰਿਪਾ ਕਰਹੁ ਸੋ ਹਮਹਿਂ ਦਿਖਾਵਹੁ। ਬਾਂਛਤਿ ਹੁਤੇ ਸੁ ਅਬਹਿ ਅਨਾਵਹੁ'।
ਸ੍ਰੀ ਕਲਗ਼ੀਧਰ ਹੁਕਮ ਬਖਾਨਾ। 'ਆਨਹੁ ਚੌਕੀ ਅਜਬ ਮਹਾਨਾ॥ ੩੧॥

ਕਿਰਪਾ ਕਰਕੇ ਉਹ ਸਾਨੂੰ ਦਿਖਾਵੋ, ਉਨ੍ਹਾਂ ਨੂੰ ਵੇਖਣ ਦੀ ਸਾਡੀ ਇੱਛਾ ਹੈ ਇਸ ਕਰਕੇ ਹੁਣ ਮੰਗਵਾਵੋ।" ਇਹ ਸੁਣ ਕੇ ਸ੍ਰੀ ਕਲਗ਼ੀਧਰ ਜੀ ਨੇ ਫ਼ੁਰਮਾਇਆ, "ਉਹ ਚੌਕੀ ਮੰਗਵਾਵੋ ਜਿਹੜੀ ਮਹਾਨ ਅਜੀਬ ਹੈ॥ ੩੧॥

ਪੰਚਕਲਾ ਸ਼ਸਤਰ ਅਬਿ ਲਜਾਵਹੁ। ਪੂਰਹੁ ਆਸ ਇਨ ਸਕਲ ਦਿਖਾਵਹੁ'।
ਕੋਸ਼ਪਤੀ ਸੁਨਿ ਕੈ ਤਤਕਾਲਾ। ਆਨਿ ਧਰੇ ਗੁਰ ਅੱਗ੍ਰ ਸੰਭਾਲਾ॥ ੩੨॥

ਪੰਜਕਲਾਂ ਵਾਲਾ ਸ਼ਸਤਰ ਹੁਣ ਲਿਆਵੋ। ਇਨ੍ਹਾਂ ਦੀ ਆਸ ਪੂਰੀ ਕਰੋ ਸਭ ਕੁਝ ਵਿਖਾਓ।" ਖਜ਼ਾਨਚੀ ਨੇ ਇਹ ਸੁਣ ਕੇ ਤੁਰਤ ਗੁਰੂ ਜੀ ਦੇ ਅੱਗੇ ਲਿਆ ਕੇ ਧਰ ਦਿੱਤੇ॥ ੩੨॥

ਚੌਕੀ ਕਲ ਦਾਬੀ ਜਬਿ ਪੂਰਬ। ਨਿਕਸੀ ਪੁਤਲੀ ਪਿਖੀ ਅਪੂਰਬ।
ਗਹਿ ਕਰ ਮਹਿਂ ਡਲ ਦੇਤਿ ਰੁੜ੍ਹਾਈ। ਚਲਹਿਂ ਚਾਲ ਸੇਵਕ ਦਿਖਰਾਈ॥ ੩੩॥

ਚੌਕੀ ਦੀ ਜਦ ਕਲਾ ਦੱਬੀ ਤਾਂ ਉਸ ਵਿਚੋਂ ਬਾਅਦ ਵਿਚ ਅਸਚਰਜ ਪੁਤਲੀਆਂ ਨਿਕਲੀਆਂ। ਉਸ ਨੇ ਨਰਦ ਨੂੰ ਫੜ ਕੇ ਰੋੜ ਦਿੱਤਾ, ਤੇ ਚਾਲ ਚਲਦੀ ਨੂੰ ਸੇਵਕਾਂ ਨੂੰ ਵਿਖਾਈ॥ ੩੩॥

ਭੀਮਚੰਦ ਆਨੰਦ ਬਿਲੰਦਾ। ਅਦਭੁਤ ਦੇਖਿਤ ਮਤਿ ਬਿਸਮੰਦਾ।
ਪੁਨ ਕਲ ਦਾਬਿ ਸ਼ਸਤ੍ਰ ਦਿਖਰਾਯੋ। ਸ਼ਕਤਿ, ਤਮਾਂਚਾ ਖੜਗ, ਬਨਾਯੋ॥ ੩੪॥

ਵੇਖ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ, ਅਦਭੁਤ ਵਸਤੂ ਵੇਖ ਕੇ ਉਨ੍ਹਾਂ ਦੀ ਬੁੱਧੀ ਹੈਰਾਨ ਰਹਿ ਗਈ। ਫਿਰ ਕਲਾ ਦੱਬ ਕੇ ਸ਼ਸਤਰ ਵਿਖਾਇਆ ਤੇ ਬਰਛੀ, ਪਸਤੌਲ ਅਤੇ ਤਲਵਾਰ ਬਣਾਈ॥ ੩੪॥

ਆਯੁਧ ਪੰਚ ਬਨਾਇ ਦਿਖਾਏ। ਗੁਲਕਾਂ ਡਾਲਿ ਬਰੂਦ ਚਲਾਏ।
ਜਿਤਿਕ ਸੰਗ ਮੈਂ ਚਮੂੰ ਪਹਾਰੀ। ਹੇਰਿ ਹੇਰਿ ਹੈਰਾਨੇ ਭਾਰੀ॥ ੩੫॥

ਪੰਜ ਸ਼ਸਤਰ ਬਣਾ ਕੇ ਵਿਖਾਏ ਤੇ ਗੋਲੀਆਂ ਪਾ ਕੇ ਪਸਤੌਲ ਚਲਾਇਆ। ਰਾਜੇ ਦੇ ਨਾਲ ਜਿਹੜੀ ਪਹਾੜੀ ਸੈਨਾ ਸੀ ਵੇਖ ਵੇਖ ਕੇ ਉਹ ਸਾਰੇ ਲੋਕ ਬਹੁਤ ਹੈਰਾਨ ਹੋ ਰਹੇ ਸਨ॥ ੩੫॥

ਚਾਰ ਘਟੀ ਲਗਿ ਬੈਠਿ ਦਿਖਾਏ। ਬੂਝਤਿ ਭੂਪ 'ਕਿਤਹੁੰ ਤੇ ਆਏ'।
ਸਤਿਗੁਰ ਸਗਰੀ ਕਥਾ ਸੁਨਾਈ। 'ਹੁਤੋ ਅਸਾਮ ਦੇਸ਼ ਕੋ ਰਾਈ॥ ੩੬॥

ਚਾਰ ਘੜੀਆਂ ਤਕ ਬੈਠ ਕੇ ਵਿਖਾਏ। ਫਿਰ ਰਾਜੇ ਨੇ ਪੁੱਛਿਆ, "ਇਹ ਵਸਤਾਂ ਕਿਥੋਂ ਆਈਆਂ ਹਨ।" ਸਤਿਗੁਰੂ ਜੀ ਨੇ ਸਾਰੀ ਕਥਾ ਸੁਣਾਈ, "ਆਸਾਮ ਦੇਸ਼ ਦਾ ਇਕ ਰਾਜਾ ਸੀ॥ ੩੬॥

ਦੂਰ ਇਹਾਂ ਤੇ ਦੇਸ਼ ਬਡੇਰਾ। ਨਵਮ ਗੁਰੂ ਕੋ ਸੋ ਹੈ ਚੇਰਾ।
ਸ਼ਰਧਾ ਧਰਿ ਕਰਿ ਇਹ ਦਿਸ਼ਿ ਆਨੇ। ਰਹਯੋ ਕਿਤਿਕ ਦਿਨ ਪੁਨਹਿਂ ਪਯਾਨੇ' ॥੩੭॥

ਉਹ ਵੱਡਾ ਦੇਸ਼ ਏਥੋਂ ਬਹੁਤ ਦੂਰ ਹੈ, ਨੌਵੇਂ ਗੁਰੂ ਜੀ ਦਾ ਉਹ ਸਿੱਖ ਸੇਵਕ ਹੈ। ਸ਼ਰਧਾ ਧਾਰ ਕੇ ਇਸ ਦੇਸ਼ ਆਇਆ ਸੀ, ਏਥੇ ਕਈ ਦਿਨ ਤਕ ਰਿਹਾ ਸੀ, ਫਿਰ ਚਲਾ ਗਿਆ" ॥ ੩੭॥

ਭੀਮਚੰਦ ਭੂਪਤਿ ਸੁਨਿ ਬੋਲਾ। 'ਇਕ ਮੈਂ ਸੁਨਯੋ ਮਤੰਗ ਅਮੋਲਾ।
ਬਹੁਤ ਦਰਬ ਲਾਗਯੋ ਜਿਸ ਡੇਰੇ। ਇਹ ਦੋਨਹੁੰ ਹਮ ਚਾਹਤਿ ਹੇਰੇ' ॥ ੩੮॥

ਰਾਜਾ ਭੀਮ ਚੰਦ ਇਹ ਸੁਣ ਕੇ ਬੋਲਿਆ, "ਇਕ ਮੈਂ ਅਮੋਲਕ ਹਾਥੀ ਬਾਰੇ ਸੁਣਿਆ ਹੈ, ਜਿਸ ਤੰਬੂ ਨੂੰ ਬਹੁਤ ਧਨ ਲੱਗਾ ਹੈ, ਇਹ ਦੋਵੇਂ ਚੀਜ਼ਾਂ ਵੀ ਅਸੀਂ ਵੇਖਣੀਆਂ ਚਾਹੁੰਦੇ ਹਾਂ" ॥ ੩੮॥

ਤਬਿ ਕਲਗੀਧਰ ਗਿਰਾ ਰਸਾਲੀ। ਕਹੀ 'ਦਿਖਾਵਨਿ ਕਰਿਹੈਂ ਕਾਲੀ।
ਆਜ ਦਿਖਨਿ ਕੋ ਸਮੋ ਨ ਰਹਯੋ। ਕਰਹੁ ਬਿਲੋਕਨਿ ਜਿਮ ਚਿਤ ਚਹਯੋ' ॥੩੯॥

ਤਦ ਕਲਗੀਧਰ ਜੀ ਨੇ ਰਸੀਲੀ ਆਵਾਜ਼ ਵਿਚ ਕਿਹਾ, "ਇਹ ਤੁਹਾਨੂੰ ਕਲ ਨੂੰ ਦਿਖਾਵਾਂਗੇ। ਅਜ ਵਿਖਾਉਣ ਦਾ ਸਮਾਂ ਨਹੀਂ ਰਿਹਾ ਹੈ, ਜਿਵੇਂ ਚਿੱਤ ਵਿਚ ਚਾਹੁੰਦੇ ਹੋ ਉਸ ਤਰ੍ਹਾਂ ਹੀ ਵੇਖੋ" ॥ ੩੯॥

ਇਮ ਸਤਿਗੁਰ ਕੇ ਰੁਖ਼ ਕੋ ਜਾਨਾ। ਉਠਤ ਹੇਤ ਜੋਰੇ ਜੁਗਪਾਨਾ।
ਕਰੀ ਖੁਸ਼ੀ ਗਿਰਪਤਿ ਸੁਨਿ ਗਯੋ। ਰਿਦੇ ਅਧਿਕ ਹੀ ਹਰਖਤਿ ਭਯੋ॥ ੪੦॥

ਜਦ ਇਸ ਤਰ੍ਹਾਂ ਸਤਿਗੁਰੂ ਜੀ ਦੇ ਰੁਖ਼ ਨੂੰ ਜਾਣਿਆ ਤਾਂ ਉੱਠਣ ਵਾਸਤੇ ਦੋਵੇਂ ਹੱਥ ਜੋੜੇ। ਗੁਰੂ ਜੀ ਨੇ ਖ਼ੁਸ਼ੀ ਕੀਤੀ ਤਾਂ ਪਹਾੜੀ ਰਾਜਾ ਉੱਠ ਕੇ ਚਲੇ ਗਿਆ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੪੦॥

ਨਿਜ ਲੋਗਨ ਸੰਗ ਜਾਤਿ ਸਰਾਹਤਿ। 'ਜਿਮ ਜਸੁ ਸੁਨਯੋ ਪਿਖਯੋ ਦੁਖ ਦਾਹਤਿ।
ਅਤਿ ਸੁੰਦਰ ਮੂਰਤਿ ਮਨ ਮੋਹਤਿ। ਬਿਧ ਕੀ ਸਕਲ ਨਿਪੁਨਤਾ ਸੋਹਤਿ ॥੪੧॥

ਆਪਣੇ ਲੋਕਾਂ ਦੇ ਨਾਲ ਗੁਰੂ ਜੀ ਦੀ ਸ਼ਲਾਘਾ ਕਰਦਾ ਜਾਂਦਾ ਸੀ ਜਿਵੇਂ ਜੱਸ ਸੁਣਿਆ ਸੀ, ਉਸ ਤਰ੍ਹਾਂ ਦੇ ਹੀ ਵੇਖਿਆ ਹੈ, ਦੁੱਖਾਂ ਦਾ ਨਾਸ਼ ਕਰਨ ਵਾਲੇ ਹਨ। ਅਤੀ ਸੁੰਦਰ ਮਨਮੋਹਣੀ ਮੂਰਤ ਹੈ, ਵਿਧਾਤਾ ਦੀ ਸਾਰੀ ਪ੍ਰਬੀਨਤਾ ਫੱਬ ਰਹੀ ਹੈ॥ ੪੧॥

ਤਿਮ ਹੀ ਮਹਾਂ ਸੁਸ਼ੀਲ ਛਬੀਲਾ। ਸ਼ੁਭ ਲੀਲਾ ਯੁਤ, ਗਿਰਾ ਰਸੀਲਾ।
ਮੁਝ ਮਨ ਮਹਿਂ ਐਸੀ ਅਬਿ ਆਵੈ। ਇਨ ਸਮੀਪਤਾ ਤਜੀ ਨ ਜਾਵੈ॥ ੪੨॥

ਉਸ ਤਰ੍ਹਾਂ ਹੀ ਮਹਾਨ ਆਚਰਣਸ਼ੀਲ ਅਤੇ ਛੈਲ ਛਬੀਲੇ ਹਨ, ਸ਼ੁਭ ਲੀਲ੍ਹਾ ਸਹਿਤ ਰਸੀਲੀ ਬਾਣੀ ਹੈ। ਮੇਰੇ ਮਨ ਵਿਚ ਹੁਣ ਐਸੀ ਸੋਚ ਆਉਂਦੀ ਹੈ ਕਿ ਇਨ੍ਹਾਂ ਦੀ ਨੇੜਤਾ ਹੁਣ ਛੱਡੀ ਨਹੀਂ ਜਾ ਸਕਦੀ॥ ੪੨॥

**ਕ੍ਰਿਸ਼ਨਚੰਦ ਸੁੰਦਰ ਬਹੁ ਸੁਨਜੌਂ। ਇਨ ਸਮ ਹ੍ਵੈ ਅਨਮਾਨਤਿ ਭਨਜੌਂ'।**
**ਸੁਨਿ ਵਜ਼ੀਰ ਭਾਖਤਿ ਵਡਿਆਈ। 'ਕੀਰਤਿ ਗੁਰ ਨਾਨਕ ਬਿਦਤਾਈ॥੪੩॥**

ਕ੍ਰਿਸ਼ਨ ਜੀ ਬਾਰੇ ਸੁਣਿਆ ਹੈ ਕਿ ਬਹੁਤ ਸੁੰਦਰ ਸਨ, ਇਨ੍ਹਾਂ ਵਰਗੇ ਹੋਣਗੇ ਮੈਂ ਅਨੁਮਾਨ ਲਾ ਕੇ ਕਿਹਾ ਹੈ।" ਇਹ ਸੁਣ ਕੇ ਵਜ਼ੀਰ ਨੇ ਵਡਿਆਈ ਕਹੀ, "ਗੁਰੂ ਨਾਨਕ ਦੇਵ ਜੀ ਦੀ ਕੀਰਤੀ ਪ੍ਰਗਟ ਹੈ॥ ੪੩॥

**ਜਗ ਗੁਰ ਨਾਮ ਜਿਨਹੁਂ ਕੋ ਕਹੈਂ। ਤਿਨ ਕੀ ਗਾਦੀ ਪਰ ਥਿਰ ਅਹੈਂ।**
**ਕਰਾਮਾਤ ਸਾਹਿਬ ਜਗ ਜਾਨੇ। ਨਿਜ ਦਾਸਨ ਦੈਂ ਅਨੰਦ ਮਹਾਨੇ' ॥੪੪॥**

ਜਗਤ ਗੁਰੂ ਜੀ ਨਾਮ ਨਾਲ ਜਿਨ੍ਹਾਂ ਨੂੰ ਕਹਿੰਦੇ ਹਨ, ਉਨ੍ਹਾਂ ਦੀ ਗੱਦੀ ਉੱਤੇ ਇਹ ਬੈਠੇ ਹਨ। ਇਨ੍ਹਾਂ ਦੀ ਕਰਾਮਾਤ ਨੂੰ ਸਾਰਾ ਜਗ ਜਾਣਦਾ ਹੈ, ਆਪਣੇ ਸੇਵਕਾਂ ਨੂੰ ਮਹਾਨ ਅਨੰਦ ਦਿੰਦੇ ਹਨ"॥ ੪੪॥

**ਇੱਤਜਾਦਿਕ ਬਹੁ ਕਰਹਿਂ ਸਰਾਹਨਿ। ਜਿਨਕੇ ਮਨ ਬਿਕਾਰ ਕੁਛ ਨਾਹਿਨ।**
**ਸ਼੍ਰੀ ਕਲਗੀਧਰ ਸਦਨ ਪਹੂੰਚੇ। ਚਲਤਿ ਚਪਲ ਗਤਿ ਜਿਨ ਜਸੁ ਊਚੇ॥੪੫॥**

ਇਸ ਤਰ੍ਹਾਂ ਦੀ ਬਹੁਤ ਸ਼ਲਾਘਾ ਕਰਦੇ ਸਨ। ਜਿਨ੍ਹਾਂ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਨਹੀਂ ਹੈ ਉਹ ਸ੍ਰੀ ਕਲਗੀਧਰ ਜੀ ਘਰ ਵਿਚ ਪਹੁੰਚ ਗਏ, ਜਿਹੜੇ ਚੰਚਲ ਗਤੀ ਨਾਲ ਚਲਦੇ ਹਨ ਤੇ ਜਿਨ੍ਹਾਂ ਦਾ ਜੱਸ ਬੜਾ ਉੱਚਾ ਹੈ॥ ੪੫॥

*ਪਹਿਲੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## *ਅਧਿਆਇ ਉਣੱਤ੍ਰੀਵਾਂ*

### *ਭੀਮ ਚੰਦ ਨੂੰ ਪ੍ਰਸਾਦੀ ਹਾਥੀ ਤੇ ਕਾਬਲੀ ਤੰਬੂ ਵਿਖਾਇਆ*

**ਦੋਹਰਾ- ਖਾਨ ਪਾਨ ਸਭਿ ਬਿਧਿਨਿ ਕੇ ਭੀਮਚੰਦ ਕੋ ਦੀਨਿ।**
**'ਰਸਤ ਦੇਗ ਤੇ ਅਧਿਕ ਹੀ ਪਹੁਂਚਹਿ' ਆਇਸੁ ਕੀਨਿ॥ ੧॥**

ਸਭ ਵਿਧੀਆਂ ਦਾ ਖਾਣ ਪੀਣ ਰਾਜੇ ਭੀਮ ਚੰਦ ਨੂੰ ਦਿੱਤਾ ਗਿਆ। "ਲੰਗਰ ਵਿਚੋਂ ਬਹੁਤ ਰਸਦ ਪਹੁੰਚਾਵੋ" ਗੁਰੂ ਜੀ ਨੇ ਆਗਿਆ ਕੀਤੀ ਸੀ॥ ੧॥

**ਚੌਪਈ-'ਤ੍ਰਿਣ ਦਾਨਾ ਘ੍ਰਿਤ ਸਿਤਾ ਨਿਹਾਰੀ। ਦੇਹੁ ਦਿਵਸ ਪ੍ਰਤਿ ਹਯਨਿ ਸੰਭਾਰੀ।**
**ਸੂਖਮ ਚਾਵਰ ਗੋਧੂਮ ਚੂਨ। ਜਾਚਹਿਂ ਜਿਤਿਕ ਨ ਦੇਤੇ ਊਨ॥ ੨॥**

"ਘਾਹ, ਦਾਣੇ, ਘਿਉ, ਖੰਡ ਅਤੇ ਨਿਹਾਰੀ ਦਿਨ ਪ੍ਰਤੀ ਦੇ ਕੇ ਘੋੜਿਆਂ ਦੀ ਸੰਭਾਲ ਕਰੋ। ਸੂਖਮ ਚਾਵਲ ਅਤੇ ਕਣਕ ਦਾ ਆਟਾ, ਜਿੰਨਾ ਮੰਗਦੇ ਹਨ ਓਨਾ ਹੀ ਦੇਵੋ, ਕਿਸੇ ਤਰ੍ਹਾਂ ਵੀ ਘੱਟ ਨਾ ਦੇਵੋ॥ ੨॥

**ਗੁਰੁ ਘਰ ਕਮੀ ਨ ਕਿਸਕੀ ਅਹੈ। ਪ੍ਰਾਪਤਿ ਹੋਤਿ ਜਥਾ ਜੋ ਚਹੈ'।**
**ਪੂਰਿ ਅਨੰਦ ਅਤਿ ਖੁਸ਼ੀ ਬਿਹਾਰੈਂ। ਨਿਤ ਪ੍ਰਤਿ ਕੌਤਕ ਨਵੋਂ ਨਿਹਾਰੈਂ॥੩॥**

ਗੁਰੂ ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਹੈ, ਜੋ ਜਿੰਨਾ ਚਾਹੁੰਦਾ ਪ੍ਰਾਪਤ ਹੁੰਦਾ ਹੈ। ਅਨੰਦਪੁਰ ਵਿਚ ਅਤੀ ਖ਼ੁਸ਼ੀਆਂ ਹੁੰਦੀਆਂ ਹਨ ਨਿਤਾਪ੍ਰਤੀ ਲੋਕ ਨਵੇਂ ਕੌਤਕ ਵੇਖਦੇ ਹਨ॥ ੩॥

ਸੋ ਦਿਨ ਰਜਨੀ ਬੀਤੀ ਜਬੈ। ਭਈ ਪ੍ਰਭਾਤਿ ਉਠੇ ਨਰ ਸਬੈ।
ਹੁਕਮ ਫਰਾਸ਼ਨਿ ਸਾਥ ਬਖਾਨਾ। 'ਡੇਰਾ ਲਗਹਿ ਬਾਨ ਮੈਦਾਨਾ॥ ੪॥

ਉਸ ਦਿਨ ਦੀ ਰਾਤ ਜਦ ਬੀਤ ਗਈ ਤਾਂ ਪ੍ਰਭਾਤ ਹੋ ਗਈ ਤੇ ਸਾਰੇ ਨਰ ਉੱਠ ਪਏ। ਗੁਰੂ ਜੀ ਨੇ ਫਰਸ਼ ਤਿਆਰ ਕਰਨ ਵਾਲਿਆਂ ਨੂੰ ਕਿਹਾ, "ਅੱਜ ਡੇਰਾ ਖੁਲ੍ਹੇ ਮੈਦਾਨ ਵਿਚ ਲਗੇਗਾ॥ ੪॥

ਦੂਰਦ ਪ੍ਰਸਾਦੀ ਕਰਹੁ ਸ਼ਿੰਗਾਰਨਿ। ਕੰਚਨ ਚਾਂਦੀ ਸ਼ਿੰਖਲ ਡਾਰਨਿ।
ਮਖ਼ਮਲ ਜ਼ਰੀਦਾਰ ਬਡ ਝੂਲ। ਗਜਗਾਹਨ ਬਾਂਧਹੁ ਰਹਿ ਝੂਲ' ॥ ੫॥

ਪ੍ਰਸ਼ਾਦੀ ਹਾਥੀ ਦਾ ਚੰਗੀ ਤਰ੍ਹਾਂ ਸ਼ਿੰਗਾਰ ਕਰੋ, ਸੋਨੇ ਚਾਂਦੀ ਦੇ ਸੰਗਲ ਪਾਵੋ। ਮਖਮਲੀ ਅਤੇ ਜ਼ਰੀਦਾਰ ਵੱਡੇ-ਵੱਡੇ ਝੂਲ ਪਾਵੋ। ਹਾਥੀ ਦੇ ਸਿਰ ਤੇ ਸੋਨੇ ਦੇ ਗਜਗਾਹੇ ਬੰਨ੍ਹੋ ਜਿਹੜੇ ਝੂਲਦੇ ਰਹਿਣ' ॥ ੫॥

ਸੁਨਿ ਉਮਾਹ ਸਭਿ ਕੇ ਹੁਇ ਆਯੋ। ਭੀਮਚੰਦ ਕੋ ਗੁਰ ਅਪਨਾਯੋ।
ਚਿਤ ਚੌਂਪਤਿ ਸਭਿ ਕਾਰ ਕਰੰਤੇ। ਡੇਰਾ ਸਭਿ ਲਗਾਇ ਦੁਤਿਵੰਤੇ॥ ੬॥

ਇਹ ਸੁਣ ਕੇ ਸਾਰਿਆਂ ਵਿਚ ਵੱਡਾ ਉਮਾਹ ਪ੍ਰਗਟ ਹੋਇਆ, ਭੀਮ ਚੰਦ ਨੂੰ ਗੁਰੂ ਜੀ ਨੇ ਅਪਣਾ ਲਿਆ ਹੈ। ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ ਸਾਰੇ ਕੰਮ ਕਰਦੇ ਸਨ ਤੇ ਸਾਰੇ ਸੁੰਦਰ ਡੇਰਾ ਤਿਆਰ ਕਰ ਰਹੇ ਸਨ॥ ੬॥

ਖਾਨ ਪਾਨ ਸਭਿਹਿਨ ਕਰਿ ਲੀਨਿ। ਜਾਨਿ ਸਮੌਂ ਗੁਰ ਉਠਿਬੋ ਕੀਨਿ।
ਸੁੰਦਰ ਸਦਨ ਦ੍ਵਾਰ ਤੇ ਨਿਕਸੇ। ਜਿਮ ਅਰਬਿੰਦ ਬਿਲੋਚਨ ਬਿਕਸੇ॥ ੭॥

ਖਾਣ ਪੀਣ ਸਾਰਿਆਂ ਨੇ ਕਰ ਲਿਆ, ਸਮਾਂ ਹੋਇਆ ਜਾਣ ਕੇ ਗੁਰੂ ਜੀ ਉੱਠ ਪਏ। ਸੁੰਦਰ ਘਰ ਦੇ ਦਵਾਰ ਤੋਂ ਬਾਹਰ ਨਿਕਲੇ, ਜਿਵੇਂ ਕੰਵਲ ਨੈਣ ਖਿੜ ਗਏ॥ ੭॥

ਖੜਗ ਨਿਖੰਗ ਅੰਗ ਕੇ ਸੰਗ। ਝੂਲਤਿ ਕਲਗ਼ੀ ਚਲਤਿ ਉਤੰਗ।
ਚਪਲ ਚਾਲ ਸ਼ੋਭਤਿ ਇਸ ਭਾਂਤਿ। ਗਜ ਕੋ ਬਤਸ਼ ਪੁਸ਼ਟ ਉਤਲਾਤਿ॥ ੮॥

ਤਲਵਾਰ ਅਤੇ ਤੀਰਾਂ ਦਾ ਭੱਥਾ ਸਰੀਰ ਦੇ ਨਾਲ ਲੱਗਾ ਸੀ। ਜਦ ਉੱਪਰ ਨੂੰ ਚਲਦੇ ਸਨ ਤਾਂ ਕਲਗੀ ਝੂਲਦੀ ਸੀ। ਚੰਚਲ ਚਾਲ ਇਸ ਤਰ੍ਹਾਂ ਸ਼ੋਭਦੀ ਸੀ, ਮਾਨੋ ਹਾਥੀ ਦਾ ਪੁਸ਼ਟ ਬੱਚਾ ਕਾਹਲੀ-ਕਾਹਲੀ ਚਲਦਾ ਹੋਵੇ॥ ੮॥

ਤੰਬੂ ਦ੍ਵਾਰ ਚਾਨਣੀ ਚਾਰੂ। ਸ਼ੋਭਤਿ ਫਰਸ਼ ਅਨੇਕ ਪ੍ਰਕਾਰੂ।
ਸਿੰਘਾਸਨਿ ਸੁੰਦਰ ਤਹਿਂ ਡਸਜੋ। ਰੇਸ਼ਮ ਜ਼ਰੀ ਡੋਰ ਸੰਗ ਕਸਜੋ॥ ੯॥

ਕਾਬਲੀ ਤੰਬੂ ਦੀ ਦਵਾਰ ਉੱਤੇ ਸੁੰਦਰ ਚਾਨਣੀ ਸ਼ੋਭਦੀ ਸੀ, ਅਨੇਕ ਪ੍ਰਕਾਰ ਦਾ ਫਰਸ਼ ਤਿਆਰ ਹੋਇਆ ਸੀ। ਉਸ ਉੱਤੇ ਸੁੰਦਰ ਸਿੰਘਾਸਣ ਡੁਹਾਇਆ ਗਿਆ। ਜਿਹੜਾ ਰੇਸ਼ਮ ਅਤੇ ਜ਼ਰੀ ਦੇ ਰੱਸਿਆਂ ਨਾਲ ਕੱਸਿਆ ਹੋਇਆ ਸੀ॥ ੯॥

ਤਿਸ ਪਰ ਬੈਠੇ ਜਾਇ ਗੁਸਾਈਂ। ਜਗਮਗ ਚਮਤਕਾਰ ਜਿਸ ਥਾਈਂ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ। ਸਤਿਗੁਰ ਨਿਕਟਿ ਬੈਠਿ ਹਰਖਾਯੋ॥੧੦॥

ਉਸ ਉੱਤੇ ਮਾਲਕ ਗੁਰੂ ਜੀ ਜਾ ਬੈਠੇ, ਜਿਸ ਥਾਂ ਜਗਮਗ ਦਾ ਚਮਤਕਾਰ ਹੋ ਰਿਹਾ ਸੀ। ਫਿਰ ਮਾਮਾ ਕ੍ਰਿਪਾਲ ਜੀ ਚਲ ਕੇ ਆ ਗਏ ਤੇ ਸਤਿਗੁਰੂ ਜੀ ਦੇ ਪਾਸ ਬੈਠ ਕੇ ਪ੍ਰਸੰਨ ਹੋਏ॥ ੧੦॥

ਪਾਚਹੁੰ ਬੀਰ ਸ਼ਸਤ੍ਰ ਤਨ ਧਾਰੀ। ਥਿਰੇ ਆਨਿ ਕਰਿ ਢਿਗ ਦਰਬਾਰੀ।
ਸ਼ਜਾਮ ਸਿੰਘ ਅਰੁ ਰਾਇ ਗੁਲਾਬ। ਸੁਨਿ ਆਏ ਚਲਿ ਤਹਾਂ ਸ਼ਿਤਾਬ॥ ੧੧ ॥

ਗੁਰੂ ਜੀ ਦੀ ਭੂਆ ਜੀ ਦੇ ਪੰਜੇ ਸੂਰਬੀਰ ਪੁੱਤਰ ਸਰੀਰ 'ਤੇ ਸ਼ਸਤਰ ਧਾਰ ਕੇ ਪਹੁੰਚ ਗਏ ਤੇ ਦਰਬਾਰੀ ਵੀ ਆ ਕੇ ਪਾਸ ਖੜੇ ਹੋ ਗਏ। ਸ਼ਿਆਮ ਸਿੰਘ ਅਤੇ ਗੁਲਾਬ ਰਾਇ ਸੁਣ ਕੇ ਬਹੁਤ ਛੇਤੀ ਚਲ ਕੇ ਆ ਗਏ॥ ੧੧॥

ਨੰਦਚੰਦ ਧਰਿ ਸ਼ਸਤ੍ਰ ਬਿਲੰਦੰ। ਅਏ ਸੰਗ ਲੇ ਬ੍ਰਿੰਦ ਮਸੰਦੰ।
ਬੈਠਿ ਭਲੀ ਬਿਧਿ ਸਭਾ ਲਗਾਈ। ਸੁਭਟ ਸਿੱਖ ਮਿਲਿਗੇ ਸਮੁਦਾਈ॥ ੧੨ ॥

ਨੰਦ ਚੰਦ ਬਹੁਤ ਵੱਡੇ ਸ਼ਸਤਰ ਧਾਰ ਕੇ ਬਹੁਤ ਮਸੰਦਾਂ ਨੂੰ ਆਪਣੇ ਨਾਲ ਲੈ ਕੇ ਆਇਆ। ਭਲੀ ਵਿਧੀ ਨਾਲ ਬੈਠ ਕੇ ਸਭਾ ਲਗਾਈ ਤੇ ਸੂਰਮੇ ਅਤੇ ਸਿੱਖ ਮਿਲ ਕੇ ਇਕੱਠੇ ਹੋ ਗਏ॥ ੧੨॥

ਚਾਮਰਚਾਰੁ ਢੁਰਤਿ ਬਹੁ ਬਾਰੀ। ਕਹੌਂ ਕਹਾਂ ਸ਼ੋਭਾ ਮਨੁਹਾਰੀ।
ਭੀਮਚੰਦ ਕੋ ਪਠਜੋ ਬੁਲਾਈ। ਗਯੋ ਮੇਵੜਾ ਦੀਨਿ ਸੁਨਾਈ॥ ੧੩ ॥

ਸੁੰਦਰ ਚੌਰ ਵਾਰ-ਵਾਰ ਗੁਰੂ ਜੀ ਦੇ ਸਿਰ ਉੱਪਰ ਫਿਰ ਰਿਹਾ ਸੀ, ਮਨ ਨੂੰ ਚਰਾਉਣ ਵਾਲੀ ਉਸ ਦੀ ਕੀ ਸ਼ੋਭਾ ਕਹਾਂ।" ਮੇਵੜੇ ਨੂੰ ਭੇਜ ਕੇ ਭੀਮ ਚੰਦ ਨੂੰ ਬੁਲਾਇਆ ਤੇ ਉਸ ਨੇ ਜਾ ਕੇ ਭੀਮ ਚੰਦ ਨੂੰ ਸੁਣਾ ਦਿੱਤਾ॥ ੧੩॥

ਸੁਨਤਿ ਅਨੰਦ ਨਰਿੰਦ ਬਿਲੰਦੰ। ਭਯੋ ਤਯਾਰ ਸੰਗ ਲੇ ਨਰ ਬ੍ਰਿੰਦੰ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਏ। ਸ਼ੁਭ ਮਤਿ ਸਚਿਵਨਿ ਸਾਥ ਮਿਲਾਏ॥ ੧੪ ॥

ਸੁਣਕੇ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਨਾਲ ਬਹੁਤ ਮਨੁੱਖ ਲੈ ਕੇ ਤਿਆਰ ਹੋ ਗਿਆ। ਵਸਤਰ ਸ਼ਸਤਰ ਆਪਣੇ ਅੰਗ ਨਾਲ ਸਜਾਏ ਤੇ ਸ਼ੁਭ ਮੱਤ ਵਾਲੇ ਮੰਤਰੀਆਂ ਨੂੰ ਨਾਲ ਮਿਲਾ ਲਿਆ॥ ੧੪॥

ਗੁਰ ਦਰਬਾਰ ਗਯੋ ਤਤਕਾਲਾ। ਦੇਖਿ ਦੂਰ ਤੇ ਦਿਪਤਿ ਬਿਸਾਲਾ।
ਸ਼ੋਭਤਿ ਕੰਚਨ ਕਲਸ ਉਤੰਗ। ਤੰਬੂ ਰੁਚਿਰ ਮਹਾਂ ਦੁਤਿ ਸੰਗੇ॥ ੧੫ ॥

ਝੁਰਤ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ, ਦੂਰ ਤੋਂ ਹੀ ਵਿਸ਼ਾਲ ਪ੍ਰਕਾਸ਼ਮਈ ਤੰਬੂ ਨੂੰ ਵੇਖਿਆ। ਸੋਨੇ ਦੇ ਉੱਚੇ ਕਲਸ ਬਹੁਤ ਸ਼ੋਭਦੇ ਸਨ, ਸੁੰਦਰ ਤੰਬੂ ਮਹਾਨ ਚਮਕ ਰਿਹਾ ਸੀ॥ ੧੫॥

ਜਜੋਂ ਜਜੋਂ ਨਿਕਟ ਆਵਤੋ ਜਾਤਿ। ਤਜੋਂ ਤਜੋਂ ਦੇਖਤਿ ਦੁਤਿ ਬਹੁ ਭਾਂਤਿ।
ਜਬਿ ਹੀ ਪਹੁੰਚਜੋ ਜਾਇ ਸਮੀਪ। ਸਭਿ ਦਿਸ਼ ਤੇ ਦਿਖਿਕੈ ਅਵਨੀਪ॥ ੧੬ ॥

ਜਿਵੇਂ-ਜਿਵੇਂ ਰਾਜਾ ਨੇੜੇ ਆਉਂਦਾ ਜਾਂਦਾ ਸੀ, ਤਿਵੇਂ-ਤਿਵੇਂ ਬਹੁਤ ਪ੍ਰਕਾਰ ਦੀ ਸ਼ੋਭਾ ਨੂੰ ਵੇਖਦਾ ਸੀ। ਜਦ ਤੰਬੂ ਦੇ ਬਿਲਕੁਲ ਨੇੜੇ ਪਹੁੰਚ ਗਿਆ ਤਾਂ ਰਾਜੇ ਨੇ ਤੰਬੂ ਨੂੰ ਸਭ ਪਾਸਿਆਂ ਤੋਂ ਵੇਖਿਆ॥ ੧੬॥

ਜਹਾਂ ਪੌਰ ਪਰ ਥਿਰੇ ਸਿਪਾਹੀ। ਆਨਿ ਪ੍ਰਵੇਸ਼ਜੋ ਤਿਸ ਕੇ ਮਾਂਹੀ।
ਸ਼ੁਭਤਿ ਸਭਾ ਇਮ ਜਾਇ ਨਿਹਾਰੀ। ਉਡਗ ਪ੍ਰਵਾਰਜੋ ਚੰਦ ਮਝਾਰੀ॥ ੧੭ ॥

ਜਿਥੇ ਦਰਵਾਜ਼ੇ ਤੇ ਸਿਪਾਹੀ ਖੜੇ ਸਨ, ਓਥੇ ਆ ਕੇ ਤੰਬੂ ਦੇ ਅੰਦਰ ਪ੍ਰਵੇਸ਼ ਕਰ ਗਿਆ। ਸਭਾ ਦੀ ਸ਼ੋਭਾ ਇੰਝ ਜਾ ਕੇ ਵੇਖੀ ਜਿਵੇਂ ਤਾਰਿਆਂ ਨੇ ਚੰਦ ਨੂੰ ਘੇਰਿਆ ਹੋਵੇ॥ ੧੭॥

ਕੈਧੌਂ ਤਜਾਗਿ ਸੁਰਗ ਕੋ ਊਪਰ। ਇੰਦ੍ਰ ਸੁਰਨ ਜੁਤਿ ਬਾਸਜੋ ਭੂ ਪਰ।
ਆਨੇ ਸੰਗ ਅਰਸ਼ ਕੇ ਐਸ਼। ਭੀਮ ਚੰਦ ਜਾਨੇ ਮਨ ਤੈਸ॥ ੧੮ ॥

ਜਾਂ ਇੰਦਰ ਸੁਰਗ ਨੂੰ ਛੱਡ ਕੇ, ਦੇਵਤਿਆਂ ਸਹਿਤ ਧਰਤੀ ਉੱਤੇ ਆ ਵੱਸਿਆ ਹੋਵੇ। ਸਵਰਗ ਦੇ ਸਾਰੇ ਆਰਾਮ ਸੁਖ ਆਪਣੇ ਨਾਲ ਲਿਆਇਆ ਹੋਵੇ। ਭੀਮ ਚੰਦ ਆਪਣੇ ਮਨ ਵਿਚ ਇਸ ਤਰ੍ਹਾਂ ਜਾਣਿਆ॥ ੧੮॥

**ਹਾਥ ਬੰਦਿ ਬੰਦਨ ਕੌ ਠਾਨਿ। ਬੈਠਜੋ ਗੁਰ ਕੇ ਨਿਕਟ ਸੁਜਾਨ।**
**ਸਚਿਵ ਮੁਸਾਹਿਬ ਸਭਿ ਕਰਿ ਨਮੋ। ਦਰਸ਼ਨ ਕਰਿ ਬੈਠੇ ਤਿਹ ਸਮੋਂ॥ ੧੯॥**

ਭੀਮ ਚੰਦ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਚਤੁਰ ਰਾਜਾ ਗੁਰੂ ਜੀ ਦੇ ਪਾਸ ਬੈਠ ਗਿਆ। ਮੰਤਰੀ ਮੁਸਾਹਿਬ ਸਾਰੇ ਨਮਸ਼ਕਾਰ ਕਰਕੇ ਦਰਸ਼ਨ ਕਰਕੇ ਉਸ ਸਮੇਂ ਲਾਗੇ ਬੈਠ ਗਏ॥ ੧੯॥

**ਊਪਰ ਸਭਿਨਿ ਬਿਲੋਚਨ ਲਾਏ। ਕਾਰ ਅਜਾਇਬ ਤੇ ਬਿਸਮਾਏ।**
**ਝਾਲਰ ਝਮਕਤਿ ਜਗਮਗ ਜ਼ਰੀ। ਕਿਤ ਕਿਤ ਲਰਕਤਿ ਮੁਕਤਨਿ ਲਰੀ॥੨੦॥**

ਸਾਰਿਆਂ ਦੀਆਂ ਅੱਖਾਂ ਉੱਪਰ ਤੰਬੂ ਵਲ ਲਗੀਆਂ ਹੋਈਆਂ ਸਨ, ਤੰਬੂ ਨੂੰ ਬਣਾਉਣ ਵਿਚ ਹੋਈ ਅਜੀਬ ਕਾਰੀਗਰੀ ਵੇਖ-ਵੇਖ ਹੈਰਾਨ ਹੋ ਰਹੇ ਸਨ ਜਰੀ ਦੀਆਂ ਝਾਲਰਾਂ ਝਮਕਦੀਆਂ ਸਨ ਤੇ ਕਿਤੇ-ਕਿਤੇ ਮੋਤੀਆਂ ਦੀਆਂ ਲੜੀਆਂ ਲਮਕਦੀਆਂ ਸਨ॥ ੨੦॥

**ਗੁੱਫੇ, ਚੋਬ ਫਰਸ਼ ਕੋ ਦੇਖੇ। ਦੇਸ਼ ਕਾਲ ਗੇ ਬਿਸਰਿ ਅਸ਼ੇਖੇ।**
**ਕਰਹਿਂ ਬਿਚਾਰਨਿ 'ਅਰਸ਼ ਜਿ ਐਸ। ਸੁਰਪਤਿ ਸੁਰ ਜੁਤਿ ਪ੍ਰਾਪਤਿ ਹੈਸ' ॥੨੧॥**

ਗੁੱਫੇ, ਚੋਬ ਤੇ ਫਰਸ਼ ਨੂੰ ਵੇਖਦੇ ਸਨ ਤੇ ਸਾਰੇ ਉਸ ਸਮੇਂ ਦੇਸ਼ ਤੇ ਸਮੇਂ ਨੂੰ ਵਿਸਰ ਗਏ। ਵਿਚਾਰ ਕਰਦੇ ਸਨ "ਜੇ ਸਵਰਗ ਐਸਾ ਹੀ ਹੈ ਤਾਂ ਇਸ ਵੇਲੇ ਇੰਦਰ ਤੇ ਦੇਵਤਿਆਂ ਸਮੇਤ ਸਾਨੂੰ ਪ੍ਰਾਪਤ ਹੈ, ਭਾਵ ਸਾਹਮਣੇ ਦਿੱਸ ਰਿਹਾ ਹੈ"॥ ੨੧॥

*ਨੋਟ:- ਇਸ ਦਾ ਭਾਵ ਹੈ ਕਿ ਸਾਰਿਆਂ ਨੇ ਤੰਬੂ ਅਤੇ ਦਰਬਾਰ ਦੀ ਐਸੀ ਸੁੰਦਰਤਾ ਵੇਖੀ ਕਿ ਦੇਸ਼ ਅਤੇ ਸਮੇਂ ਨੂੰ ਅਸਲੋਂ ਹੀ ਭੁੱਲ ਗਏ। ਜਦ ਵੀ ਸਾਡੀ ਬੁੱਧੀ ਤੇ ਅਕਹਿ ਸੁੰਦਰਤਾ ਦੀ ਝਲਕ ਪੈਂਦੀ ਹੈ ਤਾਂ ਜਿਹੜੀ ਬੁੱਧੀ ਦੇਸ਼ ਕਾਲ ਵਿਚ ਵਿਚਰਦੀ ਹੈ, ਉਹ ਮਾਨੋ ਖੜੀ ਹੋ ਜਾਂਦੀ ਹੈ ਉਸ ਨੂੰ ਦੇਸ਼ ਕਾਲ ਦਾ ਗਿਆਨ ਭੁੱਲ ਜਾਂਦਾ ਹੈ ਤੇ ਆਪਾ ਅਨੰਤ ਨਾਲ ਛੂਹ ਪਾ ਲੈਂਦਾ ਹੈ। ਜਦ ਫਿਰ ਬੁੱਧੀ ਸਾਵਧਾਨ ਹੁੰਦੀ ਹੈ, ਤਾਂ 'ਵਾਹ ਵਾਹ' ਕਰ ਉਠਦੀ ਹੈ, ਪਰ ਉਸ ਛੂਹ ਵਾਲੇ ਸਮੇਂ ਦਾ ਪਤਾ ਨਹੀਂ ਲਗਦਾ, ਕਿਉਂਕਿ ਬੁੱਧੀ ਤਾਂ ਉਸ ਸਮੇਂ ਖੜੀ ਹੋ ਗਈ ਸੀ।*

**ਇਤ ਉਤ ਦ੍ਰਿਗਨਿ ਚਲਾਵਤਿ ਰਹੇ। ਲਖਹਿਂ ਕਿ ਜਨਮ ਲਾਭ ਹਮ ਲਹੇ।**
**ਤੰਬੂ ਸਹਿਤ ਕਨਾਤ ਨਿਹਾਰਿ। ਤਨੀ ਚਾਨਣੀ ਕੋਰਨ ਚਾਰ॥ ੨੨॥**

ਏਧਰ ਓਧਰ ਨੈਣ ਚਲਾਉਂਦੇ ਰਹੇ, ਸਮਝਦੇ ਸਨ ਕਿ ਇਸ ਜਨਮ ਦਾ ਲਾਭ ਅਸੀਂ ਲੈ ਲਿਆ ਹੈ। ਤੰਬੂ ਨੂੰ ਕਨਾਤ ਸਹਿਤ ਵੇਖਦੇ ਸਨ। ਚਾਰ ਕੋਨਿਆਂ ਵਾਲੀ ਚਾਨਣੀ ਤਣੀ ਹੋਈ ਹੈ॥ ੨੨॥

**ਕਿਤਿਕ ਸਮੈ ਲਗਿ ਧਰਿ ਕਰਿ ਮੋਨ। ਮੁਦਤਿ ਹੋਤਿ ਦੇਖਯੋ ਚਹੁੰ ਕੋਨ।**
**ਨਹਿਂ ਸਤਿਗੁਰ ਭੀ ਕੁਛ ਫੁਰਮਾਯੋ। 'ਚਿਤ ਥਿਰ ਭੇ ਇਨ' ਇਮ ਲਖਿ ਪਾਯੋ॥੨੩॥**

ਕਾਫੀ ਸਮੇਂ ਤਕ ਮੋਨ ਧਾਰ ਕੇ ਫਿਰ ਪ੍ਰਸੰਨ ਹੋ ਕੇ ਚਾਰੇ ਕੋਨਿਆਂ ਵਲ ਵੇਖਿਆ। ਸਤਿਗੁਰੂ ਜੀ ਨੇ ਵੀ ਕੁਝ ਨਹੀਂ ਫੁਰਮਾਇਆ, "ਇਨ੍ਹਾਂ ਦੇ ਚਿੱਤ ਸਥਿਰ ਹੋ ਗਏ ਹਨ" ਉਨ੍ਹਾਂ ਨੇ ਇਸ ਤਰ੍ਹਾਂ ਸਮਝਿਆ॥ ੨੩॥

**ਭੀਮਚੰਦ ਪਿਖਿ ਨੰਦ ਚੰਦ ਕੋ। ਬੂਝੀ ਲਾਗਤਿ ਦਰਬ ਬ੍ਰਿੰਦ ਕੋ।**
**'ਕੌਨ ਦੇਸ਼ ਮਹਿਂ ਹੋਯਸਿ ਤਜਾਰੋ ? ਇਸ ਸਮ ਦੂਸਰ ਨਹੀਂ ਨਿਹਾਰੋਂ' ॥੨੪॥**

ਭੀਮ ਚੰਦ ਨੇ ਨੰਦ ਚੰਦ ਨੂੰ ਵੇਖ ਕੇ ਪੁਛਿਆ ਕਿ ਇਸ ਨੂੰ ਬਣਾਉਣ ਵਿਚ ਕਿੰਨੇ ਧਨ ਦੀ ਲਾਗਤ ਆਈ ਹੈ। "ਕਿਹੜੇ ਦੇਸ਼ ਵਿਚ ਇਹ ਤਿਆਰ ਹੋਇਆ ਹੈ, ਇਸ ਵਰਗਾ ਕੋਈ ਹੋਰ ਤੰਬੂ ਨਹੀਂ ਵੇਖਿਆ ਹੈ"॥ ੨੪॥

ਸੁਨਿ ਕੈ 'ਪਸ਼ਚਮ ਦੇਸ਼' ਬਤਾਯੋ। 'ਤਹਾਂ ਮਸੰਦ ਤਜਾਰ ਕਰਿ ਲਜਾਯੋ।
ਲਗਜੋ ਦਰਬ ਇਸ ਲਾਖ ਅਵਾਈ। ਤਿਤ ਹੀ ਕਾਰੀਗਰਨਿ ਬਨਾਈ ॥੨੫॥

ਭਾਈ ਨੰਦ ਚੰਦ ਨੇ ਸੁਣ ਕੇ 'ਪੱਛਮ ਦੇਸ਼' ਦੱਸਿਆ, "ਉਥੋਂ ਇਕ ਮਸੰਦ ਤਿਆਰ ਕਰਕੇ ਲਿਆਇਆ ਹੈ। ਇਸ ਉੱਤੇ ਢਾਈ ਲੱਖ ਧਨ ਦਾ ਖਰਚਾ ਆਇਆ ਹੈ, ਉਥੋਂ ਦੇ ਹੀ ਕਾਰੀਗਰਾਂ ਨੇ ਬਣਾਇਆ ਹੈ॥ ੨੫॥

ਨਹਿਂ ਇਸ ਦੇਸ਼ ਬਨਾਵੈ ਕੋਈ। ਇਕ ਨੌਰੰਗ ਢਿਗ, ਸਮ ਨਹਿਂ ਸੋਈ'।
ਨ੍ਰਿਪ ਕਹਿ 'ਇਤੋ ਦਰਬ ਭੀ ਥੋਰਾ। ਬਨਜੋ ਅਜਾਇਬ ਬਰ ਚਹੁੰ ਕੋਰਾ' ॥੨੬॥

ਇਸ ਦੇਸ਼ ਵਿਚ ਕੋਈ ਨਹੀਂ ਬਣਾਉਂਦਾ ਹੈ, ਇਕ ਤੰਬੂ ਨੌਰੰਗੇ ਪਾਸ ਹੈ, ਪਰ ਉਹ ਵੀ ਇਸ ਦੇ ਬਰਾਬਰ ਸੁੰਦਰ ਨਹੀਂ ਹੈ।" ਰਾਜੇ ਨੇ ਕਿਹਾ, "ਏਨਾ ਧਨ ਵੀ ਥੋੜਾ ਹੈ, ਚਾਰੇ ਕੋਨਿਆਂ 'ਤੇ ਬਹੁਤ ਸੁੰਦਰ ਬਣਿਆ ਹੈ" ॥ ੨੬॥

'ਸੁਨਹੁਂ ਗਿਰੇਸ਼੍ਵਰ! ਗੁਰ ਘਰ ਜੋਈ। ਕਮਤੀ ਕਿਸੂ ਬਾਤ ਨਹਿਂ ਕੋਈ।
ਚਹੁੰਦਿਸ਼ਿ ਤੇ ਸਾਗਰ ਲਗਿ ਅਵਨੀ। ਚਲੀ ਆਇਂ ਵਸਤੂ ਗਨ ਰਵਨੀ ॥੨੭॥

ਭਾਈ ਨੰਦ ਚੰਦ ਨੇ ਫਿਰ ਕਿਹਾ, "ਹੇ ਪਹਾੜਾਂ ਦੇ ਮਾਲਕ ! ਸੁਣੋ, ਜਿਹੜਾ ਗੁਰੂ ਘਰ ਹੈ, ਏਥੇ ਕਿਸੇ ਗੱਲ ਦੀ ਕਮੀ ਨਹੀਂ। ਚਾਰੇ ਪਾਸੇ ਸਾਗਰ ਤਕ ਜਿਹੜੀ ਧਰਤੀ ਹੈ, ਉਥੋਂ ਬਹੁਤ ਵਸਤਾਂ ਚਲੀਆਂ ਆਉਂਦੀਆਂ ਹਨ॥ ੨੭॥

ਆਦ ਸਿੰਗਲਾਦੀਪ ਜਲਧ ਮਹਿਂ। ਗੁਰ ਸਿਖ ਆਨਤਿ ਸੁਧਿ ਲਹਿ ਜਹਿਂ ਕਹਿਂ।
ਏਵ ਬਿਲੋਕਤਿ ਬਲੋਤਿ ਜੌ ਲੌ। ਆਯੋ ਝੂਲਤਿ ਕੁੰਚਰ ਤੌ ਲੌ॥ ੨੮॥

ਸਿੰਗਲਾਦੀਪ ਆਦਿ ਟਾਪੂ ਜਿਹੜੇ ਸਾਗਰ ਵਿਚ ਹਨ, ਜਿੱਥੋਂ ਕਿੱਥੋਂ ਖ਼ਬਰ ਸੁਣ ਕੇ ਗੁਰ ਸਿੱਖ ਉਪਹਾਰ ਲਿਆਉਂਦੇ ਹਨ।" ਜਦ ਤਕ ਇਸ ਤਰ੍ਹਾਂ ਵੇਖਦੇ ਅਤੇ ਬੋਲਦੇ ਰਹੇ, ਤਦ ਤਕ ਝੂਲਦਾ ਹੋਇਆ ਹਾਥੀ ਆ ਗਿਆ॥ ੨੮॥

ਸਭਿ ਬਿਧਿ ਸੁੰਦਰ ਸਜਤਿ ਸ਼ਿੰਗਾਰਾ। ਖਰੇ ਹੋਇ ਕਰਿ ਬੰਦਨ ਧਾਰਾ।
ਜਿਤਿਕ ਰੋਟਕਾ ਕੇਰਿ ਅਕਾਰਾ। ਸ਼ੋਭਤਿ ਤਿਤਿਕ ਸੁਪੇਦ ਲਿਲਾਰਾ॥ ੨੯॥

ਸਭ ਵਿਧੀਆਂ ਨਾਲ ਸ਼ਿੰਗਾਰਿਆ ਹੋਇਆ ਸੁੰਦਰ ਸੱਜ ਰਿਹਾ ਸੀ। ਹਾਥੀ ਨੇ ਖੜੇ ਹੋ ਕੇ ਬੰਦਨਾ ਕੀਤੀ। ਜਿੰਨਾ ਰੋਟੀ ਦਾ ਆਕਾਰ ਹੁੰਦਾ ਹੈ, ਓਨਾ ਸਫੈਦ ਮੱਥਾ ਸ਼ੋਭ ਰਿਹਾ ਸੀ॥ ੨੯॥

ਤਹਿਂ ਤੇ ਧਾਰ ਤਰੇ ਕੋ ਚੀਨੀ। ਸਿਤ ਹੀ ਚਲੀ ਜਹਾਂ ਲਗਿ ਥੀਨੀ।
ਅਪਰ ਸ਼ਿੰਗਾਰ ਹਜ਼ਾਰਨਿ ਕੇਰਾ। ਗਜਗਾਹਨ ਜੁਤਿ ਦਿਪਤਿ ਬਡੇਰਾ॥ ੩੦॥

ਉਸ ਸਥਾਨ ਤੋਂ ਥੱਲੇ ਵਲ ਸੁਫੈਦ ਧਾਰੀ ਵੇਖੀ, ਸਫੈਦ ਹੀ ਚਲੀ ਗਈ ਜਿਥੋਂ ਤਕ ਸੁੰਡ ਦੀ ਨੋਕ ਸੀ। ਹੋਰ ਹਜ਼ਾਰਾਂ ਦਾ ਸ਼ਿੰਗਾਰ ਹੋਇਆ ਸੀ, ਗਜਗਾਹਨ ਸਹਿਤ ਜਿਹੜਾ ਬਹੁਤ ਚਮਕ ਰਿਹਾ ਸੀ॥ ੩੦॥

ਭੀਮਚੰਦ ਅਵਿਲੋਕ੍ਰ ਗਯੰਦ। ਭਯੋ ਰਿਦੇ ਮਹਿਂ ਹਰਖ ਬਿਲੰਦ।
ਬਿਕਸਜੋ ਬਦਨ ਅਜਾਇਬ ਨਾਨਾ। 'ਅਧਿਕ ਦੂਰ ਤੇ ਕਿਨਹੂੰ ਆਨਾ' ॥੩੧॥

ਭੀਮ ਚੰਦ ਹਾਥੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਕਈ ਪ੍ਰਕਾਰ ਦੀਆਂ ਅਜੀਬ ਵਸਤੂਆਂ ਨੂੰ ਵੇਖ ਕੇ ਭੀਮ ਚੰਦ ਦਾ ਮੂੰਹ ਖਿੜ ਗਿਆ। "ਬਹੁਤ ਦੂਰ ਤੋਂ ਕਿਸੇ ਨੇ ਇਹ ਵਸਤਾਂ ਲਿਆਂਦੀਆਂ ਹਨ" ॥ ੩੧॥

ਸ਼੍ਰੀ ਕਲਗ਼ੀਧਰ ਤਬਹਿ ਉਚਾਰਾ। 'ਇਕ ਤੌ ਗਜ ਕੌ ਅਜਬ ਅਕਾਰਾ।
ਪੁਨ ਗੁਨ ਗਨ ਕੋ ਇਸ ਮਹਿਂ ਲਹੀਯਤਿ। ਕਰਹਿ ਕਾਰ ਜੋ ਮੁਖ ਤੇ ਕਹੀਅਤਿ ॥੩੨॥

ਸ੍ਰੀ ਕਲਗੀਧਰ ਜੀ ਨੇ ਫਿਰ ਉਚਾਰਨ ਕੀਤਾ, "ਇਕ ਤਾਂ ਹਾਥੀ ਦਾ ਅਜੀਬ ਅਕਾਰ ਹੈ, ਫਿਰ ਇਸ ਵਿਚ ਬਹੁਤ ਗੁਣ ਵੇਖੇ ਗਏ ਹਨ। ਉਹੋ ਕੰਮ ਕਰਦਾ ਹੈ ਜੋ ਮੁਖ ਤੋਂ ਕਹਿੰਦੇ ਹਾਂ॥ ੩੨॥

**ਸਭਿ ਮਤਿ ਜੁਤਿ ਚਤੁਰਈ ਵਿਸ਼ੇਖ। ਜਿਮ ਮਾਨੁਖ ਕੀ ਲਖਿਯ ਅਸ਼ੇਖ'।**
**ਸੁਨਿ ਗੁਰ ਬਾਨੀ ਗਿਰਪਤਿ ਬੋਲਾ। 'ਇਹ ਕੁੰਚਰ ਪ੍ਰਭੁ ਅਹੈ ਅਮੋਲਾ॥ ੩੩॥**

ਸਭ ਬੁੱਧੀ ਸਹਿਤ ਵਿਸ਼ੇਸ਼ ਚਤੁਰਾਈ ਹੈ, ਜਿਵੇਂ ਸਾਰੇ ਮਨੁੱਖਾਂ ਦੀ ਬੁੱਧੀ ਵੇਖੀ ਜਾਂਦੀ ਹੈ।" ਗੁਰੂ ਜੀ ਦੇ ਬਚਨ ਸੁਣ ਕੇ ਪਹਾੜੀ ਰਾਜਾ ਬੋਲਿਆ, "ਪ੍ਰਭੂ ਜੀ ! ਇਹ ਹਾਥੀ ਬੜਾ ਅਮੋਲਕ ਹੈ॥ ੩੩॥

**ਜਿਸ ਕੇ ਸਮ ਦੂਸਰ ਨਹਿਂ ਔਰ। ਦੇਸ਼ ਬਿਦੇਸ਼ ਅਨੇਕੈਂ ਠੌਰ।**
**ਅਦਭੁਤ ਗੁਨ ਹੈਂ ਜਥਾ ਬਤਾਵਹੁ। ਕ੍ਰਿਪਾ ਧਾਰਿ ਕਰਿ ਸਭਿ ਦਿਖਰਾਵਹੁ' ॥੩੪॥**

ਇਸ ਵਰਗਾ ਦੂਸਰਾ ਕੋਈ ਹੋਰ ਨਹੀਂ ਹੈ, ਦੇਸ਼ ਵਿਦੇਸ਼ ਅਨੇਕਾਂ ਥਾਂ ਵੇਖੇ ਹਨ। ਇਸ ਵਿਚ ਜਿਵੇਂ ਅਦਭੁਤ ਗੁਣ ਦੱਸਦੇ ਹੋ, ਕਿਰਪਾ ਧਾਰ ਕੇ ਉਹ ਸਾਰੇ ਗੁਣ ਪ੍ਰਗਟ ਰੂਪ ਵਿਚ ਵਿਖਾਵੋ" ॥ ੩੪॥

**ਚੌਰ ਕਰੀ ਕਰ ਮੈਂ ਪਕਰਾਯੋ। ਗੁਰ ਢਿਗ ਪਾਛੇ ਖਰੇ ਝੁਲਾਯੋ।**
**ਪੁਨ ਜਲ ਝਾਰੀ ਕਰ ਗਹਿਵਾਈ। ਸਮ ਸੇਵਕ ਕੇ ਚਰਨ ਧੁਵਾਈ॥ ੩੫॥**

ਇਕ ਚੌਰ ਹਾਥੀ ਦੀ ਸੁੰਡ ਵਿਚ ਫੜਾਇਆ ਤਾਂ ਉਸ ਨੇ ਗੁਰੂ ਜੀ ਦੇ ਪਿੱਛੇ ਖਲੋ ਕੇ ਚੌਰ ਨੂੰ ਝੁਲਾਇਆ ਫਿਰ ਜਲ ਦੀ ਇਕ ਸੁਰਾਹੀ ਉਸ ਨੂੰ ਫੜਾਈ ਗਈ। ਉਸ ਨੇ ਇਕ ਸੇਵਕ ਵਾਂਗ ਗੁਰੂ ਜੀ ਦੇ ਚਰਨ ਧੁਵਾਏ॥ ੩੫॥

**ਪਟ ਕੋ ਪਕਰਿ ਪੌਂਛਨਾ ਕਰੇ। ਪਨਹੀ ਝਾਰਿ ਅਗਾਰੀ ਧਰੇ।**
**ਪੁਨ ਸਤਿਗੁਰ ਗਹਿ ਕਰਿ ਧਨੁ ਹਾਥ। ਸਰ ਬਗਰਾਇ ਐਂਚਿ ਬਲ ਸਾਥ॥ ੩੬॥**

ਫਿਰ ਰੇਸ਼ਮ ਦਾ ਕੱਪੜਾ ਫੜ ਕੇ ਗੁਰੂ ਜੀ ਦੇ ਪੈਰਾਂ ਨੂੰ ਪੂੰਝਿਆ ਤੇ ਜੁੱਤੀ ਝਾੜ ਕੇ ਅੱਗੇ ਰੱਖ ਦਿੱਤੀ। ਫਿਰ ਸਤਿਗੁਰੂ ਜੀ ਨੇ ਹੱਥ ਵਿਚ ਧਨੁੱਖ ਫੜ ਕੇ ਬੜੇ ਜ਼ੋਰ ਨਾਲ ਖਿੱਚ ਕੇ ਤੀਰ ਚਲਾਏ॥ ੩੬॥

**ਕੁੰਚਰ ਕੋ ਦਿਖਰਾਇ ਚਲਾਏ। ਬੀਚ ਲੱਛਕੇ ਤਾਕਿ ਲਗਾਏ।**
**ਸ਼ੂੰਕਤ ਜਾਤਿ ਸਰਪ ਸਮ ਖਪਰੇ। ਕੇਹਰਿ ਹਤਹਿਂ ਕਹਾਂ ਨਰ ਬਪੁਰੇ॥ ੩੭॥**

ਉਹ ਸਾਰੇ ਹਾਥੀ ਨੂੰ ਵਿਖਾ ਕੇ ਚਲਾਏ ਸਨ, ਇਕ ਨਿਸ਼ਾਨੇ ਵਿਚ ਤੱਕ ਕੇ ਮਾਰੇ ਸਨ। ਤੀਰ ਸੱਪ ਵਾਂਗ ਸ਼ੂਕਦੇ ਜਾਂਦੇ ਸਨ। ਉਹ ਸ਼ੇਰ ਨੂੰ ਮਾਰਨ ਵਾਲੇ ਤੀਰ ਸਨ, ਮਨੁੱਖ ਉਨ੍ਹਾਂ ਅੱਗੇ ਵਿਚਾਰੇ ਕੀ ਹਨ॥ ੩੭॥

**ਪੁਨ ਕੁੰਚਰ ਕੋ ਸ਼ਾਰਤ ਕੀਨਿ। 'ਗਮਨਹੁ, ਆਨਿ ਬਾਨ ਕੋ ਬੀਨਿ'।**
**ਚਪਲ ਚਾਲ ਤੇ ਚਲਜੋ ਸੁਹਾਵਤਿ। ਗਰ ਕੀ ਕਿੰਕਨਿ ਅਲਪ ਬਜਾਵਤਿ॥੩੮॥**

ਫਿਰ ਹਾਥੀ ਨੂੰ ਇਸ਼ਾਰਾ ਕੀਤਾ, "ਜਾਓ ਸਾਰੇ ਤੀਰਾਂ ਨੂੰ ਲਭ ਕੇ ਲਿਆਵੋ।" ਹਾਥੀ ਬੜੀ ਤੇਜ਼ ਚਾਲ ਨਾਲ ਚਲਦਾ ਹੋਇਆ ਬੜਾ ਸ਼ੋਭਦਾ ਸੀ, ਉਸ ਦੇ ਗਲ ਵਿਚ ਪਏ ਛੋਟੇ ਘੁੰਗਰੂ ਖੜਕ ਰਹੇ ਸਨ॥ ੩੮॥

**ਕੰਚਨ ਚੂੜ ਦਸਨ ਮਹਿਂ ਪਾਏ। ਰਜਤ ਸ੍ਰਿੰਖਲਾ ਪਾਇ ਸੁਹਾਏ।**
**ਉਤਲਾਵਤਿ ਪਹੁੰਚਜੋ ਤਹਿਂ ਜਾਈ। ਗਡੇ ਖਰੇ ਜਹਿਂ ਸਰ ਸਮੁਦਾਈ॥ ੩੯॥**

ਦੰਦਾਂ ਉੱਤੇ ਸੋਨੇ ਦਾ ਚੂੜਾ ਚੜ੍ਹਿਆ ਹੋਇਆ ਸੀ, ਪੈਰਾਂ ਵਿਚ ਚਾਂਦੀ ਦੇ ਸੰਗਲ ਪਾਏ ਹੋਏ ਸ਼ੋਭ ਰਹੇ ਸਨ। ਬੜੀ ਕਾਹਲੀ ਨਾਲ ਓਥੇ ਪਹੁੰਚ ਗਿਆ, ਜਿੱਥੇ ਸਾਰੇ ਤੀਰ ਗੱਡੇ ਹੋਏ ਖੜੇ ਸਨ॥ ੩੯॥

ਬੀਨ ਬੀਨ ਬੀਨੀ ਸੰਗ ਬਾਨਾ। ਕਰੇ ਬਟੋਰਨਿ ਜਿਸ ਬਰ ਬਾਨਾ।
ਆਨਿ ਪ੍ਰਭੂ ਕੇ ਆਗੇ ਧਰੇ। ਲੇਕਰਿ ਬਸਤ੍ਰ ਪੌਂਛਿਬੋ ਕਰੇ॥ ੪੦॥

ਹਾਥੀ ਨੇ ਚੁਣ ਚੁਣ ਕੇ ਸੁੰਡ ਨਾਲ ਸਾਰੇ ਬਾਣ ਇਕੱਠੇ ਕਰ ਲਏ, ਜਿਸ ਹਾਥੀ ਦਾ ਸ੍ਰੇਸ਼ਟ ਲਿਬਾਸ ਹੈ। ਲਿਆ ਕੇ ਗੁਰੂ ਜੀ ਦੇ ਅੱਗੇ ਰੱਖ ਦਿੱਤੇ ਤੇ ਕੱਪੜਾ ਲੈ ਕੇ ਸਾਰੇ ਤੀਰਾਂ ਨੂੰ ਪੂੰਝ ਦਿੱਤਾ॥ ੪੦॥

*ਨੋਟ :- ਹਾਥੀ ਦੇ ਇਹ ਕਰਤਬ ਪੜ੍ਹ ਕੇ ਹੈਰਾਨ ਨਹੀਂ ਹੋਣਾ ਚਾਹੀਦਾ, ਹਾਥੀ ਬਹੁਤ ਸਿਆਣਾ ਹੈ ਤੇ ਸਿਖਾਉਣ ਉੱਤੇ ਬਹੁਤ ਕੁਝ ਸਿੱਖ ਜਾਂਦਾ ਹੈ। ਜਿਨ੍ਹਾਂ ਸਰਕਸ ਦੇ ਤਮਾਸ਼ੇ ਵੇਖੇ ਹਨ, ਹਾਥੀਆਂ ਦੇ ਅਜਿਹੇ ਅਨੇਕਾਂ ਅਸਚਰਜ ਕਰਤਬ ਵੇਖੇ ਹੋਣਗੇ।*

ਨਿਜ ਨਿਖੰਗ ਮਹਿਂ ਪੁਨ ਸਭਿ ਪਾਏ। ਹੇਰਿ ਗਿਰੇਸ਼੍ਵਰ ਸਭਿ ਬਿਸਮਾਏ।
ਇਮ ਸਰੂਪ ਐਸ਼੍ਵਰਜ ਨਿਹਾਰਾ। 'ਬਨੌਂ ਸਿੱਖ ਮੈਂ' ਰਿਦੇ ਬਿਚਾਰਾ॥ ੪੧॥

ਗੁਰੂ ਜੀ ਨੇ ਫਿਰ ਸਾਰੇ ਤੀਰ ਆਪਣੇ ਭੱਥੇ ਵਿਚ ਪਾ ਲਏ ਪਹਾੜੀ ਰਾਜਾ ਤੇ ਉਸ ਦੇ ਸਾਥੀ ਵੇਖ ਕੇ ਬਹੁਤ ਹੈਰਾਨ ਹੋਏ। ਇਸ ਤਰ੍ਹਾਂ ਗੁਰੂ ਜੀ ਦਾ ਧਨ ਦੌਲਤ ਵੇਖਿਆ ਤੇ ਹਿਰਦੇ ਵਿਚ ਵਿਚਾਰ ਕੀਤੀ "ਮੈਂ ਵੀ ਸਿੱਖ ਬਣਾਂਗਾ"॥ ੪੧॥

ਜਿਨ ਕੋ ਅਸ ਪ੍ਰਤਾਪ ਜਗ ਸਾਰੇ। ਕਰਾਮਾਤ ਸਾਹਿਬ ਗੁਨ ਭਾਰੇ।
ਲੋਕ ਪ੍ਰਲੋਕ ਸਹਾਇਕ ਹੋਇਂ। ਦਰਸ਼ਨ ਤੇ ਅਘ ਰਹੈ ਨ ਕੋਇ'॥ ੪੨॥

ਜਿਨ੍ਹਾਂ ਦਾ ਜਗਤ ਵਿਚ ਐਸਾ ਪ੍ਰਤਾਪ ਹੈ, ਕਰਾਮਾਤ ਦੇ ਮਾਲਕ ਹਨ ਤੇ ਹੋਰ ਭਾਰੀ ਗੁਣ ਇਨ੍ਹਾਂ ਵਿਚ ਮੌਜੂਦ ਹਨ। ਲੋਕ ਪਰਲੋਕ ਵਿਚ ਸਹਾਇਕ ਹੋਣਗੇ, ਦਰਸ਼ਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਣਗੇ"॥ ੪੨॥

ਇਮ ਚਿਤਵਤਿ ਬਹੁ ਬਾਤਨਿ ਕਰੀ। ਬੈਠੇ ਰਹੇ ਗੁਰੂ ਖਟ ਘਰੀ।
ਰੁਖ਼ ਲਖਿ ਭੀਮਚੰਦ ਕਰਿ ਨਮੋਂ। ਉਠ੍ਯੋ ਸਭਾ ਤੇ ਚਲਿ ਤਿਹ ਸਮੋਂ॥ ੪੩॥

ਇਸ ਤਰ੍ਹਾਂ ਵਿਚਾਰਦਿਆਂ ਬਹੁਤ ਗੱਲਾਂ ਕੀਤੀਆਂ, ਗੁਰੂ ਜੀ ਛੇ ਘੜੀਆਂ ਓਥੇ ਬੈਠੇ ਰਹੇ। ਗੁਰੂ ਜੀ ਦਾ ਫਿਰ ਰੁਖ਼ ਵੇਖ ਕੇ ਭੀਮ ਚੰਦ ਬੰਦਨਾ ਕਰਕੇ ਉਠਿਆ ਤੇ ਉਸ ਸਮੇਂ ਸਭਾ ਵਿਚੋਂ ਚਲਾ ਗਿਆ॥ ੪੩॥

ਅੰਤਰਜਾਮੀ ਗੁਰੂ ਬਿਚਾਰਾ। 'ਗਿਰਪਤਿ ਬਨੈ ਜਿ ਸਿੱਖ ਹਮਾਰਾ।
ਤਬਿ ਨਹਿਂ ਹੋਵਹਿਂ ਜੰਗ ਅਖਾਰੇ। ਪੂਰਬ ਇਹ ਹਮ ਸੰਗ ਬਿਗਾਰੇ'॥ ੪੪॥

ਅੰਤਰਜਾਮੀ ਗੁਰੂ ਜੀ ਨੇ ਵਿਚਾਰ ਕੀਤੀ, "ਜੇ ਪਹਾੜੀ ਰਾਜਾ ਸਾਡਾ ਸਿੱਖ ਬਣ ਜਾਵੇਗਾ ਤਾਂ ਜੰਗ ਦਾ ਅਖਾੜਾ ਨਹੀਂ ਲਗੇਗਾ। ਸਭ ਤੋਂ ਪਹਿਲਾਂ ਇਹ ਸਾਡੇ ਨਾਲ ਵਿਗਾੜ ਕਰੇਗਾ"॥ ੪੪॥

ਜਬਿ ਡੇਰੇ ਮਹਿਂ ਪਹੁੰਚਯੋ ਜਾਈ। ਚਿਤਵਤਿ ਗਿਰਪਤਿ ਮਤਿ ਬਿਚਲਾਈ।
ਜੇ ਗਿਰਪਤਿ ਹੈਂ ਭ੍ਰਾਤ ਹਮਾਰੇ। ਬਨੌਂ ਸਿੱਖ ਸੋ ਕਹਾਂ ਉਚਾਰੇਂ॥ ੪੫॥

ਜਦ ਰਾਜਾ ਆਪਣੇ ਡੇਰੇ ਵਿਚ ਪਹੁੰਚਿਆ ਤਾਂ ਸੋਚਦਿਆਂ ਪਹਾੜੀ ਰਾਜੇ ਦੀ ਬੁੱਧੀ ਵਿਗੜ ਗਈ। ਸੋਚਣ ਲੱਗਾ, "ਜਿਹੜੇ ਪਹਾੜੀ ਰਾਜੇ ਸਾਡੇ ਭਰਾ ਹਨ, ਜੇ ਮੈਂ ਸਿੱਖ ਬਣਾਂਗਾ ਤਾਂ ਉਹ ਕੀ ਕਹਿਣਗੇ॥ ੪੫॥

ਕਰਹਿਂ ਹਾਸ ਮੋ ਕੋ ਮਿਲਿ ਕਰਿਕੈ। ਲਿਯੋ ਕਹਾਂ ਮਤਿ ਗੁਰ ਕੋ ਧਰਿ ਕੈ।
ਰੀਤਿ ਅਜੋਗ ਜਾਨਿ ਕਰਿ ਮੇਰੀ। ਕਹੈਂ ਅਲਪ ਮਤਿ ਹੈ ਇਸ ਕੇਰੀ'॥ ੪੬॥

ਮੈਨੂੰ ਮਿਲ ਕੇ ਮੇਰੀ ਹਾਸੀ ਉਡਾਉਣਗੇ, ਗੁਰੂ ਧਾਰਨ ਕਰਨ ਦੀ ਕਿਥੋਂ ਅਕਲ ਲਈ ਹੈ। ਮੇਰੀ ਅਯੋਗ ਰੀਤੀ ਜਾਣ ਕੇ ਕਹਿਣਗੇ ਇਸ ਦੀ ਮੱਤ ਥੋੜੀ ਹੈ"॥ ੪੬॥

ਇੱਤਜਾਦਿਕ ਬਹੁ ਤਰਕ ਉਠਾਇ। ਸਭਿ ਨ੍ਰਿਪ ਦਿਸ਼ਿ ਸੰਸੈ ਉਪਜਾਇ।
ਗਈ ਸੁਮਤਿ ਫਿਰਿ ਬਡ ਹੰਕਾਰੀ। ਯਾਂਤੇ ਕਾਚੇ ਅਹੈਂ ਪਹਾਰੀ॥ ੪੭॥

ਇਸ ਤਰ੍ਹਾਂ ਬਹੁਤ ਤਰਕ ਉਠਾਏ, ਰਾਜੇ ਦੇ ਮਨ ਵਿਚ ਬਹੁਤ ਸ਼ੰਕੇ ਉਤਪੰਨ ਹੋਏ। ਸ੍ਰੇਸ਼ਟ ਮੱਤ ਜਾਂਦੀ ਰਹੀ ਤੇ ਫਿਰ ਵੱਡਾ ਹੰਕਾਰ ਜਾਗ ਪਿਆ। ਇਸ ਕਰਕੇ ਪਹਾੜੀਆਂ ਨੂੰ ਕੱਚੇ ਕਿਹਾ ਜਾਂਦਾ ਹੈ॥ ੪੭॥

*ਪਹਿਲੀ ਰੁੱਤ ਦਾ ਉਣੱਤ੍ਰੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

# *ਅਧਿਆਇ ਤੀਹਵਾਂ*

*ਭੀਮ ਚੰਦ ਵਿਦਾ, ਸ਼ਸਤਰ ਵਿਦਿਆ ਅਭਿਆਸ*

*ਦੋਹਰਾ-* ਮੰਦ ਭਾਗ ਕੀ ਮਤਿ ਫਿਰੀ ਗੁਰ ਸਿੱਖੀ ਨਹਿਂ ਭਾਇ।
ਜਿਮ ਚਾਹੈਂ ਪ੍ਰਭੁ ਤਿਮ ਕਰੈਂ ਤਜੈਂ ਕਿਧੌਂ ਅਪਨਾਇਂ॥ ੧॥

ਮਾੜੇ ਭਾਗਾਂ ਵਾਲੇ ਦੀ ਮੱਤ ਫਿਰ ਗਈ, ਗੁਰਸਿੱਖੀ ਉਸ ਨੂੰ ਚੰਗੀ ਨਾ ਲੱਗੀ। ਜਿਵੇਂ ਪ੍ਰਭੂ ਚਾਹੇ ਮਨੁੱਖ ਉਸ ਤਰ੍ਹਾਂ ਹੀ ਕਰਦੇ ਹਨ, ਛੱਡਦੇ ਹਨ ਜਾਂ ਅਪਨਾ ਲੈਂਦੇ ਹਨ॥ ੧॥

*ਚੌਪਈ-* ਫਟਕ ਮਨਿੰਦ ਹੁਤੀ ਮਤਿ ਕਾਚੀ। ਢਿਗ ਸਤਿਸੰਗ ਰੰਗ ਸ਼ੁਭ ਰਾਚੀ।
ਬਿਛੁਰਜੋ ਜਬਹਿ ਤਥਾ ਰਹਿ ਗਇਊ। ਜਥਾ ਪ੍ਰਥਮ ਮੂਰਖ ਮਤਿ ਭਇਊ॥੨॥

ਬਲੌਰ ਵਾਂਗ ਕੱਚੀ ਮੱਤ ਸੀ, ਜਿਹੜੀ ਸਤਿਸੰਗ ਦੇ ਨੇੜੇ ਹੋਣ ਤੇ ਸ਼ੁਭ ਮੱਤ ਵਿਚ ਰਚ ਗਈ ਸੀ। ਜਦ ਸਤਿਸੰਗ ਤੋਂ ਵਿਛੜ ਗਿਆ ਤਾਂ ਮੱਤ ਪਹਿਲਾਂ ਵਾਂਗ ਹੀ ਹੋ ਗਈ, ਜਿਵੇਂ ਪਹਿਲਾਂ ਮੂਰਖ ਮੱਤ ਸੀ॥ ੨॥

ਜਿਮ ਰਵਿ ਕਿਰਨ ਮੁਕਰ ਪਰ ਭਾਸਨਿ। ਕਰਤਿ ਹੁਤਾਸਨ ਤੁਰਤ ਪ੍ਰਕਾਸ਼ਨਿ।
ਤੇਜ ਸਹਿਤ ਹੁਇ ਜਾਤਿ ਪ੍ਰਤਾਪੀ। ਮੋਹ ਦਾਰ ਕੋ ਦੇਵਤਿ ਖਾਪੀ॥ ੩॥

ਜਿਵੇਂ ਸੂਰਜ ਦੀਆਂ ਕਿਰਨਾਂ ਆਤਸ਼ੀ ਸ਼ੀਸ਼ੇ ਤੇ ਪ੍ਰਕਾਸ਼ਦੀਆਂ ਹਨ ਤੇ ਤੁਰਤ ਅੱਗ ਦਾ ਪ੍ਰਕਾਸ਼ ਕਰ ਦਿੰਦੀਆਂ ਹਨ। ਉਹ ਸ਼ੀਸ਼ਾ ਤੇਜ ਨਾਲ ਸੰਯੁਕਤ ਹੋ ਕੇ ਅੱਗੋਂ ਦੂਸਰੇ ਨੂੰ ਤਪਾਉਣ ਵਾਲਾ ਹੋ ਜਾਂਦਾ ਹੈ ਤੇ ਮੋਹ ਰੂਪੀ ਲੱਕੜ ਨੂੰ ਸਾੜ ਦਿੰਦਾ ਹੈ। ਉਸ ਤਰ੍ਹਾਂ ਗੁਰੂ ਜੀ ਦੇ ਤੇਜ ਦੀ ਸਮੀਪਤਾ ਬੁੱਧੀ ਨੂੰ ਆਤਮ ਤੇਜ ਨਾਲ ਭਰ ਕੇ ਅੰਦਰਲੇ ਮੋਹ ਨੂੰ ਸਾੜ ਦਿੰਦਾ ਹੈ॥ ੩॥

ਜੇ ਰਵਿ ਕਿਰਨ ਛੁਅਹਿ ਨਹਿਂ ਤਾਂਹੂੰ। ਰਹੈ ਤਥਾ ਹੁਇ ਕਾਜ ਨ ਕਾਹੂੰ।
ਤਿਮ ਸ਼ਰਧਾ ਉਰ ਤੇ ਗੁਰ ਹਰੀ। ਰਹਜੋ ਪ੍ਰਥਮ ਸਮ ਕਜੋਂਹੂੰ ਨ ਸਰੀ॥੪॥

ਜੇ ਸੂਰਜ ਦੀ ਕਿਰਨ ਆਤਸ਼ੀ ਸ਼ੀਸ਼ੇ ਨੂੰ ਛੂਹਣ ਤੋਂ ਹਟ ਜਾਵੇ, ਫਿਰ ਸ਼ੀਸ਼ਾ ਉਸ ਤਰ੍ਹਾਂ ਹੀ ਰਹਿੰਦਾ ਹੈ। ਕੋਈ ਕਾਰਜ ਨਹੀਂ ਕਰਦਾ ਹੈ। ਉਸ ਤਰ੍ਹਾਂ ਰਾਜੇ ਦੀ ਸ਼ਰਧਾ ਦਿਲ ਤੋਂ ਦੂਰ ਹੋ ਗਈ, ਤੇ ਪਹਿਲਾਂ ਵਾਂਗ ਹੀ ਹੋ ਗਿਆ ਤੇ ਕੋਈ ਕਾਰਜ ਵੀ ਨਾ ਸਰਿਆ॥ ੪॥

ਦਿਵਸ ਆਗਲੇ ਰੁਖਸਦ ਜਾਚੀ। ਹੰਕਾਰੀ ਮੂਰਖ ਮਤਿ ਕਾਚੀ।
ਗਿਰਪਤਿ ਕੋ ਆਸ਼ੈ ਪ੍ਰਭੁ ਜਾਨਾ। ਕਰਨਿ ਬਿਸਰਜਨ ਕੋ ਹਿਤ ਠਾਨਾ॥ ੫॥

ਅਗਲੇ ਦਿਨ ਰੁਖ਼ਸਤ ਮੰਗੀ, ਹੰਕਾਰੀ ਮੂਰਖ ਦੀ ਮੱਤ ਕੱਚੀ ਸੀ। ਗੁਰੂ ਜੀ ਨੇ ਪਹਾੜੀ ਰਾਜੇ ਦੇ ਆਸ਼ੇ ਨੂੰ ਜਾਣਿਆ ਤੇ ਉਸ ਨੂੰ ਰੁਖ਼ਸਤ ਕਰਨ ਦਾ ਹੀ ਹਿਤ ਠੀਕ ਜਾਣਿਆ॥ ੫॥

ਬਾਸੁਰ ਜਾਮ ਰਹਜੋ ਜਬਿ ਆਈ। ਪੁਨ ਸਤਿਗੁਰ ਨਿਜ ਸਭਾ ਲਗਾਈ।
ਪਠਿ ਮਾਨਵ ਕੋ ਮਹਿਪ ਹਕਾਰਾ। ਆਯੋ ਲੇ ਸਮਾਜ ਭਟ ਭਾਰਾ॥ ੬॥

ਜਦ ਦਿਨ ਇਕ ਪਹਿਰ ਬਾਕੀ ਰਹਿ ਗਿਆ, ਫਿਰ ਸਤਿਗੁਰੂ ਜੀ ਨੇ ਆਪਣੀ ਸਭਾ ਲਗਾਈ। ਇਕ ਮਨੁੱਖ ਨੂੰ ਭੇਜ ਕੇ ਰਾਜੇ ਨੂੰ ਬੁਲਾਇਆ, ਉਹ ਭਾਰੀ ਸੂਰਮਿਆਂ ਦਾ ਸਮਾਜ ਲੈ ਕੇ ਆ ਗਿਆ॥ ੬॥

ਨਿਜ ਦਲ ਬਲ ਕੋ ਕਰਹਿ ਦਿਖਾਵਨ। ਜਿਸ ਤੇ ਬਡੋ ਲਖਹਿਂ ਗੁਰ ਪਾਵਨ।
ਜੇਤਿਕ ਪ੍ਰਭੁਤਾ ਘਰ ਕੀ ਸਾਰੀ। ਆਨੀ ਸੰਗ ਗਿਰੇਸ਼ ਹਕਾਰੀ॥ ੭॥

ਆਪਣੀ ਸੈਨਾਂ ਦੇ ਬਲ ਨੂੰ ਵਿਖਾਉਂਦਾ ਸੀ ਤਾਂਕਿ ਪਵਿੱਤਰ ਗੁਰੂ ਜੀ ਮੈਨੂੰ ਵੱਡਾ ਸਮਝ ਲੈਣ। ਜਿੰਨੀ ਵੀ ਘਰ ਦੀ ਪ੍ਰਭੁਤਾ ਸੀ ਤੇ ਜਿਸ ਨੂੰ ਆਪਣੇ ਨਾਲ ਲਿਆਇਆ ਸੀ, ਉਸ ਨੂੰ ਰਾਜੇ ਨੇ ਆਪਣੇ ਪਾਸ ਬੁਲਾ ਲਿਆ॥ ੭॥

ਨਮੋ ਕਰਤਿ ਪ੍ਰਭੁ ਕੇ ਢਿਗ ਥਿਰਜੋ। ਬਿਨੈ ਸਹਿਤ ਮੁਖ ਬੋਲਨਿ ਕਰਜੋ।
ਰਾਜ ਸਾਜ ਕੀ ਅਨਿਕ ਪ੍ਰਕਾਰਾ। ਕਹਤਿ ਬਾਤ ਬਨ ਖਿਲਿਨਿ ਸ਼ਿਕਾਰਾ॥ ੮॥

ਰਾਜਾ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ ਤੇ ਬੇਨਤੀ ਸਹਿਤ ਮੁਖ ਤੋਂ ਬੋਲਿਆ। ਰਾਜ ਸਾਜ ਬਾਰੇ ਅਨੇਕ ਪ੍ਰਕਾਰ ਗੱਲਾਂ ਕੀਤੀਆਂ ਤੇ ਜੰਗਲ ਵਿਚ ਸ਼ਿਕਾਰ ਖੇਡਣ ਬਾਰੇ ਕਈ ਗੱਲਾਂ ਕਹੀਆਂ॥ ੮॥

ਦ੍ਵੈ ਘਟਿਕਾ ਜਬਿ ਬੈਠਿ ਬਿਤਾਈ। ਨੰਦ ਚੰਦ ਦਿਸ਼ਿ ਦ੍ਰਿਸ਼ਟਿ ਚਲਾਈ।
ਕਹਜੋ ਪ੍ਰਭੁ 'ਉਠਿ ਆਨਹੁਂ ਜਾਈ। ਸਿਰੋਪਾਉ, ਦੀਜੈ ਗਿਰਰਾਈ'॥ ੯॥

ਦੋ ਘੜੀਆਂ ਜਦ ਬੈਠ ਕੇ ਬਤੀਤ ਕੀਤੀਆਂ ਤੇ ਗੁਰੂ ਜੀ ਨੇ ਭਾਈ ਨੰਦ ਚੰਦ ਵਾਲੇ ਪਾਸੇ ਦ੍ਰਿਸ਼ਟੀ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਉੱਠ ਕੇ ਜਾ ਕੇ ਸਿਰੋਪਾ ਲਿਆਵੋ ਤੇ ਪਹਾੜੀ ਰਾਜੇ ਨੂੰ ਦੇਵੋ॥ ੯॥

ਸੁਨਤਿ ਹੁਕਮ ਕੋ ਤਤਛਿਨ ਆਨਾ। ਪਸ਼ਮੰਬਰ ਜਿਸ ਮੋਲ ਮਹਾਨਾ।
ਜ਼ਰੀ ਛੋਰ ਜੁਗ ਜਾਂਹਿ ਬਡੇਰੀ। ਦੀਰਘ ਪਗੀਆ ਸੂਖਮ ਹੇਰੀ॥ ੧੦॥

ਗੁਰੂ ਜੀ ਦਾ ਹੁਕਮ ਸੁਣ ਨੰਦ ਚੰਦ ਤੁਰਤ ਸਿਰੋਪਾ ਲੈ ਆਇਆ, ਸ੍ਰੇਸ਼ਟ ਪਸ਼ਮ ਦਾ ਬੜਾ ਕੀਮਤੀ ਸਿਰੋਪਾ ਸੀ। ਜਿਸ ਦੇ ਦੋਵੇਂ ਜ਼ਰੀਦਾਰ ਪੱਲੇ ਬੜੇ ਵੱਡੇ ਸਨ। ਇਕ ਵੱਡੀ ਸੂਖਮ ਪੱਗੜੀ ਵੇਖੀ॥ ੧੦॥

ਗੁਰ ਕੇ ਪਦ ਅਰਬਿੰਦ ਲਗਾਇ। ਦੀਨੀ ਨੰਦ ਗਿਰਰਾਇ।
ਲੇ ਨਿਜ ਕਰ ਮਹਿਂ ਸੀਸ ਲਗਾਈ। ਪੁਨ ਕੋਸ਼ਪ ਕੇ ਕਰ ਪਕਰਾਈ॥ ੧੧॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਲਾ ਕੇ ਸ੍ਰੀ ਨੰਦ ਚੰਦ ਨੇ ਰਾਜੇ ਨੂੰ ਦੇ ਦਿੱਤੀ। ਰਾਜੇ ਨੇ ਆਪਣੇ ਹੱਥ ਵਿਚ ਫੜ ਕੇ ਸਿਰ ਨੂੰ ਲਾਈ, ਫਿਰ ਖਜ਼ਾਨਚੀ ਦੇ ਹੱਥ ਵਿਚ ਫੜਾ ਦਿੱਤੀ॥ ੧੧॥

ਪੁਨ ਵਜ਼ੀਰ ਕੋ ਦੇ ਸਿਰੁਪਾਇ। ਅਪਰ ਮੁਸਾਹਿਬ ਢਿਗ ਸਮੁਦਾਇ।
ਗੁਰ ਘਰ ਤੇ ਸਭਿਹਿਨਿ ਕੋ ਮਿਲਜੋ। ਨਮੋ ਠਾਨਿ ਚਾਹਤਿ ਚਿਤ ਚਲਜੋ॥੧੨॥

ਫਿਰ ਵਜ਼ੀਰ ਨੂੰ ਸਿਰੋਪਾ ਦਿੱਤਾ। ਹੋਰ ਜਿਹੜੇ ਮੁਸਾਹਿਬ ਪਾਸ ਸਨ ਗੁਰੂ ਘਰ ਤੋਂ ਸਾਰਿਆਂ ਨੂੰ ਸਿਰੋਪਾ ਮਿਲਿਆ। ਫਿਰ ਬੰਦਨਾ ਕਰਕੇ ਚਿੱਤ ਵਿਚ ਚਲਣਾ ਚਾਹੁੰਦਾ ਸੀ॥ ੧੨॥

**ਭੀਮਚੰਦ ਆਨੰਦ ਬਿਲੰਦਾ। ਨਿਕਸਜੋ ਵਹਿਰ ਸੰਗ ਨਰ ਬ੍ਰਿੰਦਾ।**
**ਨਿਜ ਡੇਰੇ ਮਹਿ ਪਹੁੰਚਜੋ ਜਾਈ। ਨਿਸਾ ਬਿਤਾਇਸਿ ਕੀਨਿ ਚਢਾਈ॥੧੩॥**

ਭੀਮ ਚੰਦ ਬੜਾ ਪ੍ਰਸੰਨ ਸੀ, ਉਹ ਬਹੁਤ ਮਨੁੱਖਾਂ ਦੇ ਨਾਲ ਬਾਹਰ ਨਿਕਲਿਆ ਤੇ ਆਪਣੇ ਡੇਰੇ ਵਿਚ ਜਾ ਪਹੁੰਚਾ ਤੇ ਰਾਤ ਬਤੀਤ ਕਰਕੇ ਅਗਲੇ ਦਿਨ ਆਪਣੇ ਦੇਸ਼ ਵਲ ਚੜ੍ਹਾਈ ਕਰ ਦਿੱਤੀ॥ ੧੩॥

**ਦੁੰਦਭਿ ਕੋ ਬਜਾਇ ਮਗ ਪਰਜੋ। ਐਸ੍ਵਰਜ ਗੁਰੂ ਕੋ ਰਿਦੇ ਬਿਚਰਜੋ।**
**ਜਰ ਨਹਿਂ ਸਕਜੋ ਜਰਹਿ ਉਰ ਮਾਂਹੀ। ਸ਼ੰਕਿਤ ਚਿਤ ਸਿਖ ਹੋਯਸਿ ਨਾਂਹੀ॥੧੪॥**

ਨਗਾਰਾ ਵਜਾ ਕੇ ਰਸਤੇ ਪੈ ਗਿਆ ਤੇ ਗੁਰੂ ਜੀ ਦੇ ਧਨ ਦੌਲਤ ਬਾਰੇ ਹਿਰਦੇ ਵਿਚ ਵਿਚਾਰ ਕੀਤੀ। ਗੁਰੂ ਜੀ ਦੇ ਧਨ ਦੌਲਤ ਅਤੇ ਸਾਜ਼ੋ-ਸਾਮਾਨ ਨੂੰ ਵੇਖ ਕੇ ਜਰ ਨਾ ਸਕਿਆ ਤੇ ਹਿਰਦੇ ਵਿਚ ਸੜ ਗਿਆ, ਚਿੱਤ ਵਿਚ ਸ਼ੰਕਾ ਧਾਰ ਕੇ ਗੁਰੂ ਜੀ ਦਾ ਸਿੱਖ ਨਾ ਹੋਇਆ॥ ੧੪॥

**ਗਟੀ ਅਟਪਟੀ ਗਿਨਤਿ ਘਨੇਰੀ। ਗੁਰ ਢਿਗ ਵਸਤੁ ਅਜਾਇਬ ਹੇਰੀ।**
**ਮੋ ਕਹੁ ਕਿਮ ਇਹ ਪ੍ਰਾਪਤਿ ਹੋਇਂ। ਜਿਸਤੇ ਜਸ ਜਗ ਮਹਿਂ ਬਡ ਜੋਇ॥੧੫॥**

ਬਹੁਤ ਫਜ਼ੂਲ ਗਿਣਤੀਆਂ ਗਿਣਦਾ ਹੈ। ਗੁਰੂ ਜੀ ਪਾਸ ਅਜੀਬ ਵਸਤਾਂ ਵੇਖੀਆਂ ਹਨ। ਮੈਨੂੰ ਇਹ ਵਸਤਾਂ ਕਿਵੇਂ ਪ੍ਰਾਪਤ ਹੋਣਗੀਆਂ, ਜਿਸ ਕਰਕੇ ਜਗ ਵਿਚ ਮੇਰਾ ਜੱਸ ਵੱਡਾ ਹੋ ਜਾਵੇ॥ ੧੫॥

**ਗਿਰਪਤਿ ਹੇਰਹਿਂ ਨਿਕਟਿ ਜਿ ਮੇਰੇ। ਬਿਸਮਹਿਂ ਕਹਿਂ ਬਡਿਆਇ ਬਡੇਰੇ।**
**ਰਿਦੇ ਸਰਾਹਿਂ ਨ ਹੁਇਂ ਤਿਨ ਪਾਹੀ। ਆਵਹਿਂ ਜਿਤਿਕ ਬਿਲੋਕਨਿ ਜਾਂਹੀ॥੧੬॥**

ਦੂਸਰੇ ਪਹਾੜੀ ਰਾਜੇ ਜਿਹੜੇ ਮੇਰੇ ਨੇੜੇ ਹਨ, ਉਹ ਮੇਰੇ ਪਾਸ ਵੇਖਕੇ ਤੇ ਮੇਰੀ ਬਹੁਤ ਵਡਿਆਈ ਕਰਕੇ ਹੈਰਾਨ ਰਹਿ ਜਾਣਗੇ। ਉਨ੍ਹਾਂ ਦੇ ਪਾਸ ਇਹ ਅਜੀਬ ਵਸਤਾਂ ਨਾ ਹੋਣ 'ਤੇ ਹਿਰਦੇ ਵਿਚ ਮੇਰੀ ਸ਼ਲਾਘਾ ਕਰਨਗੇ। ਜਿੰਨੇ ਵੀ ਆਉਣਗੇ ਵੇਖ ਕੇ ਜਾਣਗੇ॥ ੧੬॥

**ਜੇ ਕਰਿ ਸਭਿ ਵਸਤੂ ਨਹਿਂ ਪਾਵੋਂ। ਜਜੋਂ ਕਜੋਂ ਕਰਿ ਕੁੰਚਰ ਅਨਵਾਵੋਂ।**
**ਪ੍ਰਥਮ ਕਰੋਂ ਛਲ ਬੁਧਿ ਬਲ ਪਾਇ। ਬਿਨਾ ਬਖੇਰੇ ਪਹੁੰਚਹਿ ਆਇ॥੧੭॥**

ਜੇ ਮੈਂ ਸਾਰੀਆਂ ਵਸਤਾਂ ਨਹੀਂ ਪਾਵਾਂਗਾ ਤਾਂ ਜਿਵੇਂ ਕਿਵੇਂ ਕਰ ਕੇ ਹਾਥੀ ਮੰਗਵਾਵਾਂਗਾ। ਪਹਿਲਾਂ ਮੈਂ ਬੁੱਧੀ ਦਾ ਬਲ ਕਰਕੇ ਛਲ ਕਰਾਂਗਾ, ਹਾਥੀ ਕਿਸੇ ਝਗੜੇ ਤੋਂ ਬਗੈਰ ਏਥੇ ਪਹੁੰਚ ਜਾਵੇਗਾ॥ ੧੭॥

**ਕਿਸੀ ਬਹਾਨੇ ਕਰਿਹਹੁੰ ਜਾਚੇ। ਭਲੇ ਪੁਰਖ ਆਨਹਿਂ ਢਿਗ ਤਾਚੇ।**
**ਜਜੋਂ ਕਜੋਂ ਕਰਿ ਇਕ ਬਾਰ ਜਿ ਪਾਵੋਂ। ਫੇਰ ਨ ਦੇਹੋਂ ਗਜ ਅਪਨਾਵੋਂ॥੧੮॥**

ਕੋਈ ਬਹਾਨਾ ਲਾ ਕੇ ਮੰਗ ਲਵਾਂਗਾ, ਭਲੇ ਪੁਰਸ਼ ਉਨ੍ਹਾਂ ਵਸਤੂਆਂ ਨੂੰ ਮੇਰੇ ਪਾਸ ਲਿਆਉਣਗੇ। ਜਿਵੇਂ ਕਿਵੇਂ ਕਰਕੇ ਜੇ ਇਕ ਵਾਰ ਪਾ ਲਵਾਂਗਾ, ਫਿਰ ਨਹੀਂ ਦੇਵਾਂਗਾ ਤੇ ਹਾਥੀ ਆਪਣਾ ਬਣਾ ਲਵਾਂਗਾ॥ ੧੮॥

**ਰਾਜਨੀਤਿ ਜਾਨਹਿਂ ਜੇ ਸਜਾਨੇ। ਜਤਨ ਕਰਨਿ ਸਭਿ ਬਿਧਿਨਿ ਬਖਾਨੇ।**
**ਕਜੋਹੂੰ ਬਾਂਛਾ ਪੂਰਵਹਿ ਨਾਂਹੀ। ਸ਼ਾਮ ਰੁ ਦਾਮ, ਭੇਦ ਕੇ ਮਾਂਹੀ॥ ੧੯॥**

ਜਿਹੜੇ ਸਿਆਣੇ ਰਾਜਨੀਤੀ ਜਾਣਦੇ ਹਨ, ਉਹ ਸਾਰੀਆਂ ਵਿਧੀਆਂ ਨਾਲ ਯਤਨ ਕਰਨ ਬਾਰੇ ਕਹਿੰਦੇ ਹਨ, ਜੇਕਰ ਕਿਸੇ ਤਰ੍ਹਾਂ ਨਾਲ ਮੇਰੀ ਇੱਛਾ ਮਿਲਾਪ ਅਤੇ ਮੁੱਲ ਦੇ ਭੇਦ ਵਿਚ ਪੂਰੀ ਨਹੀਂ ਹੋਵੇਗੀ॥ ੧੯॥

ਕਰਨੋ ਬਨੈ ਦੰਡ ਪੁਨ ਆਛੋ। ਬਲ ਦਲ ਨਿਜ ਪਰ ਲਖਿ ਕਰਿ ਆਛੋ।
ਜਥਾਕਰਮ ਇਨ ਕਰਹਿ ਬਨਾਈ। ਪ੍ਰਥਮ ਸਾਮ ਮਿਲਿਬੋ ਬਨਿ ਆਈ॥੨੦॥

ਤਾਂ ਫਿਰ ਵੱਡਾ ਦੰਡ ਦੇਣਾ ਬਣਦਾ ਹੈ, ਆਪਣਾ ਅਤੇ ਦੂਸਰੇ ਦਾ ਬਲ ਦਲ ਚੰਗੀ ਤਰ੍ਹਾਂ ਵੇਖ ਕੇ ਕਰਾਂਗਾ ਕਰਮਵਾਰ ਇਕ ਦੇ ਪਿਛੋਂ ਦੂਸਰਾ ਕੰਮ ਕਰਾਂਗਾ। ਪਰ ਪਹਿਲਾਂ ਮਿਲਾਪ ਦਾ ਕਰਮ ਕਰਨਾ ਬਣਦਾ ਹੈ॥ ੨੦॥

ਇਸਤੇ ਕਾਜ ਸੁਧਾਰਹਿ ਨਾਨਾ। ਸੋ ਕਹੀਯਤਿ ਅਤਿਸ਼ੈ ਮਤਿਵਾਨਾ।
ਜੇ ਇਸਤੇ ਨਹਿਂ ਬਾਂਛਾ ਪੂਰੈ। ਦਾਮ ਦੇਨਿ ਕੋ ਸ਼ੁਭ ਮਤਿ ਧਰੈ॥ ੨੧॥

ਇਸ ਨਾਲ ਕਈ ਪ੍ਰਕਾਰ ਦੇ ਕਾਰਜ ਸੁਧਰ ਜਾਂਦੇ ਹਨ, ਬੁੱਧੀਵਾਨ ਬਹੁਤ ਚੰਗਾ ਕਹਿੰਦੇ ਹਨ। ਜੇ ਇਸ ਨਾਲ ਵੀ ਮੇਰੀ ਇੱਛਾ ਪੂਰੀ ਨਹੀਂ ਹੋਵੇਗੀ ਤਾਂ ਮੁੱਲ ਦੇਣ ਵਾਸਤੇ ਸ਼ੁਭ ਮੱਤ ਧਾਰਨ ਕਰਾਂਗੇ॥ ੨੧॥

ਪਰ ਕੇ ਉਰ ਲਾਲਚ ਉਪਜਾਇ। ਅਪਨੋ ਕਾਰਜ ਲਏ ਬਨਾਇ।
ਸੋ ਪੂਰਬ ਤੇ ਲਘੁਮਤਿ ਅਹਿਈ। ਰਾਜਨੀਤਿ ਗਜਾਤਾ ਇਮ ਕਹਿਈਂ॥੨੨॥

ਦੂਸਰੇ ਦੇ ਦਿਲ ਵਿਚ ਲਾਲਚ ਪੈਦਾ ਕਰਕੇ ਆਪਣਾ ਕਾਰਜ ਬਣਾ ਲੈਣਾ ਚਾਹੀਦਾ ਹੈ। ਮੁੱਢ ਤੋਂ ਛੋਟੀ ਮੱਤ ਵਾਲੇ ਇਹੋ ਕਰਦੇ ਆਏ ਹਨ ਤੇ ਰਾਜਨੀਤੀ ਦੇ ਗਿਆਤਾ ਇਹੋ ਕੁਝ ਕਹਿੰਦੇ ਹਨ॥ ੨੨॥

ਇਨ ਦੋਇਨ ਤੇ ਕਾਜ ਨ ਬਨੈ। ਤ੍ਰਿਤਿਯ ਭੇਦ ਕਰਿਬੋ ਪੁਨ ਭਨੈਂ।
ਪਰ ਕੇ ਭਟ ਕੈ ਸਚਿਵ ਸਯਾਨੇ। ਕਿਧੋਂ ਮੁਸਾਹਿਬ ਸਖਾ ਪਛਾਨੇ॥ ੨੩॥

ਜੇ ਇਨ੍ਹਾਂ ਦੋਹਾਂ ਨਾਲ ਵੀ ਕਾਰਜ ਨਾ ਬਣੇ, ਤੀਸਰਾ ਭੇਦ ਫਿਰ ਕਰਨ ਵਾਸਤੇ ਕਹਿੰਦੇ ਹਨ ਭਾਵ ਵੈਰੀ ਦੇ ਕਵੀ, ਯੋਧੇ, ਵਜ਼ੀਰ, ਮੁਸਾਹਿਬ ਜਾਂ ਜਿਹੜੇ ਵੀ ਉਸ ਦੇ ਮਿੱਤਰ ਪਛਾਣ ਵਿਚ ਆਉਣ ਵੈਰੀ ਦੇ ਅਜਿਹੇ ਆਦਮੀਆਂ ਨੂੰ ਆਪਣਾ ਬਣਾ ਲਵੇ, ਚਾਹੇ ਉਨ੍ਹਾਂ ਨੂੰ ਧਨ ਦੇਵੇ ਜਾਂ ਆਦਰ ਦੇਵੇ, ਉਨ੍ਹਾਂ ਨੂੰ ਆਪਣਾ ਬਣਾ ਕੇ ਕੰਮ ਕੱਢ ਲਵੇ॥ ੨੩॥

ਇੱਤਜਾਦਿਕ ਪਰ ਕੇ ਅਪਨਾਇ। ਦਰਬ ਕਿ ਆਦਰ ਆਦਿਕ ਗਾਇ।
ਇਸਤੇ ਅਪਨੋ ਕਾਰਜ ਕਰੈ। ਜੋ ਮਹਿਪਾਲਕ ਸ਼ੁਭ ਮਤਿ ਧਰੈ॥ ੨੪॥

ਇਸ ਤਰ੍ਹਾਂ ਵੈਰੀ ਦੇ ਆਦਮੀਆਂ ਨੂੰ ਆਪਣਾ ਬਣਾ ਕੇ, ਧਨ ਦੇਵੇ ਜਾਂ ਆਦਰ ਦੇਵੇ, ਇਸ ਨਾਲ ਆਪਣਾ ਕਾਰਜ ਕਰਵਾ ਲਵੇ, ਜਿਹੜਾ ਵੀ ਰਾਜਾ ਸ਼ੁਭ ਮੱਤ ਧਾਰਨ ਕਰਦਾ ਹੈ॥ ੨੪॥

ਜੇ ਤੀਨਹੁ ਤੇ ਪੁਰਹਿ ਨ ਲਾਲਸ। ਬਹੁਰ ਨ ਕਰੈ ਲਰਨਿ ਕੋ ਆਲਸ।
ਚਾਰਹੁਂ ਮਹਿਂ ਜੋ ਪੁਰਖ ਸਯਾਨੇ। ਕੂਰ ਕਪਟ ਕੋ ਨਿਪਟ ਸੁ ਠਾਨੇਂ॥ ੨੫॥

ਜੇ ਇਨ੍ਹਾਂ ਤਿਨ੍ਹਾਂ ਭੇਦਾਂ ਤੋਂ ਵੀ ਇੱਛਾ ਪੂਰੀ ਨਾ ਹੋਵੇ, ਫਿਰ ਲੜਨ ਤੋਂ ਕੋਈ ਆਲਸ ਧਾਰਨ ਨਾ ਕਰੇ। ਚਾਰਾਂ ਵਿਚ ਜਿਹੜੇ ਸਿਆਣੇ ਪੁਰਸ਼ ਹਨ ਉਹ ਕੂੜ ਕਪਟ ਬਹੁਤ ਧਾਰਨ ਕਰਦੇ ਹਨ॥ ੨੫॥

ਇਨ ਤੇ ਹੀ ਕਾਰਜ ਸ਼ੁਭ ਬਨਿਹੀ। ਪਰ ਕੇ ਸਾਥ ਰਹੈ ਛਲ ਸਨ ਹੀ।
ਇੱਤਜਾਦਿਕ ਮਤਿ ਕੁਟਿਲ ਕਠੋਰਾ। ਗਿਨਤਿ ਗਣੀ ਗਮਨਜੋਂ ਘਰ ਓਰਾ॥੨੬॥

ਇਨ੍ਹਾਂ ਨਾਲ ਹੀ ਸ਼ੁਭ ਕਾਰਜ ਬਣਦਾ ਹੈ, ਵੈਰੀ ਦੇ ਨਾਲ ਛਲ ਸਹਿਤ ਵੀ ਰਹੇ। ਰਾਜੇ ਨੇ ਇਸ ਤਰ੍ਹਾਂ ਕਠੋਰ ਕੁਟਲ ਮੱਤ ਧਾਰਨ ਕੀਤੀ ਤੇ ਇਸ ਤਰ੍ਹਾਂ ਗਿਣਤੀਆਂ ਗਿਣਦਾ ਘਰ ਵਲ ਚਲਾ ਗਿਆ॥ ੨੬॥

ਇਤ ਸਤਿਗੁਰ ਸੁਖ ਪਾਇਂ ਘਨੇਰੇ। ਬਚਨ ਬਿਲਾਸ ਕਰਹਿਂ ਜੁਧ ਕੇਰੇ।
ਬੋਇ ਬੀਜ ਸੰਗ੍ਰਾਮ ਕਰਨਿ ਕੋ। ਜਥਾ ਪਿਤਾਮਾ ਚਹੇ ਲਰਨਿ ਕੋ॥ ੨੭॥

ਏਧਰ ਸਤਿਗੁਰੂ ਜੀ ਵੱਡਾ ਸੁਖ ਪਾ ਰਹੇ ਸਨ ਤੇ ਯੁੱਧ ਦੇ ਬਚਨ ਬਿਲਾਸ ਕਰਦੇ ਸਨ। ਯੁੱਧ ਕਰਨ ਦੇ ਬੀਜਾਂ ਨੂੰ ਬੀਜ ਰਹੇ ਸਨ ਜਿਵੇਂ ਉਨ੍ਹਾਂ ਦੇ ਪਿਤਾਮਾ ਜੀ ਲੜਾਈ ਕਰਨਾ ਚਾਹੁੰਦੇ ਸਨ॥ ੨੭॥

**ਧਨੁ ਬਿੱਦਜਾ ਕੋ ਨਿਤ ਅੱਭਯਾਸਹਿਂ। ਅਪਰ ਸਰਬ ਭਟ ਕਰਹਿਂ ਜਿ ਪਾਸਹਿਂ।**
**ਭੁਜਦੰਡਨ ਮਹਿਂ ਓਜ ਵਧਾਵਹਿਂ। ਐਂਚਿ ਕਵਾਦਾ ਕਰਨਿ ਟਿਕਾਵਹਿਂ ॥੨੮॥**

ਧਨੁੱਖ ਵਿਦਿਆ ਦਾ ਨਿਤ ਅਭਿਆਸ ਕਰਦੇ ਸਨ, ਹੋਰ ਸਾਰੇ ਸੂਰਬੀਰ ਜਿਹੜੇ ਪਾਸ ਸਨ, ਉਹ ਵੀ ਅਭਿਆਸ ਕਰਦੇ ਸਨ। ਬਾਜ਼ੂਆਂ ਵਿਚ ਸ਼ਕਤੀ ਵਧਾਉਂਦੇ ਸਨ, ਨਰਮ ਧਨੁੱਖਾਂ ਨੂੰ ਖਿੱਚ ਕੇ ਹੱਥਾਂ ਨੂੰ ਟਿਕਾਉਂਦੇ ਸਨ॥ ੨੮॥

**ਦੀਹ ਖਾਕ ਤੋਦਾ ਬਨਵਾਵਹਿਂ। ਬਲ ਤੇ ਲੈਸਾਂ ਸਕਲ ਧਸਾਵਹਿਂ।**
**ਰਾਖਹਿਂ ਦੀਰਘ ਦੂਰ ਨਿਸ਼ਾਨਾ। ਹਤਹਿਂ ਬੀਚ ਤੇ ਛੂਟਹਿ ਬਾਨਾ॥ ੨੯॥**

ਮਿੱਟੀ ਦਾ ਇਕ ਖਾਸ ਤਰ੍ਹਾਂ ਦਾ ਢੇਰ ਬਣਾਉਂਦੇ ਸਨ, ਜਿਸ ਨੂੰ ਤੀਰ ਚਲਾਉਣ ਦੇ ਅਭਿਆਸ ਵਾਸਤੇ ਵਰਤਦੇ ਸਨ। ਸ਼ਕਤੀ ਨਾਲ ਅਭਿਆਸੀ ਤੀਰ ਨੂੰ ਸਾਰੇ ਦਾ ਸਾਰਾ ਧਸਾਉਂਦੇ ਸਨ। ਬਹੁਤ ਦੂਰ ਨਿਸ਼ਾਨੇ ਨੂੰ ਰੱਖਦੇ ਸਨ। ਫਿਰ ਉਸ ਦੇ ਵਿਚ ਤੀਰ ਛੱਡ ਕੇ ਮਾਰਦੇ ਸਨ॥ ੨੯॥

**ਦੂਰ ਦਰਾਜ਼ੀ ਕਿਤਿਕ ਪ੍ਰਹਾਰਹਿਂ। ਕੋਸਨਿ ਲਗਿ ਪਹੁੰਚਹਿਂ ਨ ਨਿਹਾਰਹਿਂ।**
**ਜਿਤਿਕ ਸਰਾਸਨ ਵਿੱਦਜਾ ਹੋਤਿ। ਭਟਨ ਦਿਖਾਵਹਿ ਕਰਨਿ ਉਦੋਤ ॥੩੦॥**

ਕਈਆਂ ਤੀਰਾਂ ਨੂੰ ਬਹੁਤ ਦੂਰ ਤਕ ਭੇਜਦੇ ਸਨ। ਉਹ ਕੋਹਾਂ ਤਕ ਪਹੁੰਚ ਜਾਂਦੇ ਸਨ ਤੇ ਕੋਈ ਵੇਖ ਨਹੀਂ ਸੀ ਸਕਦਾ। ਜਿੰਨੀ ਵੀ ਤੀਰ-ਅੰਦਾਜ਼ੀ ਦੀ ਵਿਦਿਆ ਹੁੰਦੀ ਹੈ, ਸੂਰਬੀਰਾਂ ਨੂੰ ਉਹ ਪ੍ਰਗਟ ਰੂਪ ਵਿਚ ਕਰਕੇ ਵਿਖਾਉਂਦੇ ਸਨ॥ ੩੦॥

**ਹੇਰਿ ਹੇਰਿ ਨਰ ਗਨ ਬਿਸਮਾਵਹਿਂ। 'ਗੁਰ ਕਰਿ ਸਕਹਿਂ ਅਪਰ ਕਿਮ ਪਾਵਹਿਂ'।**
**ਜਹਿਂ ਕਹਿ ਤੀਰਨ ਕੇਰ ਪ੍ਰਸੰਗ। ਪ੍ਰਗਟ ਭਯੋ ਜਗ ਮਹਿਂ ਰਿਪੁ ਭੰਗ॥ ੩੧॥**

ਵੇਖ ਵੇਖ ਕੇ ਬਹੁਤ ਮਨੁੱਖ ਹੈਰਾਨ ਰਹਿੰਦੇ ਸਨ, "ਜੋ ਗੁਰੂ ਜੀ ਕਰ ਸਕਦੇ ਹਨ ਹੋਰ ਕਿਵੇਂ ਕਰ ਪਾਉਣਗੇ।" ਜਿੱਥੇ ਕਿੱਥੇ ਵੈਰੀ ਨੂੰ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਦੇ ਪ੍ਰਸੰਗ ਪ੍ਰਗਟ ਹੋਏ॥ ੩੧॥

**'ਗੁਰੂ ਬਾਨ ਕੇ ਆਨ ਸਮਾਨਾ। ਨਹਿਂ ਦਿਖੀਯਤਿ ਬਿਚ ਸਰਬ ਜਹਾਨਾ'।**
**ਜਹਿਂ ਕਹਿਂ ਸੁਨਹਿ ਸੁਨਾਵਹਿ ਕੋਈ। ਬਿੱਦਜਾ ਸਰਨਿ ਸਲਾਹਹਿ ਸੋਈ॥੩੨॥**

"ਸਾਰੇ ਜਹਾਨ ਵਿਚ ਗੁਰੂ ਜੀ ਦੇ ਬਾਣ ਦੂਸਰੇ ਯੋਧਿਆਂ ਵਾਂਗ ਵਿਖਾਈ ਨਹੀਂ ਦਿੰਦੇ।" ਜਿੱਥੇ ਕਿੱਥੇ ਕੋਈ ਸੁਣਦਾ ਸੁਣਾਉਂਦਾ ਸੀ ਤਾਂ ਗੁਰੂ ਜੀ ਦੀ ਤੀਰ-ਅੰਦਾਜ਼ੀ ਦੀ ਵਿਦਿਆ ਦੀ ਸ਼ਲਾਘਾ ਕਰਦਾ ਸੀ॥ ੩੨॥

**ਚਢਹਿਂ ਪ੍ਰਸਾਦੀ ਗਜ ਪਰ ਕਬੈ। ਬਿਚਰਹਿਂ ਕਾਨਨ ਮਹਿਂ ਗੁਰ ਤਬੈ।**
**ਕਬਿਹੂੰ ਬਲੀ ਤੁਰੰਗ ਅਰੋਹੈਂ। ਮੋਰ ਮਨਿੰਦ ਮੋਰ ਗਨ ਜੋਹੈਂ॥ ੩੩॥**

ਗੁਰੂ ਜੀ ਕਈ ਵਾਰ ਪ੍ਰਸਾਦੀ ਹਾਥੀ ਉੱਤੇ ਸਵਾਰ ਹੁੰਦੇ ਸਨ ਤਦ ਗੁਰੂ ਜੀ ਜੰਗਲ ਵਿਚ ਫਿਰਦੇ ਸਨ। ਕਈ ਵਾਰ ਬਲਵਾਨ ਘੋੜੇ 'ਤੇ ਸਵਾਰ ਹੁੰਦੇ ਸਨ, ਜਦ ਘੋੜਾ ਮੋੜਦੇ ਹਨ ਤਾਂ ਮੋਰ ਵਾਂਗ ਸਾਰੇ ਲੋਕ ਵੇਖਦੇ ਹਨ॥ ੩੩॥

**ਕਬਿਹੂੰ ਮਤੰਗ ਔਰ ਜੋ ਪਾਸ। ਤਿਸ ਪਰ ਚਢਹਿਂ ਅਨੇਕ ਬਲਾਸ।**
**ਰਾਜ ਨੀਤਿ ਬਰਤਹਿਂ ਜਿਮ ਰਾਜਾ। ਨਿਤ ਬਿਰਧਾਵਹਿਂ ਰਾਜ ਸਮਾਜਾ॥ ੩੪॥**

ਕਈ ਵਾਰ ਜਿਹੜੇ ਹੋਰ ਹਾਥੀ ਪਾਸ ਸਨ, ਉਨ੍ਹਾਂ ਉੱਤੇ ਸਵਾਰ ਹੋ ਕੇ ਅਨੇਕਾਂ ਬਿਲਾਸ ਕਰਦੇ ਸਨ। ਰਾਜਿਆਂ ਵਾਂਗ ਰਾਜਨੀਤੀ ਵਰਤਦੇ ਸਨ ਤੇ ਨਿਤ ਰਾਜ ਸਮਾਜ ਵਿਚ ਵਾਧਾ ਕਰਦੇ ਸਨ॥ ੩੪॥

ਸਨੇ ਸਨੇ ਸਿਖ ਸੈਨ ਸਕੇਲੈਂ। ਬਸਤ੍ਰ ਸ਼ਸਤ੍ਰ ਤੇ ਜੇ ਬਨਿ ਛੈਲੈਂ।
ਦੇਸ਼ ਬਿਦੇਸ਼ਨਿ ਤੇ ਨਰ ਆਵੈਂ। ਆਯੁਧ ਹਯਨਿ ਉਪਾਇਨ ਲਯਾਵੈਂ॥ ੩੫॥

ਹੌਲੀ ਹੌਲੀ ਸਿੱਖ ਸੈਨਾ ਇਕੱਠੀ ਕਰਦੇ ਸਨ, ਵਸਤਰ ਸ਼ਸਤਰ ਪਹਿਨ ਕੇ ਜਿਹੜੇ ਛੈਲ ਛਬੀਲੇ ਬਣ ਜਾਂਦੇ ਸਨ। ਦੇਸ਼ਾਂ ਵਿਦੇਸ਼ਾਂ ਤੋਂ ਮਨੁੱਖ ਆਉਂਦੇ ਸਨ ਤੇ ਹਥਿਆਰ ਅਤੇ ਘੋੜੇ ਉਪਹਾਰ ਦੇ ਰੂਪ ਵਿਚ ਲਿਆਉਂਦੇ ਸਨ॥ ੩੫॥

ਵਧਹਿ ਤਬੇਲਾ ਦਿਨਪ੍ਰਤਿ ਘਨੋ। ਦੇਤਿ ਅਹਾਰ ਸਿਤਾ ਘ੍ਰਿਤ ਸਨੋ।
ਖੁਲਹਿ ਦਿਹਾਰੀ ਲੇਂ ਸਮੁਦਾਇ।ਲੋਕ ਹਜ਼ਾਰਹੁਂ ਲੰਗਰ ਖਾਇਂ॥ ੩੬॥

ਪ੍ਰਤੀ ਦਿਨ ਗੁਰੂ ਜੀ ਦਾ ਤਬੇਲਾ ਬਹੁਤ ਵਧਦਾ ਜਾਂਦਾ ਸੀ ਤੇ ਘੋੜਿਆਂ ਨੂੰ ਘਿਉ ਖੰਡ ਦਾ ਭੋਜਨ ਦਿੰਦੇ ਸਨ। ਸਾਰੇ ਸੇਵਕ ਦਿਹਾੜੀ ਲੈਂਦੇ ਸਨ ਤੇ ਹਜ਼ਾਰਾਂ ਲੋਕ ਲੰਗਰ ਵਿਚੋਂ ਭੋਜਨ ਛਕਦੇ ਸਨ॥ ੩੬॥

ਦੇਹਿਂ ਭਟਨ ਕੌ ਗਿਨਿ ਦਰਮਾਹਾਂ। ਕਰਹਿਂ ਨੌਕਰੀ ਜੇ ਗੁਰ ਪਾਹਾ।
ਨਰ ਗਨ ਲੇ ਕੁਟੰਬ ਕੋ ਆਏ। ਬਸਹਿਂ ਅਨੰਦਪੁਰਿ ਮੈਂ ਸੁਖ ਪਾਏ॥ ੩੭॥

ਸੂਰਬੀਰਾਂ ਨੂੰ ਮਾਸਕ ਵੇਤਨ ਗਿਣ ਕੇ ਦਿੰਦੇ ਸਨ, ਜਿਹੜੇ ਗੁਰੂ ਜੀ ਦੇ ਪਾਸ ਰਹਿ ਨੌਕਰੀ ਕਰਦੇ ਸਨ। ਬਹੁਤ ਮਨੁੱਖ ਆਪਣੇ ਪਰਿਵਾਰਾਂ ਨੂੰ ਲੈ ਕੇ ਆ ਗਏ ਸਨ ਤੇ ਉਹ ਸੁਖ ਪਾ ਕੇ ਅਨੰਦਪੁਰ ਵਿਚ ਵੱਸਦੇ ਸਨ॥ ੩੭॥

ਰਹੈ ਪੌਰ ਪਰ ਭੀਰ ਘਨੇਰੀ। ਦਰਸ਼ਨ ਦੇ ਨਿਕਸਹਿਂ ਕਿਸ ਬੇਰੀ।
ਸੰਗਤਿ ਬਹੁ ਇਕਠੀ ਹੁਇ ਜਾਇ। ਦੇਸ਼ ਬਿਦੇਸ਼ਨ ਤੇ ਚਲਿ ਆਇ॥ ੩੮॥

ਗੁਰੂ ਜੀ ਦੇ ਦਰਵਾਜ਼ੇ 'ਤੇ ਸਦਾ ਬਹੁਤ ਭੀੜ ਰਹਿੰਦੀ ਸੀ। ਗੁਰੂ ਜੀ ਦਰਸ਼ਨ ਦੇਣ ਵਾਸਤੇ ਕਈ ਵਾਰ ਬਾਹਰ ਨਿਕਲਦੇ ਸਨ। ਬਹੁਤ ਸੰਗਤ ਇਕੱਠੀ ਹੋ ਜਾਂਦੀ ਸੀ ਤੇ ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਂਦੀ ਸੀ॥ ੩੮॥

ਕਰ ਕੋ ਜੋਰਿ ਮੇਵਰਾ ਕਹੈ। 'ਸਿਖ ਗਨ ਮਿਲੇ ਦਰਸ ਕੋ ਚਹੈਂ'।
ਦੁਇ ਤ੍ਰੈ ਬਾਰਿ ਕਰਹਿ ਸੁਧ ਆਛੇ। 'ਜਗਤ ਆਪ ਕੇ ਦਰਸ਼ਨ ਬਾਂਛੇ'॥ ੩੯॥

ਹੱਥ ਜੋੜ ਕੇ ਮੇਵੜਾ ਕਹਿੰਦਾ ਸੀ, "ਬਹੁਤ ਸਿੱਖ ਆਪ ਜੀ ਨੂੰ ਮਿਲ ਕੇ ਦਰਸ਼ਨ ਕਰਨਾ ਚਾਹੁੰਦੇ ਹਨ।" ਦੋ ਤਿੰਨ ਵਾਰ ਗੁਰੂ ਜੀ ਨੂੰ ਚੰਗੀ ਤਰ੍ਹਾਂ ਖ਼ਬਰ ਸੁਣਾਉਂਦਾ ਸੀ, "ਜਗਤ ਦੇ ਲੋਕ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ"॥ ੩੯॥

ਬਸਤ੍ਰ ਸ਼ਸਤ੍ਰ ਕੋ ਭਲੇ ਸਜਾਵੈਂ। ਸ੍ਰੀ ਸਤਿਗੁਰ ਫਿਰ ਬਾਹਿਰ ਆਵੈਂ।
ਸੁੰਦਰ ਸਦਨ ਸਭਾ ਕੋ ਜਹਾਂ। ਬੈਠਿ ਸਿੰਘਾਸਨ ਸ਼ੋਭਹਿਂ ਤਹਾਂ॥ ੪੦॥

ਵਸਤਰਾਂ ਸ਼ਸਤਰਾਂ ਨੂੰ ਭਲੀ ਪ੍ਰਕਾਰ ਸਜਾਉਂਦੇ ਸਨ, ਸਤਿਗੁਰੂ ਜੀ ਫਿਰ ਬਾਹਰ ਆ ਜਾਂਦੇ ਸਨ, ਜਿੱਥੇ ਸਭਾ ਲਾਉਣ ਵਾਲਾ ਸੁੰਦਰ ਦਰਬਾਰ ਹਾਲ ਬਣਿਆ ਸੀ, ਗੁਰੂ ਜੀ ਉਥੇ ਬੈਠ ਕੇ ਸ਼ੋਭਦੇ ਸਨ॥ ੪੦॥

ਉਮਡਹਿ ਸੰਗਤਿ ਕਈ ਹਜ਼ਾਰਾਂ। ਅਨਿਕ ਅਕੋਰਨ ਜੁਤਿ ਹੱਥਜਾਰਾਂ।
ਦਰਬ ਤੁਰੰਗ ਬਿਭੂਖਨ ਚੀਰ। ਅਰਪਹਿਂ ਆਨਿ ਗੁਰੂ ਕੇ ਤੀਰ॥ ੪੧॥

ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਉਮਡ ਕੇ ਆਉਂਦੀ ਸੀ। ਉਹ ਅਨੇਕ ਪ੍ਰਕਾਰ ਦੇ ਉਪਹਾਰਾਂ ਅਤੇ ਹਥਿਆਰਾਂ ਸਹਿਤ ਹੁੰਦੀ ਸੀ। ਧਨ, ਘੋੜੇ, ਗਹਿਣੇ ਅਤੇ ਕੱਪੜੇ ਗੁਰੂ ਜੀ ਦੇ ਪਾਸ ਆ ਕੇ ਅਰਪਣ ਕਰਦੇ ਸਨ॥ ੪੧॥

ਜਸ ਜਸ ਧਰੈਂ ਕਾਮਨਾ ਆਵੈਂ। ਦਰਸ਼ਨ ਕਰਹਿਂ ਸਕਲ ਸੋ ਪਾਵੈਂ।
ਧਨ ਦਸੌਂਧ ਕੋ ਆਨਹਿ ਕੋਇ। ਕਿਤਿਕ ਚਹਤਿ ਗੁਰ ਦਰਸ਼ਨ ਹੋਇ॥ ੪੨॥

ਜਿਸ ਜਿਸ ਪ੍ਰਕਾਰ ਦੀ ਕਾਮਨਾ ਮਨ ਵਿਚ ਧਾਰਨ ਕਰਕੇ ਆਉਂਦੇ ਸਨ, ਦਰਸ਼ਨ ਕਰਕੇ ਉਹ ਸਾਰੀਆਂ ਕਾਮਨਾਵਾਂ ਪਾ ਲੈਂਦੇ ਸਨ। ਕੋਈ ਦਸਵੰਧ ਦਾ ਧਨ ਲੈ ਕੇ ਆਉਂਦਾ ਸੀ। ਕਈ ਇਹੋ ਚਾਹੁੰਦੇ ਸਨ ਕਿ ਗੁਰੂ ਜੀ ਦੇ ਦਰਸ਼ਨ ਹੋਣ॥ ੪੨॥

**ਦੇਤਿ ਖੁਸ਼ੀ ਕੋ ਕਰਹਿਂ ਨਿਹਾਲ। ਜਿਤ ਕਿਤ ਫੈਲਜੋ ਸੁਜਸੁ ਬਿਸਾਲ।**
**ਰਾਜ ਸਾਜ ਸਤਿਗੁਰ ਘਰ ਆਯੋ। ਸਕਲ ਸਮਾਜ ਭਲੇ ਬਿਰਧਾਯੋ॥ ੪੩॥**

ਗੁਰੂ ਜੀ ਖੁਸ਼ੀਆਂ ਦੇ ਕੇ ਨਿਹਾਲ ਕਰ ਦਿੰਦੇ ਸਨ, ਜਿੱਥੇ ਕਿੱਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਫੈਲ ਗਿਆ। ਰਾਜ ਸਾਜ ਸਤਿਗੁਰੂ ਜੀ ਦੇ ਘਰ ਆਇਆ ਤੇ ਸਾਰਾ ਸਮਾਜ ਭਲੀ ਪ੍ਰਕਾਰ ਵਧ ਗਿਆ॥ ੪੩॥

*ਪਹਿਲੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

## ਅਧਿਆਇ ਇਕੱਤੀਵਾਂ

### ਭੀਮ ਚੰਦ ਦਾ ਦੂਤ ਹਾਥੀ ਮੰਗਣ ਆਇਆ

ਦੋਹਰਾ- **ਇਸ ਪ੍ਰਕਾਰ ਸ੍ਰੀ ਸਤਿਗੁਰੂ ਕਰਤਿ ਅਨੇਕ ਬਿਲਾਸ।**
**ਕਰੀ ਪ੍ਰਸਾਦੀ ਪਰ ਚਢੈਂ ਮਹਿਦ ਸ਼ਿੰਗਾਰੈਂ ਤਾਸ॥ ੧॥**

ਇਸ ਪ੍ਰਕਾਰ ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਬਿਲਾਸ ਕਰਦੇ ਸਨ। ਪ੍ਰਸਾਦੀ ਹਾਥੀ ਤੇ ਸਵਾਰੀ ਕਰਦੇ ਸਨ ਤੇ ਉਸ ਨੂੰ ਬਹੁਤ ਸ਼ਿੰਗਾਰਦੇ ਸਨ॥ ੧॥

ਚੌਪਈ- **ਬਨ ਮਹਿਂ ਬਿਚਰਹਿਂ ਪੁਨ ਪੁਰਿ ਆਵਹਿਂ। ਅਨਿਕ ਅਖੇਰ ਘਾਤ ਕਰਿ ਲਜਾਵਹਿਂ।**
**ਜਿਨ ਜੀਵਨ ਕੇ ਪੁੰਨ ਪ੍ਰਕਾਸ਼ੇ। ਸਤਿਗੁਰ ਹਾਥ ਬਨਹਿ ਤਿਨ ਨਾਸ਼ੇ॥੨॥**

ਜੰਗਲ ਵਿਚ ਵਿਚਰਦੇ ਸਨ, ਫਿਰ ਨਗਰ ਵਿਚ ਆ ਜਾਂਦੇ ਸਨ ਤੇ ਬਹੁਤ ਸ਼ਿਕਾਰ ਮਾਰ ਕੇ ਲਿਆਉਂਦੇ ਸਨ। ਜਿਨ੍ਹਾਂ ਜੀਵਾਂ ਦੇ ਪੁੰਨ ਪ੍ਰਕਾਸ਼ਦੇ ਸਨ, ਉਨ੍ਹਾਂ ਦੀ ਸਤਿਗੁਰੂ ਜੀ ਦੇ ਹੱਥੋਂ ਮੁਕਤੀ ਹੁੰਦੀ ਸੀ॥ ੨॥

**ਤੇਜ ਤੁਰੰਗਮ ਪਰ ਆਰੋਹੈਂ। ਚਲਤਿ ਫੰਦਾਵਤਿ ਮ੍ਰਿਗ ਜਿਮ ਸੋਹੈ।**
**ਬਹੁ ਸ਼ਸਤ੍ਰਨਿ ਅੱਭਜਾਸ ਕਮਾਵਹਿਂ। ਨਰ ਦਿਗਵਰਤੀ ਕੋ ਸਿਖਰਾਵਹਿਂ॥੩॥**

ਤੇਜ਼ ਘੋੜੇ ਉੱਤੇ ਸਵਾਰ ਹੁੰਦੇ ਸਨ ਤੇ ਚਲਦੇ ਹੋਏ ਘੋੜੇ ਨੂੰ ਹਿਰਨ ਵਾਂਗ ਕੁਦਵਾਉਂਦੇ ਸਨ। ਬਹੁਤ ਸ਼ਸਤਰਾਂ ਦਾ ਅਭਿਆਸ ਕਮਾਉਂਦੇ ਸਨ ਤੇ ਨਿਕਟਵਰਤੀ ਸੇਵਕ ਨੂੰ ਵੀ ਸਿਖਾਉਂਦੇ ਸਨ॥ ੩॥

**ਤੋਮਰ, ਤੀਰ, ਤੁਪਕ, ਤਰਵਾਰ। ਤਬਰ, ਤਮਾਂਚੇ, ਤੇਗੋ ਚਾਰੁ।**
**ਬਖਸ਼ਹਿਂ ਸੁਭਟਨਿ ਕੋ ਹਰਖਾਵਹਿਂ। ਆਪ ਚਲਾਇ ਤਿਨਹੁਂ ਦਿਖਰਾਵਹਿਂ॥੪॥**

ਨੇਜੇ, ਤੀਰ, ਬੰਦੂਕਾਂ, ਤਲਵਾਰਾਂ, ਤਬਰ, ਪਸਤੌਲ ਅਤੇ ਸੁੰਦਰ ਤੇਗੇ ਸੂਰਬੀਰਾਂ ਨੂੰ ਪ੍ਰਸੰਨ ਹੋ ਕੇ ਦਿੰਦੇ ਸਨ ਤੇ ਉਨ੍ਹਾਂ ਹਥਿਆਰਾਂ ਨੂੰ ਆਪ ਚਲਾ ਕੇ ਵਿਖਾਉਂਦੇ ਸਨ॥ ੪॥

**ਅਧਿਕ ਸੂਰਤਾ ਕਰਹਿਂ ਸਰਾਹਿਨਿ। 'ਲਰਕਤਿ ਦੋਇਂ ਲੋਕ ਭਟ ਬਾਹਨ।**
**ਬਿਜੈ ਕਰਹਿਂ ਭੂਤਲ ਸੁਖ ਭੋਗਹਿਂ। ਰਨ ਕਰਿ ਮਰਹਿਂ ਜਾਤਿ ਸੁਰ ਲੋਗਹਿਂ॥੫॥**

ਸੂਰਮਿਆਂ ਦੀ ਬਹੁਤ ਸ਼ਲਾਘਾ ਕਰਦੇ ਸਨ, "ਸੂਰਮੇ ਦੀਆਂ ਬਾਹਾਂ ਨਾਲ ਦੋਵੇਂ ਲੋਕ ਲਟਕਦੇ ਹਨ। ਜਿਹੜੇ ਜਿੱਤ ਪ੍ਰਾਪਤ ਕਰਦੇ ਹਨ ਉਹ ਇਸ ਦੁਨੀਆਂ ਤੇ ਸੁਖ ਭੋਗਦੇ ਹਨ, ਜਿਹੜੇ ਰਣਖੇਤਰ ਵਿਚ ਮਰ ਜਾਂਦੇ ਹਨ ਉਹ ਸਵਰਗਾਂ ਵਿਚ ਚਲੇ ਜਾਂਦੇ ਹਨ॥ ੫॥

ਤਹਾਂ ਅਨੇਕ ਅਨੰਦ ਮਿਲੈ ਹੈਂ। ਸੁਜਸੁ ਬਿਲੰਦ ਸਭਿਨਿ ਮਹਿਂ ਪੈ ਹੈਂ।
ਦੇਸ਼ ਬਿਦੇਸ਼ਨ ਸੰਗਤਿ ਆਵਹਿ। ਦਰਸਹਿ, ਮਨੋ ਕਾਮਨਾ ਪਾਵਹਿ॥ ੬॥

ਓਥੇ ਅਨੇਕ ਪ੍ਰਕਾਰ ਦਾ ਅਨੰਦ ਪ੍ਰਾਪਤ ਹੁੰਦਾ ਹੈ, ਸਾਰਿਆਂ ਵਿਚ ਸ੍ਰੇਸ਼ਟ ਜੱਸ ਹੁੰਦਾ ਹੈ।" ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਮਨੋ-ਕਾਮਨਾ ਪਾਉਂਦੀ ਸੀ॥ ੬॥

ਸਿੱਖਨਿ ਕੋ ਸ਼ੁਭ ਮਤਿ ਨਿਤ ਦੇਤਿ। ਭਗਤਿ ਗਜਾਨ ਵੈਰਾਗ ਸਮੇਤ।
ਇਸ ਪ੍ਰਕਾਰ ਨਿਤ ਸਮਾ ਬਿਤਾਵੈਂ। ਭਏ ਤਰੁਨ ਗੁਰ ਰੂਪ ਸੁਹਾਵੈ॥ ੭॥

ਸਿੱਖਾਂ ਨੂੰ ਸਦਾ ਸ਼ੁਭ ਮੱਤ ਦਿੰਦੇ ਹਨ, ਵੈਰਾਗ ਸਹਿਤ ਭਗਤੀ ਗਿਆਨ ਦਿੰਦੇ ਹਨ। ਇਸ ਪ੍ਰਕਾਰ ਸਦਾ ਸਮਾਂ ਬਤੀਤ ਕਰਦੇ ਹਨ, ਗੁਰੂ ਜੀ ਜੁਆਨ ਹੋ ਗਏ ਸਨ, ਇਸ ਕਰਕੇ ਸਰੂਪ ਬਹੁਤ ਸ਼ੋਭਦਾ ਸੀ॥ ੭॥

ਕੇਤਿਕ ਸਮਾ ਬਿਤੀਤਨਿ ਭਯੋ। ਜਬਿ ਕੋ ਭੀਮਚੰਦ ਮਿਲਿ ਗਯੋ।
ਮਨ ਮੂਰਖ ਕੇ ਚਿਤਵਨਿ ਸੋਈ। ਲੈਬੇ ਦੁਰਦ ਪ੍ਰਸਾਦੀ ਜੋਈ॥ ੮॥

ਕਾਫੀ ਸਮਾਂ ਬੀਤ ਗਿਆ ਸੀ, ਜਦ ਦਾ ਰਾਜਾ ਭੀਮ ਚੰਦ ਮਿਲ ਕੇ ਗਿਆ ਸੀ। ਉਹ ਮੂਰਖ ਇਹੋ ਸੋਚਦਾ ਸੀ ਕਿ ਕਿਸੇ ਤਰ੍ਹਾਂ ਪ੍ਰਸਾਦੀ ਹਾਥੀ ਲਿਆ ਜਾ ਸਕੇ॥ ੮॥

ਅਨਿਕ ਜਤਨ ਕੋ ਚਿਤਵਤਿ ਰਹੈ। ਕਿਸ ਪ੍ਰਕਾਰ ਕਰਿ ਗੁਰ ਤੇ ਲਹੈਂ।
ਪ੍ਰਥਮ ਲਰਨਿ ਕੀ ਬਾਤ ਨ ਆਛੇ। ਲੇਉਂ ਕਪਟ ਕਰਿ ਨਿਤ ਮਨ ਬਾਂਛੇ॥ ੯॥

ਅਨੇਕਾਂ ਯਤਨਾਂ ਬਾਰੇ ਸੋਚਦਾ ਰਹਿੰਦਾ ਸੀ ਕਿ ਕਿਸ ਪ੍ਰਕਾਰ ਹਾਥੀ ਨੂੰ ਗੁਰੂ ਜੀ ਪਾਸੋਂ ਲਈਏ। ਪਹਿਲਾਂ ਲੜਾਈ ਕਰਨ ਦੀ ਗੱਲ ਚੰਗੀ ਨਹੀਂ ਹੈ, ਸਦਾ ਮਨ ਨੂੰ ਭਾਉਣ ਵਾਲਾ ਹਾਥੀ ਕਪਟ ਕਰ ਕੇ ਲੈ ਲਵਾਂਗਾ॥ ੯॥

ਇਕ ਦਿਨ ਬੈਠਿ ਸਭਾ ਕੇ ਮਾਂਹੀ। ਸ਼ੁਭ ਮਤਿ ਕਰੇ ਹਕਾਰਨਿ ਪਾਹੀ।
ਜਿਤਿਕ ਮੁਸਾਹਿਬ ਅਪਰ ਵਜ਼ੀਰ। ਆਇ ਥਿਰੇ ਭੂਪਤਿ ਕੇ ਤੀਰ॥ ੧੦॥

ਇਕ ਦਿਨ ਸਭਾ ਦੇ ਵਿਚ ਬੈਠਿਆਂ ਜਿੰਨੇ ਵੀ ਬੁੱਧੀਮਾਨ ਮੁਸਾਹਿਬ ਅਤੇ ਵਜ਼ੀਰ ਸਨ, ਆਪਣੇ ਪਾਸ ਬੁਲਾ ਲਏ। ਉਹ ਸਾਰੇ ਆ ਕੇ ਰਾਜੇ ਦੇ ਪਾਸ ਬੈਠ ਗਏ॥ ੧੦॥

ਸਭਿ ਢਿਗ ਭਨਜੋ ਮਨੋਰਥ ਆਪਨ। ਜਿਸ ਪ੍ਰਕਾਰ ਚਿਤਵਤਿ ਚਿਤ ਪਾਪਨ।
'ਮੈਂ ਚਾਹਤਿ ਗੁਰ ਤੇ ਗਜ ਲੀਨੋ। ਅਚਰਜ ਮਹਾਂ ਬਿਲੋਕਨਿ ਕੀਨੋ॥ ੧੧॥

ਸਾਰਿਆਂ ਨੂੰ ਰਾਜੇ ਨੇ ਆਪਣਾ ਮਨੋਰਥ ਦੱਸਿਆ, ਜਿਸ ਪ੍ਰਕਾਰ ਅਤੇ ਆਪਣੇ ਚਿੱਤ ਵਿਚ ਉਹ ਪਾਪ ਬਾਰੇ ਸੋਚ ਰਿਹਾ ਸੀ। ਉਸ ਕਿਹਾ, "ਮੈਂ ਗੁਰੂ ਜੀ ਦਾ ਹਾਥੀ ਲੈਣਾ ਚਾਹੁੰਦਾ ਹਾਂ, ਬੜਾ ਵਚਿੱਤਰ ਜਾਨਵਰ ਹੈ ਜਿਸ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਹਾਂ॥੧੧॥

ਕਿਸ ਤੇ ਆਗੇ ਸੁਨਜੋ ਨ ਐਸੇ। ਪਿਖਿਨਿ ਬਿਲੋਚਨ ਤੌ ਹੁਇ ਕੈਸੇ।
ਲਾਇਕ ਪਤਿਸ਼ਾਹਨ ਕੇ ਪਾਸੀ। ਪਰਚਤਿ ਚਿਤ ਜਿਸ ਪਿਖਤਿ ਹੁਲਾਸੀ॥੧੨॥

ਪਹਿਲੇ ਕਿਸੇ ਪਾਸੋਂ ਵੀ ਅਜਿਹੇ ਹਾਥੀ ਬਾਰੇ ਨਹੀਂ ਸੁਣਿਆ ਹੈ, ਨੈਣਾਂ ਨਾਲ ਵੇਖਣਾ ਤਾਂ ਕਿੱਥੇ ਹੋਣਾ ਸੀ। ਉਹ ਹਾਥੀ ਬਾਦਸ਼ਾਹਾਂ ਦੇ ਪਾਸ ਰਹਿਣ ਵਾਲਾ ਹੈ, ਜਿਸ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਹੈ ਤੇ ਚਿੱਤ ਪਰਚ ਜਾਂਦਾ ਹੈ॥ ੧੨॥

ਕੈ ਹਮ ਤੇ ਮਹਿਪਾਲਕ ਭਾਰੇ। ਸ਼ੋਭਤ ਦੀਰਘ, ਥਿਰ ਹੈ ਦ੍ਵਾਰੇ।
ਜਯੋਂ ਕਯੋਂ ਕਰਿ ਲੇਨੋ ਬਨਿ ਆਵੈ। ਕਰਹਿਂ ਕਪਟ ਕਾਰਜ ਸਰ ਜਾਵੈ॥੧੩॥

ਜਾਂ ਮੇਰੇ ਤੋਂ ਵੱਡੇ ਰਾਜਿਆਂ ਦੇ ਦਵਾਰ ਤੇ ਅਜਿਹੀਆਂ ਵਸਤਾਂ ਖਲੋਤੀਆਂ ਸ਼ੋਭਦੀਆਂ ਹਨ। ਜਿਵੇਂ ਕਿਵੇਂ ਉਹ ਹਾਥੀ ਲੈਣਾ ਬਣਦਾ ਹੈ, ਜੇ ਅਸੀਂ ਕਪਟ ਕਰਾਂਗੇ ਤਾਂ ਕਾਰਜ ਬਣ ਜਾਵੇਗਾ॥ ੧੩॥

ਹੋਇ ਸਰਲ ਜੇ ਜਾਚਹਿਂ ਗੁਰ ਤੇ। ਨਹਿਂ ਦੇ ਸਕਹਿਂ ਪ੍ਰੇਮ ਬਹੁ ਉਰਤੇ।
ਰਚਹੁ ਘਾਤ ਐਸੀ ਜਿਮ ਦੇਹਿਂ। ਏਕ ਬਾਰ ਕਯੋਂਹੂੰ ਕਰ ਲੇਹਿਂ॥ ੧੪॥

ਜਿਸ ਢੰਗ ਨਾਲ ਗੁਰੂ ਜੀ ਤੋਂ ਮੰਗਣਾ ਆਸਾਨ ਹੋਵੇ, ਕਿਉਂਕਿ ਉਸ ਤਰ੍ਹਾਂ ਉਹ ਨਹੀਂ ਦੇਣਗੇ ਕਿਉਂਕਿ ਗੁਰੂ ਜੀ ਦਾ ਹਾਥੀ ਨਾਲ ਬਹੁਤ ਪਿਆਰ ਹੈ। ਐਸਾ ਕੋਈ ਦਾਅ ਸੋਚੋ ਜਿਸ ਨਾਲ ਉਹ ਹਾਥੀ ਦੇ ਦੇਣ ਇਕ ਵਾਰ ਕਿਵੇਂ ਵੀ ਆਪਣੇ ਹੱਥ ਵਿਚ ਲੈ ਲਈਏ॥ ੧੪॥

ਭੀਮਚੰਦ ਕੋ ਸੁਨਿ ਕਰਿ ਆਸ਼ੈ। ਕਰਿ ਬਿਚਾਰ ਪੁਨ ਬਚਨ ਪ੍ਰਕਾਸ਼ੈ।
'ਇਹ ਤੌ ਨਹੀਂ ਕਠਨ ਕੁਛ ਬਾਤ। ਗਜ ਲੈਬੇ ਕੀ ਪ੍ਰਾਪਤਿ ਘਾਤ॥ ੧੫॥

ਭੀਮ ਚੰਦ ਦੇ ਆਸ਼ੇ ਬਾਰੇ ਸੁਣ ਕੇ, ਮੁਸਾਹਿਬਾਂ ਨੇ ਵਿਚਾਰ ਕਰਕੇ ਫਿਰ ਕਿਹਾ, "ਇਹ ਤਾਂ ਕੋਈ ਵੱਡੀ ਔਖੀ ਗੱਲ ਨਹੀਂ ਹੈ, ਹਾਥੀ ਲੈਣ ਵਾਸਤੇ ਸਾਡੇ ਪਾਸ ਦਾਅ ਮੌਜੂਦ ਹੈ॥ ੧੫॥

ਜੋ ਰਾਵਰ ਕੋ ਨੰਦਨ ਟੀਕਾ। ਤਿਸ ਉਮੇਦ ਹੈ ਆਵਨ ਟੀਕਾ।
ਫਤੇਸ਼ਾਹ ਭੇਜਯੋ ਅਬਿ ਚਾਹਤਿ। ਸੁਤਾ ਬਜਾਹ ਕੋ ਕਰਨਿ ਉਮਾਹਤਿ॥ ੧੬॥

ਆਪ ਜੀ ਦਾ ਜੋ ਵੱਡਾ ਪੁੱਤਰ ਹੈ, ਉਸਨੂੰ ਕੁੜਮਾਈ ਦੇ ਸ਼ਗਨ ਦਾ ਤਿਲਕ ਲੱਗਣ ਦੀ ਆਸ ਹੈ। ਰਾਜਾ ਫਤਹਿ ਚੰਦ ਸ਼ਗਨ ਭੇਜਣਾ ਚਾਹੁੰਦਾ ਹੈ ਤੇ ਆਪਣੀ ਪੁੱਤਰੀ ਨੂੰ ਵਿਆਉਣ ਵਾਸਤੇ ਕਾਹਲਾ ਹੈ॥ ੧੬॥

ਹਿਤ ਬਰਾਤ ਮੈਂ ਲੇ ਕਰਿ ਜਾਨੇ। ਇਮ ਜਾਚੇ ਤੇ ਨਹਿਂ ਗੁਰ ਮਾਨੇ।
ਜਾਨੈ ਬਹੁਤ ਦਿਵਸ ਮੈਂ ਐਹੈ। ਕਰਹਿਂ ਫਰੇਬ ਨ ਕੁੰਚਰ ਦੈਹੈਂ॥ ੧੭॥

ਇਹ ਬਹਾਨਾ ਲਾਈਏ ਕਿ ਹਾਥੀ ਬਰਾਤ ਵਿਚ ਲੈ ਕੇ ਜਾਣਾ ਹੈ ਤਾਂ ਇਸ ਤਰ੍ਹਾਂ ਮੰਗਣ ਉੱਤੇ ਗੁਰੂ ਜੀ ਨਹੀਂ ਮੰਨਣਗੇ, ਉਹ ਸਮਝਣਗੇ ਕਿ ਹਾਥੀ ਬਹੁਤ ਦਿਨਾਂ ਬਾਅਦ ਆਵੇਗਾ ਤੇ ਉਹ ਵੀ ਕੋਈ ਬਹਾਨਾ ਕਰਨਗੇ ਤੇ ਹਾਥੀ ਨਹੀਂ ਦੇਣਗੇ॥ ੧੭॥

ਯਾਂਤੇ ਇਸ ਪ੍ਰਕਾਰ ਨਰ ਜਾਇ। ਸਹਿਤ ਬੇਨਤੀ ਬਾਕ ਅਲਾਇ।
ਸਿਰੀ ਨਗਰ ਤੇ ਸਾਕ ਹਮਾਰੇ। ਲਾਗੀ ਪਠੇ ਆਇ ਇਸ ਬਾਰੇ॥ ੧੮॥

ਇਸ ਕਰਕੇ ਸੇਵਕ ਨੂੰ ਇਸ ਪ੍ਰਕਾਰ ਜਾਣਾ ਚਾਹੀਦਾ ਹੈ ਕਿ ਉਹ ਬੇਨਤੀ ਸਹਿਤ ਬਚਨ ਕਰੇ। ਸਿਰੀਨਗਰ ਤੋਂ ਸਾਡੇ ਪੁੱਤਰ ਨੂੰ ਸਾਕ ਆਇਆ ਹੈ। ਉਨ੍ਹਾਂ ਨੇ ਇਸ ਸਮੇਂ ਆਪਣੇ ਲਾਗੀ ਭੇਜੇ ਹਨ॥ ੧੮॥

ਤਿਨਹੁਂ ਦਿਖਾਵਨਿ ਕੇ ਹਿਤ ਚਹੀਅਹਿ। ਵਸਤੁ ਅਜਾਇਬ ਤੁਮ ਢਿਗ ਲਹੀਅਹਿ।
ਕਰਹੁ ਕ੍ਰਿਪਾ ਜਾਚਯੋ ਗਜ ਦੀਜੈ। ਰਾਜਨ ਕੋ ਘਰ ਅਪਨਿ ਜਨੀਜੈ॥ ੧੯॥

ਉਨ੍ਹਾਂ ਲਾਗੀਆਂ ਨੂੰ ਵਿਖਾਉਣ ਵਾਸਤੇ ਤੁਹਾਡੇ ਪਾਸ ਇਕ ਅਜੀਬ ਵਸਤੂ ਵੇਖੀ ਹੈ। ਕਿਰਪਾ ਕਰਕੇ ਮੰਗਣ ਤੇ ਹਾਥੀ ਦੇ ਦੇਵੋ ਤੇ ਰਾਜੇ ਦਾ ਘਰ ਆਪਣਾ ਹੀ ਸਮਝੋ॥ ੧੯॥

ਨਰ ਸਾਕਨਿ ਕੇ ਤਿਨਹੁਂ ਦਿਖਾਇ। ਪੁਨ ਹਾਥੀ ਇਹ ਦੇਹਿਂ ਪੁਚਾਇ'।
ਜਬਹਿ ਮੁਸਾਹਿਬ ਮੰਤ੍ਰ ਬਤਾਇਵ। ਭੀਮਚੰਦ ਸੁਨਿਕੈ ਹਰਖਾਇਵ॥ ੨੦॥

ਆਪਣੇ ਨਵੇਂ ਸਾਕਾਂ ਨੂੰ ਹਾਥੀ ਵਿਖਾਵਾਂਗੇ, ਬਾਅਦ ਵਿਚ ਇਸ ਹਾਥੀ ਨੂੰ ਆਪ ਪਾਸ ਪਹੁੰਚਾ ਦੇਵਾਂਗੇ" ਜਦ ਮੁਸਾਹਿਬਾਂ ਨੇ ਇਹ ਢੰਗ ਦੱਸਿਆ ਤਾਂ ਭੀਮ ਸੈਨ ਸੁਣ ਕੇ ਬਹੁਤ ਪ੍ਰਸੰਨ ਹੋਇਆ॥ ੨੦॥

ਕਰੀ ਸਰਾਹਨਿ ਬੁੱਧਿ ਬਡੇਰੀ। 'ਇਸ ਬਿਧਿ ਹੀ ਆਵਤਿ ਮਤਿ ਮੇਰੀ।
ਏਕ ਬਾਰ ਕੁੰਚਰ ਸੋ ਪਾਊਂ। ਬਹੁਰ ਨ ਦੇਊਂ ਨਿਕਟਿ ਰਖਵਾਊਂ'॥ ੨੧॥

ਮੁਸਾਹਿਬ ਦੀ ਵੱਡੀ ਬੁੱਧੀ ਦੀ ਬੜੀ ਸ਼ਲਾਘਾ ਕੀਤੀ, "ਇਸ ਵਿਧੀ ਰਾਹੀਂ ਹੀ ਮੇਰੀ ਅਕਲ ਵਿਚ ਵੀ ਆਉਂਦਾ ਹੈ। ਇਕ ਵਾਰ ਜੇ ਹਾਥੀ ਪਾ ਲਵਾਂਗਾ, ਫਿਰ ਵਾਪਸ ਨਹੀਂ ਕਰਾਂਗਾ, ਪਾਸ ਰਖਾਂਗਾ"॥ ੨੧॥

ਸਭਿਹੂੰ ਮਸਲਤ ਇਹ ਠਹਿਰਾਈ। ਗਜ ਪ੍ਰਾਪਤਿ ਹ੍ਵੈ ਇਮ ਮਨ ਭਾਈ।
ਤਬਿ ਵਕੀਲ ਕੋ ਨਿਕਟਿ ਹਕਾਰਾ। ਸਗਲ ਭੇਦ ਤਿਸ ਪਾਸ ਉਚਾਰਾ॥੨੨॥

ਸਾਰਿਆਂ ਨੇ ਇਹ ਸਲਾਹ ਪੱਕੀ ਕੀਤੀ, ਇਸ ਤਰ੍ਹਾਂ ਮਨ-ਭਾਉਂਦਾ ਹਾਥੀ ਪ੍ਰਾਪਤ ਹੋ ਜਾਵੇਗਾ। ਫਿਰ ਰਾਜੇ ਨੇ ਇਕ ਵਕੀਲ ਨੂੰ ਪਾਸ ਬੁਲਾਇਆ ਤੇ ਸਾਰਾ ਭੇਦ ਉਸ ਦੇ ਪਾਸ ਉਚਾਰਨ ਕੀਤਾ॥ ੨੨॥

'ਗੁਰ ਢਿਗ ਜਾਹੁ ਪ੍ਰਸਾਦੀ ਲਜਾਵਹੁ। ਅਪਨੀ ਬੁਧਿ ਬਿਸਾਲ ਉਪਜਾਵਹੁ।
ਬਿਨਤੀ ਸਹਿਤ ਰਚਹੁ ਚਤੁਰਾਈ। ਜਿਸ ਤੇ ਨਿਜ ਕਾਰਜ ਬਨਿ ਆਈ॥੨੩॥

"ਗੁਰੂ ਜੀ ਪਾਸ ਜਾ ਕੇ ਪ੍ਰਸਾਦੀ ਹਾਥੀ ਲਿਆਵੋ ਤੇ ਆਪਣੀ ਵਿਸ਼ਾਲ ਬੁੱਧੀ ਪ੍ਰਗਟ ਕਰੋ। ਬੇਨਤੀ ਸਹਿਤ ਚਤੁਰਾਈ ਦੀ ਰਚਨਾ ਕਰੋ, ਜਿਸ ਤੇ ਆਪਣਾ ਕਾਰਜ ਬਣ ਜਾਵੇ॥ ੨੩॥

ਕਹਹੁ ਕੂਰ ਬਡ ਕਪਟ ਸਮੇਤਾ। ਜਯੋਂ ਕਯੋਂ ਆਨੋ ਕਰੀ ਨਿਕੇਤਾ।
ਜੇ ਕਰਿ ਇਹ ਕਾਰਜ ਕਰਿ ਲਜਾਵਹਿਂ। ਬਹੁ ਬਖਸ਼ੀਸ਼ ਮੋਹਿ ਤੇ ਪਾਵਹਿਂ॥੨੪॥

ਵੱਡੇ ਕਪਟ ਸਹਿਤ ਝੂਠ ਬੋਲੋ ਤੇ ਜਿਵੇਂ ਕਿਵੇਂ ਹਾਥੀ ਸਾਡੇ ਘਰ ਲਿਆਵੋ। ਜੇ ਇਹ ਕਾਰਜ ਕਰਕੇ ਹਾਥੀ ਲੈ ਆਵੇਂਗਾ, ਤਾਂ ਮੇਰੇ ਪਾਸੋਂ ਬਹੁਤ ਬਖਸ਼ੀਸ਼ ਪਾਵੇਂਗਾ॥ ੨੪॥

ਜਾਨੀ ਜਾਇ ਸੁਮਤਿ ਜਿਮ ਤੇਰੀ। ਸਕਲ ਪ੍ਰਕਾਰ ਖੁਸ਼ੀ ਹੁਇ ਮੇਰੀ।
ਜਿਮ ਦੇਖਹਿਂ ਗੁਰ ਕੋ ਰੁਖ ਮਹਾਂ। ਹੁਇ ਅਨੁਸਾਰੀ ਬੋਲਹੁ ਤਹਾਂ'॥ ੨੫॥

ਤੇਰੀ ਫਿਰ ਸ੍ਰੇਸ਼ਟ ਬੁੱਧੀ ਦਾ ਪਤਾ ਲਗੇਗਾ ਤੇ ਮੇਰੀ ਸਭ ਪ੍ਰਕਾਰ ਖੁਸ਼ੀ ਹੋਵੇਗੀ। ਜਿਵੇਂ ਵੀ ਗੁਰੂ ਜੀ ਦਾ ਮਹਾਨ ਰੁਖ਼ ਵੇਖੋ ਉਸ ਤਰ੍ਹਾਂ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਕੇ ਬੋਲੋ"॥ ੨੫॥

ਇੱਤਜਾਦਿਕ ਬਨਾਇ ਬਹੁ ਬਾਤੀ। ਸਿਖਰਾਵਤਿ ਰਚਿਬੇ ਹਿਤ ਘਾਤੀ।
ਮਹਿਮਾ ਲਖਹਿ ਨ ਇਹ ਜਗ ਸ੍ਵਾਮੀ। ਸਕਲ ਘਟਨਿ ਕੋ ਅੰਤਰਿ ਜਾਮੀ॥੨੬॥

ਇਸ ਪ੍ਰਕਾਰ ਦੀਆਂ ਕਈ ਗੱਲਾਂ ਬਣਾਈਆਂ, ਦਾਅ ਘਾਤ ਲਾਉਣ ਵਾਸਤੇ ਬਹੁਤ ਸਿਖਾਇਆ। ਮੂਰਖ ਰਾਜਾ ਜਗਤ ਦੇ ਸਵਾਮੀ ਦੀ ਮਹਿਮਾ ਨਹੀਂ ਸੀ ਜਾਣਦਾ, ਜਿਹੜੇ ਅੰਤਰਜਾਮੀ ਸਨ ਸਾਰਿਆਂ ਦੇ ਦਿਲਾਂ ਦੀਆਂ ਜਾਣਦੇ ਸਨ॥ ੨੬॥

ਅਤਿ ਮਤਿ ਕੇ ਰਤਨਾਕਰ ਪੂਰੇ। ਬਡ ਗੰਭੀਰ ਚਰਿਤ ਜਿਨ ਰੂਰੇ।
ਰੰਚਕ ਭਰ ਚਾਤੁਰਤਾ ਪਾਇ। ਛਲਜੋ ਚਹੈ ਤਿਨ ਲਿਖਿ ਅਲਪਾਇ॥ ੨੭॥

ਉਹ ਬੁੱਧੀ ਦੇ ਪੂਰਨ ਸਮੁੰਦਰ ਹਨ, ਜਿਨ੍ਹਾਂ ਦੇ ਵੱਡੇ ਗੰਭੀਰ ਸੁੰਦਰ ਚਰਿੱਤਰ ਹਨ। ਰਾਈ ਭਰ ਚਤੁਰਤਾ ਪਾ ਕੇ, ਉਨ੍ਹਾਂ ਨੂੰ ਛੋਟੀ ਬੁੱਧੀ ਵਾਲਾ ਸਮਝ ਕੇ ਛਲਣਾ ਚਾਹੁੰਦੇ ਹਨ॥ ੨੭॥

ਮਾਰਤੰਡ ਮੰਡਲ ਬਡ ਚੰਡੰ। ਜੋ ਦੀਪਤਿ ਬ੍ਰਹਮੰਡ ਅਖੰਡੰ।
ਲਖਹਿਂ ਸੁਰਾਸੁਰ ਸਤਿਗੁਰ ਸਾਚਾ। ਛਲਯੋ ਚਹਤਿ ਤਿਨ ਕੋ ਮਤਿ ਕਾਚਾ॥੨੮॥

ਵੱਡੇ ਤੇਜ ਵਾਲਾ ਜੋ ਸੂਰਜ ਮੰਡਲ ਹੈ, ਜੋ ਇਕ ਰਸ ਬ੍ਰਹਿਮੰਡ ਵਿਚ ਪ੍ਰਕਾਸ਼ਦਾ ਹੈ। ਸੂਰਜ ਸਮਾਨ ਗੁਰੂ ਜੀ ਨੂੰ ਦੇਵਤੇ ਅਤੇ ਦੈਂਤ ਸੱਚਾ ਗੁਰੂ ਕਰਕੇ ਜਾਣਦੇ ਹਨ, ਇਹ ਕੱਚੀ ਮੱਤ ਵਾਲੇ ਉਨ੍ਹਾਂ ਨੂੰ ਛਲਣਾ ਚਾਹੁੰਦੇ ਹਨ॥ ੨੮॥

ਗਰਬ ਕਰਹਿ ਉਰ ਜਯੋਂ ਖੱਦਯੋਤ। ਉਡਿ ਉਡਿ ਨਿਜ ਦਿਖਰਾਇ ਉਦੋਤਿ।
ਲੇ ਸਿੱਖਯਾ ਕੋ ਸਕਲ ਪ੍ਰਕਾਰੀ। ਚਲਿਬੇ ਹਿਤ ਵਕੀਲ ਭਾ ਤਯਾਰੀ॥੨੯॥

ਜੁਗਨੂੰ ਹੋ ਕੇ ਜਿਵੇਂ ਦਿਲ ਵਿਚ ਘੁਮੰਡ ਕਰੇ ਤੇ ਉੱਡ ਉੱਡ ਕੇ ਆਪਣੇ ਆਪ ਨੂੰ ਪ੍ਰਗਟ ਰੂਪ ਵਿਚ ਵਿਖਾਏ। ਉਸ ਤਰ੍ਹਾਂ ਹੀ ਵਕੀਲ ਸਭ ਪ੍ਰਕਾਰ ਦੀ ਸਿੱਖਿਆ ਲੈ ਕੇ ਚਲਨ ਵਾਸਤੇ ਤਿਆਰ ਹੋ ਗਿਆ॥ ੨੯॥

ਨਿਜ ਰਾਜੇ ਕੋ ਧੀਰਜ ਦੀਨਿ। 'ਕਰਹੁਂ ਫਰੇਬ ਅਨੇਕ ਪ੍ਰਬੀਨ।
ਆਨਯੋ ਹੀ ਜਾਨਹੁਂ ਮਨ ਮਾਂਹੀ। ਤੁਮ ਇਕਬਾਲ ਬਿਦਤਿ ਜਹਿਂ ਕਾਂਹੀ॥੩੦॥

ਵਕੀਲ ਨੇ ਆਪਣੇ ਰਾਜੇ ਨੂੰ ਧੀਰਜ ਦਿੱਤਾ, "ਮੈਂ ਚਤੁਰਾਈ ਨਾਲ ਅਨੇਕ ਪ੍ਰਕਾਰ ਦੇ ਫਰੇਬ ਕਰਾਂਗਾ। ਤੁਸੀਂ ਆਪਣੇ ਮਨ ਵਿਚ ਹਾਥੀ ਆਇਆ ਹੀ ਜਾਣੋ, ਤੁਹਾਡਾ ਇਕਬਾਲ ਜਿੱਥੇ ਕਿੱਥੇ ਪ੍ਰਗਟ ਹੋਵੇਗਾ॥ ੩੦॥

ਸੈਲੇਂਦ੍ਰਨਿ ਬ੍ਰਿੰਦਨ ਕੋ ਟੀਕਾ। ਜਥਾ ਗਜਿੰਦ੍ਰ ਮ੍ਰਿਗਨਿ ਮਹੁਂ ਨੀਕਾ।
ਸਫਲਹਿਂ ਤੋਹਿ ਮਨੋਰਥ ਸਾਰੇ। ਇਮ ਤਰੀਫ ਕਰਿ ਚਹਤਿ ਪਧਾਰੇ॥ ੩੧॥

ਸਾਰੇ ਪਹਾੜੀ ਰਾਜਿਆਂ ਦੇ ਆਪ ਸ਼ਿਰੋਮਣੀ ਹੋ, ਜਿਵੇਂ ਹਿਰਨਾਂ ਵਿਚ ਸ਼ੇਰ ਹੁੰਦਾ ਹੈ। ਤੁਹਾਡੇ ਸਾਰੇ ਮਨੋਰਥ ਪੂਰੇ ਹੋਣਗੇ।" ਇਸ ਤਰ੍ਹਾਂ ਤਾਰੀਫ ਕਰਕੇ ਵਕੀਲ ਜਾਣਾ ਚਾਹੁੰਦਾ ਸੀ॥ ੩੧॥

ਨਮੋ ਕਰਤਿ ਹਯ ਤਬਹਿ ਅਰੂਢਾ। ਗਮਨਯੋ ਪੰਥ ਚਿਤਹਿ ਛਲ ਗੂਢਾ।
ਪਹੁੰਚਯੋ ਆਨਿ ਅਨੰਦ ਪੁਰਿ ਥਾਨਾ। ਕੀਨਸਿ ਡੇਰਾ ਹੇਰਿ ਮਕਾਨਾ॥ ੩੨॥

ਨਮਸਕਾਰ ਕਰਕੇ ਫਿਰ ਘੋੜੇ ਉੱਤੇ ਚੜ੍ਹ ਗਿਆ, ਅਨੰਦਪੁਰ ਦੇ ਰਾਹ ਪੈ ਗਿਆ, ਮਨ ਵਿਚ ਵੱਡੇ ਛਲ ਬਾਰੇ ਸੋਚਦਾ ਸੀ। ਚਲਦਾ ਹੋਇਆ ਅਨੰਦਪੁਰ ਵਾਲੇ ਸਥਾਨ ਤੇ ਆ ਪਹੁੰਚਿਆ ਤੇ ਇਕ ਮਕਾਨ ਵੇਖ ਕੇ ਡੇਰਾ ਕਰ ਲਿਆ॥ ੩੨॥

ਧਰਿ ਕਰਿ ਚੀਰ ਸਰੀਰ ਅਛੇਰੇ। ਸਤਿਗੁਰ ਪੌਰ ਪਹੁੰਚਿ ਤਿਸ ਬੇਰੇ।
ਦ੍ਵਾਰਪਾਲ ਕੋ ਭਨਤਿ ਜਨਾਈ। 'ਪਠਯੋ ਮੋਹਿ ਗੁਰ ਢਿਗ ਗਿਰਰਾਈ॥ ੩੩॥

ਆਪਣੇ ਸਰੀਰ ਉੱਤੇ ਬਹੁਤ ਸੁੰਦਰ ਕੱਪੜੇ ਪਹਿਣ ਕੇ ਉਸ ਸਮੇਂ ਸਤਿਗੁਰੂ ਜੀ ਦੇ ਘਰ ਦੇ ਦਰਵਾਜ਼ੇ ਵਿਚ ਪਹੁੰਚ ਗਿਆ। ਦਵਾਰਪਾਲ ਨੂੰ ਜਾ ਕੇ ਆਪਣੇ ਬਾਰੇ ਦੱਸਿਆ, "ਮੈਨੂੰ ਪਹਾੜੀ ਰਾਜੇ ਨੇ ਗੁਰੂ ਜੀ ਪਾਸ ਭੇਜਿਆ ਹੈ॥ ੩੩॥

ਅੰਤਰ ਜਾਇ ਕਰਹੁ ਸੁਧਿ ਮੋਰੀ। ਕਰਹੁ ਬੰਦਨਾ ਜੁਗ ਕਰ ਜੋਰੀ'।
ਸੁਨਤਿ ਪੌਰ ਪਤਿ ਤਿਸ ਠਹਿਰਾਯੋ। ਆਪ ਗਯੋ ਜਹਿਂ ਪ੍ਰਭੂ ਸੁਹਾਯੋ॥ ੩੪॥

ਅੰਦਰ ਜਾ ਕੇ ਮੇਰੇ ਬਾਰੇ ਖ਼ਬਰ ਪਹੁੰਚਾਵੋ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰੋ।" ਦ੍ਵਾਰਪਾਲ ਨੇ ਸੁਣ ਕੇ ਉਸ ਨੂੰ ਓਥੇ ਖੜ੍ਹਾ ਰਹਿਣ ਨੂੰ ਕਿਹਾ ਤੇ ਆਪ ਓਥੇ ਚਲੇ ਗਿਆ ਜਿੱਥੇ ਗੁਰੂ ਜੀ ਸ਼ੋਭ ਰਹੇ ਸਨ॥ ੩੪॥

ਰੁਖ਼ ਕੋ ਦੇਖਿ ਜੋਰਿ ਕਰ ਬੋਲਾ। 'ਸ੍ਰੀ ਪ੍ਰਭੁ ਨਿਜ ਦਾਸਨਿ ਕੋ ਓਲਾ!।
ਭੀਮ ਚੰਦ ਸੈਲਿੰਦ੍ਰ ਬਿਲੰਦੰ। ਪਠਯੋ ਵਕੀਲ ਨਮਹਿਂ ਕਰ ਬੰਦੰ॥ ੩੫॥

ਗੁਰੂ ਜੀ ਦਾ ਰੁਖ਼ ਵੇਖ ਕੇ ਦਵਾਰਪਾਲ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ ਤੁਸੀਂ ਆਪਣੇ ਦਾਸਾਂ ਦਾ ਓਲਾ ਹੋ। ਭੀਮ ਚੰਦ ਜਿਹੜਾ ਪਹਾੜੀ ਰਾਜਾ ਹੈ, ਉਸ ਨੇ ਆਪਣਾ ਵਕੀਲ ਭੇਜਿਆ ਹੈ ਜਿਸ ਨੇ ਹੱਥ ਜੋੜ ਕੇ ਬੰਦਨਾ ਕੀਤੀ ਹੈ॥ ੩੫॥

ਕਦਮ ਪਦਮ ਕੋ ਦਰਸ਼ਨ ਚਾਹਤਿ। ਕੁਛ ਕਾਰਜ ਹਿਤ ਲਖਿਯ ਉਮਾਹਤਿ।
ਥਿਰਯੋ ਪੌਰ ਪਰ ਯਥਾ ਹੁਕਮ ਹੈ। ਕਰਹਿਂ ਸੁਨਾਵਨ, ਕ੍ਰਿਤੀਤਥਾ ਹੈ' ॥ ੩੬ ॥

ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਤੇ ਕਿਸੇ ਖਾਸ ਕਾਰਜ ਵਾਸਤੇ ਬੜਾ ਉਤਸ਼ਾਹਿਤ ਹੈ। ਹੁਣ ਤਕ ਦਰਵਾਜ਼ੇ ਵਿਚ ਖੜਾ ਹੈ, ਜਿਵੇਂ ਵੀ ਆਪ ਜੀ ਹੁਕਮ ਸੁਣਾਉਗੇ ਉਸ ਤਰ੍ਹਾਂ ਹੀ ਕੀਤਾ ਜਾਵੇਗਾ"॥ ੩੬॥

ਸ੍ਰੀ ਕਲਗ਼ੀਧਰ ਸਤਿਗੁਰ ਸਾਚੇ। ਸੁਨਿਤਿ ਉਚਾਰੀ ਆਇਸੁ ਤਾਚੇ।
'ਕਰਹਿਂ ਹਕਾਰਨਿ ਤਿਸ ਕੋ ਕਾਲੀ। ਦੇਗ਼ ਰਸਤ ਤੇ ਰਖਹੁ ਨ ਖਾਲੀ' ॥ ੩੭ ॥

ਸ੍ਰੀ ਕਲਗ਼ੀਧਰ ਸੱਚੇ ਸਤਿਗੁਰੂ ਜੀ ਨੇ ਸੁਣ ਕੇ ਉਸ ਨੂੰ ਆਗਿਆ ਸੁਣਾ ਦਿੱਤੀ। ਉਸ ਨੂੰ ਕਲ੍ਹ ਨੂੰ ਬੁਲਾਵਾਂਗੇ, ਪਰ ਲੰਗਰ ਰਸਦ ਤੋਂ ਉਸ ਨੂੰ ਖਾਲੀ ਨਾ ਰੱਖੋ॥ ੩੭॥

ਦ੍ਵਾਰਪਾਲ ਤਬਿ ਆਨਿ ਸੁਨਾਈ। ਆਛੀ ਮਾਨਿ ਗਯੋ ਨਿਜ ਥਾਂਈਂ।
ਕਹਿ ਪੁਨ ਰਸਤ ਪੁਚਾਵਨਿ ਕਰੀ। ਖਾਨ ਪਾਨ ਕੀਨਸਿ ਬਿਧਿ ਖਰੀ॥ ੩੮ ॥

ਦਵਾਰਪਾਲ ਨੇ ਫਿਰ ਆ ਕੇ ਸਾਰੀ ਗੱਲ ਉਸ ਨੂੰ ਸੁਣਾ ਦਿੱਤੀ ਤੇ ਉਹ ਚੰਗੀ ਗੱਲ ਮੰਨ ਕੇ ਆਪਣੇ ਨਿਵਾਸ ਸਥਾਨ ਤੇ ਚਲਾ ਗਿਆ। ਫਿਰ ਕਹਿ ਕੇ ਉਸ ਨੂੰ ਰਸਦ ਪਹੁੰਚਾ ਦਿੱਤੀ ਤੇ ਰਾਜੇ ਦੇ ਦੂਤ ਨੇ ਭਲੀ ਪ੍ਰਕਾਰ ਭੋਜਨ ਛਕਿਆ॥ ੩੮॥

ਥਿਤ ਡੇਰੇ ਹੁਇ ਨਿਸਾ ਬਿਤਾਈ। ਜਾਗੇ ਪੁਨਂ ਪ੍ਰਭਾਤਿ ਹੈ ਆਈ।
ਸਤਿਗੁਰ ਕਰਿ ਸ਼ਨਾਨ ਸ਼ੁਭ ਨੀਰੰ। ਬੈਠਿ ਸਮਾਧਿ ਲਗਾਇ ਗਹੀਰੰ॥ ੩੯ ॥

ਆਪਣੇ ਡੇਰੇ ਵਿਚ ਰਹਿਕੇ ਰਾਤ ਬਤੀਤੀ ਕੀਤੀ ਤੇ ਜਦ ਸਵੇਰ ਹੋ ਗਈ ਤੇ ਜਾਗ ਪਏ। ਸੰਤਿਗੁਰੂ ਜੀ ਨੇ ਸ਼ੁਭ ਜਲ ਨਾਲ ਇਸ਼ਨਾਨ ਕੀਤਾ ਤੇ ਬੈਠ ਕੇ ਬੜੀ ਗਹਿਰੀ ਸਮਾਧੀ ਲਾ ਲਈ॥ ੩੯॥

ਚਾਰੁ ਸ਼ਰੀਰ ਚੀਰ ਬਿਧਿ ਨੀਕੰ। ਬਾਂਧੀ ਜਿਗਾ ਰੁਚਿਰ ਉਸ਼ਨੀਕੰ।
ਉਦਯੋ ਦਯੋਸਪਤਿ ਬਾਹਰਿ ਆਏ। ਕਲਗ਼ੀ ਸੁੰਦਰ ਸ਼ੋਭ ਵਧਾਏ॥ ੪੦ ॥

ਸੁੰਦਰ ਸਰੀਰ ਤੇ ਸੁੰਦਰ ਕੱਪੜੇ ਪਾਏ ਤੇ ਸੁੰਦਰ ਜਿਗਾ ਉੱਪਰ ਬੰਨ੍ਹੀ ਤੇ ਜਦ ਸੂਰਜ ਚੜ੍ਹ ਗਿਆ ਤਾਂ ਬਾਹਰ ਆ ਗਏ। ਸਿਰ 'ਤੇ ਬੰਨ੍ਹੀ ਕਲਗੀ ਸੁੰਦਰ ਸ਼ੋਭਾ ਵਧਾ ਰਹੀ ਸੀ॥ ੪੦॥

ਨੰਦ ਚੰਦ ਜੁਤਿ ਬ੍ਰਿੰਦ ਮਸੰਦੰ। ਪਦ ਅਰਬਿੰਦ ਬੰਦਿ ਕਰ ਬੰਦੰ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ। ਭਗਨੀ ਨੰਦ ਬੰਦਿ ਸੁਖ ਪਾਯੋ॥ ੪੧ ॥

ਨੰਦ ਚੰਦ ਸਹਿਤ ਬਹੁਤ ਮਸੰਦਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਮਾਮਾ ਜੀ ਕਿਰਪਾਲ ਚੰਦ ਆ ਗਏ, ਉਨ੍ਹਾਂ ਭੈਣ ਜੀ ਦੇ ਪੁੱਤਰ ਨੂੰ ਬੰਦਨਾ ਕਰਕੇ ਸੁਖ ਪਾਇਆ॥ ੪੧॥

ਪਾਂਚਹੁ ਬੀਰ ਭਾਣਜੇ ਆਏ। ਬਸਤ੍ਰ ਸ਼ਸਤ੍ਰ ਤੇ ਅਧਿਕ ਸੁਹਾਏ।
ਦਰਸ਼ਨ ਕਾਂਖੀ ਸੰਗਤਿ ਜੇਤੀ। ਲਏ ਉਪਾਇਨ ਪਹੁੰਚੀ ਤੇਤੀ॥ ੪੨ ॥

ਵੱਡੇ ਗੁਰੂ ਜੀ ਦੇ ਪੰਜੇ ਸੂਰਬੀਰ ਭਾਣਜੇ ਆਏ ਜਿਨ੍ਹਾਂ ਦੇ ਬਸਤਰ ਸ਼ਸਤਰ ਬਹੁਤ ਸ਼ੋਭ ਰਹੇ ਸਨ। ਸਾਰੀ ਸੰਗਤ ਦਰਸ਼ਨ ਦੀ ਅਭਿਲਾਸ਼ੀ ਸੀ, ਜਿੰਨੀ ਵੀ ਸੰਗਤ ਆਈ ਸੀ ਉਹ ਉਪਹਾਰ ਲੈ ਕੇ ਪਹੁੰਚ ਗਈ॥ ੪੨॥

ਹੋਨਿ ਲਗੀ ਅਰਦਾਸ ਅਗਾਰੀ। ਹੇਰਿ ਹੇਰਿ ਹਰਖਤਿ ਹੁਇਂ ਵਾਰੀ।
ਸਿੰਘਾਸਨ ਥਿਤ ਢੁਰਤੇ ਚੌਰ। ਬੈਠੇ ਕੁਲ ਸੋਢੀ ਸਿਰਮੌਰ॥ ੪੩॥

ਗੁਰੂ ਜੀ ਦੇ ਅੱਗੇ ਅਰਦਾਸ ਹੋਣ ਲੱਗੀ, ਵਾਰੀ-ਵਾਰੀ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਸਨ। ਗੁਰੂ ਜੀ ਦੇ ਸ਼ਿੰਘਾਸਣ ਤੇ ਬੈਠਿਆਂ ਚੌਰ ਹੋ ਰਿਹਾ ਸੀ ਤੇ ਸੋਢੀ ਸ਼੍ਰਿਰੋਮਣੀ ਬੈਠੇ ਹੋਏ ਸਨ॥ ੪੩॥

ਦਾਸਨ ਕਰੈਂ ਭਾਵਨਾ ਪੂਰੀ। ਸਭਿ ਤੇ ਭਈ ਸਭਾ ਸ਼ੁਭ ਪੂਰੀ।
ਕਰੁਨਾ ਭਰੇ ਬਿਲੋਚਨ ਕੋਰਹਿਂ। ਹੇਰਹਿਂ ਪ੍ਰਿਯ ਸਿੱਖਨ ਕੀ ਓਰਹਿਂ॥ ੪੪॥

ਗੁਰੂ ਜੀ ਆਪਣੇ ਦਾਸਾਂ ਦੀ ਭਾਵਨਾ ਪੂਰੀ ਕਰਦੇ ਸਨ, ਸਾਰਿਆਂ ਦੇ ਆਉਣ ਉੱਤੇ ਸ਼ੁਭ ਸਭਾ ਪੂਰੀ ਹੋ ਗਈ। ਗੁਰੂ ਜੀ ਦੇ ਨੇਤਰਾਂ ਦੇ ਕੋਨੇ ਕਿਰਪਾ ਸਹਿਤ ਭਰੇ ਸਨ। ਉਸ ਸਮੇਂ ਗੁਰੂ ਜੀ ਆਪਣੇ ਸਿੱਖਾਂ ਵਲ ਵੇਖ ਰਹੇ ਸਨ॥ ੪੪॥

*ਪਹਿਲੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

# ਅਧਿਆਇ ਬੱਤੀਵਾਂ

### ਵਕੀਲ ਵਾਪਸ ਗਿਆ

ਦੋਹਰਾ- ਨੰਦ ਚੰਦ ਕਰ ਬੰਦਿ ਕਹਿ 'ਭੀਮਚੰਦ ਸੈਲਿੰਦ।
ਪਠਜੋ ਸੁ ਅਬਹਿ ਹਕਾਰੀਏ ਦਰਸਹਿ ਪਦ ਅਰਬਿੰਦ'॥ ੧॥

ਭਾਈ ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, "ਪਹਾੜੀ ਰਾਜੇ ਭੀਮ ਚੰਦ ਨੇ ਜਿਸ ਦੂਤ ਨੂੰ ਭੇਜਿਆ ਹੈ, ਉਸ ਨੂੰ ਹੁਣ ਬੁਲਵਾ ਲਵੋ ਤਾਂਕਿ ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰੇ"॥ ੧॥

ਚੌਪਈ- ਲੇ ਸ਼੍ਰੀ ਗੁਰ ਤੇ ਹੁਕਮ ਪਠਾਯੋ। ਸੁਨਿ ਵਕੀਲ ਸੋ ਤਤਛਿਨ ਆਯੋ।
ਸਭਾ ਮਝਾਰ ਪ੍ਰਵੇਸ਼ਜੋ ਆਈ। ਧਰਿ ਅਕੋਰ ਕੋ ਗ੍ਰੀਵ ਨਿਵਾਈ॥ ੨॥

ਗੁਰੂ ਜੀ ਪਾਸੋਂ ਆਗਿਆ ਲੈ ਕੇ ਰਾਜੇ ਦੇ ਵਕੀਲ ਨੂੰ ਹੁਕਮ ਭੇਜਿਆ, ਉਹ ਸੁਣ ਕੇ ਤੁਰਤ ਆ ਪਹੁੰਚਾ ਤੇ ਸਭਾ ਵਿਚ ਆ ਪ੍ਰਵੇਸ਼ ਕੀਤਾ ਤੇ ਉਪਹਾਰ ਗੁਰੂ ਜੀ ਦੇ ਅੱਗੇ ਧਰ ਕੇ ਸਿਰ ਨਿਵਾਇਆ॥ ੨॥

ਜਹਾਂ ਮੇਵਰੇ ਥਾਨ ਬਤਾਯੋ। ਬੈਠਜੋ ਤ੍ਰਸਤਿ ਅੰਗ ਸੁਕਚਾਯੋ।
ਦੀਹ ਪ੍ਰਤਾਪ ਦਿਖਤਿ ਪ੍ਰਭੁ ਕੇਰੋ। ਜਥਾ ਇੰਦ੍ਰਾਸਣ ਇੰਦ੍ਰ ਸੁ ਹੇਰੋ॥ ੩॥

ਜਿੱਥੇ ਬੈਠਣ ਵਾਸਤੇ ਉਸ ਨੂੰ ਮੇਵੜੇ ਨੇ ਥਾਂ ਦੱਸਿਆ ਸੀ, ਡਰਦਾ ਹੋਇਆ ਅੰਗ ਸੰਕੋਚ ਕੇ ਓਥੇ ਬੈਠ ਗਿਆ। ਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਵੇਖ ਰਿਹਾ ਸੀ, ਜਿਵੇਂ ਇੰਦਰ ਸਭਾ ਵਿਚ ਰਾਜਾ ਇੰਦਰ ਬਿਰਾਜਮਾਨ ਹੋਵੇ॥ ੩॥

ਹਾਥ ਬੰਦਿ ਕਰਿ ਅਰਜ਼ ਗੁਜ਼ਾਰੀ। 'ਕਰੀ ਨਮੋ ਨ੍ਰਿਪ ਆਪ ਅਗਾਰੀ।
ਕਦਮ ਪਦਮ ਪਰ ਸਿਰ ਨਿਜ ਰਾਖਾ। ਦਾਸਨ ਦਾਸ ਹੋਨਿ ਅਭਿਲਾਖਾ॥ ੪॥

ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਰਾਜੇ ਨੇ ਆਪ ਜੀ ਅੱਗੇ ਨਮਸਕਾਰ ਭੇਜੀ ਹੈ, ਆਪ ਜੀ ਦੇ ਚਰਨ ਕੰਵਲਾਂ 'ਤੇ ਸਿਰ ਰੱਖਿਆ ਹੈ ਤੇ ਦਾਸਾਂ ਦਾ ਦਾਸ ਹੋਣ ਦੀ ਅਭਿਲਾਸ਼ਾ ਕੀਤੀ ਹੈ॥ ੪॥

ਫੁਰਮਾਯੋ ਸ੍ਰੀ ਮੁਖ ਅਰਬਿੰਦੰ। 'ਭੀਮਚੰਦ ਮਨੁਜੇਂਦ੍ਰ ਬਿਲੰਦੰ।
ਕੁਸ਼ਲ ਸਮੇਤ ਕਹਾਂ ਅਬਿ ਥਿਰਜੋ ?। ਇਤ ਤੇ ਜਾਇ,ਗਮਨ ਕਿਤ ਕਰਜੋ ? ॥੫॥

ਗੁਰੂ ਜੀ ਨੇ ਆਪਣੇ ਮੁਖ ਕੰਵਲ ਤੋਂ ਫੁਰਮਾਇਆ, "ਭੀਮ ਚੰਦ ਵੱਡਾ ਰਾਜਾ ਹੈ, ਕੁਸ਼ਲਤਾ ਸਹਿਤ ਹੁਣ ਕਿੱਥੇ ਰਹਿੰਦਾ ਹੈ ? ਏਥੋਂ ਜਾ ਕੇ ਕਿੱਥੇ ਗਿਆ ਹੈ ?॥ ੫॥

ਕਹੁ ਕਾਰਨ ਤੂੰ ਨਿਜ ਆਗਵਨੂ। ਪਠਜੋ ਹੋਇ' ਨ੍ਰਿਪ ਕਾਰਜ ਕਵਨੂ ?'।
ਸੁਨਤਿ ਦੂਤ ਨੇ ਕੁਸ਼ਲ ਜਨਾਈ। 'ਜਬਿ ਕੋ ਦਰਸ ਕੀਨਿ ਗਿਰਰਾਈ॥ ੬॥

ਤੂੰ ਏਥੇ ਆਉਣ ਦਾ ਆਪਣਾ ਕਾਰਨ ਦੱਸ, ਰਾਜੇ ਨੇ ਤੈਨੂੰ ਕਿਹੜੇ ਕਾਰਜ ਭੇਜਿਆ ਹੈ ?" ਸੁਣ ਕੇ ਦੂਤ ਨੇ ਸੁਖ ਸਾਂਦ ਦੱਸੀ, "ਜਦ ਦੇ ਪਹਾੜੀ ਰਾਜੇ ਨੇ ਤੁਹਾਡੇ ਦਰਸ਼ਨ ਕੀਤੇ ਹਨ॥ ੬॥

ਤਬਿ ਕੇ ਗੁਨ ਗਨ ਰਾਵਰ ਕੇਰੇ। ਬਰਨਤਿ ਹੈ ਸਭਿ ਨਿਕਟ ਬਡੇਰੇ।
ਦੀਹ ਸੁਸ਼ੀਲ, ਗਹੀਲ ਰਸੀਲੇ। ਡੀਲ ਛਬੀਲਾ, ਹਰਤਾ ਹੀ ਲੇ॥ ੭॥

ਤਦ ਦੇ ਆਪ ਜੀ ਦੇ ਗੁਣਾਂ ਦਾ ਸਭ ਦੇ ਪਾਸ ਵਰਣਨ ਕਰਦੇ ਹਨ। ਕਹਿੰਦੇ ਹਨ ਮਹਾਨ ਸੁਸ਼ੀਲ, ਬਹੁਤ ਪਿਆਰ ਕਰਨ ਵਾਲੇ, ਡੀਲ ਡੌਲ ਫੈਲ ਛਬੀਲਾ ਹੈ ਤੇ ਹਰ ਇਕ ਦਾ ਦਿਲ ਜਿੱਤ ਲੈਣ ਵਾਲੇ ਹਨ॥ ੭॥

ਭਾਗ ਵਿਸ਼ੇਸ਼ ਦੇਸ਼ ਕੇ ਭਏ। ਕਦਮ ਪਦਮ ਗੁਰ ਕੇ ਜਬਿ ਅਏ।
ਸਭਿ ਲੋਕਨ ਕੋ ਹੋਤਿ ਭਲੇਰਾ। ਕੈ ਸੁਨਿ ਸ਼ਬਦ ਦਰਸ ਕੈ ਹੇਰਾ॥ ੮॥

ਸਾਡੇ ਦੇਸ਼ ਦੇ ਵਿਸ਼ੇਸ਼ ਭਾਗ ਹੋਏ ਹਨ, ਜਿਹੜੇ ਗੁਰੂ ਜੀ ਦੇ ਏਥੇ ਚਰਨ ਕੰਵਲ ਪਏ ਹਨ। ਸਭ ਲੋਕਾਂ ਦਾ ਭਲਾ ਹੋਵੇਗਾ। ਕੋਈ ਬਾਣੀ ਸੁਣਦਾ ਹੈ, ਕੋਈ ਦਰਸ਼ਨ ਕਰਦਾ ਹੈ॥ ੮॥

ਪਾਪ ਕਲਾਪ ਆਪ ਛਪਿ ਜੈ ਹੈਂ। ਜਹਿਂ ਕੇਹਰਿ ਤਹਿਂ ਨਹਿਂ ਗਜ ਭੈ ਹੈ।
ਸਭਿਹਿਨਿ ਦੁਰਲਭ ਦਰਸ਼ਨ ਜੋਯੋ। ਭੂਤਲ ਇਤ ਕੋ ਪਾਵਨ ਹੋਯੋ॥ ੯॥

ਸਾਰੇ ਪਾਪ ਆਪਣੇ ਆਪ ਛੁੱਪ ਜਾਣਗੇ, ਜਿੱਥੇ ਸ਼ੇਰ ਰਹਿੰਦਾ ਹੋਵੇ ਉਥੇ ਹਾਥੀ ਦਾ ਕੀ ਡਰ ਹੈ। ਸਾਰਿਆਂ ਨੇ ਦੁਰਲਭ ਦਰਸ਼ਨ ਕੀਤੇ ਹਨ, ਇਸ ਸਥਾਨ ਦੀ ਧਰਤੀ ਪਵਿੱਤਰ ਕੀਤੀ ਹੈ॥ ੯॥

ਇੱਤਜਾਦਿਕ ਮਹਿਮਾ ਗੁਨ ਬ੍ਰਿੰਦੰ। ਸੁਨਤਿ ਰਹੇ ਸਭਿ ਕਹੇ ਨਰਿੰਦੰ॥
ਇਤ ਤੇ ਜਾਇ ਨ ਕਿਤਹੂੰ ਗਯੋ। ਰਹਜੋ ਸਦਨ ਮਨ ਆਨੰਦ ਭਯੋ॥ ੧੦॥

ਰਾਜੇ ਦੇ ਇਸ ਤਰ੍ਹਾਂ ਦੇ ਕਹੇ ਹੋਏ ਆਪ ਜੀ ਦੇ ਗੁਣ ਲੋਕ ਸੁਣਦੇ ਰਹਿੰਦੇ ਹਨ। ਏਥੋਂ ਜਾ ਕੇ ਕਿਸੇ ਸਥਾਨ ਤੇ ਵੀ ਨਹੀਂ ਗਏ ਹਨ, ਆਨੰਦ ਨਾਲ ਆਪਣੇ ਘਰ ਵਿਚ ਹੀ ਰਹੇ ਹਨ॥ ੧੦॥

ਮਮ ਆਗਵਨ ਸੁਨਹੁਂ ਪ੍ਰਭੁ ! ਕਾਰਨ। ਰਾਵਰਿ ਕੰਨੈ ਪਠਜੋ ਹਿਤ ਧਾਰਨ।
ਰਾਜੇ ਹਾਥ ਜੋਰਿ ਇਮ ਭਾਖਾ। ਚਰਨ ਕਮਲ ਮਹਿਂ ਪ੍ਰੀਤ ਭਿਲਾਖਾ॥ ੧੧॥

ਹੇ ਪ੍ਰਭੂ ਜੀ ! ਮੇਰੇ ਏਥੇ ਆਉਣ ਦਾ ਵੀ ਕਾਰਨ ਸੁਣੋ, ਰਾਜੇ ਨੇ ਆਪ ਜੀ ਵਲ ਹਿੱਤ ਧਾਰ ਕੇ ਭੇਜਿਆ ਹੈ। ਰਾਜੇ ਨੇ ਹੱਥ ਜੋੜ ਕੇ ਇਸ ਤਰ੍ਹਾਂ ਕਿਹਾ ਹੈ, "ਆਪ ਜੀ ਦੇ ਚਰਨ ਕੰਵਲਾਂ ਦੀ ਪ੍ਰੀਤ ਦੀ ਅਭਿਲਾਸ਼ਾ ਹੈ॥ ੧੧॥

ਜੇਤਿਕ ਦੇਸ਼ ਰਾਜ ਮਮ ਸੈਲ। ਅਪਨੋ ਜਾਨ ਕਰਹਿਂ ਗੁਰ ਸੈਲ।
ਜਿਮ ਅਪਨਜੋਂ ਪਰ ਹੁਕਮ ਬਖਾਨਹਿਂ। ਤਿਮ ਹੀ ਮੋ ਪਰ ਕਰੁਨਾ ਠਾਨਹਿਂ ॥੧੨॥

ਜਿੰਨਾ ਵੀ ਮੇਰਾ ਪਹਾੜ ਦੇਸ਼ ਦਾ ਰਾਜ ਹੈ, ਆਪਣਾ ਜਾਣ ਕੇ ਗੁਰੂ ਜੀ ਸੈਰ ਕਰਨ। ਜਿਵੇਂ ਆਪਣਿਆਂ ਉੱਪਰ ਹੁਕਮ ਕਰਦੇ ਹੋ, ਉਸ ਤਰ੍ਹਾਂ ਹੀ ਮੇਰੇ ਉੱਤੇ ਕਿਰਪਾ ਧਾਰਨ ਕਰੋ॥ ੧੨॥

**ਗਜ ਬਾਜੀ ਆਦਿਕ ਘਰ ਮੇਰੇ। ਕਰਹਿਂ ਮੰਗਾਵਨਿ ਲੇਂ ਸੁਭ ਹੇਰੇ।**
**ਸਦਨ ਮਾਂਝ ਪਾਵਨ ਕੋ ਚਾਹਤਿ। ਮਿਲਜੋ ਜਬਹਿ ਕੋ,ਅਧਿਕ ਉਮਾਹਤਿ ॥੧੩॥**

ਮੇਰੇ ਘਰ ਬਹੁਤ ਹਾਥੀ ਘੋੜੇ ਹਨ, ਸ਼ੁਭ ਵੇਖ ਕੇ ਜਿਹੜਾ ਜੀਅ ਕਰੇ ਮੰਗਵਾ ਲਵੋ। ਘਰ ਵਿਚ ਆਪ ਜੀ ਦੇ ਚਰਨ ਪਵਾਉਣੇ ਚਾਹੁੰਦਾ ਹੈ। ਜਦ ਦਾ ਮਿਲਿਆ ਹੈ, ਬਹੁਤ ਉਤਸ਼ਾਹਿਤ ਹੋਇਆ ਹੈ॥ ੧੩॥

**ਅਬਿ ਜੋ ਵਸਤੁ ਅਹੈ ਘਰ ਮੋਹੀ। ਗੁਰ ਉਰ ਅਭਿਲਾਖਾ ਜਿਸ ਹੋਹੀ।**
**ਬਿਨਾ ਅੰਤਰੇ ਅਪਨੀ ਜਾਨਹਿਂ। ਨਿਜ ਘਰ ਸਮ ਅਨਵਾਵਨਿ ਠਾਨਹਿਂ ॥੧੪॥**

ਹੁਣ ਜਿਹੜੀ ਵੀ ਵਸਤੂ ਮੇਰੇ ਘਰ ਹੈ, ਗੁਰੂ ਜੀ ਦੇ ਹਿਰਦੇ ਵਿਚ ਜਿਸ ਦੀ ਵੀ ਅਭਿਲਾਸ਼ਾ ਹੋਵੇ, ਕਿਸੇ ਅੰਤਰੇ ਦੇ ਬਗੈਰ ਆਪਣੀ ਜਾਣੋ, ਆਪਣੇ ਘਰ ਵਾਂਗ ਮੰਗਵਾ ਲਵੋ॥ ੧੪॥

**ਹਰਖਤਿ ਹੋਇ ਤਬਹਿ ਮਨ ਮੋਰਾ। ਇਮ ਕਹਿ ਪਠਜੋ ਸੁ ਪ੍ਰੇਮ ਬਡੇਰਾ।**
**ਕੂਰ ਕਪਟ ਕੋ ਮੂਢ ਬਖਾਨੈਂ। ਨਿਜ ਰਾਜੇ ਸਮ ਪ੍ਰਭੁ ਕੋ ਜਾਨੈਂ॥ ੧੫॥**

ਮੇਰਾ ਮਨ ਫਿਰ ਬਹੁਤ ਪ੍ਰਸੰਨ ਹੋਇਆ, ਜਦ ਇਸ ਤਰ੍ਹਾਂ ਵੱਡਾ ਪ੍ਰੇਮ ਕਰਕੇ ਭੇਜਿਆ।" ਕੂੜ ਕਪਟ ਨੂੰ ਮੂਰਖ ਬਿਆਨ ਕਰ ਰਿਹਾ ਸੀ। ਆਪਣੇ ਰਾਜੇ ਵਾਂਗ ਗੁਰੂ ਜੀ ਨੂੰ ਸਮਝਦਾ ਸੀ॥ ੧੫॥

**ਮੋਰ ਮਨਿੰਦ ਅਨਿੰਦਤਿ ਬਾਨੀ। ਪਿਖਿਯਤਿ ਕ੍ਰਿਯਾ ਕੀਟ ਗਨ ਖਾਨੀ।**
**ਕਰਹਿ ਜਨਾਵਨਿ ਮਿਤ੍ਰਤਾ ਆਪਨਿ। ਚਹਤਿ ਕ੍ਰਿਯਾ ਕੁਟਲੀ ਬਨ ਸਾਪਨ ॥੧੬॥**

ਮੋਰ ਵਾਂਗ ਅਨੰਦ ਦੇਣ ਵਾਲੀ ਬਾਣੀ ਸੀ, ਪਰ ਜੇ ਕਰਨੀ ਵਲ ਵੇਖੋ ਤਾਂ ਸਮੂਹ ਕੀੜੇ ਖਾਣ ਵਾਲੀ ਹੈ ਜਿਵੇਂ ਕਿ ਮੋਰ ਕੀੜੇ ਖਾਂਦਾ ਹੈ। ਆਪਣੀ ਮਿੱਤਰਤਾ ਜਤਾਉਂਦਾ ਸੀ, ਸੱਪ ਨੂੰ ਵਣ ਦੀ ਅੱਗ ਵਿਚੋਂ ਕੱਢਣ ਵਾਂਗ ਪੁੱਠੀ ਕ੍ਰਿਆ ਕਰ ਰਿਹਾ ਸੀ॥ ੧੬॥

*ਨੋਟ :- ਇਹ ਕਹਾਣੀ ਪ੍ਰਚਲਤ ਹੈ ਕਿ ਜੰਗਲ ਦੀ ਅੱਗ ਵਿਚ ਘਿਰੇ ਹੋਏ ਇਕ ਸੱਪ ਨੇ ਘੋੜ-ਸਵਾਰ ਨੂੰ ਨਰਮ ਕਰ ਲਿਆ ਸੀ ਤੇ ਮਿੱਤ੍ਰਤਾ ਦੇ ਬਚਨ ਕੀਤੇ ਸਨ, ਪਰ ਜਦ ਸਵਾਰ ਨੇ ਸੱਪ ਨੂੰ ਬਾਹਰ ਕੱਢ ਲਿਆ ਤਾਂ ਸੱਪ ਨੇ ਸਵਾਰ ਨੂੰ ਡੰਗ ਮਾਰ ਦਿੱਤਾ।*

**ਜਥਾ ਹਲਾਹਲ ਭਰਿ ਘਟ ਕੰਚਨ। ਕਿਧੌਂ ਦੁਬਿਧਿ ਜੁਤਿ ਹੁਇ ਫਲ ਰੰਚਨ।**
**ਵਹਿਰ ਬਾਕ ਬੋਲਹਿ ਬਹੁ ਮੋਲਾ। ਅੰਤਰ ਭਰੇ ਗਰਲ ਜਿਮ ਘੋਲਾ॥ ੧੭॥**

ਜਿਵੇਂ ਸੋਨੇ ਦਾ ਘੜਾ ਜ਼ਹਿਰ ਨਾਲ ਭਰਿਆ ਹੋਵੇ। ਭਾਵ ਕੋਈ ਫਲ ਦੋ ਤਰੀਕਿਆਂ ਨਾਲ ਰਚਿਆ ਹੋਵੇ ਭਾਵ ਮਿਠਾਸ ਤੇ ਜ਼ਹਿਰ ਜਿਸ ਵਿਚ ਦੋਵੇਂ ਰਚੇ ਹੋਏ ਹੋਣ। ਸਵਾਦ ਮਿੱਠਾ ਤੇ ਤਾਸੀਰ ਜ਼ਹਿਰੀਲੀ ਹੋਵੇ, ਐਸਾ ਫਲ ਹੋਵੇ ਭਾਵ ਜੋ ਫਲ ਦਿੱਸਣ ਨੂੰ ਸੋਹਣਾ ਤੇ ਖਾਣ ਨੂੰ ਕੌੜਾ ਹੋਵੇ। ਬਾਹਰਲੇ ਬਚਨ ਬਹੁਤ ਕੀਮਤੀ ਬੋਲੇ, ਪਰ ਅੰਦਰ ਘੋਲਿਆ ਹੋਇਆ ਜ਼ਹਿਰ ਸੀ॥ ੧੭॥

**ਕੋ ਕੋ ਸਮਤਾ ਕਹਹਿਂ ਕਪਟ ਕੀ। ਪਟ ਕੀ ਓਟ ਜਥਾ ਕ੍ਰਿਤ ਨਟ ਕੀ।**
**ਜਿਸ ਬਿਧਿ ਦੇਹਿਂ ਪ੍ਰਭੂ ਇਹ ਕਰੀ। ਕਰੀ ਬਾਤ ਤੈਸੀ ਛਲ ਭਰੀ॥ ੧੮॥**

ਕਪਟ ਦੀ ਤੁਲਨਾ ਕਿਹੜੀ-ਕਿਹੜੀ ਵਸਤੂ ਨਾਲ ਕਹਾਂ। ਕੱਪੜੇ ਦੇ ਉਹਲੇ ਜਿਵੇਂ ਨਟ ਦੀ ਕਾਰ ਹੁੰਦੀ ਹੈ। ਜਿਸ ਵਿਧੀ ਨਾਲ ਵੀ ਗੁਰੂ ਜੀ ਪ੍ਰਸਾਦੀ ਹਾਥੀ ਦੇ ਦੇਣ, ਉਸ ਤਰ੍ਹਾਂ ਦੀ ਹੀ ਬਣਾ ਕੇ ਛਲ ਭਰੀ ਗੱਲ ਕਹੀ॥ ੧੮॥

ਸੁਨਿ ਕੈ ਨੰਦ ਚੰਦ ਤਬਿ ਕਹਜੋ। 'ਜੇ ਇਸ ਬਿਧਿ ਰਾਜੇ ਚਿਤ ਚਹਜੋ।
ਸੁਖਦਾਇਕ ਨਿਤ ਬਾਤ ਅਛੇਰੀ। ਨਿਤ ਪ੍ਰੀਤਿ ਹ੍ਵੈ ਹੈ ਸੰਧਿ ਬਡੇਰੀ॥ ੧੯॥

ਇਹ ਸੁਣ ਕੇ ਤਦ ਨੰਦ ਚੰਦ ਨੇ ਕਿਹਾ, "ਜੇ ਇਸ ਵਿਧੀ ਨਾਲ ਰਾਜੇ ਨੇ ਚਿੱਤ ਵਿਚ ਚਾਹਿਆ ਹੈ ਤਾਂ ਸੁਖਦਾਇਕ ਗੱਲ ਸਦਾ ਚੰਗੀ ਹੁੰਦੀ ਹੈ, ਵੱਡੇ ਮੇਲ ਮਿਲਾਪ ਨਾਲ ਸਦਾ ਪ੍ਰੀਤ ਵਧਦੀ ਹੈ॥ ੧੯॥

ਗੁਰ ਘਰ ਸੰਗ ਕਾਮਨਾ ਜੈਸੇ। ਬਿਨਾ ਬਿਲੰਬ ਲਹੈ ਫਲ ਤੈਸੇ।
ਸਦਾ ਸਮੀਪ ਬਾਸ ਜਿਸ ਕੇਰਾ। ਕਰੈ ਪ੍ਰੇਮ ਕੈ ਦ੍ਵੈਸ਼ ਬਡੇਰਾ॥ ੨੦॥

ਗੁਰੂ ਘਰ ਨਾਲ ਜਿਵੇਂ ਵੀ ਕੋਈ ਕਾਮਨਾ ਕਰਦਾ ਹੈ ਤਾਂ ਕਿਸੇ ਦੇਰ ਬਗੈਰ ਵੈਸਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਸਦਾ ਹੀ ਜਿਸ ਦਾ ਨੇੜੇ ਵਾਸਾ ਹੈ, ਜੋ ਉਹ ਪ੍ਰੇਮ ਜਾਂ ਵੱਡੀ ਈਰਖਾ ਕਰੇ॥ ੨੦॥

ਤਿਸ ਤੇ ਹ੍ਵੈ ਸੁਖ ਕੈ ਦੁਖ ਨੀਤ। ਹਰਖ ਸ਼ੋਕ ਕੇ ਰਹਿ ਬਸਿ ਚੀਤ।
ਰਾਵ ਕਿ ਰੰਕ ਭਲਾ ਜੋ ਚਹੈ। ਸਦਾ ਸਰਲ ਉਰ ਗੁਰ ਸੰਗ ਰਹੈਂ॥ ੨੧॥

ਤਿਸ ਤੋਂ ਸਦਾ ਹੀ ਦੁਖ ਜਾਂ ਸੁਖ ਪ੍ਰਾਪਤ ਹੁੰਦਾ ਹੈ, ਖ਼ੁਸ਼ੀ ਗ਼ਮੀ ਦੇ ਵਿਚ ਚਿੱਤ ਰਹਿੰਦਾ ਹੈ। ਰਾਜੇ ਜਾਂ ਰੰਕ ਦਾ ਜੋ ਭਲਾ ਚਾਹੁੰਦਾ ਹੈ ਉਹ ਸਦਾ ਹੀ ਹਿਰਦੇ ਵਿਚ ਸਰਲ ਹੋ ਕੇ ਗੁਰੂ ਜੀ ਦੇ ਸਾਥ ਰਹਿੰਦਾ ਹੈ"॥ ੨੧॥

ਸੁਨਤਿ ਵਕੀਲ ਬਾਤਿ ਕੋ ਕਹਜੋ। 'ਗੁਰੂ ਕੰਨੇ ਰਾਜੇ ਇਮ ਚਹਜੋ।
ਜਗ ਮਹਿਂ ਸ਼ੋਭਾ ਹੋਇ ਬਡੇਰੀ। ਹੋਇ ਪ੍ਰਲੋਕ ਸੁਖਦ ਤਿਸ ਬੇਰੀ॥ ੨੨॥

ਇਹ ਸੁਣ ਕੇ ਵਕੀਲ ਨੇ ਕਿਹਾ, "ਰਾਜਾ ਗੁਰੂ ਜੀ ਪਾਸੋਂ ਇਸ ਤਰ੍ਹਾਂ ਚਾਹੁੰਦਾ ਹੈ, ਜਿਵੇਂ ਜਗਤ ਵਿਚ ਵੱਡੀ ਸ਼ੋਭਾ ਹੋਵੇ ਤੇ ਤਿਸ ਸਮੇਂ ਪਰਲੋਕ ਵਿਚ ਵੀ ਸੁਖ ਪ੍ਰਾਪਤ ਹੋਵੇ॥ ੨੨॥

ਅਬਿ ਸ਼ੋਭਾ ਹਿਤ ਮੋਹਿ ਪਠਾਯੋ। ਲਖਹਿ ਸ਼ਗੁਨ ਨਿਜ ਸੁਤ ਕੋ ਆਯੋ।
ਫਤੇ ਸ਼ਾਹ ਸ੍ਰੀ ਨਗਰ ਨਰੇਸ਼ੂ। ਰਾਜ ਸਮਾਜ ਪ੍ਰਤਾਪ ਵਿਸ਼ੇਸ਼ੂ॥ ੨੩॥

-ਹੁਣ ਸ਼ੋਭਾ ਵਾਸਤੇ ਮੈਨੂੰ ਭੇਜਿਆ ਹੈ, ਇਹ ਸਮਝਦਾ ਹੈ ਕਿ ਹੁਣ ਆਪਣੇ ਪੁੱਤਰ ਦਾ ਸ਼ਗਨ ਲੱਗਣਾ ਹੈ ਸ੍ਰੀ ਨਗਰ ਦਾ ਰਾਜਾ ਫਤਹਿ ਸ਼ਾਹ ਹੈ, ਜਿਸ ਦਾ ਵੱਡਾ ਰਾਜ ਸਮਾਜ ਅਤੇ ਵਿਸ਼ੇਸ਼ ਪ੍ਰਤਾਪ ਹੈ॥ ੨੩॥

ਤਨੁਜਾ ਕੋ ਸਬੰਧ ਕਿਯ ਤਾਂਹੀ। ਅਬਿ ਸੋ ਬਯਾਹ ਦੇਨਿ ਚਿਤ ਚਾਹੀ।
ਸੁਨਜੋ ਪ੍ਰਥਮ ਲਾਗੀ ਆਗਵਨੂੰ। ਤਿਨ ਹਿਤ ਤਯਾਰੀ ਗਹਿ ਨਿਜ ਭਵਨੂੰ॥੨੪॥

ਉਸ ਆਪਣੀ ਪੁੱਤਰੀ ਦਾ ਰਾਜਾ ਭੀਮ ਚੰਦ ਦੇ ਲੜਕੇ ਨਾਲ ਸੰਬੰਧ ਕੀਤਾ ਹੈ, ਹੁਣ ਵਿਆਹ ਦੇਣ ਵਾਸਤੇ ਚਿੱਤ ਵਿਚ ਚਾਹੁੰਦਾ ਹੈ। ਸੁਣਿਆ ਹੈ ਪਹਿਲਾਂ ਲਾਗੀ ਆਉਣਗੇ, ਉਨ੍ਹਾਂ ਵਾਸਤੇ ਆਪਣੇ ਘਰ ਵਿਚ ਤਿਆਰੀ ਕਰਨੀ ਹੈ॥ ੨੪॥

ਉੱਤਮ ਵਸਤੂ ਉਤਸਵ ਮਾਂਹੀ। ਜਾਚਹਿਂ ਹੋਤਿ ਸਦਨ ਜੋ ਨਾਂਹੀ।
ਰਾਵ ਰੰਕ ਸਭਿ ਹੈਂ ਇਕਸਾਰਾ। ਜਾਚੇ ਬਿਨ ਨ ਚਲੈ ਬਿਵਹਾਰਾ॥ ੨੫॥

ਉਸ ਉਤਸਵ ਵਾਸਤੇ ਉੱਤਮ ਵਸਤਾਂ ਚਾਹੀਦੀਆਂ ਹਨ। ਜਿਹੜੀਆਂ ਵਸਤਾਂ ਘਰ ਵਿਚ ਨਹੀਂ ਹਨ ਉਹ ਬਾਹਰੋਂ ਮੰਗ ਲਈਦੀਆਂ ਹਨ। ਰਾਜਾ ਰੰਕ ਸਭ ਇਕਸਾਰ ਹਨ, ਮੰਗਣ ਤੋਂ ਬਗੈਰ ਵਿਹਾਰ ਨਹੀਂ ਚਲਦੇ ਹਨ॥ ੨੫॥

ਅਪਰ ਸੈਲਪਤਿ ਮਤ ਕਰਿ ਹੇਰੇ। ਹਮ ਰਾਜੇ ਤੇ ਕ੍ਵੈ ਨ ਵਡੇਰੇ।
ਲੈਬੇ ਉਚਿਤ ਵਸਤੁ ਕਿਸ ਪਾਹੀ। ਅਪਨੇ ਤੇ ਸ਼ੁਭ ਲਖਿਯਤਿ ਨਾਂਹੀ॥ ੨੬॥

ਹੋਰ ਪਹਾੜੀ ਰਾਜੇ ਵਿਚਾਰ ਕਰਕੇ ਵੇਖੇ ਹਨ, ਸਾਡੇ ਰਾਜੇ ਨਾਲੋਂ ਕੋਈ ਵੀ ਵੱਡਾ ਨਹੀਂ ਹੈ, ਕਿਸੇ ਪਾਸੋਂ ਵੀ ਵਸਤੂ ਲੈਣੀ ਉਚਿਤ ਨਹੀਂ ਸਮਝੀ ਹੈ, ਕੋਈ ਵੀ ਆਪਣੇ ਤੋਂ ਸ਼ੁਭ ਨਹੀਂ ਵਿਖਾਈ ਦਿੰਦਾ ਹੈ॥ ੨੬॥

ਚਿਤ ਬਿਚਾਰ ਕਰਿ ਦੇਖਜੋ ਜਬਿਹੂੰ। ਬਿਨ ਰਾਵਰ ਤੇ ਨ੍ਰਿਪ ਲਘੁ ਸਭਿਹੂੰ।
ਜਥਾ ਪੁੱਤ੍ਰ ਹਮਰੋ ਤਿਮ ਗੁਰ ਕੋ।ਇਮ ਧਾਰਜੋ ਨਿਸ਼ਚੈ ਦ੍ਰਿਢ ਉਰ ਕੋ॥ ੨੭॥

ਜਦ ਚਿੱਤ ਵਿਚ ਵਿਚਾਰ ਕਰਕੇ ਵੇਖਿਆ ਹੈ, ਆਪ ਤੋਂ ਬਗੈਰ ਸਾਰੇ ਰਾਜੇ ਛੋਟੇ ਹਨ। ਜਿਵੇਂ ਸਾਡਾ ਪੁੱਤਰ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦਾ ਪੁੱਤਰ ਹੈ, ਇਸ ਤਰ੍ਹਾਂ ਹਿਰਦੇ ਵਿਚ ਦ੍ਰਿੜ੍ਹ ਨਿਸਚਾ ਧਾਰਿਆ ਹੈ॥ ੨੭॥

ਤਬਿ ਮੋਕਹੁ ਤੁਮ ਨਿਕਟ ਪਠਾਯਹੁ। ਸੁਜਸੁ ਮਹਾਨ ਬਖਾਨਿ ਸੁਨਾਯਹੁ।
ਆਨਹੁ ਜਾਇ ਪ੍ਰਸਾਦੀ ਗਜ ਕੋ। ਗੁਰੂ ਰਖਹਿੰਗੇ ਹਮਰੀ ਲਜ ਕੋ॥ ੨੮॥

ਤਦ ਮੈਨੂੰ ਤੁਹਾਡੇ ਪਾਸ ਭੇਜਿਆ ਹੈ, ਬਹੁਤ ਸ੍ਰੇਸ਼ਟ ਜੱਸ ਕਹਿ ਕੇ ਸੁਣਾਇਆ ਹੈ। ਕਿਹਾ ਹੈ ਜਾ ਕੇ ਪ੍ਰਸਾਦੀ ਹਾਥੀ ਲੈ ਕੇ ਆਵੋ, ਗੁਰੂ ਜੀ ਸਾਡੀ ਲਾਜ ਰੱਖਣਗੇ॥ ੨੮॥

ਵਸਤੁ ਅਜਾਇਬ ਤਿਨਹੁਂ ਅਵਾਸਾ। ਮੁਦਤਿ ਹੋਤਿ ਜਿਹ ਲਖਹਿਂ ਤਮਾਸ਼ਾ।
ਏਕ ਬਾਰ ਸੋ ਲੈ ਕਰਿ ਆਵਹੁ। ਸਗਿਯਨਿ ਕੇ ਲਾਗੀ ਦਰਸਾਵਹੁ॥ ੨੯॥

ਉਨ੍ਹਾਂ ਦੇ ਘਰ ਵਿਚ ਅਜੀਬ ਵਸਤਾਂ ਹਨ, ਜਿਨ੍ਹਾਂ ਦਾ ਤਮਾਸ਼ਾ ਵੇਖ ਕੇ ਸਾਰੇ ਪ੍ਰਸੰਨ ਹੁੰਦੇ ਹਨ। ਇਕ ਬਾਰ ਉਨ੍ਹਾਂ ਵਸਤਾਂ ਨੂੰ ਲੈ ਕੇ ਆਵੋ, ਕੁੜਮਾਂ ਦੇ ਲਾਗੀਆਂ ਨੂੰ ਵਿਖਾਈਏ॥ ੨੯॥

ਤਿਨ ਪੀਛੇ ਕੁੰਚਰ ਪਹੁਚਾਵਹਿਂ। ਪਿਖਿ ਕਰਿ ਜਿਹ ਸਗਰੇ ਬਿਸਮਾਵਹਿਂ।
ਫਤੇਸ਼ਾਹ ਕੇ ਸਹਿਤ ਸੁਨਾਵਹਿਂ। ਅਦਭੁਤ ਤੇ ਹਮ ਸੁਜਸੁ ਵਧਾਵਹਿਂ॥ ੩੦॥

ਉਨ੍ਹਾਂ ਦੇ ਪਿੱਛੇ ਹਾਥੀ ਪਹੁੰਚਾਈਏ, ਜਿਸ ਨੂੰ ਵੇਖ ਕੇ ਸਾਰੇ ਹੈਰਾਨ ਹੋਣ। ਉਹ ਫ਼ਤਹਿ ਸ਼ਾਹ ਸਹਿਤ ਸਭ ਨੂੰ ਸੁਣਾਉਣਗੇ ਅਦਭੁਤ ਵਸਤੂ ਵਿਖਾ ਕੇ ਅਸੀਂ ਸ੍ਰੇਸ਼ਟ ਜੱਸ ਵਧਾਵਾਂਗੇ॥ ੩੦॥

ਇਸ ਪ੍ਰਕਾਰ ਤੇ ਮਮ ਆਗਵਨੂੰ। ਪਠਜੋ ਨਰਿੰਦ ਨਿਕਟ ਸੁਖ ਭਵਨੂੰ।
ਕਪਟ ਸਨੇ ਸੁਨਿ ਬੈਨ ਵਕੀਲੰ। ਅੰਤਰਯਾਮੀ ਗੁਨੀ ਗਹੀਲੰ॥ ੩੧॥

ਇਸ ਪ੍ਰਕਾਰ ਮੇਰਾ ਏਥੇ ਆਉਣਾ ਹੋਇਆ ਹੈ, ਰਾਜੇ ਨੇ ਆਪ ਜੀ ਪਾਸ ਭੇਜਿਆ ਹੈ। ਕਪਟ ਭਰੇ ਵਕੀਲ ਦੇ ਬੋਲ ਸੁਣ ਕੇ, ਅੰਤਰਜਾਮੀ ਗੁਣਾਂ ਦੇ ਸਾਗਰ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ॥ ੩੧॥

ਲਗੇ ਪਹਾਰੀ ਮਤਿ ਕੇ ਕਾਚੇ। ਛਲ ਕੋ ਠਾਨਿ ਕਹਾਵਤਿ ਸਾਚੇ।
ਜੇ ਅਬਿ ਇਨ ਕੋ ਦੇਹਿਂ ਪ੍ਰਸਾਦੀ। ਤਊ ਬਾਦ ਕਰਿ ਹੈਂ ਅਪਵਾਦੀ॥ ੩੨॥

ਪਹਾੜੀ ਲੋਕ ਮੱਤ ਦੇ ਕੱਚੇ ਲਗੇ, ਜਿਹੜੇ ਛਲ ਧਾਰ ਕੇ ਸੱਚੇ ਕਹਾਉਂਦੇ ਸਨ। ਜੇ ਹੁਣ ਇਨ੍ਹਾਂ ਨੂੰ ਪ੍ਰਸਾਦੀ ਹਾਥੀ ਦੇ ਦੇਵਾਂਗੇ ਤਾਂ ਬਾਅਦ ਵਿਚ ਇਹ ਝਗੜਾ ਖੜਾ ਕਰਨਗੇ॥ ੩੨॥

ਬਹੁਰ ਬਹੋਰਹਿਂ ਨਹਿਂ ਮਤਿਮੰਦੇ। ਨਿਜ ਚਤੁਰਾਈ ਲਖਹਿਂ ਬਿਲੰਦੇ।
ਪੁਨ ਪਰਿ ਹੈ ਸੰਗ੍ਰਾਮ ਬਿਸਾਲਾ। ਗਿਰਪਤਿ ਗਰਬਤਿ ਮਹਿਤ ਕੁਚਾਲਾ॥ ੩੩॥

ਫਿਰ ਇਹ ਮਾੜੀ ਮੱਤ ਵਾਲੇ ਵਾਪਸ ਨਹੀਂ ਕਰਨਗੇ, ਆਪਣੀ ਚਤੁਰਾਈ ਨੂੰ ਇਹ ਵੱਡੀ ਸਮਝਦੇ ਹਨ। ਫਿਰ ਵੱਡਾ ਯੁੱਧ ਕਰਨਾ ਪਵੇਗਾ, ਪਹਾੜੀ ਰਾਜੇ ਘੁਮੰਡ ਕਰਕੇ ਬਹੁਤ ਭੈੜੇ ਕਾਰੇ ਕਰਨਗੇ॥ ੩੩॥

ਯਾਂਤੇ ਨਹਿਂ ਦੇਨੋ ਬਨਿ ਆਵੈ। ਇਸ ਕੇ ਸੰਗ ਜੰਗ ਹੀ ਭਾਵੈ।
ਇਮ ਬਿਚਾਰ ਕਰਿ ਜਗ ਗੁਰ ਭਾਖਾ। 'ਆਨਜੋਂ ਸਿਖ ਗਜ ਧਰਿ ਅਭਿਲਾਖਾ ॥੩੪॥

ਇਸ ਕਰਕੇ ਨਾ ਦੇਣਾ ਹੀ ਬਣਦਾ ਹੈ, ਇਸ ਦੇ ਨਾਲ ਜੰਗ ਕਰਨੀ ਹੀ ਚੰਗੀ ਰਹੇਗੀ। ਇਸ ਤਰ੍ਹਾਂ ਵਿਚਾਰ ਕੇ ਜਗਤ ਗੁਰੂ ਜੀ ਨੇ ਕਿਹਾ, "ਇਹ ਪ੍ਰਸਾਦੀ ਹਾਥੀ ਸਾਡਾ ਇਕ ਸਿੱਖ ਅਭਿਲਾਸ਼ਾ ਧਾਰ ਕੇ ਲਿਆਇਆ ਹੈ॥ ੩੪॥

ਰਾਖਹਿਂ ਨਿਕਟ ਉਚਿਤ ਇਹ ਗੁਰ ਕੋ। ਦੇਵ ਮਨੋਰਥ ਠਾਨਜੋਂ ਉਰ ਕੋ।
ਨਹੀਂ ਅਪਰ ਕੋ ਦੇਬੋ ਕਰੈਂ। ਪਰਚਹਿਂ ਆਪ ਕਿ ਊਪਰ ਚਰੈਂ॥ ੩੫॥

ਉਸਦੀ ਇਹ ਸ਼ਰਧਾ ਹੈ ਕਿ ਇਹ ਗੁਰੂ ਜੀ ਨੂੰ ਆਪਣੇ ਪਾਸ ਰੱਖਣਾ ਉਚਿਤ ਹੈ, ਇਸ ਤਰ੍ਹਾਂ ਸਿੱਖ ਨੇ ਦਿਲ ਦਾ ਮਨੋਰਥ ਧਾਰਨ ਕੀਤਾ ਹੈ। ਇਹ ਕਿਸੇ ਹੋਰ ਨੂੰ ਨਹੀਂ ਦੇਣਾ ਹੈ, ਆਪ ਜੀ ਇਸ ਦੀ ਸਵਾਰੀ ਕਰਕੇ ਦਿਲ ਪਰਚਾਵਾ ਕਰੋ॥ ੩੫॥

ਅਨਿਕ ਜਤਨ ਤੇ ਦੁਲਭ ਬਡੇਰੋ। ਆਨਿ ਦੂਰ ਤੇ ਦਰਸ਼ਨ ਹੇਰੋ।
ਗੁਰ ਘਰ ਸਦਾ ਨੇਮ ਇਹ ਰਹਜੋ। ਰਚਹਿਂ ਸੁ ਤਿਮ, ਜਿਮ ਪ੍ਰੇਮੀ ਚਹਜੋ॥੩੬॥

ਅਨੇਕ ਜਤਨਾਂ ਨਾਲ ਬਹੁਤ ਦੁਰਲਭ ਹੈ, ਬਹੁਤ ਦੂਰ ਤੋਂ ਦਰਸ਼ਨ ਕਰਨ ਆਇਆ ਹੈ। ਗੁਰੂ ਘਰ ਵਿਚ ਸਦਾ ਇਹ ਨੇਮ ਰਿਹਾ ਹੈ, ਗੁਰੂ ਜੀ ਉਸ ਤਰ੍ਹਾਂ ਕਰਦੇ ਹਨ ਜਿਵੇਂ ਪ੍ਰੇਮੀ ਚਾਹੁੰਦਾ ਹੈ॥ ੩੬॥

ਸਿਖ ਕੋ ਸਫਲ ਮਨੋਰਥ ਕਰੈਂ। ਸੋ ਬਿਸਾਰ ਕਬਿ ਨਹਿਂ ਪਰਹਰੈਂ।
ਯਾਂਤੇ ਕਹਹੁ ਨ੍ਰਿਪਤਿ ਸੰਗ ਜਾਈ। ਅਪਰ ਏਕ ਹਮ ਢਿਗ ਗਜਰਾਈ॥ ੩੭॥

ਸਿੱਖ ਦਾ ਮਨੋਰਥ ਸਫਲ ਕਰਦੇ ਹਾਂ, ਉਸ ਨੂੰ ਵਿਸਾਰ ਕੇ ਕਦੇ ਦੂਰ ਨਹੀਂ ਕਰਦੇ ਹਾਂ। ਇਸ ਕਰਕੇ ਰਾਜੇ ਨੂੰ ਜਾ ਕੇ ਕਹੋ, ਸਾਡੇ ਪਾਸ ਇਕ ਹੋਰ ਹਾਥੀ ਮੌਜੂਦ ਹੈ॥ ੩੭॥

ਬੂਝਹੁ ਨਿਜ ਰਾਜੇ ਲੈ ਜਾਵਹੁ। ਸਗਿਯਨਿ ਲਾਗੀ ਕੋ ਦਰਸਾਵਹੁ'।
ਸੁਨਿ ਕਰਿ ਤੂਸ਼ਨਿ ਦੂਤ ਕਰੀ ਹੈ। ਜਾਨੀ ਗੁਰ ਨਹਿਂ ਦੇਤਿ ਕਰੀ ਹੈ॥ ੩੮॥

ਆਪਣੇ ਰਾਜੇ ਨੂੰ ਪੁੱਛ ਕੇ ਲੈ ਜਾਵੇ ਤੇ ਉਸ ਨੂੰ ਲਾਗੀ ਦੇ ਸਾਥੀਆਂ ਨੂੰ ਵਿਖਾਵੇ।" ਇਹ ਸੁਣ ਕੇ ਦੂਤ ਚੁੱਪ ਹੋ ਗਿਆ, ਇਹ ਸਮਝ ਗਿਆ ਕਿ ਗੁਰੂ ਜੀ ਹਾਥੀ ਨਹੀਂ ਦੇ ਰਹੇ ਹਨ॥ ੩੮॥

ਰੁਖ਼ ਕੋ ਦੇਖਤਿ ਰੁਖ਼ਸਦ ਹੋਯੋ। ਬੰਦਨ ਕਰ ਗਮਨਜੋਂ ਮਗ ਜੋਯੋ।
ਰਿਦੇ ਬਿਸੂਰਤਿ ਮੁਖ ਮੁਰਝਾਵਤਿ। ਬਨਜੋ ਨ ਕਾਰਜ, ਜਾਤਿ ਲਜਾਵਤਿ॥੩੯॥

ਗੁਰੂ ਜੀ ਦਾ ਰੁਖ਼ ਵੇਖ ਕੇ ਰੁਖ਼ਸਤ ਹੋਇਆ ਤੇ ਬੰਦਨਾ ਕਰਕੇ ਆਪਣੇ ਰਾਹ ਪੈ ਗਿਆ, ਹਿਰਦੇ ਵਿਚ ਬੜਾ ਦੁਖੀ ਸੀ, ਮੁਖੜਾ ਮੁਰਝਾ ਗਿਆ। ਕਾਰਜ ਨ ਬਣਿਆ, ਸ਼ਰਮਿੰਦਾ ਹੋਇਆ ਜਾ ਰਿਹਾ ਸੀ॥ ੩੯॥

ਅੰਤਰਜਾਮੀ ਗੁਰ ਕੋ ਜਾਨਾ। ਗਿਰਪਤਿ ਕੋ ਸਭਿ ਕਪਟ ਪਛਾਨਾ।
ਜਾਇ ਪ੍ਰਵੇਸ਼ਜੋ ਅਪਨੇ ਪੁਰਿ ਮੈਂ। ਅਨਿਕ ਕਲਪਨਾ ਠਾਨਤਿ ਉਰ ਮੈਂ॥੪੦॥

ਉਸ ਨੇ ਗੁਰੂ ਜੀ ਨੂੰ ਅੰਤਰਜਾਮੀ ਸਮਝਿਆ, ਉਨ੍ਹਾਂ ਨੇ ਪਹਾੜੀ ਰਾਜੇ ਦੇ ਕਪਟ ਨੂੰ ਪਛਾਣ ਲਿਆ ਹੈ ਤੇ ਆਪਣੇ ਨਗਰ ਵਿਚ ਜਾ ਪ੍ਰਵੇਸ਼ ਕੀਤਾ। ਦਿਲ ਵਿਚ ਅਨੇਕਾਂ ਕਲਪਨਾਵਾਂ ਧਾਰਨ ਕਰਦਾ ਸੀ॥ ੪੦॥

*ਪਹਿਲੀ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

☆☆☆

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੇਤੀਵਾਂ

## ਭੀਮ ਚੰਦ ਦੀ ਸਲਾਹ

ਦੋਹਰ- ਭੀਮਚੰਦ ਸੈਲਿੰਦ੍ਰ ਜਬਿ ਬੈਠਯੋ ਸਭਾ ਬਿਲੰਦ।
ਪਹੁੰਚਯੋ ਜਾਇ ਵਕੀਲ ਤਬਿ ਬੰਦਤਿ ਭਯੋ ਨਰਿੰਦ॥ ੧॥

ਪਹਾੜੀ ਰਾਜਾ ਭੀਮ ਚੰਦ ਜਦ ਸਭਾ ਦੇ ਵਿਚ ਬੈਠਾ ਸੀ ਤਾਂ ਉਸ ਸਮੇਂ ਓਥੇ ਵਕੀਲ ਪਹੁੰਚ ਗਿਆ ਤੇ ਉਸ ਹੱਥ ਜੋੜ ਕੇ ਬੰਦਨਾ ਕੀਤੀ॥ ੧॥

ਚੌਪਈ- ਦੇਖਤਿ ਬੋਲਯੋ ਮੁਖ ਮੁਰਝਾਯੋ। 'ਲਖੀਯਤਿ, ਕਰੀ ਨਹੀਂ ਸੰਗ ਲਯਾਯੋ।
ਕਿਮ ਗੁਰ ਭਾਖਯੋ ਦੇਹੁ ਬਤਾਈ ? ਰਖੀ ਕਿ ਨਹੀਂ ਮੋਹਿ ਬਡਿਆਈ ? ॥੨॥

ਚਿਹਰਾ ਮੁਰਝਾਇਆ ਹੋਇਆ ਵੇਖ ਕੇ ਰਾਜਾ ਬੋਲਿਆ, "ਜਾਪਦਾ ਹੈ, ਹਾਥੀ ਨਾਲ ਨਹੀਂ ਲਿਆਇਆ ਹੈਂ। ਗੁਰੂ ਜੀ ਨੇ ਕੀ ਕਿਹਾ ਹੈ, ਇਹ ਸਾਨੂੰ ਦੱਸ ਦੇਵੋ, ਉਨ੍ਹਾਂ ਨੇ ਮੇਰੀ ਵਡਿਆਈ ਰੱਖੀ ਹੈ ਕਿ ਨਹੀਂ? ॥ ੨॥

ਲਖਯੋ ਕਿ ਨਹਿਂ ਬਿਗਰਨ ਤੇ ਤ੍ਰਾਸਾ ? ਕੀਨਸਿ ਦੇਸ਼ ਹਮਾਰੇ ਬਾਸਾ।
ਕਿਧੌਂ ਆਰਬਲ ਅਹੈ ਨਵੀਨ ? ਗਰਬ ਕੀਨਿ ਹੱਥਜਾਰਨ ਲੀਨਿ' ॥੩॥

ਵਿਗਾੜ ਹੋਣ ਤੋਂ ਕੋਈ ਡਰ ਨਹੀਂ ਸਮਝਿਆ ਹੈ, ਸਾਡੇ ਦੇਸ਼ ਵਿਚ ਆ ਕੇ ਵਾਸਾ ਕੀਤਾ ਹੈ। ਜਾਂ ਉਮਰ ਹਾਲੇ ਛੋਟੀ ਹੈ, ਹਥਿਆਰ ਫੜ ਕੇ ਘੁਮੰਡ ਧਾਰਨ ਕੀਤਾ ਹੈ" ॥ ੩॥

ਭੀਮਚੰਦ ਤੇ ਸੁਨਿ ਕਹਿ ਦੂਤ। 'ਗੁਰ ਬੈਠਯੋ ਬਨਿ ਕੈ ਪੁਰਹੂਤ।
ਕਹਾਂ ਤ੍ਰਾਸ ਤਿਸ ਕੇ ਮਨ ਮਾਹੀਂ। ਰੰਗ ਪ੍ਰਸੰਗ ਜੰਗ ਕੇ ਜਾਂਹੀ॥ ੪॥

ਭੀਮ ਚੰਦ ਪਾਸੋਂ ਸੁਣ ਕੇ ਦੂਤ ਨੇ ਕਿਹਾ, "ਗੁਰੂ ਜੀ ਓਥੇ ਇੰਦਰ ਬਣ ਕੇ ਬੈਠੇ ਹਨ। ਉਸ ਦੇ ਮਨ ਵਿਚ ਕਿੱਥੇ ਡਰ ਹੈ ਜਿੱਥੇ ਰੰਗ ਪ੍ਰਸੰਗ, ਜੰਗ ਦੇ ਚਲਦੇ ਹਨ ਭਾਵ ਜਿਨ੍ਹਾਂ ਦਾ ਜੰਗ ਨਾਲ ਪ੍ਰੇਮ ਹੈ॥ ੪॥

ਤਹਿਂ ਲੋਕਨਿ ਤੇ ਸੁਨਯੋ ਬ੍ਰਿਤੰਤ। ਤੀਰਨ ਬਿੱਦਯਾ ਸਦਾ ਕਰੰਤਿ।
ਕਥਾ ਪੁਰਾਨਨ ਤੇ ਜਿਮ ਸੁਨੈਂ। ਤਿਮ ਸਰ ਗਨ ਕੋ ਧਨੁ ਤੇ ਹਨੈਂ॥੫॥

ਉਨ੍ਹਾਂ ਲੋਕਾਂ ਪਾਸੋਂ ਮੈਂ ਬ੍ਰਿਤਾਂਤ ਸੁਣਿਆ ਹੈ। ਤੀਰ ਵਿਦਿਆ ਸਦਾ ਕਰਦੇ ਹਨ। ਜਿਵੇਂ ਪੁਰਾਣਾਂ ਤੋਂ ਕਥਾ ਸੁਣਦੇ ਹਨ, ਤਿਵੇਂ ਤੀਰ ਨੂੰ ਧਨੁੱਖ ਉੱਤੇ ਧਰ ਕੇ ਮਾਰਦੇ ਹਨ॥ ੫॥

ਪਿਖਯੋ ਨੈਨ ਤੇ ਤਥਾ ਸੁਨਾਇ। ਬਡ ਬਹਾਦਰੀ ਮੁਖ ਦਿਪਤਾਇ।
ਕਹੌਂ ਕਹਾਂ ਮੈਂ, ਤੁਮ ਭੀ ਦੇਖਾ। ਅਧਿਕ ਉਗ੍ਰਤਾ ਤਬਹੁ ਪਰੇਖਾ॥੬॥

ਜਿਵੇਂ ਅੱਖਾਂ ਨਾਲ ਵੇਖਿਆ ਹੈ, ਉਸ ਤਰ੍ਹਾਂ ਸੁਣਾਉਂਦਾ ਹਾਂ, ਚਿਹਰੇ ਉੱਤੇ ਵੱਡੀ ਬਹਾਦਰੀ ਪ੍ਰਗਟ ਹੁੰਦੀ ਹੈ, ਮੈਂ ਕੀ ਕਹਾਂ ਤੁਸੀਂ ਵੀ ਵੇਖਿਆ ਹੈ। ਵੱਡਾ ਜਾਹੋ-ਜਲਾਲ ਤੁਸੀਂ ਪਰਖਿਆ ਹੈ॥ ੬॥

ਬਹੁ ਪ੍ਰਕਾਰ ਮੈਂ ਬਾਤ ਸੁਨਾਈ। ਤੁਮ ਦਿਸ਼ਿ ਤੇ ਬਹੁ ਕੀਨਿ ਬਡਾਈ।
ਕਰਾਮਾਤ ਸਾਹਿਬ ਜੋ ਅਹੈਂ। ਸਭਿ ਅੰਤਰਿ ਕੀ ਗਤਿ ਕੋ ਲਹੈਂ॥੭॥

ਬਹੁਤ ਪ੍ਰਕਾਰ ਮੈਂ ਗੱਲਾਂ ਸੁਣਾਈਆਂ, ਤੁਹਾਡੇ ਵਾਲੇ ਪਾਸੇ ਤੋਂ ਬਹੁਤ ਵਡਿਆਈ ਕੀਤੀ, ਜਿਹੜੇ ਕਰਾਮਾਤ ਦੇ ਮਾਲਕ ਹਨ, ਉਹ ਅੰਦਰੂਨੀ ਸਾਰੀ ਗਤੀ ਨੂੰ ਜਾਣਦੇ ਹਨ॥ ੭॥

ਨਿਬਹੈ ਕਪਟ ਕਹਾਂ ਤਿਨ ਸੰਗ। ਜਾਨਿ ਲਈ ਨਹਿਂ ਮੁਰਹਿ ਮਤੰਗ।
ਮਮ ਜਾਚਾ ਕੋ ਸੁਨਿ ਫੁਰਮਾਯੋ। ਨ੍ਰਿਪ ਸ਼ਰਧਾਲੁ ਦੂਰ ਤੇ ਆਯੋ॥ ੮॥

ਉਨ੍ਹਾਂ ਦੇ ਨਾਲ ਕਪਟ ਕਿਵੇਂ ਨਿਭ ਸਕਦਾ ਹੈ, ਇਹ ਜਾਣ ਲਿਆ ਹੈ ਕਿ ਹਾਥੀ ਦੁਬਾਰਾ ਵਾਪਸ ਨਹੀਂ ਹੋਵੇਗਾ। ਮੇਰੀ ਮੰਗ ਨੂੰ ਸੁਣ ਕੇ ਕਿਹਾ, "ਇਕ ਸ਼ਰਧਾਲੂ ਰਾਜਾ ਦੂਰ ਤੋਂ ਆਇਆ ਸੀ॥ ੮॥

ਅਰਪਤਿ ਗਜ ਕੋ ਬਿਨੈ ਉਚਾਰੀ। ਪੁਰਹੁ ਕਾਮਨਾ ਗੁਰੂ ਹਮਾਰੀ।
ਅਪਰ ਕਿਸੀ ਕੋ ਗਜ ਨਹਿਂ ਦੀਜੈ। ਨਿਜ ਸਮੀਪ ਹੀ ਰਾਖਨਿ ਕੀਜੈ॥ ੯॥

ਉਸ ਨੇ ਹਾਥੀ ਅਰਪਣ ਕਰਕੇ ਬੇਨਤੀ ਉਚਾਰਨ ਕੀਤੀ ਸੀ। ਹੇ ਗੁਰੂ ਜੀ ਸਾਡੀ ਕਾਮਨਾ ਪੂਰੀ ਕਰੋ ਤੇ ਹੋਰ ਕਿਸੇ ਨੂੰ ਇਹ ਹਾਥੀ ਨਾ ਦੇਵੋ, ਇਸ ਨੂੰ ਸਦਾ ਆਪਣੇ ਪਾਸ ਹੀ ਰੱਖੋ॥ ੯॥

ਯਾਂਤੇ ਇਹ ਮਤੰਗ ਨਹਿਂ ਦੇਤਿ। ਦੁਰਦ ਅਪਰ ਇਕ ਅਹੈ ਨਿਕੇਤ।
ਸੋ ਲੇ ਜਾਹੁ ਕਾਜ ਕੋ ਸਾਰਹੁ। ਨਹਿਂ ਇਸ ਮਹਿਂ ਕੁਛ ਟਾਰ ਬਿਚਾਰਹੁ॥੧੦॥

ਇਸ ਕਰਕੇ ਇਹ ਹਾਥੀ ਨਹੀਂ ਦਿੱਤਾ ਜਾ ਸਕਦਾ, ਦੂਸਰਾ ਇਕ ਹੋਰ ਹਾਥੀ ਸਾਡੇ ਘਰ ਵਿਚ ਮੌਜੂਦ ਹੈ। ਉਹ ਲੈ ਕੇ ਜਾ ਕੇ ਆਪਣੇ ਕਾਰਜ ਨੂੰ ਸਾਰੋ, ਇਸ ਵਿਚ ਕੋਈ ਟਾਲਣ ਵਾਲੀ ਗੱਲ ਨਾ ਵਿਚਾਰੋ॥ ੧੦॥

ਨਿਜ ਸਿੱਖਨ ਕੀ ਪੁਨਿ ਬਡਿਆਈ। ਕਹਿ ਕਰਿ ਬਹੁ ਬਿਧਿ ਤੇ ਸਮੁਝਾਈ।
ਪ੍ਰਿਯ ਕ੍ਰਿਪਾਲ ਕੋ ਭਗਤਿ ਜਥਾ ਹੈਂ। ਗੁਰ ਘਰ ਮੈਂ ਸਿਖ ਲਖਹੁ ਤਥਾ ਹੈਂ॥੧੧॥

ਆਪਣੇ ਸਿੱਖਾਂ ਦੀ ਫਿਰ ਵਡਿਆਈ, ਬਹੁਤ ਵਿਧੀਆਂ ਨਾਲ ਕਹਿ ਕੇ ਸਮਝਾਈ। ਜਿਵੇਂ ਪ੍ਰਭੂ ਨੂੰ ਆਪਣੇ ਭਗਤ ਪਿਆਰੇ ਲੱਗਦੇ ਹਨ, ਉਸ ਤਰ੍ਹਾਂ ਗੁਰੂ ਘਰ ਵਿਚ ਸਿੱਖ ਨੂੰ ਸਮਝੋ॥ ੧੧॥

ਤਿਨ ਕੋ ਕਹਯੋ ਨ ਮੋਰਯੋ ਜਾਈ। ਯਾਂ ਤੇ ਗਜ ਨ ਦੈਨਿ ਬਨਿਆਈ।
ਇਮ ਰੁਖ਼ ਲਖਿ ਮੈਂ ਰੁਖ਼ਸਦ ਲੀਨੀ। ਇਹ ਨ ਦੇਹਿਂ ਕਬਿ, ਨਿਸ਼ਚੈ ਕੀਨੀ॥੧੨॥

ਉਨ੍ਹਾਂ ਦਾ ਕਿਹਾ ਮੋੜਿਆ ਨਹੀਂ ਜਾ ਸਕਦਾ, ਇਸ ਕਰਕੇ ਹਾਥੀ ਦੇਣਾ ਨਹੀਂ ਬਣਦਾ ਹੈ। ਇਸ ਤਰ੍ਹਾਂ ਰੁਖ਼ ਵੇਖ ਕੇ ਰੁਖ਼ਸਤ ਲਈ, ਇਹ ਹਾਥੀ ਕਦੀ ਵੀ ਨਹੀਂ ਦੇਣਗੇ, ਇਹ ਮੈਂ ਨਿਸ਼ਚਾ ਕਰ ਲਿਆ"॥ ੧੨॥

ਭੀਮਚੰਦ ਸੈਲਿੰਦ੍ਰ ਬਿਲੰਦੇ। ਮਨ ਗਿਰ ਕੋ ਬਚ ਬੱਜ੍ਰ ਮਨਿੰਦੇ।
ਲਾਗਤਿ ਖਿਸਯੋ ਦੂਖ ਕੋ ਪਾਯੋ। ਹੋਇ ਪ੍ਰਿਥਕ ਪੁਨ ਮਤੋ ਪਕਾਯੋ॥ ੧੩॥

ਭੀਮ ਚੰਦ ਵੱਡਾ ਪਹਾੜੀ ਰਾਜਾ ਸੀ, ਰਾਜੇ ਦੇ ਮਨ ਰੂਪੀ ਪਹਾੜ ਨੂੰ ਵਕੀਲ ਦੇ ਬਚਨ ਬੱਜਰ ਵਾਂਗੂੰ ਲੱਗੇ। ਗੁੱਸੇ ਵਿਚ ਆਇਆ ਤੇ ਦੁਖੀ ਹੋਇਆ। ਫਿਰ ਵੱਖ ਹੋ ਕੇ ਮਤਾ ਪਕਾਇਆ॥ ੧੩॥

ਇਕ ਵਜ਼ੀਰ ਦੂਸਰ ਕੁਟਵਾਲ। ਦੁਇ ਤ੍ਰੈ ਅਪਰ ਨਿਕਟਿ ਬੈਠਾਲ।
ਰਿਦੇ ਕੋਪ ਜਿਸ ਕੇ ਬਹੁ ਜਾਗਾ। 'ਜਾਨਹੁਂ ਗੁਰੂ ਬਸੈ ਹਮ ਜਾਗਾ॥ ੧੪॥

ਇਕ ਵਜ਼ੀਰ ਦੂਸਰਾ ਕੋਤਵਾਲ ਤੇ ਦੋ ਤਿੰਨ ਹੋਰ ਬੰਦੇ ਪਾਸ ਬੈਠਾ ਲਏ। ਰਾਜਾ, ਜਿਸ ਦੇ ਹਿਰਦੇ ਵਿਚ ਬਹੁਤ ਕ੍ਰੋਧ ਜਾਗਿਆ ਸੀ, ਨੇ ਕਿਹਾ, "ਇਹ ਜਾਣੋ, ਗੁਰੂ ਨੂੰ ਵੱਸ ਕਰਨ ਬਾਰੇ ਸਾਡੇ ਵਿਚ ਕ੍ਰੋਧ ਜਾਗਿਆ ਹੈ॥ ੧੪॥

ਬਲ ਤੇ ਧਨ ਚਹੀਯਤਿ ਹਮ ਲੇਹਿਂ। ਤੌ ਅਨੰਦ ਪੁਰਿ ਬਸਿਬੋ ਦੇਹਿਂ।
ਸੋ ਸਭਿ ਬਾਤ ਕਹੂੰ ਰਹਿ ਗਈ। ਤਿਸਨੇ ਜਾਚੀ ਵਸਤੁ ਨ ਦਈ॥ ੧੫॥

ਤਾਕਤ ਨਾਲ ਉਸ ਪਾਸੋਂ ਧਨ ਲੈ ਲੈਣਾ ਚਾਹੁੰਦਾ ਹੈ ਤਦ ਹੀ ਉਸ ਨੂੰ ਅਨੰਦਪੁਰ ਵਿਚ ਵੱਸਣ ਦੇਵਾਂਗੇ। ਉਹ ਸਭ ਗੱਲਾਂ ਕਹੀਆਂ ਰਹਿ ਗਈਆਂ ਹਨ, ਉਸ ਨੇ ਮੰਗੀ ਹੋਈ ਵਸਤੂ ਨਹੀਂ ਦਿੱਤੀ ਹੈ॥ ੧੫॥

ਅਪਰ ਦੇਨਿ ਕੈਸੇ ਮਨ ਲਜਾਵਹਿ। ਜਾਨੀ ਪਰੈ ਬਿਗਰ ਗੁਰ ਜਾਵਹਿ।
ਹੋਹਿ ਜੰਗ ਆਗੈ ਕੈ ਪਾਛੈ। ਇਸ ਪ੍ਰਕਾਰ ਜੇ ਨਿਤ ਪ੍ਰਤਿ ਬਾਂਛੈ॥ ੧੬॥

ਹੋਰ ਦੇਣਾ ਉਹ ਮਨ ਵਿਚ ਕਿਵੇਂ ਲਿਆਉਣਗੇ, ਇਹ ਪਤਾ ਲਗਦਾ ਹੈ ਕਿ ਉਸ ਨਾਲ ਵਿਗੜ ਜਾਵੇਗੀ। ਅੱਗੇ ਜਾਂ ਪਿੱਛੇ ਜੰਗ ਹੋਵੇਗੀ, ਇਸ ਪ੍ਰਕਾਰ ਜੇ ਸਦਾ ਉਲਟ ਇੱਛਾ ਧਾਰਨਗੇ॥ ੧੬॥

ਪ੍ਰਥਮ ਜਾਚਨਾ ਕੀਨਸਿ ਹਾਥੀ। ਦਿਯੋ ਨਹੀਂ, ਰਸ ਰਖਜੋ ਨ ਸਾਥੀ।
ਯਾਂ ਤੇ ਸੰਧਿ ਨਹੀਂ ਬਨਿ ਆਵਹਿ। ਜੇ ਬਿਗਰੇ, ਨਹਿਂ ਬਸਿਬੇ ਪਾਵਹਿ॥ ੧੭॥

ਪਹਿਲਾਂ ਹਾਥੀ ਦੀ ਮੰਗ ਕੀਤੀ ਹੈ, ਦਿੱਤਾ ਨਹੀਂ, ਸਾਡੇ ਨਾਲ ਰਸ ਨਹੀਂ ਰੱਖਿਆ ਹੈ। ਇਸ ਕਰਕੇ ਉਨ੍ਹਾਂ ਨਾਲ ਮੇਲ ਕਰਨਾ ਨਹੀਂ ਬਣਦਾ ਹੈ। ਜੇ ਵਿਗੜੇਗੀ ਤਾਂ ਇਥੇ ਵੱਸ ਨਹੀਂ ਸਕੇਗਾ॥ ੧੭॥

ਅਬਿ ਮੈਂ ਛਿਮਾ ਧਾਰਿ ਕਰਿ ਰਹੌਂ। ਪੁਨ ਅਨੀਤਿ ਠਾਨਹਿ ਕਿਮ ਸਹੌਂ।
ਦੇਸ਼ ਬਿਖੈ ਦੁੰਦਭਿ ਬਜਵਾਵਹਿ। ਮਨ ਭਾਵਤਿ ਜਿਤ ਕਿਤ ਫਿਰਿ ਜਾਵਹਿ॥੧੮॥

ਜੇ ਹੁਣ ਮੈਂ ਖਿਮਾ ਧਾਰ ਕੇ ਰਹਾਂਗਾ, ਪਰ ਫਿਰ ਅਨੀਤੀ ਧਾਰਨ ਕਰਨਗੇ ਤਾਂ ਕਿਵੇਂ ਬਰਦਾਸ਼ਤ ਕਰਾਂਗਾ। ਸਾਡੇ ਦੇਸ਼ ਵਿਚ ਉਹ ਨਗਾਰਾ ਵਜਾਉਂਦਾ ਹੈ। ਮਨ-ਭਾਉਂਦੇ ਸਥਾਨਾਂ 'ਤੇ ਜਿੱਥੇ ਕਿੱਥੇ ਫਿਰ ਜਾਂਦਾ ਹੈ॥ ੧੮॥

ਅਵਨੀ ਰੋਕਨਿ ਕੋ ਜਿਹ ਆਸ਼ੈ। ਚਮੂੰ ਬਟੋਰਹਿ ਓਜ ਪ੍ਰਕਾਸ਼ੈ।
ਅਪਰ ਬਾਤ ਜਿਮ ਕਿਮ ਹੁਇ ਪਾਛੈ। ਅਬਿ ਮਤੰਗ ਜੋ ਜਾਚਨਿ ਬਾਂਛੈ॥੧੯॥

ਜਿਹੜੇ ਧਰਤੀ ਰੋਕਣ ਦੇ ਆਸ਼ੇ ਕਰਨ ਤੇ ਫ਼ੌਜ ਇਕੱਠੀ ਕਰਕੇ ਸ਼ਕਤੀ ਦਾ ਪ੍ਰਕਾਸ਼ ਕਰਨ। ਹੋਰ ਗੱਲਾਂ ਜਿਵੇਂ ਕਿਵੇਂ ਬਾਅਦ ਵਿਚ ਹੋ ਜਾਣਗੀਆਂ, ਹੁਣ ਜਿਹੜਾ ਹਾਥੀ ਮੰਗਿਆ ਹੈ॥ ੧੯॥

ਚਹੀਅਹਿ ਲੈਬੋ ਹਮਹਿਂ ਜ਼ਰੂਰਾ। ਜਿਸ ਤੇ ਕਹਿਬੋ ਹੋਵਹਿ ਪੂਰਾ।
ਇਸ ਹਿਤ ਮਸਲਤ ਮੋਹਿ ਬਤਾਵਹੁ। ਕੋ ਤੁਮ ਬਿਖੇ ਜਾਇ ਕੋ ਲਜਾਵਹੁ॥੨੦॥

ਹਾਥੀ ਸਾਨੂੰ ਜ਼ਰੂਰ ਲੈਣਾ ਚਾਹੀਦਾ ਹੈ, ਜਿਸ ਨਾਲ ਸਾਡਾ ਕਿਹਾ ਹੋਇਆ ਬਚਨ ਪੂਰਾ ਹੋਵੇ। ਇਸ ਵਾਸਤੇ ਮੈਨੂੰ ਸਲਾਹ ਦੇਵੋ, ਕੀ ਤੁਹਾਡੇ ਵਿਚੋਂ ਕੋਈ ਜਾ ਕੇ ਲਿਆ ਸਕਦਾ ਹੈ?॥ ੨੦॥

ਜੇ ਨ ਦੇਹਿ ਤੌ ਵਧਹਿ ਬਖੇਰਾ। ਕਰਿ ਨਿਜ ਦਲ ਕੋ ਬਲ ਤਿਸ ਬੇਰਾ।
ਇਤਿ ਦਿਸ਼ਿ ਤੇ ਓਰੜ ਕਰਿ ਆਹਰ। ਗਿਰ ਕੇ ਦੇਸ਼ ਨਿਕਾਸਹਿਂ ਬਾਹਰ॥੨੧॥

ਜੇ ਹਾਥੀ ਨਹੀਂ ਦੇਣਗੇ ਤਾਂ ਬਖੇੜਾ ਵਧੇਗਾ, ਉਸ ਸਮੇਂ ਸਾਨੂੰ ਸੈਨਾ ਦੀ ਸ਼ਕਤੀ ਵਰਤਣੀ ਪਵੇਗੀ। ਇਸ ਪਾਸੇ ਤੋਂ ਉੱਦਮ ਕਰਕੇ ਚੜ੍ਹਾਈ ਕਰੀਏ ਤੇ ਪਹਾੜੀ ਦੇਸ਼ ਵਿਚੋਂ ਬਾਹਰ ਕੱਢ ਦੇਈਏ"॥ ੨੧॥

ਭੀਮ ਚੰਦ ਕੋ ਕਹਨਿ ਕੁਢਾਲਾ। ਸੁਨਜੋਂ ਮੁਸਾਹਿਬ ਸਭਿ ਤਿਸ ਕਾਲਾ।
ਰਾਜੇ ਤੀਰ ਵਜ਼ੀਰ ਸਧੀਰੰ। ਬੋਲਜੋ ਦੈਬੋ ਬੁੱਧਿ ਗਹੀਰੰ॥ ੨੨॥

ਭੀਮ ਚੰਦ ਦਾ ਖੋਟੀ ਤਰ੍ਹਾਂ ਦਾ ਕਹਿਣਾ, ਉਸ ਸਮੇਂ ਸਾਰੇ ਮੁਸਾਹਿਬਾਂ ਨੇ ਸੁਣਿਆ। ਰਾਜੇ ਦੇ ਪਾਸ ਇਕ ਧੀਰਜਵਾਨ ਵਜ਼ੀਰ ਸੀ, ਉਹ ਰਾਜੇ ਨੂੰ ਅਕਲ ਦੇਣ ਵਾਸਤੇ ਬੋਲਿਆ॥ ੨੨॥

'ਤੁਮ ਕੌ ਉਚਿਤ ਨਹੀਂ ਅਸ ਬਾਤੀ। ਗੁਰ ਸੰਗ ਬੈਰ ਕਰਨਿ ਬੱਖਜਾਤੀ।
ਸ੍ਰੀ ਗੁਰੂ ਨਾਨਕ ਕੀ ਇਹ ਗਾਦੀ। ਨਿੰਦਾ ਖੇਦ ਲਹਹਿ ਬਨਿ ਬਾਦੀ॥੨੩॥

ਤੁਹਾਡੇ ਵਾਸਤੇ ਐਸੀ ਗੱਲ ਕਹਿਣੀ ਉਚਿਤ ਨਹੀਂ ਹੈ। ਗੁਰੂ ਜੀ ਨਾਲ ਪ੍ਰਗਟ ਤੌਰ ਤੇ ਵੈਰ ਕਰਨਾ ਠੀਕ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਗੱਦੀ ਹੈ। ਇਨ੍ਹਾਂ ਦੀ ਨਿੰਦਾ ਤੇ ਲੜਾਈ ਕਰਨ ਵਾਲਾ ਦੁਖ ਪਾਉਂਦਾ ਹੈ॥ ੨੩॥

ਕਰਾਮਾਤਿ ਸਾਹਿਬ ਅਵਤਾਰਾ। ਜਿਨ ਆਗੇ ਨੰਮ੍ਰੀ ਜਗ ਸਾਰਾ।
ਦਾਸ ਬਨੇ ਬਾਂਛਤਿ ਸਭਿ ਪਾਵਹਿਂ। ਬਾਦ ਕਰੇ ਢਿਗ ਕੀ ਨਸ਼ਟਾਵਹਿਂ॥੨੪॥

ਗੁਰੂ ਜੀ ਕਰਾਮਾਤ ਵਾਲੇ ਅਵਤਾਰ ਹਨ, ਜਿਨ੍ਹਾਂ ਦੇ ਅੱਗੇ ਸਾਰਾ ਜਗ ਨਿਉਂਦਾ ਹੈ। ਜਿਹੜੇ ਉਨ੍ਹਾਂ ਦੇ ਦਾਸ ਬਣਦੇ ਹਨ, ਉਹ ਸਭ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਪਰ ਜਿਹੜਾ ਝਗੜਾ ਕਰੇਗਾ, ਉਸਦੀਆਂ ਜਿਹੜੀਆਂ ਵਸਤਾਂ ਪਾਸ ਹੁੰਦੀਆਂ ਹਨ। ਉਹ ਵੀ ਨਾਸ ਹੋ ਜਾਂਦੀਆਂ ਹਨ॥ ੨੪॥

ਕਹਾਂ ਬਾਤ ਕੁੰਚਰ ਕੀ ਅਹੈ। ਤਿਸ ਬਿਨ ਅਟਕ ਕਾਜ ਕੋ ਰਹੈ।
ਤੁਮ ਰਾਜੇ ਪਾਲਹੁ ਨਿਜ ਧਰਨੀ। ਚਹੀਐ ਅਧਿਕ ਧੀਰ ਕੋ ਧਰਿਨੀ॥੨੫॥

ਹਾਥੀ ਦੀ ਕੀ ਗੱਲ ਹੈ, ਉਸ ਬਗੈਰ ਕਿਹੜਾ ਕੰਮ ਅਟਕਿਆ ਹੋਇਆ ਹੈ। ਤੁਸੀਂ ਰਾਜੇ ਆਪਣੇ ਧਰਤੀ ਤੇ ਪਰਜਾ ਦੀ ਪਾਲਣਾ ਕਰੋ, ਤੁਹਾਨੂੰ ਬਹੁਤ ਧੀਰਜ ਧਾਰਨਾ ਚਾਹੀਦਾ ਹੈ॥ ੨੫॥

ਰਾਜਨੀਤਿ ਕੇ ਬਰਤਨਵਾਰੇ। ਸਰਬ ਸ਼ਾਸਤ੍ਰਨਿ ਸੁਨਹੁਂ ਸੁਧਾਰੇ।
ਦ੍ਵੈਸ਼ ਕਿ ਸੰਧਿ ਕਰਨਿ ਕਿਹ ਸੰਗਾ। ਉਚਿਤਾਨੁਚਿਤ ਬਿਚਾਰਹੁ ਚੰਗਾ॥੨੬॥

ਰਾਜਨੀਤੀ ਦੀ ਵਰਤੋਂ ਕਰਨ ਵਾਲੇ ਹੋ, ਸਾਰੇ ਸ਼ਾਸਤਰ ਚੰਗੀ ਤਰ੍ਹਾਂ ਸੁਣਦੇ ਹੋ। ਈਰਖਾ ਕਿਸ ਨਾਲ ਕਰੀਦੀ ਹੈ ਅਤੇ ਮੇਲ ਕਿਸ ਨਾਲ ਰੱਖਣਾ ਹੈ, ਉਚਿਤ, ਅਨਉਚਿਤ ਚੰਗੀ ਤਰ੍ਹਾਂ ਵਿਚਾਰਦੇ ਹੋ॥ ੨੬॥

ਬਨਹੁ ਬਿਰੋਧੀ ਗੁਰ ਕੇ ਜਬੈ। ਹਾਸਲ ਕਹਾਂ ਹੋਇ ਤੁਮ ਤਬੈ।
ਨਾਹਕ ਪਾਵ੍ਹੁਗਰੇ ਲਰਾਈ। ਕੋ ਜਾਨੈ ਕੈਸਿਹੁਂ ਬਨਿਜਾਈ॥ ੨੭॥

ਜਦ ਗੁਰੂ ਜੀ ਦੇ ਵਿਰੋਧੀ ਬਣ ਜਾਵੋਗੇ, ਤੁਹਾਨੂੰ ਫਿਰ ਕੀ ਹਾਸਲ ਹੋਵੇਗਾ। ਫਜ਼ੂਲ ਵਿਚ ਗਲ ਵਿਚ ਲੜਾਈ ਪਾਵੋਗੇ, ਕੌਣ ਜਾਣਦਾ ਹੈ ਫਿਰ ਕਿਸ ਤਰ੍ਹਾਂ ਬਣ ਜਾਵੇ॥ ੨੭॥

ਅਪਰ ਸੁਨਹੁਂ ਤੁਮ, ਕਹੁੰ ਇਕ ਆਛੀ। ਜੇ ਗੁਰ ਸੰਗ ਸੰਧਿ ਕਹੁ ਬਾਛੀ।
ਆਇਂ ਗਿਰੇਸ਼ੁਰ ਜੋ ਮਹਿਪਾਲਾ। ਤੁਮ ਪਰ ਸਕਹਿਂ ਨ ਬਲ ਕੋ ਘਾਲਾ॥੨੮॥

ਹੋਰ ਸੁਣੋ, ਤੁਹਾਨੂੰ ਇਕ ਚੰਗੀ ਗੱਲ ਕਹਿੰਦਾ ਹਾਂ ਜੇ ਗੁਰੂ ਜੀ ਨਾਲ ਮੇਲ ਰੱਖੀ ਰੱਖੋਗੇ ਤਾਂ ਜਿਹੜਾ ਵੀ ਪਹਾੜੀ ਰਾਜਾ ਤੁਹਾਡੇ ਉੱਤੇ ਚੜ੍ਹਾਈ ਕਰਕੇ ਆਵੇਗਾ ਤਾਂ ਉਹ ਤੁਹਾਡੇ ਉੱਤੇ ਸ਼ਕਤੀ ਦੀ ਵਰਤੋਂ ਨਹੀਂ ਕਰ ਸਕੇਗਾ॥ ੨੮॥

ਕਲਗ਼ੀਧਰ ਕੌ ਰਹੈ ਦਬਾਊ। ਦੇਸ਼ ਨ ਘਾਲ ਸਕੈ ਕੋ ਪਾਊ।
ਚਿਤ ਮਹਿਂ ਕਰਹੁ ਬਿਚਾਰ ਬਿਸਾਲਾ। ਰਾਜਨੀਤਿ ਕੀ ਹੈ ਜਿਮ ਚਾਲਾ॥੨੯॥

ਕਲਗ਼ੀਧਰ ਦਾ ਦਬਾਅ ਰਹੇਗਾ, ਦੇਸ਼ ਵਿਚ ਕੋਈ ਪੈਰ ਨਹੀਂ ਧਰ ਸਕੇਗਾ। ਆਪਣੇ ਚਿੱਤ ਵਿਚ ਵਿਸ਼ਾਲ ਵਿਚਾਰ ਕਰੋ, ਜਿਵੇਂ ਰਾਜਨੀਤੀ ਦੀ ਚਾਲ ਹੈ॥ ੨੯॥

ਬਡਭਾਗਨ ਜਾਨਹੁੰ ਇਹ ਧਰਾ। ਜਿਸਤੇ ਆਨਿ ਗੁਰੂ ਪਗ ਧਰਾ।
ਚਲਜੋ ਆਇ ਜਿਹਨਾਂ ਜਗ ਜਾਲਾ। ਜੋ ਚਾਹਤਿ ਬਚਿਬੇ ਜਮ ਜਾਲਾ ॥ ੩੦ ॥

ਇਹ ਧਰਤੀ ਵੱਡੇ ਭਾਗਾਂ ਵਾਲੀ ਜਾਣੋ, ਜਿਸ ਉੱਤੇ ਆ ਕੇ ਗੁਰੂ ਜੀ ਨੇ ਚਰਨ ਰੱਖੇ ਹਨ। ਜਿੱਥੇ ਜਗ ਦੇ ਸਾਰੇ ਲੋਕ ਚਲੇ ਆ ਰਹੇ ਹਨ, ਜਿਹੜੇ ਜਮਾਂ ਦੇ ਜਾਲ ਤੋਂ ਬਚਣਾ ਚਾਹੁੰਦੇ ਹਨ॥ ੩੦ ॥

ਜੋ ਪੁਰਵਤਿ ਮਨ ਬਾਂਛਾ ਕਰੀ। ਤਿਨ ਆਗੇ ਬਪੁਰੋ ਕਜਾ ਕਰੀ।
ਘਟ ਘਟ ਭੇਵ ਨ ਤਿਨ ਕੋ ਛਾਨਾ। ਕਰਨਿ ਤੋਰ ਛਲ ਲੀਨਿ ਪਛਾਨਾ ॥ ੩੧ ॥

ਜੋ ਮਨ ਦੀ ਇੱਛਾ ਪੂਰੀ ਕਰਦੇ ਹਨ, ਉਨ੍ਹਾਂ ਦੇ ਅੱਗੇ ਵਿਚਾਰਾ ਹਾਥੀ ਕੀ ਕਰੇਗਾ। ਹਰ ਇਕ ਦੇ ਦਿਲ ਦਾ ਭੇਦ ਉਨ੍ਹਾਂ ਪਾਸੋਂ ਲੁਕਿਆ ਹੋਇਆ ਨਹੀਂ ਹੈ, ਉਨ੍ਹਾਂ ਨੇ ਤੁਹਾਡੇ ਛਲ ਨੂੰ ਪਛਾਣ ਲਿਆ ਹੈ॥ ੩੧ ॥

ਸਰਲ ਰਿਦੇ ਹੁਇ ਸੇਵਕ ਜਾਚੇ। ਤੌ ਦੇ ਦੇਤਿ ਦੁਰਦ ਗੁਰ ਸਾਚੇ।
ਜੇ ਤੁਮ ਮਾਨਹੁਂਗੇ ਮਤ ਮੋਰਾ। ਕਰਨਿ ਕਪਟ ਤੇ ਲਿਹੁ ਮਨ ਮੋਰਾ ॥ ੩੨ ॥

ਸਰਲ ਹਿਰਦਾ ਕਰਕੇ ਜੇ ਸੇਵਕ ਉਨ੍ਹਾਂ ਪਾਸੋਂ ਕੁਝ ਮੰਗੇ ਤਾਂ ਸੱਚੇ ਗੁਰੂ ਜੀ ਹਾਥੀ ਦੇ ਦਿੰਦੇ। ਜੇ ਤੁਸੀਂ ਮੇਰਾ ਮੱਤ ਮੰਨੋਗੇ ਤਾਂ ਕਪਟ ਕਰਨ ਤੋਂ ਆਪਣੇ ਮਨ ਨੂੰ ਮੋੜ ਲਵੋ॥ ੩੨ ॥

ਗੁਨ ਹੁਇ ਬ੍ਰਿੰਦ ਬਿਲੰਦ ਅਨੰਦੰ। ਗਮਨਹੁਂ ਦਰਸਹੁ ਪੁਰੀ ਅਨੰਦੰ।
ਨਹਿਂ ਜੇ ਮਾਨਹੁਂ ਬੈਰ ਸੰਭਾਰੇ। ਭਾਰੇ ਅਵਗੁਨ ਪਰਹਿਂ ਬਿਗਾਰੇ॥ ੩੩ ॥

ਬਹੁਤ ਗੁਣ ਪ੍ਰਗਟ ਹੋਣਗੇ ਤੇ ਵੱਡਾ ਅਨੰਦ ਵਧ ਜਾਵੇਗਾ ਤੇ ਜਾ ਕੇ ਅਨੰਦਪੁਰ ਨਗਰ ਦੇ ਦਰਸ਼ਨ ਕਰੋ। ਜੇ ਨਹੀਂ ਮੰਨੋਗੇ ਅਤੇ ਵੈਰ ਸੰਭਾਲੋਗੇ ਤਾਂ ਭਾਰੀ ਔਗੁਣਾਂ ਵਾਲੇ ਵਿਗਾੜ ਪੈਣਗੇ॥ ੩੩ ॥

ਸੇਵਹੁ ਲੇਹੁ ਪਦਾਰਥ ਚਾਰਾ। ਚਾਰਾ ਚਲਹਿ ਨ ਅਜ਼ਮਤਿਵਾਰਾ।
ਵਾਰਾਸਾਰਾ ਆਇ ਨ ਤਿਨ ਸੋਂ। ਤਿਨ ਸੋਂ ਬਨ ਕਰਿ ਜਾਚਨਿ ਜਿਨ ਸੋਂ ॥ ੩੪ ॥

ਸੇਵਾ ਕਰੋ ਤੇ ਸੁੰਦਰ ਪਦਾਰਥ ਪ੍ਰਾਪਤ ਕਰੋ। ਅਜ਼ਮਤ ਵਾਲਿਆਂ ਨਾਲ ਪੇਸ਼ ਨਹੀਂ ਜਾਂਦੀ ਹੈ। ਉਨ੍ਹਾਂ ਨਾਲ ਬਰਾਬਰੀ ਕਰਨੀ ਨਹੀਂ ਬਣਦੀ ਹੈ, ਜਿਨ੍ਹਾਂ ਪਾਸੋਂ ਮੰਗਣਾ ਹੈ, ਉਨ੍ਹਾਂ ਨਾਲ ਬਣਾ ਕੇ ਹੀ ਰੱਖੀਏ" ॥ ੩੪ ॥

ਇੱਤਜਾਦਿਕ ਸਿੱਖਜਾ ਕਹੁ ਦੀਨਿ। 'ਦੀਨ ਬਨਹੁ ਹੇ ਸੁਮਤਿ ਪ੍ਰਬੀਨ !
ਬੀਨ ਬੀਨ ਕਰਿ ਗੁਨ ਮਤਿ ਲੀਨਿ। ਲੀਨ ਅਨੰਦ ਜੇ ਗੁਰ ਰਸ ਭੀਨਾ' ॥ ੩੫ ॥

ਮੰਤਰੀ ਨੇ ਇਸ ਪ੍ਰਕਾਰ ਦੀ ਕਹਿ ਕੇ ਸਿੱਖਿਆ ਦਿੱਤੀ, "ਹੇ ਸ੍ਰੇਸ਼ਟ ਮੱਤ ਵਾਲੇ ਚਤੁਰ ਰਾਜਾ ਜੀ ! ਗੁਣਾਂ ਵਾਲੀ ਮੱਤ ਪਰਖ ਪਰਖ ਕੇ ਲੈ ਲੈਣੀ ਚਾਹੀਦੀ ਹੈ। ਜਿਹੜੇ ਗੁਰੂ ਰਸ ਵਿਚ ਭਿੱਜੇ ਹਨ ਉਨ੍ਹਾਂ ਨੇ ਅਨੰਦ ਪ੍ਰਾਪਤ ਕਰ ਲਿਆ ਹੈ" ॥ ੩੫ ॥

ਭੀਮਚੰਦ ਮਤਿਮੰਦ ਨ ਮਾਨੀ। ਮਾਨੀ ਮਹਿਦ ਰਾਜ ਮਦ ਪਾਨੀ।
ਪਾਨੀ ਬੂੰਦ ਚਿਕਨ ਘਟ ਸਾਨੀ। ਸਾਨੀ ਕਪਟ ਬੁਧ ਬਵਰਾਨੀ॥ ੩੬ ॥

ਪਰ ਮਾੜੀ ਮੱਤ ਵਾਲਾ ਭੀਮ ਚੰਦ ਨਾ ਮੰਨਿਆ, ਅਭਿਮਾਨੀ ਰਾਜ ਰੂਪੀ ਨਸ਼ੇ ਦਾ ਪੀਣ ਵਾਲਾ ਵੱਡਾ ਹੰਕਾਰੀ ਹੈ। ਜਿਵੇਂ ਚਿਕਨਾਈ ਵਾਲੇ ਘੜੇ ਉੱਤੇ ਪਾਣੀ ਦੀ ਬੂੰਦ ਨਹੀਂ ਟਿਕਦੀ ਹੈ। ਕਪਟ ਨਾਲ ਮਿਲ ਕੇ ਬੁੱਧੀ ਕਮਲੀ ਹੋ ਗਈ ਸੀ॥ ੩੬ ॥

ਸ੍ਰੀ ਕਲਗੀਧਰ ਜਿਸ ਮਨ ਫੇਰਾ। ਫੇਰਾ ਫਿਰਜੋ ਨ ਗੁਰ ਕੇ ਨੇਰਾ।
ਚਾਹਤਿ ਉੱਤਰ ਦੇਤਿ ਵਜ਼ੀਰ। ਜੀਰਨ ਬੈਸ ਜਾਨਿ ਬਿਨ ਧੀਰ॥ ੩੭॥

ਸ੍ਰੀ ਕਲਗੀਧਰ ਤੋਂ ਜਿਸ ਵੀ ਮਨ ਫੇਰ ਲਿਆ, ਉਹ ਵਜ਼ੀਰ ਦੇ ਫੇਰਿਆਂ ਵੀ ਗੁਰੂ ਜੀ ਵਲ ਨਾ ਮੁੜਿਆ। ਵਜ਼ੀਰ ਉਸ ਨੂੰ ਉੱਤਰ ਦੇਣਾ ਚਾਹੁੰਦਾ ਸੀ। ਰਾਜਾ ਵਜ਼ੀਰ ਨੂੰ ਵੱਡੀ ਉਮਰ ਵਾਲਾ ਤੇ ਬੇ-ਹੌਸਲਾ ਜਾਣਕੇ ਉੱਤਰ ਦੇਣਾ ਚਾਹੁੰਦਾ ਸੀ॥ ੩੭॥

ਗੁਰ ਸ਼ਰਧਾ ਤੇ ਮਹਿਤ ਕਚੇਰਾ। ਚੇਰਾ ਬਨਜੋ ਨ, ਭਾਗ ਮੰਦੇਰਾ।
ਜਿਸ ਕੋ ਪ੍ਰਭੁ ਨੇ ਭਲਾ ਨ ਕਰਨਾ। ਕਰੁਨਾ ਕਿਮਿ ਪ੍ਰਾਪਤਿ ਗੁਰ ਸਰਨਾ॥੩੮॥

ਰਾਜਾ ਗੁਰੂ ਸ਼ਰਧਾ ਤੋਂ ਬਹੁਤ ਕੱਚਾ ਸੀ, ਮੰਦੇ ਭਾਗ ਸਨ ਗੁਰੂ ਜੀ ਦਾ ਸੇਵਕ ਨਾ ਬਣ ਸਕਿਆ। ਜਿਸ ਦਾ ਪ੍ਰਭੂ ਨੇ ਭਲਾ ਨਾ ਕਰਨਾ ਹੋਵੇ, ਉਹ ਗੁਰੂ ਜੀ ਦੀ ਸ਼ਰਨ ਦੀ ਕਿਵੇਂ ਕਿਰਪਾ ਪ੍ਰਾਪਤ ਕਰ ਸਕਦਾ ਹੈ॥ ੩੮॥

*ਪਹਿਲੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

## *ਅਧਿਆਇ ਚੌਂਤੀਵਾਂ*

### *ਕੋਤਵਾਲ ਦਾ ਆਉਣਾ*

*ਦੋਹਰਾ-* 'ਸੁਨਿ ਵਜ਼ੀਰ! ਭਾਖਜੋ ਕਹਾਂ? ਮੋਹਿ ਪ੍ਰਤਾਪ ਘਟਾਇ।
ਜਿਹ ਸੌਂ ਵਧਜੋ ਵਿਰੋਧ ਬਹੁ ਤਿਸ ਕੇ ਕਿਮ ਢਿਗ ਜਾਇਂ॥ ੧॥

ਰਾਜੇ ਨੇ ਕਿਹਾ, "ਹੇ ਵਜ਼ੀਰ ! ਸੁਣੋ, ਤੂੰ ਕੀ ਕਿਹਾ ਹੈ, ਮੇਰੇ ਪ੍ਰਤਾਪ ਨੂੰ ਘਟਾਇਆ ਹੈ, ਜਿਸ ਨਾਲ ਮੇਰਾ ਬਹੁਤ ਵਿਰੋਧ ਵਧਿਆ ਹੈ, ਉਸ ਦੇ ਪਾਸ ਕਿਵੇਂ ਜਾਈਏ॥ ੧॥

*ਚੌਪਈ-* ਹਮ ਠਾਕੁਰ ਕੀ ਭਗਤਿ ਕਰੰਤੇ। ਪ੍ਰਭੁ ਪ੍ਰਤਿਮਾ ਕੋ ਨਿਤ ਅਰਚੰਤੇ।
ਜੋ ਸੈਲਨ ਕੀ ਸਭਿ ਠਕੁਰਾਈ। ਪੂਜਹਿਂ ਸਾਲਗਰਾਮ ਸਦਾਈ॥ ੨॥

ਅਸੀਂ ਠਾਕੁਰ ਦੀ ਭਗਤੀ ਕਰਦੇ ਹਾਂ, ਪ੍ਰਭੂ ਦੀ ਮੂਰਤੀ ਅਰਚਨਾ ਪੂਜਾ ਕਰਦੇ ਹਾਂ। ਪਹਾੜਾਂ ਦੀ ਜਿਹੜੀ ਸਾਰੀ ਠਕੁਰਾਈ ਹੈ, ਉਹ ਸਦਾ ਹੀ ਸਾਲਗ ਰਾਮ ਦੀ ਪੂਜਾ ਕਰਦੀ ਹੈ॥ ੨॥

ਰਾਜਪੂਤ ਹਮ ਬੰਸ ਬਡੇਰੇ। ਰਹੇ ਸਦੀਵ ਮੂਰਤਨਿ ਚੇਰੇ।
ਤਿਸ ਕੋ ਤਜਿ ਅਬਿ ਨਰ ਤਨ ਪਾਸ। ਜਾਇ ਕਰਹਿਂ ਥਿਰ ਹ੍ਵੈ ਅਰਦਾਸ॥੩॥

ਅਸੀਂ ਉੱਚੇ ਵੰਸ਼ ਵਾਲੇ ਰਾਜਪੂਤ ਹੁੰਦੇ ਹਾਂ ਤੇ ਸਦਾ ਹੀ ਮੂਰਤੀਆਂ ਦੇ ਚੇਲੇ ਰਹਿੰਦੇ ਹਨ। ਉਨ੍ਹਾਂ ਨੂੰ ਛੱਡ ਕੇ ਹੁਣ ਮਨੁੱਖ ਦੇ ਸਰੀਰ ਪਾਸ ਜਾਈਏ, ਓਥੇ ਜਾ ਕੇ ਖੜੇ ਹੋ ਕੇ ਅਰਦਾਸ ਕਰੀਏ॥ ੩॥

ਇਸ ਪ੍ਰਕਾਰ ਨਹਿਂ ਲਾਇਕ ਮੋਕਹੁ। ਅਪਰ ਬਾਤ ਸਮੁਝਾਵਹੁਂ ਤੋਕਹੁ।
ਸਕਲ ਸੈਲਪਤਿ ਸਿੱਖ ਨ ਕੋਊ। ਗੁਰੂ ਸਮੀਪ ਨ ਪਹੁਚਹਿਂ ਸੋਊ॥ ੪॥

ਇਸ ਪ੍ਰਕਾਰ ਕਰਨਾ ਮੇਰੇ ਲਾਇਕ ਨਹੀਂ ਹੈ, ਹੋਰ ਇਕ ਗੱਲ ਤੈਨੂੰ ਸਮਝਾਉਂਦਾ ਹਾਂ। ਸਾਰੇ ਪਹਾੜੀ ਰਾਜਿਆਂ ਵਿਚ ਕੋਈ ਵੀ ਸਿੱਖ ਨਹੀਂ ਹੈ, ਕੋਈ ਵੀ ਗੁਰੂ ਜੀ ਦੇ ਪਾਸ ਨਹੀਂ ਪਹੁੰਚਦਾ ਹੈ॥ ੪॥

ਅਪਨਿ ਬਡਨ ਕੀ ਰੀਤਿ ਚਲੰਤੇ। ਸਭਿ ਪ੍ਰਤਿਮਾ ਕੀ ਪੂਜ ਕਰੰਤੇ।
ਮੈਂ ਏਕਲ ਹੀ ਨਿਜ ਮਤ ਛੋਰਿ। ਕੈਸੇ ਬਨੌਂ ਸਿੱਖ ਗਰ ਓਰ॥ ੫॥

ਆਪਣੇ ਵੱਡਿਆਂ ਦੀ ਰੀਤੀ ਤੇ ਚਲਦੇ ਹਨ, ਸਾਰੇ ਮੂਰਤੀਆਂ ਦੀ ਪੂਜਾ ਕਰਦੇ ਹਨ। ਮੈਂ ਇਕੱਲਾ ਹੀ ਆਪਣੀ ਮੱਤ ਨੂੰ ਛੱਡ ਕੇ, ਕਿਵੇਂ ਗੁਰੂ ਜੀ ਦਾ ਸਿੱਖ ਬਣ ਜਾਵਾਂ॥ ੫॥

**ਗਿਰਪਤਿ ਸਗਰੇ ਹਾਸ ਬਖਾਨਹਿਂ। ਗਜ ਲੈਬੇ ਹਿਤ ਸਿੱਖ ਪਛਾਨਹਿਂ।**
**ਜਬਹਿ ਕਦਾਚਿਤ ਬਨਹਿ ਸਮਾਜਾ। ਜੇ ਨਿਜ ਧਰਮ ਬਿਖੈ ਦ੍ਰਿਢ ਰਾਜਾ॥੬॥**

ਸਾਰੇ ਪਹਾੜੀ ਰਾਜੇ ਮੇਰਾ ਹਾਸਾ ਉਡਾਉਣਗੇ, 'ਹਾਥੀ ਲੈਣ ਵਾਸਤੇ ਸਿੱਖ ਬਣ ਗਿਆ ਹੈ। ਇਸ ਤਰ੍ਹਾਂ ਸਮਝਣਗੇ ਜਦ ਕਦੀ ਅਜਿਹੇ ਰਾਜੇ ਇਕੱਠੇ ਹੋਣਗੇ, ਜਿਹੜੇ ਰਾਜੇ ਆਪਣੇ ਧਰਮ ਵਿਚ ਦ੍ਰਿੜ ਹਨ॥ ੬॥

**ਮੋਕਹੁ ਕਹੈਂ ਤਰਕਨਾ ਸਾਥੀ। ਕਰਿ ਲਾਲਚ ਲੈਬੇ ਹਿਤ ਹਾਥੀ।**
**ਬਨਜੋ ਜਾਇ ਸਾਹਿਬ ਕੋ ਸਿੱਖਜ। ਇਸ ਪ੍ਰਕਾਰ ਹੈ ਬਾਤ ਭਵਿੱਖਜ॥ ੭॥**

ਮੈਨੂੰ ਤਰਕ ਨਾਲ ਉਹ ਇਸ ਤਰ੍ਹਾਂ ਕਹਿਣਗੇ, "ਹਾਥੀ ਲੈਣ ਦਾ ਲਾਲਚ ਕਰਕੇ ਜਾ ਕੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਹੈ।" ਇਸ ਪ੍ਰਕਾਰ ਲੋਕ ਭਵਿੱਖ ਵਿਚ ਗੱਲਾਂ ਕਰਨਗੇ॥ ੭॥

**ਲਖਹਿਂ ਕਲੰਕਤਿ ਕੁਲ ਇਨਿ ਕੀਨਸਿ। ਤੁਵ ਮਤਿ ਲੇਯ ਬਨਹੁਂ ਨਹਿਂ ਹੀਨਸਿ।**
**ਅਜ਼ਮਤਿ ਸਹਿਤ ਜਿ ਗੁਰੂ ਬਤਾਵੈਂ। ਇਹੁ ਪ੍ਰਤੀਤ ਨਹਿਂ ਮੋ ਕਹੁ ਆਵੈ॥੮॥**

ਸਮਝਣਗੇ ਕਿ ਇਸ ਨੇ ਕੁਲ ਕਲੰਕਤ ਕੀਤਾ ਹੈ, ਤੇਰੀ ਸਲਾਹ ਲੈ ਕੇ ਮੈਂ ਹੀਣਾ ਨਹੀਂ ਬਣਾਂਗਾ। ਜੇ ਗੁਰੂ ਜੀ ਨੂੰ ਅਜ਼ਮਤ ਸਹਿਤ ਦੱਸਦੇ ਹੋ, ਇਹ ਪ੍ਰਤੀਤ ਮੈਨੂੰ ਕਦੀ ਵੀ ਨਹੀਂ ਆਉਂਦੀ ਹੈ॥ ੮॥

**ਦਿੱਲੀ ਬਿਖੈ ਕੈਦ ਗੁਰ ਬਡੇ। ਨਹਿਂ ਤੁਰਕੇਸ਼ੁਰ ਕੈਸਿਹੁਂ ਛਡੇ।**
**ਕਰਤੋ ਰਹਜੋ ਬਿਅਦਬੀ ਘਨੀ। ਤਹਿਂ ਕੀ ਬਾਤ ਸਕਲ ਹਮ ਸੁਨੀ॥ ੯॥**

ਵੱਡੇ ਗੁਰੂ ਜੀ ਦਿੱਲੀ ਵਿਖੇ ਕੈਦ ਸਨ, ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਨਹੀਂ ਛੱਡਿਆ, ਉਹ ਉਨ੍ਹਾਂ ਦੀ ਬਹੁਤ ਬੇਅਦਬੀ ਕਰਦਾ ਰਿਹਾ ਹੈ, ਉਸ ਸਥਾਨ ਦੀ ਮੈਂ ਸਾਰੀ ਗੱਲ ਸੁਣੀ ਹੈ॥ ੯॥

**ਕਰਾਮਾਤ ਤਿਹ ਸਾਥ ਨ ਕਰੀ। ਸਰਬ ਅਵੱਗਜਾ ਨਿਜ ਪਰ ਜਰੀ।**
**ਹਾਥ ਨ ਪਾਵ ਤਾਂਹਿ ਕੋ ਟੂਟਾ। ਨਾਂਹਿਨ ਕਿਤ ਤੇ ਰਾਜ ਨਿਖੂਟਾ॥ ੧੦॥**

ਕਰਾਮਾਤ ਨਾਲ ਉਨ੍ਹਾਂ ਕੁਝ ਵੀ ਨਾ ਕੀਤਾ ਤੇ ਸਾਰੀ ਅਵੱਗਿਆ ਆਪਣੇ ਉੱਤੇ ਜਰ ਲਈ। ਬਾਦਸ਼ਾਹ ਦਾ ਹੱਥ ਪੈਰ ਕੁਝ ਵੀ ਨਹੀਂ ਟੁੱਟਿਆ ਹੈ। ਨਾ ਹੀ ਉਸ ਦੇ ਰਾਜ ਨੂੰ ਕੋਈ ਨੁਕਸਾਨ ਪੁੱਜਾ ਹੈ॥ ੧੦॥

**ਅਲਪ ਜਾਤਿ ਜੇ ਜਾਨਤਿ ਨਾਂਹੀ। ਮਿਲੇ ਹਜ਼ਾਰੋਂ ਤਿਨ ਕੇ ਪਾਹੀ।**
**ਅਬਿਨਾਸ਼ੀ, ਕੋ ਗੁਰ ਅਵਤਾਰੂ। ਹਾਥ ਜੋਰਿ ਕਰਿ ਕਰਤਿ ਉਚਾਰੂ॥ ੧੧॥**

ਛੋਟੀਆਂ ਜਾਤਾਂ ਵਾਲੇ ਜੋ ਕੁਝ ਨਹੀਂ ਜਾਣਦੇ ਹਨ, ਉਹ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਪਾਸ ਆ ਕੇ ਮਿਲਦੇ ਹਨ। ਕੋਈ ਅਬਿਨਾਸ਼ੀ ਤੇ ਕੋਈ ਗੁਰੂ ਅਵਤਾਰ, ਹੱਥ ਜੋੜ ਕੇ ਕਹਿੰਦੇ ਹਨ॥ ੧੧॥

**ਪੈਸਾ ਕੌਡੀ ਆਨਿ ਚਢਾਵਤਿ। ਝੂਠਹੁਂ ਕਹੈਂ ਕਿ ਬਾਂਛਤਿ ਪਾਵਤਿ।**
**ਜਾਟ ਗਵਾਰ, ਲੁਬਾਣੇ, ਬਣੀਏ। ਝੀਵਰ ਆਦਿ ਕਹਾਂ ਲਗਿ ਭਣੀਏ॥ ੧੨॥**

ਪੈਸਾ ਕੌਡੀ ਆ ਕੇ ਚੜ੍ਹਾਉਂਦੇ ਹਨ, ਝੂਠ ਹੀ ਕਹਿ ਦਿੰਦੇ ਹਨ ਮੂੰਹ ਮੰਗੀ ਮੁਰਾਦ ਪਾ ਲਈ ਹੈ। ਜੱਟ ਗਵਾਰ, ਲੁਬਾਣੇ, ਬਾਣੀਏਂ, ਝੀਵਰ ਆਦਿ ਕਿਥੋਂ ਤਕ ਕਹੀਏ॥ ੧੨॥

ਮਿਲਿ ਕੈ 'ਗੁਰੂ ਗੁਰੂ' ਸਭਿ ਕਹੈਂ। ਪ੍ਰਤਿਮਾ ਕੀ ਪ੍ਰਭੁਤਾ ਨਹਿਂ ਲਹੈਂ।
ਹਮ ਤੋ ਰਾਜਪੂਤ ਬਡ ਗ੍ਯਾਤੇ। ਸੁਨਿਬੇ ਕਥਾ ਪੁਰਾਨਨ ਰਾਤੇ॥ ੧੩॥

ਮਿਲ ਕੇ ਸਾਰੇ 'ਗੁਰੂ-ਗੁਰੂ' ਕਹਿੰਦੇ ਹਨ, ਮੂਰਤੀ ਦੀ ਪ੍ਰਭੁਤਾ ਨਹੀਂ ਵੇਖਦੇ ਹਨ। ਅਸੀਂ ਤਾਂ ਰਾਜਪੂਤ ਵੱਡੇ ਗਿਆਨ ਵਾਲੇ ਹਾਂ। ਪੁਰਾਣ ਦੀਆਂ ਕਥਾਵਾਂ ਸੁਣਨ ਦੇ ਪ੍ਰੇਮੀ ਹੋਏ ਹਾਂ॥ ੧੩॥

ਬੈਰਾਗੀ ਸੰਨਯਾਸੀ ਸਾਧੂ। ਰੰਗੇ ਬਸਤ੍ਰਨਿ ਕੋ ਮਗ ਲਾਧੂ।
ਕੰਨਪਾਟੇ ਜੋਗੀ ਬ੍ਰਹਮਚਾਰੀ। ਇਨ ਪੂਜਨ ਕੇ ਹਮ ਅਧਿਕਾਰੀ॥ ੧੪॥

ਬੈਰਾਗੀ, ਸੰਨਿਆਸੀ, ਸਾਧੂ, ਰੰਗੇ ਵਸਤਰਾਂ ਵਾਲਿਆਂ ਦਾ ਰਾਹ ਲੱਭਣ ਵਾਲੇ ਹਾਂ। ਕੰਨ ਪਾਟੇ ਜੋਗੀ ਬ੍ਰਹਮਚਾਰੀ, ਇਨ੍ਹਾਂ ਦੀ ਪੂਜਾ ਕਰਨ ਦੇ ਅਸੀਂ ਅਧਿਕਾਰੀ ਹਾਂ॥ ੧੪॥

ਗ੍ਰਹਸਤੀ ਗੁਰੂ ਮਨਿੰਦ ਹਮਾਰੇ। ਰਾਜਪੂਤ ਪੁਨ ਜਾਤਿ ਉਦਾਰੇ।
ਕਿਮ ਪਾਹੁਲ ਹਮ ਲੈਹੈਂ ਜਾਇ। ਨਹਿਂ ਪ੍ਰਤੀਤ ਮਨ ਮਹਿਂ ਉਪਜਾਇ॥੧੫॥

ਸਾਰੇ ਗ੍ਰਿਹਸਤੀ ਗੁਰੂ ਸਾਡੇ ਵਰਗੇ ਹਨ, ਫਿਰ ਰਾਜਪੂਤ ਸਾਡੀ ਉੱਚੀ ਜਾਤੀ ਹੈ। ਕਿਵੇਂ ਅਸੀਂ ਗੁਰੂ ਜੀ ਦਾ ਪਾਹੁਲ ਲੈ ਸਕਦੇ ਹਾਂ, ਸਾਡੇ ਮਨ ਵਿਚ ਪ੍ਰਤੀਤ ਪੈਦਾ ਨਹੀਂ ਹੁੰਦੀ ਹੈ॥ ੧੫॥

ਸਿੱਖ ਹੋਨਿ ਮਹਿਂ ਅਵਗੁਨ ਘਨੇ। ਕਰਿ ਬਿਚਾਰ ਹੇਰੇ ਨਿਜ ਮਨੇ।
ਕਰਿ ਦਲ ਬਲ ਕੋ ਦੁਰਦ ਮੰਗਾਵਹੁ। ਨਾਤੁਰਿ ਪੁਰਿ ਅਨੰਦ ਛੁਟਕਾਵਹੁ॥੧੬॥

ਸਿੱਖ ਹੋਣ ਵਿਚ ਬਹੁਤ ਔਗੁਣ ਹਨ, ਆਪਣੇ ਮਨ ਵਿਚ ਵਿਚਾਰ ਕਰਕੇ ਵੇਖੋ। ਸੈਨਾਂ ਦੇ ਬਲ ਦੇ ਆਸਰੇ ਹਾਥੀ ਮੰਗਵਾਵਾਂਗੇ, ਨਹੀਂ ਤਾਂ ਅਨੰਦਪੁਰ ਨਗਰੀ ਛੁਡਵਾਵਾਂਗੇ॥ ੧੬॥

ਉਤ ਹਜ਼ਰਤ ਬਿਗਰਯੋ ਇਨ ਸੰਗਾ। ਜੇ ਇਤ ਅਰਹਿ ਮਚਹਿ ਬਡ ਜੰਗਾ।
ਕਿਤ ਚਲ ਜਾਇਂ ? ਨ ਥਿਰਬੇ ਥਾਈਂ। ਤਬਿ ਜਾਨੈਂ ਜਬਿ ਹ੍ਵੈ ਨ ਉਪਾਈ॥੧੭॥

ਉਥੇ ਬਾਦਸ਼ਾਹ ਇਨ੍ਹਾਂ ਨਾਲ ਵਿਗੜ ਗਿਆ ਹੈ, ਜੇ ਏਧਰ ਅੜਣਗੇ ਤਾਂ ਵੱਡਾ ਜੰਗ ਮਚੇਗਾ। ਕਿੱਥੇ ਚਲੇ ਜਾਣਗੇ, ਉਨ੍ਹਾਂ ਨੂੰ ਤਾਂ ਟਿਕਣ ਵਾਸਤੇ ਥਾਂ ਨਹੀਂ ਲਭਣੀ ਹੈ। ਤਦ ਸਾਨੂੰ ਜਾਣਨਗੇ ਜਦ ਕੋਈ ਉਪਾਅ ਨਾ ਰਹੇਗਾ॥ ੧੭॥

ਕਰਹੁ ਬਿਚਾਰ ਅਹੋ ਤੁਮ ਸਜਾਨੇ। ਬਸਹਿ ਜਾਇ ਤਬਿ ਕੌਨ ਸਥਾਨੇ ?।
ਗੁਰਤਾ ਗਰਬ ਨਵੀਨੀ ਬੈਸ। ਪੁਜਵਾਵਤਿ ਬ੍ਰਿੰਦਨ ਮਹਿਂ ਬੈਸਿ॥ ੧੮॥

ਤੁਸੀਂ ਸਿਆਣੇ ਹੋ ਵਿਚਾਰ ਕਰੋ, ਫਿਰ ਕਿੱਥੇ ਜਾ ਕੇ ਵੱਸਣਗੇ ? ਗੁਰਤਾ ਦਾ ਘੁਮੰਡ ਹੈ ਤੇ ਉਮਰ ਛੋਟੀ ਹੈ, ਬਹੁਤ ਲੋਕਾਂ ਵਿਚ ਬੈਠ ਕੇ ਪੂਜਾ ਕਰਵਾਉਂਦੇ ਹਨ॥ ੧੮॥

ਯਾਂਤੇ ਨਹਿਂ ਮਾਨਹਿਂ, ਨਹਿਂ ਜਾਨਹਿਂ। ਜਬਿ ਗਰ ਪਰੈ ਭਾਰ ਪਹਿਚਾਨਹਿ।
ਜੇ ਅਬਿ ਦੁਰਦ ਪ੍ਰਸਾਦੀ ਦੇਹੈ। ਬੈਠਯੋ ਰਹੈ ਸਰਬ ਸੁਖ ਲੈਹੈ॥ ੧੯॥

ਇਸ ਕਰਕੇ ਹਾਥੀ ਦੇਣਾ ਮੰਨਦੇ ਨਹੀਂ ਤੇ ਜਾਣਦੇ ਵੀ ਨਹੀਂ, ਜਦ ਗਲ ਵਿਚ ਭਾਰ ਪਵੇਗਾ ਫਿਰ ਪਹਿਚਾਨਣਗੇ। ਜੇ ਹੁਣ ਪ੍ਰਸਾਦੀ ਹਾਥੀ ਦੇ ਦੇਣਗੇ ਤਾਂ ਏਥੇ ਬੈਠੇ ਰਹਿਣਗੇ ਤੇ ਸਰਬ ਪ੍ਰਕਾਰ ਦੇ ਸੁਖ ਪ੍ਰਾਪਤ ਕਰਨਗੇ॥ ੧੯॥

ਭੋ ਕੁਟਵਾਰ ! ਅਬਹਿ ਤੂੰ ਜਾਹੁ। ਪੁਰਿ ਅਨੰਦ ਸ੍ਰੀ ਸਤਿਗੁਰ ਪਾਹੁ।
ਜਯੋਂ ਮੈਂ ਕਹੀ ਸਕਲ ਸਮੁਝਾਵਹੁ। ਬਿਨੈ ਭਨਹੁ ਬਲ ਅਧਿਕ ਜਨਾਵਹੁ॥੨੦॥

ਹੇ ਕੋਤਵਾਲ ! ਹੁਣ ਤੁਸੀਂ ਜਾਵੋ, ਅਨੰਦਪੁਰ ਵਿਚ ਸਤਿਗੁਰੂ ਜੀ ਦੇ ਪਾਸ ਪਹੁੰਚੋ। ਜਿਵੇਂ ਮੈਂ ਗੱਲ ਕਹੀ ਸਾਰੀ ਸਮਝਾਵੋ, ਬੇਨਤੀ ਕਰੋ ਤੇ ਆਪਣੀ ਤਾਕਤ ਵੀ ਜਤਾਵੋ॥ ੨੦॥

**ਦਿਹੁ ਮਤੰਗ ਰਾਜੇ ਅਭਿਲਾਖਾ। ਕਰਹੁ ਸੰਧਿ ਜਿਸ ਤੇ ਰਸ ਰਾਖਾ।**
**ਨਾਂਹਿਤ ਗੁਰੂ ਕੰਨੇ ਇਮ ਕਹੀਅਹਿ। ਭਏ ਬਿਰੋਧ ਨ ਕਬਿ ਸੁਖ ਲਹੀਅਹਿ ॥੨੧॥**

ਹਾਥੀ ਦੇਵੋ ਰਾਜੇ ਦੀ ਅਭਿਲਾਸ਼ਾ ਹੈ, ਰਾਜੇ ਨਾਲ ਮੇਲ ਕਰੋ ਤੇ ਰਸ ਨੂੰ ਰੱਖ ਲਵੋ। ਨਹੀਂ ਤਾਂ ਗੁਰੂ ਜੀ ਨੂੰ ਇਸ ਤਰ੍ਹਾਂ ਕਹੋ, "ਕਦੀ ਵਿਰੋਧ ਨਾ ਹੋਵੇ, ਸਦਾ ਸੁਖ ਪ੍ਰਾਪਤ ਕਰੋ" ॥ ੨੧॥

**ਭਏ ਨੰਮ੍ਰਿ, ਗ਼ਜ ਕਰਹਿ ਜਿ ਦੈਬੋ। ਬਿਨੈ ਸਹਿਤ ਹੀ ਕੀਜੈ ਲੈਬੋ।**
**ਨਹਿਂ ਤੇ ਦਲ ਬਲ ਐਸ਼੍ਵਰਜ ਮੇਰੋ। ਕਰਹੁ ਸੁਨਾਵਨਿ ਜਥਾ ਬਡੇਰੋ॥ ੨੨॥**

ਸਨਿਮਰ ਹੋ ਕੇ ਜੇ ਹਾਥੀ ਦੇ ਦੇਵੇ ਤਾਂ ਬੇਨਤੀ ਸਹਿਤ ਉਸ ਨੂੰ ਲੈ ਲਵੋ ਨਹੀਂ ਤਾਂ ਮੇਰੀ ਸੈਨਾ-ਸ਼ਕਤੀ ਅਤੇ ਧਨ-ਦੌਲਤ ਬਾਰੇ ਵਧਾ ਚੜ੍ਹਾ ਕੇ ਸੁਣਾਵੋ॥ ੨੨॥

**ਜੇ ਸਭਿ ਸੈਲਨ ਧਾਰ ਬਾਈਸ। ਤਿਨ ਕੇ ਈਸ਼ਨਿ ਕੋ ਮੈਂ ਈਸ਼।**
**ਰਹੈਂ ਸਦਾ ਆਇਸੁ ਅਨੁਸਾਰੀ। ਚਹੀਐ, ਪਹੁੰਚਿ ਚਮੂੰ ਲੈ ਸਾਰੀ' ॥ ੨੩॥**

ਜਿਹੜੇ ਸਾਰੇ ਬਾਈਧਾਰ ਪਹਾੜੀ ਰਾਜੇ ਹਨ, ਉਨ੍ਹਾਂ ਸਾਰੇ ਰਾਜਿਆਂ ਦਾ ਮੈਂ ਰਾਜਾ ਹਾਂ। ਉਹ ਸਦਾ ਮੇਰੀ ਆਗਿਆ ਅਨੁਸਾਰ ਰਹਿੰਦੇ ਹਨ। ਜੇ ਲੋੜ ਪਵੇ ਤਾਂ ਸਾਰੀਆਂ ਸੈਨਾ ਲੈ ਕੇ ਉਹ ਰਾਜੇ ਮੇਰੀ ਮਦਦ ਵਿਚ ਪਹੁੰਚ ਜਾਣਗੇ" ॥ ੨੩॥

**ਸੁਨਿ ਕਰਿ ਭੀਮਚੰਦ ਕੇ ਬੈਨਾ। ਰਹਜੋ ਵਜ਼ੀਰ ਨੀਚ ਕਰਿ ਨੈਨਾ।**
**ਅਪਰ ਮੁਸਾਹਿਬ ਸਭਿ ਸਨਮਾਨੇ। 'ਮਹਾਰਾਜ ! ਤੁਮ ਅਧਿਕ ਸਿਆਨੇ'॥੨੪॥**

ਭੀਮ ਚੰਦ ਦੇ ਬਚਨ ਸੁਣ ਕੇ, ਵਜ਼ੀਰ ਨੀਵੇਂ ਨੈਣ ਕਰਕੇ ਬੈਠਾ ਰਿਹਾ। ਹੋਰ ਸਾਰੇ ਮੁਸਾਹਿਬਾਂ ਨੇ ਭੀਮ ਚੰਦ ਦਾ ਸਨਮਾਨ ਕੀਤਾ ਅਤੇ ਕਿਹਾ, "ਹੇ ਮਹਾਰਾਜ ਤੁਸੀਂ ਬਹੁਤ ਸਿਆਣੇ ਹੋ॥ ੨੪॥

**ਆਨਿ ਬਸਜੋ ਰਾਵਰ ਕੇ ਦੇਸ਼ੂ। ਬਿਚਰਤਿ ਕਰਤਿ ਅਖੇਰ ਹਮੇਸ਼ੂ।**
**ਚਾਰਹੁਂ ਕੁੰਟਨਿ ਤੇ ਧਨ ਆਵੈ। ਨਾਨਾ ਵਸਤੁ ਉਪਾਇਨ ਲਜਾਵੈਂ॥ ੨੫॥**

ਗੁਰੂ ਜੀ ਆਪ ਜੀ ਦੇ ਦੇਸ਼ ਵਿਚ ਆ ਵਸੇ ਹਨ, ਫਿਰ ਤੁਰ ਕੇ ਸਦਾ ਸ਼ਿਕਾਰ ਖੇਡਦੇ ਹਨ। ਚਾਰੇ ਕੂੰਟਾਂ ਤੋਂ ਧਨ ਆਉਂਦਾ ਹੈ, ਬਹੁਤ ਪ੍ਰਕਾਰ ਦੀਆਂ ਵਸਤਾਂ ਉਪਹਾਰਾਂ ਵਿਚ ਲਿਆਉਂਦੇ ਹਨ॥ ੨੫॥

**ਕਹਾਂ ਭਯੋ ਗਜ ਜਾਚਜੋ ਏਕ। ਦੇਹਿ ਤੁਮਹਿਂ, ਗੁਰ ਚਹਿਯ ਬਿਬੇਕ।**
**ਅਲਪ ਵਸਤੁ ਹਿਤ ਬਾਦ ਬਡੇਰਾ। ਸੁਨਹਿ ਸਮੂਹ ਨ ਭਨਹਿਂ ਅਛੇਰਾ' ॥੨੬॥**

ਕੀ ਹੋ ਗਿਆ ਹੈ ਜੇ ਇਕ ਹਾਥੀ ਮੰਗਿਆ ਹੈ, ਤੁਹਾਨੂੰ ਦੇ ਦੇਣਾ ਚਾਹੀਦਾ ਹੈ, ਇਸ ਬਾਰੇ ਗੁਰੂ ਜੀ ਨੂੰ ਵਿਚਾਰ ਕਰਨੀ ਚਾਹੀਦੀ ਹੈ ਇਕ ਛੋਟੀ ਵਸਤੂ ਵਾਸਤੇ ਏਡਾ ਝਗੜਾ ਖੜ੍ਹਾ ਕੀਤਾ ਹੈ, ਜਦ ਸਾਰੇ ਲੋਕ ਸੁਣਨਗੇ ਤਾਂ ਚੰਗਾ ਨਹੀਂ ਕਹਿਣਗੇ" ॥ ੨੬॥

**ਸੁਨਿ ਕੁਟਵਾਰ ਜੋਰਿ ਕਰ ਕਹਜੋ। 'ਮੈਂ ਆਨਹੁਂ ਗਜ ਕੋ ਤੁਮ ਚਹਜੋ'।**
**ਭੀਮਚੰਦ ਕੋ ਬੰਦਨ ਕੀਨਿ। ਨਿਕਸਜੋ ਪੌਰ ਚਲਨਿ ਚਿਤ ਦੀਨਿ॥ ੨੭॥**

ਇਹ ਸੁਣ ਕੇ ਕੋਤਵਾਲ ਨੇ ਹੱਥ ਜੋੜ ਕੇ ਕਿਹਾ, "ਜਿਹੜੇ ਹਾਥੀ ਨੂੰ ਤੁਸੀਂ ਚਾਹੁੰਦੇ ਹੋ, ਉਹ ਮੈਂ ਲੈ ਕੇ ਆਵਾਂਗਾ"। ਭੀਮ ਚੰਦ ਨੂੰ ਉਸ ਬੰਦਨਾ ਕੀਤੀ, ਦਰਵਾਜ਼ੇ ਦੇ ਬਾਹਰ ਨਿਕਲਿਆ ਤੇ ਚਲਣ ਵਾਸਤੇ ਚਿੱਤ ਵਿਚ ਧਾਰਨ ਕੀਤਾ॥ ੨੭॥

ਤੁਰੰਗ. ਮੰਗਾਇ ਅਰੂਢਿ ਸਿਧਾਰਾ। ਕ੍ਰਮ ਤੇ ਪੰਥ ਉਲੰਘਯੋ ਸਾਰਾ।
ਆਨਿ ਅਨੰਦਪੁਰਿ ਅਨੰਦ ਬਿਲੋਕਾ। ਜਹਿਂ ਬਿਚਰਤਿ ਗੁਰ ਸਿਮਰਤਿ ਲੋਕਾ ॥੨੮॥

ਘੋੜਾ ਮੰਗਵਾ ਕੇ ਉਸ ਉੱਤੇ ਸਵਾਰ ਹੋ ਗਿਆ ਤੇ ਹੌਲੀ-ਹੌਲੀ ਸਾਰਾ ਪੈਂਡਾ ਲੰਘ ਗਿਆ। ਅਨੰਦਪੁਰ ਵਿਚ ਪਹੁੰਚ ਕੇ ਅਨੰਦ ਵੇਖਿਆ। ਜਿੱਥੇ ਗੁਰੂ ਨੂੰ ਸਿਮਰਦੇ ਲੋਕ ਫਿਰ ਰਹੇ ਸਨ॥ ੨੮॥

ਉਤਰਨਿ ਸਦਨ ਕੀਨਿ ਤਬਿ ਡੇਰਾ। ਹੋਇ ਸੁਚੇਤ ਭਲੇ ਤਿਸ ਬੇਰਾ।
ਪਾਨੀ ਤੇ ਪਗ ਪਾਨ ਪਖਾਰੇ। ਸੂਖਮ ਬਸਤ੍ਰ ਪਹਿਰਿ ਤਨ ਸਾਰੇ॥ ੨੯॥

ਘੋੜੇ ਤੋਂ ਉਤਰ ਕੇ ਇਕ ਘਰ ਵਿਚ ਡੇਰਾ ਕੀਤਾ ਤੇ ਉਸ ਸਮੇਂ ਭਲੀ ਪ੍ਰਕਾਰ ਸੁਚੇਤ ਹੋ ਗਿਆ। ਪਾਣੀ ਨਾਲ ਹੱਥ ਪੈਰ ਧੋਤੇ ਤੇ ਸਰੀਰ ਦੇ ਉੱਤੇ ਸੂਖਮ ਕੱਪੜੇ ਪਹਿਨ ਲਏ॥ ੨੯॥

ਜਬਿ ਗੁਰ ਕੋ ਲਾਗਯੋ ਦਰਬਾਰਾ। ਸੁਨਿ ਕੈ ਸੁਧਿ ਕੁਟਵਾਰ ਪਧਾਰਾ।
ਪਹੁੰਚਿ ਪੌਰ ਪਰ ਕੀਨਿ ਬਤਾਵਨ। 'ਮਮ ਸੁਧਿ ਅੰਤਰ ਕਰਹੁ ਜਨਾਵਨ' ॥੩੦॥

ਜਦ ਗੁਰੂ ਜੀ ਦਾ ਦਰਬਾਰ ਲੱਗਿਆ ਤਾਂ ਖ਼ਬਰ ਸੁਣ ਕੇ ਕੋਤਵਾਲ ਚਲਾ ਗਿਆ। ਦਰਵਾਜ਼ੇ ਤੇ ਪਹੁੰਚ ਕੇ ਆਪਣੇ ਬਾਰੇ ਦੱਸਿਆ, "ਮੇਰੇ ਆਉਣ ਬਾਰੇ ਅੰਦਰ ਦੱਸ ਦੇਵੋ"॥ ੩੦॥

ਦ੍ਵਾਰਪਾਲ ਚਲਿ ਕੈ ਤਤਕਾਲਾ। ਅਰਜ਼ ਗੁਜਾਰੀ ਨਿਕਟਿ ਕ੍ਰਿਪਾਲਾ।
'ਪ੍ਰਭੁ ਜੀ ! ਮਹਿਪਾਲਕ ਕੁਟਵਾਲ। ਦਰਸ ਰਾਵਰੋ ਚਹੈ ਬਿਸਾਲ' ॥ ੩੧॥

ਦਵਾਰਪਾਲ ਤੁਰਤ ਚਲ ਕੇ ਗਿਆ, ਤੇ ਕ੍ਰਿਪਾਲੂ ਗੁਰੂ ਜੀ ਪਾਸ ਬੇਨਤੀ ਕੀਤੀ। ਹੇ ਪ੍ਰਭੂ ਜੀ ! ਰਾਜੇ ਦਾ ਕੋਤਵਾਲ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ॥ ੩੧॥

ਹੁਕਮ ਕੀਨਿ 'ਆਵਨ ਦਿਹੁ ਤਾਂਹੀ'। ਅੰਤਰ ਪ੍ਰਵਿਸ਼ਯੋ ਪਹੁੰਚਯੋ ਪਾਹੀ।
ਪਾਇਨ ਪਾਸ ਉਪਾਇਨ ਧਰਿਕੈ। ਹਾਥ ਬੰਦਿ ਅਭਿਬੰਦਨ ਕਰਿ ਕੈ॥ ੩੨॥

ਗੁਰੂ ਜੀ ਨੇ ਹੁਕਮ ਕੀਤਾ, "ਉਸ ਨੂੰ ਆਉਣ ਦੇਵੋ" ਕੋਤਵਾਲ ਅੰਦਰ ਪ੍ਰਵੇਸ਼ ਕਰਕੇ ਗੁਰੂ ਜੀ ਦੇ ਪਾਸ ਪਹੁੰਚ ਗਿਆ। ਗੁਰੂ ਜੀ ਦੇ ਚਰਨਾਂ ਪਾਸ ਉਪਹਾਰ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ॥ ੩੨॥

ਆਇਸੁ ਪਾਇ ਬੈਠਿ ਕਰਿ ਗਯੋ। ਨ੍ਰਿਪ ਕੀ ਨਮੋ ਕਰਤਿ ਪੁਨ ਭਯੋ।
ਸ੍ਰੀ ਕਲਗ਼ੀਧਰਿ ਬਾਕ ਉਚਰਯੋ। 'ਕਹੁ ਕਿਮ ਰਾਜੇ ਭੇਜਨ ਕਰਯੋ ?' ॥ ੩੩॥

ਆਗਿਆ ਪਾ ਕੇ ਬੈਠ ਗਿਆ, ਫਿਰ ਰਾਜੇ ਵਲੋਂ ਨਮਸਕਾਰ ਕੀਤੀ। ਸ੍ਰੀ ਕਲਗ਼ੀਧਰ ਬਚਨ ਕੀਤਾ, "ਕਹੋ, ਰਾਜੇ ਨੇ ਕਿਵੇਂ ਭੇਜਿਆ ਹੈ ?"॥ ੩੩॥

ਜਾਨਿ ਕਹਾਂ ਅਫਰਯੋ ਹੰਕਾਰੀ। ਕਪਟ ਕਠੋਰ ਕੁਟਿਲਤਾ ਧਾਰੀ।
ਸੁਨਿ ਕੁਟਵਾਰ ਭਨੀ ਮੁਖ ਬਾਨੀ। 'ਅੱਗ੍ਰ ਆਪ ਕੇ ਬਿਨੈ ਬਖਾਨੀ॥ ੩੪॥

ਪਰ ਜਾਣਦੇ ਸਨ ਕਿ ਹੰਕਾਰੀ ਰਾਜਾ ਕਿਉਂ ਆਫਰਿਆ ਹੋਇਆ ਹੈ ਤੇ ਕਿਉਂ ਕਪਟ ਤੇ ਕਰੜੀ ਕੁਟਿਲਤਾ ਧਾਰਨ ਕੀਤੀ ਹੈ। ਕੋਤਵਾਲ ਨੇ ਇਹ ਸੁਣ ਕੇ ਮੁਖ ਤੋਂ ਕਿਹਾ, "ਰਾਜੇ ਨੇ ਆਪ ਜੀ ਦੇ ਅੱਗੇ ਬੇਨਤੀ ਕੀਤੀ ਹੈ॥ ੩੪॥

ਅਹੈ ਸਰਲ ਤੁਮ ਪੰਥ ਭਲੇਰਾ। ਜਸੁ ਕੋ ਉਚਰਤਿ ਸੰਝ ਸਵੇਰਾ।
ਰਾਵਰ ਕੋ ਪਾਵਨ ਲਖਿ ਪਾਵਨ। ਚਾਹਤਿ ਰਿਦੇ ਸਾਂਝ ਕੋ ਪਾਵਨਿ॥ ੩੫॥

ਰਾਜਾ ਤੁਹਾਡੀ ਭਲਿਆਈ ਦੇ ਰਾਹ ਵਿਚ ਬੜਾ ਸਰਲ ਹੈ, ਤੁਹਾਡਾ ਸ਼ਾਮ ਸਵੇਰੇ ਜੱਸ ਉਚਾਰਨ ਕਰਦਾ ਹੈ। ਆਪ ਜੀ ਦੇ ਚਰਨ ਪਵਿੱਤਰ ਜਾਣ ਕੇ ਆਪਣੇ ਹਿਰਦੇ ਵਿਚ ਸਾਂਭ ਪਾਉਣੀ ਚਾਹੁੰਦਾ ਹੈ॥ ੩੫॥

**ਆਨਿ ਪਰਜੋ ਕਾਰਜ ਅਬਿ ਐਸੋ। ਪਠਜੋ ਵਕੀਲ, ਗਯੋ ਕਹਿ ਜੈਸੋ।**
**ਸਗਿਯਨਿ ਕੇ ਲਾਗੀ ਅਬਿ ਆਵੈਂ। ਚਹਿਯ ਅਜਾਇਬ ਵਸਤੁ ਦਿਖਾਵੈਂ ॥੩੬॥**

ਹੁਣ ਐਸਾ ਕਾਰਜ ਆ ਪਿਆ ਹੈ, ਭੇਜਿਆ ਹੋਇਆ ਵਜ਼ੀਰ ਜਿਵੇਂ ਕਹਿ ਕੇ ਗਿਆ ਹੈ। ਸਗਾਈ ਵਾਲੇ ਲਾਗੀ ਹੁਣ ਆਉਣਗੇ, ਉਨ੍ਹਾਂ ਨੂੰ ਰਾਜਾ ਅਜੀਬ ਵਸਤਾਂ ਵਿਖਾਉਣਾ ਚਾਹੁੰਦਾ ਹੈ॥ ੩੬॥

**ਗੁਰ ਘਰ ਬਿਨਾ ਅਪਰ ਥਲ ਨਾਂਹੀ। ਬਾਰ ਬਾਰ ਯਾਂਤੇ ਪਠਿ ਪਾਹੀ।**
**ਬਨਹਿ ਆਪ ਕੋ ਭੀ ਅਬਿ ਐਸੇ। ਰਾਜੇ ਸੰਗ ਰਹੈ ਰਸ ਜੈਸੇ॥ ੩੭॥**

ਗੁਰੂ ਘਰ ਤੋਂ ਬਗੈਰ ਹੋਰ ਕੋਈ ਥਾਂ ਨਹੀਂ ਹੈ, ਬਾਰ-ਬਾਰ ਇਸ ਕਰਕੇ ਆਪ ਜੀ ਦੇ ਪਾਸ ਭੇਜਦੇ ਹਨ। ਆਪ ਨੂੰ ਵੀ ਹੁਣ ਐਸਾ ਕਰਨਾ ਬਣਦਾ ਹੈ, ਰਾਜੇ ਦੇ ਨਾਲ ਜਿਵੇਂ ਰਸ ਰਹਿ ਜਾਵੇ॥ ੩੭॥

**ਜੇ ਬਾਈਸ ਧਾਰ ਕੇ ਈਸ਼। ਸਭਿ ਕੇ ਸੀਸਨ ਪਰ ਆਧੀਸ਼।**
**ਪਰਬਤਪਤਿ ਸਮਸਰ ਨਹਿਂ ਕੋਈ। ਸਕਲ ਰੀਤਿ ਤੇ ਦੀਰਘ ਸੋਈ॥ ੩੮॥**

ਜਿਹੜੇ ਬਾਈਧਾਰ ਦੇ ਰਾਜੇ ਹਨ, ਭੀਮ ਚੰਦ ਉਨ੍ਹਾਂ ਸਭ ਦਾ ਮਹਾਰਾਜਾ ਹੈ। ਕੋਈ ਵੀ ਪਹਾੜੀ ਰਾਜਾ ਉਸ ਦੀ ਬਰਾਬਰੀ ਨਹੀਂ ਕਰ ਸਕਦਾ ਹੈ, ਸਾਰੀਆਂ ਰੀਤੀਆਂ ਨਾਲ ਉਹ ਵੱਡਾ ਹੈ॥ ੩੮॥

**ਉਚਿਤ ਆਪ ਕੋ ਰਸ ਹੀ ਰਾਖਨਿ। ਪੂਰਹੁ ਸਭਿ ਹੀ ਕੀ ਅਭਿਲਾਖਨਿ।**
**ਦੁਹਿਂ ਦਿਸ਼ਿ ਸੰਧਿ ਰਹੈ ਸੁਭ ਬਾਤੀ। ਡਰਹਿਂ ਜਿ ਸਗਰੇ ਬ੍ਰਿੰਦ ਅਰਾਤੀ॥੩੯॥**

ਆਪ ਜੀ ਵਾਸਤੇ ਰਸ ਰੱਖਣਾ ਹੀ ਉਚਿਤ ਹੈ, ਸਾਰਿਆਂ ਦੀ ਅਭਿਲਾਸ਼ਾ ਪੂਰੀ ਕਰੋ, ਦੋਈਂ ਪਾਸੀਂ ਮੇਲ ਰਹੇ, ਇਹੋ ਹੀ ਸ਼ੁਭ ਗੱਲ ਹੈ, ਜਿਸ ਪਾਸੋਂ ਸਾਰੇ ਵੈਰੀ ਡਰਦੇ ਹਨ॥ ੩੯॥

**ਕਾਰਜ ਪਰੈਂ ਪਰਸਪਰ ਘਨੇ। ਸੋ ਸੁਖੇਨ ਹੀ ਤਤਛਿਨ ਬਨੇ।**
**ਇਹ ਸਭਿ ਰਾਵਰ ਕੇ ਬਸਿ ਅਹੈ। ਰਾਖਨਿ ਰਸ, ਨਤੁ ਬੇਰਸ ਚਹੈਂ॥ ੪੦॥**

ਆਪਸ ਵਿਚ ਬਹੁਤ ਕਾਰਜ ਪੈਂਦੇ ਹਨ, ਉਹ ਸਾਰੇ ਆਸਾਨੀ ਨਾਲ ਤੁਰਤ ਬਣ ਜਾਣਗੇ। ਇਹ ਸਭ ਕੁਝ ਆਪ ਦੇ ਵੱਸ ਵਿਚ ਹੈ। ਰਸ ਰੱਖ ਲਵੋ ਜਾਂ ਬੇਰਸੀ ਚਾਹ ਲਵੋ॥ ੪੦॥

**ਕਹਾਂ ਬਾਤ ਇਹ ਬਡੀ ਨ ਕੋਈ। ਜਾਚੀ ਦੇਹੁ ਲੇਹੁ ਨਿਜ ਸੋਈ।**
**ਭੀਮਚੰਦ ਸੈਲੇਂਦ੍ਰ ਬਿਲੰਦ। ਤੁਮਰੇ ਕਾਜ ਸੁਧਾਰਹਿ ਬ੍ਰਿੰਦ॥ ੪੧॥**

ਇਹ ਗੱਲ ਕੋਈ ਬਹੁਤ ਵੱਡੀ ਨਹੀਂ ਹੈ, ਆਪਸ ਵਿਚ ਮੰਗਣ ਨਾਲ ਚੀਜ਼ਾਂ ਦਾ ਲੈਣ ਦੇਣ ਹੁੰਦਾ ਹੀ ਰਹਿੰਦਾ ਹੈ। ਭੀਮ ਚੰਦ ਬਹੁਤ ਵੱਡਾ ਪਹਾੜੀ ਰਾਜਾ ਹੈ, ਉਹ ਤੁਹਾਡੇ ਬਹੁਤ ਕਾਰਜ ਸੁਧਾਰ ਦੇਵੇਗਾ॥ ੪੧॥

**ਸੈਨਾ ਘਨੀ ਸਮੀਪ ਜਿਸੀ ਕੇ। ਸੈਲ ਦੇਸ ਅਨੁਸਾਰਿ ਤਿਸੀ ਕੇ।**
**ਬਡੋ ਪ੍ਰਤਾਪ ਐਸ਼੍ਵਰਜ ਭਾਰੋ। ਕਹੇ ਬਾਕ ਤੇ ਕਰਹਿ ਨ ਟਾਰੋ॥ ੪੨॥**

ਜਿਸ ਦੇ ਪਾਸ ਬਹੁਤ ਵੱਡੀ ਸੈਨਾ ਹੈ, ਸਾਰਾ ਪਹਾੜੀ ਦੇਸ਼ ਉਸ ਦੀ ਆਗਿਆ ਅਨੁਸਾਰ ਚਲਦਾ ਹੈ। ਉਸ ਦਾ ਵੱਡਾ ਪ੍ਰਤਾਪ ਹੈ ਅਤੇ ਭਾਰੀ ਧਨ ਦੌਲਤ ਹੈ। ਉਸ ਦੇ ਕਹੇ ਹੋਏ ਬਚਨ ਨੂੰ ਕੋਈ ਟਾਲ ਨਹੀਂ ਸਕਦਾ ਹੈ॥ ੪੨॥

ਬਾਸ ਸਮੀਪੀ ਦੋਇਨ ਕੇਰਾ। ਸੰਧਿ ਕਰੇ ਸੁਖਿ ਸਭਿਨਿ ਬਡੇਰਾ।
ਯਾਂਤੇ ਮੈਂ ਰਾਵਰਿ ਢਿਗ ਭੇਜਾ। ਕਹਜੋ ਸੰਦੇਸਾ ਅਸ ਅਬਿ ਲੇ ਜਾ ॥ ੪੩ ॥

ਤੁਸੀਂ ਦੋਵੇਂ ਇਕ ਦੂਸਰੇ ਦੇ ਨੇੜੇ ਰਹਿੰਦੇ ਹੋ, ਮੇਲ ਕਰਨ ਨਾਲ ਸਾਰਿਆਂ ਨੂੰ ਵੱਡਾ ਸੁਖ ਪ੍ਰਾਪਤ ਹੋਵੇਗਾ। ਇਸ ਕਰਕੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ, ਕਿਹਾ ਹੈ ਹੁਣ ਇਸ ਤਰ੍ਹਾਂ ਦਾ ਸੁਨੇਹਾ ਲੈ ਜਾਵੋ" ॥ ੪੩ ॥

*ਪਹਿਲੀ ਰੁੱਤ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ ॥ ੩੪ ॥*

## *ਅਧਿਆਇ ਪੈਂਤੀਵਾਂ*

*ਕੋਤਵਾਲ ਵਲੋਂ ਗੁਰੂ ਜੀ ਦਾ ਜੱਸ ਕਰਨਾ*

ਦੋਹਰਾ- ਨਿਪਟ ਕਪਟ ਕੇ ਕੂੜ ਬਚ ਸੁਨਿ ਕਲਗੀਧਰ ਧੀਰ।
ਬੋਲੇ ਬਚਨ ਅਦੀਨ ਪ੍ਰਭੁ 'ਜਬਿ ਤੂੰ ਗਿਰਪਤਿ ਤੀਰ ॥ ੧ ॥

ਅਤੀ ਕਪਟ ਭਰੇ ਅਤੇ ਝੂਠੇ ਬੋਲ ਸੁਣ ਕੇ ਧੀਰਜਵਾਨ ਕਲਗੀਧਰ ਜੀ ਨੇ ਨਿਰਭੈਅ ਬਚਨ ਕਹੇ, "ਜਦ ਤੂੰ ਪਹਾੜੀ ਰਾਜੇ ਦੇ ਪਾਸ ਸੀ ॥ ੧ ॥

ਚੌਪਈ-ਕਿਮ ਨ੍ਰਿਪ ਭਨਜੋਂ ਸੁਨਜੋਂ ਤੈਂ ਕਹਾਂ। ਗਰਬਤਿ ਬਚਨ ਕਹੇ ਤਿਨ ਜਹਾਂ।
ਤਿਨ ਸੋਂ ਕਿਮ ਹੁਇ ਮੇਲ ਹਮਾਰਾ। ਕਰਹਿ ਕਪਟ ਕਪਟੀ ਕੁੜਿਆਰਾ ॥੨ ॥

ਤਦ ਰਾਜੇ ਨੇ ਕਿਵੇਂ ਕਿਹਾ ਸੀ, ਕੀ ਤੂੰ ਉਹ ਸ਼ਬਦ ਸੁਣੇ ਸਨ ਜਦ ਉਸ ਨੇ ਬੜੇ ਘੁਮੰਡ ਵਾਲੇ ਬੋਲ ਕਹੇ ਸਨ। ਉਸ ਨਾਲ ਸਾਡਾ ਕਿਵੇਂ ਮੇਲ ਹੋ ਸਕਦਾ ਹੈ, ਝੂਠਾ ਕਪਟੀ ਕਪਟ ਕਰਦਾ ਹੈ ॥ ੨ ॥

ਕਹਜੋ ਕਿ ਮੋ ਸੋਂ ਬਿਗਰੈ ਜਬੈ। ਕਿਸ ਥਲ ਬਸੈ ਜਾਇ ਗੁਰ ਤਬੈ।
ਦਿੱਲੀਪਤਿ ਕੇ ਸੰਗ ਬਿਗਾਰੇ। ਜਹਿਂ ਗੁਰ ਬਡੇ ਬਿਕੁੰਠ ਸਿਧਾਰੇ ॥ ੩ ॥

ਉਸ ਸਮੇਂ ਕਿਹਾ ਸੀ ਕਿ ਮੇਰੇ ਨਾਲ ਜਦ ਵਿਗੜ ਜਾਵੇਗੀ ਤਾਂ ਗੁਰੂ ਫਿਰ ਕਿਸ ਥਾਂ ਜਾ ਕੇ ਰਹੇਗਾ। ਦਿੱਲੀ ਦੇ ਬਾਦਸ਼ਾਹ ਨਾਲ ਉਨ੍ਹਾਂ ਦੀ ਵਿਗੜੀ ਹੈ, ਜਿੱਥੇ ਵੱਡੇ ਗੁਰੂ ਜੀ ਬੈਕੁੰਠ ਵਿਚ ਚਲੇ ਗਏ ਹਨ ॥ ੩ ॥

ਸੋ ਆਸ਼ੈ ਕਜਾ ਸਮੁਝੈ ਮਾਨੀ। ਰਾਖੀਏਂ ਹਿੰਦੁਨਿ ਲਾਜ ਮਹਾਨੀ।
ਸੀਸ ਦਿਲੀਸੁਰ ਕੇ ਹੁਇ ਆਪੇ। ਤਨ ਤਜਿ ਗਏ, ਸੁਮਤਿ ਸੇ ਜਾਪੇ ॥੪ ॥

ਉਹ ਘੁਮੰਡੀ ਗੁਰੂ ਜੀ ਦੇ ਆਸ਼ਿਆਂ ਨੂੰ ਕੀ ਸਮਝ ਸਕਦਾ ਹੈ। ਉਨ੍ਹਾਂ ਨੇ ਹਿੰਦੂਆਂ ਦੀ ਮਹਾਨ ਲਾਜ ਰੱਖੀ ਹੈ। ਨੌਰੰਗੇ ਦੇ ਸਿਰ ਹੋ ਕੇ ਆਪ ਹੀ ਸਰੀਰ ਛੱਡ ਗਏ ਹਨ, ਬੁੱਧੀਵਾਨ ਇਹ ਜਾਣਦੇ ਹਨ ॥ ੪ ॥

ਜਗ ਮਹਿਂ ਇਸਥਿਰ ਰਹਜੋ ਨ ਕੋਈ। ਜੋ ਉਪਜਹਿ ਸਭਿ ਬਿਨਸਤਿ ਸੋਈ।
ਤਊ ਸੁਨਹੁ ਜੇ ਪਰਉਪਕਰੀ। ਤਜਹਿਂ ਸਰੀਰ ਮਹਾਂ ਮਤਿ ਧਾਰੀ ॥ ੫ ॥

ਜਗਤ ਵਿਚ ਕੋਈ ਵੀ ਸਦਾ ਨਹੀਂ ਰਹਿਣਾ ਹੈ, ਜਿਹੜੇ ਵੀ ਪੈਦਾ ਹੁੰਦੇ ਹਨ ਸਭ ਖਤਮ ਹੋ ਜਾਂਦੇ ਹਨ। ਫਿਰ ਵੀ ਸੁਣੋ ਜਿਹੜੇ ਪਰਉਪਕਾਰੀ ਹਨ ਮਹਾਂ ਬੁੱਧੀ ਧਾਰ ਕੇ ਸਰੀਰ ਛੱਡ ਜਾਂਦੇ ਹਨ ॥ ੫ ॥

ਸੋ ਜਗ ਮਹਿਂ ਜੀਵਤ ਹੀ ਜਾਨਹੁਂ। ਸੁਜਸੁ ਜਹਾਂ ਕਹਿਂ ਭਲੇ ਪ੍ਰਮਾਨਹੁਂ।
ਕਜੋਂ ਨ ਬਿਚਾਰ ਰਿਦੇ ਮਹਿਂ ਦੇਖਾ। ਅਪਨਿ ਬਡੇ ਪਰ ਕਰਹੁ ਪਰੇਖਾ॥ ੬॥

ਉਨ੍ਹਾਂ ਨੂੰ ਜਗਤ ਵਿਚ ਜੀਉਂਦੇ ਹੀ ਜਾਣੋ, ਉਨ੍ਹਾਂ ਦਾ ਜਿੱਥੇ ਕਿੱਥੇ ਸ੍ਰੇਸ਼ਟ ਜੱਸ ਭਲੀ ਪ੍ਰਕਾਰ ਪ੍ਰਮਾਣਿਤ ਕਰੋ। ਆਪਣੇ ਹਿਰਦੇ ਵਿਚ ਵਿਚਾਰ ਕੇ ਦੇਖੋ, ਆਪਣੇ ਵਡਿਆਂ ਤੇ ਤਰਕ ਕਰਦੇ ਹੋ॥ ੬॥

ਕੋ ਜੀਵਤਿ ਹੈ ਜਗਤ ਮਝਾਰੀ? ਬਾਬਰ ਆਦਿਕ ਦਲ ਬਲ ਭਾਰੀ।
ਸਕਲ ਕਾਲ ਕੋ ਅਹੈ ਚਬੀਨਾ। ਧੰਨ ਸਿ ਪ੍ਰਾਨੀ ਜਿਨ ਜਸੁ ਲੀਨਾ॥ ੭॥

ਇਸ ਜਗਤ ਵਿਚ ਕੌਣ ਜੀਉਂਦਾ ਹੈ ? ਬਾਬਰ ਆਦਿ ਜਿਨ੍ਹਾਂ ਪਾਸ ਭਾਰੀ ਦਲ ਅਤੇ ਸ਼ਕਤੀ ਸੀ। ਸਾਰਿਆਂ ਨੂੰ ਕਾਲ ਚੱਬ ਗਿਆ ਹੈ, ਉਹ ਪ੍ਰਾਣੀ ਧੰਨ ਹਨ ਜਿਨ੍ਹਾਂ ਜੱਸ ਪ੍ਰਾਪਤ ਕੀਤਾ ਹੈ॥ ੭॥

ਰਾਜੇ ਕੰਨੈ ਕਹੁ ਕੁਟਵਾਰ!। ਕਰਾਮਾਤ ਹੈ ਕਹਿਰ ਉਦਾਰ।
ਕਪਟ ਕੂਰ ਕਰਿ ਕਹਿਰ ਨ ਜਾਚੋ। ਸਰਲ ਰਿਦੇ ਹਰਿ ਸਿਮਰਨ ਰਾਚੋ॥ ੮॥

ਹੇ ਕੋਤਵਾਲ ! ਤੁਸੀਂ ਰਾਜੇ ਪਾਸ ਰਹਿੰਦੇ ਹੋ। ਕਰਾਮਾਤ ਵਡਾ ਕਹਿਰ ਹੈ ਕਪਟ ਕੂੜ ਕਰਕੇ ਕਹਿਰ ਨਾ ਮੰਗੋ, ਹਿਰਦੇ ਵਿਚ ਸਰਲ ਹੋ ਕੇ ਹਰੀ ਦਾ ਸਿਮਰਨ ਕਰੋ॥ ੮॥

ਗੁਰ ਘਰ ਸਰਬ ਵਸਤੁ ਤੇ ਪੂਰਨ। ਸ਼ਰਧਾ ਤੇ ਪ੍ਰਾਪਤਿ ਹੁਇਂ ਤੂਰਨ।
ਜੇ ਕੋ ਬੁਰਾ ਕਰੈ ਕਿਸ ਭਾਂਤੀ। ਲਹਿ ਸੰਕਟ ਕੋ ਭੂਮ ਪਪਾਤੀ॥ ੯॥

ਗੁਰੂ ਘਰ ਸਭ ਵਸਤਾਂ ਨਾਲ ਪੂਰਨ ਹੈ, ਸ਼ਰਧਾ ਧਾਰਨ ਨਾਲ ਤੁਰਤ ਪ੍ਰਾਪਤ ਹੋ ਜਾਂਦੀਆਂ ਹਨ। ਜੇ ਕੋਈ ਕਿਸੇ ਪ੍ਰਕਾਰ ਬੁਰਾ ਕਰੇ ਤਾਂ ਉਹ ਧਰਤੀ ਤੇ ਡਿੱਗ ਕੇ ਦੁਖ ਪ੍ਰਾਪਤ ਕਰੇਗਾ॥ ੯॥

ਦੂਧ ਪੂਤ ਧਨ ਧਾਮ ਮਹਾਨੇ। ਗਜ ਬਾਜੀ ਗਨ ਰਤਨ ਖਜ਼ਾਨੇ।
ਗੁਰ ਘਰ ਮਹਿਂ ਉੱਤਮ ਇਹ ਘਨੇ। ਪਾਵਹਿ ਸੋ, ਸੇਵਕ ਜੋ ਬਨੇ॥ ੧੦॥

ਮਹਾਨ ਦੁੱਧ, ਪੁੱਤ, ਧਨ, ਘਰ, ਹਾਥੀ, ਘੋੜੇ ਅਤੇ ਰਤਨਾਂ ਦੇ ਖਜ਼ਾਨੇ ਗੁਰੂ ਘਰ ਵਿਚ ਇਹ ਉੱਤਮ ਵਸਤਾਂ ਬਹੁਤ ਹਨ। ਉਹ ਵਿਅਕਤੀ ਇਹ ਸਭ ਚੀਜ਼ਾਂ ਪ੍ਰਾਪਤ ਕਰ ਲੈਂਦਾ ਹੈ ਜੋ ਸੇਵਕ ਬਣਦਾ ਹੈ॥ ੧੦॥

ਹੁਇ ਹੰਕਾਰੀ ਓਜ ਜਨਾਵਹਿ। ਗੁਰ ਤੇ ਪ੍ਰਤੀਕੂਲ ਬਨਿ ਆਵਹਿ।
ਬਲ ਤੇ ਕਰਹਿ ਜਾਚਨਾ ਜੋਇ। ਖੜਗਧਾਰ ਤੇ ਪ੍ਰਾਪਤਿ ਸੋਇ॥ ੧੧॥

ਜੋ ਹੰਕਾਰੀ ਹੋ ਕੇ ਸ਼ਕਤੀ ਜਤਾਉਂਦੇ ਹੋ, ਗੁਰੂ ਘਰ ਦੇ ਉਲਟ ਬਣ ਕੇ ਆਵੇ। ਸ਼ਕਤੀ ਦੇ ਜ਼ੋਰ ਨਾਲ ਮੰਗੇ ਤਾਂ ਉਹ ਫਿਰ ਤਲਵਾਰ ਦੀ ਧਾਰ 'ਤੇ ਹੀ ਪ੍ਰਾਪਤ ਹੁੰਦੀ ਹੈ"॥ ੧੧॥

ਭੀਮਚੰਦ ਜੋ ਬੈਠ ਇਕੰਤ। ਕਰਜੋ ਅਮਾਤਨ ਸੰਗ ਮਤੰਤ।
ਸ੍ਰੀ ਸਤਿਗੁਰ ਸਭਿ ਜਬੈ ਬਖਾਨਾ। ਸੁਨਿ ਕੁਟਵਾਰ ਭਯੋ ਹੈਰਾਨਾ॥ ੧੨॥

ਭੀਮ ਚੰਦ ਨੇ ਜਿਹੜਾ ਇਕਾਂਤ ਵਿਚ ਬੈਠ ਕੇ ਵਜ਼ੀਰਾਂ ਨਾਲ ਸਲਾਹ ਮਸ਼ਵਰਾ ਕੀਤਾ ਸੀ, ਸਤਿਗੁਰੂ ਜੀ ਨੇ ਜਦ ਉਸ ਦੇ ਬਾਰੇ ਕਿਹਾ ਤਾਂ ਉਹ ਸੁਣ ਕੇ ਕੋਤਵਾਲ ਬਹੁਤ ਹੈਰਾਨ ਹੋਇਆ॥ ੧੨॥

ਮੋ ਤੇ ਪ੍ਰਥਮ ਨਹੀਂ ਕੋ ਆਯੋ। ਥੋਰੇ ਨਰ ਸੋਂ ਮਤਾ ਪਕਾਯੋ।
ਘਟ ਘਟ ਕੋ ਇਹ ਅੰਤਰਜਾਮੀ। ਤਹਿਂ ਕੀ ਕਹੀ ਲਖੀ ਸਭਿ ਸ੍ਵਾਮੀ॥ ੧੩॥

ਉਹ ਸੋਚਣ ਲੱਗਾ, "ਮੇਰੇ ਤੋਂ ਪਹਿਲਾਂ ਤਾਂ ਏਥੇ ਕੋਈ ਨਹੀਂ ਆਇਆ ਅਤੇ ਥੋੜ੍ਹੇ ਮਨੁੱਖਾਂ ਨਾਲ ਹੀ ਮਤਾ ਪਕਾਇਆ ਸੀ। ਇਹ ਅੰਤਰਜਾਮੀ ਗੁਰੂ ਜੀ ਹਰ ਇਕ ਦੇ ਦਿਲ ਦੀ ਜਾਣਦੇ ਹਨ। ਓਥੇ ਦੀ ਕਹੀ ਹੋਈ ਸਾਰੀ ਗੱਲ ਸਵਾਮੀ ਜੀ ਸਮਝ ਗਏ ਹਨ॥ ੧੩॥

**ਮਹਿਮਾ ਮਾਨਿ ਮਹਿਦ ਮਹੀਆਨ। ਇਹ ਸਭਿ ਕੇ ਮਾਲਕ ਭਗਵਾਨ।**
**ਬਿਨਤੀ ਕਰਤਿ ਉਠਯੋ ਤਤਕਾਲਾ। ਖਰੇ ਹੋਇ ਕਰਿ ਸਮੁਖ ਕ੍ਰਿਪਾਲਾ॥੧੪॥**

ਕੋਤਵਾਲ ਇਹ ਮੰਨ ਗਿਆ ਕਿ ਗੁਰੂ ਜੀ ਦੀ ਮਹਿਮਾ ਵੱਡੀ ਤੋਂ ਵੱਡੀ ਹੈ। ਇਹ ਭਗਵਾਨ ਸਭ ਦੇ ਮਾਲਕ ਹਨ। ਬੇਨਤੀ ਕਰਕੇ ਤੁਰਤ ਉੱਠ ਪਿਆ ਤੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ॥ ੧੪॥

**ਕੀਨਸਿ ਮਨ ਮਲਿੰਦ ਮਾਨਿੰਦ। ਚਹਿ ਮਕਰੰਦ ਪਗਨਿ ਅਰਬਿੰਦ।**
**ਬੰਦਿ ਹਾਥ ਕੋ ਬੰਦਨ ਕੀਨਿ। ਆਗੈ ਨੰਮ੍ਰਿ ਸੀਸ ਧਰਿ ਦੀਨਿ॥ ੧੫॥**

ਆਪਣੇ ਮਨ ਨੂੰ ਇਕ ਭੌਰੇ ਵਾਂਗ ਕਰ ਲਿਆ, ਚਰਨ-ਕੰਵਲਾਂ ਦੀ ਧੂੜ ਚਾਹੁੰਦਾ ਸੀ। ਹੱਥ ਜੋੜ ਕੇ ਬੰਦਨਾ ਕੀਤੀ ਤੇ ਸਨਿਮਰ ਹੋ ਕੇ ਅੱਗੇ ਸਿਰ ਧਰ ਦਿੱਤਾ॥ ੧੫॥

**'ਛਿਮਹੁ ਅਵੱਗਜਾ ਜੇਤਿਕ ਮੇਰੀ। ਕਹੀ ਕੁਟਿਲਤਾ ਕੂਰ ਕਰੇਰੀ।**
**ਸਭਿ ਅਨਜਾਨ ਪਨੇ ਮਹਿਂ ਜਾਨਹੁਂ। ਅਬਿ ਸੇਵਕ ਲਖਿ ਕਰੁਨਾ ਠਾਨਹੁਂ॥੧੬॥**

ਬੇਨਤੀ ਕੀਤੀ, "ਖਿਮਾ ਕਰੋ, ਜਿੰਨੀ ਵੀ ਮੈਥੋਂ ਅਵੱਗਿਆ ਹੋਈ ਹੈ, ਮੈਂ ਝੂਠੀ ਅਤੇ ਕਰੜੀ ਕੁਟਿਲਤਾ ਕੀਤੀ ਹੈ। ਇਹ ਸਾਰੀ ਮੈਥੋਂ ਅਣਜਾਨਪੁਣੇ ਵਿਚ ਹੋਈ ਸਮਝੋ। ਹੁਣ ਸੇਵਕ ਸਮਝ ਕੇ ਕਿਰਪਾ ਕਰੋ॥ ੧੬॥

**ਤੁਮ ਸੋਂ ਕਪਟ ਰਚਹਿਂ ਅੱਗਜਾਨੀ। ਖੋਟੇ ਭਾਗ ਨ ਮਹਿਮਾ ਜਾਨੀ।**
**ਕਿਮ ਛਲ ਪੁਜਹਿ ਆਪ ਕੇ ਸਾਥ। ਬਿਦਤਿ ਤ੍ਰਿਲੋਕੀ ਜਿਮ ਫਲ ਹਾਥ॥੧੭॥**

ਅਗਿਆਨੀ ਤੁਹਾਡੇ ਨਾਲ ਕਪਟ ਰਚਦਾ ਹੈ, ਖੋਟੇ ਭਾਗ ਹਨ ਕਿ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਆਪ ਜੀ ਦੇ ਨਾਲ ਕਿਵੇਂ ਛਲ ਪੁੱਗ ਸਕਦਾ ਹੈ। ਹੱਥ ਵਿਚ ਰੱਖੇ ਫਲ ਵਾਂਗ ਤ੍ਰਿਲੋਕੀ ਪ੍ਰਤੱਖ ਹੈ॥ ੧੭॥

**ਪਰਾਧੀਨ ਹਮ ਭੂਪ ਸਦੀਵਾ। ਬਰਤਹਿਂ ਅਨੁਸਾਰੀ ਹਿਤ ਜੀਵਾ।**
**ਤਿਸ ਕਾਰਨ ਤੇ ਕਪਟ ਸਕੂਰ। ਹੇ ਪ੍ਰਭੁ ! ਠਾਨਯੋਂ ਆਨਿ ਹਜ਼ੂਰ॥ ੧੮॥**

ਅਸੀਂ ਸਦਾ ਰਾਜੇ ਦੇ ਅਧੀਨ ਰਹਿੰਦੇ ਹਾਂ, ਰੋਜ਼ੀ ਵਾਸਤੇ ਉਸ ਦੀ ਆਗਿਆ ਵਿਚ ਰਹਿੰਦੇ ਹਾਂ। ਤਿਸ ਕਾਰਨ ਇਹ ਕੂੜ ਕਪਟ ਹੇ ਪ੍ਰਭੂ ! ਆਪ ਜੀ ਦੀ ਹਜ਼ੂਰੀ ਵਿਚ ਆ ਕੇ ਧਾਰਨ ਕੀਤਾ ਹੈ॥ ੧੮॥

**ਕਰਯੋ ਇਕੰਤ ਮਤੰਤ ਨਰਿੰਦ। ਨਰ ਪੰਚਨ ਢਿਗ, ਨਾਹਿਨ ਬ੍ਰਿੰਦ।**
**ਸੋ ਸਭਿ ਰਾਵਰ ਕੇ ਮੁਖ ਸੁਨਯੋਂ। ਸਭਿ ਤੇ ਪ੍ਰਿਥਕ ਹੋਇ ਜੋ ਭਨਯੋਂ॥ ੧੯॥**

ਰਾਜੇ ਨੇ ਇਕਾਂਤ ਵਿਚ ਬੈਠ ਕੇ ਮਤਾ ਪਕਾਇਆ ਹੈ ਤੇ ਕੇਵਲ ਮੁੱਖੀਏ ਮਨੁੱਖਾਂ ਪਾਸ ਗੱਲ ਕੀਤੀ ਹੈ, ਜੋ ਬਹੁਤੇ ਨਹੀਂ ਸਨ। ਉਹ ਸਭ ਆਪ ਜੀ ਦੇ ਮੁਖ ਤੋਂ ਸੁਣ ਲਿਆ ਹੈ। ਸਭ ਤੋਂ ਵੱਖ ਹੋ ਕੇ ਜੋ ਕਿਹਾ ਹੈ॥ ੧੯॥

**ਦਿਢ ਪ੍ਰਤੀਤ ਅਬਿ ਰਹਿ ਚਿਤ ਮੇਰੋ। ਪਰਯੋ ਸ਼ਰਨ ਜੁਗ ਚਰਨਨਿ ਹੇਰੋਂ।**
**ਭੀਮਚੰਦ ਮਤਿਮੰਦ ਗੁਮਾਨੀ। ਭਯੋ ਕੁਭਾਗ ਨ ਮਹਿਮਾ ਜਾਨੀ॥ ੨੦॥**

ਹੁਣ ਮੇਰੇ ਚਿੱਤ ਵਿਚ ਦ੍ਰਿੜ੍ਹ ਪ੍ਰਤੀਤ ਆ ਗਈ ਹੈ, ਤੁਹਾਡੇ ਦੋਵੇਂ ਚਰਨ ਵੇਖ ਕੇ ਸ਼ਰਨ ਪੈ ਗਿਆ ਹਾਂ। ਭੀਮ ਚੰਦ ਮਾੜੀ ਮੱਤ ਵਾਲਾ ਵੱਡਾ ਘੁਮੰਡੀ ਹੈ, ਮਾੜੇ ਭਾਗ ਹਨ ਕਿ ਉਸ ਆਪ ਜੀ ਦੀ ਮਹਿਮਾ ਨਹੀਂ ਜਾਣੀ ਹੈ॥ ੨੦॥

ਦੂਰਦ ਪ੍ਰਸਾਦੀ ਹਿਤ ਹੈ ਬਾਦੀ। ਭਨਜੋ ਵਜ਼ੀਰ ਲਖਹੁ ਗੁਰ ਗਾਦੀ।
ਸੇਵਕੁ ਬਨਹੁ ਸਭੈ ਕੁਛ ਪਾਵਹੁ। ਨਹਿਂ ਨਾਹਕ ਬਹੁ ਬੈਰ ਬਧਾਵਹੁ॥ ੨੧॥

ਪ੍ਰਸਾਦੀ ਹਾਥੀ ਵਾਸਤੇ ਝਗੜਾ ਕਰਦਾ ਹੈ, ਵਜ਼ੀਰ ਨੇ ਕਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਸਮਝੋ। ਸੇਵਕ ਬਣੋ ਤੇ ਸਭ ਕੁਝ ਪਾਵੋ, ਫਜ਼ੂਲ ਵਿਚ ਬਹੁਤਾ ਵੈਰ ਨਾ ਵਧਾਵੋ॥ ੨੧॥

ਮਾਨੀ ਨਹੀਂ, ਕਰੀ ਮਨ ਭਾਈ। ਗਜ ਹਿਤ ਸਿੱਖਜਾ ਮੋਹਿ ਸਿਖਾਈ।
ਤੁਮ ਸਭਿ ਜਾਨਹੁਂ ਅੰਤਰ ਜਾਮੀ ! ਕਹਹੁ ਜਥਾ ਮੈਂ ਕਰਹੁਂ ਬਖਾਨੀ'॥ ੨੨॥

ਵਜ਼ੀਰ ਦੀ ਗੱਲ ਨਹੀਂ ਮੰਨੀ ਹੈ, ਆਪਣੇ ਮਨ-ਭਾਉਂਦੀ ਗੱਲ ਕੀਤੀ ਹੈ। ਹਾਥੀ ਵਾਸਤੇ ਮੈਨੂੰ ਸਿਖਿਆ ਸਿਖਾਈ ਹੈ। ਹੇ ਅੰਤਰਜਾਮੀ ਗੁਰੂ ਜੀ ! ਤੁਸੀਂ ਸਭ ਜਾਣਦੇ ਹੋ। ਜਿਵੇਂ ਤੁਸੀਂ ਕਹੋ, ਮੈਂ ਉਸ ਤਰ੍ਹਾਂ ਹੀ ਕਹਿ ਦੇਵਾਂਗਾ'॥ ੨੨॥

ਤਬਿ ਸ੍ਰੀ ਸਤਿਗੁਰ ਮੁਖ ਫੁਰਮਾਯੋ। 'ਧਾਮ ਬਚੌਲੀ ਬੀਚ ਬਨਾਯੋ।
ਦਾਸ ਹਮਾਰੋ ਤੂੰ ਇਕ ਤਹਾਂ। ਅਹੋ ਪ੍ਰਥਮ ਤੇ ਤੈਂ ਅਬਿ ਲਹਾ॥ ੨੩॥

ਤਦ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ, "ਬਿਚੋਲੀ ਪਿੰਡ ਵਿਚ ਇਕ ਘਰ ਬਣਾਇਆ ਸੀ, ਉਥੇ ਪਿਛਲੇ ਜਨਮ ਵਿਚ ਤੂੰ ਸਾਡਾ ਇਕ ਦਾਸ ਸੀ, ਪਰ ਹੁਣ ਤੈਨੂੰ ਸੋਝੀ ਆਈ ਹੈ॥ ੨੩॥

ਕਹਹੁ ਜਾਇ ਨ੍ਰਿਪ ਨਿਕਟ ਬਨਾਈ। ਸਿਖ ਕੀ ਕਹੀ ਨ ਜਾਇ ਮਿਟਾਈ।
ਗੁਰ ਘਰ ਬਿਨਾ ਨ ਦਿਹੁ ਕਿਤ ਹਾਥੀ। ਇਹੀ ਭਾਵਨਾ ਮਮ ਮਨ ਸਾਥੀ॥੨੪॥

ਰਾਜੇ ਦੇ ਪਾਸ ਜਾ ਕੇ ਬਣਾ ਕੇ ਕਹੋ ਕਿ ਸਿੱਖ ਦੀ ਕਹੀ ਹੋਈ ਗੱਲ ਮੇਟੀ ਨਹੀਂ ਜਾ ਸਕਦੀ ਹੈ। ਜੋ ਉਸ ਨੇ ਕਿਹਾ ਸੀ ਕਿ ਗੁਰੂ ਘਰ ਤੋਂ ਬਗੈਰ ਇਸ ਹਾਥੀ ਨੂੰ ਹੋਰ ਕਿਸੇ ਥਾਂ ਨਾ ਦੇਵੇ, ਇਹੀ ਮੇਰੇ ਮਨ ਦੀ ਭਾਵਨਾ ਹੈ॥ ੨੪॥

ਸੁਨਿ ਕਰਿ ਹਮ ਤਿਹ ਸੰਗ ਬਖਾਨਾ। ਕਰਹਿਂ ਇਸੀ ਬਿਧਿ, ਦੇਹਿਂ ਨ ਆਨਾ।
ਸੋ ਨਿਜ ਬਾਕ ਨ ਕੂਰੋ ਠਾਨੈਂ। ਜ਼ਾਹਰ ਜਿਹ ਜਹਾਨ ਮਨ ਜਾਨੈ॥ ੨੫॥

ਅਸੀਂ ਇਸ ਤਰ੍ਹਾਂ ਸੁਣ ਕੇ ਆਪਣੇ ਸਿੱਖ ਨੂੰ ਕਿਹਾ ਸੀ, ਕਿ ਇਸ ਵਿਧੀ ਅਨੁਸਾਰ ਹੀ ਕਰਾਂਗਾ, ਹਾਥੀ ਨੂੰ ਹੋਰ ਕਿਸੇ ਨੂੰ ਨਹੀਂ ਦੇਵਾਂਗੇ। ਇਸ ਲਈ ਆਪਣਾ ਬਚਨ ਅਸੀਂ ਝੂਠਾ ਨਹੀਂ ਕਰਾਂਗੇ, ਜਿਸ ਗੱਲ ਨੂੰ ਸਾਰਾ ਜਹਾਨ ਪ੍ਰਤੱਖ ਜਾਣਦਾ ਹੈ॥ ੨੫॥

ਨਹਿਂ ਗਜ ਦੇਬੇ ਮਹਿਂ ਇਹ ਕਾਰਨ। ਭੀਮਚੰਦ ਸੰਗ ਕਰਹੁ ਉਚਾਰਨਿ।
ਇਮ ਸੁਨਿ ਜੇ ਉਰ ਕੋਪ ਉਪਾਵੈ। ਨਿਜ ਬਲ ਤੇ ਹਮ ਕੋ ਡਰਪਾਵੈ॥ ੨੬॥

ਹਾਥੀ ਨਾ ਦੇਣ ਵਿਚ ਇਹੋ ਕਾਰਨ ਹੈ, ਤੇ ਭੀਮ ਚੰਦ ਪਾਸ ਇਸ ਤਰ੍ਹਾਂ ਉਚਾਰਨ ਕਰੋ। ਇਸ ਤਰ੍ਹਾਂ ਸੁਣ ਕੇ ਹਿਰਦੇ ਵਿਚ ਬੜਾ ਗੁੱਸਾ ਕਰੇਗਾ, ਆਪਣੀ ਸ਼ਕਤੀ ਨਾਲ ਸਾਨੂੰ ਡਰਾਵੇਗਾ॥ ੨੬॥

ਤੌ ਇਸ ਬਿਧਿ ਕੋ ਕਹਹੁ ਸੰਦੇਸਾ। ਰਣ ਕੋ ਦੇ ਕਰਿ ਲੇਹਿ ਗਜੇਸ਼ਾ।
ਇਹਾਂ ਕਲੀਵ ਤ੍ਰਿਯਾ ਨਹਿਂ ਕੋਈ। ਜੰਗ ਪ੍ਰਸੰਗ ਸੁਨੇ ਡਰ ਹੋਈ॥ ੨੭॥

ਤਾਂ ਇਸ ਵਿਧੀ ਦਾ ਸਨੇਹਾ ਦੇਵੋ, ਸਾਡੇ ਨਾਲ ਯੁੱਧ ਕਰਕੇ ਹਾਥੀ ਲੈ ਲਵੇ। ਇਥੇ ਵੀ ਕੋਈ ਖੁਸਰੇ ਤੇ ਇਸਤਰੀਆਂ ਨਹੀਂ, ਜੰਗ ਦਾ ਪ੍ਰਸੰਗ ਸੁਣ ਕੇ ਹੀ ਡਰ ਜਾਵਾਂਗੇ॥ ੨੭॥

ਹਮ ਸਮੇਤ ਸਭਿ ਸੁਭਟਨਿ ਕੇਰਾ। ਪਰਚਾ ਸ਼ਸਤ੍ਰਨਿ ਸਾਥ ਬਡੇਰਾ।
ਕਰਹਿਂ ਚਲਾਵਨਿ ਹਤਹਿਂ ਨਿਸ਼ਾਨੇ। ਆਪਸ ਬਿਖੇ ਬੀਰਤਾ ਠਾਨੇ॥ ੨੮॥

ਸਾਡੇ ਸਮੇਤ ਸਾਰੇ ਸੂਰਬੀਰਾਂ ਦਾ ਸ਼ਸਤਰਾਂ ਨਾਲ ਵੱਡਾ ਪਿਆਰ ਹੈ। ਹਥਿਆਰ ਚਲਾ ਕੇ ਨਿਸ਼ਾਨੇ ਫੁੰਡਾਂਗੇ, ਆਪਸ ਵਿਚ ਵੀਰਤਾ ਧਾਰਨ ਕਰਾਂਗੇ॥ ੨੮॥

**ਤਿਨ ਪਰਖਨਿ ਹਿਤ ਚਿਤ ਚਹਿ ਮੋਰਾ। ਕਬਿ ਰਿਪੁ ਗਣ ਸੌਂ ਰਣ ਹੁਇ ਘੋਰਾ।**
**ਹਮਰੇ ਦੁਊ ਬਾਰਤਾ ਨੀਕੀ। ਕਰਹੁ ਨਰਿੰਦ! ਭਾਵਤੀ ਜੀ ਕੀ'॥ ੨੯॥**

ਉਨ੍ਹਾਂ ਨੂੰ ਪਰਖਣ ਵਾਸਤੇ ਹੀ ਮੇਰਾ ਚਿੱਤ ਚਾਹੁੰਦਾ ਹੈ, ਕਦ ਵੈਰੀਆਂ ਨਾਲ ਰਣਖੇਤਰ ਵਿਚ ਘੋਰ ਯੁੱਧ ਹੋਵੇ। ਸਾਡੇ ਵਾਸਤੇ ਦੋਵੇਂ ਗੱਲਾਂ ਚੰਗੀਆਂ ਹਨ। ਜੰਗ ਕਰਨਾ ਅਤੇ ਸੰਧੀ ਕਰਨੀ ਸਾਡੇ ਵਾਸਤੇ ਸਮਾਨ ਹਨ। ਹੇ ਰਾਜੇ ! ਆਪਣੇ ਦਿਲ ਦੀ ਮਨ-ਭਾਉਂਦੀ ਕਰੋ"॥ ੨੯॥

**ਸੁਨਿ ਕੁਟਵਾਰ ਕਹਜੋ ਕਰ ਜੋਰਿ। 'ਕੌਨ ਸਕਹਿ ਪਿਖਿ ਰਾਵਰਿ ਓਰ।**
**ਜਿਸ ਕੇ ਭਲੇ ਭਾਗ ਹੁਇਂ ਨਾਂਹੀ। ਬਨਹਿ ਬਿਰੋਧੀ, ਸੋ ਦੁਖ ਪਾਹੀ'॥ ੩੦॥**

ਇਹ ਸੁਣ ਕੇ ਕੋਤਵਾਲ ਨੇ ਹੱਥ ਜੋੜ ਕੇ ਕਿਹਾ, "ਆਪ ਜੀ ਵਲ ਕੌਣ ਵੇਖ ਸਕਦਾ ਹੈ। ਜਿਸ ਦੇ ਚੰਗੇ ਭਾਗ ਨਹੀਂ ਹੋਣਗੇ ਉਹ ਹੀ ਆਪ ਜੀ ਦਾ ਵਿਰੋਧੀ ਬਣ ਕੇ ਦੁਖ ਪਾਵੇਗਾ"॥ ੩੦॥

**ਇਮ ਕਹਿ ਰੁਖ਼ਸਦ ਹ੍ਵੈ ਕਰਿ ਚਾਲਾ। ਨਿਕਸਜੋ ਨੰਮ੍ਰੀ ਭਯੋ ਬਿਸ਼ਾਲਾ।**
**ਗੁਰ ਮਹਿਮਾ ਕੋ ਜਾਤਿ ਬਿਚਾਰਤਿ। ਭੀਮਚੰਦ ਸਠ ਹਠ ਉਰ ਧਾਰਤਿ॥ ੩੧॥**

ਇਸ ਤਰ੍ਹਾਂ ਕਹਿ ਕੇ ਰੁਖ਼ਸਤ ਹੋ ਕੇ ਚਲ ਪਿਆ, ਜਦ ਬਾਹਰ ਨਿਕਲਿਆ ਤਾਂ ਬਹੁਤ ਦੀਨ ਹੋ ਗਿਆ ਸੀ। ਗੁਰੂ ਜੀ ਦੀ ਮਹਿਮਾ ਨੂੰ ਵਿਚਾਰਦਾ ਜਾਂਦਾ ਸੀ, ਭੀਮ ਚੰਦ ਮੂਰਖ ਨੇ ਹਿਰਦੇ ਵਿਚ ਹਠ ਧਾਰਨ ਕੀਤਾ ਹੈ॥ ੩੧॥

**ਪਹੁੰਚਜੋ ਪੁਨ ਬਿਲਾਸਪੁਰਿ ਜਾਈ। ਮਿਲਜੋ ਤਬੈ ਜਹਿਂ ਥਿਰ ਗਿਰਰਾਈ।**
**ਠਾਨਿ ਬੰਦਨਾ ਬੈਠਿ ਸਮੀਪਾ। ਪਿਖਿ ਕਰਿ ਛੂਛਾ, ਕਹਜੋ ਮਹੀਪਾ॥ ੩੨॥**

ਫਿਰ ਉਹ ਬਿਲਾਸਪੁਰ ਜਾ ਪੁੱਜਾ, ਤੇ ਓਥੇ ਜਾ ਕੇ ਮਿਲਿਆ ਜਿੱਥੇ ਪਹਾੜੀ ਰਾਜਾ ਭੀਮ ਚੰਦ ਬੈਠਾ ਸੀ। ਬੰਦਨਾ ਕਰਕੇ ਪਾਸ ਬੈਠ ਗਿਆ, ਖਾਲੀ ਆਇਆ ਵੇਖ ਕੇ ਰਾਜੇ ਨੇ ਕਿਹਾ॥ ੩੨॥

**'ਕਹੁ ਕੁਟਵਾਰ ! ਗੁਰੂ ਕੰਨਿ ਜਾਈ। ਭਯੋ ਸੰਬਾਦ ਸੁ ਦੇਹਿ ਸੁਨਾਈ।**
**ਮਾਨਜੋਂ, ਨਹੀਂ ਕਿ ਕੁੰਚਰ ਦੈਬੋ। ਹਮ ਸੌਂ ਰਸ, ਕੈ ਬਿਰਸ ਚਹੈਬੋ'॥ ੩੩॥**

"ਹੇ ਕੋਤਵਾਲ ! ਕਹੋ, ਗੁਰੂ ਜੀ ਦੇ ਪਾਸ ਗਿਆ ਸੀ, ਜੋ ਗੱਲ ਬਾਤ ਹੋਈ ਹੈ, ਉਹ ਸੁਣਾ ਦੇਵੋ, ਮੰਨੇ ਹਨ ਕਿ ਹਾਥੀ ਨਹੀਂ ਦੇਣਗੇ। ਸਾਡੇ ਨਾਲ ਰਸ ਕਿ ਬੇਰਸੀ ਚਾਹੁੰਦੇ ਹਨ"॥ ੩੩॥

**ਤਬਿ ਕਰ ਬੰਦਿ ਪ੍ਰਸੰਗ ਕਹੰਦਾ। 'ਦਿਲ ਅੰਦਰ ਕੀ ਗੁਰੂ ਲਖੰਦਾ।**
**ਤਿਨਹੁਂ ਅੱਗ੍ਰ ਨਹਿਂ ਕਪਟ ਚਲੰਦਾ। ਜਿਨ ਤੇ ਸੁਨਤਿ ਸੁ ਮਨ ਬਿਸਮੰਦਾ॥ ੩੪॥**

ਤਦ ਹੱਥ ਜੋੜ ਕੇ ਪ੍ਰਸੰਗ ਕਹਿਣ ਲੱਗਾ, "ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ। ਉਨ੍ਹਾਂ ਦੇ ਅੱਗੇ ਕਪਟ ਨਹੀਂ ਚਲ ਸਕਦਾ, ਜਿਨ੍ਹਾਂ ਪਾਸੋਂ ਸੁਣ ਕੇ ਮਨ ਹੈਰਾਨ ਰਹਿ ਜਾਂਦਾ ਹੈ॥ ੩੪॥

**ਹੋਇ ਇਕੰਤ ਮਤੰਤ ਪਕਾਯੋ। ਸੋ ਸਗਰੋ ਮੁਝ ਸੰਗ ਸੁਨਾਯੋ।**
**ਅਪਰ ਬਾਕ ਪੁਨ ਭਨੇ ਅਨੇਕੂ। ਜੇ ਰਤਨਾਕਰ ਅਨੰਦ ਬਿਬੇਕੂ॥ ੩੫॥**

ਤੁਸੀਂ ਇਕਾਂਤ ਵਿਚ ਹੋ ਕੇ ਮਤਾ ਪਕਾਇਆ ਸੀ, ਉਹ ਸਾਰਾ ਉਨ੍ਹਾਂ ਮੈਨੂੰ ਸੁਣਾ ਦਿੱਤਾ ਹੈ। ਪਰ ਉਨ੍ਹਾਂ ਨੇ ਹੋਰ ਅਨੇਕਾਂ ਬਚਨ ਕਹੇ ਹਨ, ਜੋ ਅਨੰਦ ਅਤੇ ਵਿਚਾਰ ਦੇ ਸਮੁੰਦਰ ਹਨ॥ ੩੫॥

ਨਿਜ ਆਸ਼ੈ ਕੋ ਬਹੁਰ ਬਖਾਨਾ। ਲੇ ਗੁਰ ਘਰ ਤੇ ਦਾਸ ਮਹਾਨਾ।
ਜੋ ਜਾਚਹਿ ਗਰਬਤਿ ਬਲ ਧਾਰਾ। ਧਾਰਾ ਖੜਗ ਦਿਖਹਿ ਭਟ ਭਾਰਾ॥ ੩੬॥

ਆਪਣੇ ਆਸ਼ੇ ਬਾਰੇ ਫਿਰ ਕਿਹਾ, ਗੁਰੂ ਘਰ ਤੋਂ ਦਾਸ ਸਭ ਕੁਝ ਲੈਂਦੇ ਹਨ। ਜਿਹੜੇ ਘੁਮੰਡ ਕਰਕੇ ਬਲ ਧਾਰ ਕੇ ਮੰਗਦੇ ਹਨ, ਉਹ ਭਾਰੀ ਸੂਰਬੀਰ ਤਲਵਾਰ ਦੀ ਧਾਰ ਵੇਖਦੇ ਹਨ॥ ੩੬॥

ਹਮਰੇ ਦੇਰ ਨਹੀਂ ਕਿਸ ਕਾਲਾ। ਕਾਲ ਕਰਹਿਂ ਰਣ ਮਹਿਂ ਰਿਪੁ ਜਾਲਾ।
ਜ਼ਾਲਮ ਜਬਰੀ ਜੋਰ ਉਪਾਇ। ਪਾਇ ਨ ਭਲੋ, ਪਰਾਜੈ ਪਾਇ॥ ੩੭॥

ਕਿਸੇ ਸਮੇਂ ਵੀ ਸਾਡੇ ਵਲੋਂ ਕੋਈ ਦੇਰ ਨਹੀਂ ਹੈ, ਰਣਖੇਤਰ ਵਿਚ ਸਭ ਵੈਰੀਆਂ ਦਾ ਨਾਸ਼ ਕਰ ਦੇਵਾਂਗੇ। ਜਿਹੜਾ ਜ਼ਾਲਮ ਤੇ ਜ਼ਬਰਦਸਤੀ ਕਰਕੇ ਬਲ ਕਰੇਗਾ, ਉਹ ਭਲਾ ਨਹੀਂ ਪਾਏਗਾ, ਹਾਰ ਹੀ ਪਾਏਗਾ॥ ੩੭॥

ਮੋ ਮਤਿ ਮਹਿਂ ਨਹਿਂ ਨੀਕ ਬਖੇਰਾ। ਖੇਰਾ ਆਨੰਦ ਪੁਰਿ ਮੈਂ ਹੇਰਾ।
ਸੁਭਟ ਸ਼ਸਤ੍ਰ ਧਰਿ ਕਿਧੋਂ ਤੁਰੰਗਾ। ਰੰਗ ਰੰਗ ਸੁੰਦਰ ਸਰਬੰਗਾ॥ ੩੮॥

ਮੇਰੇ ਮੱਤ ਵਿਚ ਝਗੜਾ ਠੀਕ ਨਹੀਂ ਹੈ। ਅਨੰਦਪੁਰ ਵਿਚ ਮੈਂ ਅਨੰਦ ਹੀ ਵੇਖਿਆ ਹੈ। ਸੂਰਬੀਰ ਸ਼ਸਤਰ ਧਾਰ ਕੇ ਫਿਰਦੇ ਹਨ ਜਾਂ ਰੰਗ-ਬਰੰਗੇ ਸੁੰਦਰ ਅੰਗਾਂ ਵਾਲੇ ਘੋੜੇ ਵਿਖਾਈ ਦਿੰਦੇ ਹਨ॥ ੩੮॥

ਜਿਮ ਰਜਧਾਨੀ ਭੂਪ ਮਹਾਨੀ। ਹਾਨੀ ਸ਼ੱਤ੍ਰਨਿ ਪਰਹਿ ਪਛਾਨੀ।
ਛਾਨੀ ਨਹੀਂ ਬਿਦਤਿ ਤੁਮ ਜਾਨੀ। ਕੋ ਕੋ ਗੁਰ ਕੀ ਕਹੌਂ ਕਹਾਨੀ॥ ੩੯॥

ਜਿਵੇਂ ਮਹਾਨ ਰਾਜੇ ਦੀ ਰਾਜਧਾਨੀ ਹੋਵੇ, ਵੈਰੀਆਂ ਦੀ ਹਾਨੀ ਪਛਾਣ ਪੈਂਦੀ ਹੈ। ਕੁਝ ਵੀ ਗੁਪਤ ਨਹੀਂ, ਹਰ ਗੱਲ ਪ੍ਰਗਟ ਹੈ, ਇਹ ਤੁਸੀਂ ਜਾਣ ਲਈ ਹੈ। ਗੁਰੂ ਜੀ ਦੀ ਮੈਂ ਕਿਹੜੀ-ਕਿਹੜੀ ਕਹਾਣੀ ਕਹਾਂ॥ ੩੯॥

ਜਜੋਂ ਕਜੋਂ ਕਰਿ ਗਜ ਕੋ ਨਹਿਂ ਦੇਤਿ। ਨੀਕੇ ਪਾਇ ਲੀਨਿ ਮੈਂ ਭੇਤ।
ਤੁਮ ਭੀ ਮਨ ਤੇ ਤਜਹੁ ਬਿਰੋਧਾ। ਸ੍ਰੀ ਕਲਗੀਧਰ ਦੀਰਘ ਜੋਧਾ॥ ੪੦॥

ਜਿਵੇਂ ਕਿਵੇਂ ਕਰਕੇ ਹਾਥੀ ਨੂੰ ਨਹੀਂ ਦੇਵੇਗਾ, ਮੈਂ ਚੰਗੀ ਤਰ੍ਹਾਂ ਭੇਤ ਪਾ ਲਿਆ ਹੈ। ਤੁਸੀਂ ਵੀ ਮਨ ਤੋਂ ਵਿਰੋਧ ਛੱਡੋ। ਸ੍ਰੀ ਕਲਗੀਧਰ ਇਕ ਵੱਡਾ ਜੋਧਾ ਹੈ॥ ੪੦॥

ਬਾਤ ਕਹਾਂ ਇਹ ਬਪੁਰੋ ਕਰੀ। ਕਰੀ ਨ ਆਛੀ ਜ਼ਿਦ ਇਮ ਧਰੀ।
ਅਬਿ ਭੀ ਸੰਧਿ ਅਨੰਦ ਉਪਾਵੋ। ਪਾਵੋ ਮਨ ਬਾਂਛਤਿ ਹਰਖਾਵੋ॥ ੪੧॥

ਇਸ ਵਿਚਾਰੇ ਹਾਥੀ ਦੀ ਕੀ ਗੱਲ ਹੈ, ਹਾਥੀ ਵਾਸਤੇ ਇਸ ਤਰ੍ਹਾਂ ਜ਼ਿੱਦ ਕਰਨੀ ਚੰਗੀ ਗੱਲ ਨਹੀਂ ਹੈ, ਹੁਣ ਵੀ ਮੇਲ ਕਰਕੇ ਅਨੰਦ ਪਾਵੋ ਤੇ ਪ੍ਰਸੰਨ ਹੋ ਕੇ ਮਨ-ਭਾਉਂਦੀਆਂ ਇੱਛਾਵਾਂ ਪ੍ਰਾਪਤ ਕਰੋ'' ॥ ੪੧॥

ਸੁਨਿ ਨਰਿੰਦ੍ਰ ਉਰ ਲਗਜੋ ਬਿਚਾਰਨਿ। ਚਾਰਨ ਜਿਉਂ ਜਸੁ ਕਰਹਿ ਉਚਾਰਨ।
ਚਾਰਨ ਪਠੌਂ ਰਖੋਂ ਸੁਧਿ ਸਾਰੀ। ਕੇਤਿਕ ਦਿਨ ਅਬਿ ਦੈਂ ਹੌਂ ਟਾਰੀ॥ ੪੨॥

ਰਾਜਾ ਸੁਣ ਕੇ ਹਿਰਦੇ ਵਿਚ ਵਿਚਾਰ ਕਰਨ ਲੱਗਾ ਕਿ ਇਹ ਕੋਤਵਾਲ ਇਕ ਭੱਟ ਵਾਂਗ ਗੁਰੂ ਜੀ ਦਾ ਜੱਸ ਕਹਿ ਰਿਹਾ ਹੈ। ਦੂਤ ਭੇਜ ਕੇ ਹੁਣ ਸਾਰੀ ਖ਼ਬਰ ਲਵਾਂਗਾ, ਕਈ ਦਿਨਾਂ ਤਕ ਹੁਣ ਇਸ ਗੱਲ ਨੂੰ ਟਾਲ ਦੇਵਾਂਗਾ॥ ੪੨॥

ਸੁਨਤਿ ਸਭਿਨਿ ਕੇ ਤਬਹਿ ਬਖਾਨਾ। ਮੈਂ ਅਬਿ ਕਹਜੋ ਤੁਮਾਰੋ ਮਾਨਾ।
ਧੀਰ ਵਜ਼ੀਰ, ਸੁਮਤਿ ਕੁਟਵਾਰ। ਅਪਰ ਸਰਾਹਤਿ ਗੁਰੂ ਉਦਾਰ॥ ੪੩॥

ਸਾਰਿਆਂ ਦੇ ਸੁਣਦਿਆਂ ਫਿਰ ਰਾਜੇ ਨੇ ਕਿਹਾ, "ਮੈਂ ਹੁਣ ਤੇਰਾ ਕਿਹਾ ਮੰਨ ਲਿਆ ਹੈ, ਧੀਰਜਵਾਨ ਵਜ਼ੀਰ ਤੇ ਬੁੱਧੀਮਾਨ ਕੋਤਵਾਲ ਤੇ ਹੋਰ ਵੀ ਗੁਰੂ ਜੀ ਦੀ ਬਹੁਤ ਸ਼ਲਾਘਾ ਕਰਦੇ ਹਨ॥ ੪੩॥

**ਕੇਤਿਕ ਦਿਨ ਉਰ ਧੀਰਜ ਧਰੌਂ। ਬਜਾਹ ਨਿਕਟ ਤਬਿ ਜਾਚਨਿ ਕਰੌਂ।**
**ਤਬਿ ਤੌ ਲੇਨੌਂ ਬਨੈ ਜ਼ਰੂਰ। ਇਕ ਕੁੰਚਰ ਅਰੁ ਡੇਰੋ ਰੂਰ॥ ੪੪॥**

ਕਈ ਦਿਨ ਹਿਰਦੇ ਵਿਚ ਧੀਰਜ ਧਾਰਾਂਗਾ, ਵਿਆਹ ਦੇ ਨੇੜੇ ਜਾ ਕੇ ਮੰਗਾਂਗਾ। ਤਦ ਤਾਂ ਹਾਥੀ ਲੈਣਾ ਜ਼ਰੂਰ ਬਣੇਗਾ, ਇਕ ਹਾਥੀ ਅਤੇ ਇਕ ਸੁੰਦਰ ਤੰਬੂ ਹੈ॥ ੪੪॥

**ਜਥਾ ਜੋਗ ਤਬਿ ਜਾਚਨਿ ਹੋਇ। ਬਜਾਹ ਬਿਖੈ ਲੇਵਤਿ ਸਭਿ ਕੋਇ।**
**ਦੋਨਹੁਂ ਦਿਸ਼ਿ ਤੇ ਸੰਧਿ ਬਨੰਤੀ। ਇਕ ਕੇ ਚਾਹੇ, ਨਹਿਂ ਸੁਧਰੰਤੀ॥ ੪੫॥**

ਯਥਾ ਯੋਗ ਤਦ ਮੰਗ ਲਵਾਂਗਾ, ਵਿਆਹ ਵਿਚ ਸਾਰੇ ਹੀ ਮੰਗ ਲੈਂਦੇ ਹਨ। ਦੋਵਾਂ ਪਾਸਿਆਂ ਤੋਂ ਮੇਲ ਬਣਦਾ ਹੈ, ਇਕ ਦੇ ਚਾਹੁਣ ਨਾਲ ਗੱਲ ਸੁਧਰਦੀ ਨਹੀਂ ਹੈ॥ ੪੫॥

**ਤੁਮਰੇ ਕਹਜੋ ਕਰਜੋ ਮੈਂ ਟਾਰਾ। ਪੁਨ ਆਨਹੁ ਦ੍ਵੈ ਵਸਤੁ ਉਦਾਰਾ'।**
**ਸੁਨਿ ਵਜ਼ੀਰ ਨ੍ਰਿਪ ਅਧਿਕ ਸਰਾਹਾ। 'ਇਮ ਹੀ ਆਛੀ ਜਿਮ ਤੁਮ ਚਾਹਾ' ॥੪੬॥**

ਤੇਰੇ ਕਹਿਣ ਤੇ ਹੁਣ ਮੈਂ ਟਾਲ ਦਿੰਦਾ ਹਾਂ, ਫਿਰ ਇਹ ਦੋਵੇਂ ਉੱਤਮ ਵਸਤਾਂ ਲਿਆਵਾਂਗਾ।" ਵਜ਼ੀਰ ਨੇ ਸੁਣ ਕੇ ਰਾਜੇ ਦੀ ਬਹੁਤ ਸ਼ਲਾਘਾ ਕੀਤੀ, "ਇਸ ਤਰ੍ਹਾਂ ਹੀ ਚੰਗਾ ਹੈ ਜਿਵੇਂ ਤੁਸੀਂ ਚਾਹਿਆ ਹੈ"॥ ੪੬॥

*ਪਹਿਲੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

## *ਅਧਿਆਇ ਛੱਤੀਵਾਂ*

### *ਮਸੰਦਾਂ ਦੇ ਕਹਿਣ ਤੇ ਮਾਤਾ ਜੀ ਦਾ ਸਮਝਾਉਣਾ*

**ਦੋਹਰਾ- ਇਸ ਪ੍ਰਕਾਰ ਕੋ ਮਤ ਕਰਜੋ 'ਬਜਾਹ ਨਿਕਟ ਪੁਨ ਜਾਇ।**
**ਇਕ ਡੇਰਾ ਅਰੁ ਦੁਰਦ ਕੋ ਗੁਰ ਤੇ ਜਾਚਤਿ ਲਜਾਇਂ'॥ ੧॥**

ਇਸ ਪ੍ਰਕਾਰ ਫਿਰ ਸਲਾਹ ਕੀਤੀ, "ਵਿਆਹ ਦੇ ਨੇੜੇ ਫਿਰ ਜਾ ਕੇ ਇਕ ਤੰਬੂ ਤੇ ਦੂਸਰਾ ਹਾਥੀ ਨੂੰ ਗੁਰੂ ਜੀ ਪਾਸੋਂ ਮੰਗ ਕੇ ਲੈ ਆਵਾਂਗੇ'॥ ੧॥

**ਚੌਪਈ- ਭੀਮਚੰਦ ਇਮ ਟਰਿ ਕੁਛ ਰਹਜੋ। ਬਜਾਹ ਪ੍ਰਤੀਖਤਿ ਆਨੰਦ ਲਹਜੋ।**
**ਇਤ ਕਲਗ੍ਰੀਧਰ ਕਰਹਿਂ ਬਿਲਾਸਾ। ਸ਼ਸਤ੍ਰਨਿ ਕੋ ਨਿਤ ਹੁਇ ਅੱਭਜਾਸਾ ॥੨॥**

ਭੀਮ ਚੰਦ ਇਸ ਤਰ੍ਹਾਂ ਕੁਝ ਸਮਾਂ ਟਲਿਆ ਰਿਹਾ, ਵਿਆਹ ਦਾ ਇੰਤਜ਼ਾਰ ਕਰਦਾ ਅਨੰਦ ਲੈ ਰਿਹਾ ਸੀ। ਏਧਰ ਕਲਗੀਧਰ ਗੁਰੂ ਜੀ ਅਨੰਦ ਵਿਲਾਸ ਕਰ ਰਹੇ ਸਨ, ਸ਼ਸਤਰਾਂ ਦਾ ਨਿਤ ਅਭਿਆਸ ਹੁੰਦਾ ਸੀ॥ ੨॥

**ਦਿਨ ਪ੍ਰਤਿ ਰਾਖਹਿਂ ਆਯੁਧ ਧਾਰੀ। ਮਹਾਂ ਸੁਭਟ ਜੇ ਜੰਗ ਮਝਾਰੀ।**
**ਤੋਮਰ ਤੀਰ ਤੁਪਕ ਚਲਿਵਾਵੈਂ। ਬ੍ਰਿੰਦ ਤੁਰੰਗਮ ਮੋਲ ਅਨਾਵੈਂ॥ ੩॥**

ਪ੍ਰਤੀ ਦਿਨ ਸ਼ਸਤਰਧਾਰੀ ਯੋਧਿਆਂ ਨੂੰ ਰੱਖਦੇ ਸਨ, ਜਿਹੜੇ ਜੰਗ ਦੇ ਮੈਦਾਨ ਦੇ ਵੱਡੇ ਸੂਰਬੀਰ ਸਨ। ਨੇਜ਼ੇ, ਤੀਰ ਅਤੇ ਬੰਦੂਕਾਂ ਚਲਵਾਉਂਦੇ ਸਨ, ਬਹੁਤ ਘੋੜੇ ਮੁੱਲ ਮੰਗਵਾਉਂਦੇ ਸਨ॥ ੩॥

ਭਈ ਕਲਮ ਜਾਰੀ ਭਟ ਰਾਖੇ। ਬਦਤੀ ਜਗਤ, 'ਗੁਰੂ ਰਣ ਕਾਂਖੇ'।
ਬੀਰ ਸਧੀਰਨਿ ਕੀ ਬਡ ਭੀਰ। ਗਹੈਂ ਤੁਫੰਗਨ, ਤੋਮਰ, ਤੀਰ॥ ੪॥

ਕਲਮ ਜਾਰੀ ਹੋ ਗਈ ਕਿ ਫੌਜਾਂ ਭਰਤੀ ਕਰਨੀਆਂ ਹਨ। ਸਾਰੇ ਜਗਤ ਵਿਚ ਪ੍ਰਗਟ ਹੋ ਗਿਆ, "ਗੁਰੂ ਜੀ ਯੁੱਧ ਕਰਨਾ ਚਾਹੁੰਦੇ ਹਨ" ਧੀਰਜਵਾਨ ਸੂਰਬੀਰਾਂ ਦੀ ਭੀੜ ਲੱਗ ਗਈ, ਉਹ ਬੰਦੂਕਾਂ, ਨੇਜ਼ੇ ਅਤੇ ਤੀਰ ਕਮਾਨ ਫੜਦੇ ਸਨ॥ ੪॥

ਬ੍ਰਿੰਦ ਮਸੰਦ ਬਿਲੰਦ ਅਤੰਕ। ਦੁੰਦਭਿ ਪਰੈ ਰਹੈਂ ਚਿਤ ਸ਼ੰਕ।
ਸ੍ਰੀ ਗੁਰ ਹਰਿਗੁਵਿੰਦ ਕੇ ਜੰਗ। ਸੁਨੇ ਸਮੂਹ ਭਏ ਭਟ ਭੰਗ॥ ੫॥

ਸਾਰੇ ਮਸੰਦ ਬਹੁਤ ਡਰਦੇ ਸਨ, ਕਦੀ ਜੰਗ ਹੋਵੇਗਾ, ਚਿੱਤ ਵਿਚ ਸਦਾ ਸ਼ੰਕਾ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗਾਂ ਵਿਚ ਸੁਣਿਆ ਹੈ ਕਿ ਸਾਰੇ ਸੂਰਬੀਰ ਮਾਰੇ ਗਏ ਸਨ॥ ੫॥

ਅਨਿਕ ਰੀਤਿ ਕੇ ਪਾਇ ਬਿਖਾਦੂ। ਜਿਤ ਕਿਤ ਬਿਚਰਤਿ ਠਾਨਤ ਬਾਦੂ।
ਬਸਹਿਂ ਅਨੰਦਪੁਰਿ ਵਿਖੈ ਸੁਖਾਰੇ। ਸੰਗਤਿ ਆਇ ਚਲੀ ਜਗ ਸਾਰੇ॥ ੬॥

ਅਨੇਕ ਰੀਤੀਆਂ ਦੇ ਦੁਖ ਪਾਏ ਸਨ, ਝਗੜਾ ਕਰਕੇ ਜਿੱਥੇ ਕਿੱਥੇ ਫਿਰਦੇ ਰਹੇ। ਅਨੰਦਪੁਰ ਵਿਚ ਸੌਖੇ ਵਸਦੇ ਹਾਂ ਸਾਰੇ ਜਗਤ ਦੀ ਸੰਗਤ ਚਲੀ ਆਉਂਦੀ ਹੈ॥ ੬॥

ਕਿਸ ਕੀ ਚਿੰਤ ਨਹੀਂ ਕਿਸ ਰੀਤਿ। ਸਰਬ ਪਦਾਰਥ ਘਰ ਮੈਂ ਨੀਤ।
ਉਚਿਤ ਨਹੀਂ ਨਾਹਕ ਉਤਪਾਤੀ। ਰਾਜੇ ਰਾਜਪੂਤ ਜਿਨ ਜਾਤੀ॥ ੭॥

ਕਿਸੇ ਰੀਤੀ ਨਾਲ ਵੀ ਕਿਸੇ ਗੱਲ ਦੀ ਚਿੰਤਾ ਨਹੀਂ, ਸਾਰੇ ਪਦਾਰਥ ਸਦਾ ਘਰ ਵਿਚ ਮੌਜੂਦ ਰਹਿੰਦੇ ਹਨ। ਫਜ਼ੂਲ ਵਿਚ ਝਗੜਾ ਕਰਨਾ ਉਚਿਤ ਨਹੀਂ ਹੈ, ਰਾਜੇ ਜਿਨ੍ਹਾਂ ਦੀ ਜਾਤ ਰਾਜਪੂਤ ਹੈ॥ ੭॥

ਰਣ ਮਹਿਂ ਕਟਹਿਂ, ਨਹੀਂ ਮੁਖ ਮੋਰਹਿਂ। ਸਿਰ ਭੀ ਦੇਤਿ ਨ ਹਠ ਕੋ ਛੋਰਹਿਂ।
ਯਾਂਤੇ ਸੰਧਿ ਕਰਨ ਹੀ ਆਛੀ। ਬੁਰੀ ਲਰਾਈ ਜੋ ਉਰ ਬਾਂਛੀ'॥ ੮॥

ਰਣਖੇਤਰ ਵਿਚ ਕੱਟੇ ਜਾਣਗੇ, ਪਰ ਮੁਖ ਨਹੀਂ ਮੋੜਨਗੇ, ਸਿਰ ਦੇ ਕੇ ਵੀ ਹਠ ਨੂੰ ਨਹੀਂ ਛੱਡਣਗੇ। ਇਸ ਕਰਕੇ ਉਨ੍ਹਾਂ ਨਾਲ ਸੁਲਾਹ ਕਰਨੀ ਹੀ ਚੰਗੀ ਹੈ, ਭੈੜੀ ਲੜਾਈ ਨੂੰ ਦਿਲ ਵਿਚ ਚਾਹੁੰਦੇ ਹਨ"॥ ੮॥

ਸ੍ਰੀ ਗੁਜਰੀ ਕੇ ਨਿਕਟ ਸਿਧਾਰੈਂ। ਮਿਲਿ ਕਰਿ ਡਰ ਉਪਜਾਇ ਉਚਾਰੈਂ।
'ਉਤ ਚਵਗੱਤੇ ਸਾਥ ਬਿਰੁੱਧਾ। ਇਤ ਗਿਰਪਤਿਨਿ ਸੰਗ ਹੁਇ ਕ੍ਰੁੱਧਾ॥ ੯॥

ਉਹ ਮਾਤਾ ਗੁਜਰੀ ਜੀ ਦੇ ਪਾਸ ਗਏ, ਉਨ੍ਹਾਂ ਨੂੰ ਮਿਲਕੇ ਉਚਾਰਨ ਕਰਕੇ ਡਰ ਉਤਪੰਨ ਕੀਤਾ, "ਓਧਰ ਨੌਰੰਗੇ ਨਾਲ ਵਿਰੋਧ ਹੈ, ਏਧਰ ਪਹਾੜੀ ਰਾਜਿਆਂ ਨਾਲ ਗੁੱਸੇ ਹੋ ਗਏ ਹਨ॥ ੯॥

ਡਰਹਿਂ ਸੰਗਤਾਂ ਆਇਂ ਨ ਇਤ ਕੋ। ਆਨਹਿ ਕੌਨ ਕਾਰ ਬਹੁ ਬਿਤ ਕੋ।
ਜਬਹਿ ਆਮਦਨ ਧਨ ਹੁਇ ਥੋਰਾ। ਚਲਹਿ ਖਰਚ ਕਿਮ, ਗਨ ਭਟ ਘੋਰਾ ? ॥੧੦॥

ਸੰਗਤਾਂ ਡਰਨਗੀਆਂ ਤੇ ਏਧਰ ਨਹੀਂ ਆਉਣਗੀਆਂ, ਫਿਰ ਕੌਣ ਕਾਰ ਭੇਟ ਲੈ ਕੇ ਏਧਰ ਆਵੇਗਾ। ਜਦ ਆਮਦਨ ਦਾ ਧਨ ਥੋੜ੍ਹਾ ਹੋਵੇਗਾ ਤਾਂ ਖਰਚਾ ਕਿਵੇਂ ਚਲੇਗਾ, ਬਹੁਤ ਸੂਰਬੀਰ ਜਮ੍ਹਾ ਕੀਤੇ ਹਨ ? ॥ ੧੦॥

ਅਨਗਨ ਮਨ ਹੀ ਅੰਨ ਅਨਾਵੈਂ। ਦੀਰਘ ਦੇਗ ਬਨਹਿ ਤ੍ਰਿਪਤਾਵੈਂ।
ਸ੍ਰੀ ਸਤਿਗੁਰ ਕੀ ਬੈਸ ਨਵੀਨਾ।ਅਬਿ ਲੌ ਪਿਖਜੋ ਨਹੀਂ ਰਣ ਕੀਨਾ॥੧੧॥

ਅਨਗਿਣਤ ਮਣ ਅਨਾਜ ਮੰਗਵਾਉਂਦੇ ਹਾਂ, ਬਹੁਤ ਲੰਗਰ ਤਿਆਰ ਹੋਣ ਨਾਲ ਹੀ ਤ੍ਰਿਪਤ ਹੁੰਦੇ ਹਨ। ਸਤਿਗੁਰੂ ਜੀ ਦੀ ਉਮਰ ਹਾਲੇ ਛੋਟੀ ਹੈ, ਹਾਲੇ ਤਕ ਯੁੱਧ ਕਰਕੇ ਨਹੀਂ ਵੇਖਿਆ ਹੈ॥ ੧੧॥

ਦਿਪਤਿ ਤੇਜ ਕਹਿ ਸਕਹਿ ਨ ਕੋਈ। ਰੁਖ਼ ਅਨੁਸਾਰਿ ਸਮੀਪੀ ਹੋਈ।
ਆਪ ਦਿਲਾਸ਼ਾ ਦੇ ਸਮੁਝਾਵਹੁ। ਗਿਰਪਤਿ ਸੋਂ ਜਿਨ ਬੈਰ ਬਢਾਵਹੁ'॥੧੨॥

ਉਨ੍ਹਾਂ ਦਾ ਵੱਡਾ ਤੇਜ ਪ੍ਰਕਾਸ਼ਦਾ ਹੈ, ਇਸ ਕਰਕੇ ਉਨ੍ਹਾਂ ਨੂੰ ਕੋਈ ਵੀ ਕਹਿ ਨਹੀਂ ਸਕਦਾ ਹੈ, ਰੁਖ਼ ਵੇਖ ਕੇ ਹੀ ਪਾਸ ਜਾਇਆ ਜਾ ਸਕਦਾ ਹੈ। ਆਪ ਜੀ ਦਿਲਾਸਾ ਦੇ ਕੇ ਸਮਝਾਵੋ ਕਿ ਪਹਾੜੀ ਰਾਜਿਆਂ ਨਾਲ ਵੈਰ ਨਾ ਵਧਾਉਣ'॥ ੧੨॥

ਇੱਤਜਾਦਿਕ ਬਹੁ ਕਹੈਂ ਬਨਾਇ। ਉਰ ਮਾਤਾ ਕੇ ਤ੍ਰਾਸ ਉਪਾਇ।
ਚਿੰਤਾ ਬਸਿ ਚਿਤਵਤਿ ਬਹੁ ਰਹੈ। ਸੁਤ ਸੁਭਾਵ ਪਿਖਿ ਅਚਰਜ ਲਹੈ॥੧੩॥

ਇਸ ਤਰ੍ਹਾਂ ਬਹੁਤ ਕੁਝ ਬਣਾ ਕੇ ਕਿਹਾ ਤੇ ਮਾਤਾ ਜੀ ਦੇ ਦਿਲ ਵਿਚ ਡਰ ਉਤਪੰਨ ਕੀਤਾ। ਮਾਤਾ ਜੀ ਚਿੰਤਾ ਵੱਸ ਹੋ ਕੇ ਬਹੁਤ ਸੋਚਦੇ ਰਹੇ ਤੇ ਪੁੱਤਰ ਦਾ ਸੁਭਾਵ ਵੇਖ ਕੇ ਬਹੁਤ ਹੈਰਾਨ ਹੋਏ॥ ੧੩॥

ਇਕ ਦਿਨ ਬੈਠੀ ਆਇ ਸਮੀਪ। ਹੇਤੁ ਕਹਨਿ ਕੇ ਸੰਧਿ ਮਹੀਪ।
ਨੰਦ ਚੰਦ ਅਰੁ ਤਹਾਂ ਕ੍ਰਿਪਾਲ। ਸੇਵਕ ਕੇਤਿਕ ਦਾਸ ਕ੍ਰਿਪਾਲ॥ ੧੪॥

ਇਕ ਦਿਨ ਮਾਤਾ ਜੀ ਗੁਰੂ ਜੀ ਦੇ ਪਾਸ ਆ ਕੇ ਬੈਠ ਗਏ ਤੇ ਰਾਜੇ ਨਾਲ ਮੇਲ ਕਰਨ ਲਈ ਕਹਿਣ ਆਏ। ਭਾਈ ਨੰਦ ਚੰਦ ਤੇ ਮਾਮਾ ਕ੍ਰਿਪਾਲ ਜੀ ਵੀ ਓਥੇ ਮੌਜੂਦ ਸਨ। ਗੁਰੂ ਜੀ ਦੇ ਕਈ ਸੇਵਕ ਅਤੇ ਦਾਸ ਵੀ ਓਥੇ ਮੌਜੂਦ ਸਨ॥ ੧੪॥

'ਸੁਨਹੁ ਪੂਤ! ਤੁਮ ਸਭਿ ਕੇ ਪੂਜ। ਨਿਮਹਿ ਜਗਤ ਜਿਮ ਪਿਖਿ ਸਸਿ ਦੂਜ।
ਲਖਿ ਨਿਜ ਦਾਸ ਬਨਹੁ ਸੁਖਦਾਈ। ਖ਼ੁਸ਼ੀ ਦੇਹੁ ਸਭਿ ਕੋ ਮਨ ਭਾਈ॥੧੫॥

ਮਾਤਾ ਜੀ ਕਹਿਣ ਲੱਗੇ, "ਹੇ ਪੁੱਤਰ ! ਸੁਣੋ, ਤੁਸੀਂ ਸਭ ਦੇ ਪੂਜਨੀਕ ਹੋ। ਸਾਰਾ ਜਗਤ ਤੁਹਾਡੇ ਅੱਗੇ ਇੰਞ ਨਿਉਂਦਾ ਹੈ, ਜਿਵੇਂ ਦੂਜ ਦੇ ਚੰਦ ਨੂੰ ਵੇਖ ਕੇ ਸਿਰ ਨਿਵਾਉਂਦੇ ਹਨ। ਆਪਣੇ ਦਾਸ ਸਮਝ ਕੇ ਸੁਖਦਾਈ ਬਣੋ ਸਾਰਿਆਂ ਨੂੰ ਮਨ-ਭਾਉਂਦੀ ਖ਼ੁਸ਼ੀ ਦੇਵੋ॥ ੧੫॥

ਅਪਰਨ ਤੇ ਅਧਿਕਾਇ ਗਿਰੇਸ਼ੂ। ਕਜੋਂਕਿ ਸਮੀਪੀ ਬਸਤਿ ਹਮੇਸ਼ੂ।
ਲੈਨਿ ਦੇਨਿ ਬਸਤੁਨਿ ਕੋ ਆਛੇ। ਹ੍ਵੈ ਹੈ ਕਈ ਬਾਰ ਚਿਤ ਬਾਂਛੇ॥ ੧੬॥

ਹੋਰਨਾਂ ਨਾਲੋਂ ਪਹਾੜੀ ਰਾਜੇ ਵੱਡੇ ਹਨ, ਕਈ ਇਕ ਸਦਾ ਪਾਸ ਵੱਸਦੇ ਹਨ, ਉਨ੍ਹਾਂ ਨਾਲ ਵਸਤਾਂ ਦਾ ਲੈਣ ਦੇਣ ਚਿੱਤ ਵਿਚ ਚਾਹ ਕਰਕੇ ਕਰਨਾ ਚੰਗਾ ਹੈ॥ ੧੬॥

ਜਿਨ ਕੀ ਸੰਧਿ, ਅਨੰਦ ਬਿਸਾਲਾ। ਤਿਨਹੁਂ ਬਨਾਵਹੁ ਸ਼ੱਤ੍ਰੂ ਕਰਾਲਾ।
ਸਦਾ ਨਿਕਟ ਜੇ ਵਧਹਿ ਬਖੇਰਾ। ਨਿਸ ਦਿਨ ਪਰਹਿ ਬਿਖਾਦ ਬਡੇਰਾ॥੧੭॥

ਜਿਨ੍ਹਾਂ ਦੇ ਮੇਲ ਨਾਲ ਵਿਸ਼ਾਲ ਅਨੰਦ ਵਧਦਾ ਹੈ, ਉਨ੍ਹਾਂ ਨੂੰ ਵਿਕਰਾਲ ਵੈਰੀ ਬਣਾਉਂਦੇ ਹੋ। ਜੇ ਨੇੜੇ ਸਦਾ ਝਗੜਾ ਵਧੇਗਾ ਤਾਂ ਦਿਨ ਰਾਤ ਵੱਡਾ ਦੁਖ ਵਧੇਗਾ॥ ੧੭॥

ਤਿਨਕੋ ਕਹਾਂ ਬਿਗਰ ਕੁਛ ਜਾਈ। ਸੰਗਤਿ ਚਹੁੰਦਿਸ਼ਿ ਤ੍ਰਾਸ ਉਪਾਈ।
ਆਇ ਨ ਸਕਹਿ ਆਪ ਕੇ ਪਾਸੀ। ਅਟਕਹਿ ਕਾਰ ਤਬਹਿ ਧਨ ਰਾਸੀ॥੧੮॥

ਉਨ੍ਹਾਂ ਦਾ ਕੀ ਵਿਗੜ ਜਾਵੇਗਾ, ਪਰ ਸਾਡੀ ਸੰਗਤ ਚਾਰੇ ਪਾਸੇ ਡਰ ਜਾਵੇਗੀ। ਉਹ ਆਪ ਦੇ ਪਾਸ ਆ ਨਹੀਂ ਸਕਣਗੇ ਫਿਰ ਕਾਰ ਭੇਟ ਰੁਕ ਜਾਵੇਗੀ ਤੇ ਧਨ ਆਉਣਾ ਬੰਦ ਹੋ ਜਾਵੇਗਾ॥ ੧੮॥

ਸਕਲ ਏਕ ਹੈਂ ਗਿਰਪਤਿ ਜੇਤੇ। ਲਰਨ ਹੇਤੁ ਇਕਠੇ ਹੁਇਂ ਤੇਤੇ।
ਉਠਹਿ ਦੁੰਦ ਤੌ ਨਾਹਿਨ ਆਛੇ। ਹੇ ਸੁਤ ! ਸਦਾ ਸ਼ਾਂਤਿ ਚਿਤ ਬਾਛੇ॥੧੯॥

ਜਿੰਨੇ ਵੀ ਪਹਾੜੀ ਰਾਜੇ ਹਨ, ਉਹ ਸਾਰੇ ਇਕ ਹਨ, ਲੜਾਈ ਵਾਸਤੇ ਸਾਰੇ ਇਕੱਠੇ ਹੋ ਜਾਂਦੇ ਹਨ। ਉਨ੍ਹਾਂ ਨਾਲ ਫਸਾਦ ਕਰਨਾ ਚੰਗੀ ਗੱਲ ਨਹੀਂ। ਹੇ ਪੁੱਤਰ ! ਸਦਾ ਸ਼ਾਂਤ ਚਿੱਤ ਰਹਿਣਾ ਚਾਹੀਦਾ ਹੈ॥ ੧੯॥

ਨਿਜ ਦਾਸਨਿ ਕੋ ਕਰਹੁ ਉਧਾਰਾ। ਚਹੁੰ ਦਿਸ਼ਿ ਕੇ ਚਲਿ ਆਇਂ ਹਜ਼ਾਰਾ।
ਉਚਿਤ ਸੰਧਿ ਸੈਲਿੰਦ੍ਰਨਿ ਸੰਗ। ਕਿਮ ਸਮਤਾ ਹੁਇ ਠਾਨਹੁੰ ਜੰਗ॥ ੨੦॥

ਆਪਣੇ ਦਾਸਾਂ ਦਾ ਉਧਾਰ ਕਰੋ, ਚਾਰੇ ਪਾਸਿਆਂ ਤੋਂ ਹਜ਼ਾਰਾਂ ਦਾਸ ਚਲ ਕੇ ਆਉਂਦੇ ਹਨ। ਪਹਾੜੀ ਰਾਜਿਆਂ ਨਾਲ ਮੇਲ ਕਰਨਾ ਚੰਗਾ ਹੈ, ਕਿਵੇਂ ਬਰਾਬਰੀ ਹੋ ਸਕਦੀ ਹੈ ਜਿਹੜੀ ਤੁਸੀਂ ਉਨ੍ਹਾਂ ਨਾਲ ਜੰਗ ਕਰਨੀ ਚਾਹੁੰਦੇ ਹੋ॥ ੨੦॥

ਜਿਤਿਕ ਸੈਲ ਕੋ ਦੇਸ਼ ਉਦਾਰਾ। ਸਭਿ ਕੋ ਰਾਜ, ਲੇਤਿ ਧਨ ਸਾਰਾ।
ਚਮੂੰ ਤਿਨਹੁੰ ਸੰਗ ਭਟ ਸਮੁਦਾਯਾ। ਲਰਤਿ ਮਰਤਿ ਨਿਤ ਸਮਾ ਬਿਤਾਯਾ॥੨੧॥

ਜਿੰਨਾ ਵੱਡਾ ਪਹਾੜੀ ਦੇਸ਼ ਹੈ, ਸਭ ਉੱਤੇ ਉਨ੍ਹਾਂ ਦਾ ਰਾਜ ਹੈ ਤੇ ਪਰਜਾ ਪਾਸੋਂ ਉਹ ਧਨ ਲੈਂਦੇ ਹਨ। ਉਨ੍ਹਾਂ ਪਾਸ ਵੱਡੀ ਫੌਜ ਹੈ, ਜਿਸ ਵਿਚ ਬਹੁਤ ਸੂਰਬੀਰ ਸ਼ਾਮਲ ਹਨ। ਉਨ੍ਹਾਂ ਸਦਾ ਲੜਦਿਆਂ ਮਰਦਿਆਂ ਸਮਾਂ ਬਤੀਤ ਕੀਤਾ ਹੈ॥ ੨੧॥

ਪੁਨ ਤੁਮ ਅਪਨੀ ਸੈਨ ਬਿਲੋਕਹੁ। ਰਣ ਘਮਸਾਨ ਰਿਪੁਨਿ ਕਿਮ ਰੋਕਹੁ।
ਹੇਰਿ ਹੇਰਿ ਕਰਿ ਸਕਲ ਮਸੰਦ। ਸਕਹਿਂ ਨ ਕਹਿ ਕਰਿ ਤ੍ਰਾਸ ਬਿਲੰਦ॥੨੨॥

ਫਿਰ ਤੁਸੀਂ ਆਪਣੀ ਸੈਨਾ ਵੇਖੋ, ਘਮਸਾਣ ਦੇ ਯੁੱਧ ਵਿਚ ਵੈਰੀ ਨੂੰ ਕਿਵੇਂ ਰੋਕੋਗੇ। ਸਾਰੇ ਮਸੰਦ ਵੇਖ ਵੇਖ ਕੇ ਕਹਿ ਨਹੀਂ ਸਕਦੇ ਹਨ, ਤੁਹਾਥੋਂ ਬਹੁਤ ਡਰਦੇ ਹਨ॥ ੨੨॥

ਆਛੀ ਬਾਤ ਬਿਚਾਰਨਿ ਕਰੀਅਹਿ। ਬੁੱਧਿ ਬਖੇਰੇ ਕੀ ਪਰਿਹਰੀਅਹਿ'।
ਸੁਨਿ ਜਨਨੀ ਕੇ ਬੈਨਨ ਸ੍ਰੌਨ। ਕਰੁਨਾ ਭੌਨ ਜਿਨਹੁੰ ਕਿਤ ਭ੍ਰੌ ਨ॥ ੨੩॥

ਚੰਗੀ ਗੱਲ ਤੇ ਵਿਚਾਰ ਕਰੋ ਤੇ ਝਗੜੇ ਵਾਲੀ ਮੱਤ ਨੂੰ ਦੂਰ ਕਰੋ।" ਆਪਣੀ ਮਾਤਾ ਜੀ ਦੇ ਬਚਨਾਂ ਨੂੰ ਕੰਨਾਂ ਨਾਲ ਸੁਣਿਆ, ਜਿਸ ਕਿਰਪਾ ਦੇ ਘਰ ਗੁਰੂ ਜੀ ਨੂੰ ਕਿਸੇ ਪਾਸੋਂ ਵੀ ਕੋਈ ਭੈਅ ਨਹੀਂ ਹੈ॥ ੨੩॥

'ਸੁਨਹੁ ਮਾਤ ਮੈਂ ਜਨਮ ਸੁ ਧਾਰਾ। ਦੁਸ਼ਟਨ ਕੋ ਦਿਖਾਉਂ ਖਰ ਧਾਰਾ।
ਉੱਤਮ ਰਣ ਜਿਮ ਸੁਰਸਰਿ ਧਾਰਾ। ਤਿਸ ਤੇ ਨਿਜ ਜਨ ਕਰੌਂ ਉਧਾਰਾ॥੨੪॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ ! ਸੁਣੋ, ਮੈਂ ਸ੍ਰੇਸ਼ਟ ਜਨਮ ਇਸ ਲਈ ਧਾਰਨ ਕੀਤਾ ਹੈ ਤਾਂਕਿ ਦੁਸ਼ਟਾਂ ਨੂੰ ਤਲਵਾਰ ਦੀ ਤਿੱਖੀ ਧਾਰ ਵਿਖਾ ਸਕਾਂ। ਜੰਗ ਉੱਤਮ ਹੈ ਜਿਵੇਂ ਗੰਗਾ ਦੀ ਧਾਰ ਹੁੰਦੀ ਹੈ। ਉਸ ਤੋਂ ਆਪਣੇ ਸੇਵਕਾਂ ਦਾ ਉਧਾਰ ਕਰਾਂਗਾ॥ ੨੪॥

ਕਰਹਿਂ ਕੁਟਿਲਤਾ ਜੇ ਮਦ ਮਾਨੀ। ਤਿਨ ਬਾਨੀ ਹਮ ਕਜੌਂਹੁਂ ਨ ਮਾਨੀ।
ਸੋ ਨ ਲਖਹਿਂ ਕਿਹ ਅਪਨਿ ਸਮਾਨੀ। ਮੈਂ ਤਿਨਕੋ ਕਰਿਹੌਂ ਅਪਮਾਨੀ॥੨੫॥

ਜੋ ਘੁਮੰਡੀ ਤਾਕਤ ਦੇ ਨਸ਼ੇ ਵਿਚ ਕੁਟਿਲਤਾ ਕਰਨਗੇ, ਉਨ੍ਹਾਂ ਦੀ ਗੱਲ ਅਸੀਂ ਕਿਸੇ ਤਰ੍ਹਾਂ ਵੀ ਨਹੀਂ ਮੰਨਾਂਗੇ। ਉਹ ਕਿਸੇ ਨੂੰ ਵੀ ਆਪਣੇ ਬਰਾਬਰ ਨਹੀਂ ਸਮਝਦੇ ਹਨ, ਮੈਂ ਉਨ੍ਹਾਂ ਦਾ ਅਪਮਾਨ ਕਰਾਂਗਾ॥ ੨੫॥

ਨਹੀਂ ਦੂਰ ਕੋ ਬਨਹਿਂ ਬਿਰੋਧੀ। ਗੁਰ ਸ਼ਰਧਾ ਮਧ ਜਿਨ ਬੁਧਿ ਰੋਧੀ।
ਅਹੈਂ ਸਮੀਪੀ ਲਹੈਂ ਨ ਸੋਧੀ। ਧਰਿ ਅਹੰਕਾਰ ਸੁ ਉਧਤਿ ਅਬੋਧੀ॥ ੨੬॥

ਸਗੋਂ ਦੂਰ ਦੇ ਵਿਰੋਧੀ ਨਹੀਂ ਹੋਏ ਹਨ, ਜਿਨ੍ਹਾਂ ਦੀ ਬੁੱਧੀ ਗੁਰ-ਸ਼ਰਧਾ ਵਿਚ ਟਿਕੀ ਹੋਈ ਹੈ। ਇਹ ਪਹਾੜੀਏ ਨੇੜੇ ਹੋਣ ਤੇ ਵੀ ਸੋਝੀ ਨਹੀਂ ਲੈਂਦੇ ਹਨ। ਹੰਕਾਰ ਧਾਰਨ ਕਰਕੇ ਉਹ ਮੂਰਖ ਆਪਣੇ ਆਪ ਨੂੰ ਉੱਚੇ ਸਮਝਦੇ ਹਨ॥ ੨੬॥

ਹੇਮ ਕੁੰਟ ਮੈਂ ਤਪ ਕਰਤੇ। ਲਿਯੋ ਹਕਾਰਿ ਸਕਲ ਜਗ ਕਰਤੇ।
ਕਰਜੋ ਪਠਾਵਨਿ ਜਗ ਮਹਿਂ ਮੋਹਿ।ਜਾਨੇ ਦੁਸ਼ਟ ਜਿਨਹੁ ਮਨ ਮੋਹ॥ ੨੭॥

ਹੇਮਕੁੰਟ ਪਰਬਤ 'ਤੇ ਮੈਂ ਤਪ ਕਰਦਾ ਸੀ। ਸਾਰੇ ਜਗਤ ਦੇ ਸਿਰਜਣਹਾਰ ਨੇ ਮੈਨੂੰ ਬੁਲਾ ਲਿਆ। ਮੈਨੂੰ ਇਸ ਜਗਤ ਵਿਚ ਭੇਜ ਦਿੱਤਾ। ਜਿਨ੍ਹਾਂ ਦੇ ਮਨ ਵਿਚ ਅਗਿਆਨਤਾ ਹੈ ਉਨ੍ਹਾਂ ਨੂੰ ਦੁਸ਼ਟ ਜਾਣਿਆ ਹੈ॥ ੨੭॥

ਦੰਡ ਦੇਨਿਹਿਤ ਮੈਂ ਚਲਿ ਆਯੋ। ਦੁਸ਼ਟ ਗਿਰੇਸ਼ੁਰ ਚਹੈ ਦਬਾਯੋ।
ਜੇ ਮੁਹਿ ਪੂਜਹਿਂ ਤਿਨ ਰਖਵਾਰਾ। ਰਾਖੌਂ ਹਲਤ ਰੁ ਪਲਤ ਸੁਖਾਰਾ॥ ੨੮॥

ਉਨ੍ਹਾਂ ਨੂੰ ਦੰਡ ਦੇਣ ਵਾਸਤੇ ਮੈਂ ਚਲ ਕੇ ਆਇਆ ਹਾਂ, ਇਨ੍ਹਾਂ ਦੁਸ਼ਟ ਪਹਾੜੀ ਰਾਜਿਆਂ ਨੂੰ ਦਬਾਉਣਾ ਚਾਹੁੰਦਾ ਹਾਂ। ਜਿਹੜੇ ਮੈਨੂੰ ਪੂਜਣਗੇ ਉਨ੍ਹਾਂ ਦਾ ਰਖਵਾਲਾ ਬਣਾਂਗਾ ਤੇ ਉਨ੍ਹਾਂ ਦਾ ਲੋਕ ਪਰਲੋਕ ਸੁਖਾਲਾ ਬਣਾ ਦੇਵਾਂਗਾ॥ ੨੮॥

ਜੇ ਠਾਨਹਿਂ ਬਿਧਿ ਬਹੁ ਬੁਰਿਆਈ। ਸੰਗ ਤਿਨਹੁਂ ਕੇ ਕਰਵਿ ਲਰਾਈ।
ਇਸ ਜਗ ਬਡ ਦੇ ਸੰਕਟ ਤਾਂਹੀ। ਮਰਹਿਂ, ਪਰਹਿਂ ਪੁਨ ਦੋਜ਼ਕ ਮਾਂਹੀ॥ ੨੯॥

ਜਿਹੜੇ ਬਹੁਤ ਵਿਧੀਆਂ ਰਾਹੀਂ ਬੁਰਿਆਈ ਧਾਰਨ ਕਰਨਗੇ, ਉਨ੍ਹਾਂ ਦੇ ਨਾਲ ਮੈਂ ਲੜਾਈ ਕਰਾਂਗਾ। ਇਸ ਜਗਤ ਵਿਚ ਉਨ੍ਹਾਂ ਨੂੰ ਵੱਡੇ ਦੁਖ ਦੇਵਾਂਗਾ, ਮਰ ਕੇ ਫਿਰ ਨਰਕਾਂ ਵਿਚ ਜਾ ਪੈਣਗੇ॥ ੨੯॥

ਭੀਮਚੰਦ ਜੇ ਕਰਹਿ ਨ ਟਾਰਾ। ਤੌ ਮੰਡੌਂ ਮੈਂ ਜੁੱਧ ਅਖਾਰਾ।
ਤ੍ਰਾਸ ਧਾਰਿ ਦਬਕਤਿ ਕਿਤ ਨਾਂਹੀ। ਮੂਢ ਕਰਹਿ ਬਲ ਉਰ ਗਰਬਾਹੀ॥ ੩੦॥

ਜੇ ਭੀਮ ਚੰਦ ਨਹੀਂ ਟਲੇਗਾ ਤਾਂ ਮੈਂ ਜੁੱਧ ਦਾ ਅਖਾੜਾ ਲਾਵਾਂਗਾ। ਉਸ ਪਾਸੋਂ ਡਰ ਧਾਰ ਕੇ ਕਿਸੇ ਪ੍ਰਕਾਰ ਵੀ ਦਬਕਾਂਗਾ ਨਹੀਂ। ਮੂਰਖ ਹਿਰਦੇ ਵਿਚ ਤਾਕਤ ਦਾ ਘੁਮੰਡ ਕਰਦਾ ਹੈ॥ ੩੦॥

ਗਿਰਪਤਿ ਕੋ ਤੋਰੌਂ ਹੰਕਾਰਾ। ਜਥਾ ਮਸਤ ਗਜ ਤਰੁ ਬਡ ਡਾਰਾ।
ਸ਼ਕਤਿ ਸਜਾਲ ਬਪੁਰੇ ਕੀ ਕਹਾਂ। ਸ਼ੇਰ ਡਰਾਵਤਿ ਗਰਬਤਿ ਮਹਾਂ॥ ੩੧॥

ਪਹਾੜੀ ਰਾਜਿਆਂ ਦਾ ਹੰਕਾਰ ਤੋੜਾਂਗਾ, ਜਿਵੇਂ ਮਸਤ ਹਾਥੀ ਵੱਡੇ ਬ੍ਰਿਛ ਨੂੰ ਭੰਨ ਦਿੰਦਾ ਹੈ। ਗਿੱਦੜ ਵਿਚਾਰੇ ਵਿਚ ਕੀ ਸ਼ਕਤੀ ਹੈ, ਸ਼ੇਰ ਨੂੰ ਡਰਾਉਣ ਵਾਸਤੇ ਵੱਡਾ ਘੁਮੰਡ ਕਰਦਾ ਹੈ॥ ੩੧॥

ਬ੍ਰਿੰਦ ਮਸੰਦ ਅਧਿਕ ਧਨਵਾਨ। ਖਾਇ ਵਧੇ ਨਿਤ ਪੂਜਾ ਧਾਨ।
ਕਾਤੁਰ ਚਿਤ ਕੇ ਜਿਮ ਬਨ ਹਰਨਾ। ਹਰਨਾ ਧੀਰਜ ਮਤਿ ਕੋ ਬਰਨਾ॥ ੩੨॥

ਸਮੂਹ ਮਸੰਦ ਬਹੁਤ ਧਨਵਾਨ ਹੋ ਗਏ ਹਨ, ਨਿਤ ਪੂਜਾ ਦਾ ਧਨ ਖਾ ਕੇ ਵਧਦੇ ਜਾਂਦੇ ਹਨ, ਪਰ ਜੰਗਲ ਦੇ ਹਿਰਨਾਂ ਵਾਂਗ ਚਿੱਤ ਦੇ ਕਾਇਰ ਹਨ॥ ੩੨॥

ਅਸ ਮਸਲਤ ਕੇ ਨਹਿਂ ਅਧਿਕਾਰੀ। ਜਿਨਹੁਂ ਸੂਰਤਾ ਧੀਰ ਬਿਸਾਰੀ।
ਇਨ ਕੇ ਭਨੇ ਨ ਬਨੌਂ ਕਲੀਵਾ। ਬਸਨ ਕਹਾਂ ਹੁਇ ਰਿਪੁ ਤੇ ਨੀਵਾਂ॥ ੩੩॥

Sri Satguru Jagjit Singh Ji eLlibrary NamdhariElibrary@gmail.com

ਐਸੇ ਲੋਕ ਸਲਾਹ ਦੇਣ ਦੇ ਅਧਿਕਾਰੀ ਨਹੀਂ ਹਨ, ਜਿਨ੍ਹਾਂ ਨੇ ਬਹਾਦਰੀ ਅਤੇ ਧੀਰਜਤਾ ਵਿਸਾਰ ਦਿੱਤੀ ਹੈ। ਮੈਂ ਇਨ੍ਹਾ ਦੇ ਕਹਿਣ 'ਤੇ ਡਰਾਕਲ ਨਹੀਂ ਬਣਾਂਗਾ, ਵੈਰੀ ਤੋਂ ਨੀਵਾਂ ਬਣ ਕੇ ਕਿਵੇਂ ਰਿਹਾ ਜਾ ਸਕਦਾ ਹੈ॥ ੩੩॥

ਕਹਜੋ ਤੁਮਾਰੋ ਅਬਿ ਇਹ ਮਾਨਹਿ। ਹਮ ਉਤਪਾਤ ਪ੍ਰਥਮ ਨਹਿਂ ਠਾਨਹਿਂ।
ਧਰਿ ਹੰਕਾਰ ਜਿ ਆਇ ਪਹਾਰੀ। ਕਜੋਂਹੂੰ ਚਾਹੈ ਕਰਨਿ ਬਿਗਾਰੀ॥ ੩੪॥

ਹੁਣ ਤੁਹਾਡਾ ਇਹ ਕਿਹਾ ਮੰਨਦੇ ਹਨ, ਅਸੀਂ ਆਪਣੇ ਵਲੋਂ ਪਹਿਲਾਂ ਝਗੜਾ ਖੜਾ ਨਹੀਂ ਕਰਾਂਗੇ। ਪਰ ਜੇ ਪਹਾੜੀਏ ਹੰਕਾਰ ਧਾਰਨ ਕਰਕੇ ਆ ਗਏ ਤੇ ਜਿਵੇਂ ਉਹ ਸਾਡਾ ਨੁਕਸਾਨ ਕਰਨਾ ਚਾਹੁਣ॥ ੩੪॥

ਬਹੁਰ ਨ ਹਮ ਤੇ ਹੋਵਹਿ ਟਾਰਾ। ਮੋਰੌਂ, ਕਰਿ ਕੈ ਬਿਨ ਹੰਕਾਰਾ।
ਸੁਨਿ ਜਨਨੀ ਨੰਦਨ ਕੇ ਬੈਨਾ। ਜਥਾ ਜੋਗ, ਜਿਨ ਕੋ ਕਿਤ ਭੈ ਨਾ॥ ੩੫॥

ਫਿਰ ਸਾਥੋਂ ਨਹੀਂ ਟਲਿਆ ਜਾਵੇਗਾ ਤੇ ਹੰਕਾਰ ਰਹਿਤ ਹੋ ਕੇ ਮੈਂ ਉਨ੍ਹਾਂ ਨੂੰ ਵਾਪਸ ਮੋੜਾਂਗਾ।" ਮਾਤਾ ਜੀ ਨੇ ਆਪਣੇ ਪੁੱਤਰ ਦੇ, ਜਿਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਵੀ ਡਰ ਨਹੀਂ ਹੈ, ਬਚਨ ਸੁਣੇ॥ ੩੫॥

ਤਊ ਕਹਤਿ ਹੀ ਉਠਿ ਕਰਿ ਗਵਨੀ। 'ਇਤ ਸਭਿ ਭੀਮਚੰਦ ਕੀ ਅਵਨੀ।
ਸ਼ਾਂਤਿ ਸਮੇਤ ਬਸਹੁ,ਸੁਖ ਪਾਵਹੁ। ਨਹਿਂ ਨਿਜ ਤੇ ਉਤਪਾਤ ਉਠਾਵਹੁ' ॥੩੬॥

ਫਿਰ ਇਹ ਕਹਿੰਦੀ ਹੋਈ ਉੱਠ ਕੇ ਚਲੇ ਗਈ, "ਇਹ ਸਾਰੀ ਧਰਤੀ ਭੀਮ ਚੰਦ ਦੀ ਹੈ। ਸ਼ਾਂਤੀ ਸਹਿਤ ਰਹੋ ਤੇ ਸੁਖ ਪਾਵੋ, ਆਪਣੇ ਵਲੋਂ ਕੋਈ ਝਗੜਾ ਖੜਾ ਨਾ ਕਰੋ" ॥ ੩੬॥

ਨੰਦਚੰਦ ਕਰ ਬੰਦਿ ਬਖਾਨੀ। 'ਮੂਰਖ ਮਨ ਮਹਿਂ ਮਾਨਹਿ ਮਾਨੀ।
ਮਾਨੀ ਪਰਬਤ ਪਤਿ ਕੇ ਕਹੇ। ਕਿਮ ਗਜ ਅਦਭੁਤ ਦੈਬੋ ਚਹੇਂ॥ ੩੭॥

ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, "ਮੂਰਖ ਆਪਣੇ ਮਨ ਵਿਚ ਘੁਮੰਡ ਕਰਦਾ ਹੈ। ਹੰਕਾਰੀ ਪਹਾੜੀ ਰਾਜੇ ਦੇ ਕਹਿਣ ਉੱਤੇ ਅਸੀਂ ਕਿਵੇਂ ਅਦਭੁਤ ਹਾਥੀ ਨੂੰ ਦੇਣਾ ਚਾਹਾਂਗੇ॥ ੩੭॥

ਬਹੁਰ ਅਪਰ ਕੁਛ ਜਾਚਨਿ ਕਰੇ। ਲੇ ਕਰਿ ਗਰਬ ਰਿਦੇ ਮਹਿਂ ਧਰੇ।
ਸਨੇ ਸਨੇ ਨਿਜ ਕਰ ਠਹਿਰਾਵੈ। ਬਸਹਿਂ ਹਮਾਰੇ ਦੇਸ਼ ਬਤਾਵੈ॥ ੩੮॥

ਫਿਰ ਕੋਈ ਹੋਰ ਚੀਜ਼ ਮੰਗ ਲਵੇਗਾ, ਦਿਲ ਵਿਚ ਬੜਾ ਹੰਕਾਰ ਧਾਰਨ ਕੀਤਾ ਹੈ। ਹੌਲੀ-ਹੌਲੀ ਆਪਣਾ ਮਸੂਲ (ਟੈਕਸ) ਠਹਿਰਾ ਲਵੇਗਾ ਤੇ ਕਹੇਗਾ ਤੁਸੀਂ ਮੇਰੇ ਦੇਸ਼ ਵਿਚ ਵੱਸਦੇ ਹੋ॥ ੩੮॥

ਇਸ ਕੋ ਦੈਬੋ ਨਾਂਹਿਨ ਆਛੇ। ਪਰਹਿ ਬਿਗਾਰ ਜਾਨੀਅਹਿ ਪਾਛੇ।
ਯਾਂਤੇ ਆਪ ਪ੍ਰਥਮ ਹੀ ਹੋਟਾ। ਜਬਿ ਕਬਿ ਬਨੇ ਸਰਹਿ ਇਸ ਟੋਟਾ।॥ ੩੯॥

ਇਸ ਨੂੰ ਦੇਣਾ ਚੰਗਾ ਨਹੀਂ ਹੈ, ਬਾਅਦ ਵਿਚ ਵਿਗਾੜ ਪਵੇਗਾ, ਇਹ ਜਾਣਿਆ ਜਾਂਦਾ ਹੈ। ਇਸ ਕਰਕੇ ਆਪ ਜੀ ਨੇ ਪਹਿਲਾਂ ਹੀ ਰੋਕ ਦਿੱਤਾ ਹੈ, ਜਦ ਕਦ ਕੋਈ ਗੱਲ ਬਣੀ, ਇਸ ਪਾਸੋਂ ਨੁਕਸਾਨ ਹੀ ਹੋਵੇਗਾ॥ ੩੯॥

ਦਿਨਕਰ ਉਦਹਿ ਪ੍ਰਕਾਸ਼ ਮਹਾਨੇ। ਤਿਸ ਆਗੈ ਕਜਾ ਗਰਬ ਟਨਾਨੇ।
ਸਾਗਰ ਤੀਰ ਬੂੰਦ ਹੰਕਾਰੈ। ਗਜ ਪਰ ਬਲ ਪਪੀਲਕਾ ਧਾਰੈ॥ ੪੦॥

ਸੂਰਜ ਦੇ ਚੜ੍ਹਨ ਨਾਲ ਮਹਾਨ ਪ੍ਰਕਾਸ਼ ਹੋ ਜਾਂਦਾ ਹੈ, ਉਸ ਦੇ ਅੱਗੇ ਜੁਗਨੂੰ ਕਿਵੇਂ ਆਕੜ ਸਕਦਾ ਹੈ। ਸਮੁੰਦਰ ਪਾਸ ਇਕ ਬੂੰਦ ਕੀ ਹੰਕਾਰ ਕਰ ਸਕਦੀ ਹੈ ਤੇ ਹਾਥੀ ਦੇ ਸਾਹਮਣੇ ਇਕ ਕੀੜੀ ਕਿਵੇਂ ਬਲ ਧਾਰਨ ਕਰ ਸਕਦੀ ਹੈ॥ ੪੦॥

ਕਿਤ ਰੰਚਕ ਕਿਤ ਕੰਚਨ ਮੇਰੁ। ਕਹਾਂ ਮਸ਼ਕ ਕਿਤ ਸ਼ੇਰ ਦਲੇਰੁ।
ਚਹਿ ਸਮਤਾ ਕੈ ਅਧਿਕ ਬਡਾਈ। ਮੂਢ ਲਖਹਿਂ ਤਿਸ ਕੋ ਸਮੁਦਾਈ॥ ੪੧ ॥

ਕਿੱਥੇ ਰੱਤੀ ਤੇ ਕਿੱਥੇ ਸੋਨੇ ਦਾ ਪਰਬਤ। ਕਿੱਥੇ ਮੱਛਰ ਤੇ ਕਿੱਥੇ ਬਹਾਦਰ ਸ਼ੇਰ ਉਹ ਬਰਾਬਰੀ ਚਾਹੁੰਦਾ ਹੈ ਜਾਂ ਅਧਿਕ ਵਡਿਆਈ, ਸਾਰੇ ਉਸ ਨੂੰ ਮੂਰਖ ਸਮਝਦੇ ਹਨ॥ ੪੧ ॥

ਲਖਿ ਮਹਿਮਾ ਕੋ ਕਰਹਿ ਨ ਟਾਰੋ। ਚਾਹੈ ਮੰਡਯੋ ਜੰਗ ਅਖਾਰੋ।
ਤੌ ਇਸ ਬਿਧਿ ਕੇ ਸ਼ਸਤ੍ਰ ਪ੍ਰਹਾਰੈਂ। ਹਾਰੈ, ਭੈ ਤੇ ਸਦਨ ਸੰਭਾਰੈ॥ ੪੨ ॥

ਮਹਿਮਾ ਸਮਝ ਕੇ ਟਲਦਾ ਨਹੀਂ ਹੈ, ਜੰਗ ਦਾ ਅਖਾੜਾ ਲਾਉਣਾ ਚਾਹੁੰਦਾ ਹੈ। ਫਿਰ ਵੀ ਅਸੀਂ ਇਸ ਵਿਧੀ ਨਾਲ ਸ਼ਸਤਰਾਂ ਦੇ ਵਾਰ ਕਰਾਂਗੇ ਕਿ ਹਾਰ ਕੇ ਡਰਦਾ ਮਾਰਾ ਘਰ ਨੂੰ ਭੱਜ ਜਾਵੇਗਾ॥ ੪੨ ॥

ਜਬਿ ਦੇਖਹਿਗੋ ਰਣ ਮਹਿਂ ਹਾਥ। ਕਾਟੇ ਪਰੇ ਧਰਾ ਪਰ ਮਾਥ।
ਤਬਿ ਜਾਨਹਿਂ ਨਿਜ ਹਾਨ ਗੁਮਾਨੀ। ਝੂਰਹਿ ਮੈਂ ਮਹਿਮਾ ਨਹਿਂ ਜਾਨੀ॥ ੪੩ ॥

ਜਦ ਰਣਖੇਤਰ ਵਿਚ ਸਾਡੇ ਹੱਥ ਵੇਖੇਗਾ, ਧੜ ਅਤੇ ਸਿਰ ਧਰਤੀ ਉੱਤੇ ਕੱਟੇ ਪਏ ਦਿਖਾਈ ਦੇਣਗੇ। ਤਦ ਆਪਣੇ ਹੰਕਾਰ ਦੀ ਹਾਨੀ ਨੂੰ ਸਮਝੇਗਾ। ਫਿਰ ਝੂਰੇਗਾ ਕਿ ਮੈਂ ਮਹਿਮਾ ਨਹੀਂ ਸੀ ਜਾਣੀ॥ ੪੩ ॥

ਕੇਤਿਕ ਨਰ ਕੋ ਹੋਤਿ ਸੁਭਾਊ। ਮਾਰ ਖਾਇ ਸਮਝੈਂ ਪਛੁਤਾਊ।
ਤਿਨ ਮਹਿਂ ਭੀਮਚੰਦ ਹਮ ਜਾਨਾ। ਗੁਰ ਪ੍ਰਭਾਉ ਮਦ ਕਰਿ ਨਹਿਂ ਮਾਨਾ॥ ੪੪ ॥

ਕਈਆਂ ਮਨੁੱਖਾਂ ਦਾ ਇਹ ਸੁਭਾਅ ਹੁੰਦਾ ਹੈ, ਮਾਰ ਖਾ ਕੇ ਪਛਤਾਅ ਕੇ ਸਮਝਦੇ ਹਨ। ਉਨ੍ਹਾਂ ਵਿਚ ਇਕ ਭੀਮ ਚੰਦ ਨੂੰ ਅਸੀਂ ਜਾਣਿਆ ਹੈ। ਗੁਰੂ ਜੀ ਦੇ ਪ੍ਰਭਾਵ ਨੂੰ ਤਾਕਤ ਦਾ ਨਸ਼ਾ ਹੋਣ ਕਰਕੇ ਨਹੀਂ ਮੰਨਿਆ ਹੈ" ॥ ੪੪ ॥

ਸੁਨਿ ਕ੍ਰਿਪਾਲ ਮਾਤੁਲ ਨੇ ਕਹਯੋ। 'ਨੰਦਚੰਦ ਜੋਧਾ ਬਡ ਲਹਯੋ।
ਬ੍ਰਿੰਦ ਮਸੰਦਨਿ ਤੇ ਇਹ ਨਯਾਰੋ। ਸਤਿਗੁਰ ਆਸ਼ੇ ਲਖਿਬੇਵਾਰੋ' ॥ ੪੫ ॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਨੰਦ ਚੰਦ ਬਹੁਤ ਵੱਡਾ ਜੋਧਾ ਹੈ। ਸਮੂਹ ਮਸੰਦਾਂ ਨਾਲੋਂ ਇਹ ਵੱਖਰਾ ਹੈ, ਇਹ ਸਤਿਗੁਰੂ ਜੀ ਦੇ ਆਸ਼ਿਆਂ ਨੂੰ ਸਮਝਦਾ ਹੈ" ॥ ੪੫ ॥

ਸ਼੍ਰੀ ਕਲਗ਼ੀਧਰ ਸੁਨਿ ਮੁਸਕਾਏ। 'ਨਿਸ਼ਚੇ ਇਮ ਹੀ ਜਥਾ ਬਤਾਏ।
ਹੱਥਯਾਰਨ ਕੋ ਹਾਥ ਗਹੰਤਾ। ਨਿਤਪ੍ਰਤਿ ਬਹੁ ਅੱਭਯਾਸ ਚਹੰਤਾ' ॥ ੪੬ ॥

ਕਲਗ਼ੀਧਰ ਗੁਰੂ ਜੀ ਸੁਣ ਕੇ ਮੁਸਕਰਾ ਪਏ ਤੇ ਫਿਰ ਉਨ੍ਹਾਂ ਫ਼ੁਰਮਾਇਆ, "ਨਿਸ਼ਚੇ ਰੂਪ ਵਿਚ ਇੰਝ ਹੀ ਹੈ, ਜਿਵੇਂ ਮਾਮਾ ਜੀ ਨੇ ਦੱਸਿਆ ਹੈ। ਹਥਿਆਰਾਂ ਨੂੰ ਫੜ ਕੇ ਨਿਤਾਪ੍ਰਤੀ ਬਹੁਤ ਅਭਿਆਸ ਕਰਨਾ ਚਾਹੁੰਦਾ ਹੈ" ॥ ੪੬ ॥

*ਪਹਿਲੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬ ॥*

***

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਸੈਂਤੀਵਾਂ

## ਨੰਦ ਚੰਦ ਨੂੰ ਦਿਵਾਨ ਦਾ ਰੁਤਬਾ, ਵਣ ਵਿਚ ਵਿਚਰਨਾ

ਦੋਹਰਾ- ਨੰਦਚੰਦ ਪਰ ਗੁਰ ਖੁਸ਼ੀ ਜਾਨਜੋਂ ਲਾਇਕ ਬੀਰ।
ਚਾਹਜੋ ਕਰਜੋ ਦਿਵਾਨ ਕੋ ਕ੍ਰਿਪਾਸਿੰਧੁ ਮਤਿ ਧੀਰ॥ ੧॥

ਨੰਦ ਚੰਦ ਨੂੰ ਗੁਰੂ ਜੀ ਨੇ ਇਕ ਸੂਰਬੀਰ ਜਾਣਕੇ ਉਸ ਉੱਤੇ ਆਪਣੀ ਖ਼ੁਸ਼ੀ ਕੀਤੀ। ਕਿਰਪਾ ਦੇ ਸਾਗਰ ਤੇ ਧੀਰਜਵਾਨ ਬੁੱਧੀ ਵਾਲੇ ਗੁਰੂ ਜੀ ਉਸ ਨੂੰ ਦਿਵਾਨ ਬਣਾਉਣਾ ਚਾਹੁੰਦੇ ਸਨ॥ ੧॥

ਪਾਧੜੀ ਛੰਦ-ਨਿਜ ਨਿਕਟ ਹਕਾਰਿ ਮਾਤੁਲ ਕ੍ਰਿਪਾਲ। ਤਿਹ ਲਗੇ ਬੂਝਿਬੇ ਗੁਰ ਕ੍ਰਿਪਾਲ।
'ਇਹ ਨੰਦ ਚੰਦ ਮਤਿ ਕੋ ਬਿਲੰਦ। ਬਹੁ ਸਾਵਧਾਨ ਗਨ ਰਿਪੁ ਨਿਕੰਦ॥੨॥

ਉਨ੍ਹਾਂ ਮਾਮਾ ਕ੍ਰਿਪਾਲ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਕ੍ਰਿਪਾਲੂ ਗੁਰੂ ਜੀ ਉਸ ਨੂੰ ਪੁੱਛਣ ਲੱਗੇ, "ਇਹ ਨੰਦ ਚੰਦ ਸ੍ਰੇਸ਼ਟ ਬੁੱਧੀ ਵਾਲਾ ਹੈ, ਬਹੁਤ ਸਾਵਧਾਨ ਹੈ ਤੇ ਅਨੇਕਾਂ ਵੈਰੀਆਂ ਦਾ ਨਾਸ਼ ਕਰਨ ਵਾਲਾ ਹੈ॥ ੨॥

ਨਿਤ ਸ਼ਸਤ੍ਰ ਧਰਨਿ ਅੱਭਜਾਸ ਕੀਨਿ। ਇਕ ਸਮ ਮਸੰਦ ਨਹਿਂ ਅਪਰ ਚੀਨਿ।
ਗੁਰ ਬਡਨ ਪਾਸ ਇਨ ਕੇ ਬਡੇਰ। ਨਿਤ ਰਹੇ ਸੇਵਕ੍ਰਿਕਰਤਿ ਨੇਰ॥ ੩॥

ਨਿਤ ਸ਼ਸਤਰ ਧਾਰ ਕੇ ਅਭਿਆਸ ਕਰਦਾ ਹੈ, ਇਸ ਵਰਗਾ ਹੋਰ ਕੋਈ ਮਸੰਦ ਨਹੀਂ ਵੇਖਿਆ ਹੈ। ਵੱਡੇ ਗੁਰੂ ਜੀ ਭਾਵ ਪੰਜਵੇਂ ਗੁਰੂ ਜੀ ਪਾਸ ਇਨ੍ਹਾਂ ਦੇ ਵਡੇਰੇ ਆਉਂਦੇ ਸਨ ਤੇ ਨੇੜ ਕਰਦੇ ਹੋਏ ਨਿਤ ਸੇਵਕ ਰਹੇ ਹਨ॥ ੩॥

ਜਿਹ ਉਮਰਸ਼ਾਹਿ ਕਹਿਂ ਨਾਮ ਲੋਕ। ਰਾਖਜੋ ਨਜੀਕ ਨੀਕੇ ਬਿਲੋਕਿ।
ਤਿਹ ਕੇਰਿ ਪੌਤ੍ਰ ਇਹ ਨੰਦਚੰਦ। ਅਬਿ ਕਰਹਿਂ ਬੀਰ ਦਰਜਾ ਬਿਲੰਦ॥੪॥

ਜਿਸ ਦਾ ਨਾਮ ਲੋਕ ਉਮਰ ਸ਼ਾਹ ਕਹਿੰਦੇ ਸਨ, ਉਸ ਨੂੰ ਚੰਗਾ ਸਮਝ ਕੇ ਗੁਰੂ ਜੀ ਨੇ ਆਪਣੇ ਪਾਸ ਰੱਖਿਆ। ਇਹ ਨੰਦ ਚੰਦ ਉਸ ਦਾ ਪੋਤਰਾ ਹੈ, ਹੁਣ ਅਸੀਂ ਇਸ ਸੂਰਮੇ ਦਾ ਉੱਚਾ ਦਰਜਾ ਕਰ ਕੇ ਸੂਰਬੀਰ ਬਣਾ ਦਿੰਦੇ ਹਾਂ"॥ ੪॥

ਸੁਨਿ ਕੈ ਕ੍ਰਿਪਾਲ ਸਨਮਾਨ ਸਾਥ। ਬਚ ਭਨਜੋ 'ਆਪ ਹੋ ਸਕਲ ਨਾਥ।
ਸਮੁਦਾਇ ਸੈਨ ਮਹਿਂ ਇਕ ਦਿਵਾਨ। ਚਹਿਯਤਿ ਜ਼ਰੂਰ ਬਡ ਸਾਵਧਾਨ॥੫॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਬੜੇ ਆਦਰ ਨਾਲ ਬਚਨ ਕਹੇ, "ਆਪ ਹਰ ਤਰ੍ਹਾਂ ਮਾਲਕ ਹੋ, ਸਾਰੀ ਸੈਨਾ ਵਿਚ ਇਕ ਦਿਵਾਨ ਜ਼ਰੂਰ ਚਾਹੀਦਾ ਹੈ ਜਿਹੜਾ ਵੱਡਾ ਸਾਵਧਾਨ ਹੋਵੇ॥ ੫॥

ਸਭਿ ਕੀ ਸੰਭਾਲ ਜੋ ਲੇ ਹਮੇਸ਼। ਕਿਸ ਥਾਨ ਪਠਨ ਨਿਜ ਨਰ ਵਿਸ਼ੇਸ਼।
ਇੱਤਜਾਦਿ ਕਾਜ ਸਮੁਦਾਇ ਜੋਇ। ਬਿਨ ਨਰ ਬਿਸਾਲ ਨਹਿਂ ਬਨਹਿਂ ਕੋਇ॥੬॥

ਜਿਹੜਾ ਹਮੇਸ਼ਾਂ ਸਭ ਦੀ ਸੰਭਾਲ ਕਰੇ, ਕਿਸੇ ਥਾਂ ਆਪਣਾ ਖਾਸ ਆਦਮੀ ਵੀ ਭੇਜਣਾ ਹੁੰਦਾ ਹੈ। ਇਸ ਤਰ੍ਹਾਂ ਦੇ ਜਿਹੜੇ ਸਾਰੇ ਕਾਰਜ ਹਨ, ਉਹ ਕਿਸੇ ਵਿਸ਼ੇਸ਼ ਆਦਮੀ ਤੋਂ ਬਗ਼ੈਰ ਨਹੀਂ ਬਣ ਸਕਦੇ ਹਨ"॥ ੬॥

ਤਬਿ ਸਿਰੇਪਾਉ ਸਤਿਗੁਰ ਮੰਗਾਇ। ਸਭਿ ਸਭਾ ਸੁਭਤਿ ਆਛੇ ਲਗਾਇ।
ਭਟ ਬ੍ਰਿੰਦ ਮਸੰਦ ਬਿਲੰਦ ਜੇਯ। ਤਿਨ ਮਹਿਂ ਬਿਠਾਇ ਆਨੰਦ ਦੇਯ॥੭॥

ਤਦ ਸਤਿਗੁਰੂ ਜੀ ਨੇ ਸਿਰੋਪਾ ਮੰਗਵਾਇਆ, ਉਸ ਸਮੇਂ ਸਾਰੀ ਸਭਾ ਚੰਗੀ ਤਰ੍ਹਾਂ ਸ਼ੋਭ ਰਹੀ ਸੀ। ਜਿੱਥੇ ਸਮੂਹ ਸੂਰਬੀਰ ਅਤੇ ਵੱਡੇ-ਵੱਡੇ ਮਸੰਦ ਬੈਠੇ ਹੋਏ ਸਨ, ਉਨ੍ਹਾਂ ਵਿਚ ਬੈਠੇ ਗੁਰੂ ਜੀ ਅਨੰਦ ਦੇ ਰਹੇ ਸਨ॥ ੭॥

ਤਿਹ ਬਖਸ਼ਿ ਖਿਲਤ ਕੀਨੋ ਦਿਵਾਨ। ਸਭਿ ਮਹਿਂ ਬਿਠਾਇ ਕਰੁਨਾ ਨਿਧਾਨ।
ਲੇ ਸਿਰੋਪਾਉ ਉਠਿ ਨੰਦਚੰਦ। ਦੀਨਾਰ ਨਜ਼ਰ ਦੀਨਸਿ ਮੁਕੰਦ॥ ੮॥

ਓਥੇ ਨੰਦ ਚੰਦ ਨੂੰ ਖਿਲਤ ਬਖਸ਼ ਕੇ ਦਿਵਾਨ ਬਣਾ ਦਿੱਤਾ ਤੇ ਕਿਰਪਾ-ਨਿਧਾਨ ਗੁਰੂ ਜੀ ਨੇ ਉਸ ਨੂੰ ਸਾਰਿਆਂ ਦੇ ਵਿਚ ਬਿਠਾਇਆ। ਸਿਰੋਪਾ ਲੈ ਕੇ ਨੰਦ ਚੰਦ ਉਠਿਆ ਤੇ ਇਕ ਮੁਹਰ ਸ੍ਰੀ ਗੁਰੂ ਜੀ ਦੀ ਨਜ਼ਰ ਕੀਤੀ॥ ੮॥

ਸਭਿ ਕਾਰ ਚਮੂੰ ਆਦਿਕ ਜਿਤੇਕ। ਸੌਂਪੀ ਸੰਭਾਰ ਕਰਿਬੇ ਅਨੇਕ।
ਹਯ ਬਿੰਦ ਅਧਿਕ ਜੋਧਾਨ ਦੀਨਿ। ਸਭਿਹੂੰਨਿ ਤ੍ਰਿਣਨ ਦਾਨਾ ਸੁ ਕੀਨਿ॥ ੯॥

ਸੈਨਾ ਆਦਿ ਦੀ ਸੰਭਾਲ ਦਾ ਜਿੰਨਾ ਵੀ ਕਾਰਜ ਸੀ ਅਤੇ ਹੋਰ ਵੀ ਅਨੇਕ ਤਰ੍ਹਾਂ ਦੇ ਕੰਮ ਨੰਦ ਚੰਦ ਨੂੰ ਸੌਂਪ ਦਿੱਤੇ। ਬਹੁਤ ਘੋੜੇ ਅਤੇ ਜੋਧੇ ਦਿੱਤੇ। ਸਾਰਿਆਂ ਵਾਸਤੇ ਘਾਹ ਅਤੇ ਦਾਣੇ ਮੁਕੱਰਰ ਕਰ ਦਿੱਤੇ॥ ੯॥

ਘ੍ਰਿਤ ਖੰਡ ਚੂਨ ਕੇਤਿਕ ਅਹਾਰ। ਹਯਸ਼ਾਲ ਸਕਲ ਗੁਰ ਕੋ ਸੰਭਾਰਿ।
ਤਿਨ ਜ਼ੀਨ ਆਦਿ ਜੇਤਿਕ ਸਮਾਜ। ਕਹਿ ਤਯਾਰ ਕਰਾਵਹਿ ਸਰਬ ਕਾਜ॥ ੧੦॥

ਘਿਉ, ਖੰਡ, ਆਟਾ ਜਿੰਨੇ ਵੀ ਭੋਜਨ ਸਨ, ਗੁਰੂ ਜੀ ਦਾ ਤਬੇਲਾ ਸਾਰਾ ਸੰਭਾਲ ਦਿੱਤਾ। ਤਿੰਨ ਘੋੜਿਆਂ ਦੀਆਂ ਕਾਠੀਆਂ ਤੇ ਹੋਰ ਜਿੰਨਾ ਸਾਮਾਨ ਸੀ, ਕਹਿ ਕੇ ਸਾਰੇ ਕਾਰਜ ਤਿਆਰ ਕਰਵਾਏ॥ ੧੦॥

ਬਹੁ ਲੇਨਿ ਦੇਨਿ ਗੁਰ ਨਿਕਟ ਕੇਰ। ਸਭਿ ਨੰਦ ਚੰਦ ਕਰਤਾ ਬਡੇਰ।
ਸੁਧਿ ਸੁਭਟ ਸਭਿਨਿ ਕੀ ਲੇਤਿ ਨੀਤ। ਚਹੀ ਯਹਿ ਸੁ ਦੇਤਿ ਲਖਿ ਹੋਤਿ ਹੀਤ॥ ੧੧॥

ਬਹੁਤ ਲੈਣਾ ਦੇਣਾ ਜਿਹੜਾ ਗੁਰੂ ਜੀ ਪਾਸ ਸੀ, ਸਭ ਦਾ ਕਰਤਾ ਧਰਤਾ ਨੰਦ ਚੰਦ ਨੂੰ ਬਣਾ ਦਿੱਤਾ। ਨਿਤ ਸਾਰੇ ਸੂਰਬੀਰਾਂ ਦੀ ਖ਼ਬਰ ਲੈਂਦਾ ਸੀ। ਜੋ ਲੋੜ ਹੋਵੇ ਦਿੰਦਾ ਹੈ, ਲੋੜ ਸਮਝ ਕੇ ਹਿਤਵਾਨ ਹੁੰਦਾ ਹੈ, ਭਾਵ ਖਿੜੇ ਮੱਥੇ ਦਿੰਦਾ ਹੈ॥ ੧੧॥

ਨਿਤ ਵਧਹਿ ਸਕਲ ਬਿਧਿ ਕੋ ਸਮਾਜ। ਪ੍ਰਭੁ ਮਹਾਂਰਾਜ ਰਾਜਾਨ ਰਾਜ।
ਤੁਰਕੇਸ਼ ਆਦਿ ਜੇਤਿਕ ਮਹੀਪ। ਸਭਿ ਰਹੇ ਜਾਚਤੇ ਗੁਰ ਸਮੀਪ॥ ੧੨॥

ਨਿਤ ਸਾਰੀਆਂ ਵਿਧੀਆਂ ਨਾਲ ਸਾਜ਼ੋ-ਸਾਮਾਨ ਵਧਦਾ ਜਾਂਦਾ ਸੀ। ਪ੍ਰਭੂ ਮਹਾਰਾਜ ਰਾਜਿਆਂ ਦੇ ਰਾਜੇ ਸਨ। ਤੁਰਕ ਬਾਦਸ਼ਾਹ ਤੇ ਹੋਰ ਜਿੰਨੇ ਰਾਜੇ ਸਨ ਸਾਰੇ ਹੀ ਗੁਰੂ ਜੀ ਦੀ ਨੇੜਤਾ ਮੰਗਦੇ ਸਨ॥ ੧੨॥

ਸਭਿ ਜਗਤ ਮਾਂਗਤੋ ਹਾਥ ਬੰਦਿ। ਨਹਿਂ ਦੁਤਿਯ ਜਾਨੀਯਹਿ ਤਿਨ ਮਨਿੰਦ।
ਚਹੁੰਦਿਸ਼ਿਨਿ ਤੇ ਸੁ ਨਰ ਮਿਲਹਿਂ ਬ੍ਰਿੰਦ। ਸਮੁਦਾਇ ਸੰਗਤਾਂ ਧਰਿ ਅਨੰਦ॥ ੧੩॥

ਸਾਰਾ ਜਗਤ ਹੀ ਹੱਥ ਜੋੜ ਕੇ ਦਰਸ਼ਨ ਮੰਗਦਾ ਸੀ, ਉਨ੍ਹਾਂ ਵਰਗਾ ਇਸ ਜਗਤ ਵਿਚ ਕੋਈ ਦੂਸਰਾ ਨਹੀਂ ਸੀ। ਚਾਰੇ ਪਾਸਿਆਂ ਤੋਂ ਬਹੁਤ ਮਨੁੱਖ ਆ ਕੇ ਮਿਲਦੇ ਸਨ ਤੇ ਸਾਰੀਆਂ ਸੰਗਤਾਂ ਅਨੰਦ ਧਾਰ ਕੇ ਆਉਂਦੀਆਂ ਸਨ॥ ੧੩॥

ਸੁਖ ਦੂਧ ਪੂਤ ਬਿਤ ਬਪੁ ਅਰੋਗ। ਇੱਤਯਾਦਿ ਜਾਚਿਹੀਂ ਆਇ ਲੋਗ।
ਗਨ ਮਿਲਹਿਂ ਆਇ ਡੇਰੇ ਕਰੰਤਿ। ਦਿਨ ਬਿਤਹਿ ਕਿਤਿਕ ਦਰਸ਼ਨ ਚਹੰਤਿ॥ ੧੪॥

ਜਿਹੜੇ ਵੀ ਲੋਕ ਆਉਂਦੇ ਸਨ, ਉਹ ਸੁਖ, ਦੁੱਧ, ਪੁੱਤ, ਧਨ ਅਤੇ ਦੇਹ ਦੀ ਅਰੋਗਤਾ ਆਦਿ ਇਸ ਤਰ੍ਹਾਂ ਦੀਆਂ ਮੰਗਾਂ ਮੰਗਦੇ ਸਨ। ਬਹੁਤ ਆ ਕੇ ਮਿਲਦੇ ਸਨ ਤੇ ਡੇਰਾ ਕਰਦੇ ਸਨ। ਦਿਨ ਬੀਤਣ ਤੇ ਕਈ ਦਰਸ਼ਨ ਕਰਨੇ ਚਾਹੁੰਦੇ ਸਨ॥ ੧੪॥

ਪੁਨ ਅਰਜ਼ ਮੇਵਰੋ ਕਰਹਿ ਜਾਇ। 'ਪ੍ਰਭੁ ਦੀਨਬੰਧੁ ਦਾਸਨ ਸਹਾਇ!
ਸਭਿ ਘਟਨਿ ਜਾਨਿਤੇ ਜੁ ਕੁਛ ਹੋਤਿ। ਜਹਿਂ ਕਹਿਂ ਪ੍ਰਭਾਉ ਦੀਰਘ ਉਦੋਤਿ॥੧੫॥

ਫਿਰ ਮੇਵੜ੍ਹਾ ਜਾ ਕੇ ਬੇਨਤੀ ਕਰਦਾ ਸੀ, "ਹੇ ਪ੍ਰਭੂ, ਦੀਨਬੰਧੂ, ਦਾਸਾਂ ਦੇ ਸਹਾਇਕ ! ਸਭ ਦੇ ਦਿਲਾਂ ਦੀਆਂ ਜਾਣਦੇ ਹੋ, ਜੋ ਕੁਝ ਵੀ ਹੁੰਦਾ ਹੈ। ਜਿੱਥੇ ਕਿੱਥੇ ਤੁਹਾਡਾ ਵੱਡਾ ਪ੍ਰਭਾਵ ਪ੍ਰਗਟ ਹੈ॥ ੧੫॥

ਬਹੁ ਮਿਲੀ ਸੰਗਤਾਂ ਸਿਵਰ ਪਾਇ। ਦਿਨ ਬਿਤੇ ਕਿਤਿਕ ਚਿਤ ਦਰਸ ਚਾਇ'।
ਅਰਦਾਸ ਕਰਤਿ ਜਬਿ ਠਹਿਰਿ ਪੌਰ। ਇਮ ਸੁਨਹਿਂ ਜਬਹਿ ਸੋਢੀਨ ਮੌਰ॥੧੬॥

ਬਹੁਤ ਸੰਗਤਾਂ ਨੇ ਮਿਲ ਕੇ ਡੇਰੇ ਲਾਏ ਹਨ, ਦਿਨ ਬੀਤਨ 'ਤੇ ਕਈਆਂ ਦੇ ਚਿੱਤ ਵਿਚ ਦਰਸ਼ਨਾਂ ਦੀ ਚਾਹਤ ਹੁੰਦੀ ਹੈ।" ਮੇਵੜਾ ਜਦ ਦਰਵਾਜ਼ੇ ਤੇ ਖਲੋ ਕੇ ਅਰਦਾਸ ਕਰਦਾ ਸੀ ਤੇ ਜਦ ਇਸ ਤਰ੍ਹਾਂ ਸੋਢੀ ਸ਼ਿਰੋਮਣੀ ਸੁਣਦੇ ਸਨ॥ ੧੬॥

ਦੇਂ ਹੁਕਮ ਫਰਸ਼ ਬਨਿ ਹੈ ਉਦਾਰ। ਸ਼ੁਭ ਬਸਤ੍ਰ ਸ਼ਸਤ੍ਰ ਪਹਿਰੈਂ ਸੁਧਾਰਿ।
ਜ਼ੇਵਰ ਜਰਾਵ ਜਿਨ ਜਾਗਤਿ ਜੋਤਿ। ਜੋ ਦੁਲਭ ਜਗਤ ਮਹਿਂ ਦੁਤਿ ਉਦੋਤਿ॥੧੭॥

ਉਹ ਫਿਰ ਹੁਕਮ ਦਿੰਦੇ ਸਨ ਕਿ ਸੁੰਦਰ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰੋ, ਫਿਰ ਸ਼ੁਭ ਵਸਤਰ ਸ਼ਸਤਰ ਸੁਧਾਰ ਕੇ ਪਹਿਨਦੇ ਸਨ। ਜੜਾਉ ਗਹਿਣੇ ਪਾਉਂਦੇ ਸਨ ਜਿਨ੍ਹਾਂ ਦੀ ਜੋਤ ਬਹੁਤ ਚਮਕਦੀ ਸੀ। ਜਿਹੜੇ ਗਹਿਣੇ ਜਗਤ ਵਿਚ ਦੁਰਲੱਭ ਸਨ ਤੇ ਜਿਨ੍ਹਾਂ ਦੀ ਚਮਕ ਬੜੇ ਸੁੰਦਰ ਢੰਗ ਨਾਲ ਪ੍ਰਗਟ ਹੁੰਦੀ ਸੀ॥ ੧੭॥

ਸਿਰ ਤੁੰਗ ਸੁ ਕਲਗੀ ਰਹਿ ਸੁਹਾਇ। ਪੁਨ ਜਿਗਾ, ਕਰਨ ਕੁੰਡਲ ਬਨਾਇ।
ਜਬਿ ਪੌਰ ਆਇਂ ਦਰਸੰਨ ਹੋਇ। ਸਿਰ ਨਿਮਹਿਂ ਹਜ਼ਾਰੋਂ ਰਹਿਂ ਖਰੋਇ॥੧੮॥

ਸਿਰ ਉੱਤੇ ਉੱਚੀ ਕਲਗੀ ਸ਼ੋਭਦੀ ਰਹਿੰਦੀ ਸੀ, ਫਿਰ ਜਿਗਾ ਲਾਉਂਦੇ ਸਨ ਤੇ ਕੰਨਾਂ ਵਿਚ ਕੁੰਡਲ ਸ਼ੋਭਦੇ ਸਨ। ਜਦ ਦਰਵਾਜ਼ੇ 'ਤੇ ਆਉਂਦੇ ਸਨ ਤਾਂ ਦਰਸ਼ਨ ਹੁੰਦੇ ਸਨ, ਹਜ਼ਾਰਾਂ ਲੋਕ ਸਿਰ ਨਿਵਾ ਕੇ ਖਲੋ ਜਾਂਦੇ ਸਨ॥ ੧੮॥

ਪੁਨ ਸਭਾ ਮਾਂਹਿ ਪਹੁੰਚਹਿਂ ਮੁਕੰਦ। ਸ਼ੁਭ ਸਜਹਿ ਸਿੰਘਾਸਨ ਦੁਤਿ ਬਿਲੰਦ।
ਬੈਠਹਿਂ ਪ੍ਰਸੰਨ ਸਿਰ ਢੁਰਤਿ ਚੌਰ।ਸੁਧਿ ਪਾਇ ਸੰਗਤਾਂ ਆਇਂ ਪੌਰ॥ ੧੯॥

ਫਿਰ ਮੁਕਤੀ ਦਾਤੇ ਸਭਾ ਵਿਚ ਪਹੁੰਚ ਜਾਂਦੇ ਸਨ, ਸ਼ੁਭ ਸਿੰਘਾਸਣ ਬੜਾ ਸੁੰਦਰ ਸਜਿਆ ਹੋਇਆ ਹੁੰਦਾ ਸੀ। ਜਦ ਪ੍ਰਸੰਨ ਹੋ ਕੇ ਬੈਠ ਜਾਂਦੇ ਸਨ ਤਾਂ ਚੌਰ ਸਿਰ ਤੇ ਫਿਰਨ ਲੱਗ ਜਾਂਦਾ ਸੀ। ਫਿਰ ਖ਼ਬਰ ਸੁਣ ਕੇ ਸੰਗਤਾਂ ਦਰਵਾਜ਼ੇ ਤੇ ਪਹੁੰਚ ਜਾਂਦੀਆਂ ਸਨ॥ ੧੯॥

ਧਰਿ ਧਰਿ ਅਕੋਰ ਜੁਗ ਹਾਥ ਜੋਰਿ। ਪਗ ਕਮਲ ਓਰ ਬੰਦਤਿ ਨਿਹੋਰਿ।
ਥਿਰ ਹੋਇ ਦਰਸ ਕੋ ਦੇਂ ਕ੍ਰਿਪਾਲ। ਪੁਰਿਯੰਤਿ ਭਾਵਨਾ ਦਾਸ ਜਾਲ॥ ੨੦॥

ਸੰਗਤਾਂ ਉਪਹਾਰ ਧਰ ਧਰ ਕੇ ਦੋਵੇਂ ਹੱਥ ਜੋੜਦੀਆਂ ਸਨ ਤੇ ਚਰਨ ਕੰਵਲਾਂ ਨੂੰ ਵੇਖ ਕੇ ਬੰਦਨਾ ਕਰਦੀਆਂ ਸਨ। ਗੁਰੂ ਜੀ ਬੈਠ ਕੇ ਦਰਸ਼ਨ ਦਿੰਦੇ ਸਨ ਤੇ ਆਪਣੇ ਅਨੇਕਾਂ ਸੇਵਕਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਸਨ॥ ੨੦॥

ਧਨ ਆਦਿ ਵਸਤੁ ਕੇ ਲਗਿ ਅੰਬਾਰ। ਬਹੁ ਬਸਤ੍ਰ ਸ਼ਸਤ੍ਰ ਜਿਨ ਮੁਲ ਉਦਾਰ।
ਹਯ ਲਜਾਇ ਖਰਚ ਕਹਿ ਧਨ ਬਿਲੰਦ। ਗੁਰ ਖ਼ੁਸ਼ੀ ਚਹਹਿਂ ਕਰ ਬੰਦਿ ਬੰਦਿ॥੨੧॥

ਧਨ ਆਦਿ ਵਸਤਾਂ ਦੇ ਅੰਬਾਰ ਲੱਗ ਜਾਂਦੇ ਸਨ, ਬਹੁਤ ਵਸਤਰ ਸ਼ਸਤਰ ਆਉਂਦੇ ਸਨ, ਜਿਨ੍ਹਾਂ ਦਾ ਬਹੁਤ ਜ਼ਿਆਦਾ ਮੁੱਲ ਹੁੰਦਾ ਸੀ। ਬਹੁਤ ਭਾਰੀ ਧਨ ਖਰਚ ਕੇ ਘੋੜੇ ਲਿਆਉਂਦੇ ਸਨ ਤੇ ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੀ ਖ਼ੁਸ਼ੀ ਚਾਹੁੰਦੇ ਸਨ॥ ੨੧॥

ਕਰੁਨਾ ਕਟਾਖਜ ਅਵਿਲੋਕਿ ਲੋਕ। ਨਿਜ ਸੇਵਕਾਨ ਸ੍ਰਿਯ ਦੇਂ ਦੁਲੋਕ।
ਪੁਰਿਯੰਤਿ ਭਾਵਨਾ ਬਨਿ ਸਹਾਇ। ਮਨ ਹਰਤਿ ਸਭਿਨਿ ਸੁੰਦਰ ਸੁਹਾਇ ॥੨੨॥

ਮਿਹਰ ਦੀ ਨਜ਼ਰ ਨਾਲ ਲੋਕਾਂ ਵਲ ਵੇਖ ਕੇ, ਆਪਣੇ ਸੇਵਕਾਂ ਨੂੰ ਦੋਵਾਂ ਲੋਕਾਂ ਦਾ ਕਲਿਆਣ ਬਖਸ਼ਦੇ ਸਨ। ਉਨ੍ਹਾਂ ਦੇ ਸਹਾਇਕ ਬਣ ਕੇ ਭਾਵਨਾਵਾਂ ਪੂਰੀਆਂ ਕਰਦੇ ਸਨ ਤੇ ਸੁੰਦਰ ਸ਼ੋਭਾ ਪਾ ਕੇ ਸਭ ਦੇ ਮਨ ਚੁਰਾ ਲੈਂਦੇ ਸਨ॥ ੨੨॥

ਬਹੁ ਸੂਖਮ ਚੀਰ ਜਾਮਾਂ ਮਨੋਗ। ਜੁਗ ਛੋਰ ਜ਼ਰੀ ਪਟ ਕਟਹ ਜੋਗ।
ਦੇਂ ਜੋਗ ਭੋਗ, ਹਤਿ ਰੋਗ ਸੋਗ। ਬਿਸਵਾਸ ਧਰਤਿ ਗਨ ਦਾਸ ਲੋਗ ॥੨੩॥

ਬਹੁਤ ਸੂਖਮ ਅਤੇ ਸੁੰਦਰ ਜਾਮਾ ਪਹਿਨਦੇ ਸਨ। ਜ਼ਰੀ ਅਤੇ ਰੇਸ਼ਮ ਦਾ ਕਮਰਕੱਸਾ ਲੱਕ ਵਿਚ ਬੰਨ੍ਹਦੇ ਸਨ। ਰੋਗ ਸੋਗ ਨੂੰ ਦੂਰ ਕਰਕੇ ਜੋਗ ਭੋਗ ਦਿੰਦੇ ਹਨ। ਸਾਰੇ ਦਾਸ ਲੋਕ ਵਿਸ਼ਵਾਸ ਧਾਰਨ ਕਰਦੇ ਸਨ॥ ੨੩॥

ਦਰਬਾਰ ਗੁਰਨਿ ਸਭਿ ਕਿਛ ਅਤੋਟ। ਨਹਿਂ ਥੁਰਹਿ ਦੇਤਿ ਕੋਟਾਨ ਕੋਟ।
ਦਿਸ਼ਿ ਦਾਹਨ ਥਿਰ ਇੰਦ੍ਰਾ ਸਦੀਵ। ਦਸ ਅਸ਼ਟ ਸਿੱਧਿ ਨਿਤ ਸਮੁਖ ਥੀਵ ॥੨੪॥

ਗੁਰੂ ਜੀ ਦੇ ਦਰਬਾਰ ਵਿਚ ਕਿਸੇ ਵਸਤੂ ਦੀ ਤੋਟ ਨਹੀਂ ਸੀ, ਕੁਝ ਵੀ ਥੁੜਦਾ ਨਹੀਂ ਸੀ, ਕੋਟਾਨ ਕੋਟ ਦਿੰਦੇ ਸਨ। ਗੁਰੂ ਜੀ ਦੇ ਸੱਜੇ ਪਾਸੇ ਲਛਮੀ ਖੜੀ ਰਹਿੰਦੀ ਸੀ। ਅਠਾਰਾਂ ਸਿਧੀਆਂ ਸਦਾ ਸਾਹਮਣੇ ਖੜੀਆਂ ਰਹਿੰਦੀਆਂ ਸਨ॥ ੨੪॥

ਦਿਸ਼ਿ ਬਾਮ ਰਿੱਧਿ ਠਾਂਢੀ ਅਨੇਕ। ਉਰ ਬਸਹਿਂ ਗਜਾਨ 'ਹੰ ਬ੍ਰਹਮ' ਏਕ।
ਉਤਸਾਹ, ਬਦਨ ਮਹਿਂ ਬਾਸ ਪਾਇ। ਅਤਿ ਪ੍ਰਾਕ੍ਰਮ ਬਾਹਨ ਮਹਿਂ ਲਖਾਇ ॥੨੫॥

ਖੱਬੇ ਪਾਸੇ ਅਨੇਕਾਂ ਰਿੱਧੀਆਂ ਖੜੀਆਂ ਰਹਿੰਦੀਆਂ ਸਨ। ਹਿਰਦੇ ਵਿਚ ਗਿਆਨ ਵਸਦਾ ਸੀ "ਅਹੰ ਬ੍ਰਹਮ" ਇਕ ਹੈ। ਉਤਸ਼ਾਹ ਮੁਖੜੇ ਤੇ ਵਾਸਾ ਕਰਦਾ ਸੀ, ਤੇ ਅਤੀ ਉੱਦਮ ਬਾਹਾਂ ਵਿਚ ਵਿਖਾਈ ਦਿੰਦਾ ਸੀ॥ ੨੫॥

ਗਨ ਸੰਗਤਿ ਇਮ ਸਮੁਦਾਇ ਆਇ। ਇਕ ਦਿਵਸ ਬਿਖੈ ਦਰਸੰਨ ਪਾਇ।
ਕੋ ਬਸਹਿ ਪਾਸ ਇਕ ਮਾਸ ਚਾਉ। ਸਿਰੁਪਾਉ ਪਾਇ ਪੁਨ ਹ੍ਵੈ ਬਿਦਾਉ ॥੨੬॥

ਬਹੁਤ ਸੰਗਤ ਇਸ ਤਰ੍ਹਾਂ ਇਕੱਠੀ ਹੋ ਕੇ ਆਉਂਦੀ ਸੀ, ਇਕ ਦਿਨ ਵਿਚ ਦਰਸ਼ਨ ਪਾਉਂਦੇ ਸਨ। ਕਈ ਚਾਅ ਨਾਲ ਇਕ ਮਹੀਨੇ ਤਕ ਗੁਰੂ ਜੀ ਦੇ ਪਾਸ ਰਹਿੰਦੇ ਸਨ, ਫਿਰ ਸਿਰੋਪਾ ਪ੍ਰਾਪਤ ਕਰਕੇ ਵਿਦਾ ਹੋ ਜਾਂਦੇ ਸਨ॥ ੨੬॥

ਖਟ ਮਾਸ ਰਹਤਿ ਉਰ ਲਹਹਿ ਸੇਵ। ਕੋ ਈਸ਼ ਜੀਵ ਕੋ ਜਾਨਿ ਭੇਵ।
ਕੋ ਪ੍ਰੇਮ ਭਗਤਿ ਮਹਿਂ ਰੰਗ ਲਾਗ। ਬਹੁ ਜਨਮ ਸੁਪਤਿ ਗੁਰ ਨਿਕਟ ਜਾਗ ॥੨੭॥

ਕਈ ਛੇ ਮਹੀਨਿਆਂ ਤਕ ਰਹਿੰਦੇ ਸਨ ਤੇ ਹਿਰਦੇ ਵਿਚ ਸੇਵਾ ਧਾਰਨ ਕਰਦੇ ਸਨ। ਕੋਈ ਈਸ਼ਵਰ ਦੇ ਜੀਵਾਂ ਦਾ ਭੇਦ ਜਾਣਦਾ ਸੀ, ਕੋਈ ਪ੍ਰੇਮ ਭਗਤੀ ਰੰਗ ਵਿਚ ਲੱਗ ਜਾਂਦਾ ਸੀ। ਜਨਮਾਂ ਦੇ ਸੁੱਤੇ ਹੋਏ ਗੁਰੂ ਜੀ ਦੀ ਸਮੀਪਤਾ ਨਾਲ ਜਾਗ ਪੈਂਦੇ ਸਨ॥ ੨੭॥

ਸੇਵਾ ਕਰੰਤਿ ਨਹਿਂ ਤਜਹਿਂ ਪਾਸ। ਸੁਖ ਪਾਇਂ ਸ਼ਾਂਤਿ ਦੁਖ ਦੁੰਦ ਨਾਸ਼।
ਕੋਸਨ ਹਜ਼ਾਰ ਕੇ ਦਾਸ ਆਇਂ। ਸੇਵਹਿਂ ਅਨੰਦ ਕੋ ਲੇਤਿ ਪਾਇ ॥ ੨੮॥

ਸੇਵਾ ਕਰਦੇ ਹੋਏ ਨੇੜਤਾ ਨਹੀਂ ਛੱਡਦੇ ਸਨ, ਸੁਖ ਸ਼ਾਂਤੀ ਪਾਉਂਦੇ ਸਨ ਤੇ ਦੁਖ ਤੇ ਦੁਵੰਦ ਦਾ ਨਾਸ਼ ਕਰਦੇ ਸਨ। ਹਜ਼ਾਰਾਂ ਕੋਹਾਂ ਤੋਂ ਸੇਵਕ ਆਉਂਦੇ ਸਨ ਤੇ ਸੇਵਾ ਕਰਕੇ ਅਨੰਦ ਪਾਉਂਦੇ ਸਨ॥ ੨੮॥

ਕਬਿ ਸਾਖਯਾਤ ਦਰਸ਼ਨ ਕਰੰਤਿ। ਪੁਨ ਗੁਰ ਸਰੂਪ ਧਜਾਨੰ ਧਰੰਤਿ।
ਬਨ ਗ਼ਮਨ ਕਰਤਿ ਕਾਰਨ ਅਖੇਰ। ਸਭਿ ਸੁਭਟ ਅਰੂੜਹਿਂ ਸੰਗ ਹੇਰਿ ॥ ੨੯॥

ਕਦੀ ਸਾਖਯਾਤ ਦਰਸ਼ਨ ਕਰਦੇ ਸਨ ਫਿਰ ਗੁਰੂ ਜੀ ਸਰੂਪ ਦਾ ਧਿਆਨ ਧਾਰਨ ਕਰਦੇ ਸਨ। ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ, ਸਾਰੇ ਸੂਰਮੇ ਘੋੜਿਆਂ ਤੇ ਸਵਾਰ ਹੋ ਕੇ ਨਾਲ ਜਾਂਦੇ ਸਨ॥ ੨੯॥

ਗਨ ਸ੍ਵਾਨ, ਬਾਜ਼, ਸ਼ਿਕਰੇ ਬਿਸਾਲ। ਮ੍ਰਿਗ ਖੋਜਿ ਖੋਜਿ ਕਰਿਯੰਤ ਕਾਲ।
ਪਰਖੰਤਿ ਸ਼ਸਤ੍ਰ ਬਿੱਦਜਾ ਸਬੀਰ। ਹਤਿ ਕਰਿ ਤੁਫੰਗ ਤਜਿ ਧਨੁਖ ਤੀਰ॥੩੦॥

ਬਹੁਤ ਕੁੱਤੇ, ਬਾਜ਼, ਸ਼ਿਕਰੇ ਨਾਲ ਖੜਦੇ ਸਨ, ਜਿਹੜੇ ਪੰਛੀਆਂ ਨੂੰ ਲੱਭ ਲੱਭ ਕੇ ਮਾਰਦੇ ਸਨ। ਸੂਰਬੀਰ ਵੀ ਸ਼ਸਤਰ ਵਿਦਿਆ ਦੀ ਪਰਖ ਕਰਦੇ ਸਨ। ਬੰਦੂਕਾਂ ਚਲਾਉਂਦੇ ਸਨ ਤੇ ਧਨੁੱਖ ਵਿਚੋਂ ਤੀਰ ਛੱਡਦੇ ਸਨ॥ ੩੦॥

ਤੋਮਰ ਪ੍ਰਹਾਰਿ ਹਯ ਕੋ ਫੰਦਾਇ। ਕੋ ਕਰਹਿ ਤੇਜ ਬਹੁ ਦੂਰ ਧਾਇ।
ਮਰਦੰਤਿ ਬਿਪਨ ਫਿਰ ਕਰਿ ਮਹਾਨ। ਛੁਟਿਯੰਤਿ ਬਾਜ ਪੰਛਨਿ ਹਾਨਿ॥੩੧॥

ਨੇਜ਼ੇ ਦਾ ਵਾਰ ਕਰਕੇ ਘੋੜਿਆਂ ਨੂੰ ਟਪਾਉਂਦੇ ਸਨ, ਕੋਈ ਘੋੜੇ ਨੂੰ ਬਹੁਤ ਤੇਜ ਕਰਕੇ ਦੂਰ ਚਲਾ ਜਾਂਦਾ ਸੀ। ਜੰਗਲ ਵਿਚ ਬਹੁਤ ਫਿਰ ਕੇ ਗਾਹੁੰਦੇ ਸਨ ਤੇ ਬਾਜਾਂ ਨੂੰ ਛੱਡ ਕੇ ਪੰਛੀਆਂ ਨੂੰ ਮਾਰਦੇ ਸਨ॥ ੩੧॥

ਇਮ ਪਿਖੇਂ ਤਮਾਸ਼ੇ ਕਿਤਿਕ ਕਾਲ। ਬਿਚਰੰਤਿ ਗੁਰੂ ਫਿਰ ਕਰਿ ਬਿਸਾਲ।
ਘੋਰਨਿ ਨਚਾਇ ਮੋਰਨਿ ਮਨਿੰਦ। ਛੋਰਨਿ ਤੁਫੰਗ, ਤੋਰਨਿ ਮ੍ਰਿਗਿੰਦ॥ ੩੨॥

ਇਸ ਤਰ੍ਹਾਂ ਕਾਫੀ ਸਮੇਂ ਤਕ ਤਮਾਸ਼ੇ ਵੇਖਦੇ ਰਹਿੰਦੇ ਸਨ। ਫਿਰ ਗੁਰੂ ਜੀ ਫਿਰ ਤੁਰ ਕੇ ਘੋੜੇ ਨੂੰ ਮੋਰਾਂ ਵਾਂਗ ਨਚਾਉਂਦੇ ਸਨ। ਸ਼ੇਰਾਂ ਨੂੰ ਲੱਭਦੇ ਸਨ ਤੇ ਬੰਦੂਕਾਂ ਚਲਾਉਂਦੇ ਸਨ॥ ੩੨॥

ਛੋਰਨਿ ਸਿਚਾਂਨ ਡੋਰਨਿ ਨਿਕਾਰਿ। ਦੌਰਨਿ ਪਿਛਾਰ ਓਰਨਿ ਨਿਹਾਰ।
ਸ਼ੋਰਨਿ ਮਚਾਇ ਹੋਰਨਿ ਡਰਾਇ। ਗੋਰਨਿ ਚਲਾਇ ਫੋਰਨ ਮ੍ਰਿਗਾਇ॥ ੩੩॥

ਡੋਰਾਂ ਖੋਲ੍ਹ ਕੇ ਬਾਜ਼ਾਂ ਨੂੰ ਛੱਡਦੇ ਸਨ। ਬਾਜ਼ਾਂ ਨੂੰ ਤੱਕਦੇ ਹੋਏ ਉਨ੍ਹਾਂ ਦੇ ਪਿੱਛੇ ਸੂਰਮੇ ਦੌੜਦੇ ਸਨ। ਸ਼ੋਰ ਪਾਉਂਦੇ ਹੋਏ ਹੋਰ ਪੰਛੀਆਂ ਨੂੰ ਡਰਾਉਂਦੇ ਸਨ। ਗੋਲੀਆਂ ਚਲਾ ਕੇ ਹਿਰਨਾਂ ਨੂੰ ਮਾਰਦੇ ਸਨ॥ ੩੩॥

ਬਿਚਰੰਤਿ ਬਿਪਨ ਨਿਕਸੰਤਿ ਸ਼ੇਰ। ਹਤਿ ਦੀਨਿ ਕਿਤਿਕ ਨਹਿਂ ਲਗਤਿ ਦੇਰ।
ਸ਼ੂਕਰ ਪ੍ਰਹਾਰਿ ਅਰੁ ਅਨਿਕ ਰੀਛ। ਝੰਖਾਰ ਰੋਝ ਸ਼ਸਤ੍ਰੈਨ ਤੀਛ॥ ੩੪॥

ਜੰਗਲ ਵਿਚ ਵਿਚਰਦਿਆਂ ਸ਼ੇਰ ਨਿਕਲਦੇ ਸਨ, ਕਈ ਸ਼ੇਰ ਮਾਰ ਦਿੱਤੇ, ਮਾਰਨ ਵਿਚ ਕੋਈ ਵੀ ਦੇਰ ਨਹੀਂ ਲੱਗਦੀ ਸੀ। ਕਈ ਸੂਰ ਅਤੇ ਅਨੇਕਾਂ ਰਿੱਛ ਮਾਰੇ। ਬਾਰਾਂ ਸਿੰਗੇ, ਨੀਲ ਗਾਇ ਤਿੱਖੇ ਹਥਿਆਰਾਂ ਨਾਲ ਮਾਰ ਦਿੱਤੇ॥ ੩੪॥

ਹਰਖੰਤਿ ਸਹਿਤ ਸੈਨਾ ਕ੍ਰਿਪਾਲ। ਇਮ ਕਰਿ ਅਖੇਰ ਹਤਿ ਮ੍ਰਿਗਨਿ ਜਾਲ।
ਧੌਂਸਾ ਬਜੰਤਿ ਨਿਜ ਪੁਰਿ ਅਨੰਦ। ਆਗਮਨ ਕਰਤਿ ਪਿਖਿ ਨਰ ਅਨੰਦ॥੩੫॥

ਕ੍ਰਿਪਾਲੂ ਗੁਰੂ ਜੀ ਸੈਨਾ ਸਹਿਤ ਪ੍ਰਸੰਨ ਹੋ ਕੇ ਜਾਂਦੇ ਸਨ, ਇਸ ਤਰ੍ਹਾਂ ਸ਼ਿਕਾਰ ਖੇਡ ਕੇ ਬਹੁਤ ਹਿਰਨਾਂ ਨੂੰ ਮਾਰਦੇ ਸਨ। ਨਗਾਰਾ ਵੱਜਦਾ ਆਉਂਦਾ ਵੇਖ ਕੇ ਅਨੰਦਪੁਰ ਵਾਸੀ ਬਹੁਤ ਪ੍ਰਸੰਨ ਹੋ ਜਾਂਦੇ ਸਨ॥ ੩੫॥

ਮੰਗਲ ਰਚੰਤਿ ਬਹੁ ਬਿਧਿ ਪ੍ਰਕਾਰ। ਅੰਜੁਲ ਸੁ ਫੂਲ ਭਰਿ ਭਰਤਿ ਡਾਰ।
ਧੂਪਨ ਧੁਖਾਇ ਬੰਦਨ ਕਰੰਤਿ। ਬਲਿਹਾਰ ਹੋਤਿ ਹਰਖੰਤਿ ਸੰਤ॥ ੩੬॥

ਬਹੁਤ ਵਿਧੀਆਂ ਦੇ ਕਈ ਪ੍ਰਕਾਰ ਦੇ ਮੰਗਲ ਰਚਦੇ ਸਨ। ਫੁੱਲਾਂ ਦੇ ਬੁਕ ਭਰ-ਭਰ ਕੇ ਗੁਰੂ ਜੀ ਦੇ ਉੱਤੇ ਸੁਟਦੇ ਸਨ। ਧੂਪ ਧੁਖਾ ਕੇ ਬੰਦਨਾ ਕਰਦੇ ਸਨ। ਸੰਤ ਪ੍ਰਸੰਨ ਹੋ ਕੇ ਬਲਿਹਾਰ ਜਾਂਦੇ ਸਨ॥ ੩੬॥

ਕਬਿ ਚਢਿ ਤੁਰੰਗ, ਕਬਿਹੂੰ ਮਤੰਗ। ਕਬਿ ਤਜਿ ਖਤੰਗ, ਕਬਹੂੰ ਤੁਫੰਗ।
ਕਬਿ ਫਿਰਤਿ ਸੈਲ ਮਹਿਂ ਕਰਤਿ ਸੈਲ। ਕਬਿ ਬਿਪਨ ਬਿਖੈ ਬਿਚਰੈਂ ਸੁ ਗੈਲ ॥੩੭॥

ਕਦੀ ਘੋੜੇ ਤੇ ਕਦੀ ਹਾਥੀ ਉੱਤੇ ਸਵਾਰ ਹੁੰਦੇ ਸਨ। ਕਦੀ ਤੀਰ ਕਮਾਨ ਛੱਡ ਦਿੰਦੇ ਸਨ ਤੇ ਕਦੀ ਬੰਦੂਕ ਚਲਾਉਂਦੇ ਸਨ। ਕਦੀ ਪਹਾੜਾਂ ਵਿਚ ਸੈਲ ਕਰਦੇ ਫਿਰਦੇ ਸਨ। ਕਦੀ ਜੰਗਲ ਵਿਚ ਨਾਲ-ਨਾਲ ਫਿਰਦੇ ਸਨ॥ ੩੭॥

*ਕਬਿੱਤ*-ਖੰਜਰ, ਤੁਫੰਗ, ਜਮਧਰ, ਜੰਗ ਜਾਲਮੀਕ ਜ੍ਵਾਲਾਜਾਲ ਜਾਗਤੀ ਜੰਮੂਰਨਿ ਜੰਜੈਲਕੀ।
ਚੱਕ੍ਰਬਕ੍ਰ ਚੰਦ੍ਰਹਾਸ ਚਾਰੋਂ ਦਿਸ਼ਿ ਚਮਕਤਿ ਸ੍ਰੀ ਗੁਵਿੰਦ ਸਿੰਘ ਕੀ ਚਢਾਈ ਖੇਲ ਭੇਲ ਕੀ।
ਧਰਾਪਰ ਪੌਰ ਅਰੁ ਅੰਬਰ ਕੀ ਔਰ ਗਤਿ ਅੰਧਕਾਰ ਧੁੰਦ ਜਿਮ ਛਾਈ ਧੂਰ ਗੈਲ ਕੀ।
ਧੌਂਸੇ ਧੁੰਕ ਫੈਲਤੇ ਪਹੇਲ ਹੀ ਸੰਤੋਖ ਸਿੰਘ ਔਲ ਕਰੇ, ਸੈਲਪਤਿ ਸੁਨੈਂ ਧੁਨਿ ਸੈਲ ਕੀ ॥੩੮॥

ਖੰਜਰ, ਬੰਦੂਕ ਅਤੇ ਦੁਧਾਰੀ ਕਟਾਰ ਜੰਗ ਵਿਚ ਜ਼ਾਲਮ ਹੈ। ਜੰਮੂਰਾਂ ਅਤੇ ਜੰਜੈਲਾਂ ਦੀ ਜੱਗ ਰਹੀ ਅਗਨੀ ਚਮਕਦੀ ਹੈ। ਟੇਢਾਂ ਖਾ-ਖਾ ਤੇ ਚਕਰ ਲੈ ਲੈ ਚਾਰੇ ਪਾਸੇ ਘੁੰਮਦੀ ਤਲਵਾਰ ਚਮਕਦੀ ਹੈ। ਸ੍ਰੀ ਗੋਬਿੰਦ ਸਿੰਘ ਦੀ ਚੜ੍ਹਾਈ ਵੀ ਭੈਦਾਇਕ ਹੈ। ਧਰਤੀ ਤੇ ਘੋੜਿਆਂ ਦੇ ਪੌੜਾਂ ਕਰਕੇ ਅਕਾਸ਼ ਦੀ ਹੋਰ ਹੀ ਹਾਲਤ ਹੋ ਜਾਂਦੀ ਹੈ ਭਾਵ ਧੁੰਦ ਵਾਂਗ ਹਨੇਰਾ ਹੋ ਜਾਂਦਾ ਹੈ ਤੇ ਇਕ ਪਾਸੇ ਰਾਹ ਦੀ ਧੂੜ ਛਾ ਜਾਂਦੀ ਹੈ। ਨਗਾਰੇ ਦੀ ਧੁੰਕਾਰ ਪਹਿਲਾਂ ਹੀ ਫੈਲ ਜਾਂਦੀ ਹੈ। ਹੇ ਕਵੀ ਸੰਤੋਖ ਸਿੰਘ ਗੁਰੂ ਜੀ ਦੇ ਯੋਧੇ ਰੌਲਾ ਪਾਉਂਦੇ ਹਨ ਤਾਂਕਿ ਪਹਾੜੀ ਰਾਜਾ ਗੁਰੂ ਜੀ ਦੀ ਸੈਰ ਦੀ ਆਵਾਜ਼ ਸੁਣ ਲਵੇ॥ ੩੮॥

*ਪਹਿਲੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

## *ਅਧਿਆਇ ਅਠੱਤੀਵਾਂ*

### *ਕ੍ਰਿਪਾਲ ਕਟੋਚੀਏ ਦੀ ਗੁਰੂ ਜੀ ਤੇ ਭੀਮ ਚੰਦ ਵਲ ਚਿੱਠੀ*

*ਦੋਹਰਾ*- ਇਸ ਪ੍ਰਕਾਰ ਸ੍ਰੀ ਸਤਿਗੁਰੂ ਦਿਵਸ ਕਿਤੇਕ ਸੁਜਾਨ।
ਬਿਸਤਾਰੀ ਕੀਰਤਿ ਜਗਤ ਬਿਸਤਾਰੀ ਬਿਖ਼ਿਆਨ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਰਹਿ ਕੇ ਆਪਣੀ ਕੀਰਤੀ ਫੈਲਾਈ ਤੇ ਜਗਤ ਦੇ ਵਿਸ਼ਿਆਂ ਦੀ ਜ਼ਹਿਰ ਉਤਾਰੀ॥ ੧॥

*ਨਿਸ਼ਾਨੀ ਛੰਦ*- ਭਈ ਬਿਦਤ ਗਿਰਪਤਨ ਮਹਿਂ ਕੀਰਤਿ ਉਜਿਯਾਰੀ।
'ਕਲਗੀਧਰ ਬਡ ਸੂਰਮਾਂ ਕਰ ਮਹਿਂ ਧਨੁ ਭਾਰੀ।
ਜਿਸ ਕੇ ਅਬਿ ਕੋ ਸਮੇ ਮਹਿਂ ਨਰ ਖਿਚੇ ਨ ਕੋਈ।
ਖਪਰੇ ਤੀਛਨ ਭੀਖਨਾ ਘਰਿਵਾਇਸ ਜੋਈ॥ ੨॥

ਪਹਾੜੀ ਰਾਜਿਆਂ ਵਿਚ ਗੁਰੂ ਜੀ ਦੀ ਉੱਜਲ ਕੀਰਤੀ ਪ੍ਰਗਟ ਹੋ ਗਈ ਉਨ੍ਹਾਂ ਜਾਣਿਆ, "ਕਲਗੀਧਰ ਬਹੁਤ ਵੱਡੇ ਸੂਰਮੇ ਹਨ ਜੋ ਆਪਣੇ ਹੱਥ ਵਿਚ ਭਾਰੀ ਧਨੁੱਖ ਬਾਣ ਫੜਦੇ ਹਨ। ਜਿਸ ਧਨੁੱਖ ਨੂੰ ਅੱਜ ਦੇ ਸਮੇਂ ਵਿਚ ਕੋਈ ਸੂਰਮਾ ਖਿੱਚ ਕੇ ਚਿੱਲਾ ਨਹੀਂ ਚੜ੍ਹਾ ਸਕਦਾ। ਤੀਰ ਬਹੁਤ ਤਿੱਖੇ ਅਤੇ ਵਿਕਰਾਲ ਘੜਵਾਏ ਹੋਏ ਹਨ॥ ੨॥

ਛਿੱਪ੍ਰ ਪਨਚ ਬਗਰਾਇ ਕਰਿ ਛੋਰਤਿ ਬਡ ਦੂਰੀ।
ਕੋਸਨ ਲਗਿ ਪਹੁੰਚਤਿ ਚਲਹਿੰ ਬਲ ਤੇ ਭਰਪੂਰੀ।
ਸੁਨੇ ਪੁਰਾਨਨ ਕੇ ਬਚਨ ਅਰਜਨ ਸਰ ਮਾਰੇ।
ਤ੍ਰੇਤੇ ਜੁਗ ਸ਼੍ਰੀਰਾਮ ਜੀ ਧਨੁ ਬਿੱਦਜਾ ਭਾਰੇ॥ ੩॥

ਚਿਲੇ ਦੇ ਵਿਚ ਬੜੀ ਛੇਤੀ ਤੀਰ ਦੀ ਬਾਗੜ ਰੱਖ ਕੇ ਖਿੱਚ ਕੇ ਛੱਡਦੇ ਹਨ, ਜੋ ਬਹੁਤ ਦੂਰ ਜਾਂਦੇ ਹਨ। ਬਲ ਨਾਲ ਭਰਪੂਰ ਹੋਏ ਉਹ ਤੀਰ ਕੋਹਾਂ ਤਕ ਪਹੁੰਚ ਜਾਂਦੇ ਹਨ। ਪੁਰਾਣਾਂ ਵਿਚ ਇਹ ਬਚਨ ਸੁਣੇ ਹਨ, ਜਿਵੇਂ ਅਰਜਨ ਤੀਰ ਮਾਰਦਾ ਸੀ। ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦਰ ਜੀ ਧਨੁੱਖ ਵਿਦਿਆ ਦੇ ਭਾਰੀ ਮਾਹਰ ਸਨ॥ ੩॥

ਕਿਧੌਂ ਪਿਤਾਮਾ ਇਨਹੁਂ ਕੋ ਸ਼੍ਰੀ ਹਰਿਗੋਵਿੰਦੰ।
ਸੁਨੀ ਸ਼ਾਹਦੀ ਤਿਨਹੁਂ ਕੀ ਹਤਿ ਤੁਰਕਨਿ ਬ੍ਰਿੰਦੰ।
ਤਿਸ ਬਿਧਿ ਕੇ ਸਰ ਛੋਰਿਤੇ, ਰਾਖੀ ਸੰਗ ਸੈਨਾ।
ਭੀਮਚੰਦ ਸੌਂ ਰਿਸ ਭਈ ਕਿਸ ਤੇ ਮਨ ਭੈ ਨਾ"॥ ੪॥

ਜਾਂ ਗੁਰੂ ਜੀ ਦਾ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ, ਜਿਨ੍ਹਾਂ ਦੀ ਅੱਖੀਂ ਡਿੱਠੀ ਗਵਾਹੀ ਸੁਣੀ ਹੈ, ਜਿਨ੍ਹਾਂ ਨੇ ਬਹੁਤ ਤੁਰਕਾਂ ਨੂੰ ਮਾਰਿਆ ਸੀ। ਇਸ ਵਿਧੀ ਨਾਲ ਉਹ ਤੀਰ ਛੱਡਦੇ ਸਨ ਤੇ ਪਾਸ ਸੈਨਾ ਰੱਖੀ ਹੋਈ ਸੀ, ਰਾਜੇ ਭੀਮ ਚੰਦ ਨਾਲ ਗੁਰੂ ਜੀ ਗੁੱਸੇ ਹੋ ਗਏ ਹਨ, ਜਿਸ ਗੁਰੂ ਜੀ ਦੇ ਮਨ ਵਿਚ ਕਿਸੇ ਦਾ ਵੀ ਭੈਅ ਨਹੀਂ ਹੈ"॥ ੪॥

ਸੁਨਿ ਸੁਨਿ ਰਾਜੇ ਗਿਰਨਿ ਕੇ ਲਿਖ ਪੱਤ੍ਰ ਪਠਾਵੈਂ।
ਦੋਨਹੁਂ ਦਿਸ਼ਿ ਕੋ ਜਸੁ ਕਹੈਂ ਜਿਮ ਕੋਪ ਉਪਾਵੈਂ।
ਹੁਤੋ ਕ੍ਰਿਪਾਲ ਕਟੋਚੀਆ ਸੋ ਚਹਤਿ ਲਰਾਯੋ।
ਰਜਧਾਨੀ ਜਿਸ ਕਾਂਗੜਾ ਲਿਖਿ ਦੂਤ ਪਠਾਯੋ॥ ੫॥

ਇਹ ਸੁਣ ਸੁਣ ਕੇ ਪਹਾੜੀ ਰਾਜੇ ਲਿਖ ਲਿਖ-ਪੱਤਰ ਭੇਜਦੇ ਸਨ। ਦੋਵਾਂ ਪਾਸਿਆਂ ਦਾ ਜੱਸ ਕਹਿੰਦੇ ਸਨ ਜਿਵੇਂ ਕ੍ਰੋਧ ਪ੍ਰਗਟ ਹੋਵੇ। ਇਕ ਰਾਜਾ ਕ੍ਰਿਪਾਲ ਚੰਦ ਕਟੋਚੀਆ ਸੀ ਉਹ ਰਾਜੇ ਭੀਮ ਚੰਦ ਅਤੇ ਸਤਿਗੁਰੂ ਜੀ ਨੂੰ ਲੜਾਉਣਾ ਚਾਹੁੰਦਾ ਸੀ। ਉਸ ਦੀ ਰਾਜਧਾਨੀ ਕਾਂਗੜਾ ਸੀ ਉਸ ਨੇ ਇਕ ਦੂਤ ਨੂੰ ਚਿੱਠੀ ਲਿਖ ਕੇ ਭੇਜਿਆ॥ ੫॥

ਭੀਮਚੰਦ ਕੇ ਢਿਗ ਗਯੋ ਕਰਿ ਬੰਦਨ ਬੈਸਾ।
ਕਹਤਿ ਭਯੋ 'ਰਾਜੇ ਸੁਨਜੋਂ ਗੁਰ ਕੀਨਸਿ ਦ੍ਵੈਸ਼ਾ।
ਨਹਿਂ ਆਛੀ ਮਾਨੀ ਰਿਦੈ ਤੁਮ ਪਾਸ ਪਠਾਵਾ।
ਸਤਿਗੁਰ ਜ਼ੋਰਾਵਰ ਮਹਾਂ, ਡਰ ਕਿਤਹੁਂ ਨ ਪਾਵਾ॥ ੬॥

ਉਹ ਭੀਮ ਚੰਦ ਦੇ ਪਾਸ ਗਿਆ ਤੇ ਬੰਦਨਾ ਕਰਕੇ ਬੈਠ ਗਿਆ ਤੇ ਦੂਤ ਕਹਿਣ ਲੱਗਾ, "ਕਟੋਚੀਏ ਰਾਜੇ ਸੁਣਿਆ ਹੈ, ਗੁਰੂ ਜੀ ਈਰਖਾ ਕਰਦੇ ਹਨ। ਉਨ੍ਹਾਂ ਨੇ ਤੁਹਾਡੀ ਗੱਲ ਮੰਨੀ ਨਹੀਂ ਹੈ, ਤੁਸੀਂ ਆਪਣਾ ਦੂਤ ਉਸ ਪਾਸ ਭੇਜਿਆ ਸੀ। ਸਤਿਗੁਰੂ ਮਹਾਨ ਜ਼ੋਰਾਵਰ ਹੈ, ਕਿਸੇ ਪਾਸੋਂ ਵੀ ਡਰਦੇ ਨਹੀਂ ਹਨ॥ ੬॥

ਜੇ ਤੁਮ ਕਰਹੁ ਸੰਗ੍ਰਾਮ ਨਹਿਂ ਬਡ ਅਵਗੁਨ ਹੋਵੈਂ।
ਗੁਰੂ ਨਿਕਾਸੋ ਦੇਸ਼ ਤੇ ਤਬਿ ਸੁਖ ਕਰਿ ਸੋਵੈਂ।

ਨਤੁ ਉਠਾਇ ਉਤਪਾਤ ਕੋ ਦੇ ਪਰਜ ਉਜਾਰੀ।
ਬਿਚਰਹਿ ਨਿਤ ਪ੍ਰਤਿ ਚਮੂੰ ਗਨ ਅਤਿਸ਼ੈ ਅਸਵਾਰੀ॥ ੭॥

ਜੇ ਤੁਸੀਂ ਯੁੱਧ ਕਰੋ ਤਾਂ ਵੱਡਾ ਔਗੁਣ ਨਹੀਂ ਹੋਵੇਗਾ, ਗੁਰੂ ਜੀ ਨੂੰ ਆਪਣੇ ਦੇਸ਼ ਵਿਚੋਂ ਕੱਢ ਦੇਵੋ ਫਿਰ ਸੁਖ ਨਾਲ ਸੌਂਵਾਂਗੇ। ਨਹੀਂ ਤਾਂ ਉਹ ਬਹੁਤ ਝਗੜੇ ਖੜੇ ਕਰਨਗੇ ਤੇ ਸਾਡੀ ਪਰਜਾ ਨੂੰ ਉਜਾੜ ਦੇਣਗੇ। ਨਿਤਾਪ੍ਰਤੀ ਉਨ੍ਹਾਂ ਦੀ ਸੈਨਾਂ ਪਹਾੜਾਂ ਵਿਚ ਵਿਚਰੇਗੀ ਤੇ ਉਨ੍ਹਾਂ ਦੇ ਪਾਸ ਬੜੇ ਤੇਜ਼ ਘੋੜ-ਸਵਾਰ ਹਨ॥ ੭॥

ਦ੍ਵੈ ਨ੍ਰਿਪ ਹੁਇਂ ਇਕ ਦੇਸ਼ ਮਹਿਂ ਕ੍ਯੋਂ ਮਚਹਿ ਨ ਰੌਰਾ।
ਪਰੈ ਅੰਧੇਰਾ ਜਗਤ ਮਹਿਂ ਰਵਿ ਸੀਸ ਇਕ ਠੌਰਾ।
ਕਾਨਨ ਮਹਿਂ ਇਕ ਕੇਹਰੀ ਸੁਨਿ ਕਾਨਨ ਨਾਦਾ।
ਕਰਹਿ ਨਿਕਾਸਨਿ ਦੂਸਰੋ ਸਹਿ ਸਕੈ ਨ ਬਾਦਾ॥ ੮॥

ਇਕ ਦੇਸ਼ ਵਿਚ ਜੇ ਦੋ ਰਾਜੇ ਹੋਣਗੇ ਤਾਂ ਫਿਰ ਰੌਲਾ ਕਿਉਂ ਨਹੀਂ ਮਚੇਗਾ। ਜਦ ਸੂਰਜ ਚੰਦ ਮੌਸਿਆ ਦੀ ਰਾਤ ਨੂੰ ਇਕ ਥਾਂ ਇਕੱਠੇ ਹੋ ਜਾਂਦੇ ਹਨ ਤਾਂ ਜਗਤ ਵਿਚ ਹਨੇਰਾ ਹੋ ਜਾਂਦਾ ਹੈ। ਜੰਗਲ ਵਿਚ ਇਕ ਸ਼ੇਰ ਜਦ ਦੂਸਰੇ ਸ਼ੇਰ ਦੀ ਆਵਾਜ਼ ਸੁਣਦਾ ਹੈ ਤਾਂ ਉਹ ਦੂਸਰੇ ਨੂੰ ਕੱਢ ਦਿੰਦਾ ਹੈ ਤੇ ਝਗੜੇ ਨੂੰ ਬਰਦਾਸ਼ਤ ਨਹੀਂ ਕਰਦਾ ਹੈ॥ ੮॥

ਦ੍ਵੈਪਤਿ ਹੋਇਂ ਨ ਭਾਰਜਾ, ਤਿਮ ਅਵਿਨੀ ਰਾਜਾ।
ਜੇ ਮਿਲ ਜਾਇਂ ਕਦਾਚਿਤੀ ਬਿਗਰਹਿ ਸਭਿ ਕਾਜਾ।
ਜਬ ਲਗਿ ਅਪਨੇ ਓਜ ਮਹਿਂ ਹੋਹਿ ਨ ਬਡ ਗਾਢੇ।
ਤਬਿ ਲਗਿ ਬਨਹਿ ਉਪਾਇ ਕੁਛ ਦਿਹੁ ਤਾਂਤੇ ਕਾਢੇ॥ ੯॥

ਜਿਵੇਂ ਦੋ ਪਤੀਆਂ ਵਾਲੀ ਇਸਤਰੀ ਨਹੀਂ ਹੁੰਦੀ ਹੈ, ਉਸ ਤਰ੍ਹਾਂ ਹੀ ਦੋ ਰਾਜਿਆਂ ਵਾਲੀ ਧਰਤੀ ਨਹੀਂ ਹੁੰਦੀ ਹੈ, ਪਰ ਜੇ ਕਦੀ ਇਕ ਇਸਤਰੀ ਨੂੰ ਦੋ ਪਤੀ ਮਿਲ ਜਾਣ ਜਾਂ ਇਕ ਧਰਤੀ ਨੂੰ ਦੋ ਰਾਜੇ ਮਿਲ ਜਾਣ ਤਾਂ ਸਾਰਾ ਕਾਰਜ ਹੀ ਵਿਗੜ ਜਾਂਦਾ ਹੈ। ਜਦ ਤਕ ਗੁਰੂ ਜੀ ਆਪਣੀ ਤਾਕਤ ਵਿਚ ਵੱਡੇ ਸ਼ਕਤੀ ਸ਼ਾਲੀ ਨਹੀਂ ਹੋ ਜਾਂਦੇ, ਤਦ ਤਕ ਕੁਝ ਉਪਾਅ ਕਰਨਾ ਬਣਦਾ ਹੈ ਕਿ ਉਨ੍ਹਾਂ ਨੂੰ ਓਥੋਂ ਕੱਢ ਦੇਵੋ॥ ੯॥

ਹਮ ਸੰਗੀ ਤੇਰੇ ਅਹੈਂ, ਚਹੀਅਹਿ ਲੈ ਸੈਨਾ।
ਤਊ ਨ ਢਿਗ ਗੁਰ ਭਟ ਬਹੁਤ, ਤੁਮ ਸਮਸਰ ਹੈ ਨਾ।
ਅਹੈਂ ਕਦੀਮੀ ਬਡਨ ਤੇ ਇਨ ਸੈਲਨ ਰਾਜੇ।
ਇਕ ਕੁਲ ਕੇ ਰਜਪੂਤ ਸਭਿ ਹਮ ਭ੍ਰਾਤ ਬਿਰਾਜੇ'॥ ੧੦॥

ਅਸੀਂ ਤੇਰੇ ਸਾਥੀ ਹਾਂ, ਜੇ ਸੈਨਾ ਚਾਹੀਦੀ ਹੈ ਤਾਂ ਲੈ ਲਵੋ, ਫਿਰ ਵੀ ਗੁਰੂ ਜੀ ਦੇ ਪਾਸ ਬਹੁਤੇ ਸੂਰਮੇ ਨਹੀਂ ਹਨ, ਉਹ ਤੁਹਾਡੇ ਬਰਾਬਰ ਨਹੀਂ ਹੈ। ਪਹਾੜੀ ਰਾਜਿਆਂ ਦੇ ਵਡੇਰੇ ਪ੍ਰਾਚੀਨ ਸਮੇਂ ਤੋਂ ਏਥੇ ਰਹਿ ਰਹੇ ਹਨ, ਸਾਡੀ ਸਾਰਿਆਂ ਦੀ ਕੁਲ ਰਾਜਪੂਤ ਹੈ, ਇਸ ਲਈ ਅਸੀਂ ਸਾਰੇ ਆਪਸ ਵਿਚ ਭਰਾ ਹਾਂ''॥ ੧੦॥

ਸੁਨਤਿ ਦੂਤ ਕੇ ਬਾਕ ਕੋ ਚਿਤ ਚਿੰਤ ਉਪਾਏ।
ਭੀਮਚੰਦ ਭਾਖ੍ਯੋ ਤਬੈ 'ਤੁਮ ਸਾਚ ਬਤਾਏ।
ਨਹਿਂ ਆਲਸ ਇਸ ਬਾਤ ਕੋ ਮੇਰੇ ਮਨ ਮਾਂਹੀ।
ਬਸਹਿ ਜਿ ਹੁਇ ਅਨੁਸਾਰਿ ਗੁਰ ਤੌ ਬਿਗਰਹਿਂ ਨਾਂਹੀ॥ ੧੧॥

ਕਟੋਚੀਏ ਦੇ ਦੂਤ ਦੀਆਂ ਗੱਲਾਂ ਸੁਣ ਕੇ ਭੀਮ ਚੰਦ ਚਿੱਤ ਵਿਚ ਬੜਾ ਚਿੰਤਾਵਾਨ ਹੋ ਗਿਆ। ਭੀਮ ਚੰਦ ਨੇ ਫਿਰ ਕਿਹਾ, "ਤੁਸੀਂ ਸੱਚੀ ਗੱਲ ਦੱਸੀ ਹੈ। ਮੇਰੇ ਮਨ ਵਿਚ ਇਸ ਗੱਲ ਬਾਰੇ ਕੋਈ ਆਲਸ ਨਹੀਂ ਹੈ। ਜੇ ਗੁਰੂ ਜੀ ਸਾਡੀ ਆਗਿਆ ਅਨੁਸਾਰ ਰਹਿਣ ਤਾਂ ਵਿਗਾੜ ਪੈਦਾ ਨਹੀਂ ਹੋਵੇਗਾ॥ ੧੧॥

ਨਾਂਹਿ ਤ ਕਰਿ ਛਲ ਬਲ ਬਡੋ ਗੁਰ ਦੇਸ਼ ਨਿਕਾਰੌਂ।
ਇਮ ਕਹਿਕੈ ਰੁਖ਼ਸਦ ਕਰਯੋ 'ਮੈਂ ਅਪਨਿ ਬਿਚਾਰੌਂ'।
ਕਰੀ ਜਨਾਵਨਿ ਜਾਇ ਕਰਿ, ਸੁਨਿ ਭੂਪ ਕ੍ਰਿਪਾਲਾ।
ਇਕ ਵਕੀਲ ਗੁਰ ਢਿਗ ਪਠਯੋ, ਆਯਹੁ ਤਤਕਾਲਾ॥ ੧੨॥

ਨਹੀਂ ਤਾਂ ਵੱਡਾ ਵਲ ਛਲ ਕਰਕੇ ਗੁਰੂ ਜੀ ਨੂੰ ਆਪਣੇ ਦੇਸ਼ ਵਿਚੋਂ ਕੱਢ ਦੇਵਾਂਗਾ।" ਇਹ ਕਹਿ ਕੇ ਕਟੋਚੀਏ ਦੇ ਦੂਤ ਨੂੰ ਰੁਖ਼ਸਤ ਕੀਤਾ ਤੇ ਕਿਹਾ, "ਮੈਂ ਆਪ ਵਿਚਾਰ ਕਰਾਂਗਾ।" ਦੂਤ ਨੇ ਰਾਜੇ ਕ੍ਰਿਪਾਲ ਕਟੋਚੀਏ ਨੂੰ ਸਾਰੀ ਗੱਲ ਜਾ ਕੇ ਸਮਝਾ ਦਿੱਤੀ, ਜਿਸ ਨੂੰ ਸੁਣ ਕੇ ਕ੍ਰਿਪਾਲ ਰਾਜੇ ਨੇ ਇਕ ਦੂਤ ਗੁਰੂ ਜੀ ਪਾਸ ਭੇਜਿਆ ਜਿਹੜਾ ਛੇਤੀ ਹੀ ਅਨੰਦਪੁਰ ਆ ਪੁੱਜਾ॥ ੧੨॥

ਲਗਯੋ ਜਬਹਿ ਦਰਬਾਰ ਸੁਨਿ ਚਲਿ ਗਯੋ ਸਮੀਪਾ।
ਨਮੋ ਕਰਤਿ ਕਹਿ 'ਪਠਯੋ ਮੁਹਿ ਕਾਟੋਚ ਮਹੀਪਾ।
ਭੀਮਚੰਦ ਬਿਗਰਯੋ ਸੁਨਯੋਂ ਰਾਵਰ ਕੇ ਸੰਗਾ।
ਤ੍ਰਾਸ ਤਨਕ ਮਨ ਨਹਿਂ ਕਰਹੁ ਸਨਮੁਖ ਲਿਹੁ ਜੰਗਾ॥ ੧੩॥

ਜਦ ਗੁਰੂ ਜੀ ਦਾ ਦਰਬਾਰ ਲੱਗਾ ਤਾਂ ਉਹ ਸੁਣ ਕੇ ਗੁਰੂ ਜੀ ਦੇ ਪਾਸ ਪਹੁੰਚ ਗਿਆ ਤੇ ਨਮਸਕਾਰ ਕਰਕੇ ਕਿਹਾ, "ਮੈਨੂੰ ਰਾਜੇ ਕਟੋਚੀਏ ਨੇ ਭੇਜਿਆ ਹੈ। ਉਨ੍ਹਾਂ ਸੁਣਿਆ ਹੈ ਕਿ ਭੀਮ ਚੰਦ ਤੁਹਾਡੇ ਨਾਲ ਵਿਗੜ ਗਿਆ ਹੈ। ਪਰ ਤੁਸੀਂ ਮਨ ਵਿਚ ਕਿਸੇ ਪ੍ਰਕਾਰ ਦਾ ਡਰ ਨਾ ਮੰਨੋ, ਸਾਹਮਣੇ ਹੋ ਕੇ ਜੰਗ ਲੜੋ॥ ੧੩॥

ਸਭਿ ਬਿਧਿ ਮਹਿਂ ਸਮਰੱਥ ਤੁਮ ਕਜਾ ਬਪੁਰੋ ਰਾਜਾ।
ਧਰਿ ਹੰਕਾਰ ਉਦਾਰ ਕੋ ਚਹਿ ਕਰਯੋ ਕੁਕਾਜਾ।
ਆਨਿ ਦੇਸ਼ ਪਾਵਨ ਕਰਯੋ ਮਹਿੰਮਾ ਤੁਮ ਭਾਰੀ।
ਜਾਨਿ ਸਕਯੋ ਨਹਿਂ ਮੰਦ ਮਤਿ ਚਾਹਤਿ ਸੰਗ ਰਾਰੀ॥ ੧੪॥

ਤੁਸੀਂ ਸਭ ਪ੍ਰਕਾਰ ਨਾਲ ਸਮਰੱਥ ਹੋ ਇਹ ਵਿਚਾਰਾ ਰਾਜਾ ਕੌਣ ਹੈ, ਵੱਡਾ ਹੰਕਾਰ ਧਾਰਨ ਕਰਕੇ ਉਹ ਮਾੜਾ ਕਾਰਜ ਕਰਨਾ ਚਾਹੁੰਦਾ ਹੈ। ਸਾਡੇ ਦੇਸ਼ ਨੂੰ ਤੁਸੀਂ ਆ ਕੇ ਪਵਿੱਤਰ ਕੀਤਾ ਹੈ ਤੁਹਾਡੀ ਭਾਰੀ ਮਹਿਮਾ ਹੈ, ਉਹ ਮਾੜੀ ਮੱਤ ਵਾਲਾ ਜਾਣ ਨਹੀਂ ਸਕਿਆ ਹੈ। ਤੁਹਾਡੇ ਨਾਲ ਲੜਾਈ ਕਰਨੀ ਚਾਹੁੰਦਾ ਹੈ॥ ੧੪॥

ਅਪਰ ਸਹਾਇਕ ਹੋਇ ਨਹਿਂ ਕਜਾ ਕਰਹਿ ਇਕੇਲਾ।
ਸੁਨੀ ਸਿਫਤ ਤੁਮ ਸੂਰਮੇ ਦਲ ਅਧਿਕ ਸਕੇਲਾ'।
ਅੰਤਰਜਾਮੀ ਤਬਿ ਕਹਯੋ 'ਜੋ ਕਰੈ ਸੁ ਪਾਵੈ।
ਚਿਤਹਿ ਖੁਟਾਈ ਦੁਖ ਲਹਹਿ ਨਹਿਂ ਸ਼ੁਭ ਬਨਿ ਆਵੈ'॥ ੧੫॥

ਹੋਰ ਕੋਈ ਉਸ ਦਾ ਸਹਾਇਕ ਨਹੀਂ ਬਣੇਗਾ, ਫਿਰ ਇਕੱਲਾ ਕੀ ਕਰ ਲਵੇਗਾ, ਤੁਹਾਡੀ ਸਿਫਤ ਸੁਣੀ ਹੈ, ਤੁਸੀਂ ਸੂਰਮਿਆਂ ਦਾ ਵੱਡਾ ਦਲ ਇਕੱਠਾ ਕੀਤਾ ਹੈ।" ਤਦ ਅੰਤਰਜਾਮੀ ਗੁਰੂ ਜੀ ਨੇ ਕਿਹਾ, "ਜੋ ਕਰੇਗਾ ਸੋ ਪਾਵੇਗਾ, ਜਿਹੜਾ ਵੀ ਚਿੱਤ ਵਿਚ ਖੁਟਾਈ ਕਰੇਗਾ ਉਹ ਦੁਖ ਪ੍ਰਾਪਤ ਕਰੇਗਾ, ਉਸ ਪਾਸੋਂ ਕੁਝ ਵੀ ਸ਼ੁਭ ਨਹੀਂ ਬਣੇਗਾ"॥ ੧੫॥

ਇੱਤਜਾਦਿਕ ਕਰਿ ਬਾਰਤਾ ਪੁਨ ਗਯੋ ਵਕੀਲੰ।
ਦਈ ਸੁਨਾਇ ਕਟੋਚ ਕੋ 'ਗੁਰ ਗੁਨੀ ਗਹੀਲੰ।
ਤਜਾਰੀ ਲਰਿਬੇ ਜੰਗ ਕੀ ਨਿਤ ਕਰਹਿਂ ਘਨੇਰੀ'।
ਸੁਨਿ ਕ੍ਰਿਪਾਲ ਆਨੰਦ ਭਾ 'ਬਨਿ ਹੈਂ ਜਿਮ ਬੈਰੀ॥ ੧੬॥

ਇਸ ਤਰ੍ਹਾਂ ਦੀਆਂ ਗੱਲਾਂ ਕਰਕੇ, ਫਿਰ ਵਕੀਲ ਚਲਾ ਗਿਆ, ਫਿਰ ਉਸ ਜਾ ਕੇ ਕਟੋਚੀਏ ਨੂੰ ਸੁਣਾਇਆ, "ਗੁਰੂ ਜੀ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ ਹਨ, ਸਦਾ ਹੀ ਜੰਗ ਕਰਨ ਦੀ ਵੱਡੀ ਤਿਆਰੀ ਕਰਦੇ ਹਨ।" ਇਹ ਸੁਣ ਕੇ ਕ੍ਰਿਪਾਲ ਕਟੋਚੀਆ ਬਹੁਤ ਪ੍ਰਸੰਨ ਹੋਇਆ। ਸੋਚਦਾ ਸੀ "ਜਿਵੇਂ ਹੁਣ ਦੋਵੇਂ ਆਪਸ ਵਿਚ ਵੈਰੀ ਬਣ ਜਾਣਗੇ॥ ੧੬॥

ਭੀਮਚੰਦ ਅਰੁ ਸਤਿਗੁਰੂ ਨਹਿਂ ਹੋਵੈ ਮੇਲਾ।
ਇਸ ਤੇ ਹਮ ਕੋ ਗੁਨ ਬਡੇ ਰਹਿ ਬਾਦ ਦੁਹੇਲਾ'।
ਇਮ ਹੀ ਕਹਿ ਕਹਿ ਪਠਵਤੋ ਜਿਮ ਪਰਹਿ ਲਰਾਈ।
ਤਊ ਭੂਪ ਕਹਿਲੂਰੀਆ ਰਾਖਹਿ ਮਧੁਰਾਈ॥ ੧੭॥

ਭੀਮ ਚੰਦ ਅਤੇ ਸਤਿਗੁਰੂ ਜੀ ਦਾ ਹੁਣ ਮੇਲ ਨਹੀਂ ਹੋਵੇਗਾ, ਦੋਹਾਂ ਧਿਰਾਂ ਵਿਚ ਕਠਿਨ ਲੜਾਈ ਰਹੇਗੀ। ਇਸ ਤੋਂ ਮੈਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ।" ਇਸ ਤਰ੍ਹਾਂ ਕਹਿ ਕਹਿ ਕੇ ਭੇਜਦਾ ਸੀ, ਜਿਵੇਂ ਲੜਾਈ ਪੈ ਜਾਵੇ, ਫਿਰ ਵੀ ਕਹਿਲੂਰੀਆ ਰਾਜਾ ਚੰਗੇ ਸੰਬੰਧ ਰੱਖੀ ਜਾਂਦਾ ਸੀ॥ ੧੭॥

ਦੁਰਦ ਪ੍ਰਸਾਦੀ ਕੋ ਚਹੈ, ਜਿਮ ਜਾਚਜੋ ਦੈਹੈਂ।
ਆਨਹਿਂ ਡੇਰਾ ਬਜਾਹ ਮਹਿਂ ਦੁਤਿ ਅਧਿਕ ਸਜੈ ਹੈਂ।
ਯਾਂ ਤੇ ਰਸ ਰਾਖਨਿ ਚਹਤਿ ਬਨਿ ਕਪਟੀ ਮੀਤਾ।
ਅੰਤਰਜਾਮੀ ਸਾਥ ਕਿਮ ਛਲ ਕਰਿ ਨਿਬਹੀਤਾ॥ ੧੮॥

ਪ੍ਰਸਾਦੀ ਹਾਥੀ ਨੂੰ ਚਾਹੁੰਦਾ ਸੀ, ਜਿਵੇਂ ਮੰਗਣ ਨਾਲ ਦੇ ਦੇਣ, ਵਿਆਹ ਦੇ ਸਮੇਂ ਗੁਰੂ ਜੀ ਪਾਸੋਂ ਤੰਬੂ ਵੀ ਲੈਣਾ ਚਾਹੁੰਦਾ ਸੀ ਤਾਂਕਿ ਵਿਆਹ ਦੀ ਸਜ ਧਜ ਬਹੁਤ ਸੁੰਦਰ ਬਣ ਜਾਵੇ। ਇਸ ਕਰਕੇ ਉਹ ਕਪਟੀ ਮਿੱਤਰ ਬਣ ਕੇ ਰਸ ਰੱਖਣਾ ਚਾਹੁੰਦਾ ਸੀ। ਪਰ ਅੰਤਰਜਾਮੀ ਗੁਰੂ ਜੀ ਨਾਲ ਕਿਵੇਂ ਛਲ ਨਿਬਾਹਿਆ ਜਾ ਸਕਦਾ ਸੀ॥ ੧੮॥

ਕਹਿ ਕਹਿ ਪਠਹਿ ਮਿਲਾਪ ਕੇ ਹਿਤ ਜੁਤਿ ਮ੍ਰਿਦੁ ਬੈਨਾ।
ਤਿਮ ਹੀ ਸ੍ਰੀ ਸਤਿਗੁਰਿ ਕਹੈਂ ਬਿਚ ਸਾਰ ਅਹੈ ਨਾ।
ਇਮ ਬੀਤਜੋ ਕੇਤਿਕ ਸਮਾ ਸਾਹਾ ਸੁਧਵਾਯੋ।
ਫਤੇਸ਼ਾਹ ਸ੍ਰੀ ਨਗਰ ਤੇ ਲਿਖ ਤਬਹਿ ਪਠਾਯੋ॥ ੧੯॥

ਮੇਲ ਮਿਲਾਪ ਵਾਸਤੇ ਕਹਿ ਕਹਿ ਕੇ ਬੜੇ ਮਿੱਠੇ ਬਚਨ ਭੇਜਦਾ ਸੀ ਉਸ ਤਰ੍ਹਾਂ ਹੀ ਉਸਦਾ ਦੂਤ ਸਤਿਗੁਰੂ ਜੀ ਨੂੰ ਆ ਕੇ ਕਹਿੰਦਾ ਸੀ, ਜਿਨ੍ਹਾਂ ਗੱਲਾਂ ਵਿਚ ਮਿਲਾਪ ਰੂਪੀ ਕੋਈ ਸਾਰ ਨਹੀਂ ਹੁੰਦੀ ਸੀ। ਇਸ ਤਰ੍ਹਾਂ ਕਾਫੀ ਸਮਾਂ ਬੀਤਿਆ ਤੇ ਸਾਹਾ ਸੁਧਵਾਇਆ, ਫ਼ਤਹਿ ਸ਼ਾਹ ਨੇ ਫਿਰ ਆਪਣੇ ਸ੍ਰੀ ਨਗਰ ਤੋਂ ਲਿਖ ਕੇ ਭੇਜਿਆ॥ ੧੯॥

'ਕਿਤਿਕ ਸਮੈ ਮਹਿਂ ਬਜਾਹ ਹੈ ਕਰਿ ਲੀਜਹਿ ਤਜਾਰੀ।
ਵਸਤੁ ਅਜਾਇਬ ਆਨੀਅਹਿ ਬਡ ਜੰਘ ਮਝਾਰੀ।
ਜਿਸਕੇ ਦੇਖਤਿ ਸੁਨਹਿ ਨਰ ਮੱਤਿ ਤੇ ਬਿਸਮਾਵੈ।
ਉਤਸਵ ਮਹਿਂ ਬਹੁ ਮੇਲ ਹਮ ਜਿਤਕਿਤ ਤੇ ਆਵੈ॥ ੨੦॥

ਕੁਝ ਸਮੇਂ ਬਾਅਦ ਵਿਆਹ ਹੈ ਤਿਆਰੀ ਕਰ ਲਵੋ, ਵੱਡੀ ਜੰਞ ਵਿਚ ਅਜੀਬ ਵਸਤਾਂ ਲੈ ਕੇ ਆਵੋ। ਜਿਨ੍ਹਾਂ ਨੂੰ ਵੇਖ ਸੁਣ ਕੇ ਮਨੁੱਖਾਂ ਦੀ ਬੁੱਧੀ ਹੈਰਾਨ ਰਹਿ ਜਾਵੇ। ਵਿਆਹ ਦੇ ਉਤਸਵ ਵਿਚ ਬਹੁਤ ਮੇਲ ਜਿੱਥੋਂ ਕਿੱਥੋਂ ਇਕੱਠਾ ਹੋ ਕੇ ਆਵੇਗਾ॥ ੨੦॥

ਕਰਹੁ ਸੁਜਸੁ ਦੀਰਘ ਇਹਾਂ ਜਿਮ ਤੁਮ ਬਡਿਆਈ।
ਇਤ ਬਹੁ ਬਿਧਿਨਿ ਸਮਾਜ ਹ੍ਵੈ ਜਿਮ ਹਮ ਅਧਿਕਾਈ।
ਦੂਰ ਦੂਰ ਕੇ ਬ੍ਰਿੰਦ ਨਰ ਆਵਹਿਂ ਉਮਡੇ ਕੈ।
ਭਾਟ ਆਦਿ ਜਾਚਕ ਬਡੇ ਧਾਵਹਿਂ ਸੁਨਿ ਕੈ ਕੈ॥ ੨੧॥

ਏਥੇ ਵੱਡਾ ਸ੍ਰੇਸ਼ਟ ਜੱਸ ਕਰੋ, ਜਿਵੇਂ ਤੁਹਾਡੀ ਵਡਿਆਈ ਹੈ। ਏਥੇ ਬਹੁਤ ਵਿਧੀਆਂ ਦਾ ਸਮਾਜ ਇਕੱਠਾ ਹੋਵੇਗਾ, ਜਿਵੇਂ ਸਾਡਾ ਵੱਡਾਪਨ ਹੈ। ਦੂਰ-ਦੂਰ ਤੋਂ ਮਨੁੱਖ ਬੜੇ ਉਤਸ਼ਾਹ ਨਾਲ ਭਰ ਕੇ ਆਉਣਗੇ। ਭੱਟ ਅਤੇ ਮੰਗਤੇ ਸੁਣ ਸੁਣ ਕੇ ਬਹੁਤ ਕਾਹਲੀ-ਕਾਹਲੀ ਆਉਣਗੇ॥ ੨੧॥

ਪੁੰਜ ਦਰਬ ਕੋ ਆਨੀਅਹਿਂ ਲਖਿ ਨਾਮ ਬਡੇਰਾ।
ਸਭਿ ਧਾਰਨਿ ਕੇ ਗਿਰਪਤੀ ਇਕਠੇ ਤਿਸ ਬੇਰਾ।
ਸੰਗ ਤੁਮਾਰੇ ਆਇ ਹੈਂ, ਹਮ ਘਰ ਬਹੁ ਆਵੈਂ।
ਸਮਾਂ ਸੁਜਸੁ ਕੇ ਲੇਨਿ ਕੋ ਪੁਨ ਕ੍ਯੋਂਹੂੰ ਨ ਪਾਵੈਂ"॥ ੨੨॥

ਆਪਣਾ ਵੱਡਾ ਨਾਮ ਸਮਝ ਕੇ ਬਹੁਤ ਧਨ ਨਾਲ ਲੈ ਕੇ ਆਵੋ, ਬਾਈਧਾਰ ਦੇ ਸਾਰੇ ਰਾਜੇ ਉਸ ਸਮੇਂ ਇਕੱਠੇ ਹੋਣਗੇ। ਉਨ੍ਹਾਂ ਵਿਚ ਬਹੁਤ ਰਾਜੇ ਤੁਹਾਡੇ ਨਾਲ ਆਉਣਗੇ ਤੇ ਸਾਡੇ ਘਰ ਵੀ ਬਹੁਤ ਆਉਣਗੇ। ਉਹ ਸ੍ਰੇਸ਼ਟ ਜੱਸ ਲੈਣ ਦਾ ਸਮਾਂ ਹੋਵੇਗਾ, ਇਸ ਕਰਕੇ ਮੰਗਤੇ ਕਿਵੇਂ ਧਨ ਨਾ ਪਾਉਣਗੇ"॥ ੨੨॥

ਇੱਤਜਾਦਿਕ ਚਹਿ ਅਧਿਕਤਾ ਭੇਜੀ ਲਿਖਿ ਪਾਤੀ।
ਭੀਮਚੰਦ ਆਨੰਦ ਮੈਂ ਪਠਿ ਸੀਤਲ ਛਾਤੀ।
ਆਗੇ ਕੇਤਿਕ ਮਾਸ ਤੇ ਕਰਿਬੇ ਲਗਿ ਤਜਾਰੀ।
ਸਕਲ ਸਮਿੱਗ੍ਰੀ ਸੰਚਿ ਕਰਿ ਧਰਿ ਸਦਨ ਮਝਾਰੀ॥ ੨੩॥

ਇਸ ਤਰ੍ਹਾਂ ਵੱਡੀ ਚਾਹਤ ਵਾਲੀ ਚਿੱਠੀ ਲਿਖ ਕੇ ਭੇਜੀ, ਭੀਮ ਚੰਦ ਪੜ੍ਹ ਕੇ ਅਨੰਦ ਨਾਲ ਭਰ ਗਿਆ ਤੇ ਉਸ ਦੀ ਛਾਤੀ ਵਿਚ ਠੰਡ ਪੈ ਗਈ। ਪਹਿਲਾਂ ਹੀ ਕਈ ਮਹੀਨਿਆਂ ਤੋਂ ਤਿਆਰੀ ਕਰ ਰਿਹਾ ਸੀ। ਸਾਰੀ ਸਮੱਗਰੀ ਇਕੱਠੀ ਕਰਕੇ ਘਰ ਵਿਚ ਰੱਖੀ ਸੀ॥ ੨੩॥

ਮੋਲ ਕਿਤਿਕ ਗਜ ਬਾਜ ਲੇ ਕਰਿਵਾਇ ਸਕੇਲੇ।
ਸ਼ਸਤ੍ਰ ਬਸਤ੍ਰ ਜਿਤ ਕਿਤਹੁੰ ਤੇ ਸੰਚਤਿ ਗਨ ਲੇਲੇ।
ਵਸਤੁ ਅਜਾਇਬ ਚਿਤਵਤੋ ਗੁਰ ਬਿਨ ਨਹਿਂ ਆਨਾ।
ਭਏ ਬਿਰਸ ਨਹਿਂ ਦੇਯ ਹੈਂ ਬਰ ਬੀਰ ਮਹਾਨਾ॥ ੨੪॥

ਕਈ ਹਾਥੀ ਘੋੜੇ ਮੁੱਲ ਲੈ ਕੇ ਘਰ ਵਿਚ ਇਕੱਠੇ ਕੀਤੇ ਸਨ। ਸ਼ਸਤਰ, ਵਸਤਰ, ਜਿੱਥੋਂ ਕਿੱਥੋਂ ਲੈ ਲੈ ਕੇ ਰੱਖੇ ਸਨ। ਅਦਭੁਤ ਵਸਤੂ ਬਾਰੇ ਵਿਚਾਰ ਕਰਦਾ ਸੀ ਕਿ ਗੁਰੂ ਜੀ ਤੋਂ ਬਗੈਰ ਨਹੀਂ ਆਉਣੀਆਂ ਸਨ। ਜੇ ਗੁਰੂ ਜੀ ਅਜੀਬ ਵਸਤਾਂ ਨਹੀਂ ਦੇਣਗੇ ਤਾਂ ਬੜੀ ਬੇਰਸੀ ਹੋਵੇਗੀ, ਗੁਰੂ ਜੀ ਸ੍ਰੇਸ਼ਟ ਮਹਾਨ ਯੋਧੇ ਹਨ॥ ੨੪॥

ਭੇਜੌਂ ਨਰ ਪਰਧਾਨ ਕੋ ਸਨਬੰਧੀ ਕੋਊ।
ਸਾਦਰ ਗੁਰ ਕੋ ਅਨੰਦ ਦੇ ਆਨਹਿ ਵਥੁ ਜੋਊ।
ਇਮ ਬਿਚਾਰ ਕਰਿ ਸਭਾ ਮਹਿਂ ਬੈਠਯੋ ਨ੍ਰਿਪਰਾਈ।
ਬੂਝੇ ਆਦਿ ਵਜ਼ੀਰ ਜੇ 'ਅਦਭੁਤ ਵਥੁ ਕਾਈ॥ ੨੫॥

ਕਿਸੇ ਸੰਬੰਧੀ ਪ੍ਰਧਾਨ ਮਨੁੱਖ ਨੂੰ ਭੇਜਾਂਗਾ, ਆਦਰ ਨਾਲ ਜਿਹੜਾ ਗੁਰੂ ਜੀ ਨੂੰ ਪ੍ਰਸੰਨ ਕਰਕੇ ਸਾਰੀਆਂ ਵਸਤਾਂ ਲੈ ਆਵੇ। ਇਸ ਤਰ੍ਹਾਂ ਵਿਚਾਰ ਕਰਕੇ ਰਾਜਾ ਸਭਾ ਵਿਚ ਬੈਠ ਗਿਆ ਤੇ ਜਿਹੜੇ ਪਹਿਲੇ ਵਜ਼ੀਰ ਸਨ ਉਸ ਪਾਸੋਂ ਪੁੱਛਣ ਲਗਾ, "ਅਦਭੁਤ ਵਸਤਾਂ ਕਿਹੜੀਆਂ ਹਨ॥ ੨੫॥

ਕਹਹੁ ਕਹਾਂ ਤੇ ਆਨੀਅਹਿ ਕਹਿ ਕੁੜਮ ਪਠਾਵਾ।
ਖੋਜੇ ਰਿਦੈ ਬਿਚਾਰ ਮੈਂ, ਭੇਵ ਨ ਕਿਤ ਪਾਵਾ।
ਵਸਤੂ ਤੀਨ ਕਿ ਚਾਰ ਹੈਂ ਗੁਰ ਘਰ ਮਹਿਂ ਜਾਨੀ।
ਸ਼ਸਤ੍ਰ ਪੰਚਕਲ, ਦੁਰਦ ਸੁਭ, ਚੌਕੀ ਕਿਨ ਆਨੀ॥ ੨੬॥

ਦੱਸੋ ਇਹ ਅਦਭੁਤ ਵਸਤਾਂ ਕਿੱਥੋਂ ਲਿਆਈਏ, ਜੋ ਮੈਂ ਹਿਰਦੇ ਵਿਚ ਵਿਚਾਰ ਕੇ ਖੋਜ ਕੀਤੀ ਹੈ, ਪਰ ਇਨ੍ਹਾਂ ਦਾ ਭੇਦ ਨਹੀਂ ਪਾਇਆ ਹੈ। ਤਿੰਨ ਜਾਂ ਚਾਰ ਵਸਤਾਂ ਗੁਰੂ ਘਰ ਵਿਚ ਜਾਣੀਆਂ ਜਾਂਦੀਆਂ ਹਨ। ਇਕ ਪੰਜ ਕਲਾ ਸ਼ਸਤਰ ਹੈ, ਇਕ ਸ਼ੁਭ ਹਾਥੀ ਹੈ, ਇਕ ਚੌਕੀ ਹੈ, ਕੋਈ ਸ਼ਰਧਾਲੂ ਲੈ ਕੇ ਆਇਆ ਹੈ॥ ੨੬॥

ਇਕ ਡੇਰਾ ਅਦਭੁਤ ਮਹਾ ਚਾਰਹੁੰ ਲਿਹੁ ਜਾਚੇ।
ਨੌਰੰਗ ਕੇ ਭੀ ਨਿਕਟ ਨਹਿਂ ਕਿਤ ਸਮਸਰ ਤਾਚੇ ?।
ਜਸੁ ਬਿਸਾਲ ਹੁਇ ਬਜਾਹ ਮਹਿਂ ਇਹ ਸੰਗ ਲਿ ਚਾਲੇ।
ਪਿਖਹਿਂ ਹਜ਼ਾਰਹੁੰ ਨਰ ਤਹਾਂ ਪੁਰਿ ਗ੍ਰਾਮਨਿ ਜਾਲੇ॥ ੨੭॥

ਇਕ ਵੱਡਾ ਤੰਬੂ ਹੈ ਜਿਹੜਾ ਮਹਾਨ ਅਦਭੁਤ ਹੈ, ਇਹ ਚਾਰੇ ਵਸਤਾਂ ਮੰਗ ਲਈਏ, ਨੌਰੰਗੇ ਪਾਸ ਵੀ ਇਸ ਤਰ੍ਹਾਂ ਦਾ ਤੰਬੂ ਨਹੀਂ ਹੈ, ਜਿਹੜਾ ਇਸ ਦਾ ਮੁਕਾਬਲਾ ਕਰ ਸਕੇ ? ਵਿਆਹ ਵਿਚ ਵਿਸ਼ਾਲ ਜੱਸ ਹੋਵੇਗਾ ਜੇ ਇਹ ਵਸਤਾਂ ਨਾਲ ਲੈ ਕੇ ਚਲੀਏ ਓਥੇ ਪਿੰਡਾਂ ਅਤੇ ਨਗਰਾਂ ਦੇ ਹਜ਼ਾਰਾਂ ਮਨੁੱਖ ਵੇਖਣਗੇ" ॥ ੨੭॥

ਸੁਨਿ ਵਜ਼ੀਰ ਪੁਨ ਬੈਨ ਭਨਿ 'ਆਗੇ ਤੁਮ ਜਾਚਾ।
ਹਾਥੀ ਲੈਬੇ ਕਿਤ ਰਹਯੋ ਰਸ ਬੇਰਸ ਰਾਚਾ।
ਰਾਖਹੁ ਰਸ ਅਰੁ ਵਸਤੁ ਲਿਹੁ ਐਸੇ ਗਤਿ ਨੀਕੀ।
ਸਾਦਰ ਗੁਰ ਸੋਂ ਕਾਮਨਾਂ ਪੂਰਵਹੁ ਨਿਜ ਜੀਕੀ'॥ ੨੮॥

ਇਹ ਸੁਣ ਕੇ ਫਿਰ ਵਜ਼ੀਰ ਨੇ ਕਿਹਾ, "ਅੱਗੇ ਵੀ ਤੁਸੀਂ ਮੰਗਿਆ ਹੈ ਹਾਥੀ ਲੈਣ ਵਾਸਤੇ ਤੁਸੀਂ ਰਸ ਤੋਂ ਬੇਰਸ ਦੀ ਰਚਨਾ ਕੀਤੀ ਹੈ। ਰਸ ਰੱਖੋ ਅਤੇ ਵਸਤਾਂ ਲਵੋ ਐਸੀ ਗਤੀ ਚੰਗੀ ਹੈ, ਆਦਰ ਨਾਲ ਗੁਰੂ ਜੀ ਪਾਸੋਂ ਆਪਣੇ ਦਿਲ ਦੀ ਕਾਮਨਾ ਪੂਰੀ ਕਰੋ" ॥ ੨੮॥

ਭੀਮਚੰਦ ਬੋਲਯੋ ਤਬੈ 'ਜਿਮ ਤੋਹਿ ਬਤਾਈ।
ਇਹ ਆਛੀ ਜਾਨੀ ਅਬਹਿ ਸਭਿ ਕੇ ਮਨ ਭਾਈ।

ਇਕ ਪ੍ਰੋਹਤ ਭੇਜੋ ਤਹਾਂ ਨੀਕੋ ਮਤਿਵਾਨਾ।
ਸਭਾ ਚਾਤੁਰੀ ਮਹਿਂ ਨਿਪੁਨ ਗੁਨਿ ਗਯਾਨਿ ਸੁਜਾਨਾ॥ ੨੯॥

ਤਦ ਭੀਮ ਚੰਦ ਬੋਲਿਆ, "ਜਿਵੇਂ ਤੂੰ ਦੱਸਿਆ ਹੈ, ਇਹ ਗੱਲ ਮੈਂ ਚੰਗੀ ਜਾਣੀ ਹੈ, ਹੁਣ ਇਹ ਸਾਰਿਆਂ ਦੇ ਮਨ ਨੂੰ ਚੰਗੀ ਵੀ ਲੱਗੀ ਹੈ। ਓਥੇ ਇਕ ਸਮਝਦਾਰ ਪ੍ਰੋਹਤ ਨੂੰ ਭੇਜੋ, ਸਭਾ ਵਿਚ ਜਿਹੜਾ ਚਤੁਰਾਈ ਵਿਖਾਉਣ ਵਿਚ ਨਿਪੁੰਨ ਹੋਵੇ ਤੇ ਗਿਆਨ ਦੇ ਗੁਣਾਂ ਵਿਚ ਚਤੁਰ ਹੋਵੇ॥ ੨੯॥

ਦੁਤਿਯ ਕੇਸਰੀ ਚੰਦ ਜੋ ਮੇਰੋ ਲਗਿ ਸਾਰਾ।
ਬਾਕ ਬੋਲਿਬੇ ਮਹਿਂ ਚਤੁਰ ਭੇਦ ਸੁ ਲਖਿ ਸਾਰਾ।
ਭੇਜੋ ਬਡੇ ਸਮਾਜ ਸੌਂ ਆਨਹਿਂ ਵਥੁ ਚਾਰੇ'।
ਅਸ ਮਸਲਤ ਸਭਿ ਕਰਿ ਉਠੇ 'ਚਲਿ ਜਾਹਿਂ ਸਕਾਰੇ'॥ ੩੦॥

ਦੂਸਰਾ ਕੇਸਰੀ ਚੰਦ ਜਿਹੜਾ ਮੇਰਾ ਸਾਲਾ ਲੱਗਦਾ ਹੈ, ਜਿਹੜਾ ਸਾਰਾ ਭੇਦ ਸਮਝ ਕੇ ਗੱਲਾਂ ਬਣਾਉਣ ਵਿਚ ਬੜਾ ਚਤੁਰ ਹੈ। ਉਸ ਨੂੰ ਵੱਡੀ ਗਿਣਤੀ ਵਿਚ ਮਨੁੱਖ ਦੇ ਕੇ ਭੇਜੋ ਤਾਂਕਿ ਉਹ ਚਾਰੇ ਵਸਤਾਂ ਲੈ ਕੇ ਆਵੇ। ਇਸ ਤਰ੍ਹਾਂ ਸਲਾਹ ਕਰਕੇ ਸਾਰੇ ਉੱਠ ਪਏ, "ਸਵੇਰੇ ਤੜਕੇ ਚਲੇ ਜਾਵਾਂਗੇ"॥ ੩੦॥

ਸੋਰਠਾ- ਨਿਜ ਨਿਜ ਸਦਨ ਸਿਧਾਇ ਬਸੇ ਬਿਤਾਈ ਜਾਮਨੀ।
ਉਦਯੋ ਦਿਵਸ ਕੋ ਰਾਇ ਸੌਚ ਸ਼ਨਾਨੇ ਮਿਲੇ ਸਭਿ॥ ੩੧॥

ਆਪਣੇ ਆਪਣੇ ਘਰ ਚਲੇ ਗਏ, ਰਾਤ ਰਹਿ ਕੇ ਬਤੀਤ ਕੀਤੀ। ਦਿਨ ਚੜ੍ਹਨ ਤੇ ਰਾਜਾ ਉਠਿਆ ਤੇ ਸਾਰਿਆਂ ਨੇ ਮਿਲ ਕੇ ਸੌਚ ਇਸ਼ਨਾਨ ਕੀਤਾ॥ ੩੧॥

*ਪਹਿਲੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

## ਅਧਿਆਇ ਉਣਤਾਲੀਵਾਂ

### ਕੇਸਰੀ ਚੰਦ ਤੇ ਪੰਮਾ ਅਨੰਦਪੁਰ ਆਏ

ਦੋਹਰਾ- ਭੀਮਚੰਦ ਬਿਚ ਸਭਾ ਕੇ ਦੋਨਹੁਂ ਪਠੇ ਬੁਲਾਇ।
ਏਕ ਕੇਸਰੀਚੰਦ ਕੋ, ਪੰਮਾ ਪ੍ਰੋਹਤ ਆਇ॥ ੧॥

ਭੀਮ ਚੰਦ ਨੇ ਕਿਸੇ ਮਨੁੱਖ ਨੂੰ ਭੇਜ ਕੇ ਦੋਵਾਂ ਨੂੰ ਸਭਾ ਵਿਚ ਬੁਲਾ ਲਿਆ। ਉਨ੍ਹਾਂ ਵਿਚ ਇਕ ਰਾਜਾ ਕੇਸਰੀ ਚੰਦ ਸੀ ਤੇ ਦੂਸਰਾ ਪੰਮਾ ਪ੍ਰੋਹਤ ਸੀ॥ ੧॥

ਸੈਯਾ ਛੰਦ-ਦੋਨਹੁਂ ਕਹਿ ਬਿਠਾਇ ਸਮੁਝਾਯਹੁ 'ਨੀਤਿ ਰੀਤਿ ਨੀਕੇ ਤੁਮ ਚੀਨ।
ਪਹੁੰਚਹੁ ਸਤਿਗੁਰ ਕੇ ਸਮੀਪ ਚਲਿ ਨਮੋ ਕਰਹੁ ਕਰਜੋਰਿ ਅਧੀਨ।
ਮਮ ਦਿਸ਼ਿ ਤੇ ਧਰਿ ਚਰਨਨਿ ਪਰ ਕਰ ਬਿਨਤੀ ਭਲੇ ਸੁਨਾਇ ਪ੍ਰਬੀਨ।
ਭਨਹੁ ਪ੍ਰਸੰਸਾ ਪਰਮ ਪ੍ਰਸੰਨ ਕਰਿ ਜਾਚਹੁ ਵਸਤੁ ਅਜਬ ਇਕ ਤੀਨ॥੨॥

ਦੋਵਾਂ ਨੂੰ ਕਹਿ ਕੇ ਸਮਝਾਇਆ, "ਤੁਸੀਂ ਨੀਤੀ ਰੀਤੀ ਚੰਗੀ ਤਰ੍ਹਾਂ ਜਾਣਦੇ ਹੋ। ਜਾ ਕੇ ਸਤਿਗੁਰੂ ਜੀ ਦੇ ਪਾਸ ਪਹੁੰਚੋ ਤੇ ਹੱਥ ਜੋੜ ਕੇ ਸਨਿਮਰ ਹੋ ਕੇ ਬੰਦਨਾ ਕਰੋ। ਮੇਰੇ ਵਲੋਂ ਚਰਨ ਕੰਵਲਾਂ ਤੇ ਪੈ ਕੇ ਭਲੀ ਪ੍ਰਕਾਰ ਸੁਣਾ ਕੇ ਬੇਨਤੀ ਕਰੋ। ਬਹੁਤ ਪ੍ਰਸੰਸਾ ਕਰਕੇ ਪ੍ਰਸੰਨ ਕਰਕੇ ਇਹ ਚਾਰੇ ਅਦਭੁਤ ਵਸਤਾਂ ਦੀ ਮੰਗ ਕਰੋ॥ ੨॥

ਸੁਮਤਿ ਸਹਿਤ ਚਾਤੁਰਤਾ ਰਚਿ ਬਹੁ ਜਜੋਂ ਕਜੋਂ ਲੀਜੈ ਕੀਜੈ ਕਾਜ।
ਪੁੱਤ੍ਰ ਹਮਾਰੋ ਅਪਨੋ ਸਮਝਹੁ ਹਾਨ ਲਾਭ ਕੀ ਸਮਸਰ ਲਾਜ।
ਇਕ ਘਰ ਲਖਹੁ ਰਖਹੁ ਨਿਜ ਕਰੁਨਾ ਪੁੱਤ੍ਰ ਬਜਾਹ ਬਹੁ ਮਿਲੈ ਸਮਾਜ।
ਤਹਾਂ ਆਬਰੂ ਕਰਹੁ ਵਧਾਵਨਿ, ਸਭਿ ਰਾਜੇ ਜਾਨਹਿਂ ਸਿਰਤਾਜ॥ ੩॥

ਸ੍ਰੇਸ਼ਟ ਬੁੱਧੀ ਸਹਿਤ ਬਹੁਤ ਚਤੁਰਤਾ ਰਚੋ ਜਿਵੇਂ ਕਿਵੇਂ ਵਸਤਾਂ ਲੈ ਕੇ ਆਪਣਾ ਕਾਰਜ ਕਰੋ। ਸਾਡਾ ਪੁੱਤਰ ਆਪਣਾ ਪੁੱਤਰ ਸਮਝੋ, ਸਾਨੂੰ ਦੋਹਾਂ ਨੂੰ ਹਾਣ ਲਾਭ ਦੇ ਬਰਾਬਰ ਦੀ ਲਾਜ ਹੈ। ਇਕ ਘਰ ਸਮਝੋ, ਆਪਣੀ ਕਿਰਪਾ ਕਰੋ, ਵਿਆਹ ਦੇ ਵਿਚ ਬਹੁਤ ਲੋਕ ਇਕੱਠੇ ਹੋਣਗੇ। ਓਥੇ ਸਾਡੀ ਇੱਜ਼ਤ ਵਧਾਓ ਜਿਹੜਾ ਸਾਰੇ ਰਾਜੇ ਸਾਨੂੰ ਸਿਰਤਾਜ ਸਮਝਣ॥ ੩॥

ਇੱਤਜਾਦਿਕ ਬਹੁ ਕਰਹੁ ਉਚਾਰਨਿ, ਰੁਖ਼ ਦੇਖਹੁ ਜੇ ਕਾਰਜ ਹ੍ਵੈ ਨ।
ਪੁਨ ਲਾਲਚ ਕੀ ਬਾਤ ਸੁਨਾਵਹੁ ਆਵਹਿਂ ਬਜਾਹ ਜਬਹਿ ਸੁਖਚੈਨ।
ਚਾਰਹੁਂ ਵਸਤੁ ਸ਼ੀਘ੍ਰ ਪਹੁਚਾਵਹਿਂ ਫੇਰ ਨ ਰਾਖਹਿਂਗੇ ਨਿਜ ਐਨ।
ਚਤਰ ਹਜ਼ਾਰ ਰਜਤਪਨ ਇਨ ਸੰਗ ਪੂਜਾ ਕਰਹਿਂ ਆਪ ਦੀ ਦੈਨ॥ ੪॥

ਇਸ ਤਰ੍ਹਾਂ ਬਹੁਤ ਉਚਾਰਨ ਕਰੋ, ਰੁਖ਼ ਵੇਖੋ ਜਿਸ ਨਾਲ ਕਾਰਜ ਹੋ ਜਾਵੇ। ਫਿਰ ਲਾਲਚ ਦੀਆਂ ਗੱਲਾਂ ਸੁਣਾਵੋ, ਜਦ ਸੁਖ ਚੈਨ ਨਾਲ ਵਿਆਹ ਕੇ ਆ ਜਾਵਾਂਗੇ ਤੇ ਚਾਰੇ ਵਸਤਾਂ ਛੇਤੀ ਹੀ ਪਹੁੰਚਾ ਦੇਵਾਂਗੇ, ਫਿਰ ਉਨ੍ਹਾਂ ਨੂੰ ਆਪਣੇ ਘਰ ਨਹੀਂ ਰੱਖਾਂਗੇ। ਚਾਰ ਹਜ਼ਾਰ ਰੁਪਏ ਇਨ੍ਹਾਂ ਦੇ ਨਾਲ ਆਪ ਜੀ ਦੀ ਪੂਜਾ ਵਜੋਂ ਭੇਟ ਕਰਾਂਗੇ"॥ ੪॥

ਇਮ ਸਮੁਝਾਇ ਕਹਜੋ 'ਅਬਿ ਗਮਨਹੁ' ਇਕ ਸੌ ਨਰ ਕੀਨੇ ਤਿਨ ਸਾਥ।
ਬਸਤ੍ਰ ਬਿਭੂਖਨ ਸ਼ਸਤ੍ਰ ਸਾਜ ਕਰਿ ਚਲੇ ਛਲਨ ਹਿਤ ਸਰਬਗ ਨਾਥ।
ਸਨੇ ਸਨੇ ਸਭਿ ਮਾਰਗ ਉਲੰਘੇ ਗਿਨਤਿ ਅਨੇਕ ਕਪਟ ਕੀ ਗਾਥ।
ਆਨਿ ਅਨੰਦਪੁਰਿ ਅਨੰਦ ਨਿਹਾਰਜੋ ਜਹਿਂ ਲਹਿਂ ਚਾਰ ਪਦਾਰਥ ਹਾਥ॥੫॥

ਇਸ ਤਰ੍ਹਾਂ ਸਮਝਾ ਕੇ ਕਿਹਾ, "ਹੁਣ ਜਾਵੋ", ਇਕ ਸੌ ਮਨੁੱਖਾਂ ਨੂੰ ਉਨ੍ਹਾਂ ਦੇ ਨਾਲ ਦਿੱਤਾ। ਵਸਤਰ, ਗਹਿਣੇ, ਸ਼ਸਤਰ ਸਾਜ ਕੇ ਸਮਰੱਥ ਗੁਰੂ ਜੀ ਨੂੰ ਛਲਣ ਵਾਸਤੇ ਚਲ ਪਏ। ਹੌਲੀ-ਹੌਲੀ ਸਾਰਾ ਮਾਰਗ ਲੰਘ ਗਏ, ਆਪਣੇ ਦਿਲ ਵਿਚ ਕਪਟ ਕਰਨ ਦੀਆਂ ਅਨੇਕਾਂ ਕਹਾਣੀਆਂ ਵਿਚਾਰਦੇ ਜਾਂਦੇ ਸਨ। ਅਨੰਦਪੁਰ ਵਿਚ ਆ ਕੇ ਅਨੰਦ ਵੇਖਿਆ, ਜਿੱਥੇ ਚਾਰ ਪਦਾਰਥ ਹੱਥੋ ਹੱਥ ਮਿਲਦੇ ਸਨ॥ ੫॥

ਡੇਰਾ ਸ਼ੁਭ ਸਥਾਨ ਮੈਂ ਘਾਲਜੋ ਭਲੀ ਭਾਂਤਿ ਕੀਨੋ ਬਿਸਰਾਮ।
ਦੰਡ ਰਜਤ ਧਾਰੀ ਕਹੁ ਪਠਿ ਕਰਿ ਸੁਧਿ ਸੁਨਾਇ ਕੀਨਸਿ ਗੁਨ ਧਾਮ।
ਸਤਿਗੁਰ ਨੰਦ ਚੰਦ ਸੋਂ ਭਾਖਜੋ 'ਦੇਹੁ ਦੇਗ ਤੇ ਰਸਤ ਤਮਾਮ।
ਬਾਂਛਿਤ ਅਪਰ ਸਕਲ ਪਹੁਚਾਵਹੁ ਕਹਿ ਭੇਜਹੁ ਅਬਿ ਕਰਹੁ ਅਰਾਮ'॥ ੬॥

ਇਕ ਸ਼ੁਭ ਸਥਾਨ 'ਤੇ ਡੇਰਾ ਲਾਇਆ ਤੇ ਭਲੀ ਪ੍ਰਕਾਰ ਬਿਸਰਾਮ ਕੀਤਾ। ਚੋਬਦਾਰ ਨੂੰ ਭੇਜ ਕੇ ਖ਼ਬਰ ਦਿੱਤੀ ਤੇ ਉਸ ਨੇ ਗੁਰੂ ਘਰ ਜਾ ਕੇ ਸਭ ਕੁਝ ਸੁਣਾਇਆ। ਸਤਿਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, "ਲੰਗਰ ਵਿਚੋਂ ਤਮਾਮ ਰਸਦ ਦੇਵੋ। ਹੋਰ ਜੋ ਕੁਝ ਮੰਗਦੇ ਹਨ, ਉਹ ਵੀ ਪਹੁੰਚਾਵੋ ਤੇ ਇਹ ਕਹਿ ਕੇ ਭੇਜੋ ਕਿ ਹੁਣ ਆਰਾਮ ਕਰੋ"॥ ੬॥

ਆਇਸੁ ਪਾਇ ਦਿਵਾਨ ਕੀਨਿ ਤ੍ਰਿਮ ਸੁਧ ਸੰਭਾਰਿ ਅਨੇਕ ਪ੍ਰਕਾਰ।
ਖਾਨ ਪਾਨ ਕਰਿ ਨਿਸਾ ਸੁਪਤਿ ਹੁਇ ਉਠੇ ਸੌਚ ਕੀਨਸਿ ਭੁਨਸਾਰ।
ਨੀਰ ਸ਼ਰੀਰ ਸ਼ਨਾਨ ਠਾਨਿ ਤਬਿ ਠਾਕਰ ਪੂਜਾ ਮਹਿਂ ਚਿਤ ਧਾਰ।
ਦਿਵਸ ਚਢੇ ਤਨ ਸ਼ਸਤ੍ਰ ਬਸਤ੍ਰ ਧਰਿ ਕਰਹਿਂ ਪ੍ਰਤੀਖਨ ਮੋਹਿ ਹਕਾਰ॥ ੭॥

ਆਗਿਆ ਪਾ ਕੇ ਦੀਵਾਨ ਨੇ ਉਸ ਤਰ੍ਹਾਂ ਹੀ ਕੀਤਾ, ਤੇ ਅਨੇਕ ਪ੍ਰਕਾਰ ਭੀਮ ਚੰਦ ਦੇ ਆਦਮੀਆਂ ਦੀ ਖ਼ਬਰ ਸਾਰ ਲਈ। ਖਾ ਪੀ ਕੇ ਰਾਤ ਨੂੰ ਸੌਂ ਗਏ ਤੇ ਸਵੇਰੇ ਉੱਠ ਕੇ ਸੌਚ ਕੀਤਾ। ਜਲ ਨਾਲ ਸਰੀਰ ਇਸ਼ਨਾਨ ਕੀਤਾ, ਤਦ ਠਾਕਰ ਪੂਜਾ ਵਿਚ ਚਿੱਤ ਲਾਇਆ। ਦਿਨ ਚੜ੍ਹਨ ਨਾਲ ਸ਼ਸਤਰ ਵਸਤਰ ਧਾਰਨ ਕੀਤੇ ਤੇ ਗੁਰੂ ਜੀ ਦੇ ਬੁਲਾਉਣ ਦੀ ਇੰਤਜ਼ਾਰ ਕਰਨ ਲੱਗੇ॥ ੭॥

ਸ਼੍ਰੀ ਗੁਰ ਗਰ ਜਾਮਾ ਅਭਿਰਾਮੂ ਧਰਿ ਸ਼ਮਸ਼ੇਰ ਸੁਭਤਿ ਜਿਮ ਸ਼ੇਰ।
ਟਿਕਜੇ ਕੁਦੰਡ ਅੱਗ੍ਰ ਬਡ ਗਾਢੋ ਖਰ ਖਤੰਗ ਧਰਿ ਕਰ ਮਹਿਂ ਫੇਰਿ।
ਮੁਕਤਾਹਲ ਗਰ ਮਾਲ ਬਿਸਾਲਾ ਜਿਗਾ ਜਵਾਹਰ ਜ਼ੇਬ ਉਚੇਰ।
ਕਲਗ਼ੀ ਤੁੰਗ ਅਨੰਗ ਰਚੀ ਜਨੁ ਅੰਗ ਅੰਗ ਸੁੰਦਰ ਬਹੁਤੇਰ॥ ੮॥

ਸ੍ਰੀ ਗੁਰੂ ਜੀ ਗਲ ਵਿਚ ਸੁੰਦਰ ਜਾਮਾ ਪਾਇਆ ਤੇ ਤਲਵਾਰ ਧਾਰ ਕੇ ਸ਼ੇਰ ਵਾਂਗ ਸ਼ੋਭ ਰਹੇ ਸਨ। ਅੱਗੇ ਭਾਰੀ ਧਨੁੱਖ ਰੱਖਿਆ ਹੈ, ਜਿਹੜਾ ਬੜਾ ਕਠੋਰ ਹੈ ਤੇ ਤਿੱਖੇ ਤੀਰ ਭਰ ਕੇ ਭੱਥਾ ਧਰ ਲਿਆ। ਮੋਤੀਆਂ ਦੀਆਂ ਗਲ ਵਿਚ ਵਿਸ਼ਾਲ ਮਾਲਾ ਪਾਈਆਂ ਸਨ ਤੇ ਉੱਚੀ ਜਿਗਾ ਬਹੁਤ ਸ਼ੋਭ ਰਹੀ ਸੀ। ਉੱਚੀ ਕਲਗ਼ੀ ਮਾਨੋ ਕਾਮਦੇਵ ਨੇ ਬਣਾਈ ਸੀ, ਅੰਗ-ਅੰਗ ਬਹੁਤ ਸੁੰਦਰ ਹੈ ਭਾਵ ਕਲਗ਼ੀ ਬਹੁਤ ਸੋਹਣੀ ਲਗਦੀ ਹੈ॥ ੮॥

ਅੰਤਰ ਸਦਨ ਟਿਕਹਿਂ ਜਿਸ ਮਾਂਹੀ ਤਹਿਂ ਪ੍ਰਯੰਕ ਪਰ ਥਿਰੇ ਸੁਹਾਇ।
ਮਾਤੁਲ ਨੰਦਚੰਦ ਅਰੁ ਸੰਗੋ ਦਯਾਰਾਮ ਦਿਜ ਨਿਕਟ ਬਿਠਾਇ।
ਇਨਤੇ ਆਦਿ ਨਿਕਟ ਜਨ ਬੀਸਕ ਸਨਮਾਨਤਿ ਮ੍ਰਿਦੁ ਭਨਤਿ ਸੁਨਾਇ।
ਤਰੁਨ ਤਰਲਿ ਸਮ ਦਿਪਹਿ ਪ੍ਰਤਾਪੂ ਤਰੁਨ ਆਰਬਲ ਤਨ ਮਹਿਂ ਆਇ॥ ੯॥

ਘਰ ਵਿਚ ਜਿੱਥੇ ਟਿਕੇ ਸਨ, ਉਥੇ ਪਲੰਘ ਤੇ ਬੈਠੇ ਸ਼ੋਭ ਰਹੇ ਸਨ। ਮਾਮਾ ਜੀ, ਦਿਵਾਨ ਨੰਦ ਚੰਦ ਅਤੇ ਸੰਗੋਸ਼ਾਹ, ਦਇਆ ਰਾਮ ਬ੍ਰਾਹਮਣ ਨੂੰ ਆਪਣੇ ਨੇੜੇ ਬਿਠਾਇਆ। ਇਨ੍ਹਾਂ ਤੋਂ ਉਪਰੰਤ ਵੀਹ ਕੁ ਮਨੁੱਖ ਹੋਰ ਪਾਸ ਬੈਠੇ ਸਨ, ਜਿਨ੍ਹਾਂ ਨੂੰ ਮਿੱਠੇ ਬਚਨ ਸੁਣਾ ਕੇ ਸਨਮਾਨਤ ਕੀਤਾ। ਚੜ੍ਹਦੀ ਦੁਪਹਿਰ ਦੇ ਸੂਰਜ ਵਾਂਗ ਗੁਰੂ ਜੀ ਦਾ ਪ੍ਰਤਾਪ ਪ੍ਰਕਾਸ਼ਦਾ ਸੀ ਸਰੀਰ ਤੇ ਜਵਾਨੀ ਪ੍ਰਗਟ ਹੋ ਰਹੀ ਸੀ॥ ੯॥

ਸਿੰਘ ਪੌਰ ਪਰ ਖਰੇ ਸੈਂਕਰੇ ਸ਼ਸਤ੍ਰ ਸਹਿਤ ਸੂਰੇ ਸਵਧਾਨ।
ਪੰਮਾ ਪ੍ਰੋਹਤ ਚੰਦ ਕੇਸਰੀ ਲੇ ਬੀਸਕ ਮਾਨਵ ਅਗਵਾਨ।
ਆਇ ਦ੍ਵਾਰ ਪਰ ਥਿਰੇ ਸਨਧਬਧ ਗੁਰੂ ਨਿਕਟ ਸੁਧਿ ਕੀਨਿ ਬਖਾਨਿ।
ਸ਼੍ਰੀ ਮੁਖ ਤੇ ਫੁਰਮਾਇ ਜਨਾਯਹੁ 'ਚਤੁਰ ਘਟੀ ਬੈਠਹਿਂ ਇਸ ਥਾਨ'॥ ੧੦॥

ਮੁੱਖ ਦਰਵਾਜ਼ੇ ਤੇ ਸੈਂਕੜੇ ਸੂਰਬੀਰ ਸਾਵਧਾਨ ਹੋ ਕੇ ਸ਼ਸਤਰਾਂ ਸਹਿਤ ਖੜੇ ਸਨ। ਪੰਮਾ ਪ੍ਰੋਹਤ ਅਤੇ ਕੇਸਰੀ ਚੰਦ ਵੀਹ ਕੁ ਆਦਮੀ ਅੱਗੇ ਲੈ ਕੇ ਆਏ। ਦਰਵਾਜ਼ੇ 'ਤੇ ਸ਼ਸਤਰ-ਬਧ ਖੜੇ ਸਨ, ਉਨ੍ਹਾਂ ਗੁਰੂ ਜੀ ਪਾਸ ਆਉਣ ਦੀ ਖ਼ਬਰ ਭੇਜ ਦਿੱਤੀ। ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾ ਕੇ ਸਮਝਾਇਆ, "ਚਾਰ ਘੜੀਆਂ ਇਸ ਥਾਂ ਬੈਠੋ"॥ ੧੦॥

ਦ੍ਵਾਰਪਾਲ ਨਿਜ ਨਿਕਟ ਬਿਠਾਏ 'ਹੁਇ ਅਵਕਾਸ਼ ਹਕਾਰਹਿਂ ਪਾਸ'।
ਕਰਨਿ ਅਨਾਦਰ ਦਰ ਅਟਕਾਏ ਜਿਨ ਉਰ ਛਲ ਹੰਕਾਰ ਨਿਵਾਸ।
ਬੈਠੇ ਕਰਤਿ ਪ੍ਰਤੀਖਨ ਦੇਖਤਿ ਗੁਰ ਕੇ ਪੌਰ ਪ੍ਰਤਾਪ ਪ੍ਰਕਾਸ਼।
ਸੰਗਤਿ ਬ੍ਰਿੰਦ ਬੰਦਨਾ ਠਾਨਤਿ ਤਿਮ ਪੁਰਿ ਜਨ ਪੁਨਿ ਜਾਹਿਂ ਅਵਾਸ॥੧੧॥

ਦਵਾਰਪਾਲਾਂ ਨੂੰ ਉਨ੍ਹਾਂ ਦੇ ਪਾਸ ਬਿਠਾਇਆ, "ਜਦ ਮੌਕਾ ਮਿਲੇਗਾ ਤਾਂ ਪਾਸ ਬੁਲਾਵਾਂਗੇ।" ਅਨਾਦਰ ਕਰਨ ਵਾਸਤੇ ਦਰਵਾਜ਼ੇ 'ਤੇ ਰੋਕ ਲਏ, ਜਿਨ੍ਹਾਂ ਦੇ ਹਿਰਦਿਆਂ ਵਿਚ ਛਲ ਅਤੇ ਹੰਕਾਰ ਦਾ ਨਿਵਾਸ ਸੀ। ਬੈਠੇ ਇੰਤਜ਼ਾਰ ਕਰ ਰਹੇ ਸਨ ਤੇ ਗੁਰੂ ਜੀ ਦੇ ਦਰਵਾਜ਼ੇ ਤੇ ਪ੍ਰਕਾਸ਼ ਰਹੇ ਪ੍ਰਤਾਪ ਨੂੰ ਵੇਖ ਰਹੇ ਸਨ। ਸਾਰੀ ਸੰਗਤ ਬੰਦਨਾ ਕਰਦੀ ਸੀ, ਉਸ ਤਰ੍ਹਾਂ ਨਗਰ ਵਾਸੀ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੧॥

ਸ੍ਰੀ ਅਨੰਦ ਪੁਰਿ ਕੇ ਨਰ ਬਾਸੀ ਸਗਰੇ ਠਾਨਹਿਂ ਦ੍ਵਾਰ ਪ੍ਰਣਾਮ।
ਬਹੁਰ ਜਾਇ ਨਿਜ ਕਾਰਜ ਲਾਗਹਿਂ ਅਨਿਕ ਪ੍ਰਕਾਰਨਿ ਕੇ ਸਭਿ ਧਾਮ।
ਹੋਤਿ ਬੰਦਨਾ ਭੀਰ ਅਧਿਕ ਨਰ ਆਵਹਿਂ ਜਾਹਿਂ ਜਪਹਿਂ ਸਤਿਨਾਮ।
ਹੇਰਿ ਹੇਰਿ ਹੈਰਾਨੀ ਹੋਵਹਿਂ ਪੂਰਨ ਗੁਰ ਸਭਿ ਅੰਤਰ ਜਾਮਿ॥ ੧੨॥

ਅਨੰਦਪੁਰ ਦੇ ਵਾਸੀ ਸਾਰੇ ਮਨੁੱਖ ਦਰਵਾਜ਼ੇ ਉੱਤੇ ਮੱਥਾ ਟੇਕਦੇ ਸਨ। ਫਿਰ ਜਾ ਕੇ ਆਪਣੇ ਅਨੇਕ ਪ੍ਰਕਾਰ ਦੇ ਕੰਮਾਂ ਧੰਦਿਆਂ ਵਿਚ ਲੱਗਦੇ ਸਨ। ਬਹੁਤ ਭੀੜ ਹੁੰਦੀ ਸੀ, ਬਹੁਤ ਮਨੁੱਖ ਆਉਂਦੇ ਜਾਂਦੇ ਪ੍ਰਭੂ ਦੇ ਸੱਚੇ ਨਾਮ ਦਾ ਜਾਪ ਕਰਦੇ ਸਨ। ਪਹਾੜੀਆਂ ਨੂੰ ਵੇਖ ਵੇਖ ਕੇ ਹੈਰਾਨੀ ਹੁੰਦੀ ਸੀ, ਪੂਰਨ ਗੁਰੂ ਜੀ ਹਰ ਪ੍ਰਕਾਰ ਅੰਤਰਜਾਮੀ ਹਨ॥ ੧੨॥

ਤਊ ਮਹਾਂ ਦ੍ਰਿੜ੍ਹ ਕਪਟ ਨ ਛੋਡਾ ਭੀਮਚੰਦ ਜਿਮ ਪਠੇ ਸਿਖਾਇ।
ਕਿਤਿਕ ਘਟੀ ਬੀਤੇ ਬੁਲਵਾਏ ਅੰਤਰਿ ਪ੍ਰਵਿਸ਼ੇ ਦੇਖੇ ਜਾਇ।
ਰਚਨਾ ਅਨਿਕ ਪ੍ਰਕਾਰਨਿ ਕੀਜਹਿਂ ਸ਼ਸਤ੍ਰਪਾਣ ਜਿਤ ਕਿਤ ਦਰਸਾਇਂ।
ਸਨੇ ਸਨੇ ਪਹੁਚੇ ਤਿਸ ਮੰਦਿਰ ਬੈਠੇ ਕਲਗ਼ੀਧਰ ਹਰਖਾਇ॥ ੧੩॥

ਫਿਰ ਵੀ ਮਹਾਂ ਦ੍ਰਿੜ੍ਹ ਰਹੇ ਤੇ ਕਪਟ ਨਾ ਛੱਡਿਆ, ਜਿਵੇਂ ਭੀਮ ਚੰਦ ਨੇ ਸਿੱਖਿਆ ਦੇ ਕੇ ਭੇਜੇ ਸਨ। ਕਈ ਘੜੀਆਂ ਬੀਤਣ ਤੋਂ ਬਾਅਦ ਬੁਲਾਏ ਤੇ ਅੰਦਰ ਦਾਖਲ ਹੋ ਕੇ ਵੇਖਿਆ। ਅਨੇਕ ਪ੍ਰਕਾਰ ਦੀ ਰਚਨਾ ਹੋਦੀ ਸੀ, ਜਿੱਥੇ ਕਿੱਥੇ ਸ਼ਸਤਰਧਾਰੀ ਦਿਖਾਈ ਦੇ ਰਹੇ ਸਨ। ਹੌਲੀ-ਹੌਲੀ ਉਸ ਮੰਦਰ ਵਿਚ ਪਹੁੰਚੇ, ਜਿੱਥੇ ਕਲਗ਼ੀਧਰ ਪ੍ਰਸੰਨ ਹੋ ਕੇ ਬੈਠੇ ਸਨ॥ ੧੩॥

ਨੰਮ੍ਰਿ ਭਏ ਦਰਸ਼ਨ ਕੋ ਹੇਰਿਤ ਹਾਥ ਬੰਦਿ ਕਰਿ ਬੰਦਨ ਕੀਨਿ।
ਪੁਨ ਰਾਜੇ ਕੀ ਨਮੋ ਕਰੀ ਪਗ, ਲੇ ਆਇਸੁ ਬੈਠੇ ਮੁਦ ਭੀਨ।
ਸ੍ਰੀ ਗੋਵਿੰਦ ਸਿੰਘ ਬੂਝਨਿ ਕੀਨੇ 'ਭੀਮਚੰਦ ਹੈ ਆਨੰਦ ਪੀਨ?'।
ਸੁਨ ਤਿਨ ਕੁਸ਼ਲ ਭਨੀ ਕਰ ਜੋਰਤਿ 'ਕ੍ਰਿਪਾ ਆਪ ਕੀ ਤੇ ਸੁਖ ਲੀਨਿ॥੧੪॥

ਗੁਰੂ ਜੀ ਦੇ ਦਰਸਨ ਕਰਕੇ ਸਨਿਮਰ ਹੋ ਗਏ ਤੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਚਰਨਾਂ ਉੱਤੇ ਰਾਜੇ ਦੀ ਨਮੋ ਕੀਤੀ ਤੇ ਆਗਿਆ ਲੈ ਕੇ ਪ੍ਰਸੰਨ ਹੋ ਕੇ ਬੈਠ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੁਛਿਆ, "ਕੀ ਰਾਜਾ ਭੀਮ ਚੰਦ ਅਨੰਦ ਪ੍ਰਸੰਨ ਹੈ?" ਇਹ ਸੁਣ ਕੇ ਉਨ੍ਹਾਂ ਨੇ ਹੱਥ ਜੋੜ ਕੇ ਕੁਸ਼ਲ ਪ੍ਰਸੰਨ ਕਿਹਾ, "ਆਪ ਜੀ ਦੀ ਕਿਰਪਾ ਨਾਲ ਸੁਖ ਪਾ ਰਹੇ ਹਨ॥ ੧੪॥

ਬਿਨਤੀ ਭਨੀ ਆਨ ਤਜਿ ਗਿਨਤੀ ਭਯੋ ਬਜਾਹ ਕੋ ਕਾਜ ਬਿਸਾਲ।
ਤਿਸ ਉੱਦਮ ਮਹਿਂ ਰਹਤਿ ਰੈਨ ਦਿਨ ਸੰਚਤਿ ਜਿਤਿ ਕਿਤਿ ਤੇ ਵਥ ਜਾਲ।

ਰਜਪੂਤਨ ਕੀ ਚਾਲ ਅਨੂਠੀ ਫਤੇਸ਼ਾਹਿ ਦੀਰਘ ਮਹਿਪਾਲ।
ਕਹਿ ਭੇਜਜੋ ਤਿਹ ਅਧਿਕ ਬਡਾਈ ਆਨਿ ਅਜਾਇਬ ਵਸਤੁ ਨਿਹਾਲ॥੧੫॥

ਉਨ੍ਹਾਂ ਨੇ ਇਹ ਬੇਨਤੀ ਕੀਤੀ ਹੈ, ਸਾਰੀਆਂ ਗਿਣਤੀਆਂ ਛੱਡ ਵਿਆਹ ਦਾ ਵਿਸ਼ਾਲ ਕਾਰਜ ਆ ਪਿਆ ਹੈ। ਉਸੇ ਉੱਦਮ ਵਿਚ ਰਾਤ ਦਿਨ ਰਹਿੰਦੇ ਹਨ ਤੇ ਜਿੱਥੋਂ ਕਿਥੋਂ ਵਸਤਾਂ ਇਕੱਠੀਆਂ ਕਰਦੇ ਹਨ। ਰਾਜਪੂਤਾਂ ਦੀ ਚਾਲ ਹੀ ਅਨੂਠੀ ਹੈ, ਫਤਹਿ ਸ਼ਾਹ ਇਕ ਵੱਡਾ ਰਾਜਾ ਹੈ। ਉਸ ਨੇ ਕਹਿ ਕੇ ਭੇਜਿਆ ਹੈ। ਅਦਭੁਤ ਵਸਤਾਂ ਦਿਖਾਵੇ ਵਾਸਤੇ ਲਿਆ ਕੇ ਲੋਕਾਂ ਨੂੰ ਨਿਹਾਲ ਕਰਕੇ ਵਡਿਆਈ ਪਾਵੈ॥ ੧੫॥

ਖੋਜਤਿ ਜਿਤਿ ਕਿਤ ਤੇ ਗਨ ਆਨੀ ਤਊ ਨ ਹਰਖ ਨ੍ਰਿਪਤਿ ਕੇ ਆਇ।
ਸਭਿ ਗਿਰ ਧਾਰਨਿ ਕੇ ਮਹਿਪਾਲਕ ਮਿਲਹਿਂ ਸਮਾਜ ਜਹਾਂ ਅਧਿਕਾਇ।
ਨਹਿਂ ਪ੍ਰਾਪਤਿ ਕਿਤ ਵਸਤੂ ਅਨੂਠੀ ਜਿਸਹਿ ਬਿਲੋਕਹਿਂ ਰਹਿਂ ਬਿਸਮਾਇ।
ਚਿਤ ਚਿੰਤਾਤੁਰ ਤਾਂਤੇ ਅਤਿਸ਼ੈ ਧਨ ਖ਼ਰਚੇ ਭੀ ਪਾਇ ਨ ਕਾਇ॥ ੧੬॥

ਲੱਭ ਲੱਭ ਕੇ ਜਿੱਥੋਂ ਕਿੱਥੋਂ ਵਸਤਾਂ ਲਿਆਂਦੀਆਂ ਹਨ ਫਿਰ ਵੀ ਰਾਜਾ ਪ੍ਰਸੰਨ ਨਹੀਂ ਹੋਇਆ ਹੈ। ਉਥੇ ਸਾਰੇ ਪਹਾੜੀ ਰਾਜੇ ਮਿਲ ਕੇ ਇਕੱਠੇ ਹੋਣਗੇ ਤੇ ਲੋਕਾਂ ਦੀ ਵੱਡੀ ਭੀੜ ਹੋ ਜਾਵੇਗੀ। ਕਿਸੇ ਸਥਾਨ ਤੋਂ ਅਨੂਠੀਆਂ ਵਸਤਾਂ ਨਹੀਂ ਮਿਲੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਲੋਕ ਹੈਰਾਨ ਹੋਣ। ਇਸ ਕਰਕੇ ਉਨ੍ਹਾਂ ਦੇ ਚਿੱਤ ਵਿਚ ਬਹੁਤ ਚਿੰਤਾ ਹੈ, ਜਿਹੜੀਆਂ ਵਸਤਾਂ ਧਨ ਦੇ ਕੇ ਵੀ ਪ੍ਰਾਪਤ ਨਹੀਂ ਹੁੰਦੀਆਂ ਹਨ॥ ੧੬॥

ਹੁਇ ਲਾਚਾਰ ਬਿਚਾਰਤਿ ਮਿਲਿ ਮਿਲਿ ਨਰ ਪਰਧਾਨ ਬੀਚ ਸਮੁਦਾਇ।
ਖੋਜਿ ਰਹੇ ਕੁਛ ਦੁਲਭੁ ਨ ਪ੍ਰਾਪਤਿ ਤਬਿ ਰਾਵਰਿ ਕੀ ਸ਼ਰਨ ਤਕਾਇ।
ਹਮ ਦੌਨਹੁਂ ਕੋ ਭੇਜਨ ਕੀਨਸਿ ਤੁਮਰੀ ਖਿਜ਼ਮਤਿ ਮੈਂ ਚਲਿ ਆਇ।
ਭਨਜੋ ਦੀਨ ਬਨਿ ਦੂਲਹੁ ਸੁਤ ਮਮ ਸੋ ਸਤਿਗੁਰ ਕੋ ਹੀ ਮਨ ਭਾਇ॥੧੭॥

ਲਾਚਾਰ ਹੋ ਕੇ ਪਰਧਾਨ ਮਨੁੱਖ ਇਕੱਠੇ ਹੋ ਕੇ ਮਿਲ ਮਿਲ ਕੇ ਵਿਚਾਰ ਕਰਦੇ ਹਨ। ਬਹੁਤ ਖੋਜ ਰਹੇ ਹਨ, ਪਰ ਕੁਝ ਵੀ ਦੁਰਲਭ ਨਹੀਂ ਪ੍ਰਾਪਤ ਹੋਇਆ ਹੈ, ਫਿਰ ਆਪ ਜੀ ਦੀ ਸ਼ਰਨ ਤੱਕੀ ਹੈ। ਸਾਨੂੰ ਦੋਵਾਂ ਨੂੰ ਭੇਜਿਆ ਹੈ, ਅਸੀਂ ਤੁਹਾਡੀ ਖਿਦਮਤ ਵਿਚ ਚਲ ਕੇ ਆਏ ਹਾਂ। ਬਹੁਤ ਦੀਨ ਬਣ ਕੇ ਰਾਜੇ ਨੇ ਕਿਹਾ ਹੈ, "ਦੂਲਾ ਜਿਵੇਂ ਮੇਰਾ ਪੁੱਤਰ ਹੈ, ਉਸ ਤਰ੍ਹਾਂ ਸਤਿਗੁਰਾਂ ਦੇ ਵੀ ਮਨ ਨੂੰ ਪਿਆਰਾ ਹੈ॥ ੧੭॥

ਜਸੁ ਅਪਜਸੁ ਕੇ ਹਾਨ ਲਾਭ ਮਹਿਂ ਹਮਰੀ ਲਾਜ ਗੁਰਨਿ ਕੋ ਹੋਇ।
ਬਡੋ ਅਲੰਬ ਤਕਜੋ ਤਬਿ ਭੇਜੇ ਚਲਿ ਤਤਕਾਲ ਅਏ ਹਮ ਦੋਇ।
ਸ਼ਸਤ੍ਰ ਪੰਚਕਲ, ਦੁਰਦ ਪ੍ਰਸਾਦੀ ਅਰੁ ਹਜ਼ੂਰ ਕੋ ਡੇਰੋ ਜੋਇ।
ਚਤਰਥ ਚੌਕੀ ਚਾਰੁ ਰਚੀ ਕਿਨ ਲੇ ਬਰਾਤਿ ਮਹਿਂ ਗਮਨਹਿਂ ਸੋਇ॥ ੧੮॥

ਜੱਸ ਅਪਜੱਸ, ਅਤੇ ਹਾਨ ਲਾਭ ਵਿਚ ਸਾਡੀ ਲਾਜ ਗੁਰੂ ਜੀ ਦੀ ਲਾਜ ਹੈ। ਵੱਡਾ ਆਸਰਾ ਤੱਕਿਆ ਹੈ ਤਦ ਭੇਜਿਆ ਹੈ, ਅਸੀਂ ਤੁਰਤ ਚਲ ਕੇ ਆ ਗਏ ਹਾਂ। ਪੰਜਕਲਾ ਸ਼ਸਤਰ, ਪ੍ਰਸਾਦੀ ਹਾਥੀ ਤੇ ਹਜ਼ੂਰ ਦਾ ਜੋ ਤੰਬੂ ਹੈ ਤੇ ਚੌਥੀ ਸੁੰਦਰ ਚੌਕੀ ਬਣੀ ਹੈ, ਇਨ੍ਹਾਂ ਨੂੰ ਲੈ ਕੇ ਬਰਾਤ ਵਿਚ ਜਾਵਾਂਗੇ॥ ੧੮॥

ਸਕਲ ਮਹੀਪਾਲਨ ਦਿਖਰਾਵਹਿਂ ਦੇਖਤਿ ਜਿਸ ਕੇ ਰਹਿਂ ਬਿਸਮਾਇ।
ਕਰਹੁ ਗੁਰੂ ਢਿਗ ਬਿਨਤੀ ਆਨਹੁ ਭਏ ਬਜਾਹ ਤੇ ਤੁਰਤ ਪੁਚਾਇਂ।

ਦੇਰ ਨ ਕਰਹਿਂ, ਪਠਨਿ ਮਹਿਂ ਪੁਨ ਹਮ, ਨੀਕੀ ਰੀਤਿ ਸੰਭਾਰਹਿਂ ਲਜਾਇ।
ਕਹਜੋ ਕੇਸਰੀਚੰਦ ਬੰਦਿ ਕਰ 'ਭੀਮਚੰਦ ਇਮ ਭਨੀ ਬਨਾਇ'॥ ੧੯॥

ਸਾਰੇ ਰਾਜਿਆਂ ਨੂੰ ਵਿਖਾਵਾਂਗੇ, ਜਿਨ੍ਹਾਂ ਨੂੰ ਵੇਖ ਕੇ ਉਹ ਹੈਰਾਨ ਰਹਿ ਜਾਣਗੇ। ਗੁਰੂ ਜੀ ਪਾਸ ਬੇਨਤੀ ਕਰਕੇ ਲਿਆਵੋ, ਜਿਹੜੀਆਂ ਵਿਆਹ ਹੋਣ ਤੋਂ ਬਾਅਦ ਅਸੀਂ ਤੁਰਤ ਆਪ ਪਾਸ ਪਹੁੰਚਾ ਦੇਵਾਂਗੇ। ਦੇਰ ਨਹੀਂ ਲਾਵਾਂਗੇ, ਵਾਪਸ ਭੇਜਣ ਵਿਚ ਅਸੀਂ ਚੰਗੀ ਰੀਤੀ ਨਾਲ ਸੰਭਾਲ ਕੇ ਲਿਆਵਾਂਗੇ।" ਫਿਰ ਕੇਸਰੀ ਚੰਦ ਨੇ ਹੱਥ ਜੋੜ ਕੇ ਕਿਹਾ, "ਭੀਮ ਚੰਦ ਨੇ ਇਸ ਤਰ੍ਹਾਂ ਬਣਾ ਕੇ ਕਿਹਾ ਹੈ"॥ ੧੯॥

ਇਮ ਕਹਿ ਤੂਸ਼ਨਿ ਭਯੋ ਕਿਤਿਕ ਚਿਰ ਸੁਨਿ ਸਤਿਗੁਰ ਭੀ ਕਹਜੋ ਨ ਬੈਨ।
ਪੰਮੇ ਪਾਛਲਿ ਬਾਤ ਬਿਚਾਰੀ ਕਰਨਿ ਸਮੋ ਲਖਿ ਕੈ ਹਿਤ ਹੈ ਨ।
'ਰਾਜੇ ਅਪਰ ਬਖਾਨੀ ਸੁਨੀਅਹਿ' ਕਹਤਿ ਭਯੋ ਸਨਮੁਖ ਕਰਿ ਨੈਨ।
'ਚਾਰ ਹਜ਼ਾਰ ਰਜਤਪਣ ਇਨ ਸੰਗ, ਭੇਜਹਿਂਗੇ ਪੂਜਾ ਗੁਰ ਐਨ॥ ੨੦॥

ਇਸ ਤਰ੍ਹਾਂ ਕਹਿ ਕੇ ਕਾਫੀ ਚਿਰ ਚੁੱਪ ਰਿਹਾ, ਸਤਿਗੁਰੂ ਜੀ ਨੇ ਵੀ ਸੁਣ ਕੇ ਕੁਝ ਨਾ ਕਿਹਾ। ਪੰਮਾ ਬਾਅਦ ਵਿਚ ਸਤਿਗੁਰੂ ਜੀ ਦੀ ਚੁੱਪ ਤੋਂ ਇਹ ਸਮਝਿਆ ਕਿ ਗੁਰੂ ਜੀ ਦਾ ਚੀਜ਼ਾਂ ਦੇਣ ਵਿਚ ਹਿੱਤ ਨਹੀਂ ਹੈ, ਇਸ ਲਈ ਰਾਜੇ ਦੀ ਕਹੀ ਹੋਈ ਲਾਲਚ ਦੇਣ ਵਾਲੀ ਗੱਲ ਵਿਚਾਰੀ ਤੇ ਉਸ ਸਮੇਂ ਕਹਿਣ ਦਾ ਮੌਕਾ ਸਮਝ ਕੇ ਬੋਲਿਆ, "ਰਾਜੇ ਨੇ ਹੋਰ ਵੀ ਕਿਹਾ ਹੈ ਉਹ ਵੀ ਸੁਣੋ ਤੇ ਗੁਰੂ ਜੀ ਦੇ ਸਾਹਮਣੇ ਵੇਖ ਕੇ ਬੋਲਿਆ, "ਇਨ੍ਹਾਂ ਵਸਤਾਂ ਦੇ ਨਾਲ ਚਾਰ ਹਜ਼ਾਰ ਰੁਪਏ ਵੀ ਗੁਰੂ ਜੀ ਦੀ ਪੂਜਾ ਵਜੋਂ ਆਪ ਜੀ ਨੂੰ ਭੇਜਾਂਗੇ॥ ੨੦॥

ਸਦਾ ਅਸਾਨਵੰਦ ਹਮ ਰਹਿ ਹੈਂ ਲਹਿ ਹੈਂ ਗੁਰ ਕੋ ਇਹ ਉਪਕਾਰ।
ਕਹੇ ਰਜਤਪਣ ਸਕਲ ਪਠਾਵਹਿਂ ਲਖਹੁ ਸਾਚ ਨਹਿਂ ਕੂਰ ਉਚਾਰਿ।
ਵਸਤੁ ਚਤੁਰ ਦੇਂ ਜਥਾ ਤਥਾ ਲੇਂ ਪਰਹਿ ਸਾਂਝ ਹਮ ਸਦਨ ਮਝਾਰ।
ਲੈਨਿ ਦੇਨਿ ਮਹਿਂ ਅਟਕ ਨ ਕੋਈ ਦਿਨ ਪ੍ਰਤਿ ਵਧਹਿ ਪ੍ਰੇਮ ਬਿਵਹਾਰ' ॥੨੧॥

ਸਦਾ ਹੀ ਅਸੀਂ ਗੁਰੂ ਜੀ ਦੇ ਅਹਿਸਾਨਮੰਦ ਰਹਾਂਗੇ, ਤੇ ਗੁਰੂ ਜੀ ਦਾ ਇਹ ਵੱਡਾ ਉਪਕਾਰ ਸਮਝਾਂਗੇ। ਕਹੇ ਹੋਏ ਰੁਪਏ ਸਾਰੇ ਭੇਜਾਂਗੇ ਸੱਚ ਸਮਝੋ, ਅਸੀਂ ਝੂਠ ਨਹੀਂ ਬੋਲ ਰਹੇ ਹਾਂ। ਆਪਣੀਆਂ ਚਾਰੇ ਵਸਤਾਂ ਜਿਉਂ ਦੀਆਂ ਤਿਉਂ ਲਵੋ, ਸਾਡੇ ਘਰ ਨਾਲ ਆਪ ਜੀ ਦੀ ਸਾਂਝ ਪੈ ਜਾਵੇਗੀ। ਲੈਣ ਦੇਣ ਵਿਚ ਕੋਈ ਅਟਕਾ ਨਹੀਂ ਹੋਵੇਗਾ ਤੇ ਪ੍ਰਤੀ ਦਿਨ ਪ੍ਰੇਮ ਵਿਵਹਾਰ ਵਧੇਗਾ"॥ ੨੧॥

ਦੋਹਰਾ- ਪੰਮੇ ਕੋ ਕਹਿਬੋ ਸੁਨਜੋ ਕਲਗੀਧਰ ਜੁਗ ਸ਼੍ਰੌਨ।
ਰਿਦੇ ਕ੍ਰੋਧ ਉਪਜਜੋ ਅਧਿਕ ਰੰਗ ਦ੍ਰਿਗਨਿ ਜਿਮ ਸ਼੍ਰੌਨ॥ ੨੨॥

ਜਦ ਪੰਮੇ ਨੂੰ ਇਸ ਤਰ੍ਹਾਂ ਕਹਿੰਦੇ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਦੇ ਦਿਲ ਵਿਚ ਬਹੁਤ ਕ੍ਰੋਧ ਪ੍ਰਗਟ ਹੋਇਆ ਤੇ ਅੱਖਾਂ ਗੁੱਸੇ ਵਿਚ ਲਹੂ ਵਾਂਗ ਲਾਲ ਹੋ ਗਈਆਂ॥ ੨੨॥

*ਪਹਿਲੀ ਰੁੱਤ ਦਾ ਉਣਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੩੯॥*

# ਅਧਿਆਇ ਚਾਲ੍ਹੀਵਾਂ

## ਕੇਸਰੀ ਚੰਦ ਤੇ ਧੰਮੇ ਦਾ ਨਿਰਾਦਰ

ਦੋਹਰਾ- ਵਸਤੁਨਿ ਕੋ ਭਾਰਾ ਹਮਹਿੰ ਦੇਨਿ ਕਹਜੋ ਮਤਿਮੰਦ।
ਬਿਵਹਾਰੀ ਜਿਮ ਬਨਿਕ ਹੈ ਜਾਨਹਿੰ ਤਿਨਹੁੰ ਮਨਿੰਦ॥ ੧॥

ਗੁਰੂ ਜੀ ਨੇ ਮਨ ਵਿਚ ਸੋਚਿਆ, "ਮਾੜੀ ਮੱਤ ਵਾਲਾ ਸਾਨੂੰ ਵਸਤਾਂ ਦਾ ਭਾੜਾ ਦੇਣ ਬਾਰੇ ਕਹਿੰਦਾ ਹੈ, ਸਾਨੂੰ ਬਾਣੀਆਂ ਵਾਂਗ ਵਪਾਰੀ ਜਾਣਦਾ ਹੈ"॥ ੧॥

*ਸੈਯਾ ਛੰਦ*-ਫਰਕੇ ਅਧਰ ਦ੍ਰਿਗਨਿ ਤੇ ਤਰਜੇ 'ਕਹਾਂ ਕਹਜੋ ਇਹ, ਰੇ ਮਤਿ ਮੰਦ ! ।
ਚਤਰ ਹਜ਼ਾਰ ਦੇਹਿ ਇਹ ਕੈਸੋ, ਤੁਮ ਕਜਾ ਹਮਕੋ ਲਖਜੋ ਬਿਲੰਦ।
ਸਿੱਖ ਨਹੀਂ ? ਪਾਹੁਲ ਨਹਿੰ ਲੀਨਿਸਿ, ਨਹੀਂ ਭਾਵਨਾ ਗੁਰੂ ਮੁਕੰਦ।
ਰਈਯਤ ਨਹੀਂ ਬਨੇ ਤੁਮ ਅਖਿਲੋ ਜਖਿਲੋ ਪੰਥ ਮਚਾਇ ਨ ਦੁੰਦ॥੨॥

ਗੁਰੂ ਜੀ ਦੇ ਬੁਲ੍ਹ ਫਰਕੇ ਤੇ ਨੈਣਾਂ ਨਾਲ ਤਾੜਨਾ ਕਰਦੇ ਹੋਏ ਬੋਲੇ, "ਹੇ ਮਾੜੀ ਮੱਤ ਵਾਲੇ ਮੂਰਖ ! ਇਹ ਕੀ ਕਿਹਾ ਹੈ, ਇਹ ਚਾਰ ਹਜ਼ਾਰ ਕੈਸਾ ਦੇਵੇਂਗਾ ਤੂੰ ਸਾਨੂੰ ਕਿਹੜੇ ਪੱਖੋਂ ਆਪਣਾ ਵੱਡਾ ਇਸ਼ਟ ਮੰਨਿਆ ਹੈ। ਤੂੰ ਸਾਡਾ ਸਿੱਖ ਨਹੀਂ ? ਪਾਹੁਲ ਨਹੀਂ ਲਈ ਹੈ ਅਤੇ ਨਾ ਹੀ ਤੁਹਾਡੇ ਦਿਲ ਵਿਚ ਮੁਕਤੀ ਦਾਤੇ ਗੁਰੂ ਜੀ ਵਾਸਤੇ ਕੋਈ ਪ੍ਰੇਮ ਭਾਵਨਾ ਹੈ। ਤੂੰ ਹੁਣ ਤਕ ਸਾਡੀ ਪਰਜਾ ਵੀ ਨਹੀਂ ਬਣਿਆ ਹੈਂ। ਸਾਡੇ ਪੰਥ ਵਿਚ ਝਗੜਾ ਖੜਾ ਕਰਦਾ ਹੈਂ ?॥ ੨॥

ਜੋਰ ਨ ਪਰਜੋ ਗਿਰਨ ਪਰ ਹਮਰੋ ਜਿਸਤੇ ਦੰਡ ਦੇਹੁ ਧਨ ਆਨਿ।
ਆਸ਼ੇ ਕੌਨ ਦੇਨਿ ਕੋ ਜਾਨਜੋਂ ਜਿਸ ਤੇ ਲੇਹੁਂ, ਸੁ ਕਰਹੁ ਬਖਾਨ।
ਲਖਿ ਪ੍ਰਭੁ ਕੋ ਰੁਖ ਰਿਸ ਬਹੁ ਧਾਰੀ ਹਹਿਰਤਿ ਉਰ ਮੈਂ ਡਰ ਕੋ ਮਾਨਿ।
ਕਹਜੋ ਕੇਸਰੀ ਚੰਦ ਬਦਨ ਪੁਨ 'ਆਪ ਕੋਪ ਉਪਜਾਵਨਿ ਠਾਨਿ॥੩॥

ਸਾਡੀ ਪਹਾੜੀਆਂ ਉੱਤੇ ਕੋਈ ਹਕੂਮਤ ਨਹੀਂ ਹੈ ਜਿਸ ਕਰਕੇ ਸਾਨੂੰ ਆ ਕੇ ਦੰਡ ਦੇਵੋਗੇ। ਤੂੰ ਸਾਨੂੰ ਧਨ ਦੇਣ ਦੇ ਕਿਹੜੇ ਆਸ਼ੇ ਜਾਣੇ ਹਨ, ਜਿਸ ਕਰਕੇ ਧਨ ਲਦੀਏ ਇਸ ਬਾਰੇ ਸਾਨੂੰ ਵੇਰਵੇ ਸਹਿਤ ਦਸੋ। ਇਸ ਗੱਲ ਤੋਂ ਤੁਸੀਂ ਸਿੱਧ ਕਰ ਦਿੱਤਾ ਹੈ ਕਿ ਜਿਹੜਾ ਤੁਸੀਂ ਭੇਟਾ ਦੇਣੀ ਚਾਹੁੰਦੇ ਹੋ, ਉਹ ਬਾਣੀਆਂ ਸਮਝ ਕੇ ਭਾੜਾ ਦਿੰਦੇ ਹੋ।" ਗੁਰੂ ਜੀ ਦਾ ਰੁਖ਼ ਵੇਖ ਕੇ ਕਿ ਉਨ੍ਹਾਂ ਦਿਲ ਵਿਚ ਬਹੁਤ ਗੁੱਸਾ ਧਾਰਨ ਕੀਤਾ ਹੈ ਤਾਂ ਫਿਰ ਕੇਸਰੀ ਚੰਦ ਨੇ ਆਪਣੇ ਮੂੰਹ ਨਾਲ ਕਿਹਾ, "ਤੁਸੀਂ ਤਾਂ ਇਸ ਗੱਲ ਦਾ ਗੁੱਸਾ ਕੀਤਾ ਹੈ"॥ ੩॥

ਭੀਮਚੰਦ ਨ੍ਰਿਪ ਜਥਾ ਬਖਾਨੀ ਤਿਮ ਹੀ ਮਾਨੀ ਕੀਨਿ ਬਖਾਨਿ।
ਦੇਨਿਹਾਰ ਸੋ, ਲੇਨਿਹਾਰ ਤੁਮ, ਹਮ ਕਜਾ ਜਾਨਹਿੰ ਏ ਕਜਾ ਜਾਨਿ !।
ਤਊ ਉਚਿਤ ਹੈ ਦੇਨਿ ਤੁਮਹੁੰ ਕੋ ਜਜੋਂ ਕਜੋਂ ਦੇਹੁ, ਸੁ ਲੇਹੁ ਮਹਾਨ।
ਦੇਸ਼ ਰਾਜ ਕੁਛ ਤੁਮਰੇ ਨਾਂਹਿਨ ਅਰਪਹਿੰ ਲੋਕ ਕਰਹੁ ਗੁਜ਼ਰਾਨ'॥੪॥

ਰਾਜੇ ਭੀਮ ਚੰਦ ਨੇ ਜਿਵੇਂ ਕਿਹਾ ਹੈ, ਉਸ ਤਰ੍ਹਾਂ ਹੀ ਮੰਨ ਕੇ ਅਸੀਂ ਕਹੀ ਹੈ। ਦੇਣਹਾਰ ਉਹ ਹੈ, ਲੈਣਹਾਰ ਤੁਸੀਂ ਹੋ, ਅਸੀਂ ਕੀ ਜਾਣਦੇ ਹਾਂ ਤੇ ਇਹ ਪੰਮਾਂ ਕੀ ਜਾਣਦਾ ਹੈ। ਫਿਰ ਵੀ ਤੁਹਾਨੂੰ ਦੇਣਾ ਉਚਿਤ ਹੈ, ਜਿਵੇਂ ਕਿਵੇਂ ਦਿੰਦੇ ਹਨ, ਉਸ ਨੂੰ ਲੈ ਲਵੋ। ਤੁਹਾਡੇ ਪਾਸ ਕਿਸੇ ਦੇਸ਼ ਦਾ ਰਾਜ ਨਹੀਂ ਹੈ, ਜੋ ਕੁਝ ਲੋਕ ਅਰਪਣ ਕਰਦੇ ਹਨ, ਉਸ ਉੱਤੇ ਗੁਜ਼ਾਰਾ ਕਰਦੇ ਹੋ॥ ੪॥

*ਨੋਟ :- ਇਹ ਜੋ ਵੱਧ ਘੱਟ ਬੋਲ ਹੋਏ ਹਨ ਉਹ ਤਵਾਰੀਖ ਗੁਰੂ ਖਾਲਸਾ ਵਿਚ ਮਾਮਾ ਕ੍ਰਿਪਾਲ ਜੀ ਅਤੇ ਕੇਸਰੀ ਚੰਦ ਵਿਚਕਾਰ ਹੋਏ ਲਿਖੇ ਹਨ ਤੇ ਭਾ: ਸੁੱਖਾ ਸਿੰਘ ਦੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਇਸ ਪ੍ਰਸੰਗ ਦਾ ਮੂਲੋਂ ਜ਼ਿਕਰ ਨਹੀਂ ਹੈ। ਪੰਮਾ ਅਤੇ ਕੇਸਰੀ ਚੰਦ ਗੁਰੂ ਜੀ ਦੇ ਦਰਬਾਰ ਵਿਚ ਆਏ ਹੀ ਨਹੀਂ ਹਨ। ਪੁਰਾਤਨ ਗੁਰਬਿਲਾਸ ਵਿਚ ਇਸ ਦਾ ਵਰਣਨ ਨਹੀਂ ਹੈ। ਕਵੀ ਜੀ ਨੇ ਕਿਸੇ ਰਵਾਇਤ ਤੋਂ ਲਿਆ ਜਾਪਦਾ ਹੈ।*

ਆਗੈ ਹੁਤੀ ਕੁਛਕ ਰਿਸ ਅਗਨੀ ਮਨਹੁ ਅਹੂਤੀ ਬਾਕ ਸੁਨਾਇ।
ਬੋਲੇ 'ਦਿਹੁ ਉਠਾਇ ਨਿਕਸਾਵਹੁ ਲਾਤਨਿ ਮੁਸ਼ਟ ਪ੍ਰਹਾਰ ਲਗਾਇ।
ਉਰ ਹੰਕਾਰ ਨਿਵਾਰਹੁ ਇਨ ਕਾ ਕਹੈਂ ਅਜੋਗ ਤਥਾ ਫਲ ਪਾਇਂ।
ਗੀਦੀ ਬੁੱਧਿ ਪਹਾਰੀ ਕਾਚੇ ਸਮੁਝਾਵਹੁ ਨਿਜ ਬਲ ਦਿਖਰਾਇ'॥ ੫॥

ਪਹਿਲਾਂ ਹੀ ਗੁੱਸੇ ਦੀ ਅੱਗ ਬਲ ਰਹੀ ਸੀ, ਕੇਸਰੀ ਚੰਦ ਦੇ ਬੋਲਾਂ ਨੇ ਮਾਨੋਂ ਉਸ ਅੱਗ ਉੱਤੇ ਘਿਉ ਪਾ ਦਿੱਤਾ। ਗੁਰੂ ਜੀ ਫਿਰ ਕ੍ਰੋਧ ਨਾਲ ਭਰ ਕੇ ਬੋਲੇ, "ਇਨ੍ਹਾਂ ਨੂੰ ਲੱਤਾਂ ਅਤੇ ਮੁਕੀਆਂ ਮਾਰ-ਮਾਰ ਬਾਹਰ ਕੱਢ ਦੇਵੋ, ਇਨ੍ਹਾਂ ਦੇ ਦਿਲ ਦੇ ਹੰਕਾਰ ਨੂੰ ਦੂਰ ਕਰੋ, ਜਿਵੇਂ ਇਨ੍ਹਾਂ ਨੇ ਅਯੋਗ ਕਿਹਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਨ। ਇਹ ਕਾਇਰ ਬੁੱਧੀ ਵਾਲੇ ਪਹਾੜੀਏ ਹਾਲੇ ਕੁੱਟ ਤੋਂ ਕੱਚੇ ਹਨ, ਇਨ੍ਹਾਂ ਨੂੰ ਬਲ ਵਿਖਾ ਕੇ ਸਮਝਾਵੋ"॥ ੫॥

ਸੁਨਿ ਗੁਰ ਹੁਕਮ ਦਿਵਾਨ ਉਠਯੋ ਤਬਿ, ਸੰਗ ਸਹਾਇਕ ਸੰਗੋ ਹੋਇ।
ਐਂਚਿ ਭੁਜਨ ਕੌ ਝਟਕ ਉਠਾਏ ਬਲ ਤੇ ਕਰੇ ਧਕੇਲਨਿ ਸੋਇ।
ਪਗਿਯਾ ਗਿਰਤਿ ਸੰਭਾਰਤਿ ਗਮਨਤਿ ਕਰਹਿਂ ਕ੍ਰੋਧ, ਬਸ ਚਲਹਿ ਨ ਕੋਇ।
ਕਹਤਿ 'ਦੇਸ਼ ਨ੍ਰਿਪ ਕੇ ਤੁਮ ਬਸ ਕਰਿ ਨਹਿਂ ਭੈ ਧਰਹੁ ਲੇਹੁ ਦੁਖ ਜੋਇ॥ ੬॥

ਗੁਰੂ ਜੀ ਦਾ ਹੁਕਮ ਸੁਣ ਕੇ ਫਿਰ ਦਿਵਾਨ ਉੱਠਿਆ ਤੇ ਨਾਲ ਸਹਾਇਕ ਵਜੋਂ ਸੰਗੋ ਹੋ ਗਿਆ। ਉਨ੍ਹਾਂ ਨੇ ਬਾਹਾਂ ਤੋਂ ਖਿੱਚ ਜ਼ੋਰ ਨਾਲ ਝਟਕਾ ਮਾਰ ਕੇ ਉਠਾ ਦਿੱਤੇ ਤੇ ਫਿਰ ਉਨ੍ਹਾਂ ਧੱਕੇ ਮਾਰੇ। ਪੱਗਾਂ ਡਿਗ ਪਈਆਂ। ਜਿਨ੍ਹਾਂ ਨੂੰ ਸੰਭਾਲਦੇ ਚਲੇ ਗਏ, ਗੁੱਸਾ ਕਰਦੇ ਸੀ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਕਹਿੰਦੇ ਸਨ, "ਰਾਜੇ ਦੇ ਦੇਸ਼ ਵਿਚ ਰਹਿ ਕੇ ਤੁਸੀਂ ਭੈਅ ਨਹੀਂ ਧਾਰਨ ਕਰਦੇ ਹੋ, ਉਹ ਦੁਖ ਵੇਖ ਲਵੋਗੇ॥ ੬॥

ਪਹੁੰਚਨਿ ਕੀ ਇਕ ਬਿਲਮ ਹਮਾਰੀ ਆਨਿ ਅਨੰਦਪੁਰਿ ਲੂਟ ਮਚਾਇਂ।
ਤਬਿ ਵਰਜਾਮਰਗੀ ਪਿਖਹਿਂ ਤੁਮਾਰੀ, ਪਕਰਹਿਂ ਕਰਹਿਂ ਕੈਦ ਲੈ ਜਾਇਂ।
ਜਾਚੀ ਵਸਤੂ ਨ ਦਈ ਅਬਹਿ ਕੁਛ, ਬਲ ਤੇ ਛੀਨ ਲੇਹਿਂ ਸਭਿ ਆਇ।
ਅਧਿਕ ਬਿਰੋਧ ਬਧਾਯਹੁ ਤੁਮ ਨੇ, ਹਮਰੀ ਪਤਿ ਖੈ ਕਰਿ ਨਿਕਸਾਇ'॥ ੭॥

ਸਾਡੀ ਇਕ ਪਹੁੰਚਣ ਦੀ ਹੀ ਦੇਰ ਹੈ, ਆ ਕੇ ਅਨੰਦਪੁਰ ਵਿਚ ਲੁੱਟ ਮਚਾ ਦੇਵਾਂਗੇ। ਤਦ ਤੁਹਾਡੀ ਬਹਾਦਰੀ ਨੂੰ ਵੇਖਾਂਗੇ, ਫੜ ਕੇ ਕੈਦ ਕਰ ਕੇ ਲੈ ਜਾਵਾਂਗੇ। ਮੰਗੀਆਂ ਵਸਤਾਂ ਹੁਣ ਨਹੀਂ ਦਿੱਤੀਆਂ ਹਨ, ਸਾਰੀਆਂ ਵਸਤਾਂ ਤਾਕਤ ਨਾਲ ਖੋਹ ਲਵਾਂਗੇ। ਤੁਸੀਂ ਜ਼ਿਆਦਾ ਵਿਰੋਧ ਵਧਾਇਆ ਹੈ, ਸਾਡੀ ਪਤ ਲਾਹ ਕੇ ਕਢਿਆ ਹੈ"॥ ੭॥

ਗਏ ਪੌਰ ਲਗਿ ਤਿਨਹੁਂ ਧਕੇਲਤਿ ਲਾਤਨਿ ਮੁਸ਼ਟ ਪ੍ਰਹਾਰ ਲਗਾਇ।
ਮਾਰ ਖਾਇ ਕਰਿ ਗਰਬਤਿ ਬੋਲਤਿ ਸੁਨਿ ਕਰਿ ਨੰਦਚੰਦ ਹਟਿ ਆਇ।

ਬੂੜੇ ਗੁਰੂ 'ਪ੍ਰਭੂ ਇਹ ਬਿਗਰੇ ਮੁਖ ਤੇ ਅਪਨਿ ਬੀਰਤਾ ਗਾਇਂ।
ਕੰਚਨ ਕੰਕਨ ਕੁੰਡਲ ਮੁਕਤਾ ਸ਼ਸਤ੍ਰ ਸਹਿਤ ਸਭਿ ਲੇਹਿਂ ਛਿਨਾਇ॥ ੮॥

ਉਨ੍ਹਾਂ ਨੂੰ ਦਰਵਾਜ਼ੇ ਤਕ ਧਕਦੇ ਲੈ ਗਏ ਤੇ ਲੱਤਾਂ ਅਤੇ ਮੁਕੀਆਂ ਦਾ ਵਾਰ ਕਰਦੇ ਜਾਂਦੇ ਸਨ। ਮਾਰ ਖਾ ਕੇ ਵੀ ਬੜੇ ਹੰਕਾਰ ਨਾਲ ਬੋਲਦੇ ਸਨ, ਸੁਣ ਕੇ ਨੰਦ ਚੰਦ ਹੱਟ ਕੇ ਆ ਗਿਆ। ਗੁਰੂ ਜੀ ਨੂੰ ਪੁੱਛਿਆ, "ਹੇ ਪ੍ਰਭੂ ਜੀ ! ਇਹ ਵਿਗੜੇ ਮੂੰਹ ਨਾਲ ਆਪਣੀ ਬਹਾਦਰੀ ਬਾਰੇ ਗਾਉਂਦੇ ਹਨ। ਸੋਨੇ ਦੇ ਕੰਗਣ, ਕੁੰਡਲ, ਮੋਤੀ ਸ਼ਸਤਰਾਂ ਸਹਿਤ ਇਨ੍ਹਾਂ ਪਾਸੋਂ ਸਭ ਕੁਝ ਖੋਹ ਲਈਏ॥ ੮॥

ਐਂਠ ਤਜਾਗਿ ਤਬਿ ਹਰੁਵੇ ਹੋਵਹਿਂ ਗੁਰ ਦ੍ਰੋਹੀ ਕਹਿ ਬੰਦਹਿਂ ਹਾਥ।
ਤਬਿ ਤਜਾਗਹਿਂ ਸੰਕਟ ਬਡ ਦੈਕੇ ਮਾਰਗ ਜਾਹਿਂ ਰੁਦਨ ਕੇ ਸਾਥ।
ਆਛੇ ਕਰਹਿਂ ਪੁਕਾਰ ਪਹੁੰਚਿ ਕਰਿ ਬੀਤੀ ਸਕਲ ਸੁਨਾਵਹਿਂ ਗਾਥ।
ਨਤੁਰ ਬੀਰਤਾ ਅਪਨੀ ਭਾਖਹਿਂ ਹੇਤੁ ਪ੍ਰਸੰਨ ਅਪਨਿ ਗਿਰਨਾਥ' ॥ ੯॥

ਆਕੜ ਛੱਡ ਕੇ ਫਿਰ ਹੌਲੇ ਹੋ ਜਾਣਗੇ, ਗੁਰੂ ਧਰੋਹੀ ਕਹਿ ਕੇ ਇਨ੍ਹਾਂ ਦੇ ਹੱਥ ਬੰਨ੍ਹ ਲਈਏ ਤੇ ਫਿਰ ਇਨ੍ਹਾਂ ਨੂੰ ਬਹੁਤ ਦੁਖ ਦੇ ਕੇ ਛਡੀਏ ਤਾਂਕਿ ਰਾਹ ਵਿਚ ਰੋਂਦੇ ਜਾਣ। ਰਾਜੇ ਦੇ ਪਾਸ ਪਹੁੰਚ ਕੇ ਚੰਗੀ ਤਰ੍ਹਾਂ ਪੁਕਾਰ ਕਰਨ ਤੇ ਬੀਤੀ ਹੋਈ ਸਾਰੀ ਕਥਾ ਸੁਣਾਉਣ, ਨਹੀਂ ਤਾਂ ਆਪਣੇ ਪਹਾੜੀ ਰਾਜੇ ਨੂੰ ਪ੍ਰਸੰਨ ਕਰਨ ਵਾਸਤੇ ਆਪਣੀ ਬਹਾਦਰੀ ਦੀਆਂ ਡੀਂਗਾਂ ਮਾਰਨਗੇ" ॥ ੯॥

ਸੁਨਿ ਗੁਰ ਰਾਜਨੀਤ ਕੌ ਚਿਤਵਤਿ 'ਬਨਿ ਵਕੀਲ ਹਮਰੇ ਢਿਗ ਆਇ।
ਨਹੀਂ ਖਸੋਟਨਿ ਇਨਕੋ ਆਛੇ ਕਰਹੁ ਨਿਰਾਦਰ ਦਿਹੁ ਨਿਕਸਾਇ।
ਡੇਰੇ ਲਗਿ ਭਟ ਜਾਹਿਂ ਧਕੇਲਤਿ ਪਤਿ ਖੋਈ ਦੇਖਹਿਂ ਸਮੁਦਾਇ।
ਅਬਹਿ ਅਰੂਢਨਿ ਮੂਢਨ ਕੌ ਕਹੁ ਰਹੇ ਤ ਸਭਿ ਕਿਛ ਛੀਨਯੋ ਜਾਇ' ॥੧੦॥

ਇਹ ਸੁਣ ਕੇ ਗੁਰੂ ਜੀ ਨੇ ਰਾਜਨੀਤੀ ਬਾਰੇ ਵਿਚਾਰਿਆ, "ਉਹ ਇਕ ਦੂਤ ਬਣ ਕੇ ਸਾਡੇ ਪਾਸ ਆਏ ਸਨ, ਇਨ੍ਹਾਂ ਪਾਸੋਂ ਵਸਤਾਂ ਖੋਹਣੀਆਂ ਠੀਕ ਨਹੀਂ ਹਨ, ਇਨ੍ਹਾਂ ਦੀ ਬੇਇੱਜ਼ਤੀ ਕਰਕੇ ਬਾਹਰ ਕੱਢ ਦੇਵੋ। ਡੇਰੇ ਤਕ ਇਨ੍ਹਾਂ ਨੂੰ ਸੂਰਬੀਰ ਧੱਕੇ ਮਾਰਦੇ ਜਾਣ ਤੇ ਸਾਰੇ ਲੋਕ ਇਨ੍ਹਾਂ ਦੀ ਬੇਇੱਜ਼ਤੀ ਹੁੰਦੀ ਵੇਖ ਸਕਣ। ਹੁਣ ਮੂਰਖਾਂ ਨੂੰ ਸਵਾਰ ਹੋਣ ਵਾਸਤੇ ਕਹੋ, ਜੇ ਰਹਿਣਗੇ ਤਾਂ ਸਭ ਕੁਝ ਖੋਹਿਆ ਜਾਵੇਗਾ" ॥ ੧੦॥

ਨੰਦਚੰਦ ਸੁਨਿ ਗਯੋ ਤਿਨਹੁਂ ਢਿਗ ਸੁਭਟ ਗੈਲ ਜਿਨ ਤਾੜਤਿ ਜਾਇਂ।
ਗਏ ਸਿਵਰ ਲਗਿ ਊਚ ਸੁਨਾਯੋ 'ਵਸਤੁ ਸੰਭਾਰੋ ਜ਼ੀਨ ਪਵਾਇ।
ਪੁਰਿ ਤੇ ਨਿਕਸਹੁ ਪੰਥ ਸਮਾਲਹੁ ਜੇ ਪ੍ਰਿਯ ਪ੍ਰਾਨ ਨ ਬਿਲਮ ਲਗਾਇ।
ਨਤੁ ਡੇਰਾ ਸਭਿ ਲੂਟਯੋ ਜਾਵਹਿ ਪੁਨ ਗਮਨਹੁਂ ਕਰ ਨੰਗੇ ਪਾਇ॥ ੧੧॥

ਨੰਦ ਚੰਦ ਸੁਣ ਕੇ ਉਨ੍ਹਾਂ ਦੇ ਪਾਸ ਗਿਆ ਤੇ ਰਾਹ ਵਿਚ ਉਨ੍ਹਾਂ ਸੂਰਮਿਆਂ ਨੂੰ ਮਿਲ ਕੇ ਤਾੜਨਾ ਕੀਤੀ। ਫਿਰ ਉਨ੍ਹਾਂ ਦੇ ਡੇਰੇ ਤਕ ਜਾ ਕੇ ਉੱਚੀ ਦਿੱਤੀ ਸੁਣਾਇਆ, "ਆਪਣੀਆਂ ਵਸਤਾਂ ਸੰਭਾਲੋ, ਤੇ ਘੋੜਿਆਂ ਤੇ ਕਾਠੀਆਂ ਪਾਵੋ, ਨਗਰ ਵਿਚੋਂ ਨਿਕਲੋ ਤੇ ਰਾਹ ਸੰਭਾਲੋ, ਜੇ ਤੁਹਾਨੂੰ ਪ੍ਰਾਣ ਪਿਆਰੇ ਹਨ ਤਾਂ ਦੇਰ ਨਾ ਲਾਵੋ। ਨਹੀਂ ਤਾਂ ਫਿਰ ਤੁਹਾਡਾ ਸਾਰਾ ਡੇਰਾ ਲੁਟਿਆ ਜਾਵੇਗਾ, ਫਿਰ ਨੰਗੇ ਪੈਰੀਂ ਜਾਵੋਗੇ॥ ੧੧॥

ਕ੍ਰਿਪਾਸਿੰਧੁ ਕਰਿ ਕ੍ਰਿਪਾ ਛੁਰਾਏ ਨਾਂਹਿ ਤ ਸਿੱਖ ਆਇ ਗਹਿ ਲੇਤਿ।
ਪਿਖਤਿ ਪਹਾਰੀ ਤ੍ਰਾਸ ਪਾਇ ਕਰਿ ਤਜਾਰੀ ਠਾਨੀ ਸ਼ੀਘ੍ਰ ਸੁਚੇਤ।

ਜ਼ੀਨ ਪਾਇ ਹਯ ਪਰ ਆਰੋਹੇ ਗਮਨੇ ਸਨਮੁਖ ਅਪਨਿ ਨਿਕੇਤ।
ਬੁਰੀ ਭਈ ਉਰ ਅਧਿਕ ਬਿਸੂਰਤਿ ਐਸੇ ਲਖਯੋ ਨ ਗੁਰ ਕੋ ਭੇਤ॥ ੧੨॥

ਕਿਰਪਾ ਦੇ ਸਾਗਰ ਗੁਰੂ ਜੀ ਨੇ ਕਿਰਪਾ ਕਰਕੇ ਛੁਡਵਾ ਦਿੱਤਾ ਹੈ ਨਹੀਂ ਤਾਂ ਸਿੱਖ ਆ ਕੇ ਫੜ ਲੈਂਦੇ"। ਇਹ ਵੇਖ ਕੇ ਪਹਾੜੀਏ ਡਰ ਗਏ ਤੇ ਤਿਆਰੀ ਕਰਕੇ ਛੇਤੀ ਹੀ ਸੁਚੇਤ ਹੋ ਗਏ। ਘੋੜਿਆਂ ਤੇ ਕਾਠੀਆਂ ਪਾ ਕੇ ਸਵਾਰ ਹੋ ਗਏ ਤੇ ਆਪਣੇ ਘਰਾਂ ਵਲ ਮੂੰਹ ਕਰਕੇ ਚਲ ਪਏ। ਬਹੁਤ ਬੁਰੀ ਹੋਈ, ਦਿਲ ਵਿਚ ਬਹੁਤ ਦੁਖ ਮਹਿਸੂਸ ਕਰ ਰਹੇ ਸਨ ਉਨ੍ਹਾਂ ਗੁਰੂ ਜੀ ਦਾ ਇਸ ਤਰ੍ਹਾਂ ਦਾ ਭੇਤ ਨਹੀਂ ਸੀ ਸਮਝਿਆ॥ ੧੨॥

ਮਹਿਤ ਦੁਖਤਿ ਸਭਿ ਮਾਰਗ ਉਲੰਘੇ ਜਿਨ ਕੇ ਲਗੀ ਚੋਟ ਤਨ ਮਾਂਹਿ।
ਇਤ ਸਤਿਗੁਰ ਸਭਿ ਤਯਾਰੀ ਕੀਨਸਿ ਰਣ ਸਾਮਿੱਗ੍ਰੀ ਦੇ ਭਟ ਪਾਹਿ।
ਗੁਲਕਾਂ ਬਹੁ ਬਰੂਦ ਬਰਤਾਈ ਤੋਮਰ ਤਰਕਸ਼ ਧਨੁਖ ਉਮਾਹਿ।
ਕਰਹਿਂ ਪ੍ਰਤੀਖਨਿ ਪਰੈ ਜੰਗ ਅਬਿ, ਲਰਹਿਂ ਰਿਪੁਨ ਗਨ ਮਿਟਵਹਿਂ ਨਾਂਹਿ॥੧੩॥

ਬਹੁਤ ਦੁਖੀ ਹੋ ਕੇ ਸਾਰਾ ਪੈਂਡਾ ਲੰਘ ਗਏ, ਜਿਨ੍ਹਾਂ ਦੇ ਸਰੀਰ ਨੂੰ ਸੱਟਾਂ ਲੱਗੀਆਂ ਸਨ। ਏਧਰ ਸਤਿਗੁਰੂ ਜੀ ਨੇ ਸਭ ਤਿਆਰੀ ਕੀਤੀ ਤੇ ਯੁੱਧ ਸਮੱਗਰੀ ਸੂਰਮਿਆਂ ਨੂੰ ਦਿੱਤੀ। ਗੋਲੀਆਂ ਅਤੇ ਬਹੁਤ ਬਰੂਦ ਵੰਡਿਆ। ਨੇਜ਼ੇ, ਤੀਰ, ਧਨੁੱਖ ਪ੍ਰਾਪਤ ਕਰਕੇ ਸੂਰਮੇ ਬੜੇ ਉਤਸ਼ਾਹਿਤ ਹੋਏ। ਗੁਰੂ ਜੀ ਇੰਤਜ਼ਾਰ ਕਰਦੇ ਸਨ ਕਿ ਹੁਣ ਜੰਗ ਲੜਨੀ ਪਵੇਗੀ, ਬਹੁਤ ਵੈਰੀ ਲੜਨਗੇ, ਜੰਗ ਹੁਣ ਰੁਕੇਗੀ ਨਹੀਂ॥ ੧੩॥

ਕਿਤਿਕ ਮਸੰਦ ਬਿਲੰਦ ਤ੍ਰਾਸ ਧਰਿ ਸ਼੍ਰੀ ਗੁਜਰੀ ਕੇ ਨਿਕਟ ਸਿਧਾਇ।
ਸਕਲ ਬ੍ਰਿਤੰਤ ਸੁਨਾਵਨਿ ਕੀਨਸਿ 'ਗਿਰਪਤਿ ਸਾਰਾ ਪ੍ਰੋਹਤ ਆਇ।
ਦਈ ਉਤਾਰਿ ਆਬਰੋ ਤਿਨਕੀ ਬਹੁਰ ਬਹੋਰੇ ਨਹਿਂ ਕਿਨ ਜਾਇ।
ਰਿਸਹਿ ਰਾਵ ਅਬਿ ਚਮੂੰ ਪਠਾਵੈ ਪਰਹਿ ਜੰਗ ਇਮ ਕਲਹਿ ਉਠਾਇ॥ ੧੪॥

ਕਈ ਵੱਡੇ-ਵੱਡੇ ਮਸੰਦ ਡਰ ਧਾਰਨ ਕਰਕੇ ਮਾਤਾ ਗੁਜਰੀ ਜੀ ਦੇ ਪਾਸ ਗਏ। ਉਨ੍ਹਾਂ ਨੂੰ ਸਾਰਾ ਬ੍ਰਿਤਾਂਤ ਸੁਣਾਇਆ। "ਪਹਾੜੀ ਰਾਜੇ ਦਾ ਸਾਲਾ ਤੇ ਪ੍ਰੋਹਤ ਆਇਆ ਸੀ। ਉਨ੍ਹਾਂ ਦੀ ਇੱਜ਼ਤ ਲਾਹ ਦਿੱਤੀ ਹੈ, ਉਨ੍ਹਾਂ ਨੂੰ ਕਿਸੇ ਨੇ ਜਾ ਕੇ ਫਿਰ ਮੋੜਿਆ ਨਹੀਂ। ਰਾਜਾ ਹੁਣ ਗੁੱਸਾ ਕਰੇਗਾ ਤੇ ਆਪਣੀ ਸੈਨਾ ਭੇਜੇਗਾ, ਜੰਗ ਪਵੇਗਾ ਤੇ ਇਸ ਤਰ੍ਹਾਂ ਕਲੇਸ਼ ਛੇੜਿਆ ਹੈ॥ ੧੪॥

ਨਾਹਕ ਬਡ ਉਤਪਾਤ ਉਠਾਵਹਿਂ ਕਹਿਬੋ ਨਹਿਂ ਮਾਨਹਿਂ ਕਿਸ ਕੇਰ।
ਮਾਰ ਬਕਾਰਾ ਦਿਨ ਪ੍ਰਤਿ ਦੀਰਘ ਲਵਪੁਰਿ ਕੋ ਲੂਟਹਿਂ ਬਿਨ ਦੇਰ।
ਹਤਹਿਂ ਤੁਰਕ ਗਨ ਫਤੇ ਲੇਹਿਂ ਸੋ ਦੇਂ ਨਿਜ ਸਿੱਖਨਿ ਰਾਜ ਬਡੇਰ।
ਰੌਰ ਪਸ਼ੌਰ ਦੌਰ ਕਰਿ ਘਾਲਹਿਂ ਪੁਰਿ ਮੁਲਤਾਨ ਆਦਿ ਕਰਿ ਜ਼ੇਰ॥ ੧੫॥

ਖਾਹਮਖਾਹ ਵੱਡਾ ਝਗੜਾ ਖੜਾ ਕਰਦੇ ਹਨ ਤੇ ਕਿਸੇ ਦੇ ਕਹਿਣ ਤੇ ਵੀ ਨਹੀਂ ਮੰਨਦੇ ਹਨ। ਦਿਨ ਪ੍ਰਤੀ ਦਿਨ ਵੱਡਾ ਸਿੰਘਨਾਦ ਕਰਕੇ ਗਰਜਦੇ ਹਨ, "ਲਾਹੌਰ ਨੂੰ ਕਿਸੇ ਦੇਰ ਤੋਂ ਬਗੈਰ ਲੁੱਟ ਲਵਾਂਗੇ, ਪਸ਼ੌਰ ਤਕ ਭੱਜ ਕੇ ਰੌਲਾ ਪਾਵਾਂਗੇ ਤੇ ਮੁਲਤਾਨ ਆਦਿ ਨਗਰਾਂ ਨੂੰ ਅਧੀਨ ਕਰਾਂਗੇ॥ ੧੫॥

ਅਪਰ ਕਹਾਂ ਲਗਿ ਕਰਹਿਂ ਸੁਨਾਵਨਿ ਇੱਤਯਾਦਿਕ ਨਿਤ ਬਾਕ ਸੁਨਾਇਂ।
ਉਤ ਚਵਗੱਤਾ ਦੋਖੀ ਦੀਰਘ ਜੇ ਕਰਿ ਬਚ ਇਨ ਕੇ ਸੁਨਿ ਪਾਇ।

ਬਿਗਰਜੋ ਬਡੇ ਗੁਰਨ ਸੋਂ ਅਤਿਸ਼ੈ ਸਭਿ ਜਹਾਨ ਕੋ ਸ਼ਾਹਿ ਸੁਹਾਇ।
ਇਤ, ਗਿਰਪਤਿ ਦ੍ਰੋਹੀ ਬਲਵੰਤੇ ਬਸਨਿ ਆਪ ਕੋ ਹੁਇ ਕਿਤ ਥਾਇਂ ? ॥੧੬॥

ਹੋਰ ਕਿਥੋਂ ਤਕ ਸੁਣਾਈਏ, ਇਸ ਤਰ੍ਹਾਂ ਦੇ ਨਿਤ ਬਚਨ ਸੁਣਾਉਂਦੇ ਹਨ। ਓਧਰ ਨੌਰੰਗਾ ਵੱਡਾ ਦੋਖੀ ਹੈ, ਜੇ ਉਹ ਇਨ੍ਹਾਂ ਦੇ ਬਚਨ ਸੁਣ ਲਵੇਗਾ। ਵੱਡੇ ਗੁਰੂ ਜੀ ਨਾਲ ਉਹ ਬਹੁਤ ਵਿਗੜਿਆ ਸੀ, ਉਹ ਸਾਰੇ ਜਹਾਨ ਦਾ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਏਧਰ ਬਲਵਾਨ ਪਹਾੜੀ ਰਾਜੇ ਵੈਰੀ ਬਣਾ ਲਏ ਹਨ, ਆਪ ਜੀ ਦਾ ਵਿਸੇਬਾ ਹੁਣ ਕਿਹੜੀ ਥਾਂ ਹੋਵੇਗਾ ? ॥ ੧੬ ॥

ਬਿਨਾ ਜੰਗ ਤੇ ਅਪਰ ਪ੍ਰਸੰਗ ਨ, ਅਬਿ ਲੌ ਪਿਖਜੋ ਨ ਜਥਾ ਕਰਾਲ।
ਬੈਸ ਨਵੀਨ ਸ਼ਸਤ੍ਰ ਪੁਨ ਧਾਰਹਿਂ ਕਰਹਿਂ ਅਖੇਰ ਅਪਰ ਨਹਿਂ ਖਜਾਲ।
ਭੀਮਚੰਦ ਕੀ ਚਮੂੰ ਬਡੇਰੀ ਆਈ ਲਖਹੁ ਨ ਕਰਿ ਹੈ ਟਾਲ।
ਕਰਹੁ ਮਾਤ ਸਮੁਝਾਵਨਿ ਸੁਤ ਕੋ ਅਬਿ ਭੀ ਮਾਨਵ ਪਠਹਿਂ ਬਿਸਾਲ॥੧੭॥

ਜੰਗ ਤੋਂ ਬਗੈਰ ਉਨ੍ਹਾਂ ਪਾਸ ਹੋਰ ਕੋਈ ਪ੍ਰਸੰਗ ਨਹੀਂ, ਹੁਣ ਤਕ ਉਨ੍ਹਾਂ ਵੇਖਿਆ ਨਹੀਂ ਕਿਸ ਤਰ੍ਹਾਂ ਦਾ ਭਿਆਨਕ ਜੰਗ ਹੁੰਦਾ ਹੈ। ਛੋਟੀ ਉਮਰ ਹੈ, ਫਿਰ ਸ਼ਸਤਰ ਧਾਰਨ ਕਰਦੇ ਹਨ, ਸ਼ਿਕਾਰ ਖੇਡਦੇ ਹਨ, ਹੋਰ ਕਿਸੇ ਗੱਲ ਦਾ ਖਿਆਲ ਨਹੀਂ ਹੈ। ਭੀਮ ਚੰਦ ਪਾਸ ਬਹੁਤ ਵੱਡੀ ਫੌਜ ਹੈ ਉਹ ਹੁਣ ਆਈ ਸਮਝੋ, ਉਹ ਹੁਣ ਰੁਕੇਗਾ ਨਹੀਂ। ਹੇ ਮਾਤਾ ਜੀ ! ਪੁੱਤਰ ਨੂੰ ਸਮਝਾਵੋ, ਹੁਣ ਵੀ ਬਹੁਤ ਮਨੁੱਖ ਭੀਮ ਚੰਦ ਪਾਸ ਭੇਜੀਏ॥ ੧੭॥

ਸੰਧਿ ਸੁਧਾਰਹੁ, ਜੁੱਧ ਨਿਵਾਰਹੁ, ਬੁੱਧਿ ਬਿਚਾਰਹੁ, ਕ੍ਰੁੱਧ ਮਿਟਾਇ'।
ਸੁਨਿ ਜਨਨੀ ਉਰ ਧੀਰਜ ਛੋਰਾ, ਗਈ ਸਪੁੱਤ੍ਰ ਨਿਕਟ ਉਤਲਾਇ।
ਬੈਠਿ ਕਹਨਿ ਲਾਗੀ 'ਸੁਤ ! ਸੁਨੀਏ ਕਿਮ ਚਾਹਹੁ ਤੁਮ ਕਲਹਿ ਉਪਾਇ ?।
ਜਿਸ ਮੈਂ ਮਹਿਦ ਬਿਖਾਦ ਉਠੇ ਤੇ ਸਰਾਰੋ ਜਗਤ ਸ਼ੱਤ੍ਰ ਬਨਿ ਜਾਇ॥੧੮॥

ਭੀਮ ਚੰਦ ਨਾਲ ਮੇਲ ਕਰੋ, ਯੁੱਧ ਟਾਲੋ, ਕ੍ਰੋਧ ਮਿਟਾ ਕੇ ਬੁੱਧੀ ਨਾਲ ਵਿਚਾਰ ਕਰੋ।" ਮਾਤਾ ਜੀ ਨੇ ਸੁਣ ਕੇ ਹਿਰਦੇ ਦਾ ਧੀਰਜ ਛੱਡ ਦਿੱਤਾ ਤੇ ਵਿਆਕੁਲ ਹੋ ਕੇ ਪੁੱਤਰ ਦੇ ਪਾਸ ਗਈ। ਬੈਠ ਕੇ ਕਹਿਣ ਲੱਗੀ, "ਹੇ ਪੁੱਤਰ ! ਸੁਣੋ, ਤੁਸੀਂ ਕਿਵੇਂ ਕਲੇਸ਼ ਪੈਦਾ ਕਰਨਾ ਚਾਹੁੰਦੇ ਹੋ ? ਜਿਸ ਵਿਚ ਬਹੁਤ ਝਗੜੇ ਉੱਠਣਗੇ ਤੇ ਸਾਰਾ ਜਗਤ ਵੈਰੀ ਬਣ ਜਾਵੇਗਾ॥ ੧੮॥

ਚਹੁੰਦਿਸ਼ ਤੇ ਸਿਖ ਆਇਂ ਕਸ਼ਟ ਲਹਿਂ ਪੁਰਿ ਮਹਿਂ ਜ਼ੋਰ ਪਹਾਰੀ ਪਾਇਂ।
ਮਰਹਿਂ ਮਨੁਜ ਸਮੁਦਾਇ ਜੰਗ ਮਹਿਂ, ਕੋ ਦਲ ਗਨ ਰਾਖਹਿ ਅਟਕਾਇ।
ਜ਼ਰਖਰੀਦ ਇਹ ਨਗਰ ਬਸਾਯੋ ਤਜਾਗੇ ਕਹਾਂ ਬਸਹਿਂ ਪੁਨ ਜਾਇ।
ਰਾਜਨਿ ਢਿਗ ਹੈ ਰਾਜ ਦੇਸ਼ ਕੋ ਚਹੈਂ ਜਿਤਿਕ ਲੈਂ ਚਮੂੰ ਬਧਾਇ॥ ੧੯॥

ਚਾਰੇ ਪਾਸਿਆਂ ਤੋਂ ਸਿੱਖ ਆ ਕੇ ਕਸ਼ਟ ਲੈਣਗੇ ਤੇ ਨਗਰ ਦੇ ਉੱਤੇ ਪਹਾੜੀਏ ਜ਼ੋਰ ਪਾਉਣਗੇ। ਜੰਗ ਵਿਚ ਬਹੁਤ ਮਨੁੱਖ ਮਰਨਗੇ ਕੌਣ ਵੈਰੀ ਦੀ ਸਮੂਹ ਸੈਨਾ ਨੂੰ ਰੋਕੇਗਾ। ਧਨ ਖਰਚ ਕੇ ਇਹ ਨਗਰ ਵਸਾਇਆ ਹੈ, ਇਸ ਨੂੰ ਛੱਡ ਕੇ ਫਿਰ ਕਿੱਥੇ ਜਾ ਕੇ ਵਸਾਂਗੇ। ਰਾਜਿਆਂ ਪਾਸ ਦੇਸ਼ ਦਾ ਰਾਜ ਹੈ, ਉਹ ਆਪਣੀ ਮਰਜ਼ੀ ਅਨੁਸਾਰ ਜਿੰਨੀ ਵੀ ਚਾਹੁਣ ਫੌਜ ਵਧਾ ਸਕਦੇ ਹਨ॥ ੧੯॥

ਨੰਦਚੰਦ ਕੈ ਅਪਰ ਮਸੰਦਨਿ ਭੀਮਚੰਦ ਕੇ ਭੇਜਹੁ ਤੀਰ।
ਸ਼ਾਂਤਿ ਕਲਹਿ ਕੋ ਸੋ ਕਰਿ ਦੇਵਹਿਂ ਨਾਂਹਿ ਤ ਚਢਿ ਆਵਹਿਂ ਬਹੁ ਬੀਰ।
ਸਕਲ ਜਗਤ ਜੁਤਿ ਨ੍ਰਿਪ ਤੁਮ ਪੂਜਹਿਂ ਚਹਹਿਂ ਕਾਮਨਾ ਪਹੁੰਚਹਿਂ ਤੀਰ।
ਸੁਖਦਾਈ ਤੁਮ ਸਭਿ ਕੇ ਬਨੀਅਹਿ ਬੈਠਹੁ ਗਾਦੀ ਪਰ ਹੁਇ ਧੀਰ' ॥ ੨੦॥

ਨੰਦ ਚੰਦ ਜਾਂ ਹੋਰ ਮਸੰਦਾਂ ਨੂੰ ਭੀਮ ਚੰਦ ਦੇ ਪਾਸ ਭੇਜੋ ਇਸ ਕਲੇਸ਼ ਨੂੰ ਉਹ ਸ਼ਾਂਤ ਕਰ ਦੇਣ, ਨਹੀਂ ਤਾਂ ਰਾਜੇ ਦੇ ਬਹੁਤ ਸੂਰਬੀਰ ਚੜ੍ਹ ਕੇ ਆ ਜਾਣਗੇ। ਸਾਰੇ ਜਗਤ ਸਹਿਤ ਰਾਜੇ ਤੁਹਾਡੀ ਪੂਜਾ ਕਰਦੇ ਹਨ, ਆਪਣੀ ਕਾਮਨਾ ਪੂਰੀ ਕਰਨ ਲਈ ਤੁਹਾਡੇ ਪਾਸ ਆਉਂਦੇ ਹਨ। ਤੁਸੀਂ ਸਾਰਿਆਂ ਦੇ ਸੁਖਦਾਈ ਬਣੋ ਅਤੇ ਗੱਦੀ ਉੱਤੇ ਧੀਰਜਵਾਨ ਹੋ ਕੇ ਬੈਠੋ॥ ੨੦॥

ਸੁਨਿ ਜਨਨੀ ਤੇ ਸ੍ਰੀ ਕਲਗ਼ੀਧਰ ਕਹਜੋ 'ਨ ਹਮ ਉਤਪਾਤਿ ਉਠਾਇਂ।
ਕਰਿ ਹੰਕਾਰ ਮੂਢ ਨਰ ਭੇਜਹਿ ਕਪਟ ਅਨਿਕ ਕੀ ਬਾਤ ਬਨਾਇ।
ਬਕਰੀ ਮੁਖਾ ਹੋਇ ਕਰਿ ਜਾਚਤਿ ਲੇ ਪੁਨ ਸਿੰਘ ਮੁਖਾ ਹੁਇ ਜਾਇ।
ਕਜੋਂ ਤਿਸਕੇ ਛਲ ਮਹਿਂ ਹਮ ਆਵਹਿਂ, ਪ੍ਰਥਮ ਸਮਝ ਕਰਿ ਦਯੋ ਬੁਝਾਇ॥੨੧॥

ਆਪਣੇ ਮਾਤਾ ਜੀ ਪਾਸੋਂ ਸੁਣ ਕੇ ਕਲਗ਼ੀਧਰ ਜੀ ਨੇ ਕਿਹਾ, "ਅਸੀਂ ਲੜਾਈ ਖੜੀ ਨਹੀਂ ਕਰਦੇ ਹਾਂ, ਹੰਕਾਰ ਕਰਕੇ ਮੂਰਖ ਮਨੁੱਖਾਂ ਨੂੰ ਭੇਜਦਾ ਹੈ ਜਿਹੜੇ ਅਨੇਕਾਂ ਪ੍ਰਕਾਰ ਦੇ ਕਪਟ ਦੀਆਂ ਗੱਲਾਂ ਬਣਾਉਂਦੇ ਹਨ। ਬਕਰੀ ਵਾਂਗ ਦੀਨ ਹੋ ਕੇ ਮੰਗਦਾ ਹੈ ਤੇ ਫਿਰ ਲੈ ਕੇ ਦੇਣ ਦੇ ਸਮੇਂ ਸ਼ੇਰ ਵਾਂਗ ਸੂਰਮਾ ਬਣ ਜਾਵੇਗਾ। ਅਸੀਂ ਉਸ ਦੇ ਛਲ ਵਿਚ ਕਿਉਂ ਆਈਏ, ਪਹਿਲਾਂ ਹੀ ਅਸੀਂ ਸਮਝ ਲਿਆ ਸੀ ਤੇ ਹੁਣ ਸਮਝਾ ਦਿੱਤਾ ਹੈ॥ ੨੧॥

ਪੂਜਾ ਹੋਇ ਕਰਿ ਬਸਹਿਂ ਨ ਤਿਸਕੇ ਕਰਿ ਫਰੇਬ ਵਸਤੂ ਮੰਗਵਾਇ।
ਦੇ ਕਰਿ ਪਾਛੇ ਬਿਗਰਨਿ ਹੋਤੋ ਯਾਂ ਤੇ ਪੂਰਬ ਕਜੋਂ ਨ ਹਟਾਇਂ।
ਰਣ ਤੇ ਡਰਿ ਕਰਿ ਕਬਿ ਲੌਂ ਹਮ ਰਹਿਂ ਜਿਸ ਹਿਤ ਸ੍ਰੀ ਅਸਕੇਤੁ ਪਠਾਇ।
ਕਰਨੇ ਹੈਂ ਘਮਸਾਨ ਘਨੇਰੇ ਜਗ ਮਹਿਂ ਕੇਤਿਕ ਦੁਸ਼ਟ ਖਪਾਇ॥ ੨੨॥

ਉਸ ਦੀ ਪੂਜਾ ਬਣ ਕੇ ਏਥੇ ਨਹੀਂ ਵਸਾਂਗੇ, ਜਿਹੜਾ ਫਰੇਬ ਕਰਕੇ ਵਸਤਾਂ ਆ ਮੰਗਵਾਉਂਦਾ ਹੈ। ਵਸਤਾਂ ਦੇ ਕੇ ਬਾਅਦ ਵਿਚ ਵਿਗਾੜ ਖੜਾ ਹੋਣਾ ਸੀ, ਇਸ ਲਈ ਅਸੀਂ ਪਹਿਲਾਂ ਹੀ ਕਿਉਂ ਨਾ ਹਟਾ ਦੇਈਏ। ਜੰਗ ਤੋਂ ਡਰ ਕੇ ਅਸੀਂ ਕਦ ਤਕ ਰਹਾਂਗੇ, ਜਿਸ ਵਾਸਤੇ ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ। ਅਸੀਂ ਬਹੁਤ ਜੰਗ ਕਰਨੇ ਹਨ ਤੇ ਇਨ੍ਹਾਂ ਜੰਗਾਂ ਵਿਚ ਬਹੁਤ ਦੁਸ਼ਟਾਂ ਨੂੰ ਮਾਰਨਾ ਹੈ। ੨੨॥

ਰਚਹਿਂ ਅਨੀਤਿ ਮਹੀਪਤਿ ਜੇਤਿਕ, ਸਭਿ ਕੋ ਦੈਹੈਂ ਮੂਲ ਉਖੇਰਿ।
ਨਿਜ ਸਿੱਖਨਿ ਕੋ ਅਵਨੀ ਬਖਸ਼ਹਿਂ ਹੋਇ ਪ੍ਰਤਾਪ ਗੁਰਨਿ ਕੋ ਫੇਰ।
ਸੈਨ ਮਹਾਨ ਆਨਿ ਰਨ ਠਾਨਹਿਂ ਲਰਿ ਕਰਿ ਕਰਹਿਂ ਲਥੇਰ ਪਥੇਰ।
ਹੁਕਮ ਅਕਾਲ ਪੁਰਖ ਕੋ ਜਿਮ ਹੈ ਬਰਤਹਿਂਗੇ ਤਿਮ ਬਨਹਿ ਨ ਦੇਰ॥੨੩॥

ਜਿੰਨੇ ਵੀ ਰਾਜੇ ਅਨੀਤੀ ਰਚਣਗੇ, ਉਨ੍ਹਾਂ ਸਾਰਿਆਂ ਦਾ ਮੂਲ ਉਖੇੜ ਦੇਵਾਂਗੇ। ਆਪਣੇ ਸਿੱਖਾਂ ਨੂੰ ਧਰਤੀ ਬਖਸ਼ਾਂਗੇ ਫਿਰ ਗੁਰੂ ਸਾਹਿਬਾਨ ਦਾ ਪ੍ਰਤਾਪ ਹੋਵੇਗਾ। ਜਿੰਨੀ ਵੀ ਮਹਾਨ ਸੈਨਾ ਯੁੱਧ ਵਿਚ ਆ ਕੇ ਖੜੀ ਹੋਵੇ ਲੜਾਈ ਕਰਕੇ ਉਸਨੂੰ ਪਾਮਾਲ ਕਰਕੇ ਮਿੱਟੀ ਵਿਚ ਮਿਲਾ ਦੇਵਾਂਗੇ। ਜਿਵੇਂ ਵੀ ਅਕਾਲ ਪੁਰਖ ਦਾ ਹੁਕਮ ਹੈ, ਅਸੀਂ ਉਸ ਤਰ੍ਹਾਂ ਹੀ ਕਰਾਂਗੇ ਇਸ ਵਿਚ ਦੇਰ ਨਹੀਂ ਕਰਾਂਗੇ॥ ੨੩॥

ਡਰਤਿ ਬਿਲੰਦ ਮਸੰਦ ਭੀਰੁ ਬਡ, ਤਿਨ ਕੋ ਮਤਿ ਅਬਿ ਧਰਹਿਂ ਨ ਕੋਇ।
ਪ੍ਰਥਮ ਨ ਛੇਰਹਿਂ, ਚਹਿਤਿ ਨ ਫੇਰਹਿਂ, ਪ੍ਰੇਰਹਿ ਸੁਭਟ ਜੰਗ ਮਹਿਂ ਜੋਇ।
ਕਜੋਂ ਧਰਿ ਤ੍ਰਾਸ ਤਜੀ ਉਰ ਧੀਰਜ ਦੇਖਨਿ ਕਰਹੁ ਬ੍ਰਿਤੰਤ ਜੁ ਹੋਇ।
ਖੜਗ ਕੇਤੁ ਸਭਿ ਆਛੀ ਕਰਿ ਹੈ ਚਿੰਤਾ ਦੇਹੁ ਰਿਦੇ ਤੇ ਖੋਇ॥ ੨੪॥

ਕਾਇਰ ਮਸੰਦ ਬਹੁਤ ਡਰਦੇ ਹਨ, ਉਨ੍ਹਾਂ ਦੀ ਸਲਾਹ ਹੁਣ ਕੋਈ ਵੀ ਧਾਰਨ ਨਹੀਂ ਕਰੇਗਾ। ਅਸੀਂ ਜੰਗ ਪਹਿਲਾਂ ਨਹੀਂ ਛੇੜਾਂਗੇ ਜੇ ਉਹ ਜੰਗ ਵਿਚ ਸੂਰਮੇ ਘੱਲੇਗਾ ਤੇ ਜੰਗ ਚਾਹੇਗਾ ਅਸੀਂ ਲੜਨ ਤੋਂ ਮੂੰਹ ਨਹੀਂ ਮੋੜਾਂਗੇ। ਕਿਉਂ ਡਰ ਧਾਰ ਕੇ ਮਨ ਦਾ ਧੀਰਜ ਛੱਡ ਦਿੱਤਾ ਹੈ, ਜੋ ਵੀ ਬ੍ਰਿਤਾਂਤ ਹੋਵੇ ਉਸ ਨੂੰ ਵੇਖੋ। ਅਕਾਲ ਪੁਰਖ ਸਭ ਚੰਗਾ ਹੀ ਕਰਨਗੇ, ਤੁਸੀਂ ਚਿੰਤਾ ਨੂੰ ਆਪਣੇ ਹਿਰਦੇ ਵਿਚੋਂ ਗਵਾ ਦੇਵੋ" ॥ ੨੪ ॥

ਸੁਨਿਤ ਮਾਤ ਕਰਿ ਮੌਨ ਉਠੀ ਪੁਨ ਪੀਛੇ ਸਤਿਗੁਰ ਸ਼ਸਤ੍ਰ ਮੰਗਾਇ।
ਸ਼ੁਭ ਸਥਾਨ ਊਚੇ ਧਰਿਵਾਵਹਿਂ ਮਹਿਕੰਤਿ ਆਛੀ ਧੂਪ ਧੁਖਾਇ।
ਅਧਿਕ ਸੁਗੰਧਿਨਿ ਚੰਦਨ ਚਰਚਹਿਂ ਅਨਿਕ ਰੰਗ ਕੇ ਪੁਸ਼ਪ ਚਢਾਇ।
ਗੁੰਦਤਿ ਮਾਲ ਬਿਸਾਲੀ ਅਰਪਹਿਂ ਪੂਜਹਿਂ ਬਹੁ ਬਿਧਿ ਤੇ ਹਰਖਾਇ ॥ ੨੫ ॥

ਸੁਣ ਕੇ ਮਾਤਾ ਜੀ ਚੁੱਪ ਕਰਕੇ ਉੱਠ ਪਏ, ਬਾਅਦ ਵਿਚ ਸਤਿਗੁਰੂ ਜੀ ਨੇ ਸ਼ਸਤਰ ਮੰਗਵਾਏ। ਸ਼ੁਭ ਉੱਚੇ ਸਥਾਨਾਂ ਉੱਤੇ ਸ਼ਸਤਰਾਂ ਨੂੰ ਰੱਖ ਕੇ ਧੂਪ ਧੁਖਵਾ ਕੇ ਰਖਵਾਉਂਦੇ ਸਨ, ਜਿਸ ਦੀ ਬਹੁਤ ਚੰਗੀ ਮਹਿਕ ਆਉਂਦੀ ਸੀ। ਬਹੁਤ ਸੁਗੰਧੀਆਂ ਵਾਲੇ ਚੰਦਨ ਦਾ ਛਿੜਕਾਅ ਕਰਦੇ ਸਨ ਤੇ ਕਈ ਰੰਗਾਂ ਦੇ ਫੁਲ ਸ਼ਸਤਰਾਂ ਨੂੰ ਅਰਪਣ ਕਰਦੇ ਸਨ। ਫੁੱਲਾਂ ਦੇ ਬਹੁਤ ਹਾਰ ਗੁੰਦਵਾ ਕੇ ਭੇਟ ਕਰਦੇ ਸਨ ਤੇ ਸ਼ਸਤਰਾਂ ਦੀ ਬਹੁਤ ਵਿਧੀਆਂ ਨਾਲ ਪੂਜਾ ਕਰਕੇ ਪ੍ਰਸੰਨ ਹੁੰਦੇ ਸਨ ॥ ੨੫ ॥

ਦੋਹਰਾ- ਕਰਿ ਤਯਾਰੀ ਸੰਗ੍ਰਾਮ ਕੀ ਦੇਂ ਸੁਭਟਨ ਉਤਸਾਹਿ।
ਕਥਾ ਅਨੰਦਪੁਰਿ ਕੇ ਬਿਖੈ ਇਮ ਹੋਈ, ਬਲ ਮਾਂਹਿ ॥ ੨੬ ॥

ਗੁਰੂ ਜੀ ਨੇ ਯੁੱਧ ਦੀ ਤਿਆਰੀ ਕਰਕੇ, ਸੂਰਮਿਆਂ ਨੂੰ ਵੱਡਾ ਉਤਸ਼ਾਹ ਦਿੱਤਾ। ਬਲ ਵਿਚ ਪ੍ਰਗਟ ਹੋਣ ਦੀ ਅਨੰਦਪੁਰ ਵਿਚ ਇਸ ਤਰ੍ਹਾਂ ਕਹਾਣੀ ਹੋਈ ॥ ੨੬ ॥

*ਪਹਿਲੀ ਰੁੱਤ ਦਾ ਚਾਲ੍ਹੀਵਾਂ ਅਧਿਆਇ ਸਮਾਪਤ ਹੋਇਆ ॥ ੪੦ ॥*

## ਅਧਿਆਇ ਇਕਤਾਲ੍ਹੀਵਾਂ

### ਇਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ

ਦੋਹਰਾ- ਗਯੋ ਕੇਸਰੀ ਚੰਦ ਤਬਿ ਪੰਮਾ ਜਿਸ ਕੇ ਸਾਥ।
ਜਨੁ ਲੂਟਯੋ ਬਣੀਓ ਕਿਨੈ ਝੁਰਤਿ ਜਾਤਿ ਧੁਨਿ ਮਾਥ ॥ ੧ ॥

ਤਦ ਕੇਸਰੀ ਚੰਦ ਚਲਾ ਗਿਆ ਜਿਸ ਦੇ ਨਾਲ ਪੰਮਾ ਬ੍ਰਾਹਮਣ ਸੀ, ਜਿਵੇਂ ਕਿਸੇ ਨੇ ਬਾਣੀਏਂ ਨੂੰ ਲੁਟ ਲਿਆ ਹੁੰਦਾ ਹੈ ਇੰਝ ਝੂਰਦੇ ਹੋਏ ਮੱਥਾ ਧੁਣਦੇ ਜਾਂਦੇ ਸਨ ॥ ੧ ॥

ਨਿਸ਼ਾਨੀ ਛੰਦ- ਨਿਜ ਰਜਧਾਨੀ ਨਗਰ ਮਹਿਂ ਪਹੁਚੇ ਸਹਿਸਾਈ।
ਉਤਰਿ ਤੁਰੰਗਨਿ ਤੇ ਗਏ ਬੈਠਯੋ ਜਹਿਂ ਰਾਈ।
ਪਗਿਯਾ ਪਟਕੀ ਅੱਗ੍ਰ ਤਬਿ ਦ੍ਰਿਗ ਅੱਸ਼੍ਰ ਛੋਰੇ।
'ਸਭਿ ਰਾਜਨ ਮਹਿਂ ਪਤਿ ਗਈ ਪਠਿ ਕਰਿ ਗੁਰ ਓਰੇ ॥ ੨ ॥

ਹੌਲੀ-ਹੌਲੀ ਆਪਣੇ ਨਗਰ ਰਾਜਧਾਨੀ ਵਿਚ ਪਹੁੰਚ ਗਏ, ਘੋੜਿਆਂ ਤੋਂ ਉੱਤਰ ਕੇ ਓਥੇ ਗਏ, ਜਿੱਥੇ ਰਾਜਾ ਭੀਮ ਚੰਦ ਬੈਠਾ ਸੀ। ਰਾਜੇ ਅੱਗੇ ਪੱਗ ਪਟਕਾ ਕੇ ਮਾਰੀ ਤੇ ਅੱਖਾਂ ਵਿਚੋਂ ਅੱਥਰੂ ਛੱਡੇ ਤੇ ਕਹਿਣ ਲੱਗੇ, "ਸਾਰੇ ਰਾਜਿਆਂ ਵਿਚ ਸਾਡੀ ਇੱਜ਼ਤ ਗਈ ਹੈ, ਜਿਹੜਾ ਤੁਸੀਂ ਗੁਰੂ ਪਾਸ ਭੇਜਿਆ ਹੈ॥ ੨॥

ਤਿਸ ਤੇ ਜਾਚਤਿ ਵਸਤੁ ਕੋ ਛਿਤ ਛਿੰਪ੍ਰ ਜੁ ਛੀਨੇ।
ਕਰਹਿਂ ਅਰਾਦਾ ਰਾਜ ਕੋ, ਬਲ ਕਰਿ ਮਦ ਭੀਨੇ।
ਲਾਤਨਿ ਮੁਸ਼ਟਨਿ ਕੂਟ ਕਰਿ ਹਮ ਵਹਿਰ ਨਿਕਾਰੇ।
ਹਸਹਿਂ ਅਨੰਦ ਪੁਰਿ ਕੇਰ ਨਰ ਨ੍ਰਿਪ ਕੇ ਜਨ ਮਾਰੇ॥ ੩॥

ਉਸ ਪਾਸੋਂ ਵਸਤਾਂ ਮੰਗਦੇ ਹੋ ਜਿਹੜਾ ਛੇਤੀ ਹੀ ਤੁਹਾਡੀ ਧਰਤੀ ਖੋਹਣ ਨੂੰ ਤਿਆਰ ਹੈ, ਸ਼ਕਤੀ ਦੇ ਨਸ਼ੇ ਵਿਚ ਭਿੱਜਾ ਹੋਇਆ ਉਹ ਰਾਜ ਕਰਨ ਦਾ ਇਰਾਦਾ ਰੱਖਦਾ ਹੈ। ਸਾਨੂੰ ਲੱਤਾਂ ਮੁੱਕੀਆਂ ਮਾਰ ਕੇ ਕੁੱਟ ਕੇ ਬਾਹਰ ਕੱਢ ਦਿੱਤਾ ਹੈ। ਅਨੰਦਪੁਰ ਦੇ ਮਨੁੱਖ ਹੱਸਦੇ ਸਨ ਜਦ ਰਾਜੇ ਦੇ ਸੇਵਕਾਂ ਨੂੰ ਕੁੱਟ ਰਹੇ ਸਨ॥ ੩॥

ਜਾਵਦ ਕਰਿਕੈ ਜੰਗ ਕੋ ਨਹਿਂ ਵਹਿਰ ਨਿਕਾਸੇ।
ਤਾਵਦ ਥਿਰੇ ਨਿਚਿੰਤ ਹੁਇ ਕਿਸ ਕੇ ਭਰਵਾਸੇ।
ਕਰਿ ਸਮਾਜ ਸੰਗ੍ਰਾਮ ਕੋ ਦਿਨ ਪ੍ਰਤਿ ਬਨਿ ਗਾਢੇ।
ਜੇ ਨ ਕਰਹੁ ਉਪਚਾਰ ਕੁਛ ਤੁਮ ਕੋ ਪੁਰਿ ਕਾਢੇ॥ ੪॥

ਜਦ ਤਕ ਜੰਗ ਕਰਕੇ ਬਾਹਰ ਨਹੀਂ ਕਢਾਂਗੇ, ਤਦ ਤਕ ਨਿਸ਼ਚਿੰਤ ਹੋ ਕੇ ਕਿਸ ਦੇ ਭਰਵਾਸੇ ਬੈਠਾਂਗੇ। ਗੁਰੂ ਜੀ ਜੰਗ ਕਰਨ ਵਾਸਤੇ ਪ੍ਰਤੀ ਦਿਨ ਬਹੁਤ ਸਮਾਜ ਇਕੱਠਾ ਕਰ ਰਹੇ ਹਨ ਅਤੇ ਤਾਕਤ ਵਧਦੀ ਜਾਂਦੀ ਹੈ, ਜੇ ਤੁਸੀਂ ਇਸਦਾ ਕੁਝ ਇਲਾਜ ਨਹੀਂ ਕਰੋਗੇ ਤਾਂ ਤੁਹਾਨੂੰ ਬਿਲਾਸਪੁਰ ਸ਼ਹਿਰ ਵਿਚੋਂ ਕੱਢ ਦੇਵੇਗਾ॥ ੪॥

ਭੀਮਚੰਦ ਕਰਿ ਕੋਪ ਕੋ ਕੈਸੇ ਸਭਿ ਹੋਈ।
ਮਿਲੇ ਕਿ ਨਹਿਂ, ਬੋਲੇ ਕਿਂ ਨਹਿਂ? ਕਹੀਅਹਿ ਸਭਿ ਹੋਈ।
ਅਸ ਬਿਗਾਰ ਕਿਸ ਬਿਧਿ ਭਯੋ ਮਾਰਨ ਲਗਿ ਬਾਤੀ।
ਕਰਹੁ ਸੁਨਾਵਨਿ ਛੋਰ ਤੇ ਬੀਤੀ ਜਿਸ ਭਾਂਤੀ॥ ੫॥

ਭੀਮ ਚੰਦ ਨੇ ਗੁੱਸਾ ਕਰਕੇ ਪੁਛਿਆ, "ਇਹ ਸਾਰੀ ਗੱਲ ਕੈਸੇ ਹੋਈ, ਮਿਲੇ ਹਨ ਕਿ ਨਹੀਂ, ਬੋਲੇ ਹਨ ਕਿ ਨਹੀਂ? ਜੋ ਵੀ ਹੋਈ ਹੈ, ਸਾਰੀ ਦੱਸੋ। ਐਸਾ ਵਿਗਾੜ ਕਿਸ ਵਿਧੀ ਨਾਲ ਹੋਇਆ, ਜਿਹੜੀ ਮਾਰਨ ਤਕ ਗੱਲ ਪਹੁੰਚ ਗਈ। ਸ਼ੁਰੂ ਤੋਂ ਸਾਰੀ ਗੱਲ ਸੁਣਾਓ, ਜਿਸ ਪ੍ਰਕਾਰ ਬੀਤੀ ਹੈ"॥ ੫॥

ਸੁਨਿ ਪ੍ਰੋਹਿਤ ਪੰਮੇ ਕਹੀ 'ਹਮ ਕੀਨਿ ਬਡਾਈ।
ਜਾਚੀ ਚਾਰਹੁਂ ਵਸਤੁ ਜਬਿ ਨਹਿਂ ਗਿਰਾ ਅਲਾਈ।
ਦੇਨਿ ਕਹੇ ਜਬਿ ਰਜਤਪਣ ਸੁਨਿ ਕਰਿ ਉਰ ਕ੍ਰੋਧਾ।
ਕਰੇ ਉਠਾਵਨਿ ਪਾਸ ਤੇ ਪ੍ਰੇਰਨ ਕਰਿ ਜੋਧਾ॥ ੬॥

ਇਹ ਸੁਣ ਪ੍ਰੋਹਤ ਪੰਮੇ ਨੇ ਕਿਹਾ, "ਅਸੀਂ ਵਡਿਆਈ ਕੀਤੀ ਜਦ ਚਾਰੇ ਚੀਜ਼ਾਂ ਮੰਗੀਆਂ ਤਾਂ ਕੋਈ ਉੱਤਰ ਨਾ ਦਿੱਤਾ। ਜਦ ਮੈਂ ਰੁਪਏ ਦੇਣ ਬਾਰੇ ਕਿਹਾ ਤਾਂ ਸੁਣ ਕੇ ਬਹੁਤ ਕ੍ਰੋਧ ਧਾਰਨ ਕਰ ਲਿਆ ਤੇ ਪਾਸ ਬੈਠੇ ਯੋਧਿਆਂ ਨੂੰ ਕਹਿ ਕੇ ਉੱਠਣ ਵਾਸਤੇ ਕਿਹਾ॥ ੬॥

ਡੇਰੇ ਲਗੌਂ ਧਕੇਲਤੇ ਪੁਰਿ ਵਹਿਰ ਨਿਕਾਸੇ।
ਹਮਰੋ ਚਲਜੋ ਨ ਬਸ ਕਛੂ ਆਏ ਤੁਮ ਪਾਸੇ।
ਜੇ ਨ ਤਦਾਰਕ ਅਬਿ ਕਰਹੁ ਸੈਨਾ ਨ ਚਢਾਵੋ।
ਤੌ ਗੁਰ ਕਜਾ ਜਾਨਿਹ ਤੁਮਹਿੰ, ਰਨ ਮਹਿੰ ਨ ਪਲਾਵੋ॥ ੭॥

ਉਨ੍ਹਾਂ ਨੇ ਸਾਡੇ ਡੇਰੇ ਤਕ ਧਕਦਿਆਂ ਨਗਰ ਵਿਚੋਂ ਬਾਹਰ ਕੱਢ ਦਿੱਤੇ। ਸਾਡਾ ਕੁਝ ਵੀ ਵੱਸ ਨਾ ਚਲਿਆ, ਇਸ ਲਈ ਤੁਹਾਡੇ ਪਾਸ ਆਏ ਹਾਂ। ਜੇ ਹੁਣ ਰੋਕਣ ਦਾ ਬੰਦੋਬਸਤ ਨਹੀਂ ਕਰੋਗੇ ਤੇ ਸੈਨਾ ਨੂੰ ਨਹੀਂ ਚੜ੍ਹਾਵੋਗੇ ਤੇ ਗੁਰੂ ਜੀ ਨੂੰ ਰਣਖੇਤਰ ਵਿਚ ਹਾਰ ਨਹੀਂ ਦੇਵੋਗੇ, ਤਾਂ ਗੁਰੂ ਜੀ ਤੁਹਾਨੂੰ ਕੀ ਜਾਣਨਗੇ॥ ੭॥

ਪਾਇ ਜ਼ੋਰ ਆਨੰਦ ਪੁਰੇ ਪੁਰਿ ਵਹਿਰ ਨਿਕਾਰੋ।
ਬਹੁਰ ਬਸਾਵਹੁ ਜੇ ਬਸੈ ਕਰਿ ਨਿਜ ਅਨੁਸਾਰੋ'।
ਸੁਨਤਿ ਕੁਪਜੋ ਤਬਿ ਸੈਲਪਤਿ ਪਾਤੀ ਲਿਖਵਾਈ।
'ਬਸਜੋ ਚਹੈਂ ਜਿ ਅਨੰਦ ਪੁਰਿ ਦਿਹੁ ਦੁਰਦ ਪਠਾਈ॥ ੮॥

ਅਨੰਦਪੁਰ ਉੱਤੇ ਜ਼ੋਰ ਪਾ ਕੇ ਉਨ੍ਹਾਂ ਨੂੰ ਬਾਹਰ ਕੱਢੋ, ਫਿਰ ਵਸਾਵੋ ਜੇ ਤੁਹਾਡੀ ਆਗਿਆ ਅਨੁਸਾਰ ਵੱਸਦੇ ਹਨ।'' ਇਹ ਸੁਣ ਕੇ ਰਾਜਾ ਬਹੁਤ ਗੁੱਸੇ ਵਿਚ ਆਇਆ ਤੇ ਸੈਨਾਪਤੀ ਨੂੰ ਕਹਿ ਕੇ ਚਿੱਠੀ ਲਿਖਵਾਈ, ''ਜੇ ਅਨੰਦਪੁਰ ਵਿਚ ਵੱਸਣਾ ਚਾਹੁੰਦੇ ਹੋ ਤਾਂ ਤੁਰਤ ਪ੍ਰਸਾਦੀ ਹਾਥੀ ਭੇਜ ਦੇਵੋ॥ ੮॥

ਨਤੁਰ ਨ਼ਗਾਰਾ ਛੀਨਿ ਕੈ ਪੁਰਿ ਵਹਿਰ ਨਿਕਾਰੌਂ।
ਕਰਹਿਂ ਜਿ ਲਰਿਬੇ ਹੇਤੁ ਅਬਿ ਸਗਰੇ ਸਿਖ ਮਾਰੌਂ।
ਪਕਰਿ ਕੈਦ ਕਰਿ ਰਾਖਿਹੌਂ, ਨਤੁ ਜੰਗ ਸੰਘਾਰੌਂ।
ਅਬਿ ਲੌ ਮੈਂ ਟਾਰਾ ਕਰਜੋ ਗੁਰਤਾ ਸੁ ਬਿਚਾਰੌਂ॥ ੯॥

ਨਹੀਂ ਤਾਂ ਨਗਾਰਾ ਖੋਹ ਕੇ ਨਗਰ ਵਿਚੋਂ ਬਾਹਰ ਕੱਢ ਦੇਵਾਂਗੇ। ਜੇ ਹੁਣ ਲੜਨਾ ਚਾਹੋਗੇ ਤਾਂ ਤੁਹਾਡੇ ਸਾਰੇ ਸਿੱਖ ਮਾਰ ਦੇਵਾਂਗਾ। ਫੜ ਕੇ ਕੈਦ ਕਰਕੇ ਰੱਖਾਂਗਾ ਨਹੀਂ ਤਾਂ ਜੰਗ ਵਿਚ ਮਾਰ ਦੇਵਾਂਗਾ। ਹੁਣ ਤਕ ਮੈਂ ਟਾਲਦਾ ਰਿਹਾ ਹਾਂ, ਸ੍ਰੇਸ਼ਟ ਗੁਰਤਾ ਬਾਰੇ ਵਿਚਾਰ ਕਰਦਾ ਸੀ॥ ੯॥

ਭਲੇ ਖਿਲਾਊਂ ਤੋਹਿ ਕੋ ਬਿਚ ਦੂਨ ਅਖੇਰਾ।
ਆਈ ਜਾਨਹੁ ਸੈਨ ਮਮ ਹੇਰੌਂ ਬਲ ਤੇਰਾ।
ਕੂਚ ਕਰਹੁ ਮਮ ਦੇਸ਼ ਤੇ ਕੈ ਦੀਜੈ ਹਾਥੀ।
ਨਤੁ ਸ਼ਸਤ੍ਰਨ ਕੋ ਮੇਲ ਹ੍ਵੈ ਕੌ ਕਰਿ ਲਿਹੁ ਸਾਥੀ'॥ ੧੦॥

ਤੁਹਾਨੂੰ ਭਲੀ ਪ੍ਰਕਾਰ ਦੂਨ ਦੇ ਵਿਚ ਸ਼ਿਕਾਰ ਖਿਡਾਵਾਂਗਾ। ਮੇਰੀ ਸੈਨਾ ਆਈ ਜਾਣੋ, ਮੈਂ ਤੁਹਾਡਾ ਬਲ ਵੇਖਾਂਗਾ। ਮੇਰੇ ਦੇਸ਼ ਵਿਚੋਂ ਨਿਕਲ ਜਾਵੋ, ਨਹੀਂ ਤਾਂ ਹਾਥੀ ਦੇ ਦੇਵੋ, ਨਹੀਂ ਤਾਂ ਸ਼ਸਤਰਾਂ ਨਾਲ ਮੇਲ ਕਰਕੇ ਆਪਣੇ ਸਾਥੀ ਬਣਾ ਲਵੋ''॥ ੧੦॥

ਜ਼ੋਰ ਸ਼ੋਰ ਇੱਤਜਾਦਿ ਕੋ ਲਿਖਿ ਤੁਰਤ ਪਠਾਏ।
ਪੀਛੇ ਅਪਨੀ ਮਦਤਿ ਹਿਤ ਜਿਤ ਕਿਤਹਿ ਬੁਲਾਏ।
ਮੰਡੀ ਨਗਰ ਸੁਕੇਤ ਕੇ ਸੈਨਾ ਜਸੁਵਾਲੇ।
ਨਿਕਟ ਕਟੋਚੀ ਕੋ ਲਿਖਜੋ 'ਆਵਹੁ ਬਲ ਵਾਲੇ!'॥ ੧੧॥

ਜ਼ੋਰ ਸ਼ੋਰ ਨਾਲ ਇਸ ਤਰ੍ਹਾਂ ਚਿੱਠੀ ਲਿਖ ਕੇ ਤੁਰਤ ਭੇਜ ਦਿੱਤੀ ਤੇ ਫਿਰ ਆਪਣੀ ਮਦਦ ਵਾਸਤੇ ਜਿੱਥੋਂ ਕਿੱਥੋਂ ਦੇ ਰਾਜੇ ਬੁਲਵਾਏ। ਮੰਡੀ ਨਗਰ ਸੁਕੇਤ ਦੇ ਰਾਜੇ ਜਸੋਵਾਲੀਏ ਨੂੰ ਬੁਲਾਇਆ। ਨੇੜਲੇ ਰਾਜੇ ਕਟੋਚ ਨੂੰ ਲਿਖਿਆ "ਹੇ ਬਲਵਾਨ ! ਆਵੋ" ॥ ੧੧ ॥

ਪੁਰੀ ਦੜੌਲਦ ਭੇਜਿ ਕੈ 'ਪਹੁੰਚਹੁ ਰਣ ਕਾਜਾ'।
ਹਰੀਚੰਦ ਕੋ ਬਹੁ ਲਿਖ੍ਯੋ 'ਇਹ ਸਭਿ ਕੀ ਲਾਜਾ।
ਗ੍ਰਾਮਨਿ ਛੇਰ ਇਕੱਤ੍ਰ ਕਰਿ ਜੇਤਿਕ ਜਹਿਂ ਹੋਈ।
ਪਹੁੰਚਹੁ ਤੁਰਤ ਸਮੀਪ ਮਮ ਹਿਤ ਕਾਰਜ ਜੋਈ' ॥ ੧੨ ॥

ਦੜੌਲਦਪੁਰੀ ਭੇਜ ਕੇ ਲਿਖਿਆ, "ਜੰਗ ਵਾਸਤੇ ਪਹੁੰਚੋ।" ਫਿਰ ਹਰੀਚੰਦ ਨੂੰ ਲਿਖਿਆ, "ਇਹ ਸਭ ਦੀ ਲਾਜ ਹੈ, ਪਿੰਡਾਂ ਵਿਚੋਂ ਜਬਰੀ ਮਨੁੱਖਾਂ ਦੀ ਭੀੜ ਮੰਗਵਾਓ, ਜਿੱਥੇ ਵੀ ਕੋਈ ਰਹਿੰਦਾ ਹੈ। ਮੇਰੇ ਪਾਸ ਤੁਰਤ ਪਹੁੰਚੋ ਤੇ ਮੇਰਾ ਕਾਰਜ ਕਰੋ" ॥ ੧੨ ॥

ਇਮ ਹਕਾਰਿ ਸਗਰੇਨਿ ਕੋ ਗਨ ਸੈਨ ਬਟੋਰੀ।
ਭਏ ਇਕੱਤ੍ਰ ਪਹਾਰੀਏ ਭਰਿ ਸ਼ਲਖੈਂ ਛੋਰੀ।
ਇਤ ਕਾਗਦ ਆਨੰਦਪੁਰਿ ਪਹੁੰਚ੍ਯੋ ਜਬਿ ਆਈ।
ਸੁਧਿ ਹਜ਼ੂਰ ਪਹੁੰਚੀ ਤਬਹਿ ਨ੍ਰਿਪ ਪੱਤ੍ਰ ਪਠਾਈ॥ ੧੩ ॥

ਇਸ ਤਰ੍ਹਾਂ ਸਾਰਿਆਂ ਨੂੰ ਬੁਲਾ ਕੇ ਬਹੁਤ ਸੈਨਾ ਇਕੱਠੀ ਕੀਤੀ। ਬਹੁਤ ਪਹਾੜੀਏ ਇਕੱਠੇ ਹੋਏ ਤੇ ਬੰਦੂਕਾਂ ਵਿਚ ਸ਼ਲਖਾਂ ਭਰ ਕੇ ਛੱਡੀਆਂ। ਏਧਰ ਜਦ ਕਾਗਜ਼ ਅਨੰਦਪੁਰ ਪੁੱਜਾ ਤੇ ਜਦ ਗੁਰੂ ਜੀ ਨੂੰ ਸਾਰੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਵੀ ਜਵਾਬ ਵਿਚ ਚਿੱਠੀ ਲਿਖ ਕੇ ਭੇਜ ਦਿੱਤੀ॥ ੧੩ ॥

ਨਿਕਟ ਅਨਾਇ ਬਿਠਾਇ ਕਰਿ ਸਭਿ ਸਭਾ ਮਝਾਰਾ।
ਸੁਨ੍ਯੋਂ ਹੰਕਾਰੀ ਕੋ ਸਕਲ ਜੋ ਲਿਖ੍ਯੋ ਕਰਾਰਾ।
'ਦਿਹੁ ਹਾਥੀ ਕੈ ਨਿਕਸੀਏ ਨਤੁ ਲਿਹੁ ਸੰਗ੍ਰਾਮਾ'।
ਸੁਣਿ ਕਲਗ਼ੀਧਰ ਰਿਸ ਭਰੇ 'ਹਮਰੋ ਰਣ ਕਾਮਾ'॥ ੧੪ ॥

ਸਭਾ ਦੇ ਵਿਚ ਆਪਣੇ ਪਾਸ ਬਿਠਾ ਕੇ ਹੰਕਾਰੀ ਰਾਜੇ ਦੇ ਪੱਤਰ ਨੂੰ ਸੁਣਿਆ ਜੋ ਉਸ ਨੇ ਬੜਾ ਸਖ਼ਤ ਲਿਖ ਕੇ ਭੇਜਿਆ ਸੀ, "ਹਾਥੀ ਦੇ ਦੇਵੋ ਜਾਂ ਅਨੰਦਪੁਰ ਵਿਚੋਂ ਨਿਕਲ ਜਾਵੋ ਜਾਂ ਯੁੱਧ ਵਾਸਤੇ ਤਿਆਰ ਹੋ ਜਾਵੋ।" ਇਹ ਸੁਣ ਕੇ ਗੁਰੂ ਜੀ ਗੁੱਸੇ ਵਿਚ ਆ ਗਏ ਤੇ ਕਿਹਾ, "ਸਾਨੂੰ ਕੇਵਲ ਯੁੱਧ ਚਾਹੀਦਾ ਹੈ॥ ੧੪ ॥

ਜਾਚਹਿਂ ਗੁਰ ਘਰ ਤੇ ਜਥਾ, ਪ੍ਰਾਪਤਿ ਹੁਇ ਸੋਈ।
ਨਹਿਂ ਗਜ, ਨਿਕਸਨਿ ਨਹਿਂ ਬਨਹਿ, ਲਿਹੁ ਤੀਸਰ ਜੋਈ।
ਨਹਿਂ ਕੁਛ ਹਮਰੇ ਬਿਲਮ ਹੈ ਇਕ ਧਰੈਂ ਉਡੀਕਾ।
ਪੁਰਵਹਿਂ ਉਰ ਕੀ ਲਾਲਸਾ ਕਰਿਕੈ ਰਣ ਨੀਕ' ॥ ੧੫ ॥

ਗੁਰੂ ਘਰ ਤੋਂ ਜੋ ਮੰਗਦੇ ਹੋ, ਉਹੀ ਪ੍ਰਾਪਤ ਹੋਵੇਗਾ, ਨਾ ਹਾਥੀ ਦੇਵਾਂਗਾ, ਨਾ ਅਨੰਦਪੁਰ ਛੱਡਾਂਗਾ, ਤੀਸਰਾ ਜੰਗ ਦਾ ਕਾਰਜ ਪ੍ਰਾਪਤ ਕਰ ਲਵੋ। ਸਾਡੇ ਪਾਸ ਕੋਈ ਦੇਰੀ ਨਹੀਂ ਹੈ, ਇਕ ਤੁਹਾਡੀ ਉਡੀਕ ਹੀ ਧਾਰਨ ਕੀਤੀ ਹੈ, ਚੰਗਾ ਜੰਗ ਲੜ ਕੇ ਤੁਹਾਡੇ ਹਿਰਦੇ ਦੀ ਲਾਲਸਾ ਪੂਰੀ ਕਰਾਂਗਾ" ॥ ੧੫ ॥

ਇਮ ਲਿਖਾਇ ਦੇ ਪੱਤ੍ਰਿਕਾ ਦੇ ਤੁਰਤ ਪਠਾਵਾ।
ਨੰਦਚੰਦ ਕੇ ਸੰਗ ਕਹਿ ਰਣ ਬਜੋਂਤ ਬਨਾਵਾ।
ਕਰੀ ਕਲਮ ਜਾਰੀ ਤਬਹਿ ਗਨ ਰਖੇ ਸਿਪਾਹੀ।
ਸੁਨਿ ਸੁਨਿ ਆਵਹਿਂ ਸੈਂਕਰੇ ਆਨੰਦਪੁਰਿ ਮਾਂਹੀ॥ ੧੬॥

ਇਸ ਤਰ੍ਹਾਂ ਚਿੱਠੀ ਲਿਖਾ ਕੇ ਤੁਰਤ ਭੇਜ ਦਿੱਤੀ ਤੇ ਨੰਦ ਚੰਦ ਦੇ ਨਾਲ ਕਹਿ ਕੇ ਜੰਗ ਦੀ ਵਿਉਂਤ ਬਣਾਈ। ਫਿਰ ਹੁਕਮ ਜਾਰੀ ਹੋ ਗਿਆ ਤੇ ਫੌਜਾਂ ਭਰਤੀ ਕਰਨੀਆਂ ਆਰੰਭ ਕਰ ਦਿੱਤੀਆਂ, ਸੁਣ ਸੁਣ ਕੇ ਸੈਂਕੜੇ ਲੋਕ ਅਨੰਦਪੁਰ ਵਿਚ ਆਉਣ ਲੱਗੇ॥ ੧੬॥

ਰਖਤਿ ਜਾਤਿ, ਚਿਹਰੇ ਲਿਖਹਿਂ ਕਹਿਂ ਦਰਬ ਛਿਮਾਂਹੀ।
ਪ੍ਰਿਥਕ ਪ੍ਰਿਥਕ ਗਨ ਜਥੇ ਕਰਿ ਲਖਿ ਜੰਗ ਉਮਾਹੀ।
ਗੁਲਕਾਂ ਤਜਾਰ ਸਮੂਹ ਕਰਿ ਢਾਰਹਿਂ ਸੁਨਿਆਰੇ।
ਬ੍ਰਿੰਦ ਬਰੂਦ ਬਨਾਵਹੀਂ ਅਰੁ ਆਯੁਧ ਸਾਰੇ॥ ੧੭॥

ਰੱਖੀ ਜਾਂਦੇ ਸੀ, ਹੁਲੀਏ ਲਿਖਦੇ ਤਾਂਕਿ ਪਛਾਣ ਹੋ ਸਕੇ, ਕਈਆਂ ਨੂੰ ਛਿਮਾਹੀ ਧਨ ਤੇ ਰੱਖਦੇ ਸਨ। ਵੱਖ-ਵੱਖ ਜਥੇ ਕਰਕੇ ਜੰਗ ਲਈ ਉਤਸ਼ਾਹ ਵਧਾਉਂਦੇ ਸਨ। ਸੁਨਿਆਰੇ ਗੋਲੀਆਂ ਢਾਲ ਕੇ ਬਣਾਉਂਦੇ ਸਨ। ਬਹੁਤ ਬਰੂਦ ਅਤੇ ਹਥਿਆਰ ਤਿਆਰ ਕਰਵਾਉਂਦੇ ਸਨ॥ ੧੭॥

ਘਰਹਿਂ ਤੀਰ ਬਹੁ ਜਾਤਿ ਕੇ ਗਨ ਆਇਂ ਕਮਾਨਾ।
ਸੇਲੇ, ਭਾਲੇ, ਸਾਂਗ ਖਰ, ਅਰੁ ਤੁਪਕ ਮਹਾਨਾ।
ਮਾਰ ਬਕਾਰਾ ਸੂਰਮੇ ਕਹਿ ਊਚ ਸੁਨਾਵੈਂ।
ਇਮ ਸਮਾਜ ਬਹੁ ਜੰਗ ਕੋ ਸਤਿਗੁਰੂ ਬਨਾਵੈਂ॥ ੧੮॥

ਬਹੁਤ ਜਾਤੀਆਂ ਦੇ ਤੀਰ ਘੜਦੇ ਸਨ ਤੇ ਬਹੁਤ ਕਮਾਨ ਬਾਹਰੋਂ ਆਉਂਦੇ ਸਨ। ਨੇਜ਼ੇ ਭਾਲੇ, ਸਾਂਗ, ਤੀਰ ਅਤੇ ਮਹਾਨ ਬੰਦੂਕਾਂ ਆਉਂਦੀਆਂ ਸਨ। ਸੂਰਮੇ ਬਹੁਤ ਉੱਚੀ-ਉੱਚੀ ਲਲਕਾਰੇ ਮਾਰ ਕੇ ਸੁਣਾਉਂਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਜੰਗ ਵਾਸਤੇ ਬਹੁਤ ਸਾਜ਼ੋ-ਸਾਮਾਨ ਤਿਆਰ ਕਰਵਾ ਰਹੇ ਸਨ॥੧੮॥

ਉਤ ਰਾਜੇ ਗਿਰਪਤਿ ਕਿਤਿਕ ਮਿਲਿ ਮਤਾ ਪਕਾਯੋ।
ਗੁਰ ਤੇ ਕਾਗਦ ਜਬਿ ਗਯੋ ਸਭਿਹੂੰਨਿ ਸੁਨਾਯੋ।
ਮਿਲਜੋ ਕ੍ਰਿਪਾਲ ਕਟੋਚੀਆ ਸਭਿ ਸਭਾ ਮਝਾਰਾ।
ਕਰਨਿ ਜੰਗ ਅਰੁ ਮਿਟਿਨਿ ਕੋ ਤਿਨ ਮੰਤ੍ਰ ਉਚਾਰਾ॥ ੧੯॥

ਓਧਰ ਕਈ ਪਹਾੜੀ ਰਾਜਿਆਂ ਨੇ ਮਿਲ ਕੇ ਮਤਾ ਪਕਾਇਆ, ਜਦ ਗੁਰੂ ਜੀ ਦੀ ਲਿਖੀ ਹੋਈ ਚਿੱਠੀ ਉਨ੍ਹਾਂ ਨੂੰ ਮਿਲੀ ਤਾਂ ਸਾਰੇ ਰਾਜਿਆਂ ਨੂੰ ਪੜ੍ਹ ਕੇ ਸੁਣਾਈ ਗਈ। ਕ੍ਰਿਪਾਲ ਕਟੋਚੀਆ ਸਭਾ ਵਿਚ ਸਭ ਨੂੰ ਮਿਲਿਆ। ਜੰਗ ਕਰਨ ਅਤੇ ਜੰਗ ਨੂੰ ਰੋਕਣ ਵਾਸਤੇ ਉਸ ਮਸ਼ਵਰਾ ਉਚਾਰਨ ਕੀਤਾ॥ ੧੯॥

'ਗੁਰੂ ਲਰਨਿ ਤੇ ਨਹਿਂ ਮਿਟਹਿ ਮੈਂ ਉਰ ਨਿਰਧਾਰਜੋ।
ਬਿੱਪ੍ਰ ਕੇਸਰੀ ਚੰਦ ਕੋ ਬਿਨ ਡਰ ਜਿਨ ਮਾਰਜੋ।
ਅਬਹਿ ਪੱਤ੍ਰਿਕਾ ਲਿਖਿ ਪਠੀ ਸਭਿ ਪਰਹਿ ਲਖਾਈ।
ਮਿਲਹੁ ਬਿਚਾਰਹੁ ਆਪ ਮਹਿਂ ਜਿਮ ਬਿਜੈ ਲਰਾਈ॥ ੨੦॥

"ਗੁਰੂ ਜੀ ਲੜਨ ਤੋਂ ਪਿੱਛੇ ਨਹੀਂ ਹੱਟਣਗੇ ਇਹ ਮੈਂ ਹਿਰਦੇ ਵਿਚ ਨਿਰਧਾਰਣ ਕੀਤਾ ਹੈ, ਪੰਮੇ ਬ੍ਰਾਹਮਣ ਅਤੇ ਰਾਜੇ ਕੇਸਰੀ ਚੰਦ ਨੂੰ ਜਿਨ੍ਹਾਂ ਡਰ ਰਹਿਤ ਹੋ ਕੇ ਮਾਰਿਆ ਹੈ। ਹੁਣ ਜਿਹੜੀ ਚਿੱਠੀ ਲਿਖ ਕੇ ਭੇਜੀ ਹੈ, ਉਸ ਤੋਂ ਵੀ ਇਹ ਪਤਾ ਲੱਗਦਾ ਹੈ, ਹੁਣ ਆਪਸ ਵਿਚ ਮਿਲ ਕੇ ਵਿਚਾਰ ਕਰੋ ਜਿਵੇਂ ਲੜਾਈ ਜਿੱਤੀ ਜਾ ਸਕੇ॥ ੨੦॥

ਸੈਨ ਸਕੇਲੀ ਘਨੀ ਗੁਰ · ਪੁਨ ਆਪਹਿ ਜੋਧਾ।
ਰਚਹਿ ਮਹਿਤ ਘਮਸਾਨ ਕੋ ਠਾਨਹਿ ਮਨ ਕ੍ਰੋਧਾ।
ਅਪਨੇ ਘਰ ਮਹਿਂ ਬਜਾਹ ਸੁਤ ਚਹੀਅਹਿ ਸ਼ੁਭ ਸ਼ਾਦੀ।
ਸਨਮੁਖ ਆਯੁਧ ਹਤਨਿ ਕੇ ਕਬਿ ਤਜਾਗਹਿ ਬਾਦੀ ॥ ੨੧॥

ਗੁਰੂ ਜੀ ਨੇ ਬਹੁਤ ਸੈਨਾ ਇਕੱਠੀ ਕੀਤੀ ਹੈ ਤੇ ਆਪ ਵੀ ਇਕ ਵੱਡਾ ਯੋਧਾ ਹੈ, ਮਨ ਵਿਚ ਕ੍ਰੋਧ ਧਾਰ ਕੇ ਉਹ ਇਕ ਵੱਡੇ ਘਮਸਾਣ ਦੀ ਰਚਨਾ ਕਰਨਗੇ। ਆਪਣੇ ਘਰ ਵਿਚ ਵਿਆਹ ਹੈ, ਪੁੱਤਰ ਦੀ ਸ਼ਾਦੀ ਸ਼ੁਭ ਢੰਗ ਨਾਲ ਹੋਣੀ ਚਾਹੀਦੀ ਹੈ, ਸਾਹਮਣੇ ਹੋ ਕੇ ਵੈਰੀ ਹਥਿਆਰ ਚਲਾਉਂਦਾ ਹੋਇਆ ਫਿਰ ਕਦ ਝਗੜਾ ਛੱਡੇਗਾ॥ ੨੧॥

ਮ੍ਰਿਤਕ ਸਬੰਧੀ ਹੋਇ ਕੋ, ਬਡ ਸ਼ੋਕ ਉਪੈ ਹੈ।
ਭਟ ਆਛੇ ਪਹੁੰਚੇ ਬਿਨਾ ਰਣ ਕਵਨ ਕਰੈ ਹੈ।
ਪਠਹੁ ਛੇਰ ਜੇ ਲਰਨਿ ਕੋ ਤਬਿ ਪਾਇ ਪਰਾਜੈ।
ਸਰਜੇ ਕੌਨ ਕਾਰਜ ਲਖਹੁ ਲੇਂ ਸ਼ੱਤ੍ਰੂ ਸਮਾਜੈ॥ ੨੨॥

ਜੇ ਕੋਈ ਸੰਬੰਧੀ ਮਾਰਿਆ ਜਾਵੇਗਾ ਤਾਂ ਬੜਾ ਦੁਖ ਹੋਵੇਗਾ, ਚੰਗੇ ਸੂਰਬੀਰ ਪਹੁੰਚਣ ਤੋਂ ਬਗੈਰ ਕੌਣ ਜੰਗ ਲੜੇਗਾ। ਜੇ ਪਿੰਡਾਂ ਦੇ ਸਾਧਾਰਣ ਬੰਦੇ ਹੀ ਲੜਨ ਵਾਸਤੇ ਭੇਜੋਗੇ ਤਾਂ ਉਹ ਹਾਰ ਜਾਣਗੇ, ਫਿਰ ਕਿਹੜਾ ਕਾਰਜ ਸਰੇਗਾ ਜੇ ਵੈਰੀ ਸਾਰੇ ਸਮਾਜ ਨੂੰ ਹੀ ਲੈ ਲਵੇਗਾ॥ ੨੨॥

ਯਾਂ ਤੇ ਰਿਦੇ ਬਿਚਾਰੀਯੇ ਰਣ ਨਾਂਹਿਨ ਆਛੋ।
ਜੇ ਲਰਿਬੇ ਕੋ ਚਹਿਤਿ ਹਹੁ ਸੁਤ ਬਜਾਹ ਨ ਬਾਂਛੋ।
ਦੋਨਹੁੰ ਮੈਂ ਇਕ ਕੋ ਕਰਹੁ ਇਹ ਮਤਿ ਹੈ ਮੇਰਾ।
ਸ਼ਾਦੀ ਮਹਿਂ ਕੁਛ ਗ਼ਮੀ ਹੁਇ ਇਮ ਨਹੀਂ ਅਛੇਰਾ॥ ੨੩॥

ਇਸ ਕਰਕੇ ਹਿਰਦੇ ਵਿਚ ਵਿਚਾਰੋ ਜੰਗ ਨਾ ਕਰਨਾ ਚੰਗਾ ਹੈ, ਜੇ ਲੜਾਈ ਕਰਨਾ ਚਾਹੁੰਦੇ ਹੋ ਤਾਂ ਫਿਰ ਪੁੱਤਰ ਦਾ ਵਿਆਹ ਕਰਨਾ ਨਾ ਚਾਹੋ, ਦੋਵਾਂ ਵਿਚੋਂ ਇਕ ਕੰਮ ਕਰੋ, ਇਹ ਮੇਰੀ ਸਲਾਹ ਹੈ, ਸ਼ਾਦੀ ਵਿਚ ਕੋਈ ਗ਼ਮੀ ਹੋਵੇ, ਇਹ ਚੰਗੀ ਗੱਲ ਨਹੀਂ॥ ੨੩॥

ਭੀਮਚੰਦ ਕੋ ਸਚਿਵ ਸੁਨਿ ਬੋਲਜੋ ਸਭਿ ਮਾਂਹੀ।
'ਗੁਰ ਸੋਂ ਨਾਹਕ ਬੈਰ ਰਚਿ ਸਾਰਜੋ ਕੁਛ ਨਾਂਹੀ।
ਲਰਤਜੋਂ ਸੰਸੈ ਬਿਜੈ ਮਹਿਂ, ਨਿਸ਼ਚੈ ਕਿਸ ਨਾਂਹੀ।
ਕੋ ਜਾਨੈ ਕੋ ਪਾਇ ਹੈ ਸਮਝਹੁ ਮਨ ਮਾਂਹੀ॥ ੨੪॥

ਭੀਮ ਚੰਦ ਦਾ ਮੰਤਰੀ ਇਹ ਸੁਣ ਕੇ ਸਭ ਵਿਚ ਬੋਲਿਆ, "ਗੁਰੂ ਜੀ ਨਾਲ ਫਜ਼ੂਲ ਵਿਚ ਵੈਰ ਪਾ ਕੇ ਕੁਝ ਵੀ ਸਰਿਆ ਨਹੀਂ ਹੈ। ਲੜਾਈ ਕਰਨ ਨਾਲ ਕੀ ਜਿੱਤ ਪ੍ਰਾਪਤ ਹੋਵੇਗੀ? ਇਸ ਬਾਰੇ ਸੰਸਾ ਹੈ, ਕੋਈ ਨਿਸ਼ਚੈ ਨਾਲ ਜਿੱਤ ਬਾਰੇ ਨਹੀਂ ਕਹਿ ਸਕਦਾ ਹੈ। ਕੌਣ ਜਾਣੇ ਕੌਣ ਜਿੱਤ ਪਾਵੇਗਾ, ਇਹ ਮਨ ਵਿਚ ਸਮਝੋ॥ ੨੪॥

ਉਤਸਵ ਦੀਰਘ ਬਜਾਹ ਕੋ ਨਹਿਂ ਕੀਜਹਿ ਮੰਦਾ।
ਪ੍ਰਥਮ ਕਰਹੁ ਪੀਛੇ ਲਰਹੁ ਜੇ ਚਾਹਿ ਬਿਲੰਦਾ'।
ਭੀਮਚੰਦ ਸੁਨਿ ਮੋਨ ਭਾ ਕੁਛ ਆਇ ਨ ਬਾਨੀ।
ਉਤ ਸਤਿਗੁਰ ਪਰਬਲ ਪਰਹਿ, ਇਤ ਬਜਾਹ ਪ੍ਰਹਾਨੀ॥ ੨੫॥

ਵਿਆਹ ਵਾਸਤੇ ਵੱਡਾ ਉਤਸਵ ਹੈ, ਇਸ ਨੂੰ ਮੱਠਾ ਨਾ ਕਰੋ, ਪਹਿਲਾਂ ਵਿਆਹ ਕਰੋ, ਫਿਰ ਲੜਾਈ ਕਰੋ ਜੇ ਲੜਨ ਦੀ ਵੱਡੀ ਚਾਹਤ ਹੈ।" ਭੀਮ ਚੰਦ ਸੁਣ ਕੇ ਚੁਪ ਰਿਹਾ, ਉਸ ਨੂੰ ਕੋਈ ਵੀ ਗੱਲ ਨਾ ਆਈ। ਓਧਰ ਸਤਿਗੁਰੂ ਜੀ ਪਰਬਲ ਪੈਂਦੇ ਹਨ, ਏਧਰ ਵਿਆਹ ਵਿਚ ਵਿਘਨ ਪੈਂਦਾ ਹੈ॥ ੨੫॥

ਚਿੰਤਾ ਬਸਿ ਹੁਇ ਸਭਿ ਉਠੇ ਠਹਿਰਾਇ ਨ ਠੀਕਾ।
ਜਬਿ ਗਮਨਜੋ ਰਣਵਾਸ ਮਹਿਂ ਕੈ ਮੁਖ ਫੀਕਾ।
ਰਾਨੀ ਸਮੁਝਾਵਨਿ ਲਗੀ 'ਅਬਿ ਤਜਹੁ ਲਰਾਈ।
ਪੂਰਬ ਸ਼ਾਦੀ ਪੁੱਤ੍ਰ ਕੀ ਦਿਹੁ ਬਿਘਨ ਮਿਟਾਈ॥ ੨੬॥

ਚਿੰਤਾ ਵੱਸ ਹੋ ਕੇ ਸਾਰੇ ਉੱਠ ਗਏ, ਕੋਈ ਵੀ ਚੰਗੀ ਗੱਲ ਨਾ ਠਹਿਰਾਈ। ਜਦ ਮੂੰਹ ਫਿੱਕੇ ਕਰਕੇ ਰਣਵਾਸ ਵਿਚ ਗਏ ਤਾਂ ਰਾਣੀ ਸਮਝਾਉਣ ਲੱਗੀ, "ਹੁਣ ਲੜਾਈ ਛੱਡੋ, ਪੁੱਤਰ ਦੀ ਸ਼ਾਦੀ ਤੋਂ ਪਹਿਲਾਂ ਸਾਰੇ ਵਿਘਨ ਖਤਮ ਕਰ ਦੇਵੋ॥ ੨੬॥

ਤੁਮ ਸਜਾਨੇ ਮਤਿਵਾਨ ਹੋ ਤਜਿ ਦੇਹੁ ਬਖੇਰਾ।
ਅਬਿ ਲਰਿਬੇ ਕੋ ਸਮੋ ਨਹਿਂ ਮਾਨਹੁ ਬਚ ਮੇਰਾ'।
ਇਤ ਬਰਜਤਿ ਸੁਭ ਮਤਿ ਜਿਨਹੁਂ ਉਤ ਗੁਰ ਅਧਿਕਾਈ।
ਭੀਮਚੰਦ ਗਿਨਤੀ ਗਿਨਤਿ ਨਿਸ਼ਚੈ ਨਹਿਂ ਪਾਈ॥ ੨੭॥

ਤੁਸੀਂ ਬੁੱਧੀਵਾਨ ਹੋ, ਸਾਰੇ ਬਖੇੜੇ ਛੱਡ ਦੇਵੋ, ਹੁਣ ਲੜਨ ਦਾ ਸਮਾਂ ਨਹੀਂ ਹੈ, ਮੇਰੀ ਗੱਲ ਮੰਨੋ।" ਭੀਮ ਚੰਦ ਸੋਚਦਾ ਹੈ ਕਿ ਏਧਰ ਸਿਆਣੇ ਆਦਮੀ ਮੈਨੂੰ ਵਰਜਦੇ ਹਨ ਤੇ ਓਧਰ ਗੁਰੂ ਜੀ ਦਾ ਜ਼ੋਰ ਵਧਦਾ ਹੈ। ਭੀਮ ਚੰਦ ਗਿਣਤੀਆਂ ਗਿਣਦਾ ਕਿਸ ਤਰ੍ਹਾਂ ਵੀ ਨਿਸ਼ਚੇ ਤੇ ਨਾ ਪਹੁੰਚ ਸਕਿਆ॥ ੨੭॥

ਉਠਿ ਪ੍ਰਭਾਤਿ ਕੋ ਸੌਚ ਕਰਿ ਸਭਿ ਸਭਾ ਬੁਲਾਏ।
ਜੇ ਠਾਕੁਰ ਗਿਰਪਤਿ ਹੁਤੇ ਚਲਿਕੈ ਤਹਿਂ ਆਏ।
ਕਰਜੋ ਫਿਕਰ ਕੋ ਜ਼ਿਕਰ ਤਬਿ ਸੰਸੈ ਉਰ ਐਸੇ।
'ਲਰੇ ਬਿਨਾ ਬਨਿ ਹੀਨਤਾ ਸਹਿ ਸਕੌਂ ਨ ਕੈਸੇ॥ ੨੮॥

ਸਵੇਰੇ ਉੱਠ ਕੇ ਸੌਚ ਕਰਕੇ ਸਾਰਿਆਂ ਨੂੰ ਸਭਾ ਵਿਚ ਬੁਲਾਇਆ। ਪਹਾੜਾਂ ਦੇ ਮਾਲਕ ਸਾਰੇ ਰਾਜੇ ਇਸ ਵਿਚ ਸ਼ਾਮਲ ਹੋਏ। ਫਿਰ ਚਿੰਤਾ ਦੀ ਗੱਲ ਦਾ ਜ਼ਿਕਰ ਮਨ ਵਿਚ ਐਸੇ ਸੰਸਿਆਂ ਸਹਿਤ ਕੀਤਾ, "ਲੜਨ ਤੋਂ ਬਗ਼ੈਰ ਹੀਣਤਾ ਬਣਦੀ ਹੈ ਜਿਹੜੀ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ॥ ੨੮॥

ਦੇਸ਼ ਹਮਾਰੇ ਮਹਿਂ ਬਸੈ ਨਿਤ ਦੂਨ ਬਿਹਾਰੈ।
ਮਨ ਪਾਵਤਿ ਕਰਿ ਜਾਤਿ ਹੈ ਗਨ ਕ੍ਰਿਖੀ ਬਿਗਾਰੈ।
ਇਕ ਤੌ ਜਾਚੀ ਬਸਤੁ ਜੋ ਹਮ ਬਜਾਹ ਮਝਾਰੀ।
ਪਰੇ ਕਾਮ ਸਭਿ ਲੇਤਿ ਹੈਂ ਇਹ ਜਗ ਮਹਿਂ ਕਾਰੀ॥ ੨੯॥

ਸਾਡੇ ਦੇਸ਼ ਵਿਚ ਵੱਸਦੇ ਹੋਏ, ਨਿਤ ਦੂਣ ਵਿਚ ਫਿਰਦੇ ਹਨ। ਮਨ-ਭਾਉਂਦਾ ਸ਼ਿਕਾਰ ਖੇਡ ਜਾਂਦੇ ਹਨ ਤੇ ਬਹੁਤ ਖੇਤੀ ਖਰਾਬ ਕਰਦੇ ਹਨ। ਇਕ ਜਿਹੜੀ ਵਸਤੂ ਵਿਆਹ ਵਾਸਤੇ ਮੰਗੀ ਸੀ, ਲੋੜ ਪੈਣ ਤੇ ਸਾਰੇ ਮੰਗ ਲੈਂਦੇ ਹਨ, ਇਹ ਜਗ ਦਾ ਕਾਰ-ਵਿਹਾਰ ਹੈ॥ ੨੯॥

ਸੋ ਤੌ ਦੇਨੀ ਕਿਤ ਰਹੀ ਜੋ ਲੇਨਿ ਪਠਾਏ।
ਤਿਨ ਕੋ ਕਰਿ ਅਪਮਾਨ ਬਹੁ ਪੁਰਿ ਤੇ ਨਿਕਸਾਏ।
ਸੋ ਸੁਨਿ ਐਸੀ ਬਾਤ ਕੋ ਜਰਤੀ ਬਹੁ ਛਾਤੀ।
ਚਿੰਤਾ ਸੌਂ ਦਿਨ ਗੁਜ਼ਰਤੋ ਨਹਿਂ ਨੀਂਦ ਸੁ ਰਾਤੀ'॥ ੩੦॥

ਉਹ ਦੇਣੀ ਤਾਂ ਕਿਤੇ ਰਹੀ, ਜੋ ਲੈਣ ਭੇਜੇ ਸਨ, ਉਨ੍ਹਾਂ ਦਾ ਵੀ ਬਹੁਤ ਅਪਮਾਨ ਕਰਕੇ ਨਗਰ ਵਿਚੋਂ ਕੱਢ ਦਿੱਤਾ। ਇਸ ਕਰਕੇ ਐਸੀ ਗੱਲ ਸੁਣ ਕੇ ਛਾਤੀ ਬਹੁਤ ਸੜਦੀ ਹੈ, ਵੱਡੀ ਚਿੰਤਾ ਵਿਚ ਦਿਨ ਗੁਜਰਦਾ ਹੈ ਤੇ ਰਾਤ ਨੂੰ ਨੀਂਦ ਨਹੀਂ ਆਉਂਦੀ ਹੈ"॥ ੩੦॥

ਚਤੁਰ ਕ੍ਰਿਪਾਲ ਕਟੋਚੀਆ ਬਡ ਬੈਰ ਬਧਾਵਾ।
ਹਮ ਕੋ ਲੇ ਗੁਰ ਸੌਂ ਲਰਹਿ ਇਹ ਹਮ ਨਹਿਂ ਭਾਵਾ।
ਰਹਤਿ ਹਟਾਵਨਿ ਕੋ ਰਿਦੇ ਕਹਿ ਸਭਾ ਮਝਾਰਾ।
'ਅਬਿ ਤੌ ਇਮਹੀ ਰਹਿਨਿ ਦਿਹੁ ਛੇਰਹੁ ਨਹਿਂ ਰਾਰਾ॥ ੩੧॥

ਚਤੁਰ ਕ੍ਰਿਪਾਲ ਕਟੋਚੀਏ ਨੇ ਗੁਰੂ ਜੀ ਨਾਲ ਭੀਮ ਚੰਦ ਦਾ ਬਹੁਤ ਵੈਰ ਵਧਾ ਦਿੱਤਾ ਸੀ ਤੇ ਫਿਰ ਚਿੱਤ ਵਿਚ ਕਹਿੰਦਾ ਹੈ ਕਿ ਸਾਨੂੰ ਨਾਲ ਲੈ ਕੇ ਗੁਰੂ ਜੀ ਨਾਲ ਲੜੇ, ਇਹ ਸਾਡੇ ਮਨ ਨੂੰ ਚੰਗਾ ਨਹੀਂ ਲੱਗਦਾ ਹੈ। ਦਿਲ ਵਿਚ ਲੜਾਈ ਨੂੰ ਹਟਾਉਣਾ ਚਾਹੁੰਦਾ ਹੈ ਤੇ ਉਸ ਨੇ ਸਾਰਿਆਂ ਨੂੰ ਕਿਹਾ, "ਹੁਣ ਤਾਂ ਇਸ ਤਰ੍ਹਾਂ ਹੀ ਰਹਿਣ ਦੇਵੋ, ਝਗੜਾ ਨਾ ਛੇੜੋ॥ ੩੧॥

ਰਚੀਅਹਿ ਉਤਸਵ ਬਜਾਹ ਕੋ ਪੂਰਵਹੁ ਸਭਿ ਕਾਜਾ।
ਜਸੁ ਲਿਹੁ ਦੇ ਕਰਿ ਦਰਬ ਕੋ ਮਿਲਿ ਹੈਂ ਗਨ ਰਾਜਾ।
ਤਹਾਂ ਮੰਤ੍ਰ ਗਿਨ ਸਭਿਨਿ ਸੌਂ ਕਰਿ ਲੇਹੁ ਸਹਾਈ।
ਫਤੇ ਸ਼ਾਹ ਆਦਿਕ ਸਕਲ ਜਿਮ ਦੇਹਿਂ ਬਤਾਈ॥ ੩੨॥

ਵਿਆਹ ਦਾ ਉਤਸਵ ਕਰੋ, ਤੇ ਸਾਰੇ ਕਾਰਜ ਪੂਰੇ ਕਰੋ। ਧਨ ਦੇ ਕੇ ਜੱਸ ਪ੍ਰਾਪਤ ਕਰੋ, ਬਹੁਤ ਰਾਜੇ ਇਕੱਠੇ ਹੋਣਗੇ। ਉਥੇ ਸਲਾਹ ਕਰਕੇ ਸਾਰਿਆਂ ਨੂੰ ਆਪਣੇ ਸਹਾਇਕ ਬਣਾ ਲਵੋ, ਫ਼ਤਹਿ ਸ਼ਾਹ ਆਦਿ ਜਿਹੜੇ ਰਾਜੇ ਹਨ, ਸਾਰਿਆਂ ਨੂੰ ਦੱਸ ਦੇਵੋ॥ ੩੨॥

ਸਖਾ ਸੰਬੰਧੀ ਕਿਤਿਕ ਪ੍ਰਿਯ ਸਗਰੇ ਹਿਤਕਾਰੀ।
ਪੁਨ ਜਿਮ ਚਾਹੈਂ ਤਿਮ ਕਰਹਿਂ ਹੁਇ ਦਲ ਬਲ ਭਾਰੀ'।
ਸੁਨਿ ਕ੍ਰਿਪਾਲ ਕੇ ਮੰਤ੍ਰ ਕੋ ਸਭਿਹੂੰਨਿ ਸਰਾਹਾ।
'ਰਾਜਨੀਤਿ ਕੀ ਰੀਤਿ ਇਹ ਮਾਨਹੁਂ ਮਨ ਮਾਹਾ'॥ ੩੩॥

ਦੋਸਤ ਮਿੱਤਰ, ਸੰਬੰਧੀ ਪਿਆਰੇ ਸਾਰੇ ਹੀ ਹਿਤੂ ਹਨ, ਫਿਰ ਜਿਵੇਂ ਚਾਹੋ ਉਸ ਤਰ੍ਹਾਂ ਵੱਡੀ ਸੈਨਾ ਇਕੱਠੀ ਕਰੋ।" ਇਹ ਸੁਣ ਕੇ ਕ੍ਰਿਪਾਲ ਕਟੋਚੀਏ ਦੀ ਸਲਾਹ ਦੀ ਸਾਰਿਆਂ ਨੇ ਸ਼ਲਾਘਾ ਕੀਤੀ, "ਇਹ ਰਾਜਨੀਤੀ ਦੀ ਰੀਤ ਹੈ, ਇਸ ਨੂੰ ਮਨ ਵਿਚ ਮੰਨੋ"॥ ੩੩॥

ਕਹੇ ਸਭਿਨਿ ਕੇ ਕੌਪ ਕੋ ਮਨ ਤੇ ਤਜਿ ਦੀਨਾ।
ਭੀਮ ਚੰਦ ਮਾਨਜੋਂ ਕਹਜੋ ਉੱਦਮ ਨਹਿੰ ਕੀਨਾ।
ਫਸਜੋ ਬਜਾਹ ਕੇ ਕਾਜ ਮਹਿੰ ਬਹੁ ਮੇਲ ਬੁਲਾਏ।
ਬ੍ਰਿੰਦ ਸੰਬੰਧੀ ਜਿਤ ਕਿਤਹੁੰ ਉਤਲਾਵਤਿ ਆਏ॥ ੩੪॥

ਸਾਰਿਆਂ ਦੇ ਕਹਿਣ ਉੱਤੇ ਰਾਜੇ ਭੀਮ ਚੰਦ ਨੇ ਆਪਣੇ ਮਨ ਦੇ ਗੁੱਸੇ ਨੂੰ ਛੱਡ ਦਿੱਤਾ, ਭੀਮ ਚੰਦ ਕਿਹਾ ਮੰਨ ਗਿਆ ਤੇ ਲੜਾਈ ਦਾ ਉੱਦਮ ਨਾ ਕੀਤਾ। ਵਿਆਹ ਦੇ ਕਾਰਜ ਵਿਚ ਫਸਿਆ ਸੀ ਤੇ ਬਹੁਤ ਮੇਲ ਬੁਲਾਇਆ ਸੀ। ਬਹੁਤ ਸੰਬੰਧੀ ਜਿੱਥੋਂ ਕਿੱਥੋਂ ਉਤਾਵਲੇ ਹੋ ਕੇ ਚਲ ਕੇ ਆ ਗਏ॥ ੩੪॥

ਜੇਤਿਕ ਗਿਰਪਤਿ ਤਹਿੰ ਹੁਤੇ ਨ੍ਰਿਪ ਕੇ ਹਿਤਕਾਰੀ।
ਬਹੁਰ ਸਬੰਧੀ ਸਭਿ ਅਏ ਸੈਨਾ ਸੰਗ ਸਾਰੀ।
ਗੁਰ ਸੋਂ ਧਾਰਿ ਬਿਰੋਧ ਕੋ ਦਿਢ ਮੂਰਖ ਮਾਨੀ।
ਚਹਤਿ ਲੇਉਂ ਪਲਟਾ ਪੁਨਹਿ ਕਰਿ ਚਮੂੰ ਮਹਾਨੀ॥ ੩੫॥

ਜਿਹੜੇ ਉਥੇ ਰਾਜੇ ਭੀਮ ਚੰਦ ਦੇ ਹਿਤੂ ਸਨ, ਉਹ ਵੀ ਗਏ ਪਏ ਤੇ ਹੋਰ ਸੰਬੰਧੀ ਵੀ ਆਪਣੀ-ਆਪਣੀ ਸੈਨਾ ਸੰਗ ਆਏ। ਗੁਰੂ ਜੀ ਨਾਲ ਵਿਰੋਧਤਾ ਨੂੰ ਮੂਰਖ ਹੰਕਾਰੀ ਨੇ ਦ੍ਰਿੜ੍ਹ ਕਰ ਲਿਆ, ਫਿਰ ਬਹੁਤ ਸੈਨਾ ਇਕੱਠੀ ਕਰਕੇ ਬਦਲਾ ਲਵਾਂਗਾ ੩੫॥

*ਪਹਿਲੀ ਰੁੱਤ ਦਾ ਇਕਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੧॥*

## *ਅਧਿਆਇ ਬਤਾਲ੍ਹੀਵਾਂ*

### *ਮਾਤਾ ਜੀ ਨੂੰ ਸਮਝਾਉਣਾ*

ਦੋਹਰਾ- ਇਤਿ ਕਲਗ਼ੀਧਰ ਤਰੁਨ ਬਯ ਸੁੰਦਰ ਰੂਪ ਸੁਹਾਇ।
ਜਬਿ ਤੇ ਪੰਮਾਂ ਕੇਸਰੀ ਮਾਰਿ ਦਿਯੋ ਨਿਕਸਾਇ॥ ੧॥

ਏਧਰ ਕਲਗ਼ੀਧਰ ਗੁਰੂ ਜੀ ਦੀ ਜਵਾਨ ਉਮਰ ਹੈ ਤੇ ਸੁੰਦਰ ਰੂਪ ਸ਼ੋਭ ਰਿਹਾ ਹੈ। ਜਦ ਦਾ ਪੰਮੇ ਪ੍ਰੋਹਿਤ ਅਤੇ ਰਾਜੇ ਕੇਸਰੀ ਚੰਦ ਨੂੰ ਕੁੱਟ ਮਾਰ ਕੇ ਅਨੰਦਪੁਰ ਵਿਚੋਂ ਕੱਢਿਆ ਹੈ॥ ੧॥

*ਨਿਸ਼ਾਨੀ ਛੰਦ-* ਤਬਿ ਤੇ ਜੰਗ ਸਮਾਜ ਕੋ ਅਧਿਕਾਇ ਵਧਾਵਹਿੰ।
ਤਜਾਰੀ ਸ਼ਸਤ੍ਰ ਤੁਰੰਗ ਕੀ ਨੀਕੇ ਕਰਿਵਾਵਹਿੰ।
ਬਖਸ਼ਤਿ ਹੈਂ ਗਨ ਸੁਭਟ ਕੋ ਬਹੁ ਦੇ ਉਤਸਾਹਾ।
ਛੁਟਹਿੰ ਤੁਫੰਗਨ ਕੀ ਸ਼ਲਖ ਬਡ ਨਾਦ ਉਠਾਹਾ॥ ੨॥

ਤਦ ਤੋਂ ਜੰਗੀ ਸਾਜ਼ੋ-ਸਾਮਾਨ ਨੂੰ ਬਹੁਤ ਵਧਾ ਰਹੇ ਸਨ। ਸ਼ਸਤਰਾਂ ਅਤੇ ਘੋੜਿਆਂ ਦੀ ਬੜੀ ਚੰਗੀ ਤਰ੍ਹਾਂ ਤਿਆਰੀ ਕਰਵਾ ਰਹੇ ਸਨ। ਸੂਰਮਿਆਂ ਨੂੰ ਉਤਸ਼ਾਹ ਦੇ ਕੇ ਹਥਿਆਰ ਬਖਸ਼ਦੇ ਸਨ। ਜਦ ਬੰਦੂਕਾਂ ਦੀਆਂ ਸ਼ਲਖਾਂ ਛੁਟਦੀਆਂ ਸਨ, ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ॥ ੨॥

ਕਰਹਿਂ ਪ੍ਰਤੀਖਨ ਸ਼ੱਤ੍ਰੂ ਕੀ ਜਿਮ ਪਾਹੁਨ ਆਵੈਂ।
ਹਿਤ ਜ਼ਜਾਫਤ ਤਜਾਰੀ ਕਰਤਿ ਜੋ ਚਹੈ ਮੰਗਾਵੈਂ।
ਤੇਗੇ ਘੇਵਰ, ਸਿਪਰ ਕੋ ਬਨਵਾਇ ਰਕੇਬੀ।
ਗੁਲਕਾਂ ਸ਼ੱਕਰਪਾਰੀਆਂ ਗਨ ਕਰਿਹੈਂ ਦੈਬੀ॥ ੩॥

ਵੈਰੀ ਦੀ ਇਸ ਤਰ੍ਹਾਂ ਉਡੀਕ ਕਰ ਰਹੇ ਸਨ, ਜਿਵੇਂ ਪ੍ਰਾਹੁਣਿਆਂ ਨੇ ਆਉਣਾ ਹੁੰਦਾ ਹੈ, ਪ੍ਰਾਹੁਣਾਚਾਰੀ ਵਾਸਤੇ ਤਿਆਰੀ ਕਰਦੇ ਸਨ ਤੇ ਜੋ ਲੋੜੀਂਦਾ ਹੈ, ਮੰਗਵਾਉਂਦੇ ਸਨ। ਤਲਵਾਰ ਰੂਪੀ ਘ੍ਰਿਤਪੂਰ ਦੀ ਮਿਠਿਆਈ ਬਣਾਉਂਦੇ ਸਨ ਤੇ ਢਾਲਾਂ ਰੂਪੀ ਰਕੇਬੀਆਂ ਬਣਾਉਂਦੇ ਸਨ। ਗੋਲੀਆਂ ਰੂਪੀ ਸ਼ਕਰਪਾਰੇ ਤਿਆਰ ਕਰ ਰਹੇ ਸਨ, ਉਨ੍ਹਾਂ ਪ੍ਰਾਹੁਣਿਆਂ ਨੂੰ ਦੇਣਗੇ॥ ੩॥

ਕਰਛੀ ਬਿੰਦ ਬੰਦੂਕ ਧਰਿ ਪਰੁਸਹਿਂ ਤਤਕਾਲਾ।
ਚਤੁਰ ਰਸੋਈਏ ਸੂਰਮੇ ਧਰਿ ਸ਼ੀਘ੍ਰ ਬਿਸ਼ਾਲਾ।
ਬਨਹਿਂ ਜਲੇਬ ਸ਼ਿਤਾਬ ਗਨ ਖਰ ਖਪਰੇ ਭਾਲੇ।
ਤ੍ਰਿਪਤਿ ਕਰਹਿਂ ਬਹੁ ਰਿਪੁਨ ਕੋ ਹੁਇ ਰਹੇ ਉਤਾਲੇ॥ ੪॥

ਕੜਛੀ ਰੂਪੀ ਬੰਦੂਕ ਧਰ ਕੇ ਤੁਰਤ ਪਰੋਸਣਗੇ। ਚਤੁਰ ਸੂਰਮੇ ਰੂਪੀ ਰਸੋਈਏ ਬਹੁਤ ਛੇਤੀ ਅੱਗੇ ਧਰ ਦੇਣਗੇ। ਤਿੱਖੇ ਬਾਣ ਮਾਨੋ ਜਲੇਬ ਹੋਣਗੇ ਤੇ ਉਹ ਬੜੇ ਉਤਾਵਲੇ ਹੋ ਕੇ ਵੈਰੀਆਂ ਨੂੰ ਹਰ ਪੱਖੋਂ ਤ੍ਰਿਪਤ ਕਰਨਗੇ॥ ੪॥

ਪੰਚ ਦਿਵਸ ਬੀਤੇ ਜਬਹਿ ਅਰਿ ਆਇ ਨ ਕੋਈ।
ਸਤਿਗੁਰ ਚਢੇ ਅਖੇਰ ਕੋ ਸੰਗ ਸੈਨਾ ਹੋਈ।
ਚਲੇ ਅਨੰਦਪੁਰਿ ਤੇ ਬਜਯੋ ਰਣਜੀਤ ਨਗਾਰਾ।
ਜਹਾਂ ਗਿਰਨਿ ਕੀ ਕੰਦਰਾ ਸਮ ਦੂਨ ਉਦਾਰਾ॥ ੫॥

ਜਦ ਪੰਜ ਦਿਨ ਬੀਤ ਗਏ ਤਾਂ ਕੋਈ ਵੀ ਵੈਰੀ ਨਾ ਆਇਆ ਤਾਂ ਸਤਿਗੁਰੂ ਜੀ ਆਪਣੀ ਸੈਨਾ ਸਮੇਤ ਸ਼ਿਕਾਰ ਖੇਡਣ ਚਲੇ ਗਏ। ਜਦ ਅਨੰਦਪੁਰ ਤੋਂ ਚਲੇ ਤਾਂ ਰਣਜੀਤ ਨਗਾਰਾ ਵੱਜਿਆ ਤੇ ਉਥੇ ਪਹੁੰਚ ਗਏ ਜਿਥੇ ਪਹਾੜ ਦੀ ਗੁਫਾ ਵਾਂਗ ਵੱਡੀ ਦੂਨ ਹੈ॥ ੫॥

ਤਿਤਕੋ ਗਮਨੇ ਪੰਥ ਮਹਿਂ ਰਜ ਗਗਨ ਚਢਾਈ।
ਉਠੇ ਨਾਦ ਗਨ ਤੁਪਕ ਕੇ ਜਨੁ ਮਚੀ ਲਰਾਈ।
ਚੀਤੇ, ਕੂਕਰ, ਬਾਜ ਲੇ, ਬਹਿਰੀ, ਸੀਚਾਨੇ।
ਕਾਨਨ ਮਹਿਂ ਬਿਚਰਤਿ ਪ੍ਰਭੂ ਮ੍ਰਿਗ ਕੇਤਿਕ ਹਾਨੇ॥ ੬॥

ਓਧਰ ਚੜ੍ਹਾਈ ਚੜ੍ਹਦਿਆਂ ਬਹੁਤ ਧੂੜ ਅਕਾਸ਼ ਵਿਚ ਚੜ੍ਹ ਗਈ ਤੇ ਓਥੇ ਬਹੁਤ ਉੱਚੀ ਗੋਲੀਆਂ ਦੀ ਆਵਾਜ਼ ਗੂੰਜੀ ਜਿਵੇਂ ਲੜਾਈ ਮਚੀ ਹੋਵੇ। ਚੀਤੇ, ਕੁੱਤੇ, ਬਾਜ਼ ਅਤੇ ਬਹਿਰੀਆਂ ਲੈ ਕੇ ਗੁਰੂ ਜੀ ਜੰਗਲ ਵਿਚ ਫਿਰ ਰਹੇ ਸਨ। ਉਨ੍ਹਾਂ ਨੇ ਕਈ ਹਿਰਨ ਮਾਰੇ॥ ੬॥

ਗਜ ਬਾਜੀ ਜੋਧੇ ਚਢੇ ਪਿਖਿ ਕਰਹਿਂ ਅਖੇਰੇ।
ਮਨ ਭਾਵਤਿ ਫਿਰਿ ਬਿਪਨ ਮਹਿਂ, ਸ਼ੱਤ੍ਰੂ ਨਹਿਂ ਨੇਰੇ।
ਬਹੁਰ ਅਨੰਦਪੁਰਿ ਕੋ ਹਟੇ ਧੌਂਸਾ ਧੁੰਕਾਰੇ।
ਆਇ ਕੋਹੀਆ ਗਨ ਮਿਲੇ ਕਰਿ ਭੇਟ ਅਗਾਰੇ॥ ੭॥

ਯੋਧੇ ਹਾਥੀਆਂ ਘੋੜਿਆਂ ਤੇ ਚੜ੍ਹੇ ਹੋਏ ਸਨ ਤੇ ਵੇਖ ਵੇਖ ਕੇ ਸ਼ਿਕਾਰ ਖੇਡਦੇ ਸਨ, ਮਨ-ਭਾਉਂਦੇ ਜੰਗਲ ਵਿਚ ਫਿਰ ਰਹੇ ਸਨ ਤੇ ਕੋਈ ਪਹਾੜੀਆ ਨੇੜੇ ਨਾ ਵੇਖਿਆ। ਫਿਰ ਨਗਾਰਾ ਵਜਾਉਂਦੇ ਹੋਏ ਅਨੰਦਪੁਰ ਵਲ ਮੁੜ ਪਏ। ਪਹਾੜੀਆਂ ਦੇ ਸਮੂਹ ਅੱਗੋਂ ਭੇਟਾ ਲੈ ਕੇ ਮਿਲੇ॥ ੭॥

ਤਿਸ ਕੋ ਨਹਿਂ ਨੁਕਸਾਨ ਹੁਇ ਜੋ ਸਨਮੁਖ ਜਾਹੀ।
ਕ੍ਰਿਖੀ ਆਦਿ ਬਹੁ ਬਿਘਨ ਤਿਹਂ ਜੋ ਆਇ ਨ ਪਾਹੀ।
ਲਖਿ ਸੰਧਜਾ ਪਹੁੰਚੇ ਸਦਨ ਉਤਰੇ ਸੁਖ ਪਾਏ।
ਜੋਧਾ ਨਿਜ ਨਿਜ ਮਿਸਲ ਮਹਿਂ ਥਿਰ ਹੁਇ ਹਰਖਾਏ॥ ੮॥

ਜਿਹੜਾ ਵੀ ਗੁਰੂ ਜੀ ਨੂੰ ਆ ਮਿਲਦਾ ਸੀ ਉਸ ਦਾ ਨੁਕਸਾਨ ਨਹੀਂ ਸੀ ਹੁੰਦਾ। ਉਸ ਦੀ ਫਸਲ ਆਦਿ ਵਿਚ ਬਹੁਤ ਵਿਘਨ ਪੈਂਦਾ ਸੀ, ਜਿਹੜਾ ਗੁਰੂ ਜੀ ਦੇ ਪਾਸ ਨਹੀਂ ਸੀ ਆਉਂਦਾ। ਸ਼ਾਮ ਹੋਈ ਵੇਖ ਕੇ ਗੁਰੂ ਜੀ ਘਰ ਜਾ ਕੇ ਉੱਤਰ ਪਏ ਤੇ ਸੁਖ ਪਾਇਆ। ਯੋਧੇ ਆਪਣੇ-ਆਪਣੇ ਟੋਲਿਆਂ ਵਿਚ ਮਿਲ ਕੇ ਪ੍ਰਸੰਨ ਹੋਏ॥ ੮॥

ਇਮ ਕੌਤਕ ਪਿਖਿ ਗੁਰੂ ਕੋ ਜੇ ਅਧਿਕ ਮਸੰਦਾ।
ਤਪਤਿ ਰਿਦੇ ਨਹਿਂ ਸਹਿ ਸਕਹਿਂ ਉਤਪਾਤ ਬਿਲੰਦਾ।
ਬਸਤਿ ਹੁਤੇ ਸੁਖ ਸ਼ਾਂਤਿ ਸੋਂ ਕੋ ਜਾਨਹਿ ਨਾਂਹੀ।
ਇਨਹੁਂ ਉਠਾਯਹੁ ਦੂੰਦ ਬਡ ਬਯ ਨਈ ਉਮਾਹੀ॥ ੯॥

ਇਸ ਤਰ੍ਹਾਂ ਦਾ ਕੌਤਕ ਵੇਖ ਕੇ ਜਿਹੜੇ ਵੱਡੇ ਮਸੰਦ ਸਨ, ਉਹ ਆਪਣੇ ਸੜਦੇ ਹਿਰਦੇ ਵਿਚ ਏਡੀ ਵੱਡੀ ਮੁਸੀਬਤ ਬਰਦਾਸ਼ਤ ਨਹੀਂ ਸੀ ਕਰ ਸਕਦੇ। ਕਹਿੰਦੇ ਸਨ, ਸੁਖ ਸ਼ਾਂਤੀ ਨਾਲ ਵੱਸਦੇ ਹੁੰਦੇ ਸੀ, ਕੋਈ ਨਹੀਂ ਸੀ ਜਾਣਦਾ, ਗੁਰੂ ਜੀ ਏਡਾ ਵੱਡਾ ਝਗੜਾ ਖੜਾ ਕਰ ਦੇਣਗੇ, ਨਵੀਂ ਉਮਰ ਦਾ ਉਤਸ਼ਾਹ ਹੈ॥ ੯॥

ਕਬਿ ਸ੍ਰੀ ਗੁਜਰੀ ਨਿਕਟ ਕਹਿਂ ਕਹਿ ਕਹਿ ਸਮੁਝਾਵਹਿਂ।
'ਕਜੋਂ ਨ ਬਿਚਾਰਹੁ ਮਾਤ ਜੀ ਬਡ ਬੈਰ ਬਧਾਵਹਿਂ।
ਸਾਹਿਬਜ਼ਾਦੇ ਕੀ ਉਮਰ ਅਬਿ ਅਹੈ ਨਵੀਨੀ।
ਰਣ ਬਿਨ ਕਰਹਿਂ ਨ ਬਾਰਤਾ ਗਤਿ ਅਜਹੁਂ ਨ ਚੀਨੀ॥ ੧੦॥

ਕਦੀ ਮਾਤਾ ਗੁਜਰੀ ਜੀ ਦੇ ਪਾਸ ਜਾ ਕੇ ਕਹਿ ਕਹਿ ਕੇ ਸਮਝਾਉਂਦੇ ਸਨ, "ਹੇ ਮਾਤਾ ਜੀ ! ਕਿਉਂ ਵਿਚਾਰ ਨਹੀਂ ਕਰਦੇ ਹੋ, ਵੱਡਾ ਵੈਰ ਵਧਾ ਰਹੇ ਹਨ। ਸਾਹਿਬਜ਼ਾਦੇ ਦੀ ਹਾਲੇ ਨਵੀਂ ਉਮਰ ਹੈ, ਯੁੱਧ ਤੋਂ ਬਗ਼ੈਰ ਗੱਲ ਹੀ ਨਹੀਂ ਕਰਦੇ ਹਨ, ਸਾਥੋਂ ਉਨ੍ਹਾਂ ਦੀ ਗਤੀ ਸਮਝੀ ਨਹੀਂ ਜਾਂਦੀ ਹੈ॥ ੧੦॥

ਦੁੱਖ ਬਡੇ ਸੰਗ੍ਰਾਮ ਮਹਿਂ ਨਹਿਂ ਨਯਨ ਨਿਹਾਰੇ।
ਆਨ ਪਰਹਿ ਗਰ, ਲਖਹਿਂ ਤਬਿ ਹੁਇ ਨਾ ਉਪਚਾਰੇ।
ਭੀਮਚੰਦ ਸੈਲਿੰਦ੍ਰ ਬਡ ਜਨ ਤਿਸ ਕੇ ਆਏ।
ਘਨੋ ਕੀਨਿ ਅਪਮਾਨ ਕੋ ਹਤਿ ਵਹਿਰ ਕਢਾਏ॥ ੧੧॥

ਯੁੱਧਾਂ ਵਿਚ ਜਿਹੜੇ ਦੁਖ ਝਲਣੇ ਪੈਂਦੇ ਹਨ, ਉਹ ਹਾਲੇ ਅੱਖਾਂ ਨਾਲ ਨਹੀਂ ਵੇਖੇ, ਜਦ ਗਲ ਵਿਚ ਆ ਪੈਣਗੇ ਤਦ ਉਸ ਦਾ ਕੋਈ ਇਲਾਜ ਨਹੀਂ ਹੋਵੇਗਾ। ਭੀਮ ਚੰਦ ਇਕ ਵੱਡਾ ਪਹਾੜੀ ਰਾਜਾ ਹੈ, ਉਸ ਦੇ ਮਨੁੱਖ ਆਏ ਸਨ, ਉਨ੍ਹਾਂ ਦਾ ਵੱਡਾ ਅਪਮਾਨ ਕਰਕੇ ਕੁੱਟ ਮਾਰ ਕੇ ਨਗਰ ਵਿਚੋਂ ਕੱਢ ਦਿੱਤੇ ਹਨ॥ ੧੧॥

ਇਕਠੇ ਹੁਇ ਰਾਜੇ ਚਢਹਿੰ ਬਡ ਪਰੈ ਲਰਾਈ।
ਕੋ ਸਨਮੁਖ ਤਬਿ ਹੋਇ ਹੈ ਜਿਨ ਦਲ ਸਮੁਦਾਈ।
ਮਾਰ ਬਕਾਰਾ ਨਿਤ ਕਰਹਿੰ ਦਿੱਲੀ ਲੂਟ ਲੈਹੈਂ।
ਲਵਪੁਰਿ ਠਾਣਾ ਪਾਇ ਕਰਿ ਮੁਲਤਾਨ ਮਲੈਹੈਂ॥ ੧੨॥

ਜੇ ਸਾਰੇ ਰਾਜੇ ਇਕੱਠੇ ਹੋ ਕੇ ਪੈਣਗੇ ਤਾਂ ਵੱਡੀ ਲੜਾਈ ਛਿੜ ਜਾਵੇਗੀ, ਉਨ੍ਹਾਂ ਦੇ ਸਾਹਮਣੇ ਫਿਰ ਕੌਣ ਹੋਵੇਗਾ, ਜਿਨ੍ਹਾਂ ਪਾਸ ਅਨੇਕਾਂ ਫੌਜਾਂ ਹਨ। ਨਿਤ ਲਲਕਾਰੇ ਮਾਰਦੇ ਹਨ ਕਿ ਦਿੱਲੀ ਲੁੱਟ ਲਵਾਂਗੇ ਤੇ ਲਾਹੌਰ ਵਿਚ ਠਾਣਾ ਬਣਾ ਕੇ ਮੁਲਤਾਨ ਨੂੰ ਮੱਲ ਲਵਾਂਗੇ॥ ੧੨॥

ਦੌਰ ਪਸ਼ੌਰਹਿੰ ਰੌਰ ਕਰਿ ਸਭਿ ਲੇਂ ਪੰਜਾਬਾ।
ਹਤਹਿੰ ਪਹਾਰੀ ਤੁਰਕ ਗਨ ਦੇਸ਼ਨਿ ਲੇਂ ਦਾਬਾ।
ਸਗਰੋ ਜਗ ਸ਼ੱਤ੍ਰੂ ਬਨਹਿ ਸੁਨਿ ਸੁਨਿ ਇਨ ਬੈਨਾ।
ਬਸਿਬੋ ਮੁਸ਼ਕਲ ਹੋਇ ਜਬਿ ਕਿਤ ਘਾਲਹਿੰ ਐਨਾ?'॥ ੧੩॥

ਦੌੜ ਕੇ ਪਸ਼ੌਰ ਤਕ ਰੌੜ ਕਰਕੇ ਸਾਰਾ ਪੰਜਾਬ ਲੈ ਲੈਣਾ ਹੈ। ਪਹਾੜੀਏ ਅਤੇ ਤੁਰਕਾਂ ਨੂੰ ਮਾਰ ਕੇ ਬਹੁਤ ਦੇਸ਼ਾਂ ਨੂੰ ਦੱਬ ਲਵਾਂਗੇ। ਇਨ੍ਹਾਂ ਬੋਲਾਂ ਨੂੰ ਸੁਣ ਸੁਣ ਕੇ ਸਾਰਾ ਜਗ ਵੈਰੀ ਬਣ ਜਾਵੇਗਾ। ਜਦ ਵੱਸਣਾ ਹੀ ਮੁਸ਼ਕਲ ਹੋ ਜਾਵੇਗਾ ਤਾਂ ਫਿਰ ਘਰ ਕਿੱਥੇ ਬਣਾਵਾਂਗੇ?"॥ ੧੩॥

ਸ੍ਰੀ ਗੁਜਰੀ ਉੱਤਰ ਕਹੈ 'ਮੈਂ ਬਹੁ ਕਹਿ ਹਾਰੀ।
ਨਹੀਂ ਮਿਟਤਿ ਨਿਜ ਬਲ ਕਰਹਿੰ ਰਾਖਤਿ ਦਲ ਭਾਰੀ।
ਰਿਦੇ ਡਰੌਂ ਰਿਸ ਤੇ ਕਛੂ ਕਿਮ ਨਹੀ ਬਖਾਨੈਂ।
ਮੁਖ ਤੇ ਨਿਕਸਹਿ ਤਥਾ ਹੁਇ ਸਗਰੇ ਇਮ ਜਾਨੈਂ॥ ੧੪॥

ਮਾਤਾ ਜੀ ਨੇ ਉੱਤਰ ਦਿੱਤਾ, "ਮੈਂ ਬਹੁਤ ਕਹਿ ਕੇ ਹਾਰ ਗਈ ਹਾਂ ਆਪਣੀ ਸ਼ਕਤੀ ਨੂੰ ਨਹੀਂ ਹਟਾਉਣਗੇ ਤੇ ਭਾਰੀ ਫੌਜ ਰੱਖਣਗੇ। ਮੈਂ ਦਿਲ ਵਿਚ ਡਰਦੀ ਹਾਂ ਕਿ ਗੁੱਸੇ ਵਿਚ ਆ ਕੇ ਕੁਝ ਹੋਰ ਨਾ ਕਹਿ ਦੇਣ, ਤੁਸੀਂ ਜਾਣਦੇ ਹੀ ਹੋ ਕਿ ਜੋ ਵੀ ਮੁਖ ਤੋਂ ਕੱਢਦੇ ਹਨ, ਪੂਰਾ ਹੋ ਜਾਂਦਾ ਹੈ"॥ ੧੪॥

ਸੁਨਤਿ ਮਸੰਦਨ ਤੇ ਬਹੁਰ ਕਬਿ ਸੁਤ ਢਿਗ ਆਵੈ।
ਮ੍ਰਿਦੁਲ ਦਿਲਾਸੇ ਕੇ ਸਹਿਤ ਸੁਤ ਕੋ ਸਮੁਝਾਵੈ।
'ਸੁਨਹੁ ਪੁੱਤ੍ਰ! ਬਡ ਰਣ ਕਰੇ ਤੁਮਰੇ ਜੁ ਪਿਤਾਮਾ।
ਲਾਖਹੁੰ ਤੁਰਕ ਸੰਘਾਰ ਕਰਿ ਭੇਜੇ ਜਮ ਧਾਮਾ॥ ੧੫॥

ਮਸੰਦਾਂ ਪਾਸੋਂ ਸੁਣ ਕੇ ਫਿਰ ਕਦੀ ਪੁੱਤਰ ਦੇ ਪਾਸ ਆ ਜਾਂਦੇ ਸਨ। ਮਿੱਠੇ ਦਿਲਾਸੇ ਦੇ ਨਾਲ ਫਿਰ ਪੁੱਤਰ ਨੂੰ ਸਮਝਾਉਂਦੇ ਸਨ। "ਹੇ ਪੁੱਤਰ ! ਸੁਣੋ, ਤੁਹਾਡੇ ਪਿਤਾਮਾ ਜੀ ਨੇ ਬਹੁਤ ਯੁੱਧ ਕੀਤੇ ਸਨ, ਲੱਖਾਂ ਤੁਰਕ ਮਾਰ ਮਾਰ ਕੇ ਜਮਾਂ ਦੇ ਘਰ ਭੇਜ ਦਿੱਤੇ ਸਨ॥ ੧੫॥

ਤਿਨ ਕੀ ਕ੍ਰਿਤ ਕੁਛ ਛਪੀ ਨਹਿੰ ਜਗ ਜਾਨਹਿੰ ਸਾਰਾ।
ਤਊ ਲਖਹੁ ਇਕ ਸ਼ਾਹ ਸੌਂ ਬਡ ਜੰਗ ਅਖਾਰਾ।

ਅਪਰਨਿ ਸੋਂ ਮੇਲਾ ਰਹਜੋ ਗੁਰ ਕੋ ਅਨੁਸਾਰੇ।
ਚਿਤ ਚਾਹਤਿ ਬਿਚਰਤਿ ਰਹੇ ਸਗਰੇ ਹਿਤੁਵਾਰੇ॥ ੧੬॥

ਉਨ੍ਹਾਂ ਦੀ ਕ੍ਰਿਤ ਇਸ ਜਗ ਵਿਚ ਛੁਪੀ ਨਹੀਂ ਹੈ, ਸਾਰੇ ਜਾਣਦੇ ਹਨ। ਫਿਰ ਵੀ ਸਮਝੋ, ਉਨ੍ਹਾਂ ਦਾ ਕੇਵਲ ਇਕ ਸ਼ਾਹ ਜਹਾਨ ਨਾਲ ਹੀ ਜੰਗ ਦਾ ਅਖਾੜਾ ਸੀ। ਬਾਕੀ ਸਾਰਿਆਂ ਨਾਲ ਗੁਰੂ ਜੀ ਦਾ ਮੇਲ ਰਿਹਾ ਤੇ ਸਾਰੇ ਗੁਰੂ ਜੀ ਅਨੁਸਾਰ ਚਲਦੇ ਸਨ। ਤੇ ਸਾਰੇ ਹਿਤੂ ਆਪਣੇ ਚਿੱਤ ਦੀ ਚਾਹਤ ਅਨੁਸਾਰ ਵਿਚਰਦੇ ਰਹੇ॥ ੧੬॥

ਅਬਿ ਰਾਵਰ ਕੋ ਸਮੇ ਮਹਿਂ ਨੌਰੰਗ ਬਡ ਦੋਖੀ।
ਸ਼ਾਹਜਹਾਂ ਸੁਨਿ ਜਸੁ ਹਟਤਿ ਇਹ ਮਿਟਹਿ ਨ ਰੋਖੀ।
ਰਾਵਰ ਕੇ ਪਿਤ ਸੰਗ ਜਿਨ ਸਿਰ ਲੈ ਕਰਿ ਦ੍ਰੋਹਾ।
ਗੁਰੂ ਪੀਰ ਦਰਵੇਸ਼ ਗਨ ਸਭਿ ਸੋਂ ਇਹ ਰੋਹਾ॥ ੧੭॥

ਹੁਣ ਆਪ ਦੇ ਸਮੇਂ ਵਿਚ ਨੌਰੰਗਾ ਵੱਡਾ ਦੋਖੀ ਹੈ। ਸ਼ਾਹ ਜਹਾਨ ਤਾਂ ਉਨ੍ਹਾਂ ਦਾ ਜੱਸ ਸੁਣ ਕੇ ਹੱਟ ਗਿਆ, ਪਰ ਇਹ ਨੌਰੰਗਾ ਕ੍ਰੋਧੀ ਨਹੀਂ ਟਲੇਗਾ। ਆਪ ਜੀ ਦੇ ਪਿਤਾ ਜੀ ਦੇ ਨਾਲ ਜਿਸ ਸਿਰ ਲੈਣ ਤਕ ਧ੍ਰੋਹ ਕੀਤਾ। ਗੁਰੂ ਪੀਰ ਅਤੇ ਸਾਰੇ ਦਰਵੇਸ਼ਾਂ ਨਾਲ ਇਹ ਕ੍ਰੋਧ ਕਰਦਾ ਹੈ॥ ੧੭॥

ਇਕ ਤੌ ਸ਼ੱਤ੍ਰੂ ਬਿਸਾਲ ਸੋਂ ਦੱਖਣ ਗਾ ਪਾਪੀ।
ਸਕਲਦੇਸ਼ ਅਨੁਸਾਰਿ ਜਿਸ ਸੰਤਨ ਸੰਤਾਪੀ।
ਘਰ ਅਨੰਦਪੁਰਿ ਆਪਕੇ ਸੁੰਦਰ ਸਭਿ ਛੌਨੀ।
ਇਕ ਦਿਸ਼ਿ ਗਿਰ ਚਖ ਤੁੰਗ ਜੁਤਿ ਇਤ ਸਲਿਤਾ ਨੌਨੀ॥ ੧੮॥

ਇਕ ਤਾਂ ਉਹ ਨੌਰੰਗਾ ਵੱਡਾ ਵੈਰੀ ਹੈ, ਜਿਹੜਾ ਪਾਪੀ ਹੁਣ ਦੱਖਣ ਗਿਆ ਹੋਇਆ ਹੈ। ਇਸ ਸੰਤਾਂ ਦੇ ਵੈਰੀ ਦੇ ਨਾਲ ਸਾਰਾ ਦੇਸ਼ ਹੈ। ਅਨੰਦਪੁਰ ਆਪ ਦੇ ਘਰ ਸੁੰਦਰ ਪ੍ਰਿਥਵੀ ਹੈ। ਇਕ ਪਾਸੇ ਨੈਣਾਂ ਦੇਵੀ ਵਾਲੀ ਪਹਾੜੀ ਹੈ ਤੇ ਦੂਸਰੇ ਪਾਸੇ ਸੁੰਦਰ ਸਤਲੁਜ ਨਦੀ ਹੈ॥ ੧੮॥

ਗਨ ਰਾਜੇ ਸੈਲਨਪਤੀ ਇਨ ਕੇ ਢਿਗ ਬਾਸਾ।
ਬਹੁ ਬਨ ਕਰਨਿ ਅਖੇਰ ਕੋ ਨਿਤ ਕਰਹੁ ਬਿਲਾਸਾ।
ਭੀਮਚੰਦ ਸੋਂ ਸ਼ੱਤ੍ਰੂਤਾ ਤੁਮਰੀ ਬਨਿ ਆਈ।
ਸਗਰੇ ਰਾਜੇ ਸੈਲਪਤਿ ਜਿਸ ਕੇਰ ਸਹਾਈ॥ ੧੯॥

ਬਹੁਤ ਪਹਾੜੀ ਰਾਜਿਆਂ ਦਾ ਇਸ ਦੇ ਪਾਸ ਵਾਸਾ ਹੈ, ਸ਼ਿਕਾਰ ਖੇਡਣ ਵਾਸਤੇ ਬਹੁਤ ਜੰਗਲ ਹਨ, ਨਿਤ ਵਿਲਾਸ ਕਰੋ। ਭੀਮ ਚੰਦ ਨਾਲ ਤੁਹਾਡਾ ਵੈਰ ਪੈ ਗਿਆ ਹੈ, ਸਾਰੇ ਪਹਾੜੀ ਰਾਜੇ ਜਿਸ ਦੇ ਸਹਾਇਕ ਹਨ॥ ੧੯॥

ਪਰੇ ਜੰਗ ਹੁਇਂ ਏਕਠੇ ਸਭਿ ਹੀ ਚਢਿ ਆਵੈਂ।
ਬਸਿਬੋ ਭੀ ਮੁਸ਼ਕਲ ਬਨੈ ਕਜੋਂ ਸਮਤਾ ਪਾਵੈਂ।
ਹਿਤਕਾਰੀ ਗੁਰ ਸਦਨ ਕੇ ਇੱਤਜਾਦਿ ਬਿਚਾਰੈਂ।
ਚਿਤ ਚਿੰਤਾ ਬੀਸ ਨਿਤ ਰਹੇ ਤੁਮ ਢਿਗ ਨ ਉਚਾਰੈਂ॥ ੨੦॥

ਜੰਗ ਪੈਣ ਤੇ ਸਾਰੇ ਰਾਜੇ ਇਕੱਠੇ ਹੋ ਕੇ ਚੜ੍ਹ ਆਉਣਗੇ ਫਿਰ ਵੱਸਣਾ ਵੀ ਮੁਸ਼ਕਿਲ ਹੋ ਜਾਵੇਗਾ, ਬਰਾਬਰੀ ਕਿਵੇਂ ਪਾਵੋਗੇ। ਗੁਰੂ ਘਰ ਦੇ ਹਿਤੂ ਇਸ ਤਰ੍ਹਾਂ ਵਿਚਾਰ ਕਰਦੇ ਹਨ, ਉਹ ਸਦਾ ਹੀ ਆਪਣੇ ਮਨ ਚਿੰਤਾ ਵੱਸ ਰਹਿੰਦੇ ਹਨ, ਪਰ ਤੁਹਾਡੇ ਪਾਸ ਉਚਾਰਨ ਨਹੀਂ ਕਰਦੇ ਹਨ" ॥ ੨੦॥

ਜਨਨੀ ਕੇ ਸੁਨਿ ਬੈਨ ਕੋ ਕਲਗੀਧਰ ਭਾਖਾ।
'ਅਸ ਚਿੰਤਾ ਤੁਮ ਕਜੋਂ ਕਰੀ ਉਰ ਮਹਿਂ ਡਰ ਰਾਖਾ।
ਖੜਗਕੇਤੁ ਕੋ ਆਸਰੋ ਇਕ ਰਿਦੇ ਹਮਾਰੇ।
ਮਹਿਦ ਭਰੋਸਾ ਪ੍ਰਭੂ ਕੋ, ਨਰ ਕੌਨ ਬਿਚਾਰੇ॥ ੨੧॥

ਆਪਣੇ ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਗੁਰੂ ਜੀ ਬੋਲੇ, "ਐਸੀ ਚਿੰਤਾ ਤੁਸੀਂ ਕਿਉਂ ਕਰਦੇ ਹੋ, ਹਿਰਦੇ ਵਿਚ ਡਰ ਰਖਿਆ ਹੈ। ਸਾਡੇ ਹਿਰਦੇ ਵਿਚ ਇਕ ਅਕਾਲ ਪੁਰਖ ਦਾ ਆਸਰਾ ਹੈ, ਸਾਡਾ ਪ੍ਰਭੂ ਉੱਤੇ ਵੱਡਾ ਭਰੋਸਾ ਹੈ, ਇਹ ਮਨੁੱਖ ਵਿਚਾਰੇ ਕੌਣ ਹੁੰਦੇ ਹਨ॥ ੨੧॥

ਤੁਰਕੇਸ਼ੁਰ ਕੀ ਦ੍ਰਿੜ੍ਹ ਜਰ੍ਹਾਂ ਹਮ ਦੇਹਿਂ ਉਖਾਰੀ।
ਗੁਰ ਸਿਖ ਛੀਨਹਿਂ ਧਰਾ ਕੋ ਹ੍ਵੈ ਦਲ ਬਲ ਭਾਰੀ।
ਭੀਮਚੰਦ ਮਾਨੀ ਮਹਿਦ ਨਿਜ ਤੇਜ ਜਨਾਵੈ।
ਲਿਯੋ ਚਹਤਿ ਛਲ ਕਰਿ ਦੁਰਦ ਹਮ ਕੋ ਡਰਪਾਵੈ॥ ੨੨॥

ਤੁਰਕ ਬਾਦਸ਼ਾਹ ਦੀਆਂ ਪੱਕੀਆਂ ਜੜ੍ਹਾਂ ਅਸੀਂ ਉਖਾੜ ਦੇਵਾਂਗੇ ਸਾਡੇ ਗੁਰਸਿੱਖ ਸਾਰੀ ਧਰਤੀ ਖੋਹ ਲੈਣਗੇ, ਉਨ੍ਹਾਂ ਦਾ ਭਾਰੀ ਸੈਨਾ ਬਲ ਹੋਵੇਗਾ। ਭੀਮ ਚੰਦ ਵੱਡਾ ਹੰਕਾਰੀ ਹੈ ਜਿਹੜਾ ਸਦਾ ਆਪਣਾ ਤੇਜ ਜਿਤਾਉਂਦਾ ਹੈ, ਛਲ ਵਲ ਕਰਕੇ ਹਾਥੀ ਲੈਣਾ ਚਾਹੁੰਦਾ ਸੀ ਤੇ ਸਾਨੂੰ ਡਰਾਉਂਦਾ ਸੀ॥ ੨੨॥

ਕਰੌਂ ਜੰਗ ਤਿਸ ਸੰਗ ਅਸ ਪਿਖਿ ਜਾਇ ਪਲਾਈ।
ਨਤੁ ਰਾਖੋਂ ਰਣ ਖੇਤ ਮਹਿਂ ਜਮ ਧਾਮ ਪਠਾਈ।
ਹਮ ਛੱਤ੍ਰੀ ਡਰ ਨਹਿਂ ਕਰਹਿਂ, ਜੋ ਗਰਬ ਜਨਾਵੈ।
ਸਨਮੁਖ ਲੋਹਾ ਅਸ ਕਰਹਿਂ ਫਿਰ ਮੁਖ ਨ ਦਿਖਾਵੈ॥ ੨੩॥

ਉਸ ਦੇ ਨਾਲ ਐਸੀ ਜੰਗ ਕਰਾਂਗਾ ਕਿ ਵੇਖ ਕੇ ਭੱਜ ਜਾਵੇਗਾ ਨਹੀਂ ਤਾਂ ਉਸ ਨੂੰ ਰਣਖੇਤਰ ਵਿਚ ਰੱਖਾਂਗਾ ਤੇ ਜਮਾਂ ਦੇ ਘਰ ਭੇਜ ਦੇਵਾਂਗਾ। ਅਸੀਂ ਖੱਤਰੀ ਡਰਦੇ ਨਹੀਂ ਹਾਂ, ਜਿਹੜਾ ਵੀ ਸਾਨੂੰ ਹੰਕਾਰ ਵਿਖਾਉਂਦਾ ਹੈ, ਉਸ ਦੇ ਸਾਹਮਣੇ ਲੋਹਾ ਇਸ ਤਰ੍ਹਾਂ ਕਰਾਂਗੇ ਕਿ ਦੁਬਾਰਾ ਮੁਖ ਨਾ ਵਿਖਾਵੇ॥ ੨੩॥

ਥੋਰੇ ਅਰੁ ਬਹੁਤੇਨਿ ਕੋ ਇਕ ਪੁਰਖ ਅਕਾਲੰ।
ਜਿਸ ਕੀ ਆਇਸੁ ਪਾਇ ਹਮ ਧਰਿ ਜਨਮ ਦਿਖਾਲੰ।
ਦੈਹੌਂ ਦੁਸ਼ਟਨਿ ਦੰਡ ਕੋ ਜੋ ਅਹੈਂ ਕੁਚਾਲੀ।
ਸਿਖ ਅਪਨੇ ਰਾਜਾ ਕਰੌਂ ਛਿਤ ਛੀਨਿ ਬਿਸਾਲੀ'॥ ੨੪॥

ਥੋੜਿਆਂ ਤੇ ਬਹੁਤਿਆਂ ਦਾ ਇਕੋ ਅਕਾਲ ਪੁਰਖ ਹੈ, ਜਿਸ ਦੀ ਆਗਿਆ ਪਾ ਕੇ ਅਸੀਂ ਜਨਮ ਲਿਆ ਹੈ। ਉਨ੍ਹਾਂ ਦੁਸ਼ਟਾਂ ਨੂੰ ਦੰਡ ਦੇਵਾਂਗਾ ਜਿਹੜੇ ਪੁੱਠੇ ਕਾਰੇ ਕਰਦੇ ਹਨ ਤੇ ਆਪਣੇ ਸਿੱਖਾਂ ਨੂੰ ਰਾਜੇ ਬਣਾਵਾਂਗਾ ਤੇ ਵਿਸ਼ਾਲ ਧਰਤੀ ਖੋਹ ਲਵਾਂਗੇ'॥ ੨੪॥

ਇੱਤਜਾਦਿਕ ਹੁਇ ਬਾਰਤਾ ਬਰਨੈਂ ਬਹੁ ਬਾਰੀ।
ਕਾਤੁਰ ਜੰਗ ਮਿਟਾਵਤੇ ਉਰ ਮਹਿਂ ਡਰ ਧਾਰੀ।
ਚਾਹਤਿ ਜੋਧਾ ਜੁੱਧ ਕੋ ਹਮ ਹਤਹਿਂ ਪਹਾਰੀ।
ਮੂਰਖ ਮਹਿੰਮਾ ਗੁਰੂ ਕੀ ਨਹਿਂ ਸਕਹਿਂ ਬਿਚਾਰੀ॥ ੨੫॥

ਇਸ ਪ੍ਰਕਾਰ ਬਹੁਤ ਵਾਰ ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਵਿਚਕਾਰ ਵਾਰਤਾਲਾਪ ਚਲਦਾ ਸੀ। ਕਾਇਰ ਮਸੰਦ ਜੰਗ ਕਰਨ ਤੋਂ ਵਰਜਦੇ ਹਨ ਤੇ ਦਿਲ ਵਿਚ ਬਹੁਤ ਡਰ ਧਾਰਨ ਕਰਦੇ ਹਨ। ਜਿਹੜੇ ਯੋਧੇ ਸਨ, ਉਹ ਯੁੱਧ ਕਰਨਾ ਚਾਹੁੰਦੇ ਸਨ ਤੇ ਦਿਲ ਵਿਚ ਇਹ ਕਹਿੰਦੇ ਸਨ ਕਿ ਅਸੀਂ ਪਹਾੜੀਆਂ ਨੂੰ ਮਾਰਾਂਗੇ। ਮੂਰਖ ਮਸੰਦ ਆਪਣੇ ਗੁਰੂ ਜੀ ਦੀ ਮਹਿਮਾ ਨਹੀਂ ਵਿਚਾਰ ਸਕਦੇ ਹਨ॥ ੨੫॥

ਬਹੁ ਦੇਸ਼ਨ ਤੇ ਸੰਗਤਾਂ ਆਵਹਿਂ ਨਰ ਨਾਰੀ।
ਤਿਨ ਮਹਿਂ ਜੇ ਬਰ ਬੀਰ ਹੈਂ ਰਣ ਬਿਧਿ ਅਨੁਸਾਰੀ।
ਰਹੈਂ ਨਿਕਟ ਸਤਿਗੁਰੂ ਕੇ ਨਹਿਂ ਸਦਨ ਪਯਾਨੈਂ।
ਪਰਜੋ ਕਾਜ ਅਬਿ ਲਰਨਿ ਕੋ ਹਮ ਸ਼ੱਤ੍ਰਨਿ ਹਾਨੈਂ॥ ੨੬॥

ਬਹੁਤ ਦੇਸ਼ਾਂ ਵਿਚੋਂ ਇਸਤਰੀ-ਪੁਰਖ ਸੰਗਤਾਂ ਦੇ ਰੂਪ ਵਿਚ ਆਉਂਦੇ ਸਨ। ਉਨ੍ਹਾਂ ਵਿਚ ਜਿਹੜੇ ਸ੍ਰੇਸ਼ਟ ਸੂਰਬੀਰ ਯੁੱਧ ਦੀ ਵਿਧੀ ਅਨੁਸਾਰ ਹੁੰਦੇ ਸਨ, ਉਹ ਸਤਿਗੁਰੂ ਜੀ ਦੇ ਪਾਸ ਰਹਿੰਦੇ ਸਨ, ਆਪਣੇ ਘਰਾਂ ਵਿਚ ਨਹੀਂ ਜਾਂਦੇ ਸਨ। ਗੁਰੂ ਜੀ ਕਹਿੰਦੇ ਸਨ ਕਿ ਹੁਣ ਯੁੱਧ ਦਾ ਕਾਰਜ ਆ ਪਿਆ ਹੈ ਅਸੀਂ ਵੈਰੀਆਂ ਨੂੰ ਮਾਰਨਾ ਹੈ॥ ੨੬॥

ਇਮ ਉਤਸਾਹੀ ਸਿੱਖ ਜੇ ਬਾਸੈਂ ਗੁਰ ਪਾਸੇ।
ਨੰਦ ਚੰਦ ਸੁਧਿ ਸਭਿਨਿ ਕੀ ਦੇ ਬਾਸੁ ਰੁ ਗ੍ਰਾਸੇ।
ਉਤ ਨਿਜ ਪੁਰਿ ਅਰੁ ਦੇਸ਼ ਮਹਿਂ ਡਰ ਧਰਿ ਗਿਰਰਾਈ।
ਪਠਹਿ ਸੁਭਟ ਸਭਿ ਦਿਸ਼ਨਿ ਮਹਿਂ ਰਾਖਹਿਂ ਤਕਰਾਈ॥ ੨੭॥

ਇਸ ਤਰ੍ਹਾਂ ਜਿਹੜੇ ਉਤਸ਼ਾਹੀ ਸਿੱਖ ਹੁੰਦੇ ਸੀ, ਉਹ ਗੁਰੂ ਜੀ ਪਾਸ ਰਹਿੰਦੇ ਸਨ। ਨੰਦ ਚੰਦ ਸਾਰਿਆਂ ਦੀ ਖ਼ਬਰ ਲੈਂਦਾ ਸੀ ਤੇ ਉਨ੍ਹਾਂ ਨੂੰ ਟਿਕਾਣਾ ਤੇ ਭੋਜਨ ਦਿੰਦਾ ਸੀ। ਓਧਰ ਆਪਣੇ ਨਗਰ ਅਤੇ ਦੇਸ਼ ਵਿਚ ਪਹਾੜੀ ਰਾਜੇ ਡਰਦੇ ਮਾਰੇ ਸਾਰੇ ਪਾਸੀਂ ਸੂਰਮੇ ਭੇਜ ਕੇ ਤਕੜਾਈ ਰੱਖਦੇ ਸਨ॥ ੨੭॥

ਸੰਝ ਸਕਾਰੇ ਸੁਧਿ ਸਕਲ ਸੁਨਿ ਕੈ ਗੁਰ ਕੇਰੀ।
ਰਹੈ ਬਿਚਾਰਤਿ ਅਨਿਕ ਬਿਧਿ ਰਣ ਹੁਇ ਕਿਸ ਬੇਰੀ।
ਬਜੋਂਤ ਬਜਾਹ ਕੇ ਬਿਬਿਧਿ ਬਿਧਿ ਬਹੁ ਕਰਿ ਬਨਿਵਾਵੈ।
ਆਇ ਮੇਲ ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ॥ ੨੮॥

ਸ਼ਾਮ ਸਵੇਰੇ ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣ ਕੇ, ਅਨੇਕ ਵਿਧੀਆਂ ਨਾਲ ਵਿਚਾਰਦੇ ਰਹਿੰਦੇ ਸਨ ਕਿ ਕਿਸੇ ਸਮੇਂ ਵੀ ਯੁੱਧ ਹੋਵੇਗਾ। ਕਈ ਪ੍ਰਕਾਰ ਦੀਆਂ ਵਿਧੀਆਂ ਨਾਲ ਵਿਆਹ ਦੀਆਂ ਵਿਉਂਤਾਂ ਬਣਾਉਂਦੇ ਸਨ ਤੇ ਆਉਣ ਵਾਲੇ ਮੇਲੀਆਂ ਨੂੰ ਕਹਿੰਦੇ ਸਨ ਕਿ ਉਹ ਸ਼ਸਤਰਾਂ ਸਹਿਤ ਆਉਣ॥ ੨੮॥

ਚਮੂੰ ਬਟੋਰਨ ਬਹੁ ਕਰੀ ਜਿਤ ਕਿਤ ਤੇ ਆਈ।
ਸੁਨਿ ਗੁਰ ਸਰ ਕੀ ਸ਼ਾਹਦੀ ਕਬਿ ਕਬਿ ਡਰ ਪਾਈ।

ਤੀਖਨ ਭੀਮ ਤਤਾਰਚੇ ਕੋਸਨਿ ਲਗਿ ਮਾਰੈਂ।
ਗਰਕ ਹੋਇਂ ਪਰ ਲਗਿ ਸਰਬ, ਬਹੁ ਸ਼ੀਘ੍ਰ ਪ੍ਰਹਾਰੈਂ॥ ੨੯॥

ਬਹੁਤ ਸੈਨਾ ਇਕੱਠੀ ਕੀਤੀ ਤੇ ਜਿੱਥੋਂ ਕਿੱਥੋਂ ਚਲ ਕੇ ਆ ਗਈ, ਗੁਰੂ ਜੀ ਦੇ ਬਾਣਾਂ ਦੀ ਮਸ਼ਹੂਰੀ ਸੁਣ ਕੇ ਕਈ ਵਾਰ ਡਰ ਜਾਂਦੇ ਸਨ। ਗੁਰੂ ਜੀ ਦੇ ਵੱਡੇ-ਵੱਡੇ ਤੀਰ ਕੋਹਾਂ ਤਕ ਮਾਰ ਕਰਦੇ ਹਨ। ਸਾਰੇ ਤੀਰ ਨਿਸ਼ਾਨੇ ਵਿਚ ਲੱਗ ਕੇ ਪਰਾਂ ਤਕ ਗਰਕ ਹੋ ਜਾਂਦੇ ਹਨ ਤੇ ਬਹੁਤ ਛੇਤੀ ਮਾਰ ਦਿੰਦੇ ਹਨ॥ ੨੯॥

ਕਬਹਿ ਕੋਪ ਕੋ ਕਰਤਿ ਉਰ ਰਹਿਂ ਦੇਸ਼ ਹਮਾਰੇ।
ਜਾਚੀ ਵਸਤੂ ਭਿ ਨਾ ਦਈ ਜਨ ਵਿਹਰ ਨਿਕਾਰੇ।
ਇਤ ਕਲਗੀਧਰ ਕਹਤਿ ਹੈਂ 'ਰਣ ਰੰਗ ਨਿਹਾਰੈਂ'।
ਸੰਗੋ ਆਦਿਕ ਪੰਚ ਬੀਰ ਸਿਖ ਅਪਰ ਉਦਾਰੇ॥ ੩੦॥

ਕਦੀ ਭੀਮ ਚੰਦ ਕ੍ਰੋਧ ਧਾਰ ਲੈਂਦਾ ਹੈ ਤੇ ਕਹਿੰਦਾ ਹੈ ਕਿ ਸਾਡੇ ਦੇਸ਼ ਵਿਚ ਰਹਿੰਦੇ ਹਨ। ਮੰਗੀ ਹੋਈ ਵਸਤੂ ਵੀ ਨਹੀਂ ਦਿੱਤੀ ਹੈ ਤੇ ਮੇਰੇ ਆਦਮੀਆਂ ਦਾ ਅਪਮਾਨ ਕਰਕੇ ਬਾਹਰ ਕੱਢ ਦਿੱਤਾ ਹੈ। ਏਧਰ ਕਲਗੀਧਰ ਗੁਰੂ ਜੀ ਕਹਿੰਦੇ ਹਨ, "ਯੁੱਧ ਦਾ ਰੰਗ ਵੇਖਾਂਗੇ", ਸੰਗੋ ਆਦਿ ਪੰਜ ਭਰਾ ਸੂਰਮੇ ਤੇ ਹੋਰ ਵੀ ਬਹੁਤ ਸਿੱਖ ਸੂਰਬੀਰ ਹਨ॥ ੩੦॥

ਦੇ ਉਤਸਾਹ ਬਧਾਵਤੇ ਸੁਨਿ ਸਕਲ ਅਨੰਦੇ।
'ਮਹਾਰਾਜ! ਅਬਿ ਦੇਖੀਐ ਜਬਿ ਜੰਗ ਬਿਲੰਦੇ।
ਕਾਭੁਰ ਕੂਰੋ ਕੋਹੀਆ ਕਪਟੀ ਰੁ ਕੁਚਾਲੀ।
ਕਹਾਂ ਬਾਪੁਰੋ ਮਾਰਿਬੋ ਲੁਟ ਲੇਹਿਂ ਉਤਾਲੀ'॥ ੩੧॥

ਗੁਰੂ ਜੀ ਉਤਸ਼ਾਹ ਦੇ ਕੇ ਹੌਸਲਾ ਵਧਾਉਂਦੇ ਸਨ ਤੇ ਸਾਰੇ ਸੁਣ ਕੇ ਪ੍ਰਸੰਨ ਹੁੰਦੇ ਸਨ ਤੇ ਗੁਰੂ ਜੀ ਨੂੰ ਕਹਿੰਦੇ ਸਨ, "ਮਹਾਰਾਜ ! ਹੁਣ ਵੱਡੀ ਜੰਗ ਨੂੰ ਵੇਖੋ। ਕਾਇਰ ਝੂਠਾ ਪਹਾੜੀਆ ਕਪਟੀ ਅਤੇ ਪੁੱਠੇ ਚਾਲਿਆਂ ਵਾਲਾ ਹੈ। ਵਿਚਾਰਾ ਸਾਨੂੰ ਕੀ ਮਾਰੇਗਾ ਅਸੀਂ ਝੱਟ ਉਸ ਨੂੰ ਲੁਟ ਲਵਾਂਗੇ"॥ ੩੧॥

ਇਮ ਦੋਨਹੁਂ ਦਿਸ਼ਿ ਸ਼ੱਤ੍ਰੁਤਾ ਦ੍ਰਿੜ੍ਹ ਹੋਤਿ ਹਮੇਸ਼ੂ।
ਮਿਟਨਿ ਹੇਤੁ ਇਕ ਬਜਾਹੁ ਭਾ ਇਹ ਨਤੁ ਲਰਤਿ ਵਿਸ਼ੇਸ਼ੂ।
ਇਤ ਉਤ ਕਰਿ ਤਜਾਰੀ ਰਹੇ ਸਭਿ ਜੰਗ ਸਮਾਜਾ।
ਸੁਭਟ ਸ਼ਸਤ੍ਰ ਉਤਸਾਹ ਮਹਿਂ ਬਹੁ ਬਾਜਹਿਂ ਬਾਜਾ॥ ੩੨॥

ਇਸ ਤਰ੍ਹਾਂ ਦੋਹੀਂ ਪਾਸੀਂ ਵੈਰ ਹਮੇਸ਼ਾਂ ਦ੍ਰਿੜ੍ਹ ਹੁੰਦਾ ਜਾਂਦਾ ਸੀ, ਰੋਕਣ ਵਾਸਤੇ ਇਕ ਵਿਆਹ ਵਿਚ ਆ ਗਿਆ ਹੈ, ਨਹੀਂ ਤਾਂ ਵਿਸ਼ੇਸ਼ ਤੌਰ ਤੇ ਲੜਾਈ ਹੁੰਦੀ। ਏਧਰ ਓਧਰ ਤਿਆਰੀ ਕਰਦੇ ਰਹੇ ਤੇ ਜੰਗ ਦਾ ਸਾਮਾਨ ਇਕੱਠਾ ਕਰ ਰਹੇ ਸਨ। ਸੂਰਮੇ ਸ਼ਸਤਰਾਂ ਨੂੰ ਬੜੇ ਉਤਸ਼ਾਹ ਨਾਲ ਫੜਦੇ ਹਨ ਤੇ ਹਰ ਸਮੇਂ ਵਾਜੇ ਵੱਜਦੇ ਹਨ॥ ੩੨॥

*ਪਹਿਲੀ ਰੁੱਤ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥*

✲✲✲

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤਰਤਾਲੀਵਾਂ

## ਨਾਹਨ ਦੇ ਰਾਜੇ ਦਾ ਦੂਤ ਆਇਆ

ਦੋਹਰਾ- ਸਗਰੇ ਸੈਲਪਤੀਨ ਮਹਿਂ ਬਿਦਤਯੋ ਸਕਲ ਬ੍ਰਿਤੰਤ।
'ਭੀਮਚੰਦ ਅਰੁ ਗੁਰੂ ਕੋ ਬਧਯੋ ਬਿਰੋਧ ਅਤਿਅੰਤ' ॥ ੧ ॥

ਸਾਰੇ ਪਹਾੜੀ ਰਾਜਿਆਂ ਵਿਚ ਗੁਰੂ ਜੀ ਦਾ ਬ੍ਰਿਤਾਂਤ ਫੈਲ ਗਿਆ, "ਭੀਮ ਚੰਦ ਅਤੇ ਗੁਰੂ ਜੀ ਵਿਚ ਅਤਿਅੰਤ ਵਿਰੋਧ ਵਧ ਗਿਆ ॥ ੧ ॥

ਹਾਕਲ ਛੰਦ- ਇਕ ਨਾਹਨ ਨਗਰ ਬਿਰਾਜਾ। ਗਿਰ ਊਪਰ ਸੁੰਦਰ ਸਾਜਾ।
ਦੁਤਿ ਅਦਭੁਤ ਜਿਸਕੀ ਸੋਹੈ। ਥਲ ਤੁਰੰਗ ਮਹਿਤ ਪਰ ਜੋ ਹੈ ॥ ੨ ॥

ਇਕ ਨਾਹਨ ਨਗਰ ਬਿਰਾਜਦਾ ਹੈ, ਜਿਹੜਾ ਪਹਾੜਾਂ ਉੱਪਰ ਸੁੰਦਰ ਸੱਜਦਾ ਹੈ। ਜਿਸਦੀ ਅਦਭੁਤ ਆਭਾ ਬਹੁਤ ਸ਼ੋਭਦੀ ਹੈ। ਜਿਹੜਾ ਸ਼ਹਿਰ ਬਹੁਤ ਉੱਚੇ ਸਥਾਨ 'ਤੇ ਵੱਸਦਾ ਹੈ ॥ ੨ ॥

ਤਹਿਂ ਰਾਜਾ ਰਾਜ ਕਰੰਤਾ। ਰਜਧਾਨੀ ਠਾਨਿ ਬਸੰਤਾ।
ਪਰਕਾਸ਼ ਮੇਦਨੀ ਨਾਮੂ। ਤਿਨ ਸੁਨਯੋ 'ਗੁਰੂ ਅਭਿਰਾਮੂ ॥ ੩ ॥

ਓਥੇ ਇਕ ਪਹਾੜੀ ਰਾਜਾ ਰਾਜ ਕਰਦਾ ਹੈ, ਤੇ ਆਪਣੀ ਰਾਜਧਾਨੀ ਵਾਲੇ ਸਥਾਨ ਤੇ ਰਹਿੰਦਾ ਹੈ। ਉਸ ਦਾ ਨਾਮ ਮੇਦਨੀ ਪ੍ਰਕਾਸ਼ ਹੈ, ਉਸ ਗੁਰੂ ਜੀ ਦਾ ਮਨੋਹਰ ਜੱਸ ਸੁਣਿਆ ॥ ੩ ॥

ਪੁਰਿ ਅਨੰਦ ਮਝਾਰ ਬਸੰਤੇ। ਸਿਖ ਸੰਗਤਿ ਆਇ ਨਿਵੰਤੇ।
ਬਹੁ ਕਰਹਿਂ ਸ਼ਸਤ੍ਰ ਅੱਭ੍ਯਾਸਾ। ਦਲ ਰਾਖਯੋ ਦੀਰਘ ਪਾਸਾ ॥ ੪ ॥

ਕਿ ਗੁਰੂ ਜੀ ਅਨੰਦਪੁਰ ਦੇ ਵਿਚ ਰਹਿੰਦੇ ਹਨ, ਸਿੱਖ ਸੰਗਤ ਆ ਕੇ ਮੱਥਾ ਟੇਕਦੀ ਹੈ। ਉਹ ਸ਼ਸਤਰਾਂ ਦਾ ਬਹੁਤ ਅਭਿਆਸ ਕਰ ਰਹੇ ਹਨ ਤੇ ਬਹੁਤ ਵੱਡੀ ਫੌਜ ਪਾਸ ਰੱਖੀ ਹੈ ॥ ੪ ॥

ਬਡ ਜੰਗ ਕਰਨਿ ਕੋ ਜੋਧਾ। ਨਹਿਂ ਗਿਨਹਿ ਅਪਰ, ਜਬਿ ਕ੍ਰੋਧਾ।
ਬਹੁ ਕਰਾਮਾਤ ਮਹਿਂ ਪੂਰਾ। ਸਰ ਪਹੁਂਚਹਿ ਦੀਰਘ ਦੂਰਾ' ॥ ੫ ॥

ਜੰਗ ਕਰਨ ਵਾਸਤੇ ਉਸ ਦੇ ਪਾਸ ਬਲੀ ਯੋਧੇ ਹਨ, ਜਿਹੜੇ ਜਦ ਕ੍ਰੋਧ ਵਿਚ ਆ ਜਾਂਦੇ ਹਨ ਤਾਂ ਹੋਰਨਾਂ ਨੂੰ ਨਹੀਂ ਗਿਣਦੇ ਹਨ। ਗੁਰੂ ਜੀ ਕਰਾਮਾਤ ਵਿਚ ਪੂਰਨ ਹਨ। ਉਨ੍ਹਾਂ ਦਾ ਚਲਾਇਆ ਤੀਰ ਬਹੁਤ ਦੂਰ ਤਕ ਪਹੁੰਚਦਾ ਹੈ" ॥ ੫ ॥

ਸੁਨਿ ਰਾਜਾ ਉਰ ਹਰਖਾਯੋ। ਹਿਤ ਦਰਸ਼ਨ ਉਰ ਬਿਰਮਾਯੋ।
ਗੁਰ ਸੰਗ ਜਿ ਹੋਵਹਿ ਮੇਲਾ। ਸਭਿ ਕਾਰਜ ਬਨਹਿ ਸੁਹੇਲਾ ॥ ੬ ॥

ਰਾਜਾ ਇਹ ਵੇਰਵਾ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਦਰਸ਼ਨਾਂ ਵਾਸਤੇ ਉਸ ਦਾ ਦਿਲ ਲਲਚਾਇਆ। ਜੇ ਮੇਰਾ ਗੁਰੂ ਜੀ ਨਾਲ ਮੇਲ ਹੋ ਜਾਵੇ ਤਾਂ ਸਾਰੇ ਕਾਰਜ ਸੌਖੇ ਹੋ ਜਾਣਗੇ ॥ ੬ ॥

ਨਿਜ ਮੰਤ੍ਰਿਨ ਸੰਗ ਬਿਚਾਰਾ। 'ਗੁਰ ਪੂਰਨ ਹਰਿ ਅਵਤਾਰਾ।
ਹੁਇ ਥਿਰੁ ਸ੍ਰੀ ਨਾਨਕ ਗਾਦੀ। ਪੁਰਿ ਆਨੰਦ ਕੀਨਿ ਅਬਾਦੀ ॥ ੭ ॥

ਆਪਣੇ ਮੰਤਰੀਆਂ ਨਾਲ ਉਸ ਵਿਚਾਰ ਕੀਤੀ, "ਗੁਰੂ ਜੀ ਪੂਰਨ ਹਰੀ ਦਾ ਅਵਤਾਰ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹਨ ਤੇ ਅਨੰਦਪੁਰ ਨਗਰ ਵਿਚ ਰਹਿੰਦੇ ਹਨ॥ ੭॥

ਤਿਂਹ ਨਿਕਟ ਨ੍ਰਿਪਤਿ ਕਹਿਲੂਰੀ। ਨਹਿਂ ਜਾਨੀ ਮਹਿਮਾ ਰੂਰੀ।
ਵਧਿ ਗਯੋ ਵਿਰੋਧ ਵਧੇਰਾ। ਹੁਇ ਜੰਗ ਅਪਾਰ ਕਿਸ ਬੇਰਾ॥ ੮॥

ਉਨ੍ਹਾਂ ਦੇ ਪਾਸ ਕਹਿਲੂਰ ਦਾ ਰਾਜਾ ਰਹਿੰਦਾ ਹੈ। ਉਸ ਨੇ ਉਨ੍ਹਾਂ ਦੀ ਸੁੰਦਰ ਮਹਿਮਾ ਨੂੰ ਨਹੀਂ ਜਾਣਿਆ ਹੈ। ਬਹੁਤ ਵਿਰੋਧ ਵਧ ਗਿਆ ਹੈ। ਕਿਸੇ ਸਮੇਂ ਵੀ ਵੱਡੀ ਜੰਗ ਹੋ ਸਕਦੀ ਹੈ॥ ੮॥

ਤਿਨ ਸੰਗ ਬੇਨਤੀ ਲਿਖੀਏ। 'ਪ੍ਰਭੁ ਦੇਸ਼ ਆਨਿ ਇਹ ਪਿਖੀਏ।
ਬਡ ਸ਼ਾਰਮੌਰ ਕੋ ਸੈਲੰ। ਫਿਰਿ ਕੀਜਹਿ ਸਭਿ ਥਲ ਸੈਲੰ॥ ੯॥

ਉਨ੍ਹਾਂ ਪਾਸ ਬੇਨਤੀ ਲਿਖ ਕੇ ਭੇਜੀਏ, "ਹੇ ਪ੍ਰਭੂ ਜੀ ! ਇਹ ਦੇਸ਼ ਆ ਕੇ ਵੇਖੋ। ਇਸ ਪਹਾੜੀ ਦੂਨ ਦਾ ਨਾਮ ਸ਼ਾਰਮੌਰ ਹੈ। ਇਸ ਦੂਨ ਵਿਚ ਸਭ ਥਾਂ ਫਿਰ ਕੇ ਸੈਰ ਕਰੋ॥ ੯॥

ਸ਼ੁਭ ਜਮਨਾ ਨਿਰਮਲ ਨੀਰੰ। ਨਿਤ ਚਲਹਿ ਬੇਗ ਤੇ ਸੀਰੰ।
ਬਨ ਪੂਰਨ ਮ੍ਰਿਗਨਿ ਮਹਾਨਾ। ਨਿਤ ਕਰਹੁ ਅਖੇਰ ਜਿ ਨਾਨਾ॥ ੧੦॥

ਜਮਨਾ ਦਾ ਸ਼ੁਭ ਨਿਰਮਲ ਜਲ ਹੈ, ਜਿਹੜਾ ਬੜਾ ਤੇਜ ਵਗਦਾ ਹੈ। ਜੰਗਲ ਹਿਰਨਾਂ ਨਾਲ ਮਹਾਨ ਭਰਿਆ ਹੈ। ਕਈ ਪ੍ਰਕਾਰ ਨਿਤ ਸ਼ਿਕਾਰ ਖੇਡੋ"॥ ੧੦॥

ਅਸ ਮਸਲਤ ਕਰਿ ਬਹੁ ਭਾਂਤੀ। ਪੁਨ ਕੀਨਿ ਲਿਖਾਵਨਿ ਪਾਤੀ।
ਨਰ ਤਜਾਰ ਕਰਯੋ ਪਰਧਾਨਾ। ਸਭਿ ਆਸ਼ੈ ਜਾਨਿ ਪਯਾਨਾ॥ ੧੧॥

ਇਸ ਤਰ੍ਹਾਂ ਬਹੁਤ ਪ੍ਰਕਾਰ ਸਲਾਹ ਕਰਕੇ, ਫਿਰ ਚਿੱਠੀ ਲਿਖਵਾ ਦਿੱਤੀ। ਇਕ ਪ੍ਰਮੁੱਖ ਮਨੁੱਖ ਨੂੰ ਤਿਆਰ ਕੀਤਾ ਤੇ ਉਹ ਸਾਰੇ ਆਸ਼ੇ ਜਾਣ ਕੇ ਚਲਾ ਗਿਆ॥ ੧੧॥

ਕਰਿ ਮਜ਼ਲ ਖਿਸਾਲ ਉਤਾਲਾ। ਸਭਿ ਉਲੰਘਯੋ ਮਾਰਗ ਜਾਲਾ।
ਪੁਨ ਪਹੁੰਚਯੋ ਅਨੰਦ ਪੁਰਿ ਮੈਂ। ਪਿਖਿ ਰਵਣਕ ਆਨੰਦ ਪੁਰਿ ਮੈਂ॥ ੧੨॥

ਬੜੇ ਉਤਾਵਲੇ ਹੋ ਕੇ ਉਸ ਸਾਰਾ ਪੈਂਡਾ ਤੈਅ ਕੀਤਾ ਤੇ ਸਾਰੇ ਮਾਰਗ ਨੂੰ ਲੰਘ ਗਿਆ ਤੇ ਅਨੰਦਪੁਰ ਵਿਚ ਪਹੁੰਚ ਕੇ ਪੂਰਨ ਅਨੰਦਮਈ ਰੌਣਕ ਵੇਖੀ॥ ੧੨॥

ਕਰਿ ਡੇਰਾ ਸੁਧ ਪਹੁਂਚਾਈ। ਸੁਨਿ ਨੰਦ ਚੰਦ ਅਗੁਵਾਈ।
ਸਭਿ ਕਲਗ਼ੀਧਰ ਸੌਂ ਭਾਖੀ। ਨ੍ਰਿਪ ਨਾਹਨ ਕੋ ਅਭਿਲਾਖੀ॥ ੧੩॥

ਓਥੇ ਡੇਰਾ ਲਾ ਕੇ ਗੁਰੂ ਜੀ ਨੂੰ ਖਬਰ ਪਹੁੰਚਾਈ, ਇਹ ਸੁਣ ਕੇ ਨੰਦ ਚੰਦ ਅੱਗੇ ਆਇਆ। ਸਾਰੀ ਗੱਲ ਕਲਗ਼ੀਧਰ ਜੀ ਨੂੰ ਦੱਸੀ। ਨਾਹਨ ਦਾ ਰਾਜਾ ਆਪ ਜੀ ਦਾ ਅਭਿਲਾਸ਼ੀ ਹੈ॥ ੧੩॥

ਤਿਨ ਪਠਯੋ ਵਕੀਲ ਸੁ ਆਯੋ। ਤਬਿ ਸ੍ਰੀ ਮੁਖ ਬਚ ਫੁਰਮਾਯੋ।
ਚਹਿ ਅਪਨੋ ਬਾਕ ਸੁਨਾਯੋ। 'ਗਨ ਰਸਤ ਦੇਹੁ ਪਹੁਂਚਾਯੋ॥ ੧੪॥

ਉਸ ਆਪਣੇ ਇਕ ਦੂਤ ਨੂੰ ਭੇਜਿਆ ਹੈ।" ਤਦ ਸ੍ਰੀ ਗੁਰੂ ਜੀ ਨੇ ਮੁਖ ਤੋਂ ਬਚਨ ਫੁਰਮਾਇਆ ਤੇ ਆਪਣਾ ਬਚਨ ਨੰਦ ਚੰਦ ਨੂੰ ਸੁਣਾਇਆ, "ਕਾਫੀ ਰਸਦ ਉਨ੍ਹਾਂ ਨੂੰ ਭੇਜ ਦੇਵੋ॥ ੧੪॥

ਸਭਿ ਸਭਾ ਲਗਹਿ ਜਬਿ ਕਾਲੀ। ਤਬਿ ਨਿਕਟ ਆਨਿ ਦਰਹਾਲੀ'।
ਸੁਨਿ ਆਇਸੁ ਗੁਰੂ ਦਿਵਾਨੰ। ਪਹੁੰਚਾਇ ਖਾਨ ਗਨ ਪਾਨੰ॥ ੧੫॥

ਜਦ ਕੱਲ੍ਹ ਸਾਰੀ ਸਭਾ ਲੱਗੇਗੀ ਤੇ ਛੇਤੀ ਹੀ ਮੇਰੇ ਪਾਸ ਲੈ ਆਉਣਾ।" ਦਿਵਾਨ ਨੰਦ ਚੰਦ ਨੇ ਗੁਰੂ ਜੀ ਦੀ ਆਗਿਆ ਸੁਣ ਕੇ, ਦੂਤ ਦੇ ਖਾਣ ਪੀਣ ਵਾਸਤੇ ਸਭ ਸਾਮਾਨ ਭੇਜ ਦਿੱਤਾ॥ ੧੫॥

ਸਭਿ ਬਿਧਿ ਕੀ ਸੁਧਿ ਤਿਹ ਲੀਨੀ। ਪੁਨ ਰਾਤਿ ਬਿਤਾਵਨਿ ਕੀਨੀ।
ਨਰ ਸਗਰੇ ਸੌਚ ਸ਼ਨਾਨੇ। ਮੁਖ ਗੁਰ ਗੁਰ ਜਾਪ ਬਖਾਨੇ॥ ੧੬॥

ਸਭ ਵਿਧੀਆਂ ਨਾਲ ਉਸ ਦੇਖ ਭਾਲ ਕੀਤੀ, ਫਿਰ ਉਸ ਨੇ ਰਾਤ ਬਤੀਤ ਕੀਤੀ। ਸਾਰੇ ਮਨੁੱਖਾਂ ਨੇ ਇਸ਼ਨਾਨ ਕੀਤਾ ਤੇ ਮੁਖ ਤੋਂ ਗੁਰੂ-ਗੁਰੂ ਦਾ ਜਾਪ ਕੀਤਾ॥ ੧੬॥

ਬਡ ਸ਼ਬਦ ਸ਼ਬਦ ਕੋ ਗਾਵੈਂ। ਗਨ ਬਾਦਿਤ ਸੰਗ ਬਜਾਵੈਂ।
ਧੁਨਿ ਨੌਬਤਿ ਜਨ ਘਨ ਗਾਜਾ। ਰਣਜੀਤ ਨਗਾਰਾ ਬਾਜਾ॥ ੧੭॥

ਵੱਡੀ ਧੁਨੀ ਨਾਲ ਸ਼ਬਦਾਂ ਨੂੰ ਗਾਉਂਦੇ ਸਨ, ਤੇ ਕਈ ਵਾਜੇ ਨਾਲ ਵਜਾਉਂਦੇ ਸਨ। ਨਗਾਰੇ ਦੀ ਧੁਨ ਇੰਝ ਵੱਜੀ ਮਾਨੋ ਬੱਦਲ ਗੱਜਿਆ ਹੋਵੇ ਜਦ ਰਣਜੀਤ ਨਗਾਰਾ ਵੱਜਿਆ॥ ੧੭॥

ਪੁਨ ਭੱਟ ਨਕੀਬ ਪੁਕਾਰੇ। ਗੁਰ ਕੀਰਤਿ ਊਚ ਉਚਾਰੇ।
ਬਹੁ ਬਜਹਿ ਘਰਾਵਲ ਨਾਦੰ। ਨਰ ਉਠੇ ਜਾਗ ਅਹਿਲਾਦੰ॥ ੧੮॥

ਫਿਰ ਭੱਟ ਤੇ ਨਕੀਬ ਬੋਲੇ, ਉਨ੍ਹਾਂ ਉੱਚੀ ਉੱਚੀ ਗੁਰੂ ਜੀ ਦੀ ਕੀਰਤੀ ਉਚਾਰਣ ਕੀਤੀ। ਫਿਰ ਵੱਡੇ ਘੜਿਆਲ ਦੀ ਉੱਚੀ ਆਵਾਜ਼ ਉੱਠੀ ਤੇ ਸਾਰੇ ਮਨੁੱਖ ਖ਼ੁਸ਼ੀ-ਖ਼ੁਸ਼ੀ ਜਾਗ ਪਏ॥ ੧੮॥

ਦਿਨ ਘਰੀ ਚਾਰ ਜਬਿ ਆਯੋ। ਸ੍ਰੀ ਮੁਖ ਤੇ ਹੁਕਮ ਸੁਨਾਯੋ।
'ਸ਼ੁਭਾ ਸਭਾ ਬਾਨ ਸੁਧਵਾਰੋ। ਰਚਿ ਸੁੰਦਰ ਫਰਸ਼ ਉਦਾਰੋ॥ ੧੯॥

ਜਦ ਚਾਰ ਘੜੀਆਂ ਦਿਨ ਚੜ੍ਹ ਗਿਆ ਤਾਂ ਗੁਰੂ ਜੀ ਨੇ ਮੁਖ ਤੋਂ ਹੁਕਮ ਸੁਣਾਇਆ, "ਸਭਾ ਵਾਲੇ ਸਥਾਨ ਨੂੰ ਚੰਗੀ ਤਰ੍ਹਾਂ ਸਵਾਰ ਕੇ ਸੁਧਾਰੋ ਤੇ ਸੁੰਦਰ ਵਸਤਰ ਵਿਛਾ ਕੇ ਖੁਲ੍ਹਾ ਫਰਸ਼ ਤਿਆਰ ਕਰੋ॥ ੧੯॥

ਸਭਿਹਿਨਿ ਕੋ ਸੁਧਿ ਕਰਿ ਦੀਜੈ। ਪਤਿ ਨਾਹਣ ਦੂਤ ਬੁਲੀਜੈ'।
ਸੁਨਿ ਨੰਦਚੰਦ ਤਤਕਾਲਾ। ਸਭਿ ਕਾਰਜ ਕੀਨਿ ਉਤਾਲਾ॥ ੨੦॥

ਸਾਰਿਆਂ ਨੂੰ ਖ਼ਬਰ ਕਰ ਦੇਵੋ ਤੇ ਨਾਹਣ ਦੇ ਰਾਜੇ ਦੇ ਦੂਤ ਨੂੰ ਬੁਲਾਓ।" ਇਹ ਸੁਣ ਕੇ ਨੰਦ ਚੰਦ ਤੁਰਤ ਚਲਾ ਗਿਆ ਤੇ ਬੜੀ ਛੇਤੀ ਸਾਰਾ ਕਾਰਜ ਕਰ ਦਿੱਤਾ॥ ੨੦॥

ਤਬਿ ਕਲਗੀਧਰ ਚਲਿ ਆਏ। ਸਿੰਘਾਸਨ ਬੈਠਿ ਸੁਹਾਏ।
ਬਰ ਚਾਮੁਰ ਦੰਡ ਜਰਾਊ। ਗਨ ਹੀਰੇ ਦੁਤਿ ਦਮਕਾਊ॥ ੨੧॥

ਤਦ ਕਲਗੀਧਰ ਜੀ ਚਲ ਕੇ ਆ ਗਏ ਤੇ ਸਿੰਘਾਸਣ ਉੱਤੇ ਬੈਠ ਕੇ ਸ਼ੋਭਾ ਪਾਈ। ਸ੍ਰੇਸ਼ਟ ਸੋਨੇ ਦੀ ਜੜਾਊ ਡੰਡੀ ਵਾਲਾ ਚੌਰ ਫਿਰ ਰਿਹਾ ਸੀ ਤੇ ਉਸ ਨਾਲ ਲੱਗੇ ਹੀਰੇ ਬਹੁਤ ਚਮਕ ਰਹੇ ਸਨ॥ ੨੧॥

ਸਿਰ ਢੁਰਤਿ ਫਿਰਤਿ ਬਹੁ ਬਾਰੀ। ਜਨੁ ਲੇਤਿ ਮਰਾਲ ਉਡਾਰੀ।
ਤਨ ਬਸਤ੍ਰ ਸ਼ਸਤ੍ਰ ਜੁਤਿ ਸਾਜਾ। ਬਹੁ ਸ਼ੁਭਤਿ ਗ਼ਰੀਬ ਨਿਵਾਜਾ॥ ੨੨॥

ਚਿੱਟਾ ਚੌਰ ਸਿਰ ਉੱਤੇ ਬਹੁਤ ਵਾਰ ਏਧਰ ਓਧਰ ਫਿਰਦਾ ਸੀ, ਮਾਨੋ ਚਿੱਟਾ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਸਰੀਰ ਉੱਤੇ ਬਸਤਰ ਸ਼ਸਤਰ ਸਜਾਏ ਸਨ ਤੇ ਗ਼ਰੀਬ-ਨਿਵਾਜ਼ ਗੁਰੂ ਜੀ ਬਹੁਤ ਸ਼ੋਭ ਰਹੇ ਸਨ॥ ੨੨॥

ਗਨ ਥਿਰੇ ਮਸੰਦ ਬਿਲੰਦੰ। ਧਰਿ ਆਯੁਧ ਜੋਧਾ ਬ੍ਰਿੰਦੰ।
ਨ੍ਰਿਪ ਨਾਹਨ ਦੂਤ ਹਕਾਰਾ। ਚਲਿ ਆਯੋ ਸਭਾ ਮਝਾਰਾ॥ ੨੩॥

ਸਾਰੇ ਵੱਡੇ-ਵੱਡੇ ਮਸੰਦ ਬੈਠੇ ਸਨ ਤੇ ਸ਼ਸਤਰ ਧਾਰ ਸਮੂਹ ਯੋਧੇ ਵੀ ਸਥਿਤ ਸਨ। ਫਿਰ ਨਾਹਨ ਦੇ ਰਾਜੇ ਦੇ ਦੂਤ ਨੂੰ ਬੁਲਾਇਆ ਤੇ ਉਹ ਚਲ ਕੇ ਸਭਾ ਵਿਚ ਆ ਗਿਆ॥ ੨੩॥

ਕਰਿ ਬੰਦਨ ਬਾਰੰਬਾਰੀ। ਲੈ ਆਇਸੁ ਬੈਠਿ ਉਚਾਰੀ।
'ਕਰ ਜੋਰੇ ਨੰਮ੍ਰਿ ਨਰਿੰਦਾ। ਕਿਯ ਬੰਦਨ ਪਦ ਅਰਬਿੰਦਾ॥ ੨੪॥

ਬਾਰ-ਬਾਰ ਬੰਦਨਾ ਕਰਕੇ ਤੇ ਆਗਿਆ ਲੈ ਕੇ ਬੈਠ ਗਿਆ ਤੇ ਬੋਲਿਆ, "ਨਾਹਨ ਦੇ ਰਾਜੇ ਨੇ ਹੱਥ ਜੋੜ ਕੇ ਸਨਿਮਰ ਹੋ ਕੇ ਆਪ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਹੈ॥ ੨੪॥

ਸੁਨਿ ਰਾਵਰ ਕੋ ਜਸੁ ਭਾਰੀ। ਉਰ ਦੀਰਘ ਆਨੰਦ ਧਾਰੀ।
ਜਿਹ ਲਗੀ ਦਰਸ ਕੀ ਪਯਾਸਾ। ਮੁਹਿ ਭੇਜਯੋ ਰਾਵਰਿ ਪਾਸਾ' ॥ ੨੫॥

ਆਪ ਜੀ ਦਾ ਭਾਰੀ ਜੱਸ ਸੁਣ ਕੇ, ਉਨ੍ਹਾਂ ਨੇ ਬਹੁਤ ਆਨੰਦ ਧਾਰਨ ਕੀਤਾ ਹੈ। ਆਪ ਜੀ ਦੇ ਦਰਸ਼ਨਾਂ ਦੀ ਉਨ੍ਹਾਂ ਨੂੰ ਪਿਆਸ ਹੈ ਇਸ ਕਰਕੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ" ॥ ੨੫॥

ਇਮ ਕਹਿ ਆਗੇ ਧਰਿ ਪਾਤੀ। 'ਪ੍ਰਭੁ ਸੁਨਹੁ ਲਿਖੀ ਜਿਸ ਭਾਂਤੀ'।
ਸੁਨਿ ਸਤਿਗੁਰ ਨੇ ਪਠਵਾਈ। ਸਭਿ ਸਭਾ ਸੁਨਤਿ ਚਿਤ ਚਾਈ॥ ੨੬॥

ਇਸ ਤਰ੍ਹਾਂ ਕਹਿ ਕੇ ਅੱਗੇ ਚਿੱਠੀ ਧਰ ਦਿੱਤੀ, "ਹੇ ਪ੍ਰਭੂ ਜੀ ਸੁਣੋ ਜਿਸ ਪ੍ਰਕਾਰ ਲਿਖੀ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਚਿੱਠੀ ਪੜ੍ਹਵਾਈ, ਸਾਰੀ ਸਭਾ ਸੁਣ ਬਹੁਤ ਪ੍ਰਸੰਨ ਹੋਈ॥ ੨੬॥

'ਮੁਹਿ ਜਾਨਹੁ ਆਪਨ ਦਾਸਾ। ਧਰਿ ਰਾਵਰ ਪਰ ਭਰਵਾਸਾ।
ਪਰਕਾਸ਼ ਮੇਦਨੀ ਰਾਜਾ। ਇਹ ਲਿਖਤਮ ਬਿਨੈ ਸੁ ਕਾਜਾ॥ ੨੭॥

"ਮੈਨੂੰ ਆਪਣਾ ਦਾਸ ਜਾਣੋ, ਆਪ ਜੀ 'ਤੇ ਮੈਂ ਭਰਵਾਸਾ ਧਾਰਨ ਕੀਤਾ ਹੈ। ਮੇਰਾ ਨਾਮ ਮੇਦਨੀ ਪ੍ਰਕਾਸ਼ ਹੈ, ਇਹ ਬੇਨਤੀ ਮੈਂ ਸ੍ਰੇਸ਼ਟ ਕਾਰਜ ਵਾਸਤੇ ਲਿਖੀ ਹੈ॥ ੨੭॥

ਲਖਿ ਪ੍ਰਭੁ ਬਡ ਕਹਿ ਨ ਸਕੰਤਾ। ਤੁਮ ਜਗਤ ਗੁਰੂ ਭਗਵੰਤਾ।
ਲਿਖ ਤੁਮ ਪਹਿ ਪਠਿ ਮੈਂ ਅਰਜ਼ੀ। ਹਿਤ ਲਖਨਿ ਆਪਕੀ ਮਰਜ਼ੀ॥ ੨੮॥

ਆਪ ਜੀ ਨੂੰ ਵੱਡਾ ਪ੍ਰਭੂ ਸਮਝ ਕੇ ਮੈਂ ਕੁਝ ਕਹਿ ਨਹੀਂ ਸਕਦਾ, ਤੁਸੀਂ ਭਗਵੰਤ ਜਗਤ ਦੇ ਗੁਰੂ ਹੋ। ਤੁਹਾਡੇ ਪਾਸ ਮੈਂ ਬੇਨਤੀ ਲਿਖ ਕੇ ਭੇਜੀ ਹੈ, ਮੈਂ ਆਪ ਜੀ ਦੀ ਮਰਜ਼ੀ ਜਾਣਨਾ ਚਾਹੁੰਦਾ ਹਾਂ॥ ੨੮॥

ਮੈਂ ਸੁਨੀ ਬਾਤ, ਰਿਸ ਪੂਰੀ। ਤੁਮ ਸੰਗ ਨ੍ਰਿਪਤਿ ਕਹਿਲੂਰੀ।
ਮਤਿਮੰਦ ਬਿਰੋਧ ਉਠਾਯੋ। ਨਹਿਂ ਭਲੋ ਆਪਨੋ ਭਾਯੋ॥ ੨੯॥

ਮੈਂ ਤੁਹਾਡੀ ਕਹਿਲੂਰ ਦੇ ਰਾਜੇ ਨਾਲ ਨਾਰਾਜ਼ਗੀ ਵਾਲੀ ਗੱਲ ਪੂਰੀ ਤਰ੍ਹਾਂ ਸੁਣੀ ਹੈ। ਮਾੜੀ ਮੱਤ ਵਾਲੇ ਨੇ ਤੁਹਾਡੇ ਨਾਲ ਵਿਰੋਧ ਉਠਾਇਆ ਹੈ ਤੇ ਉਸਨੂੰ ਆਪਣਾ ਭਲਾ ਚੰਗਾ ਨਹੀਂ ਲੱਗਾ ਹੈ॥ ੨੯॥

ਸੋ ਕਰਜੋ ਆਪਨੋ ਪਾਵੈ। ਤੁਮ ਸਮ ਸੰਗ ਬੈਰ ਬਧਾਵੈ।
ਜਹਿਂ ਚਰਨ ਆਪਕੇ ਜਾਵੈਂ। ਸੋ ਪਾਵਨ ਦੇਸ਼ ਸੁਹਾਵੈ॥ ੩੦॥

ਇਸ ਕਰਕੇ ਉਹ ਆਪਣਾ ਕੀਤਾ ਪਾਵੇਗਾ, ਤੁਹਾਡੇ ਵਰਗਿਆਂ ਨਾਲ ਉਸ ਵੈਰ ਵਧਾਇਆ ਹੈ। ਜਿੱਥੇ ਵੀ ਆਪ ਜੀ ਦੇ ਚਰਨ ਪੈ ਜਾਂਦੇ ਹਨ, ਉਹ ਦੇਸ਼ ਹੀ ਪਵਿੱਤਰ ਹੋ ਜਾਂਦਾ ਹੈ॥ ੩੦॥

ਜੇ ਚਹਹੁ ਕਰਨਿ ਕੋ ਸੈਲੰ। ਇਤ ਦੂਨ ਸੁੰਦਰੀ ਸੈਲੰ।
ਬਨ ਸ਼ੋਭਤਿ ਤਰੁਵਰੁ ਨਾਨਾ। ਫਲ ਫੂਲਨ ਸਹਿਤ ਮਹਾਨਾ॥ ੩੧॥

ਜੇ ਤੁਸੀਂ ਸੈਰ ਕਰਨੀ ਚਾਹੁੰਦੇ ਹੋ, ਏਥੇ ਸਾਡੀ ਦੂਨ ਵਿਚ ਸੁੰਦਰ ਪਹਾੜ ਹਨ। ਜੰਗਲ ਵਿਚ ਕਈ ਪ੍ਰਕਾਰ ਦੇ ਬ੍ਰਿਛ ਸ਼ੋਭਦੇ ਹਨ ਤੇ ਸਾਰੇ ਫਲਾਂ ਅਤੇ ਫੁੱਲਾਂ ਸਹਿਤ ਹਨ॥ ੩੧॥

ਜਲ ਜਮੁਨਾ ਅਧਿਕ ਪ੍ਰਵਾਹਾ। ਨਿਤ ਕਰਹੁ ਅਖੇਰ ਉਮਾਹਾ।
ਰੁਚਿ ਜਾਵਦ ਹੋਇ ਤੁਮਾਰੀ। ਇਤ ਪਰਚਹੁ ਕਰਿ ਅਸਵਾਰੀ॥ ੩੨॥

ਜਮਨਾ ਦੇ ਜਲ ਦਾ ਵੱਡਾ ਪ੍ਰਵਾਹ ਚਲਦਾ ਹੈ ਤੇ ਸਦਾ ਬੜੇ ਉਤਸ਼ਾਹ ਨਾਲ ਸ਼ਿਕਾਰ ਖੇਡੋ। ਜਦ ਵੀ ਆਪ ਜੀ ਰੁਚੀ ਹੋਵੇ, ਏਧਰ ਸਵਾਰ ਹੋ ਕੇ ਦਿਲ-ਪਰਾਵਾ ਕਰੋ॥ ੩੨॥

ਇਹ ਦੇਸ਼ ਆਪਨੋ ਜਾਨੋ। ਜਿਤ ਇੱਛੈ ਤਿਤੈ ਪਯਾਨੋ।
ਮੈਂ ਸਕੌਂ ਨ ਇਹਠਾਂ ਆਈ। ਚਿਤ ਦਰਸ਼ਨ ਕੋ ਲਲਚਾਈ॥ ੩੩॥

ਇਹ ਦੇਸ਼ ਆਪਣਾ ਹੀ ਜਾਣੋ, ਜਿੱਥੇ ਵੀ ਇੱਛਾ ਹੋਵੇ ਓਥੇ ਜਾਵੋ। ਮੈਂ ਆਪ ਇਸ ਸਥਾਨ ਵਿਖੇ ਨਹੀਂ ਆ ਸਕਦਾ ਹਾਂ, ਮੇਰਾ ਚਿੱਤ ਦਰਸ਼ਨਾਂ ਵਾਸਤੇ ਬਹੁਤ ਲਲਚਾਇਆ ਹੈ"॥ ੩੩॥

ਸਭਿ ਸਭਾ ਸੁਨਤਿ ਹਰਖਾਨੀ। ਤਿਸ ਨ੍ਰਿਪ ਕੋ ਨੀਕ ਬਖਾਨੀ।
ਪੁਨ ਸਾਹਿਬ ਬੂਝਨਿ ਠਾਨਾ। 'ਰਮਨੀਕ ਦੇਸ਼ ਕਸ ਜਾਨਾ?॥ ੩੪॥

ਸਾਰੀ ਸਭਾ ਸੁਣ ਕੇ ਪ੍ਰਸੰਨ ਹੋ ਗਈ, ਉਸ ਰਾਜੇ ਨੂੰ ਚੰਗਾ ਕਿਹਾ ਹੈ। ਫਿਰ ਗੁਰੂ ਜੀ ਨੇ ਪੁਛਿਆ, "ਰਮਣੀਕ ਦੇਸ਼ ਕਿਸ ਤਰ੍ਹਾਂ ਜਾਣਿਆ ਜਾਂਦਾ ਹੈ?॥ ੩੪॥

ਤਿਸ ਪਰੈ ਰਾਜ ਕਿਸ ਕੇਰਾ? ਕਹੁ ਕਿਤਿਕ ਦੂਨ ਥਲ ਹੇਰਾ?'।
ਕਰ ਜੋਰਿ ਦੂਤ ਕਹਿ ਬੈਨਾ। 'ਜਬਿ ਦੇਖੋਗੇ ਨਿਜ ਨੈਨਾ॥ ੩੫॥

ਉਸ ਤੋਂ ਪਰ੍ਹੇ ਕਿਸ ਦਾ ਰਾਜ ਹੈ? ਦੱਸੋ ਦੂਨ ਦਾ ਥਾਂ ਕਿੱਥੋਂ ਤਕ ਵੇਖਿਆ ਹੈ?" ਹੱਥ ਜੋੜ ਕੇ ਦੂਤ ਨੇ ਕਿਹਾ, "ਜਦ ਆਪਣੇ ਨੈਣਾਂ ਨਾਲ ਵੇਖੋਗੇ॥ ੩੫॥

ਤਬਿ ਜਾਨਹੁ ਤਾਂਹਿ ਨਿਕਾਈ। ਸੋ ਦੂਣ ਦੂਰ ਲਗਿ ਜਾਈ।
ਸ੍ਰੀ ਰਾਮਰਾਇ ਜਬਿ ਦੇਖੀ। ਸਭਿ ਥਲ ਤੇ ਰੁਚਿਰ ਪਰੇਖੀ॥ ੩੬॥

ਤਦ ਉਸ ਦੀ ਸੁੰਦਰਤਾਈ ਨੂੰ ਜਾਣੋਗੇ, ਉਹ ਦੂਨ ਬਹੁਤ ਦੂਰ ਤਕ ਜਾਂਦੀ ਹੈ। ਸ੍ਰੀ ਰਾਮ ਰਾਇ ਨੇ ਜਦ ਵੇਖੀ ਸੀ ਤਾਂ ਸਭ ਥਾਵਾਂ ਨਾਲੋਂ ਸੁੰਦਰ ਪਰਖੀ ਸੀ॥ ੩੬॥

ਹਮ ਨ੍ਰਿਪ ਕੇ ਰਾਜ ਪਰੇਰੇ। ਮਹਿਪਾਲਕ ਅਪਰ ਬਡੇਰੇ।
ਤਿਹ ਫਤੇ ਸ਼ਾਹਿ ਕਹਿਂ ਨਾਮੂ। ਬਡ ਦੇਸ਼ ਨ੍ਰਿਪਤ ਅਭਿਰਾਮੂ॥ ੩੭॥

ਸਾਡੇ ਰਾਜੇ ਦੇ ਰਾਜ ਤੋਂ ਪਰ੍ਹੇ ਹੋਰ ਕਈ ਵੱਡੇ ਰਾਜੇ ਹਨ। ਓਥੇ ਇਕ ਫਤਹਿ ਸ਼ਾਹ ਨਾਮ ਦਾ ਰਾਜਾ ਹੈ, ਉਸ ਪਾਸ ਵੱਡਾ ਦੇਸ਼ ਹੈ ਤੇ ਰਾਜਾ ਬੜਾ ਚਤੁਰ ਹੈ" ॥ ੩੭॥

ਪੁਨ ਸਤਿਗੁਰ ਕਹਜੋ ਸੁਨਾਈ। 'ਅਬਿ ਹੋਯੋ ਨੇਰ ਲਰਾਈ।
ਇਸ ਸੰਗ ਜੰਗ ਕਰਿ ਦੀਹਾ। ਪੁਨ ਗਮਨ ਕਰਨ ਕੀ ਈਹਾ॥ ੩੮॥

ਫਿਰ ਸਤਿਗੁਰੂ ਜੀ ਨੇ ਕਹਿ ਕੇ ਸੁਣਾਇਆ, "ਹੁਣ ਲੜਾਈ ਦਾ ਸਮਾਂ ਬਹੁਤ ਨੇੜੇ ਆ ਗਿਆ ਹੈ। ਇਸ ਨਾਲ ਵਿਕਰਾਲ ਜੰਗ ਕਰਾਂਗੇ, ਫਿਰ ਜਾਣ ਦੀ ਇੱਛਾ ਹੈ॥ ੩੮॥

ਮਤਿਮੰਦਨਿ ਗੰਜਹਿੰ ਗਰਬਾ। ਨਹਿਂ ਰਹਨਿ ਦੇਉਂ ਉਰ ਫਰਬਾ।
ਕਰਿ ਰਾਖੀ ਦੁਹਿੰਦਿਸ਼ ਤਯਾਰੀ। ਅਬਿ ਟਰਯੋ ਜਾਤਿ ਹੰਕਾਰੀ॥ ੩੯॥

ਮਾੜੀ ਮੱਤ ਵਾਲੇ ਦਾ ਹੰਕਾਰ ਨਾਸ਼ ਕਰਾਂਗੇ, ਉਸ ਦੇ ਹਿਰਦੇ ਦੇ ਫਰੇਬ ਨੂੰ ਨਹੀਂ ਰਹਿਣ ਦੇਵਾਂਗੇ। ਦੋਵਾਂ ਪਾਸਿਆਂ ਨੇ ਤਿਆਰੀ ਕਰ ਰੱਖੀ ਹੈ, ਹੁਣ ਹੰਕਾਰੀ ਟਾਲੀ ਜਾਂਦਾ ਹੈ।॥ ੩੯॥

ਨਹਿਂ ਆਵੈ ਆਹਵਖੇਤਾ। ਉਰ ਤ੍ਰਾਸਤਿ ਭੀਰੁ ਅਚੇਤਾ।
ਦਿਨ ਕਿਤਿਕ ਰਹਹੁ ਪੁਰਿ ਮਾਂਹੀ। ਪੁਨ ਗਮਨਹੁ ਨ੍ਰਿਪ ਨਿਜ ਪਾਹੀ' ॥੪੦॥

ਯੁੱਧ ਭੂਮਿਕਾ ਵਿਚ ਨਹੀਂ ਆਵੇਗਾ, ਕਾਇਰ ਮੂਰਖ ਦਿਲ ਵਿਚ ਡਰਦਾ ਹੈ। ਕੁਝ ਦਿਨ ਨਗਰ ਵਿਚ ਰਹੋ, ਫਿਰ ਆਪਣੇ ਰਾਜੇ ਦੇ ਪਾਸ ਜਾਵੋ" ॥ ੪੦॥

ਇਮ ਕਹਿ ਗੁਰ ਦਰਸ਼ਨ ਦੈ ਕੈ। ਸਿਖ ਸੰਗਤਿ ਆਨੰਦ ਕੈ ਕੈ।
ਇਕ ਜਾਮ ਸਭਾ ਮਹਿਂ ਬੈਸੇ। ਪਰਿਵਾਰਤਿ ਸਸਿ ਉਡ ਜੈਸੇ॥ ੪੧॥

ਇਸ ਤਰ੍ਹਾਂ ਕਹਿ ਕੇ ਦਰਸ਼ਨ ਦੇ ਕੇ, ਸਿੱਖ ਸੰਗਤ ਦਾ ਆਨੰਦ ਵਧਾਉਂਦੇ ਹੋਏ ਇਕ ਪਹਿਰ ਸਭਾ ਵਿਚ ਇੰਝ ਬੈਠੇ ਜਿਵੇਂ ਚੰਦਰਮਾਂ ਤਾਰਿਆਂ ਨਾਲ ਘਿਰਿਆ ਹੋਵੇ॥ ੪੧॥

ਪੁਨ ਕਲਗੀਧਰ ਉਠਿ ਚਾਲੇ। ਨਿਜ ਪਹੁੰਚੇ ਸਦਨ ਬਿਸਾਲੇ।
ਗੁਨ ਬਰਨਨਿ ਕਰਤਿ ਉਦਾਰੇ। ਥਲ ਨਿਜ ਨਿਜ ਪਹੁੰਚੇ ਸਾਰੇ॥ ੪੨॥

ਫਿਰ ਕਲਗੀਧਰ ਉੱਠ ਕੇ ਚਲੇ ਗਏ ਤੇ ਆਪਣੇ ਘਰ ਅੰਦਰ ਪਹੁੰਚ ਗਏ। ਗੁਰੂ ਜੀ ਦੇ ਵਿਸ਼ਾਲ ਗੁਣਾਂ ਬਾਰੇ ਵਰਣਨ ਕਰਦੇ ਹੋਏ ਸਾਰੇ ਆਪਣੇ-ਆਪਣੇ ਸਥਾਨਾਂ 'ਤੇ ਪਹੁੰਚ ਗਏ॥ ੪੨॥

ਮਿਲਿ ਬ੍ਰਿੰਦ ਮਸੰਦ ਬਿਲੰਦੇ। ਸਭਿ ਗਿਨਿ ਗਾਥ ਹਿਤਵੰਦੇ।
'ਗੁਰ ਚਢਿ ਗਮਨਹਿਂ ਤਿਸ ਦੇਸ਼ਾ। ਇਹ ਨੀਕੀ ਬਾਤ ਵਿਸ਼ੇਸ਼ਾ॥ ੪੩॥

ਸਮੂਹ ਵੱਡੇ-ਵੱਡੇ ਮਸੰਦਾਂ ਨੇ ਮਿਲ ਕੇ ਨਾਹਨ ਦੇ ਦੂਤ ਵਲੋਂ ਕਹੀ ਹੋਈ ਗੱਲ ਆਪਣੇ ਹਿੱਤ ਦੀ ਸਮਝੀ, "ਗੁਰੂ ਜੀ ਚੜ੍ਹ ਕੇ ਉਸ ਦੇਸ਼ ਵਿਚ ਚਲੇ ਜਾਣ, ਇਹ ਵਿਸ਼ੇਸ਼ ਤੌਰ 'ਤੇ ਚੰਗੀ ਗੱਲ ਹੈ॥ ੪੩॥

ਨਹਿਂ ਹੁਇ ਉਤਪਾਤਿ ਲਰਾਈ। ਰਿਸ ਦੁਹਿ ਦਿਸ਼ਿ ਤੇ ਮਿਟਿ ਜਾਈ।
ਸੁਤ ਬਜਾਹ ਬਿਖੈ ਨ੍ਰਿਪ ਫਾਸਾ। ਨਹਿਂ ਛੋਰ ਸਕਹਿ ਮੁਦ ਰਾਸਾ॥ ੪੪॥

ਫਿਰ ਲੜਾਈ ਝਗੜਾ ਨਹੀਂ ਹੋਵੇਗਾ, ਦੋਵਾਂ ਪਾਸਿਆਂ ਦਾ ਗੁੱਸਾ ਵੀ ਮਿੱਟ ਜਾਵੇਗਾ। ਰਾਜਾ ਪੁੱਤਰ ਦੇ ਵਿਆਹ ਵਿਚ ਫਸਿਆ ਹੈ, ਉਹ ਇਸ ਖੁਸ਼ੀ ਦੇ ਮੌਕੇ ਨੂੰ ਨਹੀਂ ਛੱਡ ਸਕਦਾ॥ ੪੪॥

ਗੁਰ ਪਰਚੈਂਹਿ ਤਿਤ ਕੋ ਜਾਈ। ਰਮਨੀਕ ਦੇਸ਼ ਬਿਹਰਾਈ।
ਠਹਿਰਾਯੋ ਕਰਨਿ ਪਯਾਨਾ। ਅਬਿ ਕਿਸ ਬਿਧਿ ਕਰਹਿਂ ਬਖਾਨਾ ? ॥ ੪੫ ॥

ਉਧਰ ਜਾ ਕੇ ਗੁਰੂ ਜੀ ਪਰਚ ਜਾਣਗੇ, ਰਮਣੀਕ ਦੇਸ਼ ਵਿਚ ਵਿਚਰਨਗੇ। ਗੁਰੂ ਜੀ ਨੇ ਚਲਣਾ ਤਾਂ ਠਹਿਰਾਇਆ ਹੋਇਆ ਹੈ, ਹੁਣ ਕਿਸ ਵਿਧੀ ਨਾਲ ਆਪਣੇ ਦਿਲ ਦੀ ਗੱਲ ਆਖੀਏ ? ॥ ੪੫ ॥

ਸ੍ਰੀ ਗੁਜਰੀ ਨਿਕਟ ਸਿਧਾਵਹੁ। ਰਣ ਮਿਟਹਿ ਸੁ ਘਾਤ ਬਨਾਵਹੁ।
ਸਮੁਝਾਵਨਿ ਸੁਤ ਕੋ ਆਈ। ਪੁਨ ਹਮ ਸਭਿ ਕਹਹਿਂ ਬਨਾਈ' ॥ ੪੬ ॥

ਮਾਤਾ ਗੁਜ਼ਰੀ ਜੀ ਦੇ ਪਾਸ ਜਾਵੋ, ਜਿਸ ਤਰ੍ਹਾਂ ਵੀ ਜੰਗ ਹਟ ਜਾਵੇ ਉਹ ਦਾਅ ਬਣਾਵੋ। ਉਹ ਪੁੱਤਰ ਨੂੰ ਜਦ ਸਮਝਾਉਣ ਆਉਣਗੇ ਫਿਰ ਅਸੀਂ ਸਾਰੇ ਰਲ ਕੇ ਗੱਲ ਬਣਾ ਲਵਾਂਗੇ" ॥ ੪੬ ॥

ਅਸ ਮਸਲਤ ਕਰਿ ਸਮੁਦਾਏ। ਸ੍ਰੀ ਮਾਤਾ ਕੇ ਢਿਗ ਆਏ।
ਨ੍ਰਿਪ ਨਾਹਨ ਕੀ ਸਭਿ ਗਾਥਾ। ਕਹਿ ਦੀਨਿ ਚਾਤੁਰੀ ਸਾਥਾ॥ ੪੭ ॥

ਸਾਰੇ ਇਸ ਪ੍ਰਕਾਰ ਸਲਾਹ ਕਰਕੇ ਮਾਤਾ ਗੁਜਰੀ ਜੀ ਦੇ ਪਾਸ ਆਏ ਤੇ ਉਨ੍ਹਾਂ ਨਾਹਨ ਦੇ ਰਾਜੇ ਦੀ ਸਾਰੀ ਗੱਲ ਬੜੀ ਚਤੁਰਾਈ ਨਾਲ ਸੁਣਾਈ॥ ੪੭ ॥

'ਸੁਨਿ ਮਾਤ ! ਘਾਤ ਅਬਿ ਆਈ। ਕਹਿ ਬਹੁ ਬਿਧਿ ਦੇਹੁ ਚਢਾਈ।
ਹਠ ਕਰਹਿਂ ਲਰਨ ਕੋ ਭਾਰੀ। ਸਮਝਾਇ ਭਲੇ ਦਿਹੁ ਟਾਰੀ॥ ੪੮ ॥

"ਹੇ ਮਾਤਾ ਜੀ ! ਸੁਣੋ, ਹੁਣ ਮੌਕਾ ਮਿਲਿਆ ਹੈ, ਗੁਰੂ ਜੀ ਨੂੰ ਬਹੁਤ ਵਿਧੀਆਂ ਨਾਲ ਕਹਿ ਕੇ ਨਾਹਨ ਰਿਆਸਤ ਵਲ ਚੜ੍ਹਾ ਦੇਵੋ, ਉਹ ਲੜਾਈ ਕਰਨ ਦਾ ਭਾਰੀ ਹਠ ਕਰਦੇ ਹਨ, ਭਲੀ ਪ੍ਰਕਾਰ ਸਮਝਾ ਕੇ ਟਾਲ ਦੇਵੋ॥ ੪੮ ॥

ਤੁਮ ਕਹੋ ਪ੍ਰਥਮ ਸ਼ੁਭ ਬਾਨੀ। ਪੁਨ ਹਮ ਸਭਿ ਕਰਹਿਂ ਬਖਾਨੀ'।
ਸੁਨਿ ਮਾਤਾ ਤਬਿ ਸਮੁਝਾਏ। 'ਲਿਹੁ ਨੰਦਹਿ ਚੰਦ ਮਿਲਾਏ॥ ੪੯ ॥

ਤੁਸੀਂ ਪਹਿਲਾਂ ਸ਼ੁਭ ਬਚਨ ਕਹੋ, ਫਿਰ ਅਸੀਂ ਸਾਰੇ ਕਹਾਂਗੇ।" ਮਾਤਾ ਜੀ ਨੇ ਸੁਣ ਕੇ ਮਸੰਦਾਂ ਨੂੰ ਸਮਝਾਇਆ, "ਨੰਦ ਚੰਦ ਦਿਵਾਨ ਨੂੰ ਵੀ ਨਾਲ ਮਿਲਾ ਲਵੋ॥ ੪੯ ॥

ਪੰਚ ਭ੍ਰਾਤਨਿ ਸੌਂ ਕਹਿ ਦੀਜੈ। ਢਿਗ ਵਰਤੀ ਸਕਲ ਮਿਲੀਜੈ।
ਸਭਿ ਏਕੋ ਬਾਤਿ ਬਖਾਨੈਂ। ਤਬਿ ਮਾਨਹਿਂ ਕਰਹਿਂ ਪਯਾਨੈ' ॥ ੫੦ ॥

ਪੰਜਾਂ ਭਰਾਵਾਂ ਨੂੰ ਵੀ ਕਹਿ ਦੇਵੋ ਤੇ ਉਨ੍ਹਾਂ ਦੇ ਸਾਰੇ ਨਜ਼ਦੀਕੀਆਂ ਨੂੰ ਮਿਲੋ। ਸਾਰੇ ਇਕੋ ਗੱਲ ਕਹਿਣ ਤਦ ਉਹ ਚਲਣਾ ਮੰਨ ਜਾਣਗੇ" ॥ ੫੦ ॥

ਸੁਨਿ ਮਾਤ ਬਾਕ ਹਿਤਵੰਤੇ। ਮਿਲਿ ਠਾਨਜੋ ਏਕ ਮਤੰਤੇ।
ਇਮ ਕਹੀ ਸਭਿਨਿ ਹੂੰ ਮਾਨੀ। ਇਹ ਨੀਕੀ ਬਾਤ ਪ੍ਰਮਾਨੀ॥ ੫੧ ॥

ਮਾਤਾ ਜੀ ਦੇ ਹਿਤੂ ਬਚਨ ਸੁਣ ਕੇ ਸਾਰਿਆਂ ਨੇ ਉਨ੍ਹਾਂ ਦੀ ਸਲਾਹ ਮੰਨ ਲਈ। ਇਸ ਤਰ੍ਹਾਂ ਕਹੀ ਸਾਰਿਆਂ ਨੇ ਮੰਨੀ ਤੇ ਇਸ ਨੂੰ ਚੰਗੀ ਗੱਲ ਪ੍ਰਮਾਣਿਤ ਕੀਤਾ॥ ੫੧ ॥

*ਪਹਿਲੀ ਰੁੱਤ ਦਾ ਤਰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੩ ॥*

# ਅਧਿਆਇ ਚੁਤਾਲੀਵਾਂ

## ਨਾਹਣ ਵਲ ਜਾਣਾ

ਦੋਹਰਾ- ਅਗਲੇ ਦਿਨ ਸ਼੍ਰੀ ਸਤਿਗੁਰੂ ਸੁੰਦਰ ਸਦਨ ਸੁਹਾਇ।
ਮਸਲਤ ਕਰਿ ਬਹੁਤੇ ਸਕਲ ਨਿਮੇ ਕਮਲ ਪਦ ਪਾਇ॥ ੧॥

ਅਗਲੇ ਦਿਨ ਸਤਿਗੁਰੂ ਜੀ ਸੁੰਦਰ ਘਰ ਵਿਚ ਸ਼ੋਭ ਰਹੇ ਸਨ। ਬਹੁਤ ਸਲਾਹਾਂ ਕਰਕੇ ਸਾਰੇ ਮਸੰਦਾਂ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੧॥

ਹਾਕਲ ਛੰਦ-ਸ਼੍ਰੀ ਗੁਜਰੀ ਤਬਿ ਚਲਿ ਆਈ। ਸਨਮਾਨਤਿ ਊਚ ਬਿਠਾਈ।
ਢਿਗ ਨੰਦ ਚੰਦ ਪੰਚ ਭ੍ਰਾਤਾ। ਗੁਰ ਚਰਨ ਜਿਨਹੁਂ ਮਨ ਰਾਤਾ॥ ੨॥

ਮਾਤਾ ਗੁਜਰੀ ਜੀ ਤਦ ਚਲ ਕੇ ਆ ਗਏ ਤਾਂ ਗੁਰੂ ਜੀ ਨੇ ਸਨਮਾਨ ਕਰਕੇ ਬੜੇ ਉੱਚੇ ਥਾਂ ਬਿਠਾਏ। ਗੁਰੂ ਜੀ ਦੇ ਪਾਸ ਨੰਦ ਚੰਦ ਅਤੇ ਪੰਜੇ ਭਰਾ ਵੀ ਬੈਠੇ ਹੋਏ ਸਨ, ਜਿਨ੍ਹਾਂ ਦੇ ਮਨ ਗੁਰੂ ਜੀ ਦੇ ਚਰਨਾਂ ਵਿਚ ਰੰਗੇ ਹੋਏ ਸਨ॥ ੨॥

ਪੁਨ ਥਿਰ ਮਸੰਦ ਸਮੁਦਾਏ। ਸਭਿ ਗੁਰ ਦਿਸ਼ਿ ਦ੍ਰਿਸ਼ਟਿ ਲਗਾਏ।
ਬਹੁ ਸੁਤ ਸਨੇਹ ਸੋਂ ਸਾਨੀ। ਪਿਖਿ ਮਾਤਾ ਬਾਤ ਬਖਾਨੀ॥ ੩॥

ਫਿਰ ਸਮੂਹ ਮਸੰਦ ਬੈਠ ਗਏ, ਸਾਰਿਆਂ ਨੇ ਗੁਰੂ ਜੀ ਵਾਲੇ ਪਾਸੇ ਦ੍ਰਿਸ਼ਟੀ ਲਾਈ। ਆਪਣੇ ਪੁੱਤਰ ਦੇ ਪ੍ਰੇਮ ਵਿਚ ਭਿੱਜੀ ਹੋਈ ਮਾਤਾ ਜੀ ਨੇ ਗੱਲ ਕਹੀ॥ ੩॥

'ਹੇ ਪੁੱਤ੍ਰ! ਕਹਹੁ ਕਿਹ ਪਾਤੀ? ਕਿਸ ਨਿਪ੍ਰਤਿ ਪਠੀ, ਭਾਂਤੀ?।
ਸੋ ਦੇਸ਼ ਅਹੈ ਦਿਸ਼ ਕੌਨੇ? ਕਹਿ ਪਠਯੋ ਕਹਾਂ, ਇਤ ਤੌਨੇ?'॥ ੪॥

"ਹੇ ਪੁੱਤਰ ! ਕਿਹੜੀ ਪੱਤ੍ਰਿਕਾ ਆਈ ਹੈ ਉਸ ਬਾਰੇ ਕਹੋ ? ਕਿਸ ਰਾਜੇ ਨੇ ਭੇਜੀ ਹੈ ਅਤੇ ਕਿਸ ਪ੍ਰਕਾਰ ਭੇਜੀ ਹੈ ? ਉਹ ਦੇਸ਼ ਕਿਹੜੇ ਪਾਸੇ ਹੈ। ਉਸ ਰਾਜੇ ਨੇ ਕੀ ਕਹਿ ਭੇਜਿਆ ਹੈ ?"॥ ੪॥

ਸੁਨਿ ਮਾਤ ਬਾਕ ਕੋ ਬੋਲੇ। ਮੁਖ ਕਮਲ ਹੀਰ ਰਦ ਖੋਲੇ।
'ਜਿਤ ਜਮੁਨਾ ਸ਼ਜਾਮਲ ਬਾਰੀ। ਤਿਤ ਗਿਰਪਤਿ ਪੁਰੀ ਉਦਾਰੀ॥ ੫॥

ਮਾਤਾ ਜੀ ਦੇ ਬਚਨਾਂ ਨੂੰ ਸੁਣਕੇ ਗੁਰੂ ਜੀ ਬੋਲੇ ਤੇ ਉਨ੍ਹਾਂ ਨੇ ਹੀਰੇ ਵਰਗੇ ਦੰਦਾਂ ਵਾਲੇ ਕਮਲ ਮੁਖ ਨੂੰ ਖੋਲ੍ਹਿਆ, "ਜਿਥੇ ਜਮਨਾ ਦਾ ਕਾਲਾ ਜਲ ਵਗਦਾ ਹੈ, ਉਸ ਪਾਸੇ ਪਹਾੜੀ ਰਾਜੇ ਦੀ ਵੱਡੀ ਨਗਰੀ ਹੈ॥ ੫॥

ਕਹਿਂ ਨਾਹਨ ਤਾਂ ਮਹਿਪਾਲਾ। ਲਿਖਿ ਭੇਜੀ ਅਰਜ਼ ਬਿਸਾਲਾ।
ਇਤ ਬੈਰ ਬਧਯੋ ਸੁਨਿ ਲੀਨੋ। ਨਿਜ ਦੇਸ਼ ਅਵਾਹਨ ਕੀਨੋ॥ ੬॥

ਉਸ ਰਾਜੇ ਨੂੰ ਨਾਹਣ ਦਾ ਰਾਜਾ ਕਹਿੰਦੇ ਹਨ, ਉਸ ਨੇ ਮਹਾਨ ਬੇਨਤੀ ਲਿਖ ਕੇ ਭੇਜੀ ਹੈ। ਸਾਡੇ ਏਧਰ ਵਧੇ ਵੈਰ ਬਾਰੇ ਉਸ ਸੁਣ ਲਿਆ ਹੈ, ਆਪਣੇ ਦੇਸ਼ ਵਿਚ ਆਉਣ ਵਾਸਤੇ ਸੱਦਾ ਭੇਜਿਆ ਹੈ"॥ ੬॥

ਤਬਿ ਮਾਤੁਲ ਕਹਯੋ ਕ੍ਰਿਪਾਲੂ। 'ਲਿਖਿ ਪਠਯੋ ਮਨੋਗ ਬਿਸਾਲੂ।
ਰਮਣੀਕ ਦੂਨ ਹੈ ਸਾਰੀ। ਸੇ ਭਾਖਹਿਂ ਜਿਨਹੁਂ ਨਿਹਾਰੀ॥ ੭॥

ਤਦ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਬੜਾ ਮਨੋਹਰ ਲਿਖ ਕੇ ਭੇਜਿਆ ਹੈ। ਸਾਰੀ ਦੂਣ ਬਹੁਤ ਰਮਣੀਕ ਹੈ, ਉਹ ਕਹਿੰਦੇ ਹਨ ਜਿਨ੍ਹਾਂ ਨੇ ਵੇਖੀ ਹੈ॥ ੭॥

ਸ੍ਰੀ ਰਾਮਰਾਇ ਜਬਿ ਦੇਖੀ। ਸੁਖਦਾਯਕ ਜਾਨਿ ਵਿਸ਼ੇਖੀ।
ਸੋ ਅਹੈ ਦੂਰ ਲਗਿ ਇਤ ਕੋ। ਰਵਿ ਸੁਤਾ ਅਨੰਦਤਿ ਜਿਤ ਕੋ॥ ੮॥

ਸ੍ਰੀ ਰਾਮ ਰਾਇ ਨੇ ਜਦ ਵੇਖੀ ਸੀ ਤਾਂ ਵਿਸ਼ੇਸ਼ ਤੌਰ ਤੇ ਸੁਖਦਾਇਕ ਜਾਣੀ ਸੀ। ਉਹ ਏਥੋਂ ਤਕ ਦੂਰ ਹੈ ਜਿਸ ਨੂੰ ਸੂਰਜ ਦੀ ਪੁੱਤਰੀ ਜਮਨਾ ਅਨੰਦ ਦੇ ਰਹੀ ਹੈ॥ ੮॥

ਤਿਸ ਤੇ ਕੁਛ ਪਰੇ ਬਸੰਤਾ। ਤਹਿੰ ਬਿਹਰਤਿ ਬਹੁ ਹਰਖੰਤਾ"।
ਸੁਨਿ ਨੰਦ ਚੰਦ ਕਹਿ ਬਾਨੀ। 'ਅਸ ਸੁੰਦਰ ਦੂਣ ਮਹਾਨੀ॥ ੯॥

ਰਾਮ ਰਾਇ ਉਸ ਤੋਂ ਕੁਝ ਪਰ੍ਹੇ ਵੱਸਦਾ ਹੈ, ਓਥੇ ਫਿਰ ਕੇ ਉਹ ਬਹੁਤ ਪ੍ਰਸੰਨ ਹੁੰਦਾ ਹੈ। ਇਹ ਸੁਣ ਕੇ ਨੰਦ ਚੰਦ ਨੇ ਕਿਹਾ "ਐਸੀ ਮਹਾਨ ਸੁੰਦਰ ਦੂਣ ਹੈ॥ ੯॥

ਜੇ ਰੁਚਿ ਹਜ਼ੂਰ ਮਨ ਭਾਵੈ। ਤਬਿ ਪਿਖਿਨਿ ਸਭਿਨਿ ਬਨਿ ਆਵੈ।
ਨਿਤ ਕਰਹੁ ਅਖੇਰ ਘਨੇਰੇ। ਚਿਤ ਵਧਹਿ ਅਨੰਦ ਬਡੇਰੇ॥ ੧੦॥

ਜੇ ਉਹ ਸੁੰਦਰ ਦੂਣ ਗੁਰੂ ਜੀ ਦੇ ਮਨ ਨੂੰ ਚੰਗੀ ਲੱਗੇ, ਤਦ ਉਹ ਸਾਰਿਆਂ ਦੇ ਵੇਖਣੀ ਬਣਦੀ ਹੈ। ਨਿਤ ਓਥੇ ਘਣਾ ਸ਼ਿਕਾਰ ਖੇਡਾਂਗੇ ਤੇ ਚਿੱਤ ਦਾ ਬਹੁਤ ਅਨੰਦ ਵਧੇਗਾ॥ ੧੦॥

ਇਤ ਭੀਮਚੰਦ ਕੁਰਿਆਰੀ। ਨਿਤ ਕ੍ਰੋਧ ਬਧਾਵਤਿ ਭਾਰੀ।
ਟਰਿ ਗਯੋ ਤ੍ਰਾਸ ਕੋ ਧਾਰੇ। ਨਤੁ ਦੇਖਤਿ ਜੰਗ ਮਝਾਰੇ॥ ੧੧॥

ਏਧਰ ਝੂਠਾ ਭੀਮ ਚੰਦ ਹੈ, ਸਦਾ ਹੀ ਬਹੁਤ ਕ੍ਰੋਧ ਵਧਾਉਂਦਾ ਹੈ। ਹੁਣ ਡਰ ਧਾਰਨ ਕਰਕੇ ਟਲ ਗਿਆ ਹੈ, ਨਹੀਂ ਤਾਂ ਉਸ ਨੂੰ ਜੰਗ ਵਿਚ ਵੇਖਦੇ॥ ੧੧॥

ਇਮ ਘਾਲ ਘਨੋ ਘਮਸਾਨਾ। ਜਿਸ ਹੇਰਤਿ ਹੋਤਿ ਹਿਰਾਨਾ।
ਮੁਖ ਪੰਕਜ ਕਾਰਸ ਲਾਗਤਿ। ਜਲ ਧੋਏ ਨਿਤ ਬਹੁ ਦਾਗਤਿ॥ ੧੨॥

ਇਸ ਤਰ੍ਹਾਂ ਵੱਡਾ ਘਮਸਾਣ ਦਾ ਯੁੱਧ ਕਰਦੇ, ਜਿਸ ਨੂੰ ਵੇਖ ਕੇ ਉਹ ਹੈਰਾਨ ਹੁੰਦਾ। ਉਸ ਦੇ ਮੁਖ ਨੂੰ ਜੋ ਚਿੱਕੜ ਅਤੇ ਕਾਲਖ ਲੱਗੀ ਹੈ, ਉਸ ਨੂੰ ਜਲ ਨਾਲ ਭਾਵੇਂ ਨਿਤ ਧੋਵੇ ਉਹ ਸਗੋਂ ਬਹੁਤ ਪ੍ਰਗਟ ਹੁੰਦੀ ਹੈ॥ ੧੨॥

ਪ੍ਰਭੁ ਤੁਮਰੋ ਜਸੁ ਬਿਦਤਾਯੋ। ਬਿਨ ਲਰੇ ਬਿਜੈ ਪਦ ਪਾਯੋ'।
ਸੁਨਿ ਸੰਗੋ ਵਾਕ ਬਖਾਨਾ। 'ਨਿਤ ਗੁਰਨਿ ਪ੍ਰਤਾਪ ਮਹਾਨਾ॥ ੧੩॥

ਹੇ ਪ੍ਰਭੂ ਜੀ ! ਤੁਹਾਡਾ ਜੱਸ ਪ੍ਰਗਟ ਹੋਇਆ ਹੈ, ਲੜਨ ਤੋਂ ਬਗ਼ੈਰ ਹੀ ਵਿਜੇ ਪਦਵੀ ਪਾਈ ਹੈ।" ਭਾਈ ਸੰਗੋ ਨੇ ਸੁਣ ਕੇ ਕਿਹਾ, "ਸਦਾ ਗੁਰੂ ਜੀ ਦਾ ਮਹਾਨ ਪ੍ਰਤਾਪ ਹੈ॥ ੧੩॥

ਇਹ ਬਪੁਰੇ ਕਹਾਂ ਪਹਾਰੀ। ਤੁਰਕੇਸ਼ ਚਮੂੰ ਲਰਿ ਹਾਰੀ।
ਗੁਰ ਖਸ਼ਟਮ ਕੋ ਰਣ ਚਾਰੇ। ਹੈਂ ਬਿਦਤਿ ਅਜਹੁੰ ਜਗ ਸਾਰੇ॥ ੧੪॥

ਇਹ ਵਿਚਾਰੇ ਪਹਾੜੀਏ ਕੀ ਹਨ, ਬਾਦਸ਼ਾਹ ਦੀ ਫ਼ੌਜ ਲੜ ਕੇ ਹਾਰ ਗਈ ਸੀ। ਛੇਵੀਂ ਪਾਤਸ਼ਾਹੀ ਦੇ ਚਾਰੇ ਯੁੱਧ ਅਜ ਤਕ ਸਾਰੇ ਜਗ ਵਿਚ ਪ੍ਰਗਟ ਹਨ॥ ੧੪॥

ਜੋ ਹੁਇ ਹਜ਼ੂਰ ਸੰਗ ਖੋਟਾ। ਨਿਤ ਪਰਹਿ ਤਿਨਹੁਂ ਬਡ ਟੋਟਾ।
ਰਨ ਤਜਾਗਜੋ ਸ਼ੱਤ੍ਰ ਕੁਚਾਲੇ। ਪੁਨ ਕਹਾਂ ਉਡੀਕਨ ਹਾਲੇ॥ ੧੫॥

ਜਿਹੜਾ ਵੀ ਹਜ਼ੂਰ ਨਾਲ ਖੋਟ ਕਰੇਗਾ ਉਸ ਨੂੰ ਸਦਾ ਵੱਡਾ ਘਾਟਾ ਪਵੇਗਾ। ਉਸ ਖੋਟੀ ਚਾਲ ਵਾਲੇ ਵੈਰੀ ਨੇ ਜੰਗ ਛੱਡ ਦਿੱਤਾ ਹੈ, ਇਸ ਕਰਕੇ ਹੁਣ ਉਸ ਨੂੰ ਕੀ ਉਡੀਕਣਾ ਹੈ॥ ੧੫॥

ਅਬਿ ਸੈਲਨ ਸੈਲ ਕਰੀਜੈ। ਸਭਿ ਸੁੰਦਰ ਦੂਣ ਪਿਖੀਜੈ।
ਚਿਤ ਰੁਚਹਿ ਤਹਾਂ ਤਬਿ ਰਹੀਏ। ਨਤੁ ਆਇ ਅਪਨਿ ਪੁਰਿ ਲਹੀਏ'॥੧੬॥

ਹੁਣ ਪਹਾੜਾਂ ਵਿਚ ਸੈਰ ਕਰੀਏ ਤੇ ਸਾਰੀ ਸੁੰਦਰ ਦੂਣ ਨੂੰ ਵੇਖੀਏ। ਚਿੱਤ ਨੂੰ ਚੰਗਾ ਲੱਗੇ ਤਾਂ ਓਥੇ ਰਹੀਏ ਨਹੀਂ ਤਾਂ ਵਾਪਸ ਆਪਣੇ ਨਗਰ ਵਿਚ ਆ ਜਾਈਏ"॥ ੧੬॥

ਸੁਨਿ ਸਤਿਗੁਰ ਸਭਿ ਮਹਿਂ ਭਾਖਾ। 'ਹਮ ਧਰਹਿਂ ਜੰਗ ਅਭਿਲਾਖਾ।
ਨ੍ਰਿਪ ਭੀਮਚੰਦ ਜਿਮ ਚਾਹੈ। ਪ੍ਰਭੁ ਆਇਸੁ ਤੇ ਤਿਮ ਪਾਹੈ॥ ੧੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਵਿਚ ਕਿਹਾ, "ਅਸੀਂ ਜੰਗ ਦੀ ਅਭਿਲਾਸ਼ਾ ਧਰਦੇ ਹਾਂ। ਰਾਜਾ ਭੀਮ ਚੰਦ ਜਿਵੇਂ ਚਾਹੇ, ਪ੍ਰਭੂ ਦੀ ਆਗਿਆ ਨਾਲ ਉਸ ਤਰ੍ਹਾਂ ਹੀ ਪਾਵੇ॥ ੧੭॥

ਦਿਖਰਾਵਹਿਂ ਕਰਿ ਬਡ ਜੁੱਧਾ। ਤਬਿ ਲੌ ਹੁਇ ਸ਼ਾਂਤਿ ਨ ਕ੍ਰੱਧਾ।
ਮਤਿਮੰਦ ਹਮਹੁਂ ਕਜਾ ਜਾਨੈ। ਰਣ ਕਰਿ ਜੇ ਚਮੂੰ ਨ ਹਾਨੈਂ'॥ ੧੮॥

ਵੱਡਾ ਯੁੱਧ ਕਰ ਕੇ ਵਿਖਾਵਾਂਗੇ। ਤਦ ਤਕ ਸਾਡਾ ਕ੍ਰੋਧ ਸ਼ਾਂਤ ਨਹੀਂ ਹੋਵੇਗਾ। ਮਾੜੀ ਮੱਤ ਵਾਲਾ ਸਾਨੂੰ ਕੀ ਜਾਣਦਾ ਹੈ, ਯੁੱਧ ਕਰਕੇ ਜੇ ਸਾਰੀ ਸੈਨਾ ਨਾ ਮਾਰ ਦੇਈਏ"॥ ੧੮॥

ਸੁਨਿ ਮਾਤ ਬਹੁਰ ਸਮਝਾਵੈ। 'ਗੁਰ ਘਰ ਕੋ ਰਿਪੁ ਦੁਖ ਪਾਵੈ।
ਮਨ ਮਾਂਹਿ ਨ ਮਹਿਮਾ ਜਾਨੀ। ਸਠ ਭਾਗਹੀਨ ਮਤਿ ਹਾਨੀ॥ ੧੯॥

ਇਹ ਸੁਣ ਕੇ ਮਾਤਾ ਜੀ ਨੇ ਫਿਰ ਸਮਝਾਇਆ, "ਗੁਰੂ ਘਰ ਨੂੰ ਵੈਰੀ ਦੁਖ ਦਿੰਦਾ ਹੈ। ਆਪਣੇ ਮਨ ਵਿਚ ਉਸ ਮਹਿਮਾ ਨਹੀਂ ਜਾਣੀ ਹੈ, ਮੂਰਖ ਭਾਗਹੀਣ ਦੀ ਮੱਤ ਮਾਰੀ ਗਈ ਹੈ॥ ੧੯॥

ਸਿਰ ਧੁਨਿ ਆਛੇ ਪਛੁਤਾਵੈ। ਸੁਖ ਪਾਇ ਜਿ ਸ਼ਰਨੀ ਆਵੈ।
ਜੇ ਰਣ ਤੇ ਟਰਜੋ ਪਹਾਰੀ। ਪੁਨ ਤੁਮ ਕਜੋਂ ਚਾਹਤਿ ਰਾਰੀ॥ ੨੦॥

ਫਿਰ ਸਿਰ ਮਾਰ ਕੇ ਬਾਅਦ ਵਿਚ ਪਛੁਤਾਉਂਦਾ ਹੈ, ਜੇ ਸ਼ਰਨੀ ਆ ਜਾਵੇ ਤਾਂ ਸੁਖ ਪ੍ਰਾਪਤ ਕਰੇ। ਜੇ ਪਹਾੜੀਆ ਯੁੱਧ ਕਰਨ ਤੋਂ ਟਲ ਗਿਆ ਹੈ, ਫਿਰ ਤੁਸੀਂ ਕਿਉਂ ਝਗੜਾ ਚਾਹੁੰਦੇ ਹੋ॥ ੨੦॥

ਸ਼ਰਧਾਲੁ ਜਿ ਨਾਹਨ ਰਾਜਾ। ਅਰੁ ਸੁੰਦਰ ਦੇਸ਼ ਬਿਰਾਜਾ।
ਉਤ ਪਰਖਹੁ ਪਹੁੰਚਿਨਿਹਾਰਹੁ। ਬਨ ਬਿਹਰਹੁ ਬਾਸੁਰ ਟਾਰਹੁ॥ ੨੧॥

ਜੇ ਨਾਹਣ ਦਾ ਰਾਜਾ ਤੁਹਾਡਾ ਸ਼ਰਧਾਲੂ ਹੈ ਅਤੇ ਸੁੰਦਰ ਦੇਸ਼ ਵਿਚ ਰਹਿੰਦਾ ਹੈ। ਤਾਂ ਓਥੇ ਪਹੁੰਚ ਕੇ ਉਸ ਸਥਾਨ ਦੀ ਪਰਖ ਕਰੋ ਤੇ ਜੰਗਲ ਵਿਚ ਫਿਰ ਕੇ ਦਿਨ ਬਤੀਤ ਕਰੋ॥ ੨੧॥

ਪੁਨ ਐਹੋ ਪੁਰੀ ਅਨੰਦਾ। ਨਿਤ ਰਹੀਏ ਰਿਦੇ ਅਨੰਦਾ।
ਰਣ ਕਾਰਨ ਕ੍ਰੋਧ ਨਿਵਾਰਹੁ। ਪੁਰਿ ਨਾਹਣ ਪੰਥ ਪਧਾਰਹੁ॥ ੨੨॥

ਫਿਰ ਅਨੰਦਪੁਰੀ ਵਿਚ ਆ ਜਾਵੋ ਤੇ ਸਦਾ ਹਿਰਦੇ ਵਿਚ ਅਨੰਦਮਈ ਰਹੋ। ਯੁੱਧ ਵਾਸਤੇ ਕ੍ਰੋਧ ਨੂੰ ਦੂਰ ਕਰੋ ਤੇ ਨਾਹਣ ਨਗਰ ਦੇ ਰਸਤੇ ਵਲ ਚਲੋ॥ ੨੨॥

**ਰਿਪੁ ਭਾਗਜੋ ਗੈਲ ਨ ਗਹੀਏ। ਰਣ ਕਰਨਿ ਨ ਹਿਤ ਸੋਂ ਚਹੀਏ।**
**ਜੇ ਧਰਹਿ ਬਹੁਰ ਹੰਕਾਰਾ। ਕੁਛ ਲਾਗੈ ਕਰਨਿ ਬਿਗਾਰਾ॥ ੨੩॥**

ਵੈਰੀ ਭੱਜ ਗਿਆ ਹੈ, ਉਸ ਦਾ ਹੁਣ ਰਸਤਾ ਨਾ ਫੜੋ, ਯੁੱਧ ਕਰਨ ਦਾ ਹਿਤ ਨਾ ਚਾਹੋ। ਜੇ ਬਾਅਦ ਵਿਚ ਹੰਕਾਰ ਧਾਰਨਗੇ ਅਤੇ ਕੁਝ ਵਿਗਾੜ ਕਰਨ ਲੱਗੇ॥ ੨੩॥

**ਪੁਨ ਕਰਹੁ ਜਥਾ ਚਿਤ ਮਾਂਹੀ। ਤੁਮ ਰਿਦੈ ਛਪੀ ਕੁਛ ਨਾਂਹੀ।**
**ਅਬਿ ਕਹਜੋ ਮਾਨੀਅਹਿ ਮੇਰਾ। ਨਹਿਂ ਕੀਜੈ ਆਪ ਬਖੇਰਾ॥ ੨੪॥**

ਫਿਰ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਚਿੱਤ ਚਾਹੇ ਤੁਹਾਡੇ ਹਿਰਦੇ ਵਿਚ ਕੁਝ ਵੀ ਲੁਕਿਆ ਨਹੀਂ ਹੈ। ਹੁਣ ਮੇਰਾ ਕਿਹਾ ਮੰਨੋ ਤੇ ਆਪਣੇ ਆਪ ਬਖੇੜਾ ਖੜਾ ਨਾ ਕਰੋ॥ ੨੪॥

**ਜੇ ਪ੍ਰਥਮ ਭਏ ਅਵਤਾਰਾ। ਤਿਨਹੂੰ ਨ ਮਾਤ ਬਚ ਟਾਰਾ।**
**ਸ਼੍ਰੀ ਰਾਮਚੰਦ੍ਰ ਭਗਵਾਨਾ। ਜਗ ਬਿਦਤ ਕ੍ਰਿਸ਼ਨ ਜਿਮ ਠਾਨਾ॥ ੨੫॥**

ਜਿਹੜੇ ਪਹਿਲਾਂ ਅਵਤਾਰ ਹੋਏ ਹਨ, ਉਨ੍ਹਾਂ ਨੇ ਆਪਣੇ ਮਾਤਾ ਜੀ ਦੇ ਬਚਨਾਂ ਨੂੰ ਨਹੀਂ ਟਾਲਿਆ ਹੈ। ਸ੍ਰੀ ਰਾਮ ਚੰਦਰ ਜੀ ਭਗਵਾਨ ਹੋਏ ਹਨ, ਜਗਤ ਵਿਚ ਪ੍ਰਗਟ ਹੈ ਜਿਵੇਂ ਕ੍ਰਿਸ਼ਨ ਜੀ ਨੇ ਧਾਰਨ ਕੀਤਾ ਸੀ॥ ੨੫॥

**ਤਿਮ ਅਬਿ ਕੇ ਮਮ ਬਚ ਮਾਨੋ। ਕਰਿ ਕੋਪ ਸ਼ਾਂਤਿ ਪ੍ਰਸਥਾਨੋ।**
**ਸੋ ਦੇਸ਼ ਕ੍ਰਿਤਾਰਥ ਕੀਜੈ। ਸਿਖ ਅਪਨੇ ਤਿਸ ਦਿਸ਼ਿ ਥੀਜੈ॥ ੨੬॥**

ਉਸ ਤਰ੍ਹਾਂ ਮੇਰੇ ਹੁਣ ਵਾਲੇ ਬਚਨ ਮੰਨ ਲਵੋ। ਗੁੱਸਾ ਛੱਡ ਕੇ ਸ਼ਾਂਤੀ ਵਾਲੇ ਸਥਾਨ ਤੇ ਚਲੇ ਜਾਵੋ। ਉਸ ਦੇਸ਼ ਤੇ ਕਿਰਪਾ ਕਰੋ, ਉਸ ਪਾਸੇ ਵੀ ਆਪਣੇ ਸਿੱਖ ਬਣਾ ਲਵੋ"॥ ੨੬॥

**ਸੁਨਿ ਮਾਤ ਬਾਕ ਗੁਰ ਭਾਖਾ। 'ਤੁਮ ਕਹਜੋ ਨ ਮੁਹਿ ਅਬਿ ਨਾਖਾ।**
**ਮੁਹਿ ਭੇਜਜੋ ਪੁਰਖ ਅਕਾਲਾ। ਰਣ ਕਰਿਬੇ ਹੇਤੁ ਕਰਾਲਾ॥ ੨੭॥**

ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਫਿਰ ਗੁਰੂ ਜੀ ਨੇ ਕਿਹਾ, "ਤੁਹਾਡਾ ਕਿਹਾ ਹੁਣ ਅਸੀਂ ਮੋੜਦੇ ਨਹੀਂ ਹਾਂ। ਮੈਨੂੰ ਅਕਾਲ ਪੁਰਖ ਨੇ ਵਿਕਰਾਲ ਯੁੱਧ ਕਰਨ ਵਾਸਤੇ ਭੇਜਿਆ ਹੈ॥ ੨੭॥

**ਗਨ ਦੁਸ਼ਟਨ ਕੇ ਤਨ ਖੰਡੋਂ। ਛਿਤ ਛੀਨ ਜ਼ੋਰ ਤੇ ਦੰਡੋਂ।**
**ਨਹਿਂ ਸਾਧ ਬਨੇ ਕੋ ਜਾਨੇ। ਪੁਰਸ਼ਾਰਥ ਕੋ ਜਗ ਮਾਨੇ॥ ੨੮॥**

ਸਾਰੇ ਦੁਸ਼ਟਾਂ ਦੇ ਸਰੀਰਾਂ ਦੇ ਟੋਟੇ ਕਰ ਦੇਵਾਂਗਾ, ਧਰਤੀ ਖੋਹ ਕੇ ਜ਼ੋਰ ਨਾਲ ਦੰਡ ਦੇਵਾਂਗਾ।" ਸਾਧ ਬਣੇ ਨੂੰ ਕੋਈ ਨਹੀਂ ਜਾਣਦਾ, ਪੁਰਖ ਵਲੋਂ ਕੀਤੇ ਉੱਦਮ ਨੂੰ ਹੀ ਜਗ ਮੰਨਦਾ ਹੈ॥ ੨੮॥

**ਇਮ ਸ਼ੱਤ੍ਰੂ ਤੇ ਧਰਿ ਤ੍ਰਾਸਾ। ਤੌ ਹੁਇ ਹੈ ਕਿਤ ਮਮ ਬਾਸਾ।**
**ਸਭਿ ਚਾਹਹਿਂ ਮੋਹਿ ਦਬਾਯੋ। ਨਹਿਂ ਬਸਨ ਦੇਹਿਂ ਕਿਤ ਥਾਯੋ॥ ੨੯॥**

ਇਸ ਤਰ੍ਹਾਂ ਵੈਰੀ ਪਾਸੋਂ ਜੇ ਡਰ ਮੰਨਾਂਗਾ ਤਾਂ ਮੇਰਾ ਕਿੱਥੇ ਵਾਸਾ ਹੋਵੇਗਾ। ਸਾਰੇ ਮੈਨੂੰ ਹੀ ਦਬਾਉਣਾ ਚਾਹੁੰਦੇ ਹਨ, ਇਸ ਤਰ੍ਹਾਂ ਮੈਨੂੰ ਕਿਤੇ ਵੀ ਵੱਸਣ ਨਹੀਂ ਦੇਣਗੇ॥ ੨੯॥

ਸੁਤ ਛੱਤ੍ਰੀ ਕੋ ਰਣ ਧਰਮਾ। ਨਹਿਂ ਤਜਾਗੋਂ ਮੈਂ ਸ਼ੁਭ ਕਰਮਾ।
ਦੇ ਸਿੱਖਨਿ ਕਰ ਹੱਥਜਾਰਾ। ਬਿਥਰਾਵੋਂ ਜੰਗ ਅਖਾਰਾ॥ ੩੦॥

ਖੱਤਰੀ ਦੇ ਪੁੱਤਰ ਦਾ ਧਰਮ ਯੁੱਧ ਕਰਨਾ ਹੈ, ਮੈਂ ਇਸ ਸ਼ੁਭ ਕਰਮ ਨੂੰ ਕਦੀ ਵੀ ਨਹੀਂ ਛੱਡਾਂਗਾ। ਆਪਣੇ ਸਿੱਖਾਂ ਨੂੰ ਹਥਿਆਰ ਦੇ ਕੇ ਜੰਗ ਦਾ ਅਖਾੜਾ ਲਾਵਾਂਗਾ॥ ੩੦॥

ਕਰਿ ਦੇਵਹੁਂ ਰੰਕਨ ਰਾਜੇ। ਹੁਇਂ ਰਾਜੇ ਰੰਕ ਨਿਲਾਜੇ।
ਤਬਿ ਜਾਨਹੁ ਮੋਰ ਪ੍ਰਤਾਪੂ। ਅਨਗਿਨਤ ਕਰੌਂ ਦਲ ਖਾਪੂ॥ ੩੧॥

ਗਰੀਬਾਂ ਨੂੰ ਰਾਜੇ ਬਣਾ ਦੇਵਾਂਗਾ ਤੇ ਰਾਜੇ ਕੰਗਾਲ ਹੋ ਕੇ ਨਿਲੱਜ ਹੋ ਜਾਣਗੇ। ਤਦ ਮੇਰੇ ਪ੍ਰਤਾਪ ਨੂੰ ਜਾਣੋਗੇ। ਅਣਗਿਣਤ ਫੌਜਾਂ ਦਾ ਖਾਤਮਾ ਕਰ ਦੇਵਾਂਗਾ॥ ੩੧॥

ਅਬਿ ਬਾਕ ਮਾਤ! ਤੁਵ ਮਾਨਾ। ਕਰਿ ਦੇਹੁਂ ਪ੍ਰਾਤਿ ਪ੍ਰਸਥਾਨਾ।
ਪਰ ਫੇਰ ਨ ਮੋਹਿ ਹਟਾਵਹੁ। ਨਿਜ ਉਰ ਤੇ ਤ੍ਰਾਸ ਮਿਟਾਵਹੁ॥ ੩੨॥

ਹੁਣ ਮੈਂ ਮਾਤਾ ਜੀ ਦਾ ਬਚਨ ਮੰਨ ਲਿਆ ਹੈ, ਸਵੇਰ ਨੂੰ ਹੀ ਨਾਹਣ ਵਲ ਚਲੇ ਜਾਵਾਂਗੇ। ਪਰ ਫੇਰ ਮੈਨੂੰ ਨਾ ਹਟਾਉਣਾ, ਆਪਣੇ ਦਿਲ ਦੇ ਡਰ ਨੂੰ ਦੂਰ ਕਰੋ"॥ ੩੨॥

ਸੁਨਿ ਸਤਿਗੁਰ ਤੇ ਅਸ ਬਾਨੀ। ਸਭਿ 'ਧੰਨਹਿ ਧੰਨ' ਬਖਾਨੀ।
'ਪ੍ਰਭੁ ਕਰਨ ਕਰਾਵਨ ਹਾਰੇ। ਕੋ ਤੁਮਰੋ ਕਹਜੋ ਨਿਵਾਰੇ॥ ੩੩॥

ਸਤਿਗੁਰੂ ਜੀ ਪਾਸੋਂ ਐਸੀ ਬਾਣੀ ਸੁਣ ਕੇ ਸਾਰਿਆਂ ਨੇ 'ਧੰਨ ਧੰਨ' ਕਿਹਾ। "ਪ੍ਰਭੂ ਜੀ ਆਪ ਹੀ ਕਰਨ ਕਰਾਵਨਹਾਰੇ ਹਨ, ਆਪ ਜੀ ਦੇ ਕਹੇ ਨੂੰ ਕੌਣ ਟਾਲ ਸਕਦਾ ਹੈ॥ ੩੩॥

ਇਕ ਬਾਕ ਕਹੇ ਜਗ ਹੋਵੈ। ਤਿਮ ਸਕਲ ਬਿਨਾਸੀ ਜੋਵੈ।
ਜੋ ਮੂਰਖ ਜਾਨੈ ਨਾਂਹੀ। ਸੋ ਪਰਹਿ ਨਰਕ ਕੇ ਮਾਂਹੀ'॥ ੩੪॥

ਇਕ ਬਚਨ ਕਹਿਣ ਨਾਲ ਜਗਤ ਪ੍ਰਗਟ ਹੋ ਜਾਂਦਾ ਹੈ, ਉਸ ਤਰ੍ਹਾਂ ਹੀ ਇਕ ਸ਼ਬਦ ਕਹਿਣ ਨਾਲ ਸਭ ਦਾ ਨਾਸ਼ ਕਰ ਦਿੰਦੇ ਹੋ। ਜਿਹੜਾ ਮੂਰਖ ਨਹੀਂ ਜਾਣਦਾ ਹੈ, ਉਹ ਨਰਕਾਂ ਵਿਚ ਪਵੇਗਾ"॥ ੩੪॥

ਇਮ ਭਯੋ ਅੰਤ ਸੰਬਾਦਾ। ਸਭਿ ਧਰਹਿ ਰਿਦੈ ਅਹਿਲਾਦਾ।
ਪੁਨ ਸਤਿਗੁਰ ਹੁਕਮ ਬਖਾਨਾ। 'ਸੁਨਿ ਨੰਦ ਚੰਦ! ਪ੍ਰਸਥਾਨਾ॥ ੩੫॥

ਇਸ ਤਰ੍ਹਾਂ ਸੰਬਾਦ ਖਤਮ ਹੋਇਆ, ਸਾਰੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਫਿਰ ਸਤਿਗੁਰੂ ਜੀ ਨੇ ਹੁਕਮ ਦਿੱਤਾ, "ਹੇ ਨੰਦ ਚੰਦ ! ਨਾਹਣ ਰਿਆਸਤ ਵਲ ਚਲੇ ਜਾਣਾ ਹੈ॥ ੩੫॥

ਕਹਿ ਦੇਹੁ ਕਰਹਿਂ ਸਭਿ ਤਯਾਰੀ। ਸ਼ਮਿਯਾਨੇ ਤੰਬੂ ਭਾਰੀ।
ਗਨ ਸਕਟ ਰੁ ਉਸ਼ਟਰ ਲੈਕੈ। ਇਹ ਲਾਦ ਚਲੈਂ ਅਗੁਵੈਕੈ॥ ੩੬॥

ਕਹਿ ਦੇਵੋ ਸਾਰੇ ਤਿਆਰੀ ਕਰਨ, ਸ਼ਾਮਿਆਣੇ ਤੇ ਭਾਰੀ ਤੰਬੂ ਕੁਝ ਛੱਕੜੇ ਅਤੇ ਊਠ ਲੈ ਕੇ, ਉਨ੍ਹਾਂ ਤੇ ਲੱਦ ਕੇ ਪਹਿਲਾਂ ਚਲੇ ਜਾਣ॥ ੩੬॥

ਸੁਧਿ ਸਭਿ ਮਹਿਂ ਦੇਹੁ ਸੁਨਾਈ। ਜਿਮ ਪ੍ਰਾਤਿ ਤਯਾਰ ਹੁਇ ਜਾਈ'।
ਤਬਿ ਉਠਿ ਦਿਵਾਨ ਵਹਿਰਾਯੋ। ਕਹਿ ਜਥਾ ਜੋਗ ਕਰਿਵਾਯੋ॥ ੩੭॥

ਸਾਰਿਆਂ ਨੂੰ ਇਹ ਖਬਰ ਸੁਣਾ ਦੇਵੇ, ਜਿਵੇਂ ਸਵੇਰ ਸਵੱਖਤੇ ਨੂੰ ਤਿਆਰੀ ਹੋ ਜਾਵੇ। ਤਦ ਦੀਵਾਨ ਉੱਠ ਕੇ ਬਾਹਰ ਆਇਆ ਤੇ ਕਹਿ ਕੇ ਯਥਾ ਯੋਗ ਕਰਵਾਇਆ॥ ੩੭॥

ਸ੍ਰੀ ਗੁਜਰੀ ਮਹਿਦ ਅਨੰਦੰ। ਬਚ ਮਾਨਜੋਂ ਮੋਹਿ ਸੁ ਨੰਦੰ।
ਉਠਿ ਗਈ ਅਪਨਿ ਘਰ ਮਾਂਹੀ। ਜਹਿਂ ਨੁਖਾ ਹੁਤੀ ਥਿਤ ਪਾਹੀ॥ ੩੮॥

ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ, ਮੇਰੇ ਪੁੱਤਰ ਨੇ ਮੇਰੇ ਬਚਨ ਮੰਨ ਲਏ ਹਨ। ਉਹ ਉੱਠ ਕੇ ਆਪਣੇ ਘਰ ਨੂੰ ਚਲੇ ਗਏ, ਜਿੱਥੇ ਉਨ੍ਹਾਂ ਦੀਆਂ ਨੂੰਹਾਂ ਬੈਠੀਆਂ ਸਨ॥ ੩੮॥

ਸਭਿਹੂੰਨਿ ਪ੍ਰਸੰਗ ਸੁਨਾਵਾ। 'ਰਣ ਹਟਜੋ, ਭਯੋ ਮਨ ਭਾਵਾ।
ਅਬਿ ਹੁਇ ਹੈ ਪ੍ਰਾਤਿ ਪਯਾਨਾ। ਤਟ ਜਮੁਨਾ ਜੇ ਗਿਰ ਨਾਨਾ'॥ ੩੯॥

ਸਾਰਿਆਂ ਨੂੰ ਪ੍ਰਸੰਗ ਸੁਣਾਇਆ, "ਯੁੱਧ ਹਟਿਆ ਹੈ, ਮਨ-ਭਾਉਂਦੀ ਗੱਲ ਹੋਈ ਹੈ। ਹੁਣ ਸਵੇਰੇ ਇਥੋਂ ਚਲੇ ਜਾਣਗੇ, ਜਮਨਾ ਦਰਿਆ ਦੇ ਕਿਨਾਰੇ ਜਿਹੜੇ ਪਹਾੜ ਹਨ, ਓਥੇ ਜਾਣਗੇ"॥ ੩੯॥

ਸੁਨਿ ਹਰਖਜੋ ਸਭਿ ਪਰਿਵਾਰਾ। ਸੋ ਦਿਵਸ ਬਿਤਾਯੋ ਸਾਰਾ।
ਕਰਿ ਖਾਨ ਪਾਨ ਸੁਖਦਾਨਾ। ਨਿਸ ਸੁਪਤੇ ਨਿਜ ਨਿਜ ਥਾਨਾ॥ ੪੦॥

ਸਾਰਾ ਪਰਿਵਾਰ ਸੁਣ ਕੇ ਬਹੁਤ ਪ੍ਰਸੰਨ ਹੋਇਆ, ਉਹ ਸਾਰਾ ਦਿਨ ਬਤੀਤ ਕੀਤਾ। ਸੁਖਦਾਇਕ ਖਾ ਪੀ ਕੇ ਰਾਤ ਨੂੰ ਆਪਣੇ-ਆਪਣੇ ਸਥਾਨਾਂ ਤੇ ਸੌਂ ਗਏ॥ ੪੦॥

ਜਬਿ ਜਾਮ ਰਹੀ ਤਬਿ ਜਾਗੇ। ਤਨ ਸੌਚ ਸ਼ਨਾਨਹਿ ਲਾਗੇ।
ਧੁਨਿ ਸ਼ਬਦ ਰਾਗ ਬਹੁ ਥਾਂਈ। ਸਿਖ ਸੁਨਹਿਂ ਪ੍ਰੇਮ ਉਮਗਾਈ॥ ੪੧॥

ਜਦ ਪਹਿਰ ਰਾਤ ਰਹਿ ਗਈ ਤਾਂ ਜਾਗ ਪਏ, ਸਰੀਰ 'ਤੇ ਸੋਚ ਕਰਕੇ ਇਸ਼ਨਾਨ ਕੀਤਾ। ਸ਼ਬਦ ਤੇ ਰਾਗ ਦੀ ਧੁਨ ਬਹੁਤ ਥਾਂ ਉੱਠੀ ਤੇ ਸਿੱਖ ਪ੍ਰੇਮ ਨਾਲ ਸੁਣ ਰਹੇ ਸਨ॥ ੪੧॥

ਗੁਰ ਧਯਾਨ ਠਾਨਿ ਕਰਿ ਬੈਸੇ। ਲਖਿ ਬ੍ਰਹਮ ਰੂਪ ਹੈ ਜੈਸੇ।
ਦਿਨ ਉਦੇ ਪ੍ਰਕਾਸ਼ ਬਿਸਾਲਾ। ਤਨ ਪਹਿਰਿ ਬਸਤ੍ਰ ਤਿਸ ਕਾਲਾ॥ ੪੨॥

ਗੁਰੂ ਜੀ ਉਸ ਸਮੇਂ ਆਪਣੇ ਸਰੂਪ ਵਿਚ ਧਿਆਨ ਲਾ ਕੇ ਬੈਠ ਗਏ, ਜਿਵੇਂ ਆਪਣੇ ਬ੍ਰਹਮ ਸਰੂਪ ਨੂੰ ਵੇਖ ਰਹੇ ਹੋਣ। ਦਿਨ ਚੜ੍ਹਨ ਉੱਤੇ ਬਹੁਤ ਪ੍ਰਕਾਸ਼ ਹੋਇਆ, ਉਸ ਸਮੇਂ ਸਰੀਰ 'ਤੇ ਕੱਪੜੇ ਪਹਿਣ ਲਏ॥ ੪੨॥

ਢਿਗਵਰਤੀ ਸਭਿ ਚਲਿ ਆਏ। ਕਹਿ ਤਯਾਰੀ ਦੀਨਿ ਕਰਾਏ।
ਰਣਜੀਤ ਨਗਾਰਾ ਬਾਜਜੋ। ਜਿਸ ਧੁਨਿ ਤੇ ਸੁਨਿ ਘਨ ਲਾਜਜੋ॥ ੪੩॥

ਸਾਰੇ ਗੁਰੂ ਜੀ ਦੇ ਪਾਸ ਚਲ ਕੇ ਆ ਗਏ। ਕਹਿ ਕੇ ਤਿਆਰੀ ਕਰਵਾ ਦਿੱਤੀ। ਰਣਜੀਤ ਨਗਾਰਾ ਵੱਜਿਆ, ਜਿਸ ਦੀ ਉੱਚੀ ਆਵਾਜ਼ ਸੁਣ ਕੇ ਬੱਦਲ ਸ਼ਰਮਸਾਰ ਹੋ ਗਏ॥ ੪੩॥

ਪਤਿਨਾਹਣ ਦੂਤ ਜੁ ਆਯੋ। ਸੋ ਸਤਿਗੁਰ ਨਿਕਟਿ ਬੁਲਾਯੋ।
ਬਹੁ ਮੋਲਾ ਦੇ ਸਿਰੁਪਾਊ। ਕਰਿ ਦੀਨਸਿ ਬਿਦਾ ਅਗਾਊ॥ ੪੪॥

ਨਾਹਣ ਦੇ ਰਾਜੇ ਦਾ ਜਿਹੜਾ ਦੂਤ ਆਇਆ ਸੀ, ਉਸ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ। ਉਸ ਨੂੰ ਬਹੁਤ ਕੀਮਤੀ ਸਿਰੋਪਾ ਦੇ ਕੇ ਅਗਾਊਂ ਵਿਦਾ ਕਰ ਦਿੱਤਾ॥ ੪੪॥

'ਹਮ ਆਏ ਦਿਹੁ ਸੁਧਿ ਜਾਈ। ਤੁਵ ਪੀਛੇ ਹੋਹਿ ਚਢਾਈ'।
ਸੁਨਿ ਗੁਰ ਤੇ ਲੇ ਸਿਰੁਪਾਊ। ਕਰਿ ਬੰਦਨ ਭਯੋ ਬਿਦਾਊ॥ ੪੫॥

ਉਸ ਨੂੰ ਕਿਹਾ, "ਅਸੀਂ ਆ ਰਹੇ ਹਾਂ, ਜਾ ਕੇ ਰਾਜੇ ਨੂੰ ਖ਼ਬਰ ਦੇਵੋ, ਤੇਰੇ ਬਾਅਦ ਵਿਚ ਉਧਰ ਆਉਣ ਦੀ ਚੜ੍ਹਾਈ ਕਰਾਂਗੇ।" ਇਹ ਸੁਣ ਕੇ ਗੁਰੂ ਜੀ ਪਾਸੋਂ ਸਿਰੋਪਾ ਲੈ ਕੇ ਤੇ ਬੰਦਨਾ ਕਰਕੇ ਵਿਦਾ ਹੋ ਗਿਆ॥ ੪੫॥

ਕਰ ਦੀਰਘ ਮਜ਼ਲ ਪਯਾਨਾ। ਮਿਲਿ ਨਿਜ ਨ੍ਰਿਪ 'ਸਾਥ ਬਖਾਨਾ।
'ਗੁਰ ਗੋਵਿੰਦ ਸਿੰਘ ਅਨੰਦਜੋ। ਤੁਵ ਦਿਸ਼ਿ ਤੇ ਮੈਂ ਜਬਿ ਬੰਦਜੋ॥ ੪੬॥

ਲੰਮੀ ਮੰਜ਼ਲ ਤੈਅ ਕਰਕੇ ਚਲਾ ਗਿਆ ਤੇ ਆਪਣੇ ਰਾਜੇ ਨੂੰ ਮਿਲ ਕੇ ਕਹਿਣ ਲੱਗਾ, "ਗੁਰੂ ਗੋਬਿੰਦ ਸਿੰਘ ਜੀ ਅਨੰਦ ਵਿਚ ਹਨ, ਤੁਹਾਡੇ ਵਾਲੇ ਪਾਸੇ ਤੋਂ ਜਦ ਮੈਂ ਬੰਦਨਾ ਕੀਤੀ॥ ੪੬॥

ਚਢਿ ਪਰੇ ਆਇਂ ਮਗ ਮਾਂਹੀ। ਮੈਂ ਸੁਧ ਹਿਤ ਚਲਿ ਸਹਿਸਾਹੀ'।
ਸੁਨਿ ਨਾਹਨਪਤਿ ਹਰਖਾਯੋ। ਸਭਿ ਮਿਲਿਬੇ ਬਜੌਂਤ ਬਨਾਯੋ॥ ੪੭॥

ਤਾਂ ਉਹ ਘੋੜਿਆਂ ਤੇ ਚੜ੍ਹ ਪਏ ਤੇ ਮਾਰਗ ਵਿਚ ਆ ਰਹੇ ਹਨ। ਮੈਂ ਖ਼ਬਰ ਦੇਣ ਵਾਸਤੇ ਤੇਜ਼ ਚਲ ਕੇ ਆਇਆ ਹਾਂ।" ਇਹ ਸੁਣ ਨਾਹਨ ਦਾ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਸਾਰਿਆਂ ਨੇ ਮਿਲਣ ਦੀ ਵਿਉਂਤ ਬਣਾਈ॥ ੪੭॥

*ਪਹਿਲੀ ਰੁੱਤ ਦਾ ਚੁਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੪॥*

## ਅਧਿਆਇ ਪੰਜਤਾਲ੍ਹੀਵਾਂ

### ਕੀਰਤ ਪੁਰ ਹੋ ਕੇ ਨਾਹਣ ਪ੍ਰਵੇਸ਼

*ਦੋਹਰਾ-* ਬਸਤ੍ਰ ਪਹਿਰ ਭੂਖਨ ਪਹਿਰ ਸ਼ਸਤ੍ਰ ਪਹਿਰ ਤਨ ਲੀਨਿ।
ਸ੍ਰੀ ਗੁਰੂ ਗੋਵਿੰਦ ਸਿੰਘ ਜੀ ਤਜਾਰੀ ਕੀਨਿ ਪ੍ਰਬੀਨ॥ ੧॥

ਗੁਰੂ ਜੀ ਨੇ ਵਸਤਰ ਪਹਿਨ ਲਏ, ਗਹਿਣੇ ਪਹਿਣ ਲਏ ਤੇ ਸ਼ਸਤਰਾਂ ਨੂੰ ਵੀ ਤਨ 'ਤੇ ਪਹਿਣ ਲਿਆ। ਇਸ ਤਰ੍ਹਾਂ ਚਤੁਰ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰੀ ਕੀਤੀ॥ ੧॥

*ਸੈਯਾ ਛੰਦ-* ਦੁੰਦਭਿ ਦੀਹ ਬਜਯੋ ਰਣਜੀਤ, ਉਠੇ ਬਡ ਨਾਦ ਪਹਾਰਨ ਕੇਰੇ।
ਸ਼੍ਰੌਨ ਸੁਨਯੋਂ ਸਭਿ ਸੈਨ ਤਹੀ ਛਿਨ, ਤਯਾਰ ਭਏ ਗਜ ਬਾਜਿਨਿ ਡੇਰੇ।
ਜ਼ੀਨ ਸਜਾਵਨਿ ਕੀਨਿ ਤਬੈ ਅਸ ਪੀਨਨ ਪੈ ਜ਼ਰੀ ਦੋਜ਼ ਬਡੇਰੇ।
ਹੌਦ ਅੰਬਾਰਨ ਝਾਲਰ ਝੂਲਤਿ, ਭੂਲਤਿ ਦੇਵ ਮਨੋਹਰ ਹੇਰੇ॥ ੨॥

ਰਣਜੀਤ ਨਗਾਰਾ ਬਹੁਤ ਉੱਚੀ ਆਵਾਜ਼ ਵਿਚ ਗੂੰਜਿਆ ਤੇ ਪਹਾੜਾਂ ਵਿਚ ਵੱਡਾ ਨਾਦ ਉੱਠਿਆ। ਉਸ ਵੇਲੇ ਗੁਰੂ ਜੀ ਦੀ ਸਾਰੀ ਸੈਨਾ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਡੇਰੇ ਵਿਚ ਹਾਥੀ ਘੋੜੇ ਤਿਆਰ ਹੋ ਗਏ। ਘੋੜਿਆਂ 'ਤੇ ਕਾਠੀਆਂ ਸਜਾਈਆਂ, ਜ਼ਰੀ ਦੇ ਕੰਮ ਵਾਲੇ ਉਤਾਰੂ ਪਾਏ। ਹਾਥੀਆਂ ਦੇ ਹੌਦੇ ਅਤੇ ਅੰਬਾਰੀਆਂ ਦੀਆਂ ਝਾਲਰਾਂ ਝੂਲਦੀਆਂ ਸਨ, ਅਜਿਹੀਆਂ ਮਨੋਹਰ ਝਾਲਰਾਂ ਨੂੰ ਵੇਖ ਦੇਵਤੇ ਵੀ ਮੋਹਤ ਹੋ ਰਹੇ ਸਨ॥ ੨॥

ਚੌਕ੍ਰਿਤ ਚੌਪਤਿ ਚੰਚਲ ਚਾਤੁਰ ਚੋਰਤਿ ਚੀਤਨ ਚਾਉ ਚਈਲਾ।
ਚੌਕਸ ਚਾਰਹੂੰ ਓਰਨ ਕੋ ਚਿਤਵੰਤਿ ਬਿਲੋਚਨ ਤੇ ਚਰਚੀਲਾ।
ਛਾਲ ਉਛਾਲ ਤੇ ਛੂਟਣ ਛੋਭਤਿ ਸੁੰਮ ਛੁਵੈਂ ਛਿਤ ਛਿੱਪ੍ਰ ਛਬੀਲਾ।
ਪੌਨ ਕਹਾਂ, ਮ੍ਰਿਗਛੌਨ ਕਹਾਂ, ਗੁਰਦੇਵ ਕੋ ਗੌਨ ਤੁਰੰਗਮ ਨੀਲਾ॥ ੩॥

ਚਾਅ ਵਿਚ ਚੜ੍ਹਿਆ ਚੰਚਲ ਤੇ ਚਾਤੁਰ ਘੋੜਾ ਪ੍ਰਸੰਨ ਹੁੰਦਾ ਹੋਇਆ ਕਾਹਲਾ ਪੈ ਰਿਹਾ ਹੈ ਤੇ ਵੇਖਣ ਵਾਲਿਆਂ ਦੇ ਚਿੱਤਾਂ ਨੂੰ ਚੁਰਾ ਰਿਹਾ ਹੈ। ਸ਼ਿੰਗਾਰਿਆ ਜਾ ਰਿਹਾ ਚੌਕਸ ਹੋ ਕੇ ਚਾਰੇ ਪਾਸੇ ਅੱਖਾਂ ਨਾਲ ਵੇਖਦਾ ਹੈ। ਜਦ ਛੱਡਦੇ ਹਨ ਤਾਂ ਤਮਕ ਵਿਚ ਆਇਆ ਛਾਲਾਂ ਮਾਰਦਾ ਐਸੀ ਤੇਜ਼ੀ ਨਾਲ ਉਛਲਦਾ ਹੈ ਕਿ ਧਰਤੀ 'ਤੇ ਸੁੰਮ ਇਸ ਤੇਜ਼ੀ ਨਾਲ ਛੂੰਹਦੇ ਤੇ ਸੁੰਦਰ ਲੱਗਦੇ ਹਨ ਕਿ ਗੁਰੂ ਜੀ ਦੇ ਨੀਲੇ ਘੋੜੇ ਦੀ ਚਾਲ ਨਾਲ ਹਵਾ ਕਿੱਥੇ ਤੇ ਹਰਨੋਟਾ ਕਿੱਥੇ ਮੇਲ ਖਾ ਸਕਦੇ ਹਨ॥ ੩॥

ਜੋਤਿ ਜਵਾਹਰ ਜਾਹਰ ਜ਼ੀਨ ਜਰਾਉ ਜਰਜੋ ਜਿਹ ਜੇਬ ਅਜਾਇਬ।
ਝਾਲਰ ਕੋਰ ਜ਼ਰੀ ਚਹੁੰ ਓਰਨ, ਮੋਰ ਕੀ ਮੋਰਿਕੇ ਗ੍ਰੀਵ ਬਨਾਇਬ।
ਛਾਦਨ ਅੰਗ ਛਕਜੋ ਛਬਿ ਸੰਗ ਸੁਰੇਸ਼ ਮਤੰਗ ਸੁਰੰਗ ਸੁਹਾਇਬ।
ਭੂਖਣ ਬ੍ਰਿੰਦ ਬਿਭੂਖਣ ਤੇ ਬਨ ਦੂਖਣ ਬਾਝ ਗੁਰੁ ਢਿਗ ਆਇਬ॥ ੪॥

ਜਵਾਹਰਾਤ ਦੇ ਜੜਨ ਨਾਲ ਜਿਨ੍ਹਾਂ ਦੀ ਫੱਬ ਅਸਚਰਜ ਹੈ ਤੇ ਜੜੀ ਹੋਈ ਕਾਠੀ ਦੀ ਜੋਤ ਪ੍ਰਕਾਸ਼ ਰਹੀ ਹੈ। ਚਾਰੇ ਪਾਸੇ ਜ਼ਰੀ ਦੀ ਕੰਨੀ ਤੇ ਝਾਲਰ ਹੈ। ਘੋੜਾ ਇੰਝ ਸ਼ਿੰਗਾਰਿਆ ਹੈ ਜਿਹੜਾ ਮੋਰ ਵਾਂਗ ਮੋੜ ਪਾ ਪਾ ਗਿੱਚੀ ਨੂੰ ਨਿਵਾਉਂਦਾ ਹੈ। ਜ਼ਰੀ ਦੋਜ ਕੱਪੜੇ ਨਾਲ ਢਕਿਆ ਹੋਇਆ ਘੋੜਾ ਸੁੰਦਰਤਾ ਨਾਲ ਇੰਝ ਮਸਤ ਹੋਇਆ ਹੈ ਮਾਨੋ ਇੰਦਰ ਦਾ ਹਾਥੀ ਸੋਹਣੇ ਰੰਗਾਂ ਵਿਚ ਸ਼ੋਭ ਰਿਹਾ ਹੈ। ਸਭ ਤਰ੍ਹਾਂ ਬੇਐਬ ਘੋੜਾ ਸਭ ਤਰ੍ਹਾਂ ਦੇ ਗਹਿਣਿਆਂ ਨਾਲ ਸੱਜ ਕੇ ਗੁਰੂ ਜੀ ਦੇ ਪਾਸ ਆਇਆ ਹੈ॥ ੪॥

ਤੀਖਨ ਧਾਰ ਕ੍ਰਿਪਾਨ ਉਦਾਰ ਕ੍ਰਿਪਾ ਨਿਧਿ ਧਾਰਿ ਗਰੇ ਮਹਿਂ ਪਾਯੋ।
ਬ੍ਰਿੰਦ ਖਤੰਗਨਿ ਸੰਗ ਭਰਜੋ ਨਿਜ ਅੰਗ ਨਿਖੰਗ ਕਸਜੋ ਦਿਪਤਾਜੋ।
ਚਾਂਪ ਗਹਜੋ ਕਰ ਆਪ ਅਰਿੰਦਮ, ਦੀਹ ਪ੍ਰਤਾਪ ਅਪਾਪ ਸੁਹਾਯੋ।
ਹੇਤੁ ਅਰੂਢਨਿ ਕੇ ਗੁਨ ਗੂੜ ਉਠੇ ਪਿਖਿ ਰੂੜ ਜਬੈ ਹਯ ਆਯੋ॥ ੫॥

ਤਿੱਖੀ ਧਾਰ ਵਾਲੀ ਵੱਡੀ ਕ੍ਰਿਪਾਨ ਕਿਰਪਾ ਨਿਧਾਨ ਗੁਰੂ ਜੀ ਨੇ ਆਪਣੇ ਗਲੇ ਵਿਚ ਪਾਈ ਹੈ। ਬਹੁਤ ਤੀਰਾਂ ਨਾਲ ਭਰਿਆ ਭੱਥਾ ਆਪਣੇ ਸਰੀਰ ਨਾਲ ਕੱਸਿਆ ਹੈ, ਜਿਹੜਾ ਬੜਾ ਚਮਕ ਰਿਹਾ ਹੈ। ਵੈਰੀਆਂ ਨੂੰ ਨਾਸ਼ ਕਰਨ ਵਾਲਾ ਗੁਰੂ ਜੀ ਨੇ ਕਮਾਨ ਹੱਥ ਵਿਚ ਫੜਿਆ ਹੈ ਤੇ ਉਨ੍ਹਾਂ ਦਾ ਪਾਪ ਰਹਿਤ ਪ੍ਰਤਾਪ ਭਾਵ ਰੂਹਾਨੀ ਜਲਾਲ ਸ਼ੋਭ ਰਿਹਾ ਹੈ। ਗੂਹੜੇ ਗੁਣਾਂ ਵਾਲੇ ਸਤਿਗੁਰੂ ਜੀ ਨੇ ਜਦ ਸੁੰਦਰ ਘੋੜਾ ਆਇਆ ਵੇਖਿਆ ਤਾਂ ਸਵਾਰ ਹੋਣ ਵਾਸਤੇ ਆਏ॥ ੫॥

ਝੂਲਤਿ ਝੂਮ ਝੁਕੇ ਕਲਗ਼ੀ ਸ੍ਰੁਤ ਕੁੰਡਲ ਦ੍ਵੈ ਮੁਖ ਮੰਡਲ ਸ਼ੋਭਾ।
ਸੂਖਮ ਚੀਰ ਸ਼ਰੀਰ ਸਜੈਂ, ਜਨੁ ਕੁੰਚਰ ਸੁੰਡ ਬਡੀ ਭੁਜ ਦੋਭਾ।
ਪਾਗ ਜਿਗਾਜਗ ਜੇਬ ਜਵਾਹਰ ਦੀਪਤਿ ਦੇਖਿਕੈ ਕੌਨ ਨ ਲੋਭਾ।
ਪ੍ਰੇਮ ਬਿਸਾਲ ਸਮੇਤ ਜੁ ਸਿੱਖਜ ਮਨੋ ਤਿਨ ਹੇਤੁ ਅਨੰਦ ਕੀ ਗੋਭਾ॥ ੬॥

ਜਦ ਸਵਾਰ ਹੋਣ ਵਾਸਤੇ ਉੱਠੇ ਤਾਂ ਸੀਸ ਰਤਾ ਕੁ ਝੁਕ ਕੇ ਹਿਲਿਆ ਤਾਂ ਕਲਗ਼ੀ ਝੂਮੀ ਤੇ ਕੰਨਾਂ ਦੇ ਕੁੰਡਲ ਝੂਲੇ ਜਿਸ ਨਾਲ ਗੁਰੂ ਜੀ ਦਾ ਮੁਖ ਮੰਡਲ ਹੋਰ ਸ਼ੋਭਨੀਕ ਹੋ ਗਿਆ। ਸੂਖਮ ਕੱਪੜੇ ਸਰੀਰ ਤੇ ਸੱਜ ਰਹੇ ਸਨ। ਦੋਹਾਂ ਬਾਹਾਂ ਦੀ ਸ਼ੋਭਾ ਹਾਥੀ

ਦੀ ਸ਼ੁੰਡ ਵਾਂਗ ਸੀ। ਪੱਗੜੀ ਦੀ ਜਿਗਾ ਪ੍ਰਕਾਸ਼ਦੀ ਹੈ ਤੇ ਜਵਾਹਰਾਤ ਦੀ ਜ਼ੇਬ ਪ੍ਰਕਾਸ਼ਦੀ ਵੇਖ ਕੇ ਕੌਣ ਲੁਭਾਇਮਾਨ ਨਹੀਂ ਹੁੰਦਾ। ਜਿਹੜੇ ਸਿੱਖ ਵਿਸ਼ਾਲ ਪ੍ਰੇਮ ਸਹਿਤ ਹਨ, ਮਾਨੋ ਉਨ੍ਹਾਂ ਵਾਸਤੇ ਅਨੰਦ ਦੀ ਫੁੱਲਾਂ ਵਾਲੀ ਡਾਹਣੀ ਸ਼ੋਭ ਰਹੀ ਹੈ॥ ੬ ॥

ਪਾਇ ਰਕਾਬ ਮੈਂ ਪਾਇ ਕ੍ਰਿਪਾ ਨਿਧਿ ਬਾਗ ਗਹੇ ਕਰ ਬਾਜ ਚਰੇ।
ਸ਼੍ਰੀ ਗੁਰੁ ਨਾਨਕ ਆਦਿ ਮਨਾਇ ਚਲੇ ਜਬਿ ਦੁੰਦਭਿ ਚੋਬ ਪਰੇ।
ਨਾਦਿ ਸੁਨੇ ਸਭਿ ਸੈਨ ਉਤਾਇਲ ਹ੍ਵੈ ਸਵਧਾਨ ਕੋ ਸ਼ਸਤ੍ਰ ਧਰੇ।
ਹੋਇ ਅਰੂਢਿ ਤੁਰੰਗਮ ਊਪਰ ਧਾਇ ਮਿਲੇ ਮਨ ਮੋਦ ਭਰੇ॥ ੭॥

ਕਿਰਪਾ ਨਿਧਾਨ ਗੁਰੂ ਜੀ ਨੇ ਆਪਣਾ ਚਰਨ ਰਕਾਬ ਵਿਚ ਪਾਇਆ ਤੇ ਵਾਗ ਫੜ ਕੇ ਘੋੜੇ 'ਤੇ ਚੜ੍ਹ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਨੂੰ ਅਰਾਧਿਆ ਤੇ ਨਗਾਰੇ 'ਤੇ ਡੱਗਾ ਵਜਦਿਆਂ ਚਲ ਪਏ। ਸਾਰੀ ਸੈਨਾ ਨੇ ਨਗਾਰੇ ਦੀ ਆਵਾਜ਼ ਸੁਣੀ ਤਾਂ ਉਤਾਵਲੀ ਹੋ ਕੇ ਸਾਵਧਾਨੀ ਨਾਲ ਆਪਣੇ ਸਰੀਰ 'ਤੇ ਸ਼ਸਤਰ ਧਰ ਲਏ। ਘੋੜਿਆਂ ਤੇ ਸਵਾਰ ਹੋ ਕੇ, ਘੋੜਿਆਂ ਨੂੰ ਭਜਾ ਕੇ ਮਿਲ ਕੇ ਪ੍ਰਸੰਨ ਹੋਏ॥ ੭॥

ਪੈਦਲ ਸੈਨ ਚਲੇ ਸਿਖ ਸੰਗਤਿ ਜੇ ਮੁਖ ਦੇਖਨਿ ਕੇ ਅਭਿਲਾਖੀ।
ਪੰਚ ਸੈ ਸੰਗ ਉਦਾਸੀ ਫਕੀਰ ਕਰਾਹ ਕੀ ਦੇਗ ਲਹੈਂ ਗੁਰ ਆਖੀ।
ਔਰ ਬਹੀਰ ਚਲਯੋ ਸੰਗ ਦੀਰਘ ਕੌਨ ਗਿਨੈ ਗਿਨਤੀ ਕਰਿ ਸਾਖੀ।
ਕੁੰਜਰ ਘੰਟਣ ਕੇ ਠਣਕਾਰ ਤੁਰੰਗਮ ਪੌਰਨ ਧੂਲ ਉਡਾਖੀ॥ ੮॥

ਪੈਦਲ ਸੈਨਾ ਤੇ ਸਿੱਖ ਸੰਗਤ ਜਿਹੜੀ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਸ਼ੀ ਸੀ ਤੁਰ ਕੇ ਹੀ ਜਾ ਰਹੀ ਸੀ। ਪੰਜ ਸੌ ਨਾਲ ਉਦਾਸੀ ਫਕੀਰ ਸਨ। ਉਹ ਗੁਰੂ ਜੀ ਦੇ ਕਹੇ ਅਨੁਸਾਰ ਕੜਾਹ ਦਾ ਲੰਗਰ ਲੈਂਦੇ ਸਨ। ਹੋਰ ਬਹੁਤ ਵੱਡੀ ਵਹੀਰ ਨਾਲ ਚਲ ਪਈ, ਉਨ੍ਹਾਂ ਦੀ ਅੱਖੀਂ ਵੇਖ ਕੇ ਕੌਣ ਗਿਣਤੀ ਕਰੇ। ਹਾਥੀਆਂ ਦੀਆਂ ਘੰਟੀਆਂ ਦੀ ਟਣਕਾਰ ਹੋ ਰਹੀ ਸੀ ਤੇ ਘੋੜਿਆਂ ਦੇ ਪੌੜਾਂ ਨਾਲ ਧੂੜ ਉਡੀ॥ ੮॥

ਕੇਤਿਕ ਪੈਦਲ ਸੈਨ ਸੁਚੇਤ ਅਨੰਦਪੁਰੇ ਮਹਿਂ ਰਾਖਿ ਟਿਕਾਈ।
ਸੂਰਜਮੱਲ ਕੇ ਨੰਦਨ ਦ੍ਵੈ ਤਿਨਕੋ ਸਵਧਾਨ ਕਰਯੋ ਤਿਸ ਥਾਂਈ।
ਔਰ ਮਸੰਦ ਕੋ ਛੋਰਨਿ ਕੀਨਸਿ ਲੈ ਸੁਧਿ ਜੋ ਸਭਿ ਕੀ ਪਿਛਵਾਈ।
ਦੂਰ ਲੌ ਸੰਗ ਗਏ ਸਗਰੇ ਪੁਨ ਧੀਰਜ ਭਾਖਿ ਕੈ ਦੀਨਿ ਹਟਾਈ॥ ੯॥

ਕੁਝ ਪੈਦਲ ਸੈਨਾ ਅਨੰਦਪੁਰ ਵਿਚ ਸੁਚੇਤ ਕਰਕੇ ਟਿਕਾਅ ਦਿੱਤੀ। ਸੂਰਜ ਮਲ ਦੇ ਦੋ ਪੋਤਰਿਆਂ ਨੂੰ ਉਸ ਥਾਂ ਰਹਿਣ ਵਾਸਤੇ ਸਾਵਧਾਨ ਕਰ ਦਿੱਤਾ। ਹੋਰ ਮਸੰਦਾਂ ਨੂੰ ਓਥੇ ਛੱਡ ਦਿੱਤਾ, ਜਿਹੜੇ ਸਾਰਿਆਂ ਦੀ ਬਾਅਦ ਵਿਚ ਸਾਂਭ ਸੰਭਾਲ ਕਰਨ। ਸੰਗਤਾਂ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਗਈਆਂ, ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਧੀਰਜ ਦੇ ਕੇ ਵਾਪਸ ਮੋੜ ਦਿੱਤਾ॥ ੯॥

ਆਇ ਗਏ ਪੁਰਿ ਕੀਰਤਿ ਮੈਂ ਗੁਰ ਪੂਰਨ ਪੂਰਬ ਕੀਨਿ ਨਿਵੇਸ਼ੂ।
ਆਇਸੁ ਪਾਇ ਤਿਹਾਵਲ ਕੋ ਤਤਕਾਲ ਕਰਯੋ ਤਹਿਂ ਲਯਾਇ ਵਿਸ਼ੇਸ਼ੂ।
ਸ਼੍ਰੀ ਹਰਿਗੋਵਿੰਦ ਕੇ ਇਸਥਾਨ ਗਏ ਗੁਰ ਗੋਬਿੰਦ ਸਿੰਘ ਸੁਰੇਸ਼ੂ।
ਬੰਦਿ ਉਭੈ ਕਰ ਬੰਦਨ ਕੀਨਿ, ਦਯੋ ਵਰਤਾਇ ਬਿਸਾਲ ਅਸ਼ੇਸ਼ੂ॥ ੧੦॥

ਪੂਰਨ ਗੁਰੂ ਜੀ ਫਿਰ ਕੀਰਤਪੁਰ ਨਗਰੀ ਵਿਚ ਆ ਗਏ, ਪਹਿਲਾ ਓਥੇ ਨਿਵਾਸ ਕੀਤਾ। ਆਗਿਆ ਪਾ ਕੇ ਤੁਰਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤੇ ਵਿਸ਼ੇਸ਼ ਤੌਰ ਤੇ ਓਥੇ ਲਿਆਏ। ਫਿਰ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਗਏ। ਹੱਥ ਜੋੜ ਕੇ ਬੰਦਨਾ ਕੀਤੀ ਤੇ ਸਾਰਾ ਕੜਾਹ ਪਸ਼ਾਦਿ ਵਰਤਾ ਦਿੱਤਾ॥ ੧੦॥

Sri Satguru Jagjit Singh Ji eLlibrary NamdhariElibrary@gmail.com

ਆਨ ਜਿ ਥਾਨ ਜਥੋਚਿਤ ਜਾਨਿ ਸਭੈ ਬਿਧਿ ਠਾਨਿ ਗਏ ਨਿਜ ਡੇਰੇ।
ਜੇ ਪੁਰਿ ਕੀਰਤਿ ਕੇ ਨਰ ਨਾਰਿ ਗੁਰੂ ਦਰਸੇ ਰਿਦ ਮੋਦ ਘਨੇਰੇ।
ਦੇਤਿ ਅਕੋਰ ਜਥਾ ਸ਼ਕਤੀ ਜਿਨ ਸੋਢਿਨਿ ਕੇ ਤਹਿਂ ਧਾਮ ਬਸੇਰੇ।
ਰੈਨ ਮੈਂ ਖਾਨ ਰੁ ਪਾਨ ਕਰੇ ਹੁਇ ਨੀਂਦ ਬਸੀ ਪੁਨ ਜਾਗ ਸਬੇਰੇ॥ ੧੧ ॥

ਹੋਰ ਸਥਾਨਾਂ ਤੇ ਆਪਣੇ ਚਿੱਤ ਅਨੁਸਾਰ ਸਾਰੇ ਜਾਂਦੇ ਸਨ ਤੇ ਫਿਰ ਆਪਣੇ ਡੇਰੇ ਵਿਖੇ ਆ ਗਏ। ਜਿਹੜੇ ਨਗਰ ਦੇ ਇਸਤ੍ਰੀ ਪੁਰਸ਼ ਸਨ ਉਹ ਗੁਰੂ ਜੀ ਦੇ ਦਰਸ਼ਨ ਕਰ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਰਹੇ ਸਨ। ਜਥਾ ਸ਼ਕਤੀ ਅਨੁਸਾਰ ਉਹ ਉਪਹਾਰ ਅੱਗੇ ਧਰਦੇ ਸਨ, ਜਿਹੜੇ ਓਥੇ ਸੋਢੀਆਂ ਦੇ ਘਰ ਵੱਸਦੇ ਸਨ। ਰਾਤ ਸਮੇਂ ਖਾ ਪੀ ਕੇ ਨੀਂਦ ਵੱਸ ਹੋ ਗਏ ਤੇ ਫਿਰ ਸੱਵੇਰੇ ਜਾਗ ਪਏ॥ ੧੧ ॥

ਸੌਚ ਸ਼ਨਾਨ ਕੋ ਠਾਨਿ ਭਲੇ ਪਟ ਆਯੁਧ ਧਾਰਿ ਭਏ ਅਸਵਾਰਾ।
ਬ੍ਰਿੰਦ ਤੁਰੰਗ ਮਤੰਗ ਸਜੇ ਬਡ ਬਾਜ ਉਠਯੋ ਰਣਜੀਤ ਨਗਾਰਾ।
ਪੰਥ ਪ੍ਰਯਾਤ ਅਖੇਰਨ ਖੇਲਤਿ ਰੋਪਰ ਆਨਿ ਨਿਵੇਸ਼ ਕੋ ਡਾਰਾ।
ਰਾਤਿ ਬਿਤਾਇ ਜਥਾ ਸੁਖ ਸੰਗ ਚਢੇ ਦਿਨ ਮੈਂ ਚਲਿ ਪੰਥ ਮਝਾਰਾ॥ ੧੨ ॥

ਭਲੀ ਪ੍ਰਕਾਰ ਸੌਚ ਇਸ਼ਨਾਨ ਕਰਕੇ ਕੱਪੜੇ ਪਹਿਣ ਕੇ ਤੇ ਹਥਿਆਰ ਧਾਰਨ ਕਰਕੇ ਘੋੜਿਆਂ ਤੇ ਸਵਾਰ ਹੋ ਗਏ। ਸਮੂਹ ਘੋੜੇ ਅਤੇ ਹਾਥੀ ਸੱਜੇ ਹੋਏ ਸਨ ਤੇ ਰਣਜੀਤ ਨਗਾਰਾ ਬੜੀ ਉੱਚੀ ਆਵਾਜ਼ ਵਿਚ ਵੱਜ ਉਠਿਆ। ਰਾਹ ਵਿਚ ਚਲਦਿਆਂ ਸ਼ਿਕਾਰ ਖੇਡਦੇ ਸਨ ਤੇ ਰੋਪੜ ਪਹੁੰਚ ਕੇ ਡੇਰਾ ਕਰ ਲਿਆ। ਓਥੇ ਸੁਖ ਨਾਲ ਰਾਤ ਬਤੀਤ ਕੀਤੀ ਤੇ ਦਿਨ ਸਮੇਂ ਰਾਹੋ-ਰਾਹ ਚਲ ਪਏ॥ ੧੨ ॥

ਈਖਦ ਕੋਸ ਅਨੰਦ ਸੋਂ ਚਾਲਤਿ, ਰਾਤਿ ਮੈਂ ਘਾਲਤਿ ਦੀਰਘ ਡੇਰਾ।
ਕੂਚ ਪੈ ਕੂਚ ਚਲੇ ਮਗ ਜਾਤਿ ਪਹਾਰਨਿ ਹੇਰਤਿ ਨੇਰ ਹੀ ਨੇਰਾ।
ਪੰਥ ਉਲੰਘਿ ਗਏ ਜਬਿ ਕੇਤਿਕ ਸੈਲ ਸਮੀਪ ਭਾ ਨਾਹਣ ਕੇਰਾ।
ਭੂਪਤਿ ਕੋ ਸੁਧਿ ਪ੍ਰਾਪਤਿ ਭੀ ਹੁਇ ਤਯਾਰ ਚਲਯੋ ਚਿਤ ਚਾਵ ਬਡੇਰਾ॥ ੧੩ ॥

ਥੋੜ੍ਹੇ ਕੋਹ ਹੀ ਬੜੇ ਅਨੰਦ ਨਾਲ ਚਲਦੇ ਸਨ ਤੇ ਰਾਤ ਸਮੇਂ ਵੱਡਾ ਡੇਰਾ ਲਾ ਲੈਂਦੇ ਸਨ। ਕੂਚ ਮੁਕਾਮ ਕਰਦੇ ਰਾਹੋ-ਰਾਹ ਚਲੇ ਜਾ ਰਹੇ ਸਨ ਤੇ ਪਹਾੜੀਏ ਨੇੜੇ-ਨੇੜੇ ਹੋ ਕੇ ਵੇਖਦੇ ਸਨ। ਜਦ ਕਾਫੀ ਪੈਂਡਾ ਲੰਘ ਕੇ ਚਲੇ ਗਏ ਤਾਂ ਨਾਹਣ ਦੇ ਕਈ ਪਹਾੜਾਂ ਦੇ ਪਾਸ ਚਲੇ ਗਏ। ਜਦ ਰਾਜੇ ਨੂੰ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਮਿਲੀ ਤਾਂ ਉਹ ਤਿਆਰ ਹੋ ਕੇ ਚਿੱਤ ਵਿਚ ਵੱਡਾ ਚਾਉ ਭਰ ਕੇ ਚਲ ਪਿਆ॥ ੧੩ ॥

ਨਰਾਜ ਛੰਦ- ਚਲਯੋ ਸਮਾਜ ਸੰਗ ਲੀਨਿ ਸੈਨ ਕੋ ਬਨਾਇ ਕੈ।
ਸੁ ਮੇਦਨੀ ਪ੍ਰਕਾਸ਼ ਭੂਪ ਦੂਤ ਕੋ ਮਿਲਾਇ ਕੈ।
ਤਰੇ ਪਹਾਰ ਤੀਰ ਕੇ ਨਿਵੇਸ਼ ਜਾਨਿ ਦਯਾਲ ਕੋ।
ਪਯਾਨ ਕੀਨਿ ਆਇ ਗੋ ਸਮੀਪ ਤਾਤਕਾਲ ਕੋ॥ ੧੪ ॥

ਰਾਜਾ ਮੇਦਨੀ ਪ੍ਰਕਾਸ਼ ਆਪਣੇ ਲੋਕਾਂ ਨੂੰ ਲੈ ਕੇ ਗੁਰੂ ਜੀ ਦੀ ਸੈਨਾ ਨੂੰ ਲੈਣ ਵਾਸਤੇ ਚਲ ਪਿਆ। ਉਸ ਨੇ ਆਪਣੇ ਨਾਲ ਉਸ ਦੂਤ ਨੂੰ ਵੀ ਮਿਲਾ ਲਿਆ, ਜਿਸ ਨੂੰ ਉਸ ਅਨੰਦਪੁਰ ਸਾਹਿਬ ਗੁਰੂ ਜੀ ਨੂੰ ਲੈਣ ਵਾਸਤੇ ਭੇਜਿਆ ਸੀ। ਉਸ ਨੇ ਥੱਲੇ ਪਹਾੜ ਦੇ ਨੇੜੇ ਦਿਆਲੂ ਗੁਰੂ ਜੀ ਦਾ ਵਾਸਾ ਜਾਣਿਆ। ਚਲ ਪਿਆ ਤੇ ਤੁਰਤ ਗੁਰੂ ਜੀ ਦੇ ਪਾਸ ਪਹੁੰਚ ਗਿਆ॥ ੧੪ ॥

ਅਕੋਰ ਲੈ ਤੁਰੰਗ ਸੋਂ ਸੁ ਚੀਰ ਬ੍ਰਿੰਦ ਬਿੱਤ ਕੋ।
ਮਿਲ੍ਯੋ ਸੁ ਹਾਥ ਜੋਰਿਕੈ ਅਨੰਦ ਕੀਨਿ ਚਿੱਤ ਕੋ।
ਪਦਾਰਬਿੰਦ ਬੰਦਨਾ ਕਰੀ ਸਰੂਪ ਦੇਖਿਓ।
ਪ੍ਰਭੂ ਮੁਕੰਦ ਬੂਝਿਓ 'ਅਨੰਦ ਹੈ ਅਸ਼ੇਖਿਓ?' ॥ ੧੫ ॥

ਘੋੜੇ ਤੋਂ ਉਪਹਾਰ ਲਏ ਤੇ ਧਨ ਵਾਲੀ ਥੈਲੀ ਲੈ ਕੇ ਹੱਥ ਜੋੜ ਕੇ ਮਿਲਿਆ ਤੇ ਆਪਣੇ ਚਿੱਤ ਨੂੰ ਅਨੰਦਮਈ ਕੀਤਾ। ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਗੁਰੂ ਜੀ ਦੇ ਸਰੂਪ ਨੂੰ ਵੇਖਿਆ ਤੇ ਫਿਰ ਮੁਕਤੀ ਦਾਤੇ ਗੁਰੂ ਜੀ ਨੇ ਪੁੱਛਿਆ, "ਸਭ ਤਰ੍ਹਾਂ ਕੁਸ਼ਲ ਹੈ?" ॥ ੧੫ ॥

'ਖੁਸ਼ੀ ਗੁਰੂ ਸੁ ਰਾਵਰੀ ਪ੍ਰਮੋਦ ਮੋਹਿ ਦੀਨਿਓ।
ਬਸੀ ਰਹੋ ਸਨੇਹ ਕੇ ਅਛੋਹ ਏਹ ਕੀਨਿਓ।
ਦਯੋ ਦਿਦਾਰ ਆਨਿਕੈ ਨਿਹਾਲ ਕੈਸੇਂ ਭਾਲਿਓ।
ਮਨੋਰਥਾਨ ਪੂਰਿਓ ਚਰੰਨ ਦੇਸ਼ ਘਾਲਿਓ ॥ ੧੬ ॥

ਰਾਜੇ ਨੇ ਕਿਹਾ, "ਹੇ ਗੁਰੂ ਜੀ ! ਆਪ ਜੀ ਦੀ ਖੁਸ਼ੀ ਨੇ ਮੈਨੂੰ ਬਹੁਤ ਅਨੰਦ ਦਿੱਤਾ ਹੈ। ਤੁਸੀਂ ਹਮੇਸ਼ਾਂ ਪਿਆਰ ਦੇ ਵੱਸ ਰਹਿੰਦੇ ਹੋ, ਇਹ ਮੇਰੇ ਉੱਤੇ ਕਿਰਪਾ ਕੀਤੀ ਹੈ, ਮੈਨੂੰ ਆ ਕੇ ਦਰਸ਼ਨ ਦੇ ਕੇ ਸੰਭਾਲ ਕੇ ਨਿਹਾਲ ਕੀਤਾ ਹੈ। ਮੇਰਾ ਮਨੋਰਥ ਪੂਰਾ ਕੀਤਾ ਹੈ, ਇਸ ਦੇਸ਼ ਵਿਚ ਆਪਣੇ ਚਰਨ ਪਾਏ ਹਨ ॥ ੧੬ ॥

ਪੁਨੀਤ ਭੌਨ ਕੀਜਿਯੇ ਲਖੋ ਸੁ ਦਾਸ ਮੋਹਿ ਕੋ।
ਅਖੇਰ ਖੇਲ ਭਾਵਤੇ ਬਿਲੋਕਿ ਬ੍ਰਿੰਦ ਕੋਹ ਕੋ'।
ਬਿਨੈ ਬਖਾਨਿ ਏਵ ਭੂਪ ਮੇਦਨੀ ਪ੍ਰਕਾਸ਼ਯਾ।
ਮੁਕੰਦ ਕੀਨਿ ਤਯਾਰ ਕੋ ਸੁ ਲੈ ਚਲ੍ਯੋ ਅਵਾਸਯਾ ॥ ੧੭ ॥

ਮੇਰੇ ਮਹਿਲਾਂ ਨੂੰ ਵੀ ਪਵਿੱਤਰ ਕਰੋ, ਆਪਣੇ ਦਾਸ ਦੇ ਮੋਹ ਨੂੰ ਸਮਝੋ। ਤੁਹਾਨੂੰ ਸ਼ਿਕਾਰ ਖੇਡਣਾ ਚੰਗਾ ਲਗਦਾ ਹੈ, ਕਈ ਕੋਹਾਂ ਤਕ ਜੰਗਲ ਵੇਖਦੇ ਹੋ।" ਇਸ ਤਰ੍ਹਾਂ ਮੇਦਨੀ ਪ੍ਰਕਾਸ਼ ਨੇ ਬੇਨਤੀ ਕੀਤੀ। ਇਸ ਤਰ੍ਹਾਂ ਮੁਕਤੀ ਦਾਤੇ ਗੁਰੂ ਜੀ ਨੂੰ ਤਿਆਰ ਕਰਕੇ ਨਾਲ ਲੈ ਕੇ ਆਪਣੇ ਘਰ ਵਲ ਚਲ ਪਿਆ ॥ ੧੭ ॥

ਤੁਰੰਗ ਪੈ ਅਰੂਢਿ ਹ੍ਵੈ ਪਯਾਨ ਆਪ ਕੀਨਿਯੋ।
ਕ੍ਰਿਪਾਲ ਸੰਗ ਮਾਤੁਲੰ ਕ੍ਰਿਪਾਲ ਪਾਛ ਚੀਨਿਯੋ।
ਗਏ ਬਿਖੰਮ ਪੰਥ ਥੋਰ ਊਚ ਪਾਇ ਡਾਲਤੇ।
ਸੁ ਮੇਦਨੀ ਪ੍ਰਕਾਸ਼ ਸਾਥ ਬੂਝਤੇ ਦਿਖਾਲਤੇ ॥ ੧੮ ॥

ਘੋੜੇ ਉੱਤੇ ਸਵਾਰ ਹੋ ਕੇ ਰਾਜਾ ਆਪ ਚਲ ਪਿਆ। ਨਾਲ ਮਾਮਾ ਕ੍ਰਿਪਾਲ ਜੀ ਨੂੰ ਵੀ ਸ੍ਰੀ ਗੁਰੂ ਜੀ ਨੇ ਪਿੱਛੇ ਵੇਖਿਆ। ਥੋੜਾ ਰਾਹ ਬੜੀ ਮੁਸ਼ਕਲ ਚੜ੍ਹਾਈ ਸੀ ਉਸ ਵਿਚ ਥੋੜੇ ਉੱਚੇ ਪੈਰ ਧਰਦੇ ਗਏ। ਗੁਰੂ ਜੀ ਮੇਦਨੀ ਪ੍ਰਕਾਸ਼ ਨੂੰ ਆਲੇ ਦੁਆਲੇ ਬਾਰੇ ਪੁੱਛਦੇ ਜਾਂਦੇ ਸਨ ਤੇ ਰਾਜਾ ਉਨ੍ਹਾਂ ਨੂੰ ਸਭ ਕੁਝ ਵਿਖਾਈ ਜਾਂਦਾ ਸੀ ॥ ੧੮ ॥

ਪੁਰੀ ਮਨੋਗ ਨਾਹਣੈਂ ਬਿਲੋਕਿ ਲੋਕ ਆਵਈਂ।
ਪ੍ਰਭੂ ਪਦਾਰਬਿੰਦ ਕੇ ਸਮੀਪ ਸੀਸ ਨਜਾਵਈਂ।
ਬਜ਼ਾਰ ਕੋ ਨਿਹਾਰਿਤੇ ਪ੍ਰਸੰਨ ਹ੍ਵੈ ਪਯਾਨਿਤੇ।
ਮਹੀਪ ਸੰਗ ਮੇਦਨੀ ਪ੍ਰਕਾਸ਼ ਕੋ ਬਖਾਨਤੇ ॥ ੧੯ ॥

ਨਾਹਣ ਦੀ ਸੁੰਦਰ ਨਗਰੀ ਦੇ ਲੋਕ ਆ ਰਹੇ ਸਨ ਤੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਨਿਵਾਉਂਦੇ ਸਨ। ਗੁਰੂ ਜੀ ਬਜ਼ਾਰ ਨੂੰ ਵੇਖਦੇ ਪ੍ਰਸੰਨ ਹੁੰਦੇ ਜਾ ਰਹੇ ਸਨ ਤੇ ਰਾਜੇ ਮੇਦਨੀ ਪ੍ਰਕਾਸ਼ ਨੂੰ ਕਹਿੰਦੇ ਸਨ॥ ੧੯॥

'ਪੁਰੀ ਪਹਾਰ ਸੀਸ ਪੈ ਬਿਸਾਲ ਸ਼ੋਭ ਪਾਵਹੀ।
ਸੁ ਡੀਠ ਦੂਰਿ ਜਾਤਿ ਹੈ, ਮਹੀਰੁਹੰ ਸੁਹਾਵਹੀ।
ਬਸੰਤਿ ਥੋਰ ਥਾਨ ਮੈਂ, ਮਹਾਨ ਹੈ ਉਜਾਗਰੀ।
ਬਿਭੂਖਣਾਦਿ ਧਾਰਿਬੇ ਸੁ ਬੇਸੁ ਬੇਸ ਨਾਗਰੀ॥ ੨੦॥

"ਇਹ ਨਗਰੀ ਪਹਾੜ ਦੀ ਚੋਟੀ ਉੱਤੇ ਵੱਸ ਕੇ ਵਿਸ਼ਾਲ ਸ਼ੋਭਾ ਪਾ ਰਹੀ ਹੈ, ਦੂਰ ਤਕ ਨਜ਼ਰ ਜਾਂਦੀ ਹੈ ਤੇ ਪ੍ਰਿਥਵੀ ਤੇ ਉੱਗੇ ਬ੍ਰਿਛ ਵਾਂਗ ਸ਼ੋਭ ਰਹੀ ਹੈ। ਵਸਦੀ ਹੈ ਥੋੜੀ ਥਾਂ ਵਿਚ ਪਰ ਪ੍ਰਸਿੱਧ ਬਹੁਤ ਹੈ। ਗਹਿਣਿਆਂ ਦੇ ਧਾਰਨ ਵਾਲੀ ਤੇ ਸੋਹਣੇ ਤੋਂ ਸੋਹਣੇ ਵੇਸ ਪਹਿਨਣ ਵਾਲੀ ਇਹ ਨਗਰੀ ਹੈ॥ ੨੦॥

ਦੋਹਰਾ-ਕਰਤਿ ਬਤਕ ਇਮ ਨਗਰ ਕੀ ਮਹਿਪਾਲਕ ਕੇ ਸਾਥ।
ਗਮਨੇ ਰੁਚਿਰ ਸਥਾਨ ਮਹਿਂ ਡੇਰੇ ਹਿਤ ਗੁਰ ਨਾਥ॥ ੨੧॥

ਇਸ ਤਰ੍ਹਾਂ ਨਗਰੀ ਬਾਰੇ ਗੱਲਾਂ ਕਰਦੇ ਗੁਰੂ ਜੀ ਰਾਜੇ ਦੇ ਨਾਲ ਜਾ ਰਹੇ ਸਨ ਤੇ ਫਿਰ ਗੁਰੂ ਜੀ ਇਕ ਸੁੰਦਰ ਸਥਾਨ 'ਤੇ ਪਹੁੰਚ ਗਏ ਜਿੱਥੇ ਗੁਰੂ ਜੀ ਨੇ ਡੇਰਾ ਕਰਨਾ ਸੀ॥ ੨੧॥

ਤੋਟਕ ਛੰਦ- ਕਰ ਜੋਰਿ ਨਰੇਸ਼ੁਰ ਬਾਕ ਕਹੈ। 'ਬਿਸਰਾਮ ਕਰੋ ਇਸਥਾਨ ਅਹੈ'।
ਉਤਰੇ ਸੁਨਿ ਛੋਰਿ ਤੁਰੰਗ ਬਲੀ। ਪਰਯੰਕ ਥਿਰੇ ਤਹਿਂ ਭਾਂਤਿ ਭਲੀ॥੨੨॥

ਹੱਥ ਜੋੜ ਕੇ ਰਾਜੇ ਨੇ ਕਿਹਾ, "ਇਸ ਸਥਾਨ ਵਿਖੇ ਵਿਸ਼ਰਾਮ ਕਰੋ।" ਗੁਰੂ ਜੀ ਬਲਵਾਨ ਘੋੜੇ ਨੂੰ ਛੱਡ ਕੇ ਉੱਤਰ ਪਏ। ਤੇ ਭਲੀ ਭਾਂਤ ਇਕ ਪਲੰਘ 'ਤੇ ਬੈਠ ਗਏ॥ ੨੨॥

ਚਿਰ ਕੋਤਿਕ ਬੈਠਿ ਮਹੀਪ ਗਯੋ। ਹਿਤ ਸੇਵ ਸਮਾਜ ਪਠਾਇ ਦਯੋ।
ਘ੍ਰਿਤ ਚੂਨ ਸਿਤਾ ਬਹੁ ਤਯਾਰ ਕੀਏ। ਜੁਤਿ ਚਾਵਰਿ ਸੂਖਮ ਭੇਜਿ ਦੀਏ॥੨੩॥

ਕਾਫੀ ਦੇਰ ਤਕ ਰਾਜਾ ਓਥੇ ਬੈਠ ਕੇ ਗਿਆ ਤੇ ਸੇਵਾ ਵਾਸਤੇ ਉਸ ਸਾਮਾਨ ਭੇਜ ਦਿੱਤਾ। ਘਿਉ, ਆਟਾ, ਖੰਡ ਬਹੁਤ ਤਿਆਰ ਕੀਤੇ ਤੇ ਨਾਲ ਸੂਖਮ ਚਾਵਲ ਵੀ ਭੇਜ ਦਿੱਤੇ॥ ੨੩॥

ਤ੍ਰਿਣ ਆਦਿਕ ਚਾਹੁ ਹੁਤੀ ਸੁ ਜਿਤੀ। ਕਰਿ ਤੂਰਨ ਦੀਨਿ ਪਠਾਇ ਤਿਤੀ।
ਨ੍ਰਿਪ ਕੋ ਪਰਧਾਨ ਸਮੀਪ ਰਹਯੋ। ਤਤਕਾਲ ਦਯੋ ਜਿਨ ਜੋਇ ਚਹਯੋ॥੨੪॥

ਘਾਹ ਆਦਿ ਦੀ ਜਿੰਨੀ ਵੀ ਲੋੜ ਸੀ, ਉਹ ਤੁਰਤ ਭੇਜ ਦਿੱਤਾ ਤੇ ਰਾਜੇ ਦਾ ਪਰਧਾਨ ਗੁਰੂ ਜੀ ਦੇ ਪਾਸ ਰਿਹਾ। ਉਸ ਨੇ ਤੁਰਤ ਉਹ ਵਸਤਾਂ ਹਵਾਲੇ ਕੀਤੀਆਂ ਜੋ ਵੀ ਕਿਸੇ ਨੇ ਮੰਗੀਆਂ॥ ੨੪॥

ਸਭਿ ਰੀਤਿ ਕਰੀ ਬਹੁ ਸੇਵ ਤਬੈ। ਮਧੁਰੇ ਤੁਰਸ਼ਾਨ ਅਚਾਰ ਸਬੈ।
ਫਲ ਫੂਲ ਪਠੇ ਨਿਜ ਬਾਗਨ ਤੇ। ਸੁਧਿ ਲੇਤਿ ਸਭੀ ਅਨੁਰਾਗਨ ਤੇ॥੨੫॥

ਫਿਰ ਸਭ ਰੀਤੀ ਨਾਲ ਬਹੁਤ ਸੇਵਾ ਕੀਤੀ, ਮਿੱਠੇ, ਖੱਟੇ ਅਤੇ ਸਾਰੇ ਅਚਾਰ ਦਿੱਤੇ ਅਤੇ ਆਪਣੇ ਬਾਗਾਂ ਦੇ ਫਲ ਅਤੇ ਫੁੱਲ ਭੇਜੇ। ਸੇਵਾ ਕਰਕੇ ਸਾਰੇ ਹੀ ਬਹੁਤ ਪ੍ਰਸੰਨ ਹੁੰਦੇ ਸਨ॥ ੨੫॥

ਦਲ ਬ੍ਰਿੰਦ ਬਿਖੈ ਬਹੁ ਬਾਰਿ ਫਿਰਯੋ। ਪਹੁੰਚਯੋ ਸਭਿ ਪਾਸ ਪ੍ਰਮੋਦ ਕਰਯੋ।
ਇਮ ਖਾਨ ਰੁ ਪਾਨ ਸੁ ਸੈਨਹਿ ਮੈਂ। ਸੁਪਤੇ ਸੁਖ ਪਾਇ ਸੁ ਰੈਨਹਿ ਮੈਂ॥੨੬॥

ਸਾਰੇ ਦਲ ਵਿਚ ਬਹੁਤ ਵਾਰ ਫਿਰਿਆ ਤੇ ਸਾਰਿਆਂ ਪਾਸ ਪਹੁੰਚ ਕੇ ਪ੍ਰਸੰਨ ਹੋਇਆ। ਇਸ ਤਰ੍ਹਾਂ ਖਾਣ ਪੀਣ ਸੈਨਾ ਵਿਚ ਹੋਇਆ ਤੇ ਰਾਤ ਨੂੰ ਸਾਰੇ ਸੁਖ ਪਾ ਕੇ ਸੁੱਤੇ॥ ੨੬॥

ਭੁਨਸਾਰ ਬਡੀ ਸਭਿ ਜਾਗ ਰਹੇ। ਸਿਮਰੈਂ ਸਤਿਨਾਮ ਅਨੰਦ ਲਹੇ।
ਬਹੁ ਗਾਇਂ ਗਿਰਾ ਗੁਰ ਕੀ ਸੁਖ ਸੋਂ। ਜਿਸ ਤੇ ਬਚਿ ਅੰਤਕ ਕੈ ਦੁਖ ਸੋਂ॥੨੭॥

ਬਹੁਤ ਤੜਕੇ ਸਾਰੇ ਜਾਗ ਪਏ ਤੇ ਸਤਿਨਾਮ ਦਾ ਸਿਮਰਨ ਕਰਕੇ ਅਨੰਦ ਲੈਣ ਲੱਗੇ। ਬੜੇ ਸੁਖ ਨਾਲ ਗੁਰੂ ਜੀ ਦੀ ਬਾਣੀ ਪੜ੍ਹਦੇ ਅਤੇ ਗਾਇਨ ਕਰਦੇ ਸਨ, ਜਿਸ ਗੁਰੂ ਜੀ ਦੀ ਬਾਣੀ ਪੜ੍ਹਕੇ ਜਮਾਂ ਦੇ ਦੁਖ ਤੋਂ ਬਚ ਜਾਈਦਾ ਹੈ॥ ੨੭॥

ਕਲਗ਼ੀਧਰ ਸ਼ੌਚ ਸ਼ਨਾਨ ਕਰੇ। ਬਰ ਬਸਤਰ ਸ਼ਸਤ੍ਰਨ ਅੰਗ ਧਰੇ।
ਜਬਿ ਦਯੋਸ ਚਢਯੋ ਪਰਯੰਕ ਥਿਰੇ। ਸਭਿ ਆਇ ਨਮੋ ਕਰਿ ਮੋਦ ਭਰੇ॥੨੮॥

ਕਲਗ਼ੀਧਰ ਜੀ ਨੇ ਸੋਚ ਇਸ਼ਨਾਨ ਕੀਤਾ ਤੇ ਸ੍ਰੇਸ਼ਟ ਵਸਤਰ ਅਤੇ ਸ਼ਸਤਰ ਸਰੀਰ ਤੇ ਧਾਰਨ ਕਰ ਲਏ। ਜਦ ਦਿਨ ਚੜ੍ਹਿਆ ਤਾਂ ਪਲੰਘ 'ਤੇ ਬੈਠ ਗਏ। ਸਾਰੇ ਆ ਕੇ ਨਮਸ਼ਕਾਰ ਕਰਕੇ ਪ੍ਰਸੰਨ ਹੁੰਦੇ ਸਨ॥ ੨੮॥

ਮਿਦਨੀ ਪਰਕਾਸ਼ ਨਰੇਸ਼ ਤਬੈ। ਬਰ ਬੀਰ ਅਮਾਤਨ ਸੰਗ ਸਬੈ।
ਹੱਥਜਾਰਨ ਕੋ ਧਰਿ ਆਇ ਗਯੋ। ਕਰ ਬੰਦਿ ਮਹੀਪ ਸਮੀਪ ਭਯੋ॥ ੨੯॥

ਤਦ ਰਾਜਾ ਮੇਦਨੀ ਪ੍ਰਕਾਸ਼ ਸ੍ਰੇਸ਼ਟ ਸੂਰਬੀਰ ਵਜ਼ੀਰਾਂ ਦੇ ਨਾਲ ਹਥਿਆਰਾਂ ਨੂੰ ਧਾਰ ਕੇ ਆ ਗਿਆ। ਹੱਥ ਜੋੜ ਕੇ ਰਾਜਾ ਫਿਰ ਪਾਸ ਆਇਆ॥ ੨੯॥

ਪਗ ਪੰਕਜ ਕੋ ਪਰਨਾਮ ਕਰਯੋ। ਗੁਰ ਆਇਸੁ ਤੇ ਢਿਗ ਬੈਠਿ ਥਿਰਯੋ।
'ਥਲ ਸੈਲ ਭਲੇ ਫਿਰ ਸੈਲ ਕਰੋ। ਬਨ ਬੀਚ ਅਖੇਰ ਭਿਲਾਖ ਧਰੋ॥ ੩੦॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਗੁਰੂ ਜੀ ਦੀ ਆਗਿਆ ਪਾ ਕੇ ਪਾਸ ਬੈਠ ਗਿਆ ਤੇ ਬੋਲਿਆ, "ਸੈਰ ਵਾਸਤੇ ਬਹੁਤ ਸੁਹਾਵਣੇ ਭਲੇ ਪਹਾੜੀ ਸਥਾਨ ਹਨ। ਵਣ ਵਿਚ ਜਾ ਕੇ ਸ਼ਿਕਾਰ ਖੇਡੋ॥ ੩੦॥

ਸਮੁਦਾਇ ਫਿਰੈਂ ਮ੍ਰਿਗ ਜਾਤਿ ਘਨੀ। ਪਰਚੋ ਬਿਚਰੰਤਿ ਸੁ ਲੇਹੁ ਹਨੀ।
ਚਿਤ ਰਾਵਰ ਕੇਰਿ ਖੁਸ਼ੀ ਜਿਤ ਹੈ। ਥਿਰਿਬੇ ਹਿਤ ਥਾਨ ਪਿਖੋ ਤਿਤ ਹੈ॥ ੩੧॥

ਇਨ੍ਹਾਂ ਜੰਗਲਾਂ ਵਿਚ ਬਹੁਤ ਮ੍ਰਿਗ ਫਿਰਦੇ ਹਨ, ਇਨ੍ਹਾਂ ਜੰਗਲਾਂ ਵਿਚ ਵਿਚਰ ਕੇ ਇਨ੍ਹਾਂ ਨੂੰ ਮਾਰ ਲਵੋ। ਆਪ ਜੀ ਦੇ ਚਿੱਤ ਦੀ ਜਿਵੇਂ ਵੀ ਖੁਸ਼ੀ ਹੋਵੇ, ਉਸ ਸਥਾਨ ਵਿਖੇ ਆਪਣੇ ਰਹਿਣ ਦਾ ਸਥਾਨ ਵੇਖ ਲਵੋ॥ ੩੧॥

ਅਟਕਾਉ ਨਹੀਂ ਕਿਤ ਕੋ ਹਮਰੇ। ਚਿਤ ਚਾਹਤਿ ਮੋਦ ਵਧੈ ਤੁਮਰੇ।
ਕਰਿ ਲੇਹੁ ਪਸੰਦ ਬਿਲੋਕਨ ਕੈ। ਗੜ੍ਹ ਪਾਇ ਲਿਜੈ ਰਿਪੁ ਰੋਕਨਿ ਕੈ' ॥੩੨॥

ਸਾਡੇ ਏਥੇ ਕਿਸੇ ਨੂੰ ਵੀ ਰੋਕ ਨਹੀਂ ਹੈ, ਤੁਹਾਡੇ ਚਿੱਤ ਦੀ ਖ਼ੁਸ਼ੀ ਵਧਣੀ ਚਾਹੀਦੀ ਹੈ। ਵੇਖ ਕੇ ਐਸਾ ਥਾਂ ਪਸੰਦ ਕਰ ਲਵੋ ਤੇ ਓਥੇ ਵੈਰੀਆਂ ਨੂੰ ਰੋਕਣ ਵਾਸਤੇ ਕਿਲ੍ਹਾ ਬਣਾ ਲਵੋ" ॥ ੩੨॥

ਸੁਨਿ ਸ਼੍ਰੋਨ ਗੁਰੂ ਤਿਹ ਵਾਕ ਕਹਯੋ। 'ਜਹਿਂ ਤੈਂ ਸ਼ੁਭ ਥਾਨ ਬਿਲੋਕਿ ਲਹਯੋ।
ਤਿਤ ਸੰਗ ਚਲੋ ਚਢਿ ਕੈ ਹਮਰੇ। ਸਭਿ ਭੇਦ ਰਿਦੇ ਬਿਦਤਯੋ ਤੁਮਰੇ॥ ੩੩॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਜਿੱਥੇ ਤੁਸੀਂ ਸ਼ੁਭ ਥਾਂ ਵੇਖਿਆ ਹੈ, ਉਥੇ ਸਾਡੇ ਨਾਲ ਘੋੜ ਸਵਾਰ ਹੋ ਕੇ ਚਲੋ। ਤੁਹਾਡੇ ਹਿਰਦੇ ਵਿਚ ਸਾਰਾ ਭੇਦ ਪ੍ਰਗਟ ਹੈ॥ ੩੩॥

ਤਿਤ ਹੇਰਿ ਅਖੇਰ ਸੁ ਖੇਲਹਿੰਗੇ। ਗਨ ਬਾਜ ਰੁ ਸ੍ਵਾਨ ਸੁ ਪੇਲਹਿੰਗੇ'।
ਕਰ ਜੋਰਿ ਨਰੇਸ਼ੁਰ ਬਾਤ ਕਹੈ। 'ਧਨ ਭਾਗ ਅਹੈਂ ਮੁਹਿ ਸੰਗ ਚਹੈ॥ ੩੪॥

ਉਥੇ ਵੇਖ ਕੇ ਸ਼ਿਕਾਰ ਖੇਡਾਂਗੇ, ਬਹੁਤ ਬਾਜ ਅਤੇ ਕੁੱਤੇ ਛੱਡ ਕੇ ਜਾਨਵਰਾਂ ਨੂੰ ਦਬਾਵਾਂਗੇ।" ਹੱਥ ਜੋੜ ਕੇ ਰਾਜੇ ਨੇ ਕਿਹਾ, "ਮੇਰੇ ਧੰਨ ਭਾਗ ਹਨ ਕਿ ਮੇਰੇ ਨਾਲ ਜਾਣਾ ਚਾਹੁੰਦੇ ਹੋ॥ ੩੪॥

ਦਿਨ ਆਜ ਮੁਕਾਮ ਇਹਾਂ ਕਰਿਯੇ। ਭੁਨਸਾਰ ਭਏ ਇਤ ਤੇ ਚਰਿਯੇ।
ਸਭਿ ਥਾਨ ਦਿਖਾਵਨਿ ਆਪ ਕਰੌਂ। ਤੁਮ ਹੋਹਿ ਖੁਸ਼ੀ ਚਿਤ ਚਾਹਿ ਧਰੌਂ॥ ੩੫॥

ਅੱਜ ਦਾ ਦਿਨ ਏਥੇ ਮੁਕਾਮ ਕਰੋ, ਸਵੇਰ ਹੁੰਦਿਆਂ ਹੀ ਏਥੋਂ ਚਲ ਪਵਾਂਗੇ, ਸਭ ਸਥਾਨ ਆਪ ਜੀ ਨੂੰ ਵਿਖਾਵਾਂਗਾ। ਤੁਹਾਡੀ ਖ਼ੁਸ਼ੀ ਦੀ ਹੀ ਚਿੱਤ ਵਿਚ ਚਾਹਿਤ ਰੱਖਦਾ ਹਾਂ"॥ ੩੫॥

ਇੱਤਜਾਦਿਕ ਵਾਕ ਅਨੇਕ ਕਹੇ। ਚਿਰਕਾਲ ਸਰੂਪ ਬਿਲੋਕਿ ਰਹੇ।
ਕਰ ਬੰਦਨ ਕੌ ਨਿਜ ਧਾਮ ਗਯੋ। ਸਮ ਪੂਰਬ ਸੇਵ ਕਰੰਤਿ ਭਯੋ॥ ੩੬॥

ਇਸ ਤਰ੍ਹਾਂ ਕਈ ਪ੍ਰਕਾਰ ਦੀਆਂ ਗੱਲਾਂ ਕੀਤੀਆਂ, ਰਾਜਾ ਬਹੁਤ ਦੇਰ ਤਕ ਗੁਰੂ ਜੀ ਦਾ ਸਰੂਪ ਵੇਖਦਾ ਰਿਹਾ। ਫਿਰ ਗੁਰੂ ਜੀ ਨੂੰ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਪਹਿਲਾਂ ਵਾਂਗ ਹੀ ਸੇਵਾ ਕਰਦਾ ਸੀ॥ ੩੬॥

ਹਰਖਯੋ ਦਲ ਭੂਪ ਸਰਾਹਤਿ ਹੈ। ਪਿਖਿ ਦੇਸ਼ ਵਿਸ਼ੇਸ਼ਹਿਂ ਚਾਹਤਿ ਹੈ।
ਦਿਨ ਰੈਨ ਮੁਕਾਮ ਤਹਾਂ ਕਰਿਕੈ। ਭੁਨਸਾਰ ਭਈ ਸੁਚਿਤਾ ਧਰਿਕੈ॥ ੩੭॥

ਗੁਰੂ ਜੀ ਦੀ ਸੈਨਾ ਬਹੁਤ ਪ੍ਰਸੰਨ ਹੋਈ, ਸਾਰੇ ਰਾਜੇ ਦੀ ਸ਼ਲਾਘਾ ਕਰਦੇ ਸਨ। ਦਿਨ ਰਾਤ ਉਥੇ ਮੁਕਾਮ ਕਰਕੇ, ਸਵੇਰ ਹੁੰਦਿਆਂ ਹੀ ਸੁਚਿਤਾ ਧਾਰ ਲਈ॥ ੩੭॥

*ਪਹਿਲੀ ਰੁੱਤ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

## *ਅਧਿਆਇ ਛਿਆਲੀਵਾਂ*

### *ਜਮਨਾ ਦੇ ਕੰਢੇ ਥਾਂ ਪਸੰਦ ਕਰਨੀ*

ਦੋਹਰਾ- ਬਜਯੋ ਨਗਾਰਾ ਕੂਚ ਕੋ ਜ਼ੀਨ ਤੁਰੰਗਨਿ ਪਾਇ।
ਭਯੋ ਤਯਾਰ ਡੇਰਾ ਸਕਲ ਉਤ ਨਾਹਨ ਪਤਿ ਰਾਇ॥ ੧॥

ਕੂਚ ਦਾ ਨਗਾਰਾ ਵੱਜਿਆ ਤੇ ਘੋੜਿਆਂ 'ਤੇ ਕਾਠੀਆਂ ਪਾ ਕੇ ਸਾਰਾ ਡੇਰਾ ਅਤੇ ਨਾਹਣ ਦਾ ਰਾਜਾ ਤਿਆਰ ਹੋ ਗਏ॥ ੧॥

ਕਬਿੱਤ-ਖੇਲਿਬੇ ਅਖੇਰ ਕੋ ਸਮਾਜਿ ਰਾਜਿ ਲੀਨਿ ਬਾਜ ਬਾਜ ਪੈ ਅਰੂੜ ਹ੍ਵੈ ਗੁਰੂ ਕੇ ਤੀਰ ਆਯੋ ਹੈ।
ਕੀਨਿ ਪਦ ਬੰਦਨਾ ਆਨੰਦ ਹ੍ਵੈ ਮੁਕੰਦ ਜਾਨਿ, ਚਢੇ ਪ੍ਰਭੁ ਬਾਹ ਕਰਿ ਤੁੰਦ ਕੋ ਚਲਾਯੋ ਹੈ।
ਬਾਜਤਿ ਨਗਾਰੇ ਗਿਰ ਭਾਰੇ ਭਾਰੇ ਨਾਦਤਿ ਹੈ, ਕਾਨਨ ਪਧਾਰੇ ਗਨ ਪਾਦਪ ਸੁਹਾਯੋ ਹੈਂ।
ਮ੍ਰਿਗ ਕੋ ਪ੍ਰਹਾਰੈਂ ਛੋਰਿ ਤੁਪਕ ਪ੍ਰਹਾਰੇ ਕੇਈ, ਗੁਰੂ ਬਾਨ ਮਾਰੇ ਨਹੀਂ ਕੋਊ ਜਾਨਿ ਪਾਯੋ ਹੈ॥ ੨॥

ਰਾਜਾ ਬਾਜ਼ ਆਦਿ ਸਮਾਜ ਲੈ ਕੇ ਤੇ ਘੋੜੇ ਉੱਤੇ ਚੜ੍ਹ ਕੇ ਗੁਰੂ ਜੀ ਦੇ ਪਾਸ ਆਇਆ ਹੈ। ਮੁਕਤੀ ਦਾਤਾ ਜਾਣ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਅਨੰਦ ਧਾਰਨ ਕੀਤਾ। ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਘੋੜੇ ਨੂੰ ਬੜਾ ਤੇਜ਼ ਚਲਾਇਆ ਹੈ। ਜਦ ਨਗਾਰੇ ਵੱਜਦੇ ਹਨ ਤਾਂ ਭਾਰੀ ਪਹਾੜ ਬਹੁਤ ਉੱਚੀ ਗੂੰਜਦੇ ਹਨ। ਜੰਗਲ ਵਿਚ ਪ੍ਰਵੇਸ਼ ਕਰ ਗਏ ਜਿੱਥੇ ਵੱਡੇ ਵੱਡੇ ਬ੍ਰਿਛ ਸ਼ੋਭ ਰਹੇ ਸਨ। ਹਿਰਨਾਂ ਨੂੰ ਮਾਰਦੇ ਸਨ, ਕਈ ਬੰਦੂਕਾਂ ਚਲਾਉਂਦੇ ਸਨ, ਗੁਰੂ ਜੀ ਤੀਰ ਚਲਾਉਂਦੇ ਸਨ ਤਾਂ ਕੋਈ ਵੀ ਜਾਨਵਰ ਭੱਜ ਕੇ ਨਹੀਂ ਸੀ ਜਾ ਸਕਿਆ॥ ੨॥

ਗਿਰਵਰ ਤਰੇ ਤਰੇ ਤਰੋਵਰ ਤਰਾ ਤਰ, ਬਾਟ ਅਰੁ ਪੀਪਰ ਬਰਨਬਰ ਜਾਲ ਹੈਂ।
ਹਰੜ, ਬਹੇੜੇ ਖਰੇ ਆਂਵਰੇ ਉਚੇਰੇ ਪੀਨ, ਸਜੰਦਨ, ਬਡੇਰੇ ਪੈ ਘਨੇਰੇ ਕ੍ਰਿਤਮਾਲ ਹੈਂ।
ਕਦਰ, ਖਦਰ, ਗਨ ਕਦਲੀ, ਕਟਰ, ਜੰਬੂ, ਸਿੰਸਮਾ, ਕਦੰਬ, ਸੋ ਮਧੂਕ, ਕਚਨਾਲ ਹੈਂ।
ਉਗੇ ਸੁ ਏਕਨਾਲ ਉਦਾਲਕ, ਰਸਾਲ ਹੈਂ, ਸਰਲ, ਦੀਹ ਸਾਲ ਹੈਂ, ਕਨੇਰੇ ਫੂਲ ਮਾਲ ਹੈਂ॥੩॥

ਪਹਾੜ ਦੇ ਹੇਠ-ਹੇਠ ਬ੍ਰਿਛ ਹਨ, ਬਹੁਤੇ ਬੋੜ੍ਹ ਅਤੇ ਪਿਪਲ ਦੇ ਦਰੱਖਤ ਹਨ ਜਿਹੜੇ ਸਾਰੇ ਸ੍ਰੇਸ਼ਟ ਰੰਗ ਦੇ ਹਨ। ਹਰੜ ਬਹੇੜੇ ਦੇ ਬ੍ਰਿਛ ਖੜੇ ਹਨ ਤੇ ਆਮਲੇ ਦੇ ਪੇੜ ਬਹੁਤ ਉੱਚੇ ਖੜੇ ਹਨ। ਵੱਡੇ-ਵੱਡੇ ਤਿਨੀਖ ਅਤੇ ਅੰਬਲਤਾਸ ਦੇ ਬ੍ਰਿਛ ਖੜੇ ਹਨ। ਚਿੱਟੀ ਖੈਰ, ਖੈਰ, ਕੇਲੇ, ਕਟਹਿਰ, ਜਾਮਨੂੰ, ਟਾਹਲੀ, ਕਦੰਬ, ਮਹੂਏ ਅਤੇ ਕਚਨਾਲ ਦੇ ਪੇੜ ਦਿਖਾਈ ਦਿੰਦੇ ਹਨ। ਲਸੂੜੀ, ਅੰਬ, ਚੀੜ, ਲੰਮੇ-ਲੰਮੇ ਸਾਲ ਦੇ ਬ੍ਰਿਛ ਅਤੇ ਕਨੇਰੇ ਦੇ ਫੁੱਲਾਂ ਦੀਆਂ ਪੰਗਤੀਆਂ ਨਾਲੋ-ਨਾਲ ਉੱਗੀਆਂ ਹੋਈਆਂ ਹਨ॥ ੩॥

ਫਲੇ ਫਲ ਫੂਲਨਿ ਸੋਂ, ਝੁਕੇ ਝੁਪ ਝੂਲਨਿ ਸੋਂ, ਗਾਢੇ ਤੀਨ ਮੂਲਨਿ ਸੋਂ ਖਰੇ ਏਕਸਾਰ ਹੈਂ।
ਪਾਤਨ ਨਿਪਾਤ ਹੈਂ, ਅਨੇਕ ਪਾਤ ਜਾਤਿ ਹੈਂ, ਦਿਪਤ ਬਹੁ ਭਾਂਤਿ ਹੈਂ ਸੁ ਆਰੂ ਤੇ ਅਨਾਰ ਹੈਂ।
ਬਾਤਪੋਤ, ਤਿੰਦਕ, ਸਪਤਦਲ, ਸਿੰਧਕ ਹੈਂ, ਇੰਗੁਦੀ, ਉਦਾਲਕ, ਤਿਲਕ, ਦੇਵਦਾਰ ਹੈਂ।
ਵਧੇ ਸਮੂਹ ਡਾਰ ਹੈਂ, ਅਧਿਕ ਬਿਸਤਾਰ ਹੈਂ, ਬਹੇ ਸੁ ਬਹੁ ਬਾਰਿ ਹੈ, ਬਿਸਾਲ ਗੁਲਜ਼ਾਰ ਹੈ॥੪॥

ਸਾਰੇ ਬ੍ਰਿਛ ਫਲਾਂ ਅਤੇ ਫੁੱਲਾਂ ਨਾਲ ਭਰੇ ਹੋਏ ਹਨ, ਸਮੂਹ ਪੇੜ ਝੁਕੇ ਹੋਏ ਝੂਲਦੇ ਹਨ ਜਿਨ੍ਹਾਂ ਦੇ ਮੁੱਢ ਇਕਸਾਰ ਬਹੁਤ ਮੋਟੇ ਹਨ। ਡਿੱਗ ਹੋਏ ਪੱਤੇ, ਅਨੇਕ ਜਾਤਾਂ ਪਾਤਾਂ ਦੇ ਹਨ, ਬਹੁਤ ਪ੍ਰਕਾਰ ਚਮਕਦੇ ਹਨ, ਸ੍ਰੇਸ਼ਟ ਆੜੂ ਅਤੇ ਅਨਾਰ ਦੇ ਦਰੱਖਤ ਹਨ। ਛਿੱਛਰੇ, ਪਲਾਸ, ਤੇਂਦੂ, ਛਤਵਨ, ਸੰਭਾਲੂ, ਹਿੰਗੋਟ, ਲਸੂੜਾ ਸ੍ਰੀਮਤ ਅਤੇ ਦਿਆਰ ਦੇ ਬੂਟੇ ਖੜੇ ਹਨ। ਸਾਰੇ ਡਾਹਣੀਆਂ ਸਮੇਤ ਵਧੇ ਹਨ ਅਤੇ ਬਹੁਤ ਫੈਲੇ ਹੋਏ ਹਨ, ਹਵਾ ਬਹੁਤ ਤੇਜ਼ ਵਗਦੀ ਹੈ, ਵਿਸ਼ਾਲ ਗੁਲਜ਼ਾਰ ਖਿੜੀ ਹੈ॥ ੪॥

*ਸ੍ਵੈਯਾ-* ਕੋਰਨ ਕੇ ਮੁਖ ਚੈ ਮੁਕਲੈ ਬਿਕਸੇ ਰੰਗ ਫੂਲ ਨਿਕੋਰਨ ਕੇ।
ਕੋਰਨ ਕੇ ਧਰਤਾ ਤਰੁ ਰਾਜਤਿ ਬਾਜਤਿ ਪਾਤਿ ਪਤੋਰਨ ਕੇ।
ਤੋਰਨ ਕੇ ਨਹਿੰ ਦਾਇ ਬਡੇ ਫਲ ਬੂਟ ਬਿਸਾਲ ਬਿਜੋਰਨ ਕੇ।
ਜੋਰਨ ਕੇ ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ॥ ੫॥

ਸਮੂਹ ਕਲੀਆਂ ਦੇ ਮੁਖ ਅੱਧਖੁਲ੍ਹੇ ਹਨ ਤੇ ਨਵੇਂ ਨਕੋਰ ਫੁੱਲ ਖਿੜੇ ਹਨ। ਕਲੀਆਂ ਦੇ ਬ੍ਰਿਛ ਬਹੁਤ ਸ਼ੋਭਦੇ ਹਨ, ਵਿਸ਼ੇਸ਼ ਕਰਕੇ ਉਸ ਸਮੇਂ ਜਦ ਹਵਾ ਦੇ ਚਲਣ ਨਾਲ ਪੱਤੇ ਇਕ ਦੂਸਰੇ ਨੂੰ ਵੱਜ ਕੇ ਖੜਕਦੇ ਹਨ। ਬਿਜੌਰੀ ਦੇ ਵਿਸ਼ਾਲ ਬੂਟੇ ਨੂੰ ਮੋਟੀ ਛਿੱਲ ਵਾਲੇ ਚਕੋਤਰੇ ਲੱਗਦੇ ਹਨ, ਜਿਸ ਨੂੰ ਤੋੜਨ ਦਾ ਦਾਅ ਨਹੀਂ ਲੱਗਦਾ ਹੈ, ਕਿਉਂਕਿ ਬਿਜੌਰੀ ਦੇ ਬੂਟੇ ਬਹੁਤ ਉੱਚੇ ਹਨ ਤੇ ਉਨ੍ਹਾਂ ਤਕ ਹੱਥ ਨਹੀਂ ਪਹੁੰਚ ਸਕਦਾ ਹੈ। ਮਾਨੋ ਬ੍ਰਿਛਾਂ ਦੇ ਸਿਰੇ ਜੋੜ ਜੋੜ ਕੇ ਗੁੰਦੇ ਹੋਏ ਹਨ। ਬ੍ਰਿਛਾਂ ਦੇ ਫਲ ਹਵਾ ਦਾ ਵੇਗ ਕਰਕੇ ਭਾਵੇਂ ਡਿੱਗ ਪੈਣ, ਪਰ ਵਿਸ਼ੇਸ਼ ਉੱਚੇ ਕਰਕੇ ਉਹ ਤੋੜੇ ਨਹੀਂ ਜਾ ਸਕਦੇ॥ ੫॥

*ਚਿੱਤ੍ਰਪਦਾ ਛੰਦ-* ਮੋਰ ਬਿਸਾਲ ਅਨੇਕ ਬਿਹੰਗ ਕਬੂਤਰ ਕੋਕਿਲ ਕੀਰ ਅਘੋਰ।
ਘੋਰਨਿ ਤੇ ਘਨ ਬੋਲ ਉਠਹਿਂ ਪਿਕ, ਚਾਤ੍ਰਿਕ ਔ ਚਕਵਾਨਨ ਸ਼ੋਰ।

Sri Satguru Jagjit Singh Ji eLlibrary NamdhariElibrary@gmail.com

ਸੋ ਰਹਿਂ ਸੇਵਤਿ ਕਾਨਨ ਕੋ ਨਿਤ ਦੰਪਤਿ ਕੀ ਮਿਲਿ ਕੈ ਬਰ ਜੋਰ।
ਜੋਰ ਕਰੇ ਰਵ ਕੂੰਜਤਿ ਹੈਂ, ਰੁਚਿ ਪੂਜਤਿ ਬੈਠਤਿ ਹੈਂ ਪਰ ਮੋਰਿ॥ ੬॥

ਵੱਡੀ ਗਿਣਤੀ ਵਿਚ ਮੋਰ, ਅਨੇਕਾਂ ਪੰਛੀ, ਕਬੂਤਰ, ਕੋਇਲਾਂ, ਤੋਤਿਆਂ ਵਰਗੇ ਸੁਹਾਵਣੇ ਪੰਛੀ ਏਥੇ ਬਹੁਤ ਹੁੰਦੇ ਹਨ। ਬੱਦਲਾਂ ਦੇ ਗੱਜਣ 'ਤੇ ਚਾਤ੍ਰਿਕ ਅਤੇ ਮਮੋਲੇ ਬੱਦਲਾਂ ਨੂੰ ਆਉਂਦੇ ਵੇਖ ਕੇ ਬਹੁਤ ਸ਼ੋਰ ਮਚਾਉਂਦੇ ਹਨ। ਉਨ੍ਹਾਂ ਦਾ ਇਹ ਸ਼ੋਰ ਸੁਣਨ ਲਾਇਕ ਹੁੰਦਾ ਹੈ। ਏਥੇ ਵੱਸਣ ਵਾਲੇ ਸਾਰੇ ਪੰਛੀ ਵਣਾਂ ਵਿਚ ਵਿਚਰਦੇ ਰਹਿੰਦੇ ਹਨ। ਨਰ ਮਾਦਾ ਦੇ ਸੋਹਣੇ ਸੋਹਣੇ ਜੋੜੇ ਮਿਲ ਕੇ ਉੱਚੀ ਆਵਾਜ਼ ਕਰਕੇ ਕੂਕਦੇ ਹਨ, ਜਿਨ੍ਹਾਂ ਦੀ ਰੁਚੀ ਪੂਰੀ ਹੋ ਰਹੀ ਹੈ, ਉਹ ਖੰਭ ਮੋੜ ਮੋੜ ਕੇ ਬੈਠਦੇ ਹਨ॥ ੬॥

ਦਾਇਕ ਜੇ ਸੁਖ, ਸੁੰਦਰ ਹੈਂ ਮੁਖ, ਹੀਨ ਰਹੈਂ ਦੁਖ ਤੇ ਹਰਖਾਇ।
ਖਾਇ ਸਦਾ ਮਨ ਭਾਵਨਿ ਜੇ ਫਲ, ਭੌਰ ਗੁੰਜਾਰਤਿ ਹੈਂ ਅਕੁਲਾਇ।
ਲਾਇਕ ਜੇ ਮਨ ਪ੍ਰੇਮ ਧਰੇ, ਮਨ ਪੀਨ ਭਏ ਤਨ ਜੇ ਬਿਰਧਾਇ।
ਧਾਇ ਕਹਾਂ ਮ੍ਰਿਗ ਮਾਲ ਫਿਰੈ, ਗ੍ਰਿਝ, ਰੋਝ ਝੰਖਾਰਨ ਕੇ ਸਮੁਦਾਇ॥ ੭॥

ਜਿਨ੍ਹਾਂ ਦੇ ਮੁਖ ਸੋਹਣੇ ਹਨ ਤੇ ਸੁਖਾਂ ਦੇ ਦੇਣ ਵਾਲੇ ਹਨ ਤੇ ਦੁਖਾਂ ਤੋਂ ਰਹਿਤ ਹੋ ਕੇ ਅਨੰਦ ਵਿਚ ਰਹਿੰਦੇ ਹਨ। ਜੋ ਮਨ-ਭਾਉਂਦੇ ਫਲ ਹਨ, ਉਹ ਸਦਾ ਖਾ ਰਹੇ ਹਨ ਤੇ ਭੌਰੇ ਮਗਨ ਹੋ ਕੇ ਗੁੰਜਾਰ ਪਾ ਰਹੇ ਹਨ। ਰਹਿਣ ਦੇ ਲਾਇਕ ਤੇ ਸੁਖਦਾਈ ਹੋਣ ਕਰਕੇ, ਇਸ ਵਣ ਵਿਚ ਸਾਰੇ ਸੁੰਦਰ ਪੰਛੀ ਵੱਸ ਰਹੇ ਹਨ। ਹਿਰਨਾਂ ਦੀਆਂ ਡਾਰਾਂ, ਨੀਲ ਗਾਈਆਂ ਦੇ ਵੱਗ ਤੇ ਬਾਰਾਸਿੰਗਿਆਂ ਦੇ ਝੁੰਡ ਦੌੜੇ ਫਿਰਦੇ ਹਨ॥ ੭॥

ਕੇਹਰਿ ਭਾਲਕ ਡੋਲਤਿ ਹੈਂ ਗਜ ਬੋਲਤਿ ਹੈਂ ਕਰਨੀ ਅਵਿਲੋਕ।
ਇੰਗਦ ਦੀਰਘ ਸੂਕਰ ਧਾਰਤਿ ਬ੍ਰਿੰਦ ਸਸੇ ਸੁ ਬਸੇ ਕਰਿ ਓਕ।
ਸ਼੍ਰਿੰਗ ਉਤੰਗ ਝੰਖਾਰਨ ਕੇ, ਪਲਪੀਨ ਫਿਰੈਂ ਕਿਤਹੂੰ ਨਹਿਂ ਰੋਕ।
ਤੀਤਰ, ਆਰਨ ਚੂੜ, ਬਟੇਰਨ, ਜਾਇ ਸਕੈਂ ਨ ਜਹਾਂ ਬਹੁ ਲੋਕ॥ ੮॥

ਸ਼ੇਰ, ਰਿੱਛ ਟਹਿਲ ਰਹੇ ਹਨ। ਹਥਨੀਆਂ ਨੂੰ ਵੇਖ ਕੇ ਹਾਥੀ ਚਿੰਘਾੜਦੇ ਹਨ। ਵੱਡੀਆਂ-ਵੱਡੀਆਂ ਹੁੱਡਾਂ ਸੂਰ ਧਾਰਦੇ ਹਨ। ਸਮੂਹ ਸਹੇ ਘਰ ਬਣਾ ਕੇ ਰਹਿੰਦੇ ਹਨ। ਬਾਰਾਸਿੰਗਿਆਂ ਦੇ ਸਿੰਗ ਬਹੁਤ ਉੱਚੇ ਹਨ, ਬੜੇ ਪਲੇ ਹੋਏ ਏਧਰ ਓਧਰ ਫਿਰਦੇ ਹਨ ਤੇ ਉਨ੍ਹਾਂ ਨੂੰ ਕੋਈ ਰੋਕ ਨਹੀਂ ਹੈ। ਤਿੱਤਰ, ਕੁੱਕੜ ਅਤੇ ਬਟੇਰੇ ਉਥੇ ਨਹੀਂ ਜਾ ਸਕਦੇ ਜਿਥੇ ਬਹੁਤ ਲੋਕ ਹੁੰਦੇ ਹਨ॥ ੮॥

ਕਬਿੱਤ- ਲੈਕੇ ਸੰਗ ਨਾਹਨੇਸ਼ ਗੁਰੂ ਜਗਤੇਸ਼ ਹੂੰ ਕੋ, ਖੇਲਿਬੇ ਅਖੇਰ ਕੇ ਬਹਾਨੇ ਬਨ ਗਾਹਈ।
ਫਿਰੇ ਦੂਰ ਦੂਰ ਲੌ ਹਜ਼ੂਰ ਸੋਂ ਬਖਾਨੇ ਬਾਕ, 'ਹੇਰੋ ਪ੍ਰਭੁ ਪੂਰਨ ਜਹਾਂ ਕੋ ਚਿਤ ਚਾਹਈ।
ਹੋਇ ਸਭਿ ਰੀਤਿ ਸੁਖ, ਕੋਈ ਰੁਤ ਮੈਂ ਨ ਦੁਖ, ਦੀਜੈ ਫੁਰਮਾਇ ਮੁਖ ਇਹਾਂ ਨਿਰਬਾਹਈ।
ਤਹਾਂ ਘਾਲਿ ਡੇਰਾ ਕਰੋ ਅਨੰਦ ਬਸੇਰਾ ਨਿਤ, ਨਗਰ ਬਡੇਰਾ ਬਨੈ ਆਪ ਜੋ ਉਮਾਹਈ' ॥੯॥

ਨਾਹਣ ਦੇ ਰਾਜੇ ਨੇ ਜਗਤ ਗੁਰੂ ਜੀ ਨੂੰ ਨਾਲ ਲੈ ਕੇ, ਸ਼ਿਕਾਰ ਖੇਡਣ ਦੇ ਬਹਾਨੇ ਸਾਰਾ ਜੰਗਲ ਗਾਹਿਆ। ਬਹੁਤ ਦੂਰ ਦੂਰ ਤਕ ਫਿਰੇ ਤੇ ਹਜ਼ੂਰ ਗੁਰੂ ਜੀ ਨੂੰ ਫਿਰ ਕਿਹਾ, "ਹੇ ਪੂਰਨ ਪ੍ਰਭੂ ਜੀ! ਜਿਥੋਂ ਤਕ ਜੀਅ ਚਾਹੁੰਦਾ ਹੈ ਵੇਖੋ, ਸਭ ਰੀਤੀਆਂ ਨਾਲ ਸੁਖ ਪ੍ਰਾਪਤ ਹੋਵੇਗਾ, ਕਿਸੇ ਰੁੱਤ ਵਿਚ ਵੀ ਸੰਕਟ ਨਹੀਂ ਹੁੰਦਾ, ਤੁਸੀਂ ਮੁਖ ਤੋਂ ਫੁਰਮਾਂ ਦੇਵੋ, ਏਥੇ ਨਿਰਬਾਹ ਹੋ ਜਾਵੇਗਾ।' ਉਸ ਸਥਾਨ ਵਿਖੇ ਹੀ ਡੇਰਾ ਲਾ ਕੇ ਅਨੰਦ ਨਾਲ ਵਸੋ, ਆਪ ਜੇ ਉਤਸ਼ਾਹ ਧਾਰਨ ਕਰੋਗੇ ਤਾਂ ਉਹ ਸਥਾਨ ਵੱਡਾ ਨਗਰ ਬਣ ਜਾਵੇਗਾ"॥ ੯॥

ਊਚ ਨੀਚ ਥਾਨ ਫਿਰੇ ਗੁਰੂ ਭਗਵਾਨ ਬਹੁ ਮਨ ਮੈਂ ਬਿਲੰਦ ਹੀ ਪਸੰਦ ਕੋ ਨ ਆਵਈ।
ਬਿਚਰਤਿ ਗਏ ਰੰਮ ਜਮੁਨਾ ਪ੍ਰਵਾਹ ਜਹਾਂ, ਹੇਰਿ ਹਰਖਾਨੇ ਨੀਰ ਅਧਿਕ ਸੁਹਾਵਈ।
ਦੀਰਘ ਜੁ ਦੂਨ ਤਾਂ ਕੀ ਦੁਤਿ ਕੋ ਚਊਨ ਕਰੈ, ਲੋਕਨ ਤੇ ਸੂੰਨ ਬਨ ਜਹਾਂ ਦ੍ਰਿਸ਼ਟਾਵਈ।
ਸਭਿ ਜੀ ਕੇ ਹਾਰ ਹੈ ਕਿ ਸਬਜ਼ੀ ਬਹਾਰ ਹੈ ਸੁ ਮੰਜੁਸ ਬਿਹਾਰ ਹੈ ਅਨੰਦ ਉਪਜਾਵਈ ॥੧੦॥

ਸ੍ਰੀ ਗੁਰੂ ਭਗਵਾਨ ਜੀ ਸਭ ਉੱਚੀਆਂ ਨੀਵੀਆਂ ਥਾਵਾਂ 'ਤੇ ਫਿਰੇ, ਮਨ ਵਿਚ ਬਹੁਤ ਸੁੰਦਰ ਸਥਾਨ ਧਾਰਨ ਕੀਤਾ ਸੀ, ਇਸ ਕਰਕੇ ਕੋਈ ਵੀ ਸਥਾਨ ਪਸੰਦ ਨਾ ਆਇਆ। ਫਿਰਦੇ-ਫਿਰਦੇ ਉਥੇ ਪਹੁੰਚ ਗਏ ਜਿਥੇ ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਸੀ, ਉਸ ਸਥਾਨ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਸੁੰਦਰ ਜਲ ਬਹੁਤ ਸ਼ੋਭ ਰਿਹਾ ਸੀ। ਜਿਹੜੀ ਬਹੁਤ ਵੱਡੀ ਦੂਨ ਸੀ, ਇਹ ਸਥਾਨ ਉਸ ਦੂਨ ਦੀ ਸ਼ੋਭਾ ਚਾਰ ਗੁਣਾਂ ਕਰ ਰਿਹਾ ਸੀ, ਜਿੱਥੇ ਲੋਕਾਂ ਤੋਂ ਸੱਖਣਾ ਜੰਗਲ ਦਿਖਾਈ ਦੇ ਰਿਹਾ ਸੀ। ਸਭ ਦੇ ਜੀਅ ਚੁਰਾ ਲੈਣ ਵਾਲੀ ਹਰਿਆਵਲ ਦੀ ਬਹਾਰ ਹੈ ਤੇ ਜਮਨਾ ਨਦੀ ਮਨੋਹਰ ਰੂਪ ਵਿਚ ਵਿਚਰ ਰਹੀ ਹੈ ਤੇ ਅਨੰਦ ਬਖਸ਼ ਰਹੀ ਹੈ॥ ੧੦॥

ਸੁਤਾ ਸਪਤਾਸੁ ਕੀ, ਨਸੱਯਾ ਪਾਪ ਰਾਸਿ ਕੀ ਦਿਵੱਯਾ ਮੋਖ ਦਾਸ ਕੀ ਲਖੈਂ ਜੁ ਨੇਮ ਜਮਨਾ।
ਏਕ ਬਾਰਿ ਬਾਰਿ ਛੁਏ ਪਾਵਨਤਾ ਪਾਵਨ ਕੈ ਪਾਨ ਤੇ ਸ਼ਨਾਨ ਤੇ ਦੁਖਤਿ ਤਿਨ ਜਮ ਨਾ।
ਸ਼ਜਾਮ ਜਲ ਜਲਜ ਬਿਲੋਚਨਿ ਕੀ ਸ਼ਜਾਮ ਪਤਿ ਚੰਚਲ, ਅਛਲ, ਜਿਨ ਛਲਜੋ ਕਾਲ ਜਮੁਨਾ।
ਜਾਂਕੇਆਨ ਸਮ ਨਾ ਬਿਘਨ ਗਨ ਸ਼ਮਨਾ ਸਦੀਵ ਸਿੰਧ ਗਾਮਨਾ ਸੁਹਾਇ ਸ਼ੁਭ ਜਮਨਾ ॥੧੧॥

ਸੂਰਜ ਦੀ ਪੁੱਤਰੀ ਪਾਪਾਂ ਨੂੰ ਦੂਰ ਕਰਦੀ ਹੈ, ਆਪਣੇ ਸੇਵਕਾਂ ਨੂੰ ਮੁਕਤੀ ਦਿੰਦੀ ਹੈ, ਜੋ ਨਿਯਮ ਅਨੁਸਾਰ ਚਲਦੀ ਹੈ, ਉਸ ਦਾ ਨਾਮ ਜਮਨਾ ਨਦੀ ਹੈ। ਜਿਹੜਾ ਵੀ ਇਕ ਵਾਰ ਉਸ ਦੇ ਪਾਣੀ ਨੂੰ ਛੂੰਹਦਾ ਹੈ, ਉਸ ਨੂੰ ਪਵਿੱਤਰ ਕਰਦੀ ਹੈ। ਜਿਹੜੇ ਉਸ ਦਾ ਜਲ ਪੀਂਦੇ ਅਤੇ ਜਲ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਨੂੰ ਜਮ ਦੁਖੀ ਨਹੀਂ ਕਰਦੇ ਹਨ। ਜਿਸ ਦਾ ਪਾਣੀ ਕਾਲਾ ਹੈ ਅਤੇ ਨੈਣ ਕੰਵਲ ਵਰਗੇ ਹਨ, ਜਿਸ ਦਾ ਪਤੀ ਵੀ ਕਾਲਾ (ਕ੍ਰਿਸ਼ਨ) ਹੈ, ਉਸ ਦੀਆਂ ਲਹਿਰਾਂ ਚੰਚਲ ਹਨ। ਜਿਸ ਜਮਨਾ ਨੇ ਕਾਲ ਨੂੰ ਵੀ ਛਲ ਲਿਆ ਹੈ। ਡੋਬ ਦੇਣ ਦਾ ਵਿਘਨ ਅਤੇ ਤਾਰ ਦੇਣ ਦਾ ਗੁਣ ਜਮਨਾ ਵਿਚ ਬਰਾਬਰ ਹਨ। ਸਦਾ ਸਾਗਰ ਵੱਲ ਜਾਣ ਵਾਲੀ ਹੈ, ਉਹ ਇਹ ਸ਼ੁਭ ਜਮਨਾ ਸ਼ੋਭ ਰਹੀ ਹੈ॥ ੧੧॥

ਕੋਤੀ ਦੂਰ ਤੀਰ ਤੀਰ ਫਿਰੇ ਬਰ ਬੀਰ ਧੀਰ ਹੇਰਤਿ ਗੰਭੀਰ ਨੀਰ ਸੀਰ ਸ਼ੁਭ ਚਾਲਤੇ।
ਕਹੂੰ ਬੇਗ ਜ਼ੋਰ ਤੇ ਮਰੋਰਤੇ ਸੁ ਭੌਰੀ ਪਰੈ, ਕਹੂੰ ਫੇਨ ਫੋਰਤੇ ਕਹੂੰਕ ਸੋ ਉਠਾਲਤੇ।
ਕਭਹੂੰ ਉਤੰਗ ਸ਼ਜਾਮ ਰੰਗ ਕੇ ਤਰੰਗ ਬ੍ਰਿੰਦ ਕਭਹੂੰ ਮਤੰਗ ਅੰਗ ਸੰਗਨਿ ਉਛਾਲਤੇ।
ਪਾਥਰ ਪਖਾਲਤੇ, ਕਹੂੰਕ ਤਟ ਡਾਲਤੇ, ਕਿਤੇਕ ਜਲ ਹਾਲਤੇ ਝਖਾਦਿ ਜੰਤੁ ਜਾਲਤੇ ॥੧੨॥

ਨਦੀ ਦੇ ਕੰਢੇ-ਕੰਢੇ ਧੀਰਜਵਾਨ ਸ੍ਰੇਸ਼ਟ ਸੂਰਬੀਰ ਕਾਫੀ ਦੂਰ ਤਕ ਫਿਰੇ, ਡੂੰਘੇ ਸ਼ੁਭ ਜਲ ਨੂੰ ਚਲਦੇ ਨੂੰ ਵੇਖਦੇ ਸਨ। ਕਿਤੇ ਬੜੇ ਜ਼ੋਰ ਨਾਲ ਨਦੀ ਦੇ ਪਾਣੀ ਵਿਚ ਘੁੰਮਰ ਪੈਂਦਾ ਹੈ। ਕਿਤੇ ਉਹ ਘੁੰਮਰ ਝੱਗ ਛੱਡਦਾ ਹੈ ਕਿਤੇ ਉਹ ਝੱਗ ਬਣਾਉਂਦਾ ਹੈ। ਕਿਤੇ ਕਾਲੇ ਰੰਗ ਦੀਆਂ ਬਹੁਤ ਉੱਚੀਆਂ ਲਹਿਰਾਂ ਉਠਦੀਆਂ ਹਨ, ਕਿਤੇ ਹਾਥੀ ਜਲ ਕ੍ਰੀੜਾ ਕਰਦੇ ਅੰਗਾਂ ਨਾਲ ਪਾਣੀ ਉਛਾਲਦੇ ਹਨ। ਜਲ ਕਿਨਾਰੇ ਦੇ ਪੱਥਰਾਂ ਨੂੰ ਧੋਂਦਾ ਹੈ ਤੇ ਕਿਤੇ ਕਿਨਾਰਿਆਂ ਨੂੰ ਢਾ ਰਿਹਾ ਹੈ। ਕਿਤੇ ਸਮੂਹ ਮੱਛੀਆਂ ਆਦਿ ਜੰਤੂਆਂ ਕਰਕੇ ਜਲ ਹਿਲਦਾ ਹੈ॥ ੧੨॥

ਬਿਚਰੇ ਬਿਲੋਕਤਿ ਸੁ ਥਲ ਹੇਤੁ ਰੋਕਨਿ ਕੇ ਭੇਤੀ ਜੇ ਹੈਂ ਲੋਕ ਹਾਥ ਜੋਰਿ ਸੋ ਬਤਾਵਤੇ।
ਸੁੰਦਰ ਸਿਲਾਨਕੂਲ ਜਾਨਜੋ ਅਨਕੂਲ ਆਛੇ ਖਰੇ ਦਿਵ ਮੂਲ ਜਹਾਂ ਬਿਟਪ ਸੁਹਾਵਤੇ।

**ਗੁਰੂ ਕੇ ਪਸੰਦ ਆਯੋ ਆਨੰਦ ਬਿਲੰਦ ਪਾਯੋ ਭਾਖਤਿ ਨਰਿੰਦ ਸੰਗ 'ਏਈ ਮਨ ਭਾਵਤੇ।**
**ਪਿਖੈਂ ਸੁ ਪੂਰ ਆਵਤੇ ਸਮੁਖ ਛਬਿ ਪਾਵਤੇ ਰਿਦੇ ਕੋ ਹਰਖਾਵਤੇ ਸੁ ਬੇਗ ਜਲ ਜਾਵਤੇ' ॥੧੩॥**

ਸ੍ਰੇਸ਼ਟ ਸਥਾਨ ਨੂੰ ਵੇਖਣ ਵਾਸਤੇ ਏਧਰ ਓਧਰ ਵਿਚਰਦੇ ਫਿਰਦੇ ਸਨ, ਜਿਹੜੇ ਉਸ ਇਲਾਕੇ ਦੇ ਭੇਤੀ ਲੋਕ ਸਨ, ਉਹ ਹੱਥ ਜੋੜ ਕੇ ਰੋਕ ਕੇ ਦੱਸਦੇ ਸਨ। ਜਿੱਥੇ ਸੁੰਦਰ ਪਹਾੜ ਨੂੰ ਆਪਣੇ ਅਨੁਸਾਰ ਜਾਣਿਆਂ ਤੇ ਜਿਥੇ ਦ੍ਰਿੜ੍ਹ ਭਾਰੀ ਬ੍ਰਿਛ ਹਰ ਪਖੋਂ ਅਨੁਕੂਲ ਖੜੇ ਸ਼ੋਭਾ'ਪਾ ਰਹੇ ਵੇਖੇ। ਉਹ ਸਥਾਨ ਗੁਰੂ ਜੀ ਨੂੰ ਬਹੁਤ ਪਸੰਦ ਆਇਆ ਜਿਸ ਨੂੰ ਵੇਖ ਕੇ ਗੁਰੂ ਨੇ ਵੱਡਾ ਅਨੰਦ ਪਾਇਆ ਤੇ ਰਾਜੇ ਨੂੰ ਕਹਿਣ ਲੱਗੇ, "ਇਹ ਹੀ ਮਨ-ਭਾਉਂਦਾ ਸਥਾਨ ਹੈ। ਏਥੇ ਖੜੇ ਹੋ ਕੇ ਪੂਰਨ ਜਲ ਦਾ ਵੇਗ ਦਿਖਾਈ ਦਿੰਦਾ ਹੈ, ਜਿਸ ਦੀ ਸਾਹਮਣੇ ਸ਼ੋਭਾ ਵੇਖ ਕੇ ਹਿਰਦਾ ਬਹੁਤ ਪ੍ਰਸੰਨ ਹੁੰਦਾ ਹੈ, ਜਲ ਦਾ ਤੇਜ਼ ਵਹਿਣ ਅਦਭੁਤ ਨਜ਼ਾਰਾ ਪੇਸ਼ ਕਰਦਾ ਹੈ॥ ੧੩॥

**ਮੇਦਨੀ ਪ੍ਰਕਾਸ਼ ਕੋ ਸੁਨਾਇ ਨਿਜ ਬਾਸਕੋ ਸੁ ਹੋਇ ਜਲ ਪਾਸਕੋ, ਤੁਰੰਗ ਕੋ ਟਿਕਾਇ ਕੈ।**
**ਹੇਰਿ ਤਰੁ ਮੂਲ ਕੋ ਸੁ ਜਮਨਾ ਕੇ ਕੂਲ ਕੋ ਨਿਵੇਸ ਹੇਤੁ ਉਤਰੇ ਅਨੰਦ ਕੋ ਬਢਾਇ ਕੈ।**
**ਤਾਤਕਾਲ ਡਾਲਿ ਕਰਿ ਫਰਸ਼ ਉਤਾਲ ਕਰਿ ਗਾਦੀ ਰੰਗ ਲਾਲ ਕੀ ਸੁ ਦਾਸਨਿ ਡਸਾਇ ਕੈ।**
**ਬੈਠਿ ਸ੍ਰੀ ਗੁਬਿੰਦ ਸਿੰਘ ਬੋਲਤਿ ਨਰਿੰਦ ਸੰਗ 'ਸੁੰਦਰ ਬਿਲੰਦ ਹੈ ਪਸੰਦ ਮਨ ਭਾਇ ਕੈ ॥੧੪॥**

ਰਾਜੇ ਮੇਦਨੀ ਪ੍ਰਕਾਸ਼ ਨੂੰ ਸੁਣਾਇਆ ਕਿ ਨਿਜੀ ਵਸੇਬੇ ਵਾਸਤੇ ਜਲ ਪਾਸ ਹੋਣਾ ਚਾਹੀਦਾ ਹੈ, ਘੋੜਿਆਂ ਨੂੰ ਪਾਸ ਟਿਕਾਵਾਂਗੇ। ਦਰੱਖਤਾਂ ਦੇ ਮੋਟੇ-ਮੋਟੇ ਮੁੱਢਾਂ ਨੂੰ ਵੇਖ ਜਿਹੜੇ ਜਮਨਾ ਨਦੀ ਦੇ ਕਿਨਾਰੇ ਖੜੇ ਹਨ ਗੁਰੂ ਜੀ ਅਨੰਦ ਵਧਾ ਕੇ ਉਥੇ ਉੱਤਰ ਪਏ। ਤੁਰਤ ਛੋਟੀ-ਛੋਟੀ ਗਲੀਚੇ ਵਿਛਾ ਕੇ ਫਰਸ਼ ਤਿਆਰ ਕੀਤਾ ਤੇ ਉਸ ਦੇ ਉੱਤੇ ਸੇਵਕਾਂ ਲਾਲ ਰੰਗ ਦੀ ਗੱਦੀ ਰੱਖ ਦਿੱਤੀ। ਉਸ ਗੱਦੀ ਉੱਤੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਰਾਜੇ ਨੂੰ ਕਹਿਣ ਲੱਗੇ, "ਇਹ ਸਥਾਨ ਬਹੁਤ ਸੁੰਦਰ ਹੈ, ਇਹ ਮਨ ਭਾਉਂਦਾ ਸਥਾਨ ਅਸੀਂ ਪਸੰਦ ਕੀਤਾ ਹੈ॥ ੧੪॥

**ਜਮਨਾ ਪ੍ਰਵਾਹਇਕ, ਦੂਸਰੇ ਉਤੰਗ ਤਟ, ਤੀਸਰੇ ਤਰੁਨਿ ਠਟ ਸੈਲਨ ਕੀ ਸੈਲ ਹੈ।**
**ਸਬਜ਼ੀ ਸੁਹਾਇ, ਬਿਨ ਪੰਕ ਹੈ ਸੁ ਥਾਇ, ਸ਼ੁਭ ਦੂਨ ਬਿਸਤਾਰ ਸੋ ਉਦਾਰ ਚਲੈ ਗੈਲ ਹੈ'।**
**ਮੇਦਨੀ ਪ੍ਰਕਾਸ਼ ਸੁਨਿ ਹਾਥ ਜੋਰਿ ਬਾਕ ਭਨਿ 'ਮਨ ਕੀ ਪਛਾਨੋ ਤੁਮ ਦੇਖਯੋ ਥਲ ਛੈਲ ਹੈ।**
**ਈਹਾਂ ਲਗਿ ਹੱਦ ਹਮ ਕਰੀ ਰਿਪੁ ਸੰਗ ਬਦ ਕੇਤੀ ਬਾਰ ਜਿਦੈਂ ਕਰਿ ਜੰਗ ਭਯੋ ਐਲ ਹੈ॥੧੫॥**

ਜਮਨਾ ਦਾ ਪ੍ਰਵਾਹ ਚਲਦਾ ਹੈ, ਦੂਸਰਾ ਕਿਨਾਰਾ ਬਹੁਤ ਉੱਚਾ ਹੈ, ਤੀਸਰਾ ਬ੍ਰਿਛਾਂ ਦਾ ਖੂਬ ਠਾਠ ਹੈ ਤੇ ਪਹਾੜਾਂ ਦੀ ਸੈਰ ਹੈ। ਹਰਿਆਵਲ ਬਹੁਤ ਸ਼ੋਭਦੀ ਹੈ, ਗਾਰੇ ਚਿਕੜ ਤੋਂ ਬਗੈਰ ਸਥਾਨ ਹੈ। ਸ਼ੁਭ ਦੂਣ ਦਾ ਜੋ ਵਿਸਥਾਰ ਹੈ, ਉਹ ਰਾਹ ਬਹੁਤ ਚਲਦਾ ਹੈ।" ਇਹ ਸੁਣ ਕੇ ਮੇਦਨੀ ਪ੍ਰਕਾਸ਼ ਨੇ ਹੱਥ ਜੋੜ ਕੇ ਕਿਹਾ, "ਮਨਾਂ ਦੀਆਂ ਪਛਾਣਦੇ ਹੋ, ਤੁਸੀਂ ਆਪ ਹੀ ਸੁੰਦਰ ਸਥਾਨ ਵੇਖਿਆ ਹੈ। ਏਥੋਂ ਤਕ ਹੱਦ ਅਸੀਂ ਵੈਰੀ ਨਾਲ ਨੀਯਤ ਕੀਤੀ ਹੈ, ਪਰ ਜੰਗ ਦਾ ਰੌਲਾ ਪਿਆ ਹੋਇਆ ਹੈ॥ ੧੫॥

**ਫਤੇ ਸ਼ਾਹ ਮਹੀਪਾਲ ਹਮ ਤੇ ਬਿਸਾਲ ਦੇਸ਼ ਧਾਰਤਿ ਗ਼ਰੂਰ ਸੂਰ ਲੈ ਕੈ ਸਮੁਹਾਤਿ ਹੈ।**
**ਦੇਤਿ ਹੈ ਬਿਖਾਦ ਕੋ ਨ ਰਾਖੈ ਮਿਰਜਾਦ ਕੋ, ਬਿਰੋਧ ਪਰਯੋ ਆਦਿ ਕੋ ਨ ਹੋਤਿ ਕਬਿ ਸ਼ਾਂਤਿ ਹੈ।**
**ਯਾਂ ਤੇ ਮੈਂ ਅਰਾਧੇ ਉਰ, ਆਏ ਆਪ ਬਲੀ ਗੁਰ, ਕਾਮਨਾ ਕੋ ਜਾਨਿ ਮਨ ਪੂਰੀ ਸਭਿ ਭਾਂਤਿ ਹੈ।**
**ਹੱਦ ਪੈ ਨਿਵੇਸ ਕੀਨਿ ਭਯੋ ਸਭਿ ਤ੍ਰਾਸ ਹੀਨ, ਮੋਕੋ ਦਾਸ ਚੀਨ ਪਾਸ ਲੀਨਿ ਬਾਸ ਖਜਾਤ ਹੈ' ॥੧੬॥**

ਰਾਜੇ ਫਤਹਿ ਸ਼ਾਹ ਪਾਸ ਸਾਡੇ ਨਾਲੋਂ ਵੱਡਾ ਦੇਸ਼ ਹੈ, ਉਹ ਹੰਕਾਰ ਧਾਰ ਕੇ ਸੂਰਬੀਰ ਲੈ ਕੇ ਮੁਕਾਬਲਾ ਕਰਦਾ ਹੈ। ਝਗੜਾ ਖੜਾ ਕਰਦਾ ਹੈ ਤੇ ਮਰਿਆਦਾ ਨੂੰ ਨਹੀਂ ਰੱਖਦਾ, ਬੜੀ ਦੇਰ ਦਾ ਵਿਰੋਧ ਖੜਾ ਕੀਤਾ ਹੈ, ਕਦੀ ਵੀ ਸ਼ਾਂਤ ਨਹੀਂ ਹੁੰਦਾ ਹੈ। ਇਸ ਕਰਕੇ ਮੈਂ ਆਪਣੇ ਦਿਲ ਵਿਚ ਧਾਰਿਆ ਹੈ, ਬਲਵਾਨ ਗੁਰੂ ਜੀ ਆਏ ਹਨ, ਮੇਰੇ ਮਨ ਦੀ ਕਾਮਨਾ ਨੂੰ ਜਾਣ ਕੇ ਸਭ

ਭਾਂਤ ਪੂਰਨ ਕੀਤੀ ਹੈ। ਹੱਦ ਤੇ ਵਾਸਾ ਕੀਤਾ ਹੈ, ਮੈਨੂੰ ਡਰ ਹੀਣ ਕਰ ਦਿੱਤਾ ਹੈ, ਮੈਨੂੰ ਦਾਸ ਸਮਝ ਕੇ ਆਪ ਜੀ ਨੇ ਮੇਰੇ ਪਾਸ ਪ੍ਰਗਟ ਰੂਪ ਵਿਚ ਵਾਸਾ ਕਰ ਲਿਆ ਹੈ॥ ੧੬॥

ਸੁਨਿ ਕੈ ਨਰਿੰਦ ਪੀਰ ਸ੍ਰੀ ਗੁਵਿੰਦ ਸਿੰਘ ਬੀਰ, ਦਈ ਕਹਿ ਧੀਰ 'ਜੌਲੌ ਹਮ ਥਿਰੈਂ ਥਾਨ ਮੈਂ।
ਕੌਨ ਸੀਸ ਧਾਰੇ ਦੋਇ, ਆਇ ਕੈ ਸਮੁਖ ਹੋਇ ਤੀਰਨਿ ਪ੍ਰੋਇ ਰਿਪੁ ਕਰੌਂ ਘਮਸਾਨ ਮੈਂ।
ਬਾਪੁਰੇ ਅਪਰ ਇਨ ਗਿਨਤੀ ਬਖਾਨੈ ਕਹਾਂ ਲਰੈ ਜੇ ਨੁਰੰਗ ਸਾਰੇ ਰੰਗ ਦੇਊ ਹਾਨ ਮੈਂ'।
ਅਭੈ ਦਾਨ ਦੀਨਿ 'ਰਹੋ ਸੁਖ ਮੈਂ ਅਸੀਨ ਅਬਿ, ਚਿੰਤ ਤੇ ਬਿਹੀਨ ਕਾਨ ਆਨ ਕੀ ਨ ਮਾਨ ਮੈਂ' ॥੧੭॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਜੇ ਦਾ ਦੁਖ ਸੁਣ ਕੇ, ਉਸ ਨੂੰ ਕਹਿ ਕੇ ਧੀਰਜ ਦਿੱਤਾ, "ਜਦ ਤਕ ਅਸੀਂ ਇਸ ਸਥਾਨ ਵਿਖੇ ਠਹਿਰਾਂਗੇ। ਕੌਣ ਦੋ ਸਿਰਾਂ ਵਾਲਾ ਜੰਮਿਆ ਹੈ, ਜਿਹੜਾ ਸਾਡੇ ਸਾਹਮਣੇ ਹੋਵੇ, ਮੈਂ ਵੈਰੀ ਨੂੰ ਘਮਸਾਨ ਦਾ ਯੁੱਧ ਕਰਕੇ ਤੀਰਾਂ ਨਾਲ ਪਰੋ ਦੇਵਾਂਗਾ। ਇਹ ਇਕ ਵਿਚਾਰਾ ਰਾਜਾ ਕਿਸ ਗਿਣਤੀ ਵਿਚ ਹੈ, ਜੇ ਮੇਰੇ ਨਾਲ ਨੌਰੰਗਾ ਵੀ ਲੜਿਆ ਸਾਰੇ ਅਨੰਦਮਈ ਰੰਗ ਨਾਸ਼ ਕਰ ਦੇਵਾਂਗਾ। ਅਭੈਅ ਦਾਨ ਦਿੰਦਿਆਂ ਕਿਹਾ, "ਹੁਣ ਸੁਖ ਨਾਲ ਟਿਕੇ ਰਹੋ, ਕਿਸੇ ਗੱਲ ਦੀ ਚਿੰਤਾ ਨਾ ਕਰੋ, ਹੋਰ ਕਿਸੇ ਦੀ ਆਕੜ ਮਨ ਵਿਚ ਨਾ ਮੰਨੋ" ॥ ੧੭॥

*ਸ੍ਵੈਯਾ*- ਬਾਕ ਬਿਲਾਸ ਪ੍ਰਭੂ ਇਮ ਕੀਨਿ ਨਰਿੰਦ ਬਿਲੰਦ ਅਨੰਦ ਕਿਯੋ।
ਭੀਰ ਬਿਹੀਰ ਕੀ ਮਾਰਗ ਤੇ ਸਮੁਦਾਇ ਸਮਾਜ ਪਹੁੰਚਿ ਗਯੋ।
ਕੀਨਿ ਨਿਵੇਸ਼ ਅਸ਼ੇਸ਼ ਹੀ ਸੈਨ, ਤੁਰੰਗ ਕੋ ਬ੍ਰਿੰਦ ਲਗਾਇ ਦਯੋ।
ਆਪਨੇ ਆਪਨੇ ਥਾਨ ਸਭੀ, ਅਵਿਲੋਕਿ ਕੁਸ਼ਾਦ ਕੋ ਰੋਕ ਲਯੋ ॥੧੮॥

ਗੁਰੂ ਜੀ ਨੇ ਇਸ ਤਰ੍ਹਾਂ ਬਚਨ ਬਿਲਾਸ ਕੀਤਾ, ਰਾਜਾ ਸੁਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਨਾਲ ਜਿਹੜੀ ਵਹੀਰ ਦੀ ਭੀੜ ਰਾਹ ਵਿਚ ਆ ਰਹੀ ਸੀ। ਉਹ ਸਾਰੇ ਸਾਜ਼ੋ-ਸਾਮਾਨ ਸਹਿਤ ਪਹੁੰਚ ਗਏ। ਸਾਰੀ ਸੈਨਾ ਨੇ ਓਥੇ ਨਿਵੇਸ਼ ਕੀਤਾ, ਘੋੜਿਆਂ ਦੀ ਸੇਵਾ ਵਾਸਤੇ ਵੀ ਬਹੁਤ ਸੇਵਕ ਲੱਗ ਗਏ। ਆਪਣੇ-ਆਪਣੇ ਲਈ ਸਾਰਿਆਂ ਨੇ ਖੁਲ੍ਹੇ ਸਥਾਨ ਵੇਖ ਕੇ ਰੋਕ ਲਏ॥ ੧੮॥

*ਕਬਿੱਤ*-ਤਨ ਦੀਨ ਚਾਨਣੀ ਚਕੋਦ ਚਾਰੁ ਚਹੂੰ ਦਿਸ਼ਿ ਝਾਲਰ ਜ਼ਰੀ ਕੀ ਗਨ ਲਰੀ ਮੁਕਤਾਨ ਕੀ।
ਰੇਸ਼ਮ ਕੀ ਡੋਰਨ ਸੋਂ ਐਂਚਿ ਕਰਿ ਜੋਰਨ ਸੋਂ ਬੰਧਿ ਚਹੂੰ ਓਰਨ ਸੋਂ ਗਾਢੀ ਕੈ ਮਹਾਨ ਕੀ।
ਤੰਬੂ ਜੁ ਕਦੰਬ ਆਡ ਦੀਨੇ ਹੈਂ ਬਿਲੰਬ ਬਿਨ, ਤਾਨੀ ਹੈ ਬਨਾਤ ਕੀ ਕਨਾਤ ਓਟ ਠਾਨਿ ਕੀ।
ਲੈਨ ਹੈ ਕਿਕਾਨ ਕੀ ਸੁਹਾਈ ਦੁਤਿਵਾਨ ਕੀ ਬਨਾਈ ਬੁੱਧਿਵਾਨ ਕੀ ਦਿਖਾਈ ਰੰਗਵਾਨ ਕੀ॥੧੯॥

ਚਾਰ ਕੋਨਿਆਂ ਵਾਲੀ ਚਾਨਣੀ ਤਾਣ ਦਿੱਤੀ, ਜਿਸ ਦੇ ਚਾਰੇ ਪਾਸੀਂ ਜ਼ਰੀ ਦੀ ਵੱਡੀ ਝਾਲਰ ਲੱਗੀ ਹੋਈ ਸੀ ਤੇ ਕਈ ਮੋਤੀਆਂ ਦੀਆਂ ਲੜੀਆਂ ਲਮਕ ਰਹੀਆਂ ਸਨ। ਰੇਸ਼ਮ ਦੇ ਰੱਸਿਆਂ ਨਾਲ ਜ਼ੋਰ ਨਾਲ ਖਿੱਚ ਕੇ ਬੰਨ੍ਹ ਦਿੱਤੀ ਤੇ ਚਾਰੇ ਪਾਸਿਆਂ ਤੋਂ ਚੰਗੀ ਤਰ੍ਹਾਂ ਕੱਸ ਦਿੱਤੀ। ਸਾਰੇ ਤੰਬੂ ਕਿਸੇ ਦੇਰ ਬਗੈਰ ਤਾਣ ਦਿੱਤੇ ਤੇ ਬਨਾਤ ਦੀਆਂ ਕਨਾਤਾਂ ਦੀ ਓਟ ਕਰ ਦਿੱਤੀ। ਬੁਧੀਵਾਨਾਂ ਨੇ ਵੱਖ-ਵੱਖ ਰੰਗ ਦੇ ਘੋੜਿਆਂ ਦੀ ਵੱਖਰੀ-ਵੱਖਰੀ ਕਤਾਰ ਬਣਾਈ ਹੈ॥ ੧੯॥

ਲਾਗਜੋ ਹੈ ਅਸ਼ੇਸ਼ ਡੇਰਾ ਉਠਿਕੈ ਨਰੇਸ਼ ਹੇਰਾ ਲੈ ਕੈ ਗੁਰ ਆਇਸੁ ਕੋ ਆਪ ਜਾਨਿ ਕੀਨਿਯੋ।
ਦੂਨ ਅਭਿਰਾਮਨੀ ਮੈਂ ਜਾਮਨੀ ਬਿਤੀਤ ਕਰੀ, ਜਮੁਨਾ ਕੇ ਜਲ ਮੈਂ ਸ਼ਨਾਨ ਕਰਿ ਲੀਨਿਯੋ।
ਚਾਰ ਘਰੀ ਦਿਨ ਚਰੇ ਨਾਹਨੇਸ਼ ਪਾਸ ਆਯੋ ਬੰਦਨਾ ਕੋ ਠਾਨਿ ਪਗ ਪ੍ਰਭੁ ਪ੍ਰੇਮ ਭੀਨਿਯੋ।
ਬੈਠਿਕੈ ਪ੍ਰਸੰਗ ਕੋਈ ਬੋਲਜੋ ਰਸ ਰੰਗ ਸੋਈ ਬੂਝਜੋ ਜਥੋਂ ਬਤਾਇ ਦੇਤਿ ਬਿਲਮ ਬਿਹੀਨਯੋ॥੨੦॥

ਸਾਰਾ ਡੇਰਾ ਲੱਗ ਗਿਆ ਤਾਂ ਰਾਜੇ ਨੇ ਗੁਰੂ ਜੀ ਦੀ ਆਗਿਆ ਲੈ ਕੇ ਉੱਠ ਕੇ ਵੇਖਿਆ ਤੇ ਫਿਰ ਆਪ ਚਲਾ ਗਿਆ। ਗੁਰੂ ਜੀ ਨੇ ਸੋਹਣੀ ਦੂਣ ਵਿਚ ਰਾਤ ਬਤੀਤ ਕੀਤੀ ਤੇ ਜਮਨਾ ਦੇ ਜਲ ਵਿਚ ਇਸ਼ਨਾਨ ਕਰ ਲਿਆ। ਚਾਰ ਘੜੀਆਂ ਦਿਨ ਚੜ੍ਹਨ 'ਤੇ ਨਾਹਣ ਦਾ ਰਾਜਾ ਗੁਰੂ ਜੀ ਦੇ ਪਾਸ ਆਇਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਪ੍ਰੇਮ ਵਿਚ ਭਿੱਜ ਗਿਆ। ਗੁਰੂ ਜੀ ਪਾਸ ਬੈਠ ਕੇ ਕੋਈ ਪ੍ਰਸੰਗ ਪੁੱਛਿਆ, ਗੁਰੂ ਜੀ ਨੇ ਕਿਸੇ ਦੇਰ ਤੋਂ ਬਗੈਰ ਸਭ ਕੁਝ ਦੱਸ ਦਿੱਤਾ॥ ੨੦॥

ਬਾਕ ਕੋ ਪ੍ਰਕਾਸ਼ ਕੀਨਿ ਮੇਦਨੀ ਪ੍ਰਕਾਸ਼ ਸੰਗ 'ਸੁਨੋਂ ਮਹਿਪਾਲਕ ! ਜਜੋਂ ਰੀਤਿ ਰਾਜਨੀਤਿ ਕੀ।
ਸੁਭਟ ਪ੍ਰਚੰਡ ਕੋ ਘਮੰਡ ਹੁਇਆਰੇ ਬਹੁ ਕੈਸੇ ਬਿਨ ਜੰਗ ਤੇ ਧਰੈਂਗੇ ਧੀਰ ਚੀਤ ਕੀ।
ਵਧੈ ਗੋ ਵਿਰੋਧ, ਸ਼ਮਸ਼ੇਰ ਕੇ ਬਸਨ ਜੋਧ, ਹਤੈਂ ਸ਼ਮਸ਼ੇਰ ਕ੍ਰੋਧ, ਰੱਛਾ ਕਰੈਂ ਮੀਤ ਕੀ।
ਚਾਹੀਏ ਮਵਾਸ ਕੋਟ ਬਨੈ ਆਪ ਪਾਸ ਓਟ, ਤ੍ਰਾਸ ਦੇ ਰਿਪੂਨ, ਪੁਨ ਆਸ ਧਰੈਂ ਜੀਤ ਕੀ' ॥੨੧॥

ਗੁਰੂ ਜੀ ਨੇ ਫਿਰ ਮੇਦਨੀ ਪ੍ਰਕਾਸ਼ ਰਾਜੇ ਨੂੰ ਕਿਹਾ, "ਹੇ ਰਾਜਾ ਜੀ ! ਸੁਣੋ ਜਿਵੇਂ ਰਾਜਨੀਤੀ ਦੀ ਰੀਤੀ ਹੈ। ਘੁਮੰਡ ਧਾਰ ਕੇ ਪ੍ਰਚੰਡ ਸੂਰਮੇ ਜੰਗ ਕਰਨ ਤੋਂ ਬਗੈਰ ਚਿੱਤ ਵਿਚ ਕਿਵੇਂ ਧੀਰਜ ਧਾਰਨਗੇ ਭਾਵ ਟਿਕ ਕੇ ਕਿਵੇਂ ਬੈਠਣਗੇ। ਵਿਰੋਧ ਵਧੇਗਾ, ਤਾਂ ਜੋਧੇ ਜੰਗ ਲਈ ਹਰ ਵੇਲੇ ਤਿਆਰ ਹੋਣਗੇ। ਕ੍ਰੋਧ ਧਾਰ ਕੇ ਵੈਰੀ ਨੂੰ ਮਾਰ ਦੇਵਾਂਗੇ ਤੇ ਆਪਣੇ ਮਿੱਤਰ ਦੀ ਰੱਖਿਆ ਕਰਾਂਗੇ, ਰੱਖਿਆ ਵਾਸਤੇ ਕੋਈ ਕਿਲ੍ਹਾ ਬਣਨਾ ਚਾਹੀਦਾ ਹੈ, ਜਿਸ ਦੀ ਆਪ ਪਾਸ ਓਟ ਹੋਵੇ, ਵੈਰੀ ਨੂੰ ਡਰਾ ਕੇ ਫਿਰ ਜਿੱਤ ਦੀ ਆਸ ਧਰਾਂਗੇ" ॥ ੨੧॥

ਨਾਹਣ ਨਰਿੰਦ ਹਾਥ ਬੰਦਿਕੇ ਬਖਾਨਜੋ ਤਬਿ 'ਬਨੈ ਤਾਤਕਾਲ ਨ ਬਿਲਮ ਮੋਹਿ ਭਾਇ ਹੈ।
ਸਗਰੀ ਅਣੀਕ ਔਰ ਪ੍ਰਜਾ ਜੇਤੀ ਦੇਸ਼ ਬੀਚ ਕਰਿਹੋਂ ਬਟੋਰਨਿ ਪਹੂੰਚੈ ਸਹਿਸਾਇ ਹੈ।
ਕਰੀਏ ਹਕਾਰਨਿ ਮਜੂਰ ਔਰ ਕਾਰੀਗਰ ਸੁਨਿਬੇ ਤੇ ਜਹਾਂ ਕਹਾਂ ਆਇਂ ਉਤਲਾਇ ਹੈਂ।
ਅਪਨਿ ਲਗਾਵੋਂ ਸੈਨ, ਸ਼ੀਘ੍ਰ ਹੁਇਂ ਤਯਾਰ ਐਨ, ਹਮੈਂ ਕਾਹੂੰ ਭੈ ਨ ਰਿਪੁ ਤ੍ਰਾਸ ਘਨੇ ਪਾਇ ਹੈ' ॥੨੨॥

ਨਾਹਣ ਦਾ ਰਾਜਾ ਤਦ ਹੱਥ ਜੋੜ ਕੇ ਬੋਲਿਆ, "ਕਿਲ੍ਹਾ ਤੁਰਤ ਬਣ ਜਾਵੇਗਾ, ਮੈਨੂੰ ਦੇਰੀ ਚੰਗੀ ਨਹੀਂ ਲੱਗਦੀ ਹੈ। ਸਾਰੀ ਸੈਨਾ ਅਤੇ ਪਰਜਾ ਜਿੰਨੀ ਵੀ ਦੇਸ਼ ਵਿਚ ਹੈ, ਸਾਰੀ ਇਕੱਠੀ ਕਰਾਂਗਾ ਤੇ ਸਾਰੇ ਤੁਰਤ ਹੀ ਏਥੇ ਪਹੁੰਚ ਜਾਣਗੇ। ਮਜ਼ਦੂਰਾਂ ਅਤੇ ਕਾਰੀਗਰਾਂ ਨੂੰ ਬੁਲਾਉਂਦੇ ਹਾਂ, ਜਿੱਥੇ ਕਿੱਥੇ ਵੀ ਹੋਣਗੇ ਬੜੇ ਉਤਾਵਲੇ ਹੋ ਕੇ ਪਹੁੰਚ ਜਾਣਗੇ। ਆਪਣੀ ਸੈਨਾ ਲਗਾਵਾਂਗਾ, ਛੇਤੀ ਹੀ ਘਰ ਤਿਆਰ ਹੋ ਜਾਣਗੇ। ਸਾਨੂੰ ਕੋਈ ਡਰ ਨਹੀਂ ਹੈ, ਪਹਿਲਾਂ ਵੈਰੀਆਂ ਦਾ ਡਰ ਬਹੁਤ ਪਾਇਆ ਹੈ" ॥ ੨੨॥

*ਸ੍ਵੈਯਾ*- ਸ੍ਰੀ ਕਲਗੀਧਰ ਸੋਂ ਕਹਿ ਕੈ ਸਭਿ ਗ੍ਰਾਮਨਿ ਮੈਂ ਤਤਕਾਲ ਪਠਾਏ।
ਮਾਨਵ ਬ੍ਰਿੰਦ ਬਟੋਰਨਿ ਕੀਨਿ ਹੁਤੇ ਨਿਜ ਦੇਸ਼ ਮੈਂ ਸਾਰੇ ਬੁਲਾਏ।
ਆਇ ਹਜ਼ਾਰਨ ਕੋਟ ਬਨਾਵਨਿ ਬ੍ਰਿੰਦ ਮਜੂਰ ਸੁਨੇ ਚਲਿ ਆਏ।
ਭੀਰ ਭਈ ਗੁਰ ਦੇਗ ਚਲੈ ਬਿਨ ਤੋਟ ਰਹੈ ਪਿਖਿ ਕੈ ਬਿਸਮਾਏ ॥ ੨੩ ॥

ਕਲਗੀਧਰ ਸਤਿਗੁਰੂ ਜੀ ਨੂੰ ਕਹਿ ਕੇ ਸੇਵਕਾਂ ਨੂੰ ਸਾਰੇ ਪਿੰਡਾਂ ਵਿਚ ਤੁਰਤ ਭੇਜ ਦਿੱਤਾ। ਬਹੁਤ ਮਨੁੱਖਾਂ ਨੂੰ ਇਕੱਠੇ ਕੀਤਾ, ਜਿੰਨੇ ਵੀ ਆਪਣੇ ਦੇਸ਼ ਵਿਚ ਰਹਿੰਦੇ ਸਨ, ਉਹ ਸਾਰੇ ਬੁਲਾ ਲਏ। ਹਜ਼ਾਰਾਂ ਲੋਕ ਕਿਲ੍ਹਾ ਬਣਾਉਣ ਆ ਗਏ ਤੇ ਉਨ੍ਹਾਂ ਦੇ ਨਾਲ ਬਹੁਤ ਮਜ਼ਦੂਰ ਵੀ ਚਲ ਕੇ ਆ ਗਏ। ਬਹੁਤ ਭੀੜ ਹੋ ਗਈ। ਗੁਰੂ ਜੀ ਦਾ ਲੰਗਰ ਚਲਦਾ ਸੀ, ਕਦੀ ਵੀ ਤੋਟ ਨਹੀਂ ਆਉਂਦੀ ਸੀ, ਜਿਸ ਨੂੰ ਵੇਖ ਕੇ ਬਹੁਤ ਹੈਰਾਨ ਹੁੰਦੇ ਸਨ॥ ੨੩॥

*ਪਹਿਲੀ ਰੁੱਤ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ ॥ ੪੬ ॥*

***

# ਅਧਿਆਇ ਸੰਤਾਲ਼ੀਵਾਂ

## ਪਾਉਂਟਾ ਨਗਰ ਵਸਾਇਆ

ਦੋਹਰਾ- ਭਈ ਭੀਰ ਜਿਤ ਕਿਤਹੁਂ ਤੇ ਨਰ ਪਹੁਂਚੇ ਸਮੁਦਾਇ।
ਜੰਗਲ ਮਹਿਂ ਮੰਗਲ ਕਰਯੋ ਕਲਗੀਧਰ ਹਰਿਖਾਇ॥ ੧॥

ਜਿੱਥੋਂ ਕਿੱਥੋਂ ਬਹੁਤ ਮਨੁੱਖ ਆ ਕੇ ਪਹੁੰਚੇ ਤੇ ਵੱਡਾ ਹਜੂਮ ਇਕੱਠਾ ਹੋ ਗਿਆ। ਜੰਗਲ ਵਿਚ ਮੰਗਲ ਹੋ ਗਿਆ, ਇਹ ਵੇਖ ਕੇ ਕਲਗੀਧਰ ਸਤਿਗੁਰੂ ਬਹੁਤ ਪ੍ਰਸੰਨ ਹੋਏ॥ ੧॥

ਤੋਟਕ ਛੰਦ-ਹਿਤ ਕੋਟ ਚਿਨਾਵਨਿ ਚਾਹਿ ਧਰੀ। ਕਲਗੀਧਰ ਆਇਸੁ ਏਵ ਕਰੀ।
'ਅਬਿ ਲੇਹੁ ਹਜ਼ਾਰ ਕਰਾਹ ਕਰੋ। ਜਮਨਾ ਤਟ ਲਜਾਇ ਬਨਾਇ ਧਰੋ' ॥੨॥

ਕਿਲ੍ਹਾ ਬਣਾਉਣ ਵਾਸਤੇ ਚਾਹਤ ਧਾਰਨ ਕੀਤੀ ਤਾਂ ਕਲਗੀਧਰ ਗੁਰੂ ਜੀ ਨੇ ਇਸ ਤਰ੍ਹਾਂ ਆਗਿਆ ਕੀਤੀ। "ਹੁਣ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਲਵੋ ਤੇ ਜਮਨਾ ਦੇ ਕਿਨਾਰੇ ਬਣਾ ਕੇ ਲਿਆ ਧਰੋ" ॥ ੨॥

ਸੁਨਿ ਆਇਸੁ ਦਾਸਨਿ ਸ਼ੀਘ੍ਰ ਧਰੀ। ਬਨਵਾਇ ਭਲੇ ਬਿਧਿ ਸੰਚ ਕਰੀ।
ਸਭਿ ਆਨਿ ਧਰਯੋ ਤਤਕਾਲ ਤਹਾਂ। ਜਮਨਾ ਤਟ ਬੈਠਨਿ ਥਾਨ ਜਹਾਂ ॥੩॥

ਗੁਰੂ ਜੀ ਦੀ ਆਗਿਆ ਸੁਣ ਕੇ ਸੇਵਕਾਂ ਨੇ ਛੇਤੀ ਕੀਤੀ, ਭਲੀ ਵਿਧੀ ਨਾਲ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਇਕੱਠਾ ਕੀਤਾ। ਸਾਰਾ ਹੀ ਲਿਆ ਕੇ ਜਮਨਾ ਦੇ ਕਿਨਾਰੇ ਓਥੇ ਧਰ ਦਿੱਤਾ। ਜਿਥੇ ਗੁਰੂ ਜੀ ਨੇ ਬੈਠਣ ਦਾ ਸਥਾਨ ਚੁਣਿਆ ਸੀ॥ ੩॥

ਗੁਰ ਨਾਨਕ ਆਦਿਕ ਨਾਮ ਲਿਏ। ਕਰ ਜੋਰਿ ਖਰੇ ਅਰਦਾਸ ਕਿਏ।
'ਦਸਮੋ ਪਤਿਸ਼ਾਹ ਚਿਨਾਵਤਿ ਹੈਂ। ਜਮਨਾ ਤਟ ਕੋਟ ਬਨਾਵਤਿ ਹੈਂ॥੪॥

ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ ਦੇ ਨਾਮ ਲਏ ਤੇ ਖੜੇ ਹੋ ਕੇ ਹੱਥ ਜੋੜ ਕੇ ਅਰਦਾਸ ਕੀਤੀ। ਦਸਮੇਂ ਪਾਤਸ਼ਾਹ ਚਿਣਵਾਈ ਕਰਵਾ ਰਹੇ ਹਨ, ਜਮਨਾ ਨਦੀ ਦੇ ਕੰਢੇ ਕਿਲ੍ਹਾ ਬਣਵਾ ਰਹੇ ਹਨ॥ ੪॥

ਦਿਨ ਰੈਨ ਸਹਾਇਕ ਆਪ ਬਨੋ। ਬਿਘਨਾਗਨ ਕੋ ਤਤਕਾਲ ਹਨੋ'।
ਇਮ ਹੋਇ ਖਰੇ ਅਰਦਾਸ ਕਰੀ। ਕਰ ਬੰਦਿ ਭਲੇ ਪਰਨਾਮ ਕਰੀ॥ ੫॥

ਹੇ ਸਾਰੇ ਗੁਰੂ ਸਾਹਿਬਾਨ ਜੀ ! ਦਿਨ ਰਾਤ ਆਪ ਸਹਾਇਕ ਬਣੋ। ਸਾਰੇ ਵਿਘਨਾਂ ਦਾ ਤੁਰਤ ਨਾਸ਼ ਕਰੋ। ਇਸ ਤਰ੍ਹਾਂ ਖੜੇ ਹੋ ਕੇ ਅਰਦਾਸ ਕੀਤੀ ਤੇ ਹੱਥ ਜੋੜ ਕੇ ਭਲੀ ਪ੍ਰਕਾਰ ਬੰਦਨਾ ਕੀਤੀ॥ ੫॥

ਬਹੁਰੋ ਸਭਿ ਮੈਂ ਬਰਤਾਇ ਦਿਯੋ। ਕਰਿ ਆਦਰ ਲੇ ਮੁਖ ਖਾਨਿ ਕਿਯੋ।
ਪੁਨ ਆਪ ਉਠੇ ਨ੍ਰਿਪ ਸੰਗ ਲਿਯੋ। ਪਰਧਾਨ ਸਮੂਹ ਸੁ ਸੰਗ ਭਯੋ॥ ੬॥

ਫਿਰ ਪ੍ਰਸ਼ਾਦਿ ਸਾਰਿਆਂ ਵਿਚ ਵਰਤਾ ਦਿੱਤਾ, ਸਾਰੇ ਸੇਵਕਾਂ ਨੇ ਬੜੇ ਆਦਰ ਨਾਲ ਪ੍ਰਸ਼ਾਦਿ ਲੈ ਕੇ ਆਪਣੇ ਮੁਖ ਵਿਚ ਪਾਇਆ। ਫਿਰ ਗੁਰੂ ਜੀ ਨੇ ਆਪ ਉੱਠ ਕੇ ਰਾਜੇ ਨੂੰ ਨਾਲ ਲਿਆ ਤੇ ਰਾਜੇ ਦਾ ਮੰਤਰੀ ਵੀ ਸਾਰਿਆਂ ਦੇ ਨਾਲ ਹੋ ਗਿਆ॥ ੬॥

ਬਿਸਤਾਰ ਜਿਤੇਕ ਬਿਸਾਲ ਚਹਜੋ। ਚਿਨਿਬੇ ਕਹੁ ਕੋਟ ਸੁਨਾਇ ਕਹਜੋ।
ਜਿਸ ਬੀਚ ਹਜ਼ਾਰਹੁੰ ਬੀਰ ਰਹੈਂ। ਹਯ ਬ੍ਰਿੰਦਨਿ ਕੋ ਜਹਿਂ ਥਾਨ ਲਹੈਂ॥ ੭॥

ਕਿਲ੍ਹੇ ਦਾ ਜਿੰਨਾ ਵੀ ਵੱਡਾ ਵਿਸਥਾਰ ਚਾਹੁੰਦੇ ਸਨ, ਗੁਰੂ ਜੀ ਨੇ ਓਨੇ ਸਥਾਨ ਵਿਚ ਕਿਲ੍ਹੇ ਦੀ ਉਸਾਰੀ ਵਾਸਤੇ ਕਹਿ ਦਿੱਤਾ। ਜਿਸ ਵਿਚ ਹਜ਼ਾਰਾਂ ਸੂਰਬੀਰ ਰਹਿਣਗੇ, ਬਹੁਤ ਘੋੜਿਆਂ ਦੇ ਰਹਿਣ ਵਾਸਤੇ ਜਿੱਥੇ ਖੁਲ੍ਹਾ ਸਥਾਨ ਹੋਵੇ॥ ੭॥

ਲਰਿਬੇ ਹਿਤ ਘਾਤ ਬਨਾਇ ਕਰੋ। ਹਤਿ ਹੇਤੁ ਤੁਫੰਗ ਬਿਧਾਨ ਧਰੋ।
ਗੁਰ ਪੂਰਬ ਹਾਥ ਲਗਾਇ ਦਯੋ। ਰਣ ਲੇਨਿ ਫਤੇ ਉਤਸਾਹ ਹਿਯੋ॥ ੮॥

ਲੜਾਈ ਦੀ ਸਿਖਿਆ ਵਾਸਤੇ ਸਿਖਿਆ ਸਥਾਨਾਂ ਦੀ ਉਸਾਰੀ ਕਰੋ, ਮਾਰਨ ਵਾਸਤੇ ਬੰਦੂਕਾਂ ਦੀ ਵਿਧੀ ਬਣਾਓ। ਗੁਰੂ ਜੀ ਨੇ ਪਹਿਲਾਂ ਹੱਥ ਲਗਾ ਦਿੱਤਾ, ਹਿਰਦੇ ਵਿਚ ਰਣਖੇਤਰ ਵਿਚ ਫਤਹਿ ਪ੍ਰਾਪਤ ਕਰਨ ਦਾ ਉਤਸ਼ਾਹ ਸੀ॥ ੮॥

ਸਮੁਦਾਇ ਲਗੇ ਸਭਿ ਕਾਰ ਕਰੈਂ। ਗਨ ਪਾਹਨ ਆਨਿ ਬਨਾਇ ਧਰੈਂ।
ਮ੍ਰਿਤਕਾ ਗਨ ਡਾਲਤਿ ਪੰਕ ਘਨੋ। ਬਹੁ ਰੌਰ ਪਰੋ ਬਡ ਜੰਗ ਮਨੋ॥ ੯॥

ਸਾਰੇ ਮਿਲ ਕੇ ਕਾਰ ਕਰਦੇ ਸਨ, ਬਹੁਤ ਪੱਥਰ ਲਿਆ ਕੇ ਬਣਾ ਕੇ ਧਰ ਦਿੰਦੇ ਸਨ। ਬਹੁਤ ਮਿੱਟੀ ਅਤੇ ਗਾਰਾ ਪਾਉਂਦੇ ਸਨ। ਬਹੁਤ ਰੌਲਾ ਮਚਿਆ ਮਾਨੋ ਜੰਗ ਲੱਗੀ ਹੋਵੇ॥ ੯॥

ਸਿਰ ਊਪਰ ਕੌਇ ਉਠਾਵਤਿ ਹੈ। ਗਨ ਪਾਥਰ ਕੋ ਉਖਰਾਵਤਿ ਹੈ।
ਰਘੁਬੀਰ ਮਨੋ ਦਧਿ ਸੇਤੁ ਕਰਜੋ। ਨਰ ਬ੍ਰਿੰਦਨਿ ਤੇ ਇਮ ਰੌਰ ਪਰਜੋ॥੧੦॥

ਕੋਈ ਸਿਰ ਉੱਤੇ ਚੁਕਦਾ ਸੀ, ਕੋਈ ਪੱਥਰਾਂ ਨੂੰ ਉਖਾੜਦਾ ਸੀ, ਰਾਮਚੰਦਰ ਜੀ ਮਾਨੋ ਸਮੁੰਦਰ 'ਤੇ ਪੁਲ ਬਣਾ ਰਹੇ ਸਨ। ਬਹੁਤ ਲੋਕਾਂ ਦਾ ਇਸ ਤਰ੍ਹਾਂ ਰੌਲਾ ਮਚਿਆ ਸੀ॥ ੧੦॥

ਕਹਿ ਕੋਇਕ ਕਾਰ ਕਰਾਵਤਿ ਹੈਂ। ਬਿਧਿ ਰਾਖਨਿ ਕੋ ਸੁ ਬਤਾਵਤਿ ਹੈਂ।
ਗੁਰ ਸੰਝ ਸਕਾਰ ਨਿਹਾਰਤਿ ਹੈਂ। ਮੁਖ ਸਾਧਹਿਂ ਸਾਧ ਉਚਾਰਤਿ ਹੈਂ॥੧੧॥

ਕਈ ਕਹਿ ਕੇ ਕਾਰ ਕਰਵਾਉਂਦੇ ਸਨ ਤੇ ਰੱਖਣ ਵਾਸਤੇ ਵਿਧੀਆਂ ਦੱਸਦੇ ਸਨ। ਗੁਰੂ ਜੀ ਸ਼ਾਮ ਸਵੇਰੇ ਵੇਖਦੇ ਸਨ ਤੇ "ਸ਼ਾਬਾਸ਼ ਸ਼ਾਬਾਸ਼" ਉਚਾਰਨ ਕਰਦੇ ਹਨ॥ ੧੧॥

ਮਹਿਪਾਲਿਕ ਸੈਨ ਕਰੈ ਕ੍ਰਿਤ ਕੋ। ਗੁਰ ਸੰਗਤਿ ਭਾਉ ਧਰੇ ਚਿਤ ਕੋ।
ਕਲਗੀਧਰ ਕੇ ਭਟ ਕਾਰ ਕਰੈਂ। ਪੰਚ ਭ੍ਰਾਤ ਕਰਾਵਤਿ ਤੀਰ ਥਿਰੈਂ॥ ੧੨॥

ਰਾਜੇ ਦੀ ਸੈਨਾ ਕਾਰ ਕਰਦੀ ਸੀ, ਗੁਰੂ ਜੀ ਦੀ ਸੰਗਤ ਵੀ ਚਿੱਤ ਵਿਚ ਪ੍ਰੇਮ ਧਾਰਨ ਕਰਦੀ ਸੀ। ਗੁਰੂ ਜੀ ਦੇ ਸੂਰਬੀਰ ਵੀ ਕਾਰ ਸੇਵਾ ਕਰਦੇ ਸਨ। ਪੰਜ ਭਰਾ ਵੀ ਕਾਰ ਕਰਵਾਉਂਦੇ ਪਾਸ ਖੜੇ ਹੁੰਦੇ ਸਨ॥ ੧੨॥

ਬਡ ਬ੍ਰਿੰਦ ਮਸੰਦਨਿ ਸੰਗ ਲਿਯੇ। ਨੰਦਚੰਦ ਕਹੈ ਉਤਸਾਹ ਦਿਯੇ।
ਨਰ ਹੋਇ ਹਜ਼ਾਰਹੁੰ ਆਨਤਿ ਹੈਂ। ਕਰਿ ਤੂਰਨਤਾ ਗਢ ਠਾਨਤਿ ਹੈਂ॥੧੩॥

ਵੱਡੇ-ਵੱਡੇ ਸਮੂਹ ਮਸੰਦ ਨਾਲ ਲਏ ਤੇ ਨੰਦ ਚੰਦ ਦੀਵਾਨ ਸਾਰਿਆਂ ਨੂੰ ਉਤਸ਼ਾਹ ਦਿੰਦਾ ਸੀ। ਇਕੱਠੇ ਹੋ ਕੇ ਹਜ਼ਾਰਾਂ ਮਨੁੱਖ ਆਉਂਦੇ ਸਨ ਤੇ ਛੇਤੀ ਕਰਕੇ ਕਾਰ ਕਰਨ ਲੱਗ ਜਾਂਦੇ ਸਨ॥ ੧੩॥

ਸਭਿ ਬਾਸੁਰ ਦੇਗ ਬਿਸਾਲ ਚਲੇ। ਮਨ ਭਾਵਤਿ ਭੋਜਨ ਭੂਰ ਮਿਲੇ।
ਗੁਰ ਲੇ ਕਰਿ ਸੰਗ ਮਹੀਪਤਿ ਕੋ। ਫਿਰਿ ਹੇਰਤਿ ਹੈਂ ਸਗਰੀ ਕ੍ਰਿਤ ਕੋ॥੧੪॥

ਸਾਰਾ ਦਿਨ ਵਿਸ਼ਾਲ ਲੰਗਰ ਚਲਦਾ ਸੀ, ਮਨ-ਭਾਉਂਦਾ ਭੋਜਨ ਬਹੁਤ ਮਿਲਦਾ ਸੀ। ਗੁਰੂ ਜੀ ਰਾਜੇ ਨੂੰ ਨਾਲ ਲੈ ਕੇ ਫਿਰ ਸਾਰੇ ਕੀਤੇ ਗਏ ਕੰਮ ਨੂੰ ਵੇਖਦੇ ਸਨ॥ ੧੪॥

ਬਹੁ ਸ਼ੀਘ੍ਰ ਬਨਯੋ ਉਤਸਾਹਤਿ ਹੈਂ। ਗਢ ਕੋ ਦ੍ਰਿਢ ਠਾਨਿ ਉਮਾਹਤਿ ਹੈਂ।
ਦਿਨ ਦ੍ਵਾਦਸ਼ ਮੈਂ ਸਭਿ ਤਯਾਰ ਕਰਯੋ। ਗਨ ਪਾਹਨ ਪੰਕ ਮਹਾਨ ਧਰਯੋ॥੧੫॥

ਬੜੀ ਛੇਤੀ ਬਣ ਜਾਣ ਕਰਕੇ ਬੜਾ ਉਤਸ਼ਾਹ ਹੋਇਆ ਤੇ ਮਜ਼ਬੂਤ ਕਿਲ੍ਹਾ ਬਣ ਜਾਣ ਕਰਕੇ ਬੜੇ ਪ੍ਰਸੰਨ ਹੋਏ। ਬਾਰਾਂ ਦਿਨਾਂ ਵਿਚ ਸਾਰਾ ਕਿਲ੍ਹਾ ਤਿਆਰ ਹੋ ਗਿਆ, ਬਹੁਤ ਪੱਥਰ ਅਤੇ ਗਾਰਾ ਲਾਇਆ ਸੀ॥ ੧੫॥

ਰਚਿ ਸੁੰਦਰ ਦ੍ਵਾਰ ਉਦਾਰ ਮਹਾਂ। ਦ੍ਰਿੜ੍ਹਤਾ ਬਹੁ ਠਾਨਿ ਜਹਾਂ ਸੁ ਕਹਾਂ।
ਰਿਪੁ ਆਇ ਸਮੀਪ ਸਕੈ ਨ ਕਬੈ। ਰਹਿ ਅੰਤਰਿ ਮਾਰਤਿ ਬਾਹਜ ਸਬੈ॥੧੬॥

ਸੁੰਦਰ ਵੱਡੇ-ਵੱਡੇ ਦਰਵਾਜ਼ੇ ਬਣਾਏ, ਜਿੱਥੇ ਕਿੱਥੇ ਬਹੁਤ ਦ੍ਰਿੜ੍ਹਤਾ ਧਾਰਨ ਕੀਤੀ। ਵੈਰੀ ਕਦੀ ਵੀ ਨੇੜੇ ਨਹੀਂ ਆ ਸਕੇਗਾ। ਅੰਦਰ ਰਹਿ ਕੇ, ਅੰਦਰਲਾ ਬਾਹਰਲਿਆਂ ਨੂੰ ਗੋਲੀਆਂ ਮਾਰਦਾ ਰਹੇਗਾ॥ ੧੬॥

ਗੜ੍ਹ ਪੂਰਨ ਕੀਨਿ ਬਨਾਇ ਗਨੰ। ਜਿਸ ਮੈਂ ਰਚਿ ਰੀਤਿ ਮਹਾ ਨਰਨੰ।
ਗੁਰ ਪਾਸ ਮਹੀਪਤਿ ਜਾਤਿ ਭਯੋ। ਪਿਖਿ ਕੋਟ ਬਿਸਾਲ ਅਨੰਦ ਹਿਯੋ॥੧੭॥

ਕਿਲ੍ਹੇ ਨੂੰ ਪੂਰਨ ਤੌਰ 'ਤੇ ਬਣਾ ਦਿੱਤਾ, ਜਿਸ ਵਿਚ ਬਹੁਤ ਪੁਰਸ਼ਾਂ ਦੇ ਰਹਿਣ ਦਾ ਇੰਤਜ਼ਾਮ ਸੀ। ਗੁਰੂ ਜੀ ਦੇ ਪਾਸ ਰਾਜਾ ਗਿਆ ਤੇ ਕਿਲ੍ਹੇ ਨੂੰ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੧੭॥

ਅਰਿ ਬ੍ਰਿੰਦਨ ਕੀ ਨਹਿਂ ਚਿੰਤ ਰਹੀ। ਗੁਰ ਪੂਰਨ ਕੀ ਕਰੁਨਾ ਸੁ ਲਹੀ।
ਪਦ ਪੰਕਜ ਬੰਦਤਿ ਬੈਠਿ ਗਯੋ। ਮਨ ਕੀ ਤਿਹ ਜਾਨਿ ਬਖਾਨਿ ਕਿਯੋ॥੧੮॥

ਸਮੂਹ ਵੈਰੀਆਂ ਦੀ ਹੁਣ ਚਿੰਤਾ ਨਹੀਂ ਰਹੀ ਹੈ, ਪੂਰਨ ਗੁਰੂ ਜੀ ਦੀ ਕਿਰਪਾ ਪਾਈ ਹੈ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰ ਕੇ ਬੈਠ ਗਿਆ। ਰਾਜੇ ਦੇ ਮਨ ਦੀ ਗੱਲ ਜਾਣ ਕੇ ਗੁਰੂ ਜੀ ਨੇ ਬਚਨ ਕੀਤਾ॥ ੧੮॥

'ਸੁਨਿ ਭੂਪਤਿ ! ਤ੍ਰਾਸ ਨ ਤਾਵਦ ਹੈ। ਇਸ ਥਾਨ ਬਿਖੈ ਹਮ ਜਾਵਦ ਹੈਂ।
ਅਸ ਕੋ ਬਲਵਾਨ ਜੁ ਆਇ ਸਕੈ। ਕਰਿ ਭੌਂਹਨ ਬੰਕ ਜੁ ਤੋਹਿ ਤਕੈ॥੧੯॥

"ਹੇ ਰਾਜਾ ਜੀ ! ਸੁਣੋ, ਤਦ ਤਕ ਤੁਹਾਨੂੰ ਕੋਈ ਡਰ ਨਹੀਂ ਹੈ, ਜਦ ਤਕ ਅਸੀਂ ਇਸ ਸਥਾਨ ਵਿਖੇ ਰਹਾਂਗੇ। ਐਸਾ ਕਿਹੜਾ ਬਲਵਾਨ ਸੂਰਮਾ ਹੈ ਜਿਹੜਾ ਏਥੇ ਆ ਸਕੇ ਜਿਹੜਾ ਟੇਢੀਆਂ ਭਵਾਂ ਕਰਕੇ ਤੁਹਾਨੂੰ ਵੇਖੇ॥ ੧੯॥

ਪਗ ਪਾਵਨ ਦੇਉਂ ਨਹੀ ਕਿਹ ਕੋ। ਚਢਿ ਆਇ, ਲਖੋ ਮ੍ਰਿਤੁ ਹ੍ਵੈ ਤਿਹ ਕੋ।
ਨਿਸ਼ਚਿੰਤ ਸਦਾ ਨਿਜ ਰਾਜ ਕਰੋ। ਗੁਰਧਾਮ ਬਿਖੈ ਨਿਤ ਭਾਉ ਧਰੋ॥੨੦॥

ਕਿਸੇ ਨੂੰ ਪੈਰ ਨਹੀਂ ਪਾਉਣ ਦੇਵਾਂਗੇ, ਜਿਹੜਾ ਵੀ ਚੜ੍ਹ ਕੇ ਆਵੇ, ਸਮਝੋ ਉਸ ਦੀ ਮੌਤ ਹੈ। ਨਿਸ਼ਚਿੰਤ ਹੋ ਕੇ ਸਦਾ ਰਾਜ ਕਰੋ ਤੇ ਗੁਰੂ ਘਰ ਨਾਲ ਸਦਾ ਪ੍ਰੇਮ ਧਾਰਨ ਕਰੋ॥ ੨੦॥

ਜੁਗ ਲੋਕ ਸਹਾਇਕ ਹੋਵਹਿੰਗੇ। ਬਿਘਨੰ ਗਨ ਪਾਪਹਿਂ ਖੋਵਹਿੰਗੇ'।
ਕਰ ਜੋਰਿ ਬਿਨੈ ਮਹਿਪਾਲ ਕਰੈ। 'ਮਨ ਮੋਰ ਭਰੋਸ ਇਹੀ ਸੁ ਧਰੈ॥੨੧॥

ਅਸੀਂ ਦੋ ਲੋਕਾਂ ਵਿਚ ਤੁਹਾਡੇ ਸਹਾਇਕ ਬਣਾਂਗੇ, ਸਾਰੇ ਵਿਘਨਾਂ ਅਤੇ ਪਾਪਾਂ ਨੂੰ ਦੂਰ ਕਰਾਂਗੇ।" ਹੱਥ ਜੋੜ ਕੇ ਰਾਜੇ ਨੇ ਬੇਨਤੀ ਕੀਤੀ, "ਮੇਰੇ ਮਨ ਨੇ ਵੀ ਇਹੀ ਭਰੋਸਾ ਧਾਰਨ ਕੀਤਾ ਹੈ॥ ੨੮॥

ਮਨ ਕਾਮਨ ਪੂਰਨ ਮੋਹਿ ਕਰੀ। ਹਦ ਪੈ ਰਚਿ ਕੋਟ ਸੁ ਚਿੰਤ ਹਰੀ।
ਨਿਤ ਰਾਵਰ ਕੇਰ ਪ੍ਰਤਾਪ ਮਹਾਂ। ਸੁਨਿਯੰਤਿ ਪ੍ਰਿਥੀ ਤਲ ਜਾਂਹਿ ਤਹਾਂ ॥੨੨॥

ਮੇਰੇ ਮਨ ਦੀ ਕਾਮਨਾ ਤੁਸੀਂ ਪੂਰੀ ਕੀਤੀ ਹੈ, ਹਦ ਉੱਤੇ ਕਿਲ੍ਹੇ ਦੀ ਉਸਾਰੀ ਕਰਕੇ ਮੇਰੀ ਚਿੰਤਾ ਦੂਰ ਕੀਤੀ ਹੈ। ਆਪ ਜੀ ਦਾ ਸਦਾ ਹੀ ਮਹਾਨ ਪ੍ਰਤਾਪ ਹੈ, ਪ੍ਰਿਥਵੀ ਉੱਤੇ ਜਿੱਥੇ ਕਿੱਥੇ ਸੁਣਿਆ ਜਾਂਦਾ ਹੈ" ॥ ੨੨ ॥

ਇਮ ਧੀਰਜ ਦੀਨਿ ਮਹੀਸੁਰ ਕੋ। ਲਖਿ ਲੀਨਿ ਗੁਰੂ ਤਨ ਈਸੁਰ ਕੋ।
ਕਰ ਜੋਰਤਿ ਸੇਵਤਿ ਭਾਉ ਧਰੇ। ਬਹੁ ਬਾਰਨ ਬਾਕ ਬਿਲਾਸ ਕਰੇ ॥ ੨੩ ॥

ਇਸ ਤਰ੍ਹਾਂ ਰਾਜੇ ਨੂੰ ਧੀਰਜ ਦਿੱਤਾ। ਰਾਜੇ ਨੇ ਗੁਰੂ ਜੀ ਨੂੰ ਈਸ਼ਵਰ ਸਰੂਪ ਜਾਣ ਲਿਆ ਸੀ। ਹੱਥ ਜੋੜ ਕੇ ਪ੍ਰੇਮ ਧਾਰਨ ਕਰਕੇ ਪੂਜਾ ਕਰਦਾ ਸੀ ਅਤੇ ਬਹੁਤ ਵਾਰ ਬਚਨ ਬਿਲਾਸ ਕਰਦਾ ਸੀ॥ ੨੩ ॥

ਗੁਰ ਸੰਗ ਅਖੇਰ ਪਯਾਨਤਿ ਹੈ। ਜਿਤ ਕਾਨਨ ਦੀਹ ਬਖਾਨਤਿ ਹੈ।
ਮ੍ਰਿਗ ਕੇਹਰਿ ਆਇ ਸੰਘਾਰਤਿ ਹੈਂ। ਤੁਪਕਾਨ ਕੈ ਬਾਨ ਪ੍ਰਹਾਰਤਿ ਹੈਂ ॥੨੪॥

ਗੁਰੂ ਜੀ ਦੇ ਨਾਲ ਸ਼ਿਕਾਰ ਖੇਡਣ ਜਾਂਦਾ ਸੀ, ਜਿੱਥੇ ਵੱਡੇ ਭਿਆਨਕ ਜੰਗਲ ਦੱਸੇ ਜਾਂਦੇ ਸਨ। ਹਿਰਨਾਂ ਅਤੇ ਸ਼ੇਰਾਂ ਨੂੰ ਮਾਰਦੇ ਸਨ ਬੰਦੂਕਾਂ ਜਾਂ ਤੀਰ ਚਲਾਉਂਦੇ ਸਨ॥ ੨੪ ॥

ਬਹੁ ਬਾਜ ਸ਼ਿਚਾਨਨਿ ਸ੍ਵਾਨਨਿ ਕੋ। ਇਮ ਛੋਰਤਿ ਗਾਹਤਿ ਕਾਨਨ ਕੋ।
ਕਲਗੀਧਰ ਕੋ ਹਰਖਾਵਤਿ ਹੈ। ਬਨ ਕੀ ਬਹੁ ਘਾਤ ਬਤਾਵਤਿ ਹੈ ॥ ੨੫ ॥

ਬਹੁਤ ਬਾਜ਼, ਸਚਾਨਾਂ ਅਤੇ ਕੁਤਿਆਂ ਨੂੰ ਛੱਡਦੇ ਸਨ ਤੇ ਉਹ ਸਾਰੇ ਜੰਗਲ ਨੂੰ ਗਾਹੁੰਦੇ ਸਨ। ਕਲਗੀਧਰ ਨੂੰ ਪ੍ਰਸੰਨ ਕਰਦੇ ਸਨ ਤੇ ਜੰਗਲ ਵਿਚ ਮਾਰੇ ਗਏ ਬਹੁਤ ਜਾਨਵਰਾਂ ਬਾਰੇ ਦੱਸਦੇ ਹਨ॥ ੨੫ ॥

ਬਿਰਤਾ ਪੁਨ ਆਇ ਨਿਵੇਸ ਕਰੈਂ। ਮਿਲਿ ਬੈਠਤਿ ਹੈਂ ਉਰ ਭਾਉ ਧਰੈਂ।
ਨਰ ਕੋ ਨਿਜ ਦੇਸ਼ ਪਠਾਵਤਿ ਹੈ। ਵਸਤੂ ਗੁਰ ਹੇਤੁ ਅਨਾਵਤਿ ਹੈ ॥ ੨੬ ॥

ਫਿਰ ਆਪਣੇ ਨਿਵਾਸ ਸਥਾਨ 'ਤੇ ਆ ਕੇ ਬੈਠ ਜਾਂਦੇ ਸਨ ਤੇ ਮਿਲ ਕੇ ਬੈਠ ਕੇ ਹਿਰਦੇ ਵਿਚ ਪ੍ਰੇਮ ਧਾਰਨ ਕਰਦੇ ਸਨ। ਕੁਝ ਆਦਮੀਆਂ ਨੂੰ ਆਪਣੇ ਸ਼ਹਿਰ ਭੇਜਦਾ ਸੀ ਤੇ ਗੁਰੂ ਜੀ ਵਾਸਤੇ ਵਸਤਾਂ ਮੰਗਵਾਉਂਦਾ ਸੀ॥ ੨੬ ॥

ਦਿਨ ਕੇਤਿਕ ਭੂਪ ਸਮੀਪ ਰਹਜੋ। ਪੁਰਿ ਨਾਹਨ ਕੋ ਪੁਨ ਜਾਨਿ ਚਹਜੋ।
ਉਰ ਕੀ ਗੁਰ ਜਾਨਿ ਬਿਦਾ ਸੁ ਕਰਜੋ। ਪਗਪੰਕਜ ਪੈ ਨ੍ਰਿਪ ਹਾਥ ਧਰਜੋ ॥੨੭॥

ਕਈ ਦਿਨ ਰਾਜਾ ਗੁਰੂ ਜੀ ਪਾਸ ਰਿਹਾ, ਫਿਰ ਨਾਹਣ ਜਾਣਾ ਚਾਹੁੰਦਾ ਸੀ। ਗੁਰੂ ਜੀ ਨੇ ਉਸ ਦੇ ਦਿਲ ਦੀ ਗੱਲ ਜਾਣ ਕੇ ਵਿਦਾ ਕਰ ਦਿੱਤਾ ਤੇ ਰਾਜੇ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਹੱਥ ਧਰਿਆ ਤੇ ਕਿਹਾ॥ ੨੭ ॥

'ਨਿਤ ਬਾਸ ਸਮੀਪਹਿ ਆਪਨ ਕੋ। ਬਿਸਵਾਸ ਬਡੋ ਰਿਪੁ ਖਾਪਨਿ ਕੋ।
ਸਿਮਰੋ ਤਤਕਾਲਹਿ ਆਵਨ ਹੈ। ਰੁਚਿ ਸੰਗ ਬਸੋ ਥਲ ਪਾਵਨ ਹੈ' ॥ ੨੮ ॥

"ਨਿਤ ਆਪ ਜੀ ਦਾ ਵਾਸਾ ਮੇਰੇ ਨੇੜੇ ਹੋਇਆ, ਹੁਣ ਵੈਰੀ ਨੂੰ ਮਾਰਨ ਦਾ ਵੱਡਾ ਵਿਸ਼ਵਾਸ ਬੱਝਾ ਹੈ। ਜਦੋਂ ਵੀ ਆਪ ਮੈਨੂੰ ਯਾਦ ਕਰੋਗੇ ਤਾਂ ਮੈਂ ਤੁਰਤ ਆਵਾਂਗਾ। ਇਸ ਪਵਿੱਤਰ ਸਥਾਨ ਤੇ ਆਪਣੀ ਮਰਜ਼ੀ ਅਨੁਸਾਰ ਵਸੋ" ॥ ੨੮ ॥

ਬਖਸ਼ਜੋ ਸਿਰੁਪਾਉ ਘਨੇ ਧਨ ਕੋ। ਸਿਰ ਪੈ ਧਰਿ ਮੋਦ ਕੀਯੋ ਮਨ ਕੋ।
ਚਢਿ ਵਾਹਨ ਪੈ ਤਬਿ ਜਾਤਿ ਭਯੋ। ਪੁਰਿ ਨਾਹਣ ਜਾਇ ਨਚਿੰਤ ਭਯੋ ॥੨੯॥

ਗੁਰੂ ਜੀ ਨੇ ਰਾਜੇ ਨੂੰ ਬੜਾ ਕੀਮਤੀ ਸਿਰੋਪਾ ਬਖਸ਼ਿਆ, ਰਾਜਾ ਆਪਣੇ ਸਿਰ ਉੱਤੇ ਧਰ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਫਿਰ ਵਾਹਣ ਤੇ ਚੜ੍ਹ ਕੇ ਚਲਾ ਗਿਆ ਤੇ ਨਾਹਣ ਨਗਰ ਵਿਚ ਪਹੁੰਚ ਕੇ ਨਿਸ਼ਚਿੰਤ ਹੋ ਗਿਆ॥ ੨੯॥

**ਇਤ ਸ੍ਰੀ ਕਲਗੀਧਰ ਬਾਸ ਕਰਜੋ। ਜਸ ਦੇਸ਼ ਬਿਦੇਸ਼ ਬਿਖੈ ਪਸਰਜੋ।**
**ਭਟ ਰਾਖਤਿ ਜੋ ਚਲਿ ਆਵਤਿ ਹੈਂ। ਪ੍ਰਤਿ ਬਾਸੁਰ ਸੈਨ ਬਧਾਵਤਿ ਹੈਂ॥ ੩੦॥**

ਏਧਰ ਸ੍ਰੀ ਕਲਗੀਧਰ ਜੀ ਨੇ ਵਾਸਾ ਕਰ ਲਿਆ ਤੇ ਉਨ੍ਹਾਂ ਦਾ ਜੱਸ ਦੇਸ਼ ਵਿਦੇਸ਼ਾਂ ਵਿਚ ਫੈਲ ਗਿਆ। ਜਿਹੜਾ ਵੀ ਸੂਰਬੀਰ ਚਲ ਕੇ ਆਉਂਦਾ ਸੀ, ਉਸ ਨੂੰ ਆਪਣੇ ਪਾਸ ਰੱਖ ਲੈਂਦੇ ਸਨ ਤੇ ਪ੍ਰਤੀ ਦਿਨ ਸੈਨਾ ਵਧਾਉਂਦੇ ਜਾਂਦੇ ਸਨ॥ ੩੦॥

**ਹੁਇ ਹਿੰਦ ਕਿਧੌਂ ਤੁਰਕਾਨ ਕੁਊ। ਧਰਿ ਆਯੁਧ ਜਾਇ ਸਮੀਪ ਜੁਊ।**
**ਦਰਮਾਹਨ ਕੋ ਤਿਸ ਬਾਂਧਿ ਰਖੈਂ। ਕਹਿ ਮੇਲਤਿ ਹੈਂ ਮਿਸਲਾਨ ਬਿਖੈ॥ ੩੧॥**

ਕੋਈ ਹਿੰਦੂ ਜਾਂ ਤੁਰਕ ਹੋਵੇ, ਸ਼ਸਤਰ ਧਾਰ ਕੇ ਜਿਹੜਾ ਵੀ ਪਾਸ ਜਾਂਦਾ ਸੀ, ਉਸ ਨੂੰ ਮਾਹਵਾਰੀ ਤਨਖਾਹ ਮੁਕੱਰਰ ਕਰਕੇ ਰੱਖ ਲੈਂਦੇ ਸਨ ਤੇ ਵੱਖ-ਵੱਖ ਜਥਿਆਂ ਵਿਚ ਭੇਜ ਦਿੰਦੇ ਸਨ॥ ੩੧॥

**ਦਲ ਦੀਰਘ ਕੀਨਿ ਬਟੋਰਨ ਕੋ। ਸ਼ਲਖੈਂ ਚਲਿਵਾਇ ਸੁ ਜ਼ੋਰਨ ਕੋ।**
**ਧੁਨਿ ਦੂਰ ਲਗੇ ਸੁਨਿਯੰਤਿ ਮਹਾਂ। ਤਿਨ ਦੇਸ਼ਨਿ ਬਾਤ ਜਹਾਂ ਸੁ ਕਹਾਂ॥ ੩੨॥**

ਸੈਨਾ ਦਾ ਵੱਡਾ ਦਲ ਇਕੱਠਾ ਕਰ ਲਿਆ; ਉਨ੍ਹਾਂ ਪਾਸੋਂ ਜ਼ੋਰ ਨਾਲ ਸ਼ਲਖਾਂ ਚਲਵਾਉਂਦੇ ਸਨ। ਬੰਦੂਕਾਂ ਦੇ ਚਲਣ ਦਾ ਖੜਾਕ ਬਹੁਤ ਦੂਰ ਤਕ ਸੁਣਾਈ ਦਿੰਦਾ ਸੀ। ਉਨ੍ਹਾਂ ਦੇਸ਼ਾਂ ਵਿਚ ਜਿੱਥੇ ਕਿੱਥੇ ਇਸ ਬਾਰੇ ਗੱਲਾਂ ਹੁੰਦੀਆਂ ਸਨ॥ ੩੨॥

**'ਗਢ ਕੋ ਦ੍ਰਿਢ ਕੀਨਿ ਗੁਰੂ ਇਤ ਹੈ। ਜਿਹ ਦੁੰਦ ਮਚਾਵਨਿ ਕੋ ਚਿਤ ਹੈ।**
**ਦਲ ਰੋਜ ਬਿਸਾਲ ਸਕੇਲਤਿ ਹੈਂ। ਫਿਰਿ ਦੂਣ ਅਖੇਰਨਿ ਖੇਲਤਿ ਹੈਂ॥ ੩੩॥**

"ਗੁਰੂ ਜੀ ਨੇ ਏਧਰ ਆ ਕੇ ਮਜ਼ਬੂਤ ਕਿਲ੍ਹਾ ਬਣਾਇਆ ਹੈ ਜਿਨ੍ਹਾਂ ਦਾ ਯੁੱਧ ਮਚਾਉਣ ਵਿਚ ਚਿੱਤ ਲੱਗਾ ਹੈ, ਰੋਜ਼ ਵੱਡੀ ਸੈਨਾ ਇਕੱਠੀ ਕਰੀ ਜਾ ਰਹੇ ਹਨ ਫਿਰ ਦੂਣ ਵਿਚ ਸ਼ਿਕਾਰ ਖੇਡਦੇ ਹਨ॥ ੩੩॥

**ਚਲਿਵਾਇ ਬਿਸ਼ਾਲ ਤੁਫੰਗਨ ਕੋ। ਬਖਸ਼ੈਂ ਧਨ ਦੀਰਘ ਸੰਗਨ ਕੋ'।**
**ਸੁਨਿ ਕੈ ਭਟ ਚਾਕਰ ਹੋਵਨਿ ਕੋ। ਬਹੁ ਆਇਂ ਚਲੇ ਸੁਖ ਜੋਵਨਿ ਕੋ॥ ੩੪॥**

ਬਹੁਤ ਬੰਦੂਕਾਂ ਚਲਵਾਉਂਦੇ ਹਨ ਤੇ ਸਾਥੀਆਂ ਨੂੰ ਬਹੁਤ ਧਨ ਬਖਸ਼ਦੇ ਹਨ।" ਬਹੁਤ ਸੂਰਬੀਰ ਸੁਣ ਕੇ ਨੌਕਰ ਹੋਣ ਵਾਸਤੇ ਆਉਂਦੇ ਸਨ ਤੇ ਆ ਕੇ ਸੁਖ ਨੂੰ ਵੇਖਦੇ ਸਨ॥ ੩੪॥

**ਕਬਿ ਰਾਖਤਿ ਬੀਸ ਪਚੀਸਨ ਕੋ। ਚਿਹਰਾ ਲਿਖਤੇ ਕਬਿ ਤੀਸਨ ਕੋ।**
**ਬਹੁ ਬੇਚਨਿ ਕੋ ਹਯ ਆਨਤਿ ਹੈਂ। ਗੁਰ ਤੇ ਧਨ ਲੇਤਿ ਪਯਾਨਤਿ ਹੈਂ॥ ੩੫॥**

ਗੁਰੂ ਜੀ ਕਦੀ ਵੀਹਾਂ ਪੰਝੀਆਂ ਨੂੰ ਰੱਖ ਲੈਂਦੇ ਸਨ, ਕਈ ਵਾਰ ਤੀਹਾਂ ਸੂਰਬੀਰਾਂ ਨੂੰ ਨੌਕਰੀ ਤੇ ਰੱਖ ਕੇ ਉਨ੍ਹਾਂ ਦਾ ਹੁਲੀਆ ਲਿਖ ਲੈਂਦੇ ਸਨ॥ ੩੫॥

**ਬਲਵਾਨ ਤੁਰੰਗ ਕਿ ਬੀਰ ਕੁਊ। ਗੁਰ ਪਾਸ ਪਹੂੰਚਤਿ ਆਨਿ ਜੁਊ।**
**ਸਭਿ ਕੋ ਕਰਿ ਲੇਤਿ ਸਮੀਪ ਤਬੈ। ਧਨ ਦੇਤਿ ਛਿਮਾਹਨਿ ਹੋਤਿ ਜਬੈ॥ ੩੬॥**

ਬਲਵਾਨ ਘੋੜਾ ਕਿ ਬਲਵਾਨ ਸੂਰਬੀਰ ਜਿਹੜਾ ਵੀ ਗੁਰੂ ਜੀ ਪਾਸ ਪਹੁੰਚ ਜਾਂਦਾ ਸੀ, ਸਾਰਿਆਂ ਨੂੰ ਗੁਰੂ ਜੀ ਆਪਣੇ ਪਾਸ ਰੱਖ ਲੈਂਦੇ ਸਨ ਤੇ ਉਨ੍ਹਾਂ ਨੂੰ ਇਕ ਛਿਮਾਹੀ ਤੋਂ ਬਾਅਦ ਧਨ ਦੇ ਦਿੰਦੇ ਸਨ॥ ੩੬॥

ਜਮੁਨਾ ਤਟ ਬੈਠਿ ਬਿਲਾਸ ਕਰੈਂ। ਸਬਜ਼ੀ ਚਹੁੰ ਓਰ ਅਨੰਦ ਧਰੈਂ।
ਮਲਹੀਨ ਪ੍ਰਵਾਹ ਸ਼ਨਾਨਤਿ ਹੈਂ। ਸਿਖ ਬੈਠਿ ਤਹਾਂ ਜਪ ਠਾਨਤਿ ਹੈਂ॥ ੩੭॥

ਜਮਨਾ ਨਦੀ ਦੇ ਕਿਨਾਰੇ ਬੈਠ ਕੇ ਅਨੰਦ ਵਿਲਾਸ ਕਰਦੇ ਸਨ, ਚਾਰੇ ਪਾਸੇ ਦੀ ਹਰਿਆਵਲ ਵੇਖ ਕੇ ਮਨ ਵਿਚ ਪ੍ਰਸੰਨਤਾ ਧਾਰਨ ਕਰਦੇ ਸਨ। ਨਦੀ ਦੇ ਪਵਿੱਤਰ ਪ੍ਰਵਾਹ ਵਿਚ ਇਸ਼ਨਾਨ ਕਰਦੇ ਸਨ, ਸਿੱਖ ਨਦੀ ਦੇ ਕਿਨਾਰੇ ਬੈਠ ਕੇ ਜਾਪ ਕਰਦੇ ਸਨ॥ ੩੭॥

ਤ੍ਰਿਣ ਈਂਧਨ ਕੀ ਨ ਕਮੀ ਕਿਹ ਕੋ। ਗਨ ਸੰਗਤਿ ਆਇ ਚਲੀ ਤਿਹ ਕੋ।
ਦਰਬਾਰ ਲਗੈ ਦਰਸੰਨ ਕਰੈਂ। ਕਰ ਜੋਰਿ ਅਕੋਰਨਿ ਅੱਗ੍ਰ ਧਰੈਂ॥ ੩੮॥

ਉਥੇ ਘਾਹ ਅਤੇ ਬਾਲਣ ਦੀ ਕਿਸੇ ਨੂੰ ਕੋਈ ਘਾਟ ਨਹੀਂ ਸੀ, ਬਹੁਤ ਸੰਗਤਾਂ ਉਸ ਪਾਸੇ ਚਲੀਆਂ ਆਉਂਦੀਆਂ ਸਨ। ਦਰਬਾਰ ਲੱਗਦਾ ਸੀ ਤਾਂ ਸੰਗਤਾਂ ਦਰਸ਼ਨ ਕਰਦੀਆਂ ਸਨ ਤੇ ਹੱਥ ਜੋੜ ਕੇ ਅੱਗੇ ਉਪਹਾਰ ਧਰਦੇ ਸਨ॥ ੩੮॥

ਗਨ ਆਯੁਧ ਦੇਂ ਬਹੁ ਭਾਂਤਿਨਿ ਕੇ। ਅਰਪੈਂ ਹਯ ਜੇ ਗਨ ਜਾਤਿਨਿ ਕੇ।
ਬਹੁ ਮੋਲਨਿ ਕੇ ਪਟ ਆਨਤਿ ਹੈਂ। ਮਨ ਕਾਮਨ ਪੂਰਨ ਠਾਨਤਿ ਹੈਂ॥ ੩੯॥

ਬਹੁਤ ਪ੍ਰਕਾਰ ਦੇ ਹਥਿਆਰ ਅਰਪਣ ਕਰਦੇ ਸਨ ਅਤੇ ਚੰਗੀਆਂ ਜਾਤੀਆਂ ਦੇ ਘੋੜੇ ਭੇਟ ਕਰਦੇ ਸਨ। ਬਹੁਤ ਕੀਮਤੀ ਰੇਸ਼ਮ ਦੇ ਕੱਪੜੇ ਲਿਆਉਂਦੇ ਸਨ ਤੇ ਆਪਣੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੩੯॥

ਤਿਨ ਦੂਨ ਬਿਖੇ ਨਰ ਬ੍ਰਿੰਦ ਮਿਲੇ। ਇਕ ਆਵਤਿ ਹੈਂ ਇਕ ਜਾਤਿ ਚਲੇ।
ਇਕ ਪਾਸ ਰਹੈਂ ਕਲਗ਼ੀਧਰ ਕੇ। ਕਰਿ ਪੂਰ ਮਨੋਰਥ ਜੇ ਉਰ ਕੇ॥ ੪੦॥

ਉਸ ਦੂਣ ਵਿਚ ਬਹੁਤ ਮਨੁੱਖ ਮਿਲਦੇ ਸਨ, ਇਕ ਆਉਂਦਾ ਸੀ ਤੇ ਇਕ ਚਲੇ ਜਾਂਦਾ ਸੀ। ਕਈ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਆਪਣੇ ਦਿਲ ਦਾ ਮਨੋਰਥ ਪੂਰਾ ਕਰਦੇ ਸਨ॥ ੪੦॥

ਦੋਹਰਾ- ਉਤੈ ਰਾਜ ਸ੍ਰੀ ਨਗਰ ਕੋ, ਇਤ ਨਾਹਣ ਕੀ ਹੱਦ।
ਸੈਲਪਤੀ ਦੋਹਾਨ ਮਹਿਂ ਲਗ੍ਯੋ ਗੁਰੂ ਕੋ ਗੱਦ॥ ੪੧॥

ਇਕ ਪਾਸੇ ਸ੍ਰੀ ਨਗਰ ਦੇ ਰਾਜੇ ਦਾ ਰਾਜ ਸੀ ਤੇ ਦੂਸਰੇ ਪਾਸੇ ਨਾਹਣ ਦੇ ਰਾਜੇ ਦੀ ਹੱਦ ਸੀ। ਦੋਹਾਂ ਪਹਾੜੀ ਰਾਜਿਆਂ ਦੇ ਵਿਚਕਾਰ ਗੁਰੂ ਜੀ ਦਾ ਸਿੰਘਾਸਣ ਲੱਗਾ ਸੀ॥ ੪੧॥

ਪਾਂਵ ਟਿਕ੍ਯੋ ਸਤਿਗੁਰੂ ਕੋ ਆਨੰਦਪੁਰਿ ਤੇ ਆਇ।
ਨਾਮ ਧਰ੍ਯੋ ਇਮ ਪਾਂਵਟਾ ਸਭਿ ਦੇਸ਼ਨਿ ਪ੍ਰਗਟਾਇ॥ ੪੨॥

ਅਨੰਦਪੁਰ ਤੋਂ ਆ ਕੇ ਗੁਰੂ ਜੀ ਦਾ 'ਪਾਂਵ' ਏਥੇ ਟਿਕ ਗਿਆ। ਇਸ ਕਰਕੇ ਇਸ ਸਥਾਨ ਦਾ ਨਾਮ ਪਾਉਂਟਾ ਸਾਰੇ ਦੇਸ਼ਾਂ ਵਿਚ ਪ੍ਰਗਟ ਹੋ ਗਿਆ॥ ੪੨॥

*ਪਹਿਲੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

★★★

# ਅਧਿਆਇ ਅਠਤਾਲੀਵਾਂ

## ਦੀਵਾਨ ਨੰਦ ਚੰਦ ਤੇ ਪ੍ਰੋਹਤ ਦਇਆ ਰਾਮ ਬਾਬਾ ਰਾਮ ਰਾਇ ਪਾਸ ਗਏ

ਦੋਹਰਾ-ਭਯੋ ਸੁਭਟ ਸਮੁਦਾਇ ਬਡ ਗਾਢੋ ਗਢ ਜਬਿ ਪਾਇ।
ਜੇ ਤਰਕਤਿ ਗੁਰ ਸਦਨ ਕੋ ਤਿਨਹੁਂ ਤ੍ਰਾਸ ਉਰ ਪਾਇ॥ ੧॥

ਜਦ ਕਿਲ੍ਹਾ ਬਣਾਇਆ ਤਾਂ ਫਿਰ ਸੂਰਮਿਆਂ ਦਾ ਵੱਡਾ ਸਮੂਹ ਜੁੜ ਗਿਆ। ਜਿਹੜੇ ਗੁਰੂ ਘਰ ਨਾਲ ਤਰਕ ਕਰਦੇ ਸਨ ਉਨ੍ਹਾਂ ਦੇ ਦਿਲ ਵਿਚ ਵੱਡਾ ਡਰ ਉਤਪੰਨ ਹੋਇਆ॥ ੧॥

ਚੌਪਈ- ਨਿਕਟ ਪਾਂਵਟੇ ਪੁਰਿ ਕੇ ਜਿਤੇ। ਦਸ ਦਸ ਬੀਸ ਕੋਸ ਮਹਿਂ ਹੁਤੇ।
ਤੇ ਸਭਿ ਮਿਲਿ ਮਿਲਿ ਕਰਹਿਂ ਬਿਚਾਰਾ। 'ਜੋਧਾ ਗੁਰੂ ਭਯੋ ਬਲਿ ਭਾਰਾ॥੨॥

ਪਾਉਂਟੇ ਦੇ ਲਾਗੇ ਜਿੰਨੇ ਵੀ ਨਗਰ ਸਨ, ਉਹ ਸਾਰੇ ਦਸ ਦਸ ਵੀਹ ਕੋਹ ਤੇ ਸਥਿਤ ਸਨ। ਉਹ ਸਾਰੇ ਮਿਲ ਮਿਲ ਵਿਚਾਰ ਕਰਦੇ ਸਨ, "ਗੁਰੂ ਜੀ ਭਾਰੀ ਬਲਵਾਨ ਯੋਧੇ ਹਨ॥ ੨॥

ਚਲਹਿ ਤੀਰ ਕੋ ਸਕਹਿ ਸਹਾਰੀ। ਦਲ ਬਲ ਤੇ ਕੋ ਟਿਕਹਿ ਅਗਾਰੀ'।
ਇਮ ਕਲਗ਼ੀਧਰ ਕੀ ਸੁਧਿ ਸਾਰੀ। ਰਾਮਰਾਇ ਢਿਗ ਜਾਇ ਉਚਾਰੀ॥੩॥

ਉਨ੍ਹਾਂ ਦੇ ਪਾਸ ਜਾਣ ਦੀ ਕੌਣ ਹਿੰਮਤ ਕਰ ਸਕਦਾ ਹੈ, ਉਨ੍ਹਾਂ ਦੀ ਸੈਨਾ ਦੇ ਬਲ ਅੱਗੇ ਕੌਣ ਟਿੱਕ ਸਕਦਾ ਹੈ।" ਇਸ ਤਰ੍ਹਾਂ ਕਲਗ਼ੀਧਰ ਦੀ ਸਾਰੀ ਖ਼ਬਰ ਜਾ ਕੇ ਉਚਾਰਨ ਕੀਤੀ॥ ੩॥

ਬੀਸ ਕੋਸ ਗੁਰ ਪੁਰਿ ਤੇ ਪਰੇ। ਤਿਸੀ ਦੂਣ ਮਹਿਂ ਬਾਸੋ ਕਰੇ।
ਸੰਗਤਿ ਘਨੀ ਆਨਿ ਕਰਿ ਸੇਵੈ। ਕਰ ਕੋ ਜੋਰਿ ਅਕੋਰਨ ਦੇਵੈ॥ ੪॥

ਗੁਰੂ ਜੀ ਦੀ ਨਗਰੀ ਤੋਂ ਬਾਬਾ ਰਾਮ ਰਾਇ ਦਾ ਸਥਾਨ ਵੀਹ ਕੋਹ ਦੀ ਦੂਰੀ 'ਤੇ ਸੀ, ਓਸੇ ਦੂਣ ਵਿਚ ਉਹ ਰਹਿੰਦੇ ਸਨ। ਬਹੁਤ ਸੰਗਤ ਆ ਕੇ ਪੂਜਾ ਕਰਦੀ ਸੀ ਤੇ ਹੱਥ ਜੋੜ ਕੇ ਉਪਹਾਰ ਭੇਟ ਕਰਦੇ ਸਨ॥ ੪॥

ਦੇਸ਼ਨ ਮਹਿਂ ਮਸੰਦ ਗਨ ਫਿਰੈਂ। ਜਹਿਂ ਕਹਿਂ ਤੇ ਧਨ ਲਜਾਵਨਿ ਕਰੈਂ।
ਜਬਿ ਤੇ ਚਵਗੱਤਾ ਚਢਿ ਗਯੋ। ਗੁਰ ਕੇ ਦਾਸ ਨਿਕਾਸਨ ਕਿਯੋ॥ ੫॥

ਉਸ ਦੇ ਸਾਰੇ ਦੇਸ਼ਾਂ ਵਿਚ ਬਹੁਤ ਮਸੰਦ ਫਿਰਦੇ ਸਨ ਤੇ ਉਹ ਜਿੱਥੋਂ ਕਿੱਥੋਂ ਧਨ ਲਿਆਉਂਦੇ ਸਨ। ਜਦ ਦਾ ਨੌਰੰਗਾ ਚੜ੍ਹਾਈ ਕਰਕੇ ਦੱਖਣ ਵਿਚ ਗਿਆ ਹੈ ਤੇ ਗੁਰੂ ਜੀ ਦੇ ਸੇਵਕ ਮਤੀਦਾਸ ਨੇ ਉਸ ਨੂੰ ਨਗਰ ਵਿਚੋਂ ਕੱਢ ਦਿੱਤਾ ਹੈ॥ ੫॥

ਤਬਿ ਤੇ ਇਤ ਦਿਸ਼ਿ ਕੋ ਚਲਿ ਆਯੋ। ਕੇਤਿਕ ਗ੍ਰਾਮ ਨ੍ਰਿਪਨ ਤੇ ਪਾਯੋ।
ਜਹਿਂ ਕਹਿਂ ਅਜ਼ਮਤ ਦੇ ਬਹੁ ਬਾਰੀ। ਪੂਜਾ ਅਪਨੀ ਜਗਤ ਪਸਾਰੀ॥੬॥

ਤਦ ਦਾ ਬਾਬਾ ਰਾਮ ਰਾਇ ਏਧਰ ਚਲ ਕੇ ਆ ਗਿਆ ਹੈ ਤੇ ਉਸ ਕਈ ਪਿੰਡ ਰਾਜੇ ਤੋਂ ਪ੍ਰਾਪਤ ਕੀਤੇ। ਜਿੱਥੇ ਕਿੱਥੇ ਉਸ ਨੇ ਬਹੁਤ ਵਾਰ ਕਰਾਮਾਤ ਵਿਖਾਈ ਸੀ ਤੇ ਆਪਣੀ ਪੂਜਾ ਨੂੰ ਜਗਤ ਵਿਚ ਫੈਲਾਇਆ ਸੀ॥ ੬॥

ਘਨੇ ਮਸੰਦ ਕਿ ਰਹੈਂ ਫਕੀਰ। ਰਣ ਸਮਾਜ ਥੋਰੇ ਸੰਗ ਬੀਰ।
ਜੋਧਾ ਸ਼ਸਤ੍ਰ ਧਰਨਿ ਕਹੁ ਨਾਂਹੀ। ਸਾਧ ਮਤੋ ਜਿਸ ਕੇ ਮਨ ਮਾਂਹੀ॥੭॥

ਬਹੁਤ ਮਸੰਦ ਅਤੇ ਫਕੀਰ ਪਾਸ ਰਹਿੰਦੇ ਹਨ, ਰਣਖੇਤਰ ਵਿਚ ਲੜਨ ਵਾਲੇ ਸੂਰਬੀਰ ਬਹੁਤ ਘੱਟ ਹਨ। ਕੋਈ ਵੀ ਯੋਧਾ ਸ਼ਸਤਰ ਨਹੀਂ ਧਾਰਨ ਕਰਦਾ ਹੈ, ਸ੍ਰੀ ਰਾਮ ਰਾਇ ਨੇ ਆਪਣੇ ਮਨ ਵਿਚ ਸਾਧ ਮੱਤ ਧਾਰਨ ਕੀਤੀ ਹੋਈ ਹੈ॥ ੭॥

ਸ੍ਰੀ ਕਲਗੀਧਰ ਕੋ ਆਗਵਨੂੰ। ਸੁਨਜੋ ਸ਼੍ਰੋਨ ਇਹ ਨਿਜ ਰਿਪੁ ਦਮਨੂੰ।
ਸਰ ਧਨ ਜੋਰਤਿ ਬਲਿ ਕਰਿ ਛੋਰਤਿ। ਰਿਪੁ ਓਰਨ ਰਿਸ ਤੇ ਉਰ ਫੋਰਤਿ॥ ੮॥

ਉਸ ਨੇ ਕਲਗੀਧਰ ਗੁਰੂ ਜੀ ਦੇ ਆਉਣ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਕਿ ਵੈਰੀਆਂ ਦਾ ਨਾਸ਼ ਕਰਨ ਵਾਲੇ ਗੁਰੂ ਜੀ ਆਏ ਹਨ। ਧਨੁੱਖ ਉੱਤੇ ਤੀਰ ਧਰ ਕੇ ਸਾਰੇ ਬਲ ਨਾਲ ਵੈਰੀ ਵਲ ਛੱਡ ਕੇ ਉਸ ਦਾ ਦਿਲ ਪਾੜ ਦਿੰਦੇ ਹਨ॥ ੮॥

ਜਾਇਂ ਦੂਰ ਲਗਿ ਸਰਪ ਸਮਾਨਾ। ਸ਼ੂਕਤਿ ਹਤਹਿਂ ਅਚੂਕ ਨਿਸ਼ਾਨਾ।
ਜਿਨ ਕੇ ਤੀਰਨਿ ਕੋ ਡਰਿ ਧਰਿਕੈ। ਧੀਰਜ ਤਜਯੋ ਗਿਰੇਸ਼ੁਰ ਡਰਿਕੈ॥ ੯॥

ਤੀਰ ਬਹੁਤ ਦੂਰ ਤਕ ਸੱਪ ਵਾਂਗ ਸ਼ੂਕਦੇ ਜਾਂਦੇ ਹਨ ਤੇ ਅਚੂਕ ਰਹਿ ਕੇ ਨਿਸ਼ਾਨਾ ਫੁੰਡ ਦਿੰਦੇ ਹਨ। ਜਿਨ੍ਹਾਂ ਦੇ ਤੀਰਾਂ ਦਾ ਡਰ ਧਾਰ ਕੇ ਪਹਾੜੀ ਰਾਜਿਆਂ ਨੇ ਧੀਰਜ ਛੱਡ ਦਿੱਤਾ ਹੈ॥ ੯॥

ਸਭਿ ਮਹਿਂ ਦੁੰਦਭਿ ਫਿਰਤਿ ਬਜਾਵਤਿ। ਕੋ ਨਹਿਂ ਬੋਲਿ ਸਕੈ ਡਰਪਾਵਤਿ।
ਮੋ ਸੰਗ ਪੂਰਬ ਬੈਰ ਸੰਭਾਰਹਿਂ। ਅਸ ਨਹਿਂ ਹੋਇ ਆਇ ਇਤ ਮਾਰੈਂ॥ ੧੦॥

ਸਾਰਿਆਂ ਵਿਚ ਨਗਾਰੇ ਵਜਾਉਂਦੇ ਫਿਰਦੇ ਹਨ ਤੇ ਡਰਦਾ ਮਾਰਾ ਕੋਈ ਵੀ ਨਹੀਂ ਬੋਲ ਸਕਦਾ ਹੈ। ਮੇਰੇ ਨਾਲ ਪੁਰਾਣਾ ਵੈਰ ਨਾ ਸੰਭਾਲ ਲੈਣ, ਐਸਾ ਨਾ ਹੋਵੇ ਕਿ ਇਥੇ ਆ ਕੇ ਮੈਨੂੰ ਮਾਰ ਦੇਣ॥ ੧੦॥

ਨਹਿਂ ਰੋਕਨਿ ਕੋ ਸਮਰਥ ਕੋਈ। ਸਕਲ ਰੀਤਿ ਜ਼ੋਰਾਵਰ ਸੋਈ।
ਅਧਿਕ ਬੀਰਤਾ ਧਰਿ ਸਵਧਾਨਾ। ਕਰਾਮਾਤ ਮਹਿਂ ਕ੍ਵੈ ਨ ਸਮਾਨਾ॥ ੧੧॥

ਉਨ੍ਹਾਂ ਨੂੰ ਰੋਕਣ ਦੇ ਵੀ ਕੋਈ ਸਮਰੱਥ ਨਹੀਂ ਹੈ, ਸਾਰੀਆਂ ਰੀਤੀਆਂ ਅਨੁਸਾਰ ਉਹ ਜ਼ੋਰਾਵਰ ਹੈ। ਬਹੁਤ ਬੀਰਤਾ ਧਰ ਕੇ ਸਾਵਧਾਨ ਹੈ ਤੇ ਕਰਾਮਾਤ ਵਿਚ, ਕੋਈ ਵੀ ਉਸ ਦੇ ਬਰਾਬਰ ਨਹੀਂ ਹੈ॥ ੧੧॥

ਮਹਿਦ ਮੁਸਾਹਿਬ ਇਕ ਰਹਿ ਪਾਸ। ਭਾਈ ਬਹਿਲੋ ਕੋ ਗੁਰਦਾਸ।
ਸਪਤਮ ਸਤਿਗੁਰ ਸ੍ਰੀ ਹਰਿਰਾਇ। ਤੁਰਕੇਸ਼ਰ ਨੇ ਪਠ ਬੁਲਾਇ॥ ੧੨॥

ਇਕ ਵੱਡਾ ਮੁਸਾਹਿਬ ਸ੍ਰੀ ਰਾਮ ਰਾਇ ਦੇ ਪਾਸ ਰਹਿੰਦਾ ਸੀ, ਉਹ ਭਾਈ ਬਹਿਲੋ ਦਾ ਪੁੱਤਰ ਗੁਰਦਾਸ ਸੀ। ਸਤਵੇਂ ਸਤਿਗੁਰੂ ਸ੍ਰੀ ਹਰਿ ਰਾਇ ਨੂੰ ਤੁਰਕ ਬਾਦਸ਼ਾਹ ਨੇ ਆਪਣੇ ਪਾਸ ਬੁਲਾਇਆ ਸੀ॥੧੨॥

ਰਾਮਰਾਇ ਕਹਿ ਤਬਹਿ ਪਠਾਏ। ਕੇਤਿਕ ਸਿੱਖ ਮਸੰਦ ਮਿਲਾਏ।
ਤਬਿ ਕੋ ਸੰਗ ਰਹਯੋ ਗੁਰਦਾਸ। ਮਸਲਤ ਕਰਨਿ ਬਿਖੈ ਰਹਿ ਪਾਸ॥ ੧੩॥

ਸ੍ਰੀ ਗੁਰੂ ਹਰਿ ਰਾਇ ਜੀ ਨੇ ਤਦ ਸ੍ਰੀ ਰਾਮ ਰਾਇ ਨੂੰ ਕਹਿ ਕੇ ਬਾਦਸ਼ਾਹ ਪਾਸ ਭੇਜਿਆ ਸੀ ਤੇ ਕਈ ਸਿੱਖ ਮਸੰਦ ਨਾਲ ਮਿਲਾਏ ਸਨ। ਉਸ ਸਮੇਂ ਤੋਂ ਸ੍ਰੀ ਗੁਰਦਾਸ ਸ੍ਰੀ ਰਾਮ ਰਾਇ ਦੇ ਪਾਸ ਹੀ ਰਹਿੰਦਾ ਸੀ। ਉਹ ਸਲਾਹ ਮਸ਼ਵਰਾ ਕਰਨ ਵਾਸਤੇ ਪਾਸ ਰਹਿੰਦਾ ਸੀ॥੧੩॥

ਇਸ ਤੇ ਆਦਿ ਮਸੰਦ ਫਕੀਰ। ਕਰੇ ਹਕਾਰਨਿ ਅਪਨੇ ਤੀਰ।
ਚਿਤ ਕੀ ਚਿੰਤਾ ਸਕਲ ਸੁਨਾਈ। ਫੁਰੀ ਰਿਦੇ ਜਿਮ ਕੀਨਿ ਬੁਰਾਈ॥ ੧੪॥

ਇਸ ਤੋਂ ਉਪਰੰਤ ਕਈ ਮਸੰਦ ਅਤੇ ਫਕੀਰ ਵੀ ਰਹਿੰਦੇ ਸਨ, ਉਨ੍ਹਾਂ ਨੂੰ ਵੀ ਰਾਮ ਰਾਇ ਨੇ ਆਪਣੇ ਪਾਸ ਬੁਲਾ ਲਿਆ। ਰਾਮ ਰਾਇ ਨੇ ਆਪਣੇ ਚਿੱਤ ਦੀ ਚਿੰਤਾ ਸਾਰੀ ਸੁਣਾਈ ਜਿਵੇਂ ਬੁਰਾਈ ਕੀਤੀ ਸੀ, ਉਹ ਵੀ ਦਿਲ ਵਿਚ ਯਾਦ ਆਈ॥੧੪॥

'ਸ੍ਰੀ ਗੁਰ ਗੋਵਿੰਦ ਸਿੰਘ ਹਠੀਲਾ। ਗੁਰ ਖਸ਼ਟਮ ਸਮ ਜਿਸਕੀ ਲੀਲਾ।
ਤਿਨ ਤੇ ਭੀ ਕੇਤਿਕ ਅਧਿਕਾਈ। ਕਰਤਿ ਰਹਿਤਿ ਹਮ ਸੁਭਿ ਸੁਨਿ ਪਾਈ ॥੧੫॥

"ਸ੍ਰੀ ਗੁਰੂ ਗੋਬਿੰਦ ਸਿੰਘ ਵੱਡਾ ਹਠੀ ਹੈ, ਛੇਵੇਂ ਪਾਤਸ਼ਾਹ ਵਰਗੀ ਜਿਸ ਦੀ ਲੀਲ੍ਹਾ ਹੈ। ਉਨ੍ਹਾਂ ਤੋਂ ਵੀ ਕਿਤੇ ਵੱਧ ਕਰਦੇ ਰਹਿੰਦੇ ਹਨ, ਅਸੀਂ ਸਭ ਕੁਝ ਸੁਣਦੇ ਰਹਿੰਦੇ ਹਾਂ" ॥੧੫॥

ਨਿਕਟ ਆਨਿ ਗਢ ਦਿਢ ਬਡ ਪਾਯਹੁ। ਸੁਭਟ ਬਟੋਰਤਿ ਦਲ ਬਿਰਧਾਯਹੁ।
ਜੇ ਰਿਸ ਧਰਿ ਇਤ ਕੋ ਚਲਿ ਆਵੈ। ਬਿਗਰ ਪਰੈ ਤਬਿ ਕੋ ਅਟਕਾਵੈ ॥੧੬॥

ਸਾਡੇ ਨੇੜੇ ਹੀ ਆ ਕੇ ਵੱਡਾ ਕਿਲ੍ਹਾ ਉਸਾਰਿਆ ਹੈ। ਸੂਰਬੀਰ ਇਕੱਠੇ ਕਰਕੇ ਬੜੀ ਵੱਡੀ ਸੈਨਾ ਤਿਆਰ ਕੀਤੀ ਹੈ। ਜੇ ਕ੍ਰੋਧ ਧਾਰ ਕੇ ਏਧਰ ਨੂੰ ਚਲ ਕੇ ਆ ਗਏ ਤੇ ਜੇ ਸਾਡੇ ਨਾਲ ਵਿਗੜ ਪਏ ਤਦ ਉਨ੍ਹਾਂ ਨੂੰ ਕੌਣ ਰੋਕੇਗਾ ॥੧੬॥

ਧਨੁ ਵਿੱਦਜਾ ਮਹਿਂ ਮਹਿਦ ਮਹਾਨਾ। ਬਲ ਤੇ ਤਜੈ ਸਰਪ ਸਮ ਬਾਨਾ।
ਕੋਸਨ ਲਗਿ ਪਹੁੰਚਤਿ ਜਬ ਛੋਰੈ। ਕੋ ਅਸ ਜੋਧਾ ਤਿਨਹੁਂ ਬਹੋਰੈ ॥ ੧੭॥

ਧਨੁੱਖ ਵਿਦਿਆ ਵਿਚ ਬਹੁਤ ਮਹਾਨ ਹਨ, ਜਦ ਤੀਰਾਂ ਨੂੰ ਬਲ ਧਾਰ ਕੇ ਛੱਡਦੇ ਹਨ ਤਾਂ ਤੀਰ ਸੱਪ ਵਾਂਗ ਸ਼ੂਕਦੇ ਜਾਂਦੇ ਹਨ। ਜਦ ਤੀਰਾਂ ਨੂੰ ਛੱਡਦੇ ਹਨ ਤਾਂ ਉਹ ਕੋਹਾਂ ਤੱਕ ਦੂਰ ਪਹੁੰਚਦੇ ਹਨ। ਐਸਾ ਕਿਹੜਾ ਯੋਧਾ ਹੈ ਜਿਹੜਾ ਉਨ੍ਹਾਂ ਨੂੰ ਮੋੜ ਭਾਵ ਰੋਕ ਸਕੇ ॥੧੭॥

ਧੀਰਜ ਨਹੀਂ ਰਹਿਤਿ ਮੁਰ ਉਰ ਕੋ। ਚਲਹੁ ਅਨਤ ਤਜਿ ਕਰਿ ਨਿਜ ਪੁਰਿ ਕੋ।
ਬਿਗਰਹਿ ਪਾਛੇ ਕੁਛ ਨ ਹਮਾਰਾ। ਡੇਰਾ ਰਹੈ ਬਸਯੋ ਇਹ ਸਾਰਾ ॥ ੧੮॥

ਮੇਰੇ ਹਿਰਦੇ ਦਾ ਧੀਰਜ ਨਹੀਂ ਰਹਿੰਦਾ ਹੈ, ਆਪਣੇ ਨਗਰ ਨੂੰ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵਾਂ। ਬਾਅਦ ਵਿਚ ਪਿੱਛੋ ਸਾਡਾ ਕੁਝ ਨਹੀਂ ਵਿਗੜੇਗਾ, ਇਹ ਸਾਰਾ ਡੇਰਾ ਵੱਸਦਾ ਰਹੇਗਾ ॥੧੮॥

ਜਬਹਿ ਦੂਣ ਇਹ ਤਜਿ ਕਰਿ ਜਾਵੈਂ। ਆਪਨਿ ਥਾਨ ਬਸਹਿਂ ਪੁਨ ਆਵੈਂ।
ਇਮ ਸੁਨਿ ਕਰਿ ਬੋਲਯੋ ਗੁਰਦਾਸ। 'ਨਹਿਂ ਕੀਜਹਿ ਚਿਤ ਮਹਿਂ ਇਮ ਤ੍ਰਾਸ ॥੧੯॥

ਜਦ ਇਹ ਦੂਣ ਉਹ ਛੱਡ ਕੇ ਚਲੇ ਜਾਣਗੇ, ਫਿਰ ਆਪਣੇ ਸਥਾਨ ਵਿਚ ਆ ਕੇ ਵੱਸਣ ਲੱਗ ਜਾਵਾਂਗੇ।" ਇਸ ਤਰ੍ਹਾਂ ਸੁਣ ਕੇ ਗੁਰਦਾਸ ਬੋਲਿਆ, "ਆਪਣੇ ਚਿੱਤ ਵਿਚ ਇਸ ਤਰ੍ਹਾਂ ਡਰ ਉਤਪੰਨ ਨਾ ਕਰੋ ॥੧੯॥

ਬੈਠੇ ਰਹਹੁ ਆਪਨੇ ਪੁਰਿ ਮੈਂ। ਕਿਮ ਧੀਰਜ ਛੋਰਤਿ ਹਹੁ ਉਰ ਮੈਂ।
ਮੇਰੋ ਭ੍ਰਾਤ ਨਾਮ ਜਿਸ ਤਾਰਾ। ਤੀਰ ਪ੍ਰਹਾਰਨਿ ਮਹਿਂ ਬਲਿ ਭਾਰਾ ॥ ੨੦॥

ਆਪਣੇ ਨਗਰ ਵਿਚ ਬੈਠੇ ਰਹੋ, ਦਿਲ ਦੇ ਧੀਰਜ ਨੂੰ ਕਿਉਂ ਛੱਡਦੇ ਹੋ। ਮੇਰਾ ਇਕ ਭਰਾ ਹੈ ਜਿਸ ਦਾ 'ਤਾਰਾ' ਨਾਮ ਹੈ, ਤੀਰ ਚਲਾਉਣ ਵਿਚ ਉਹ ਭਾਰੀ ਬਲਵਾਨ ਹੈ ॥੨੦॥

ਗੁਰ ਗੋਵਿੰਦ ਸਿੰਘ ਕੇ ਜਿਮ ਸੁਨੇ। ਤਿਸੀ ਪ੍ਰਕਾਰ ਚਲਾਵਤਿ ਘਨੇ।
ਪ੍ਰਥਮੈਂ ਤੌਂ ਇਹ ਬਾਤ ਨ ਬਨੈ। ਤੁਮ ਲਗਿ ਆਵਨਿ ਗੁਰ ਨਹਿਂ ਭਨੈਂ ॥੨੧॥

ਜਿਵੇਂ ਗੁਰੂ ਗੋਬਿੰਦ ਸਿੰਘ ਦੇ ਤੀਰਾਂ ਬਾਰੇ ਸੁਣਿਆ ਹੈ, ਉਸੇ ਪ੍ਰਕਾਰ ਉਹ ਵੱਡਾ ਤੀਰ-ਅੰਦਾਜ਼ ਹੈ। ਪਹਿਲਾਂ ਤੇ ਇਹ ਗੱਲ ਨਹੀਂ ਬਣੇਗੀ, ਤੁਹਾਡੇ ਤੱਕ ਗੁਰੂ ਜੀ ਆਉਣਦੇ ਹੀ ਨਹੀਂ ॥੨੧॥

ਹੋਰੀ ਬਾਤ ਨਹੀਂ ਅਸ ਕਰੈ। ਨਿਜ ਘਰ ਸੰਗ ਨਹੀਂ ਇਮ ਲਰੈ।
ਬਨਹਿ ਕਦਾਚਿਤ ਜੇ ਅਸ ਆਇ। ਤੌ ਮਮ ਭ੍ਰਾਤਾ ਤੀਰ ਚਲਾਇ ॥ ੨੨॥

ਉਹ ਐਸੀ ਹੌਲੀ ਗੱਲ ਨਹੀਂ ਕਰਨਗੇ, ਆਪਣੇ ਘਰ ਨਾਲ ਹੀ ਇਸ ਤਰ੍ਹਾਂ ਨਹੀਂ ਲੜਨਗੇ। ਜੇ ਕਿਤੇ ਇਸ ਤਰ੍ਹਾਂ ਆ ਵੀ ਬਣੇ ਤਾਂ ਮੇਰਾ ਭਰਾ ਤੀਰ ਚਲਾਵੇਗਾ॥੨੨॥

**ਕਰਹਿ ਮਵਾਸ ਆਪਨੇ ਪੁਰਿ ਕੋ। ਬੈਠੇ ਰਹਹੁ ਧੀਰ ਧਰਿ ਉਰ ਕੋ।**
**ਜੇ ਬਹੁ ਪ੍ਰਬਲ ਪਿਖੈਂਗੇ ਤਬੈ। ਨਿਸ ਮਹਿਂ ਨਿਕਸਿ ਚਲੈਂਗੇ ਸਬੈ॥ ੨੩॥**

ਖ਼ੁਦਮੁਖਤਾਰ ਹੋ ਕੇ ਆਪਣੇ ਹਿਰਦੇ ਵਿਚ ਧੀਰਜ ਧਾਰ ਕੇ ਬੈਠੇ ਰਹੋ। ਜੇ ਬਹੁਤ ਤਾਕਤਵਰ ਵੇਖਾਂਗੇ ਤਾਂ ਰਾਤ ਸਮੇਂ ਸਾਰੇ ਨਿਕਲ ਜਾਵਾਂਗੇ॥੨੩॥

**ਨਿਜ ਪਰ ਸਰ ਬਿਨ ਦੇਖਿ ਦਿਖਾਏ। ਉਚਿਤ ਨ ਤੁਮ ਕੋ ਚਲਹੁ ਪਲਾਏ।**
**ਨਿੰਦਾ ਪ੍ਰਗਟ ਹੋਇ ਜਗ ਮਾਂਹੀ। ਦਰਬ ਸੰਗਤਾਂ ਦੇਂ ਕੁਛ ਨਾਂਹੀ॥ ੨੪॥**

ਆਪਣੇ ਪਰਾਏ ਤੀਰਾਂ ਦੇ ਬਿਨਾਂ ਵੇਖੇ ਵਿਖਾਏ, ਤੁਹਾਡਾ ਭੱਜ ਜਾਣਾ ਉਚਿਤ ਨਹੀਂ ਹੈ। ਸਾਰੇ ਜਗ ਵਿਚ ਤੁਹਾਡੀ ਨਿੰਦਿਆ ਪ੍ਰਗਟ ਹੋਵੇਗੀ, ਫਿਰ ਸੰਗਤਾਂ ਕੁਝ ਵੀ ਧਨ ਨਹੀਂ ਦੇਣਗੀਆਂ॥੨੪॥

**ਇੱਤਜਾਦਿਕ ਬਹੁ ਬਿਗਰਹਿ ਬਾਤਾ। ਸੁਨਿ ਸ਼੍ਰੀ ਰਾਮਰਾਇ ਸਭਿ ਘਾਤ।**
**ਕੁਛ ਧੀਰਜ ਧਰਿ ਥਿਰਤਾ ਕੀਨਿ। ਤਊ ਤ੍ਰਾਸ ਮਹਿਂ ਕੁਛ ਚਿਤ ਲੀਨਿ॥੨੫॥**

ਇਸ ਪ੍ਰਕਾਰ ਦੀਆਂ ਹੋਰ ਬਹੁਤ ਗੱਲਾਂ ਵਿਗੜਨਗੀਆਂ।" ਸ੍ਰੀ ਰਾਮ ਰਾਇ ਨੇ ਸਾਰੀ ਸਲਾਹ ਸੁਣਕੇ ਕੁਝ ਧੀਰਜ ਧਾਰ ਕੇ ਸਥਿਰਤਾ ਪਾਈ। ਫਿਰ ਵੀ ਡਰ ਵਿਚ ਕੁਝ ਹੱਦ ਤਕ ਚਿੱਤ ਲੀਨ ਰਿਹਾ॥੨੫॥

**ਰਾਖਿ ਨਿਕਟ ਕੁਛ ਆਯੁਧ ਧਾਰੀ। ਦ੍ਰਿੜ੍ਹਤਾ ਕਰਤਿ ਰਹਤਿ ਨਿਜ ਤਜਾਰੀ।**
**ਵਹਿਰ ਦੂਰ ਨਹਿਂ ਕਿਤਹੂੰ ਸਿਧਾਵੈ। ਸੁਧ ਹਿਤ ਨਿਤ ਮਗ ਨਰਨ ਬਿਠਾਵੈ॥੨੬॥**

ਆਪਣੇ ਪਾਸ ਕੁਝ ਸ਼ਸਤਰਧਾਰੀ ਰੱਖਕੇ ਆਪਣੀ ਤਿਆਰੀ ਨੂੰ ਮਜ਼ਬੂਤ ਕਰਦਾ ਰਹਿੰਦਾ ਸੀ। ਆਪ ਤਾਂ ਕਿਤੇ ਦੂਰ ਨਹੀਂ ਸੀ ਜਾਂਦਾ, ਪਰ ਖ਼ਬਰ ਲੈਣ ਵਾਸਤੇ ਰਾਹ ਵਿਚ ਕੁਝ ਮਨੁੱਖਾਂ ਨੂੰ ਭੇਜ ਛੱਡਦਾ ਸੀ॥੨੬॥

**ਕੇਤਿਕ ਆਇ ਪਾਂਵਟੇ ਜਾਈਂ। ਲੇ ਲੇ ਸੁਧਿ ਸਭਿ ਜਾਇ ਸੁਨਾਈਂ।**
**'ਆਜ ਸਿੰਘਾਸਨ ਪਰ ਥਿਰ ਰਹੇ'। 'ਆਜ ਅਖੇਰ ਖੇਲਿਬੋ ਚਹੇ'॥ ੨੭॥**

ਕਈ ਪਾਉਂਟੇ ਆਉਂਦੇ ਜਾਂਦੇ ਸਨ ਤੇ ਗੁਰੂ ਜੀ ਬਾਰੇ ਸਾਰੀ ਖ਼ਬਰ ਲੈ ਕੇ ਰਾਮ ਰਾਇ ਨੂੰ ਸੁਣਾਉਂਦੇ ਰਹਿੰਦੇ ਸਨ। ਕਦੀ ਕਹਿੰਦੇ ਸਨ, "ਅੱਜ ਸਿੰਘਾਸਣ 'ਤੇ ਬਿਰਾਜਮਾਨ ਹਨ" "ਅੱਜ ਸ਼ਿਕਾਰ ਖੇਡਣਾ ਚਾਹੁੰਦੇ ਹਨ"॥੨੭॥

**'ਏਤਿਕ ਸੈਨਾ ਹੈ ਅਬਿ ਤਜਾਰੀ'। 'ਆਜ ਸਭਾ ਮੈਂ ਏਵ ਉਚਾਰੀ'।**
**ਇੱਤਜਾਦਿਕ ਸੁਧ ਸਕਲ ਸੁਨਾਵੈਂ। ਦਿਨ ਪ੍ਰਤਿ ਧੀਰਜ ਧਰਿਤੋ ਜਾਵੈ॥੨੮॥**

"ਏਨੀ ਸੈਨਾ ਹੁਣ ਤਿਆਰ ਹੈ।" "ਅੱਜ ਸਭਾ ਵਿਚ ਇੰਝ ਉਚਾਰਨ ਕੀਤਾ ਹੈ।" ਇਸ ਢੰਗ ਦੀ ਸਾਰੀ ਖ਼ਬਰ ਸੁਣਾਉਂਦੇ ਸਨ। ਦਿਨ ਪ੍ਰਤੀ ਧੀਰਜ ਧਾਰਦਾ ਜਾਂਦਾ ਸੀ॥੨੮॥

**ਕ੍ਰਿਪਾ ਨਿਧਾਨ ਸਕਲ ਗਤਿ ਜਾਨੀ। ਕਰਜੋ ਚਹਿਤ ਤਿਹ ਚਿਤ ਡਰ ਹਾਨੀ।**
**ਨੰਦਚੰਦ ਕੋ ਸਭਿ ਸਮੁਝਾਯੋ। ਰਾਮਰਾਇ ਕੇ ਨਿਕਟ ਪਠਾਯੋ॥ ੨੯॥**

ਕਿਰਪਾ ਨਿਧਾਨ ਗੁਰੂ ਜੀ ਨੇ ਸਾਰੀ ਗਤੀ ਜਾਣ ਲਈ, ਉਹ ਬਾਬੇ ਰਾਮ ਰਾਇ ਦੇ ਚਿੱਤ ਨੂੰ ਡਰ ਰਹਿਤ ਕਰਨਾ ਚਾਹੁੰਦੇ ਸਨ। ਨੰਦ ਚੰਦ ਨੂੰ ਉਨ੍ਹਾਂ ਸਭ ਸਮਝਾਇਆ ਤੇ ਰਾਮ ਰਾਇ ਦੇ ਪਾਸ ਭੇਜਿਆ॥੨੯॥

ਦਯਾਰਾਮ ਪ੍ਰੋਹਿਤ ਦ੍ਵੈ ਮਿਲਿਕੈ। ਪਹੁੰਚੇ ਤਹਾਂ ਹਯਨਿ ਪਰ ਚਲਿਕੈ।
ਪੂਰਬ ਸੁਧਿ ਸਮੀਪ ਪਹੁੰਚਾਈ। 'ਸ੍ਰੀ ਕਲਗ਼ੀਧਰ ਦਯਾ ਉਪਾਈ॥ ੩੦॥

ਦਇਆ ਰਾਮ ਪ੍ਰੋਹਿਤ ਦੋਵੇਂ ਮਿਲਕੇ, ਘੋੜਿਆਂ 'ਤੇ ਚੜ੍ਹ ਕੇ ਉਥੇ ਪਹੁੰਚੇ। ਪਹਿਲਾਂ ਪਾਸ ਖ਼ਬਰ ਪਹੁੰਚਾਈ, "ਸ੍ਰੀ ਕਲਗ਼ੀਧਰ ਜੀ ਨੇ ਮਿਹਰ ਕੀਤੀ ਹੈ॥੩੦॥

ਹਮ ਕੌ ਪਠਜੋ ਆਪ ਕੇ ਪਾਸ। ਜਾਨੇ ਇਮ ਨ ਕਰਹਿ ਉਰ ਤ੍ਰਾਸ'।
ਸੁਨਿ ਸ੍ਰੀ ਰਾਮਰਾਇ ਹਰਖਾਇ। ਤਤਛਿਨ ਦੋਨਹੁਂ ਨਿਕਟ ਬੁਲਾਇ॥ ੩੧॥

ਸਾਨੂੰ ਆਪ ਜੀ ਦੇ ਪਾਸ ਭੇਜਿਆ ਹੈ, ਸ੍ਰੀ ਰਾਮ ਰਾਇ ਇਸ ਤਰ੍ਹਾਂ ਜਾਣ ਲਵੇ ਤੇ ਚਿੱਤ ਵਿਚ ਡਰ ਨਾ ਮੰਨੇ।" ਇਹ ਸੁਣ ਕੇ ਸ੍ਰੀ ਰਾਮ ਰਾਇ ਬਹੁਤ ਪ੍ਰਸੰਨ ਹੋਇਆ, ਤੁਰਤ ਦੋਹਾਂ ਨੂੰ ਆਪਣੇ ਪਾਸ ਬੁਲਾਇਆ॥੩੧॥

ਨਮੋ ਠਾਨਿ ਕਰਿ ਬੈਠੇ ਜਾਇ। ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਇ।
'ਕੁਸ਼ਲ ਆਪ ਕੀ ਬੂਝਨ ਹੇਤੁ। ਹਮਹਿਂ ਪਠਾਯਹੁ ਕ੍ਰਿਪਾਨਿਕੇਤ॥ ੩੨॥

ਬੰਦਨਾ ਕਰਕੇ ਦੋਵੇਂ ਜਾ ਕੇ ਪਾਸ ਬੈਠ ਗਏ, ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣਾਈ, "ਗੁਰੂ ਜੀ ਨੇ ਆਪ ਜੀ ਦੀ ਸੁਖ-ਸਾਂਦ ਪੁੱਛਣ ਵਾਸਤੇ ਸਾਨੂੰ ਭੇਜਿਆ ਹੈ॥੩੨॥

ਏਕੋ ਸਦਨ ਹਮਾਰ ਤੁਮਾਰੋ। ਨਹੀਂ ਭੇਦ ਕੁਛ ਉਰ ਮਹਿਂ ਧਾਰੋ।
ਖ਼ਬਰ ਕੁਸ਼ਲ ਕੀ ਲਿਖਹੁ ਪਠਾਵਹੁ। ਕਛੂ ਫਰਕ ਨਹਿਂ ਮਨ ਮਹਿਂ ਲਯਾਵਹੁ॥੩੩॥

ਉਨ੍ਹਾਂ ਕਿਹਾ ਹੈ ਸਾਡਾ ਤੁਹਾਡਾ ਇਕੋ ਘਰ ਹੈ, ਇਸ ਬਾਰੇ ਕੋਈ ਭਿੰਨਤਾ ਮਨ ਵਿਚ ਨਾ ਧਾਰਨ ਕਰੋ। ਸੁਖ-ਸਾਂਦ ਦੀ ਖ਼ਬਰ ਲਿਖ ਕੇ ਭੇਜੋ ਤੇ ਮਨ ਵਿਚ ਕੋਈ ਵੀ ਫਰਕ ਨਾ ਲਿਆਵੋ॥੩੩॥

ਅਪਨੇ ਪਰ ਗੁਰ ਕਰੁਣਾ ਧਰੈਂ। ਇਹ ਬਿਧਿ ਬਿਰਦ ਤਿਨਹੁ ਲਖਿ ਪਰੈ।
ਤੁਮ ਤੇ ਬਡੇ ਸਥਾਨ ਪਛਾਨਹੁ। ਮੇਲਿ ਕਰਨਿ ਕੋ ਮਨ ਮਹਿਂ ਠਾਨਹੁ॥ ੩੪॥

ਆਪਣਿਆਂ ਉੱਤੇ ਗੁਰੂ ਜੀ ਕਿਰਪਾ ਧਾਰਨ ਕਰਦੇ ਹਨ, ਇਸ ਵਿਧੀ ਅਨੁਸਾਰ ਉਨ੍ਹਾਂ ਦਾ ਬਿਰਦ ਦਿਖਾਈ ਦਿੰਦਾ ਹੈ। ਤੁਹਾਡੇ ਤੋਂ ਉਹ ਵੱਡੇ ਸਥਾਨ 'ਤੇ ਹਨ, ਇਸ ਗੱਲ ਨੂੰ ਪਛਾਣੋ ਤੇ ਮੇਲ ਕਰਨ ਬਾਰੇ ਮਨ ਵਿਚ ਧਾਰਨ ਕਰੋ"॥੩੪॥

ਦਯਾਰਾਮ ਸਭਿ ਬਿਧਿ ਸਮੁਝਾਈ। 'ਮੈਂ ਪ੍ਰੋਹਿਤ ਸੋਢਿਨ ਸਮੁਦਾਈ।
ਅਪਨੇ ਬਿਖੇ ਕਰੋਧ ਨ ਧਰੀਅਹਿ। ਨਿਸ ਬਾਸੁਰ ਨਹਿਂ ਤਿਨ ਤੇ ਡਰੀਅਹਿ॥੩੫॥

ਫਿਰ ਦਇਆ ਰਾਮ ਨੇ ਸਭ ਵਿਧੀ ਨਾਲ ਸਮਝਾਇਆ, "ਮੈਂ ਸਾਰੇ ਸੋਢੀਆਂ ਦਾ ਪ੍ਰੋਹਿਤ ਹਾਂ। ਆਪਣੇ ਵਿਚ ਕ੍ਰੋਧ ਨਾ ਧਾਰਨ ਕਰੋ ਤੇ ਦਿਨ ਰਾਤ ਉਨ੍ਹਾਂ ਪਾਸੋਂ ਨਾ ਡਰੋ॥੩੫॥

ਧੀਰਮੱਲ ਕੇ ਧੀਰਜ ਨਾਂਹੀ। ਪਿਖਿ ਮਤਸਰ ਪਾਵਕ ਉਰ ਮਾਹੀ।
ਜਰਹਿ ਅਧਿਕ ਨਹਿਂ ਜਰਹਿ ਪ੍ਰਤਾਪੂ। ਇਸ ਪ੍ਰਕਾਰ ਨਹਿਂ ਚਹੀਏ ਆਪੂ॥੩੬॥

ਧੀਰਮੱਲ ਦੇ ਅੰਦਰ ਧੀਰਜ ਨਹੀਂ ਹੈ, ਸ਼ੋਭਾ ਵੇਖ ਕੇ ਦਿਲ ਵਿਚ ਸਾੜੇ ਦੀ ਅੱਗ ਨਾਲ ਬਹੁਤ ਸੜਦਾ ਹੈ ਤੇ ਗੁਰੂ ਜੀ ਦੇ ਪ੍ਰਤਾਪ ਨੂੰ ਨਹੀਂ ਜਰਦਾ ਹੈ। ਇਸ ਪ੍ਰਕਾਰ ਆਪ ਜੀ ਨੂੰ ਨਹੀਂ ਕਰਨਾ ਚਾਹੀਦਾ ਹੈ॥੩੬॥

ਸੋ ਆਛੀ ਦੁਹਿ ਦਿਸ਼ਿ ਕੋ ਨਾਂਹੀ। ਅਰੁ ਨਿੰਦਾ ਬਿਦਤਹਿ ਜਗ ਮਾਂਹੀ।
ਜਿਸ ਤੇ ਕਾਰਜ ਸੁਧਰੈ ਕੋਇ ਨ। ਤਿਸਕੋ ਗ੍ਰਹਨਿ ਕਰਨਿ ਸ਼ੁਭਿ ਹੋਇ ਨ॥੩੭॥

ਇਹ ਦੋਵੀਂ ਪਾਸੀ ਚੰਗੀ ਗੱਲ ਨਹੀਂ ਹੈ, ਸਾਰੇ ਜਗਤ ਵਿਚ ਨਿੰਦਿਆ ਪ੍ਰਗਟ ਹੋਵੇਗੀ। ਜਿਸ ਨਾਲ ਕੋਈ ਵੀ ਕਾਰਜ ਸੁਧਰੇਗਾ ਨਹੀਂ, ਉਸ ਨੂੰ ਗ੍ਰਹਿਣ ਕਰਨਾ ਸ਼ੁਭ ਨਹੀਂ ਹੁੰਦਾ ਹੈ॥੩੭॥

**ਹਰਖਹੁ ਮਿਲਹੁ ਤ੍ਰਾਸ ਬਿਸਰਾਵਹੁ। ਏਕ ਰੂਪ ਹੁਇ ਸੁਖ ਉਪਜਾਵਹੁ'।**
**ਸੁਨਿ ਸ੍ਰੀ ਰਾਮਰਾਇ ਡਰ ਛੋਰਾ। ਮਿਲਬੇ ਹੇਤੁ ਕੁਛਕ ਮਨ ਮੋਰਾ॥ ੩੮॥**

ਪ੍ਰਸੰਨ ਹੋ ਕੇ ਮਿਲੋ ਤੇ ਡਰ ਨੂੰ ਵਿਸਾਰ ਦੇਵੋ, ਇਕ ਰੂਪ ਹੋ ਕੇ ਸੁਖ ਪਾਵੋ।" ਇਹ ਸੁਣ ਕੇ ਸ੍ਰੀ ਰਾਮ ਰਾਇ ਨੇ ਡਰ ਛੱਡਿਆ ਤੇ ਮਿਲਣ ਵਾਸਤੇ ਆਪਣੇ ਮਨ ਨੂੰ ਕੁਝ ਮੋੜਿਆ ਤੇ ਦਇਆ ਰਾਮ ਨੂੰ ਕਿਹਾ॥੩੮॥

**'ਦਯਾਰਾਮ ਪ੍ਰੋਹਿਤ ! ਸੁਨਿ ਲੀਜੈ। ਤਿਮ ਬਰਤਈਯਤਿ ਜਥਾ ਜਨੀਜੈ॥**
**ਆਸ਼ੈ ਲਖੇ ਬਿਨਾ ਕਯਾ ਜਾਨੈਂ। ਮਿਲਿ ਬੋਲਨਿ ਤੇ ਸਕਲ ਪਛਾਨੈਂ॥ ੩੯॥**

"ਹੇ ਦਇਆ ਰਾਮ ਪ੍ਰੋਹਿਤ! ਸੁਣ ਲਵੋ, ਤਿਵੇਂ ਵਰਤਾਉ ਕਰੀਦੇ ਜਿਵੇਂ ਜਾਣੀਏ। ਆਸ਼ੇ ਸਮਝਣ ਤੋਂ ਬਗੈਰ ਕੀ ਸਮਝੀਏ ਮਿਲ ਬੋਲ ਕੇ ਸਭ ਕੁਝ ਪਛਾਣੀਦਾ ਹੈ॥੩੯॥

**ਅਬਿ ਤੁਮ ਆਇ ਜਥਾ ਸਮੁਝਾਈ। ਬਨਹਿ ਮੇਲ ਸਭਿ ਭੇਦ ਮਿਟਾਈ।**
**ਚਚੇ ਹਮਾਰੇ ਥਾਨ ਬਡੇਰੇ। ਬੰਦਨ ਕਰਿਬੇ ਉਚਿਤ ਸੁ ਮੇਰੇ॥ ੪੦॥**

ਹੁਣ ਤੁਸੀਂ ਆਏ ਹੋ, ਜਿਵੇਂ ਸਮਝਾਇਆ ਹੈ, ਸਭ ਭੇਦ ਮਿਟਾ ਕੇ ਉਸ ਤਰ੍ਹਾਂ ਹੀ ਮੇਲ ਬਣੇਗਾ। ਸਾਡੇ ਚਾਚਾ ਜੀ ਹਨ, ਵੱਡੇ ਥਾਂ ਤੇ ਹਨ, ਉਨ੍ਹਾਂ ਨੂੰ ਬੰਦਨਾ ਕਰਨੀ ਮੇਰੇ ਵਾਸਤੇ ਉਚਿਤ ਹੈ॥੪੦॥

**ਜੋ ਇਮ ਕਰੁਨਾ ਮੋ ਪਰ ਕਰੈਂ। ਤੌ ਕਿਮ ਫਰਕ ਬਿਧੀ ਉਰ ਧ਼ਰੈਂ।**
**ਜਿਮ ਉਚਰਹਿਂ ਤਿਮ ਹਮ ਅਨੁਸਾਰੇ। ਧੀਰਮੱਲ ਕੇ ਸਮ ਨ ਬਿਚਾਰੇ'॥ ੪੧॥**

ਜੇ ਇਸ ਤਰ੍ਹਾਂ ਮੇਰੇ ਤੇ ਕਿਰਪਾ ਕਰਨਗੇ ਤਾਂ ਕਿਵੇਂ ਫਰਕ ਨੂੰ ਹਿਰਦੇ ਵਿਚ ਧਾਰਨ ਕਰਾਂਗੇ। ਜਿਵੇਂ ਵੀ ਉਚਾਰਨ ਕਰਨ ਅਸੀਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ, ਸਾਨੂੰ ਧੀਰ ਮਲ ਦੇ ਬਰਾਬਰ ਨਾ ਵਿਚਾਰੋ'॥੪੧॥

**ਮੇਲ ਕਰਨਿ ਇੱਤਯਾਦਿਕ ਗਾਥਾ। ਕਹਤਿ ਭਯੋ ਦੋਨਹੁਂ ਕੇ ਸਾਥਾ।**
**ਪੁਨ ਆਛੇ ਦੇ ਕਰਿ ਸਿਰੁਪਾਊ। ਸਨਮਾਨੇ ਪੁਨ ਕੀਨਿ ਬਿਦਾਊ॥ ੪੨॥**

ਮੇਲ ਕਰਨ ਦੀ ਜਿਹੜੀ ਇਸ ਤਰ੍ਹਾਂ ਦੀ ਗਾਥਾ ਸੀ, ਸ੍ਰੀ ਰਾਮ ਰਾਇ ਨੇ ਦੀਵਾਨ ਨੰਦ ਚੰਦ ਅਤੇ ਦਇਆ ਰਾਮ ਪ੍ਰੋਹਿਤ ਦੋਵਾਂ ਨੂੰ ਕਹੀ। ਫਿਰ ਚੰਗੇ ਸਿਰੋਪੇ ਦੇ ਕੇ ਉਨ੍ਹਾਂ ਦਾ ਸਨਮਾਨ ਕਰਕੇ ਵਿਦਾ ਕੀਤੇ॥੪੨॥

**ਨੰਦ ਚੰਦ ਬੰਦਨ ਕਰਿ ਉਠਯੋ। ਦਯਾਰਾਮ ਨੇ ਆਸ਼ਿਖ ਪਠਯੋ।**
**ਨਿਜ ਕੁਲ ਪ੍ਰੋਹਿਤ ਜਾਨਿ ਬਡੇਰਾ। ਕਿਤਿਕ ਦਰਬ ਦੀਨਿਸਿ ਤਿਸ ਬੇਰਾ॥੪੩॥**

ਨੰਦ ਚੰਦ ਬੰਦਨਾ ਕਰਕੇ ਉੱਠ ਬੈਠਾ, ਦਇਆ ਰਾਮ ਪ੍ਰੋਹਿਤ ਨੇ ਅਸੀਸ ਦਿੱਤੀ। ਆਪਣੀ ਕੁਲ ਦਾ ਵੱਡਾ ਪ੍ਰੋਹਿਤ ਜਾਣ ਕੇ ਉਸ ਸਮੇਂ ਬਹੁਤ ਧਨ ਦਿੱਤਾ॥੪੩॥

**ਚਢੇ ਤੁਰੰਗਨ ਪਰ ਚਲਿ ਆਏ। ਨਗਰ ਪਾਂਵਟੇ ਕੇ ਨਿਯਰਾਏ।**
**ਨਿਜ ਡੇਰਨਿ ਮਹਿਂ ਉਤਰੇ ਆਇ। ਪਰੀ ਨਿਸਾ ਤੇ ਰਹਿ ਸੁਪਤਾਇ॥ ੪੪॥**

ਘੋੜਿਆਂ 'ਤੇ ਸਵਾਰ ਹੋ ਕੇ ਚਲ ਕੇ ਆ ਗਏ ਤੇ ਪਾਉਂਟੇ ਨਗਰ ਦੇ ਨੇੜੇ ਆ ਗਏ। ਆਪਣੇ ਡੇਰੇ ਵਿਚ ਆ ਉਤਾਰਾ ਕੀਤਾ ਤੇ ਰਾਤ ਪੈਣ 'ਤੇ ਸੌਂ ਗਏ॥੪੪॥

ਭਈ ਭੋਰ ਉਠਿ ਕੀਨਿ ਸ਼ਨਾਨਾ। ਸ਼ਸਤ੍ਰ ਬਸਤ੍ਰ ਪਹਿਰੇ ਸਵਧਾਨਾ।
ਸ੍ਰੀ ਕਲਗ਼ੀਧਰ ਕੇ ਦਰਬਾਰ। ਸੁਨਿ ਕਰਿ ਪਹੁੰਚੇ ਆਨੰਦ ਧਾਰਿ॥ ੪੫॥

ਸਵੇਰ ਹੋਈ ਤਾਂ ਉੱਠ ਕੇ ਇਸ਼ਨਾਨ ਕੀਤਾ ਤੇ ਸ਼ਸਤਰ ਵਸਤਰ ਪਹਿਨ ਕੇ ਸਾਵਧਾਨ ਹੋ ਗਏ। ਫਿਰ ਸ੍ਰੀ ਕਲਗੀਧਰ ਦੇ ਦਰਬਾਰ ਬਾਰੇ ਸੁਣ ਕੇ ਅਨੰਦ ਧਾਰ ਕੇ ਦਰਬਾਰ ਵਿਚ ਪਹੁੰਚ ਗਏ॥੪੫॥

*ਪਹਿਲੀ ਰੁੱਤ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੮॥*

## ਅਧਿਆਇ ਉਣੰਜਵਾਂ

*ਫ਼ਤਹਿ ਸ਼ਾਹ ਮਿਲਿਆ*

ਦੋਹਰਾ- ਨਿਕਟ ਪਹੁੰਚਿ ਸਤਿਗੁਰੂ ਕੇ ਪਦ ਅਰਬਿੰਦ ਨਿਹਾਰਿ।
ਹਾਥ ਬੰਦਿ ਬੰਦਨ ਕਰੀ ਬੈਠੇ ਸਭਾ ਮਝਾਰ॥ ੧॥

ਸਤਿਗੁਰੂ ਜੀ ਦੇ ਪਾਸ ਪਹੁੰਚ ਕੇ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਵੇਖ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਭ ਦੇ ਵਿਚ ਬੈਠ ਗਏ॥੧॥

ਚੌਪਈ- ਸ੍ਰੀ ਕਲਗ਼ੀਧਰ ਕੋ ਰੁਖ਼ ਪਾਯੋ। ਜੋ ਪ੍ਰਸੰਗ ਭਾ ਸਕਲ ਸੁਨਾਯੋ।
'ਪ੍ਰਭੂ ! ਆਪ ਤੁਮ ਅੰਤਰਜਾਮੀ। ਸਭਿ ਘਟ ਕੇ ਮਾਲਿਕ ਜਗ ਸ੍ਵਾਮੀ॥੨॥

ਫਿਰ ਸ੍ਰੀ ਕਲਗ਼ੀਧਰ ਜੀ ਦੇ ਰੁਖ਼ ਨੂੰ ਵੇਖਿਆ, ਜਿਹੜਾ ਪ੍ਰਸੰਗ ਹੋਇਆ ਸੀ ਸਾਰਾ ਸੁਣਾਇਆ। "ਹੇ ਪ੍ਰਭੂ ਜੀ ! ਤੁਸੀਂ ਆਪ ਅੰਤਰਜਾਮੀ ਹੋ, ਸਾਰਿਆਂ ਦੇ ਦਿਲਾਂ ਦੇ ਮਾਲਕ ਤੇ ਜਗਤ ਦੇ ਸਵਾਮੀ ਹੋ॥੨॥

ਕਰੀ ਕ੍ਰਿਪਾ ਤਿਨ ਤ੍ਰਾਸ ਮਿਟਾਯੋ।ਸਭਿ ਪੁਰਿ ਕੇ ਧੀਰਜ ਅਬਿ ਆਯੋ।
ਕਹਯੋ ਆਪ ਕੋ ਜਬਹਿ ਸੁਨਾਇਵ। ਬਨਯੋ ਮ੍ਰਿਦੁਲ ਅਰੁ ਮਿਲਨਿ ਅਲਾਇਵ॥੩॥

ਆਪ ਜੀ ਨੇ ਕ੍ਰਿਪਾ ਕਰਕੇ ਉਸ ਦਾ ਡਰ ਖਤਮ ਕਰ ਦਿੱਤਾ ਹੈ, ਸਾਰੇ ਨਗਰ ਨੂੰ ਹੁਣ ਧੀਰਜ ਆਇਆ ਹੈ। ਆਪ ਜੀ ਦਾ ਕਿਹਾ ਜਦ ਸੁਣਾਇਆ ਤਾਂ ਉਸੇ ਵੇਲੇ ਨਰਮ ਹੋ ਗਿਆ ਅਤੇ ਮਿਲਣ ਵਾਸਤੇ ਕਿਹਾ॥੩॥

ਹਰਖਯੋ ਉਰ ਕਹਿ ਹਮ ਅਨੁਸਾਰੇ। ਆਸ਼ੈ ਲਖੇ ਬਿਨਾ ਭ੍ਰਮ ਧਾਰੇ।
ਸੁਨਯੋ ਨਰਨਿ ਤੇ ਚਲਯੋ ਪਲਾਈ। ਕਹਿ ਬਹਿਲੋ ਕੇ ਧੀਰ ਉਪਾਈ॥੪॥

ਹਿਰਦੇ ਵਿਚ ਪ੍ਰਸੰਨ ਹੋ ਕੇ ਕਿਹਾ ਕਿ ਮੈਂ ਉਨ੍ਹਾਂ ਦੀ ਆਗਿਆ ਅਨੁਸਾਰ ਹਾਂ, ਆਸ਼ਾ ਸਮਝਣ ਤੋਂ ਬਗੈਰ ਭਰਮ ਧਾਰਨ ਕੀਤਾ ਸੀ। ਮਨੁੱਖਾਂ ਪਾਸੋਂ ਸੁਣ ਕੇ ਭੱਜ ਚਲਿਆ ਸੀ, ਬਹਿਲੋ ਦੇ ਪੁੱਤਰ ਨੇ ਕਹਿ ਕੇ ਧੀਰਜ ਦਿੱਤੀ ਸੀ॥੪॥

ਤਊ ਨ ਠਹਿਰਤਿ ਜਾਨਯੋ ਪਰੈ। ਅਨਤੈ ਚਲਨਿ ਮਨੋਰਥ ਧਰੈ।
ਆਸ਼ੈ ਤਿਸ ਕੋ ਜਾਨਯੋ ਜਾਈ। ਮਿਲਹਿ ਕਿਤਿਕ ਦਿਨ ਮਹਿਂ ਤੁਮ ਤਾਈਂ॥੫॥

ਫਿਰ ਵੀ ਜਾਣ ਪੈਂਦਾ ਹੈ ਕਿ ਉਥੇ ਰਹਿਣ ਵਾਸਤੇ ਤਿਆਰ ਨਹੀਂ ਸੀ, ਹੋਰ ਕਿਤੇ ਜਾਣ ਦਾ ਮਨੋਰਥ ਧਾਰਨ ਕੀਤਾ ਸੀ। ਉਸ ਦਾ ਹੁਣ ਆਸ਼ਾ ਜਾਣਿਆ ਜਾਂਦਾ ਹੈ, ਕੁਝ ਦਿਨਾਂ ਵਿਚ ਹੀ ਆਪ ਜੀ ਨੂੰ ਮਿਲੇਗਾ"॥੫॥

**ਸਤਿਗੁਰ ਕਹਜੋ 'ਤ੍ਰਾਸ ਕਜੋਂ ਧਾਰਾ। ਕਹਾਂ ਹਮਾਰੋ ਕਾਜ ਬਿਗਾਰਾ।**
**ਬਸਹਿ ਨਿਸ਼ੰਕ ਦੂਣ ਕੇ ਮਾਂਹੀ। ਬਿਨ ਕਾਰਨ ਕੁਛ ਕੋ ਕਹਿ ਨਾਂਹੀ' ॥ ੬ ॥**

ਸਤਿਗੁਰੂ ਜੀ ਨੇ ਕਿਹਾ, "ਡਰ ਕਿਉਂ ਧਾਰਨ ਕੀਤਾ ਸੀ, ਸਾਡਾ ਉਸ ਕਿਹੜਾ ਕੰਮ ਵਿਗਾੜਿਆ ਸੀ। ਉਹ ਨਿਸ਼ੰਕ ਹੋ ਕੇ ਦੂਣ ਵਿਚ ਵਸੇ, ਕਾਰਨ ਤੋਂ ਬਿਨਾਂ ਉਸ ਨੂੰ ਕੁਝ ਨਹੀਂ ਕਹਾਂਗੇ" ॥੬॥

**ਇਮ ਕਹਿ ਅਪਰ ਖਜਾਲ ਬਿਰਮਾਏ। ਨਗਰ ਪਾਂਵਟੇ ਨਰ ਸਮੁਦਾਏ।**
**ਆਇ ਹਜ਼ਾਰਹੁਂ ਨਿਤ ਦਰਸੈ ਹੈਂ। ਕਿਤਿਕ ਜਾਇਂ ਅਰੁ ਕਿਤਿਕ ਬਸੈ ਹੈਂ ॥੭॥**

ਇਸ ਤਰ੍ਹਾਂ ਕਹਿ ਕੇ ਹੋਰ ਖਿਆਲਾਂ ਵਿਚ ਪਲਟ ਗਏ। ਪਾਉਂਟੇ ਨਗਰ ਵਿਚ ਮਨੁੱਖ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਕੇ ਆਉਂਦੇ ਸਨ ਤੇ ਨਿਤ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਕਈ ਚਲੇ ਜਾਂਦੇ ਸਨ ਤੇ ਕਈ ਉਥੇ ਹੀ ਰਹਿ ਪੈਂਦੇ ਸਨ ॥੭॥

**ਕਿਤਿਕ ਦੂਰ ਪੁਰਿ ਬਸਹਿ ਸਢੌਰਾ। ਬੁੱਧੂ ਸ਼ਾਹਿ ਸਦਨ ਤਿਸ ਠੌਰਾ।**
**ਮਗ ਖ਼ੁਦਾਇ ਕੋ ਪ੍ਰੇਮੀ ਅਹੈ। ਸੰਤਨਿ ਸੰਗ ਮਿਲਿਨਿ ਚਿਤ ਚਹੈ॥ ੮ ॥**

ਕੁਝ ਕੁ ਦੂਰੀ ਉੱਤੇ ਇਕ ਸਢੌਰਾ ਨਾਮ ਦਾ ਕਸਬਾ ਵਸਦਾ ਹੈ ਉਸ ਨਗਰ ਵਿਚ ਬੁੱਧੂ ਸ਼ਾਹ ਨਾਮੀਂ ਫਕੀਰ ਦਾ ਘਰ ਹੈ। ਉਹ ਖ਼ੁਦਾ ਦੇ ਮਾਰਗ ਦਾ ਵੱਡਾ ਪ੍ਰੇਮੀ ਹੈ ਤੇ ਸੰਤਾਂ ਨਾਲ ਮਿਲਣ ਨੂੰ ਉਸ ਦਾ ਸਦਾ ਚਿੱਤ ਚਾਹੁੰਦਾ ਸੀ ॥੮॥

**'ਆਏ ਨਿਕਟ ਗੁਰੂ' ਤਿਨ ਸੁਨੇ। 'ਜਿਨ ਕੀ ਉਪਮਾ ਨਰ ਗਨ ਭਨੇ।**
**ਸ੍ਰੀ ਨਾਨਕ ਗਾਦੀ ਕੋ ਮਾਲਿਕ। ਦੀਨ ਦੁਨੀ ਸਭਿ ਜਿਸ ਕੋ ਤਾਲਿਕ ॥ ੯ ॥**

"ਜੋ ਗੁਰੂ ਜੀ ਪਾਸ ਆਉਣਾ" ਤਾਂ ਉਨ੍ਹਾਂ ਨੂੰ ਸੁਣੀਦੇ, "ਜਿਨ੍ਹਾਂ ਦੀ ਉਪਮਾ ਬਹੁਤ ਮਨੁੱਖ ਕਰਦੇ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ, ਦੀਨ ਦੁਨੀ ਸਭ ਜਿਸ ਦੇ ਅਧੀਨ ਹੈ ॥੯॥

**ਜਿਸ ਪਰ ਕ੍ਰਿਪਾ ਕਰਹਿਂ ਅਧਿਕਾਇ। ਮਗ ਖ਼ੁਦਾਇ ਕੋ ਦੇਤਿ ਬਤਾਇ'।**
**ਇੱਤਜਾਦਿਕ ਮਹਿਮਾ ਸੁਨਿ ਸ਼੍ਰੋਨ। ਤਜਾਰੀ ਕਰੀ ਚਲਨਿ ਕੀ ਤੌਨ ॥ ੧੦ ॥**

ਜਿਸ ਉੱਤੇ ਵੱਡੀ ਕ੍ਰਿਪਾ ਕਰਦੇ ਹਨ, ਉਸ ਨੂੰ ਖ਼ੁਦਾ ਦਾ ਮਾਰਗ ਦੱਸ ਦਿੰਦੇ ਹਨ।" ਇਸ ਤਰ੍ਹਾਂ ਦੀ ਬਹੁਤ ਮਹਿਮਾ ਕੰਨਾਂ ਨਾਲ ਸੁਣ ਕੇ ਪੀਰ ਬੁੱਧੂ ਸ਼ਾਹ ਨੇ ਚਲਣ ਦੀ ਤਿਆਰੀ ਕੀਤੀ ॥੧੦॥

**ਬ੍ਰਿੰਦ ਮੁਰੀਦ ਦੇਸ਼ ਮਹਿਂ ਜਿਸ ਕੇ। ਨਿਤ ਅਨੁਸਾਰਿ ਕਹੇ ਮਹਿਂ ਤਿਸ ਕੇ।**
**ਕਿਤਿਕ ਇਕੱਤ੍ਰ ਕਰੇ ਬੁਲਿਵਾਇ। ਦਰਸ਼ਨ ਹਿਤ ਗਮਨੇ ਉਤਲਾਇ ॥ ੧੧ ॥**

ਦੇਸ਼ ਵਿਚ ਜਿਸ ਦੇ ਬਹੁਤ ਮੁਰੀਦ ਰਹਿੰਦੇ ਸਨ, ਸਦਾ ਹੀ ਉਹ ਪੀਰ ਦੀ ਆਗਿਆ ਅਤੇ ਕਹੇ ਅਨੁਸਾਰ ਰਹਿੰਦੇ ਸਨ। ਕਈਆਂ ਨੂੰ ਇਕੱਤਰ ਕਰਕੇ ਬੁਲਵਾ ਲਿਆ ਤੇ ਦਰਸ਼ਨਾਂ ਵਾਸਤੇ ਬੜੇ ਉਤਾਵਲੇ ਹੋ ਕੇ ਚਲੇ ਗਏ ॥੧੧॥

**ਆਨਿ ਪਾਂਵਟੇ ਡੇਰਾ ਕਰਜੋ। ਮਿਲਿਨਿ ਮਨੋਰਥ ਕੋ ਉਰ ਧਰਜੋ।**
**ਬੈਠੇ ਗੁਰ ਲਾਗਜੋ ਦਰਬਾਰ। ਆਨਿ ਕਰਜੋ ਦਰਸ਼ਨ ਸੁਖਸਾਰ॥ ੧੨ ॥**

ਪਾਉਂਟੇ ਵਿਚ ਆ ਕੇ ਡੇਰਾ ਕੀਤਾ ਤੇ ਗੁਰੂ ਜੀ ਨਾਲ ਮਿਲਣ ਦੇ ਮਨੋਰਥ ਨੂੰ ਹਿਰਦੇ ਵਿਚ ਧਾਰਨ ਕੀਤਾ। ਦਰਬਾਰ ਲੱਗਾ ਹੋਇਆ ਸੀ ਤੇ ਗੁਰੂ ਜੀ ਦਰਬਾਰ ਵਿਚ ਬੈਠੇ ਸਨ। ਪੀਰ ਬੁੱਧੂ ਸ਼ਾਹ ਨੇ ਆ ਕੇ ਸੁਖਮਈ ਦਰਸ਼ਨ ਕੀਤੇ ॥੧੨॥

**ਧਰਿ ਅਕੋਰ ਕੋ ਸੀਸ ਨਿਵਾਯੋ। ਪਿਖਿ ਸਰੂਪ ਕੋ ਨਹਿਂ ਤ੍ਰਿਪਤਾਯੋ।**
**ਲਖਿ ਦਰਵੇਸ਼ ਗੁਰਨਿ ਸਨਮਾਨਾ। ਸਹਿਤ ਮੁਰੀਦਨਿ ਬੈਠਨਿ ਠਾਨਾ ॥ ੧੩ ॥**

ਉਪਹਾਰ ਧਰ ਕੇ ਸੀਸ ਨਿਵਾਇਆ ਤੇ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰਕੇ ਤ੍ਰਿਪਤ ਨਹੀਂ ਸੀ ਹੋ ਰਿਹਾ। ਦਰਵੇਸ਼ ਸਮਝ ਕੇ ਗੁਰੂ ਜੀ ਨੇ ਸਨਮਾਨ ਕੀਤਾ ਤੇ ਬੁੱਧੂ ਸ਼ਾਹ ਆਪਣੇ ਮੁਰੀਦਾਂ ਸਹਿਤ ਬੈਠ ਗਿਆ॥੧੩॥

**ਬੂਝਨਿ ਕਰੇ 'ਬਸਤ ਹਹੁ ਕਹਾਂ?। ਕਿਸ ਕਾਰਜ ਤੇ ਆਵਨ ਇਹਾਂ?।**
**ਅਹੋ ਕੌਨ ਕਜਾ ਨਾਮ ਤੁਮਾਰਾ? ਕਹਹੁ ਪ੍ਰਸੰਗ ਆਪਨੋ ਸਾਰਾ' ॥ ੧੪ ॥**

ਫਿਰ ਗੁਰੂ ਜੀ ਨੇ ਪੁਛਿਆ, "ਕਿੱਥੇ ਰਹਿੰਦੇ ਹੋ, ਕਿਸ ਕਾਰਜ ਲਈ ਏਥੇ ਆਏ ਹੋ? ਕੌਣ ਹੋ ਤੇ ਆਪ ਜੀ ਦਾ ਕੀ ਨਾਮ ਹੈ? ਆਪਣੇ ਬਾਰੇ ਸਾਰਾ ਪ੍ਰਸੰਗ ਸੁਣਾਓ"॥੧੪॥

**ਸੁਨਿ ਕਰ ਜੋਰਤਿ ਬਾਕ ਬਖਾਨੋ। 'ਸੱਯਦ ਜਾਤਿ ਦੇਹ ਕੀ ਜਾਨੋ।**
**ਸ਼ਹਿਰ ਸਢੌਰੇ ਮਹਿਂ ਘਰ ਅਹੈਂ। ਬੁੱਧੂਸ਼ਾਹ ਨਾਮ ਜਗ ਕਹੈ॥ ੧੫ ॥**

ਇਹ ਸੁਣ ਕੇ ਪੀਰ ਬੁੱਧੂ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਸਾਡੇ ਸਰੀਰ ਦੀ ਜਾਤੀ ਸੱਯਦ ਜਾਣੋ ਤੇ ਸਾਡਾ ਘਰ ਸਢੌਰੇ ਸ਼ਹਿਰ ਵਿਚ ਹੈ ਤੇ ਬੁੱਧੂ ਸ਼ਾਹ ਜਗ ਵਾਲੇ ਸਾਡਾ ਨਾਮ ਕਹਿੰਦੇ ਹਨ॥੧੫॥

**ਮਹਿਮਾ ਸੁਨੀ ਘਨੀ ਬਹੁ ਦਿਨ ਤੇ। ਚਹਤਿ ਮਿਲਨਿ ਕੋ ਪ੍ਰੀਤੀ ਮਨ ਤੇ।**
**ਅਬਿ ਹਜ਼ੂਰ ਨੇ ਮੇਲਨਿ ਕੀਨਿ। ਬਨਹਿ ਨ ਬਿਛੁਰਨਿ ਮੈਂ ਲਖਿ ਲੀਨਿ॥੧੬॥**

ਕਈਆਂ ਦਿਨਾਂ ਤੋਂ ਆਪ ਜੀ ਦੀ ਵੱਡੀ ਮਹਿਮਾ ਸੁਣੀ ਹੈ ਤੇ ਮਨ ਦੀ ਪ੍ਰੀਤ ਕਰਕੇ ਮਿਲਣ ਨੂੰ ਚਾਹਿਆ ਹੈ। ਹੁਣ ਹਜ਼ੂਰ ਨੇ ਮੇਲ ਲਿਆ ਹੈ, ਹੁਣ ਵਿਛੜਨਾ ਬਣਦਾ ਨਹੀਂ ਹੈ, ਇਹ ਮੈਂ ਸਮਝ ਲਿਆ ਹੈ॥੧੬॥

**ਐਸੀ ਮਿਲਨੀ ਅਬਿ ਮਿਲਿ ਗਯੋ। ਲੇ ਦਰਸ਼ਨ ਕੋ ਮਨ ਦੇ ਦਿਯੋ।**
**ਅਸ ਬਿਵਹਾਰ ਬਿਨਾ ਮੁਖ ਬੋਲੇ। ਹੋਇ ਚੁਕਜੋ ਤੂਰਨ ਬਿਨ ਤੋਲੇ॥ ੧੭ ॥**

ਐਸੀ ਮਿਲਣੀ ਹੁਣ ਮਿਲ ਗਏ ਹਾਂ ਕਿ ਦਰਸ਼ਨ ਕਰਕੇ ਮਨ ਦੇ ਬੈਠੇ ਹਾਂ। ਹੁਣ ਬਿਨਾਂ ਤੋਲੇ ਤੇ ਬਿਨਾਂ ਮੁਖੋਂ ਬੋਲੇ ਹੀ ਐਸਾ ਵਿਹਾਰ ਦਰਸ਼ਨ ਲੈ ਕੇ ਮਨ ਦੇ ਦੇਣ ਦਾਂ ਹੋ ਚੁੱਕਾ ਹੈ॥੧੭॥

**ਜਿਸ ਤੇ ਫੇਰ ਨ ਵਿਰਨਾ ਹੋਇ। ਬਹੁ ਦਿਨ ਕੇ ਦਾਰਿਦ ਦੁਖ ਖੋਇ'।**
**ਉਕਤਿ ਜੁਗਤਿ ਸਤਿਗੁਰ ਜਬਿ ਸੁਨੀ। ਰੀਝਿ ਮੌਜ ਕਰੁਨਾ ਕਿਯ ਘਨੀ॥੧੮॥**

ਜਿਸ ਤੋਂ ਫੇਰ ਨਹੀਂ ਵਿਰਨਾ ਹੋਵੇਗਾ, ਬਹੁਤ ਦਿਨਾਂ ਦੇ ਦਲਿਦਰ ਦੇ ਦੁਖ ਨੂੰ ਗਵਾ ਲਿਆ ਹੈ।" ਇਸ ਪ੍ਰਕਾਰ ਦੀ ਜੁਗਤੀ ਜਦ ਸਤਿਗੁਰੂ ਜੀ ਨੇ ਸੁਣੀ ਤਾਂ ਖ਼ੁਸ਼ੀ ਦੀ ਲਹਿਰ ਵਿਚ ਬਹੁਤ ਕਿਰਪਾ ਕੀਤੀ॥੧੮॥

**ਗੁਰ ਦਰਬਾਰ ਰਹਜੋ ਲਗਿ ਜਾਵਤ। ਲੇਤਿ ਰਹਜੋ ਦਰਸ਼ਨ ਕੋ ਤਾਵਤ।**
**ਪੁਨ ਉਠਿ ਪ੍ਰਭੁ ਜੀ ਭਏ ਇਕੰਤ। ਸਭਿ ਨਿਜ ਥਾਨ ਗਏ ਹਰਖੰਤਿ॥ ੧੯ ॥**

ਜਦ ਤਕ ਗੁਰੂ ਜੀ ਦਾ ਦਰਬਾਰ ਲੱਗਾ ਰਿਹਾ, ਤਦ ਤਕ ਪੀਰ ਜੀ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ। ਫਿਰ ਉੱਠ ਕੇ ਪ੍ਰਭੂ ਜੀ ਇਕਾਂਤ ਵਿਚ ਚਲੇ ਗਏ ਤੇ ਸਾਰੇ ਪ੍ਰਸੰਨ ਹੋ ਕੇ ਆਪਣੇ-ਆਪਣੇ ਸਥਾਨਾਂ 'ਤੇ ਚਲੇ ਗਏ॥੧੯॥

**ਨੰਦ ਚੰਦ ਕੋ ਕਹਜੋ ਸੁਨਾਈ। 'ਸੱਯਦ ਕੀ ਸੁਧਿ ਲੀਜਹਿ ਜਾਈ।**
**ਆਛੇ ਥਾਨ ਕਰਾਇ ਨਿਵੇਸ਼। ਖਾਨ ਪਾਨ ਪਹੁੰਚਾਇ ਅਸ਼ੇਸ਼॥ ੨੦॥**

ਫਿਰ ਗੁਰੂ ਜੀ ਨੇ ਨੰਦ ਚੰਦ ਨੂੰ ਕਹਿ ਕੇ ਸੁਣਾਇਆ, "ਜਾ ਕੇ ਸੱਯਦ ਦੀ ਖ਼ਬਰ ਸਾਰ ਲਵੋ। ਚੰਗੇ ਸਥਾਨ 'ਤੇ ਉਨ੍ਹਾਂ ਦਾ ਵਾਸਾ ਕਰਾਵੋ ਤੇ ਖਾਣ ਪੀਣ ਵਾਸਤੇ ਸਭ ਕੁਝ ਭੇਜ ਦੇਵੋ॥੨੦॥

ਬ੍ਰਿੰਦ ਮੁਰੀਦ ਸੰਗ ਜਿਸ ਅਹੈਂ। ਗੁਰ ਘਰ ਮਹਿਂ ਸ਼ਰਧਾ ਉਰ ਲਹੈਂ।
ਸੁਨਿ ਦਿਵਾਨ ਸਭਿ ਵਸਤੁ ਪੁਚਾਈ। ਸੁਖ ਸਮੇਤ ਨਿਸ ਤਿਨਹੁਂ ਬਿਤਾਈ॥੨੧॥

ਜਿਸ ਦੇ ਨਾਲ ਬਹੁਤ ਮੁਰੀਦ ਆਏ ਹਨ, ਉਸ ਨੇ ਗੁਰੂ ਘਰ ਵਿਚ ਸ਼ਰਧਾ ਧਾਰਨ ਕੀਤੀ ਹੈ।" ਇਹ ਸੁਣ ਕੇ ਦੀਵਾਨ ਨੇ ਸਭ ਵਸਤਾਂ ਪਹੁੰਚਾ ਦਿੱਤੀਆਂ ਤੇ ਉਨ੍ਹਾਂ ਨੇ ਸੁਖ ਸਮੇਤ ਰਾਤ ਬਤੀਤ ਕੀਤੀ॥੨੧॥

ਪ੍ਰਾਤਿ ਹੋਤਿ ਗੁਰ ਚਢੇ ਅਖੇਰ। ਜੁਰਰੇ ਬਾਜ 'ਸਮਾਜ ਬਡੇਰ।
ਪਾਂਚਹੁਂ ਭ੍ਰਾਤ ਤੁਰੰਗ ਅਰੂਢੇ। ਸੈਨ ਸੰਗ ਗਮਨੇ ਬਨ ਗੂਢੇ॥ ੨੨॥

ਸਵੇਰ ਹੋਣ 'ਤੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਜੁਰਰੇ, ਬਾਜ਼ ਤੇ ਹੋਰ ਬਹੁਤ ਸਮਾਜ ਨਾਲ ਸੀ। ਪੰਜੇ ਭੂਆ ਜੀ ਦੇ ਪੁੱਤਰ ਭਰਾ ਵੀ ਘੋੜਿਆਂ 'ਤੇ ਚੜ੍ਹ ਗਏ ਤੇ ਸੈਨਾਂ ਸਮੇਤ ਸੰਘਣੇ ਜੰਗਲ ਵਿਚ ਪ੍ਰਵੇਸ਼ ਕਰ ਗਏ॥੨੨॥

ਕਬਿ ਸਤਿਗੁਰ ਆਰੋਹਿ ਮਤੰਗਂ। ਕਬਿਹੂੰ ਚੰਚਲ ਬਲੀ ਤੁਰੰਗਂ।
ਸੁਨਹਿਂ ਸ਼ੇਰ, ਤਿਤ ਕੋ ਚਢਿ ਜਾਵੈਂ। ਨਿਜ ਸੁਭਟਨਿ ਕੋ ਕਹਿ ਹਤਵਾਵੈਂ॥੨੩॥

ਸਤਿਗੁਰੂ ਜੀ ਕਦੀ ਹਾਥੀ ਉੱਤੇ ਚੜ੍ਹ ਜਾਂਦੇ ਸਨ ਤੇ ਕਦੀ ਚੰਚਲ ਬਲਵਾਨ ਘੋੜੇ ਦੀ ਸਵਾਰੀ ਕਰਦੇ ਸਨ। ਜਿਧਰ ਵੀ ਸ਼ੇਰ ਦੇ ਹੋਣ ਬਾਰੇ ਸੁਣਦੇ, ਉਸ ਪਾਸੇ ਵਲ ਹੀ ਚੜ੍ਹ ਕੇ ਚਲੇ ਜਾਂਦੇ ਸਨ ਤੇ ਆਪਣੇ ਸੂਰਮਿਆਂ ਨੂੰ ਕਹਿ ਕੇ ਸ਼ੇਰ ਦਾ ਸ਼ਿਕਾਰ ਕਰਵਾਉਂਦੇ ਸਨ॥੨੩॥

ਅਨਿਕ ਜਾਤਿ ਕੇ ਮ੍ਰਿਗ ਸਮੁਦਾਯਾ। ਰੋਝ ਝੰਖਾਰਨ ਕੇਤਿਕ ਆਯਾ।
ਹਤਹਿਂ ਸ਼ੇਰ ਇਕ ਦੁਇ ਜਬਿ ਚਢਹਿਂ। ਭੈਦਾਯਕ ਬਨ ਬੀਨਤਿ ਕਢਹਿਂ॥੨੪॥

ਅਨੇਕ ਜਾਤੀਆਂ ਦੇ ਹਿਰਨ ਸਨ, ਨੀਲ ਗਾਈਆਂ ਅਤੇ ਬਾਰਾਂਸਿੰਗੇ ਬਹੁਤ ਆਏ। ਇਕ ਦੋ ਸ਼ੇਰ ਵੀ ਮਾਰਦੇ ਸਨ ਜਦ ਸ਼ਿਕਾਰ ਖੇਡਣ ਵਾਸਤੇ ਚੜ੍ਹਾਈ ਕਰਦੇ ਸਨ। ਭਿਆਨਕ ਜੰਗਲ ਵਿਚੋਂ ਚੁਣ ਕੇ ਕੱਢਦੇ ਸਨ॥੨੪॥

ਏਕ ਜਾਮ, ਜੁਗ ਜਾਮ ਬਿਹਾਰੈਂ। ਜਿਤ ਕਿਤ ਖੇਲਤਿ ਰੌਰ ਪਸਾਰੈਂ।
ਬਡ ਬਾਜਤਿ ਰਣਜੀਤ ਨਗਾਰਾ। ਦੂਰ ਦੂਰ ਲਗਿ ਸੁਨਹਿਂ ਉਦਾਰਾ॥੨੫॥

ਇਕ ਜਾਂ ਦੋ ਪਹਿਰ ਜੰਗਲ ਵਿਚ ਵਿਚਰਦੇ ਸਨ, ਜਿਧਰ ਕਿਧਰ ਸ਼ਿਕਾਰ ਖੇਡਦੇ ਬਹੁਤ ਸ਼ੋਰ ਮਚਾਉਂਦੇ ਸਨ। ਰਣਜੀਤ ਨਗਾਰਾ ਬਹੁਤ ਉੱਚੀ ਵੱਜਦਾ ਸੀ। ਜਿਹੜਾ ਦੂਰ-ਦੂਰ ਤਕ ਚੰਗੀ ਤਰ੍ਹਾਂ ਸੁਣਾਈ ਦਿੰਦਾ ਸੀ॥੨੫॥

ਭਏ ਦੁਪਹਿਰੇ ਲਗਿ ਗੁਰ ਆਵਹਿਂ। ਭੋਜਨ ਕਰਿ ਅਰਾਮ ਕੋ ਪਾਵਹਿਂ।
ਉਠਹਿਂ ਛਕਹਿਂ ਜਲ ਸੁਖ ਕੇਰਾ। ਸੌਚ ਸ਼ਨਾਨ ਕਰਹਿਂ ਤਿਸ ਬੇਰਾ॥੨੬॥

ਦੁਪਹਿਰ ਹੋਣ ਤਕ ਗੁਰੂ ਜੀ ਵਾਪਸ ਆ ਜਾਂਦੇ ਸਨ ਤੇ ਭੋਜਨ ਕਰਕੇ ਆਰਾਮ ਪਾਉਂਦੇ ਸਨ। ਫਿਰ ਉੱਠ ਕੇ ਸੁਖਦਾਇਕ ਜਲ ਛਕਦੇ ਤੇ ਉਸ ਸਮੇਂ ਸੋਚ ਇਸ਼ਨਾਨ ਕਰਦੇ ਸਨ॥੨੬॥

ਦੇਖਿ ਦੇਖਿ ਦਰਸ਼ਨ ਅਰੁ ਦਲ ਕੋ। ਸਕਲ ਦੂਨ ਬਹਿ ਬਰਨਹਿਂ ਬਲ ਕੋ।
ਪੁਰਿ ਸ੍ਰੀ ਨਗਰ ਰਾਜ ਕੋ ਕਰਿਹੀ। ਫਤੇਸ਼ਾਹ ਤਿਹ ਨਾਮ ਉਚਰਿਹੀ॥੨੭॥

ਗੁਰੂ ਜੀ ਦੇ ਦਰਸ਼ਨਾਂ ਅਤੇ ਸੈਨਾਂ ਨੂੰ ਵੇਖ-ਵੇਖ ਕੇ, ਸਾਰੇ ਦੂਣ ਵਿਚ ਉਨ੍ਹਾਂ ਦੀ ਸ਼ਕਤੀ ਦਾ ਵਰਣਨ ਕਰਦੇ ਸਨ। ਜਿਹੜਾ ਸ੍ਰੀ ਨਗਰ ਨਗਰੀ ਦਾ ਰਾਜਾ ਸੀ, ਉਸ ਦਾ ਨਾਮ ਫਤਹਿ ਸ਼ਾਹ ਉਚਾਰਨ ਕਰਦੇ ਸਨ॥੨੭॥

ਤਿਹ ਸਮੀਪ ਬਹੁ ਜਾਇ ਕਹੰਤੇ। 'ਸਤਿਗੁਰ ਜੋਧੇ ਅਤਿ ਬਲਵੰਤੇ।
ਸੁੰਦਰ ਮੰਦਿਰ ਗੁਨਨਿ ਸਰੂਪ। ਸੁਨਜੋ ਮਦਨ ਅਸ ਹੋਇ ਅਨੂਪ॥ ੨੮॥

ਉਨ੍ਹਾਂ ਪਾਸ ਜਾ ਕੇ ਬਹੁਤ ਲੋਕ ਕਹਿੰਦੇ ਸਨ, "ਸਤਿਗੁਰੂ ਜੀ ਵੱਡੇ ਯੋਧੇ ਅਤੇ ਬਲਵਾਨ ਹਨ। ਸੁੰਦਰ ਸਰੂਪ ਤੇ ਗੁਣਾਂ ਦੇ ਮੰਦਰ ਹਨ, ਸੁਣਿਆ ਹੈ ਕਿ ਕਾਮਦੇਵ ਵੀ ਐਸਾ ਅਨੂਪਮ ਨਹੀਂ ਸੀ॥੨੮॥

**ਅਪਰ ਨ ਜਗ ਮਹਿਂ ਪਈਯਤਿ ਕੋਈ। ਰੁਚਿਰ ਸਰੀਰ ਹੋਇ ਸਮ ਜੋਈ।**
**ਅਧਿਕ ਸੁਸ਼ੀਲ ਬੀਰਤਾ ਭਰਜੋ। ਕਰਾਮਾਤ ਪੂਰਨ, ਦੁਖਦਰਜੋ॥ ੨੯॥**

ਉਨ੍ਹਾਂ ਵਰਗਾ ਹੋਰ ਕੋਈ ਜਗ ਵਿਚ ਨਹੀਂ ਵੇਖਿਆ ਹੈ ਜਿਸ ਦਾ ਉਨ੍ਹਾਂ ਵਰਗਾ ਸੁੰਦਰ ਸਰੀਰ ਹੋਵੇ। ਬੀਰਤਾ ਨਾਲ ਭਰੇ ਹੋਏ ਹਨ, ਪਰ ਫਿਰ ਵੀ ਬਹੁਤ ਆਚਰਣਸ਼ੀਲ ਹਨ। ਕਰਾਮਾਤ ਵਿਚ ਪੂਰਨ ਹਨ ਤੇ ਦੁਖਾਂ ਦੇ ਨਾਸ਼ ਕਰਤਾ ਹਨ"॥੨੯॥

**ਇੱਤਜਾਦਿਕ ਜਸੁ ਕਹਿ ਸਭਿ ਕੋਈ। ਸੁਨਜੋ ਨ੍ਰਿਪਤਿ ਰੁਚਿ ਮਿਲਿਬੇ ਹੋਈ।**
**ਸਗਰੀ ਸੈਨ ਬਟੋਰਨਿ ਕੀਨਿ। ਅਧਿਕ ਅਕੋਰਨ ਸੰਗਹਿ ਲੀਨਿ॥ ੩੦॥**

ਇਸ ਪ੍ਰਕਾਰ ਦਾ ਸਾਰੇ ਜੱਸ ਕਰਦੇ ਹਨ, ਜਦ ਰਾਜੇ ਫਤਹਿ ਸ਼ਾਹ ਨੇ ਇਸ ਬਾਰੇ ਸੁਣਿਆ ਤਾਂ ਮਿਲਣ ਦੀ ਖਾਹਿਸ਼ ਪੈਦਾ ਹੋਈ। ਸਾਰੀ ਸੈਨਾ ਉਸ ਇਕੱਠੀ ਕੀਤੀ ਤੇ ਬਹੁਤ ਉਪਹਾਰ ਆਪਣੇ ਨਾਲ ਲਏ॥੩੦॥

**ਫਤੇਸ਼ਾਹ ਹੁਇ ਤਜਾਰ ਮਹੀਪਾ। ਆਯਹੁ ਮਿਲਿਬੇ ਹੇਤੁ ਸਮੀਪਾ।**
**ਪ੍ਰਥਮ ਦਈ ਸੁਧਿ ਪਠਜੋ ਵਕੀਲਾ। ਗੁਰ ਦਰਬਾਰ ਲਗਾਇ ਛਬੀਲਾ॥ ੩੧॥**

ਫਤਹਿ ਸ਼ਾਹ ਰਾਜਾ ਫਿਰ ਤਿਆਰ ਹੋ ਗਿਆ ਤੇ ਗੁਰੂ ਜੀ ਨੂੰ ਮਿਲਣ ਵਾਸਤੇ ਉਨ੍ਹਾਂ ਦੇ ਪਾਸ ਆਇਆ। ਪਹਿਲਾਂ ਖ਼ਬਰ ਦਿੱਤੀ ਤੇ ਆਪਣਾ ਇਕ ਵਕੀਲ ਭੇਜਿਆ। ਗੁਰੂ ਨੇ ਆਪਣਾ ਦਰਬਾਰ ਲਾਇਆ ਹੋਇਆ ਸੀ॥੩੧॥

**ਨਰਨਿ ਹਜ਼ਾਰਨਿ ਕੋ ਸੰਗ ਲਜਾਯੋ। ਮਿਲਜੋ ਗੁਰੂ ਪਗ ਸੀਸ ਨਿਵਾਯੋ।**
**ਸੁਭਟਨਿ ਸਹਿਤ ਸ਼ਸਤ੍ਰ ਤਨ ਧਾਰੇ। ਥਿਰਜੋ ਭੂਪ ਤਬਿ ਪ੍ਰਭੁ ਅਗਾਰੇ॥ ੩੨॥**

ਰਾਜਾ ਹਜ਼ਾਰਾਂ ਮਨੁੱਖਾਂ ਨੂੰ ਨਾਲ ਲਿਆ ਕੇ ਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਸੀਸ ਨਿਵਾਇਆ। ਸੂਰਬੀਰਾਂ ਸਹਿਤ ਸਰੀਰ ਉੱਤੇ ਹਥਿਆਰ ਧਾਰਨ ਕੀਤੇ ਹੋਏ ਸੀ ਤੇ ਫਿਰ ਰਾਜਾ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ॥੩੨॥

**ਬੂਝਜੋ 'ਕੁਸ਼ਲ ਸ਼ਰੀਰ ਸੁ ਦੇਸ਼। ਸੈਨਾ, ਮੰਤ੍ਰੀ, ਕੋਸ਼ ਅਸ਼ੇਸ਼'।**
**'ਸਭਿ ਕੇ ਹੈ ਕੱਲਜਾਨ ਸਦੀਵਾ'। ਸੁਨਤਿ ਬਤਾਈ ਨ੍ਰਿਪ ਹ੍ਵੈ ਨੀਵਾ॥ ੩੩॥**

ਗੁਰੂ ਜੀ ਨੇ ਪੁਛਿਆ, "ਤੁਹਾਡਾ ਦੇਸ਼ ਅਤੇ ਸਰੀਰ ਕੁਸ਼ਲ ਹੈ, ਸੈਨਾ, ਮੰਤਰੀ ਅਤੇ ਸਾਰਾ ਧਨ ਆਦਿ ਠੀਕ ਹੈ?" ਇਹ ਸੁਣ ਕੇ ਰਾਜੇ ਨੇ ਸਿਰ ਨਿਵਾ ਕੇ ਦੱਸਿਆ, "ਸਭ ਕੁਝ ਠੀਕ ਠਾਕ ਹੈ"॥੩੩॥

**'ਰਾਜ ਕਿਤਿਕ?' ਪੁਨ ਬੂਝਨ ਕਰਜੋ। ਜਥਾ ਜੋਗ ਗੁਰ ਤੀਰ ਉਚਰਜੋ।**
**ਕਰਨਿ ਅਖੇਰ ਅਨੇਕ ਪ੍ਰਸੰਗੰ। ਕਹੇ ਪਰਸਪਰ ਹਰਖਿ ਉਮੰਗੰ॥ ੩੪॥**

"ਕਿਥੋਂ ਦੇ ਰਾਜਾ ਹੋ?" ਗੁਰੂ ਜੀ ਨੇ ਫਿਰ ਪੁਛਿਆ। ਰਾਜੇ ਨੇ ਯਥਾ ਯੋਗ ਗੁਰੂ ਜੀ ਪਾਸ ਉਚਾਰਨ ਕੀਤਾ। ਫਿਰ ਸ਼ਿਕਾਰ ਖੇਡਣ ਬਾਰੇ ਪ੍ਰਸੰਨ ਹੋ ਕੇ ਆਪਸ ਵਿਚ ਕਈ ਪ੍ਰਸੰਗ ਛੇੜੇ॥੩੪॥

**ਬਸਤ੍ਰ ਦਰਬ ਅਰੁ ਏਕ ਤੁਰੰਗਾ। ਅਰਪਨਿ ਕੀਨਿ ਭਾਵ ਕੇ ਸੰਗਾ।**
**ਕਿਤਿਕ ਕਾਲ ਮਹਿਂ ਚਢਿਬੇ ਚਾਹਾ। ਪ੍ਰਭੁ ਬਹੁ ਕਹਿ ਡੇਰਾ ਉਤਰਾਹਾ॥ ੩੫॥**

ਰਾਜੇ ਨੇ ਵਸਤਰ, ਧਨ ਅਤੇ ਇਕ ਘੋੜਾ ਬੜੇ ਪ੍ਰੇਮ ਦੇ ਨਾਲ ਅਰਪਣ ਕੀਤਾ। ਕੁਝ ਸਮੇਂ ਬਾਅਦ ਘੋੜੇ ਉੱਤੇ ਚੜ੍ਹਨਾ ਚਾਹਿਆ ਪਰ ਪ੍ਰਭੂ ਜੀ ਨੇ ਬਹੁਤ ਕਹਿ ਕੇ ਡੇਰਾ ਉਤਰਵਾ ਦਿੱਤਾ॥੩੫॥

**ਸੰਧਿ ਕਰਾਵਨਿ ਚਹਿਂ ਨ੍ਰਿਪ ਦੋਊ। 'ਬਧਜੋ ਬਿਰੋਧ ਅਧਿਕ, ਦਿਹੁ ਖੋਊ'।**
**ਨਿਜ ਮਹਿਂ ਨ੍ਰਿਪ ਮੁਕਾਮ ਜਬਿ ਕੀਨਾ। ਸ਼੍ਰੀ ਪ੍ਰਭੁ ਤਬਿ ਕ੍ਰਿਪਾਲ ਪਠਿ ਦੀਨਾ॥ ੩੬॥**

ਉਹ ਦੋਹਾਂ ਰਾਜਿਆਂ ਵਿਚ ਸੁਲਾਹ ਕਰਵਾਉਣੀ ਚਾਹੁੰਦੇ ਸਨ, "ਜਿਹੜਾ ਦੋਹਾਂ ਰਾਜਿਆਂ ਦੇ ਵਿਚਕਾਰ ਵਿਰੋਧ ਵਧਿਆ ਹੈ, ਇਸ ਨੂੰ ਦੂਰ ਕਰ ਦੇਵਾਂਗਾ।" ਜਦ ਰਾਜੇ ਨੇ ਗੁਰੂ ਜੀ ਪਾਸ ਮੁਕਾਮ ਕੀਤਾ ਤਾਂ ਸ੍ਰੀ ਗੁਰੂ ਜੀ ਨੇ ਫਿਰ ਮਾਮਾ ਕ੍ਰਿਪਾਲ ਚੰਦ ਨੂੰ ਭੇਜ ਦਿੱਤਾ॥੩੬॥

**ਗੁਰ ਮਾਤੁਲ ਜਾਨਜੋ ਜਬਿ ਆਯੋ। ਕਰਿ ਸਨਮਾਨ ਸਮੀਪ ਬਿਠਾਯੋ।**
**ਮ੍ਰਿਦੁਲ ਬਾਕ ਭਾਖੇ ਅਰੁ ਸੁਨੇ। ਜਿਸ ਤੇ ਹੋਇ ਪ੍ਰੇਮ ਰਸ ਸਨੇ॥ ੩੭॥**

ਰਾਜੇ ਫਤਹਿ ਸ਼ਾਹ ਨੇ ਜਦ ਜਾਣਿਆ ਕਿ ਗੁਰੂ ਜੀ ਦੇ ਮਾਮਾ ਜੀ ਆਏ ਹਨ ਤਾਂ ਬੜਾ ਸਨਮਾਨ ਕਰਕੇ ਪਾਸ ਬਿਠਾਇਆ ਬੜੇ ਕੋਮਲ ਬਚਨ ਕਹੇ ਅਤੇ ਸੁਣੇ, ਜਿਸ ਨਾਲ ਪ੍ਰੇਮ ਦਾ ਰਸ ਬਹੁਤ ਵਧਦਾ ਹੈ॥੩੭॥

**'ਸੁਨਹੁ ਭੂਪ ਮੁਹਿ ਪ੍ਰਭੁ ਪਠਾਵਾ। ਅਭਿਲਾਖਤਿ ਚਿਤ ਬੈਰ ਮਿਟਾਵਾ।**
**ਕਰੇ ਬੈਰ ਕੁਛ ਪ੍ਰਾਪਤਿ ਨਾਂਹੀ। ਤੌ ਜਾਨਹੁ ਨਿਸ਼ਫਲ ਨਿਜ ਮਾਂਹੀ॥ ੩੮॥**

"ਹੇ ਰਾਜਾ ਜੀ! ਸੁਣੋ, ਮੈਨੂੰ ਗੁਰੂ ਜੀ ਨੇ ਭੇਜਿਆ ਹੈ, ਉਹ ਆਪਣੇ ਚਿੱਤ ਵਿਚੋਂ ਤੁਹਾਡਾ ਵੈਰ ਮਿਟਾਉਣਾ ਚਾਹੁੰਦੇ ਹਨ। ਵੈਰ ਰੱਖਣ ਨਾਲ ਕੁਝ ਪ੍ਰਾਪਤ ਨਹੀਂ ਹੁੰਦਾ ਹੈ ਤੇ ਆਪਣੇ ਮਨ ਵਿਚ ਇਸਨੂੰ ਨਿਸ਼ਫਲ ਜਾਣੋ॥੩੮॥

**ਨਾਹਿਣੇਸ਼ ਮਹਿਂ ਜੋ ਵਟ ਹੋਇ। ਸਤਿਗੁਰ ਕਹੇ ਸਕਲ ਦੇ ਖੋਇ।**
**ਇਤ ਮਾਨਹੁ ਤੁਮ ਮਿਲਿਬੇ ਬਾਤੀ। ਤਿਸੇ ਹਕਾਰ ਲੇਂਤਿ ਪ੍ਰਭੁ ਪ੍ਰਾਤੀ॥ ੩੯॥**

ਨਾਹਣ ਦੇ ਰਾਜੇ ਬਾਰੇ ਜੋ ਤੁਹਾਡੇ ਦਿਲ ਵਿਚ ਕੋਈ ਗੁੱਸੇ ਦੀ ਭਾਵਨਾ ਹੋਵੇ ਤਾਂ ਉਹ ਸਤਿਗੁਰੂ ਜੀ ਦੇ ਕਹਿਣ ਤੇ ਸਭ ਦੂਰ ਕਰ ਦੇਵੋ। ਇਸ ਤਰ੍ਹਾਂ ਤੁਸੀਂ ਮਿਲਣ ਦੀ ਗੱਲ ਮੰਨੋ, ਉਸ ਨੂੰ ਪ੍ਰਭੂ ਜੀ ਸਵੇਰੇ ਬੁਲਾ ਲੈਣਗੇ॥੩੯॥

**ਸੋ ਨਹਿਂ ਮੋਰੈ ਗੁਰ ਕੋ ਕਹਜੋ। ਤੁਮ ਭੀ ਤਿਮ ਮਾਨਹੁ ਹਿਤ ਲਹਜੋ'।**
**ਸੁਨਿ ਕਰਿ ਫਤੇਸ਼ਾਹ ਕਹਿ ਬਾਨੀ। 'ਭਨਹਿਂ ਪ੍ਰਭੁ ਹਮ ਸਾਦਰ ਮਾਨੀ॥੪੦॥**

ਮੇਦਨੀ ਪ੍ਰਕਾਸ਼ ਮੇਰੇ ਗੁਰੂ ਜੀ ਦਾ ਕਿਹਾ ਮੋੜੇਗਾ ਨਹੀਂ, ਤੁਸੀਂ ਵੀ ਆਪਣਾ ਹਿੱਤ ਵੇਖ ਕੇ ਉਸ ਤਰ੍ਹਾਂ ਹੀ ਮੰਨ ਜਾਵੋ।" ਇਹ ਸੁਣ ਕੇ ਫਤਹਿ ਸ਼ਾਹ ਨੇ ਕਿਹਾ, "ਜੇ ਗੁਰੂ ਜੀ ਕਹਿਣ ਤਾਂ ਅਸੀਂ ਆਦਰ ਨਾਲ ਮੰਨ ਲਵਾਂਗੇ॥੪੦॥

**ਦੋਨਹੁਂ ਕੇ ਉਗਾਹ ਗੁਰ ਹੋਇਂ। ਬਹੁਰ ਬਖੇਰਾ ਕਰੈ ਨ ਕੋਇ'।**
**ਇੱਤਜਾਦਿਕ ਸੁਨਿ ਕਰਿ ਕਿਰਪਾਲ। ਆਨਿ ਬਤਾਯੋ ਨਿਕਟ ਕ੍ਰਿਪਾਲ॥੪੧॥**

ਦੋਵਾਂ ਦੇ ਗਵਾਹ ਗੁਰੂ ਜੀ ਹੋਣਗੇ, ਫਿਰ ਕੋਈ ਵੀ ਬਖੇੜਾ ਖੜਾ ਨਹੀਂ ਹੋਵੇਗਾ।" ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਮਾਮਾ ਕਿਰਪਾਲ ਜੀ ਨੇ ਆ ਕੇ ਕ੍ਰਿਪਾਲੂ ਗੁਰੂ ਜੀ ਨੂੰ ਸਭ ਕੁਝ ਦੱਸ ਦਿੱਤਾ॥੪੧॥

**ਤਬਿ ਪ੍ਰਭੁ ਨੰਦ ਚੰਦ ਸੋਂ ਭਾਖਾ। 'ਪ੍ਰਾਤਿ ਜਾਹੁ ਨਾਹਿਨ ਕਰਿ ਕਾਂਖਾ।**
**ਸੰਗ ਪ੍ਰਕਾਸ਼ ਮੇਦਨੀ ਲਯਾਓ। ਜੁਗਮ ਮਹੀਪ ਸਮੀਪ ਮਿਲਾਓ' ॥ ੪੨॥**

ਤਦ ਗੁਰੂ ਜੀ ਨੇ ਦੀਵਾਨ ਨੰਦ ਚੰਦ ਨੂੰ ਕਿਹਾ, "ਸਵੇਰੇ ਨਾਹਣ ਦੇ ਰਾਜੇ ਨੂੰ ਬੁਲਾਉਣ ਲਈ ਉਸ ਦੇ ਪਾਸ ਜਾਵੋ ਤੇ ਰਾਜੇ ਮੇਦਨੀ ਪ੍ਰਕਾਸ਼ ਨੂੰ ਆਪਣੇ ਨਾਲ ਲਿਆਵੋ, ਫਿਰ ਦੋਵਾਂ ਰਾਜਿਆਂ ਨੂੰ ਇਕ ਦੂਸਰੇ ਨਾਲ ਮਿਲਾ ਦੇਵੋ"॥੪੨॥

**ਫਤੇਸ਼ਾਹ ਕੀ ਜ਼ਾਫਤ ਕੀਨਿ। ਖਾਨ ਪਾਨ ਸਭਿ ਕੁਛ ਪਠਿ ਦੀਨਿ।**
**ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਸਭਿ ਪ੍ਰਭਾਤਿ ਹੁਇ ਆਈ॥੪੩॥**

ਰਾਜੇ ਫਤਹਿ ਸ਼ਾਹ ਦੀ ਪ੍ਰਾਹੁਣਾਚਾਰੀ ਕੀਤੀ, ਖਾਣ ਪੀਣ ਦੀਆਂ ਸਭ ਵਸਤਾਂ ਉਸ ਪਾਸ ਭੇਜ ਦਿੱਤੀਆਂ। ਰਾਜੇ ਨੇ ਸੁਖ ਨਾਲ ਸੌਂ ਕੇ ਰਾਤ ਬਿਤਾਈ ਤੇ ਜਦ ਪ੍ਰਭਾਤ ਹੋ ਗਈ ਤਾਂ ਉਹ ਜਾਗ ਪਿਆ॥੪੩॥

*ਪਹਿਲੀ ਰੁੱਤ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

# ਅਧਿਆਇ ਪੰਜਾਹਵਾਂ

## ਰਾਜਾ ਫ਼ਤਹਿ ਸ਼ਾਹ ਅਤੇ ਰਾਜਾ ਮੇਦਨੀ ਪ੍ਰਕਾਸ਼ ਦਾ ਮੇਲ

ਦੋਹਰਾ-ਬਡੀ ਪ੍ਰਾਤਿ ਉਠਿ ਕਰਿ ਗਯੋ ਨੰਦਚੰਦ ਨ੍ਰਿਪ ਪਾਸ।
ਸਮੁਝਾਯਹੁ ਬਹੁ ਬਿਧਿ ਕਹਯੋ 'ਕੀਜੈ ਬੈਰ ਬਿਨਾਸ॥ ੧॥

ਸਵੇਰੇ ਸਵੱਖਤੇ ਉੱਠ ਕੇ ਨੰਦ ਚੰਦ ਰਾਜੇ ਮੇਦਨੀ ਪ੍ਰਕਾਸ਼ ਦੇ ਪਾਸ ਗਿਆ ਤੇ ਉਸ ਨੂੰ ਬਹੁਤ ਵਿਧੀਆਂ ਨਾਲ ਸਮਝਾ ਕੇ ਕਿਹਾ, "ਹੁਣ ਪੁਰਾਣੇ ਵੈਰ ਨੂੰ ਖਤਮ ਕਰ ਦੇਵੋ॥੧॥

ਚੌਪਈ- ਫਤੇਸ਼ਾਹ ਨ੍ਰਿਪ ਨਿਕਟ ਰਹਾਯੋ। ਤੁਝ ਲੈਬੇ ਹਿਤ ਮੋਹਿ ਪਠਾਯੋ।
ਸਭਿ ਗਿਨਤੀ ਤਜਿ ਹੂਜਹਿ ਸਾਥ। ਕਰਹਿਂ ਪ੍ਰਤੀਖਨ ਤੋ ਕਹੁ ਨਾਥ' ॥੨॥

ਰਾਜਾ ਫ਼ਤਹਿ ਸ਼ਾਹ ਗੁਰੂ ਜੀ ਦੇ ਪਾਸ ਠਹਿਰਿਆ ਹੈ, ਤੁਹਾਨੂੰ ਲੈ ਜਾਣ ਵਾਸਤੇ ਮੈਨੂੰ ਭੇਜਿਆ ਹੈ। ਸਭ ਗਿਣਤੀਆਂ ਛੱਡ ਕੇ ਹੁਣ ਨਾਲ ਚਲੋ, ਗੁਰੂ ਜੀ ਤੁਹਾਡੀ ਉਡੀਕ ਕਰ ਰਹੇ ਹਨ"॥੨॥

ਗੁਰ ਦਿਸ਼ਿ ਤੇ ਇਮ ਬਹੁ ਸਮੁਝਾਯੋ। ਜਯੋਂ ਕਯੋਂ ਕਰਿ ਨ੍ਰਿਪ ਸੰਗ ਚਢਾਯੋ।
ਚਢਿ ਨਾਹਣ ਤੇ ਮਾਰਗ ਚਾਲਾ। ਸਾਥ ਅਨੀਕਹਿ ਲੀਨਿ ਬਿਸਾਲਾ॥੩॥

ਗੁਰੂ ਜੀ ਵਾਲੇ ਪਾਸੇ ਤੋਂ ਇਸ ਤਰ੍ਹਾਂ ਬਹੁਤ ਸਮਝਾਇਆ, ਜਿਵੇਂ ਕਿਵੇਂ ਕਰਕੇ ਰਾਜੇ ਨੂੰ ਆਪਣੇ ਨਾਲ ਲੈ ਲਿਆ। ਨਾਹਣ ਤੋਂ ਚੜ੍ਹ ਕੇ ਰਾਹੇ-ਰਾਹ ਚਲ ਪਏ ਤੇ ਨਾਲ ਬਹੁਤ ਸੈਨਾ ਲੈ ਲਈ॥੩॥

ਸਗਰੋ ਪੰਥ ਉਲੰਘਤਿ ਆਯੋ। ਨਗਰ ਪਾਂਵਟੇ ਡੇਰਾ ਪਾਯੋ।
ਇਕ ਦਿਸ਼ਿ ਫਤੇਸ਼ਾਹ ਦਲ ਪਰਯੋ। ਦਿਸ਼ਿ ਦੂਸਰਿ ਮਹਿਂ ਆਨਿ ਉਤਰਯੋ॥੪॥

ਸਾਰਾ ਪੈਂਡਾ ਲੰਘ ਕੇ ਆ ਗਏ ਤੇ ਪਾਉਂਟੇ ਨਗਰ ਵਿਚ ਡੇਰਾ ਲਾਇਆ। ਇਕ ਪਾਸੇ ਫਤਹਿ ਸ਼ਾਹ ਦੀ ਸੈਨਾ ਆਰਾਮ ਕਰ ਰਹੀ ਸੀ, ਦੂਸਰੇ ਪਾਸੇ ਰਾਜੇ ਮੇਦਨੀ ਪ੍ਰਕਾਸ਼ ਦੀ ਸੈਨਾ ਨੇ ਉਤਾਰਾ ਕਰ ਲਿਆ॥੪॥

ਤਬਿ ਪ੍ਰਭੁ ਕੋ ਮਿਲਿਬੇ ਹਿਤ ਚਾਹਯੋ। ਪ੍ਰਥਮ ਬੂਝਿ ਆਵਤਿਭਾ ਪਾਹਯੋ।
ਪਗ ਪੰਕਜ ਕੋ ਕੀਨਿ ਪ੍ਰਨਾਮ। ਹਰਖਯੋ ਦਰਸ ਪਾਇ ਅਭਿਰਾਮ॥੫॥

ਤਦ ਗੁਰੂ ਜੀ ਨੂੰ ਮਿਲਣ ਵਾਸਤੇ ਚਾਹਿਆ, ਪਹਿਲਾਂ ਪੁੱਛ ਕੇ ਰਾਜਾ ਮੇਦਨੀ ਪ੍ਰਕਾਸ਼ ਗੁਰੂ ਜੀ ਦੇ ਪਾਸ ਆਇਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਮਨੋਹਰ ਦਰਸ਼ਨ ਪਾ ਕੇ ਬਹੁਤ ਪ੍ਰਸੰਨ ਹੋਇਆ॥੫॥

ਸ੍ਰੀ ਕਲਗੀਧਰ ਨ੍ਰਿਪ ਸਨਮਾਨਾ। ਮਿਟਨਿ ਬਿਰੋਧ ਪ੍ਰਸੰਗ ਬਖਾਨਾ।
ਸੁਨਤਿ ਭਾਉ ਕੇ ਬਾਕ ਬਖਾਨੈ। 'ਕਹਯੋ ਆਪ ਕੋ ਹਮ ਸਭਿ ਮਾਨੈਂ॥੬॥

ਗੁਰੂ ਜੀ ਨੇ ਰਾਜੇ ਦਾ ਸਨਮਾਨ ਕੀਤਾ ਤੇ ਵਿਰੋਧ ਦੇ ਖਤਮ ਕਰਨ ਬਾਰੇ ਪ੍ਰਸੰਗ ਸੁਣਾਇਆ। ਇਹ ਸੁਣ ਕੇ ਰਾਜੇ ਨੇ ਬਹੁਤ ਪ੍ਰੇਮ ਦੇ ਸ਼ਬਦ ਕਹੇ, "ਅਸੀਂ ਤੁਹਾਡਾ ਕਿਹਾ ਹੋਇਆ ਹਰ ਪ੍ਰਕਾਰ ਮੰਨਦੇ ਹਾਂ॥੬॥

ਜਿਸ ਪ੍ਰਕਾਰ ਹਿਤ ਹੋਇ ਹਮਾਰਾ। ਕ੍ਰਿਪਾ ਧਾਰਿ ਸੋ ਕਰਹੁ ਉਚਾਰਾ'।
ਸਤਿਗੁਰ ਕਹਯੋ 'ਪ੍ਰਾਤਿ ਜਬਿ ਹੋਇ। ਕਰੈਂ ਹਕਾਰਨਿ ਆਵਹੁ ਦੋਇ॥੭॥

ਜਿਸ ਪ੍ਰਕਾਰ ਸਾਡਾ ਭਲਾ ਹੋਵੇ, ਕਿਰਪਾ ਧਾਰ ਕੇ ਉਸ ਤਰ੍ਹਾਂ ਉਚਾਰਨ ਕਰੋ।" ਸਤਿਗੁਰੂ ਜੀ ਨੇ ਕਿਹਾ, "ਜਦ ਸਵੇਰ ਹੋਏਗੀ ਅਸੀਂ ਬੁਲਾਵਾਂਗੇ ਤਾਂ ਦੋਵੇਂ ਰਾਜੇ ਆਵੇ॥੭॥

ਮਿਲਹੁ ਪ੍ਰੇਮ ਤੇ ਤਜਹੁ ਬਿਕਾਰ। ਹਮ ਨੇ ਤੁਮਰੋ ਹਿਤ ਨਿਰਧਾਰ'।
ਇਮ ਠਹਿਰਾਇ ਗਯੋ ਨਿਜ ਡੇਰੇ। ਫਿਰੇ ਦੌਨ ਦਿਸ਼ਿ ਮਨੁਜ ਬਡੇਰੇ॥ ੮॥

ਪ੍ਰੇਮ ਨਾਲ ਮਿਲੋ ਤੇ ਵਿਗਾੜ ਛੱਡੋ, ਅਸੀਂ ਤੁਹਾਡੇ ਭਲੇ ਵਾਸਤੇ ਨਿਰਧਾਰ ਕੀਤਾ ਹੈ।" ਇਸ ਤਰ੍ਹਾਂ ਠਹਿਰਾ ਕੇ ਰਾਜਾ ਆਪਣੇ ਡੇਰੇ ਚਲਾ ਗਿਆ। ਫਿਰ ਦੋਵਾਂ ਪਾਸਿਆਂ ਦੇ ਸਾਰੇ ਮਨੁੱਖਾਂ॥੮॥

ਸੁਪਤਿ ਸਕਲ ਸਰਵਰੀ ਬਿਤਾਈ। ਭਈ ਪ੍ਰਾਤਿ ਤਯਾਰੀ ਕਰਿਵਾਈ।
ਕਰਯੋ ਫਰਾਸ਼ਨ ਫਰਸ਼ ਬਿਸਾਲਾ। ਰੰਗ ਅਨੇਕਨ ਕੋ, ਛਬਿ ਵਾਲਾ॥ ੯॥

ਸੌਂ ਕੇ ਸਾਰੀ ਰਾਤ ਬਿਤਾਈ ਤੇ ਜਦ ਸਵੇਰ ਹੋ ਗਈ ਤਾਂ ਤਿਆਰੀ ਕਰਵਾਈ। ਗੁਰੂ ਜੀ ਨੇ ਸੁੰਦਰ ਗਲੀਚੇ ਅਤੇ ਹੋਰ ਵਿਛਾਉਣੇ ਵਿਛਵਾ ਕੇ ਫਰਸ਼ ਤਿਆਰ ਕਰਵਾਇਆ, ਜਿਹੜਾ ਅਨੇਕਾਂ ਰੰਗਾਂ ਦਾ ਵੱਡੀ ਛਵੀ ਵਾਲਾ ਸੀ॥੯॥

ਬੀਚ ਸਿੰਘਾਸਨ ਕਰਯੋ ਡਸਾਵਨਿ। ਕਰੇ ਮਸੰਦ ਸੁਭਟ ਬੁਲਿਵਾਵਨਿ।
ਲਗਯੋ ਦਿਵਾਨ ਮਹਾਨ ਸੁਜਾਨਾ। ਬਸਤ੍ਰ ਸ਼ਸਤ੍ਰ ਤੇ ਛਬਿ ਜਿਹ ਨਾਨਾ॥੧੦॥

ਫਰਸ਼ ਦੇ ਵਿਚਕਾਰ ਆਪਣਾ ਸਿੰਘਾਸਣ ਲਗਵਾਇਆ ਤੇ ਸਾਰੇ ਮਸੰਦਾਂ ਅਤੇ ਸੂਰਮਿਆਂ ਨੂੰ ਬੁਲਾ ਲਿਆ। ਮਹਾਨ ਚਤੁਰ ਪੁਰਸ਼ਾਂ ਦਾ ਦਿਵਾਨ ਲਗਿਆ ਜਿਨ੍ਹਾਂ ਦੇ ਵਸਤਰ ਸ਼ਸਤਰ ਕਈ ਪ੍ਰਕਾਰ ਦੀ ਸ਼ੋਭਾ ਪਾ ਰਹੇ ਸਨ॥੧੦॥

ਪੁਨ ਕਲਗੀਧਰ ਗਰ ਸ਼ਮਸ਼ੇਰ। ਧਨੁ ਸਰ ਕਰ ਦੀਪਤਿ ਸਮ ਸ਼ੇਰ।
ਆਵਤਿ ਪੇਖਿ ਉਠੇ ਸਭਿ ਆਗੇ। ਬੰਦਤਿ ਅਨੁਰਾਗੇ ਪਗ ਲਾਗੇ॥ ੧੧॥

ਫਿਰ ਕਲਗੀਧਰ ਜੀ ਜਿਨ੍ਹਾਂ ਦੇ ਗਲ ਵਿਚ ਤਲਵਾਰ ਲਮਕ ਰਹੀ ਸੀ, ਧਨੁੱਖ ਅਤੇ ਤੀਰਾਂ ਦਾ ਭਥਾ ਧਾਰ ਕੇ ਸ਼ੇਰ ਵਾਂਗ ਜਗਮਗਾ ਰਹੇ ਸਨ। ਗੁਰੂ ਜੀ ਨੂੰ ਆਉਂਦਾ ਵੇਖ ਕੇ ਸਭ ਉੱਠ ਖਲੋਤੇ ਤੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਏ॥੧੧॥

ਬੈਠੇ ਪੁਨ ਸੁੰਦਰ ਸਿੰਘਾਸਨ। ਨਿਕਟ ਨਿਠੁਰ ਬਡ ਧਰਯੋ ਸਰਾਸਨ।
ਚਮਰ ਢੁਰਨਿ ਲਾਗਯੋ ਚਹੁੰ ਫੇਰੇ। ਖਰੇ ਦੰਡ ਧਰਿ ਕੰਚਨ ਕੇਰੇ॥ ੧੨॥

ਫਿਰ ਗੁਰੂ ਜੀ ਸੁੰਦਰ ਸਿੰਘਾਸਣ ਉੱਤੇ ਬੈਠ ਗਏ ਤੇ ਆਪਣੇ ਨੇੜੇ ਉਨ੍ਹਾਂ ਕਠੋਰ ਅਤੇ ਭਾਰੀ ਧਨੁੱਖ ਨੂੰ ਟਿਕਾ ਲਿਆ। ਚਾਰੇ ਪਾਸੇ ਫਿਰ ਚੌਰ ਫਿਰਨ ਲੱਗਾ, ਸੇਵਕ ਸੋਨੇ ਦੀਆਂ ਡੰਡੀਆਂ ਵਾਲੇ ਚੌਰ ਲੈ ਕੇ ਖੜੇ ਸਨ॥੧੨॥

ਰਾਜ ਸਾਜ ਇੱਤਯਾਦਿਕ ਸਾਰਾ। ਦੀਪਤਿ ਸਤਿਗੁਰ ਕੇ ਦਰਬਾਰਾ।
ਪਠੇ ਦੁਹਨ ਨ੍ਰਿਪ ਨਿਕਟ ਮਸੰਦਾ। ਕਰੇ ਹਕਾਰਨਿ ਸੁਨਤਿ ਅਨੰਦਾ॥੧੩॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਦਰਬਾਰ ਦਾ ਸਾਰਾ ਰਾਜ ਸਾਜ ਜਗਮਗਾ ਰਿਹਾ ਸੀ। ਫਿਰ ਦੋਹਾਂ ਰਾਜਿਆਂ ਪਾਸ ਆਪਣੇ ਮਸੰਦਾਂ ਨੂੰ ਬੁਲਾਉਣ ਵਾਸਤੇ ਭੇਜਿਆ, ਜਿਹੜੇ ਸੁਣ ਕੇ ਬਹੁਤ ਪ੍ਰਸੰਨ ਹੋਏ॥੧੩॥

ਨਿਜ ਨਿਜ ਸੈਨਾ ਲੇ ਸਮੁਦਾਏ। ਦੁਹੁੰ ਦਿਸ਼ਿ ਤੇ ਦੌਨਹੁੰ ਚਲਿ ਆਏ।
ਪਦ ਅਰਬਿੰਦ ਬੰਦਨਾ ਕਰੇ। ਸਨਮਾਨੇ ਸਭਿ ਕੇ ਮਧ ਥਿਰੇ॥ ੧੪॥

ਦੋਵੇਂ ਰਾਜੇ ਆਪਣੀ-ਆਪਣੀ ਸੈਨਾ ਨਾਲ ਲਿਆਏ, ਦੋਹਾਂ ਪਾਸਿਆਂ ਤੋਂ ਦੋਵੇਂ ਚਲ ਕੇ ਆ ਗਏ। ਦੋਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਗੁਰੂ ਜੀ ਨੇ ਉਨ੍ਹਾਂ ਦਾ ਸਨਮਾਨ ਕੀਤਾ ਤੇ ਸਾਰਿਆਂ ਦੇ ਵਿਚਕਾਰ ਬੈਠ ਗਏ॥੧੪॥

ਸਤਿਗੁਰ ਕਹ੍ਯੋ 'ਪਰਸਪਰ ਕੌਰੀ। ਭਰਿ ਕਰਿ ਮਿਲਹੁ ਮੁਦਤਿ ਇਸ ਠੌਰੀ।
ਬਧ੍ਯੋ ਬਿਰੋਧ ਛੋਰਿ ਸਭਿ ਦੀਜੈ। ਪ੍ਰਥਮ ਬਾਰਤਾ ਨਹਿੰ ਸਿਮਰੀਜੈ' ॥ ੧੫ ॥

ਸਤਿਗੁਰੂ ਜੀ ਨੇ ਕਿਹਾ, "ਆਪਸ ਵਿਚ ਜੱਫੀ ਪਾ ਕੇ ਪਿਆਰ ਨਾਲ ਪ੍ਰਸੰਨ ਹੋ ਕੇ ਇਸ ਥਾਂ ਮਿਲੋ। ਜਿਹੜਾ ਵਿਰੋਧ ਵਧਿਆ ਹੈ ਸਭ ਛੱਡ ਦੇਵੋ ਤੇ ਪਹਿਲੀ ਵਾਰਤਾ ਨੂੰ ਯਾਦ ਨਾ ਕਰੋ" ॥੧੫॥

ਮਾਨਿ ਹੁਕਮ ਦੋਨਹੁੰ ਉਠਿ ਕਰਿਕੈ। ਮਿਲਿ ਆਪਸ ਮਹਿੰ ਬੈਰ ਬਿਸਰਿ ਕੈ।
ਬੰਦਨ ਕਰਿ ਬੈਠੇ ਸਤਿਗੁਰ ਕੋ। ਭੇਦ ਮਿਟਾਇ ਅਨੰਦ ਭਰਿ ਉਰ ਕੋ ॥ ੧੬ ॥

ਗੁਰੂ ਜੀ ਦਾ ਹੁਕਮ ਮੰਨ ਕੇ ਦੋਵੇਂ ਉੱਠ ਖਲੋਤੇ, ਆਪਸ ਵਿਚ ਮਿਲ ਕੇ ਵੈਰ ਨੂੰ ਛੱਡ ਕੇ ਸਤਿਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ। ਵੈਰ ਮਿਟਾਉਣ ਨਾਲ ਹਿਰਦੇ ਅਨੰਦ ਨਾਲ ਭਰ ਗਏ॥੧੬॥

ਕਰਹਿਂ ਪ੍ਰੇਮ ਕੀ ਬਾਤ ਬਹੋਰੀ। ਦੇਖਿ ਦੇਖਿ ਸ੍ਰੀ ਪ੍ਰਭੁ ਕੀ ਓਰੀ।
ਕਰਨਿ ਅਖੇਰ ਸ਼ੇਰ ਕੋ ਮਾਰਨਿ। 'ਦੂਨ ਸੁੰਦਰੀ' ਕਰਹਿਂ ਉਚਾਰਨ ॥ ੧੭ ॥

ਫਿਰ ਗੁਰੂ ਜੀ ਵਲ ਵੇਖ-ਵੇਖ ਕੇ ਆਪਸ ਵਿਚ ਪ੍ਰੇਮ ਦੀਆਂ ਗੱਲਾਂ ਕਰਦੇ ਸਨ। 'ਦੂਨ ਸੁੰਦਰੀ' ਵਿਚ ਇਕ ਸ਼ੇਰ ਦਾ ਸ਼ਿਕਾਰ ਕਰਨ ਦੀਆਂ ਗੱਲਾਂ ਕਰਦੇ ਸਨ॥੧੭॥

ਇੱਤਯਾਦਿਕ ਹੋਈ ਬਹੁ ਗਾਥਾ। ਦੋਨਹੁੰ ਭੂਪਨਿ ਕੀ ਪ੍ਰਭੁ ਸਾਥਾ।
ਭਯੋ ਜਾਮ ਲਗਿ ਤਬਿ ਦਰਬਾਰਾ। ਕਲਗ਼ੀਧਰ ਕੋ ਲਖਿ ਰੁਖ਼ ਸਾਰਾ ॥ ੧੮ ॥

ਇਸ ਤਰ੍ਹਾਂ ਦੀਆਂ ਆਪਸ ਵਿਚ ਬਹੁਤ ਗੱਲਾਂ ਹੋਈਆਂ, ਦੋਵਾਂ ਰਾਜਿਆਂ ਦੇ ਗੁਰੂ ਜੀ ਸਾਥੀ ਸਨ। ਇਕ ਪਹਿਰ ਤਕ ਦਰਬਾਰ ਲੱਗਾ ਫਿਰ ਗੁਰੂ ਜੀ ਦਾ ਸਾਰਿਆਂ ਨੇ ਰੁਖ਼ ਵੇਖਿਆ॥੧੮॥

ਉਠਿ ਭੂਪਤਿ ਕਰਿ ਬੰਦਨ ਗਏ। ਨਿਜ ਨਿਜ ਸਿਵਰ ਪਹੂੰਚਤਿ ਭਏ।
ਉਠੇ ਆਪ ਭੋਜਨ ਤਬਿ ਖਾਯਹੁ। ਪੁਨ ਅਰਾਮ ਹਿਤ ਮਨ ਬਿਰਮਾਯਹੁ ॥ ੧੯ ॥

ਰਾਜੇ ਬੰਦਨਾ ਕਰਕੇ ਉੱਠ ਕੇ ਚਲੇ ਗਏ ਤੇ ਆਪਣੇ-ਆਪਣੇ ਡੇਰਿਆਂ ਵਿਚ ਪਹੁੰਚ ਗਏ। ਗੁਰੂ ਜੀ ਨੇ ਉੱਠ ਕੇ ਭੋਜਨ ਛੱਕਿਆ ਤੇ ਫਿਰ ਆਰਾਮ ਵਾਸਤੇ ਮਨ ਵਿਚ ਚਾਹਤ ਪੈਦਾ ਹੋਈ॥੧੯॥

ਉਠੇ ਬਹੁਰ ਜਲ ਛਕਿ ਲੀਨਿ। ਸੌਚ ਸ਼ਨਾਨ ਸਕਲ ਤਨ ਕੀਨਿ।
ਜਾਮ ਦਿਵਸ ਤੇ ਹੇਤੁ ਅਖੇਰ। ਭਏ ਅਰੂਢਿ ਤੁਰੰਗਮ ਫੇਰ॥ ੨੦॥

ਫਿਰ ਉੱਠ ਕੇ ਜਲ ਪਾਣੀ ਛਕਿਆ ਤੇ ਸਾਰੇ ਸਰੀਰ 'ਤੇ ਸੌਚ ਇਸ਼ਨਾਨ ਕੀਤਾ ਤੇ ਪਹਿਰ ਦਿਨ ਰਹਿਣ 'ਤੇ ਸ਼ਿਕਾਰ ਖੇਡਣ ਜਾਣ ਵਾਸਤੇ ਘੋੜਿਆਂ ਤੇ ਸਵਾਰ ਹੋ ਗਏ॥੨੦॥

ਦੋਨਹੁੰ ਭੂਪਤਿ ਸੰਗ ਚਢਾਏ। ਬਨ ਮਹਿਂ ਬਿਚਰੇ ਖਗ ਮ੍ਰਿਗ ਘਾਏ।
ਅਨਿਕ ਬਿਲਾਸ ਬਿਪਨ ਮਹਿਂ ਕਰੇ। ਸੰਧ੍ਯਾ ਜਾਨਿ ਸਿਵਰ ਕੋ ਫਿਰੇ॥ ੨੧ ॥

ਦੋਵਾਂ ਰਾਜਿਆਂ ਨੂੰ ਆਪਣੇ ਨਾਲ ਚੜ੍ਹਾਇਆ ਤੇ ਜੰਗਲ ਵਿਚ ਫਿਰ ਪੰਛੀਆਂ ਅਤੇ ਹਿਰਨਾਂ ਨੂੰ ਮਾਰਿਆ। ਅਨੇਕ ਪ੍ਰਕਾਰ ਦੇ ਵਿਲਾਸ ਜੰਗਲ ਵਿਚ ਕੀਤੇ ਤੇ ਫਿਰ ਸ਼ਾਮ ਹੋਈ ਵੇਖ ਕੇ ਡੇਰੇ ਨੂੰ ਆ ਗਏ॥੨੧॥

ਦੌਰ ਕੋਹੀਆ ਇਕ ਤਬਿ ਆਯੋ। ਊਚ ਪੁਕਾਰਤਿ ਬਾਕ ਸੁਨਾਯੋ।
'ਪ੍ਰਭੁ ਜੀ ! ਬਡੋ ਕੇਹਰੀ ਜੋਇ। ਸਗਰੀ ਦੂਨ ਜਾਨਤੀ ਸੋਇ॥ ੨੨ ॥

ਉਸ ਸਮੇਂ ਇਕ ਪਹਾੜੀਆ ਦੌੜ ਕੇ ਆਇਆ, ਬਹੁਤ ਉੱਚੀ ਬੋਲ ਕੇ ਉਸ ਵਾਕ ਸੁਣਾਇਆ, "ਹੇ ਪ੍ਰਭੂ ਜੀ! ਇਕ ਬਹੁਤ ਵੱਡਾ ਸ਼ੇਰ, ਜਿਸ ਨੂੰ ਸਾਰੀ ਦੁਨੀਆਂ ਜਾਣਦੀ ਹੈ॥੨੨॥

**ਕੋਇ ਨ ਮਾਰ ਸਕ੍ਯੋ ਬਡ ਦਾਰੁਨ। ਗੋ ਮਹਿਖੀ ਸੋ ਕਰਤਿ ਸੰਘਾਰਨ।**
**ਕਿਤਿਕ ਦਿਵਸ ਮਹਿਂ ਇਹ ਦ੍ਰਿਸ਼ਟਾਯੋ। ਗਯੋ ਹੁਤੋ ਕਿਤ ਅਬਿ ਚਲਿ ਆਯੋ॥੨੩॥**

ਉਹ ਬਹੁਤ ਭਿਆਨਕ ਹੈ, ਹਾਲੇ ਤਕ ਉਸ ਨੂੰ ਕੋਈ ਵੀ ਨਹੀਂ ਮਾਰ ਸਕਿਆ ਹੈ, ਉਹ ਗਾਵਾਂ ਅਤੇ ਮੱਝਾਂ ਨੂੰ ਮਾਰ ਦਿੰਦਾ ਹੈ। ਕਈਆਂ ਦਿਨਾਂ ਬਾਅਦ ਇਹ ਦਿਖਾਈ ਦਿੱਤਾ ਹੈ, ਕਿਸੇ ਹੋਰ ਥਾਂ ਗਿਆ ਹੋਇਆ ਸੀ, ਹੁਣ ਫਿਰ ਇਸ ਥਾਂ ਚਲ ਕੇ ਆ ਗਿਆ ਹੈ"॥੨੩॥

**ਦੋਨਹੁਂ ਰਾਵ ਗੁਰੂ ਜੁਤਿ ਸੁਨ੍ਯੋਂ। ਸੰਧ੍ਯਾ ਪਰੀ ਜਾਨਿ ਪ੍ਰਭੁ ਭਨ੍ਯੋਂ।**
**'ਅਬਿ ਨ ਸਮੋਂ ਮਾਰਨਿ ਕੋ ਰਹ੍ਯੋ। ਚਲਹਿਂ ਪ੍ਰਾਤ ਜਿਸ ਥਲ ਤੈਂ ਲਹ੍ਯੋ'॥੨੪॥**

ਦੋਵਾਂ ਰਾਜਿਆਂ, ਗੁਰੂ ਜੀ ਸਹਿਤ ਇਹ ਸੁਣਿਆ, ਸ਼ਾਮ ਪਈ ਵੇਖ ਕੇ ਗੁਰੂ ਜੀ ਨੇ ਕਿਹਾ, "ਹੁਣ ਮਾਰਨ ਦਾ ਸਮਾਂ ਨਹੀਂ ਰਿਹਾ ਹੈ, ਸਵੇਰੇ ਉਥੇ ਚਲਾਂਗੇ ਜਿਸ ਸਥਾਨ 'ਤੇ ਤੂੰ ਵੇਖਿਆ ਸੀ"॥੨੪॥

**ਪ੍ਰਭੁ ਬਚ ਜੁਗ ਭੂਪਨ ਸਨਮਾਨਾ। 'ਆਪ ਪ੍ਰਭਾਤੀ ਕਰਹੁ ਪਯਾਨਾ।**
**ਹਮ ਸਭਿ ਚਢਹਿਂ ਤਮਾਸਾ ਲਹੈਂ। ਮਾਰਹਿਂ ਘੇਰਿ, ਨਹੀਂ ਬਚ ਰਹੈ'॥੨੫॥**

ਗੁਰੂ ਜੀ ਦੇ ਬਚਨਾਂ ਦਾ ਦੋਵਾਂ ਰਾਜਿਆਂ ਨੇ ਸਤਿਕਾਰ ਕੀਤਾ, "ਆਪ ਸਵੇਰੇ ਉਧਰ ਜਾਵੋ, ਅਸੀਂ ਸਾਰੇ ਚੜ੍ਹ ਕੇ ਜਾਵਾਂਗੇ ਤੇ ਤਮਾਸ਼ਾ ਵੇਖਾਂਗੇ, ਘੇਰ ਕੇ ਮਾਰ ਦੇਵਾਂਗੇ, ਬਚਿਆ ਨਹੀਂ ਰਹੇਗਾ"॥੨੫॥

**ਇਮ ਕਹਿ ਗਮਨੇ ਸਨਮੁਖ ਡੇਰੇ। ਕਰਹਿਂ ਸਰਾਹਨ, ਸ਼ੇਰ ਬਡੇਰੇ।**
**ਪ੍ਰਥਮ ਹਤੇ ਤਿਨ ਗਾਥ ਸੁਨਾਵੈਂ। ਭੀਰ ਅਨੀਕ ਸਹਿਤ ਚਲਿ ਆਵੈਂ॥੨੬॥**

ਇਸ ਤਰ੍ਹਾਂ ਕਹਿ ਕੇ ਆਪਣੇ ਡੇਰੇ ਦੇ ਸਾਹਮਣੇ ਚਲੇ ਗਏ। ਵੱਡੇ ਸ਼ੇਰ ਦੀ ਸ਼ਲਾਘਾ ਕਰਦੇ ਸਨ। ਗੁਰੂ ਜੀ ਨੇ ਪਹਿਲਾਂ ਜਿਹੜੇ ਵੱਡੇ-ਵੱਡੇ ਸ਼ੇਰ ਮਾਰੇ ਸਨ, ਉਨ੍ਹਾਂ ਬਾਰੇ ਗੱਲਬਾਤ ਸੁਣਾਉਂਦੇ ਸਨ। ਸੈਨਾ ਦੀ ਵੱਡੀ ਭੀੜ ਚਲ ਕੇ ਆਉਂਦੀ ਹੈ॥੨੭॥

**ਤਿਮਰ ਪ੍ਰਬਿਰਤੇ ਉਤਰੇ ਆਇ। ਨਿਜ ਨਿਜ ਸਿਵਰ ਬਿਖੈ ਸੁਖ ਪਾਇ।**
**ਬਿਦਤ ਬ੍ਰਿਤੰਤ ਕੇਹਰੀ ਕੇਰਾ। 'ਹੋਹਿ ਜੰਗ ਤਿਹ ਸੰਗ ਸਬੇਰਾ'॥੨੭॥**

ਰਾਤ ਪੈਣ ਤੇ ਉੱਤਰ ਕੇ ਆ ਗਏ ਤੇ ਆਪਣੇ-ਆਪਣੇ ਡੇਰੇ ਵਿਚ ਟਿਕ ਕੇ ਸੁਖ ਪਾਇਆ। ਵੱਡੇ ਸ਼ੇਰ ਦਾ ਬ੍ਰਿਤਾਂਤ ਫਿਰ ਪ੍ਰਗਟ ਹੋਇਆ, "ਸਵੇਰੇ ਉਸ ਸ਼ੇਰ ਨਾਲ ਜੰਗ ਹੋਵੇਗੀ"॥੨੭॥

**ਖਾਨ ਪਾਨ ਕਰਿ ਕੈ ਸਮੁਦਾਏ। ਸੁਪਤਿ ਜਥਾ ਸੁਖ ਰਾਤਿ ਬਿਤਾਏ।**
**ਸੌਚ ਸ਼ਨਾਨ ਸਕਲ ਕਰਿ ਲੀਨਿ। ਤਬਿ ਰਣਜੀਤ ਬਜਾਵਨਿ ਕੀਨਿ॥੨੮॥**

ਸਾਰੇ ਹੀ ਖਾ ਪੀ ਕੇ ਸੁਖ ਨਾਲ ਸੌਂ ਗਏ ਤੇ ਸਾਰੀ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਗੁਰੂ ਜੀ ਨੇ ਸਰਬ ਪ੍ਰਕਾਰ ਸੋਚ ਇਸ਼ਨਾਨ ਕੀਤਾ। ਤਦ ਰਣਜੀਤ ਨਗਾਰੇ ਨੂੰ ਵਜਵਾਇਆ॥੨੮॥

**ਸੁਨਿ ਸਭਿ ਜ਼ੀਨ ਤੁਰੰਗਨ ਪਾਏ। ਜੁਗ ਭੂਪਨਿ ਤਯਾਰੀ ਕਰਿਵਾਏ।**
**ਸੁਭਟਨ ਸਹਿਤ ਅਰੂੜ੍ਹਤਿ ਭਏ। ਆਯੁਧ ਖੜਗ ਧਾਰਿ ਕਰ ਲਏ॥੨੯॥**

ਸਾਰਿਆਂ ਨੇ ਸੁਣ ਕੇ ਆਪਣੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਦੋਵਾਂ ਰਾਜਿਆਂ ਨੂੰ ਵੀ ਨਾਲ ਤਿਆਰ ਕਰਵਾਇਆ। ਸੂਰਮਿਆਂ ਸਹਿਤ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ, ਸ਼ਸਤਰ ਕਿਰਪਾਨ ਧਾਰ ਲਏ॥੨੯॥

ਸਤਿਗੁਰ ਕਲਗੀ ਸੀਸ ਉਤੰਗ। ਦਿਪਤਿ ਸਰੂਪ ਬਿਭੂਖਨ ਸੰਗ।
ਗਰ ਸ਼ਮਸ਼ੇਰ ਸਿਪਰ ਕਹੁ ਧਾਰੀ। ਕਸ ਨਿਖੰਗ, ਗਹਿ ਕਰ ਧਨੁ ਭਾਰੀ ॥ ੩੦ ॥

ਸਤਿਗੁਰੂ ਜੀ ਦੇ ਸਿਰ ਉੱਤੇ ਉੱਚੀ ਕਲਗੀ ਸ਼ੋਭ ਰਹੀ ਸੀ ਤੇ ਗਹਿਣਿਆਂ ਸਹਿਤ ਸਰੂਪ ਜਗਮਗਾ ਰਿਹਾ ਸੀ। ਗਲ ਵਿਚ ਤਲਵਾਰ ਅਤੇ ਢਾਲ ਨੂੰ ਧਾਰਨ ਕੀਤਾ ਹੋਇਆ ਸੀ। ਤੀਰਾਂ ਦਾ ਭੱਥਾ ਸਰੀਰ ਨਾਲ ਕੱਸਿਆਂ ਹੋਇਆ ਸੀ ਤੇ ਭਾਰੀ ਧਨੁੱਖ ਨੂੰ ਉਨ੍ਹਾਂ ਹੱਥਾਂ ਵਿਚ ਫੜਿਆ ਹੋਇਆ ਸੀ॥੩੦॥

ਤੁੰਗ ਮਤੰਗ ਅਰੂੜਤਿ ਭਏਂ। ਵਹਿਰ ਸਿਵਰ ਤੇ ਨਿਕਸਤਿ ਭਏ।
ਖਿਤ ਹੁਇ ਦੋਨਹੁਂ ਭੂਪ ਮਿਲਾਏ। ਸੋ ਕੋਹੀਆ ਕੀਨਸਿ ਅਗੁਵਾਏ ॥ ੩੧ ॥

ਬੜੇ ਉੱਚੇ ਹਾਥੀ ਤੇ ਉਹ ਚੜ੍ਹੇ ਹੋਏ ਸਨ ਤੇ ਆਪਣੇ ਡੇਰੇ ਤੋਂ ਬਾਹਰ ਨਿਕਲ ਆਏ। ਖੜੇ ਹੋਏ ਦੋਵੇਂ ਰਾਜੇ ਮਿਲ ਪਏ ਤੇ ਕਲ ਵਾਲੇ ਪਹਾੜੀਏ ਨੇ ਉਨ੍ਹਾਂ ਦੀ ਅਗਵਾਈ ਕੀਤੀ॥੩੧॥

ਗਹਬਰ ਬਨ ਕੇ ਪੰਥ ਪਧਾਰੇ। ਨ੍ਰਿਪ ਜੁਗ ਸੰਗ ਸੁਭਟ ਗਨ ਭਾਰੇ।
ਦਲ ਕੋ ਪਰ੍ਹਾ ਦੂਰ ਲਗਿ ਕਰਜੋ। ਖੋਜਤਿ ਭਏ, ਹੋਇ ਕਿਤ ਖਿਰਜੋ ॥ ੩੨ ॥

ਸੰਘਣੇ ਜੰਗਲ ਦੇ ਰਾਹ ਚਲ ਪਏ, ਦੋਵੇਂ ਰਾਜੇ ਅਤੇ ਭਾਰੀ ਸੂਰਬੀਰ ਨਾਲ ਸਨ। ਸੈਨਾ ਦੀ ਕਤਾਰ ਨੂੰ ਦੂਰ ਤਕ ਖੜਾ ਕੀਤਾ। ਸ਼ੇਰ ਨੂੰ ਲੱਭਣ ਲੱਗੇ ਕਿ ਕਿੱਥੇ ਬੈਠਾ ਹੋਵੇਗਾ॥੩੨॥

ਜਬਿ ਬਿਸਾਲ ਬਨ ਗਾਹਨ ਕੀਨਾ। ਸੁਗਮ ਬਿਖਮ ਥਲ ਖੋਜਿ ਸੁ ਲੀਨਾ।
ਕੇਤਿਕ ਪਾਹੜੇ ਸੂਕਰ ਮਾਰੇ। ਹੋਤਿ ਕੁਲਾਹਲ ਬਿਪਨ ਮਝਾਰੇ ॥ ੩੩ ॥

ਜਦ ਵਿਸ਼ਾਲ ਜੰਗਲ ਗਾਹ ਲਿਆ ਤੇ ਔਖੇ ਸੌਖੇ ਸਾਰੇ ਥਾਵਾਂ ਨੂੰ ਵੇਖ ਲਿਆ, ਕਈ ਸੂਰ ਅਤੇ ਪਾਹੜੇ ਮਾਰੇ, ਉਸ ਸਮੇਂ ਜੰਗਲ ਵਿਚ ਵੱਡਾ ਰੌਲਾ ਮੱਚਿਆ ਹੋਇਆ ਸੀ॥੩੩॥

ਕੰਟਕ ਸਹਿਤ ਮਹੀਰੁਹ ਖਰੇ। ਸ਼ਾਖਾ ਉਰਝੀ ਸੰਘਨੇ ਖਰੇ।
ਊਚੀ ਸਰਲੀ ਸਾਲ ਬਿਸਾਲਾ। ਬਦਰੀ, ਖਦਰ, ਕਰੌਂਜੇ ਜਾਲਾ ॥ ੩੪ ॥

ਕੰਡਿਆਂ ਸਹਿਤ ਵੱਡੇ-ਵੱਡੇ ਬ੍ਰਿਛ ਖੜੇ ਸਨ, ਇਕ ਦੂਸਰੇ ਵਿਚ ਟਹਿਣੀਆਂ ਫਸੀਆਂ ਸਨ, ਏਨੇ ਸੰਘਣੇ ਖੜੇ ਸਨ। ਉੱਚੇ-ਉੱਚੇ ਚੀੜ ਅਤੇ ਸਾਲ ਦੇ ਬ੍ਰਿਛ ਬਹੁਤ ਸਨ। ਬੇਰੀਆਂ, ਖੈਰ ਅਤੇ ਕਰੰਜੂਆਂ ਦੇ ਝੁੰਡਾਂ ਦੇ ਝੁੰਡ ਖੜੇ ਸਨ॥੩੪॥

ਨੀਠ ਨੀਠ ਜਹਿਂ ਗਮਨਜੋਂ ਜਾਇ। ਇਮ ਖੋਜਜੋ ਬਿਚਰਤਿ ਸਭਿ ਥਾਇਂ।
ਕਹਜੋ ਕੋਹੀਏ 'ਕੇਹਰਿ ਕੇਰਾ। ਦੇਖਹੁ ਪਗ ਕੋ ਖੋਜ ਬਡੇਰਾ ॥ ੩੫ ॥

ਜਿਥੇ ਮਸਾਂ-ਮਸਾਂ ਹੀ ਪ੍ਰਵੇਸ਼ ਕੀਤਾ ਜਾ ਸਕਦਾ ਸੀ, ਉਨ੍ਹਾਂ ਸਾਰੇ ਸਥਾਨਾਂ ਵਿਚ ਗਏ, ਇਸ ਤਰ੍ਹਾਂ ਸਭ ਥਾਈਂ ਖੋਜਦੇ ਫਿਰਦੇ ਰਹੇ। ਉਸ ਪਹਾੜੀਏ ਨੇ ਫਿਰ ਕਿਹਾ, "ਸ਼ੇਰ ਦਾ ਪੈਰ ਵੇਖੋ, ਉਸ ਦੇ ਪੈਰ ਦਾ ਖੋਜ ਬਹੁਤ ਵੱਡਾ ਹੈ॥੩੫॥

ਅਬਿ ਹੀ ਗਯੋ ਰਹੋ ਸਵਧਾਨਾ। ਨਿਕਸਹਿ ਕਰਹਿ ਚੋਟ ਬਲਵਾਨਾ।
ਦੋਨਹੁ ਨ੍ਰਿਪ ਬਹੁ ਸੰਗ ਸੁ ਬੀਰਾ। ਗਮਨਤਿ ਜਾਤਿ ਅੱਗ੍ਰ ਗੁਰ ਧੀਰਾ ॥ ੩੬ ॥

ਹੁਣੇ ਹੀ ਉਹ ਕਿਤੇ ਗਿਆ ਹੈ, ਇਸ ਲਈ ਚੌਕਸ ਹੋ ਜਾਵੋ। ਜੋ ਬਾਹਰ ਨਿਕਲੇਗਾ ਤਾਂ ਬਲਵਾਨ ਸੂਰਬੀਰ ਉਸ ਨੂੰ ਮਾਰਨਗੇ।" ਦੋਵਾਂ ਰਾਜਿਆਂ ਦੇ ਨਾਲ ਬਹੁਤ ਸੂਰਬੀਰ ਸਨ, ਉਹ ਧੀਰਜਵਾਨ ਗੁਰੂ ਜੀ ਦੇ ਅੱਗੇ-ਅੱਗੇ ਚਲੇ ਜਾ ਰਹੇ ਸਨ॥੩੬॥

ਸੰਘਨੇ ਬ੍ਰਿੱਖ ਉਲੰਘਤਿ ਭਏ। ਪੁਨ ਆਛੇ ਥਲ ਮਹਿਂ ਚਲਿ ਗਏ।
ਤਿਸ ਕੇ ਨਿਕਟ ਬਿਖਮ ਇਕ ਥਾਇਂ। ਕੰਟਕ ਸਹਿਤ ਬ੍ਰਿੱਖ ਕੀ ਛਾਇ ॥ ੩੭ ॥

ਸੰਘਣੇ ਬ੍ਰਿਛਾਂ ਨੂੰ ਲੰਘਦੇ ਜਾਂਦੇ ਸਨ, ਫਿਰ ਇਕ ਚੰਗੇ ਸਥਾਨ 'ਤੇ ਚਲੇ ਗਏ, ਉਸ ਦੇ ਨੇੜੇ ਇਕ ਬਹੁਤ ਮੁਸ਼ਕਲ ਸਥਾਨ ਸੀ ਜਿੱਥੇ ਕੰਡਿਆਂ ਵਾਲੇ ਇਕ ਬ੍ਰਿਛ ਦੀ ਛਾਂ ਸੀ॥੩੭॥

**ਸੁਪਤਿ ਪਰਜੋ ਨਿਜ ਪਾਇਂ ਪਸਾਰੇ। ਤ੍ਰਿਪਤਜੋ ਆਮਿਖ ਕੀਨਿ ਅਹਾਰੇ।**
**ਜਬਹਿ ਹਿਰੇਖਾ ਹਯ ਕੀ ਹੋਈ। ਸੁਨਜੋ ਸ਼ਬਦ ਔਚਕ ਤਿਨ ਸੋਈ॥ ੩੮॥**

ਉਥੇ ਸ਼ੇਰ ਪੈਰ ਪਸਾਰ ਕੇ ਸੁੱਤਾ ਪਿਆ ਸੀ ਤੇ ਬਹੁਤ ਮਾਸ ਦਾ ਆਹਾਰ ਕਰਕੇ ਉਹ ਤ੍ਰਿਪਤ ਹੋਇਆ ਸੀ। ਜਦ ਉਸ ਘੋੜੇ ਦੀ ਹਿਣਕਣ ਦੀ ਆਵਾਜ਼ ਸੁਣੀ, ਉਸ ਆਵਾਜ਼ ਨੂੰ ਉਸ ਅਚਾਨਕ ਸੁਣਿਆ॥੩੮॥

**ਤਜਾਗਿ ਨੀਂਦ ਬਲ ਤੇ ਗੁਰਣਾਯੋ। ਖਰੋ ਹੋਇ ਬੈਠਜੋ ਦ੍ਰਿਗ ਲਾਯੋ।**
**ਬੋਲਜੋ ਸੁਨਜੋ ਜਾਨਿ ਤਿਨ ਲੀਨੋ। ਠਾਂਢੇ ਭਏ ਬਿਲੋਕਨ ਕੀਨੋ॥ ੩੯॥**

ਨੀਂਦ ਛੱਡ ਕੇ ਉਹ ਬੜੇ ਬਲ ਨਾਲ ਗਰਜਿਆ, ਖੜੇ ਹੋਏ ਲੋਕਾਂ ਵਲ ਬੈਠੇ-ਬੈਠੇ ਨੇ ਅੱਖਾਂ ਲਾਈਆਂ। ਬੋਲਿਆ ਸੁਣਿਆ ਉਸ ਜਾਣ ਲਿਆ ਤੇ ਫਿਰ ਖੜੇ ਹੋ ਕੇ ਵੇਖਿਆ॥੩੯॥

**ਦਾਰੁਨ ਪੰਚਾਨਨ ਕੋ ਆਨਨ। ਜਿਸ ਸਮਾਨ ਕੋ ਨਾਹਿਨ ਆਨਨ।**
**ਕਾਨਨ ਸਬਦ ਸੁਨਜੋ ਤਹਿਂ ਜਬੈ। ਕਿਨਹੁਂ ਕਿਨਹੁਂ ਦ੍ਰਿਗ ਦੇਖਜੋ ਤਬੈ॥੪੦॥**

ਸ਼ੇਰ ਦਾ ਮੂੰਹ ਬਹੁਤ ਭਿਆਨਕ ਸੀ, ਜਿਸ ਵਰਗਾ ਹੋਰ ਕਿਸੇ ਦਾ ਮੂੰਹ ਨਹੀਂ ਸੀ। ਉਸ ਨੇ ਕੰਨਾਂ ਨਾਲ ਜਦ ਆਵਾਜ਼ ਸੁਣੀ ਤਾਂ ਕਿਸੇ-ਕਿਸੇ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ॥੪੦॥

**ਨਖ ਪਾਇਨ ਤੇ ਅੰਕੁਸ ਮਨੋ। ਦਾੜ੍ਹਨ ਤੇ ਦਾਰੁਨ ਮੁਖ ਘਨੋ।**
**ਸਟਾ ਕੰਠ ਪਰ ਦੀਰਘ ਦੀਖੇ। ਲਾਲ ਬਿਲੋਚਨ ਸ਼੍ਰੋਣ ਸਰੀਖੇ॥ ੪੧॥**

ਉਸ ਦੇ ਪੈਰਾਂ ਉੱਤੇ ਨਹੁੰਦਰਾਂ ਅੰਕੁਸ਼ ਵਾਂਗ ਤਿੱਖੀਆਂ ਅਤੇ ਮੋੜਵੀਆਂ ਸਨ ਤੇ ਮੂੰਹ ਵਿਚ ਬਹੁਤ ਭਿਆਨਕ ਦਾੜ੍ਹਾਂ ਸਨ। ਗਰਦਨ ਦੇ ਵਾਲ ਬਹੁਤ ਲੰਮੇ-ਲੰਮੇ ਦਿਖਾਈ ਦਿੰਦੇ ਸਨ। ਉਸ ਦੀਆਂ ਲਾਲ ਅੱਖਾਂ ਲਹੂ ਵਰਗੀਆਂ ਸਨ॥੪੧॥

**ਲਾਂਗੁਲ ਸਹਿਤ ਲਾਂਬਿਯੋ ਬੇਲਾ। ਦੀਰਘ ਦਸਨ ਸੁ ਦਿਖਨਿ ਦੁਹੇਲਾ।**
**ਛਾਤੀ ਗ੍ਰੀਵ ਉਦਰ ਹੈ ਸ੍ਵੇਤਾ। ਕਦ ਬਿਸਾਲ ਬਲ ਅਧਿਕ ਨਿਕੇਤਾ॥ ੪੨॥**

ਪੂਛ ਸਹਿਤ ਉਸ ਦੀ ਬੇਲ ਬਹੁਤ ਲੰਮੀ ਸੀ, ਉਸ ਦੇ ਭਿਆਨਕ ਵੱਡੇ ਆਕਾਰ ਨੂੰ ਵੇਖਣਾ ਬੜਾ ਦੁਖਦਾਈ ਸੀ। ਉਸ ਦੀ ਛਾਤੀ, ਧੌਣ ਅਤੇ ਢਿੱਡ ਚਿੱਟਾ ਸੀ। ਬਹੁਤ ਵੱਡਾ ਕੱਦ ਸੀ ਤੇ ਵੱਡੀ ਸ਼ਕਤੀ ਦਾ ਘਰ ਸੀ॥੪੨॥

**ਚੌਰੇ ਚਰਨ ਪੀਨ ਅਰੁ ਦੀਹਾ। ਪੀਤ ਸੁ ਬਰਨ ਸ਼ਜਾਮ ਗਨ ਲੀਹਾਂ।**
**ਸੁਪਨੇ ਮਹਿਂ ਭੀ ਜਾਂਹਿ ਨ ਤ੍ਰਾਸਾ। ਸਭਿ ਚਾਹਿਤਿ ਹੈਂ ਪਿਖਿਨਿ ਤਮਾਸਾ॥੪੩॥**

ਚਾਰੇ ਪੈਰ ਬੜੇ ਮੋਟੇ ਅਤੇ ਭਾਰੇ ਸਨ, ਪੀਲੇ ਰੰਗ ਉੱਤੇ ਕਾਲੇ ਰੰਗ ਦੀਆਂ ਬਹੁਤ ਲਕੀਰਾਂ ਸਨ। ਸੁਪਨੇ ਵਿਚ ਵੀ ਜਿਹੜਾ ਕਿਸੇ ਪਾਸੋਂ ਡਰਿਆ ਨਹੀਂ ਸੀ, ਸਾਰੇ ਹੀ ਉਸਦਾ ਤਮਾਸ਼ਾ ਵੇਖਣਾ ਚਾਹੁੰਦੇ ਸਨ॥੪੩॥

*ਪਹਿਲੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

***

# ਅਧਿਆਇ ਇਕਵੰਞਵਾਂ

## ਚਿੱਟੇ ਸ਼ੇਰ ਦਾ ਸ਼ਿਕਾਰ, ਪੀਰ ਬੁੱਧੂ ਸ਼ਾਹ ਵਿਦਾ ਹੋਇਆ

ਦੋਹਰਾ- ਸ੍ਰੀ ਕਲਗ਼ੀਧਰ ਦੇਖਿਕੈ ਊਚੇ ਕਹਜੋ ਪੁਕਾਰਿ।
'ਛੋਰਹੁ ਨਹੀਂ ਤੁਫੰਗ ਕੋ ਟਿਕੇ ਰਹਹੁ ਬਨ ਲਾਰਿ'॥ ੧॥

ਗੁਰੂ ਜੀ ਨੇ ਸ਼ੇਰ ਨੂੰ ਵੇਖ ਕੇ ਪੁਕਾਰ ਕੇ ਉੱਚੀ ਆਵਾਜ਼ ਵਿਚ ਕਿਹਾ, "ਬੰਦੂਕਾਂ ਵਿਚੋਂ ਗੋਲੀਆਂ ਨਾ ਛੱਡੋ ਤੇ ਸਾਰੇ ਕਤਾਰ ਬਣਾ ਕੇ ਖੜੇ ਰਹੋ"॥੧॥

ਚੌਪਈ- ਦੋਨਹੁਂ ਨ੍ਰਿਪ ਜੁਤਿ ਸੈਨਾ ਸਾਰੀ। ਹੇਤ ਬੰਗਾਰਨਿ ਗਿਰਾ ਉਚਾਰੀ।
'ਏਕ ਸੁਭਟ ਲੇ ਖੜਗ ਸੁ ਢਾਲ। ਲਲਕਾਰਹਿ ਸਭਿ ਆਗੇ ਚਾਲਿ॥੨॥

ਦੋਵੇਂ ਰਾਜੇ ਸੈਨਾ ਸਹਿਤ ਖੜੇ ਸਨ। ਗੁਰੂ ਜੀ ਨੇ ਵੰਗਾਰਨ ਵਾਸਤੇ ਕਿਹਾ, "ਇਕ ਸੂਰਬੀਰ ਤਲਵਾਰ ਤੇ ਢਾਲ ਲੈ ਕੇ ਆਵੇ ਤੇ ਅੱਗੇ ਚਲ ਕੇ ਸ਼ੇਰ ਨੂੰ ਲਲਕਾਰੇ॥੨॥

ਛਾਰ ਸਹਾਰ ਵਾਰ ਕਰਵਾਰ। ਕਰਹਿ ਜੁੱਧ ਲੇ ਕੇਹਰਿ ਮਾਰ।
ਮੁਖ ਮਾਂਗੇ ਹਮ ਬਖਸ਼ਹਿਂ ਤਾਂਹੀ। ਨਿਕਸਹਿ ਧੀਰ ਧਾਰਿ ਉਰ ਮਾਂਹੀ'॥੩॥

ਸ਼ੇਰ ਦੀ ਛਾਲ ਨੂੰ ਸਹਾਰੇ ਤੇ ਸ਼ੇਰ ਉੱਤੇ ਤਲਵਾਰ ਦਾ ਵਾਰ ਕਰੇ ਤੇ ਯੁੱਧ ਕਰਕੇ ਸ਼ੇਰ ਨੂੰ ਮਾਰ ਲਵੇ। ਉਸ ਨੂੰ ਮੂੰਹ ਮੰਗਿਆ ਅਸੀਂ ਇਨਾਮ ਦੇਵਾਂਗੇ ਤੇ ਹਿਰਦੇ ਵਿਚ ਉਹ ਧੀਰਜ ਧਾਰ ਕੇ ਨਿਕਲੇ"॥੩॥

ਸੁਨਿ ਕਰਿ ਫਤੇਸ਼ਾਹ ਬਚ ਬੋਲਾ। 'ਪ੍ਰਭੂ ਜੀ ਕੇਹਰਿ ਓਜ ਅਤੋਲਾ।
ਕੋ ਨਰ ਅਸ ਇਸ ਕੋ ਬਲ ਝਾਲੈ। ਹੁਇ ਸਵਧਾਨ ਵਾਰ ਪੁਨ ਘਾਲੈ॥੪॥

ਇਹ ਸੁਣ ਕੇ ਫ਼ਤਹਿ ਸ਼ਾਹ ਨੇ ਕਿਹਾ, "ਹੇ ਗੁਰੂ ਜੀ! ਸ਼ੇਰ ਵਿਚ ਅਥਾਹ ਸ਼ਕਤੀ ਹੈ। ਕਿਹੜਾ ਮਨੁੱਖ ਉਸ ਦੀ ਇਸ ਤਰ੍ਹਾਂ ਸ਼ਕਤੀ ਨੂੰ ਪਹਿਲਾਂ ਝੱਲੇ ਤੇ ਫਿਰ ਸਾਵਧਾਨ ਹੋ ਕੇ ਮੋੜਵਾਂ ਵਾਰ ਕਰੇ॥੪॥

ਚਿਰੰਕਾਲ ਕੋ ਇਤ ਉਤ ਫਿਰੈ। ਨਹਿਂ ਕੋ ਧਿਰ ਧਰਿ ਆਗੇ ਅਰੈ।
ਸੈਲਨ ਦੇਸ਼ ਬਿਖੈ ਬੱਖਜਾਤ। ਕਿਸਹੂੰ ਨਹਿਂ ਕੀਨੋ ਇਹ ਘਾਤਿ॥੫॥

ਕਾਫੀ ਦੇਰ ਤਕ ਏਧਰ ਓਧਰ ਫਿਰਦੇ ਰਹੇ, ਕੋਈ ਵੀ ਮਨੁੱਖ ਧੀਰਜ ਧਾਰ ਕੇ ਅੱਗੇ ਨਾ ਅੜਿਆ। ਪਹਾੜੀ ਦੇਸ਼ਾਂ ਵਿਚ ਇਹ ਪ੍ਰਗਟ ਹੈ, ਇਸ ਤਰ੍ਹਾਂ ਕਦੀ ਵੀ ਕਿਸੇ ਨੇ ਸ਼ੇਰ ਨੂੰ ਨਹੀਂ ਮਾਰਿਆ ਹੈ॥੫॥

ਕੋ ਹੈ ਸਮ ਰਾਵਰ ਕੇ ਕਹੋ। ਤਰੁਨ ਬੈਸ ਬਲ ਸਮਰਥ ਅਹੋ।
ਨਾਂਹਿਤ ਚਲਨੈ ਦੇਹੁ ਤੁਫੰਗ। ਗੁਲਕਾਂ ਬ੍ਰਿੰਦ ਲਗਹਿਂ ਇਕ ਸੰਗ॥੬॥

ਤੁਹਾਡੇ ਬਰਾਬਰ ਕੌਣ ਹੈ, ਇਹ ਦੱਸੋ, ਜਵਾਨ ਤੁਹਾਡੀ ਉਮਰ ਹੈ ਤੇ ਸਰਬ ਸਮਰੱਥ ਤੁਹਾਡੇ ਵਿਚ ਬਲ ਹੈ। ਨਹੀਂ ਤਾਂ ਬੰਦੂਕਾਂ ਚਲਣ ਦੇਵੋ, ਬਹੁਤ ਗੋਲੀਆਂ ਇਕੱਠੀਆਂ ਹੀ ਸ਼ੇਰ ਨੂੰ ਵੱਜਣਗੀਆਂ॥੬॥

ਜੋ ਹਤਿ ਹੋਇ ਪਰੈ ਤਨ ਭੂਪਰ। ਨਤੁ ਪਹੁਂਚਜੋ ਜਾਨਹੁ ਕਿਸ ਊਪਰ।
ਮਿਲਜੋ ਬੀਚ ਤਬਿ ਮੁਸ਼ਕਲ ਮਾਰਨਿ। ਕਰਹਿ ਪ੍ਰਹਾਰ ਅਨਿਕ ਕਰਵਾਰਨ'॥੭॥

ਜੇ ਮਾਰਿਆ ਜਾਵੇਗਾ ਤਾਂ ਇਸ ਦਾ ਸਰੀਰ ਧਰਤੀ 'ਤੇ ਡਿੱਗ ਪਵੇਗਾ, ਨਹੀਂ ਤਾਂ ਕਿਸੇ ਉੱਪਰ ਪਹੁੰਚ ਜਾਵੇਗਾ, ਇਹ ਜਾਣ ਲਵੋ। ਸ਼ੇਰ ਨੂੰ ਵਿਚ ਮਿਲਕੇ ਵੀ ਮਾਰਨਾ ਮੁਸ਼ਕਲ ਹੈ, ਤਲਵਾਰਾਂ ਦੇ ਅਨੇਕਾਂ ਵਾਰ ਕਰਨ ਦੇ ਬਾਵਜੂਦ ਵੀ ਸ਼ੇਰ ਮਾਰ ਕਰੇਗਾ" ॥੭॥

ਤਬਿ ਕਲਗ਼ੀਧਰ ਦੇਖੇ ਸਬੈ। ਨਿਕਸਜੋ ਨਹਿਂ ਕੋ ਜੋਧਾ ਜਬੈ।
ਨਿਜ ਹਾਥੀ ਕੋ ਕਹਿ ਬਿਠਵਾਇਵ। ਚਹੈਂ ਆਪਨੋ ਬਲ ਦਿਖਰਾਇਵ ॥ ੮ ॥

ਤਦ ਕਲਗ਼ੀਧਰ ਜੀ ਨੇ ਸਭ ਵਲ ਵੇਖਿਆ ਤੇ ਜਦ ਕੋਈ ਯੋਧਾ ਵੀ ਬਾਹਰ ਨਾ ਨਿਕਲਿਆ ਤਾਂ ਉਨ੍ਹਾਂ ਨੇ ਆਪਣੇ ਹਾਥੀ ਨੂੰ ਬੈਠਵਾਇਆ। ਉਹ ਆਪਣਾ ਬਲ ਵਿਖਾਉਣਾ ਚਾਹੁੰਦੇ ਸਨ ॥੮॥

ਹੌਦੇ ਬਿਖੈ ਧਰਜੋ ਧਨੁ ਭਾਥਾ। ਖੜਗ ਸਿਪਰ ਗਹਿ ਲੀਨਸਿ ਹਾਥਾ।
ਨੰਦ ਚੰਦ ਆਦਿਕ ਪੰਚ ਭ੍ਰਾਤਾ। ਦੇਖਜੋ ਗੁਰੁ ਬੀਰ ਰਸ ਰਾਤਾ ॥ ੯ ॥

ਭਾਰੀ ਧਨੁੱਖ ਅਤੇ ਤੀਰਾਂ ਦੇ ਭੱਥੇ ਨੂੰ ਉਨ੍ਹਾਂ ਹਾਥੀ ਦੇ ਹੌਦੇ ਉੱਤੇ ਹੀ ਰਹਿਣ ਦਿੱਤਾ ਤੇ ਤਲਵਾਰ ਅਤੇ ਢਾਲ ਨੂੰ ਆਪਣੇ ਹੱਥ ਵਿਚ ਲੈ ਲਿਆ। ਨੰਦ ਚੰਦ ਆਦਿ ਪੰਜਾਂ ਭਰਾਵਾਂ ਵਲ ਗੁਰੂ ਜੀ ਨੇ ਵੇਖਿਆ ਜਿਹੜੇ ਬੀਰ ਰਸ ਵਿਚ ਰੰਗੇ ਹੋਏ ਸਨ ॥੯॥

ਸਹਿਤ ਕ੍ਰਿਪਾਲ ਸੁ ਚਹਿਤ ਹਟਾਏ। ਕਹਜੋ ਨ ਜਾਇ ਤੇਜ ਦਿਪਤਾਏ।
ਨਾਹਣੇਸ਼ ਕਰ ਜੋਰਿ ਉਚਾਰਾ। 'ਗਨ ਗੁਲਕਾਂ ਤਜਿ ਲੇਹਿਂ ਸੰਘਾਰਾ ॥ ੧੦ ॥

ਮਾਮਾ ਕ੍ਰਿਪਾਲ ਜੀ ਸਹਿਤ ਸਾਰੇ ਗੁਰੂ ਜੀ ਨੂੰ ਹਟਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਪਾਸੋਂ ਕਿਹਾ ਨਹੀਂ ਸੀ ਜਾਂਦਾ, ਕਿਉਂਕਿ ਗੁਰੂ ਜੀ ਦਾ ਤੇਜ ਜਾਹੋ-ਜਲਾਲ ਪ੍ਰਕਾਸ਼ ਰਿਹਾ ਸੀ। ਨਾਹਣ ਦੇ ਰਾਜੇ ਨੇ ਹੱਥ ਜੋੜ ਕੇ ਕਿਹਾ, "ਕੁਝ ਗੋਲੀਆਂ ਛੱਡ ਕੇ ਮਾਰ ਲਵੋ ॥੧੦॥

ਪਸ਼ੁ ਕੇ ਸਮੁਖ ਆਪ ਕਜੋਂ ਜਾਵਹੁ। ਗਹੋ ਧਨੁਖ ਕੌ ਬਾਨ ਚਲਾਵਹੁ'।
ਸਤਿਗੁਰ ਬੋਲੇ 'ਪਿਖਹੁ ਤਮਾਸ਼ਾ। ਇਸ ਤੇ ਕਹਾਂ ਕਰੈਂ ਹਮ ਤ੍ਰਾਸਾ' ॥ ੧੧ ॥

ਭਿਆਨਕ ਪਸ਼ੂ ਦੇ ਸਾਹਮਣੇ ਆਪ ਕਿਉਂ ਜਾਂਦੇ ਹੋ, ਆਪਣਾ ਧਨੁੱਖ ਫੜੋ ਤੇ ਬਾਣ ਚਲਾਵੋ।" ਸਤਿਗੁਰੂ ਜੀ ਨੇ ਕਿਹਾ, "ਤੁਸੀਂ ਤਮਾਸ਼ਾ ਵੇਖੋ, ਇਸ ਤੋਂ ਅਸੀਂ ਕਿਹੜੇ ਡਰਦੇ ਹਾਂ" ॥੧੧॥

ਇਮ ਕਹਿ ਆਗੇ ਪ੍ਰਭੁ ਸਿਧਾਰੇ। ਖਰੇ ਦੂਰ ਲੌਂ ਦੇਖਤਿ ਸਾਰੇ।
ਕੇਚਿਤ ਕਹੈਂ 'ਕਹਾਂ ਗੁਰ ਕਰਜੋ! ਕੇਹਰਿ ਨਿਕਟ ਜਾਨਿ ਹਠ ਧਰਜੋ' ॥ ੧੨ ॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਜੀ ਅੱਗੇ ਚਲੇ ਗਏ, ਦੂਰ ਖੜੇ ਸਾਰੇ ਵੇਖ ਰਹੇ ਸਨ। ਕਈ ਕਹਿੰਦੇ ਸਨ, "ਗੁਰੂ ਜੀ ਨੇ ਇਹ ਕੀ ਕੀਤਾ ਹੈ, ਸ਼ੇਰ ਦੇ ਪਾਸ ਜਾਣ ਦਾ ਹਠ ਧਾਰਨ ਕੀਤਾ ਹੈ" ॥੧੨॥

ਕੇਚਿਤ ਕਹੈਂ 'ਗੁਰੂ ਬਡ ਜੋਧਾ। ਹਤਹਿ ਕ੍ਰਿਪਾਨ ਸੰਗ ਕਰਿ ਕ੍ਰੋਧਾ'।
ਸਨਮੁਖ ਹੋਇ ਕਰਜੋ ਜਬਿ ਨੇਰ। ਪਿਖੇ ਪਰਸਪਰ ਅਧਿਕ ਦਲੇਰ ॥ ੧੩ ॥

ਕਈ ਕਹਿੰਦੇ ਸਨ, "ਗੁਰੂ ਜੀ ਵੱਡੇ ਯੋਧਾ ਹਨ, ਉਹ ਵੱਡਾ ਕ੍ਰੋਧ ਧਾਰ ਕੇ ਸ਼ੇਰ ਨੂੰ ਮਾਰ ਦੇਣਗੇ।" ਸ਼ੇਰ ਦੇ ਸਾਹਮਣੇ ਹੋ ਕੇ ਜਦ ਗੁਰੂ ਜੀ ਨੇ ਨੇੜ ਕੀਤਾ। ਗੁਰੂ ਜੀ ਅਤੇ ਸ਼ੇਰ ਦੋਵੇਂ ਹੀ ਬਹੁਤ ਦਲੇਰ ਵਿਖਾਈ ਦਿੱਤੇ ॥੧੩॥

ਉਠਜੋ ਨਹੀਂ ਬੈਠਜੋ ਤਬਿ ਰਹਜੋ। ਹੇਤੁ ਬੰਗਾਰਨਿ ਉਚੇ ਕਹਜੋ।
'ਹੋਹੁ ਖਰੋ ਕਜੋਂ ਬੈਠਜੋ ਅਬੈ। ਬਨਿ ਸਵਧਾਨ ਪਿਖਹਿਂ ਤੁਮ ਸਬੈ' ॥ ੧੪ ॥

ਸ਼ੇਰ ਉੱਠਿਆ ਨਹੀਂ ਬੈਠਾ ਹੀ ਰਿਹਾ, ਫਿਰ ਉਸ ਨੂੰ ਵੰਗਾਰਨ ਵਾਸਤੇ ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਖੜਾ ਹੋ, ਕਿਉਂ ਹਾਲੇ ਤਕ ਬੈਠਾ ਹੈਂ, ਸਾਵਧਾਨ ਹੋ ਤਾਂਕਿ ਸਾਰੇ ਤੈਨੂੰ ਵੇਖ ਸਕਣ" ॥੧੪॥

ਸੁਨਿ ਪ੍ਰਭੁ ਤੇ ਨਿਜ ਸੀਸ ਨਿਵਾਯੋ। ਥਿਰਯੋ ਰਹਯੋ ਨਿਜ ਟੌਰ ਭ੍ਰਮਾਯੋ।
ਵਹਿਰ ਮਦਾਨ ਬਿਖੇ ਗੁਰ ਖਰੇ। ਬਿਖਮ ਬਿਰ੍ਹੇ ਕੇ ਬੀਚ ਨ ਬਰੇ॥ ੧੫॥

ਗੁਰੂ ਜੀ ਪਾਸੋਂ ਸੁਣ ਕੇ ਉਸ ਸਿਰ ਨਿਵਾਇਆ ਤੇ ਸਿਰ ਦੇ ਵਾਲਾਂ ਦੇ ਗੁੱਛੇ ਨੂੰ ਭਰਮਾਇਆ। ਗੁਰੂ ਜੀ ਬਾਹਰ ਮੈਦਾਨ ਵਿਚ ਖੜੇ ਸਨ। ਔਖੀ ਝਿੜੀ ਵਿਚ ਉਹ ਦਾਖਲ ਨਾ ਹੋਏ॥੧੫॥

ਬਚ ਊਚੇ ਕਹਿ ਫੇਰ ਪ੍ਰਚਾਰਯੋ। 'ਖਰੋ ਹੋਹੁ ਕੈਸੇ ਬਲ ਹਾਰਯੋ।
ਤੋਹਿ ਸੰਗ ਹੈ ਜੰਗ ਹਮਾਰਾ। ਟਰੇ ਬਨਹਿ ਨਹਿਂ, ਕਯੋਂ ਚਿਤ ਹਾਰਾ ?' ॥੧੬॥

ਆਵਾਜ਼ ਉੱਚੀ ਕਰਕੇ ਗੁਰੂ ਜੀ ਨੇ ਫਿਰ ਲਲਕਾਰਿਆ, "ਖੜਾ ਹੋ ਕਿਉਂ ਬਲ ਹਾਰ ਗਿਆ ਹੈਂ। ਤੇਰੇ ਨਾਲ ਸਾਡੀ ਲੜਾਈ ਹੈ, ਟਾਲਣ ਨਾਲ ਨਹੀਂ ਬਣਨਾ, ਕਿਉਂ ਦਿਲ ਹਾਰ ਗਿਆ ਹੈਂ ?" ॥੧੬॥

ਬੈਠਯੋ ਸ਼ੇਰ ਆਪ ਤਹਿਂ ਖਰੇ। ਜੁਗ ਨ੍ਰਿਪ ਦਲ ਜੁਤਿ ਦੇਖਨਿ ਕਰੇ।
ਬਿਸਮਾਵਹਿਂ ਕਿਮ ਕਿਮ ਨਰ ਕਹੈਂ। ਇਤ ਉਤ ਕਲਮਲਾਤਿ ਸਭਿ ਲਹੈਂ ॥੧੭॥

ਸ਼ੇਰ ਬੈਠਾ ਸੀ ਤੇ ਗੁਰੂ ਜੀ ਆਪ ਉਥੇ ਖੜੇ ਸਨ ਤੇ ਦੋ ਰਾਜੇ ਆਪਣੀਆਂ ਫੌਜਾਂ ਸਹਿਤ ਵੇਖ ਰਹੇ ਸਨ। ਹੈਰਾਨ ਹੋ ਕੇ ਮਨੁੱਖ ਕਈ ਕੁਝ ਕਹਿ ਰਹੇ ਸਨ, ਏਧਰ ਓਧਰ ਹੋ ਕੇ ਸਾਰੇ ਵਿਆਕੁਲ ਹੋ ਰਹੇ ਸਨ॥੧੭॥

ਜਬਿ ਦ੍ਵੈ ਬਾਰ ਕਹਯੋ ਨਹਿਂ ਖਰਯੋ। ਬਹੁਰ ਕ੍ਰੋਧ ਕਰਿ ਊਚ ਉਚਰਯੋ।
'ਗੀਦੀ ! ਕਹਾਂ ਬਨਯੋ ਸਮ ਸਜਾਲ। ਬੈਠਯੋ ਤਜਾਗ ਬੰਸ ਕੀ ਚਾਲ॥੧੮॥

ਜਦ ਦੋ ਵਾਰ ਕਹਿਣ ਉੱਤੇ ਵੀ ਸ਼ੇਰ ਖੜਾ ਨਾ ਹੋਇਆ, ਫਿਰ ਗੁਰੂ ਜੀ ਨੇ ਗੁੱਸਾ ਕਰਕੇ ਬੜੀ ਉੱਚੀ ਦਿੱਤੀ ਉਚਾਰਨ ਕੀਤਾ, "ਕਾਇਰ ! ਕਿਉਂ ਗਿੱਦੜ ਵਾਂਗ ਬਣਿਆ ਹੈਂ, ਤੂੰ ਆਪਣੇ ਵੰਸ਼ ਦੀ ਚਾਲ ਨੂੰ ਛੱਡ ਕੇ ਬੈਠਾ ਹੈਂ॥੧੮॥

ਕਰਮ ਕੇਹਰੀ ਕੇਰ. ਕਰਾਲੇ। ਕਾਤੁਰ ਕੂਰ ਕਾਰ ਡਰ ਘਾਲੇ।
ਤੋਹਿ ਨ ਛੋਰਹਿਂ ਭਟਿ ਸਭਿ ਘਿਰੈਂ। ਕਿਮ ਗੀਦੀ ਗਾਦਰ ਹੁਇ ਮਰੈਂ ॥੧੯॥

ਸ਼ੇਰ ਦਾ ਕਰਮ ਵੱਡਾ ਵਿਕਰਾਲ ਹੈ, ਹੇ ਕਾਇਰਾ ! ਡਰ ਕਰਕੇ ਕੂੜਿਆਂ ਵਾਲੀ ਕਾਰ ਕਰਦਾ ਹੈਂ। ਤੈਨੂੰ ਛੱਡਾਂਗੇ ਨਹੀਂ, ਸੂਰਮਿਆਂ ਨੇ ਘੇਰਾ ਪਾਇਆ ਹੈ ਤੇ ਕਾਇਰਾ ਕਿਵੇਂ ਗਿੱਦੜ ਹੋ ਕੇ ਮਰ ਜਾਵੇਂਗਾ" ॥੧੯॥

ਇਮ ਸੁਨ ਕੈ ਸਤਿਗੁਰ ਕੇ ਬੈਨ। ਉਠਯੋ ਕ੍ਰੋਧ ਕਰਿ ਰਾਤੇ ਨੈਨ।
ਭਭਕਯੋ ਭੀਖਨ ਸਟਾ ਫੁਲਾਏ। ਨਿਕਸਯੋ ਵਹਿਰ ਪਿਖਯੋ ਸਮੁਦਾਏ॥੨੦॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨ ਸੁਣਕੇ, ਸ਼ੇਰ ਕ੍ਰੋਧ ਕਰਕੇ ਤੇ ਅੱਖਾਂ ਲਾਲ ਕਰਕੇ ਉੱਠਿਆ ਤੇ ਭਿਆਨਕ ਗਰਦਨ ਦੇ ਵਾਲਾਂ ਨੂੰ ਫੈਲਾ ਕੇ ਬਾਹਰ ਨਿਕਲਿਆ ਤੇ ਸਭ ਵਲ ਵੇਖਿਆ॥੨੦॥

ਬਲ ਬਿਸ਼ਾਲ ਕਰਿ ਛਾਲ ਉਤਾਲਾ। ਗਰਜਯੋ ਦੀਰਘ ਕਾਲ ਕਰਾਲਾ।
ਪ੍ਰਭ ਕੇ ਸਨਮੁਖ ਕੀਨਸਿ ਨੇਰ। ਉਛਰਯੋ ਛਿੱਪ੍ਰ ਛਾਲ ਕਰਿ ਫੇਰ॥ ੨੧॥

ਵਿਸ਼ਾਲ ਸ਼ਕਤੀ ਧਾਰ ਕੇ ਬੜੇ ਉਤਾਵਲੇ ਹੋ ਕੇ ਛਾਲ ਮਾਰੀ ਤੇ ਵਿਕਰਾਲ ਆਵਾਜ਼ ਵਿਚ ਬਹੁਤ ਉੱਚੀ ਗਰਜਿਆ। ਗੁਰੂ ਜੀ ਦੇ ਸਾਹਮਣੇ ਨੇੜੇ ਹੋਇਆ ਤੇ ਫਿਰ ਛਾਲ ਮਾਰ ਕੇ ਤੁਰਤ ਉੱਪਰ ਉੱਛਲਿਆ॥੨੧॥

ਬਲ ਤੇ ਜਬਿ ਪਹੁੰਚਯੋ ਪ੍ਰਭੁ ਊਪਰ। ਚਰਨ ਟਿਕਾਇ ਰਖੇ ਥਿਰ ਭੂਪਰ।
ਆਗੈ ਸਿਪਰ ਕਰੀ ਤਤਕਾਲਾ। ਛਿੱਪ੍ਰ ਨਿਕਾਸਯੋ ਖੜਗ ਕਰਾਲਾ॥ ੨੨ ॥

ਬਲ ਨਾਲ ਜਦ ਗੁਰੂ ਜੀ ਦੇ ਉੱਪਰ ਪਹੁੰਚਿਆ ਤਾਂ ਧਰਤੀ 'ਤੇ ਉਨ੍ਹਾਂ ਸਥਿਰ ਪੈਰ ਟਿਕਾਈ ਰੱਖੇ। ਗੁਰੂ ਜੀ ਨੇ ਤੁਰਤ ਅੱਗੇ ਢਾਲ ਕਰ ਦਿੱਤੀ ਤੇ ਤੁਰਤ ਵਿਕਰਾਲ ਤਲਵਾਰ ਨੂੰ ਬਾਹਰ ਕੱਢਿਆ॥੨੨॥

ਊਚੀ ਛਾਲ ਢਾਲ ਪਰ ਲੈ ਕੈ। ਕਰਯੋ ਪ੍ਰਹਾਰ ਆਪ ਬਲ ਕੈ ਕੈ।
ਬਦਨ ਬਚਾਇ ਲਾਕ ਪਰ ਮਾਰਾ। ਬਹਯੋ ਘਾਵ ਜਿਮ ਸਾਬਨ ਤਾਰਾ॥੨੩॥

ਗੁਰੂ ਜੀ ਨੇ ਉੱਚੀ ਛਾਲ ਨੂੰ ਢਾਲ ਉੱਤੇ ਲੈ ਕੇ, ਆਪ ਬਲ ਧਾਰ ਕੇ ਜ਼ੋਰ ਦੇ ਨਾਲ ਵਾਰ ਕੀਤਾ। ਮੂੰਹ ਬਚਾ ਕੇ ਲੱਕ ਤੇ ਵਾਰ ਕੀਤਾ ਤੇ ਤਲਵਾਰ ਇਸ ਤਰ੍ਹਾਂ ਚੀਰਦੀ ਲੰਘ ਗਈ, ਜਿਵੇਂ ਸਾਬਣ ਵਿਚੋਂ ਦੀ ਤਾਰ ਲੰਘ ਜਾਂਦੀ ਹੈ॥੨੩॥

ਪਿਛਲੇ ਪਾਇਨ ਪਰ ਗਿਰ ਰਹਯੋ। ਪਿਖਤਿ ਅਚੰਭਾ ਸਭਿ ਨੇ ਲਹਯੋ।
ਜੁਗਮ ਨਰਿੰਦ ਮਤੰਗ ਧਵਾਏ। ਪਹੁੰਚਿ ਸਮੀਪ ਦੇਖਿ ਹਰਖਾਏ॥ ੨੪ ॥

ਸ਼ੇਰ ਪਿਛਲੇ ਪੈਰਾਂ ਤੇ ਹੀ ਡਿੱਗ ਪਿਆ, ਵੇਖ ਕੇ ਸਾਰੇ ਹੀ ਬਹੁਤ ਹੈਰਾਨ ਹੋਏ। ਦੋਵਾਂ ਰਾਜਿਆਂ ਨੇ ਹਾਥੀਆਂ ਨੂੰ ਭਜਾਇਆ ਤੇ ਗੁਰੂ ਜੀ ਦੇ ਪਾਸ ਪਹੁੰਚ ਗਏ ਤੇ ਵੇਖ ਕੇ ਬਹੁਤ ਹੈਰਾਨ ਹੋਏ॥੨੪॥

'ਧੰਨ ਧੰਨ ਪ੍ਰਭੁ ਬਡੇ ਦਲੇਰ। ਤੁਮ ਬਿਨ ਕੌਨ ਹਤਹਿ ਅਸ ਸ਼ੇਰ।
ਅਵਨੀ ਤਲ ਮਹਿਂ ਆਪ ਮਨਿੰਦ। ਸੁਨਯੋਂ ਨ ਦੇਖਯੋ ਕਿਤਹੁਂ ਬਿਲੰਦ॥੨੫॥

ਉਹ ਕਹਿਣ ਲੱਗੇ, "ਧੰਨ! ਧੰਨ! ਗੁਰੂ ਜੀ ਬਹੁਤ ਸੂਰਬੀਰ ਹਨ, ਤੁਹਾਡੇ ਬਗੈਰ ਕੌਣ ਐਸੇ ਸ਼ੇਰ ਨੂੰ ਮਾਰ ਸਕਦਾ ਹੈ। ਇਸ ਧਰਤੀ ਉੱਤੇ ਆਪ ਵਰਗਾ ਨਾ ਵੇਖਿਆ ਹੈ ਨਾ ਸੁਣਿਆ ਹੈ, ਜਿਹੜਾ ਏਡਾ ਮਹਾਨ ਹੋਵੇ॥੨੫॥

ਅਸ ਕੇਹਰਿ ਦੀਰਘ ਨਹਿਂ ਹੇਰਾ। ਦਾਰੁਨ ਦਾੜ੍ਹਨ ਓਜ ਘਨੇਰਾ।
ਕਰਯੋ ਸੰਘਾਰਨ ਤੂਰਨ ਐਸੇ। ਛਾਗ ਬਿਹੀਨੋ ਬਲ ਤੇ ਜੈਸੇ'॥ ੨੬ ॥

ਅਜਿਹਾ ਵੱਡਾ ਸ਼ੇਰ ਕਿਤੇ ਨਹੀਂ ਵੇਖਿਆ ਹੈ, ਭਿਆਨਕ ਦਾੜ੍ਹਾਂ ਸਨ ਤੇ ਬਹੁਤ ਵੱਡਾ ਸ਼ਕਤੀਸ਼ਾਲੀ ਸੀ। ਤੁਸੀਂ ਤੁਰਤ ਉਸ ਨੂੰ ਇਸ ਤਰ੍ਹਾਂ ਮਾਰ ਦਿੱਤਾ ਹੈ, ਜਿਵੇਂ ਨਿਰਬਲ ਬੱਕਰਾ ਹੁੰਦਾ ਹੈ"॥੨੬॥

ਸ੍ਰੀ ਕਲਗੀਧਰ ਤਬਹਿ ਸੁਨਾਯੋ। 'ਇਹ ਪਾਂਡਵ ਕੁਲ ਮਹਿਂ ਨਰ ਜਾਯੋ।
ਭਾਰਥ ਮਹਿਂ ਮਰਿ ਰਹਯੋ ਕੁਢਾਲਾ। ਭਾਵੀ ਬਸ ਤੇ ਧਰ ਤਨ ਜਾਲਾ॥੨੭॥

ਸ੍ਰੀ ਕਲਗੀਧਰ ਜੀ ਨੇ ਤਦ ਸੁਣਾਇਆ, "ਇਸ ਸ਼ੇਰ ਨੇ ਪਾਂਡਵ ਕੁਲ ਵਿਚ ਨਰ ਦੇ ਤੌਰ ਤੇ ਜਨਮ ਲਿਆ ਸੀ। ਕੁਰੁਕਸ਼ੇਤਰ ਦੀ ਜੰਗ ਵਿਚ ਇਹ ਬੁਰੇ ਢੰਗ ਨਾਲ ਮਾਰਿਆ ਗਿਆ। ਭਾਵੀ ਵੱਸ ਹੋ ਕੇ ਇਸ ਧਰਤੀ ਉੱਤੇ ਬਹੁਤ ਜਨਮ ਲਏ॥੨੭॥

ਪਾਛਲ ਜਨਮ ਹੁਤੋ ਇਸ ਕੇਰਾ। ਕੇਹਰਿ ਭਯੋ ਕਰਾਲ ਬਡੇਰਾ।
ਅਬਿ ਮ੍ਰਿਤੁ ਹੋਇ ਭਲੀ ਗਤਿ ਲਹੀ। ਜਗ ਮਹਿਂ ਬਹੁਰ ਜਨਮ ਇਸ ਨਹੀਂ'॥੨੮॥

ਇਹ ਇਸ ਦਾ ਅੰਤਲਾ ਜਨਮ ਸੀ, ਇਹ ਬਹੁਤ ਵੱਡਾ ਸ਼ੇਰ ਹੋਇਆ। ਹੁਣ ਮਰ ਕੇ ਇਸ ਭਲੀ ਪ੍ਰਕਾਰ ਗਤੀ ਪ੍ਰਾਪਤ ਕੀਤੀ ਹੈ, ਜਗਤ ਵਿਚ ਇਸ ਦਾ ਹੋਰ ਜਨਮ ਨਹੀਂ ਹੋਵੇਗਾ"॥੨੮॥

ਸੁਨ ਕਰਿ 'ਧੰਨ ਧੰਨ' ਸਭਿ ਕਹੈਂ। ਮਹਾਂ ਪ੍ਰਤਾਪਵਾਨ ਮਨ ਲਹੈਂ।
ਤਿਹ ਉਚਵਾਇ ਪਾਂਵਟੇ ਲਜਾਏ। ਕਰਤਿ ਬਤਕ ਨ੍ਰਿਪ ਜੁਤਿ ਪ੍ਰਭੁ ਆਏ॥੨੯॥

ਇਹ ਸੁਣ ਕੇ ਸਾਰੇ "ਧੰਨ ਧੰਨ" ਕਹਿਣ ਲੱਗੇ, ਉਨ੍ਹਾਂ ਨੇ ਗੁਰੂ ਜੀ ਨੂੰ ਮਹਾਂਪ੍ਰਤਾਪ ਵਾਲੇ ਜਾਣਿਆ। ਉਸ ਸ਼ੇਰ ਨੂੰ ਚੁਕਵਾ ਕੇ ਫਿਰ ਪਾਉਂਟੇ ਲਿਆਏ। ਰਾਜਿਆਂ ਸਹਿਤ ਵਾਰਤਾਲਾਪ ਕਰਦੇ ਗੁਰੂ ਜੀ ਆਏ॥੨੯॥

**ਉਤਰੇ ਨਿਜ ਨਿਜ ਸਕਲ ਠਿਕਾਨੇ। ਮਿਲਿ ਆਪਸ ਮਹਿਂ ਸੁਜਸੁ ਬਖਾਨੇ।**
**ਸਗਰੇ ਲੋਕ ਕੇਹਰੀ ਹੇਰਹਿਂ। ਮਾਰਨ ਤੇ ਬਿਸਮਾਇ ਬਡੇਰਹਿਂ॥ ੩੦॥**

ਸਾਰੇ ਆਪਣੇ-ਆਪਣੇ ਟਿਕਾਣਿਆਂ 'ਤੇ ਉੱਤਰ ਗਏ, ਆਪਸ ਵਿਚ ਮਿਲ ਕੇ ਸ੍ਰੇਸ਼ਟ ਜੱਸ ਕਰਦੇ ਸਨ। ਸਾਰੇ ਲੋਕ ਸ਼ੇਰ ਨੂੰ ਵੇਖਦੇ ਸਨ, ਉਸ ਨੂੰ ਮਾਰਨ 'ਤੇ ਬਹੁਤ ਹੈਰਾਨ ਹੋ ਰਹੇ ਸਨ॥੩੦॥

**ਸੋ ਦਿਨ ਬੀਤਯੋ ਨਿਸਾ ਬਿਤਾਈ। ਬਿਦਾ ਹੋਇ ਪੁਨ ਦੋਨਹੁਂ ਰਾਈ।**
**ਜਬਿ ਦਰਬਾਰ ਲਗਯੋ ਤਬਿ ਆਏ। ਕਰਿ ਬੰਦਨ ਕੋ ਬੈਨ ਸੁਨਾਏ॥ ੩੧॥**

ਉਹ ਦਿਨ ਬੀਤ ਗਿਆ ਤੇ ਰਾਤ ਬਤੀਤ ਕੀਤੀ, ਫਿਰ ਦੋਵੇਂ ਰਾਜੇ ਵਿਦਾ ਹੋ ਗਏ। ਜਦ ਦਰਬਾਰ ਲੱਗਾ ਤਾਂ ਫਿਰ ਆਏ ਤੇ ਬੰਦਨਾ ਕਰਕੇ ਉਨ੍ਹਾਂ ਬਚਨ ਕੀਤੇ॥੩੧॥

**'ਦੇਗ਼ ਹੇਤੁ ਲਿਹੁ ਹਮ ਤੇ ਗ੍ਰਾਮੂ। ਭਲੋ ਕਰਹੁ ਰਾਵਰਿ ਗੁਨ ਧਾਮੂ।**
**ਅੰਗੀਕਾਰ ਭੇਟ ਕੋ ਕਰਹੁ। ਰਿਦੇ ਮਨੋਰਥ ਹਮਰੇ ਪੂਰਹੁ'॥ ੩੨॥**

"ਲੰਗਰ ਵਾਸਤੇ ਸਾਥੋਂ ਕੁਝ ਪਿੰਡ ਲੈ ਲਵੋ, ਹੇ ਗੁਣਾਂ ਦੇ ਘਰ ਭਲੇ ਕਾਰਜ ਕਰੋ। ਸਾਡੀ ਭੇਟਾ ਨੂੰ ਅੰਗੀਕਾਰ ਕਰੋ ਤੇ ਸਾਡੇ ਹਿਰਦੇ ਦਾ ਮਨੋਰਥ ਪੂਰਾ ਕਰੋ"॥੩੨॥

**ਫਤੇ ਸ਼ਾਹ ਤੇ ਸੁਨਿ ਕਰਿ ਬਾਨੀ। ਮੁਖ ਮੁਸਕਾਵਤਿ ਪ੍ਰਭੁ ਬਖਾਨੀ।**
**'ਗੁਰ ਘਰ ਕੀ ਤੁਮ ਸ਼ਰਨੀ ਆਵਹੁ। ਚਹਹੁ ਅਕਾਲ ਪੁਰਖ ਤੇ ਪਾਵਹੁ॥ ੩੩॥**

ਰਾਜੇ ਫਤਹਿ ਸ਼ਾਹ ਤੋਂ ਉਸ ਦੀ ਕਹੀ ਹੋਈ ਗੱਲ ਸੁਣ ਕੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਗੁਰੂ ਘਰ ਦੀ ਜੇ ਤੁਸੀਂ ਸ਼ਰਨ ਵਿਚ ਆਵੋ ਤਾਂ ਜੋ ਚਾਹੋ ਅਕਾਲ ਪੁਰਖ ਤੋਂ ਪਾਵੋ॥੩੩॥

**ਕੋਇ ਨ ਕਮੀ ਦੇਗ਼ ਸਤਿਗੁਰ ਕੀ। ਪੂਰਹਿਂ ਕਾਮਨਾ ਦਾਸਨ ਉਰ ਕੀ।**
**ਗੁਰ ਕੀ ਦੇਗ਼ ਰੁ ਤੇਗ਼ ਸਵਾਈ। ਦਿਨਪ੍ਰਤਿ ਵਧਹਿ ਸਰਬ ਲਗਿ ਜਾਈ॥੩੪॥**

ਸਤਿਗੁਰੂ ਜੀ ਦੇ ਲੰਗਰ ਨੂੰ ਕੋਈ ਘਾਟ ਨਹੀਂ ਹੈ, ਅਸੀਂ ਸੇਵਕਾਂ ਦੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਾਂ। ਗੁਰੂ ਦੀ ਦੇਗ ਅਤੇ ਤੇਗ਼ ਸਦਾ ਵ੍ਰਧਦੀ ਹੈ, ਇਹ ਦਿਨਪ੍ਰਤੀ ਵਧਦੀ ਹੈ ਤੇ ਸਾਰਿਆਂ ਤਕ ਜਾਵੇਗੀ॥੩੪॥

**ਗੁਰ ਸਿੱਖੀ ਜੇ ਤੁਮ ਕੋ ਭਾਵੈ। ਕਹਿ ਸ੍ਰੀ ਅਸਧੁਜ ਤੇ ਬਖਸ਼ਾਵੈਂ'।**
**ਸੁਨਿ ਮੁਸਕਾਵਤਿ ਬਾਕ ਪ੍ਰਕਾਸ਼ੇ। 'ਹਮ ਹੈਂ ਸਦਾ ਆਪ ਕੇ ਦਾਸੇ॥ ੩੫॥**

ਜੇ ਗੁਰ ਸਿੱਖੀ ਤੁਹਾਨੂੰ ਚੰਗੀ ਲੱਗੇ ਤਾਂ ਅਕਾਲ ਪੁਰਸ਼ ਨੂੰ ਕਹਿ ਕੇ ਬਖਸ਼ਾ ਦੇਵਾਂਗੇ।" ਰਾਜੇ ਮੁਸਕਰਾ ਕੇ ਬੋਲੇ, "ਅਸੀਂ ਸਦਾ ਆਪ ਜੀ ਦੇ ਦਾਸ ਹਾਂ॥੩੫॥

**ਹਮਰੇ ਭਾਗਨਿ ਤੇ ਇਤ ਆਏ। ਜਿਸ ਕਰਿ ਇਸ ਪ੍ਰਕਾਰ ਦਰਸਾਏ'।**
**ਤਬਿ ਸਤਿਗੁਰ ਦੇ ਕਰਿ ਸਿਰੁਪਾਊ। ਦੋਨਹੁਂ ਕੋ ਤਬਿ ਕੀਨਿ ਬਿਦਾਊ॥ ੩੬॥**

ਸਾਡੇ ਭਾਗਾਂ ਕਰਕੇ ਤੁਸੀਂ ਏਧਰ ਆਏ ਹੋ, ਜਿਸ ਕਰਕੇ ਇਸ ਪ੍ਰਕਾਰ ਦਰਸ਼ਨ ਦਿੱਤੇ ਹਨ।" ਤਦ ਸਤਿਗੁਰੂ ਨੇ ਸਿਰੋਪੇ ਦੇ ਕੇ ਦੋਵਾਂ ਰਾਜਿਆਂ ਨੂੰ ਵਿਦਾ ਕੀਤਾ॥੩੬॥

ਹਾਥ ਬੰਦਿ ਬਹੁ ਬੰਦਨ ਕਰਿਕੈ। ਗਮਨੇ ਗਜ ਬਾਜਿਨ ਪਰ ਚਰਿਕੈ।
ਬੈਰ ਬਿਸਾਰ ਸੰਧ ਕਰਿ ਦੋਇ। ਨਿਜ ਨਿਜ ਰਜਧਾਨੀ ਗੇ ਸੋਇ॥ ੩੭॥

ਰਾਜੇ ਹੱਥ ਜੋੜ ਕੇ ਬੰਦਨਾ ਕਰਕੇ ਹਾਥੀ ਘੋੜਿਆਂ ਤੇ ਚੜ੍ਹ ਕੇ ਚਲੇ ਗਏ। ਵੈਰ ਵਿਸਾਰ ਕੇ ਦੋਵੇਂ ਮੇਲ ਕਰਕੇ, ਆਪਣੀ-ਆਪਣੀ ਰਾਜਧਾਨੀ ਵਲ ਚਲੇ ਗਏ॥੩੭॥

ਬੁੱਧੂਸ਼ਾਹ ਬਹੁਤ ਦਿਨ ਰਹਜੋ। ਮਗ ਖ਼ੁਦਾਇ ਕੋ ਗੁਰ ਤੇ ਲਹਜੋ।
ਬ੍ਰਿੰਦ ਮੁਰੀਦ ਸਹਿਤ ਨਿਤ ਦਰਸੈ। ਕਰ ਤੇ ਚਰਨ ਕਮਲ ਕੋ ਪਰਸੈ॥ ੩੮॥

ਪੀਰ ਬੁੱਧੂ ਸ਼ਾਹ ਉਥੇ ਬਹੁਤ ਦਿਨ ਰਹੇ, ਗੁਰੂ ਜੀ ਪਾਸੋਂ ਉਨ੍ਹਾਂ ਖ਼ੁਦਾ ਦਾ ਮਾਰਗ ਪ੍ਰਾਪਤ ਕੀਤਾ। ਬਹੁਤ ਮੁਰੀਦਾਂ ਸਹਿਤ ਰੋਜ਼ ਦਰਸ਼ਨ ਕਰਦੇ ਸਨ ਤੇ ਹੱਥਾਂ ਨਾਲ ਚਰਨ ਕੰਵਲਾਂ ਨੂੰ ਪਰਸਦੇ ਸਨ॥੩੮॥

ਕਰੇ ਪ੍ਰੇਮ ਨਿਸ ਬਾਸੁਰ ਧਜਾਵੈ। ਗੁਰ ਮੂਰਤਿ ਉਰ ਬਿਖੈ ਟਿਕਾਵੈ।
ਤਿਸ ਪਰ ਸ਼੍ਰੀ ਪ੍ਰਭੁ ਕਰੁਨਾ ਧਰੈਂ। ਮਗ ਖ਼ੁਦਾਇ ਉਪਦੇਸ਼ਨਿ ਕਰੈਂ॥ ੩੯॥

ਪ੍ਰੇਮ ਕਰਕੇ ਰਾਤ ਦਿਨ ਸਿਮਰਨ ਕਰਦੇ ਸਨ ਤੇ ਗੁਰੂ ਜੀ ਦੀ ਮੂਰਤੀ ਨੂੰ ਹਿਰਦੇ ਵਿਚ ਟਿਕਾਉਂਦੇ ਸਨ। ਉਸ ਉੱਤੇ ਗੁਰੂ ਜੀ ਕਿਰਪਾ ਧਾਰਦੇ ਸਨ ਤੇ ਖ਼ੁਦਾ ਦੇ ਮਾਰਗ ਦਾ ਉਪਦੇਸ਼ ਕਰਦੇ ਸਨ॥੩੯॥

ਕਹਿ ਕਹਿ ਦੇਹਿਂ ਦੇਗ਼ ਤੇ ਅਸਨਾ। ਨਿਕਟ ਬਿਠਾਇ ਬਾਕ ਮ੍ਰਿਦੁ ਰਸਨਾ।
ਮਹਿਮਾ ਲਖੀ ਮਹਾਂ ਮਹੀਯਾਨਾ। ਸਕਲ ਕੁਬੰਧਨ ਕੀਨਸਿ ਹਾਨਾ॥ ੪੦॥

ਕਹਿ-ਕਹਿ ਲੰਗਰ ਤੋਂ ਭੋਜਨ ਦਿੰਦੇ ਸਨ ਤੇ ਪਾਸ ਬਿਠਾ ਕੇ ਮਿੱਠੇ ਬਚਨ ਬੋਲਦੇ ਸਨ। ਗੁਰੂ ਜੀ ਨੇ ਪੀਰ ਜੀ ਦੀ ਮਹਾਨ ਮਹਿਮਾ ਨੂੰ ਜਾਣਿਆ ਤੇ ਉਨ੍ਹਾਂ ਦੇ ਸਾਰੇ ਬੰਧਨਾਂ ਦਾ ਨਾਸ਼ ਕਰ ਦਿੱਤਾ॥੪੦॥

ਭਯੋ ਨਿਹਾਲ ਪ੍ਰੇਮ ਉਪਜਾਯੋ। ਬਸਜੋ ਨਿਕਟ ਕੁਛ ਸਮਾ ਬਿਤਾਯੋ।
ਪੁਨ ਸਤਿਗੁਰ ਕੋ ਬੰਦਨ ਕੀਨਿ। ਚਲਨਿ ਸਦਨ ਕੋ ਬਚ ਕਹਿ ਦੀਨ॥ ੪੧॥

ਪੀਰ ਜੀ ਨਿਹਾਲ ਹੋ ਗਏ ਤੇ ਬਹੁਤ ਪ੍ਰੇਮ ਪ੍ਰਗਟ ਹੋਇਆ, ਪਾਸ ਰਹਿ ਕੇ ਕੁਝ ਸਮਾਂ ਬਤੀਤ ਕੀਤਾ। ਫਿਰ ਉਸ ਨੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਤੇ ਆਪਣੇ ਘਰ ਨੂੰ ਜਾਣ ਬਾਰੇ ਸ਼ਬਦ ਕਹਿ ਦਿੱਤੇ॥੪੧॥

ਸਿਰੇਪਾਉ ਤਬਿ ਪ੍ਰਭੁ ਦਿਵਾਯੋ। ਪਗ ਛੁਵਾਇ ਲੇ ਸੀਸ ਚਢਾਯੋ।
'ਕੇਤਿਕ ਦਿਨ ਮਹਿਂ ਪੁਨ ਢਿਗ ਆਵੌਂ। ਕਰਿ ਦਰਸ਼ਨ ਕੋ ਤਨ ਸੁਫਲਾਵੌਂ॥੪੨॥

ਫਿਰ ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਸਿਰੋਪਾ ਦਿਵਾਇਆ, ਪੀਰ ਜੀ ਨੇ ਸਿਰੋਪੇ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਛੁਹਾ ਕੇ ਸਿਰ ਤੇ ਰੱਖ ਲਿਆ। "ਕੁਝ ਸਮੇਂ ਬਾਅਦ ਫਿਰ ਆਪ ਜੀ ਦੇ ਪਾਸ ਆਵਾਂਗਾ ਤੇ ਦਰਸ਼ਨ ਕਰਕੇ ਜਨਮ ਸਫਲ ਕਰਾਂਗਾ॥੪੨॥

ਸਦਾ ਰਿਦੇ ਮਹਿਂ ਬਾਸਾ ਕਰੀਅਹਿ। ਨਿਜ ਦਾਸਨਿ ਕੋ ਦਾਸ ਬਿਚਰੀਅਹਿ।
ਅਪਨੋ ਜਾਨਿ ਬਿਸਾਰਹੁ ਨਾਂਹੀ। ਚਹੌਂ ਬਾਸ ਰਾਵਰਿ ਪਗ ਮਾਂਹੀ'॥ ੪੩॥

ਸਦਾ ਹੀ ਮੇਰੇ ਦਿਲ ਵਿਚ ਵਾਸਾ ਕਰੋ, ਮੈਨੂੰ ਆਪਣੇ ਦਾਸਾਂ ਦਾ ਦਾਸ ਸਮਝੋ। ਆਪਣਾ ਜਾਣ ਕੇ ਵਿਸਾਰੋ ਨਹੀਂ, ਮੈਂ ਆਪ ਜੀ ਦੇ ਚਰਨ ਕੰਵਲਾਂ ਵਿਚ ਰਹਿਣਾ ਚਾਹੁੰਦਾ ਹਾਂ"॥੪੩॥

ਇਮ ਬਹੁ ਬਿਨਤੀ ਕਰਿ ਘਰਿ ਚਾਲਾ। ਸੰਗ ਮੁਰੀਦ ਲੀਨਿ ਨਿਜ ਜਾਲਾ।
ਸ਼ਹਿਰ ਸਢੌਰੇ ਕੋ ਚਲਿ ਗਯੋ। ਜਹਿਂ ਕਹਿਂ ਸੁਜਸੁ ਉਚਾਰਤਿ ਭਯੋ॥ ੪੪॥

ਇਸ ਤਰ੍ਹਾਂ ਬਹੁਤ ਬੇਨਤੀ ਕਰਕੇ ਘਰ ਨੂੰ ਚਲ ਪਿਆ ਤੇ ਆਪਣੇ ਨਾਲ ਸਾਰੇ ਮੁਰੀਦਾਂ ਨੂੰ ਲੈ ਲਿਆ। ਸ਼ਹਿਰ ਸਢੌਰੇ ਦੇ

ਵਿਚ ਪਹੁੰਚ ਗਿਆ, ਜਿੱਥੇ ਕਿੱਥੇ ਉਹ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦਾ ਸੀ॥੪੪॥

ਪ੍ਰਭੁ ਪਾਂਵਟੇ ਬਿਖੈ ਬਿਰਾਜੇ। ਜਿਨ ਦਰਸ਼ਨ ਤੇ ਕਲਮਲ ਭਾਜੇ।
ਚਲੀ ਹਜ਼ਾਰਹੁਂ ਸੰਗਤਿ ਆਵੈ। ਅਨਿਕ ਪਦਾਰਥ ਆਨਿ ਚਢਾਵੈ॥ ੪੫॥

ਗੁਰੂ ਜੀ ਪਾਉਂਟੇ ਨਗਰ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨਾਂ ਨਾਲ ਪਾਪ ਦੂਰ ਹੋ ਜਾਂਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਚਲ ਕੇ ਆਉਂਦੀ ਸੀ ਤੇ ਅਨੇਕਾਂ ਪਦਾਰਥ ਲਿਆ ਕੇ ਚੜ੍ਹਾਉਂਦੇ ਸਨ॥੪੫॥

ਚਾਰਹੁਂ ਦਿਸ਼ਿ ਤੇ ਦੇਸ਼ ਬਿਦੇਸ਼ੂ। ਧਰਹਿਂ ਭਾਉ ਸਿਖ ਆਇਂ ਵਿਸ਼ੇਸ਼ੂ।
ਸ਼ਸਤ੍ਰ ਤੁਰੰਗਮ ਬਸਤ੍ਰ ਅਜਾਇਬ। ਅਰਪਹਿਂ ਕਰਿ ਕਰਿ ਦਰਸ਼ਨ ਸਾਹਿਬ॥੪੬॥

ਚਾਰੇ ਪਾਸਿਆਂ ਅਤੇ ਦੇਸ਼ਾਂ ਵਿਦੇਸ਼ਾਂ ਦੇ ਸਿੱਖ ਵਿਸ਼ੇਸ਼ ਤੌਰ ਤੇ ਪ੍ਰੇਮ ਧਾਰ ਕੇ ਆਉਂਦੇ ਸਨ। ਸ਼ਸਤਰ, ਘੋੜੇ, ਸੁੰਦਰ ਵਸਤਰ ਆਦਿ ਅਰਪਣ ਕਰਕੇ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਸਨ॥੪੬॥

*ਪਾਧੜੀ ਛੰਦ*-ਇਸ ਭਾਂਤਿ ਪਾਂਵਟੇ ਮਹਿਂ ਬਿਲਾਸ। ਦਾਸਨ ਨਿਹਾਲ, ਦੇ ਸ਼ੱਤ੍ਰ ਤ੍ਰਾਸ।
ਰਸ ਬੀਰ ਉਦੈ ਦਿਨ ਪ੍ਰਤਿ ਕਰੰਤਿ। ਭਟ ਆਇਂ ਰਹਨਿ ਦੇ ਧਨ ਰਖੰਤਿ॥੪੭॥

ਗੁਰੂ ਜੀ ਇਸ ਤਰ੍ਹਾਂ ਪਾਉਂਟੇ ਵਿਚ ਅਨੰਦ ਵਿਲਾਸ ਕਰ ਰਹੇ ਸਨ, ਆਪਣੇ ਸੇਵਕਾਂ ਨੂੰ ਨਿਹਾਲ ਕਰਕੇ ਵੈਰੀ ਦਾ ਡਰ ਦੂਰ ਕਰਦੇ ਸਨ। ਸਿੱਖਾਂ ਵਿਚ ਪ੍ਰਤਿ ਦਿਨ ਬੀਰ-ਰਸ ਪੈਦਾ ਕਰ ਰਹੇ ਸਨ। ਸੂਰਬੀਰ ਆਉਂਦੇ ਸਨ ਤਾਂ ਉਨ੍ਹਾਂ ਨੂੰ ਤਨਖਾਹ ਉੱਤੇ ਰੱਖ ਲੈਂਦੇ ਸਨ॥ ੪੭॥

ਅਨਗਿਨਤਿ ਦਰਬ ਲੇ ਸਰਬ ਆਇਂ। ਮਨ ਚਿਤਹਿਂ ਕਾਮਨਾ ਦਾਸ ਪਾਇਂ।
ਬਨ ਮਹਿਂ ਸ਼ਿਕਾਰ ਚਢਿ ਬਾਰਿ ਬਾਰਿ। ਹਤਿ ਰੋਝ ਕੋਲ ਭਾਲਕ ਡ਼ੰਖਾਰ॥੪੮॥

ਸਾਰੇ ਸਿੱਖ ਅਣਗਿਣਤ ਧਨ ਲੈ ਕੇ ਆਉਂਦੇ ਸਨ। ਜੋ ਵੀ ਮਨ ਵਿਚ ਧਾਰਦੇ ਸਨ, ਉਹ ਸਾਰੀਆਂ ਮੂੰਹ ਮੰਗੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਗੁਰੂ ਜੀ ਜੰਗਲ ਵਿਚ ਬਾਰ-ਬਾਰ ਸ਼ਿਕਾਰ ਖੇਡਣ ਜਾਂਦੇ ਸਨ ਤੇ ਨੀਲ ਗਾਈਆਂ, ਸੂਰ, ਰਿੱਛ ਅਤੇ ਬਾਰਾਂਸਿੰਗੇ ਮਾਰਦੇ ਸਨ॥ ੪੮॥

ਬਲਵਾਨ ਭਯਾਨਕ ਮਾਰਿ ਸਿੰਘ। ਬਰਨੰਤਿ ਸੁ ਕਵਿ ਸੰਤੋਖ ਸਿੰਘ।
ਮਾਨੰਤਿ ਆਨ ਜੇ ਰਾਜ ਸਿੰਘ। ਬਿਦਤੇ ਬਿਸਾਲ ਗੋਬਿੰਦ ਸਿੰਘ॥ ੪੯॥

ਕਈ ਬਲਵਾਨ ਅਤੇ ਭਿਆਨਕ ਸ਼ੇਰ ਮਾਰੇ, ਉਹ ਕਵੀ ਸੰਤੋਖ ਸਿੰਘ ਨੇ ਵਰਣਨ ਕੀਤੇ ਹਨ। ਰਾਜੇ ਤੇ ਸ਼ੇਰ ਸਾਰੇ ਈਨ ਮੰਨਦੇ ਹਨ, ਗੁਰੂ ਗੋਬਿੰਦ ਸਿੰਘ ਜੀ ਵਿਸ਼ਾਲ ਪ੍ਰਸਿੱਧ ਹੋਏ॥੪੯॥

ਦੀਨਾਨ ਨਾਥ, ਨਾਥਾਨ ਨਾਥ। ਨਿਜ ਸੇਵਕਾਨ ਕਰਤੇ ਸਨਾਥ।
ਮਾਨੰਤਿ ਆਨ ਸਭਿ ਸਿੱਧ ਨਾਥ। ਨਿਜ ਬੰਦਿ ਹਾਥ ਧਰਿ ਚਰਨ ਮਾਥ॥੫੦॥

ਦੀਨਾਂ ਦੇ ਨਾਥ ਹਨ ਤੇ ਨਾਥਾਂ ਦੇ ਵੀ ਨਾਥ ਹਨ ਤੇ ਆਪਣੇ ਸੇਵਕਾਂ ਨੂੰ ਮਾਲਕ ਵਾਲਾ ਕਰਦੇ ਹਨ। ਸਾਰੇ ਸਿੱਧ ਨਾਥ ਈਨ ਮੰਨਦੇ ਹਨ। ਆਪਣੇ ਹੱਥ ਬੰਨ੍ਹ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਧਰੋ॥੫੦॥

ਇਹ ਏਕ ਰਿਤੂ ਅਬਿ ਪੂਰਨਿ ਹੋਇ। ਗੁਰ ਜਸੁ ਬਿਸਾਲ ਬਰ ਬੀਚ ਪੋਇ।
ਸਿਖ ਪਠੰਤਿ ਸੁਨੰਤਿ, ਚਿਤ ਚਾਇ ਪਾਂਇ। ਸਭਿ ਕਰੇ ਇਕਾਵਨਿ ਇਮ ਧਿਆਇ॥੫੧॥

ਇਹ ਇਕ ਰੁੱਤ ਹੁਣ ਪੂਰੀ ਹੋਈ, ਬਹੁਤ ਸ੍ਰੇਸ਼ਟ ਜੱਸ ਇਸ ਪਹਿਲੀ ਰੁੱਤ ਵਿਚ ਪਰੋਇਆ ਹੈ। ਸਿੱਖ ਪੜ੍ਹਦੇ ਸੁਣਦੇ ਚਿੱਤ ਵਿਚ ਖੁਸ਼ੀ ਪ੍ਰਾਪਤ ਕਰਨ। ਇਸ ਰੁੱਤ ਦੇ ਮੈਂ ਇਕਵੰਜਾ ਅਧਿਆਇ ਬਣਾਏ ਹਨ॥੫੧॥

*ਪਹਿਲੀ ਰੁੱਤ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

*ਪਹਿਲੀ ਰੁੱਤ ਸਮਾਪਤਿ ਹੋਈ॥*

ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਦੂਸਰੀ ਰੁੱਤ

# ਅਧਿਆਇ ਪਹਿਲਾ

## ਮੰਗਲਾਚਰਨ, ਪਠਾਣ ਨੌਕਰ ਰੱਖੇ

### ੧. ਇਸ਼ੁ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਕਬਿੱਤ-ਜਪ ਗੁਰੂ ਨਾਨਕ ਮੁਕੰਦ, ਗੁਰੂ ਅੰਗਦ, ਅਮਰ ਗੁਰੂ ਰਾਮਦਾਸ ਆਨੰਦ ਬਿਲੰਦ ਮੈਂ।
ਸਤਿਗੁਰੂ ਅਰਜਨ, ਸ੍ਰੀ ਹਰਿਗੋਵਿੰਦ ਚੰਦ, ਗੁਰੂ ਹਰਿ ਰਾਇ ਬ੍ਰਿੰਦ ਬਿਘਨ ਨਿਕੰਦ ਮੈਂ।
ਸ੍ਰੀ ਹਰਿ ਕ੍ਰਿਸ਼ਨ, ਨਵਮ ਗੁਰ ਪਾਤਸ਼ਾਹ, ਸ੍ਰੀ ਗੁਵਿੰਦ ਸਿੰਘ ਜੀ ਸਦੀਵ ਸੁਖਕੰਦ ਮੈਂ।
ਸਭਿ ਕੇ ਪਦਾਰਬਿੰਦ ਮਨ ਕੋ ਮਲਿੰਦ ਕਰਿ, ਗਜਾਨ ਮਕਰੰਦ ਹਿਤ ਬੰਦੌਂ ਹਾਥ ਬੰਦਿ ਮੈਂ॥੧॥

ਮੈਂ ਮੁਕਤੀ ਦਾਤੇ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦਾ ਹਾਂ ਅਤੇ ਅਨੰਦ ਦਾਤੇ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਦਾ ਸਿਮਰਨ ਕਰਦਾ ਹਾਂ। ਸਾਰੇ ਵਿਘਨਾਂ ਨੂੰ ਕੱਟਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿ ਰਾਇ ਜੀ ਦਾ ਫਿਰ ਮੈਂ ਸਿਮਰਨ ਕਰਦਾ ਹਾਂ। ਸਦਾ ਹੀ ਸੁਖ ਦੇਣ ਵਾਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੌਵੇਂ ਪਾਤਸ਼ਾਹ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਮਰਨ ਕਰਦਾ ਹਾਂ। ਮੈਂ ਸਾਰੇ ਗੁਰੂ ਸਾਹਿਬਾਂ ਦੇ ਚਰਨ ਕੰਵਲਾਂ ਦਾ ਆਪਣੇ ਮਨ ਨੂੰ ਭਉਰਾ ਬਣਾ ਕੇ ਗਿਆਨ ਰੂਪੀ ਮਕਰੰਦ ਪ੍ਰਾਪਤ ਕਰਨ ਲਈ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ ਉੱਤੇ ਬੰਦਨਾ ਕਰਦਾ ਹਾਂ॥੧॥

### ੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਦ ਬਾਰਦ ਭਾਰਦੀ ਨਾਰਦ, ਪਾਰਦ, ਕੁੰਦ।
ਬਰਨ ਸਾਰਦਾ ਸਾਰਦਾ ਪਦ ਅਰਵਿੰਦਨਿ ਬੰਦਿ॥ ੨॥

ਸਰਦ ਰੁੱਤ ਦੇ ਬੱਦਲ, ਨਾਰਦ, ਪਾਰੇ ਤੇ ਮਰਤਬਾਨ ਦੇ ਫੁੱਲਾਂ ਦੀ ਸ਼ੋਭਾ ਜਿਸ ਨੇ ਮਾਤ ਕਰ ਦਿੱਤੀ ਹੈ, ਉਸ ਗਿਆਨ ਦਾਤੀ ਸਰਸਵਤੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਦਾ ਹਾਂ॥੨॥

ਉਚਰੌਂ ਰੁਤ ਅਬਿ ਦੂਸਰੀ ਗੁਰ ਕੀ ਕਥਾ ਰਸਾਲ।
ਸੁਨੀਅਹਿ ਸ਼੍ਰੋਤਾ ਪ੍ਰੀਤਿ ਧਰਿ ਹੁਇ ਸ਼ਰਧਾਲੁ ਬਿਸਾਲ॥ ੩॥

ਹੁਣ ਮੈਂ ਦੂਸਰੀ ਰੁੱਤ ਵਿਚ ਸ੍ਰੀ ਗੁਰੂ ਗੋਬਿੰਦ ਜੀ ਦੀ ਰਸਮਈ ਕਥਾ ਉਚਾਰਨ ਕਰਦਾ ਹਾਂ। ਹੇ ਸਰੋਤਾ ਗਨ! ਬੜੀ ਸ਼ਰਧਾ ਧਾਰ ਕੇ ਪ੍ਰੀਤ ਨਾਲ ਸੁਣੋ॥੩॥

### ਪਠਾਣ ਨੌਕਰ ਰੱਖੇ

ਚੌਪਈ- ਬੁੱਧੂਸ਼ਾਹਿ ਗਯੋ ਨਿਜ ਡੇਰੈ। ਦਿਨ ਕੇਤਿਕ ਜਬਿ ਕੀਨਿ ਬਸੇਰੇ।
ਨਗਰ ਦਾਮਲਾ ਏਕ ਸੁ ਜਾਨਿ। ਤਹਾਂ ਹੁਤੇ ਕੁਛ ਖਾਨਹਿ ਖਾਨ॥ ੪॥

ਪੀਰ ਬੁੱਧੂਸ਼ਾਹ ਆਪਣੇ ਡੇਰੇ ਵਿਖੇ ਚਲਾ ਗਿਆ। ਜਦ ਕਈ ਦਿਨ ਉਥੇ ਨਿਵਾਸ ਕੀਤਾ। ਦਾਮਲਾ ਨੂੰ ਇਕ ਸ੍ਰੇਸ਼ਟ ਨਗਰ ਜਾਣੋ, ਉਥੇ ਕੁਝ ਪਠਾਣਾਂ ਦੇ ਘਰ ਸਨ॥੪॥

ਸਦਾ ਰਹਤਿ ਨੌਕਰ ਪਤਿਸ਼ਾਹੀ। ਕਰਤਿ ਜੀਵਕਾ ਨਿਜ ਨਿਰਬਾਹੀ।
ਕੁਛ ਕਾਰਜ ਤਿਨ ਦੀਨਿ ਬਿਗਾਰੇ। ਰਿਸਿ ਨੌਰੰਗ ਸੋ ਵਹਿਰ ਨਿਕਾਰੇ॥ ੫ ॥

ਸਦਾ ਬਾਦਸ਼ਾਹ ਦੀ ਨੌਕਰੀ ਕਰਦੇ ਸਨ, ਜਿਸ ਨਾਲ ਆਪਣਾ ਜੀਵਨ ਨਿਰਬਾਹ ਤੋਰਦੇ ਸਨ। ਉਨ੍ਹਾਂ ਨੇ ਬਾਦਸ਼ਾਹ ਦਾ ਕੋਈ ਕੰਮ ਵਿਗਾੜ ਦਿੱਤਾ, ਜਿਸ ਕਾਰਨ ਗੁੱਸੇ ਵਿਚ ਆ ਕੇ ਨੌਰੰਗੇ ਬਾਦਸ਼ਾਹ ਨੇ ਉਨ੍ਹਾਂ ਨੂੰ ਨੌਕਰੀ ਵਿਚੋਂ ਕੱਢ ਦਿੱਤਾ॥੫॥

ਸਭਿ ਮਹਿਂ ਹੁਕਮ ਬਿਦਤਿ ਇਮ ਭਾਖੇ। 'ਇਨ ਕੋ ਚਾਕਰ ਨਹਿਂ ਕੋ ਰਾਖੇ।
ਖਤਾਵੰਦ ਪਤਿਸ਼ਾਹੀ ਅਹੈਂ। ਰਾਖਹਿ ਜੋ ਸਜ਼ਾਇ ਸੋ ਲਹੈ'॥ ੬ ॥

ਸਭ ਵਿਚ ਪ੍ਰਗਟ ਰੂਪ ਵਿਚ ਇਸ ਤਰ੍ਹਾਂ ਹੁਕਮ ਕਰ ਦਿੱਤਾ, "ਇਨ੍ਹਾਂ ਨੂੰ ਕੋਈ ਨੌਕਰ ਨਾ ਰੱਖੇ। ਇਹ ਬਾਦਸ਼ਾਹਤ ਦੇ ਕਸੂਰਵਾਰ ਹਨ, ਹੁਣ ਜਿਹੜਾ ਵੀ ਇਨ੍ਹਾਂ ਨੂੰ ਰੱਖੇਗਾ ਸਜ਼ਾ ਪ੍ਰਾਪਤ ਕਰੇਗਾ"॥੬॥

ਭਏ ਬਿਨੌਕਰ ਰੋਜ਼ੀ ਹੀਨੇ। ਫਿਰੇ ਬਹੁਤ, ਨਹਿਂ ਰਾਖਨਿ ਕੀਨੇ।
ਹੁਤੇ ਪੰਚ ਸੈ ਗਿਨਤੀ ਬਿਖੇ। ਭਏ ਦੀਨ, ਜਬਿ ਨਹਿਂ ਕਿਹ ਰਖੇ॥ ੭ ॥

ਨੌਕਰੀ ਰਹਿਤ ਤੇ ਰੋਜ਼ੀ ਰਹਿਤ ਹੋ ਗਏ, ਬਹੁਤ ਫਿਰਦੇ ਰਹੇ, ਪਰ ਕੋਈ ਵੀ ਨੌਕਰ ਰੱਖਦਾ ਨਹੀਂ ਸੀ। ਉਹ ਗਿਣਤੀ ਵਿਚ ਪੰਜ ਸੌ ਸਨ, ਜਦ ਕਿਸੇ ਵੀ ਨੌਕਰੀ ਵਿਚ ਨਾ ਰੱਖਿਆ ਤਾਂ ਬਹੁਤ ਗ਼ਰੀਬ ਹੋ ਗਏ॥੭॥

ਬਿਚਰਤਿ ਪਹੁੰਚੇ ਸ਼ਹਿਰ ਸਢੌਰੇ। ਡੇਰਾ ਕਰਯੋ ਵਹਿਰ ਕਿਸ ਠੌਰੇ।
ਜਾਨਿ ਪੀਰ ਨਿਜ ਬੁੱਧੂਸ਼ਾਹਾ। ਜ਼ਾਰਤ ਹੇਤੁ ਗਏ ਸਭਿ ਪਾਹਾ॥ ੮ ॥

ਫਿਰਦੇ ਤੁਰਦੇ ਸਢੌਰੇ ਸ਼ਹਿਰ ਵਿਚ ਪਹੁੰਚੇ ਤੇ ਬਾਹਰ ਕਿਸੇ ਥਾਂ ਡੇਰਾ ਕੀਤਾ। ਪੀਰ ਬੁੱਧੂ ਸ਼ਾਹ ਬਾਰੇ ਉਨ੍ਹਾਂ ਨੂੰ ਪਤਾ ਲੱਗਾ ਤਾਂ ਦਰਸ਼ਨ ਕਰਨ ਵਾਸਤੇ ਉਸ ਦੇ ਪਾਸ ਗਏ॥੮॥

ਕੁਛ ਅਕੋਰ ਧਰਿ ਕੀਨਿ ਸਲਾਮੂ। ਬੈਠੇ ਜਾਇ ਸਮੀਪ ਤਮਾਮੂ।
ਬੂਝਨ ਕਰਯੋ 'ਕਹਾਂ ਤੇ ਆਏ ?'। ਤਿਨ ਬ੍ਰਿਤੰਤ ਸਭਿ ਦੀਨਿ ਸੁਨਾਏ॥ ੯ ॥

ਕੁਝ ਉਪਹਾਰ ਧਰ ਕੇ ਸਲਾਮ ਕੀਤਾ ਤੇ ਸਾਰੇ ਪੀਰ ਜੀ ਦੇ ਪਾਸ ਬੈਠ ਗਏ। ਪੀਰ ਜੀ ਨੇ ਪੁੱਛਿਆ, "ਕਿਥੋਂ ਆਏ ਹੋ ?" ਉਨ੍ਹਾਂ ਪਠਾਣਾਂ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ॥੯॥

'ਰੋਜ਼ੀ ਹੇਤੁ ਫਿਰੇ ਹਮ ਸਾਰੇ। ਨਹਿਂ ਕਿਨ ਰਾਖਨਿ ਬਾਕ ਉਚਾਰੇ।
ਹੁਇ ਨਿਰਾਸ ਹਮ ਚਲੇ ਅਵਾਸ। ਕਰਹਿਂ ਸ਼ਾਹ ਤੇ ਸਗਰੇ ਤ੍ਰਾਸ॥ ੧੦ ॥

"ਰੋਜ਼ੀ ਵਾਸਤੇ ਅਸੀਂ ਸਾਰੇ ਫਿਰਦੇ ਰਹੇ ਹਾਂ, ਪਰ ਕਿਸੇ ਨੇ ਵੀ ਸਾਨੂੰ ਨੌਕਰੀ ਵਿਚ ਰੱਖਣ ਦੇ ਬਚਨ ਨਹੀਂ ਉਚਾਰਨ ਕੀਤੇ ਹਨ। ਨਿਰਾਸ਼ ਹੋ ਕੇ ਹੁਣ ਅਸੀਂ ਆਪਣੇ ਘਰਾਂ ਨੂੰ ਚਲੇ ਹਾਂ, ਸਾਰੇ ਹੀ ਬਾਦਸ਼ਾਹ ਪਾਸੋਂ ਡਰਦੇ ਹਨ॥੧੦॥

ਜੋ ਨੌਰੰਗ ਤੇ ਨਹਿਂ ਉਰ ਡਰੈ। ਹਮਹਿਂ ਸਮੀਪ ਸੁ ਰਾਖਨਿ ਕਰੈ।
ਅਬਿ ਜਗ ਮਹਿਂ ਅਸ ਦਿਖਤਿ ਨ ਕੋਈ। ਰਾਖਹਿ ਤ੍ਰਾਸ ਤਯਾਗ ਕਰਿ ਸੋਈ॥੧੧॥

ਜਿਹੜਾ ਨੌਰੰਗੇ ਪਾਸੋਂ ਨਾ ਡਰਦਾ ਹੋਵੇ, ਉਹ ਹੀ ਸਾਨੂੰ ਆਪਣੇ ਪਾਸ ਨੌਕਰ ਰੱਖ ਸਕਦਾ ਹੈ। ਹੁਣ ਜਗਤ ਵਿਚ ਐਸਾ ਵਿਅਕਤੀ ਕੋਈ ਵੀ ਵਿਖਾਈ ਨਹੀਂ ਦਿੰਦਾ ਹੈ ਜਿਹੜਾ ਨੌਰੰਗੇ ਦਾ ਡਰ ਛੱਡ ਕੇ ਰਹਿੰਦਾ ਹੋਵੇ॥੧੧॥

ਭਏ ਲਚਾਰ ਜੀਵਕਾ ਹੇਤੁ। ਕਰਹਿਂ ਖੇਤ ਕ੍ਰਿਤ ਜਾਇ ਨਿਕੇਤ।
ਵਸਤੂ ਆਦਿਕ ਅਧਿਕ ਦਰਬ ਕੋ। ਖਰਚਯੋ ਪਹਿਰਨਿ ਖਾਨ ਸਰਬ ਕੋ॥੧੨॥

ਅਸੀਂ ਆਪਣੀ ਰੋਜ਼ੀ ਵਾਸਤੇ ਲਾਚਾਰ ਹੋਏ ਹਾਂ, ਹੁਣ ਆਪਣੇ ਘਰ ਜਾ ਕੇ ਖੇਤੀ ਕਰਾਂਗੇ। ਪਹਿਨਣ ਅਤੇ ਖਾਣ ਪੀਣ ਵਾਸਤੇ ਸਭ ਧਨ ਤੇ ਵਸਤਾਂ ਖਰਚ ਦਿੱਤੀਆਂ ਹਨ॥੧੨॥

ਜੇ ਕਰਿ ਤੁਮ ਤੇ ਹੁਇ ਉਪਕਾਰ। ਕਰੋ ਪੀਰ ਜੀ ਮਿਹਰ ਉਦਾਰ।
ਅਰਜ਼ੀ ਸੁਨੀ ਭਨੀ ਹੁਇ ਦੀਨ। ਬੁੱਧੂਸ਼ਾਹ ਬਿਚਾਰਨਿ ਕੀਨਿ॥ ੧੩॥

ਜੇ ਤੁਸੀਂ ਸਾਡੇ ਉੱਤੇ ਉਪਕਾਰ ਕਰੋ ਤਾਂ ਸਾਡੇ ਉੱਤੇ ਵੱਡੀ ਮਿਹਰ ਕਰੋ।" ਪੀਰ ਬੁੱਧੂ ਸ਼ਾਹ ਨੇ ਜਦ ਦੀਨ ਹੋ ਕੇ ਕੀਤੀ ਬੇਨਤੀ ਨੂੰ ਸੁਣਿਆ ਤਾਂ ਉਨ੍ਹਾਂ ਪਠਾਣਾਂ ਬਾਰੇ ਵਿਚਾਰ ਕੀਤੀ॥੧੩॥

ਇਕ ਸ੍ਰੀ ਕਲਗ਼ੀਧਰ ਤੇ ਬਿਨੈ। ਅਪਰ ਨ ਸਮਰਥ ਰਾਖਨਿ ਇਨੈ।
'ਸੁਨੋ ਖਾਨਜ਼ਾਦੇ ! ਮਮ ਬੈਨਾ। ਕੋ ਅਸ ਜਾਇ ਸ਼ਾਹਿ ਜਿਸ ਭੈ ਨਾ॥ ੧੪॥

ਇਨ੍ਹਾਂ ਦਾ ਕਾਰਜ ਸ੍ਰੀ ਕਲਗੀਧਰ ਸਤਿਗੁਰੂ ਪਾਸੋਂ ਹੀ ਬਣ ਸਕਦਾ ਹੈ, ਹੋਰ ਕੋਈ ਵੀ ਇਨ੍ਹਾਂ ਨੂੰ ਰੱਖਣ ਦੇ ਸਮਰੱਥ ਨਹੀਂ ਹੈ। ਪੀਰ ਜੀ ਨੇ ਕਿਹਾ, "ਹੇ ਖਾਨਜ਼ਾਦੇ ! ਮੇਰੇ ਬਚਨ ਸੁਣੋ। ਕੌਣ ਐਸਾ ਜੰਮਿਆ ਹੈ, ਜਿਸ ਨੂੰ ਬਾਦਸ਼ਾਹ ਦਾ ਡਰ ਨਹੀਂ ਹੈ ?॥੧੪॥

ਸ੍ਰੀ ਨਾਨਕ ਗਾਦੀ ਪਰ ਅਹੈ। ਸੋ ਨਹਿਂ ਤ੍ਰਾਸ ਕਿਸੂ ਤੇ ਲਹੈ।
ਰਾਖਿ ਸਕਹਿ ਤੁਮ ਕੋ ਗੁਰ ਸੋਈ। ਅਪਰ ਬਿਖੈ ਨਿਸ਼ਚੈ ਨਹਿਂ ਕੋਈ॥ ੧੫॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਐਸੀ ਗੱਦੀ ਹੈ, ਉਨ੍ਹਾਂ ਨੂੰ ਕਿਸੇ ਦਾ ਭੈਅ ਨਹੀਂ ਹੈ। ਉਹ ਗੁਰੂ ਜੀ ਹੀ ਤੁਹਾਨੂੰ ਰੱਖ ਸਕਦੇ ਹਨ, ਹੋਰ ਕਿਸੇ ਦੇ ਪਾਸ ਕੋਈ ਨਿਸ਼ਚਾ ਨਹੀਂ ਹੈ॥੧੫॥

ਦਲ ਕੋ ਕਰਹਿ ਸਕੇਲਨਿ ਬ੍ਰਿੰਦ। ਪਰਖਿ ਸੁਭਟ ਦੇ ਦਰਬ ਬਿਲੰਦ।
ਕਿਤਿਕ ਦਿਵਸ ਮੈਂ ਤਿਨ ਢਿਗ ਰਹਜੋ। ਤਬਿ ਆਵਤਿ ਪਾਵਤਿ ਚਿਤ ਚਹਜੋ॥੧੬॥

ਉਹ ਬਹੁਤ ਸੈਨਾ ਇਕੱਠੀ ਕਰ ਰਹੇ ਹਨ ਤੇ ਸੂਰਬੀਰਾਂ ਨੂੰ ਪਰਖ ਕੇ ਬਹੁਤ ਧਨ ਦਿੰਦੇ ਹਨ। ਮੈਂ ਕਈ ਦਿਨ ਉਨ੍ਹਾਂ ਦੇ ਪਾਸ ਰਹਿ ਕੇ ਆਇਆ ਹਾਂ। ਜੇ ਤੁਸੀਂ ਉਸ ਸਮੇਂ ਆ ਜਾਂਦੇ ਤਾਂ ਚਿੱਤ ਚਾਹੀ ਨੌਕਰੀ ਪਾ ਲੈਂਦੇ" ॥੧੬॥

ਸੁਨਿ ਬੋਲਜੋ ਪੁਨ ਭੀਖਨ ਖਾਨ। 'ਤੁਮਰੇ ਸਕਲ ਮੁਰੀਦ ਪਠਾਨ।
ਜੇ ਇਨ ਕੋ ਰੋਜ਼ੀ ਸਿਰ ਕਰਿਹੋ। ਅਧਿਕ ਅਸਾਨ ਆਪਨੋ ਧਰਿ ਹੋ॥ ੧੭॥

ਇਹ ਸੁਣ ਕੇ ਫਿਰ ਭੀਖਨ ਖਾਨ ਬੋਲਿਆ, "ਸਾਰੇ ਪਠਾਣ ਤੁਹਾਡੇ ਮੁਰੀਦ ਹਨ, ਜੇ ਇਨ੍ਹਾਂ ਨੂੰ ਰੁਜ਼ਗਾਰ ਸਿਰ ਕਰ ਦੇਵੋਗੇ ਤਾਂ ਵੱਡਾ ਅਹਿਸਾਨ ਸਾਡੇ ਤੇ ਕਰੋਗੇ॥੧੭॥

ਪਰਉਪਕਾਰ ਸਬਾਬ ਮਹਾਨਾ। ਰਿਜ਼ਕ ਹੋਇ ਤੁਮ ਬਨਹੁ ਬਹਾਨਾ।
ਹਮਰੇ ਹੇਤੁ ਪਯਾਨਹੁ ਫੇਰ। ਗੁਰ ਢਿਗ ਕਰਹੁ ਤਰੀਫ ਬਡੇਰ॥ ੧੮॥

ਵੱਡਾ ਪਰਉਪਕਾਰ ਅਤੇ ਮਹਾਨ ਪੁੰਨ ਹੈ, ਤੁਹਾਡੇ ਬਹਾਨੇ ਸਾਨੂੰ ਰਿਜ਼ਕ ਪ੍ਰਾਪਤ ਹੋ ਜਾਵੇਗਾ। ਸਾਡੇ ਵਾਸਤੇ ਇਕ ਵਾਰ ਫਿਰ ਜਾਵੋ ਤੇ ਗੁਰੂ ਜੀ ਪਾਸ ਸਾਡੀ ਚੰਗੀ ਸਿਫਤ ਕਰੋ॥੧੮॥

ਖਾਨ ਪੰਚ ਸੈ ਰੋਜ਼ੀ ਬਨੇ। ਅਬਿ ਲਾਚਾਰ ਭਏ ਇਹ ਘਨੇ।
ਕਾਲੇਖਾਂ ਹਯਾਤਖਾਂ ਕਹਜੋ। 'ਏਕ ਆਸਰਾ ਰਾਵਰਿ ਲਹਜੋ॥ ੧੯॥

ਪੰਜ ਸੌ ਪਠਾਣਾਂ ਦਾ ਰੁਜ਼ਗਾਰ ਬਣ ਜਾਵੇਗਾ, ਹੁਣ ਇਹ ਬਹੁਤ ਹੀ ਲਾਚਾਰ ਹੋਏ ਹਨ।" ਫਿਰ ਕਾਲੇ ਖਾਂ ਅਤੇ ਹਿਆਤ ਖਾਂ ਨੇ ਕਿਹਾ, "ਅਸੀਂ ਆਪ ਜੀ ਦਾ ਹੀ ਇਕ ਆਸਰਾ ਲਿਆ ਹੈ॥੧੯॥

ਕਰਹੁ ਸਬਾਬ ਦੇਹੁ ਰਖਵਾਇ। ਨਤੁ ਹਯ ਸ਼ਸਤ੍ਰ ਬੇਚ ਕਰਿ ਖਾਇਂ।
ਬਹੁਰ ਨ ਬਾਨਾ ਬਨਹਿ ਸਿਪਾਹੀ। ਰੁਲ ਜੈਹੈਂ ਕ੍ਰਿਤ ਕਰਿ ਕਰਿ ਖਾਹੀਂ ॥੨੦॥

ਪੁੰਨ ਕਰੋ ਤੇ ਸਾਨੂੰ ਰਖਵਾ ਦੇਵੋ, ਨਹੀਂ ਤਾਂ ਘੋੜੇ ਅਤੇ ਸ਼ਸਤਰ ਵੇਚ ਕੇ ਖਾ ਜਾਵਾਂਗੇ। ਫਿਰ ਸਾਡਾ ਕਦੀ ਵੀ ਸਿਪਾਹੀਆਂ ਵਾਲਾ ਬਾਣਾ ਨਹੀਂ ਬਣੇਗਾ ਤੇ ਕਿਰਤ ਕਰ-ਕਰ ਖਾਂਦੇ ਰੁਲ ਜਾਵਾਂਗੇ॥੨੦॥

ਗਮਨਹੁ ਤਹਿਂ ਲਗਿ ਸੰਗ ਹਮਾਰੇ। ਦਿਹੁ ਰਖਵਾਇ ਮੁਰੀਦ ਤੁਮਾਰੇ'।
ਇੱਤ੍ਯਾਦਿਕ ਜਬਿ ਬਹੁ ਘਿਘਿਆਏ। ਬੁੱਧੂ ਸ਼ਾਹ ਮਿਹਰ ਮਨ ਲ੍ਯਾਏ॥੨੧॥

ਉਥੋਂ ਤਕ ਸਾਡੇ ਨਾਲ ਚਲੋ, ਸਾਨੂੰ ਨੌਕਰੀ ਉੱਤੇ ਰਖਵਾ ਦੇਵੋ, ਤੁਹਾਡੇ ਮੁਰੀਦ ਹਾਂ।" ਇਸ ਤਰ੍ਹਾਂ ਜਦ ਬਹੁਤ ਤਰਲੇ ਕੀਤੇ ਤਾਂ ਪੀਰ ਬੁੱਧੂ ਸ਼ਾਹ ਆਪਣੇ ਮਨ ਵਿਚ ਮਿਹਰ ਲਿਆਏ॥੨੧॥

ਕਹ੍ਯੋ ਕਿ 'ਮੈਂ ਚਾਲਹੁਂ ਤੁਮ ਸਾਥ। ਗਹਿਵਾਵੌਂ ਹਾਥਹਿ ਗੁਰ ਨਾਥ'।
ਇਮ ਕਰਿ ਨਿਸਾ ਬਾਸ ਕੋ ਕੀਨਾ। ਭਈ ਪ੍ਰਾਤਿ ਚਲਿਬੇ ਚਿਤ ਦੀਨਾ॥੨੨॥

ਉਨ੍ਹਾਂ ਕਿਹਾ, "ਮੈਂ ਤੁਹਾਡੇ ਨਾਲ ਚਲਾਂਗਾ ਤੇ ਤੁਹਾਡੇ ਹੱਥ ਗੁਰੂ ਮਾਲਕ ਨੂੰ ਫੜਾਵਾਂਗਾ।" ਇਸ ਤਰ੍ਹਾਂ ਕਰਕੇ ਰਾਤ ਵਾਸਾ ਕੀਤਾ ਤੇ ਜਦ ਸਵੇਰ ਹੋਈ ਤਾਂ ਚਲਣ ਵਾਸਤੇ ਮਨ ਬਣਾਇਆ॥੨੨॥

ਖਾਨ ਪੰਚ ਸੈ ਲੈ ਕਰਿ ਸੰਗ। ਚਲ੍ਯੋ ਪਾਂਵਟੇ ਚਢੇ ਤੁਰੰਗ।
ਮਗ ਮਹਿਂ ਇਕ ਨਿਸ ਬਸਿ ਕਰਿ ਗਏ। ਪਿਖਿ ਥਲ ਆਛੋ ਉਤਰਤਿ ਭਏ॥੨੩॥

ਪੰਜ ਸੌ ਪਠਾਣਾਂ ਨੂੰ ਆਪਣੇ ਨਾਲ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਪਾਉਂਟੇ ਵਲ ਚਲ ਪਏ। ਰਾਹ ਵਿਚ ਇਕ ਰਾਤ ਰਹਿ ਕੇ ਗਏ ਤੇ ਚੰਗਾ ਸਥਾਨ ਵੇਖ ਕੇ ਉਤਾਰਾ ਕਰ ਲਿਆ॥੨੩॥

ਦੁੰਦਭਿ ਬਜਤਿ ਸੁਨ੍ਯੋ ਜਬਿ ਕਾਨ। ਸੁਧਿ ਮੰਗਵਾਇ ਗੁਰੂ ਭਗਵਾਨ।
'ਹੇਤੁ ਨੌਕਰੀ ਰਹਿਬੇ ਆਏ। ਬੁੱਧੂਸ਼ਾਹੁ ਸੰਗ ਨਿਜ ਲ੍ਯਾਏ'॥ ੨੪॥

ਪਠਾਣਾਂ ਦਾ ਨਗਾਰਾ ਵੱਜਦਾ ਜਦ ਆਪਣੇ ਕੰਨਾਂ ਨਾਲ ਸੁਣਿਆ ਤਾਂ ਗੁਰੂ ਜੀ ਨੇ ਖਬਰ ਮੰਗਵਾਈ ਕਿ ਕੌਣ ਆ ਗਿਆ। ਤਾਂ ਇਹ ਖ਼ਬਰ ਮਿਲੀ, "ਪਠਾਣ ਨੌਕਰੀ ਕਰਨ ਵਾਸਤੇ ਆਏ ਹਨ, ਬੁੱਧੂ ਸ਼ਾਹ ਪੀਰ ਜੀ ਉਨ੍ਹਾਂ ਨੂੰ ਆਪਣੇ ਨਾਲ ਲਿਆਏ ਹਨ॥੨੪॥

ਉਤਰਿ ਜਾਮਨੀ ਏਕ ਬਿਤਾਈ। ਭਈ ਪ੍ਰਾਤਿ, ਨਿਜ ਵਜੀ ਵਧਾਈ।
ਗੁਰ ਦਰਬਾਰ ਲਗ੍ਯੋ ਜਿਹ ਸਮੇਂ। ਬੁੱਧੂਸ਼ਾਹਿ ਜਾਇ ਕਰਿ ਨਮੇ॥ ੨੫॥

ਉਤਾਰਾ ਕਰਕੇ ਇਕ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਗੁਰੂ ਜੀ ਦੇ ਆਪਣੀ ਵਧਾਈ ਵੱਜੀ ਭਾਵ ਨਗਾਰੇ ਆਦਿ ਵੱਜੇ। ਜਿਸ ਸਮੇਂ ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ, ਪੀਰ ਬੁੱਧੂ ਸ਼ਾਹ ਨੇ ਜਾ ਕੇ ਬੰਦਨਾ ਕੀਤੀ॥੨੫॥

ਸਗਲੀ ਸੁਧਿ ਬੂਝੀ ਤਿਸ ਪਾਸ। ਸੁਨਿ ਗੁਰ ਤੇ ਸਭਿ ਕੀਨਿ ਪ੍ਰਕਾਸ਼।
'ਹੇਤੁ ਚਾਕਰੀ ਏ ਚਲਿ ਆਏ। ਰਹਨਿ ਹੇਤੁ ਮੋ ਕੋ ਸੰਗ ਲ੍ਯਾਏ॥ ੨੬॥

ਗੁਰੂ ਜੀ ਨੇ ਉਸ ਪਾਸੋਂ ਸਾਰੀ ਗੱਲਬਾਤ ਪੁੱਛੀ। ਪੀਰ ਜੀ ਨੇ ਸੁਣ ਸਾਰੀ ਗੱਲ ਸੁਣਾਈ, "ਨੌਕਰੀ ਵਾਸਤੇ ਇਹ ਪਠਾਣ ਚਲ ਕੇ ਆਏ ਹਨ ਤੇ ਮੈਨੂੰ ਆਪਣੇ ਨਾਲ ਲੈ ਕੇ ਆਏ ਹਨ॥੨੬॥

ਲਰਿਬੇ ਕੌ ਪਠਾਨ ਹੁਇਂ ਗਾਢੇ। ਰਣ ਮਹਿਂ ਰਿਪੁ ਆਗੇ ਰਹਿਂ ਠਾਢੇ।
ਹੱਥਜਾਰਨ ਕੋ ਬਹੁ ਅੱਭ੍ਯਾਸੈਂ। ਪੁਸ਼ਤਨ ਲਗਿ ਇਨ ਸੰਘਰ ਆਸ਼ੈ'॥ ੨੭॥

ਲੜਨ ਵਾਸਤੇ ਪਠਾਣ ਬੜੇ ਤਕੜੇ ਹੁੰਦੇ ਹਨ ਤੇ ਰਣਖੇਤਰ ਵਿਚ ਵੈਰੀ ਦੇ ਅੱਗੇ ਡੱਟ ਕੇ ਖੜੇ ਰਹਿੰਦੇ ਹਨ। ਹਥਿਆਰਾਂ ਦਾ ਇਨ੍ਹਾਂ ਨੂੰ ਬਹੁਤ ਅਭਿਆਸ ਹੈ, ਪੁਸ਼ਤਾਂ ਤੋਂ ਜੰਗ ਹੀ ਇਨ੍ਹਾਂ ਦਾ ਪੇਸ਼ਾ ਹੈ"॥੨੭॥

ਸੁਨਿ ਸਤਿਗੁਰ ਕਹਿ ਖ਼ਾਨ ਬੁਲਾਏ। ਬ੍ਰਿੰਦ ਹਯਨਿ ਪਰ ਚਢਿ ਕਰਿ ਆਏ।
ਜਿਸ ਮਹਿਂ ਚਾਰ ਅਹੈਂ ਸਿਰਦਾਰ। ਭੀਖਨਖਾਂ ਇਕ ਨਾਮ ਉਦਾਰ॥ ੨੮॥

ਸਤਿਗੁਰੂ ਜੀ ਨੇ ਸੁਣ ਕੇ ਪਠਾਣਾਂ ਨੂੰ ਬੁਲਾਇਆ। ਸਾਰੇ ਘੋੜਿਆਂ ਤੇ ਚੜ੍ਹ ਕੇ ਆਏ। ਜਿਨ੍ਹਾਂ ਵਿਚ ਚਾਰ ਉਨ੍ਹਾਂ ਦੇ ਸਰਦਾਰ ਸਨ। ਇਕ ਸਰਦਾਰ ਦਾ ਨਾਮ ਭੀਖਨ ਖਾਂ ਸੀ॥੨੮॥

ਕਾਲੇ ਖਾਨ, ਨਿਜਾਬਤ ਖਾਨ। ਚੌਥੇ ਕੋ ਹਯਾਤਖਾਂ ਜਾਨਿ।
ਹਯਨਿ ਸਮੇਤ ਸੈਨ ਲਖਿ ਬਨੀ। ਪੁਨ ਬੁੱਧੂ ਫੁਰਮਾਇਸ਼ ਭਨੀ॥ ੨੯॥

ਦੂਸਰਿਆਂ ਦੇ ਨਾਮ ਸਨ, ਕਾਲੇ ਖਾਂ, ਨਿਜਾਬਤ ਖਾਨ ਅਤੇ ਚੌਥੇ ਦਾ ਨਾਮ ਹਿਆਤ ਖਾਂ ਜਾਣੋ। ਗੁਰੂ ਜੀ ਨੇ ਘੋੜਿਆਂ ਸਮੇਤ ਸੈਨਾ ਬਣੀ ਵੇਖੀ। ਫਿਰ ਪੀਰ ਬੁੱਧੂ ਸ਼ਾਹ ਨੇ ਫੁਰਮਾਇਸ਼ ਕੀਤੀ॥੨੯॥

ਨੰਦ ਚੰਦ ਸੰਗ ਸਤਿਗੁਰ ਭਾਖਾ। 'ਚਿਹਰੇ ਲਿਖਹੁ, ਲੇਹੁ ਇਨ ਰਾਖਾ।
ਏਕ ਰਜਤਪਣ ਇਕ ਅਸਵਾਰ। ਪੰਚ ਪੰਚ ਸਿਰਦਾਰਨ ਚਾਰ'॥ ੩੦॥

ਫਿਰ ਸਤਿਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, "ਇਨ੍ਹਾਂ ਦੇ ਹੁਲੀਏ ਲਿਖ ਕੇ ਰੱਖ ਲਵੋ। ਇਕ-ਇਕ ਰੁਪਈਆ ਇਕ ਘੋੜ-ਸਵਾਰ ਨੂੰ ਰੁਜ਼ਾਨਾ ਦਿੱਤਾ ਤੇ ਪੰਜ-ਪੰਜ ਰੁਪਏ ਚਾਰ ਸਰਦਾਰਾਂ ਨੂੰ ਰੁਜ਼ਾਨਾ ਦਿੱਤੇ"॥੩੦॥

ਭਯੋ ਹੁਕਮ ਹਰਖੇ ਉਰ ਖਾਨ। 'ਧੰਨ ਧੰਨ ਗੁਰ' ਕਰਹਿਂ ਬਖਾਨ।
ਬੁੱਧੂਸ਼ਾਹ ਪੀਰ ਰਖਵਾਏ। ਰੋਜ਼ੀ ਕਰੀ ਫਿਰਤਿ ਅਕੁਲਾਏ॥ ੩੧॥

ਜਦ ਗੁਰੂ ਜੀ ਦਾ ਹੁਕਮ ਹੋਇਆ ਤਾਂ ਪਠਾਣ ਦਿਲ ਵਿਚ ਬਹੁਤ ਪ੍ਰਸੰਨ ਹੋਏ। "ਧੰਨ ਧੰਨ ਗੁਰੂ ਜੀ" ਉਨ੍ਹਾਂ ਨੇ ਕਿਹਾ। ਪੀਰ ਬੁੱਧੂ ਸ਼ਾਹ ਨੇ ਰਖਵਾ ਦਿੱਤੇ ਨਹੀਂ ਤਾਂ ਰੋਜ਼ੀ ਵਾਸਤੇ ਵਿਆਕੁਲ ਹੋਏ ਫਿਰਦੇ ਸਨ॥੩੧॥

ਨੰਦ ਚੰਦ ਹੁਇ ਖਰੋ ਕਿਨਾਰੇ। ਲਿਖਨਿ ਹੇਤੁ ਸਭਿ ਨਿਕਟ ਹਕਾਰੇ।
ਚਿਹਰੇ ਨਾਮ ਸਰਬ ਲਿਖਵਾਇ। ਜਿਤ ਪ੍ਰਵਾਹਿ ਜਮਨਾ ਜਲ ਜਾਇ॥ ੩੨॥

ਦੀਵਾਨ ਨੰਦ ਚੰਦ ਉਨ੍ਹਾਂ ਨੂੰ ਲੈ ਕੇ ਇਕ ਕਿਨਾਰੇ ਖੜ੍ਹਾ ਹੋ ਗਿਆ ਤੇ ਹੁਲੀਏ ਲਿਖਣ ਵਾਸਤੇ ਸਾਰਿਆਂ ਨੂੰ ਆਪਣੇ ਪਾਸ ਬੁਲਾਇਆ। ਹੁਲੀਏ ਅਤੇ ਨਾਂ ਸਾਰਿਆਂ ਨੇ ਲਿਖਵਾਏ। ਜਿਸ ਪਾਸੇ ਵਲ ਜਮਨਾ ਨਦੀ ਦਾ ਪ੍ਰਵਾਹ ਜਾਂਦਾ ਸੀ॥੩੨॥

ਤਿਤ ਦਿਸ਼ਿ ਡੇਰਾ ਦੀਨਿ ਕਰਾਇ। ਤੰਬੂ ਲਗੇ ਤੀਰ ਸਮੁਦਾਇ।
ਬੁੱਧੂ ਸ਼ਾਹ ਅਧਿਕ ਸਨਮਾਨਾ। ਗੁਰ ਸੁਸ਼ੀਲ ਤੇ ਉਰ ਹਰਖਾਨਾ॥ ੩੩॥

ਉਸ ਪਾਸੇ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ। ਸਾਰੇ ਤੰਬੂ ਕੰਢੇ ਦੇ ਨਾਲ-ਨਾਲ ਲਾ ਦਿੱਤੇ। ਪੀਰ ਬੁੱਧੂ ਸ਼ਾਹ ਦਾ ਬਹੁਤ ਸਨਮਾਨ ਕੀਤਾ। ਗੁਰੂ ਜੀ ਦਾ ਚੰਗਾ ਸੁਭਾਵ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ॥੩੩॥

ਰਹਯੋ ਨਿਕਟ ਜੇਤਿਕ ਮਨ ਭਾਯੋ। ਬਹੁਰ ਸਢੌਰੇ ਸ਼ਹਿਰ ਸਿਧਾਯੋ।
ਖਾਨ ਪਾਂਚ ਸੈ ਢਿਗ ਰਖਵਾਏ। ਜਾਇ ਜਹਾਂ ਕਹਿਂ ਸੁਜਸੁ ਬਢਾਏ॥ ੩੪॥

ਜਿੰਨਾ ਚਿਰ ਉਸ ਦਾ ਦਿਲ ਕੀਤਾ ਉਹ ਗੁਰੂ ਜੀ ਦੇ ਪਾਸ ਰਿਹਾ ਤੇ ਬਾਅਦ ਵਿਚ ਸਢੌਰੇ ਸ਼ਹਿਰ ਵਿਚ ਚਲੇ ਗਿਆ। ਪੰਜ ਸੌ ਪਠਾਣਾਂ ਨੂੰ ਗੁਰੂ ਜੀ ਦੇ ਪਾਸ ਰਖਵਾ ਦਿੱਤਾ, ਜਿੱਥੇ ਕਿੱਥੇ ਵੀ ਜਾਂਦਾ ਸੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਵਧਾਉਂਦਾ ਸੀ॥੩੪॥

ਸਤਿਗੁਰ ਚਢਹਿਂ ਅਖੇਰ ਸਿਧਾਰਹਿਂ। ਬੀਨ ਬੀਨ ਸ਼ੇਰਨਿ ਕਹੁ ਮਾਰੈਂ।
ਦੁਸ਼ਟ ਜੀਵ ਬਨਿ ਰਹਯੋ ਨ ਕੋਈ। ਚਰਹਿਂ ਮਹਿਖ ਗੋ ਚਿੰਤ ਨ ਕੋਈ॥ ੩੫॥

ਸਤਿਗੁਰੂ ਜੀ ਸ਼ਿਕਾਰ ਖੇਡਣ ਜਾਣ ਵਾਸਤੇ ਚੜ੍ਹਾਈ ਕਰਦੇ ਸਨ ਤੇ ਸ਼ੇਰਾਂ ਨੂੰ ਚੁਣ ਚੁਣ ਕੇ ਮਾਰਦੇ ਸਨ। ਇਹ ਦੁਸ਼ਟ ਜਾਨਵਰ ਜੰਗਲ ਵਿਚ ਕੋਈ ਵੀ ਨਾ ਰਿਹਾ ਤੇ ਮੱਝਾਂ ਗਾਈਆਂ ਜੰਗਲ ਵਿਚ ਚਰਦੀਆਂ ਸਨ ਤੇ ਉਨ੍ਹਾਂ ਨੂੰ ਕੋਈ ਡਰ ਨਹੀਂ ਰਿਹਾ ਸੀ॥੩੫॥

ਜਿਤ ਕਿਤ ਸੁਖੀ ਭਏ ਨਰ ਨਾਰੀ। ਬਿਚਰਹਿਂ ਸਗਰੀ ਦੂਨ ਮਝਾਰੀ।
ਕਹੈਂ ਸਗਲ 'ਗੁਰ ਰੌਣਕ ਕੀਨੀ। ਜਗੇ ਭਾਗ ਅਵਨੀ ਇਸ ਚੀਨੀ' ॥ ੩੬॥

ਜਿੱਥੇ ਕਿੱਥੇ ਇਸਤਰੀ ਪੁਰਸ਼ ਸੁਖੀ ਹੋ ਗਏ, ਸਾਰੀ ਦੂਨ ਦੇ ਵਿਚ ਫਿਰਦੇ ਸਨ। ਸਾਰੇ ਕਹਿੰਦੇ ਸਨ, "ਗੁਰੂ ਜੀ ਨੇ ਰੌਣਕ ਕਰ ਦਿੱਤੀ, ਇਸ ਧਰਤੀ ਦੇ ਅਸੀਂ ਭਾਗ ਜਾਗੇ ਵੇਖੇ ਹਨ"॥੩੬॥

ਪੁਨ ਸਤਿਗੁਰ ਥਿਰ ਹੋਇ ਮਦਾਨ। ਸਭਿ ਸੁਭਟਨਿ ਸੋਂ ਕਰਹਿਂ ਬਖਾਨ।
'ਤੀਰ ਤੁਪਕ ਤੋਮਰ ਤਰਵਾਰੈਂ। ਕਰਹੁ ਵਾਰ ਹਮ ਖਰੇ ਨਿਹਾਰੈਂ' ॥ ੩੭॥

ਫਿਰ ਸਤਿਗੁਰੂ ਜੀ ਮੈਦਾਨ ਵਿਚ ਖੜੇ ਹੋ ਕੇ ਯੋਧਿਆਂ ਨੂੰ ਕਹਿੰਦੇ ਸਨ, "ਤੀਰ, ਬੰਦੂਕ, ਨੇਜ਼ੇ ਅਤੇ ਤਲਵਾਰਾਂ ਦੇ ਵਾਰ ਕਰੋ ਅਸੀਂ ਖੜੇ ਹੋ ਕੇ ਵੇਖਾਂਗੇ"॥੩੭॥

ਮਾਤੁਲ ਸੰਗੋ ਆਦ ਕਰੰਤੇ। ਪੁਨ ਪਠਾਨ ਗਨ ਹਯ ਧਾਵੰਤੇ।
ਤੁਪਕ ਚਲਾਇ ਤਾਕਿ ਲਛ ਮਾਰੈਂ। ਤਿਮ ਹੀ ਗੁਰ ਕੇ ਸਿੱਖ ਸਿਧਾਰੈਂ॥ ੩੮॥

ਮਾਮਾ ਜੀ ਅਤੇ ਸੰਗੋ ਸ਼ਾਹ ਆਦਿ ਵੀ ਕਰਦੇ ਸਨ। ਫਿਰ ਸਾਰੇ ਪਠਾਣ ਘੋੜੇ ਭਜਾਉਂਦੇ ਸਨ ਤੇ ਬੰਦੂਕ ਚਲਾ ਕੇ ਗੋਲੀਆਂ ਨਿਸ਼ਾਨੇ ਤੇ ਮਾਰਦੇ ਸਨ। ਉਸ ਤਰ੍ਹਾਂ ਹੀ ਗੁਰੂ ਜੀ ਦੇ ਸਿੱਖ ਕਰਦੇ ਸਨ॥੩੮॥

ਤੋਮਰ ਕੋ ਭਰਮਾਇ ਦਿਖਾਵੈਂ। ਧਨੁ ਕੋ ਐਂਚਤਿ ਬਾਨ ਚਲਾਵੈਂ।
ਇਸ ਪ੍ਰਕਾਰ ਬਹੁ ਧਰਹਿਂ ਪ੍ਰਕਾਸ਼ਾ। ਕਰਹਿਂ ਬਿਲੋਕਨਿ ਬੀਰ ਬਿਲਾਸਾ॥ ੩੯॥

ਨੇਜ਼ੇ ਨੂੰ ਭੰਵਾ ਕੇ ਵਿਖਾਉਂਦੇ ਸਨ, ਧਨੁੱਖ ਨੂੰ ਖਿੱਚ ਕੇ ਬਾਣ ਚਲਾਉਂਦੇ ਸਨ। ਇਸ ਪ੍ਰਕਾਰ ਬਹੁਤ ਪ੍ਰਕਾਸ਼ ਧਾਰਨ ਕਰਦੇ ਸਨ ਤੇ ਸੂਰਬੀਰਾਂ ਦੀ ਰਚੀ ਲੀਲ੍ਹਾ ਨੂੰ ਵੇਖਦੇ ਸਨ॥੩੯॥

ਗੁਰ ਘਰ ਤੇ ਸਭਿ ਲੇਤਿ ਰੁਜ਼ੀਨਾ। ਜਥਾ ਜੋਗ ਜਿਸ ਕੋ ਕਰਿ ਦੀਨਾ।
ਕੇਤਿਕ ਨਗਦੀ ਲੇ ਗੁਰ ਘਰ ਤੇ। ਕਿਤਿਕ ਚੂਨ ਚਾਵਰ ਲੇ ਬਰਤੇਂ॥ ੪੦॥

ਗੁਰੂ ਘਰ ਤੋਂ ਸਾਰੇ ਦਿਹਾੜੀ ਲੈਂਦੇ ਸਨ, ਯਥਾ ਯੋਗ ਜਿਵੇਂ ਦਿਹਾੜੀ ਨਿਯੁਕਤ ਕੀਤੀ ਹੋਈ ਹੁੰਦੀ ਸੀ। ਕਈ ਗੁਰੂ ਘਰ ਤੋਂ ਨਕਦ ਪੈਸੇ ਲੈਂਦੇ ਸਨ, ਕਈ ਆਟਾ ਚਾਵਲ ਲੈ ਕੇ ਵਰਤਦੇ ਸਨ॥੪੦॥

ਕਿਤਿਕ ਦੇਗ਼ ਤੇ ਅਚਹਿਂ ਅਹਾਰਾ। ਰਾਜ ਸਮਾਜ ਬਧਯੋ ਤਬਿ ਭਾਰਾ।
ਦਰਬ ਇਕੱਤ੍ਰ ਅਧਿਕ ਚਹੁਂ ਦਿਸ਼ਿ ਤੇ। ਭਯੋ ਕੋਸ਼ ਪਰਿ ਪੂਰਣ ਜਿਸਤੇ॥ ੪੧॥

ਕਈ ਲੰਗਰ ਤੋਂ ਭੋਜਨ ਛਕਦੇ ਸਨ, ਤਦ ਗੁਰੂ ਜੀ ਦਾ ਭਾਰੀ ਰਾਜ ਸਮਾਜ ਵੱਧ ਗਿਆ ਸੀ। ਚਾਰੇ ਪਾਸਿਆਂ ਤੋਂ ਬਹੁਤ ਧਨ ਇਕੱਠਾ ਹੋ ਕੇ ਆਉਂਦਾ ਸੀ ਜਿਸ ਨਾਲ ਖਜ਼ਾਨਾ ਭਰਪੂਰ ਹੋ ਗਿਆ ਸੀ॥੪੧॥

ਕਬਹੂੰ ਸੈਨਾ ਚਢਹਿ ਅਕੇਲੇ। ਬਾਂਛਤਿ ਜਿਤਕ ਅਖੇਰਹਿਂ ਖੇਲੇ।
ਸ਼ਲਖ ਬੰਦੂਕਨਿ ਕੀ ਮਚਕੰਤੀ। ਸ਼ਬਦ ਮਹਿਦ ਇਕ ਬਾਰ ਉਠੰਤੀ॥ ੪੨॥

ਕਦੀ ਇਕੱਲੀ ਸੈਨਾ ਚੜ੍ਹਦੀ ਹੈ, ਜਿੰਨੇ ਵੀ ਸ਼ਿਕਾਰ ਖੇਡਣਾ ਚਾਹੁੰਦੇ ਹਨ, ਉਹ ਬੰਦੂਕਾਂ ਦੀਆਂ ਸ਼ਲਖਾਂ ਛੱਡਦੇ ਹਨ ਤੇ ਉੱਚੀ ਆਵਾਜ਼ ਇਕੱਠੀ ਉੱਠਦੀ ਹੈ॥੪੨॥

**ਜਬਿ ਪ੍ਰਤਾਪ ਇਮ ਬਧਯੋ ਬਧੇਰਾ। ਸ਼ੰਕਤਿ ਗਨ ਮਹੀਪ ਤਿਸ ਬੇਰਾ।**
**'ਛੀਨ ਲੇਹਿਂ ਨਹਿਂ ਰਾਜ ਹਮਾਰਾ। ਕੋ ਕਰਿ ਸਾਕਹਿ ਜੰਗ ਅਖਾਰਾ॥ ੪੩॥**

ਜਦ ਗੁਰੂ ਜੀ ਦਾ ਇਸ ਤਰ੍ਹਾਂ ਵੱਡਾ ਪ੍ਰਤਾਪ ਵਧਿਆ ਤਾਂ ਸਾਰੇ ਰਾਜੇ ਗੁਰੂ ਜੀ ਬਾਰੇ ਸ਼ੰਕਾਵਾਨ ਹੋ ਗਏ, "ਇਹ ਕਿਤੇ ਸਾਡਾ ਰਾਜ ਹੀ ਨਾ ਖੋਹ ਲੈਣ, ਇਨ੍ਹਾਂ ਦੇ ਨਾਲ ਕੌਣ ਜੰਗ ਲੜ ਸਕਦਾ ਹੈ॥੪੩॥

**ਚਹੈਂ ਜਿ ਕਿਹ ਨ੍ਰਿਪ ਕੀ ਰਜਧਾਨੀ। ਬਿਨਾਂ ਬਿਲਮ ਲੇਂ ਤਿਨ ਕਰਿ ਹਾਨੀ।**
**ਕੋ ਅਰ ਸਕਹਿ ਬੀਰਤਾ ਧਰਿਕੈ। ਜਾਇ ਪਲਾਇ ਨਤੁ ਮਰਿ ਹੈ ਡਰਿ ਕੈ' ॥੪੪॥**

ਜਿਸ ਕਿਸੇ ਰਾਜੇ ਦੀ ਇਹ ਰਾਜਧਾਨੀ ਲੈਣਾ ਚਾਹੁਣ, ਇਹ ਕਿਸੇ ਦੇਰ ਤੋਂ ਬਗੈਰ ਉਸ ਨੂੰ ਮਾਰ ਕੇ ਲੈ ਸਕਦੇ ਹਨ। ਇਨ੍ਹਾਂ ਦੇ ਅੱਗੇ ਕੌਣ ਸੂਰਬੀਰਤਾ ਧਾਰ ਕੇ ਅੜ ਸਕਦਾ ਹੈ। ਭੱਜ ਜਾਵੇਗਾ ਜਾਂ ਡਰਦਾ ਹੀ ਮਰ ਜਾਵੇਗਾ" ॥੪੪॥

**ਸਭਿ ਕੇ ਮਨ ਖਟਪਟ ਹੁਇ ਆਈ। ਲਖਹਿਂ ਸੁਭਟ ਗੁਰ ਕੋ ਅਧਿਕਾਈ।**
**ਦਿਨ ਪ੍ਰਤਿ ਦਲ ਬਧਾਇ ਬਲ ਭਾਰਾ। ਗਿਰਪਤਿ ਸਗਰੇ ਕਰਹਿਂ ਬਿਚਾਰਾ ॥੪੫॥**

ਸਾਰਿਆਂ ਦੇ ਮਨ ਵਿਚ ਚਿੰਤਾ ਪ੍ਰਗਟ ਹੋ ਗਈ। ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝਦੇ ਸਨ। ਦਿਨ ਪ੍ਰਤਿ ਦਲ ਨੂੰ ਵਧਾਉਂਦੇ ਹਨ ਤੇ ਭਾਰੀ ਬਲਵਾਨ ਹੋ ਗਏ ਹਨ। ਸਾਰੇ ਪਹਾੜੀ ਰਾਜੇ ਇਸ ਬਾਰੇ ਵਿਚਾਰਾਂ ਕਰਦੇ ਸਨ॥੪੫॥

*ਦੂਸਰੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

## ਅਧਿਆਇ ਦੂਸਰਾ

### *ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ*

**ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਰਾਜ ਸਮਾਜ ਬ੍ਰਿਧਾਇ।**
**ਕਰੀ ਸਕੇਲਨਿ ਬਾਹਿਨੀ ਤ੍ਰਾਸ ਨ੍ਰਿਪਨਿ ਉਪਜਾਇ॥ ੧॥**

ਇਸ ਤਰ੍ਹਾਂ ਸਤਿਗੁਰੂ ਜੀ ਨੇ ਰਾਜ ਸਮਾਜ ਨੂੰ ਵਧਾਇਆ। ਬਹੁਤ ਵਾਹਣਾਂ ਇਕੱਠੀਆਂ ਕੀਤੀਆਂ ਤੇ ਪਹਾੜੀ ਰਾਜਿਆਂ ਲਈ ਬੜਾ ਡਰ ਉਤਪੰਨ ਕੀਤਾ॥੧॥

**ਚੌਪਈ-ਸੁਨਿ ਸ਼੍ਰੀ ਰਾਮਰਾਇ ਬਡਿਆਈ। ਦਿਨ ਪ੍ਰਤਿ ਬਧਤਿ ਜਾਤਿ ਅਧਿਕਾਈ।**
**ਮਿਲਿਨਿ ਪਿਖਿਨਿ ਕੀ ਪ੍ਰੀਤਿ ਉਪਾਵੈ। ਕਹਨਿ ਸੁਨਨਿ ਹੁਇ ਮਨ ਮਹਿਂ ਆਵੈ॥੨॥**

ਸ੍ਰੀ ਰਾਮ ਰਾਇ ਨੇ ਐਸੀ ਵਡਿਆਈ ਸੁਣੀ ਕਿ ਦਿਨ ਪ੍ਰਤੀ ਗੁਰੂ ਜੀ ਦਾ ਪ੍ਰਤਾਪ ਬਹੁਤ ਵਧ ਰਿਹਾ ਹੈ ਤਾਂ ਉਸ ਦੇ ਮਨ ਵਿਚ ਗੁਰੂ ਜੀ ਨੂੰ ਮਿਲਣ ਦੀ ਪ੍ਰੀਤ ਪ੍ਰਗਟ ਹੋਈ। ਉਸ ਦੇ ਮਨ ਵਿਚ ਆਇਆ ਕਿ ਆਪਸ ਵਿਚ ਮਿਲ ਕੇ ਕੁਝ ਕਹਿਣ ਸੁਣਨ ਹੋਵੇ॥੨॥

**ਕੇਤਿਕ ਦਿਨ ਲੌ ਰਹਯੋ ਬਿਚਾਰਤਿ। ਕੁਛ ਜਗ ਦਿਸ਼ਿ ਤੇ ਸ਼ੰਕਾ ਧਾਰਤਿ।**
**ਡੇਰੇ ਬਿਖੇ ਨ ਬਨਿ ਹੈ ਜਾਨ। ਅਲਪ ਲਖਹਿਂ ਮੋਕਹੁ ਸਭਿ ਥਾਨ॥ ੩॥**

ਕਈ ਦਿਨਾਂ ਤਕ ਵਿਚਾਰਦਾ ਰਿਹਾ, ਕੁਝ ਜਗਤ ਵਾਲੇ ਪਾਸੇ ਤੋਂ ਸ਼ੰਕਾ ਧਾਰਨ ਕਰਦਾ ਸੀ। ਡੇਰੇ ਵਿਚ ਮੇਰਾ ਜਾਣਾ ਬਣਦਾ ਨਹੀਂ ਹੈ, ਫਿਰ ਮੇਰੇ ਚੇਲੇ ਸਭ ਥਾਂ ਮੈਨੂੰ ਛੋਟਾ ਸਮਝਣਗੇ॥੩॥

ਸੋ ਸਭਿ ਬਿਧਿ ਤੇ ਅਹੈਂ ਬਿਸਾਲਾ। ਅਹੌਂ ਭਤੀਜਾ, ਰਹੌਂ ਨਿਰਾਲਾ।
ਮੁਰ ਪਿਤ ਤੇ ਗੁਰਤਾ ਲਘੁ ਭ੍ਰਾਦੀ। ਤਿਨ ਤੇ ਪੁਨ ਇਨ ਕੇ ਘਰ ਆਈ॥ ੪ ॥

ਇਸ ਕਰਕੇ ਸਭ ਵਿਧੀਆਂ ਨਾਲੋਂ ਇਹੀ ਗੱਲ ਚੰਗੀ ਹੈ ਕਿ ਮੈਂ ਉਨ੍ਹਾਂ ਦਾ ਭਤੀਜਾ ਹਾਂ ਮੈਂ ਵਖਰਾ ਹੀ ਰਹਾਂਗਾ। ਮੇਰੇ ਪਿਤਾ ਜੀ ਪਾਸੋਂ ਛੋਟੇ ਭਰਾ ਸ੍ਰੀ ਕ੍ਰਿਸ਼ਨ ਜੀ ਨੇ ਗੁਰਤਾ ਲਈ ਸੀ, ਉਨ੍ਹਾਂ ਤੋਂ ਬਾਅਦ ਇਨ੍ਹਾਂ ਦੇ ਘਰ ਵਿਚ ਆਈ॥੪॥

ਅਹੈ ਜਥਾਰਥ ਇਹ ਸਭਿ ਬਾਤੀ। ਤਊ ਅਧਿਕ ਮੈਂ ਜਗ ਬੱਖਜਾਤੀ।
ਬ੍ਰਿੰਦ ਸੰਗਤਾਂ ਜੋ ਮੁਹਿ ਮਾਨਹਿਂ। ਸਭਿ ਤੇ ਅਧਿਕ ਰਿਦੇ ਪਹਿਚਾਨਹਿਂ॥ ੫ ॥

ਬੇਸ਼ਕ ਇਹ ਗੱਲ ਸਭ ਪ੍ਰਕਾਰ ਸੱਚੀ ਹੈ, ਫਿਰ ਵੀ ਮੈਂ ਜਗਤ ਵਿਚ ਵੱਡਾ ਪ੍ਰਗਟ ਹਾਂ। ਬਹੁਤ ਸੰਗਤਾਂ ਮੈਨੂੰ ਮੰਨਦੀਆਂ ਹਨ, ਸਭ ਤੋਂ ਵੱਧ ਮੈਨੂੰ ਹਿਰਦੇ ਵਿਚ ਪਹਿਚਾਨਦੀਆਂ ਹਨ॥੫॥

ਜੇ ਪਹੁੰਚੋ ਮੈਂ ਚਲਿ ਤਿਸ ਥਾਨ। ਤਿਸ ਤੇ ਅਲਪ ਮੋਹਿ ਲੇਂ ਜਾਨਿ।
ਸਿੱਖ ਮਸੰਦ ਸੰਗਤਾਂ ਜੇਈ। ਮਿਲਿ ਮਿਲਿ ਕਰਹਿਂ ਬਿਚਾਰਨ ਤੇਈ॥ ੬ ॥

ਜੇ ਮੈਂ ਉਥੇ ਚਲ ਕੇ ਜਾਵਾਂਗਾ, ਤਾਂ ਉਨ੍ਹਾਂ ਨਾਲੋਂ ਮੈਨੂੰ ਛੋਟਾ ਸਮਝਣ ਲੱਗ ਜਾਣਗੇ। ਸਿੱਖ, ਮਸੰਦ ਤੇ ਜਿਹੜੀਆਂ ਸੰਗਤਾਂ ਹਨ, ਉਹ ਮਿਲ-ਮਿਲ ਕੇ ਵਿਚਾਰਨਗੇ॥੬॥

ਮਗ ਮਹਿਂ ਮੇਲ ਕਿਤਹੁਂ ਜੇ ਹੋਇ। ਨਿਜ ਨਿਜ ਥਲ ਤੇ ਚਲਿ ਦਿਸ਼ਿ ਦੋਇ।
ਤਬਿ ਸਮਤਾ ਮੇਰੀ ਰਹਿ ਆਵੈ। ਹੋਇ ਮੇਲ ਸੰਸੇ ਨ ਉਠਾਵੈਂ॥ ੭ ॥

ਰਾਹ ਦੇ ਵਿਚ ਜੇ ਕਿਤੇ ਮੇਲ ਹੋ ਜਾਵੇਗਾ ਭਾਵ ਆਪਣੇ-ਆਪਣੇ ਥਾਵਾਂ ਤੋਂ ਦੋਵੇਂ ਚਲ ਕੇ ਇਕ ਵਿਸ਼ੇਸ਼ ਥਾਂ ਜਾਈਏ। ਤਦ ਮੇਰੀ ਬਰਾਬਰੀ ਰਹਿ ਆਵੇਗੀ, ਮੇਲ ਹੋਣ ਤੇ ਵੀ ਕੋਈ ਸੰਸਾ ਨਹੀਂ ਉਠਾਵੇਗਾ॥੭॥

ਇਮ ਬਿਚਾਰ ਕਰਿ ਪਠਜੋ ਮਸੰਦ। ਦੇ ਕਰਿ ਤਿਸਹਿ ਸਮਾਜ ਬਿਲੰਦ।
ਬਸਤ੍ਰ ਬਿਭੂਖਣ ਨਰ ਸਮੁਦਾਯਾ। ਸਕਲ ਭੇਵ ਕਹਿ ਤਬਹੁਂ ਪਠਾਯਾ॥ ੮ ॥

ਇਸ ਤਰ੍ਹਾਂ ਵਿਚਾਰ ਕਰਕੇ ਇਕ ਮਸੰਦ ਨੂੰ ਭੇਜਿਆ, ਉਸ ਦੇ ਨਾਲ ਹੋਰ ਬਹੁਤ ਸਾਜ-ਸਾਮਾਨ ਭੇਜਿਆ। ਵਸਤਰ, ਗਹਿਣੇ ਅਤੇ ਬਹੁਤ ਮਨੁੱਖ ਭੇਜੇ। ਉਸ ਨੂੰ ਸਾਰਾ ਭੇਦ ਕਹਿ ਕੇ ਤਦ ਭੇਜ ਦਿੱਤਾ॥੮॥

ਸੋ ਚਲਿ ਕਰਿ ਆਯਹੁ ਤਤਕਾਲਾ। ਪਿਖੀ ਪਾਂਵਟੈ ਭੀਰ ਬਿਸਾਲਾ।
ਦੂਰ ਦੂਰ ਲੌ ਸੁਭਟ ਤੁਰੰਗ। ਉਤਰੇ ਧਰੇ ਸ਼ਸਤ੍ਰ ਨਿਜ ਅੰਗ॥ ੯ ॥

ਉਹ ਮਸੰਦ ਤੁਰਤ ਚਲ ਕੇ ਆ ਗਿਆ ਤੇ ਉਸ ਨੇ ਆ ਕੇ ਪਾਉਂਟੇ ਵਿਚ ਵੱਡੀ ਭੀੜ ਵੇਖੀ। ਦੂਰ-ਦੂਰ ਤਕ ਸੂਰਮੇ ਅਤੇ ਘੋੜੇ ਹੀ ਵਿਖਾਈ ਦਿੰਦੇ ਸਨ। ਸੂਰਮੇ ਘੋੜਿਆਂ ਤੋਂ ਉੱਤਰੇ ਸਨ ਤੇ ਉਨ੍ਹਾਂ ਨੇ ਆਪਣੇ ਸਰੀਰਾਂ ਤੇ ਸ਼ਸਤਰ ਧਾਰਨ ਕੀਤੇ ਹੋਏ ਸਨ॥੯॥

ਪੌਰਦਾਰ ਢਿਗ ਮਨੁਜ ਪਠਾਯੋ। 'ਕਰੀਅਹਿ ਸੁਧਿ ਮਸੰਦ ਚਲਿ ਆਯੋ'।
ਸ੍ਰੀ ਕਲਗੀਧਰ ਸੁਨ ਕਰਿ ਕਹ੍ਯੋ। 'ਪ੍ਰਾਤਿ ਹਕਾਰਹਿਂ ਮਿਲਿਨਿ ਜਿ ਚਹ੍ਯੋ' ॥੧੦॥

ਮੁਖ ਦਵਾਰ ਪਾਸ ਉਸ ਇਕ ਮਨੁੱਖ ਭੇਜਿਆ, "ਉਸ ਨੂੰ ਖਬਰ ਦੇਵੋ ਕਿ ਸ੍ਰੀ ਰਾਮ ਰਾਇ ਪਾਸੋਂ ਮਸੰਦ ਚਲ ਕੇ ਆਇਆ ਹੈ।" ਸ੍ਰੀ ਕਲਗੀਧਰ ਨੇ ਸੁਣ ਕੇ ਕਿਹਾ, "ਜੇ ਮਿਲਣਾ ਚਾਹੁੰਦਾ ਹੈ ਤਾਂ ਸਵੇਰੇ ਬੁਲਾਵਾਂਗੇ" ॥੧੦॥

**ਨੰਦ ਚੰਦ ਸੋਂ ਹੁਕਮ ਬਖਾਨਾ। 'ਸਭਿ ਸੁਧਿ ਲੇਹੁ ਖਾਨ ਅਰੁ ਪਾਨਾ'।**
**ਤਿਸ ਕੋ ਕਹਿ ਡੇਰਾ ਕਰਿਵਾਯੋ। ਬਾਂਛਿਤਿ ਏਕ ਬਾਰਿ ਪਹੁੰਚਾਯੋ॥ ੧੧॥**

ਨੰਦ ਚੰਦ ਨੂੰ ਫਿਰ ਹੁਕਮ ਦਿੱਤਾ, "ਸਭ ਪ੍ਰਕਾਰ ਦੀ ਖਬਰ ਲਵੋ ਅਤੇ ਉਨ੍ਹਾਂ ਦੇ ਖਾਣ ਪੀਣ ਦਾ ਇੰਤਜ਼ਾਮ ਕਰੋ।" ਉਸ ਨੂੰ ਕਹਿ ਕੇ ਉਨ੍ਹਾਂ ਦਾ ਡੇਰਾ ਕਰਵਾ ਦਿੱਤਾ ਤੇ ਜ਼ਰੂਰੀ ਸਾਮਾਨ ਇਕੋ ਵਾਰ ਪਹੁੰਚਾ ਦਿੱਤਾ॥੧੧॥

**ਨਿਸਾ ਬਿਤਾਇ ਕੀਨਿ ਦਰਬਾਰਾ। ਦਰਸਹਿ ਸੰਗਤਿ ਮਿਲੀ ਹਜ਼ਾਰਾ।**
**ਲਗੇ ਅਕੋਰਨ ਕੇ ਅੰਬਾਰੇ। ਖਰੋ ਮੇਵਰੋ ਅਰਜ਼ ਗੁਜ਼ਾਰੇ॥ ੧੨॥**

ਰਾਤ ਬਤੀਤ ਕਰਕੇ ਸਵੇਰੇ ਦਰਬਾਰ ਲਾਇਆ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਮਿਲ ਕੇ ਦਰਸ਼ਨ ਕਰਦੀ ਸੀ। ਉਪਹਾਰਾਂ ਦੇ ਢੇਰ ਲੱਗ ਗਏ ਤੇ ਮੇਵੜਾ ਖਲੋਤਾ ਹੋਇਆ ਅਰਦਾਸਾਂ ਕਰ ਰਿਹਾ ਸੀ॥੧੨॥

**ਸੁਭਟਨਿ ਕੋ ਲਾਗਯੋ ਦੀਵਾਨ। ਬੈਠੇ ਪਾਂਚਹੁ ਭ੍ਰਾਤ ਸੁ ਥਾਨ।**
**ਨਿਕਟ ਕ੍ਰਿਪਾਲ ਸੁ ਮਾਤੁਲ ਅਹੈ। ਸਿੱਖਨ ਦਿਸ਼ਿ ਕ੍ਰਿਪਾਲ ਕਬਿ ਲਹੈਂ॥੧੩॥**

ਸੂਰਬੀਰਾਂ ਦਾ ਦੀਵਾਨ ਲੱਗਾ ਹੋਇਆ ਸੀ, ਗੁਰੂ ਜੀ ਭੂਆ ਜੀ ਦੇ ਪੁੱਤਰ ਪੰਜੇ ਭਰਾ ਵੀ ਉਥੇ ਬੈਠੇ ਸਨ। ਗੁਰੂ ਜੀ ਦੇ ਪਾਸ ਮਾਮਾ ਕ੍ਰਿਪਾਲ ਜੀ ਬਿਰਾਜਮਾਨ ਸਨ। ਸਿੱਖਾਂ ਵਲ ਕ੍ਰਿਪਾਲੂ ਗੁਰੂ ਜੀ ਕਦੀ-ਕਦੀ ਵੇਖਦੇ ਸਨ॥੧੩॥

**ਨੰਦ ਚੰਦ ਕਰ ਬੰਦਿ ਬਖਾਨਾ। 'ਨਰ ਸ੍ਰੀ ਰਾਮਰਾਇ ਠਹਿਰਾਨਾ।**
**ਹੁਕਮ ਹੋਇ ਤਿਸ ਲੇਹਿਂ ਬੁਲਾਇ। ਪਰਸਹਿ ਚਰਨ ਕਮਲ ਕੋ ਆਇ'॥੧੪॥**

ਨੰਦ ਚੰਦ ਦੀਵਾਨ ਫਿਰ ਹੱਥ ਜੋੜ ਕੇ ਬੋਲਿਆ, "ਸ੍ਰੀ ਰਾਮ ਰਾਇ ਦੇ ਮਨੁੱਖ ਠਹਿਰੇ ਹੋਏ ਹਨ, ਜੇ ਆਪ ਜੀ ਦਾ ਹੁਕਮ ਹੋਵੇ ਤਾਂ ਉਸ ਨੂੰ ਬੁਲਾ ਲਈਏ। ਉਹ ਆ ਕੇ ਆਪ ਜੀ ਦੇ ਚਰਨ ਕੰਵਲਾਂ ਨੂੰ ਪਰਸਣ"॥੧੪॥

**ਆਇਸੁ ਦਈ 'ਹਕਾਰਹੁ ਤਾਂਹਿ'। ਭੇਜਯੋ ਛਰੀਦਾਰ ਤਿਸ ਪਾਹਿ।**
**ਸੁਨਿ ਮਸੰਦ ਨਰ ਬ੍ਰਿੰਦ ਸਮੇਤ। ਪਹੁੰਚਯੋ ਦਰਸ਼ਨ ਲੈਬੇ ਹੇਤੁ॥ ੧੫॥**

ਗੁਰੂ ਜੀ ਨੇ ਆਗਿਆ ਦਿੱਤੀ, "ਉਸ ਨੂੰ ਬੁਲਾ ਲਵੋ। ਇਕ ਚੋਬਦਾਰ ਨੂੰ ਉਸ ਪਾਸ ਭੇਜਿਆ। ਮਸੰਦ ਸੁਣ ਕੇ ਬਹੁਤ ਮਨੁੱਖਾਂ ਸਮੇਤ ਦਰਸ਼ਨ ਕਰਨ ਵਾਸਤੇ ਪਹੁੰਚ ਗਿਆ॥੧੫॥

**ਸਭਾ ਸੁਧਰਮਾ ਕੇ ਸਮ ਹੇਰੀ। ਸੁਰ ਸਿੱਖਨਿ ਤੇ ਸ਼ੁਭ ਤਿਸ ਬੇਰੀ।**
**ਇੰਦ੍ਰ ਮਨਿੰਦ ਪ੍ਰਤਾਪ ਬਿਲੰਦ। ਸ੍ਰੀ ਗੋਬਿੰਦ ਸਿੰਘ ਦਿਪਤਿ ਮੁਕੰਦ॥ ੧੬॥**

ਉਸ ਨੇ ਗੁਰੂ ਜੀ ਦੀ ਸਭਾ, ਇੰਦਰ ਦੀ ਸਭਾ ਵਰਗੀ ਵੇਖੀ। ਉਸ ਸਮੇਂ ਸਿੱਖ ਦੇਵਤਿਆਂ ਨਾਲੋਂ ਵੀ ਸ੍ਰੇਸ਼ਟ ਦਿਖਾਈ ਦੇ ਰਹੇ ਸਨ। ਇੰਦਰ ਵਾਂਗ ਗੁਰੂ ਜੀ ਦਾ ਵੱਡਾ ਪ੍ਰਤਾਪ ਸੀ। ਮੁਕਤੀ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉੱਤਮ ਪ੍ਰਕਾਸ਼ ਸੀ॥੧੬॥

**ਕਦਮ ਪਦਮ ਕੋ ਬੰਦਨ ਕੀਨਿ। ਬੈਠਿ ਸਮੁਖ ਸ਼ੁਭ ਦਰਸ਼ਨ ਲੀਨਿ।**
**ਭਾਖਿ ਬੂਝਿ ਨਿਜ ਅਰਜ਼ ਗੁਜ਼ਾਰੀ। 'ਮੋਹਿ ਪਠਾਇਸਿ ਪਾਇ ਅਗਾਰੀ॥੧੭॥**

ਮਸੰਦ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸਾਹਮਣੇ ਬੈਠ ਕੇ ਸ਼ੁਭ ਦਰਸ਼ਨ ਪ੍ਰਾਪਤ ਕੀਤੇ। ਗੁਰੂ ਜੀ ਵਲੋਂ ਪੁੱਛਣ ਉੱਤੇ ਉਸ ਬੇਨਤੀ ਕੀਤੀ, "ਸ੍ਰੀ ਰਾਮ ਰਾਇ ਮੈਨੂੰ ਆਪ ਜੀ ਦੇ ਚਰਨਾਂ ਅੱਗੇ ਭੇਜਿਆ ਹੈ ॥੧੭॥

**ਰਿਦੇ ਪ੍ਰੇਮ ਧਰਿ ਗੁਰੂ ਹਮਾਰੇ। ਮਿਲਿਬੇ ਕੀ ਬਾਂਛਾ ਮਨ ਧਾਰੇ।**
**ਆਇ ਨ ਸਕਹਿਂ ਪਾਂਵਟਾ ਪੁਰਿ ਮੈਂ। ਦਰਸਹਿਂ ਅਨਤ ਥਾਨ ਇਹ ਉਰ ਮੈਂ॥੧੮॥**

ਸਾਡੇ ਗੁਰੂ ਜੀ ਨੇ ਹਿਰਦੇ ਵਿਚ ਪ੍ਰੇਮ ਧਾਰ ਕੇ ਆਪ ਜੀ ਨੂੰ ਮਿਲਣ ਦੀ ਇੱਛਾ ਧਾਰਨ ਕੀਤੀ ਹੈ। ਉਹ ਪਾਉਂਟਾ ਨਗਰ ਵਿਚ ਨਹੀਂ ਆ ਸਕਦੇ ਹਨ, ਉਹ ਮਨ ਵਿਚ ਚਾਹੁੰਦੇ ਹਨ ਕਿ ਕਿਸੇ ਹੋਰ ਸਥਾਨ ਤੇ ਦਰਸ਼ਨ ਕਰੀਏ॥੧੮॥

ਕੇਤੇ ਕਾਰਨ ਕਰਹਿਂ ਬਿਚਾਰਨ। ਸੋ ਮੁਹਿ ਢਿਗ ਨਹਿਂ ਕੀਨਿ ਉਚਾਰਨਿ।
ਚਹਤਿ ਰਹਤਿ ਰਿਦ ਹੇਤਿ ਸਹਿਤ ਹੈਂ। ਇਤ ਆਵਨਿ ਚਿਤ ਮਹਿਂ ਨ ਲਹਿਤਿ ਹੈਂ॥੧੯॥

ਇਸ ਦੇ ਕਈ ਕਾਰਨ ਵਿਚਾਰਦੇ ਹਨ, ਉਹ ਉਨ੍ਹਾਂ ਨੇ ਮੇਰੇ ਪਾਸ ਉਚਾਰਨ ਨਹੀਂ ਕੀਤੇ ਹਨ, ਹਿਰਦੇ ਦੇ ਪਿਆਰ ਨਾਲ ਚਾਹੁੰਦੇ ਰਹਿੰਦੇ ਹਨ ਪਰ ਏਧਰ ਆਉਣ ਬਾਰੇ ਚਿੱਤ ਵਿਚ ਨਹੀਂ ਧਾਰਦੇ ਹਨ॥੧੯॥

ਚਢਹੁ ਅਖੇਰ ਹੇਤੁ ਉਤਿ ਦਿਸ਼ਿ ਮੈਂ। ਸੁਧ ਦਿਹੁ ਆਵਹਿਂ ਤਿਸੀ ਦਿਵਸ ਮੈਂ।
ਵਹਿਰ ਮੇਲ ਕਰਿ ਨਿਜ ਘਰ ਜਾਇਂ। ਕਹਿਬੋ ਸੁਨਿਬੋ ਤਹਿਂ ਹੁਇ ਜਾਇ॥੨੦॥

ਜਦ ਸ਼ਿਕਾਰ ਖੇਡਣ ਵਾਸਤੇ ਉਸ ਪਾਸੇ ਵਲ ਜਾਵੋ ਤਾਂ ਉਸ ਦਿਨ ਇਸ ਬਾਰੇ ਖਬਰ ਦੇ ਆਵੋ। ਬਾਹਰ ਮਿਲ ਕੇ ਆਪਣੇ ਘਰ ਜਾਣਗੇ, ਕਹਿਣਾ ਸੁਣਨਾ ਉਥੇ ਹੋ ਜਾਵੇਗਾ॥੨੦॥

ਨਹਿਂ ਨਿਸ ਬਸਿਬੇ ਤਿਨ ਕੋ ਆਸ਼ੈ। ਨਹਿਂ ਸਮੁਦਾਇ ਹੋਇਂ ਸਿਖ ਪਾਸੈ।
ਨਹਿਂ ਬਹੁ ਬਿਦਤਹਿ ਜਗ ਕੇ ਮਹੀਆ। ਮੁਲਾਕਾਤ ਇਸ ਬਿਧਿ ਕੀ ਚਹੀਆ॥੨੧॥

ਉਨ੍ਹਾਂ ਦਾ ਰਾਤ ਰਹਿਣ ਦਾ ਆਸ਼ਾ ਨਹੀਂ ਹੈ ਤੇ ਸਿੱਖ ਸੰਗਤ ਨੂੰ ਵੀ ਪਾਸ ਨਹੀਂ ਹੋਣਾ ਚਾਹੀਦਾ ਹੈ। ਇਹ ਮੁਲਾਕਾਤ ਜਗਤ ਵਿਚ ਜ਼ਿਆਦਾ ਪ੍ਰਗਟ ਨਾ ਹੋਵੇ, ਇਸ ਪ੍ਰਕਾਰ ਦੀ ਮੁਲਾਕਾਤ ਚਾਹੁੰਦਾ ਹੈ"॥੨੧॥

ਹੁਇ ਮਸੰਦ ਇਮ ਨਿਕਟ ਬਖਾਨੀ। ਗੁਰੁ ਅਰੁ ਗੁਰੁ ਮਾਤੁਲ ਸੁਨਿ ਕਾਨੀ।
ਨਹੀਂ ਅਪਰ ਕੋ ਕੀਨਿ ਸੁਨਾਵਨਿ। ਸਨੇ ਸਨੇ ਸਭਿ ਕੀਨਿ ਬਤਾਵਨਿ॥੨੨॥

ਮਸੰਦ ਨੇ ਪਾਸ ਹੋ ਕੇ ਇਸ ਤਰ੍ਹਾਂ ਕਿਹਾ, ਗੁਰੂ ਜੀ ਅਤੇ ਗੁਰੂ ਜੀ ਦੇ ਮਾਮਾ ਜੀ ਨੇ ਕੰਨਾਂ ਨਾਲ ਸੁਣਿਆ। ਹੋਰ ਕਿਸੇ ਨੂੰ ਸੁਣਨ ਨਹੀਂ ਦਿੱਤੀ ਹੈ। ਹੌਲੀ-ਹੌਲੀ ਸਭ ਕੁਝ ਦੱਸ ਦਿੱਤਾ॥੨੨॥

ਸੁਨਿ ਕ੍ਰਿਪਾਲ ਮਾਤੁਲ ਨੇ ਕਹ੍ਯੋ। 'ਇਤੋ ਦੁਰਾਵ ਕਰਨਿ ਕ੍ਯੋਂ ਚਹ੍ਯੋ?।
ਸਗਰੋ ਇਕ ਘਰ ਹੈ ਗੁਰ ਕੇਰਾ। ਸ੍ਰੀ ਹਰਿਗੋਬਿੰਦ ਬੰਸ ਬਡੇਰਾ॥ ੨੩॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਏਨਾ ਲੁਕਾਅ ਕਿਉਂ ਕਰਨਾ ਚਾਹੁੰਦਾ ਹੈ? ਸਾਰਾ ਇਕ ਗੁਰੂ ਜੀ ਦਾ ਘਰ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵੱਡਾ ਵੰਸ਼ ਹੈ॥੨੩॥

ਅਰੁ ਕਲਗ਼ੀਧਰ ਬਡੋ ਸਥਾਨੇ। ਬੈਠੇ ਤਖਤ ਸਗਲ ਜਗ ਜਾਨੇ।
ਬੇਦੀ ਤੇਹਣ ਭੱਲੇ ਜੇਯ। ਧੀਰਮੱਲ ਬਿਨ ਸੋਢੀ ਵੇਯ॥ ੨੪॥

ਅਤੇ ਗੁਰੂ ਜੀ ਉੱਚੇ ਸਥਾਨ ਤੇ ਹਨ, ਉਹ ਗੁਰਗੱਦੀ ਤੇ ਬੈਠੇ ਹਨ, ਇਹ ਸਾਰਾ ਜਗਤ ਜਾਣਦਾ ਹੈ। ਬੇਦੀ ਤ੍ਰੇਹਣ ਅਤੇ ਜਿਹੜੇ ਭੱਲੇ ਹਨ ਅਤੇ ਧੀਰਮਲ ਛੱਡ ਕੇ ਜਿਹੜੇ ਹੋਰ ਸੋਢੀ ਹਨ॥੨੪॥

ਗੁਰ ਗਾਦੀ ਕੋ ਲਖਿ ਅਧਿਕਾਰਾ। ਮਿਲੇ ਸਕਲ, ਨਹਿਂ ਸੰਸੈ ਧਾਰਾ।
ਆਇ ਪਾਂਵਟੇ ਮਿਲਿਬੋ ਠਾਨਹੁ। ਕੋ ਦਿਨ ਬਸਹੁ ਰਸਹੁ ਸੁਖ ਮਾਨਹੁ॥੨੫॥

ਉਹ ਸਾਰੇ ਗੁਰਗੱਦੀ ਦਾ ਅਧਿਕਾਰੀ ਸਮਝ ਕੇ ਮਿਲੇ ਹਨ ਅਤੇ ਕਿਸੇ ਨੇ ਵੀ ਸੰਸਾ ਨਹੀਂ ਧਾਰਨ ਕੀਤਾ ਹੈ। ਇਹੋ ਚੰਗਾ ਹੈ ਕਿ ਪਾਉਂਟੇ ਵਿਚ ਆ ਕੇ ਮਿਲੋ, ਕਈ ਦਿਨ ਰਹਿ ਕੇ ਰਸ ਪ੍ਰਾਪਤ ਕਰਕੇ ਸੁਖ ਮਾਣੋ॥੨੫॥

ਜੋ ਸ੍ਰੀ ਰਾਮਰਾਇ ਵਡਿਆਈ। ਛਪੀ ਨਹੀਂ ਸਭਿ ਜਗ ਬਿਦਤਾਈ।
ਦੇਸ਼ ਬਿਦੇਸ਼ਨਿ ਸੰਗਤਿ ਬ੍ਰਿੰਦ। ਕਰਸਹਿਂ ਪੂਜਹਿਂ ਭਾਵ ਬਿਲੰਦ॥ ੨੬॥

ਜਿਹੜੀ ਸ੍ਰੀ ਰਾਮ ਰਾਇ ਦੀ ਵਡਿਆਈ ਹੈ, ਉਹ ਲੁਕੀ ਹੋਈ ਨਹੀਂ ਹੈ, ਸਾਰੇ ਜਗ ਵਿਚ ਪ੍ਰਗਟ ਹੈ। ਦੇਸ਼ਾਂ ਵਿਦੇਸ਼ਾਂ ਦੀ ਬਹੁਤ ਸੰਗਤ ਬੜੀ ਉੱਚੀ ਭਾਵਨਾ ਲੈ ਕੇ ਪੂਜਾ ਕਰਦੀ ਹੈ॥੨੬॥

ਤੁਰਕੇਸ਼ੁਰ ਕੀ ਸਭਾ ਮਝਾਰੀ। ਜੀਤੇ ਅਜ਼ਮਤਿ ਅਰੁ ਮਤਿਧਾਰੀ।
ਜਸੁ ਬਿਸਾਲ ਕੋ ਨਿਤਪ੍ਰਤਿ ਪਾਯੋ। ਜਹਿਂ ਕਹਿਂ ਅਪਨੋ ਤੇਜ ਬਧਾਯੋ॥ ੨੭॥

ਬਾਦਸ਼ਾਹ ਦੀ ਸਭਾ ਵਿਚ ਵੱਡੇ ਅਜ਼ਮਤੀ ਅਤੇ ਬੁੱਧੀਵਾਨ ਜਿੱਤੇ ਹਨ। ਨਿਤਾਪ੍ਰਤੀ ਵਿਸ਼ਾਲ ਜੱਸ ਪਾਇਆ ਹੈ, ਜਿੱਥੇ ਕਿੱਥੇ ਆਪਣਾ ਤੇਜ ਵਧਾਇਆ ਹੈ॥੨੭॥

ਇਨ ਕੇ ਮਿਲਹਿ ਸੁ ਘਟਿ ਨਹਿਂ ਜਾਈ। ਕਯੋਂ ਚਿਤ ਮਹਿਂ ਅਸ ਸ਼ੰਕ ਉਪਾਈ'।
ਪੁਨ ਮਸੰਦ ਬੋਲਯੋ ਕਰ ਜੋਰਿ। 'ਬਹੁ ਬਿਚਾਰ ਭੇਜਯੋ ਇਤ ਓਰ॥ ੨੮॥

ਇਨ੍ਹਾਂ ਨੂੰ ਮਿਲਣ ਨਾਲ ਉਹ ਜੱਸ ਘੱਟ ਨਹੀਂ ਜਾਵੇਗਾ, ਹਿਰਦੇ ਵਿਚ ਇਸ ਤਰ੍ਹਾਂ ਸ਼ੰਕਾ ਕਿਉਂ ਪਾਇਆ ਹੈ।" ਮਸੰਦ ਫਿਰ ਹੱਥ ਜੋੜ ਕੇ ਬੋਲਿਆ, "ਬਹੁਤ ਵਿਚਾਰ ਕੇ ਮੈਨੂੰ ਇਸ ਪਾਸੇ ਭੇਜਿਆ ਹੈ॥੨੮॥

ਪਾਵ ਨ ਬੀਚ ਪਾਂਵਟੇ ਘਾਲਹਿ। ਵਹਿਰ ਮਿਲਨਿ ਕੀ ਰਿਦੇ ਸਮਾਲਹਿ।
ਸ੍ਰੀ ਪ੍ਰਭੁ ਨਿਤ ਅਖੇਰ ਬਿਚਰੰਤੇ। ਬਨਹਿ ਮੇਲ ਤਹਿਂ ਇਮ ਚਿਤਵੰਤੇ॥ ੨੯॥

ਪਾਉਂਟੇ ਵਿਚ ਉਹ ਆਪਣਾ ਪੈਰ ਨਹੀਂ ਰੱਖਣਗੇ, ਬਾਹਰ ਮਿਲਣਾ ਹੀ ਹਿਰਦੇ ਵਿਚ ਸੰਭਾਲਿਆ ਹੈ। ਗੁਰੂ ਜੀ ਸਦਾ ਸ਼ਿਕਾਰ ਖੇਡਣ ਜਾਂਦੇ ਹਨ, ਉਥੇ ਕਿਤੇ ਮੇਲ ਹੋ ਜਾਵੇ, ਇਸ ਤਰ੍ਹਾਂ ਸੋਚਦੇ ਹਨ॥੨੯॥

ਪੁਰਹੁ ਮਨੋਰਥ ਇਮ ਹੀ ਤਿਨ ਕੋ। ਤੁਮ ਹੋ ਬਡੇ ਅਨੰਦ ਦਿਹ ਮਨ ਕੋ'।
ਸੁਨਿ ਕਰਿ ਸ੍ਰੀ ਕਲਗ਼ੀਧਰ ਭਾਖਾ। 'ਕਰਹਿਂ ਤਥਾ ਹਮ ਤਿਨ ਅਭਿਲਾਖਾ॥੩੦॥

ਉਨ੍ਹਾਂ ਦਾ ਇਸ ਤਰ੍ਹਾਂ ਦਾ ਮਨੋਰਥ ਪੂਰਾ ਕਰੋ, ਤੁਸੀਂ ਵੱਡੇ ਹੋ ਮਨ ਨੂੰ ਅਨੰਦ ਦੇਵੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਉਸ ਤਰ੍ਹਾਂ ਹੀ ਉਨ੍ਹਾਂ ਦੀ ਅਭਿਲਾਸ਼ਾ ਪੂਰੀ ਕਰਾਂਗੇ॥੩੦॥

ਸ੍ਰੀ ਜਮਨਾ ਕੇ ਰੁਚਿਰ ਪ੍ਰਵਾਹਾ। ਥਿਰਹਿਂ ਤਰੀ ਬਿਚਰਹਿਂ ਜਲ ਮਾਹਾ।
ਆਇਤਵਾਰ ਦੂਜ ਤਿਥਿ ਜਾਨਹੁ। ਤਿਸ ਦਿਨ ਆਇ ਮੇਲ ਕੋ ਠਾਨਹੁ॥ ੩੧॥

ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਹੈ, ਬੇੜੀ ਵਿਚ ਬੈਠਾਂਗੇ ਤੇ ਜਲ ਵਿਚ ਵਿਚਰਾਂਗੇ। ਐਤਵਾਰ ਦੂਜ ਤਿਥੀ ਜਾਣੋ, ਉਸ ਦਿਨ ਆ ਕੇ ਮੇਲ ਕਰ ਲਵੋ॥੩੧॥

ਸੰਗਤਿ ਰਾਮਰਾਇ ਕੀ ਖੋਟੀ। ਬਿਨ ਉਪਦੇਸ਼ ਰਹੀ ਮਤਿ ਮੋਟੀ।
ਬਿਨਾ ਤ੍ਰਾਸ ਤੇ ਤਾਂਹਿ ਮਸੰਦ। ਗਰਬੇ ਧਨ ਕੋ ਪਾਇ ਬਿਲੰਦ॥ ੩੨॥

ਰਾਮ ਰਾਇ ਦੀ ਸੰਗਤ ਖੋਟੀ ਹੈ, ਗੁਰ ਉਪਦੇਸ਼ ਤੋਂ ਬਗੈਰ ਉਨ੍ਹਾਂ ਦੀ ਮੱਤ ਮੋਟੀ ਰਹੀ ਹੈ। ਉਸ ਦੇ ਪਾਸ ਜਿਹੜੇ ਮਸੰਦ ਰਹਿੰਦੇ ਹਨ, ਉਹ ਨਿਡਰ ਹੋ ਗਏ ਹਨ, ਧਨ ਕਰਕੇ ਹੰਕਾਰੀ ਹੋ ਗਏ ਹਨ, ਜਿਹੜਾ ਧਨ ਉਹ ਬਹੁਤ ਪ੍ਰਾਪਤ ਕਰਦੇ ਹਨ॥੩੨॥

ਤਿਨ ਤੇ ਸ਼ੰਕਿਤ ਹੈ ਚਿਤ ਸੋਇ। ਇਸ ਕਾਰਨ ਬਿਨ ਦੁਤਿਯ ਨ ਕੋਇ।
ਯਾਂ ਤੇ ਹਮ ਨੀਕੇ ਮਨ ਜਾਨੀ। ਬਿਗਰੇ ਕਬਿ ਕਾਰਜ ਤੇ ਹਾਨੀ॥ ੩੩॥

ਉਨ੍ਹਾਂ ਮਸੰਦਾਂ ਪਾਸੋਂ ਉਸ ਦਾ ਚਿੱਤ ਸ਼ੰਕਿਤ ਹੈ। ਇਸ ਕਾਰਨ ਬਗੈਰ, ਕੋਈ ਹੋਰ ਦੂਸਰਾ ਨਹੀਂ ਹੈ। ਇਸ ਕਰਕੇ ਅਸੀਂ ਚੰਗੀ ਤਰ੍ਹਾਂ ਮਨ ਵਿਚ ਜਾਣ ਲਈ ਹੈ, ਪਤਾ ਨਹੀਂ ਕਦ ਕਾਰਜ ਵਿਗੜ ਜਾਵੇ ਤੇ ਨੁਕਸਾਨ ਹੋ ਜਾਵੇ॥੩੩॥

ਜਿਮ ਮਹਿਪਾਲਕ ਕੋ ਪਰਧਾਨ। ਬਨਹਿਂ ਧਨੀ ਧਾਰਹਿਂ ਅਭਿਮਾਨ।
ਤਿਮ ਹੀ ਸੁਭਟ ਬਿਗਰ ਕਰਿ ਜਾਇਂ। ਨਿਜ ਸ੍ਵਾਮੀ ਕੋ ਨਾਸ਼ ਉਪਾਇਂ॥ ੩੪॥

ਜਿਵੇਂ ਰਾਜੇ ਦਾ ਪਰਧਾਨ ਹੁੰਦਾ ਹੈ, ਉਸ ਤਰ੍ਹਾਂ ਹੀ ਮਸੰਦ ਧਨੀ ਬਣ ਕੇ ਅਭਿਮਾਨ ਧਾਰਨ ਕਰਦੇ ਹਨ। ਇਸ ਤਰ੍ਹਾਂ ਹੀ ਸੂਰਮੇ ਵਿਗੜ ਕੇ ਆਪਣੇ ਮਾਲਕ ਨੂੰ ਹੀ ਮਾਰ ਦਿੰਦੇ ਹਨ॥੩੪॥

ਯਾਤੇ ਰਾਮਰਾਇ ਕੋ ਕਹੋ। ਸਾਵਧਾਨ ਬਨਿ ਸਭਿ ਤੇ ਰਹੋ।
ਸ੍ਰੀ ਜਮਨਾ ਮਹਿਂ ਤਰਨੀ ਤਰੈਂ। ਤਿਹਠਾਂ ਆਇ ਮੇਲ ਕੋ ਕਰੈ'॥ ੩੫॥

ਇਸ ਕਰਕੇ ਰਾਮ ਰਾਇ ਨੂੰ ਕਹੋ ਕਿ ਉਹ ਸਾਰਿਆਂ ਪਾਸੋਂ ਸਾਵਧਾਨ ਹੋ ਕੇ ਰਹਿਣ। ਜਮਨਾ ਨਦੀ ਵਿਚ ਬੇੜੀ ਤੇ ਚੜ੍ਹ ਕੇ ਸੈਰ ਕਰਾਂਗੇ, ਉਥੇ ਆ ਕੇ ਸਾਨੂੰ ਮਿਲ ਲੈਣਾ"॥੩੫॥

ਹਰਖਯੋ ਸੁਨਿ ਮਸੰਦ ਗੁਰ ਬਾਨੀ। 'ਰਾਵਰ ਭਨੀ ਸਕਲ ਹਮ ਮਾਨੀ।
ਅਭਿਲਾਖਾ ਸਭਿ ਪੂਰਨ ਕਰੀ। ਚਲਯੋ ਚਹੌਂ ਤਿਤ ਮੈਂ ਇਸ ਘਰੀ'॥ ੩੬॥

ਗੁਰੂ ਜੀ ਦੇ ਬਚਨ ਸੁਣ ਕੇ ਮਸੰਦ ਬਹੁਤ ਪ੍ਰਸੰਨ ਹੋਇਆ, "ਆਪ ਨੇ ਜਿਵੇਂ ਕਿਹਾ ਹੈ, ਅਸੀਂ ਉਸ ਤਰ੍ਹਾਂ ਹੀ ਮੰਨ ਲਿਆ ਹੈ। ਉਨ੍ਹਾਂ ਦੀ ਸਾਰੀ ਅਭਿਲਾਸ਼ਾ ਪੂਰੀ ਕੀਤੀ ਹੈ, ਮੈਂ ਇਸ ਘੜੀ ਚਲਣਾ ਚਾਹੁੰਦਾ ਹਾਂ"॥੩੬॥

ਤਬਿ ਸਤਿਗੁਰ ਸਿਰੁਪਾਉ ਦਿਵਾਯੋ। ਉਠਿ ਤਤਛਿਨ ਪਦ ਸੀਸ ਨਿਵਾਯੋ।
ਆਇ ਤੁਰੰਗ ਅਰੂਢਤਿ ਭਯੋ। ਰਾਮਰਾਇ ਕੀ ਦਿਸ਼ਿ ਚਲਿ ਗਯੋ॥ ੩੭॥

ਤਦ ਸਤਿਗੁਰੂ ਜੀ ਨੇ ਸਿਰੋਪਾ ਦਿਵਾਇਆ ਤੇ ਮਸੰਦ ਨੇ ਉੱਠ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸੀਸ ਨਿਵਾਇਆ। ਜਦ ਘੋੜਾ ਆਇਆ ਤਾਂ ਉਸ ਉੱਤੇ ਸਵਾਰ ਹੋ ਗਿਆ ਤੇ ਰਾਮ ਰਾਇ ਵਾਲੇ ਪਾਸੇ ਚਲਾ ਗਿਆ॥੩੭॥

ਜਾਇ ਮਿਲਯੋ ਸਭਿ ਕਹਯੋ ਪ੍ਰਸੰਗ। 'ਜਮਨਾ ਮਹਿਂ ਮਿਲਿਬੋ ਹਿਤ ਸੰਗ।
ਹੁਇਂ ਨਉਕਾ ਮਹਿਂ ਮਾਨਵ ਥੋਰੇ। ਆਦਿਤਵਾਰ ਚਲੋ ਤਿਸ ਓਰੇ॥ ੩੮॥

ਮਸੰਦ ਰਾਮ ਰਾਇ ਨੂੰ ਜਾ ਮਿਲਿਆ ਤੇ ਸਾਰਾ ਪ੍ਰਸੰਗ ਜਾ ਸੁਣਾਇਆ, "ਜਮਨਾ ਨਦੀ ਵਿਚ ਆਪ ਨੂੰ ਮਿਲਣਗੇ। ਬੇੜੀ ਵਿਚ ਸਵਾਰ ਹੋਣਗੇ ਤੇ ਨਾਲ ਬਹੁਤ ਥੋੜ੍ਹੇ ਮਨੁੱਖ ਹੋਣਗੇ, ਐਤਵਾਰ ਵਾਲੇ ਦਿਨ ਉਸ ਪਾਸੇ ਚਲੋ॥੩੮॥

ਉਤ ਤੇ ਹਿਤ ਅਖੇਰ ਚਲਿ ਆਵੈਂ। ਕੁਛ ਮਾਨਵ ਅਪਨੇ ਸੰਗ ਲਜਾਵੈਂ।
ਜਿਸ ਪ੍ਰਕਾਰ ਮਿਲਿਬੇ ਅਭਿਲਾਖਾ। ਗਮਨਤਿ ਮੋਹਿ ਜਥਾ ਤੁਮ ਭਾਖਾ॥ ੩੯॥

ਉਸ ਪਾਸੇ ਤੋਂ ਸ਼ਿਕਾਰ ਖੇਡਣ ਵਾਸਤੇ ਚਲ ਕੇ ਆਉਣਗੇ ਤੇ ਕੁਝ ਮਨੁੱਖਾਂ ਨੂੰ ਆਪਣੇ ਨਾਲ ਲਿਆਉਣਗੇ। ਜਿਸ ਪ੍ਰਕਾਰ ਮਿਲਣ ਦੀ ਅਭਿਲਾਸ਼ਾ ਕੀਤੀ ਸੀ। ਤੁਰਨ ਵੇਲੇ ਜਿਵੇਂ ਤੁਸੀਂ ਮੈਨੂੰ ਕਿਹਾ ਸੀ ਕਿ ਮੇਰਾ ਮੇਲ ਇਸ ਵਿਧੀ ਨਾਲ ਹੋਵੇ ਪਰ ਪਾਉਂਟੇ ਵਿਚ ਨਾ ਜਾਣਾ ਪਵੇ ਤੇ ਕਿਤੇ ਰਾਹ ਖਹਿੜੇ ਮੇਲ ਹੋਵੇ॥੩੯॥

ਹੁਇ ਬਿਧਿ ਸੋਂ ਰਚਿ ਮੈਂ ਚਤੁਰਾਈ। ਕਹਿ ਸ਼ੁਭ ਬਾਤਿ ਸੁ ਭਾਂਤਿ ਬਨਾਈ'।
ਸੁਨਿ ਸ੍ਰੀ ਰਾਮਰਾਇ ਹਰਖਾਯੋ। ਤਿਸ ਮਸੰਦ ਕੁਛ ਦਰਬ ਦਿਵਾਯੋ॥ ੪੦॥

ਉਸੇ ਵਿਧੀ ਨਾਲ ਮੈਂ ਚਤੁਰਾਈ ਨਾਲ ਬਣਤ ਬਣਾਈ ਹੈ। ਸ਼ੁਭ ਬਾਤ ਕਹਿ ਕੇ ਸ਼ੁਭ ਢੰਗ ਨਾਲ ਗੱਲ ਬਣਾਈ ਹੈ।" ਇਹ ਸੁਣ ਕੇ ਰਾਮ ਰਾਇ ਬਹੁਤ ਪ੍ਰਸੰਨ ਹੋਇਆ ਤੇ ਉਸ ਮਸੰਦ ਨੂੰ ਕੁਝ ਧਨ ਦਿਵਾਇਆ॥੪੦॥

ਆਦਿਤਵਾਰ ਪ੍ਰਤੀਖਤਿ ਰਹਜੋ। ਪੁਨ ਸਮਾਜ ਬੂਝਨਿ ਕੋ ਕਹਜੋ।
'ਕੇਤਿਕ ਦਲ, ਕੇਤਿਕ ਉਤਸਾਹਾ। ਕਿਤਿਕ ਅਕੋਰਨ ਅਰਪਹਿਂ ਪਾਹਾ' ॥੪੧॥

ਸ੍ਰੀ ਰਾਮ ਰਾਇ ਐਤਵਾਰ ਦੀ ਇੰਤਜ਼ਾਰ ਕਰਦਾ ਰਿਹਾ, ਫਿਰ ਸਮਾਜ ਬਾਰੇ ਪੁੱਛਣ ਲਈ ਕਿਹਾ, "ਕਿੰਨੀ ਸੈਨਾ ਹੈ ਤੇ ਕਿੰਨਾ ਉਤਸ਼ਾਹ ਹੈ, ਤੇ ਕਿੰਨੇ ਉਪਹਾਰ ਪਾਸ ਅਰਪਣ ਕਰਦੇ ਹਨ" ॥੪੧॥

ਤਬਿ ਮਸੰਦ ਕਰ ਬੰਦਿ ਬਖਾਨਾ। 'ਦਿਨ ਪ੍ਰਤਿ ਬਧਤਿ ਸਮਾਜ ਮਹਾਨਾ।
ਜਥਾ ਅਧਿਕ ਮਹਿਪਾਲਨਿ ਕੇਰਾ। ਖਰਚ ਆਮਦਨ ਤਥਾ ਬਡੇਰਾ ॥ ੪੨ ॥

ਤਦ ਮਸੰਦ ਨੇ ਹੱਥ ਜੋੜ ਕੇ ਕਿਹਾ, "ਦਿਨ ਪ੍ਰਤੀ ਬਹੁਤ ਸਮਾਜ ਵਧਦਾ ਜਾਂਦਾ ਹੈ। ਜਿਵੇਂ ਰਾਜਿਆਂ ਦਾ ਵੱਡਾ ਖਰਚਾ ਹੁੰਦਾ ਹੈ, ਉਸ ਤਰ੍ਹਾਂ ਹੀ ਗੁਰੂ ਜੀ ਦਾ ਆਮਦਨ ਖਰਚਾ ਬਹੁਤ ਜ਼ਿਆਦਾ ਹੈ॥੪੨॥

ਪ੍ਰਥਮ ਗੁਰੂ ਸ੍ਰੀ ਹਰਿਗੋਵਿੰਦ। ਸੁਨਜੋਂ ਜਥਾ ਉਤਸਾਹ ਬਿਲੰਦ।
ਤਿਨ ਤੇ ਦੂਨ ਚਉਨ ਬਿਸਾਲਾ। ਵਧਤੋ ਜਾਤਿ ਸਰਬ ਥਾ ਕਾਲਾ ॥ ੪੩ ॥

ਜਿਵੇਂ ਪਹਿਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਹੋਏ ਹਨ, ਉਸ ਤਰ੍ਹਾਂ ਹੀ ਵੱਡਾ ਉਤਸ਼ਾਹ ਹੈ। ਉਨ੍ਹਾਂ ਨਾਲੋਂ ਵੀ ਦੂਣਾ ਚਉਣਾ ਹੈ ਤੇ ਹਰ ਸਮੇਂ ਸਰਬ ਪ੍ਰਕਾਰ ਵਧਦਾ ਹੀ ਜਾਂਦਾ ਹੈ॥੪੩॥

ਕੌਨ ਕੌਨ ਗਿਨ ਭਨੌਂ ਸਮਾਜਾ। ਸ਼ੋਭਤਿ ਬੈਠਿ ਜਥਾ ਮਹਾਰਾਜਾ।
ਗਰ ਸ਼ਮਸ਼ੇਰ ਦਿਪਤਿ ਸਮ ਸ਼ੇਰਿ। ਊਚੀ ਦ੍ਰਿਸ਼ਟਿ ਲਖਹਿਂ ਸਭਿ ਜ਼ੇਰ ॥ ੪੪ ॥

ਕਿਹੜਾ-ਕਿਹੜਾ ਸਮਾਜ ਗਿਣ ਕੇ ਕਹਾਂ, ਬੈਠੇ ਹੋਏ ਮਹਾਰਾਜਿਆਂ ਵਾਂਗ ਸ਼ੋਭਦੇ ਹਨ। ਗਲ ਵਿਚ ਪਾਈ ਤਲਵਾਰ ਸ਼ੇਰ ਵਾਂਗ ਚਮਕਦੀ ਹੈ। ਉਨ੍ਹਾਂ ਦੀ ਨਿਗਾਹ ਬਹੁਤ ਉੱਚੀ ਹੈ, ਹੋਰ ਸਾਰੇ ਉਸ ਨਿਗਾਹ ਦੇ ਅਧੀਨ ਨਜ਼ਰ ਆਉਂਦੇ ਹਨ॥੪੪॥

*ਦੂਸਰੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥*

## ਅਧਿਆਇ ਤੀਸਰਾ

### ਬੇੜੀ ਉੱਤੇ ਰਾਮ ਰਾਇ ਨਾਲ ਮੇਲ

ਦੋਹਰਾ- ਦਿਵਸ ਜਾਨਿ ਕਰਿ ਜਾਨਿ ਕੋ ਕੁਛਕ ਫਕੀਰਨਿ ਸੰਗ।
ਕੇਤਿਕ ਸਿਖ ਜੁਤਿ ਤਜਾਰ ਹੁਇ ਚਢਿ ਕਰਿ ਚਲਜੋ ਤੁਰੰਗ ॥ ੧ ॥

ਸ੍ਰੀ ਰਾਮ ਰਾਇ, ਗੁਰੂ ਜੀ ਨੂੰ ਮਿਲਣ ਦਾ ਦਿਨ ਜਾਣ ਕੇ ਕੁਝ ਫਕੀਰਾਂ ਨੂੰ ਨਾਲ ਲੈ ਕੇ ਤੇ ਕੁਝ ਸਿੱਖਾਂ ਸਹਿਤ ਤਿਆਰ ਹੋ ਗਿਆ ਤੇ ਘੋੜੇ 'ਤੇ ਚੜ੍ਹ ਕੇ ਚਲ ਪਿਆ॥੧॥

ਚੌਪਈ- ਸਤਿਗੁਰ ਪੂਰਨ ਸ੍ਰੀ ਹਰਿਰਾਇ। ਸੁਤ ਸ੍ਰੀ ਰਾਮਰਾਇ ਹਰਖਾਇ।
ਮਿਲਿਬੇ ਹਿਤ ਗਮਨਜੋਂ ਤਤਕਾਲਾ। ਸੂਰਜ ਸੁਤਾ ਤੀਰ ਕੋ ਚਾਲਾ ॥ ੨ ॥

ਪੂਰਨ ਸਤਿਗੁਰੂ ਸ੍ਰੀ ਹਰਿ ਰਾਇ ਜੀ ਦਾ ਪੁੱਤਰ ਸ੍ਰੀ ਰਾਮ ਰਾਇ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਤੁਰਤ ਮਿਲਣ ਵਾਸਤੇ ਚਲ ਪਿਆ ਤੇ ਉਹ ਸੂਰਜ ਦੀ ਪੁੱਤਰੀ ਭਾਵ ਜਮਨਾ ਨਦੀ ਦੇ ਕੰਢੇ-ਕੰਢੇ ਚਲ ਪਿਆ॥੨॥

ਇਤਿ ਸ੍ਰੀ ਕਲਗ਼ੀਧਰ ਭੇ ਤਜਾਰ। ਚਪਲ ਤੁਰੰਗਮ ਪਰ ਅਸਵਾਰ।
ਦਯਾ ਰਾਮ ਪ੍ਰੋਹਤ ਹੁਇ ਨਾਲੇ। ਪੰਚਹੁਂ ਬੀਰ ਅਰੂੜ੍ਹਤਿ ਚਾਲੇ॥ ੩॥

ਏਧਰ ਸ੍ਰੀ ਕਲਗ਼ੀਧਰ ਵੀ ਤਿਆਰ ਹੋ ਗਏ ਤੇ ਇਕ ਚੰਚਲ ਘੋੜੇ ਉੱਤੇ ਅਸਵਾਰ ਹੋ ਗਏ। ਦਇਆ ਰਾਮ ਪ੍ਰੋਹਿਤ ਨੂੰ ਨਾਲ ਲੈ ਲਿਆ ਤੇ ਪੰਜ ਸੂਰਬੀਰ ਭਰਾ ਵੀ ਘੋੜਿਆਂ 'ਤੇ ਅਸਵਾਰ ਹੋ ਕੇ ਨਾਲ ਚਲ ਪਏ॥੩॥

ਮਾਤੁਲ ਲੇ ਕ੍ਰਿਪਾਲ ਕੋ ਸਾਥ। ਗਮਨ ਕੀਨ ਕਲਗ਼ੀਧਰ ਨਾਥ।
ਅਪਰ ਸੁਭਟ ਸਭਿ ਬਰਜਿ ਹਟਾਏ। ਖਰੇ ਬਿਲੋਕਤਿ ਹੈਂ ਸਮੁਦਾਏ॥ ੪॥

ਮਾਮਾ ਕ੍ਰਿਪਾਲ ਜੀ ਨੂੰ ਵੀ ਨਾਲ ਲੈ ਲਿਆ ਤੇ ਕਲਗ਼ੀਧਰ ਸਤਿਗੁਰੂ ਜੀ ਚਲ ਪਏ। ਬਾਕੀ ਸਾਰੇ ਸੂਰਬੀਰਾਂ ਨੂੰ ਵਰਜ ਕੇ ਹਟਾ ਦਿੱਤਾ ਉਹ ਸਾਰੇ ਇਕੱਠੇ ਹੋ ਕੇ ਵੇਖ ਰਹੇ ਸਨ॥੪॥

ਜਮਨਾ ਤੀਰ ਤੀਰ ਗਮਨੰਤੇ। ਰੁਚਿਰ ਪ੍ਰਵਾਹ ਹੇਰਿ ਹਰਖੰਤੇ।
ਨੰਦ ਚੰਦ ਸੋਂ ਬੋਲਤਿ ਜਾਤੇ। ਸੁੰਦਰ ਨਦੀ ਬਿਪਨ ਬਹੁ ਭਾਂਤੇ॥ ੫॥

ਜਮਨਾ ਦੇ ਕੰਢੇ-ਕੰਢੇ ਜਾ ਰਹੇ ਸਨ, ਜਮਨਾ ਦੇ ਮਨੋਹਰ ਪ੍ਰਵਾਹ ਨੂੰ ਵੇਖ-ਵੇਖ ਪ੍ਰਸੰਨ ਹੋ ਰਹੇ ਸਨ। ਦੀਵਾਨ ਨੰਦ ਚੰਦ ਨਾਲ ਬੋਲਦੇ ਜਾਂਦੇ ਸਨ। ਸੁੰਦਰ ਨਦੀ ਹੈ ਤੇ ਜੰਗਲ ਬਹੁਤ ਪ੍ਰਕਾਰ ਦਾ ਹੈ॥੫॥

ਸੰਗੋਸ਼ਾਹਿ ਜੀਤਮਲ ਸੰਗ। ਗੰਗਾਰਾਮ ਅਨੇਕ ਪ੍ਰਸੰਗ।
ਬਹੁਰ ਮਾਹਰੀਚੰਦ ਪ੍ਰਬੀਨ। ਸੰਗ ਗੁਲਾਬ ਚੰਦ ਬਲ ਪੀਨ॥ ੬॥

ਸੰਗੋ ਸ਼ਾਹ ਤੇ ਜੀਤ ਮਲ ਦੇ ਨਾਲ ਗੰਗਾ ਰਾਮ ਅਨੇਕ ਪ੍ਰਸੰਗ ਛੇੜ ਰਿਹਾ ਹੈ। ਫਿਰ ਬੜੇ ਚਤੁਰ ਮਾਹਰੀ ਚੰਦ ਦੇ ਨਾਲ ਵੱਡਾ ਬਲਵਾਨ ਸੂਰਬੀਰ ਗੁਲਾਬ ਚੰਦ ਹੈ॥੬॥

ਪੰਚਹੁਂ ਬੀਰਨਿ ਕੋ ਗੁਰ ਹੇਰਿ। ਖਰੇ ਹੋਇ ਬੋਲੇ ਤਿਸ ਬੇਰ।
'ਹਯ ਧਵਾਇ ਹੱਥਜਾਰ ਪ੍ਰਹਾਰਨਿ। ਕਰਹੁ ਕੁਵਾਇਦ ਅਬਹਿ ਦਿਖਾਰਨਿ' ॥੭॥

ਪੰਜੇ ਸੂਰਬੀਰਾਂ ਨੂੰ ਵੇਖ ਕੇ ਗੁਰੂ ਜੀ ਖੜੇ ਹੋ ਕੇ ਉਸ ਸਮੇਂ ਬੋਲੇ, "ਘੋੜੇ ਭਜਾ ਕੇ ਹਥਿਆਰਾਂ ਦਾ ਵਾਰ ਕਰਨਾ ਹੈ, ਇਹ ਮਸ਼ਕ ਹੁਣੇ ਕਰ ਕੇ ਵਿਖਾਓ"॥੭॥

ਪਿਖਿ ਮਦਾਨ ਆਛੋ ਉਮਗਾਏ। ਪ੍ਰਿਥਕ ਪ੍ਰਿਥਕ ਹਯ ਬਲੀ ਧਵਾਏ।
ਦੇਖਤਿ ਸਤਿਗੁਰ ਠਾਂਢੇ ਰਹੇ। ਨਿਪੁਨ ਸ਼ਸਤ੍ਰ ਬਿੱਦਜਾ ਮਹਿਂ ਲਹੇ॥ ੮॥

ਪੰਜੇ ਸੂਰਬੀਰ ਚੰਗਾ ਮੈਦਾਨ ਵੇਖ ਕੇ ਬਹੁਤ ਉਤਸ਼ਾਹਿਤ ਹੋਏ। ਉਨ੍ਹਾਂ ਅਲੱਗ-ਅਲੱਗ ਬਲਵਾਨ ਘੋੜੇ ਭਜਾਏ। ਸਤਿਗੁਰੂ ਜੀ ਵੇਖਦੇ ਖੜੇ ਰਹੇ ਜਿਹੜੇ ਆਪ ਸ਼ਸਤਰ ਵਿਦਿਆ ਵਿਚ ਹਰ ਤਰ੍ਹਾਂ ਨਿਪੁੰਨ ਸਨ॥੮॥

ਨੰਦਚੰਦ ਉਤਸਾਹ ਵਧਾਯੋ। ਹੇਤੁ ਦਿਖਾਵਨਿ ਤੁਰੰਗ ਧਵਾਯੋ।
ਸ਼ਸਤ੍ਰ ਹਤਨਿ ਕੀ ਘਾਤ ਬਿਸਾਲਾ। ਬਾਮ ਦਾਹਿਨੀ ਕਰਿ ਕਰਿ ਚਾਲਾ॥ ੯॥

ਦੀਵਾਨ ਨੰਦ ਚੰਦ ਨੇ ਉਤਸ਼ਾਹ ਵਧਾਇਆ ਤੇ ਉਨ੍ਹਾਂ ਨੂੰ ਵਿਖਾਉਣ ਵਾਸਤੇ ਘੋੜਾ ਭਜਾਇਆ। ਖੱਬੇ ਸੱਜੇ ਸ਼ਸਤਰ ਚਲਾਉਣ ਦੀਆਂ ਵਿਧੀਆਂ ਕਰ ਕਰਕੇ ਦੱਸਦਾ ਜਾਂਦਾ ਹੈ॥੯॥

ਦਯਾਰਾਮ ਕੋ ਚਿਤ ਹੁਲਸਾਯੋ। ਤੁੰਦ ਤੁਰੰਗਮ ਕਰਿ ਫੰਧਾਯੋ।
ਬਹੁਰ ਧਵਾਇ ਘਾਤ ਹੱਥਜਾਰ। ਕਰੀ ਦਿਖਾਵਨਿ ਸਰਬ ਪ੍ਰਕਾਰ॥ ੧੦॥

ਦਇਆ ਰਾਮ ਦਾ ਚਿੱਤ ਬਹੁਤ ਪ੍ਰਸੰਨ ਹੋਇਆ, ਉਸ ਨੇ ਘੋੜੇ ਨੂੰ ਤੇਜ਼ ਭਜਾ ਕੇ ਕੁਦਵਾਇਆ। ਘੋੜੇ ਨੂੰ ਭਜਾ ਕੇ ਫਿਰ ਹਥਿਆਰ ਚਲਾਉਣ ਦੀਆਂ ਵਿਧੀਆਂ ਸਰਬ ਪ੍ਰਕਾਰ ਵਿਖਾਈਆਂ॥੧੦॥

ਪੁਨ ਕ੍ਰਿਪਾਲ ਮਾਤੁਲ ਬਰ ਬੀਰ। ਸਰਬ ਪ੍ਰਕਾਰਨਿ ਪੁਨ ਧਰਿ ਧੀਰ।
ਚੰਚਲ ਬਲੀ ਫੇਰ ਬਹੁ ਭਾਂਤਿ। ਜਥਾ ਹੋਤਿ ਜੋਧਨਿ ਕੀ ਘਾਤ॥ ੧੧॥

ਫਿਰ ਸ੍ਰੇਸ਼ਟ ਸੂਰਬੀਰ ਮਾਮਾ ਕ੍ਰਿਪਾਲ ਜੀ ਨੇ ਧੀਰਜ ਧਾਰ ਕੇ ਸਰਬ ਪ੍ਰਕਾਰ ਕਰਕੇ ਵਿਖਾਇਆ। ਚੰਚਲ ਤੇ ਬਲਵਾਨ ਘੋੜੇ ਨੂੰ ਭਜਾ ਕੇ, ਉਸ ਤਰ੍ਹਾਂ ਹਥਿਆਰ ਚਲਾ ਕੇ ਵਿਖਾਏ ਜਿਵੇਂ ਅਸਲ ਯੋਧਿਆਂ ਦੀ ਵਿਧੀ ਹੁੰਦੀ ਹੈ॥੧੧॥

ਸਭਿ ਬਿਧਿ ਕੀ ਕਰਿ ਕਰਿ ਦਿਖਰਾਈ। ਭਗਨੀ ਸੁਤ ਕੇ ਖੁਸ਼ੀ ਉਪਾਈ।
ਪ੍ਰਿਥਕ ਪ੍ਰਿਥਕ ਇਮ ਸਭਿ ਕੀ ਦੇਖਿ। ਸ੍ਰੀ ਕਲਗੀਧਰ ਤੁਰੰਗ ਵਿਸ਼ੇਖ॥੧੨॥

ਸਾਰੀਆਂ ਵਿਧੀਆਂ ਨਾਲ ਹਥਿਆਰ ਚਲਾ-ਚਲਾ ਵਿਖਾਏ ਤੇ ਆਪਣੀ ਭੈਣ ਜੀ ਦੇ ਪੁੱਤਰ ਨੂੰ ਪ੍ਰਸੰਨ ਕੀਤਾ। ਵੱਖ-ਵੱਖ ਤੌਰ ਤੇ ਇਸ ਪ੍ਰਕਾਰ ਸਭ ਦੀ ਸ਼ਸਤਰ ਵਿਦਿਆ ਵੇਖ ਕੇ ਸ੍ਰੀ ਕਲਗੀਧਰ ਸਤਿਗੁਰੂ ਜੀ ਨੇ ਆਪਣੇ ਵਿਸ਼ੇਸ਼ ਘੋੜੇ ਨੂੰ॥੧੨॥

ਕਰਯੋ ਤੇਜ, ਪਗ ਮੋਰਤਿ ਦੌਨ। ਰਿਸਯੋ ਨ ਗਮਨੈ ਅੱਗ੍ਰਜ ਪੌਨ।
ਅਹੇ ਕੌਨ ਮ੍ਰਿਗਛੌਨ ਪਲਾਵੈ। ਫਾਂਧਿ ਉਤੰਗ ਅਧਿਕ ਉਤਲਾਵੈ॥ ੧੩॥

ਤੇਜ਼ ਕੀਤਾ, ਘੋੜੇ ਨੇ ਦੋਵੇਂ ਪੈਰਾਂ ਨੂੰ ਮੋੜਿਆ, ਫਿਰ ਘੋੜਾ ਐਸਾ ਗੁੱਸੇ ਵਿਚ ਆਇਆ ਕਿ ਚਾਹੁੰਦਾ ਸੀ ਕਿ ਹਵਾ ਵੀ ਮੈਥੋਂ ਅੱਗੇ ਨਾ ਲੰਘ ਜਾਵੇ। ਕਿਹੜਾ ਹਿਰਨ ਦਾ ਬੱਚਾ ਹੈ ਜਿਹੜਾ ਉਸ ਘੋੜੇ ਦੇ ਅੱਗੇ ਲੰਘ ਜਾਵੇ, ਉੱਚੀ ਛਾਲ ਮਾਰ ਕੇ ਹੋਰ ਉਤਾਵਲਾ ਹੋ ਕੇ ਭੱਜਦਾ ਜਾਂਦਾ ਸੀ॥੧੩॥

ਤੀਰ ਤੁਫੰਗਨਿ ਤੋਮਰ ਮਾਰਨਿ। ਹਾਥ ਸਿਪਰ ਧਰਿ ਖਿਚਿ ਤਰਵਾਰਨਿ।
ਸਕਲ ਕਵਾਇਦ ਕੀਨਿ ਬਿਲਾਸਾ। ਥਲ ਸੁੰਦਰ ਜਮਨਾ ਤਟ ਪਾਸਾ॥੧੪॥

ਤੀਰ, ਬੰਦੂਕਾਂ ਅਤੇ ਨੇਜ਼ੇ ਮਾਰਦੇ ਹਨ, ਹੱਥ ਵਿਚ ਢਾਲ ਫੜ ਕੇ ਤਲਵਾਰਾਂ ਖਿੱਚਦੇ ਹਨ। ਸਾਰੀ ਮਸ਼ਕ ਪੂਰਨ ਕੀਤੀ, ਉਸ ਸਮੇਂ ਜਮਨਾ ਨਦੀ ਦੇ ਕੰਢੇ ਦੇ ਨਾਲ ਖੜੇ ਸਨ॥੧੪॥

ਕਰਹਿਂ ਪਰਸਪਰ ਅਧਿਕ ਸਰਾਹਨ। 'ਇਮ ਕੀਜਹਿ ਸ਼ੱਤ੍ਰੂ ਦਲ ਗਾਹਨ'।
ਤੀਰ ਤੀਰ ਰਵਿ ਤਨੁਜਾ ਗਏ। ਤਰਨੀ ਹੇਰਿ ਸਥਿਰਤਾ ਲਏ॥ ੧੫॥

ਆਪਸ ਵਿਚ ਬਹੁਤ ਸ਼ਲਾਘਾ ਕਰਦੇ ਸਨ, "ਇਸ ਤਰ੍ਹਾਂ ਵੈਰੀ ਦੇ ਦਲ ਨੂੰ ਨਾਸ ਕਰ ਦੇਵੋ।" ਜਮਨਾ ਨਦੀ ਦੇ ਕੰਢੇ-ਕੰਢੇ ਚਲਦੇ ਗਏ ਤੇ ਬੇੜੀ ਨੂੰ ਵੇਖ ਕੇ ਖੜੇ ਹੋ ਗਏ॥੧੫॥

ਉਤਰਿ ਤੁਰੰਗਨ ਤ ਹੁਇ ਤਰੇ। ਤਰੇ ਚਹੰਤਿ, ਤੀਰ ਪਰ ਖਰੇ।
ਖਰੇ ਤਰੋਵਰ ਹੇਰਤਿ ਹਰੇ। ਹਰੇ ਪਾਪ, ਜਲ ਜਿਹ ਥਲ ਢਰੇ॥ ੧੬॥

ਘੋੜਿਆਂ ਤੋਂ ਹੇਠਾਂ ਉੱਤਰ ਕੇ ਥੱਲੇ ਖਲੋ ਗਏ, ਤਰਨਾ ਚਾਹੁੰਦੇ ਹਨ, ਪਰ ਹਾਲੇ ਕੰਢੇ 'ਤੇ ਖੜੇ ਹਨ। ਹਰੇ-ਹਰੇ ਸੋਹਣੇ ਬ੍ਰਿਛ ਖੜੇ ਦੇਖ ਰਹੇ ਹਨ। ਜਿੱਥੇ ਵੀ ਇਹ ਜਲ ਚਲਦਾ ਹੈ, ਪਾਪਾਂ ਨੂੰ ਦੂਰ ਕਰਦਾ ਹੈ॥੧੬॥

ਪਿਖਿ ਮਲਾਹ ਆਨੀ ਤਬਿ ਤਰਨੀ। ਤਰਨੀ ਬਯ ਸੁਖ ਕੀ ਗੁਰ ਕਰਨੀ।
ਕਰਨੀ ਕਰੀ ਪਗਨਿ ਗਨ ਖੋਜ। ਖੋਜਤਿ ਦੇ ਦੇ ਦ੍ਰਿਗਨਿ ਸਰੋਜ॥ ੧੭॥

ਮਲਾਹ ਨੇ ਵੇਖ ਕੇ ਬੇੜੀ ਲਿਆਂਦੀ, ਜਵਾਨ ਅਵਸਥਾ ਵਾਲੇ ਗੁਰੂ ਜੀ ਲਈ ਇਹ ਬੇੜੀ ਸੁਖ ਦੇਣ ਵਾਲੀ ਹੈ। ਬਹੁਤ ਹਥਣੀਆਂ ਤੇ ਹਾਥੀਆਂ ਦੇ ਪੈਰਾਂ ਦੇ ਖੋਜਾਂ ਨੂੰ ਗੁਰੂ ਜੀ ਦੇ ਨੇਤਰ ਕੰਵਲਾਂ ਨੇ ਵੇਖਿਆ॥੧੭॥

ਬੋਲੇ ਸਤਿਗੁਰ ਸਾਰੰਗਪਾਨੀ। 'ਪਾਨੀ ਪਿਯਬੇ ਥਾਇ ਪਛਾਨੀ।
ਛਾਨੀ ਨਹਿਂ, ਜਗ ਬਿਦਤ ਕਹਾਨੀ। ਹਾਨੀ ਤਰਨਿ ਬਹੁਤ ਇਸ ਥਾਨੀ' ॥੧੮॥

ਪ੍ਰਭੂ ਸਤਿਗੁਰੂ ਜੀ ਬੋਲੇ, "ਇਹ ਹਾਥੀਆਂ ਦੇ ਪਾਣੀ ਪੀਣ ਦੀ ਥਾਂ ਪਛਾਣੀ ਜਾ ਰਹੀ ਹੈ, ਗੁੱਝੀ ਗੱਲ ਨਹੀਂ, ਇਹ ਗੱਲ ਜਗਤ ਵਿਚ ਪ੍ਰਸਿੱਧ ਹੈ ਕਿ ਜਿੱਥੇ ਹਾਥੀ ਪਾਣੀ ਪੀਣ ਉਸ ਥਾਂ 'ਤੇ ਬ੍ਰਿਛ ਟੁੱਟਦੇ ਹਨ" ॥੧੮॥

ਇਮ ਬੋਲਤਿ ਸਭਿਹਿਨਿ ਲੇ ਸਾਥ। ਨੌਕਾ ਪਰ ਅਰੋਹਿ ਗੁਰ ਨਾਥ।
ਠੇਲਿ ਨੀਰ ਪਰ ਕੀਨਿ ਚਲਾਵਨਿ। ਲਾਵੰਨਤਾ ਦੇਖਤਿ ਜਲ ਪਾਵਨ ॥੧੯॥

ਇਸ ਤਰ੍ਹਾਂ ਕਹਿ ਕੇ ਸਾਰਿਆਂ ਨੂੰ ਆਪਣੇ ਨਾਲ ਲੈ ਕੇ, ਗੁਰੂ ਜੀ ਬੇੜੀ ਵਿਚ ਸਵਾਰ ਹੋ ਗਏ, ਪਾਣੀ ਵਿਚ ਠੇਲ੍ਹ ਕੇ ਮਲਾਹ ਬੇੜੀ ਨੂੰ ਚਲਾਉਣ ਲੱਗਾ। ਗੁਰੂ ਜੀ ਪਵਿੱਤਰ ਜਲ ਦੀ ਸੁੰਦਰਤਾ ਵੇਖ ਰਹੇ ਸਨ ॥੧੯॥

ਉਤ ਸ੍ਰੀ ਰਾਮਰਾਇ ਚਲਿ ਆਯੋ। ਦੇਖਿ ਕਮਲ ਦ੍ਰਿਗ ਤੇ ਬਿਗਸਾਯੋ।
ਉਤਲਾਵਤਿ ਪਹੁੰਚਯੋ ਤਬਿ ਘੋਰਾ। ਕੇਵਟ ਪ੍ਰੇਰਯੋ ਗੁਰ ਤਿਸ ਓਰਾ ॥੨੦॥

ਓਧਰ ਸ੍ਰੀ ਰਾਮ ਰਾਇ ਚਲ ਕੇ ਆ ਗਿਆ ਤੇ ਕੰਵਲ ਨੈਣਾਂ ਨਾਲ ਵੇਖ ਕੇ ਬਹੁਤ ਪ੍ਰਸੰਨ ਹੋਇਆ। ਬੜਾ ਉਤਾਵਲਾ ਹੋ ਕੇ ਫਿਰ ਘੋੜਾ ਪਹੁੰਚਿਆ। ਫਿਰ ਗੁਰੂ ਜੀ ਨੇ ਮਲਾਹ ਨੂੰ ਪ੍ਰੇਰਿਆ ਤੇ ਬੇੜੀ ਨੂੰ ਸ੍ਰੀ ਰਾਮ ਰਾਇ ਵਾਲੇ ਪਾਸੇ ਜਾਣ ਵਾਸਤੇ ਕਿਹਾ ॥੨੦॥

ਤਟ ਆਵਤਿ ਲੌ ਪਹੁੰਚੀ ਤਰੀ। ਚਢਿਬੇ ਮਹਿਂ ਤੂਰਨਤਾ ਕਰੀ।
ਬੰਦਿ ਦੁੰਦ ਕਰ ਪਦ ਅਰਬਿੰਦ। ਬੰਦਨ ਕੀਨਿ ਬਿਲੰਦ ਅਨੰਦ ॥੨੧॥

ਕਿਨਾਰਾ ਆਉਣ 'ਤੇ ਬੇੜੀ ਪਹੁੰਚ ਗਈ, ਸ੍ਰੀ ਰਾਮ ਰਾਇ ਨੇ ਬੇੜੀ ਵਿਚ ਚੜ੍ਹਨ ਵਿਚ ਬੜੀ ਛੇਤੀ ਕੀਤੀ। ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਬਹੁਤ ਪ੍ਰਸੰਨਤਾ ਪ੍ਰਾਪਤ ਕੀਤੀ ॥੨੧॥

ਸ੍ਰੀ ਕਲਗੀਧਰ ਬਹੁ ਸਨਮਾਨਾ। ਨਿਕਟ ਬਿਠਾਵਨਿ ਅਪਨੇ ਠਾਨਾ।
ਦੇਖਤਿ ਚੰਦ ਬਦਨ ਕੀ ਓਰਾ। ਲੋਚਨ ਮਨਹੁਂ ਚਕੋਰਨ ਜੋਰਾ ॥ ੨੨॥

ਸ੍ਰੀ ਕਲਗੀਧਰ ਜੀ ਨੇ ਸ੍ਰੀ ਰਾਮ ਰਾਇ ਦਾ ਬਹੁਤ ਸਨਮਾਨ ਕੀਤਾ ਤੇ ਆਪਣੇ ਪਾਸ ਬਿਠਾ ਲਿਆ। ਸ੍ਰੀ ਰਾਮ ਰਾਇ ਗੁਰੂ ਜੀ ਦੇ ਚੰਦ ਵਰਗੇ ਮੁਖੜੇ ਵਲ ਵੇਖ ਰਿਹਾ ਸੀ, ਮਾਨੋ ਚਕੋਰਾਂ ਨੇ ਨੈਣ ਜੋੜੇ ਸਨ ॥੨੨॥

ਦੀਰਘ ਦੀਪਤਿ ਤੇਜ ਉਚੇਰਾ। ਭਰਯੋ ਸ਼ਕਤਿ ਬਲ ਬਿਖੇ ਬਡੇਰਾ।
ਉਚਿਤ ਪ੍ਰਤਾਪ ਬਧਾਵਨ ਮਾਂਹੀ। ਚਹਹਿਂ ਸੁ ਕਰਹਿਂ ਮਿਟਹਿ ਕਿਮ ਨਾਂਹੀ ॥੨੩॥

ਸ੍ਰੀ ਰਾਮ ਰਾਇ ਨੇ ਗੁਰੂ ਜੀ ਦੇ ਉੱਚੇ ਤੇਜ ਨੂੰ ਵੇਖਿਆ, ਸ਼ਕਤੀ ਅਤੇ ਬਲ ਨਾਲ ਪੂਰੀ ਤਰ੍ਹਾਂ ਭਰਪੂਰ ਸੀ। ਉਚਿਤ ਪ੍ਰਤਾਪ ਵਧਿਆ ਹੋਇਆ ਸੀ, ਜੋ ਚਾਹੁੰਦੇ ਸੀ ਸੋ ਕਰਦੇ ਸਨ, ਕੋਈ ਵੀ ਉਨ੍ਹਾਂ ਦੀ ਕੀਤੀ ਨੂੰ ਰੋਕ ਨਹੀਂ ਸੀ ਸਕਦਾ ॥੨੩॥

ਗੁਰਨੰਦਨ ਸ੍ਰੀ ਗੁਰ ਕੋ ਦੇਖਾ। ਅਧਿਕ ਲਾਯਕੀ ਉਚਿਤ ਪਰੇਖਾ।
ਕੁਸ਼ਲ ਪ੍ਰਸ਼ਨ ਕਹਿ ਆਪਸ ਮਾਂਹੀ। ਪ੍ਰੇਮ ਸਹਿਤ ਮੋਦ ਉਪਜਾਹੀ ॥ ੨੪॥

ਗੁਰੂ ਹਰਿਰਾਇ ਜੀ ਦੇ ਪੁੱਤਰ ਭਾਵ ਸ੍ਰੀ ਰਾਮ ਰਾਇ ਨੇ ਗੁਰੂ ਜੀ ਨੂੰ ਐਸਾ ਵੇਖਿਆ, ਵੱਡੀ ਕਾਬਲੀਅਤ ਦੇ ਉਚਿਤ ਪਾਇਆ। ਆਪਸ ਵਿਚ ਇਕ ਦੂਸਰੇ ਨੂੰ ਸੁਖ ਸਾਂਦ ਪੁੱਛੀ ਤੇ ਪ੍ਰੇਮ ਸਹਿਤ ਬਹੁਤ ਪ੍ਰਸੰਨਤਾ ਪ੍ਰਗਟ ਹੋਈ ॥੨੪॥

ਬਹਿਲੋ ਕਾ ਗੁਰਦਾਸ ਰੁ ਤਾਰਾ। ਇਕ ਦੁਇ ਨਿਕਟ ਮਸੰਦ ਉਦਾਰਾ।
ਸਤਿਗੁਰ ਸੰਗ ਅਸ਼ਟ ਇਹ ਬੀਰ। ਅਪਰ ਖਰੇ ਸਭਿ ਜਮਨਾ ਤੀਰ ॥ ੨੫॥

ਬਹਿਲੋ ਦੇ ਦੋਵੇਂ ਪੁੱਤਰ ਗੁਰਦਾਸ ਤੇ ਤਾਰਾ ਮਸੰਦ ਨਾਲ ਸਨ ਤੇ ਇਕ ਦੋ ਹੋਰ ਵੱਡੇ ਮਸੰਦ ਨਾਲ ਬੈਠੇ ਸਨ, ਸਤਿਗੁਰੂ ਜੀ ਦੇ ਨਾਲ ਅੱਠ ਸੂਰਬੀਰ ਸਨ ਹੋਰ ਸਾਰੇ ਜਮਨਾ ਦੇ ਕਿਨਾਰੇ ਖੜੇ ਸਨ॥੨੫॥

ਬੰਧਨ ਸੋਂ ਸ਼ਰੀਕਪਟ ਕਰਿਬੋ। ਮਤਸਰ ਆਦਿ ਅਸੂਆ ਧਰਿਬੋ।
ਪੂਰਬ ਅਨਿਕ ਪ੍ਰਕਾਰ ਉਠਾਵਾ। ਚਿਤ ਸ੍ਰੀ ਰਾਮ ਰਾਇ ਪਛੁਤਾਵਾ॥ ੨੬॥

ਇਹ ਵਿਚਾਰ ਕੇ ਕਿ ਆਪਣੇ ਸੰਬੰਧੀਆਂ ਭਾਵ ਸ੍ਰੀ ਹਰਿਕ੍ਰਿਸ਼ਨ ਜੀ ਭਰਾ ਅਤੇ ਬਾਬੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਜੋ ਸ਼ਰੀਕਾ ਕਰਦਾ ਰਿਹਾ ਹਾਂ। ਪਹਿਲਾਂ ਵੀ ਅਨੇਕ ਪ੍ਰਕਾਰ ਦੇ ਤਰਕ ਉਠਾਏ ਸਨ। ਇਸ ਕਰਕੇ ਸ੍ਰੀ ਰਾਮ ਰਾਇ ਦਾ ਚਿੱਤ, ਉਸ ਸਮੇਂ ਪਛਤਾਅ ਰਿਹਾ ਸੀ॥੨੬॥

ਧਰੀ ਸਰਲਤਾ ਉਰ ਮਹਿਂ ਭਲੇ। ਭਈ ਸਫਲਤਾ ਗੁਰ ਸੰਗ ਮਿਲੇ।
ਬੂਝਤਿ ਭਯੋ ਅਨੰਦਪੁਰ ਗਾਥਾ। 'ਕਿਮ ਬਿਰੋਧ ਉਪਜਯੋ ਨ੍ਰਿਪ ਸਾਥਾ? ॥੨੭॥

ਹਿਰਦੇ ਵਿਚ ਭਲੀ ਪ੍ਰਕਾਰ ਸਰਲਤਾ ਧਾਰਨ ਕੀਤੀ ਤੇ ਗੁਰੂ ਜੀ ਨਾਲ ਮਿਲਾਪ ਕਰਕੇ ਸਫਲਤਾ ਪ੍ਰਾਪਤ ਹੋਈ। ਫਿਰ ਸ੍ਰੀ ਰਾਮ ਰਾਇ ਅਨੰਦਪੁਰ ਦੀ ਗਾਥਾ ਬਾਰੇ ਪੁੱਛਣ ਲੱਗਾ, "ਰਾਜੇ ਨਾਲ ਕਿਵੇਂ ਵਿਰੋਧ ਪੈਦਾ ਹੋਇਆ॥੨੭॥

ਛਿਮਾ ਧਾਰਿ ਇਤ ਦਿਸ਼ ਕੋ ਆਏ। ਨਹਿੰਨ ਜੰਗ ਤਿਨ ਸੰਗ ਮਚਾਏ'।
ਸੁਨਿ ਕਲਗੀਧਰ ਸਕਲ ਬਖਾਨਾ।'ਮੂਢ ਚਹੈਂ ਹਮ ਸੋਂ ਛਲ ਠਾਨਾ॥ ੨੮॥

ਖਿਮਾ ਧਾਰ ਕੇ ਇਸ ਪਾਸੇ ਆਏ ਹੋ ਤੇ ਉਸ ਨਾਲ ਜੰਗ ਨਹੀਂ ਮਚਾਈ ਹੈ।" ਇਹ ਸੁਣ ਕੇ ਕਲਗੀਧਰ ਸਤਿਗੁਰੂ ਜੀ ਨੇ ਸਾਰੀ ਗੱਲ ਸੁਣਾਈ, "ਮੂਰਖ ਸਾਡੇ ਨਾਲ ਛਲ ਕਰਨਾ ਚਾਹੁੰਦਾ ਸੀ॥੨੮॥

ਕਪਟ ਸੰਗ ਚਹਿਂ ਲਹਜੋ ਮਤੰਗਾ। ਗੁਰ ਘਰ ਸੋਂ ਕਿਮ ਪੁਜਹਿ ਕੁਢੰਗਾ।
ਸਰਬ ਪ੍ਰਕਾਰ ਭਈ ਰਣ ਤਜਾਰੀ। ਮਿਲਿ ਭ੍ਰਾਤਨਿ ਸੋਂ ਭਬਹਿ ਬਿਚਾਰੀ॥੨੯॥

ਕਪਟ ਕਰਕੇ ਉਹ ਸਾਥੋਂ ਹਾਥੀ ਲੈਣਾ ਚਾਹੁੰਦਾ ਸੀ, ਗੁਰੂ ਘਰ ਨੂੰ ਕਿਵੇਂ ਖੋਟ ਪੁੱਗ ਸਕਦੀ ਹੈ। ਅਸੀਂ ਸਭ ਪ੍ਰਕਾਰ ਯੁੱਧ ਦੀ ਤਿਆਰੀ ਕੀਤੀ ਸੀ, ਫਿਰ ਭਰਾਵਾਂ ਨਾਲ ਮਿਲ ਕੇ ਭੀਮ ਚੰਦ ਨੇ ਵਿਚਾਰ ਕੀਤੀ॥੨੯॥

ਬਜਾਹ ਬਿਖੈ ਹੁਇ ਸ਼ੋਕ ਮਹਾਨਾ। ਟਰ ਕਰਿ ਗਯੋ ਬੀਰਰਸ ਹਾਨਾ।
ਨਾਹਣੇਸ਼ ਇਤ ਹਮਹਿਂ ਬੁਲਾਯੋ। ਚਹਤਿ ਆਪਕੇ ਨਿਕਟ ਟਿਕਾਯੋ॥ ੩੦॥

ਵਿਆਹ ਦੇ ਵਿਚ ਬੜਾ ਸ਼ੋਕ ਉਤਪੰਨ ਹੋਵੇਗਾ ਤੇ ਬੀਰ-ਰਸ ਨੂੰ ਛੱਡ ਪਿਛਾਂਹ ਹੱਟ ਗਿਆ। ਨਾਹਣ ਦੇ ਰਾਜੇ ਨੇ ਸਾਨੂੰ ਏਧਰ ਬੁਲਾਇਆ ਹੈ ਉਹ ਸਾਨੂੰ ਆਪਣੇ ਪਾਸ ਟਿਕਾਉਣਾ ਚਾਹੁੰਦਾ ਸੀ॥੩੦॥

ਜਮਨਾ ਤਟ ਸੁੰਦਰ ਕੋ ਹੇਰਾ। ਘਾਲਜੋ ਆਨਿ ਆਪਨੋ ਡੇਰਾ।
ਕਾਰਨ ਅਨਿਕ ਜਾਨਿ ਕਰਿ ਆਏ। ਬਸਤਿ ਸੁ ਬਿਹਰਤਿ ਅਨੰਦ ਉਪਾਏ' ॥੩੧।

ਅਸੀਂ ਜਮਨਾ ਦੇ ਕਿਨਾਰੇ ਸੁੰਦਰ ਸਥਾਨ ਵੇਖਿਆ ਤੇ ਏਥੇ ਆ ਕੇ ਆਪਣਾ ਡੇਰਾ ਲਾ ਲਿਆ। ਅਨੇਕਾਂ ਕਾਰਨ ਜਾਣ ਕੇ ਆਏ ਹਾਂ। ਅਨੰਦ ਉਪਜਾ ਕੇ ਵਸਦੇ ਅਤੇ ਵਿਚਰਦੇ ਹਾਂ" ॥੩੧॥

ਸੁਨਿ ਸ਼੍ਰੀ ਰਾਮਰਾਇ ਪੁਨ ਭਾਖਾ। 'ਕੋ ਨ ਹਟਾਇ ਸਕਹਿ ਤੁਮ ਕਾਂਖਾ।
ਜਾਨੀ ਪਰੈ ਬੈਸ ਮਮ ਥੋਰੀ। ਠਾਨਤਿ ਰਹੋ ਕ੍ਰਿਪਾ ਹਮ ਓਰੀ॥ ੩੨॥

ਇਹ ਸੁਣ ਕੇ ਫਿਰ ਰਾਮ ਰਾਇ ਨੇ ਕਿਹਾ, "ਆਪ ਜੀ ਦੀ ਇੱਛਾ ਨੂੰ ਕੋਈ ਵੀ ਨਹੀਂ ਹਟਾ ਸਕਦਾ ਹੈ। ਮੈਨੂੰ ਇਹ ਪਤਾ ਲੱਗਦਾ ਕਿ ਮੇਰੀ ਹੁਣ ਉਮਰ ਥੋੜ੍ਹੀ ਰਹਿ ਗਈ ਹੈ, ਸਾਡੇ ਪਾਸੇ ਵਲ ਕਿਰਪਾ ਧਾਰਨ ਕਰਦੇ ਰਹੋ" ॥੩੨॥

ਭੇਦ ਭਾਵ ਜੇ ਅਨਿਕ ਪ੍ਰਕਾਰੀ। ਨਹਿਂ ਕੁਛ ਰਾਖਹੁ ਰਿਦੈ ਮਝਾਰੀ।
ਬਿਗਰੇ ਬ੍ਰਿੰਦ ਮਸੰਦ ਹਮਾਰੇ। ਜੇ ਕਰਿ ਪੀਛੇ ਕਰਹਿਂ ਬਿਗਾਰੇ॥ ੩੩॥

ਜਿਹੜੇ ਅਨੇਕ ਪ੍ਰਕਾਰ ਦੇ ਮਤਭੇਦ ਹਨ, ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਨਾ ਰੱਖੋ। ਸਾਡੇ ਮਸੰਦ ਬਹੁਤ ਵਿਗੜ ਗਏ ਹਨ, ਜੇ ਉਹ ਪਿੱਛੋਂ ਕੋਈ ਵਿਗਾੜ ਪੈਦਾ ਕਰਨ॥੩੩॥

ਸਭਿ ਡੇਰੇ ਕੀ ਕਾਰ ਸੁਧਾਰਹੁ। ਉਚਿਤ ਅਨੁਚਿਤ ਬਿਚਾਰਿ ਸੰਭਾਰਹੁ।
ਬੰਸ ਬਿਭੂਖਨ ਭਏ ਅਦੂਖਨ। ਬਿਘਨ ਤਿਮਰ ਗਨ ਕੇ ਜਨੁ ਪੂਖਨ॥ ੩੪॥

ਤਾਂ ਸਾਰੇ ਡੇਰੇ ਦੇ ਕਾਰਜ ਨੂੰ ਸੁਧਾਰੋ, ਤੇ ਉਚਿਤ, ਅਨਉਚਿਤ ਵਿਚਾਰ ਕੇ ਸੰਭਾਲ ਕਰੋ। ਸੋਢੀ ਵੰਸ਼ ਦੇ ਸ਼ਿਰੋਮਣੀ ਦੁਖ ਦੂਰ ਕਰਨ ਵਾਲੇ ਹੋਏ ਹੋ ਜਿਵੇਂ ਸੂਰਜ ਰੂਪ ਹੋ ਕੇ ਹਨੇਰੇ ਰੂਪੀ ਵਿਘਨਾਂ ਨੂੰ ਦੂਰ ਕਰਨ ਆਏ ਹੋ॥੩੪॥

ਬਹੁ ਕਾਰਨ ਕਰਿ ਜਨਮ ਤੁਹਾਰਾ। ਮੈਂ ਨਿਰਨੈ ਕਰਿ ਲੀਨਿ ਬਿਚਾਰਾ।
ਭਵਜਲ ਸਾਗਰ ਤਰਣ ਦੁਹੇਲਾ। ਇਸ ਕੋ ਤਰਿਬੇ ਹੇਤੁ ਸੁਹੇਲਾ॥ ੩੫॥

ਬਹੁਤ ਕਾਰਨਾਂ ਕਰਕੇ ਤੁਹਾਡਾ ਅਵਤਾਰ ਹੋਇਆ ਹੈ, ਇਹ ਮੈਂ ਨਿਰਨਾ ਕਰਕੇ ਵਿਚਾਰ ਲਿਆ ਹੈ। ਭਵਜਲ ਸਾਗਰ ਤਰਨਾ ਬੜਾ ਮੁਸ਼ਕਲ ਹੈ। ਇਸ ਨੂੰ ਤਰਨ ਵਾਸਤੇ ਸਹਾਇਕ ਬਣੋਗੇ॥੩੫॥

ਸ੍ਰੀ ਨਾਨਕ ਜੀ ਭਰਯੋ ਜਹਾਜਾ। ਅਨਿਕ ਰੀਤਿ ਕੇ ਜੀਵ ਸਮਾਜਾ।
ਤਿਸ ਮਹਿਂ ਬਿਘਨ ਬਿਸਾਲ ਪ੍ਰਚੰਡ। ਜਿਸ ਤੇ ਫਟਯੋ ਭਯੋ ਖੰਡ ਖੰਡ॥ ੩੬॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਰੀਤੀਆਂ ਦੇ ਜੀਵਾਂ ਅਤੇ ਸਮਾਜ ਨਾਲ ਜਹਾਜ਼ ਭਰਿਆ ਸੀ, ਉਸ ਵਿਚ ਵਿਸ਼ਾਲ ਪ੍ਰਚੰਡ ਵਿਘਨ ਸਨ ਜਿਸ ਕਰਕੇ ਜਹਾਜ਼ ਪਾਟ ਕੇ ਟੁਕੜੇ-ਟੁਕੜੇ ਹੋ ਗਿਆ ਸੀ॥੩੬॥

ਤਿਹ ਸਕੇਲਿ ਪੁਨ ਏਕ ਬਨਾਵਹੁ। ਭਰਯੋ ਜਹਾਜ ਪਾਰ ਉਤਰਾਵਹੁ।
ਪਿਤਾ ਗੁਰੂ ਇਕ ਬਾਰਿ ਬਖਾਨੀ। ਸਿਖ ਢਿਗ ਤੇ ਮੈਂ ਸੁਨਿਬੋ ਬਾਨੀ॥ ੩੭॥

ਉਸ ਸਮਾਜ ਨੂੰ ਇਕੱਠੇ ਕਰਕੇ ਫਿਰ ਇਕ ਬਣਾਵੋ ਤੇ ਭਰੇ ਹੋਏ ਜਹਾਜ਼ ਨੂੰ ਪਾਰ ਉਤਾਰੋ। ਸਾਡੇ ਪਿਤਾ ਗੁਰੂ ਜੀ ਨੇ ਇਕ ਵਾਰ ਕਿਹਾ ਸੀ, ਇਕ ਸਿੱਖ ਪਾਸੋਂ ਮੈਂ ਉਨ੍ਹਾਂ ਦੇ ਬਚਨ ਸੁਣੇ ਹਨ॥੩੭॥

ਗੁਰ ਕੋ ਭਰਯੋ ਜਹਾਜ ਉਦਾਰਾ। ਲਾਇ ਧਯਾਨ ਕੋ ਹੇਰਿ ਬਿਚਾਰਾ।
ਭਾ ਬਹੁ ਖੰਡ ਮਿਲਹਿ ਪੁਨ ਸੋਈ। ਹੁਇ ਅਸ ਪੁਰਖ ਮਿਲਾਵਹਿ ਜੋਈ॥ ੩੮॥

ਗੁਰੂ ਜੀ ਵਲੋਂ ਭਰਿਆ ਵੱਡਾ ਜਹਾਜ਼, ਧਿਆਨ ਲਾ ਕੇ ਵਿਚਾਰਿਆ ਹੈ ਕਿ ਉਹ ਫਿਰ ਬਹੁਤ ਟੁਕੜੇ ਹੋ ਜਾਵੇਗਾ, ਫਿਰ ਇਕ ਐਸਾ ਪੁਰਖ ਉੱਠੇਗਾ ਜਿਹੜਾ ਇਨ੍ਹਾਂ ਟੁਕੜਿਆਂ ਨੂੰ ਮਿਲਾ ਦੇਵੇਗਾ॥੩੮॥

ਤਬਿ ਕੋ ਮੈਂ ਬਿਚਾਰਤੋ ਰਹਯੋ। ਅਬਿ ਸੋ ਹੋਇ ਭਲੇ ਮੈਂ ਲਹਯੋ।
ਦਰਸ਼ਨ ਦੇਖਤਿ ਭਈ ਪ੍ਰਤੀਤ। ਬਿਗਰੇ ਕਰਹੁ ਸੁਧਾਰਣ ਚੀਤ॥ ੩੯॥

ਉਸ ਸਮੇਂ ਦਾ ਮੈਂ ਵਿਚਾਰਦਾ ਰਿਹਾ ਹਾਂ, ਹੁਣ ਉਹ ਪੁਰਖ ਪੈਦਾ ਹੋ ਗਿਆ ਹੈ, ਇਹ ਮੈਂ ਭਲੀ ਪ੍ਰਕਾਰ ਵੇਖ ਲਿਆ ਹੈ। ਦਰਸ਼ਨ ਕਰਦਿਆਂ ਹੀ ਮੇਰੀ ਤਸੱਲੀ ਹੋ ਗਈ ਹੈ, ਵਿਗੜੇ ਅਤੇ ਖੋਟੀ ਚਾਲ ਵਾਲਿਆਂ ਦਾ ਸੁਧਾਰ ਕਰੋਗੇ'॥੩੯॥

ਸੁਨਿ ਸ੍ਰੀ ਕਲਗੀਧਰ ਸਭਿ ਲਹਯੋ। ਗੁਰ ਸੁਤ ਨਿਜ ਆਸ਼ੈ ਜਿਮ ਕਹਯੋ।
ਬੋਲੇ 'ਰਾਮਰਾਇ' ਗੁਰ 'ਸਾਚਾ। ਗੁਰ ਪਰ ਕੇ ਹਿਤ ਸੋਂ ਚਿਤ ਰਾਚਾ॥ ੪੦॥

Sri Satguru Jagjit Singh Ji eLlibrary NamdhariElibrary@gmail.com

ਇਹ ਸੁਣ ਕੇ ਕਲਗੀਧਰ ਜੀ ਸਭ ਸਮਝ ਗਏ, ਗੁਰੂ ਪੁੱਤਰ ਭਾਵ ਸ੍ਰੀ ਰਾਮ ਰਾਇ ਨੇ ਜਿਵੇਂ ਆਪਣਾ ਆਸ਼ਾ ਕਿਹਾ ਸੀ। ਸਤਿਗੁਰੂ ਜੀ ਬੋਲੇ ਰਾਮ ਰਾਇ ਭੁਲ ਮੰਨਕੇ ਸੱਚਾ ਹੋ ਗਿਆ ਹੈ ਗੁਰੂ ਦੇ ਹਿਤ ਵਿਚ ਇਨ੍ਹਾਂ ਦਾ ਚਿੱਤ ਰਚਿਆ ਹੈ॥੪੦॥

ਪੁਨ ਤਟ ਦਿਸ਼ਾ ਦ੍ਰਿਸ਼ਟਿ ਗੁਰ ਪ੍ਰੇਰੀ। ਕੇਤਿਕ ਸੰਗਤਿ ਥਿਤ ਤਿਸ ਕੇਰੀ।
ਬੇਮੁਖ ਹੁਇ ਕਰਿ ਖਰੇ ਕੁਚਾਰੀ। ਸਤਿਗੁਰ ਕੀ ਦਿਸ਼ਿ ਕੀਨਿ ਪਿਛਾਰੀ॥੪੧॥

ਫਿਰ ਕਿਨਾਰੇ ਵਾਲੇ ਪਾਸੇ ਜਾਣ ਵਾਸਤੇ ਗੁਰੂ ਜੀ ਨੇ ਮਲਾਹ ਨੂੰ ਪ੍ਰੇਰਿਆ। ਉਥੇ ਸ੍ਰੀ ਰਾਮ ਰਾਇ ਦੀ ਕੁਝ ਸੰਗਤ ਖੜੀ ਸੀ। ਉਹ ਖੋਟੀ ਚਾਲ ਵਾਲੇ ਬੇਮੁੱਖ ਹੋ ਕੇ ਖੜੇ ਸਨ, ਤੇ ਸਤਿਗੁਰੂ ਜੀ ਵਾਲੇ ਪਾਸੇ ਪਿਛਾੜੀ ਕੀਤੀ ਹੋਈ ਸੀ॥੪੧॥

ਮੰਦ ਭਾਗ ਮਤਿਮੰਦ ਮਲੀਨੇ। ਸਨਮੁਖ ਹੋਇ ਨ ਦਰਸ਼ਨ ਕੀਨੇ।
ਗਨ ਪਾਪਨ ਅਸ ਫਲ ਉਪਜਾਯੋ। ਜਿਸ ਤੇ ਨਹਿਂ ਗੁਰ ਦਰਸ਼ਨ ਪਾਯੋ॥੪੨॥

ਮਾੜੀ ਮੱਤ ਵਾਲੇ ਮਲੀਨ ਮੰਦੇ ਭਾਗਾਂ ਵਾਲੇ ਸਨ, ਗੁਰੂ ਜੀ ਦੇ ਸਾਹਮਣੇ ਹੋ ਕੇ ਦਰਸ਼ਨ ਨਾ ਕੀਤੇ। ਬਹੁਤ ਪਾਪਾਂ ਦਾ ਐਸਾ ਫਲ ਪ੍ਰਗਟ ਹੋਇਆ ਜਿਸ ਨਾਲ ਗੁਰੂ ਜੀ ਦੇ ਦਰਸ਼ਨ ਨਾ ਪਾਏ॥੪੨॥

ਪ੍ਰਭੁ ਬਿਲੋਕਿ ਤਿਨ ਕੋ ਮੁਸਕਾਨੇ। ਸਭਿ ਕੇ ਸੁਨਤਜੋ ਪੁਨਹਿ ਬਖਾਨੇ।
'ਰਾਮਰਾਇ ਤੋ ਹੈ ਗੁਰ ਸਾਚੇ। ਇਸ ਕੇ ਸਿਖ ਮੂਰਖ ਮਤਿ ਕਾਚੇ॥੪੩॥

ਸਤਿਗੁਰੂ ਜੀ ਉਨ੍ਹਾਂ ਨੂੰ ਵੇਖ ਕੇ ਮੁਸਕਰਾਦੇ ਤੇ ਸਾਰਿਆਂ ਦੇ ਸੁਣਦਿਆਂ ਫਿਰ ਕਿਹਾ, "ਰਾਮ ਰਾਇ ਤਾਂ ਸੱਚਾ ਗੁਰਮੁਖ ਹੈ, ਇਸ ਦੇ ਸਿੱਖ ਮੂਰਖ ਕੱਚੀ ਮੱਤ ਵਾਲੇ ਹਨ॥੪੩॥

ਅਹੈ ਭੂਤਨੀ ਸੰਗਤਿ ਸਾਰੀ। ਜਿਨਹੁਂ ਗੁਰਨਿ ਦਿਸ਼ਿ ਕੀਨਿ ਪਿਛਾਰੀ।
ਗੁਰੂ ਪ੍ਰਲੋਕ ਨ ਬਨਹਿਂ ਸਹਾਈ। ਇਹੈ ਕਾਮਨਾ ਕਛੁ ਲੇ ਪਾਈ'॥੪੪॥

ਇਹ ਸਾਰੀ ਸੰਗਤ ਭੂਤਨੀ ਹੋ ਗਈ ਹੈ ਜਿਨ੍ਹਾਂ ਨੇ ਗੁਰੂ ਜੀ ਵਲ ਪਿਛਾੜੀ ਕੀਤੀ ਹੈ। ਫਿਰ ਗੁਰੂ ਜੀ ਪਰਲੋਕ ਵਿਚ ਸਹਾਇਕ ਨਹੀਂ ਬਣਨਗੇ ਏਥੇ ਮਾਤ ਲੋਕ ਵਿਚ ਕੁਝ ਕਾਮਨਾ ਪਾ ਲੈਣਗੇ" ॥੪੪॥

ਇਮ ਕਹਿ ਪੁਨ ਗੁਰਦਾਸਹਿਂ ਹੇਰਾ। ਥਿਰ ਸ੍ਰੀ ਰਾਮਰਾਇ ਕੈ ਨੇਰਾ।
'ਸੁਨਿ ਬਹਿਲੋ ਕੇ ਹਮਹਿਂ ਬਤਾਵਹੁ। ਹਮਰੇ ਸਨਮੁਖ ਤੀਰ ਚਲਾਵਹੁ ?॥੪੫॥

ਇਸ ਤਰ੍ਹਾਂ ਕਹਿ ਕੇ ਫਿਰ ਗੁਰਦਾਸ ਵਲ ਵੇਖਿਆ, ਜਿਹੜਾ ਸ੍ਰੀ ਰਾਮ ਰਾਇ ਦੇ ਪਾਸ ਬੈਠਾ ਸੀ। ਗੁਰੂ ਜੀ ਨੇ ਬਚਨ ਕੀਤਾ, "ਹੇ ਬਹਿਲੋ ਦੇ ਪੁੱਤਰ! ਸਾਨੂੰ ਇਹ ਦੱਸੋ, ਸਾਡੇ ਸਾਹਮਣੇ ਤੀਰ ਚਲਾਉਂਦੇ ਹੋ? ॥੪੫॥

ਕਿਸ ਕੋ ਬਲ ਲੇ ਕਰਤਿ ਪ੍ਰਹਾਰਾ? ਜਿਸਤੇ ਮਹਿਦ ਗਰਬ ਕੋ ਧਾਰਾ'।
ਤਬਿ ਲੱਜਤਿ ਹੋਯਸਿ ਗੁਰਦਾਸ। ਤਰੇ ਦ੍ਰਿਸ਼ਟਿ ਕਰਿ ਹਿਰਦੇ ਤ੍ਰਾਸ॥੪੬॥

ਕਿਸ ਪਾਸੋਂ ਸ਼ਕਤੀ ਲੈ ਕੇ ਵਾਰ ਕਰਦੇ ਹੋ, ਜਿਸ ਕਰਕੇ ਵੱਡਾ ਹੰਕਾਰ ਧਾਰਨ ਕੀਤਾ ਹੈ।" ਤਦ ਗੁਰਦਾਸ ਲੱਜਿਤ ਹੋ ਗਿਆ, ਨਜ਼ਰ ਨੀਵੀਂ ਕਰਕੇ ਹਿਰਦੇ ਵਿਚ ਡਰ ਧਾਰਨ ਕੀਤਾ॥੪੬॥

ਹਹਿਰਤਿ ਬੋਲਜੋ ਦ੍ਵੈ ਕਰਿ ਜੋਰਿ। 'ਪ੍ਰਭੁ ਜੀ! ਹਮ ਕੋ ਤੁਮਰਾ ਜੋਰ।
ਲਘੁ ਦੀਰਘ ਜੋ ਕਾਰਜ ਸਾਰੇ। ਹਮ ਕਰਿ ਸਕਹਿਂ ਪ੍ਰਤਾਪ ਤੁਮਾਰੇ'॥੪੭॥

ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਸਾਡੇ ਵਿਚ ਤੁਹਾਡਾ ਹੀ ਬਲ ਹੈ, ਛੋਟੇ ਵੱਡੇ ਜਿਹੜੇ ਸਾਰੇ ਕਾਰਜ ਹਨ, ਅਸੀਂ ਤੁਹਾਡੇ ਪ੍ਰਤਾਪ ਕਰਕੇ ਹੀ ਕਰ ਸਕਦੇ ਹਾਂ" ॥੪੭॥

ਪੁਨ ਗੁਰ ਭਨਜੋ 'ਧਨੁਖ ਜਿਨ ਧਾਰਾ। ਤਜਹਿ ਬਾਨ, ਤਿਹ ਨਾਮ ਸੁ ਤਾਰਾ।
ਉਦੈ ਭਯੋ ਤਬਿਹੂੰ ਤੇ ਕਹਜੋ। ਅਬਿ ਸੋ ਅਸਤ ਹੋਇ ਹਮ ਲਹਜੋ' ॥ ੪੮ ॥

ਫਿਰ ਗੁਰੂ ਜੀ ਕਿਹਾ, "ਜਿਸ ਨੇ ਧਨੁੱਖ ਧਾਰਨ ਕੀਤਾ ਹੈ ਅਤੇ ਜਿਸ ਦਾ ਨਾਮ ਤਾਰਾ ਹੈ, ਉਹ ਹੁਣ ਤੀਰ ਛੱਡੇ, ਜਦ ਉਹ ਉਦੈ ਹੋਇਆ ਸੀ ਤਦ ਤੂੰ ਇਹ ਵਾਕ ਕਹੇ ਸਨ। ਉਹ ਹੁਣ ਡੁੱਬ ਗਿਆ ਹੈ, ਅਸੀਂ ਵੇਖਿਆ ਹੈ" ॥੪੮॥

ਸੁਨਿ ਕਰਿ ਕੰਪਤਿ ਤੂਸ਼ਨਿ ਠਾਨੀ। ਰਹਜੋ ਜੋਰਿ ਕਰ ਗੁਰ ਅਗੁਵਾਨੀ।
ਵਧਿਕੈ ਬਾਕ ਬਿਅਦਬੀ ਕਹਜੋ। ਪਛੁਤਾਵਤਿ ਤਿਸ ਕੋ ਫਲ ਲਹਜੋ ॥ ੪੯ ॥

ਸੁਣ ਕੇ ਕੰਬਦੇ ਹੋਏ ਨੇ ਚੁੱਪ ਧਾਰਨ ਕਰ ਲਈ ਤੇ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਰਿਹਾ। ਉੱਚਾ ਬਚਨ ਬੋਲ ਕੇ ਆਦਰ ਰਹਿਤ ਗੱਲ ਕੀਤੀ ਸੀ। ਉਸ ਤੋਂ ਐਸਾ ਫਲ ਪਾ ਕੇ ਪਛੁਤਾਉਂਦਾ ਸੀ ॥੪੯॥

ਇਮ ਸ਼੍ਰੀ ਰਾਮਰਾਇ ਅਰੁ ਸਤਿਗੁਰ। ਬਾਕ ਬਿਲਾਸ ਕਰੇ ਭਰਿ ਮੁਦ ਉਰ।
ਬੰਦਨ ਠਾਨਿ ਬਿਦਾ ਹੁਇ ਗਯੋ। ਤੀਰ ਤੁਰੰਗ ਅਰੂਢਤਿ ਭਯੋ ॥ ੫੦ ॥

ਇਸ ਤਰ੍ਹਾਂ ਸ੍ਰੀ ਰਾਮ ਰਾਇ ਅਤੇ ਸਤਿਗੁਰੂ ਜੀ ਨੇ ਹਿਰਦੇ ਵਿਚ ਪ੍ਰਸੰਨ ਹੋ ਕੇ ਬਚਨ ਬਿਲਾਸ ਕੀਤੇ। ਫਿਰ ਬੰਦਨਾ ਕਰਕੇ ਸ੍ਰੀ ਰਾਮ ਰਾਇ ਵਿਦਾ ਹੋ ਗਿਆ, ਲਾਗੇ ਖੜੇ ਘੋੜੇ 'ਤੇ ਸਵਾਰ ਹੋ ਗਿਆ ॥੫੦॥

ਸਿਖ ਮਸੰਦ ਲੇ ਸੰਗ ਸਿਧਾਰਾ। ਕਛੁ ਬ੍ਰਿਤੰਤ ਤਿਨ ਮਹਿਂ ਨ ਉਚਾਰਾ।
ਜਾਇ ਪ੍ਰਵੇਸ਼ਜੋ ਆਪਨਿ ਡੇਰੇ। ਉਤਰਜੋ ਹਯ ਤੇ ਕੀਨਿ ਬਸੇਰੇ ॥ ੫੧ ॥

ਸਿੱਖ ਤੇ ਮਸੰਦਾਂ ਨੂੰ ਆਪਣੇ ਨਾਲ ਲੈ ਕੇ ਚਲੇ ਗਿਆ, ਉਨ੍ਹਾਂ ਵਿਚ ਮਿਲਣ ਬਾਰੇ ਕੋਈ ਵੀ ਬ੍ਰਿਤਾਂਤ ਉਚਾਰਨ ਨਾ ਕੀਤਾ। ਜਾ ਕੇ ਆਪਣੇ ਡੇਰੇ ਵਿਚ ਪ੍ਰਵੇਸ਼ ਕਰ ਗਿਆ। ਘੋੜੇ ਤੋਂ ਉੱਤਰ ਕੇ ਬਸੇਰਾ ਕੀਤਾ ॥੫੧॥

*ਦੂਸਰੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ ॥੩॥*

## *ਅਧਿਆਇ ਚੌਥਾ*

### *ਕਪਾਲ ਮੋਚਨ*

*ਦੋਹਰਾ-* ਸ਼੍ਰੀ ਕਲਗ਼ੀਧਰ ਤਰੀ ਕੋ ਪ੍ਰੇਰਨਿ ਕਰਿ ਜਲ ਮਾਂਹਿ।
ਰਵਿ ਤਨੁਜਾ ਕੇ ਬੀਚ ਹੀ ਚਲੇ ਆਇਂ ਹਰਖਾਹਿਂ ॥ ੧ ॥

ਸ੍ਰੀ ਸਤਿਗੁਰੂ ਕਲਗ਼ੀਧਰ ਜੀ ਜਲ ਦੇ ਵਿਚ ਹੀ ਬੇੜੀ ਨੂੰ ਪ੍ਰੇਰ ਕੇ ਸੂਰਜ ਦੀ ਪੁੱਤਰੀ ਭਾਵ ਜਮਨਾ ਦੇ ਵਿਚ ਹੀ ਪ੍ਰਸੰਨ ਹੋਏ ਚਲੇ ਆਏ ॥੧॥

*ਚੌਪਈ-* ਚਲੇ ਨਊ ਜਲ ਕੇ ਅਨੁਕੂਲੰ। ਅਵਿਲੋਕਹਿਂ ਸੁੰਦਰ ਦ੍ਵੈ ਕੂਲੰ।
ਗਨ ਪੰਕਤਿ ਤਰੁਵਰੁ ਕੀ ਖਰੀ। ਹੇਰਹਿਂ ਹਰੀ ਹਰੀ ਜਬਿ ਖਰੀ ॥ ੨ ॥

ਬੇੜੀ ਪਾਣੀ ਦੇ ਵਹਾ ਦੇ ਅਨੁਕੂਲ ਹੇਠਾਂ ਨੂੰ ਜਾ ਰਹੀ ਹੈ। ਗੁਰੂ ਜੀ ਦੋਵਾਂ ਸੁੰਦਰ ਕਿਨਾਰਿਆਂ ਨੂੰ ਵੇਖਦੇ ਜਾਂਦੇ ਹਨ।

ਬ੍ਰਿਛਾਂ ਦੀਆਂ ਬਹੁਤ ਪੰਕਤੀਆਂ ਖੜੀਆਂ ਹਨ, ਹਰੀ-ਹਰੀ ਬ੍ਰਿਛਾਂ ਦੀ ਕਤਾਰ ਨੂੰ ਜਦ ਵੇਖਦੇ ਹਨ ਤਾਂ ਹਰਿਆਵਲ ਬੜੀ ਸੋਹਣੀ ਲੱਗਦੀ ਹੈ॥੨॥

**ਸਨੇ ਸਨੇ ਗਮਨੈ ਜਲ ਤਰਨੀ। ਸ੍ਰੀ ਮੁਖ ਤੇ ਸ਼ੋਭਾ ਬਹੁ ਬਰਨੀ।**
**ਪੁਸ਼ਪਤਿ ਬਨ ਕੋ ਕਰਹਿਂ ਦਿਖਾਵਨਿ। ਤਰੁਵਰ ਕੀ ਬਹੁ ਜਾਤਿ ਬਤਾਵਨਿ॥੩॥**

ਬੇੜੀ ਹੌਲੀ-ਹੌਲੀ ਜਲ ਵਿਚ ਚਲੀ ਜਾ ਰਹੀ ਸੀ, ਗੁਰੂ ਜੀ ਨੇ ਆਪਣੇ ਮੁਖ ਤੋਂ ਬਹੁਤ ਸ਼ੋਭਾ ਵਰਣਨ ਕੀਤੀ। ਜੰਗਲ ਦੇ ਫੁੱਲਾਂ ਨੂੰ ਵਿਖਾਉਂਦੇ ਸਨ ਤੇ ਦਰੱਖਤਾਂ ਦੀਆਂ ਬਹੁਤ ਜਾਤੀਆਂ ਬਾਰੇ ਦੱਸਦੇ ਜਾਂਦੇ ਸਨ॥੩॥

**ਬਿਨਾ ਪੰਕ ਤੇ ਚਾਰੂ ਪ੍ਰਵਾਹੂ। ਸ਼ਜਾਮਲ ਬਰਨ ਬਿਲੋਕਹਿਂ ਤਾਹੂ।**
**ਨਗਰ ਪਾਂਵਟਾ ਤਟ ਪਰ ਜਾਂਕੇ। ਆਵਤਿ ਚਲੇ ਨੀਰ ਪਰ ਤਾਂਕੇ॥੪॥**

ਚਿੱਕੜ ਤੋਂ ਬਗੈਰ ਜਲ ਦਾ ਨਿਰਮਲ ਪ੍ਰਵਾਹ ਹੈ, ਤਦ ਹੀ ਜਲ ਦਾ ਰੰਗ ਕਾਲਾ ਵੇਖਦੇ ਹਾਂ। ਪਾਉਂਟਾ ਨਗਰ ਜਿਸ ਦੇ ਕਿਨਾਰੇ ਹੈ, ਉਸ ਦੇ ਲਾਗੇ ਦੀ ਜਲ ਆਉਂਦਾ ਰਹਿੰਦਾ ਹੈ॥੪॥

**ਤੀਰ ਤੀਰ ਪਰ ਹਯ ਭੁਰਿਆਏ। ਸਭਿਹਿਨਿ ਕੇ ਸੇਵਕ ਲੈ ਧਾਏ।**
**ਜਹਿਂ ਬੈਠਨਿ ਕੀ ਰੁਚਿਰ ਸਬਾਈ। ਸਿਲਾ ਬਿਸਾਲ ਪਰੀ ਤਟ ਛਾਈ॥੫॥**

ਕਿਨਾਰੇ-ਕਿਨਾਰੇ ਘੋੜੇ ਲਈ ਆਏ, ਸਾਰਿਆਂ ਦੇ ਸੇਵਕ ਲੈ ਕੇ ਦੌੜ ਪਏ। ਜਿਥੇ ਬੈਠਣ ਵਾਸਤੇ ਸੁੰਦਰ ਸਥਾਨ ਸੀ ਤੇ ਜਿੱਥੇ ਬਹੁਤ ਪੱਥਰ ਦੀਆਂ ਚਟਾਨਾਂ ਕਿਨਾਰੇ ਤੇ ਪਈਆਂ ਸਨ॥੫॥

**ਅਬਿ ਲੌ ਥਲ ਬਿਨ ਕਰਦਮ ਸੋਊ। ਦਿਖੀਅਤਿ ਹੈ ਸੁੰਦਰ ਤਟ ਦੋਊ।**
**ਕਰੀ ਖਰੀ ਤਰਨੀ ਤਹਿਂ ਆਇ। ਸ੍ਰੀ ਗੋਬਿੰਦ ਸਿੰਘ ਉਤਰੇ ਰਾਇ॥੬॥**

ਹੁਣ ਤਕ ਉਹ ਸਥਾਨ ਚਿੱਕੜ ਤੋਂ ਬਗੈਰ ਹੈ, ਦੋਵੇਂ ਕਿਨਾਰੇ ਬਹੁਤ ਸੁੰਦਰ ਵਿਖਾਈ ਦਿੰਦੇ ਹਨ। ਓਥੇ ਆ ਕੇ ਬੇੜੀ ਖੜੀ ਕਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬੇੜੀ ਵਿਚੋਂ ਉੱਤਰੇ॥੬॥

**ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।**
**ਸੌਚ ਸ਼ਨਾਨ ਠਾਨਿ ਗੁਰ ਪੂਰੇ।ਕਵਿਤਾ ਕਰਨਿ ਲਗੇ ਪ੍ਰਭੁ ਰੂਰੇ॥੭॥**

ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪ੍ਰਭਾਤ ਹੋ ਗਈ ਤਾਂ ਪ੍ਰਭੂ ਜੀ ਜਾਗ ਪਏ। ਸੌਚ ਇਸ਼ਨਾਨ ਕਰਕੇ ਪ੍ਰਭੂ ਜੀ ਸੁੰਦਰ ਕਵਿਤਾ ਦੀ ਰਚਨਾ ਕਰਨ ਲੱਗੇ॥੭॥

**ਪ੍ਰਥਮੈ ਸ੍ਰੀ ਕ੍ਰਿਸ਼ਨਾ ਅਵਤਾਰੂ। ਛੰਦ ਸਵੈਯੇ ਕਰਤਿ ਉਚਾਰੂ।**
**ਰੁਚਿਰ ਰਾਸ ਮੰਡਲ ਬਹੁ ਬਰਨਜੋਂ। ਉਪਮਾ ਨਹਿਂ ਉਪਮੇਯਹਿ ਕਰਨਜੋ॥੮॥**

ਪਹਿਲਾਂ ਸ੍ਰੀ ਕ੍ਰਿਸ਼ਨ ਅਵਤਾਰ ਵਾਸਤੇ ਛੰਦ, ਸਵੈਯੇ ਉਚਾਰਨ ਕੀਤੇ। ਸੁੰਦਰ ਰਾਸ ਮੰਡਲਾਂ ਦਾ ਵਰਣਨ ਕੀਤਾ, ਜਿਸ ਦੀ ਕਿਸੇ ਉਪਮਾ ਨਾਲ ਉਪਮਾ ਨਹੀਂ ਕੀਤੀ ਜਾ ਸਕਦੀ ਐਸੀ ਅਲੌਕਿਕ ਬਾਣੀ ਹੈ॥੮॥

**ਕਰਿ ਸ਼ਨਾਨ ਬੈਠਹਿਂ ਤਿਸ ਤੀਰ। ਸਿਲਾ ਸੰਗ ਖਸ ਚਾਲਤਿ ਨੀਰ।**
**ਜਾਮ ਦਿਵਸ ਜਬਿ ਲੌਂ ਚਢਿ ਆਵੈ। ਰਹੈਂ ਇਕਾਕੀ ਗਿਰਾ ਬਨਾਵੈਂ॥੯॥**

ਇਸ਼ਨਾਨ ਕਰਕੇ ਨਦੀ ਦੇ ਕਿਨਾਰੇ ਹੀ ਬੈਠ ਗਏ, ਪੱਥਰ ਨਾਲ ਘਸ ਕੇ ਜਲ ਚਲਦਾ ਸੀ। ਜਦ ਪਹਿਰ ਦਿਨ ਚੜ੍ਹ ਆਉਂਦਾ ਸੀ, ਉਸ ਸਮੇਂ ਤਕ ਇਕੱਲੇ ਰਹਿੰਦੇ ਸਨ ਤੇ ਕਵਿਤਾ ਬਣਾਉਂਦੇ ਸਨ॥੯॥

ਨਹਿਂ ਕਿਸਹੂੰ ਕੋ ਦਰਸ਼ਨ ਹੋਇ। ਦੂਰ ਦੂਰ ਰਹਿਂ ਥਿਰ ਸਭਿ ਕੋਇ।
ਮਨ ਟਿਕਾਇ ਬਰ ਬਾਨੀ ਰਚੈਂ। ਕ੍ਰਿਸ਼ਨ ਬਿਲਾਸਾਦਿਕ ਬਿਧਿ ਸਚੈਂ॥ ੧੦॥

ਉਸ ਸਮੇਂ ਕਿਸੇ ਨੂੰ ਵੀ ਦਰਸ਼ਨ ਨਹੀਂ ਸੀ ਹੁੰਦਾ, ਸਾਰੇ ਦੂਰ-ਦੂਰ ਖੜੇ ਰਹਿੰਦੇ ਸਨ। ਮਨ ਨੂੰ ਟਿਕਾਅ ਕੇ ਸ੍ਰੇਸ਼ਟ ਬਾਣੀ ਦੀ ਰਚਨਾ ਕਰਦੇ ਸਨ। ਕ੍ਰਿਸ਼ਨ ਬਿਲਾਸ ਆਦਿ ਅਸਲੀ ਵਿਧੀ ਪੂਰਵਕ ਸੰਕਲਤ ਕਰਦੇ ਭਾਵ ਰਚਦੇ ਹਨ॥੧੦॥

ਆਦਿ ਰਾਧਕਾ ਗੋਪੀ ਬ੍ਰਿੰਦ। ਤਿਨ ਸੌਂ ਮਿਲਿ ਜਿਮ ਕੀਨਿ ਅਨੰਦ।
ਬਰਨਹਿਂ ਸਤਿਗੁਰ ਪ੍ਰੇਮ ਲਗਾਇ। ਪੁਨ ਤੁਕਾਂਤ ਮਹਿਂ ਪੈਂਤੀ ਪਾਇ॥ ੧੧॥

ਰਾਧਾ ਅਤੇ ਗੋਪੀਆਂ ਆਦਿ ਨਾਲ ਮਿਲ ਕੇ ਜਿਵੇਂ ਕ੍ਰਿਸ਼ਨ ਨੇ ਅਨੰਦ ਮਾਣਿਆ। ਉਸ ਨੂੰ ਸਤਿਗੁਰੂ ਜੀ ਬੜੇ ਪ੍ਰੇਮ ਨਾਲ ਵਰਣਨ ਕਰਦੇ ਸਨ, ਫਿਰ ਤੁਕਾਂ ਵਿਚ ਪੈਂਤੀ ਪਾਉਂਦੇ ਹਨ॥੧੧॥

ਆਦਿ ਕਕਾਰ ਸੁ ਅੰਤ ੜਕਾਰ। ਜਿਹ ਜੋ ਬਰਨ ਜਥਾ ਕ੍ਰਮ ਧਾਰ।
ਪਾਇ ਸਵੈਯਨਿ ਕੇ ਜੁਤਿ ਕ੍ਰਾਂਤਿ। ਪਾਠਕ ਸੁਮਤਿ ਲਖੈ ਬੱਖਜਾਤ॥ ੧੨॥

ਪਹਿਲੇ ਕਕਾ ਤੁਕ ਦਾ ਅੰਤ ਵਿਚ ਰੱਖਕੇ ੜਾੜੇ ਤੱਕ ਪੈਂਤੀ ਪੂਰੀ ਕੀਤੀ ਹੈ, ਜਿਹੜਾ ਅਖਰ ਕ੍ਰਮ ਅਨੁਸਾਰ ਪਾਇਆ ਹੈ। ਸਵੈਯਾਂ ਵਿਚ ਸ਼ੋਭਾ ਸਹਿਤ ਅੱਖਰ ਪਾਏ ਹਨ। ਸ੍ਰੇਸ਼ਟ ਬੁੱਧੀ ਵਾਲਾ ਪਾਠਕ ਪ੍ਰਗਟ ਰੂਪ ਵਿਚ ਸਮਝਦਾ ਹੈ॥੧੨॥

ਇੱਤਜਾਦਿਕ ਕੀ ਬਹੁ ਚਤੁਰਾਈ। ਸੁੰਦਰ ਕਵਿਤਾ ਕਰਿ ਕਰਿ ਪ੍ਰਾਈ।
ਜਲ ਖਸਿ ਚਲੈ ਸਿਲਾ ਕੇ ਸਾਥ। ਤਹਾਂ ਬਿਰਾਜੈਂ ਸ਼੍ਰੀ ਜਗਨਾਥ॥ ੧੩॥

ਇਸ ਪ੍ਰਕਾਰ ਬੜੀ ਚਤੁਰਾਈ ਨਾਲ ਸੁੰਦਰ ਕਵਿਤਾ ਲਿਖ-ਲਿਖ ਪਾਈ ਹੈ। ਜਿੱਥੇ ਜਲ ਪੱਥਰਾਂ ਨਾਲ ਖਹਿ ਕੇ ਚਲਦਾ ਹੈ, ਉਥੇ ਜਗਤ ਦੇ ਮਾਲਕ ਗੁਰੂ ਜੀ ਬਿਰਾਜਦੇ ਸਨ॥੧੩॥

ਕਾਤਕ ਮਾਸ ਸੁੰਦਰੀ ਰੁਤ ਮੈਂ। 'ਚਢੈਂ ਅਖੇਰ ਅਬਹਿ' ਹੁਇ ਚਿਤ ਮੈਂ।
ਸਿੱਖ ਮਸੰਦਨ ਬ੍ਰਿੰਦਨਿ ਬ੍ਰਿੰਦ। ਭਯੋ ਆਨਿ ਬਹੁ ਮੇਲ ਬਿਲੰਦ॥ ੧੪॥

ਕੱਤਕ ਮਹੀਨੇ ਦੀ ਸੁੰਦਰ ਰੁੱਤ ਵਿਚ ਚਿੱਤ ਵਿਚ ਆਇਆ, "ਹੁਣ ਸ਼ਿਕਾਰ ਖੇਡਣ ਚਲਾਂਗੇ।" ਉਸ ਸਮੇਂ ਮਸੰਦਾਂ ਦੇ ਝੁੰਡਾਂ ਦੇ ਝੁੰਡ ਇਕੱਠੇ ਹੋ ਗਏ ਤੇ ਇਕ ਵੱਡਾ ਮੇਲਾ ਲੱਗ ਗਿਆ॥੧੪॥

ਸਿਰੇਪਾਊ ਸਭਿਹਿਨਿ ਹਿਤ ਦੈਬੇ। ਪਠੇ ਦਾਸ ਹਿਤ ਮੋਲਹਿ ਲੈਬੇ।
ਨਗਰ ਨਿਕਟ ਜੇਤਿਕ ਤਹਿਂ ਜਾਨੇ। ਸਭਿਨਿ ਬਿਖੈ ਗਨ ਮਨੁਜ ਪਯਾਨੇ॥੧੫॥

ਸਾਰਿਆਂ ਨੂੰ ਸਿਰੋਪੇ ਦੇਣ ਵਾਸਤੇ ਸੇਵਕਾਂ ਨੂੰ ਭੇਜਿਆ ਕਿ ਸਿਰੋਪੇ ਮੁੱਲ ਲੈ ਕੇ ਆਵੋ। ਜਿੰਨੇ ਵੀ ਨੇੜੇ ਨਗਰ ਜਾਣੇ ਜਾਂਦੇ ਸਨ, ਸਾਰਿਆਂ ਨਗਰਾਂ ਵਿਚ ਬਹੁਤ ਮਨੁੱਖ ਭੇਜੇ ਗਏ॥੧੫॥

ਹੁਤੋ ਬੂੜੀਆ ਨਗਰ ਸਢੌਰਾ। ਇੱਤਜਾਦਿਕ ਪਹੁੰਚੇ ਸਭਿ ਠੌਰਾ।
ਸੌ ਦੋ ਸੌ ਪਗੀਆ ਤਹਿਂ ਲੀਨਿ। ਅਪਰ ਨ ਪ੍ਰਾਪਤਿ ਖੋਜਨ ਕੀਨਿ॥ ੧੬॥

ਨੇੜੇ ਬੂੜੀਆ ਅਤੇ ਸਢੌਰਾ ਨਗਰ ਸਨ। ਇਸ ਤਰ੍ਹਾਂ ਦੀਆਂ ਸਾਰੀਆਂ ਥਾਵਾਂ 'ਤੇ ਸੇਵਕ ਪਹੁੰਚੇ। ਉਨ੍ਹਾਂ ਨਗਰਾਂ ਵਿਚੋਂ ਸੌ ਦੋ ਸੌ ਪੱਗ ਮਿਲ ਗਈ, ਪਰ ਹੋਰ ਬਹੁਤ ਲੱਭਣ ਦੇ ਬਾਵਜੂਦ ਵੀ ਨਾ ਮਿਲੀ॥੧੬॥

ਹਟਿ ਆਏ ਜਹਿਂ ਕਹਿਂ ਤੇ ਦਾਸਿ। ਜੇਤਿਕ ਹੁਤੀ ਸੁ ਆਨੀ ਪਾਸ।
ਕਾਰਜ ਨਹੀਂ ਸਰਜੋ ਸਭਿ ਕੇਰਾ। ਦਿਵਸ ਪੰਚਮੀ ਚਢੇ ਅਖੇਰਾ॥ ੧੭॥

ਸੇਵਕ ਜਿਥੋਂ ਕਿਥੋਂ ਹੋ ਕੇ ਵਾਪਸ ਆ ਗਏ, ਜਿੰਨੀਆਂ ਪਗੜੀਆਂ ਮਿਲੀਆਂ ਉਹ ਪਾਸ ਲੈ ਆਂਦੀਆਂ। ਪਰ ਸਾਰਿਆਂ ਦਾ ਕਾਰਜ ਨਾ ਸਰਿਆ। ਪੰਚਮੀ ਵਾਲੇ ਦਿਨ ਸ਼ਿਕਾਰ ਖੇਡਣ ਚਲੇ ਗਏ॥੧੭॥

ਪੰਥ ਦੂਨ ਕੇ ਚਲਿ ਕਰਿ ਆਏ। ਵਹਿਰਿ ਗਿਰਨ ਤੇ ਬਲ ਦਿਖਰਾਏ।
ਇਕ ਸਮ ਅਵਨੀ ਮਹਿਂ ਕਰਿ ਡੇਰਾ। ਬਿਚਰੇ ਕੇਤਿਕ ਦਿਵਸ ਅਖੇਰਾ॥੧੮॥

ਦੂਣ ਦੇ ਰਸਤੇ ਚਲ ਕੇ ਆ ਗਏ ਤੇ ਪਹਾੜਾਂ ਤੋਂ ਬਾਹਰ ਸਥਾਨ ਵੇਖੇ। ਇਕ ਸਮਾਨ ਬਰਾਬਰ ਧਰਤੀ ਵਿਚ ਡੇਰਾ ਕੀਤਾ, ਕਈ ਦਿਨ ਸ਼ਿਕਾਰ ਖੇਡਦੇ ਫਿਰਦੇ ਰਹੇ॥੧੮॥

ਇਕ ਕਪਾਲ ਮੋਚਨ ਸੁਭ ਤਾਲ। ਤਹਿਂ ਕੋ ਮੇਲਾ ਅਯੋ ਬਿਸਾਲ।
ਸੁਨਜੋਂ ਸੁ ਤੀਰਥ ਸਤਿਗੁਰ ਜਬੈ। ਸਭਿਹਿਨਿ ਮਹਿਂ ਬੋਲਹਿਂ ਇਮ ਤਬੈ॥੧੯॥

ਇਕ ਕਪਾਲ ਮੋਚਨ ਸ਼ੁਭ ਸਰੋਵਰ ਹੈ, ਉਥੇ ਦਾ ਵਿਸ਼ਾਲ ਮੇਲਾ ਆ ਗਿਆ। ਸਤਿਗੁਰੂ ਜੀ ਨੇ ਜਦ ਉਸ ਤੀਰਥ ਬਾਰੇ ਸੁਣਿਆ ਤਾਂ ਸਾਰਿਆਂ ਵਿਚ ਫਿਰ ਇਸ ਤਰ੍ਹਾਂ ਬੋਲੇ॥੧੯॥

'ਚਲਹੁ ਕਰਹਿਂ ਮੇਲਾ ਤਿਸ ਥਾਨਾ। ਆਵਤਿ ਖਿਲਹਿਂ ਅਖੇਰ ਮਹਾਨਾ'।
ਇਮ ਕਹਿ ਕਰਿ ਤਜਾਰੀ ਕਰਿਵਾਈ। ਸੈਨਾ ਸੰਗਿ ਚਢੀ ਸਮੁਦਾਈ॥੨੦॥

"ਚਲੋ ਉਸ ਸਥਾਨ ਜਾ ਕੇ ਮੇਲਾ ਲਾਈਏ ਤੇ ਆਉਂਦੇ ਹੋਏ ਮਹਾਨ ਸ਼ਿਕਾਰ ਖਿਡਾਂਗੇ।" ਇਸ ਤਰ੍ਹਾਂ ਕਹਿ ਕੇ ਤਿਆਰੀ ਕਰਵਾਈ, ਸਾਰੇ ਲੋਕ ਸੈਨਾ ਦੇ ਨਾਲ ਚੜ੍ਹ ਪਏ॥੨੦॥

ਬਜਤਿ ਬਡੋ ਰਣਜੀਤ ਨਗਾਰਾ। ਆਨਿ ਪਹੂੰਚੇ ਥਾਨ ਨਿਹਾਰਾ।
ਡੇਰਾ ਕਰਜੋ ਤਾਨਿ ਸ਼ਮਿਯਾਨੇ। 'ਸਤਿਗੁਰ ਥਿਰੇ ਸਭਿਨਿ ਸੁਨਿ ਕਾਨੇ॥੨੧॥

ਰਣਜੀਤ ਨਗਾਰਾ ਬਹੁਤ ਉੱਚੀ ਵੱਜਦਾ ਸੀ, ਤੀਰਥ ਵਾਲੇ ਸਥਾਨ 'ਤੇ ਪਹੁੰਚ ਗਏ, ਉਸ ਜਗ੍ਹਾ ਨੂੰ ਵੇਖਿਆ। ਸ਼ਾਮਿਆਣੇ ਤਾਣ ਕੇ ਡੇਰਾ ਲਾ ਲਿਆ, "ਜਦ ਨੇੜੇ ਦੂਰ ਦੇ ਲੋਕਾਂ ਨੇ ਸੁਣਿਆ ਕਿ ਉਥੇ ਸਤਿਗੁਰੂ ਜੀ ਠਹਿਰੇ ਹਨ॥੨੧॥

ਸੇਵਕ ਸਿੱਖ ਆਨਿ ਪਗ ਪਰਸਹਿਂ। ਪਾਇਂ ਕਾਮਨਾ ਦਰਸ਼ਨ ਦਰਸਹਿਂ।
ਕਾਤਕ ਕੀ ਪੂਰਣਮਾ ਨੇਰੇ। ਮੇਲਾ ਭਯੋ ਸਕੇਲ ਘਨੇਰੇ॥ ੨੨॥

ਤਾਂ ਸਿੱਖ ਸੇਵਕ ਆ ਕੇ ਚਰਨਾਂ ਨੂੰ ਪਰਸਦੇ ਸਨ ਤੇ ਦਰਸ਼ਨ ਕਰਕੇ ਕਾਮਨਾਵਾਂ ਪੂਰੀਆਂ ਕਰਦੇ ਸਨ। ਕੱਤਕ ਦੀ ਪੂਰਨਮਾਸ਼ੀ ਨੇੜੇ ਹੀ ਸੀ। ਬਹੁਤ ਵੱਡਾ ਮੇਲਾ ਇਕੱਠਾ ਹੋ ਗਿਆ॥੨੨॥

ਤਬਹਿ ਮਸੰਦਨ ਸਤਿਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ।
'ਮਹਾਰਾਜ ਹਮ ਬਹੁ ਪੁਰਿ ਫਿਰੇ। ਪਗੀਯਾ ਥੋਰੀ ਲਜਾਵਨਿ ਕਰੇ॥ ੨੩॥

ਤਦ ਮਸੰਦਾਂ ਨੇ ਸਤਿਗੁਰੂ ਪਾਸ ਹੱਥ ਜੋੜ ਕੇ ਬੇਨਤੀ ਕੀਤੀ। "ਮਹਾਰਾਜ ਅਸੀਂ ਬਹੁਤ ਨਗਰ ਫਿਰੇ ਹਾਂ, ਪੱਗਾਂ ਬਹੁਤ ਥੋੜ੍ਹੀਆਂ ਲਿਆਏ ਹਾਂ॥੨੩॥

ਖਰਚ ਹਜ਼ਾਰ ਪਾਗ ਕੋ ਅਬੈ। ਕਰੇ ਉਪਾਇ ਨ ਪ੍ਰਾਪਤਿ ਸਬੈ।
ਹੁਕਮ ਆਪ ਕੋ ਹੋਇ ਸੁ ਕਰੀਅਹਿ। ਕਿਤ ਤੇ ਆਨਹਿਂ ? ਨਹੀਂ ਨਿਹਰੀਅਹਿ॥੨੪॥

ਏਥੇ ਇਕ ਹਜ਼ਾਰ ਪੱਗ ਲੱਗ ਜਾਣ ਦਾ ਅਨੁਮਾਣ ਹੈ, ਬਹੁਤ ਉਪਾਅ ਕੀਤੇ ਹਨ, ਪਰ ਪੱਗਾਂ ਪ੍ਰਾਪਤ ਨਹੀਂ ਹੋਈਆਂ ਹਨ। ਆਪ ਜੀ ਦਾ ਜੋ ਹੁਕਮ ਹੋਵੇ ਸੋ ਕਰੀਏ, ਕਿੱਥੋਂ ਲਿਆਈਏ ਨੇੜੇ ਕਿਤੇ ਵੀ ਮਿਲਦੀਆਂ ਨਹੀਂ ਹਨ॥੨੪॥

Sri Satguru Jagjit Singh Ji eLlibrary NamdhariElibrary@gmail.com

ਤਬਿ ਸਤਿਗੁਰ ਉਰ ਚਰਿਤ ਬਿਚਾਰਾ। ਬਲ ਤੇ ਛੀਨਹਿਂ ਕਰਹਿਂ ਪੁਕਾਰਾ।
ਭਾਗ ਜਾਇਂ, ਮੇਲਾ ਡਰਪਾਵੈ। ਬਿਗਰੇ, ਜੰਗ ਕਰਨਿ ਬਨਿ ਆਵੈ॥ ੨੫॥

ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਇਕ ਚਰਿਤਰ ਵਿਚਾਰਿਆ। ਬਲ ਨਾਲ ਪੱਗਾਂ ਖੋਹ ਲਵਾਂਗੇ ਤਾਂ ਫਿਰ ਪੁਕਾਰ ਕਰਨਗੇ। ਸਾਰਾ ਮੇਲਾ ਡਰਦਾ ਹੋਇਆ ਭੱਜ ਜਾਵੇਗਾ, ਜੇ ਵਿਗੜ ਖਲੋਤੇ ਤਾਂ ਜੰਗ ਕਰਨਾ ਪਵੇਗਾ॥੨੫॥

ਤਊ ਨ ਸਰਿ ਹੈ ਕਾਰਜ ਕੋਊ। ਕਰਹਿਂ ਸੁ ਇਮ ਸੁਖ ਤੇ ਸਿਧ ਹੋਊ।
ਨਿਜ ਸੁਭਟਨ ਸੋਂ ਹੁਕਮ ਬਖਾਨਾ। 'ਬਿਚਰਹੁ ਮੇਲੇ ਮਹਿਂ ਸਵਧਾਨਾ॥ ੨੬॥

ਫਿਰ ਵੀ ਉਸ ਨਾਲ ਕੋਈ ਕਾਰਜ ਨਹੀਂ ਸਰੇਗਾ ਤਾਂ ਇਸ ਤਰ੍ਹਾਂ ਕਰਾਂਗੇ ਜਿਹੜਾ ਕਾਰਜ ਸੁਖ ਨਾਲ ਹੀ ਸਿਧ ਹੋ ਜਾਵੇਗਾ। ਗੁਰੂ ਜੀ ਨੇ ਆਪਣੇ ਸੂਰਮਿਆਂ ਨੂੰ ਹੁਕਮ ਕੀਤਾ, "ਮੇਲੇ ਵਿਚ ਸਾਵਧਾਨ ਹੋ ਕੇ ਫਿਰੋ॥੨੬॥

ਕਰਹਿਂ ਬਿਅਦਬੀ ਤੀਰਥ ਕੇਰੀ। ਤਜਾਗਹਿ ਲਘੁ ਸ਼ੰਕਾ ਲਿਹੁ ਹੇਰੀ।
ਨਿਕਟ ਤਾਲ ਕੇ ਜੋ ਨਰ ਹੋਇ। ਕਰਹਿ ਪਖਾਰਨ ਕਰ ਬਿਚ ਕੋਇ॥ ੨੭॥

ਜਿਹੜੇ ਵੀ ਤੀਰਥ ਦੀ ਬੇਅਦਬੀ ਕਰਦੇ ਫੜੇ ਜਾਣ, ਕਿਸੇ ਨੂੰ ਵੀ ਤੀਰਥ ਦੇ ਘੇਰੇ ਅੰਦਰ ਪਿਸ਼ਾਬ ਕਰਦਾ ਵੇਖ ਲਵੋ, ਸਰੋਵਰ ਵਿਚ ਜੇ ਕੋਈ ਗੰਦੇ ਹੱਥ ਪੈਰ ਧੋਣ॥੨੭॥

ਤਿਨਕੀ ਪਗੀਯਾ ਲੇਹੁ ਉਤਾਰੀ। ਨਹਿਂ ਮਾਰਹੁ ਦੀਜਹਿ ਬਹੁ ਗਾਰੀ।
ਬਿਚਰਹੁ ਚਹੁੰਦਿਸ਼ਿ ਤੀਰਥ ਕੇਰ। ਕਰਹਿ ਬਿਅਦਬੀ ਫਲ ਦਿਹੁ ਹੇਰਿ'॥੨੮॥

ਉਨ੍ਹਾਂ ਦੀ ਪੱਗ ਲਾਹ ਲਵੋ, ਉਨ੍ਹਾਂ ਨੂੰ ਮਾਰੋ ਨਹੀਂ, ਬਹੁਤ ਗਾਲੀਆਂ ਦੇਵੋ। ਤੀਰਥ ਦੇ ਚਾਰ ਚੁਫੇਰੇ ਫਿਰੋ, ਜਿਹੜਾ ਵੀ ਬੇਅਦਬੀ ਕਰਦਾ ਹੈ, ਉਸ ਨੂੰ ਵੇਖ ਕੇ ਸਜ਼ਾ ਦੇਵੋ"॥੨੮॥

ਸੁਨਿ ਗੁਰ ਹੁਕਮ ਸੁਭਟ ਸਵਧਾਨੇ। ਗਹੇ ਸਿਪਰ ਅਰੁ ਹਾਥ ਕ੍ਰਿਪਾਨੇ।
ਲਘੁ ਸ਼ੰਕਾ ਤਜਾਗਤਿ ਗਤਿ ਜੋ ਨੇਰੇ। ਬਿਚਰਤਿ ਜਿਤ ਕਿਤ ਨਰ ਕੋ ਹੇਰੇਂ॥੨੯॥

ਗੁਰੂ ਜੀ ਦਾ ਹੁਕਮ ਸੁਣ ਕੇ ਸੂਰਬੀਰ ਸਾਵਧਾਨ ਹੋ ਗਏ ਤੇ ਉਨ੍ਹਾਂ ਨੇ ਹੱਥਾਂ ਵਿਚ ਢਾਲਾਂ ਅਤੇ ਕਿਰਪਾਨਾਂ ਫੜ ਲਈਆਂ। ਜਿਹੜਾ ਵੀ ਤੀਰਥ ਦੇ ਨੇੜੇ ਪਿਸ਼ਾਬ ਕਰਦਾ ਸੀ ਤੇ ਸੂਰਮੇ ਫਿਰਦੇ ਹੋਏ ਜਿਸ ਵੀ ਮਨੁੱਖ ਨੂੰ ਵੇਖ ਲੈਂਦੇ ਸਨ॥੨੯॥

ਤਿਸ ਕੀ ਤੂਰਨ ਪਾਗ ਉਤਾਰੈਂ। ਸਮੁਝਾਵਹਿਂ ਅਰੁ ਗਾਰਿ ਨਿਕਾਰੈਂ।
'ਮੂਢਹੁ ਪਾਪ ਕਰਨਿ ਕੌ ਆਏ। ਕੈ ਸ਼ਨਾਨ ਤੇ ਚਹਤਿ ਗਵਾਏ'॥ ੩੦॥

ਉਸ ਦੀ ਤੁਰਤ ਹੀ ਪੱਗ ਉਤਾਰ ਲੈਂਦੇ ਸਨ, ਸਮਝਾਉਂਦੇ ਸਨ ਅਤੇ ਗਾਲ੍ਹਾਂ ਕੱਢਦੇ ਸਨ, "ਮੂਰਖ ਪਾਪ ਕਰਨ ਆਏ ਹਨ ਜਾਂ ਇਸ਼ਨਾਨ ਕਰਕੇ ਪਾਪਾਂ ਨੂੰ ਗਵਾਉਣਾ ਚਾਹੁੰਦਾ ਹੋ"॥੩੦॥

ਸੁਨਿ ਤੂਸ਼ਨਿ ਹੁਇ ਕਰਤਿ ਨ ਬੈਨ। ਭਾਜਹਿਂ ਇਤ ਉਤ ਕਰਿ ਤਰੁ ਨੈਨ।
ਆਛੀ ਭਨਹਿਂ ਸਕਲ ਮਨ ਜਾਨੈ। ਪਾਗ ਛਿਨਾਇ ਕਛੁ ਨ ਬਖਾਨੈਂ॥ ੩੧॥

ਇਹ ਸੁਣ ਕੇ ਸਾਰੇ ਚੁਪ ਹੋ ਜਾਂਦੇ ਸਨ ਤੇ ਅਗੋਂ ਨਹੀਂ ਬੋਲਦੇ ਸਨ ਤੇ ਨੈਣ ਗਿੱਲੇ ਕਰਕੇ ਏਧਰ ਓਧਰ ਭੱਜ ਜਾਂਦੇ ਸਨ। ਸਾਰੇ ਸਮਝਦੇ ਸਨ ਕਿ ਇਹ ਠੀਕ ਗੱਲ ਕਹਿ ਰਹੇ ਹਨ। ਪੱਗ ਖੁਹਾ ਕੇ ਕੁਝ ਵੀ ਨਹੀਂ ਕਹਿੰਦੇ ਸਨ॥੩੧॥

ਇਮ ਲੇ ਲੇ ਜੋਧਾ ਬਲਵਾਨ। ਕਰਹਿਂ ਸੰਭਾਰਨਿ ਕਰਿ ਇਕ ਥਾਨ।
ਤੀਨ ਦਿਵਸ ਲੌ ਬਿਚਰਤਿ ਐਸੇ। ਪਗੀਆ ਕਰਹਿਂ ਉਤਾਰਨਿ ਤੈਸੇ॥ ੩੨॥

ਇਸ ਤਰ੍ਹਾਂ ਪੱਗਾਂ ਲੈ ਲੈ ਕੇ ਜੋਧੇ ਬਲਵਾਨ, ਇਕ ਥਾਂ ਇਕੱਠੀਆਂ ਕਰੀ ਜਾਂਦੇ ਸਨ। ਤਿੰਨ ਦਿਨ ਉਥੇ ਇਸ ਤਰ੍ਹਾਂ ਫਿਰਦੇ ਰਹੇ, ਉਸ ਤਰ੍ਹਾਂ ਹੀ ਪੱਗਾਂ ਉਤਾਰਦੇ ਰਹੇ॥੩੨॥

**ਸਭਿ ਨਰ ਜਹਿਂ ਕਹਿਂ ਮਿਲੈਂ ਅਲਾਵੈਂ। 'ਤੀਰਥ ਅਦਬ ਗੁਰੂ ਰਖਵਾਵੈਂ।**
**ਨਰ ਮੂਰਖ ਮਹਿਮਾਂ ਨਹਿਂ ਜਾਨਹਿਂ। ਅਘ ਨਹਿਂ ਹਰਹਿਂ ਉਲਟ ਗਨ ਠਾਨਹਿਂ॥੩੩॥**

ਸਾਰੇ ਮਨੁੱਖ ਜਿੱਥੇ ਕਿੱਥੇ ਮਿਲ ਕੇ ਕਹਿੰਦੇ ਸਨ, "ਗੁਰੂ ਜੀ ਤੀਰਥ ਦਾ ਅਦਬ ਰਖਵਾ ਰਹੇ ਹਨ। ਮੂਰਖ ਮਨੁੱਖ ਮਹਿਮਾ ਨਹੀਂ ਸਨ ਜਾਣਦੇ, ਪਾਪਾਂ ਨੂੰ ਦੂਰ ਨਹੀਂ ਕਰਦੇ ਸਨ, ਉਲਟਾ ਹੋਰ ਪਾਪ ਕਮਾਉਂਦੇ ਸਨ॥੩੩॥

**ਧੰਨ ਧੰਨ' ਭਾਖਹਿਂ ਸਭਿ ਲੋਗ। 'ਸ੍ਰੀ ਗੋਬਿੰਦ ਸਿੰਘ ਠਾਨਹਿਂ ਜੋਗ।**
**ਆਛੋ ਕਰਨ ਹੇਤੁ ਉਪਦੇਸ਼। ਮਹਾਂ ਪੁਰਖ ਕੋ ਹੋਨਿ ਵਿਸ਼ੇਸ਼'॥ ੩੪॥**

'ਧੰਨ ਧੰਨ' ਸਭ ਲੋਕ ਕਹਿੰਦੇ ਸਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਨਾਸਬ ਅਤੇ ਯੋਗ ਕਾਰਵਾਈ ਕਰ ਰਹੇ ਹਨ। ਇਹ ਮਨੁੱਖਾਂ ਵਾਸਤੇ ਚੰਗਾ ਉਪਦੇਸ਼ ਹੈ, ਮਹਾਂਪੁਰਖ ਬਣਨ ਵਾਸਤੇ ਇਹ ਵਿਸ਼ੇਸ਼ ਹੈ॥੩੪॥

**ਇੱਤਜਾਦਿਕ ਕਹਿ ਮਿਲਿ ਸਮੁਦਾਏ। ਪਾਗ ਛਿਨਾਇ ਸੁ ਪੁਨ ਪਛੁਤਾਏ।**
**ਤੀਨ ਦਿਵਸ ਲਗਿ ਮੇਲ ਸਕੇਲੇ। ਕਰਿ ਪਗੀਅਨਿ ਕੋ ਕਾਜ ਸੁਹੇਲੇ॥ ੩੫॥**

ਇਸ ਤਰ੍ਹਾਂ ਮਿਲ ਕੇ ਸਾਰੇ ਕਹਿੰਦੇ ਸਨ, ਪੱਗ ਖਵਾਉਂਦੇ ਸੀ, ਬਾਅਦ ਵਿਚ ਪਛੁਤਾਉਂਦੇ ਸਨ। ਤਿੰਨਾਂ ਦਿਨ ਤਕ ਮੇਲਾ ਇਕੱਠਾ ਹੁੰਦਾ ਰਿਹਾ। ਪੱਗਾਂ ਇਕੱਠੀਆਂ ਕਰਨ ਦਾ ਕਾਰਜ ਸੌਖਾ ਕਰ ਲਿਆ॥੩੫॥

**ਜਗ ਮਹਿਂ ਸੁਜਸੁ ਲੀਨਿ ਬਹੁਤੇਰੋ। ਦਰਸਹਿਂ ਪੂਜਹਿਂ ਭਾਵ ਘਨੇਰੋ।**
**ਪਗੀਆ ਗਿਨੀ ਸਾਤ ਸੈ ਭਈ। ਧੋਵਨ ਹਿਤ ਧੁਬੀਆ ਕੋ ਦਈ॥ ੩੬॥**

ਜਗ ਵਿਚ ਬਹੁਤ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ ਹੈ, ਬੜੇ ਪ੍ਰੇਮ ਨਾਲ ਦਰਸ਼ਨ ਕਰਕੇ ਪੂਜਾ ਕਰਦੇ ਹਨ। ਜਦ ਸਾਰੀਆਂ ਪੱਗਾਂ ਗਿਣੀਆਂ ਗਈਆਂ ਤਾਂ ਸਤ ਸੌ ਪੱਗ ਇਕੱਠੀ ਹੋਈ, ਸਾਰੀਆਂ ਪੱਗਾਂ ਧੋਣ ਵਾਸਤੇ ਧੋਬੀਆਂ ਨੂੰ ਦੇ ਦਿੱਤੀਆਂ ਗਈਆਂ॥੩੬॥

**ਕਰਿਕੈ ਤਯਾਰ ਗੁਰੂ ਢਿਗ ਆਨੀ। ਮਲ ਬਿਨ ਰੁਚਰ ਸੁਪੇਦ ਮਹਾਨੀ।**
**ਆਗਲ ਪਾਛਲ ਕਰਿ ਇਕਠਾਈ। ਗਨ ਮਸੰਦ ਸਿਖ ਲਏ ਬੁਲਾਈ॥ ੩੭॥**

ਪੱਗਾਂ ਤਿਆਰ ਕਰਕੇ ਗੁਰੂ ਜੀ ਪਾਸ ਲਿਆਏ, ਸਾਰੀਆਂ ਮੈਲ ਤੋਂ ਬਗੈਰ ਸੁੰਦਰ ਸਫੇਦ ਸਨ। ਪਹਿਲੀਆਂ ਤੇ ਮਗਰਲੀਆਂ ਇਕੱਠੀਆਂ ਕਰ ਲਈਆਂ ਤੇ ਬਹੁਤ ਮਸੰਦਾਂ ਅਤੇ ਸਿੱਖਾਂ ਨੂੰ ਬੁਲਾ ਲਿਆ॥੩੭॥

**ਸਭਿ ਕੇ ਸੀਸ ਦਈ ਬੰਧਵਾਇ। ਇਸ ਪ੍ਰਕਾਰ ਦੇ ਕਰਿ ਸਿਰੁਪਾਇ।**
**ਸੰਗਤਿ ਬ੍ਰਿੰਦ ਮਸੰਦ ਜਿ ਆਏ। ਕਰੇ ਬਿਦਾ ਸਭਿ ਸਦਨ ਸਿਧਾਏ॥ ੩੮॥**

ਸਾਰਿਆਂ ਦੇ ਸਿਰਾਂ ਤੇ ਪੱਗਾਂ ਬੰਨ੍ਹਵਾ ਦਿੱਤੀਆਂ। ਇਸ ਪ੍ਰਕਾਰ ਸਿਰੋਪੇ ਦੇ ਕੇ ਸੰਗਤ ਦੇ ਜਿਹੜੇ ਬਹੁਤ ਸਿੱਖ ਅਤੇ ਮਸੰਦ ਆਏ ਸਨ, ਸਾਰਿਆਂ ਨੂੰ ਵਿਦਾ ਕੀਤਾ ਤੇ ਸਾਰੇ ਆਪੋ ਆਪਣੀ ਘਰੀਂ ਚਲੇ ਗਏ॥੩੮॥

**ਕੇਤਿਕ ਦਿਨ ਰਾਖ੍ਯੋ ਤਹਿਂ ਡੇਰਾ। ਕਈ ਬਾਰ ਚਢਿ ਗਏ ਅਖੇਰਾ।**
**ਅਨਿਕ ਬਿਧਿਨਿ ਕੇ ਕਰੇ ਬਿਲਾਸਾ। ਜੁਗ ਤੀਰਥ ਪਰ ਕੀਨਿਸਿ ਬਾਸਾ॥ ੩੯॥**

ਉਥੇ ਕਈ ਦਿਨ ਡੇਰਾ ਰੱਖਿਆ ਤੇ ਕਈ ਵਾਰ ਘੋੜ-ਸਵਾਰ ਹੋ ਕੇ ਸ਼ਿਕਾਰ ਖੇਡਣ ਗਏ। ਅਨੇਕ ਵਿਧੀਆਂ ਨਾਲ ਅਨੰਦ ਵਿਲਾਸ ਕੀਤਾ ਤੇ ਦੋਵਾਂ ਤੀਰਥਾਂ 'ਤੇ ਵਾਸਾ ਕੀਤਾ॥੩੯॥

ਸੁਨਿ ਸੁਨਿ ਜਸੁ ਸੇਵਕ ਸਮੁਦਾਏ। ਧਰਿ ਧਰਿ ਭਾਵ ਦਰਸ ਕੋ ਆਏ।
ਜਥਾ ਸ਼ਕਤਿ ਕੀ ਧਰਹਿਂ ਅਕੋਰ। ਕਦਮ ਪਦਮ ਬੰਦਹਿਂ ਕਰ ਜੋਰਿ॥ ੪੦॥

ਗੁਰੂ ਜੀ ਦਾ ਜੱਸ ਸੁਣ ਸੁਣ ਕੇ ਸਾਰੇ ਸੇਵਕ ਪ੍ਰੇਮ ਧਾਰਨ ਕਰ-ਕਰ ਦਰਸ਼ਨਾਂ ਵਾਸਤੇ ਆਉਂਦੇ ਸਨ। ਜਥਾ ਸ਼ਕਤੀ ਅਨੁਸਾਰ ਉਪਹਾਰ ਧਰਦੇ ਸਨ ਤੇ ਚਰਨ ਕੰਵਲਾਂ 'ਤੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥੪੦॥

ਧਰਹਿਂ ਕਾਮਨਾ ਪਾਇ ਸਿਧਾਰਹਿਂ। ਅਨਿਕ ਪ੍ਰਕਾਰ ਸੁਜਸੁ ਬਿਸਥਾਰਹਿਂ।
ਪੁਨ ਸਤਿਗੁਰ ਕਰਿਕੈ ਇਸ਼ਨਾਨਾ। ਚਹਿਤਿ ਪਾਂਵਟੇ ਕਿਯਸਿ ਪਯਾਨਾ॥ ੪੧॥

ਜਿਹੜੀ ਕਾਮਨਾ ਧਾਰਨ ਕਰਦੇ ਸਨ, ਪ੍ਰਾਪਤ ਕਰਕੇ ਚਲੇ ਜਾਂਦੇ ਸਨ ਤੇ ਫਿਰ ਅਨੇਕ ਪ੍ਰਕਾਰ ਜੱਸ ਦਾ ਵਿਸਥਾਰ ਕਰਦੇ ਸਨ। ਫਿਰ ਗੁਰੂ ਜੀ ਇਸ਼ਨਾਨ ਕਰਕੇ, ਪਾਉਂਟੇ ਨਗਰ ਵਲ ਚਲੇ ਗਏ॥੪੧॥

ਗਰਜਤਿ ਬਹੁ ਰਣਜੀਤ ਨਗਾਰਾ। ਚਢੀ ਬਾਹਿਨੀ ਹੁਇ ਹੁਇ ਤਯਾਰਾ।
ਪੰਥ ਪਾਂਵਟੇ ਚਲਿ ਕਰਿ ਗਏ। ਇਕ ਨਿਸ ਮਗ ਬਸਿ ਪਹੁੰਚਤਿ ਭਏ॥ ੪੨॥

ਰਣਜੀਤ ਨਗਾਰਾ ਬਹੁਤ ਉੱਚੀ ਗੱਜਦਾ ਸੀ, ਸਾਰੀ ਸੈਨਾ ਤਿਆਰ ਹੋ ਕੇ ਚੜ੍ਹ ਪਈ। ਪਾਉਂਟੇ ਦੇ ਮਾਰਗ ਚਲ ਕੇ ਆ ਗਏ, ਤੇ ਇਕ ਰਾਤ ਰਾਹ ਵਿਚ ਠਹਿਰ ਕੇ ਪਾਉਂਟੇ ਨਗਰ ਵਿਚ ਪਹੁੰਚ ਗਏ॥੪੨॥

*ਦੂਸਰੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥*

## ਅਧਿਆਇ ਪੰਜਵਾਂ

### *ਰਾਜ ਕੌਰ ਦਾ ਹਾਲ*

*ਦੋਹਰਾ-* ਬਸੇ ਪਾਂਵਟੇ ਪੁਰਿ ਬਿਖੈ ਹਯ ਸੈਨਾ ਸਮੁਦਾਇ।
ਮੰਗਲ ਅਨਿਕ ਪ੍ਰਕਾਰ ਕੇ ਦਿਨ ਪ੍ਰਤਿ ਗਨ ਸੁਖਦਾਇ॥ ੧॥

ਘੋੜੇ ਅਤੇ ਸਾਰੀ ਸੈਨਾ ਸਮੇਤ ਪਾਉਂਟੇ ਨਗਰ ਵਿਚ ਵਸੇ, ਪ੍ਰਤੀ ਦਿਨ ਅਨੇਕ ਪ੍ਰਕਾਰ ਦੇ ਸੁਖਦਾਇਕ ਮੰਗਲ ਕਰਦੇ ਸਨ॥੧॥

*ਚੌਪਈ-* ਜਿਤ ਕਿਤ ਤੇ ਗਨ ਸੰਗਤਿ ਆਵੈ। ਬਸਤ੍ਰ ਸ਼ਸਤ੍ਰ ਬਹੁ ਬਿਧਿ ਅਰਪਾਵੈ।
ਬਹੁ ਮੋਲੇ ਹਯ ਤੁਰਕੀ ਤਾਜ਼ੀ। ਚਪਲ ਬਲੀ ਆਨਹਿਂ ਬਰ ਬਾਜੀ॥ ੨॥

ਜਿੱਥੋਂ ਕਿੱਥੋਂ ਬਹੁਤ ਸੰਗਤ ਆਉਂਦੀ ਸੀ, ਬਸਤਰ ਸ਼ਸਤਰ ਬਹੁਤ ਵਿਧੀਆਂ ਨਾਲ ਅਰਪਣ ਕਰਦੇ ਸਨ। ਬਹੁਤ ਕੀਮਤੀ ਤੁਰਕੀ ਘੋੜੇ ਜਿਹੜੇ ਬੜੇ ਚੰਚਲ ਬਲਵਾਨ ਅਤੇ ਸ੍ਰੇਸ਼ਟ ਹੁੰਦੇ ਸਨ, ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲਿਆਉਂਦੇ ਸਨ॥੨॥

ਬਿਦਤ ਬਾਤ ਸਭਿ ਜਗਤ ਮਝਾਰ। 'ਸਤਿਗੁਰ ਚਾਹਤਿ ਹਯ ਹੱਥਦਾਰ'।
ਸੁਨਿ ਸੁਨਿ ਸਿਖ ਬਹੁ ਜਤਨ ਉਪਾਵੈਂ। ਜਿਤ ਕਿਤ ਦਰਬ ਦੇਤਿ ਹਯ ਲਜਾਵੈਂ॥੩॥

ਸਾਰੇ ਜਗਤ ਵਿਚ ਇਹ ਗੱਲ ਪ੍ਰਗਟ ਹੈ, "ਸਤਿਗੁਰੂ ਜੀ ਘੋੜੇ ਅਤੇ ਹਥਿਆਰ ਚਾਹੁੰਦੇ ਹਨ।" ਇਹ ਸੁਣ-ਸੁਣ ਕੇ ਸਿੱਖ ਬਹੁਤ ਯਤਨ ਅਤੇ ਉਪਾਵ ਕਰਦੇ ਸਨ, ਜਿੱਥੇ ਕਿੱਥੇ ਧਨ ਦੇ ਕੇ ਘੋੜੇ ਲਿਆਉਂਦੇ ਸਨ॥੩॥

ਬ੍ਰਿੰਦ ਬਲਾਇਤ ਤੇ ਹੱਥਜਾਰ। ਖਰਚਹਿਂ ਧਨ ਕੋ ਰੁਚਿਰ ਨਿਹਾਰਿ।
ਜਬਿ ਅਰਪਹਿਂ ਸਤਿਗੁਰ ਕੇ ਤੀਰ। ਖੁਸ਼ੀ ਦੇਤਿ ਸਿੱਖਨ ਗੰਭੀਰ॥ ੪॥

ਬਹੁਤ ਹਥਿਆਰ ਬਾਹਰਲੇ ਮੁਲਕਾਂ ਤੋਂ ਲਿਆਉਂਦੇ ਸਨ ਤੇ ਸੁੰਦਰ ਸ਼ਸਤਰ ਵੇਖ ਕੇ ਧਨ ਖਰਚਦੇ ਸਨ। ਜਦ ਸਤਿਗੁਰੂ ਜੀ ਦੇ ਪਾਸ ਅਰਪਣ ਕਰਦੇ ਸਨ ਤਾਂ ਉਹ ਸਿੱਖਾਂ ਨੂੰ ਗੰਭੀਰ ਖੁਸ਼ੀ ਪਰਦਾਨ ਕਰਦੇ ਸਨ॥੪॥

ਸੈਫ਼, ਤੁਫੰਗ, ਤਿਖੀ ਤਰਵਾਰੈਂ। ਬਿਛੂਏ ਬਾਂਕ ਦੁਧਾਰਨਿ ਧਾਰੈਂ।
ਕੌਨ ਕੌਨ ਕੇ ਗਿਨੀਅਹਿ ਨਾਮੂ। ਆਨਹਿਂ ਸ਼ਸਤ੍ਰ ਮਹਿਦ ਅਭਿਰਾਮੂ॥ ੫॥

ਬਰਛੇ, ਬੰਦੂਕਾਂ ਅਤੇ ਤਿਖੀਆਂ ਤਲਵਾਰਾਂ, ਟੇਢੇ ਅਤੇ ਦੋ ਧਾਰਾਂ ਵਾਲੇ ਬਿਛੂਏ, ਇਨ੍ਹਾਂ ਹਥਿਆਰਾਂ ਦੇ ਕਿਹੜੇ ਨਾਮ ਗਿਣੀਏ ਬਹੁਤ ਸੁੰਦਰ ਹਥਿਆਰ ਲੈ ਕੇ ਆਉਂਦੇ ਸਨ॥੫॥

ਜਬਿ ਅਰਪਹਿਂ ਗੁਰ ਕਰ ਮਹਿਂ ਧਾਰੈਂ। ਲੋਹਾ ਪਰਖਹਿਂ ਭਲੇ ਨਿਹਾਰੈਂ।
ਕਰਹਿਂ ਸਰਾਹਨਿ ਅਨਿਕ ਪ੍ਰਕਾਰਾ। ਦੇਂ ਸਿਖ ਕੌਂ ਪੁਨ ਖੁਸ਼ੀ ਅਪਾਰਾ॥ ੬॥

ਜਦ ਸਿੱਖ ਅਰਪਣ ਕਰਦੇ ਸਨ ਤਾਂ ਗੁਰੂ ਜੀ ਹਥਿਆਰਾਂ ਨੂੰ ਆਪਣੇ ਹੱਥ ਵਿਚ ਧਾਰਨ ਕਰਦੇ ਸਨ ਤੇ ਲੋਹਾ ਪਰਖ ਕੇ ਭਲੀ ਪ੍ਰਕਾਰ ਵੇਖਦੇ ਸਨ। ਗੁਰੂ ਜੀ ਅਨੇਕ ਪ੍ਰਕਾਰ ਸ਼ਲਾਘਾ ਕਰਦੇ ਸਨ ਤੇ ਫਿਰ ਉਸ ਸਿੱਖ ਨੂੰ ਅਪਾਰ ਖੁਸ਼ੀ ਬਖਸ਼ਦੇ ਸਨ॥੬॥

ਤਿਮ ਹੀ ਤਰਲ ਤੁਰੰਗਮ ਹੇਰੈਂ। ਜੋ ਆਨਹਿਂ ਦੇ ਖੁਸ਼ੀ ਬਡੇਰੈਂ।
ਯਾਂਤੇ ਚਿਤ ਮਹਿਂ ਚੋਪ ਚਹੰਤੇ। ਜਿਤ ਕਿਤ ਤੇ ਆਨਹਿਂ ਧਨਵੰਤੇ॥ ੭॥

ਉਸ ਤਰ੍ਹਾਂ ਹੀ ਚੰਚਲ ਘੋੜਿਆਂ ਨੂੰ ਵੇਖਦੇ ਸਨ, ਜਿਹੜੇ ਸਿੱਖ ਵੱਡੀ ਖੁਸ਼ੀ ਕਰਕੇ ਲਿਆਉਂਦੇ ਸਨ। ਇਸ ਕਰਕੇ ਚਿੱਤ ਵਿਚ ਬੜਾ ਸ਼ੌਕ ਭਰ ਕੇ ਧਨੀ ਲੋਕ ਜਿੱਥੋਂ ਕਿੱਥੋਂ ਲੈ ਕੇ ਆਉਂਦੇ ਸਨ॥੭॥

ਨਿਤਪ੍ਰਤਿ ਰਹਤਿ ਭੀਰ ਦਰਬਾਰ। ਕਾਂਖੀ ਦਰਸ਼ਨ ਕਈ ਹਜ਼ਾਰ।
ਬਰ ਕੋ ਪਾਇ ਕਾਮਨਾ ਪੂਰਹਿਂ। ਨਹਿਂ ਤ੍ਰਿਪਤਹਿਂ ਪਿਖਿ ਸ਼੍ਰੀ ਮੁਖ ਰੂਰਹਿਂ॥ ੮॥

ਗੁਰੂ ਜੀ ਦੇ ਦਰਬਾਰ ਵਿਚ ਸਦਾ ਭੀੜ ਲੱਗੀ ਰਹਿੰਦੀ ਸੀ। ਕਈ ਹਜ਼ਾਰ ਦਰਸ਼ਨਾਂ ਦੇ ਅਭਿਲਾਸ਼ੀ ਸਿੱਖ ਵਰ ਪ੍ਰਾਪਤ ਕਰਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਪਰ ਗੁਰੂ ਜੀ ਦੇ ਸੁੰਦਰ ਮੁਖ ਨੂੰ ਵੇਖ ਕੇ ਤ੍ਰਿਪਤ ਨਹੀਂ ਸੀ ਹੁੰਦੇ॥੮॥

ਅਬਿ ਸ਼੍ਰੀ ਰਾਮਰਾਇ ਕੁਛ ਕਥਾ। ਸੁਨੀਯਹਿ ਸ਼੍ਰੋਤਾ ਬੀਤੀ ਜਥਾ।
ਕਰਜੋ ਅਰਾਧਨ ਕਿਹ ਸਿਖ ਭੀਰ। ਅਧਿਕ ਦੂਰ ਕਿਤ ਸਿਮਰਜੋ ਧੀਰ॥ ੯॥

ਹੁਣ ਸ੍ਰੀ ਰਾਮ ਰਾਇ ਬਾਰੇ ਕੁਝ ਕਥਾ ਕਹਿੰਦੇ ਹਾਂ, ਹੇ ਸਰੋਤਾ ਜੀ! ਉਸ ਤਰ੍ਹਾਂ ਸੁਣੀਏ ਜਿਵੇਂ ਬੀਤੀ ਸੀ। ਕਿਸੇ ਸਿੱਖ ਭੀੜ ਪੈਣ ਤੇ ਅਰਾਧਣਾ ਕੀਤੀ, ਬਹੁਤ ਦੂਰ ਤੋਂ ਕਿਸੇ ਨੇ ਸਿਮਰਨ ਕੀਤਾ॥੯॥

ਚਿਤ ਮਹਿਂ ਚਾਹਤਿ ਕਰਨ ਸਹਾਈ। ਦਾਸ ਜਾਨਿ ਮਨ ਰਹਜੋ ਨ ਜਾਈ।
ਮਹਿਲਾ ਹੁਤੀ ਚਾਰ ਤਿਸ ਕੇਰੀ। ਰਾਜਕੁਵਰ ਸਭਿ ਬਿਖੈ ਬਡੇਰੀ॥ ੧੦॥

ਸ੍ਰੀ ਰਾਮ ਰਾਇ ਆਪਣੇ ਚਿੱਤ ਵਿਚ ਉਸਦੀ ਸਹਾਇਤਾ ਕਰਨੀ ਚਾਹੁੰਦੇ ਸਨ, ਦਾਸ ਜਾਣ ਕੇ ਮਨ ਵਿਚ ਰਿਹਾ ਨਹੀਂ ਸੀ ਜਾਂਦਾ। ਸ੍ਰੀ ਰਾਮ ਰਾਇ ਦੀਆਂ ਚਾਰ ਪਤਨੀਆਂ ਸਨ। ਰਾਜ ਕੌਰ ਨਾਮ ਦੀ ਪਤਨੀ ਸਭ ਤੋਂ ਵੱਡੀ ਸੀ॥੧੦॥

ਸੋ ਲਰਿ ਪਰੀ ਕੰਤ ਕੇ ਸੰਗ। ਸੁਨਿ ਸ਼੍ਰੋਤਾ ਕੁਛ ਤਾਂਹਿ ਪ੍ਰਸੰਗ।
ਰਿਸ ਉਰ ਧਾਰਿ ਬਿਚਾਰਤਿ ਸੋਈ। 'ਮੇਰੋ ਰਹਨਿ ਨਹੀਂ ਅਬਿ ਹੋਈ॥ ੧੧॥

ਉਹ ਆਪਣੇ ਪਤੀ ਨਾਲ ਲੜ ਪਈ, ਹੇ ਸਰੋਤਾਗਨ ! ਹੁਣ ਰਾਮ ਰਾਇ ਦੀ ਉਸ ਪਤਨੀ ਬਾਰੇ ਪ੍ਰਸੰਗ ਸੁਣੋ। ਬੜਾ ਗੁੱਸਾ ਧਾਰ ਉਹ ਪਤਨੀ ਵਿਚਾਰਨ ਲੱਗੀ, "ਮੇਰਾ ਏਥੇ ਹੁਣ ਰਹਿਣ ਨਹੀਂ ਹੋਵੇਗਾ॥੧੧॥

ਬਨੌਂ ਇਕਾਂਕੀ ਹਰਿ ਗੁਨ ਗਾਵੌਂ। ਪ੍ਰਿਥਕ ਤੁਮਹਿ ਤੇ ਬੈਸ ਬਿਤਾਵੌਂ'।
ਸੁਨਿ ਕਰਿ ਰਾਮਰਾਇ ਤਬਿ ਕਹਜੋ। 'ਇਤ ਤੇ ਪਜਾਨ ਕਰਨਿ ਕੋ ਚਹਜੋ ? ॥੧੨॥

ਇਕੱਲੀ ਹੋ ਕੇ ਹਰੀ ਦੇ ਗੁਣ ਗਾਵਾਂਗੀ, ਤੈਥੋਂ ਵਖਰੀ ਹੋ ਕੇ ਹੁਣ ਉਮਰ ਬਤੀਤ ਕਰਾਂਗੀ।" ਇਹ ਸੁਣ ਕੇ ਰਾਮ ਰਾਇ ਨੇ ਕਿਹਾ, "ਏਥੋਂ ਜਾਣਾ ਚਾਹੁੰਦੀ ਹੈਂ ?॥੧੨॥

ਜਹਿਂ ਸਿਖ ਸੰਗਤਿ ਹੋਇ ਹਮਾਰੇ। ਤਹਿਂ ਹੀ ਬੈਠੇ ਕਰਹਿਂ ਗੁਜ਼ਾਰੇ।
ਅਪਰ ਕੌਨ ਸੇ ਥਲ ਚਲਿ ਜਾਵੈਂ। ਮਮ ਸਿੱਖਨ ਤੇ ਆਪ ਪੁਜਾਵੈਂ॥ ੧੩॥

ਜਿੱਥੇ ਸਾਡੀ ਸਿੱਖ ਸੰਗਤ ਹੋਵੇਗੀ, ਉਥੇ ਹੀ ਬੈਠ ਕੇ ਗੁਜ਼ਾਰਾ ਕਰੇਂਗੀ। ਹੋਰ ਕਿਹੜੇ ਸਥਾਨ 'ਤੇ ਚਲ ਕੇ ਜਾਵੇਂਗੀ ਮੇਰੇ ਸਿੱਖਾਂ ਪਾਸੋਂ ਆਪਣੀ ਪੂਜਾ ਕਰਵਾਏਂਗੀ॥੧੩॥

ਔਰ ਕਹਾਂ ਸ਼ਕਤੀ ਕੋ ਧਾਰਹਿਂ। ਅਪਨੇ ਸਿੱਖ ਬਨਾਇ ਉਧਾਰਹਿਂ'।
ਸੁਨਿ ਪਤਿ ਤੇ ਰਿਸ ਅਤਿ ਉਪਜਾਈ। ਮੁਖ ਤੇ ਮਹਿਦ ਕਠੋਰ ਅਲਾਈ॥੧੪॥

ਹੋਰ ਸ਼ਕਤੀ ਕਿਥੋਂ ਧਾਰਨ ਕਰ ਲਵੇਂਗੀ ਕਿ ਆਪਣੇ ਸਿੱਖ ਬਣਾ ਕੇ ਉਨ੍ਹਾਂ ਦਾ ਉਧਾਰ ਕਰੇਂਗੀ।" ਪਤੀ ਪਾਸੋਂ ਇਸ ਤਰ੍ਹਾਂ ਸੁਣ ਕੇ ਰਾਜ ਕੌਰ ਬਹੁਤ ਗੁੱਸੇ ਨਾਲ ਭਰ ਗਈ ਤੇ ਮੂੰਹ ਵਿਚੋਂ ਬਹੁਤ ਕਠੋਰ ਸ਼ਬਦ ਬੋਲੇ॥੧੪॥

'ਗ੍ਰਾਮ ਨਗਰ ਜਹਿਂ ਤੁਮ ਸਿਖ ਹੋਇ। ਤਹਿਂ ਬਾਸਾ ਮੈਂ ਕਰੌਂ ਨ ਕੋਇ।
ਜਿਸ ਥਲ ਨਹੀਂ ਨਾਮ ਸਿਖ ਦਾਸ। ਤਹਿਂ ਅਵਾਸ ਕਰਿ ਲੈਹੌਂ ਬਾਸ' ॥੧੫॥

"ਜਿਸ ਪਿੰਡ ਜਾਂ ਨਗਰ ਵਿਚ ਤੇਰਾ ਸਿੱਖ ਹੋਵੇਗਾ, ਉਥੇ ਮੈਂ ਬਿਲਕੁਲ ਵਾਸਾ ਨਹੀਂ ਕਰਾਂਗੀ। ਜਿਸ ਥਾਂ ਸਿੱਖ ਸੇਵਕ ਦਾ ਨਾਮ ਤਕ ਨਹੀਂ ਹੋਵੇਗਾ, ਉਸ ਸਥਾਨ ਵਿਖੇ ਮੈਂ ਆਪਣਾ ਵਸੇਬਾ ਕਰਾਂਗੀ" ॥੧੫॥

ਇਮ ਪ੍ਰਨ ਕਰਿ ਕਸਵਾਯੋ ਡੋਰਾ। ਲੇ ਕਛੁ ਦਾਸ ਚਲੀ ਗਿਰ ਓਰਾ।
ਤੀਰ ਤੀਰ ਸੈਲਨਿ ਕੇ ਜਾਤਿ। ਉਤਰਹਿ ਕਹੂੰ ਬਸਨ ਹਿਤ ਰਾਤਿ॥ ੧੬॥

ਇਸ ਤਰ੍ਹਾਂ ਪ੍ਰਣ ਕਰਕੇ ਡੋਲਾ ਕਸਵਾਇਆ ਤੇ ਕੁਝ ਸੇਵਕ ਲੈ ਕੇ ਪਹਾੜਾਂ ਵਲ ਚਲ ਪਈ। ਪਹਾੜਾਂ ਦੇ ਕਿਨਾਰੇ ਕਿਨਾਰੇ ਜਾ ਰਹੀ ਸੀ ਤੇ ਰਾਹ ਵਿਚ ਕਿਤੇ ਰਾਤ ਕੱਟਣ ਵਾਸਤੇ ਡੋਲੇ ਵਿਚੋਂ ਉਤਰਦੀ ਸੀ॥੧੬॥

ਬਸਹਿਂ ਸਿੱਖ ਤਹਿਂ ਸੁਨਿ ਕਰਿ ਆਵੈਂ। ਜਥਾ ਸ਼ਕਤਿ ਕੁਛ ਭੇਟ ਚੜ੍ਹਾਵੈਂ।
ਤਹਿਂ ਤੇ ਪਿਖਿ ਉਠਿਵਾਵਹਿ ਡੋਰਾ। ਨਹੀਂ ਲੇਤਿ ਕਿਸ ਪਾਸ ਅਕੋਰਾ॥ ੧੭॥

ਜਿਹੜੇ ਉਸ ਪਿੰਡ ਵਿਚ ਸਿੱਖ ਵਸਦੇ ਹੁੰਦੇ ਸਨ, ਉਹ ਸੁਣ ਕੇ ਆਉਂਦੇ ਸਨ ਤੇ ਜਥਾ ਸ਼ਕਤੀ ਕੁਝ ਭੇਟ ਚੜ੍ਹਾਉਂਦੇ ਸਨ, ਉਥੇ ਸਿੱਖਾਂ ਨੂੰ ਵੇਖ ਕੇ ਡੋਲਾ ਉਠਵਾ ਲੈਂਦੀ ਸੀ ਤੇ ਕਿਸੇ ਪਾਸੋਂ ਵੀ ਉਪਹਾਰ ਆਦਿ ਨਹੀਂ ਸੀ ਲੈਂਦੀ॥੧੭॥

ਕਿਤ ਕਿਤ ਨਿਸਾ ਬਸਹਿ ਤਮ ਹੋਏ। ਖੋਜਤਿ ਥਲ ਜਹਿਂ ਸਿੱਖ ਨ ਕੋਏ।
ਬਹੁਤੇ ਗ੍ਰਾਮ ਨਗਰ ਫਿਰਿ ਹੇਰੇ। ਇਮ ਚਲਿ ਆਈ ਦੂਰ ਬਡੇਰੇ॥ ੧੮॥

ਕਿਤੇ-ਕਿਤੇ ਰਾਤ ਪੈਣ ਤੇ ਰਹਿ ਪੈਂਦੀ ਸੀ, ਐਸਾ ਸਥਾਨ ਲਭਦੀ ਫਿਰਦੀ ਸੀ ਜਿੱਥੇ ਕੋਈ ਸਿੱਖ ਨਾ ਰਹਿੰਦਾ ਹੋਵੇ। ਬਹੁਤ ਪਿੰਡ ਅਤੇ ਨਗਰ ਫਿਰ ਕੇ ਵੇਖੇ, ਇਸ ਤਰ੍ਹਾਂ ਚਲਦੀ ਹੋਈ ਬਹੁਤ ਦੂਰ ਨਿਕਲ ਆਈ॥੧੮॥

ਮਿਲਿ ਸਿਖ ਜੂਥ ਤੁਰਤ ਉਠਿ ਚਾਲਹਿਂ। ਤਿਮਰ ਪ੍ਰਬਿਰਤੇ ਡੇਰਾ ਘਾਲਹਿ।
ਗਮਨਤਿ ਗਮਨਤਿ ਆਈ ਤਹਿਂਵਾ। ਮਨਸਾ ਦੇਵੀ ਮੰਦਿਰ ਜਹਿਂਵਾ॥੧੯॥

ਜਿੱਥੇ ਵੀ ਸਿੱਖਾਂ ਦੀ ਭੀੜ ਮਿਲੇ, ਉਥੋਂ ਤੁਰਤ ਉੱਠ ਕੇ ਚਲੀ ਜਾਂਦੀ ਸੀ। ਹਨੇਰਾ ਹੋਣ ਤੇ ਡੇਰਾ ਕਰ ਲੈਂਦੀ ਸੀ। ਚਲਦੀ-ਚਲਦੀ ਇਕ ਐਸੀ ਥਾਂ ਆ ਗਈ, ਜਿੱਥੇ ਮਨਸਾ ਦੇਵੀ ਦਾ ਮੰਦਰ ਸੀ॥੧੯॥

ਮਨੂਮਾਜਰਾ ਪੁਰਿ ਤਿਹ ਪਾਸ। ਉਤਰੀ ਤਹਾਂ ਜਾਇ ਤਿਹ ਬਾਸ।
'ਕੌਨ ਅਹੈ ਇਹ' ਬੂਝਤੇ ਆਨਿ। ਮਾਨਵ ਮਿਲੇ ਕਿਤਿਕ ਤਿਸ ਥਾਨ॥੨੦॥

ਮਨੀਮਾਜਰਾ ਨਗਰ ਉਸ ਦੇ ਪਾਸ ਸੀ, ਉਥੇ ਵਾਸਾ ਕਰਨ ਵਾਸਤੇ ਉੱਤਰੀ। ਉਥੇ ਕੁਝ ਮਨੁੱਖ ਆ ਕੇ ਮਿਲੇ ਤੇ ਉਨ੍ਹਾਂ ਪੁੱਛਿਆ, "ਇਹ ਇਸਤਰੀ ਕੌਣ ਹੈ"॥੨੦॥

ਕਹਤੇ ਕਹਾਰਨਿ ਬਚ ਤਿਸ ਬੇਰੀ। 'ਪਤਨੀ ਰਾਮਰਾਇ ਗੁਰ ਕੇਰੀ।
ਬਸਿਓ ਚਾਹਿਤਿ ਤੁਮਰੇ ਪੁਰਿ ਮਾਹਿਂ। ਕਰਨਿ ਸਦਨ ਕੀ ਬਾਂਛਾ ਉਰ ਮਾਹਿਂ॥੨੧॥

ਉਸ ਸਮੇਂ ਕਹਾਰਾਂ ਨੇ ਦੱਸਿਆ, "ਇਹ ਗੁਰੂ ਰਾਮ ਰਾਇ ਦੀ ਪਤਨੀ ਹੈ। ਇਹ ਤੁਹਾਡੇ ਨਗਰ ਵਿਚ ਰਹਿਣਾ ਚਾਹੁੰਦੀ ਹੈ। ਏਥੇ ਘਰ ਬਣਾਉਣ ਦੀ ਇਸ ਦੀ ਇੱਛਾ ਹੈ"॥੨੧॥

ਸੁਨਿ ਕਰਿ ਨਰਨਿ ਅਨਾਦਰ ਕਰਤੇ। 'ਕੌਨ ਗੁਰੂ ਹਮ ਭਾਉ ਨ ਧਰਤੇ।
ਲੇ ਕਰਿ ਜਾਹੁ ਉਠਾਵਹੁ ਡੋਰਾ। ਹਮ ਨਹਿਂ ਮਾਨਹਿਂ, ਹੈ ਕਿਸ ਓਰਾ॥੨੨॥

ਇਹ ਸੁਣ ਕੇ ਉਨ੍ਹਾਂ ਮਨੁੱਖਾਂ ਨੇ ਅਨਾਦਰ ਕਰਦੇ ਹੋਏ ਕਿਹਾ, "ਕੌਣ ਗੁਰੂ ਹੈ, ਅਸੀਂ ਕੋਈ ਪ੍ਰੇਮ ਧਾਰਨ ਨਹੀਂ ਕੀਤਾ ਹੈ। ਇਸ ਨੂੰ ਲੈ ਕੇ ਚਲੇ ਜਾਵੋ ਤੇ ਆਪਣਾ ਡੋਲਾ ਚੁੱਕ ਲਵੋ, ਅਸੀਂ ਨਹੀਂ ਜਾਣਦੇ ਉਹ ਗੁਰੂ ਕਿੱਥੇ ਰਹਿੰਦਾ ਹੈ॥੨੨॥

ਸੁਨਿਕੈ ਰਾਜ ਕੁਵਰ ਹਰਖਾਨੀ। ਬਸਿਬੇ ਹੇਤੁ ਥਾਉਂ ਸੋ ਜਾਨੀ।
ਇਸ ਪੁਰਿ ਮੋਂ ਨਹਿਂ ਗੁਰ ਕੋ ਸਿੱਖ। ਬੈਸ ਬਿਤਾਊਂ ਬੈਸਿ ਭਵਿੱਖ॥੨੩॥

ਇਹ ਸੁਣ ਰਾਜ ਕੌਰ ਬਹੁਤ ਪ੍ਰਸੰਨ ਹੋਈ, ਉਸ ਸਥਾਨ ਨੂੰ ਉਸ ਵਸਣਯੋਗ ਜਾਣਿਆ। ਇਸ ਨਗਰ ਵਿਚ ਕੋਈ ਵੀ ਰਾਮ ਰਾਇ ਦਾ ਸਿੱਖ ਨਹੀਂ ਰਹਿੰਦਾ ਹੈ, ਬਾਕੀ ਦੀ ਉਮਰ ਏਥੇ ਬਤੀਤ ਕਰਾਂਗੀ॥੨੩॥

ਜਤੋਂ ਕਤੋਂ ਕਰਿ ਸੋ ਨਰ ਸਮੁਝਾਏ। ਕਹਿ ਕਰਿ ਡੇਰਾ ਲੀਨਿ ਜਮਾਏ।
ਸਨੇ ਸਨੇ ਤਹਿਂ ਸਦਨ ਬਨਾਇ। ਕੀਨਸਿ ਬਾਸ ਰਿਦੈ ਹਰਖਾਇ॥੨੪॥

ਜਿਵੇਂ ਕਿਵੇਂ ਕਰਕੇ ਉਨ੍ਹਾਂ ਮਨੁੱਖਾਂ ਨੂੰ ਸਮਝਾਇਆ ਤੇ ਕਹਿ ਕੇ ਉਥੇ ਡੇਰਾ ਜਮਾ ਲਿਆ। ਹੌਲੀ-ਹੌਲੀ ਉਥੇ ਘਰ ਬਣਾ ਲਿਆ ਤੇ ਮਨ ਵਿਚ ਪ੍ਰਸੰਨ ਹੋ ਕੇ ਉਥੇ ਵਸੇਬਾ ਕਰ ਲਿਆ॥੨੪॥

ਬਸਤਤੇ ਕੇਤਿਕ ਮਾਸ ਬਿਤਾਦੇ। ਗ੍ਰੀਖਮ ਤੇ ਬਰਖਾ ਰਿਤੁ ਆਏ।
ਬਰਖਹਿ ਮੇਘ ਘਟਾ ਹੁਇ ਭਾਰੀ। ਪਰਹਿ ਬਿਸਾਲ ਧਰਾ ਪਰ ਬਾਰੀ॥੨੫॥

ਉਥੇ ਵਸਦਿਆਂ ਕਈ ਮਹੀਨੇ ਬਤੀਤ ਕੀਤੇ, ਗਰਮੀ ਬਾਅਦ ਵਰਖਾ ਰੁੱਤ ਆਈ। ਭਾਰੀ ਘਟਾਵਾਂ ਚੜ੍ਹ ਕੇ ਵਰਖਾ ਹੋਣ ਲੱਗੀ ਤੇ ਧਰਤੀ ਤੇ ਵਿਸ਼ਾਲ ਪਾਣੀ ਪੈ ਰਿਹਾ ਸੀ॥੨੫॥

ਅਰਧ ਰਾਤ੍ਰਿ ਬਹੁ ਬਰਖਤਿ ਨੀਰ। ਗਯੋ ਛਾਤ ਕੋ ਟੂਟ ਛਤੀਰ।
ਜਲ ਘਰ ਬਿਖੈ ਪਰਨਿ ਬਹੁ ਲਾਗੇ। ਠਾਨਹਿਂ ਜਤਨ ਦਾਸ ਤਿਸ ਜਾਗੇ ॥੨੬॥

ਅੱਧੀ ਰਾਤ ਨੂੰ ਬਹੁਤ ਵਰਖਾ ਹੋਣ ਲੱਗੀ ਤਾਂ ਰਾਜ ਕੌਰ ਦੇ ਘਰ ਦਾ ਸ਼ਤੀਰ ਟੁੱਟ ਗਿਆ। ਘਰ ਦੇ ਅੰਦਰ ਬਹੁਤ ਪਾਣੀ ਪੈਣ ਲੱਗਾ। ਉਸ ਦੇ ਸੇਵਕਾਂ ਨੇ ਜਾਗ ਕੇ ਬਹੁਤ ਯਤਨ ਕੀਤਾ॥੨੬॥

ਰਾਜ ਕੌਰ ਲਖਿ ਬਿਘਨ ਬਡੇਰਾ। ਹੁਤੋ ਚੌਧਰੀ ਬਡ ਪੁਰਿ ਕੇਰਾ।
ਕਹਿ ਕਰਿ ਤਹਾਂ ਪਠਾਇਸਿ ਦਾਸ। 'ਜਾਹਿ ਤੁਰਤ ਭਨੀਅਹਿ ਤਿਸ ਪਾਸ ॥੨੭॥

ਰਾਜ ਕੌਰ ਵੱਡਾ ਵਿਘਨ ਸਮਝਿਆ। ਉਸ ਨਗਰੀ ਦਾ ਇਕ ਵੱਡਾ ਚੌਧਰੀ ਸੀ, ਇਕ ਸੇਵਕ ਨੂੰ ਕਹਿ ਕੇ ਉਸ ਪਾਸ ਭੇਜਿਆ, "ਉਸ ਨੂੰ ਤੁਰਤ ਜਾ ਕੇ ਕਹੋ॥੨੭॥

ਇਕ ਸ਼ਤੀਰ ਉਚਵਾਇ ਸੁ ਲਜਾਊ। ਨਰ ਗਨ ਸੰਗ ਤੁਰਤ ਅਬਿ ਆਊ।
ਸਦਨ ਗਿਰ ਗਯੋ ਚਲੋ ਉਧਾਰਹੁ। ਪੁਰਹੁ ਕਾਮਨਾ ਜਿਮ ਉਰ ਧਾਰਹੁ' ॥੨੮॥

ਇਕ ਸ਼ਤੀਰ ਚੁਕਵਾ ਕੇ ਲਿਆਵੇ ਤੇ ਬਹੁਤ ਮਨੁੱਖਾਂ ਦੇ ਨਾਲ ਹੁਣ ਆਓ। ਘਰ ਡਿੱਗ ਪਿਆ ਹੈ, ਚਲ ਕੇ ਉਸ ਨੂੰ ਠੀਕ ਕਰੋ ਤੇ ਆਪਣੀ ਕਾਮਨਾ ਪੂਰੀ ਕਰੋ ਜਿਵੇਂ ਵੀ ਹਿਰਦੇ ਵਿਚ ਧਾਰਨ ਕਰੋ" ॥੨੮॥

ਸੁਨਤਿ ਦਾਸ ਗਮਨਜੋ ਤਤਕਾਲਾ। ਜਾਇ ਜਗਾਯੋ ਸਦਨ ਉਤਾਲਾ।
'ਘਰ ਮਾਤਾ ਕੋ ਤੁਟਜੋ ਸ਼ਤੀਰ। ਤੋਹਿ ਹਕਾਰਜੋ ਚਲੀਅਹਿ ਤੀਰ' ॥ ੨੯॥

ਇਹ ਸੁਣ ਕੇ ਸੇਵਕ ਤੁਰਤ ਚਲੇ ਗਏ ਤੇ ਜਾ ਕੇ ਸਾਰੇ ਘਰ ਵਾਲਿਆਂ ਨੂੰ ਜਗਾ ਦਿੱਤਾ, "ਮਾਤਾ ਜੀ ਦੇ ਘਰ ਦਾ ਸ਼ਤੀਰ ਟੁੱਟ ਗਿਆ ਹੈ, ਤੁਹਾਨੂੰ ਬੁਲਾਇਆ ਹੈ, ਉਨ੍ਹਾਂ ਦੇ ਪਾਸ ਚਲੋ" ॥੨੯॥

ਅਪਰ ਬਾਰਤਾ ਸਕਲ ਸੁਨਾਈ। ਹੁਤੋ ਧਨੀ ਕੁਛ ਮਨ ਨਹਿਂ ਭਾਈ।
'ਬਰਖਾ ਅਧਿਕ ਤਿਮਰ ਘਨ ਛਾਯੋ। ਜਤਨ ਨ ਬਨੈ ਅਬੈ ਕਿਤ ਜਾਯੋ' ॥੩੦॥

ਹੋਰ ਸਾਰੀ ਵਾਰਤਾ ਸੁਣਾਈ, ਚੌਧਰੀ ਕੁਝ ਅਮੀਰ ਸੀ, ਇਸ ਲਈ ਉਸਦੇ ਮਨ ਨੂੰ ਗੱਲ ਚੰਗੀ ਨਾ ਲੱਗੀ, "ਬਹੁਤ ਵਰਖਾ ਹੋ ਰਹੀ ਹੈ ਤੇ ਬੱਦਲਾਂ ਕਰਕੇ ਘੁੱਪ ਹਨੇਰਾ ਛਾਇਆ ਹੋਇਆ ਹੈ, ਹੁਣ ਕਿਤੇ ਵੀ ਜਾਣ ਦਾ ਯਤਨ ਨਹੀਂ ਬਣਦਾ ਹੈ" ॥੩੦॥

ਜਾਇ ਦਾਸ ਤਤਕਾਲ ਬਖਾਨੀ। ਰਾਜਕੁ ਅਰ ਪੁਨ ਸੁਨਿ ਕਹਿ ਬਾਨੀ।
'ਅਲਪ ਚੌਧਰੀ ਦੂਸਰ ਜੋਈ। ਪਹੁਚਹੁ ਤੁਰਤ ਹਕਾਰਹੁ ਸੋਈ॥ ੩੧॥

ਸੇਵਕ ਨੇ ਜਾ ਕੇ ਤੁਰਤ ਮਾਤਾ ਜੀ ਨੂੰ ਕਹਿ ਦਿੱਤਾ, ਰਾਜ ਕੌਰ ਨੇ ਫਿਰ ਸੁਣ ਕੇ ਬਚਨ ਕੀਤੇ, "ਜਿਹੜਾ ਦੂਸਰਾ ਛੋਟਾ ਚੌਧਰੀ ਹੈ, ਤੁਰਤ ਉਸ ਪਾਸ ਜਾਉ ਤੇ ਉਸ ਨੂੰ ਬੁਲਾ ਕੇ ਲਿਆਵੋ॥੩੧॥

ਘਰ ਕੇ ਨਰ ਅਰੁ ਲਜਾਇ ਸ਼ਤੀਰ। ਤੂਰਨ ਆਇ, ਜਾਹੁ ਤਿਸ ਤੀਰ'।
ਧਾਇ ਦਾਸ ਤਿਸ ਕੇ ਘਰ ਗਯੋ। ਕਾਰਜ ਸਕਲ ਸੁਨਾਵਤਿ ਭਯੋ॥ ੩੨॥

ਚੌਧਰੀ ਆਪਣੇ ਘਰ ਦੇ ਪੁਰਸ਼ ਅਤੇ ਸ਼ਤੀਰ ਲਿਆਵੇ, ਤੁਰਤ ਆਵੇ, ਉਸ ਦੇ ਪਾਸ ਜਾਵੋ।" ਸੇਵਕ ਭੱਜਦਾ ਹੋਇਆ ਉਸ ਦੇ ਘਰ ਗਿਆ ਤੇ ਸਾਰਾ ਕਾਰਜ ਉਸ ਨੂੰ ਸੁਣਾਇਆ॥੩੨॥

'ਚਲਹੁ ਜਤਨ ਕਰਿ ਛਾਤ ਸੁਧਾਰਹੁ। ਪੁਰਵਹੁ ਅਭਿਲਾਖਾ ਜਿਮ ਧਾਰਹੁ'।
ਸੁਨਤਿ ਜਾਟ ਚਿਤ ਬਿਖੈ ਬਿਚਾਰੈ। ਮਮ ਕੁਲ ਰਾਜ ਕਰਹਿ ਦੁਖ ਟਾਰੈ॥੩੩॥

ਚਲੋ ਤੇ ਯਤਨ ਕਰਕੇ ਛੱਤ ਸੁਧਾਰੋ ਤੇ ਜਿਵੇਂ ਵੀ ਮਨ ਅਭਿਲਾਸ਼ਾ ਧਾਰੋ, ਉਸ ਨੂੰ ਪੂਰੀ ਕਰੋ।" ਇਹ ਸੁਣ ਕੇ ਜਾਟ ਨੇ ਚਿੱਤ ਵਿਚ ਵਿਚਾਰਿਆ, "ਮੇਰੀ ਕੁਲ ਰਾਜ ਕਰੇਗੀ ਤਾਂ ਦੁਖ ਸਾਰੇ ਦੂਰ ਹੋ ਜਾਣਗੇ" ॥੩੩॥

ਲੇ ਸ਼ਤੀਰ ਘਰ ਕੇ ਨਰ ਜਾਲਾ। ਬਰਖਾ ਤਿਮਰ ਬਿਖੈ ਤਹਿਂ ਚਾਲਾ।
ਜਾਇ ਤੁਰਤ ਕਰ ਬੰਦਿ ਸੁਨਾਯੋ। 'ਫੁਰਮਾਵਹੁ ਮੈਂ ਲੇ ਕਰਿ ਆਯੋ' ॥ ੩੪ ॥

ਛੋਟਾ ਚੌਧਰੀ ਸ਼ਤੀਰ ਤੇ ਘਰ ਦੇ ਮਨੁੱਖ ਲੈ ਕੇ ਚਲ ਪਿਆ, ਵਰਖਾ ਤੇ ਘੁੱਪ ਹਨੇਰੇ ਵਿਚ ਉਹ ਚਲ ਪਿਆ। ਜਾ ਕੇ ਤੁਰਤ ਹੱਥ ਜੋੜ ਕੇ ਕਿਹਾ, "ਫੁਰਮਾਓ ਮੈਂ ਸ਼ਤੀਰ ਲੈ ਕੇ ਆ ਗਿਆ ਹਾਂ" ॥੩੪॥

ਰਾਜਕੁਵਰ ਤਿਹ ਸਾਥ ਉਚਾਰਾ। 'ਛਾਤ ਬਨਾਵਹੁ ਤਿਸੀ ਪ੍ਰਕਾਰਾ'।
ਓਢਿ ਕਾਮਰੀ ਲਗੇ ਬਨਾਵਨਿ। ਪੂਰਬ ਦੀਪਕ ਕਰੇ ਜਲਾਵਨਿ॥ ੩੫ ॥

ਮਾਤਾ ਰਾਜ ਕੌਰ ਨੇ ਉਸ ਨੂੰ ਕਿਹਾ, "ਇਸ ਛੱਤ ਨੂੰ ਪਹਿਲਾਂ ਵਾਂਗ ਬਣਾ ਦੇਵੋ।" ਕੰਬਲ ਉੱਪਰ ਲੈ ਕੇ ਛੱਤ ਬਣਾਉਣ ਲੱਗੇ, ਪਹਿਲਾਂ ਦੀਵੇ ਬਾਲ ਲਏ॥੩੫॥

ਕਰੇ ਉਪਾਵ ਸ਼ਤੀਰ ਟਿਕਾਵਾ। ਊਪਰ ਗਨ ਕਾਸ਼ਟ ਤੇ ਛਾਵਾ।
ਮ੍ਰਿਤਕਾ ਖਨਿ ਖਨਿ ਤਿਸ ਪਰ ਪਾਈ। ਹੋਤਿ ਪ੍ਰਾਤ ਲੌ ਭਲੀ ਬਨਾਈ॥ ੩੬ ॥

ਬਹੁਤ ਉਪਾਅ ਕਰਕੇ ਸ਼ਤੀਰ ਟਿਕਾਇਆ ਤੇ ਉਪਰ ਬਹੁਤ ਲਕੜਾਂ ਪਾਈਆਂ। ਮਿੱਟੀ ਪੁੱਟ-ਪੁੱਟ ਉਸ ਉੱਤੇ ਪਾਈ, ਸਵੇਰ ਹੋਣ ਤਕ ਭਲੀ ਪ੍ਰਕਾਰ ਛੱਤ ਠੀਕ ਕਰ ਦਿੱਤੀ॥੩੬॥

ਰਾਜਕੁਵਰ ਪਿਖਿ ਹਰਖ ਉਪੰਨਾ। ਕਹਯੋ 'ਲੇਹੁ ਬਰ' ਹੋਇ ਪ੍ਰਸੰਨਾ।
'ਜੋ ਇਸ ਸਮੈਂ ਜਾਚਨਾ ਕਹੈਂ। ਨਿਹਸੰਸੈ ਮੁਝ ਤੇ ਸੋ ਲਹੈਂ' ॥ ੩੭ ॥

ਮਾਤਾ ਰਾਜ ਕੌਰ ਵੇਖ ਕੇ ਬਹੁਤ ਪ੍ਰਸੰਨ ਹੋਈ ਤੇ ਕਿਹਾ, "ਪ੍ਰਸੰਨ ਹੋ ਕੇ ਵਰ ਪ੍ਰਾਪਤ ਕਰੋ। ਜੋ ਵੀ ਇਸ ਸਮੇਂ ਮੰਗੋਗੇ, ਕਿਸੇ ਸ਼ੱਕ ਬਗੈਰ ਉਹ ਤੂੰ ਪ੍ਰਾਪਤ ਕਰੇਂਗਾ" ॥੩੭॥

ਸੁਨਤਿ ਜਾਟ ਕਰ ਜੋਰਿ ਬਖਾਨਾ। 'ਰੱਯਤ ਹੋਨਿ ਮਹਾ ਦੁਖ ਜਾਨਾ।
ਜੇ ਤੁਮਰੋ ਮਨ ਕਰੁਨਾ ਢਰਯੋ। ਦੀਜਹਿ ਰਾਜ ਮਹਿਦ ਸੁਖ ਭਰਯੋ ॥ ੩੮ ॥

ਇਹ ਸੁਣ ਕੇ ਜੱਟ ਹੱਥ ਜੋੜ ਕੇ ਬੋਲਿਆ, "ਪਰਜਾ ਹੋਣਾ ਮਹਾਂ ਦੁਖ ਜਾਣਿਆ ਹੈ, ਜੇ ਤੁਹਾਡੇ ਮਨ ਵਿਚ ਕਿਰਪਾ ਹੋਈ ਹੈ ਤਾਂ ਸੁਖ ਭਰਿਆ ਵੱਡਾ ਰਾਜ ਦੇਵੋ॥੩੮॥

ਮਮ ਕੁਲ ਮਹਿਂ ਨਹਿਂ ਦਾਰਿਦ ਰਹੈ। ਅਬਿ ਤੇ ਐਸ਼੍ਵਰਜ ਘਰ ਮਹਿਂ ਲਹੈਂ'।
ਸੁਨੀ ਕਾਮਨਾ ਜਾਚਨ ਕੀਨਿ। ਰਾਜਕੁਅਰ ਸੋਈ ਬਰ ਦੀਨ॥ ੩੯ ॥

ਜਿਸ ਨਾਲ ਮੇਰੀ ਕੁਲ ਵਿਚ ਗ਼ਰੀਬੀ ਨਾ ਰਹੇ, ਹੁਣ ਤੋਂ ਆਪਣੇ ਘਰ ਵਿਚ ਬਹੁਤ ਧਨ ਦੌਲਤ ਵੇਖਾਂ।" ਰਾਜ ਕੌਰ ਨੇ ਜਦ ਜੱਟ ਦੀ ਕਾਮਨਾ ਸੁਣੀ ਤਾਂ ਉਸ ਨੂੰ ਉਹੀ ਵਰ ਦੇ ਦਿੱਤਾ॥੩੯॥

'ਅਬਿ ਤੇ ਹੋਇ ਬੰਸ ਮਹਿਂ ਰਾਜਾ। ਸਨੇ ਸਨੇ ਸਭਿ ਵਧੈ ਸਮਾਜਾ।
ਮੋਰ ਹਕਾਰਯੋ ਆਇ ਨ ਜੋਈ। ਰੱਯਤ ਬਨਿਹ ਤੋਹਿ ਕੁਲ ਸੋਈ' ॥ ੪੦ ॥

"ਹੁਣ ਤੇਰੀ ਵੰਸ਼ ਵਿਚ ਰਾਜ ਹੋਵੇਗਾ, ਹੌਲੀ-ਹੌਲੀ ਧਨ ਦੌਲਤ ਅਤੇ ਹੋਰ ਸਾਜ਼-ਸਾਮਾਨ ਬਹੁਤ ਵੱਧ ਜਾਵੇਗਾ। ਮੇਰਾ ਬੁਲਾਇਆ ਹੋਇਆ ਜਿਹੜਾ ਚੌਧਰੀ ਨਹੀਂ ਆਇਆ ਹੈ, ਉਹ ਤੇਰੀ ਕੁਲ ਦੀ ਪਰਜਾ ਬਣੇਗਾ" ॥੪੦॥

ਇਮ ਬਰ ਦੇ ਕਰਿ ਕਰਜੋ ਨਿਹਾਲਾ। ਵਧਨਿ ਲਗਜੋ ਐਸ਼੍ਵਰਜ ਬਿਸਾਲਾ।
ਮਨੂ ਮਾਜਰੇ ਮੈਂ ਸੋ ਰਾਜੇ। ਅਬਿ ਲੌ ਲਖੀਅਤਿ ਅਧਿਕ ਸਮਾਜੇ॥ ੪੧॥

ਇਸ ਤਰ੍ਹਾਂ ਵਰ ਦੇ ਕੇ ਛੋਟੇ ਚੋਧਰੀ ਨੂੰ ਨਿਹਾਲ ਕਰ ਦਿੱਤਾ, ਉਸ ਦੇ ਘਰ ਬਹੁਤ ਧਨ ਦੌਲਤ ਵੱਧਣ ਲੱਗਾ। ਮਨੀ ਮਾਜਰੇ ਦਾ ਉਹ ਰਾਜਾ ਬਣ ਗਿਆ, ਹੁਣ ਤਕ ਉਨ੍ਹਾਂ ਪਾਸ ਬਹੁਤ ਧਨ ਦੌਲਤ ਹੈ॥੪੧॥

*ਨੋਟ : ਕਵੀ ਸੰਤੋਖ ਸਿੰਘ ਜੀ ਦੇ ਸਮੇਂ ਇਸ ਵੰਸ਼ ਦੇ ਸਿੱਖ ਰਾਜੇ ਰਾਜ ਕਰਦੇ ਸਨ, ਅਜਕਲ੍ਹ ਉਹ ਰਿਆਸਤ ਜ਼ਬਤ ਹੋ ਚੁੱਕੀ ਹੈ।*

ਰਾਜਕੁਵਰ ਬਸਿ ਬੈਸ ਬਿਤਾਈ। ਤਹਿਂ ਤਨ ਤਜਿ ਸੁਰ ਲੋਕ ਸਿਧਾਈ।
ਪੂਜਹਿਂ ਤਹਾਂ ਦੇਹੁਰਾ ਸੋਈ। ਅਬਿ ਲੌ ਅਹੈ ਪਿਖਹਿਂ ਸਭਿ ਕੋਈ॥ ੪੨॥

ਰਾਜ ਕੌਰ ਨੇ ਉਥੇ ਰਹਿ ਕੇ ਉਮਰ ਬਤੀਤ ਕੀਤੀ ਤੇ ਉਥੇ ਸਰੀਰ ਛੱਡ ਕੇ ਸਵਰਗਾਂ ਵਿਚ ਚਲੀ ਗਈ। ਉਸ ਦੇ ਦੇਹੁਰੇ ਦੀ ਪੂਜਾ ਹੁੰਦੀ ਹੈ, ਹੁਣ ਤਕ ਹਰ ਕੋਈ ਵੇਖਦਾ ਹੈ॥੪੨॥

ਇਮ ਸ਼੍ਰੀ ਰਾਮਰਾਇ ਕੀ ਘਰਨੀ। ਹੁਤੀ ਬਡੀ ਤਿਸ ਕੀ ਕਥ ਬਰਨੀ।
ਅਪਰ ਤੀਨ ਮਹਿਲਾ ਤਿਸ ਕੇਰੀ। ਬਸਤਿ ਨਿਕਟਿ ਕਰਿ ਪ੍ਰੀਤਿ ਬਡੇਰੀ॥੪੩॥

ਇਸ ਤਰ੍ਹਾਂ ਸ੍ਰੀ ਰਾਮ ਰਾਇ ਦੀ ਵੱਡੀ ਪਤਨੀ ਸੀ, ਜਿਸ ਦੀ ਕਥਾ ਵਰਣਨ ਕੀਤੀ ਹੈ, ਉਸ ਦੀਆਂ ਹੋਰ ਤਿੰਨ ਪਤਨੀਆਂ ਸਨ, ਉਹ ਸ੍ਰੀ ਰਾਮ ਰਾਇ ਦੇ ਪਾਸ ਬੜੇ ਪ੍ਰੇਮ ਨਾਲ ਵਸਦੀਆਂ ਸਨ॥੪੩॥

*ਦੂਸਰੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

## *ਅਧਿਆਇ ਛੇਵਾਂ*

*ਰਾਮ ਰਾਇ ਜੀ ਦਾ ਅੰਤ*

ਦੋਹਰਾ- ਤੀਨੋ ਮਹਿਂ ਮੁਖਿ ਏਕ ਤ੍ਰਿਯ ਨਾਮ ਕੁਵਰ ਪੰਜਾਬ।
ਚਹਿਂ ਸਹਾਇਤਾ ਸਿੱਖ ਕੀ, ਨਿਕਟ ਬੁਲਾਇ ਸ਼ਿਤਾਬ॥ ੧॥

ਰਾਮ ਰਾਇ ਦੀਆਂ ਬਾਕੀ ਤਿੰਨਾਂ ਪਤਨੀਆਂ ਵਿਚ ਇਕ ਮੁੱਖੀ ਪਤਨੀ ਸੀ ਜਿਸ ਦਾ ਨਾਮ ਪੰਜਾਬ ਕੌਰ ਸੀ, ਸ੍ਰੀ ਰਾਮ ਰਾਇ ਇਕ ਸਿੱਖ ਦੀ ਸਹਾਇਤਾ ਕਰਨੀ ਚਾਹੁੰਦੇ ਸਨ, ਇਸ ਲਈ ਪੰਜਾਬ ਕੌਰ ਨੂੰ ਤੁਰਤ ਆਪਣੇ ਪਾਸ ਬੁਲਾਇਆ॥੧॥

ਚੌਪਈ- ਪਾਸ ਬਿਠਾਇ ਅਧਿਕ ਸਤਿਕਾਰੀ। ਰਾਮਰਾਇ ਤਿਹ ਸਾਥ ਉਚਾਰੀ।
'ਅੰਤਰ ਕੋਸ਼ਠ ਕੇ ਤਨ ਮੇਰੋ। ਥਿਰਜੋ ਰਹੈ, ਕੋ ਇਸਹਿ ਨ ਹੇਰੋ॥ ੨॥

ਆਪਣੇ ਪਾਸ ਬਿਠਾ ਕੇ ਉਸ ਦਾ ਬਹੁਤ ਸਤਿਕਾਰ ਕੀਤਾ ਤੇ ਫਿਰ ਰਾਮ ਰਾਇ ਨੇ ਉਸ ਨੂੰ ਕਿਹਾ, "ਕਮਰੇ ਦੇ ਅੰਦਰ ਮੇਰਾ ਸਰੀਰ ਪਿਆ ਰਹੇਗਾ, ਇਸ ਨੂੰ ਕੋਈ ਵੀ ਨਾ ਵੇਖੇ॥੨॥

ਮੋ ਕਹੁ ਕਾਰਜ ਹੈ ਅਤਿ ਭਾਰੀ। ਬਹੁਰ ਆਇ ਕਰਿ ਲੇਹੁਂ ਸੰਭਾਰੀ।
ਕਿਸਹੂੰ ਨਿਕਟ ਨ ਆਵਨਿ ਦੀਜੈ। ਸਭਿਹਿਨਿ ਤੇ ਰੱਖਜਾ ਤਨ ਕੀਜੈ॥੩॥

Sri Satguru Jagjit Singh Ji eLlibrary NamdhariElibrary@gmail.com

ਮੈਨੂੰ ਇਕ ਬੜਾ ਭਾਰੀ ਕੰਮ ਹੈ, ਬਾਅਦ ਵਿਚ ਮੈਂ ਆ ਕੇ ਸੰਭਾਲ ਲਵਾਂਗਾ। ਕਿਸੇ ਨੂੰ ਵੀ ਮੇਰੇ ਸਰੀਰ ਦੇ ਪਾਸ ਨਾ ਆਉਣ ਦੇਵੋ, ਸਾਰਿਆਂ ਪਾਸੋਂ ਮੇਰੇ ਸਰੀਰ ਦੀ ਰੱਖਿਆ ਕਰੋ"॥੩॥

ਇਮ ਪੰਜਾਬ ਕੁਇਰ ਸਮੁਝਾਈ। ਕੋਸ਼ਠ ਮਹਿਂ ਪ੍ਰਵਿਸ਼ਜੋ ਸ਼ਹਿਸਾਈ।
ਕਰੇ ਕਿਵਾਰ ਅਸੰਜਤਿ ਠਾਢੇ। ਅੰਤਰ ਸਾਂਕਰ ਦੇ ਕਰਿ ਗਾਢੇ॥ ੪॥

ਇਸ ਤਰ੍ਹਾਂ ਪੰਜਾਬ ਕੌਰ ਨੂੰ ਸਮਝਾਇਆ ਤੇ ਬੜੀ ਕਾਹਲੀ ਪਿਛਲੇ ਕਮਰੇ ਵਿਚ ਪ੍ਰਵੇਸ਼ ਕਰ ਗਿਆ। ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ ਤੇ ਸੰਗਲੀ ਮਾਰ ਕੇ ਚੰਗੀ ਤਰ੍ਹਾਂ ਪਕੇ ਕਰ ਲਏ॥੪॥

ਆਸਤਰਨ ਪਰ ਤਤਛਿਨ ਪਰਜੋ। ਨਿਜ ਸ਼ਕਤੀ ਬਲ ਕੋ ਬਹੁ ਕਰਜੋ।
ਤਨ ਕੌ ਤਜਾਗਿ ਗਯੋ ਜਹਿ ਜਾਨਾ। ਨਿਜ ਸਿਖ ਕੋ ਲਖਿ ਕਾਜ ਮਹਾਨਾ॥੫॥

ਬਿਸਤਰੇ ਉੱਤੇ ਤੁਰਤ ਲੇਟ ਗਿਆ ਤੇ ਆਪਣੀ ਸ਼ਕਤੀ ਦੇ ਬਲ ਨੂੰ ਬਹੁਤ ਵਧਾਇਆ। ਆਪਣੇ ਸਰੀਰ ਨੂੰ ਛੱਡ ਕੇ ਉੱਥੇ ਚਲੇ ਗਿਆ, ਜਿੱਥੇ ਜਾਣਾ ਸੀ, ਆਪਣੇ ਸਿੱਖ ਦੇ ਕਾਰਜ ਨੂੰ ਜਦ ਉਸ ਬੜਾ ਮਹਾਨ ਸਮਝਿਆ॥੫॥

ਜਬਿ ਇਕ ਜਾਮ ਬਿਤੀਤਨਿ ਕਰਜੋ। ਬੀਚ ਮਸੰਦਨ ਰੌਰਾ ਪਰਜੋ।
'ਨਹਿਂ ਨਿਕਸੇ ਗੁਰ ਵਹਿਰ ਹਮਾਰੇ। ਜਥਾ ਦੇਤਿ ਨਿਤ ਦਰਸ ਉਦਾਰੇ॥੬॥

ਜਦ ਇਕ ਪਹਿਰ ਬੀਤ ਗਿਆ ਤਾਂ ਮਸੰਦਾਂ ਦੇ ਵਿਚ ਰੌਲਾ ਪੈ ਗਿਆ, "ਸਾਡੇ ਗੁਰੂ ਜੀ ਬਾਹਰ ਨਹੀਂ ਨਿਕਲੇ ਹਨ, ਜਿਵੇਂ ਉਹ ਨਿਤ ਉੱਤਮ ਦਰਸ਼ਨ ਦਿੰਦੇ ਹਨ॥੬॥

ਕਹਾਂ ਭਯੋ ਕੁਛ ਜਾਇ ਨ ਜਾਨਾ'। ਮਿਲਹਿਂ ਪਰਸਪਰ ਕਰਹਿਂ ਬਖਾਨਾ।
ਚਿਤਵਤਿ ਘਟਿਕਾ ਚਤੁਰ ਬਿਤਾਈ। ਇਕ ਥਲ ਭੇ ਮਸੰਦ ਸਮੁਦਾਈ॥੭॥

ਕਿੱਥੇ ਚਲੇ ਗਏ ਹਨ, ਕੁਝ ਜਾਣਿਆ ਨਹੀਂ ਜਾਂਦਾ ਹੈ।" ਆਪਸ ਵਿਚ ਮਿਲਕੇ ਇਸ ਤਰ੍ਹਾਂ ਕਹਿੰਦੇ ਸਨ। ਇਸ ਤਰ੍ਹਾਂ ਸੋਚਦਿਆਂ ਚਾਰ ਘੜੀਆਂ ਬਤੀਤ ਕੀਤੀਆਂ ਤੇ ਫਿਰ ਸਾਰੇ ਮਸੰਦ ਇਕ ਥਾਂ ਇਕੱਠੇ ਹੋਏ॥੭॥

ਤਿਨ ਮਹਿਂ ਮੁੱਖਿ ਸੁ ਨਿਕਟਿ ਬੁਲਾਏ। ਕਹਿ ਪੰਜਾਬ ਕੁਵਰ ਸਮੁਝਾਏ।
'ਇਮ ਕਰਿ ਹੁਕਮ ਗਏ ਜਿਤ ਜਾਨੋ। ਨਹਿੰਨ ਬਿਲੋਕਹੁ ਚਿੰਤ ਨ ਠਾਨੋ॥੮॥

ਉਨ੍ਹਾਂ ਵਿਚ ਜਿਹੜਾ ਮੁੱਖੀ ਮਸੰਦ ਸੀ, ਉਸ ਨੂੰ ਪਾਸ ਬੁਲਾ ਕੇ ਪੰਜਾਬ ਕੌਰ ਨੇ ਸਮਝਾਇਆ, "ਇਸ ਤਰ੍ਹਾਂ ਹੁਕਮ ਕਰਕੇ ਗਏ ਹਨ, ਜਿਥੇ ਜਾਣਾ ਸੀ, ਉਨ੍ਹਾਂ ਨੂੰ ਵੇਖੋ ਨਹੀਂ ਤੇ ਚਿੰਤਾ ਵੀ ਨਾ ਕਰੋ॥੮॥

ਤੂਸ਼ਨ ਰਹਹੁ ਲਖਹੁ ਉਰ ਐਸੇ। ਕਾਰ ਕਰਹੁ ਨਿਜ ਪੂਰਬ ਜੈਸੇ'।
ਸੁਨਜੋਂ ਸੁ ਮਾਨਜੋਂ ਸਭਿ ਜਿਮ ਕਹਜੋ। ਤਊ ਸਚਿੰਤ ਤਿਨਹਿ ਮਨ ਰਹਜੋ॥੯॥

ਚੁੱਪ ਰਹੋ ਹਿਰਦੇ ਵਿਚ ਇਸ ਤਰ੍ਹਾਂ ਸਮਝੋ ਤੇ ਪਹਿਲਾਂ ਵਾਂਗ ਹੀ ਕਾਰ ਵਿਹਾਰ ਕਰੋ"। ਸੁਣ ਕੇ ਸਭ ਕੁਝ ਮੰਨ ਗਿਆ ਜਿਵੇਂ ਕਿਹਾ ਸੀ, ਫਿਰ ਵੀ ਮਨ ਵਿਚ ਚਿੰਤਾ ਸਹਿਤ ਰਿਹਾ॥੯॥

ਬਚ ਪੰਜਾਬ ਕੁਵਰ ਜੋ ਭਾਖਾ। ਦ੍ਰਿੜ੍ਹ ਨਿਸ਼ਚਾ ਨਹਿਂ ਤਿਸ ਪਰ ਰਾਖਾ।
ਦਿਵਸ ਬਿਤਜੋ ਸੋ ਨਿਸਾ ਬਿਤਾਈ। ਮਿਲੇ ਮਸੰਦ ਪ੍ਰਾਤਿ ਸਮੁਦਾਈ॥੧੦॥

ਜਿਹੜਾ ਪੰਜਾਬ ਕੌਰ ਨੇ ਬਚਨ ਕੀਤਾ ਸੀ, ਉਸ ਉੱਤੇ ਦ੍ਰਿੜ੍ਹ ਨਿਸ਼ਚਾ ਨਾ ਰੱਖਿਆ। ਦਿਨ ਬਤੀਤ ਕਰਕੇ ਰਾਤ ਲੰਘਾਈ ਤੇ ਸਵੇਰ ਹੁੰਦਿਆਂ ਹੀ ਸਾਰੇ ਮਸੰਦ ਇਕੱਠੇ ਹੋ ਕੇ ਮਿਲੇ॥੧੦॥

ਕਹੈਂ ਸੁ 'ਹਮ ਗੁਰ ਤਨ ਤਜਿ-ਗਯੋ। ਸੋ ਅਬਿ ਲੌ ਨਿਕਸਤਿ ਨਹਿੰ ਭਯੋ।
ਜੋ ਸਹਾਇਤਾ ਕੌ ਕਿਤ ਜਾਤੇ। ਤੌ ਉਠਿ ਦਰਸ਼ਨ ਦੇਤਿ ਪ੍ਰਭਾਤੇ॥ ੧੧॥

ਆਪਸ ਵਿਚ ਕਹਿਣ ਲੱਗੇ, "ਸਾਡੇ ਗੁਰੂ ਜੀ ਸਰੀਰ ਛੱਡ ਗਏ ਹਨ, ਜਿਹੜੇ ਹੁਣ ਤਕ ਬਾਹਰ ਨਹੀਂ ਨਿਕਲੇ ਹਨ। ਜੇ ਕਿਸੇ ਦੀ ਸਹਾਇਤਾ ਕਰਨ ਵੀ ਜਾਂਦੇ, ਤਦ ਵੀ ਉੱਠ ਕੇ ਸਵੇਰੇ ਦਰਸ਼ਨ ਦਿੰਦੇ॥੧੧॥

ਕਹਾਂ ਪੰਜਾਬ ਕੁਵਰ ਲਖਿ ਭੇਵ। ਅਚਰਜ ਚਰਿਤ ਕਰਹਿੰ ਗੁਰਦੇਵ।
ਤ੍ਰਿਯ ਕੇ ਤਨ ਮਹਿੰ ਹ੍ਵੈ ਨ ਮਹਾਨੀ। ਇਸ ਕੀ ਕਹੀ ਕਹਾਂ ਸਚ ਜਾਨੀ॥੧੨॥

ਪੰਜਾਬ ਕੌਰ ਕਿਥੇ ਭੇਦ ਜਾਣਦੀ ਹੈ, ਸਾਡੇ ਗੁਰਦੇਵ ਅਸਚਰਜ ਕੌਤਕ ਕਰਦੇ ਹਨ। ਇਸਤਰੀ ਦੇ ਸਰੀਰ ਵਿਚ ਬੁੱਧੀ ਦੀ ਵਿਸ਼ਾਲਤਾ ਨਹੀਂ ਹੁੰਦੀ ਹੈ। ਇਸ ਦੀ ਕਹੀ ਹੋਈ ਗੱਲ ਨੂੰ ਕਿਵੇਂ ਸੱਚੀ ਮੰਨਿਆ ਜਾ ਸਕਦਾ ਹੈ॥੧੨॥

ਅਪਨਿ ਭੇਵ ਪਰਲੋਕ ਸਿਧਾਰਨ। ਨਿਕਟਿ ਨ ਕਿਸ ਕੇ ਕੀਨਿ ਉਚਾਰਨ।
ਧੀਰਜ ਦੇਨ ਹੇਤੁ ਇਸ ਮਨ ਕੋ। ਧਰਹਿ ਸ਼ੋਕ ਨਹਿੰ ਕਰਹਿ ਰੁਦਨ ਕੋ॥੧੩॥

ਆਪਣਾ ਪਰਲੋਕ ਜਾਣ ਦਾ ਭੇਦ ਕਿਸੇ ਪਾਸ ਵੀ ਉਚਾਰਨ ਨਹੀਂ ਕੀਤਾ ਹੈ। ਇਸ ਮਨ ਨੂੰ ਧੀਰਜ ਦੇਣ ਵਾਸਤੇ ਸ਼ੋਕ ਨੂੰ ਧਾਰਨ ਨਹੀਂ ਕਰਦੇ ਹਨ ਤੇ ਰੋਂਦੇ ਨਹੀਂ ਹਨ॥੧੩॥

ਯਾਂਤੇ ਕਛੁ ਫਰੇਬ ਸੰਗ ਬਾਨੀ। ਕਹੀ ਹੋਇਗੀ, ਨਹਿੰ ਇਸ ਜਾਨੀ।
ਕਰਹੁ ਜਤਨ ਜਿਮ ਖੁਲਹਿੰ ਕਿਵਾਰ। ਸਭਿ ਮਿਲਿ ਕਯੋਂ ਨਹਿੰ ਲੇਤਿ ਨਿਹਾਰ'॥੧੪॥

ਇਸ ਕਰਕੇ ਉਨ੍ਹਾਂ ਨੇ ਕੁਝ ਫਰੇਬ ਦੇ ਬਚਨ ਕਹੇ ਹੋਣਗੇ ਜਿਨ੍ਹਾਂ ਨੂੰ ਪੰਜਾਬ ਕੌਰ ਨਹੀਂ ਜਾਣ ਸਕੀ ਹੈ। ਉਸ ਤਰ੍ਹਾਂ ਯਤਨ ਕਰੋ ਜਿਵੇਂ ਦਰਵਾਜ਼ਾ ਖੁਲ੍ਹ ਸਕੇ, ਸਾਰੇ ਮਿਲ ਕੇ ਇਕ ਵਾਰ ਵੇਖ ਕਿਉਂ ਨਾ ਲਈਏ"॥੧੪॥

ਗਰਬਤਿ ਧਨੀ ਮਸੰਦ ਬਿਲੰਦ। ਧਰਹਿੰ ਨ ਤ੍ਰਾਸ ਮਹਾਂ ਮਤਿ ਮੰਦ।
ਜਬਹਿ ਜਤਨ ਕਛੁ ਲਾਗਹਿੰ ਕਰਨੇ। ਤੋਰ ਕਿਵਾਰਨ ਚਹਤਿ ਉਘਰਿਨੇ॥੧੫॥

ਵੱਡੇ ਧਨਵਾਨ ਮਸੰਦ ਬਹੁਤ ਹੰਕਾਰੇ ਹੋਏ ਸਨ, ਉਹ ਮਾੜੀ ਮੱਤ ਵਾਲੇ ਕਿਸੇ ਪਾਸੋਂ ਡਰਦੇ ਨਹੀਂ ਸਨ। ਜਦ ਉਹ ਕੁਝ ਯਤਨ ਕਰਨ ਲੱਗੇ, ਦਰਵਾਜ਼ੇ ਨੂੰ ਤੋੜ ਕੇ ਖੋਲ੍ਹਣ ਲੱਗੇ॥੧੫॥

ਸੁਨਿ ਪੰਜਾਬ ਕੁਵਰ ਤਬਿ ਦਾਸੀ। ਭੇਜੀ ਤੂਰਨ ਤਿਨ ਕੇ ਪਾਸੀ।
ਕਰੇ ਹਟਾਵਨਿ 'ਤੁਮ ਕਯਾ ਕਰੋ। ਗੁਰੂ ਹੁਕਮ ਕੋ ਤ੍ਰਾਸ ਨ ਧਰੋ॥ ੧੬॥

ਇਹ ਸੁਣ ਕੇ ਪੰਜਾਬ ਕੌਰ ਨੇ ਆਪਣੀ ਦਾਸੀ ਨੂੰ ਤੁਰਤ ਉਨ੍ਹਾਂ ਦੇ ਪਾਸ ਭੇਜਿਆ। ਉਸ ਦਾਸੀ ਨੇ ਜਾ ਕੇ ਹਟਾ ਦਿੱਤਾ, "ਇਹ ਤੁਸੀਂ ਕੀ ਕਰ ਰਹੇ ਹੋ, ਗੁਰੂ ਜੀ ਦੇ ਹੁਕਮ 'ਤੇ ਡਰ ਨਹੀਂ ਧਾਰਨ ਕਰਦੇ ਹੋ॥੧੬॥

ਮੁਝ ਸੋਂ ਕਹਿ ਕਰਿ ਆਪ ਸਿਧਾਰੇ। ਬਰਜੇ ਕਯੋਂ ਨਹਿੰ ਰਹਿਤਿ ਹਮਾਰੇ।
ਪੁਨ ਆਵੈਂ ਨਿਜ ਦੇਹਿ ਸੰਭਾਰਹਿੰ। ਬੈਠਿ ਸਭਾ ਮਹਿੰ ਦਰਸ ਦਿਖਾਰਹਿੰ॥੧੭॥

ਮੈਨੂੰ ਕਹਿ ਕੇ ਆਪ ਗਏ ਹਨ, ਮੇਰੇ ਰੋਕੇ ਹੋਏ ਵਰਜੇ ਨਹੀਂ ਰਹਿੰਦੇ ਹੋ। ਫਿਰ ਆ ਕੇ ਉਹ ਆਪਣੇ ਸਰੀਰ ਨੂੰ ਸੰਭਾਲਣਗੇ ਤੇ ਸਭਾ ਵਿਚ ਬੈਠ ਕੇ ਦਰਸ਼ਨ ਦੇਣਗੇ॥੧੭॥

ਸੁਨਿ ਮਸੰਦ ਪੁਨ ਗਮਨੇ ਪਾਸ। 'ਗੁਰ ਬਚ ਮਹਿੰ ਕਿਮ ਧਾਰਤਿ ਆਸ।
ਰੁਦਨ ਸ਼ੋਕ ਨਹਿੰ ਉਪਜੈ ਤੋਹੀ। ਹਿਤ ਧੀਰਜ ਕੇ ਭਾਖਯੋ ਹੋਹੀ॥ ੧੮॥

ਇਹ ਸੁਣ ਕੇ ਮਸੰਦ ਫਿਰ ਪਾਸ ਗਏ ਤੇ ਕਹਿਣ ਲੱਗੇ, "ਗੁਰੂ ਜੀ ਦੇ ਬਚਨਾਂ ਉੱਤੇ ਕਿਵੇਂ ਆਸ ਧਾਰਨ ਕਰੀਏ, ਤੈਨੂੰ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੋਇਆ ਹੈ ਤੇ ਨਾ ਹੀ ਤੂੰ ਰੋਂਦੀ ਹੈਂ, ਉਨ੍ਹਾਂ ਨੇ ਧੀਰਜ ਦੇਣ ਵਾਸਤੇ ਕਿਹਾ ਹੋਵੇਗਾ॥੧੮॥

ਕਹੋਂ ਗਤਿ ਕਰਨਿ ਦੇਤਿ ਨਹਿਂ ਆਛੇ। ਅਜਹੁ ਜੀਵਬੋ ਪਤਿ ਕੋ ਬਾਂਛੇ।
ਆਠ ਪਹਿਰ ਬੀਤੇ ਤਨ ਤਜਾਗੇ। ਅਬਿ ਦੁਰਗੰਧਤਿ ਹੋਵਨਿ ਲਾਗੇ॥ ੧੯॥

ਕਿਉਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਗਤੀ ਨਹੀਂ ਕਰਨ ਦਿੰਦੀ, ਹਾਲੇ ਵੀ ਪਤੀ ਨੂੰ ਜੀਉਂਦਾ ਸਮਝਦੀ ਹੈਂ। ਉਸ ਨੂੰ ਸਰੀਰ ਤਿਆਗੇ ਨੂੰ ਅਠ ਪਹਿਰ ਹੋ ਗਏ ਹਨ। ਹੁਣ ਤਾਂ ਦੁਰਗੰਧ ਵੀ ਉੱਠਣ ਲੱਗ ਜਾਵੇਗੀ॥੧੯॥

ਕਹੋਂ ਸਸਕਾਰ ਨ ਦੇਤਿ ਸਰੀਰ। ਕਹਾਂ ਕਹੇ ਪਰ ਬਾਂਧਤਿ ਧੀਰ।
ਜਿਮ ਭਾਖੀ ਸੋ ਭੇਵ ਨ ਜਾਨਹਿਂ। ਨਾਹਕ ਬੈਠੀ ਹਠ ਕੋ ਠਾਨਹਿਂ॥ ੨੦॥

ਸਰੀਰ ਦਾ ਕਿਉਂ ਸਸਕਾਰ ਨਹੀਂ ਕਰਨ ਦਿੰਦੀ, ਸ੍ਰੀ ਰਾਮ ਰਾਇ ਦੇ ਕਹੇ ਉੱਪਰ ਕਿਉਂ ਧੀਰਜ ਬੰਨ੍ਹ ਰਹੀ ਹੈਂ। ਜਿਵੇਂ ਉਨ੍ਹਾਂ ਕਿਹਾ ਹੈ, ਉਸ ਦਾ ਭੇਦ ਨਹੀਂ ਜਾਣਿਆ ਹੈ, ਫਜ਼ੂਲ ਬੈਠੀ ਨੇ ਹਠ ਧਾਰਨ ਕੀਤਾ ਹੈ"॥੨੦॥

ਸੁਨਿ ਪੰਜਾਬ ਕੁਵਰ ਪੁਨ ਕਹੀ। 'ਤਨ ਤਜਿਬੇ ਗਤਿ ਕੁਛ ਨਹਿਂ ਲਹੀ।
ਜੁਤਿ ਉਤਸ਼ਾਹ ਧੀਰ ਕੇ ਸਾਥ। ਆਛੀ ਰੀਤਿ ਕਹਜੋ ਬਚ ਨਾਥ॥ ੨੧॥

ਇਹ ਸੁਣ ਕੇ ਪੰਜਾਬ ਕੌਰ ਨੇ ਫਿਰ ਕਿਹਾ, "ਸਰੀਰ ਛੱਡਣ ਦੀ ਗਤੀ ਕੁਝ ਨਹੀਂ ਵੇਖੀ ਹੈ, ਉਤਸ਼ਾਹ ਅਤੇ ਧੀਰਜ ਨਾਲ ਮੇਰੇ ਸਵਾਮੀ ਨੇ ਅੱਛੀ ਰੀਤੀ ਨਾਲ ਮੈਨੂੰ ਬਚਨ ਕਹੇ ਹਨ॥੨੧॥

ਨਹਿਂ ਕਿਵਾਰ ਕਿਮ ਖੋਲਨਿ ਕਰੀਅਹਿ। ਗੁਰ ਦਿਸ਼ ਤੇ ਡਰ ਉਰ ਮਹਿਂ ਧਰੀਅਹਿ।
ਨਾਂਹਿ ਤ ਸ੍ਰਾਪ ਦੇਹਿਂਗੇ ਭਾਰੇ। ਲਖਹਿਂ ਅਵੱਗਜਾ ਜਰਹਿਂ ਉਖਾਰੇ'॥ ੨੨॥

ਕਿਸੇ ਤਰ੍ਹਾਂ ਵੀ ਦਰਵਾਜ਼ਿਆਂ ਨੂੰ ਨਾ ਖੋਲ੍ਹੋ, ਤੇ ਗੁਰੂ ਵਾਲੇ ਪਾਸੇ ਤੋਂ ਦਿਲ ਵਿਚ ਡਰ ਧਾਰਨ ਕਰੋ। ਨਹੀਂ ਤਾਂ ਉਹ ਵੱਡਾ ਸਰਾਪ ਦੇਣਗੇ ਤੇ ਅਵੱਗਿਆ ਸਮਝ ਕੇ ਤੁਹਾਡੀਆਂ ਜੜ੍ਹਾਂ ਪੁਟ ਦੇਣਗੇ"॥੨੨॥

ਨੀਠ ਨੀਠ ਇਮ ਬਰਜਿ ਹਟਾਏ। ਚਾਹਤਿ ਚਿਤ ਅਬਿ ਦੇਹਿਂ ਜਰਾਏ।
ਰੌਰਾ ਕਰਤਿ ਰਹੇ ਦਿਨ ਸਾਰੇ। ਪਰੀ ਜਾਮਨੀ ਤਿਮਰ ਪਸਾਰੇ॥ ੨੩॥

ਮਸਾਂ-ਮਸਾਂ ਇਸ ਤਰ੍ਹਾਂ ਵਰਜ ਕੇ ਹਟਾਏ, ਚਿੱਤ ਵਿਚ ਇਹ ਚਾਹੁੰਦੇ ਸਨ ਕਿ ਹੁਣ ਸਾੜ ਦੇਈਏ। ਸਾਰਾ ਦਿਨ ਉਹ ਰੌਲਾ ਪਾਉਂਦੇ ਰਹੇ, ਜਦ ਰਾਤ ਪੈ ਗਈ ਤਾਂ ਸਾਰੇ ਹਨੇਰਾ ਫੈਲ ਗਿਆ॥੨੩॥

ਮਿਲਿ ਮਸੰਦ ਤਬਿ ਮਤਾ ਪਕਾਏ। 'ਅਬਿ ਨਹਿਂ ਮਿਟਹੁ ਜਿ ਕਿਮਹੁ ਹਟਾਏ।
ਹੋਤਿ ਪ੍ਰਾਤਿ ਕੇ ਦਿਹੁ ਸਸਕਾਰ। ਕੀਜਹਿ ਜਥਾ ਜੋਗ ਸਭਿ ਕਾਰ'॥ ੨੪॥

ਫਿਰ ਮਸੰਦਾਂ ਨੇ ਮਿਲ ਕੇ ਮਤਾ ਪਕਾਇਆ, "ਹੁਣ ਨਾ ਹਟੋ, ਜੇ ਕਿਸੇ ਤਰ੍ਹਾਂ ਵੀ ਹਟਾਵੇ। ਸਵੇਰ ਹੁੰਦਿਆਂ ਹੀ ਸਸਕਾਰ ਕਰ ਦੇਵੋ ਤੇ ਯਥਾ ਯੋਗ ਸਾਰਾ ਕਾਰਜ ਕਰੋ"॥੨੪॥

ਕਰਿ ਮਸਲਤ ਇਮ ਨਿਸ ਮਹਿਂ ਸੋਏ। ਉਠੇ ਪ੍ਰਾਤਿ ਅਰਣੋਦੈ ਹੋਏ।
ਤਤਛਿਨ ਤੋਰਿ ਕਿਵਾਰ ਉਘਾਰੇ। ਸਿਹਜਾ ਊਪਰ ਪਰੇ ਨਿਹਾਰੇ॥ ੨੫॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਪਏ। ਤੁਰਤ ਦਰਵਾਜ਼ੇ ਤੋੜ ਕੇ ਬੂਹਾ ਖੋਲ੍ਹਿਆ ਤੇ ਸ੍ਰੀ ਰਾਮ ਰਾਇ ਨੂੰ ਬਿਸਤਰੇ 'ਤੇ ਪਏ ਵੇਖਿਆ॥੨੫॥

ਕਹਿ ਪੰਜਾਬ ਕੁਵਰ ਬਹੁ ਰਹੀ। ਗਰਬਤਿ ਮੂਢਨ ਮਾਨੀ ਨਹੀਂ।
ਮਿਲਿ ਸਭਿਹਿਨਿ ਤਨ ਲੀਨਿ ਉਚਾਈ। ਸਸਕਾਰਨਿ ਤਯਾਰੀ ਕਰਿਵਾਈ॥੨੬॥

ਪੰਜਾਬ ਕੌਰ ਬਹੁਤ ਕਹਿ ਰਹੀ, ਪਰ ਹੰਕਾਰੀ ਨਾ ਮੰਨੇ। ਸਾਰਿਆਂ ਨੇ ਮਿਲ ਕੇ ਸਰੀਰ ਨੂੰ ਚੁਕਿਆ ਅਤੇ ਸਸਕਾਰ ਦੀ ਤਿਆਰੀ ਕਰਵਾਈ॥੨੬॥

ਆਦਿ ਪੰਜਾਬ ਕੁਇਰ ਰੁਦਨਾਵੈ। ਦੇਖਿ ਦੇਖਿ ਬਡ ਸ਼ੋਕ ਬਧਾਵੈ।
ਦਿਨਕਰ ਚਢਯੋ ਬਿਮਾਨ ਬਨਾਯੋ। ਅਧਿਕ ਦਰਬ ਤਿਹ ਊਪਰ ਲਾਯੋ॥੨੭॥

ਪੰਜਾਬ ਕੌਰ ਆਦਿ ਪਤਨੀਆਂ ਰੋ ਰਹੀਆਂ ਸਨ, ਵੇਖ-ਵੇਖ ਕੇ ਵੱਡਾ ਦੁੱਖ ਵਧਾਉਂਦੀਆਂ ਸਨ। ਜਦ ਦਿਨ ਚੜ੍ਹਿਆ ਤਾਂ ਵਿਮਾਨ ਬਣਾਇਆ, ਬਹੁਤ ਧਨ ਉਸ ਉੱਤੇ ਲਾਇਆ॥੨੭॥

ਦਾਸ ਮਸੰਦ ਸਿੱਖ ਸਮੁਦਾਏ। ਸੁਨਿ ਸੁਨਿ ਜਿਤ ਕਿਤ ਤੇ ਸਭਿ ਆਏ।
ਫੂਲਨ ਮਾਲਾ ਚੰਦਨ ਆਨਯੋਂ। ਸ਼ਬਦ ਕੀਰਤਨ ਮਿਲਤਿ ਬਖਾਨਯੋਂ॥੨੮॥

ਸਾਰੇ ਸਿੱਖ, ਮਸੰਦ ਅਤੇ ਸੇਵਕ, ਜਿਸ ਕਿਸ ਪਾਸੋਂ ਸੁਣ ਕੇ ਆ ਪਹੁੰਚੇ। ਫੁੱਲਾਂ ਦੇ ਹਾਰ ਤੇ ਚੰਦਨ ਮੰਗਵਾਇਆ ਤੇ ਮਿਲ ਕੇ ਸ਼ਬਦ ਕੀਰਤਨ ਕੀਤਾ॥੨੮॥

ਕੇਤਿਕ ਰੋਦਤਿ ਸ਼ੋਕ ਵਧਾਵਹਿਂ। ਗਨ ਧਨਵਾਨ ਮਸੰਦ ਅਲਾਵਹਿਂ।
'ਪਿਖਹੁ ਪੰਜਾਬ ਕੁਇਰ ਕਜਾ ਕੀਨਿ। ਗੁਰ ਕੋ ਭੇਦ ਸਕੀ ਨਹਿਂ ਚੀਨ॥੨੯॥

ਕਈ ਰੋ ਰੋ ਕੇ ਦੁਖ ਵਧਾਉਂਦੇ ਸਨ ਤੇ ਸਾਰੇ ਅਮੀਰ ਮਸੰਦ ਕਹਿੰਦੇ ਸਨ, "ਵੇਖੋ ਪੰਜਾਬ ਕੌਰ ਨੇ ਕੀ ਕੀਤਾ ਸੀ ਗੁਰੂ ਜੀ ਦੇ ਭੇਦ ਨੂੰ ਨਾ ਸਮਝ ਸਕੀ॥੨੯॥

ਖੋੜਸ ਜਾਮ ਰਹਯੋ ਤਨ ਖਾਲੀ। ਸਸਕਾਰਨਿ ਕੀ ਕੀਨਿ ਨ ਚਾਲੀ।
ਅਬਿ ਭੀ ਤਿਸਕੋ ਕਹਯੋ ਮਿਟਾਯੋ। ਅੰਤਰ ਹੇਰਿ ਵਹਿਰ ਨਿਕਸਾਯੋ॥ ੩੦॥

ਸੋਲ੍ਹਾਂ ਪਹਿਰ ਸਰੀਰ ਖਾਲੀ ਰਿਹਾ ਹੈ ਤੇ ਸਸਕਾਰ ਕਰਨ ਦੀ ਚਾਲ ਨਹੀਂ ਬਣਾਈ ਹੈ। ਹੁਣ ਵੀ ਉਸ ਦੇ ਕਹੇ ਨੂੰ ਨਹੀਂ ਮੰਨਿਆ ਹੈ, ਅੰਦਰ ਵੇਖ ਕੇ ਬਾਹਰ ਕੱਢਿਆ ਹੈ॥੩੦॥

ਬਿਨਾ ਸੁਾਸ ਤੇ ਪਰਯੋ ਸਰੀਰ। ਹਮ ਨੇ ਜਾਨ ਲੀਨਿ ਬਿਨ ਤੀਰ'।
ਕਹਹਿਂ ਪਰਸਪਰ ਤਯਾਰੀ ਠਾਨਹਿਂ। ਚੰਦਨ ਕਾਸ਼ਟ ਸੰਚਹਿਂ, ਆਨਹਿਂ॥੩੧॥

ਸਵਾਸਾਂ ਤੋਂ ਬਗੈਰ ਸਰੀਰ ਪਿਆ ਸੀ, ਅਸੀਂ ਕੋਲ ਜਾਣ ਤੋਂ ਬਿਨਾਂ ਹੀ ਜਾਣ ਲਿਆ ਸੀ।" ਆਪਸ ਵਿਚ ਇਸ ਤਰ੍ਹਾਂ ਕਹਿ ਕੇ ਤਿਆਰੀ ਕਰਦੇ ਸਨ ਤੇ ਚੰਦਨ ਦੀਆਂ ਲਕੜਾਂ ਇਕੱਠੀਆਂ ਕਰਵਾਉਂਦੇ ਸਨ॥੩੧॥

ਪੁਨ ਮਸੰਦ ਮਿਲਿਕੇ ਸਮੁਦਾਏ। ਹਿਤ ਸ਼ਨਾਨ ਕੇ ਜਲ ਸੁਚ ਲਜਾਏ।
ਹੁਤੇ ਮੁੱਖਿ ਤਨ ਤਿਨਹੁਂ ਉਠਾਯੋ। ਜੀਵਤਿ ਮਨਹੁਂ ਸਭਿਨਿ ਦਰਸਾਯੋ॥ ੩੨॥

ਫਿਰ ਸਾਰੇ ਮਸੰਦ ਮਿਲ ਕੇ ਇਸ਼ਨਾਨ ਵਾਸਤੇ ਸੁੱਚਾ ਜਲ ਲਿਆਏ। ਜਿਹੜੇ ਮੁੱਖੀ-ਮੁੱਖੀ ਮਸੰਦ ਸਨ, ਉਨ੍ਹਾਂ ਨੇ ਸਰੀਰ ਨੂੰ ਚੁੱਕ ਲਿਆ, ਮਾਨੋ ਸਾਰਿਆਂ ਨੂੰ ਜੀਉਂਦਾ ਵਿਖਾਇਆ ਹੋਵੇ॥੩੨॥

ਪੁਨ ਪੰਜਾਬ ਕੁਇਰ ਬਚ ਭਾਖਾ। 'ਬੁਰਾ ਕੀਯੋ ਤੁਮ ਤਨ ਨਹਿਂ ਰਾਖਾ।
ਦੁਤਿ ਜੀਵਤਿ ਸਮ ਦੇਖੀ ਪਰੈ। ਇਮ ਨਹਿਂ ਰਹੈ ਜਿ ਪ੍ਰਾਨੀ ਮਰੈ'॥ ੩੩॥

ਫਿਰ ਪੰਜਾਬ ਕੌਰ ਨੇ ਬਚਨ ਕੀਤਾ, "ਤੁਸੀਂ ਬੁਰਾ ਕੀਤਾ ਹੈ ਸਰੀਰ ਨੂੰ ਗੌਖਿਆ ਨਹੀਂ। ਸਰੀਰ ਦੀ ਆਭਾ ਜੀਉਂਦਿਆਂ ਵਰਗੀ ਦਿਖਾਈ ਦਿੰਦੀ ਹੈ, ਜਿਹੜਾ ਮਨੁੱਖ ਮਰ ਜਾਂਦਾ ਹੈ, ਉਹ ਇਸ ਤਰ੍ਹਾਂ ਨਹੀਂ ਰਹਿੰਦਾ ਹੈ" ॥੩੩॥

ਚਿਤ ਮਹਿਂ ਲਗੀ ਅਰਾਧਨਿ ਪਤਿਕੋ। 'ਕਹਾਂ ਕੀਨਿ ਤੁਮ ਪਾਛਲ ਗਤਿਕੋ।
ਅਬਿ ਭੀ ਪਹੁਂਚਹੁ ਦੇਹ ਸੰਭਾਰੋ। ਖੋਟ ਮਸੰਦਨ ਕੋ ਨਿਰਧਾਰੋ॥ ੩੪॥

ਆਪਣੇ ਚਿੱਤ ਵਿਚ ਪਤੀ ਦੀ ਅਰਾਧਣਾ ਕਰਨ ਲੱਗੀ, "ਤੁਸੀਂ ਪਿਛਲੀ ਗਤੀ ਨੂੰ ਕੀ ਕੀਤਾ ਹੈ। ਹੁਣ ਵੀ ਪਹੁੰਚ ਕੇ ਸਰੀਰ ਸੰਭਾਲ ਲਵੋ ਤੇ ਮਸੰਦਾਂ ਦੀ ਇਸ ਖੋਟ ਨੂੰ ਨਿਰਧਾਰ ਕਰ ਦੇਵੋ॥੩੪॥

ਮੇਰੋ ਕਹਜੋ ਨ ਮੂਰਖ ਮਾਨਹਿਂ। ਨਹਿਂ ਪ੍ਰਤਾਪ ਕੁਛ ਰਾਵਰਿ ਜਾਨਹਿਂ।
ਲੋਚਨ ਮੂੰਦਿ ਧਜਾਨ ਜਬਿ ਠਾਨਾ। ਲਗੇ ਕਰਾਵਨ ਤਨ ਇਸ਼ਨਾਨਾ॥ ੩੫॥

ਇਹ ਮੂਰਖ ਮੇਰਾ ਕਿਹਾ ਨਹੀਂ ਮੰਨਦੇ ਹਨ ਤੇ ਆਪ ਜੀ ਦੇ ਪ੍ਰਤਾਪ ਨੂੰ ਕੁਝ ਨਹੀਂ ਜਾਣਦੇ ਹਨ।" ਅੱਖਾਂ ਬੰਦ ਕਰਕੇ ਜਦ ਪੰਜਾਬ ਕੌਰ ਨੇ ਧਿਆਨ ਲਾਇਆ, ਤਾਂ ਉਸ ਸਮੇਂ ਮਸੰਦ ਸਰੀਰ ਨੂੰ ਇਸ਼ਨਾਨ ਕਰਵਾਉਣ ਲੱਗੇ॥੩੫॥

ਜਲ ਘਟ ਕੋ ਜਲ ਊਪਰ ਡਾਰਾ। ਅਰੁਸਾਧ੍ਰੀ ਕਰਿ ਧਜਾਨ ਹਕਾਰਾ।
ਜਹਿਂ ਥਿਰ ਹੁਤੇ ਸਰਬਗਤਿ ਜਾਨੀ। ਕੀਨਿ ਆਗਵਨ ਤੂਰਨ ਠਾਨੀ॥ ੩੬॥

ਪਾਣੀ ਦੇ ਘੜੇ ਨੂੰ ਸਰੀਰ ਤੇ ਪਾਇਆ, ਤਾਂ ਪੰਜਾਬ ਕੌਰ ਨੇ ਇਸ ਤਰ੍ਹਾਂ ਧਿਆਨ ਧਰ ਕੇ ਬੁਲਾਇਆ। ਰਾਮ ਰਾਇ ਜੀ ਜਿੱਥੇ ਸਥਿਤ ਸਨ, ਉਨ੍ਹਾਂ ਸਾਰੀ ਗੱਲ ਜਾਣ ਲਈ ਤੇ ਆਉਣ ਦੀ ਤੁਰਤ ਤਿਆਰੀ ਕਰ ਲਈ॥੩੬॥

ਗਗਨ ਪੰਥ ਮਹਿਂ ਤਤਛਿਨ ਆਏ। ਦੇਖੇ ਮਿਲੇ ਲੋਕ ਸਮੁਦਾਏ।
ਤਨ ਨਿਕਾਸ ਕਰਿਵਾਇ ਸ਼ਨਾਨਾ। ਸਸਕਾਰਨ ਹਿਤ ਸਭਿ ਕੁਛੁ ਠਾਨਾ॥੩੭॥

ਅਕਾਸ਼ ਮਾਰਗ ਵਿਚ ਤੁਰਤ ਆ ਗਏ ਤੇ ਆ ਕੇ ਵੇਖਿਆ, ਬਹੁਤ ਲੋਕ ਇਕੱਠੇ ਹੋਏ ਹਨ। ਸਰੀਰ ਨੂੰ ਕੱਢ ਕੇ ਇਸ਼ਨਾਨ ਕਰਵਾ ਰਹੇ ਹਨ ਤੇ ਸਸਕਾਰ ਕਰਨ ਵਾਸਤੇ ਸਭ ਕੁਝ ਧਾਰਨ ਕੀਤਾ ਸੀ॥੩੭॥

ਮਹਾਂ ਬਿਘਨ ਕੀਨਸਿ ਮਤਿ ਮੰਦਨਿ। ਨਿਜ ਬਲ ਤੇ ਮਮ ਪ੍ਰਾਨ ਨਿਕੰਦਨ।
ਅਬਿ ਜੀਵਨ ਕੀ ਬਾਤ ਨ ਆਛੇ। ਦੇਖਜੋ ਤਨ ਸਭਿਹਿਨਿ ਮੁਝ ਪਾਛੇ' ॥੩੮॥

ਮਾੜੀ ਮੱਤ ਵਾਲਿਆਂ ਵੱਡਾ ਵਿਘਨ ਕੀਤਾ ਹੈ, ਆਪਣੇ ਜ਼ੋਰ ਨਾਲ ਮੇਰੇ ਪ੍ਰਾਣ ਕੱਢਣ ਲੱਗੇ ਹਨ। ਹੁਣ ਜੀਉਣ ਦੀ ਗੱਲ ਨਹੀਂ ਰਹੀ ਹੈ, ਸਾਰਿਆਂ ਨੇ ਬਾਅਦ ਵਿਚ ਮੇਰਾ ਸਰੀਰ ਵੇਖਿਆ ਹੈ॥੩੮॥

ਪੁਨ ਪੰਜਾਬ ਕੁਵਰ ਦਿਸ਼ਿ ਹੇਰਾ। ਥਿਰੀ ਧਜਾਨ ਉਰ ਸ਼ੋਕ ਬਡੇਰਾ।
ਮਹਾਂ ਕ੍ਰੋਧ ਤੇ ਸ਼ਬਦ ਸੁਨਾਯੋ। 'ਮਿਲਿ ਮੂਢਨਿ ਬਡ ਬਿਘਨ ਉਠਾਯੋ॥ ੩੯॥

ਰਾਮ ਰਾਇ ਨੇ ਫਿਰ ਪੰਜਾਬ ਕੌਰ ਵਲ ਵੇਖਿਆ, ਧਿਆਨ ਲਾ ਕੇ ਬੈਠੀ ਸੀ, ਪਰ ਹਿਰਦੇ ਵਿਚ ਵੱਡਾ ਦੁੱਖ ਸੀ। ਮਹਾਂ ਕ੍ਰੋਧ ਨਾਲ ਫਿਰ ਰਾਮ ਰਾਇ ਨੇ ਸ਼ਬਦ ਸੁਣਾਇਆ, "ਮੂਰਖਾਂ ਨੇ ਮਿਲ ਕੇ ਵੱਡਾ ਵਿਘਨ ਚੁਕਿਆ ਹੈ॥੩੯॥

ਪਰਿਹੋ ਘੋਰ ਆਪਦਾ ਮਾਂਹੀ। ਵਧਹਿ ਬਿਖਾਦ ਮਿਟਹਿ ਕਿਮ ਨਾਂਹੀ।
ਮਹਾਂ ਪਾਤਕੀ ਤੁਮ ਅਬਿ ਹੋਏ। ਗੁਰ ਕੇ ਪ੍ਰਾਨ ਘਾਤਿ ਕਰਿ ਜੋਏ॥ ੪੦॥

ਵੱਡੀ ਬਿਪਤਾ ਵਿਚ ਪੈ ਗਏ ਹਨ, ਝਗੜਾ ਬਹੁਤ ਵੱਧ ਜਾਵੇਗਾ ਤੇ ਕਿਸੇ ਤਰ੍ਹਾਂ ਵੀ ਖਤਮ ਨਹੀਂ ਹੋਵੇਗਾ। ਹੁਣ ਤੁਸੀਂ ਮਹਾਂ ਪਾਪੀ ਹੋ ਗਏ ਹੋ। ਜਿਨ੍ਹਾਂ ਨੇ ਆਪਣੇ ਗੁਰੂ ਜੀ ਦੇ ਪ੍ਰਾਣ ਹੀ ਖਤਮ ਕਰ ਦਿੱਤੇ ਹਨ॥੪੦॥

ਮ੍ਰਿਤੁ ਮਸੰਦਨ ਕੀ ਨਿਯਰਾਈ। ਜਿਸ ਤੇ ਕੀਨ ਕੁਕਰਮ ਬਨਾਈ।
ਬੋਲਤਿ ਸੁਨਜੋ ਸ਼ਬਦ ਤਹਿਂ ਮਾਨਵ। ਤਊ ਨ ਤ੍ਰਾਸ ਰਿਦੈ ਕੁਛ ਠਾਨਵ ॥੪੧॥

ਮਸੰਦਾਂ ਦੀ ਮੌਤ ਹੁਣ ਨੇੜੇ ਆ ਗਈ ਹੈ, ਜਿਸ ਕਰਕੇ ਇਨ੍ਹਾਂ ਏਡਾ ਵੱਡਾ ਕੁਕਰਮ ਕੀਤਾ ਹੈ।'' ਸਾਰੇ ਲੋਕਾਂ ਨੇ ਅਜਿਹਾ ਬੋਲਿਆ ਹੋਇਆ ਸ਼ਬਦ ਸੁਣਿਆ, ਫਿਰ ਵੀ ਉਨ੍ਹਾਂ ਨੇ ਮਨ ਵਿਚ ਕੁਝ ਡਰ ਧਾਰਨ ਨਾ ਕੀਤਾ ॥੪੧॥

ਪੁਨ ਪੰਜਾਬ ਕੁਵਰ ਸੌਂ ਭਾਖਾ। 'ਮਮ ਪਲਟੇ ਕੀ ਰਖਿ ਅਭਿਲਾਖਾ।
ਤੁਮ ਦੇਖਤਿ ਇਹ ਆਪਦਾ ਪਾਵੈਂ। ਫਲ ਕੋ ਭੋਗੈਂ ਪ੍ਰਾਨ ਗਵਾਵੈਂ ॥ ੪੨ ॥

ਫਿਰ ਪੰਜਾਬ ਕੌਰ ਨੂੰ ਕਿਹਾ, "ਮੇਰੇ ਬਦਲੇ ਦੀ ਅਭਿਲਾਸ਼ਾ ਰੱਖੋ। ਤੁਹਾਡੇ ਵੇਖਦਿਆਂ ਇਹ ਬਿਪਤਾ ਪਾਉਣਗੇ, ਤੇ ਕੀਤੀ ਦਾ ਫਲ ਪਾ ਕੇ ਆਪਣੇ ਪ੍ਰਾਣ ਗਵਾਉਣਗੇ ॥੪੨॥

ਅਬਿ ਤੌ ਬੀਤ ਗਈ ਸਭਿ ਬਾਤੀ। ਗੁਰਮਤਿ ਚਿਤ ਧਰਿ ਠਾਨਹੁ ਸ਼ਾਂਤੀ।
ਉੱਦਮ ਕਰਿ, ਪਲਟੇ ਕੋ ਪੈਹੈਂ। ਨਾਂਹਿਤ ਇਹ ਤੁਝ ਬਹੁ ਦੁਖ ਦੈਹੈਂ ॥ ੪੩ ॥

ਹੁਣ ਤਾਂ ਸਾਰੀ ਗੱਲ ਬੀਤ ਗਈ ਹੈ, ਚਿੱਤ ਵਿਚ ਗੁਰਮਤ ਧਾਰ ਕੇ ਸ਼ਾਂਤੀ ਨੂੰ ਅਪਨਾਓ। ਉੱਦਮ ਕਰਕੇ ਬਦਲਾ ਲਵੋ, ਨਹੀਂ ਤਾਂ ਇਹ ਤੁਹਾਨੂੰ ਬਹੁਤ ਦੁਖ ਦੇਣਗੇ ॥੪੩॥

ਤੇਜ ਪ੍ਰਤਾਪ ਸਮੇਤ ਉਦਾਰਾ। ਤੋਹਿ ਸਮੀਪ ਬਸਹਿ ਗੁਰ ਭਾਰਾ।
ਤਿਨ ਸੌਂ ਕਹਿ ਆਪਨ ਬਿਰਤੰਤਾ। ਸਭਿ ਮਸੰਦ ਕੋ ਕੀਜਹਿ ਅੰਤਾ ॥ ੪੪ ॥

ਵੱਡੇ ਤੇਜ ਪ੍ਰਤਾਪ ਸਹਿਤ ਤੇਰੇ ਲਾਗੇ ਭਾਰੀ ਗੁਰੂ ਜੀ ਰਹਿੰਦੇ ਹੁਨ ਉਨ੍ਹਾਂ ਪਾਸ ਜਾ ਕੇ ਆਪਣਾ ਸਾਰਾ ਬ੍ਰਿਤਾਂਤ ਸੁਣਾਓ ਤੇ ਸਾਰੇ ਮਸੰਦਾਂ ਨੂੰ ਮਾਰ ਦੇਵੋ' ॥੪੪॥

ਇਮ ਪੰਜਾਬ ਕੁਇਰ ਸਮੁਝਾਈ। ਬਹੁਰ ਨ ਗਿਰਾ ਗਗਨ ਤੇ ਆਈ।
ਸੁਰ ਪੁਰਿ ਪਹੁਚੇ ਕੀਨਸਿ ਬਾਸਾ। ਇਸ ਪ੍ਰਕਾਰ ਭਾ ਅਜਬ ਤਮਾਸ਼ਾ ॥ ੪੫ ॥

ਸ੍ਰੀ ਰਾਮ ਰਾਇ ਜੀ ਨੇ ਇਸ ਤਰ੍ਹਾਂ ਪੰਜਾਬ ਕੌਰ ਨੂੰ ਸਮਝਾਇਆ, ਫਿਰ ਅਕਾਸ਼ ਤੋਂ ਕੋਈ ਆਵਾਜ਼ ਨਾ ਆਈ। ਸ੍ਰੀ ਰਾਮ ਰਾਇ ਜੀ ਬੈਕੁੰਠਾਂ ਵਿਚ ਚਲੇ ਗਏ ਅਤੇ ਉਥੇ ਜਾ ਵਾਸਾ ਕੀਤਾ, ਇਸ ਪ੍ਰਕਾਰ ਅਜੀਬ ਤਮਾਸ਼ਾ ਹੋਇਆ ॥੪੫॥

*ਦੂਸਰੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥ ੬ ॥*

## *ਅਧਿਆਇ ਸਤਵਾਂ*

### *ਪੰਜਾਬ ਕੌਰ ਕੀ ਸਤਿਗੁਰਾਂ ਨੂੰ ਚਿੱਠੀ*

ਦੋਹਰਾ- ਸਸਕਾਰ ਸਮਿੱਗ੍ਰੀ ਸਹਿਤ ਤਨ ਲੀਯੋ ਵਹਿਰ ਨਿਕਾਸ।
ਜਲ ਤੇ ਦਯੋ ਸ਼ਨਾਨ ਕਰਿ ਪਿਖਿ ਗੁਰ ਪੁੱਤ੍ਰ ਉਦਾਸ ॥ ੧ ॥

ਸਸਕਾਰ ਸਮੱਗਰੀ ਸਹਿਤ ਸਰੀਰ ਨੂੰ ਬਾਹਰ ਕੱਢ ਲਿਆ, ਜਲ ਨਾਲ ਇਸ਼ਨਾਨ ਕਰਵਾਉਂਦੇ ਵੇਖ ਕੇ ਗੁਰੂ ਪੁੱਤਰ ਭਾਵ ਸ੍ਰੀ ਰਾਮ ਰਾਇ ਜੀ ਬਹੁਤ ਉਦਾਸ ਹੋ ਗਏ ॥੧॥

Sri Satguru Jagjit Singh Ji eLlibrary NamdhariElibrary@gmail.com

ਤਨ ਮਹਿਂ ਨਹਿਂ ਪ੍ਰਵੇਸ਼ ਪੁਨ ਕੀਨੋ। ਹੁਇ ਨਿਰਾਸ ਸੁਰਿ ਪੁਰਿ ਮਗ ਲੀਨੋ।
ਭ੍ਰਾਤ ਗੁਰੂ ਕੋ ਸ੍ਰਾਪ ਚਿਤਾਰਾ। ਨਹਿਂ ਜੀਵਨ ਮਹਿਂ ਨਿਜ ਮਨ ਧਾਰਾ ॥ ੨ ॥

ਫਿਰ ਦੁਬਾਰਾ ਸਰੀਰ ਵਿਚ ਪ੍ਰਵੇਸ਼ ਨਾ ਕੀਤਾ ਤੇ ਨਿਰਾਸ਼ ਹੋ ਕੇ ਬੈਕੁੰਠਾਂ ਦੇ ਰਸਤੇ ਪੈ ਗਏ। ਸ੍ਰੀ ਰਾਮ ਰਾਇ ਦੇ ਭਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਸਰਾਪ ਉਚਾਰਨ ਕੀਤਾ ਸੀ ਇਸ ਕਰਕੇ ਫਿਰ ਜੀਉਣ ਵਾਸਤੇ ਮਨ ਵਿਚ ਨਾ ਧਾਰਿਆ ॥੨॥

ਗਗਨ ਗਿਰਾ ਕਿਨ ਕਿਨ ਸੁਨਿ ਲੀਨੀ। ਗਰਬਤਿ ਮਹਿਦ ਮਸੰਦ ਨ ਚੀਨੀ।
ਇਕ ਪੰਜਾਬ ਕੁਇਰ ਉਰ ਧਾਰੀ। ਦੁਖਿਤ ਬਾਪੁਰੀ ਭਈ ਲਚਾਰੀ ॥ ੩ ॥

ਅਕਾਸ਼ ਬਾਣੀ ਕਈਆਂ ਨੇ ਸੁਣ ਲਈ ਸੀ, ਪਰ ਵੱਡੇ ਹੰਕਾਰੀ ਮਸੰਦ ਨਾ ਪਛਾਣ ਸਕੇ। ਇਕ ਮਾਤਾ ਪੰਜਾਬ ਕੌਰ ਨੇ ਮਨ ਵਿਚ ਧਾਰਨ ਕੀਤਾ ਸੀ। ਵਿਚਾਰੀ ਦੁਖੀ ਹੋ ਕੇ ਲਾਚਾਰ ਹੋ ਗਈ ॥੩॥

ਨਹਿਂ ਕੁਛ ਜਤਨ ਬਨਜੋ ਤਿਸ ਪਾਸਾ। ਰੋਦਤਿ ਅਧਿਕ ਲੇਤਿ ਬਡ ਸ੍ਵਾਸਾ।
ਜੁਗ ਸੌਤਨ ਜੁਤਿ ਬਿਲਪਹਿਂ ਦਾਸੀ। ਸਭਿ ਕੋ ਆਨਿ ਪਰਜੋ ਦੁਖ ਰਾਸੀ ॥ ੪ ॥

ਉਨ੍ਹਾਂ ਮਸੰਦਾਂ ਦੇ ਪਾਸ ਉਸਦਾ ਕੋਈ ਵੀ ਯਤਨ ਨਾ ਬਣਿਆ, ਰੋਂਦੀ ਹੋਈ ਲੰਮੇ-ਲੰਮੇ ਸਾਹ ਲੈ ਰਹੀ ਸੀ, ਦੋਵਾਂ ਸੌਂਕਣਾਂ ਸਮੇਤ ਦਾਸੀਆਂ ਵਿਰਲਾਪ ਕਰ ਰਹੀਆਂ ਸਨ। ਸਾਰੀਆਂ ਨੂੰ ਵੱਡਾ ਦੁੱਖ ਆ ਪਿਆ ਸੀ ॥੪॥

ਬ੍ਰਿੰਦ ਮਸੰਦਨ ਕਰਿ ਸਭਿ ਤਯਾਰੀ। ਦੇਹਿ ਚਿਖਾ ਪਰਿ ਧਰਿ ਕਰਿ ਜਾਰੀ।
ਮੱਜਨ ਕਰਿ ਬੈਠੇ ਸਮੁਦਾਏ। ਪੁਨ ਉਠਿ ਉਠਿ ਨਿਜ ਸਦਨ ਸਿਧਾਏ ॥ ੫ ॥

ਸਾਰੇ ਮਸੰਦਾਂ ਨੇ ਫਿਰ ਤਿਆਰੀ ਕੀਤੀ ਤੇ ਸਰੀਰ ਨੂੰ ਚਿਖਾ ਉੱਤੇ ਰੱਖ ਕੇ ਸਾੜ ਦਿੱਤਾ। ਫਿਰ ਇਸ਼ਨਾਨ ਕਰਕੇ ਸਾਰੇ ਬੈਠ ਗਏ, ਫਿਰ ਉੱਠ-ਉੱਠ ਆਪਣੇ ਘਰਾਂ ਨੂੰ ਚਲੇ ਗਏ ॥੫॥

ਦਰਬ ਆਦਿ ਵਸਤੁਨਿ ਸੰਭਾਰੇ। ਲਗੇ ਦੁਰਾਵਨਿ ਜਿਸ ਅਨੁਸਾਰੇ।
ਸੁਰ ਪੁਰਿ ਰਾਮਰਾਇ ਚਲਿ ਗਏ। ਅਪਰਨ ਤੇ ਨਹਿਂ ਤ੍ਰਾਸਤਿ ਭਏ ॥ ੬ ॥

ਧਨ ਆਦਿ ਵਸਤਾਂ ਸੰਭਾਲ ਲਈਆਂ ਤੇ ਉਨ੍ਹਾਂ ਸਭ ਵਸਤਾਂ ਨੂੰ ਲੁਕਾਉਣ ਲੱਗੇ। ਸ੍ਰੀ ਰਾਮ ਰਾਇ ਸਵਰਗਾਂ ਵਿਚ ਚਲੇ ਗਏ ਸਨ, ਹੁਣ ਉਨ੍ਹਾਂ ਨੂੰ ਹੋਰ ਕਿਸੇ ਦਾ ਡਰ ਨਹੀਂ ਸੀ ॥੬॥

ਜਹਿਂ ਜਹਿਂ ਛੋਰੇ ਹੁਤੇ ਮਸੰਦ। ਸਿਖ ਸੰਗਤਿ ਤੇ ਲੇ ਧਨ ਬ੍ਰਿੰਦ।
ਹੁਤੇ ਪ੍ਰਥਮ ਹੀ ਤ੍ਰਾਸ ਨ ਮਾਨਤਿ। ਹਮਰੋ ਕਰਜੋ ਗੁਰੂ ਯਹ ਜਾਨਤਿ ॥ ੭ ॥

ਜਿੱਥੇ-ਜਿੱਥੇ ਮਸੰਦ ਛੱਡੇ ਸਨ, ਉਹ ਸਿੱਖ ਸੰਗਤ ਪਾਸੋਂ ਬਹੁਤ ਧਨ ਇਕੱਠਾ ਕਰਦੇ ਸਨ। ਉਹ ਪਹਿਲਾਂ ਹੀ ਕਿਸੇ ਦਾ ਡਰ ਨਹੀਂ ਸੀ ਮੰਨਦੇ ਤੇ ਇਹ ਕਹਿੰਦੇ ਸਨ ਕਿ ਇਹ ਸਾਡਾ ਬਣਾਇਆ ਹੋਇਆ ਗੁਰੂ ਹੈ ॥੭॥

ਗਰਬਤਿ ਰਿਦੇ ਸੁਨੀ ਪੁਨ ਐਸੇ। ਅਬਿ ਹਮ ਕੋ ਡਰ ਰਹਜੋ ਨ ਕੈਸੇ।
ਜਹਿਂ ਕਹਿਂ ਤੇ ਗਨ ਦਰਬ ਸੰਭਾਰਾ। ਮਿਲਿ ਆਪਸ ਮਹਿਂ ਚੋਰਜੋ ਸਾਰਾ ॥ ੮ ॥

ਫਿਰ ਇਸ ਤਰ੍ਹਾਂ ਸੁਣਕੇ ਕਿ ਸ੍ਰੀ ਰਾਮ ਰਾਇ ਜੀ ਸਵਰਗਵਾਸ ਹੋ ਗਏ ਹਨ, ਹੁਣ ਸਾਨੂੰ ਕੋਈ ਡਰ ਨਹੀਂ ਰਿਹਾ ਹੈ। ਸਾਰੇ ਮਸੰਦ ਹਿਰਦੇ ਵਿਚ ਬਹੁਤ ਹੰਕਾਰ ਕਰਨ ਲੱਗੇ। ਜਿੱਥੋਂ ਕਿੱਥੋਂ ਬਹੁਤ ਧਨ ਸੰਭਾਲ ਲਿਆ ਤੇ ਆਪਸ ਵਿਚ ਮਿਲ ਕੇ ਸਾਰਾ ਚੁਰਾ ਲਿਆ ॥੮॥

ਕਹੇ ਪੰਜਾਬ ਕੁਵਰ ਬਹੁਤੇਰੇ। ਹਟਹਿਂ ਨ ਮਾਨਹਿਂ ਦੁਸ਼ਟ ਬਡੇਰੇ।
ਕਛ ਬਸ ਚਲੇ ਨ, ਭਈ ਲਚਾਰੀ। ਨਹਿਂ ਮਾਨਹਿਂ ਬਿਨ ਦੰਡ ਕੁਚਾਰੀ ॥ ੯ ॥

ਪੰਜਾਬ ਕੌਰ ਨੇ ਬਹੁਤ ਕਿਹਾ, ਪਰ ਹਟੇ ਨਹੀਂ ਤੇ ਵੱਡੇ ਦੁਸ਼ਟ ਮੰਨਦੇ ਨਹੀਂ ਸਨ। ਕੁਝ ਵੱਸ ਨਹੀਂ ਸੀ ਚਲਦਾ, ਲਚਾਰ ਹੋ ਗਈ। ਵੱਡੀ ਸਜ਼ਾ ਤੋਂ ਬਗੈਰ ਵੱਡੇ ਦੁਸ਼ਟ ਮੰਨਣ ਵਾਲੇ ਨਹੀਂ ਸਨ॥੯॥

ਗੁਰ ਕੇ ਤਰਫ ਲਿਖੀ ਤਬਿ ਅਰਜ਼ੀ। 'ਘਰ ਰਾਵਰਿ ਕੋ, ਹਮ ਇਹ ਅਰਜ਼ੀ।
ਹੁਤੇ ਭਤੀਜਾ, ਆਪ ਬਡੇਰੇ। ਤੁਮ ਮਾਲਿਕ ਸਾਂਭਹੁ ਇਸ ਬੇਰੇ॥ ੧੦॥

ਮਾਤਾ ਪੰਜਾਬ ਕੌਰ ਨੇ ਫਿਰ ਗੁਰੂ ਜੀ ਵਲ ਬੇਨਤੀ ਲਿਖੀ, "ਆਪ ਜੀ ਦੇ ਘਰ ਇਹ ਮੈਂ ਬੇਨਤੀ ਭੇਜਦੀ ਹਾਂ। ਆਪ ਜੀ ਵੱਡੇ ਹੋ ਤੁਹਾਡਾ ਭਤੀਜਾ ਸੀ, ਤੁਸੀਂ ਮਾਲਕ ਹੋ ਇਸ ਸਮੇਂ ਸੰਭਾਲ ਕਰੋ॥੧੦॥

ਦੁਸ਼ਟ ਮਸੰਦਨ ਕੀਨਿ ਬਿਗਾਰਾ। ਤਨਕ ਨ ਤ੍ਰਾਸ ਕਿਸਹੂੰ ਤੇ ਧਾਰਾ।
ਅਬਿ ਨਚਿੰਤ ਧਰਿ ਗਰਬ ਬਿਸਾਲੇ। ਜਿਤ ਕਿਤ ਦਰਬ ਦੁਰਾਇ ਸੰਭਾਲੇਂ॥੧੧॥

ਦੁਸ਼ਟ ਮਸੰਦਾਂ ਨੇ ਵੱਡਾ ਵਿਗਾੜ ਕੀਤਾ ਹੈ, ਰਤਾ ਭਰ ਵੀ ਕਿਸੇ ਪਾਸੋਂ ਡਰ ਨਹੀਂ ਧਾਰਨ ਕੀਤਾ ਹੈ। ਹੁਣ ਨਿਸਚਿੰਤ ਹੋ ਕੇ ਬਹੁਤ ਹੰਕਾਰ ਧਾਰਨ ਕੀਤਾ ਹੈ, ਜਿੱਥੋਂ ਕਿੱਥੋਂ ਧਨ ਲੁਕਾ ਕੇ ਸੰਭਾਲ ਲੈਂਦੇ ਹਨ॥੧੧॥

ਮੁਝ ਕੋ ਭਨੈਂ ਤ੍ਰਿਯਾ ਤਨ ਤੇਰੋ। ਲਖਹਿਂ ਕਹਾਂ ਅਸ ਭਾਵ ਬਡੇਰੋ।
ਕ੍ਰਿਪਾ ਧਾਰਿ ਆਵਹੁ ਜੇ ਆਪ। ਦਿਹੁ ਫਲ ਇਨਹੁੰ ਕਿਯੋ ਜਿਮ ਪਾਪ॥੧੨॥

ਮੈਨੂੰ ਕਹਿੰਦੇ ਹਨ ਤੇਰਾ ਇਸਤਰੀ ਦਾ ਸਰੀਰ ਹੈ ਤੂੰ ਏਨੇ ਵੱਡੇ ਭਾਵ ਨੂੰ ਤੂੰ ਕਿਵੇਂ ਸਮਝ ਸਕਦੀ ਹੈਂ ਭਾਵ ਤੂੰ ਸੰਗਤ ਆਦਿ ਨੂੰ ਸੰਭਾਲ ਨਹੀਂ ਸਕਦੀ ਹੈਂ। ਕਿਰਪਾ ਧਾਰ ਕੇ ਜੇ ਆਪ ਆਵੋ, ਇਨ੍ਹਾਂ ਜਿਹੜਾ ਵੱਡਾ ਪਾਪ ਕੀਤਾ ਹੈ ਉਸ ਦਾ ਇਨ੍ਹਾਂ ਨੂੰ ਫਲ ਦੇਵੋ॥੧੨॥

ਦੰਡ ਉਚਿਤ ਜੇ ਦੰਡ ਨ ਪਾਯੋ। ਉਲਟੋ ਮਿਲਿ ਸਭਿ ਗਰਬ ਬਢਾਯੋ।
ਮਨ ਭਾਵਤਿ ਕ੍ਰਿਤ ਕੋ ਸਭਿ ਕਰੈਂ। ਵਸਤੁ ਦੁਰਾਵੈਂ ਲੈ ਲੈ ਧਰੈਂ॥ ੧੩॥

ਜੇ ਇਨ੍ਹਾਂ ਨੂੰ ਉਚਿਤ ਦੰਡ ਨਾ ਪਾਇਆ ਤਾਂ ਉਲਟਾ ਸਾਰੇ ਮਿਲ ਕੇ ਹੰਕਾਰ ਵਧਾਉਣਗੇ। ਫਿਰ ਇਹ ਸਾਰੇ ਆਪਣੇ ਭਾਉਂਦੀਆਂ ਕ੍ਰਿਤਾਂ ਕਰਨਗੇ ਤੇ ਵਸਤਾਂ ਲੁਕਾ ਲੁਕਾ ਕੇ ਧਰੀ ਜਾਣਗੇ॥੧੩॥

ਅਬਿ ਤੁਮ ਬਿਨ ਨਹਿਂ ਕੋਇ ਹਮਾਰਾ। ਦੁਖ ਸਮੁੰਦ੍ਰ ਤੇ ਕਰਹੁ ਉਧਾਰਾ'।
ਹੁਤੋ ਜੁ ਬਹਿਲੋ ਕੋ ਗੁਰਦਾਸਿ। ਮਿਲਿ ਪੰਜਾਬ ਕੁਵਰ ਕੇ ਪਾਸ॥ ੧੪॥

ਹੁਣ ਤੁਹਾਡੇ ਬਗੈਰ ਸਾਡਾ ਕੋਈ ਨਹੀਂ ਹੈ, ਇਸ ਦੁੱਖ ਦੇ ਸਮੁੰਦਰ ਤੋਂ ਸਾਡਾ ਉਧਾਰ ਕਰੋ।" ਜਿਹੜਾ ਭਾਈ ਬਹਿਲੋ ਦਾ ਪੁੱਤਰ ਗੁਰਦਾਸ ਨਾਮੀ ਮਸੰਦ ਸੀ, ਉਹ ਪੰਜਾਬ ਕੌਰ ਨੂੰ ਮਿਲਿਆ॥੧੪॥

ਸਕਲ ਮਸੰਦਨ ਤੇ ਛਪਿ ਕਰਿਕੇ। ਇਹ ਪੱਤ੍ਰੀ ਸਭਿ ਲਿਖੀ ਬਿਚਰਿਕੇ।
ਸਭਿਹਿਨਿ ਤੇ ਦੁਰਾਇ ਪਹੁਚਾਈ। ਕਲਗ਼ੀਧਰ ਸਮੀਪ ਤਬਿ ਆਈ॥ ੧੫॥

ਸਾਰੇ ਮਸੰਦਾਂ ਤੋਂ ਲੁਕ ਕੇ, ਇਹ ਚਿੱਠੀ ਵਿਚਾਰ ਕੇ ਲਿਖੀ। ਸਾਰਿਆਂ ਪਾਸੋਂ ਲੁਕਾ ਕੇ ਪਹੁੰਚਾ ਦਿੱਤੀ, ਤਦ ਚਿੱਠੀ ਕਲਗ਼ੀਧਰ ਦੇ ਪਾਸ ਆ ਗਈ॥੧੫॥

ਨੰਦ ਚੰਦ ਲੇ ਕਰਿ ਢਿਗ ਗਯੋ। ਸਰਬ ਪ੍ਰਸੰਗ ਸੁਨਾਵਤਿ ਭਯੋ।
ਤਿਸ ਨਰ ਕੌ ਭੀ ਨਿਕਟ ਹਕਾਰਾ। ਬੂਝਯੋ, ਤਾਂਹਿ ਬ੍ਰਿਤੰਤ ਉਚਾਰਾ॥ ੧੬॥

ਨੰਦ ਚੰਦ ਚਿੱਠੀ ਲੈ ਕੇ ਗੁਰੂ ਜੀ ਦੇ ਪਾਸ ਗਿਆ ਤੇ ਸਾਰਾ ਪ੍ਰਸੰਗ ਉਨ੍ਹਾਂ ਨੂੰ ਸੁਣਾਇਆ। ਪੰਜਾਬ ਕੌਰ ਵਲੋਂ ਭੇਜੇ ਮਨੁੱਖ ਨੂੰ ਵੀ ਪਾਸ ਬੁਲਾਇਆ ਤੇ ਉਸ ਪਾਸੋਂ ਸਾਰਾ ਬ੍ਰਿਤਾਂਤ ਪੁਛਿਆ॥੧੬॥

'ਬਰਜ ਰਹੀ ਸਭਿ ਕੌ ਬਹੁ ਬਾਰੀ। ਨਹਿਂ ਮਾਨੀ ਕਾਯਾਂ ਮਿਲਿ ਜਾਰੀ।
ਭੈ ਨਿਰਭੈ ਮਨ ਭਾਵਤਿ ਕਰੈਂ। ਦਰਬ ਚੁਰਾਵਹਿਂ ਨਿਜ ਨਿਜ ਧਰੈਂ॥ ੧੭॥

"ਮਾਤਾ ਪੰਜਾਬ ਕੌਰ ਸਾਰਿਆਂ ਨੂੰ ਬਹੁਤ ਵਾਰ ਵਰਜਦੀ ਰਹੀ ਪਰ ਉਹ ਨਾ ਮੰਨੇ ਤੇ ਮਿਲ ਕੇ ਸਰੀਰ ਨੂੰ ਸਾੜ ਦਿੱਤਾ। ਭੈਅ ਤੋਂ ਨਿਡਰ ਹੋ ਕੇ ਮਨ ਭਾਉਂਦੀ ਕਰਦੇ ਹਨ ਤੇ ਧਨ ਦੀ ਚੋਰੀ ਕਰਕੇ ਆਪਣੇ-ਆਪਣੇ ਪਾਸ ਰੱਖਦੇ ਹਨ॥੧੭॥

ਇਕ ਗੁਰਦਾਸ ਕੁਛਕ ਅਨੁਸਾਰੀ। ਅਪਰ ਸੁ ਬਿਗਰੇ ਹੁਇ ਹੰਕਾਰੀ।
ਅਬਿ ਸਹਾਇਤਾ ਚਹੈਂ ਤੁਮਾਰੀ। ਅਹੋ ਅਲੰਬ ਏਕ ਨਿਰਧਾਰੀ' ॥ ੧੮॥

ਇਕ ਗੁਰਦਾਸ ਮਸੰਦ ਕੁਝ ਕੁ ਆਗਿਆ ਅਨੁਸਾਰ ਹੈ, ਹੋਰ ਸਾਰੇ ਵੱਡੇ ਹੰਕਾਰੀ ਵਿਗੜੇ ਹੋਏ ਹਨ। ਹੁਣ ਤੁਹਾਡੀ ਸਹਾਇਤਾ ਚਾਹੁੰਦੇ ਹਨ, ਇਹੋ ਹੀ ਇਕੋ ਇਕ ਆਸਰਾ ਮੰਨਿਆ ਹੈ"॥੧੮॥

ਸ੍ਰੀ ਕਲਗੀਧਰ ਸੁਨਤਿ ਬਿਚਾਰੇ। ਬ੍ਰਿੰਦ ਮਸੰਦ ਬਿਲੰਦ ਬਿਗਾਰੇ।
ਡਰਤਿ ਨ ਰਾਮਰਾਇ ਤੇ ਜੇਈ। ਕਯੋਂ ਨ ਬੁਰਾ ਠਾਨਹਿਂ ਅਬਿ ਤੇਈ॥ ੧੯॥

ਸ੍ਰੀ ਕਲਗੀਧਰ ਨੇ ਸੁਣ ਕੇ ਵਿਚਾਰ ਕੀਤੀ, "ਸਾਰੇ ਮਸੰਦਾਂ ਨੇ ਵੱਡਾ ਵਿਗਾੜ ਕੀਤਾ ਹੈ। ਜਿਹੜੇ ਰਾਮ ਰਾਇ ਤੋਂ ਨਹੀਂ ਡਰਦੇ ਸਨ, ਉਹ ਹੁਣ ਕਿਉਂ ਨਾ ਬੁਰਾ ਕਾਰਜ ਕਰਨਗੇ॥੧੯॥

ਸ੍ਰੀ ਗੁਰ ਨਾਨਕ ਕੇ ਘਰ ਸਾਰੇ। ਧਨੀ ਮਸੰਦ ਅਧਿਕ ਹੰਕਾਰੇ।
ਅਦਬ ਨ ਕਰਹਿਂ ਨ ਸ਼ਰਧਾ ਧਾਰਹਿਂ। ਅਪਰ ਨਰਨਿ ਸਮ ਗੁਰੂ ਬਿਚਾਰਹਿਂ॥੨੦॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਸਾਰੇ ਮਸੰਦ ਵੱਡੇ ਧਨੀ ਹੋ ਕੇ ਹੰਕਾਰੀ ਹੋ ਗਏ ਹਨ। ਨਾ ਅਦਬ ਕਰਦੇ ਹਨ ਅਤੇ ਨਾ ਹੀ ਸ਼ਰਧਾ ਧਾਰਨ ਕਰਦੇ ਹਨ। ਹੋਰਨਾਂ ਮਨੁੱਖਾਂ ਵਾਂਗ ਗੁਰੂ ਨੂੰ ਸਮਝਦੇ ਹਨ॥੨੦॥

ਗਨ ਸਿੱਖਨ ਕੇ ਮਹਿਦ ਸੰਤਾਪੀ। ਧਨ ਲੇ ਬਾਨਹਿਂ ਸੁਰਾਪੀ ਪਾਪੀ।
ਬੇਸਜਾ ਭੋਗਨਿ ਆਦਿ ਬਿਕਾਰਾ।ਸਭਿ ਮਹਿਂ ਫਸਹਿਂ ਪੁਨਹਿਂ ਹੰਕਾਰਾ॥ ੨੧॥

ਸਾਰੇ ਸਿੱਖਾਂ ਵਾਸਤੇ ਵੱਡੇ ਦੁਖਦਾਇਕ ਹਨ, ਧਨ ਲੈ ਕੇ ਸ਼ਰਾਬ ਪੀਣ ਵਾਲੇ ਪਾਪੀ ਬਣ ਗਏ ਹਨ। ਵੇਸਵਾ ਭੋਗਣਾ ਤੇ ਹੋਰ ਅਜਿਹੇ ਵਿਕਾਰਾਂ ਵਿਚ ਪੈ ਗਏ ਹਨ ਤੇ ਸਾਰਿਆਂ ਦੇ ਵਿਚ ਵੱਡਾ ਹੰਕਾਰ ਵਸਦਾ ਹੈ॥੨੧॥

ਜਬਿ ਕਬਿ ਸਿੱਖੀ ਰੀਤਿ ਬਿਗਾਰੈਂ। ਕਰਹਿਂ ਅਨਾਦਰ ਸਿੱਖਨ ਤਾਰੈਂ।
ਇਨ ਕੋ ਮੂਲ ਉਖਾਰਿ ਨ ਹੋਇ। ਸੁਖ ਪ੍ਰਾਪਤਿ ਸਤਿਸੰਗ ਨ ਸੋਇ॥ ੨੨॥

ਜਦ ਕਦ ਸਿੱਖੀ ਰੀਤ ਨੂੰ ਵਿਗਾੜਦੇ ਹਨ ਤੇ ਸਿੱਖਾਂ ਨੂੰ ਤਾੜਨਾ ਕਰਕੇ ਉਨ੍ਹਾਂ ਦਾ ਅਨਾਦਰ ਕਰਦੇ ਹਨ। ਇਨ੍ਹਾਂ ਦੇ ਜਦ ਮੂਲ ਨੂੰ ਨਹੀਂ ਉਖਾੜਾਂਗੇ ਤਦ ਤਕ ਸਤਿਸੰਗਤ ਸੁਖ ਪ੍ਰਾਪਤ ਨਹੀਂ ਕਰੇਗੀ"॥੨੨॥

ਇੱਤਜਾਦਿਕ ਗੁਰ ਰਿਦੈ ਬਿਚਾਰੀ। ਪੱਤ੍ਰੀ ਲਿਖਿਬੇ ਹੇਤੁ ਉਚਾਰੀ।
'ਜਹਿਂ ਕਹਿਂ ਤੁਮਰੇ ਅਹੈਂ ਮਸੰਦ। ਕਰਹੁ ਹਕਾਰਨਿ ਨਿਜ ਢਿਗ ਬ੍ਰਿੰਦ॥੨੩॥

ਇਸ ਤਰ੍ਹਾਂ ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਉਨ੍ਹਾਂ ਨੇ ਚਿੱਠੀ ਲਿਖਣ ਵਾਸਤੇ ਉਚਾਰਨ ਕੀਤਾ, "ਜਿੱਥੇ ਕਿੱਥੇ ਤੁਹਾਡੇ ਮਸੰਦ ਹਨ, ਉਨ੍ਹਾਂ ਸਾਰਿਆਂ ਨੂੰ ਚਿੱਠੀ ਲਿਖ ਕੇ ਆਪਣੇ ਪਾਸ ਬੁਲਾਓ॥੨੩॥

ਲਿਖਹੁ ਸਭਿਨਿ ਪ੍ਰਤਿ ਤੁਮ ਚਲਿ ਆਵਹੁ। ਸਿਰੋਪਾਉ ਗੁਰ ਘਰ ਤੇ ਪਾਵਹੁ।
ਪੁਨ ਗਮਨਹੁ ਨਿਜ ਨਿਜ ਅਸਥਾਨ। ਭੇਤ ਨ ਦੇਹੁ, ਨ ਲੇਹਿਂ ਪਛਾਨ॥੨੪॥

ਸਾਰਿਆਂ ਨੂੰ ਲਿਖੋ ਕਿ ਤੁਸੀਂ ਚਲ ਕੇ ਆਵੋ ਤੇ ਗੁਰੂ ਘਰ ਤੋਂ ਆਪਣੇ ਸਿਰੋਪੇ ਪ੍ਰਾਪਤ ਕਰੋ। ਫਿਰ ਆਪਣੇ-ਆਪਣੇ ਸਥਾਨਾਂ ਤੇ ਚਲੇ ਜਾਵੋ, ਉਨ੍ਹਾਂ ਨੂੰ ਭੇਦ ਨਾ ਦੇਵੋ ਤਾਂਕਿ ਉਹ ਪਛਾਣ ਨਾ ਲੈਣ॥੨੪॥

**ਜਬਹਿ ਆਨਿ ਮਿਲਿਹੈਂ ਸਮੁਦਾਇ। ਹਮ ਸਮੀਪ ਦ੍ਰਿਹੁ ਸੁਧ ਪਹੁਚਾਇ।**
**ਤਤਛਿਨ ਚਢਿ ਕੈ ਆਇ ਸੁਧਾਰੈਂ। ਜਿਮ ਕਹਿਬੋ ਹੁਇ ਤਥਾ ਬਿਚਾਰੈਂ॥੨੫॥**

ਜਦ ਸਾਰੇ ਆ ਕੇ ਮਿਲਣਗੇ ਤਾਂ ਸਾਡੇ ਪਾਸ ਖ਼ਬਰ ਪਹੁੰਚਾ ਦੇਵੋ ਤੁਰਤ ਚੜ੍ਹ ਕੇ ਆ ਜਾਵਾਂਗੇ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਧਾਰਾਂਗੇ ਜਿਵੇਂ ਜਾਇਜ਼ ਹੋਵੇਗਾ ਉਸ ਤਰ੍ਹਾਂ ਹੀ ਕਰਨ ਬਾਰੇ ਵਿਚਾਰਾਂਗੇ" ॥੨੫॥

**ਇੱਤਜਾਦਿਕ ਲਿਖਿ ਧੀਰਜ ਹੇਤੁ। ਪਠੀ ਪੱਤ੍ਰਿਕਾ ਛਿੱਪ੍ਰ ਸਮੇਤ।**
**ਲੇ ਪਹੁੰਚਯੋ ਗੁਰਦਾਸਹਿ ਪਾਸ। ਪਠਿ ਕਰਿ ਬਹੁ ਛਪਾਇ ਕਰਿ ਤਾਸ॥੨੬॥**

ਇਸ ਤਰ੍ਹਾਂ ਲਿਖ ਕੇ ਧੀਰਜ ਦੇਣ ਵਾਸਤੇ ਚਿੱਠੀ ਕਿਸੇ ਦੇਰ ਬਗੈਰ ਭੇਜ ਦਿੱਤੀ। ਚਿੱਠੀ ਲੈ ਜਾਣ ਵਾਲਾ ਗੁਰਦਾਸ ਦੇ ਪਾਸ ਪਹੁੰਚ ਗਿਆ। ਉਸ ਨੇ ਬਹੁਤ ਛੁਪਾ ਕੇ ਚਿੱਠੀ ਪੜ੍ਹੀ॥੨੬॥

**ਜਾਇ ਪੰਜਾਬ ਕੁਇਰ ਸਮੁਝਾਈ। 'ਆਇ ਕਰਹਿਂ ਗੁਰ ਸਕਲ ਉਪਾਈ'।**
**ਨਿਕਟ ਮਸੰਦ ਜਿਤੇ ਕੁਰਿਆਰ। ਗੁਰ ਸੁਤ ਤ੍ਰਿਯ ਨੇ ਲਿਏ ਹਕਾਰ॥੨੭॥**

ਜਾ ਕੇ ਪੰਜਾਬ ਕੌਰ ਨੂੰ ਸਮਝਾਇਆ, "ਗੁਰੂ ਜੀ ਆ ਕੇ ਸਭ ਉਪਾਅ ਕਰ ਦੇਣਗੇ।" ਜਿੰਨੇ ਵੀ ਦੁਸ਼ਟ ਮਸੰਦ ਪਾਸ ਸਨ, ਗੁਰੂ ਪੁੱਤਰ ਭਾਵ ਰਾਮ ਰਾਇ ਦੀ ਪਤਨੀ ਨੇ ਉਨ੍ਹਾਂ ਸਭ ਨੂੰ ਬੁਲਾ ਲਿਆ॥੨੭॥

**ਜੁਤਿ ਗੁਰਦਾਸ ਸਭਿਨਿ ਸੋਂ ਭਾਖਾ। 'ਚਹੀਅਹਿ ਰੀਤਿ ਕਰੀ ਇਮ ਕਾਂਖਾ।**
**ਜਿਤਿਕ ਮਸੰਦ ਗੁਰੂ ਘਰ ਕੇਰੇ। ਪਹੁੰਚਹਿਂ ਸਕਲ ਇਹਾਂ ਇਸ ਬੇਰੇ॥੨੮॥**

ਗੁਰਦਾਸ ਸਹਿਤ ਸਭ ਨੂੰ ਕਿਹਾ, "ਇਸ ਤਰ੍ਹਾਂ ਰੀਤੀ ਕਰਨ ਦੀ ਮੇਰੀ ਅਭਿਲਾਸ਼ਾ ਹੈ। ਜਿੰਨੇ ਵੀ ਗੁਰੂ ਘਰ ਦੇ ਮਸੰਦ ਹਨ ਉਹ ਸਾਰੇ ਹੀ ਇਸ ਸਮੇਂ ਏਥੇ ਪਹੁੰਚਣ॥੨੮॥

**ਨਏ ਨਏ ਦੇ ਕਰਿ ਸਿਰੁਪਾਇ। ਪੁਨ ਤਿਸ ਦੇਸ਼ਨਿ ਦੇਹਿਂ ਪਠਾਇ।**
**ਪ੍ਰਥਮ ਰੀਤਿ ਇਮ ਹੀ ਚਲਿ ਆਈ। ਤੁਮ ਸਜਾਨੇ ਸਮਝਹੁ ਸਮੁਦਾਈ॥੨੯॥**

ਨਵੇਂ-ਨਵੇਂ ਸਿਰੋਪੇ ਦੇ ਕੇ, ਫਿਰ ਉਨ੍ਹਾਂ ਦੇਸ਼ਾਂ ਵਿਚ ਹੀ ਭੇਜ ਦੇਵਾਂਗੇ, ਪਹਿਲਾਂ ਇਸ ਤਰ੍ਹਾਂ ਹੀ ਰੀਤੀ ਚਲਦੀ ਆਈ ਹੈ, ਤੁਸੀਂ ਸਿਆਣੇ ਹੋ, ਸਾਰੇ ਸਮਝਦੇ ਹੋ॥੨੯॥

**ਲਿਖਹੁ ਮਾਸ ਕੀ ਤਿਥ ਇਕ ਸਾਰੇ। ਮਿਲਹਿਂ ਆਨ ਤਿਸ ਦਿਵਸ ਹਕਾਰੇ'।**
**ਸੁਨਿ ਮਸਲਤ ਸਭਿਹਿਨਿ ਮਨ ਮਾਨੀ। ਰੀਤਿ ਆਦਿ ਗੁਰ ਕੀ ਘਰ ਜਾਨੀ॥੩੦॥**

ਮਹੀਨੇ ਦੀ ਇਕ ਤਿੱਥੀ ਮਿੱਥ ਕੇ ਸਾਰਿਆਂ ਨੂੰ ਲਿਖ ਦੇਵੋ, ਉਸ ਦਿਨ ਸਾਰੇ ਹੀ ਆ ਕੇ ਮਿਲਣ।" ਇਹ ਸੁਣ ਕੇ ਸਾਰਿਆਂ ਨੇ ਸਲਾਹ ਮੰਨ ਲਈ, ਸਾਰਿਆਂ ਨੇ ਇਸ ਨੂੰ ਗੁਰੂ ਘਰ ਦੀ ਰੀਤੀ ਜਾਣਿਆ॥੩੦॥

**ਲਿਖੇ ਹੁਕਮਨਾਮੇ ਤਬਿ ਸਾਰੇ। "ਪਹੁੰਚਹੁ ਇਸ ਥਲ ਬਿਲਮ ਬਿਸਾਰੇ।**
**ਗੁਰੁ ਘਰ ਤੇਂ ਬਡਤਾ ਅਬਿ ਪਾਵੋ। ਪੁਨ ਸਿੱਖਨ ਤੇ ਧਨ ਉਗਰਾਵੋ॥੩੧॥**

ਸਾਰਿਆਂ ਨੂੰ ਹੁਕਮਨਾਮੇ ਲਿਖ ਦਿੱਤੇ, "ਕਿਸੇ ਪ੍ਰਕਾਰ ਦੀ ਦੇਰੀ ਛੱਡ ਕੇ ਇਸ ਸਥਾਨ ਤੇ ਪਹੁੰਚੋ, ਗੁਰੂ ਘਰ ਤੋਂ ਵਡਿਆਈ ਹੁਣ ਪਾਵੋ ਤੇ ਬਾਅਦ ਵਿਚ ਸਿੱਖਾਂ ਪਾਸੋਂ ਧਨ ਉਗਰਾਵੋ॥੩੧॥

ਜਹਿਂ ਕਹਿਂ ਲਿਖਿ ਕਰਿ ਤੁਰਤ ਪਠਾਏ। ਪਠਿ ਪਠਿ ਹੁਕਮ ਸਕਲ ਚਲਿ ਆਏ।
ਹਰਖ ਉਪਾਇ ਅਧਿਕ ਮਨ ਮਾਂਹੀ। 'ਹਮ ਬਿਨ ਗੁਰੂ ਬਨੈ ਕਿਮ ਨਾਂਹੀ ॥੩੨॥

ਜਿੱਥੇ ਕਿੱਥੇ ਤੁਰਤ ਹੁਕਮ ਨਾਮੇ ਲਿਖ ਕੇ ਭੇਜ ਦਿੱਤੇ, ਹੁਕਮ ਪੜ੍ਹ-ਪੜ੍ਹ ਸਾਰੇ ਚਲ ਕੇ ਆ ਗਏ। ਆਪਣੇ ਮਨ ਵਿਚ ਬਹੁਤ ਪ੍ਰਸੰਨ ਹੋਏ ਕਹਿੰਦੇ ਸਨ, "ਸਾਡੇ ਬਗੈਰ ਕਿਵੇਂ ਗੁਰੂ ਬਣ ਸਕਦਾ ਹੈ॥੩੨॥

ਯਾਂਤੇ ਖਾਤਰ ਕਰਹਿਂ ਹਮਾਰੀ। ਕਜੋਂ ਨ ਲੇਹੁ ਸਿਰੁਪਾਉ ਉਦਾਰੀ'।
ਦੇਸ਼ ਬਿਦੇਸ਼ਨਿ ਤੇ ਸਮੁਦਾਏ। ਗਨ ਮਸੰਦ ਲਘੁ ਦੀਰਘ ਆਏ॥ ੩੩॥

ਇਸ ਕਰਕੇ ਹੁਣ ਸਾਡੀ ਖਾਤਰ ਕਰਨਗੇ, ਕਿਉਂ ਨਾ ਉੱਤਮ ਸਿਰੋਪੇ ਲਈਏ।" ਦੇਸ਼ਾਂ ਵਿਦੇਸ਼ਾਂ ਤੋਂ ਇਕੱਠੇ ਹੋ ਕੇ ਛੋਟੇ ਵੱਡੇ ਸਾਰੇ ਮਸੰਦ ਆਏ॥੩੩॥

ਭਈ ਆਨਿ ਕਰਿ ਭੀਰ ਘਨੇਰੀ। ਮਿਲਹਿਂ ਪਰਸਪਰ ਪ੍ਰੀਤਿ ਬਡੇਰੀ।
ਬਹੁ ਉਤਸ਼ਾਹ ਕਰਤਿ ਮਿਲਿ ਮਿਲਿ ਕੈ। ਪਹੁੰਚੇ ਜਬਹਿ ਸਕਲ ਚਲਿ ਚਲਿ ਕੈ॥੩੪॥

ਸ੍ਰੀ ਰਾਮ ਰਾਇ ਦੇ ਡੇਰੇ ਵਿਚ ਬਹੁਤ ਭੀੜ ਹੋ ਗਈ, ਸਾਰੇ ਆਪਸ ਵਿਚ ਪ੍ਰੀਤ ਵਧਾ ਕੇ ਮਿਲਦੇ ਸਨ। ਇਕ ਦੂਸਰੇ ਨੂੰ ਮਿਲ ਮਿਲ ਕੇ ਬਹੁਤ ਉਤਸ਼ਾਹ ਕਰ ਰਹੇ ਸਨ, ਜਦ ਸਾਰੇ ਚਲ ਚਲ ਕੇ ਪਹੁੰਚਦੇ ਸਨ॥੩੪॥

ਪੁਨ ਪੰਜਾਬ ਕੁਇਰ ਲਿਖਿ ਪਾਤੀ। ਛਪਿ ਕਰਿ ਸਭਿ ਤੇ ਜੇਤਿਕ ਬਾਤੀ।
'ਮਿਲੇ ਆਨ ਕਰਿ ਦੁਸ਼ਟ ਮਸੰਦ। ਧਨ ਪ੍ਰਾਪਤਿਤੇ ਅਨੰਦ ਬਿਲੰਦ॥ ੩੫॥

ਫਿਰ ਪੰਜਾਬ ਕੌਰ ਨੇ ਸਭ ਤੋਂ ਲੁਕਾ ਕੇ ਜਿੰਨੀਆਂ ਵੀ ਗੱਲਾਂ ਸਨ, ਇਕ ਚਿੱਠੀ ਵਿਚ ਲਿਖ ਕੇ ਗੁਰੂ ਜੀ ਨੂੰ ਭੇਜ ਦਿੱਤੀ, "ਸਾਰੇ ਦੁਸ਼ਟ ਮਸੰਦ ਆ ਕੇ ਮਿਲ ਪਏ ਹਨ, ਧਨ ਪ੍ਰਾਪਤ ਹੋਣ ਕਰਕੇ ਬਹੁਤ ਪ੍ਰਸੰਨ ਹਨ॥੩੫॥

ਬਿਨਾ ਬਿਲੰਬ ਆਪ ਚਲਿ ਆਵਹੁ। ਬੁਧਿ ਬਲ ਤੇ ਸਭਿ ਜਤਨ ਬਨਾਵਹੁ।
ਏਕ ਆਸਰਾ ਰਾਵਰ ਕੇਰਾ। ਨਹਿਂ ਇਸ ਸਮੈਂ ਅਪਰ ਕੋ ਮੇਰਾ'॥ ੩੬॥

ਕਿਸੇ ਦੇਰ ਤੋਂ ਬਗੈਰ ਆਪ ਚਲ ਕੇ ਆ ਜਾਵੋ ਤੇ ਆਪਣੀ ਬੁੱਧੀ ਦੇ ਬਲ ਨਾਲ ਸਾਰੇ ਯਤਨ ਬਣਾਓ। ਇਕ ਆਪ ਜੀ ਦਾ ਆਸਰਾ ਹੈ, ਇਸ ਸਮੇਂ ਮੇਰਾ ਕੋਈ ਹੋਰ ਨਹੀਂ ਹੈ"॥੩੬॥

ਇੱਤਜਾਦਿਕ ਲਿਖਿ ਬਿਨੈ ਪਠਾਈ। ਗਯੋ ਦੂਤ ਲੇ ਕਰਿ ਸਹਿਸਾਈ।
ਆਨਿ ਪਾਂਵਟੇ ਪਹੁਂਚਯੋ ਸੋਇ। ਸਿੰਘ ਪੌਰ ਪਰ ਥਿਰ ਤਬਿ ਹੋਇ॥ ੩੭॥

ਇਸ ਪ੍ਰਕਾਰ ਦੀ ਬੇਨਤੀ ਲਿਖ ਕੇ ਭੇਜੀ, ਦੂਤ ਤੁਰਤ ਚਿੱਠੀ ਲੈ ਕੇ ਚਲ ਗਿਆ। ਉਹ ਪਾਉਂਟੇ ਨਗਰ ਵਿਚ ਆ ਪੁੱਜਾ ਤੇ ਮੁੱਖ ਦੁਆਰ ਤੇ ਜਾ ਖਲੋਤਾ॥੩੭॥

ਕਲਗੀਧਰ ਢਿਗ ਸੁਨਿ ਪਹੁਂਚਾਈ। ਸੁਨਿ ਕਰਿ ਅੰਤਰ ਲੀਨਿ ਬੁਲਾਈ।
ਬੂਝਨਿ ਕੀਨਿ ਸਕਲ ਹੀ ਬਾਤਿ। ਸਤਿਗੁਰ ਪਾਸ ਕਹੀ ਬੱਖਜਾਤਿ॥ ੩੮॥

ਜਦ ਕਲਗੀਧਰ ਸਤਿਗੁਰੂ ਪਾਸ ਖ਼ਬਰ ਪਹੁੰਚਾਈ ਤਾਂ ਉਨ੍ਹਾਂ ਨੇ ਸੁਣ ਕੇ ਦੂਤ ਨੂੰ ਅੰਦਰ ਬੁਲਾ ਲਿਆ। ਉਸ ਪਾਸੋਂ ਸਾਰੀ ਗੱਲਬਾਤ ਪੁੱਛਣ ਲੱਗੇ। ਉਸ ਨੇ ਪ੍ਰਗਟ ਰੂਪ ਵਿਚ ਸਾਰੀ ਗੱਲ ਬਾਤ ਗੁਰੂ ਜੀ ਨੂੰ ਸੁਣਾਈ॥੩੮॥

'ਜਿਤਕ ਮਸੰਦ ਅਹੈਂ ਤਿਸ ਘਰ ਕੇ। ਲਿਏ ਬਟੋਰ ਹਕਾਰਨਿ ਕਰਿਕੇ।
ਰਾਵਰ ਕੀ ਪ੍ਰਤੀਖਨਾ ਕਰਿ ਹੀ। ਸਿਖ ਸੰਗਤਿ ਅਭਿਲਾਖਾ ਧਰਿ ਹੀ॥ ੩੯॥

"ਉਸ ਘਰ ਦੇ ਜਿੰਨੇ ਵੀ ਮਸੰਦ ਹਨ, ਉਹ ਸਾਰੇ ਬੁਲਾ ਕੇ ਇਕੱਠੇ ਕਰ ਲਏ ਹਨ। ਹੁਣ ਸਾਰੀ ਸਿੱਖ ਸੰਗਤ ਅਭਿਲਾਸਾ ਧਾਰ ਕੇ ਆਪ ਜੀ ਦੀ ਇੰਤਜ਼ਾਰ ਕਰ ਰਹੀ ਹੈ॥੩੯॥

ਬਿਨ ਬਿਲੰਬ ਅਬਿ ਕੀਜਹਿ ਤਯਾਰੀ। ਦੇਖਤਿ ਹੈਂ ਸਭਿ ਦਿਸ਼ਾ ਤੁਮਾਰੀ'।
ਸੁਨਿ ਗੁਰ ਨੰਦਚੰਦ ਸੋਂ ਕਹਯੋ। 'ਸਮਾ ਚਹਤਿ ਸੋ ਅਬਿ ਹਮ ਲਹਯੋ॥੪੦॥

ਹੁਣ ਕਿਸੇ ਦੇਰੀ ਤੋਂ ਬਗੈਰ ਤਿਆਰੀ ਕਰੋ ਸਾਰੇ ਹੀ ਤੁਹਾਡੇ ਵਲ ਵੇਖ ਰਹੇ ਹਨ। ਇਹ ਸੁਣ ਕੇ ਗੁਰੂ ਜੀ ਨੇ ਨੰਦ ਚੰਦ ਨੂੰ ਕਿਹਾ, "ਜਿਹੜਾ ਅਸੀਂ ਮੌਕਾ ਚਾਹੁੰਦੇ ਸੀ, ਉਹ ਹੁਣ ਸਾਨੂੰ ਮਿਲ ਗਿਆ ਹੈ॥੪੦॥

ਪ੍ਰਾਤਿ ਹੋਤਿ ਹੀ ਕੀਜਹਿ ਤਯਾਰੀ। ਕੇਤਿਕ ਸੈਨਾ ਲੇਹੁ ਸੰਗਾਰੀ।
ਅਪਰ ਟਿਕਹਿਂ ਸਭਿ ਧੀਰਜ ਦੀਜੈ। ਅਬਿ ਤੇ ਸਕਲ ਬੁਲਾਇ ਭਨੀਜੈ' ॥੪੧॥

ਸਵੇਰ ਹੁੰਦਿਆਂ ਹੀ ਤਿਆਰੀ ਕਰੋ ਤੇ ਆਪਣੇ ਨਾਲ ਕੁਝ ਸੈਨਾ ਲੈ ਲਵੋ ਹੋਰ ਟਿਕੇ ਰਹਿਣ, ਸਾਰਿਆਂ ਨੂੰ ਧੀਰਜ ਦੇਵੋ ਤੇ ਹੁਣ ਤੋਂ ਸਾਰਿਆਂ ਨੂੰ ਬੁਲਾ ਕੇ ਕਹਿ ਦੇਵੋ" ॥੪੧॥

*ਦੂਸਰੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥*

## *ਅਧਿਆਇ ਅਠਵਾਂ*

*ਗੁਰੂ ਜੀ ਡੇਰੇ ਆਏ, ਮਸੰਦਾਂ ਨੂੰ ਦੰਡ ਦੇਣ ਵਾਸਤੇ ਤਿਆਰੀ*

ਦੋਹਰਾ-ਨਿਸਾ ਬਸੇ ਬਿਸਰਾਮ ਕਰਿ ਸ਼੍ਰੀ ਗੁਰ ਕ੍ਰਿਪਾ ਨਿਧਾਨ।
ਬਡੀ ਪ੍ਰਾਤਿ ਤਯਾਰੀ ਕਰੀ ਕਹਿ ਬਜਵਾਇ ਨਿਸ਼ਾਨ॥ ੧॥

ਸ੍ਰੀ ਗੁਰੂ ਜੀ ਕਿਰਪਾ ਨਿਧਾਨ ਰਾਤ ਠਹਿਰ ਕੇ ਆਰਾਮ ਕੀਤਾ, ਸਵੇਰੇ ਸਵੱਖਤੇ ਤਿਆਰੀ ਕੀਤੀ ਤੇ ਰਣਜੀਤ ਨਗਾਰੇ ਨੂੰ ਵਜਵਾਇਆ॥੧॥

*ਚੌਪਈ-* ਤਤਛਿਨ ਜ਼ੀਨ ਤੁਰੰਗਨਿ ਡਾਰੇ। ਸ਼੍ਰੀ ਗੁਰ ਸ਼ਸਤ੍ਰ ਬਸਤ੍ਰ ਤਨ ਧਾਰੇ।
ਡੀਲ ਬਿਲੰਦ ਮਤੰਗ ਮੰਗਾਯੋ। ਜ਼ਰੀਦਾਰ ਜਿਹ ਝੂਲ ਸੁਹਾਯੋ॥ ੨॥

ਤੁਰਤ ਘੋੜਿਆਂ ਉੱਤੇ ਕਾਠੀਆਂ ਪਵਾਈਆਂ ਤੇ ਗੁਰੂ ਜੀ ਨੇ ਸਰੀਰ ਉੱਤੇ ਸ਼ਸਤਰ-ਵਸਤਰ ਪਹਿਨ ਲਏ। ਵੱਡੀ ਡੀਲ ਡੌਲ ਵਾਲਾ ਹਾਥੀ ਮੰਗਵਾਇਆ, ਜਿਸ ਉੱਤੇ ਜ਼ਰੀਦਾਰ ਝੁੱਲ ਸ਼ੋਭ ਰਿਹਾ ਸੀ॥੨॥

ਭਏ ਅਰੂਢਨਿ ਸ਼ੋਭਤਿ ਐਸੇ। ਐਰਾਵਤਿ ਪਰ ਸੁਰਪਤਿ ਜੈਸੇ।
ਤਬਿ ਮਾਤੁਲ ਕਿਰਪਾਲ ਬੁਲਾਯੋ। ਹਾਥੀ ਪਰ ਪਸ਼ਚਾਤਿ ਚਢਾਯੋ॥ ੩॥

ਜਦ ਹਾਥੀ ਉੱਤੇ ਸਵਾਰ ਹੋ ਗਏ ਤਾਂ ਇੰਝ ਸ਼ੋਭ ਰਹੇ ਸਨ ਜਿਵੇਂ ਐਰਾਵਤੀ ਹਾਥੀ ਉੱਤੇ ਇੰਦਰ ਦੇਵਤਾ ਸਵਾਰ ਹੋਵੇ। ਫਿਰ ਮਾਮਾ ਕ੍ਰਿਪਾਲ ਜੀ ਨੂੰ ਬੁਲਾਇਆ ਤੇ ਹਾਥੀ ਉੱਤੇ ਪਿੱਛੇ ਚੜ੍ਹਾ ਲਿਆ॥੩॥

ਨੰਦ ਚੰਦ ਹੱਥਯਾਰਨਿ ਧਾਰੇ। ਚਢਯੋ ਤੁਰੰਗਮ ਪਰ ਬਲ ਭਾਰੇ।
ਸੰਗੋ ਸੰਗ ਪੰਚ ਜੋ ਭ੍ਰਾਤਾ। ਹਯ ਅਰੋਹਿ ਮਗ ਕੀਨਿ ਪ੍ਰਯਾਤਾ॥ ੪॥

ਨੰਦ ਚੰਦ ਨੇ ਵੀ ਹਥਿਆਰ ਧਾਰਨ ਕਰ ਲਏ ਤੇ ਇਕ ਬਲਵਾਨ ਘੋੜੇ ਉੱਤੇ ਸਵਾਰ ਹੋ ਗਿਆ। ਸੰਗੋ ਸ਼ਾਹ ਆਪਣੇ ਪੰਜਾਂ ਭਰਾਵਾਂ ਸਹਿਤ ਸੀ। ਸਾਰੇ ਘੋੜੇ 'ਤੇ ਸਵਾਰ ਹੋ ਕੇ ਰਸਤੇ-ਰਸਤੇ ਚਲ ਪਏ॥੪॥

ਸੈਨਾ ਸੰਗ ਪੰਚ ਸੈ ਔਰ। ਗਮਨੇ ਕੁਲ ਸੋਢੀ ਸਿਰਮੌਰ।
ਅਪਰ ਸਭਿਨਿ ਕੋ ਨਗਰ ਟਿਕਾਯੋ। ਚਲਤਿ ਭਏ ਦੁੰਦਭਿ ਗਰਜਾਯੋ॥ ੫ ॥

ਨਾਲ ਪੰਜ ਸੌ ਹੋਰ ਸੈਨਾ ਸੀ ਜਿਸ ਨੂੰ ਨਾਲ ਲੈ ਕੇ ਸੋਢੀ ਕੁਲ ਦੇ ਸ਼ਿਰੋਮਣੀ ਚਲ ਪਏ। ਹੋਰ ਸਾਰੀ ਸੈਨਾ ਨੂੰ ਨਗਰ ਵਿਚ ਹੀ ਟਿਕਾਇਆ ਤੇ ਨਗਾਰੇ ਵਜਾਉਂਦੇ ਚਲ ਪਏ॥੫॥

'ਰਾਮਰਾਇ ਕੀ ਜਾਹਿਂ ਮੁਕਾਨ'। ਮਿਲਹਿਂ ਜਹਾਂ ਕਹਿਂ ਕਰਹਿਂ ਬਖਾਨਿ।
ਦੂਨ ਮਹਾਂ ਰਮਨੀਕ ਨਿਹਾਰਤਿ। ਦਲ ਫਲ ਫੂਲ ਬ੍ਰਿੱਛ ਗਨ ਧਾਰਤਿ॥ ੬ ॥

ਸ੍ਰੀ ਰਾਮ ਰਾਇ ਦੀ ਮੁਕਾਣੇ ਚਲੇ ਹਾਂ, ਜਿੱਥੇ ਕਿੱਥੇ ਲੋਕ ਮਿਲਦੇ ਹਨ, ਇਸ ਤਰ੍ਹਾਂ ਕਹਿੰਦੇ ਹਨ। ਮਹਾਨ ਰਮਣੀਕ ਦੂਨ ਨੂੰ ਵੇਖਿਆ ਬ੍ਰਿਛਾਂ ਨੇ ਬਹੁਤ ਪੱਤੇ, ਫੁੱਲ ਅਤੇ ਫਲ ਧਾਰਨ ਕੀਤੇ ਹੋਏ ਸਨ॥੬॥

ਦੋਨਹੁਂ ਦਿਸ਼ਿ ਸੈਲਨਿ ਕੀ ਸੈਲ। ਨੀਕੇ ਕਰਤਿ ਜਾਤਿ ਗੁਰ ਗੈਲ।
ਸਭਿ ਕੇ ਅੱਗ੍ਰ ਨਾਥ ਕੋ ਹਾਥੀ। ਨਿਕਟ ਚਲਿਹਿਂ ਬੋਲਹਿਂ ਤਿਨ ਸਾਥੀ॥ ੭ ॥

ਦੋਵੀਂ ਪਾਸੀ ਪਹਾੜਾਂ ਦੀ ਸੈਰ ਸੀ, ਗੁਰੂ ਜੀ ਰਾਹ ਵਿਚ ਸੈਰ ਕਰਦੇ ਜਾਂਦੇ ਸਨ। ਸਾਰਿਆਂ ਦੇ ਅੱਗੇ ਗੁਰੂ ਜੀ ਦਾ ਹਾਥੀ ਸੀ। ਜਿਹੜੇ ਨਾਲ-ਨਾਲ ਚਲਦੇ ਸਨ, ਉਨ੍ਹਾਂ ਨਾਲ ਗੱਲਾਂ ਬਾਤਾਂ ਕਰਦੇ ਜਾਂਦੇ ਸਨ॥੭॥

ਪੰਕਤਿ ਕਰੇ ਬਾਹਨੀ ਗਮਨੇ। ਸ਼ਸਤ੍ਰ ਬਸਤ੍ਰ ਹਯ ਤੇ ਭਟ ਰਵਨੇ।
ਕਿਤਿਕ ਅਖੇਰ ਕਰਤਿ ਗੁਰ ਚਾਲੇ। ਕਰਹਿਂ ਪ੍ਰਹਾਰਨਿ ਬਾਨ ਬਿਸਾਲੇ॥ ੮ ॥

ਸੈਨਾ ਕਤਾਰ ਵਿਚ ਹੋ ਕੇ ਜਾ ਰਹੀ ਸੀ। ਸ਼ਸਤਰਾਂ ਵਸਤਰਾਂ ਸਹਿਤ ਘੋੜੇ ਅਤੇ ਸੂਰਬੀਰ ਚਲ ਰਹੇ ਸਨ। ਗੁਰੂ ਜੀ ਕਿਤੇ ਸ਼ਿਕਾਰ ਖੇਡਦੇ ਜਾ ਰਹੇ ਸਨ, ਆਪਣੇ ਧਨੁੱਖ ਤੋਂ ਵਿਸ਼ਾਲ ਤੀਰ ਛੱਡ ਰਹੇ ਸਨ॥੮॥

ਸਗਰੇ ਦਿਨ ਇਮ ਕਰਤਿ ਪਯਾਨਾ। ਪਹੁੰਚੇ ਰਾਮਰਾਇ ਅਸਥਾਨਾ।
ਅੱਗ੍ਰ ਪੰਜਾਬ ਕੁਇਰ ਸਭਿ ਤਯਾਰੀ। ਕਰਤਿ ਰਹੀ, ਲਖਿ ਕਰਿ ਦਲ ਭਾਰੀ॥ ੯ ॥

ਸਾਰਾ ਦਿਨ ਇਸ ਤਰ੍ਹਾਂ ਚਲਦੇ ਰਹੇ ਤੇ ਸ਼ਾਮ ਨੂੰ ਰਾਮ ਰਾਇ ਦੇ ਡੇਰੇ ਵਿਖੇ ਪਹੁੰਚ ਗਏ। ਅੱਗੇ ਪੰਜਾਬ ਕੌਰ ਨੇ ਸਾਰੀ ਤਿਆਰੀ ਕੀਤੀ ਹੋਈ ਸੀ, ਭਾਰੀ ਸੈਨਾ ਦੇ ਆਉਣ ਬਾਰੇ ਜਾਣ ਕੇ ਤਿਆਰੀ ਕਰਦੀ ਰਹੀ॥੯॥

ਤ੍ਰਿਣ ਦਾਨਾ ਗਨ ਕੀਨਿ ਬਿਟੋਰਨਿ। ਕਰੇ ਸੁਚੇਤ ਦਾਸ ਸਭਿ ਠੌਰਨਿ।
ਸਗਲ ਮਸੰਦ ਰਿਦੈ ਧਰਿ ਗ਼ਮ ਕੋ। 'ਇਨ ਕੋ ਮੇਲ ਭਲੋਂ ਨਹਿਂ ਹਮ ਕੋ' ॥੧੦॥

ਘਾਹ ਅਤੇ ਦਾਣੇ ਬਹੁਤ ਇਕੱਠੇ ਕੀਤੇ ਹੋਏ ਸਨ, ਸਭ ਥਾਈਂ ਆਪਣੇ ਸੇਵਕਾਂ ਨੂੰ ਸੁਚੇਤ ਕਰ ਦਿੱਤਾ। ਸਾਰੇ ਮਸੰਦ ਹਿਰਦੇ ਵਿਚ ਚਿੰਤਾ ਕਰਦੇ ਹਨ, "ਸਾਡੇ ਵਾਸਤੇ ਇਨ੍ਹਾਂ ਦਾ ਮੇਲ ਹੋਣਾ ਚੰਗਾ ਨਹੀਂ" ॥੧੦॥

ਮਿਲਹਿਂ ਬਿਚਾਰਹਿਂ ਕਰਹਿਂ ਉਚਾਰਨਿ। 'ਆਵਨਿ ਇਨ ਬਤਰਾਵਨਿ ਕਾਰਨ।
ਬਹੁਦਿਨ ਠਹਿਰਨ ਹੋਇ ਨ ਇਨ ਕੋ। ਅਧਿਕ ਖਰਚ ਸੰਗੀ ਦਲ ਗਨ ਕੋ' ॥੧੧॥

ਮਿਲ ਕੇ ਵਿਚਾਰ ਕੇ ਉਚਾਰਨ ਕਰਦੇ ਸਨ, "ਰਾਮ ਰਾਇ ਦੇ ਮਰਨ 'ਤੇ ਅਫਸੋਸ ਕਰਨ ਵਾਸਤੇ ਇਨ੍ਹਾਂ ਦਾ ਆਉਣਾ ਹੋਇਆ ਹੈ। ਇਹ ਏਥੇ ਜ਼ਿਆਦਾ ਦਿਨ ਨਹੀਂ ਠਹਿਰਣਗੇ। ਇਨ੍ਹਾਂ ਦੇ ਨਾਲ ਜਿਹੜੀ ਸੈਨਾ ਹੈ ਉਸ ਦਾ ਵੱਡਾ ਖਰਚਾ ਹੈ" ॥੧੧॥

Sri Satguru Jagjit Singh Ji eLlibrary NamdhariElibrary@gmail.com

ਇੱਤਜਾਦਿਕ ਮਿਲਿ ਕਹੈਂ ਮਸੰਦ। ਤਊ ਰਿਦੈ ਮਹਿਂ ਚਿੰਤ ਬਿਲੰਦ।
ਮਹਾਂ ਕੁਸ਼ਗਨ ਹੋਇਂ ਸਭਿਹੂੰਨਿ। ਜਿਤ ਕਿਤ ਮਿਲਿ ਬੈਠਹਿਂ ਮਨਊਨ ॥੧੨॥

ਇਸ ਤਰ੍ਹਾਂ ਮਿਲ ਕੇ ਮਸੰਦ ਆਪਸ ਵਿਚ ਕਹਿੰਦੇ ਸਨ, ਫਿਰ ਵੀ ਹਿਰਦੇ ਵਿਚ ਵੱਡੀ ਚਿੰਤਾ ਸੀ। ਸਾਰਿਆਂ ਦੇ ਸਾਹਮਣੇ ਭਿਆਂਕਰ ਮਾੜੇ ਸ਼ਗਨ ਹੋ ਰਹੇ ਸਨ। ਜਿੱਥੇ ਕਿੱਥੇ ਉਦਾਸ ਮਨ ਲੈ ਕੇ ਬੈਠਦੇ ਸਨ ॥੧੨॥

ਸ੍ਰੀ ਕਲਗੀਧਰ ਪਹੁੰਚੇ ਜਾਇ। ਕੇਤਿਕ ਆਨਿ ਮਿਲੇ ਅਗੁਵਾਇ।
ਜਲ ਛਾਯਾ ਕੋ ਸੁੰਦਰ ਹੇਰਾ। ਸਹਿਤ ਬਾਹਿਨੀ ਕੀਨਸਿ ਡੇਰਾ ॥੧੩॥

ਜਦ ਸ੍ਰੀ ਕਲਗੀਧਰ ਜੀ ਜਾ ਕੇ ਪਹੁੰਚੇ ਤਾਂ ਕਈ ਅੱਗੋਂ ਆ ਕੇ ਮਿਲੇ, ਜਿੱਥੇ ਸੁੰਦਰ ਜਲ ਅਤੇ ਛਾਂ ਵੇਖੀ, ਸੈਨਾ ਸਹਿਤ ਗੁਰੂ ਜੀ ਨੇ ਉਥੇ ਡੇਰਾ ਕਰ ਲਿਆ ॥੧੩॥

ਗਜ ਤੇ ਉਤਰਿ ਗੁਰੂ ਕੁਛ ਥਿਰੇ। ਸ਼ੁਭ ਨਰ ਨਿਕਟ ਹਕਾਰਨਿ ਕਰੇ।
ਸਭਿ ਸੁਭਟਨਿ ਕੋ ਭਲੇ ਟਿਕਾਇ। ਅੰਤਰ ਆਪ ਪ੍ਰਵੇਸ਼ੇ ਜਾਇ ॥੧੪॥

ਹਾਥੀ ਤੋਂ ਉਤਰ ਕੇ ਗੁਰੂ ਜੀ ਕੁਝ ਦੇਰ ਬੈਠੇ ਤੇ ਸ਼ੁਭ ਮਨੁੱਖਾਂ ਨੂੰ ਆਪਣੇ ਪਾਸ ਬੁਲਾਇਆ। ਸਾਰੇ ਸੂਰਬੀਰਾਂ ਨੂੰ ਭਲੀ ਪ੍ਰਕਾਰ ਬਾਹਰ ਬਿਠਾ ਦਿੱਤਾ ਤੇ ਆਪ ਗੁਰੂ ਜੀ ਘਰ ਦੇ ਅੰਦਰ ਪ੍ਰਵੇਸ਼ ਕਰ ਗਏ ॥੧੪॥

ਪਰਦੇ ਮਹਿਂ ਪੰਜਾਬ ਕੁਇਰ ਥਿਰ। ਮਹਾਂ ਫਰਸ਼ ਤੇ ਛ੍ਹਾਇ ਰਖੀ ਧਰ।
ਤਨ ਕੇ ਪੁਸ਼ਟ ਮਸੰਦ ਬਿਲੰਦ। ਬਨ ਬਨ ਜਹਿਂ ਬੈਠੇ ਮਤਿਮੰਦ ॥੧੫॥

ਪੜਦੇ ਪਿੱਛੇ ਪੰਜਾਬ ਕੌਰ ਬੈਠੀ ਸੀ, ਸਾਰੀ ਧਰਤੀ ਤੇ ਗਲੀਚੇ ਵਿਛਾ ਕੇ ਸੁੰਦਰ ਫਰਸ਼ ਤਿਆਰ ਕੀਤਾ ਹੋਇਆ ਸੀ। ਸਾਰੇ ਮਸੰਦ ਸਰੀਰ ਦੇ ਬਹੁਤ ਮੋਟੇ ਤਾਜ਼ੇ ਸਨ, ਬਣ ਬਣ ਕੇ ਜਿੱਥੇ ਕਿੱਥੇ ਮਾੜੀ ਮੱਤ ਵਾਲੇ ਬੈਠੇ ਸਨ ॥੧੫॥

ਤੇਜ ਬਿਲੋਕਤਿ ਸ੍ਰੀ ਗੁਰ ਕੇਰਾ। ਉਠੇ ਅੱਗ੍ਰ ਤੇ ਸਭਿ ਤਿਸ ਬੇਰਾ।
ਬੈਠੇ ਜਾਇ ਸਭਿਨਿ ਕੇ ਮਾਂਹਿ। ਸੁਭਟ ਬਿਸਾਲ ਕਿਤਿਕ ਥਿਤ ਪਾਹਿ ॥੧੬॥

ਉਹ ਗੁਰੂ ਜੀ ਦੇ ਤੇਜ ਨੂੰ ਵੇਖ ਰਹੇ ਸਨ, ਉਸ ਸਮੇਂ ਸਾਰੇ ਅੱਗੋਂ ਉੱਠ ਪਏ ਤੇ ਸਾਰਿਆਂ ਦੇ ਵਿਚ ਜਾ ਬੈਠੇ, ਜਿੱਥੇ ਵੱਡੀ ਗਿਣਤੀ ਵਿਚ ਸੂਰਬੀਰ ਪਾਸ ਬੈਠੇ ਹੋਏ ਸਨ ॥੧੬॥

ਬੂਝੇ: 'ਕੋ ਕਾਰਨ ਤਨ ਭਯੋ?। ਜਿਸ ਤੇ ਸੁਰ ਪੁਰਿ ਕੋ ਚਲਿ ਗਯੋ'।
ਸੁਨਿ ਪੰਜਾਬ ਕੁਇਰ ਤਬਿ ਬੋਲੀ। ਭਰੀ ਕਸ਼ਟ ਜਨੁ ਕੁਠੀਆ ਖੋਲੀ ॥੧੭॥

ਗੁਰੂ ਜੀ ਨੇ ਪੁੱਛਿਆ, "ਸ੍ਰੀ ਰਾਮ ਰਾਇ ਦੇ ਸਰੀਰ ਨੂੰ ਕੀ ਹੋਇਆ ਹੈ, ਜਿਸ ਕਰਕੇ ਸਵਰਗਾਂ ਨੂੰ ਚਲੇ ਗਏ ਹਨ।" ਇਹ ਸੁਣ ਕੇ ਫਿਰ ਪੰਜਾਬ ਕੌਰ ਇਸ ਤਰ੍ਹਾਂ ਬੋਲੀ ਮਾਨੋ ਕਸ਼ਟ ਦੀ ਭਰੀ ਹੋਈ ਕੋਠੀ ਖੋਲ੍ਹੀ ਹੈ ॥੧੭॥

'ਮੋ ਕਹੁ ਭਲੀ ਭਾਂਤਿ ਸਮੁਝਾਏ। ਤਨ ਕਉ ਰਾਖੋ ਕਹਤਿ ਸਿਧਾਏ।
ਨਹੀਂ ਮਸੰਦਨਿ ਕੁਛ ਕਰਿ ਮਾਨਾ। ਬਰਜ ਰਹੀ ਬਹੁ ਕਯੋਂਹੁ ਨ ਜਾਨਾ ॥੧੮॥

"ਉਨ੍ਹਾਂ ਮੈਨੂੰ ਭਲੀ ਭਾਂਤ ਸਮਝਾਇਆ ਸੀ 'ਸਰੀਰ ਨੂੰ ਰੱਖੋ' ਕਹਿ ਕੇ ਚਲੇ ਗਏ। ਪਰ ਮਸੰਦਾਂ ਨੇ ਕੁਝ ਨਹੀਂ ਮੰਨਿਆ ਹੈ, ਮੈਂ ਬਹੁਤ ਵਰਜ ਰਹੀ, ਪਰ ਉਨ੍ਹਾਂ ਕੁਝ ਵੀ ਨਹੀਂ ਜਾਣਿਆ ਹੈ ॥੧੮॥

ਦ੍ਵਾਰ ਕਿਵਾਰ ਅਸੰਜਤਿ ਤੋਰੇ। ਪੌਢਯੋ ਤਨ ਦੇਖਯੋ ਤਿਸ ਠੌਰੇ।
ਲਿਯੋ ਉਠਾਇ ਵ੍ਹਿਰ ਕੋ ਆਨਾ। ਕਰੇ ਅਰਾਧਨ ਮੈਂ ਧਰਿ ਧਯਾਨਾ ॥੧੯॥

ਅੰਦਰੋਂ ਬੰਦ ਕੀਤੇ ਹੋਏ ਦਰਵਾਜ਼ਿਆਂ ਨੂੰ ਤੋੜਿਆ, ਉਸ ਸਥਾਨ ਤੇ ਪਏ ਹੋਏ ਸਰੀਰ ਨੂੰ ਵੇਖਿਆ। ਸਰੀਰ ਨੂੰ ਚੁੱਕ ਕੇ ਬਾਹਰ ਲੈ ਆਏ, ਫਿਰ ਮੈਂ ਉਨ੍ਹਾਂ ਦਾ ਧਿਆਨ ਧਰ ਕੇ ਅਰਾਧਣਾ ਕੀਤੀ॥੧੯॥

**ਗਗਨ ਪੰਥ ਤਤਛਿਨ ਚਲਿ ਆਏ। ਲਖਿ ਕਸੂਤ ਰਿਸ ਵਾਕ ਸੁਨਾਏ।**
**ਨਹੀਂ ਪ੍ਰਵੇਸ਼ਨਿ ਭਏ ਸਰੀਰ। ਗਮਨੇ ਪੁਨ ਸੁਰ ਪੁਰਿ ਕੋ ਧੀਰ॥ ੨੦॥**

ਤੁਰਤ ਅਕਾਸ਼ ਦੇ ਰਾਹ ਚਲ ਕੇ ਆ ਗਏ ਤੇ ਉਲਟੀ ਰੀਤੀ ਵੇਖ ਕੇ ਗੁੱਸੇ ਵਿਚ ਆ ਕੇ ਸ਼ਬਦ ਸੁਣਾਏ। ਸਰੀਰ ਦੇ ਵਿਚ ਨਹੀਂ ਪ੍ਰਵੇਸ਼ ਕੀਤਾ ਤੇ ਧੀਰਜ ਧਾਰ ਕੇ ਸਵਰਗਾਂ ਨੂੰ ਚਲੇ ਗਏ॥੨੦॥

**ਪਿਖਿ ਮਸੰਦ ਦਿਸ਼ਿ ਗੁਰੂ ਬਖਾਨਾ। 'ਕਜੌਂ ਨ ਕਹਜੋ ਯਾਂ ਕੋ ਤੁਮ ਮਾਨਾ?।**
**ਮਹਾਂਪੁਰਖ ਕੇ ਅਚਰਜ ਚਰਿਤਾ। ਕਾਰਜ ਗਨ ਸਿੱਖਨਿ ਕੇ ਕਰਿਤਾ॥ ੨੧॥**

ਮਸੰਦਾਂ ਵਲ ਵੇਖ ਕੇ ਗੁਰੂ ਜੀ ਨੇ ਕਿਹਾ, "ਇਨ੍ਹਾਂ ਦਾ ਕਿਹਾ ਤੁਸੀਂ ਕਿਉਂ ਨਹੀਂ ਮੰਨਿਆ ਹੈ? ਮਹਾਂਪੁਰਖਾਂ ਦੇ ਅਸਚਰਜ ਚਰਿੱਤਰ ਹੁੰਦੇ ਹਨ, ਉਹ ਸਿੱਖਾਂ ਦੇ ਅਨੇਕਾਂ ਕੰਮ ਕਰਦੇ ਹਨ॥੨੧॥

**ਮਤਿ ਮੰਦਹੁ! ਤੁਮ ਕੀਨਿ ਕੁਕਰਮਾ। ਜਿਸ ਤੇ ਬਡੋ ਨ ਅਪਰ ਅਧਰਮਾ।**
**ਨਿਜ ਗੁਰ ਕੌ ਤੁਮ ਭਲੋ ਨ ਚਾਹਾ। ਜਿਯਤਿ ਸਰੀਰ ਚਿਖਾ ਧਰਿ ਦਾਹਾ'॥੨੨॥**

ਮਾੜੀ ਮੱਤ ਵਾਲਿਓ! ਤੁਸੀਂ ਵੱਡਾ ਕੁਕਰਮ ਕੀਤਾ ਹੈ, ਜਿਸ ਤੋਂ ਵੱਡਾ ਹੋਰ ਕੋਈ ਅਧਰਮ ਨਹੀਂ ਹੈ। ਆਪਣੇ ਗੁਰੂ ਨੂੰ ਤੁਸੀਂ ਭਲੀ ਪ੍ਰਕਾਰ ਨਾ ਚਾਹਿਆ, ਜੀਉਂਦੇ ਸਰੀਰ ਨੂੰ ਚਿਖਾ 'ਤੇ ਰੱਖ ਕੇ ਸਾੜ ਦਿੱਤਾ"॥੨੨॥

**ਗੁਰ ਪ੍ਰਤਾਪ ਪਿਖਿ ਠਾਨੀ ਮੋਨ। ਉੱਤਰ ਦਿਯੋ ਮਸੰਦ ਨ ਕੋਨ।**
**ਪੁਨ ਧੀਰਜ ਜੁਤਿ ਬਾਕ ਅਲਾਇ। ਜਿਸ ਤੇ ਡਰੇ ਕਰਿ ਭਾਜ ਨ ਜਾਇਂ॥੨੩॥**

ਗੁਰੂ ਜੀ ਦਾ ਪ੍ਰਤਾਪ ਵੇਖ ਕੇ ਮਸੰਦ ਚੁੱਪ ਰਹੇ ਤੇ ਕਿਸੇ ਮਸੰਦ ਨੇ ਵੀ ਉੱਤਰ ਨਾ ਦਿੱਤਾ। ਫਿਰ ਗੁਰੂ ਜੀ ਨੇ ਧੀਰਜ ਨਾਲ ਬਚਨ ਕਹੇ ਤਾਂਕਿ ਡਰਦੇ ਮਾਰੇ ਇਹ ਮਸੰਦ ਭੱਜ ਹੀ ਨਾ ਜਾਣ॥੨੩॥

**'ਭਈ ਸੁ ਭਈ ਰਹਹੁ ਸਵਧਾਨਾ। ਕਰਹੁ ਸੰਭਾਰਨਿ ਘਰ ਬਿਧਿ ਨਾਨਾ'।**
**ਭੀਰ ਮਸੰਦਨਿ ਬ੍ਰਿੰਦਨਿ ਹੇਰੀ। ਜਹਿਂ ਕਹਿਂ ਥਿਰੀ ਹਜ਼ਾਰਨਿ ਕੇਰੀ॥ ੨੪॥**

"ਜੋ ਹੋਣੀ ਸੀ, ਉਹ ਹੋ ਗਈ ਹੈ, ਹੁਣ ਸੁਚੇਤ ਰਹੋ ਤੇ ਇਸ ਘਰ ਦੀ ਕਈ ਵਿਧੀਆਂ ਅਨੁਸਾਰ ਸੰਭਾਲ ਕਰੋ।" ਗੁਰੂ ਜੀ ਨੇ ਮਸੰਦਾਂ ਦੀ ਵੱਡੀ ਭੀੜ ਵੇਖੀ, ਜਿੱਥੇ ਕਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਸਨ॥੨੪॥

**ਚਲਿ ਆਏ ਕਲਗੀਧਰ ਡੇਰੇ। ਕਰਿ ਬਿਸਰਾਮ ਰਹੇ ਤਿਸ ਬੇਰੇ।**
**ਤਬਿ ਪੰਜਾਬ ਕੁਇਰ ਪਠਿ ਦਾਸ। ਤ੍ਰਿਣ ਦਾਨਾ ਪਠਿਯੋ ਸਭਿ ਪਾਸ॥ ੨੫॥**

ਸ੍ਰੀ ਕਲਗੀਧਰ ਜੀ ਚਲ ਕੇ ਆਪਣੇ ਡੇਰੇ ਆ ਗਏ ਤੇ ਉਸ ਸਮੇਂ ਵਿਸ਼ਰਾਮ ਕਰਦੇ ਰਹੇ। ਫਿਰ ਪੰਜਾਬ ਕੌਰ ਨੇ ਆਪਣੇ ਸੇਵਕ ਨੂੰ ਭੇਜਿਆ ਤੇ ਘਾਹ ਅਤੇ ਦਾਣੇ ਸਭ ਗੁਰੂ ਜੀ ਦੇ ਡੇਰੇ ਭੇਜੇ॥੨੫॥

**ਨਾਨਾ ਬਿਧਿ ਕੀ ਸੇਵ ਕਰਾਈ। ਲੇ ਲੇ ਪਹੁੰਚੇ ਨਰ ਸਮੁਦਾਈ।**
**ਸੁਪਤਿ ਜਥਾ ਸੁਖ ਨਿਸਾ ਬਿਤਾਇ। ਉਠੇ ਪ੍ਰਾਤਿ ਕਰਿ ਸ਼ੌਚ ਨਹਾਇ॥ ੨੬॥**

ਕਈ ਪ੍ਰਕਾਰ ਦੀ ਸੇਵਾ ਕਰਵਾਈ, ਸਮੂਹ ਮਨੁੱਖ ਬਹੁਤ ਪਦਾਰਥ ਲੈ-ਲੈ ਪਹੁੰਚੇ। ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ॥੨੬॥

ਕੁਛ ਦਿਨ ਚਢੇ ਤਯਾਰ ਤਬਿ ਹ੍ਵੈਕੈ। ਆਦਿ ਕ੍ਰਿਪਾਲ ਸੰਗ ਸਭਿ ਲੈ ਕੈ।
ਅੰਤਰ ਪਹੁੰਚੇ ਜਾਇ ਗੁਸਾਈਂ। ਬ੍ਰਿੰਦ ਮਸੰਦਨ ਸਭਾ ਲਗਾਈ॥ ੨੭॥

ਕੁਝ ਦਿਨ ਚੜ੍ਹਨ 'ਤੇ ਗੁਰੂ ਜੀ ਤਿਆਰ ਹੋ ਕੇ, ਮਾਮਾ ਕ੍ਰਿਪਾਲ ਜੀ ਆਦਿ ਸਾਥੀਆਂ ਨੂੰ ਨਾਲ ਲੈ ਕੇ, ਸਵਾਮੀ ਗੁਰੂ ਜੀ ਘਰ ਦੇ ਅੰਦਰ ਪਹੁੰਚ ਗਏ। ਉਥੇ ਬਹੁਤ ਮਸੰਦਾਂ ਨੇ ਸਭਾ ਲਾਈ ਹੋਈ ਸੀ॥੨੭॥

ਗਨ ਫਕੀਰ ਬੈਠੇ ਜਿਨ ਮਾਂਹੀ। ਊਚੀ ਕੁਲਹਿ ਸੀਸ ਪਰ ਜਾਂਹੀ।
ਪਰਦੇ ਮਹਿਂ ਪੰਜਾਬ ਕੁਇਰ ਥਿਰ। ਅਧਿਕ ਭੀਰ ਸੋਂ ਪਹੁੰਚੇ ਸਤਿਗੁਰ॥ ੨੮॥

ਉਨ੍ਹਾਂ ਵਿਚ ਬਹੁਤ ਫਕੀਰ ਵੀ ਬੈਠੇ ਹੋਏ ਸਨ, ਜਿਨ੍ਹਾਂ ਦੇ ਸਿਰਾਂ ਦੇ ਉੱਤੇ ਉੱਚੇ ਕੁੱਲੇ ਸਨ। ਪੜਦੇ ਪਿੱਛੇ ਮਾਤਾ ਪੰਜਾਬ ਕੌਰ ਬੈਠੀ ਸੀ, ਸਤਿਗੁਰੂ ਜੀ ਵੀ ਬਹੁਤ ਮਨੁੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ॥੨੮॥

ਉਠਿ ਸਭਿਹਿਨਿ ਸਨਮਾਨਿ ਬਿਠਾਏ। ਦੇਖਹਿਂ ਤ੍ਰਾਸ ਰਿਦੈ ਉਪਜਾਏ।
ਬਹੁਤ ਮੋਲ ਕੋ ਸੇਤ ਦੁਸ਼ਾਲਾ। ਦਰਬ ਸਮੂਹ ਦੀਨਿ ਤਿਸ ਨਾਲਾ॥ ੨੯॥

ਸਾਰਿਆਂ ਨੇ ਉੱਠ ਕੇ ਸਨਮਾਨ ਨਾਲ ਬਿਠਾਏ, ਸਾਰੇ ਮਸੰਦ ਹਿਰਦੇ ਵਿਚ ਬੜਾ ਡਰ ਉਪਜਾ ਕੇ ਵੇਖ ਰਹੇ ਸਨ। ਉਸ ਸਮੇਂ ਗੁਰੂ ਜੀ ਨੇ ਬਹੁਤ ਕੀਮਤੀ ਸਫੇਦ ਦੁਸ਼ਾਲੇ ਦੇ ਨਾਲ ਬਹੁਤ ਧਨ ਲਿਆ॥੨੯॥

ਉਠਿ ਕਰਿ ਦਯਾਰਾਮ ਕਰ ਲੀਨਿ। ਜਾਇ ਪੰਜਾਬ ਕੁਇਰ ਕੋ ਦੀਨਿ।
ਤਤਛਿਨ ਲੇ ਕਰਿ ਸੀਸ ਚਢਾਯੋ। ਬੰਦਨ ਕੀਨਿ ਭਾਵ ਬਿਰਧਾਯੋ॥ ੩੦॥

ਦਇਆ ਰਾਮ ਪ੍ਰੋਹਿਤ ਨੇ ਉੱਠ ਕੇ ਦੁਸ਼ਾਲਾ ਅਤੇ ਧਨ ਆਪਣੇ ਹੱਥ ਵਿਚ ਲਿਆ ਤੇ ਜਾ ਕੇ ਪੰਜਾਬ ਕੌਰ ਨੂੰ ਦੇ ਦਿੱਤਾ। ਪੰਜਾਬ ਕੌਰ ਨੇ ਦੁਸ਼ਾਲੇ ਨੂੰ ਲੈ ਕੇ ਤੁਰਤ ਆਪਣੇ ਸਿਰ 'ਤੇ ਰਖਿਆ 'ਤੇ ਬੰਦਨਾ ਕੀਤੀ ਭਾਵ ਵੱਡਾ ਜਾਣਿਆ॥੩੦॥

ਨੰਦ ਚੰਦ ਢਿਗ ਲੀਨਿ ਬੁਲਾਇ। ਅਪਨੋ ਸੰਕਟ ਸਕਲ ਸੁਨਾਇ।
'ਕਰਹੁ ਮਸੰਦਨ ਕੋ ਉਪਚਾਰ। ਨਹਿਂ ਚਹੀਅਹਿ ਅਬਿ ਕਰੀ ਅਵਾਰ'॥ ੩੧॥

ਫਿਰ ਨੰਦ ਚੰਦ ਨੂੰ ਆਪਣੇ ਪਾਸ ਬੁਲਾ ਲਿਆ ਤੇ ਆਪਣੇ ਸਾਰੇ ਸੰਕਟ ਬਾਰੇ ਸੁਣਾਇਆ, "ਮਸੰਦਾਂ ਦਾ ਕੁਝ ਇਲਾਜ ਕਰੋ, ਹੁਣ ਹੋਰ ਦੇਰ ਨਹੀਂ ਕਰਨੀ ਚਾਹੀਦੀ ਹੈ"॥੩੧॥

ਬੋਲਜੋ ਦਯਾਰਾਮ ਤਿਸ ਬੇਰੀ। 'ਇਮ ਮਰਜ਼ੀ ਹੈ ਸਤਗੁਰ ਕੇਰੀ।
ਬੰਦੁ ਬਸਤ ਕਰਿ ਤਨਹੁ ਕਨਾਤ। ਕੋਇ ਨ ਜਾਨਿ ਸਕਹਿ ਬੱਖਜਾਤ॥ ੩੨॥

ਉਸ ਸਮੇਂ ਦਇਆ ਰਾਮ ਬੋਲਿਆ, "ਸਤਿਗੁਰੂ ਜੀ ਦੀ ਵੀ ਇਸ ਤਰ੍ਹਾਂ ਮਰਜ਼ੀ ਹੈ। ਕਨਾਤ ਤਾਣ ਕੇ ਸਾਰੇ ਪਾਸੇ ਬੰਦ ਕਰ ਦੇਵੋ ਤਾਂਕਿ ਪ੍ਰਗਟ ਰੂਪ ਵਿਚ ਕੋਈ ਵੀ ਨਾ ਜਾਣ ਸਕੇ॥੩੨॥

ਦਰ ਪਰ ਸੁਭਟ ਰਹੈਂ ਸਵਧਾਨ। ਹੁਇ ਮਸੰਦ ਇਕ ਇਕ ਕੋ ਜਾਨਿ।
ਸਿਰੋਪਾਉ ਕੋ ਮਿਸ ਕਰਿ ਧਾਰੇ। ਇਮ ਸਭਿ ਪ੍ਰਿਥਕ ਸੁ ਲੇਹੁ ਹਕਾਰੇ॥ ੩੩॥

ਦਰਵਾਜ਼ੇ ਉੱਤੇ ਸੂਰਬੀਰ ਸਾਵਧਾਨ ਰਹਿਣ ਤੇ ਕੇਵਲ ਇਕ-ਇਕ ਮਸੰਦ ਅੰਦਰ ਜਾ ਸਕੇ। ਸਿਰੋਪੇ ਦੇਣ ਦਾ ਬਹਾਨਾ ਕਰਕੇ, ਇਸ ਤਰ੍ਹਾਂ ਸਭ ਨੂੰ ਵੱਖ-ਵੱਖ ਕਰਕੇ ਬੁਲਾ ਲਵੋ॥੩੩॥

ਬੰਧਿ ਬੰਧਿ ਕਰ ਪਗ ਤਿਨ ਕੇਰਾ। ਅੰਤਰ ਕੋਸ਼ਠ ਕੇ ਦਿਹੁ ਗੇਰਾ।
ਪੀਛੇ ਜਿਸ ਪ੍ਰਕਾਰ ਮਨ ਭਾਵੈ। ਦਿਹੁ ਸਜ਼ਾਇ ਕੋ ਜੋ ਗਰਬਾਵੈ॥ ੩੪॥

ਉਨ੍ਹਾਂ ਦੇ ਹੱਥ ਪੈਰ ਬੰਨ੍ਹ ਬੰਨ੍ਹ ਕੇ ਤੇ ਅੰਦਰ ਕੋਠੜੀ ਵਿਚ ਸੁੱਟ ਦੇਵੋ। ਬਾਅਦ ਵਿਚ ਜਿਸ ਪ੍ਰਕਾਰ ਵੀ ਮਨ ਭਾਵੇ, ਜੋ ਹੰਕਾਰੀ ਹੋਏ ਹਨ, ਉਨ੍ਹਾਂ ਨੂੰ ਸਜ਼ਾਵਾਂ ਦੇਵੋ॥੩੪॥

ਇਹ ਮਸਲਤ ਨਿਸ ਮਹਿਂ ਗੁਰ ਕੀਨਿ। ਇਕ ਇਕ ਕੋ ਪਕਰਨਿ ਸੁਭ ਚੀਨ।
ਹੋਤਿ ਪ੍ਰਾਤ ਕੇ ਕੀਜਹਿ ਤਜਾਰੀ। ਨਹਿਂ ਆਛੀ ਅਬਿ ਕਰਨਿ ਅਵਾਰੀ' ॥ ੩੫ ॥

ਇਸ ਪ੍ਰਕਾਰ ਸਲਾਹ ਗੁਰੂ ਜੀ ਨੇ ਰਾਤ ਨੂੰ ਕੀਤੀ ਹੈ, ਇਕ-ਇਕ ਨੂੰ ਫੜਨਾ ਸ਼ੁਭ ਸਮਝਿਆ ਹੈ। ਸਵੇਰ ਹੁੰਦਿਆਂ ਹੀ ਤਿਆਰੀ ਕਰੋ, ਹੁਣ ਦੇਰ ਕਰਨੀ ਚੰਗੀ ਨਹੀਂ"॥੩੫॥

ਸੁਨਿ ਪੰਜਾਬ ਕੁਇਰ ਲਖਿ ਨਿਜ ਹਿਤ। 'ਜਿਮ ਗੁਰ ਠਟੀ ਰੁਚਹਿ ਸੋ ਮਮ ਚਿਤ।
ਬਹੁ ਜੋਧਾ ਲਖਿ ਪ੍ਰਾਤੀ ਆਵੈਂ। ਪਕਰਨਿ ਕੋ ਸਭਿ ਬਜੋਂਤ ਬਨਾਵੈਂ ॥ ੩੬ ॥

ਇਹ ਸੁਣ ਕੇ ਪੰਜਾਬ ਕੌਰ ਨੇ ਆਪਣਾ ਹਿੱਤ ਵੇਖ ਕੇ ਕਿਹਾ, "ਜਿਵੇਂ ਗੁਰੂ ਜੀ ਨੇ ਸਲਾਹ ਬਣਾਈ ਹੈ, ਉਹ ਮੇਰੇ ਚਿੱਤ ਨੂੰ ਚੰਗੀ ਲੱਗੀ ਹੈ। ਬਹੁਤ ਜੋਧੇ ਸਮਝ ਕੇ ਸਵੇਰੇ ਆਉਣ ਤੇ ਇਨ੍ਹਾਂ ਨੂੰ ਫੜਨ ਦੀ ਵਿਉਂਤ ਬਣਾਉਣ॥੩੬॥

ਮਮ ਅਨੁਸਾਰੀ ਨਰ ਕੁਛ ਥੋਰੇ। ਅਸ ਨਹਿਂ ਹੋਹਿ ਪਰਹਿ ਬਡ ਰੌਰੇ।
ਬਿਗਰ ਨ ਜਾਇ ਗਹਿਨ ਮੈਂ ਬਾਤ। ਹੁਇ ਨ ਮਸੰਦਨ ਮੈਂ ਬੱਖਜਾਤ' ॥ ੩੭ ॥

ਮੇਰੀ ਆਗਿਆ ਅਨੁਸਾਰ ਬਹੁਤ ਥੋੜੇ ਮਨੁੱਖ ਹਨ, ਐਸਾ ਨਾ ਹੋਵੇ ਕਿ ਵੱਡਾ ਰੌਲਾ ਪੈ ਜਾਵੇ। ਫੜਨ ਵਿਚ ਕਿਤੇ ਗੱਲ ਵਿਗੜ ਨਾ ਜਾਵੇ, ਇਹ ਗੱਲ ਮਸੰਦਾਂ ਵਿਚ ਪ੍ਰਗਟ ਨਾ ਹੋ ਜਾਵੇ"॥੩੭॥

ਇਸ ਪ੍ਰਕਾਰ ਕਰਿ ਨੀਕੇ ਮਤ ਕੋ। ਅਰੁ ਸਤਿਸੰਗਤਿ ਕੇ ਬਹੁ ਹਿਤ ਕੋ।
ਥਿਰੇ ਮਸੰਦਨ ਮਹਿਂ ਗੁਰ ਰਹੇ। ਅਨਿਕ ਪ੍ਰਕਾਰਨਿ ਬਾਤਨਿ ਕਹੇ ॥ ੩੮ ॥

ਇਸ ਪ੍ਰਕਾਰ ਚੰਗੀ ਸਲਾਹ ਕਰਕੇ ਅਤੇ ਸਤਿਸੰਗਤ ਦੇ ਵੱਡੇ ਹਿੱਤ ਕਰਕੇ, ਗੁਰੂ ਜੀ ਮਸੰਦਾਂ ਵਿਚ ਬੈਠੇ ਰਹੇ ਤੇ ਉਨ੍ਹਾਂ ਨੇ ਅਨੇਕ ਪ੍ਰਕਾਰ ਗੱਲਾਂ ਕਹੀਆਂ॥੩੮॥

ਚਤੁਰ ਘਟੀ ਮਹਿਂ ਉਠਿਬੋ ਚਾਹੇ। ਦਯਾਰਾਮ ਆਯੋ ਚਲਿ ਪਾਹੇ।
ਨੰਦ ਚੰਦ ਕੋ ਲੇ ਕਰਿ ਸਾਥ। ਸੁਭਟਨ ਸਹਿਤ ਕਹਿਤਿ ਤਬਿ ਨਾਥ ॥ ੩੯ ॥

ਚਾਰ ਘੜੀਆਂ ਬਾਅਦ ਉੱਠਣਾ ਚਾਹੁੰਦੇ ਸਨ ਤਾਂ ਦਇਆ ਰਾਮ ਪਾਸ ਚਲ ਕੇ ਆਇਆ। ਨੰਦ ਚੰਦ ਨੂੰ ਫਿਰ ਨਾਲ ਲੈ ਕੇ, ਫਿਰ ਗੁਰੂ ਜੀ ਸੂਰਬੀਰਾਂ ਸਹਿਤ ਕਹਿਣ ਲੱਗੇ॥੩੯॥

ਸਭਿਨਿ ਬਿਖੈ ਤਿਨ ਦਈ ਸੁਨਾਇ। 'ਸਿਰੇਪਾਉ ਸੰਚੇ ਸਮੁਦਾਇ।
ਹੋਤਿ ਪ੍ਰਾਤਿ ਕੋ ਦੈ ਹੈਂ ਆਇ। ਨਿਜ ਨਿਜ ਦੇਸ਼ਨ ਤਥਾ ਪਠਾਇ' ॥ ੪੦ ॥

ਸਾਰਿਆਂ ਦੇ ਵਿਚ ਇਹ ਗੱਲ ਸੁਣਾ ਦਿੱਤੀ, "ਸਾਰੇ ਸਿਰੋਪੇ ਇਕੱਠੇ ਕੀਤੇ ਹਨ, ਸਵੇਰ ਹੁੰਦਿਆਂ ਹੀ ਆ ਕੇ ਦੇਵਾਂਗੇ ਤੇ ਫਿਰ ਆਪਣੇ-ਆਪਣੇ ਦੇਸ਼ਾਂ ਨੂੰ ਭੇਜ ਦੇਵਾਂਗੇ"॥੪੦॥

ਕੇਤਿਕ ਚਤਰ ਮਸੰਦਨਿ ਜਾਨਾ। ਤਊ ਨ ਕਿਹ ਸੋਂ ਕਹੂੰ ਬਖਾਨਾ।
ਅਪਦਾ ਮੂੜ੍ਹਨ ਕੀ ਨਿਯਰਾਈ। ਹਤੈ ਗੁਰੂ, ਕੋ ਸਕੈ ਬਚਾਈ? ॥ ੪੧ ॥

ਕਈ ਚਤੁਰ ਮਸੰਦਾਂ ਨੇ ਜਾਣ ਲਿਆ, ਫਿਰ ਵੀ ਉਨ੍ਹਾਂ ਕਿਸੇ ਨਾਲ ਕੋਈ ਗੱਲ ਨਾ ਕੀਤੀ। ਮੂਰਖਾਂ ਨੇੜੇ ਬਿਪਤਾ ਆ ਗਈ ਸੀ, ਗੁਰੂ ਜੀ ਮਾਰ ਦੇਣਗੇ, ਕੋਈ ਵੀ ਬਚਾ ਨਹੀਂ ਸਕੇਗਾ॥੪੧॥

ਸੇਵਾ ਸਰਬ ਭਾਂਤਿ ਲੇ ਸੁਧਿ ਕੋ। ਕਹਿ ਪੰਜਾਬ ਕੁਵਰ ਕਰਿ ਬੁਧਿ ਕੋ।
ਸੋ ਦਿਨ ਬਹੁਰ ਬਿਤਾਵਨਿ ਕਰਜੋ। ਰਚਹਿਂ ਉਪਾਇ ਜਥਾ ਚਿਤ ਧਰਜੋ ॥੪੨॥

ਸਭ ਪ੍ਰਕਾਰ ਸੇਵਾ ਅਤੇ ਖ਼ਬਰ ਸਾਰ ਲਈ ਜਾ ਰਹੀ ਸੀ। ਮਾਤਾ ਪੰਜਾਬ ਕੌਰ ਸ੍ਰੇਸ਼ਟ ਮੱਤ ਕਰਕੇ ਕਹਿ-ਕਹਿ ਸੇਵਾ ਕਰਵਾ ਰਹੇ ਸਨ। ਉਹ ਦਿਨ ਫਿਰ ਬਤੀਤ ਕੀਤਾ, ਜਿਵੇਂ ਚਿੱਤ ਵਿਚ ਧਾਰਨ ਕੀਤਾ ਸੀ, ਉਸ ਤਰ੍ਹਾਂ ਉਪਾਅ ਕਰਨਗੇ ॥੪੨॥

*ਦੂਸਰੀ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ ॥ ੮ ॥*

## ਅਧਿਆਇ ਨੌਵਾਂ

### ਮਸੰਦਾਂ ਨੂੰ ਦੰਡ

ਦੋਹਰਾ- ਕਹਜੋ ਫਰਾਸ਼ਨ ਕੋ ਤਬੈ 'ਤਨਹੁ ਕਨਾਤ ਬਨਾਇ।
ਦੂਰ ਦੂਰ ਥਲ ਘੇਰੀਯੇ ਅੰਤਰ ਕੋਇ ਨ ਜਾਇ' ॥ ੧ ॥

ਫਿਰ ਫਰਸ਼ ਤਿਆਰ ਕਰਨ ਵਾਲਿਆਂ ਨੂੰ ਕਿਹਾ, "ਬਣਾ ਕੇ ਇਕ ਕਨਾਤ ਤਾਣੋ, ਦੂਰ-ਦੂਰ ਤਕ ਥਾਂ ਘੇਰ ਲਵੋ ਤੇ ਕੋਈ ਵੀ ਅੰਦਰ ਨਾ ਜਾ ਸਕੇ" ॥੧॥

ਚੌਪਈ- ਬ੍ਰਿੰਦ ਕਰਾਹੇ ਤਹਿਂ ਧਰਿਵਾਏ। ਤੇਲ ਬਿਸਾਲ ਸੰਗ ਭਰਿਵਾਏ।
ਬੰਦੁਬਸਤ ਨਰ ਗਨ ਕੋ ਭਯੋ। ਅੰਤਰ ਪ੍ਰਵਿਸ਼ਨਿ ਕੋ ਨਹਿਂ ਦਯੋ ॥੨॥

ਉਥੇ ਬਹੁਤ ਕੜਾਹੇ ਧਰਵਾਏ ਤੇ ਵਿਸ਼ਾਲ ਤੇਲ ਨਾਲ ਭਰਵਾ ਲਏ, ਬਹੁਤ ਮਨੁੱਖਾਂ ਵਾਸਤੇ ਬੰਦੋਬਸਤ ਕੀਤਾ ਤੇ ਕਿਸੇ ਨੂੰ ਅੰਦਰ ਪ੍ਰਵੇਸ਼ ਨਾ ਹੋਣ ਦਿੱਤਾ ॥੨॥

ਈਂਧਨ ਅਧਿਕ ਮੰਗਾਇ ਧਰਾਏ। ਰਸਰਨਿ ਬ੍ਰਿੰਦ ਭਾਰੁ ਅਨਵਾਏ।
ਇਹ ਨਿਸ ਮਹਿਂ ਸਭਿ ਕੀਨਿਸਿ ਤਯਾਰੀ। ਉਤ ਮਸੰਦ ਹਰਖਤਿ ਉਰ ਭਾਰੀ ॥੩॥

ਬਹੁਤ ਬਾਲਣ ਮੰਗਵਾ ਕੇ ਧਰਵਾ ਲਿਆ ਤੇ ਰੱਸਿਆਂ ਦੀਆਂ ਬਹੁਤ ਪੰਡਾਂ ਮੰਗਵਾਈਆਂ। ਇਹ ਰਾਤ ਸਮੇਂ ਸਾਰੀ ਤਿਆਰੀ ਕੀਤੀ, ਉਧਰ ਮਸੰਦ ਬਹੁਤ ਪ੍ਰਸੰਨ ਹੋ ਰਹੇ ਸਨ ॥੩॥

ਭੋਰ ਹੋਤਿ ਲੇ ਕਰਿ ਸਿਰੁਪਾਓ। ਨਿਜ ਨਿਜ ਸੰਗਤਿ ਬਿਖੇ ਸਿਧਾਊਂ।
ਸੁਪਤਿ ਜਾਮਨੀ ਸਭਿਨਿ ਬਿਤਾਈ। ਭਈ ਪ੍ਰਭਾਤਿ ਉਠੇ ਸਮੁਦਾਈ ॥੪॥

ਸਵੇਰ ਹੁੰਦਿਆਂ ਹੀ ਸਿਰੋਪਾ ਲੈ ਕੇ ਆਪਣੀਆਂ-ਆਪਣੀਆਂ ਸੰਗਤਾਂ ਵਿਚ ਚਲੇ ਜਾਵਾਂਗੇ। ਰਾਤ ਸਾਰਿਆਂ ਨੇ ਸੌਂ ਕੇ ਬਤੀਤ ਕੀਤੀ। ਸਵੇਰ ਹੋਣ ਤੇ ਸਾਰੇ ਉੱਠ ਪਏ ॥੪॥

ਸੌਚ ਸ਼ਨਾਨ ਸਭਿਨਿਹੂੰ ਕੀਨਿ। ਚੀਰ ਸ਼ਰੀਰ ਭਲੇ ਧਰਿ ਲੀਨਿ।
ਬਸਤ੍ਰ ਸ਼ਸਤ੍ਰ ਸਤਿਗੁਰ ਸਜਾਏ। ਲੇ ਮਾਤੁਲ ਕੋ ਸੰਗ ਸਿਧਾਏ ॥ ੫ ॥

ਸੌਚ ਇਸ਼ਨਾਨ ਸਾਰਿਆਂ ਨੇ ਕੀਤਾ ਤੇ ਸਰੀਰ ਉੱਤੇ ਸੁੰਦਰ ਕੱਪੜੇ ਪਹਿਨ ਲਏ। ਸਤਿਗੁਰੂ ਜੀ ਨੇ ਵੀ ਬਸਤਰ ਸ਼ਸਤਰ ਸਜਾਏ ਤੇ ਮਾਮਾ ਜੀ ਨੂੰ ਨਾਲ ਲੈ ਕੇ ਚਲੇ ਗਏ ॥੫॥

ਨੰਦ ਚੰਦ ਅਰੁ ਪਾਂਚਹੁੰ ਭ੍ਰਾਤਾ। ਦਯਾਰਾਮ ਆਯੁਧ ਧਰਿ ਗਾਤਾ।
ਇੱਤਜਾਦਿਕ ਲੇ ਜੋਧਾ ਔਰ। ਪਹੁੰਚੇ ਬੰਦੁਬਸਤ ਕੇ ਠੌਰ॥ ੬॥

ਨੰਦ ਚੰਦ, ਪੰਜੇ ਭਰਾਵਾਂ ਅਤੇ ਦਇਆ ਰਾਮ ਨੇ ਸ਼ਸਤਰ ਧਾਰਨ ਕਰ ਲਏ। ਇਸ ਤਰ੍ਹਾਂ ਦੇ ਹੋਰ ਕਈ ਯੋਧੇ ਲੈ ਕੇ ਬੰਦੋਬਸਤ (ਇੰਤਜ਼ਾਮ) ਵਾਲੇ ਸਥਾਨ 'ਤੇ ਪਹੁੰਚ ਗਏ॥੬॥

ਅਪਰ ਸੈਨ ਸਵਧਾਨ ਬਨਾਈ। ਸਗਰੇ ਦ੍ਵਾਰਨਿ ਥਾਨ ਟਿਕਾਈ।
ਪਰਦਾ ਕਰਿ ਸਤਿਗੁਰ ਕੇ ਨੇਰੇ। ਥਿਰੀ ਪੰਜਾਬ ਕੁਇਰ ਤਿਸ ਬੇਰੇ॥ ੭॥

ਬਾਕੀ ਸਾਰੀ ਸੈਨਾ ਸਾਵਧਾਨ ਕਰ ਦਿੱਤੀ ਤੇ ਸਾਰੇ ਦਵਾਰਾਂ ਵਾਲੇ ਸਥਾਨਾਂ ਤੇ ਟਿਕਾਅ ਦਿੱਤੀ। ਸਤਿਗੁਰੂ ਜੀ ਦੇ ਨੇੜੇ ਪੜਦਾ ਕਰਕੇ ਮਾਤਾ ਪੰਜਾਬ ਕੌਰ ਉਸ ਸਮੇਂ ਖਲੋ ਗਈ॥੭॥

ਭਾਈ ਬਹਿਲੋ ਕੋ ਗੁਰਦਾਸ। ਤਾਂਹਿ ਬੁਲਾਇ ਬਿਠਾਯੋ ਪਾਸ।
ਇਸ ਤੇ ਆਦਿ ਜਿਤਿਕ ਅਨੁਸਾਰੀ। ਸੋ ਸਗਰੇ ਢਿਗ ਲੀਨਿ ਹਕਾਰੀ॥ ੮॥

ਭਾਈ ਬਹਿਲੋ ਦੇ ਪੁੱਤਰ ਗੁਰਦਾਸ ਨੂੰ ਬੁਲਾ ਕੇ ਪਾਸ ਬਿਠਾ ਦਿੱਤਾ। ਇਸ ਤੋਂ ਉਪਰੰਤ ਹੋਰ ਜਿੰਨੇ ਵੀ ਆਗਿਆ ਅਨੁਸਾਰ ਸਨ, ਉਨ੍ਹਾਂ ਸਭ ਨੂੰ ਪਾਸ ਬੁਲਾ ਲਿਆ॥੮॥

ਪਕਰਨਿ ਹੇਤੁ ਬਲੀ ਕੁਛ ਬੀਰ। ਕਰੇ ਹਕਾਰਨਿ ਰਾਖੇ ਤੀਰ।
ਇੱਤਜਾਦਿਕ ਸਭਿ ਕਰਿ ਤਕਰਾਈ। ਜੋ ਮਸੰਦ ਸਭਿ ਮਹਿਂ ਬਡਿਆਈ॥ ੯॥

ਫੜਨ ਵਾਸਤੇ ਕੁਝ ਬਲਵਾਨ ਸੂਰਬੀਰ ਬੁਲਾ ਕੇ ਪਾਸ ਰੱਖੇ। ਇਸ ਤਰ੍ਹਾਂ ਸਰਬ ਪ੍ਰਕਾਰ ਤਕੜਾਈ ਕੀਤੀ। ਜਿਸ ਮਸੰਦ ਦੀ ਸਭ ਵਿਚ ਵਡਿਆਈ ਹੈ॥੯॥

ਪਠਿ ਨਰ ਤਿਸਕੋ ਪ੍ਰਥਮ ਬੁਲਾਯੋ। ਸਿਰੇਪਾਉ ਹਿਤ ਬਾਕ ਸੁਨਾਯੋ।
ਸੁਨਿ ਅਨੰਦ ਕਰਿ ਪਹੁੰਚਯੋ ਜਾਈ। ਬੈਠੇ ਕਲਗ਼ੀਧਰ ਤਿਸ ਠਾਂਈ॥ ੧੦॥

ਸੇਵਕ ਨੂੰ ਭੇਜ ਕੇ ਉਸ ਨੂੰ ਸਭ ਤੋਂ ਪਹਿਲਾਂ ਬੁਲਾਉ ਤੇ ਸਿਰੋਪਾ ਦੇਣ ਵਾਸਤੇ ਬਚਨ ਕਰੋ। ਮਸੰਦ ਇਹ ਸੁਣ ਕੇ ਅਨੰਦ ਧਾਰ ਕੇ ਉਥੇ ਪਹੁੰਚ ਗਿਆ, ਜਿੱਥੇ ਕਲਗ਼ੀਧਰ ਜੀ ਬੈਠੇ ਸਨ॥੧੦॥

ਥਿਰਯੋ ਆਨ ਕਰਿ ਨਿਕਟੀ ਜਬੈ। ਸ਼ਾਰਤ ਕਰੀ ਭਟਨ ਕੋ ਤਬੈ।
ਗਹਿ ਲੀਨੋ ਸਿਰ ਪਾਗ ਉਤਾਰੀ। ਕਰ ਪਗ ਤੇ ਜੂੜਯੋ ਦ੍ਰਿੜ੍ਹ ਭਾਰੀ॥ ੧੧॥

ਜਦ ਆ ਕੇ ਪਾਸ ਖਲੋ ਗਿਆ ਤਦ ਗੁਰੂ ਜੀ ਨੇ ਸੂਰਮਿਆਂ ਨੂੰ ਇਸ਼ਾਰਾ ਕੀਤਾ, ਉਨ੍ਹਾਂ ਫੜ ਲਿਆ ਤੇ ਸਿਰ ਤੋਂ ਪੱਗ ਲਾਹ ਲਈ ਤੇ ਹੱਥ ਪੈਰ ਰੱਸਿਆਂ ਨਾਲ ਚੰਗੀ ਤਰ੍ਹਾਂ ਜੂੜ ਲਏ॥੧੧॥

ਤਿਮ ਹੀ ਦੁਤੀ ਮਸੰਦ ਹਕਾਰਾ। ਕਰ ਪਗ ਜੂੜਿ ਤਿਸੀ ਢਿਗ ਡਾਰਾ।
ਨਹਿਂ ਬੋਲਨ ਦੀਨੋ ਕਹਿ ਤ੍ਰਾਸ। ਕੋਸ਼ਠ ਬਿਖੈ ਬਿਠਾਯੋ ਤਾਸ॥ ੧੨॥

ਉਸ ਤਰ੍ਹਾਂ ਹੀ ਦੂਸਰੇ ਮਸੰਦ ਨੂੰ ਬੁਲਾਇਆ, ਹੱਥ ਪੈਰ ਜੂੜ ਕੇ ਪਹਿਲੇ ਦੇ ਪਾਸ ਹੀ ਸੁੱਟ ਦਿੱਤਾ। ਡਰਾ ਕੇ ਉਸ ਨੂੰ ਬੋਲਣ ਨਾ ਦਿੱਤਾ ਤੇ ਉਸ ਨੂੰ ਕੋਠੜੀ ਵਿਚ ਬਿਠਾ ਦਿੱਤਾ॥੧੨॥

ਪੁਨ ਤੀਸਰ ਕੋ ਲੀਆ ਬੁਲਾਇ। ਕਰ ਪਗ ਬਾਂਧੇ ਦੇਤਿ ਬਿਠਾਇ।
ਵਹਿਰ ਸਭਿਨਿ ਮਹਿਂ ਇਮ ਬਿਦਤਾਏ। 'ਦੈਬੋ ਕਰਹਿਂ ਬ੍ਰਿੰਦ ਸਿਰੁਪਾਏ' ॥੧੩॥

ਫਿਰ ਤੀਸਰੇ ਨੂੰ ਬੁਲਾ ਲਿਆ, ਉਸ ਨੂੰ ਵੀ ਹੱਥ ਪੈਰ ਬੰਨ੍ਹ ਕੇ ਬਿਠਾ ਦਿੱਤਾ। ਬਾਹਰ ਸਾਰਿਆਂ ਵਿਚ ਇਹ ਪ੍ਰਗਟ ਕੀਤਾ, "ਬਹੁਤ ਸਿਰੋਪੇ ਦੇ ਰਹੇ ਹਨ"॥੧੩॥

**ਪਹਿਰ ਪਹਿਰ ਤਨ ਮਹਿਂ ਪਟ ਆਛੇ। ਹਰਖ ਧਰਤਿ ਅੰਤਰ ਕੋ ਗਾਛੇ।**
**ਇਕ ਦੁਇ ਤ੍ਰੈ ਮਿਲਿ ਨਿਕਟ ਸਿਧਾਏ। ਪਕਰਹਿਂ ਅੰਤਰ ਦੇਤਿ ਗਿਰਾਏ॥੧੪॥**

ਸਰੀਰ ਉੱਤੇ ਵਧੀਆ ਤੋਂ ਵਧੀਆ ਕੱਪੜੇ ਪਾ ਕੇ ਆਉਂਦੇ ਸਨ ਤੇ ਪ੍ਰਸੰਨਤਾ ਧਾਰ ਕੇ ਅੰਦਰ ਜਾਣਾ ਚਾਹੁੰਦੇ ਸਨ। ਇਕ, ਦੋ, ਤਿੰਨ ਮਿਲ ਕੇ ਨੇੜੇ ਗਏ, ਫੜ ਕੇ ਅੰਦਰ ਸੁੱਟ ਦਿੰਦੇ ਸਨ॥੧੪॥

**ਆਵਤਿ ਹੋਤਿ ਪ੍ਰਵੇਸ਼ ਅਨੇਕ। ਹਟਿ ਕਰਿ ਨਿਕਸੈ ਨਾਂਹਿ ਨ ਏਕ।**
**ਬਾਂਧਿ ਬਾਂਧਿ ਕੋਸ਼ਠ ਮਹਿਂ ਗੇਰਹਿਂ। ਖਰੇ ਨਿਕਟ ਕਜੋਂਹੂੰ ਨਹਿਂ ਟੇਰਹਿਂ॥੧੫॥**

ਅਨੇਕਾਂ ਹੀ ਅੰਦਰ ਪ੍ਰਵੇਸ਼ ਕਰ ਰਹੇ ਸਨ, ਪਰ ਵਾਪਸ ਕੋਈ ਇਕ ਵੀ ਨਹੀਂ ਸੀ ਨਿਕਲਦਾ। ਸਾਰੇ ਬੰਨ੍ਹ ਬੰਨ੍ਹ ਕੇ ਕੋਠੜੀਆਂ ਵਿਚ ਸੁੱਟ ਦਿੱਤੇ। ਸੂਰਮੇ ਪਾਸ ਖੜੇ ਹਨ ਇਸ ਲਈ ਕਿਸੇ ਤਰ੍ਹਾਂ ਵੀ ਕੋਈ ਬੋਲ ਨਹੀਂ ਸੀ ਸਕਦਾ॥੧੫॥

**ਜਬਿ ਗਹਿ ਮੁਸ਼ਕਹਿਂ ਦੇਤਿ ਗਿਰਾਵਹਿਂ। ਤਬਿ ਪਕਰਨਿ ਕੀ ਸੁਧ ਕੋ ਪਾਵਹਿਂ।**
**ਜਾਤਿ ਵਹਿਰ ਤੇ ਹਰਖ ਉਦੋਤਿ। ਅੰਤਰ ਪ੍ਰਵਿਸ਼ਹਿਂ ਬੰਧਨ ਹੋਤਿ॥ ੧੬॥**

ਜਦ ਫੜ ਕੇ ਮੁਸ਼ਕਾਂ ਕੱਸ ਕੇ ਡੇਗ ਦਿੰਦੇ ਸਨ, ਤਦ ਹੋਰ ਫੜਨ ਬਾਰੇ ਸੋਚਦੇ ਸਨ। ਬਾਹਰ ਤੋਂ ਬਹੁਤ ਪ੍ਰਸੰਨ ਹੋ ਕੇ ਅੰਦਰ ਜਾਂਦੇ ਹਨ ਤੇ ਅੰਦਰ ਦਾਖਲ ਹੋਣ 'ਤੇ ਬੰਧਨ ਪੈ ਜਾਂਦੇ ਸਨ॥੧੬॥

**ਜਬਹਿ ਪੰਚ ਸੈ ਪਕਰੇ ਗਏ। ਕਛੁ ਸੰਸੈ ਸ਼ੇਖਨ ਕੋ ਭਏ।**
**ਸਭਿ ਢਿਗ ਪਹੁੰਚੇ ਭਟ ਸਵਧਾਨ। 'ਤੂਰਨ ਚਲੀਅਹਿ' ਕਰਤਿ ਬਖਾਨਿ॥੧੭॥**

ਜਦ ਪੰਜ ਸੌ ਮਸੰਦ ਫੜੇ ਗਏ ਤਾਂ ਬਾਕੀਆਂ ਨੂੰ ਕੁਝ ਸ਼ੰਕਾ ਹੋਇਆ। ਤਦ ਸੂਰਮੇ ਸਾਵਧਾਨ ਹੋ ਕੇ ਸਾਰਿਆਂ ਦੇ ਪਾਸ ਪਹੁੰਚੇ ਤੇ ਉਨ੍ਹਾਂ ਨੂੰ ਜਾ ਕੇ ਕਿਹਾ, "ਤੁਰਤ ਅੰਦਰ ਚਲੋ"॥੧੭॥

**ਘੇਰ ਘੇਰ ਸਭਿ ਅੰਤਰ ਕਰੇ। ਰਸਰਨਿ ਸੰਗ ਬੰਧ ਤਹਿਂ ਧਰੇ।**
**ਕਹੌਂ ਕਹਾਂ ਲਗਿ ਕਥਾ ਅਗੇਰੀ। ਗਹੇ ਇਕਾਦਸ਼ ਸੌ ਤਿਸ ਬੇਰੀ॥ ੧੮॥**

ਘੇਰ ਘੇਰ ਕੇ ਸਭ ਅੰਦਰ ਕੀਤੇ ਤੇ ਰੱਸੀਆਂ ਨਾਲ ਬੰਨ੍ਹ ਕੇ ਉਥੇ ਧਰ ਦਿੱਤੇ। ਅਗਲੀ ਕਥਾ ਕਿਥੋਂ ਤਕ ਕਹਾਂ, ਉਸ ਸਮੇਂ ਗਿਆਰਾਂ ਸੌ ਮਸੰਦਾਂ ਨੂੰ ਫੜ ਲਿਆ॥੧੮॥

**ਬਹੁ ਕੋਠਨਿ ਮਹਿਂ ਗਹਿ ਗਹਿ ਪਾਏ। ਦ੍ਵਾਰ ਕਿਵਾਰਨਿ ਕੁਲਫ ਲਗਾਏ।**
**ਦਿਨ ਮੱਧਜਾਨ ਭਯੋ ਗੁਰੁ ਜਾਨਾ। ਉਠਿ ਕਲਗ਼ੀਧਰ ਕੀਨਿ ਪਯਾਨਾ॥ ੧੯॥**

ਬਹੁਤ ਕੋਠੜੀਆਂ ਵਿਚ ਫੜ-ਫੜ ਪਾਏ ਤੇ ਦਰਵਾਜ਼ੇ ਬੰਦ ਕਰਕੇ ਤਾਲੇ ਲਾ ਦਿੱਤੇ। ਜਦ ਗੁਰੂ ਜੀ ਨੇ ਇਹ ਜਾਣਿਆ ਕਿ ਅੱਧਾ ਦਿਨ ਚਲੇ ਗਿਆ ਹੈ ਤਾਂ ਉਹ ਉੱਠ ਕੇ ਚਲੇ ਗਏ॥੧੯॥

**ਸੁਭਟ ਸੈਂਕਰੇ ਤਹਿਂ ਠਹਿਰਾਏ। ਗਈ ਪੰਜਾਬ ਕੁਇਰ ਨਿਜ ਥਾਏ।**
**ਖਾਨ ਪਾਨ ਕਰਿ ਗੁਰ ਬਿਸਰਾਮੇ। ਸਿਹਜਾ ਮਾਂਹਿ ਬਿਸਦ ਅਭਿਰਾਮੇ॥ ੨੦॥**

ਸੈਂਕੜੇ ਸੂਰਬੀਰਾਂ ਨੂੰ ਉਥੇ ਠਹਿਰਾਇਆ ਤੇ ਪੰਜਾਬ ਕੌਰ ਵੀ ਆਪਣੇ ਸਥਾਨ ਤੇ ਚਲੇ ਗਈ। ਖਾ ਪੀ ਕੇ ਗੁਰੂ ਜੀ ਨੇ ਵਿਸ਼ਰਾਮ ਕੀਤਾ ਤੇ ਉੱਜਲ ਸੁੰਦਰ ਸੇਜ ਤੇ ਲੇਟ ਗਏ॥੨੦॥

ਜਾਮ ਦਿਵਸ ਉਠਿ ਹੁਕਮ ਬਖਾਨਾ। 'ਕਰਹੁ ਮਸੰਦਨ ਤਾੜ ਮਹਾਨਾ'।
ਤਬਿ ਪੰਜਾਬ ਕੁਇਰ ਸੋਂ ਭਾਖਾ। 'ਲਿਹੁ ਪਲਟਾ ਜਿਮ ਉਰ ਅਭਿਲਾਖਾ' ॥੨੧॥

ਪਹਿਰ ਦਿਨ ਰਹਿੰਦਿਆਂ ਉੱਠ ਕੇ ਹੁਕਮ ਕੀਤਾ; "ਮਸੰਦਾਂ ਨੂੰ ਮਹਾਨ ਤਾੜਨਾ ਕਰੋ। ਤਦ ਪੰਜਾਬ ਕੌਰ ਨੂੰ ਆਖਿਆ, "ਬਦਲਾ ਲਵੋ ਜਿਵੇਂ ਤੁਹਾਡੀ ਅਭਿਲਾਸ਼ਾ ਹੈ" ॥੨੧॥

ਤਪਨ ਲਗੇ ਤਬਿ ਤੇਲ ਕੜਾਹੇ। ਲਜਾਇ ਮਸੰਦਨ ਕੋ ਤਿਨ ਪਾਹੇ।
ਕਰਛੇ ਭਰਿ ਭਰਿ ਸਿਰ ਮਹਿਂ ਪਾਵੈਂ। ਸੰਕਟ ਪਰੇ ਅਧਿਕ ਬਿਲਲਾਵੈਂ ॥੨੨॥

ਤਦ ਤੇਲ ਦੇ ਕੜਾਹੇ ਤਪਨ ਲੱਗੇ ਤੇ ਮਸੰਦਾਂ ਨੂੰ ਉਨ੍ਹਾਂ ਦੇ ਪਾਸ ਲਿਆਂਦਾ। ਤੇਲ ਦੇ ਕੜਛੇ ਭਰ-ਭਰ ਉਨ੍ਹਾਂ ਦੇ ਸਿਰਾਂ ਵਿਚ ਪਾਏ ਦੁਖ ਪਾ ਕੇ ਬਹੁਤ ਵਿਲਕਦੇ ਸਨ ॥੨੨॥

ਕਿਸਹੂੰ ਪਰ ਹੁਇ ਬੈਤਨ ਮਾਰ। ਹਨਤਿ ਹਨਤਿ ਭੇ ਪ੍ਰਾਨ ਸੰਘਾਰਿ।
ਬਡੇ ਮਸੰਦ ਬਡੇ ਅਪਰਾਧੀ। ਬਡੀ ਸਜ਼ਾਇ ਪਾਇ ਮ੍ਰਿਤੁ ਲਾਧੀ ॥੨੩॥

ਕਿਸੇ ਨੂੰ ਬੈਂਤਾਂ ਦੀ ਮਾਰ ਪੈਂਦੀ ਸੀ, ਮਾਰ ਮਾਰ ਕੇ ਪ੍ਰਾਣ ਕੱਢ ਦਿੰਦੇ ਸਨ। ਵੱਡੇ ਮਸੰਦ ਵੱਡੇ ਅਪਰਾਧੀ ਸਨ, ਉਹ ਵੱਡੀ ਸਜ਼ਾ ਪਾ ਕੇ ਮਰ ਗਏ ॥੨੩॥

ਨਿਸ ਦਿਨ ਬਨਹਿ ਤਾੜਨਾ ਭਾਰੀ। ਮ੍ਰਿਤਕ ਭਏ ਬਾਹਿਰ ਦੇਂ ਡਾਰੀ।
ਕੇਤਿਕ ਦਿਨ ਗੁਰ ਰਾਖਜੋ ਡੇਰਾ। ਸੇਵ ਪੰਜਾਬ ਕੁਇਰ ਬਹੁਤੇਰਾ ॥੨੪॥

ਰਾਤ ਦਿਨ ਵੱਡੀ ਤਾੜਨਾ ਕਰਦੇ ਸਨ ਜਿਹੜੇ ਮਰ ਜਾਂਦੇ ਸਨ ਉਨ੍ਹਾਂ ਨੂੰ ਬਾਹਰ ਸੁੱਟ ਦਿੰਦੇ ਸਨ। ਕਈ ਦਿਨ ਗੁਰੂ ਜੀ ਨੇ ਉਥੇ ਡੇਰਾ ਰੱਖਿਆ, ਪੰਜਾਬ ਕੌਰ ਨੇ ਸਭ ਦੀ ਬਹੁਤ ਸੇਵਾ ਕੀਤਾ ॥੨੪॥

ਬਾਰਿ ਬਾਰਿ ਕਹਿ ਰਖਹਿ ਮੁਕਾਮੂ। 'ਜਾਨ ਲੇਹੁ ਇਹ ਆਪਨ ਧਾਮੂ'।
ਕਹਿਂ ਲਗਿ ਕਹੌਂ ਸਜ਼ਾਇ ਮਸੰਦਨ। ਜਿਹ ਹਨੀਯਤਿ ਭੇ ਪ੍ਰਾਨ ਨਿਕੰਦਨ ॥੨੫॥

ਬਾਰ-ਬਾਰ ਕਹਿ ਕੇ ਗੁਰੂ ਜੀ ਦਾ ਮੁਕਾਮ ਕਰਵਾਉਂਦੀ ਸੀ, "ਇਸ ਨੂੰ ਆਪਣਾ ਘਰ ਹੀ ਸਮਝੋ। ਮਸੰਦਾਂ ਨੂੰ ਸਜ਼ਾ ਦੇਣ ਬਾਰੇ ਕਿਥੋਂ ਤਕ ਕਹਾਂ। ਜਿਨ੍ਹਾਂ ਦੇ ਪ੍ਰਾਣ ਨਾਸ਼ ਕਰਕੇ ਮਾਰ ਦਿੱਤਾ ਸੀ ॥੨੫॥

ਕੋਠਨ ਤੇ ਬਾਹਰ ਗਹਿ ਲਜਾਵਹਿਂ। ਤਪਤ ਤੇਲ ਬਹੁ ਊਪਰ ਪਾਵਹਿਂ।
ਕਿਤਿਕ ਬੰਧਿ ਸਿਰ ਤਰ ਲਟਕਾਏ। ਚਾਬਕ ਗਨ ਤੇ ਧਰ ਹਤਵਾਏ ॥੨੬॥

ਕੋਠੜੀਆਂ ਵਿਚੋਂ ਕੱਢ ਕੇ ਬਾਹਰ ਲਿਆਉਂਦੇ ਸਨ, ਤਪਦਾ ਬਹੁਤ ਤੇਲ ਉੱਪਰ ਪਾਉਂਦੇ ਸਨ। ਕਈਆਂ ਦੀਆਂ ਲੱਤਾਂ ਬੰਨ੍ਹ ਕੇ ਸਿਰ ਥੱਲੇ ਲਮਕਾ ਦਿੱਤੇ, ਬਹੁਤ ਚਾਬਕਾਂ ਮਾਰ-ਮਾਰ ਖਤਮ ਕਰ ਦਿੱਤੇ ॥੨੬॥

ਜਸ ਅਪਰਾਧ ਕਰਜੋ ਹੰਕਾਰੇ। ਤਸ ਦੁਖ ਦੇ ਕਰਿ ਪ੍ਰਾਨ ਸੰਘਾਰੇ।
ਇਮ ਮਾਰਤਿ ਮਾਰਤਿ ਮਰਿ ਗਏ। ਮਹਾਂ ਪਾਪ ਤੇ ਬਚਤਿ ਨ ਭਏ ॥੨੭॥

ਹੰਕਾਰੀਆਂ ਨੇ ਜੈਸਾ ਅਪਰਾਧ ਕੀਤਾ ਸੀ, ਉਸ ਤਰ੍ਹਾਂ ਦਾ ਹੀ ਦੁੱਖ ਦੇ ਕੇ ਉਨ੍ਹਾਂ ਦੇ ਪ੍ਰਾਣ ਨਾਸ਼ ਕੀਤੇ। ਇਸ ਤਰ੍ਹਾਂ ਮਾਰਦਿਆਂ-ਮਾਰਦਿਆਂ ਸਾਰੇ ਮਰ ਗਏ। ਮਹਾਂ ਪਾਪ ਕਰਕੇ ਕੋਈ ਵੀ ਬਚ ਨਾ ਸਕਿਆ ॥੨੭॥

ਗੁਰ ਪੂਜਾ ਕੋ ਲੇ ਧਨ ਪਾਪੀ। ਭੋਗਹਿਂ ਬਾਰ ਬਧੂਨ ਸੁਰਾਪੀ।
ਸਿਖ ਕੋ ਕਰਹਿਂ ਅਨਾਦਰ ਭਾਰੀ। ਜਜੋਂ ਕਜੋਂ ਲੇਤਿ ਦਰਬ ਦੇ ਗਾਰੀ ॥੨੮॥

ਪਾਪੀ ਗੁਰੂ ਪੂਜਾ ਦਾ ਧਨ ਲੈ ਕੇ ਸ਼ਰਾਬ ਪੀਂਦੇ ਸਨ ਤੇ ਵੇਸ਼ਵਾ ਭੋਗਦੇ ਸਨ। ਸਿੱਖਾਂ ਦਾ ਭਾਰੀ ਅਨਾਦਰ ਕਰਦੇ ਸਨ, ਜਿਵੇਂ ਕਿਵੇਂ ਗਾਲ੍ਹਾਂ ਕੱਢ ਕੇ ਧਨ ਲੈਂਦੇ ਸਨ॥੨੮॥

ਬਹੁਰ ਗੁਰਨ ਕੀ ਸਮਤਾ ਚਹੈਂ। 'ਹਮ ਬਡਿਆਇ ਤ ਪੂਜਾ ਲਹੈਂ।
ਕਰਜੋ ਹਮਾਰੋ ਹੀ ਗੁਰ ਹੋਇ। ਹਮਰੇ ਬਿਨ ਧਨ ਦੇਇ ਨ ਕੋਇ' ॥ ੨੯ ॥

ਬਾਅਦ ਵਿਚ ਗੁਰਾਂ ਦੀ ਬਰਾਬਰੀ ਚਾਹੁੰਦੇ ਸਨ ਤੇ ਕਹਿੰਦੇ ਸਨ, "ਸਾਡੇ ਵਡਿਆਉਣ ਨਾਲ ਪੂਜਾ ਲੈਂਦੇ ਹਨ। ਸਾਡਾ ਕੀਤਾ ਹੋਇਆ ਹੀ ਗੁਰੂ ਬਣਿਆ ਹੈ, ਸਾਡੇ ਬਗੈਰ ਇਨ੍ਹਾਂ ਨੂੰ ਕੋਈ ਧਨ ਨਹੀਂ ਦਿੰਦਾ ਹੈ॥੨੯॥

ਇੱਤਜਾਦਿਕ ਹੰਕਾਰ ਅਫਾਰੇ। ਪਾਪ ਬ੍ਰਿੰਦ ਨੇ ਅਵਗਤਿ ਡਾਰੇ।
ਛੂਟਜੋ ਨ ਕੋਊ ਜੋ ਗਹਿ ਲਏ। ਹਨੀਅਤਿ ਇਮ ਹੀ ਮਰਿ ਮਰਿ ਗਏ ॥ ੩੦ ॥

ਇਸ ਪ੍ਰਕਾਰ ਦੇ ਹੰਕਾਰ ਨਾਲ ਆਫਰੇ ਹੋਏ ਸਨ, ਅਨੇਕਾਂ ਪਾਪਾਂ ਕਾਰਨ ਨੀਚ ਗਤੀ ਨਾਲ ਮਾਰੇ ਗਏ। ਜਿਹੜਾ ਵੀ ਫੜ ਲਿਆ, ਉਹ ਫਿਰ ਛੁੱਟਿਆ ਨਹੀਂ, ਇਸ ਤਰ੍ਹਾਂ ਹੀ ਮਾਰਦਿਆਂ-ਮਾਰਦਿਆਂ ਮਰ ਗਏ॥੩੦॥

ਹੁਤੇ ਪੰਜਾਬ ਕੁਵਰ ਅਨੁਸਾਰੀ। ਤਿਨਹੁਂ ਮਸੰਦੀ ਦੇ ਤਿਸ ਬਾਰੀ।
ਦੇਸ਼ ਬਿਦੇਸ਼ਨਿ ਬਿਖੈ ਪਠਾਏ। ਪਹੁੰਚਿ ਜਹਾਂ ਕਹਿਂ ਗੁਰ ਧਨ ਲਜਾਏ ॥ ੩੧ ॥

ਜਿਹੜੇ ਮਸੰਦ ਪੰਜਾਬ ਕੌਰ ਅਨੁਸਾਰ ਸਨ, ਉਨ੍ਹਾਂ ਨੂੰ ਉਸ ਸਮੇਂ ਮਸੰਦੀ ਦੇ ਦਿੱਤੀ। ਦੇਸ਼ਾਂ ਵਿਦੇਸ਼ਾਂ ਵਿਚ ਉਨ੍ਹਾਂ ਨੂੰ ਭੇਜ ਦਿੱਤਾ, ਜਿੱਥੇ ਕਿੱਥੇ ਪਹੁੰਚ ਕੇ ਉਹ ਗੁਰੂ ਧਨ ਲੈ ਕੇ ਆਉਣ॥੩੧॥

ਇਮ ਸਭਿ ਰੀਤਿ ਸੁਧਾਰਨਿ ਕੀਨੀ। ਨਿਸ਼ਕੰਟਕ ਤਿਸਕੋ ਕਰਿ ਦੀਨੀ।
ਮਨਭਾਵਤ ਕਰਿ ਹਰਖਤਿ ਹੋਈ। ਕਾਰ ਕਰਨਿ ਲਾਗੇ ਸਭਿ ਕੋਈ॥ ੩੨ ॥

ਇਸ ਤਰ੍ਹਾਂ ਸਾਰੇ ਮਸੰਦਾਂ ਦਾ ਸੁਧਾਰ ਕੀਤਾ ਤੇ ਪੰਜਾਬ ਕੌਰ ਨੂੰ ਦੁਖ ਰਹਿਤ ਕਰ ਦਿੱਤਾ। ਆਪਣੇ ਮਨ-ਭਾਉਂਦੀ ਗੱਲ ਕਰਕੇ ਉਹ ਬਹੁਤ ਪ੍ਰਸੰਨ ਹੋਈ ਤੇ ਸਾਰੇ ਆਪਣੀ-ਆਪਣੀ ਕਾਰ ਕਰਨ ਲੱਗ ਗਏ॥੩੨॥

ਬੰਦੁਬਸਤ ਸਭਿ ਘਰ ਕੋ ਕਰਜੋ। ਮਾਨਵ ਦੁਸ਼ਟ ਨਿਕਾਰਨਿ ਕਰਜੋ।
ਚਿਤ ਕੀ ਚਿੰਤਾ ਦੂਰ ਬਿਦਾਰੀ। ਪੁਨ ਕਲਗੀਧਰ ਕੀਨਸਿ ਤਜਾਰੀ॥ ੩੩ ॥

ਘਰ ਦਾ ਸਾਰਾ ਬੰਦੋਬਸਤ ਕਰ ਦਿੱਤਾ, ਦੁਸ਼ਟ ਮਨੁੱਖਾਂ ਨੂੰ ਘਰ ਵਿਚੋਂ ਕੱਢ ਦਿੱਤਾ। ਉਸ ਦੀ ਚਿੱਤ ਦੀ ਚਿੰਤਾ ਨੂੰ ਦੂਰ ਕੀਤਾ। ਫਿਰ ਕਲਗੀਧਰ ਗੁਰੂ ਜੀ ਨੇ ਤਿਆਰੀ ਕੀਤੀ॥੩੩॥

ਦੁਸ਼ਟ ਮਸੰਦ ਪ੍ਰਹਾਰ ਸੰਘਾਰੇ। ਅੰਤਰ ਸਤਿਗੁਰ ਬੈਠਿ ਉਚਾਰੇ।
'ਅਬਿ ਤੁਮ ਭਯੋ ਮਨੋਰਥ ਪੂਰਾ। ਨਿਰਬਾਹਹੁ ਘਰ ਕਾਰਜ ਰੂਰਾ' ॥ ੩੪ ॥

ਦੁਸ਼ਟ ਮਸੰਦ ਮਾਰ ਮਾਰ ਕੇ ਖਤਮ ਕਰ ਦਿੱਤੇ ਤੇ ਸਤਿਗੁਰੂ ਜੀ ਨੇ ਅੰਦਰ ਬੈਠ ਕੇ ਉਚਾਰਨ ਕੀਤਾ, "ਹੁਣ ਤੇਰਾ ਮਨੋਰਥ ਪੂਰਾ ਹੋਇਆ ਹੈ, ਘਰ ਦਾ ਹੁਣ ਸੁੰਦਰ ਢੰਗ ਨਾਲ ਨਿਰਬਾਹ ਕਰੋ" ॥੩੪॥

ਬਿਨੈ ਪੰਜਾਬ ਕੁਇਰ ਬਹੁ ਕਹੀ। 'ਤੁਮ ਬਿਨ ਕੋ ਕਰਿ ਸਕਿ ਇਮ ਨਹੀਂ।
ਬਡੇ ਆਪ ਮਮ ਕਾਜ ਸੁਧਾਰੀ। ਸਭਿ ਬਿਧਿ ਕੀ ਮਮ ਚਿੰਤ ਨਿਵਾਰੀ॥ ੩੫ ॥

ਪੰਜਾਬ ਕੌਰ ਨੇ ਬਹੁਤ ਬੇਨਤੀ ਕੀਤੀ, "ਤੁਹਾਡੇ ਬਗੈਰ ਇਸ ਤਰ੍ਹਾਂ ਕੋਈ ਨਹੀਂ ਕਰ ਸਕਦਾ। ਆਪ ਵੱਡੇ ਹੋ ਮੇਰਾ ਕਾਰਜ ਸੁਧਾਰਿਆ ਹੈ, ਮੇਰੀ ਸਭ ਪ੍ਰਕਾਰ ਦੀ ਚਿੰਤਾ ਖਤਮ ਕੀਤੀ ਹੈ॥੩੫॥

Sri Satguru Jagjit Singh Ji eLlibrary NamdhariElibrary@gmail.com

ਆਗੈ ਸਦਾ ਸੰਭਾਰਤਿ ਰਹੀਅਹਿ। ਮੋ ਵਿਧਵਾ ਕੀ ਕਾਰ ਨਿਬਹੀਅਹਿ'।
ਸੁਨਿ ਕਲਗੀਧਰ ਧੀਰਜ ਦੀਨਿ। 'ਨਿਜ ਅਨੁਸਾਰਿ ਸਕਲ ਅਬਿ ਕੀਨਿ ॥੩੬॥

ਅੱਗੇ ਤੋਂ ਵੀ ਸਦਾ ਸੰਭਾਲਦੇ ਰਹੋ, ਮੇਰੇ ਵਿਧਵਾ ਦਾ ਕਾਰਜ ਨਿਬਾਹੁੰਦੇ ਰਹੋ।" ਇਹ ਸੁਣ ਕੇ ਕਲਗੀਧਰ ਨੇ ਧੀਰਜ ਦਿੱਤਾ। ਆਪਣੀ ਮਰਜ਼ੀ ਅਨੁਸਾਰ ਹੁਣ ਸਭ ਕੁਝ ਕੀਤਾ ਹੈ॥੩੬॥

ਜਥਾ ਕਹੈਂ ਤਿਮ ਕਾਰਜ ਕਰੈਂ। ਤ੍ਰਾਸ ਲਹੈਂ, ਨਹਿਂ ਬਿੱਪ੍ਰੈ ਧਰੈਂ'।
ਕਹਿ ਇੱਤਜਾਦਿ ਉਠੇ ਤਿਸ ਕਾਲਾ। ਸ੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥੩੭॥

ਜਿਵੇਂ ਵੀ ਕਹੋਗੇ, ਉਸ ਤਰ੍ਹਾਂ ਕਾਰਜ ਕਰਾਂਗੇ। ਸਾਰੇ ਹੁਣ ਡਰਦੇ ਰਹਿਣਗੇ, ਉਲਟਾ ਕਾਰਜ ਨਹੀਂ ਕਰਨਗੇ।" ਇਸ ਪ੍ਰਕਾਰ ਕਹਿ ਕੇ ਗੁਰੂ ਜੀ ਉਸ ਸਮੇਂ ਉੱਠ ਖਲੋਤੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੀਆਂ ਬਾਹਾਂ ਬਹੁਤ ਲੰਮੀਆਂ ਹਨ॥੩੭॥

ਤਬਿ ਪੰਜਾਬ ਕੁਵਰ ਕਰ ਬੰਦੇ। ਬੰਦਨ ਕਰੀ ਚਰਨ ਅਰਬਿੰਦੇ।
ਹੁਇ ਰੁਖ਼ਸਦ ਬਾਹਰ ਕੋ ਆਏ। ਕਰਜੋ ਕੂਚ ਦੁੰਦਭਿ ਬਜਵਾਏ॥ ੩੮॥

ਤਦ ਪੰਜਾਬ ਕੌਰ ਨੇ ਹੱਥ ਜੋੜ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਗੁਰੂ ਜੀ ਰੁਖਸਤ ਹੋ ਕੇ ਬਾਹਰ ਨੂੰ ਆ ਗਏ ਤੇ ਨਗਾਰਾ ਵਜਾ ਕੇ ਕੂਚ ਕਰ ਦਿੱਤਾ॥੩੮॥

ਤਤਛਿਨ ਜ਼ੀਨ ਤੁਰੰਗਮ ਡਾਰੇ। ਨਿਜ ਬਾਹਨ ਪਰ ਹੁਇ ਅਸਵਾਰੇ।
ਪਸ਼ਚਮ ਦਿਸ਼ਿ ਕੋ ਮੁਖ ਕਰਿ ਚਾਲੇ। ਭਈ ਬਾਹਨੀ ਨਾਲ ਬਿਸਾਲੇ॥ ੩੯॥

ਤੁਰਤ ਘੋੜਿਆਂ 'ਤੇ ਕਾਠੀਆਂ ਪਾ ਲਈਆ ਤੇ ਆਪਣੇ-ਆਪਣੇ ਵਾਹਣ ਉੱਤੇ ਸਵਾਰ ਹੋ ਗਏ। ਪੱਛਮ ਵਾਲੇ ਪਾਸੇ ਮੁਖ ਕਰਕੇ ਚਲ ਪਏ, ਗੁਰੂ ਜੀ ਨਾਲ ਬਹੁਤ ਅਸਵਾਰ ਚਲੇ ਜਾ ਰਹੇ ਸਨ॥੩੯॥

ਮਗ ਮਹਿਂ ਕਰਤਿ ਅਖੇਰ ਘਨੇਰੇ। ਜਮਨਾ ਤੀਰ ਤੀਰ ਤਰੁ ਹੇਰੇ।
ਅਨਿਕ ਭਾਂਤਿ ਕੀ ਸ਼ੋਭਾ ਧਾਰਤਿ। ਗਮਨਤਿ ਮਾਰਗ ਤਿਨਹੁਂ ਨਿਹਾਰਤਿ॥੪੦॥

ਰਾਹ ਵਿਚ ਬਹੁਤ ਸ਼ਿਕਾਰ ਖੇਡਦੇ ਸਨ। ਜਮਨਾ ਨਦੀ ਦੇ ਕਿਨਾਰੇ-ਕਿਨਾਰੇ ਬ੍ਰਿਛਾਂ ਨੂੰ ਵੇਖਦੇ ਸਨ। ਬ੍ਰਿਛਾਂ ਨੇ ਅਨੇਕ ਪ੍ਰਕਾਰ ਸ਼ੋਭਾ ਧਾਰਨ ਕੀਤੀ ਹੋਈ ਸੀ। ਰਾਹੇ-ਰਾਹ ਚਲਦੇ ਉਨ੍ਹਾਂ ਨੂੰ ਵੇਖਦੇ ਜਾਂਦੇ ਸਨ॥੪੦॥

ਤੇਜ ਸਹਿਤ ਤੂਰਨਤਾ ਧਾਰੀ। ਸ੍ਰੀ ਗੋਬਿੰਦ ਸਿੰਘ ਕੀ ਅਸਵਾਰੀ।
ਨਗਰ ਪਾਂਵਟੇ ਪਹੁਂਚਤਿ ਭਏ। ਲੋਕ ਹਜ਼ਾਰਹੁਂ ਅੱਗ੍ਰੀ ਅਏ॥ ੪੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਸਵਾਰੀ ਨੇ ਤੇਜ ਸਹਿਤ ਵੱਡੀ ਸ਼ੀਘਰਤਾ ਧਾਰਨ ਕੀਤੀ ਹੋਈ ਸੀ। ਗੁਰੂ ਜੀ ਪਾਉਂਟੇ ਨਗਰ ਵਿਚ ਪਹੁੰਚ ਗਏ। ਹਜ਼ਾਰਾਂ ਲੋਕ ਅੱਗੋਂ ਲੈਣ ਆਏ॥੪੧॥

*ਦੂਸਰੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

***

# ਅਧਿਆਇ ਦਸਵਾਂ

## ਫਤੇਸ਼ਾਹ ਦੇ ਲਾਗੀ ਆਏ, ਤੰਬੋਲ ਦੀ ਤਿਆਰੀ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਦੁਸ਼ਟ ਮਸੰਦਨ ਮਾਰਿ।
ਨਿਜ ਸਿੱਖਨ ਕੌ ਸੁਖ ਦਿਯੋ ਬਿਗਰਤਿ ਪੰਥ ਸੁਧਾਰਿ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਦੁਸ਼ਟ ਮਸੰਦਾਂ ਨੂੰ ਮਾਰ ਕੇ ਆਪਣੇ ਸਿੱਖਾਂ ਨੂੰ ਸੁੱਖ ਦਿੱਤਾ ਤੇ ਵਿਗੜਦੇ ਪੰਥ ਨੂੰ ਸੁਧਾਰ ਲਿਆ॥੧॥

ਚੌਪਈ- ਬਸੇ ਪਾਂਵਟੇ ਨਗਰ ਮਝਾਰਾ। ਜਹਿਂ ਸ੍ਰੀ ਜਮੁਨਾ ਸੁੰਦਰ ਧਾਰਾ।
ਸ਼ਿਲਾ ਬਿਸਾਲ ਤੀਰ ਥਿਰ ਜਹਾਂ। ਕਰਿ ਮੱਜਨ ਕੌ ਬੈਠੇ ਤਹਾਂ॥ ੨॥

ਫਿਰ ਪਾਉਂਟੇ ਨਗਰ ਵਿਚ ਰਹਿਣ ਲੱਗ ਗਏ, ਜਿੱਥੇ ਜਮਨਾ ਨਦੀ ਦਾ ਸੁੰਦਰ ਪ੍ਰਵਾਹ ਚਲਦਾ ਹੈ ਅਤੇ ਜਿੱਥੇ ਨਦੀ ਦੇ ਕਿਨਾਰੇ ਵਿਸ਼ਾਲ ਸੁੰਦਰ ਪੱਥਰ ਹਨ, ਉਥੇ ਇਸ਼ਨਾਨ ਕਰਕੇ ਬੈਠ ਗਏ॥੨॥

ਸ੍ਰੀ ਮੁਖ ਤੇ ਕਵਿਤਾ ਸ਼ੁਭ ਰਚੈਂ। ਛੰਦ ਸਵੈਯੇ ਸ਼ੁਭ ਪਦ ਖਚੈਂ।
ਜਾਮ ਦਿਵਸ ਲੌ ਤਹਾਂ ਸੁਹਾਵੈਂ। ਕੋ ਕਾਰਜ ਕਿਤ ਨਿਕਟ ਨ ਆਵੈ॥ ੩॥

ਸ੍ਰੀ ਗੁਰੂ ਜੀ ਆਪਣੇ ਮੁਖ ਤੋਂ ਸ਼ੁਭ ਕਵਿਤਾ ਦੀ ਰਚਨਾ ਕਰਦੇ ਹਨ। ਛੰਦ ਸਵੈਯੇ ਸ਼ੁਭ ਪਦਾਂ ਨੂੰ ਬਣਾਉਂਦੇ ਹਨ। ਪਹਿਰ ਦਿਨ ਤਕ ਉਥੇ ਸ਼ੋਭਦੇ ਹਨ, ਉਥੇ ਕਿਸੇ ਕਾਰਜ ਵਾਸਤੇ ਕੋਈ ਵੀ ਨੇੜੇ ਨਹੀਂ ਆਉਂਦਾ ਹੈ॥੩॥

ਲਿਖਿਬੇ ਹਿਤ ਇਕ ਥਿਰੇ ਲਿਖਾਰੀ। ਹੋਇ ਇਕਾਂਕੀ ਕਰਹਿਂ ਬਿਚਾਰੀ।
ਪੁਨ ਉਠਿ ਮਹਾਰਾਜ ਗੁਰ ਪੂਰੇ। ਅਚਹਿਂ ਅਸਨ ਨਾਨਾ ਬਿਧਿ ਰੂਰੇ॥ ੪॥

ਲਿਖਣ ਵਾਸਤੇ ਇਕ ਲਿਖਾਰੀ ਪਾਸ ਬੈਠਦਾ ਹੈ, ਇਕੱਲੇ ਹੋ ਕੇ ਵਿਚਾਰ ਕਰਦੇ ਹਨ, ਫਿਰ ਪੂਰਨ ਗੁਰੂ ਮਹਾਰਾਜ ਉੱਠ ਕੇ ਕਈ ਪ੍ਰਕਾਰ ਦੇ ਸੁੰਦਰ ਭੋਜਨ ਛਕਦੇ ਹਨ॥੪॥

ਵਰਤਹਿ ਦੇਗ ਅਤੋਟ ਭੰਡਾਰਾ। ਖਾਇਂ ਅਹਾਰਨਿ ਸਿੱਖ ਹਜ਼ਾਰਾ।
ਆਵਹਿਂ ਜਾਇਂ ਨਿਤਾਪ੍ਰਤਿ ਨਏ। ਦਰਸਹਿਂ ਚਰਨ ਕਮਲ ਸੁਖ ਮਏ॥੫॥

ਸਦਾ ਅਤੁੱਟ ਲੰਗਰ ਵਰਤਦਾ ਹੈ, ਹਜ਼ਾਰਾਂ ਸਿੱਖ ਲੰਗਰ ਵਿਚੋਂ ਭੋਜਨ ਛਕਦੇ ਹਨ। ਨਿਤਾਪ੍ਰਤੀ ਨਵੇਂ ਸਿੱਖ ਆਉਂਦੇ ਰਹਿੰਦੇ ਹਨ ਤੇ ਸੁਖ ਪਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਦੇ ਹਨ॥੫॥

ਪੁਨ ਕਲਗ਼ੀਧਰ ਕੇਤਿਕ ਸਮੈਂ। ਥਿਰੇ ਪ੍ਰਯੰਕ ਆਇ ਨਰ ਨਿਮੈਂ।
ਨੰਦ ਚੰਦ ਸੰਗੋ ਤੇ ਆਦਿ। ਬੰਦਤਿ ਬੈਠਹਿਂ ਧਰਿ ਅਹਿਲਾਦਿ॥ ੬॥

ਫਿਰ ਕਲਗੀਧਰ ਜੀ ਕੁਝ ਸਮਾਂ ਪਲੰਘ 'ਤੇ ਬੈਠਦੇ ਹਨ ਤੇ ਬਹੁਤ ਮਨੁੱਖ ਆ ਕੇ ਨਮਸਕਾਰ ਕਰਦੇ ਹਨ। ਨੰਦ ਚੰਦ ਸੰਗੋ ਸ਼ਾਹ ਆਦਿ ਬੰਦਨਾ ਕਰਕੇ ਬੈਠ ਕੇ ਬਹੁਤ ਅਨੰਦ ਧਾਰਨ ਕਰਦੇ ਹਨ॥੬॥

ਰਾਜ ਸਾਜ ਕੀ ਬਾਤ ਅਨੇਕ। ਕਰਹਿਂ ਬੂਝਿ ਕਰਿ ਜਲਧਿ ਵਿਵੇਕ।
ਅਪਰ ਪ੍ਰਸੰਗ ਕਹੈਂ ਮਨ ਭਾਏ। ਹਾਸ ਬਿਲਾਸ ਅਨੰਦ ਕੋ ਪਾਏ॥ ੭॥

ਰਾਜ ਸਾਜ ਦੀਆਂ ਅਨੇਕਾਂ ਗੱਲਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਤੋਂ ਪੁੱਛ ਕੇ ਕਰਦੇ ਹਨ। ਹੋਰ ਮਨ-ਭਾਉਂਦੇ ਪ੍ਰਸੰਗ ਕਹਿੰਦੇ ਹਨ ਤੇ ਹਾਸ ਵਿਲਾਸ ਕਰਕੇ ਅਨੰਦ ਪਾਉਂਦੇ ਹਨ॥੭॥

ਪੁਨ ਸਤਿਗੁਰੁ ਕੁਛ ਕਰਹਿਂ ਅਰਾਮ। ਪੌਢਹਿਂ ਬਡ ਪ੍ਰਯੰਕ ਅਭਿਰਾਮ।
ਜਾਮ ਤੀਸਰੇ ਉਠੈਂ ਗੁਸਾਈਂ। ਸੁੱਖਾ ਹੋਇ ਤਜਾਰ ਸਮੁਦਾਈ॥ ੮॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਸਹਿਤ ਹਫੀਮ ਛਕਹਿਂ ਤਿਸ ਨਾਲੇ। ਚਢਹਿਂ ਤੁਰੰਗਮ ਬਾਹਰ ਚਾਲੇ।
ਕਿਤਿਕ ਦੂਰ ਪਸ਼ਚਮ ਦਿਸ਼ਿ ਤਹਾਂ। ਲਗਵਾਯੋ ਉਪਬਨ ਤਰੁ ਮਹਾਂ॥ ੯॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਆਰੂ ਦਾਰਮ, ਬ੍ਰਿੰਦ ਰਸਾਲ। ਆਮਰੂਦ, ਕਦਲੀ, ਗੁਲਲਾਲ।
ਰਾਇਬੇਲ, ਚੰਬੇਲੀ ਘਨੀ। ਆਲਬਾਲ ਸੁੰਦਰ ਜਲ ਸਨੀ॥ ੧੦॥

ਆੜੂ, ਅਨਾਰ ਤੇ ਬਹੁਤ ਅੰਬਾਂ ਦੇ ਪੇੜ ਹਨ। ਅਮਰੂਦ, ਕੇਲੇ ਅਤੇ ਗੁਲੇ ਲਾਲਾ ਦੇ ਪੌਦੇ ਹਨ। ਰਵੇਲ ਅਤੇ ਚੰਬੇਲੀ ਦੇ ਬਹੁਤ ਬੂਟੇ ਹਨ ਤੇ ਆਲਬਾਲ ਦੇ ਸੁੰਦਰ ਪੌਦੇ ਜਲ ਨਾਲ ਸਿੰਜੇ ਹੋਏ ਹਨ॥੧੦॥

ਸੇਵ, ਸੇਵਤੀ, ਦਲ ਫਲ ਫੂਲ। ਕਲਤਿ ਮਾਲਤੀ, ਤਰੁ ਦ੍ਰਿਢ ਮੂਲ।
ਅਬਿ ਲੌ ਥਲ ਤਿਸ ਖਰੇ ਰਸਾਲ। ਕਹੈ ਸਿੰਘ ਕਵਿ ਪਿਖੇ ਬਿਸਾਲ॥ ੧੧॥

ਸੇਬ, ਚਿੱਟਾ ਗੁਲਾਬ ਪਤਿਆਂ ਅਤੇ ਫੁਲਾਂ ਨਾਲ ਫਲੇ ਹੋਏ ਹਨ, ਸੁੰਦਰ ਮਾਲਤੀ ਅਤੇ ਪੱਕੀਆਂ ਜੜ੍ਹਾਂ ਵਾਲੇ ਬ੍ਰਿਛ ਹੁਣ ਤਕ ਉਥੇ ਅੰਬ ਦੇ ਪੇੜ ਖੜੇ ਹਨ। ਇਹ ਕਵੀ ਜੀ ਨੇ ਆਪ ਸਾਰਾ ਟਿਕਾਣਾ ਵੇਖਿਆ ਹੈ॥੧੧॥

ਛਕਿ ਸੁੱਖਾ ਉਪਬਨ ਕੋ ਆਵਹਿਂ। ਸੁਭਟ ਸੈਂਕਰੇ ਸੰਗ ਸਿਧਾਵਹਿਂ।
ਸੌਚ ਸ਼ਨਾਨ ਕਰਹਿਂ ਤਿਸ ਥਾਨ। ਬੈਠਹਿਂ ਸਤਿਗੁਰ ਲਾਇ ਦਿਵਾਨ॥ ੧੨॥

ਸਰਦਾਈ ਛਕ ਕੇ ਬਾਗ ਵਿਚ ਆਉਂਦੇ ਹਨ ਤੇ ਸੈਂਕੜੇ ਸੂਰਬੀਰ ਨਾਲ ਜਾਂਦੇ ਹਨ। ਉਸ ਥਾਂ ਜਾ ਕੇ ਸੌਚ ਇਸ਼ਨਾਨ ਕਰਦੇ ਹਨ ਤੇ ਫਿਰ ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਜਾਂਦੇ ਹਨ॥੧੨॥

ਗਨ ਰਾਜਨਿ ਕੇ ਆਇਂ ਵਕੀਲ। ਦਰਸ਼ਨ ਕਰਹਿਂ ਸਰਾਹਿਂ ਸੁਸ਼ੀਲ।
ਹੁਇ ਸ਼ਸਤ੍ਰਨਿ ਬਿੱਦਜਾ ਅੱਭਜਾਸ। ਹਨਹਿਂ ਲੱਛ ਬਹੁ ਧਰਹਿਂ ਹੁਲਾਸ॥੧੩॥

ਕਈ ਰਾਜਿਆਂ ਦੇ ਦੂਤ ਆਉਂਦੇ ਹਨ ਤੇ ਦਰਸ਼ਨ ਕਰਕੇ ਗੁਰੂ ਜੀ ਦੀ ਸੁਸ਼ੀਲਤਾ ਦੀ ਸ਼ਲਾਘਾ ਕਰਦੇ ਹਨ। ਸ਼ਸਤਰ ਵਿਦਿਆ ਦਾ ਅਭਿਆਸ ਹੁੰਦਾ ਹੈ। ਨਿਸ਼ਾਨੇ ਨੂੰ ਵਿੰਨ੍ਹ ਕੇ ਬਹੁਤ ਪ੍ਰਸੰਨ ਹੁੰਦੇ ਹਨ॥੧੩॥

ਤੀਰ ਤੁਪਕ ਤੋਮਰ ਕੋ ਮਾਰਨਿ। ਬਾਰਿ ਬਾਰਿ ਭਟਹੂੰਨ ਨਿਹਾਰਨ।
ਤੁਰੰਗ ਪਲਾਵਨ, ਕਬਹੁਂ ਫੰਧਾਵਨ। ਅਨਿਕ ਚਲਾਕੀ ਫੇਰਿ ਦਿਖਾਵਨਿ॥੧੪॥

ਤੀਰ, ਬੰਦੂਕ ਅਤੇ ਨੇਜ਼ੇ ਮਾਰਦੇ ਹਨ, ਬਾਰ-ਬਾਰ ਸੂਰਬੀਰਾਂ ਨੂੰ ਵੇਖਦੇ ਹਨ। ਘੋੜੇ ਭਜਾਉਂਦੇ ਹਨ ਤੇ ਕਦੀ ਕੁਦਵਾਉਂਦੇ ਹਨ ਤੇ ਫੇਰ ਅਨੇਕਾਂ ਚਲਾਕੀਆਂ ਵਿਖਾਉਂਦੇ ਹਨ॥੧੪॥

**ਇਸ ਪ੍ਰਕਾਰ ਕੇ ਅਨਿਕ ਬਿਲਾਸਨਿ। ਰਣ ਕਰਿਬੇ ਹਿਤ ਕਰਹਿਂ ਪ੍ਰਕਾਸ਼ਨਿ।**
**ਸਿੱਖਨ ਮਹਿਂ ਜਹਿਂ ਕਹਿਂ ਜਸ ਫੈਲਾ। ਹਤੇ ਮਸੰਦ ਅਧਿਕ ਸੁਖਦੈਲਾ॥੧੫॥**

ਇਸ ਪ੍ਰਕਾਰ ਦੇ ਅਨੇਕਾਂ ਅਨੰਦ ਵਿਲਾਸ ਕਰਦੇ ਹਨ ਤੇ ਯੁੱਧ ਕਰਨ ਵਾਸਤੇ ਪ੍ਰਕਾਸ਼ ਕਰਦੇ ਹਨ। ਸਿੱਖਾਂ ਵਿਚ ਜਿੱਥੇ ਕਿੱਥੇ ਜੱਸ ਫੈਲਿਆ ਹੈ, ਸੁਖ ਦੇਣ ਵਾਲੇ ਗੁਰੂ ਜੀ ਨੇ ਮਸੰਦਾਂ ਨੂੰ ਮਾਰਿਆ ਹੈ॥੧੫॥

**ਸੰਧਯਾ ਭਏ ਆਇ ਪੁਨ ਡੇਰੇ। ਸੁਭਟ ਸ਼ਸਤ੍ਰ ਜੁਤਿ ਸੰਗ ਘਨੇਰੇ।**
**ਸ਼ਬਦ ਕੀਰਤਨ ਕਰਹਿਂ ਰਬਾਬੀ। ਭਾਂਤਿ ਭਾਂਤਿ ਕੇ ਰਾਗ ਅਜਾਬੀ॥੧੬॥**

ਸ਼ਾਮ ਹੋਣ 'ਤੇ ਫਿਰ ਡੇਰੇ ਆ ਜਾਂਦੇ ਹਨ, ਸ਼ਸਤਰਧਾਰੀ ਬਹੁਤ ਸੂਰਬੀਰ ਨਾਲ ਹੁੰਦੇ ਹਨ। ਰਬਾਬੀ ਸ਼ਬਦ ਕੀਰਤਨ ਕਰਦੇ ਹਨ ਤੇ ਭਾਂਤ-ਭਾਂਤ ਦੇ ਅਜੀਬ ਰਾਗਾਂ ਦਾ ਗਾਇਨ ਕਰਦੇ ਹਨ॥੧੬॥

**ਬਾਗ਼ ਬੀਚ ਇਕ ਬਾਸੁਰ ਬੈਸੇ। ਸੁਰ ਸਿੱਖਨ ਮਹਿਂ ਸੁਰਪਤਿ ਜੈਸੇ।**
**ਫਤੇਸ਼ਾਹਿ ਸ੍ਰੀਨਗਰ ਭੁਪਾਲਾ। ਲਾਗੀ ਪਠੇ ਆਇ ਤਿਸ ਕਾਲਾ॥੧੭॥**

ਇਕ ਦਿਨ ਗੁਰੂ ਜੀ ਬਾਗ ਵਿਚ ਬੈਠੇ ਸਨ। ਦੇਵਤੇ ਰੂਪ ਸਿੱਖਾਂ ਵਿਚ ਜਿਵੇਂ ਇੰਦਰ ਦੇਵਤਾ ਬੈਠੇ ਹੋਣ ਫਤਹਿ ਸ਼ਾਹ ਸ੍ਰੀਨਗਰ ਦਾ ਰਾਜਾ ਸੀ, ਉਸ ਵਲੋਂ ਭੇਜੇ ਹੋਏ ਕੁਝ ਲਾਗੀ ਆਏ॥੧੭॥

**ਕਰਿ ਬੰਦਨ ਕੋ ਦੀਨਸਿ ਪਾਤੀ। ਨ੍ਰਿਪ ਕੀ ਨਮੋ ਕੀਨਿ ਬੱਖਜਾਤੀ।**
**ਆਨਿ ਕਾਵਰਾਂ ਅਨਿਕ ਕਹਾਰੰਨਿ। ਗੁਰ ਆਗੇ ਸਭਿ ਕੀਨਿ ਉਤਾਰਨਿ॥੧੮॥**

ਉਨ੍ਹਾਂ ਨੇ ਬੰਦਨਾ ਕਰਕੇ ਇਕ ਚਿੱਠੀ ਦਿੱਤੀ ਤੇ ਰਾਜੇ ਵਲੋਂ ਬੰਦਨਾ ਪ੍ਰਗਟ ਕੀਤੀ। ਅਨੇਕ ਕਹਾਰਾਂ ਨੇ ਵਹਿੰਗੀਆਂ ਚੁੱਕੀਆਂ ਹੋਈਆਂ ਸਨ। ਉਹ ਸਾਰੀਆਂ ਵਹਿੰਗੀਆਂ ਗੁਰੂ ਜੀ ਦੇ ਸਾਹਮਣੇ ਉਤਾਰ ਦਿੱਤੀਆਂ॥੧੮॥

**ਹਾਥ ਬੰਦਿ ਮਾਨਵ ਕਹਿਂ ਬਾਨੀ। 'ਮਹਿਪਾਲਕ ਬਹੁ ਬਿਨੈ ਬਖਾਨੀ।**
**ਗੰਠ ਪੁੰਗ ਫਲ ਆਦਿ ਪਠਾਈ। ਨਿਜ ਕੰਨਜਾ ਕੋ ਬ੍ਯਾਹ ਰਚਾਈ॥੧੯॥**

ਹੱਥ ਜੋੜ ਕੇ ਉਨ੍ਹਾਂ ਮਨੁੱਖਾਂ ਨੇ ਕਿਹਾ, "ਰਾਜੇ ਨੇ ਬਹੁਤ ਬੇਨਤੀ ਕੀਤੀ ਹੈ। ਰਾਜੇ ਨੇ ਗੰਢ ਸੁਪਾਰੀ ਭੇਜੀ ਹੈ, ਉਨ੍ਹਾਂ ਆਪਣੀ ਕੰਨਿਆ ਦਾ ਵਿਆਹ ਰਚਾਇਆ ਹੈ॥੧੯॥

*ਨੋਟ : ਮੌਲੀ ਸੁਪਾਰੀ ਆਦਿ ਚੀਜ਼ਾਂ ਭੇਜ ਦੇਣ ਨੂੰ ਗੰਢ ਘਲਣੀ ਕਹਿੰਦੇ ਹਨ। ਇਹ ਗੰਢ ਮੇਲ ਨੂੰ ਸੱਦਣ ਵਾਸਤੇ ਭੇਜੀ ਜਾਂਦੀ ਹੈ।*

**ਸਦਨ ਅਵਾਹਨ ਤੁਮ ਕੋ ਚਾਹਾ। ਹਿਤ ਬਡਿਆਈ ਅਧਿਕ ਉਮਾਹਾ।**
**ਚਰਨ ਆਪ ਕੇ ਜਬਿ ਤਹਿਂ ਪਰੈਂ। ਸਭਿ ਭ੍ਰਾਤਨਿ ਤੇ ਬਡਤਾ ਧਰੈਂ॥੨੦॥**

ਤੁਹਾਡਾ ਆਪਣੇ ਘਰ ਵਿਚ ਆਉਣਾ ਚਾਹਿਆ ਹੈ, ਵਡਿਆਈ ਵਾਸਤੇ ਵੱਡਾ ਉਮਾਹਾ ਹੈ। ਜਦ ਆਪ ਜੀ ਦੇ ਉਥੇ ਚਰਨ ਪੈਣਗੇ ਤਾਂ ਭਰਾਵਾਂ ਨਾਲ ਉੱਚੀ ਵਡਿਆਈ ਧਾਰਨ ਕਰਨਗੇ"॥੨੦॥

**ਸੁਨਿ ਸਤਿਗੁਰ ਤਿਨ ਧੀਰਜ ਦੀਨੋ। ਮਿਲਿ ਕਰਿ ਵਾਸ ਪਾਂਵਟੇ ਕੀਨੋ।**
**ਭਈ ਭੋਰ ਨਿਜ ਨਿਕਟ ਬੁਲਾਇ। ਕਰੇ ਬਿਸਰਜਨ ਦਰਬ ਦਿਵਾਇ॥੨੧॥**

ਸਤਿਗੁਰੂ ਜੀ ਨੇ ਸੁਣ ਕੇ ਉਨ੍ਹਾਂ ਨੂੰ ਧੀਰਜ ਦਿੱਤਾ, ਉਨ੍ਹਾਂ ਸਾਰਿਆਂ ਨੇ ਮਿਲਕੇ ਪਾਉਂਟੇ ਵਿਚ ਹੀ ਨਿਵਾਸ ਕੀਤਾ। ਜਦ ਸਵੇਰ ਹੋਈ ਤਾਂ ਆਪਣੇ ਪਾਸ ਬੁਲਾਏ ਤੇ ਧਨ ਦਿਵਾ ਕੇ ਉਨ੍ਹਾਂ ਨੂੰ ਵਿਦਾ ਕੀਤਾ॥੨੧॥

'ਹਮਰੇ ਆਵਨਿ ਮਹਿਂ ਸੰਦੇਹੂ। ਸੰਗ ਭੂਰ ਸਿਖ ਸੈਨ ਸਨੇਹੂ।
ਕਾਰਨ ਘਨੇ ਅਪਰ ਕਹਿਂ ਕਹਾਂ। ਰਾਜੇ ਅਨਿਕ ਆਇ ਹੈਂ ਜਹਾਂ॥ ੨੨ ॥

"ਸਾਡੇ ਆਉਣ ਵਿਚ ਸੰਦੇਹ ਹੈ, ਸਿੱਖ, ਫੌਜ ਅਤੇ ਮਿੱਤਰ ਸੰਬੰਧੀ ਬਹੁਤ ਨਾਲ ਹਨ, ਹੋਰ ਵੀ ਬਹੁਤ ਕਾਰਨ ਹਨ ਕੀ ਕਹਾਂ, ਜਿੱਥੇ ਅਨੇਕਾਂ ਰਾਜੇ ਆਏ ਹਨ॥੨੨॥

ਹੁਇ ਨ ਪਰਹਿ ਕਿਸ ਸਾਥ ਬਖੇਰਾ। ਕੇਤਿਕ ਪੂਰਬ ਬਾਢਜੋ ਝੇਰਾ।
ਨਿਜ ਦੀਵਾਨ ਪਠਾਵਨ ਕਰੈਂ। ਕੇਤਿਕ ਸੈਨ ਤਿਨਹੁਂ ਸੰਗ ਕਰੈਂ' ॥ ੨੩ ॥

ਕਿਸੇ ਦੇ ਨਾਲ ਕੋਈ ਝਗੜਾ ਨਾ ਖੜਾ ਹੋ ਜਾਵੇ, ਪਹਿਲਾਂ ਹੀ ਬਹੁਤ ਬਖੇੜਾ ਵਧਿਆ ਹੈ। ਆਪਣੇ ਦਿਵਾਨ ਨੂੰ ਭੇਜਾਂਗੇ ਅਤੇ ਕੁਝ ਸੈਨਾ ਵੀ ਉਨ੍ਹਾਂ ਦੇ ਨਾਲ ਭੇਜਾਂਗੇ" ॥੨੩॥

ਇੱਤਜਾਦਿਕ ਸੋ ਨਰ ਸੁਨਿ ਕਾਨ। ਬੰਦਤਿ ਨ੍ਰਿਪ ਢਿਗ ਕੀਨਿ ਪਯਾਨ।
ਜਾਇ ਪ੍ਰਸੰਗ ਸੁਨਾਵਨਿ ਕਰਜੋ। ਬਚ ਕਲਗ਼ੀਧਰ ਜਥਾ ਉਚਰਜੋ॥ ੨੪ ॥

ਇਸ ਤਰ੍ਹਾਂ ਦੀ ਗੱਲ ਬਾਤ ਆਪਣੇ ਕੰਨਾਂ ਨਾਲ ਸੁਣ ਕੇ ਉਹ ਦੂਤ ਰਾਜੇ ਪਾਸ ਜਾਣ ਵਾਸਤੇ ਚਲ ਪਏ। ਰਾਜੇ ਨੂੰ ਜਾ ਕੇ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਕਲਗ਼ੀਧਰ ਜੀ ਨੇ ਬਚਨ ਉਚਾਰਨ ਕੀਤੇ ਸਨ॥੨੪॥

ਸਕਲ ਭਾਂਤਿ ਤਯਾਰੀ ਕਰਿਵਾਈ। ਫਤੇਸ਼ਾਹਿ ਉਰ ਮੋਦ ਬਢਾਈ।
ਬਹੁਤੇ ਆਇਂ ਮੇਲ ਮਹਿਂ ਰਾਜੇ। ਉਤ ਬਰਾਤ ਮਹਿਂ ਬ੍ਰਿੰਦ ਬਿਰਾਜੇ॥ ੨੫ ॥

ਫ਼ਤਹਿ ਸ਼ਾਹ ਨੇ ਖ਼ੁਸ਼ੀ ਵਧਾ ਕੇ ਸਭ ਪ੍ਰਕਾਰ ਤਿਆਰੀ ਕਰਵਾਈ। ਮੇਲ ਵਿਚ ਬਹੁਤ ਰਾਜੇ ਆਉਣਗੇ ਅਤੇ ਬਰਾਤ ਵਿਚ ਵੀ ਬਹੁਤ ਰਾਜੇ ਮੌਜੂਦ ਹੋਣਗੇ॥੨੫॥

ਸਕਲ ਗਿਰਨਧਾਰਾ ਪਤਿ ਮਿਲੇਂ। ਹੁਇ ਉਤਸਾਹ ਬਜਾਹ ਕੋ ਭਲੇ।
ਘਨੋ ਅੰਨ ਘ੍ਰਿਤ ਕੋ ਪਕਵਾਨ। ਮਧੁਰ ਕਰਹਿਂ ਰਖਵਾਇ ਮਹਾਨ॥ ੨੬ ॥

ਸਾਰੇ ਪਹਾੜੀ ਰਾਜੇ ਮਿਲਣਗੇ ਤੇ ਵਿਆਹ ਦਾ ਭਲੀ ਪ੍ਰਕਾਰ ਉਤਸ਼ਾਹ ਹੋਵੇਗਾ। ਅਨਾਜ ਅਤੇ ਘਿਉ ਦੇ ਬਹੁਤ ਪਕਵਾਨ ਤਿਆਰ ਕਰਵਾਏ। ਬਹੁਤ ਮਿੱਠੇ ਪਦਾਰਥ ਤਿਆਰ ਕਰਕੇ ਰੱਖਵਾ ਲਏ॥੨੬॥

ਤ੍ਰਿਣ ਦਾਨਾ ਕੇ ਸੰਚਿ ਅੰਬਾਰ। ਖਰਚਹਿਂ ਧਨ ਕੋ ਬਨਜੋ ਉਦਾਰ।
ਇਤ ਸਤਿਗੁਰ ਉਰ ਬਿਖੈ ਬਿਚਾਰਾ। ਰਾਜਨੀਤਿ ਕੋ ਜਿਤਿਕ, ਪ੍ਰਕਾਰਾ॥ ੨੭ ॥

ਘਾਹ ਅਤੇ ਦਾਣਿਆਂ ਦੇ ਅੰਬਾਰ ਇਕੱਠੇ ਕੀਤੇ, ਵੱਡੀ ਉਦਾਰਤਾ ਨਾਲ ਧਨ ਨੂੰ ਖਰਚ ਕਰਦਾ ਸੀ। ਏਧਰ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਜਿੰਨੇ ਪ੍ਰਕਾਰ ਦੀ ਰਾਜਨੀਤੀ ਹੈ॥੨੭॥

ਕੰਨਜਾ ਬਜਾਹ ਬਿਖੈ ਕਛੁ ਦੇਨਾ। ਜਗਤ ਰੀਤਿ ਠਾਨਹਿ, ਸਭਿ ਲੇਨਾ।
ਜਾਨਿ ਆਪਨੀ ਊਚ ਬਡਾਈ। ਦੁਤੀਏ ਪਿਖਹਿਂ ਬ੍ਰਿੰਦ ਗਿਰਰਾਈ॥ ੨੮ ॥

ਲੜਕੀ ਦੇ ਵਿਆਹ ਵਿਚ ਕੁਝ ਦੇਣਾ ਇਹ ਜਗਤ ਦੀ ਰੀਤੀ ਚਲੀ ਆਉਂਦੀ ਹੈ। ਆਪਣੀ ਉੱਚੀ ਵਡਿਆਈ ਜਾਣ ਕੇ ਦੂਸਰੇ ਸਾਰੇ ਪਹਾੜੀ ਰਾਜੇ ਵੇਖਣਗੇ॥੨੮॥

ਬਹੁਰੋ ਚਿਤ ਉਦਾਰ ਗੁਰ ਕੇਰਾ। ਯਾਂਤੇ ਚਾਹਤਿ ਦਿਯੋ ਘਨੇਰਾ।
ਜੇਵਰ ਜਰੇ ਜਰਾਵ ਜਵਾਹਰ। ਜਾਗਤਿ ਜ਼ੇਬ ਜਿਨਹੁਂ ਕੀ ਜ਼ਾਹਰ॥ ੨੯ ॥

ਫਿਰ ਗੁਰੂ ਜੀ ਦਾ ਚਿੱਤ ਬੜਾ ਉਦਾਰ ਹੈ, ਇਸ ਕਰਕੇ ਉਹ ਬਹੁਤ ਕੁਝ ਦੇਣਾ ਚਾਹੁੰਦੇ ਹਨ। ਜੜਾਊ ਗਹਿਣੇ ਅਤੇ ਜਵਾਹਰ, ਜਿਨ੍ਹਾਂ ਦੀ ਸ਼ੋਭਾ ਜ਼ਾਹਰਾ ਤੌਰ ਤੇ ਪ੍ਰਗਟ ਸੀ॥੨੯॥

ਸੁੰਦਰ ਕੁੰਦਨ ਕੇ ਕਰਿਵਾਏ। ਬਹੁਤ ਦਰਬ ਜਿਨ ਊਪਰ ਲਾਏ।
ਪਸ਼ਮੰਬਰ ਪਾਟੰਬਰ ਘਨੇ। ਗੋਟਾ ਜ਼ਰੀ ਲਾਗ ਬਰ ਬਨੇ॥ ੩੦॥

ਸੁੰਦਰ ਸੋਨੇ ਦੇ ਘੜਵਾਏ ਤੇ ਉਨ੍ਹਾਂ ਉੱਤੇ ਬਹੁਤ ਧਨ ਖਰਚ ਕੀਤਾ। ਪਸ਼ਮ, ਰੇਸ਼ਮ ਦੇ ਬਹੁਤ ਕੱਪੜੇ ਤਿਆਰ ਕੀਤੇ ਜਿਹੜੇ ਗੋਟਾ, ਜ਼ਰੀ ਲੱਗ ਕੇ ਬੜੇ ਸੁੰਦਰ ਬਣੇ ਸਨ॥੩੦॥

ਬਾਸਨ ਕੰਚਨ ਰਜਤ ਘਰਾਏ। ਕਾਰੀਗਰਨਿ ਅਨੇਕ ਬਨਾਏ।
ਇੱਤਜਾਦਿਕ ਦਾਇਜ ਕੇ ਹੇਤੁ। ਧਨ ਗਨ ਦੀਨਸਿ ਕ੍ਰਿਪਾਨਿਕੇਤ॥ ੩੧॥

ਸੋਨੇ ਚਾਂਦੀ ਦੇ ਬਰਤਨ ਘੜਵਾਏ, ਕਾਰੀਗਰਾਂ ਨੇ ਅਨੇਕਾਂ ਬਣਾ ਕੇ ਦਿੱਤੇ। ਇਸ ਤਰ੍ਹਾਂ ਦੀਆਂ ਕਈ ਕੀਮਤੀ ਵਸਤਾਂ ਦਾਜ ਦੇਣ ਵਾਸਤੇ ਤਿਆਰ ਕਰਵਾਈਆਂ ਤੇ ਕਿਰਪਾ ਦੇ ਘਰ ਭਾਵ ਗੁਰੂ ਜੀ ਨਾਲ ਬਹੁਤ ਧਨ ਵੀ ਦਿੱਤਾ॥੩੧॥

ਸਵਾਲਾਖ ਕੋ ਕਰਿ ਤੰਬੋਲ। ਬਸਤੁ ਅਜਾਇਬ ਜਿਨ ਬਹੁ ਮੋਲ।
ਨੰਦਚੰਦ ਸਭਿ ਤਯਾਰ ਕਰਾਇ। ਸ੍ਰੀ ਸਤਿਗੁਰ ਕੋ ਦੀਨਿ ਦਿਖਾਇ॥ ੩੨॥

ਇਸ ਪ੍ਰਕਾਰ ਸਵਾ ਲੱਖ ਦਾ ਤੰਬੋਲ ਤਿਆਰ ਕੀਤਾ, ਜਿਨ੍ਹਾਂ ਵਿਚ ਬਹੁਤ ਕੀਮਤੀ ਅਜੀਬ ਚੀਜ਼ਾਂ ਵੀ ਸ਼ਾਮਲ ਸਨ। ਨੰਦ ਚੰਦ ਨੇ ਸਭ ਚੀਜ਼ਾਂ ਤਿਆਰ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਵਿਖਾ ਦਿੱਤੀਆਂ॥੩੨॥

ਅਵਿਲੋਕਤਿ ਪ੍ਰਭੁ ਹੁਕਮ ਬਖਾਨਾ। 'ਦਯਾਰਾਮ ਪ੍ਰੋਹਤ ਮਤਿਵਾਨਾ।
ਤੋਹਿ ਸਹਿਤ ਲੈ ਚਮੂੰ ਘਨੇਰੀ। ਪਹੁੰਚਨਿ ਬਨਹਿ ਬਯਾਹ ਜਿਸ ਬੇਰੀ॥ ੩੩॥

ਵਸਤਾਂ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਦਇਆ ਰਾਮ ਪ੍ਰੋਹਿਤ ਬੁੱਧੀਵਾਨ ਹੈ ਉਸ ਨੂੰ ਆਪਣੇ ਨਾਲ ਲੈ ਕੇ ਬਹੁਤ ਸੈਨਾ ਲੈ ਲਵੋ ਤੇ ਵਿਆਹ ਵਾਲੇ ਸਥਾਨ ਤੇ ਪਹੁੰਚ ਜਾਵੋ॥੩੩॥

ਸੈਲਪਤਨਿ ਕੇ ਗਨ ਜਬਿ ਮਿਲੈਂ। ਕਰਹੁ ਦਿਖਾਵਨਿ ਤਬਿ ਸਭਿ ਭਲੇ'।
ਨੰਦ ਚੰਦ ਅਰੁ ਦਿਜ ਸੁਨਿ ਕਰਿਕੈ। ਬੂਝਨਿ ਲਾਗੇ ਰਿਦੈ ਬਿਚਰਿਕੈ॥ ੩੪॥

ਜਦ ਪਹਾੜੀ ਰਾਜੇ ਇਕੱਠੇ ਹੋ ਕੇ ਮਿਲਣ ਤਦ ਇਹ ਸਾਰੀਆਂ ਵਸਤਾਂ ਭਲੀ ਪ੍ਰਕਾਰ ਵਿਖਾ ਦੇਵੋ।" ਨੰਦ ਚੰਦ ਅਤੇ ਬ੍ਰਾਹਮਣ ਸੁਣ ਕੇ ਆਪਣੇ ਹਿਰਦੇ ਵਿਚ ਵਿਚਾਰ ਕੇ ਪੁੱਛਣ ਲੱਗੇ॥੩੪॥

ਪਰਬਤ ਪਾਲਿਕ ਕਿਤਿਕ ਬਿਰੋਧੀ। ਭੀਮਚੰਦ ਤੇ ਆਦਿ ਕਰੋਧੀ।
ਭਏ ਮੇਲ ਤੇ ਵਧਹਿ ਬਖੇਰਾ। ਆਵਨ ਮੁਸ਼ਕਲ ਹੁਇ ਤਿਸ ਬੇਰਾ॥ ੩੫॥

ਕਈ ਪਹਾੜੀ ਰਾਜੇ ਸਾਡੇ ਵਿਰੋਧੀ ਹਨ, ਭੀਮ ਚੰਦ ਆਦਿ ਜਿਹੜੇ ਕਰੋਧੀ ਰਾਜੇ ਹਨ। ਮੇਲ ਹੋਣ ਨਾਲ ਝਗੜਾ ਵਧੇਗਾ ਤੇ ਉਸ ਸਮੇਂ ਸਾਡਾ ਆਉਣਾ ਮੁਸ਼ਕਲ ਹੋ ਜਾਵੇਗਾ॥੩੫॥

ਪੰਥ ਪਹਾਰਨ ਬਿਖਮ ਬਡੇਰੇ। ਕੌਨ ਸਹਾਇਕ ਹੁਇ ਤਿਸ ਬੇਰੇ?'।
ਸੁਨਿ ਕਲਗੀਧਰ ਹੁਕਮ ਬਖਾਨਾ। 'ਸੰਸ਼ਯ ਕਹਾਂ ਏਵ ਤੁਮ ਠਾਨਾ॥ ੩੬॥

ਪਹਾੜੀ ਸਫਰ ਬੜਾ ਔਖਾ ਹੈ, ਉਸ ਸਮੇਂ ਸਾਡਾ ਕੌਣ ਸਹਾਇਕ ਹੋਵੇਗਾ?" ਇਹ ਸੁਣ ਕੇ ਕਲਗੀਧਰ ਜੀ ਨੇ ਹੁਕਮ ਕੀਤਾ, "ਇਸ ਵਿਚ ਤੁਸੀਂ ਕੀ ਸ਼ੰਕਾ ਧਾਰਨ ਕੀਤੀ ਹੈ॥੩੬॥

Sri Satguru Jagjit Singh Ji eLlibrary NamdhariElibrary@gmail.com

ਦਿਢ ਨਿਸ਼ਚਾ ਉਰ ਰਾਖਹੁ ਐਸੇ। ਸਤਿਗੁਰ ਕਰਹਿਂ ਪਠਾਵਨਿ ਜੈਸੇ।
ਤਿਮ ਹੀ ਸਤਿਗੁਰ ਲਜਾਵਨਿ ਕਰੈ। ਅਪਨੇ ਜਾਨਹਿਂ ਰੱਛਾ ਧਰੈਂ॥ ੩੭॥

ਹਿਰਦੇ ਵਿਚ ਇਸ ਤਰ੍ਹਾਂ ਦਾ ਦ੍ਰਿੜ੍ਹ ਨਿਸ਼ਚਾ ਰੱਖੋ, ਜਿਵੇਂ ਸਤਿਗੁਰੂ ਜੀ ਭੇਜਦੇ ਹਨ, ਉਸ ਤਰ੍ਹਾਂ ਹੀ ਸਤਿਗੁਰੂ ਜੀ ਲੈ ਆਉਣਗੇ ਆਪਣੇ ਜਾਣ ਕੇ ਰੱਖਿਆ ਕਰਨਗੇ॥੩੭॥

ਜੋ ਸਿਖ ਮੇਰੋ ਗਹੈ ਅਲੰਬ। ਕਰੈਂ ਮਿਟਾਵਨਿ ਬਿਘਨ ਕਦੰਬ।
ਜੋ ਰਾਖਹਿਂ ਨਿਤ ਮੋਰ ਭਰੋਸਾ। ਤਿਨ ਕੇ ਨਿਕਟ ਨ ਪਹੁਚੈ ਦੋਸ਼ਾ॥ ੩੮॥

ਜਿਹੜਾ ਵੀ ਸਿੱਖ ਮੇਰਾ ਆਸਰਾ ਫੜਦਾ ਹੈ, ਉਹ ਸਾਰੇ ਵਿਘਨ ਮਿਟਾ ਲੈਂਦਾ ਹੈ। ਜਿਹੜੇ ਸਦਾ ਹੀ ਮੇਰੇ ਤੇ ਭਰੋਸਾ ਰੱਖਦੇ ਹਨ, ਉਨ੍ਹਾਂ ਦੇ ਪਾਸ ਦੋਸ਼ ਨਹੀਂ ਪਹੁੰਚਦਾ ਹੈ॥੩੮॥

ਅੰਗ ਸੰਗ ਗੁਰ ਬਨਹਿਂ ਸਹਾਈ। ਤਾਤੀ ਵਾਉ ਨ ਲਾਗਨਿ ਪਾਈ।
ਜੋ ਨਹਿਂ ਸਿਮਰਹਿਂ ਮੋਕਹੁ ਕਦੇ। ਨਿਜ ਬਲ ਪਰ ਬਿਸਵਾਸੀ ਰਿਦੇ॥ ੩੯॥

ਗੁਰੂ ਜੀ ਅੰਗ ਸੰਗ ਹੋ ਕੇ ਸਹਾਇਕ ਬਣਦੇ ਹਨ ਤੇ ਫਿਰ ਤੱਤੀ ਹਵਾ ਵੀ ਨਹੀਂ ਲੱਗਦੀ ਹੈ। ਜਿਹੜੇ ਕਦੀ ਵੀ ਮੈਨੂੰ ਯਾਦ ਨਹੀਂ ਕਰਦੇ ਹਨ, ਹਿਰਦੇ ਵਿਚ ਆਪਣੇ ਬਲ 'ਤੇ ਵਿਸ਼ਵਾਸ ਕਰਦੇ ਹਨ॥੩੯॥

ਨਹਿਂ ਤਿਨ ਕੋ ਮੈਂ ਬਨਹੁਂ ਸਹਾਈ। ਗੁਰ ਸੰਗੀ ਹੁਇਂ ਜੇ ਸ਼ਰਨਾਈ।
ਯਾਂ ਤੇ ਸਦਾ ਰਾਖ ਬਿਸਵਾਸਹਿ। ਪ੍ਰਭੁ ਹੁਇਂ ਸਦਾ ਦਾਸ ਕੇ ਪਾਸਹਿ॥ ੪੦॥

ਮੈਂ ਉਨ੍ਹਾਂ ਦੀ ਕਦੀ ਵੀ ਸਹਾਇਤਾ ਨਹੀਂ ਕਰਦਾ ਹਾਂ, ਜਿਹੜੇ ਸ਼ਰਨ ਵਿਚ ਹਨ, ਗੁਰੂ ਉਨ੍ਹਾਂ ਦੇ ਸੰਗ ਹੈ। ਇਸ ਕਰਕੇ ਮਨ ਵਿਚ ਸਦਾ ਵਿਸ਼ਵਾਸ ਰੱਖੋ, ਪ੍ਰਭੂ ਜੀ ਸਦਾ ਆਪਣੇ ਸੇਵਕ ਦੇ ਪਾਸ ਰਹਿੰਦੇ ਹਨ॥੪੦॥

ਸੁਨਿ ਦੋਨਹੁਂ ਕੋ ਧੀਰਜ ਆਯੋ। ਕਰਿ ਨਿਸ਼ਚਾ ਤਬਿ ਸੀਸ ਨਿਵਾਯੋ।
ਸਕਲ ਵਸਤੁ ਕੀ ਤਯਾਰੀ ਠਾਨਿ। ਗੁਰ ਆਗਯਾ ਤੇ ਚਹਸਿ ਪਯਾਨ॥ ੪੧॥

ਇਹ ਸੁਣ ਕੇ ਦੋਵਾਂ ਨੂੰ ਧੀਰਜ ਆਇਆ ਤੇ ਨਿਸ਼ਚਾ ਕਰਕੇ ਫਿਰ ਸਿਰ ਨਿਵਾਇਆ। ਸਾਰੀਆਂ ਵਸਤਾਂ ਦੀ ਫਿਰ ਤਿਆਰੀ ਕੀਤੀ ਤੇ ਗੁਰੂ ਜੀ ਦੀ ਆਗਿਆ ਲੈ ਕੇ ਜਾਣਾ ਚਾਹੁੰਦੇ ਸਨ॥੪੧॥

*ਦੂਸਰੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## *ਅਧਿਆਇ ਗਿਆਰ੍ਹਵਾਂ*

*ਨੰਦ ਚੰਦ ਤੰਬੋਲ ਲੈ ਕੇ ਗਿਆ, ਬਰਾਤ*

ਦੋਹਰਾ- ਬੀਤ ਗਈ ਜਬਿ ਜਾਮਨੀ ਉਠਹਿਂ ਪ੍ਰਾਤਿ ਕੋ ਪਾਇ।
ਠਾਨਜੋ ਸੌਚ ਸ਼ਨਾਨ ਕੋ ਭਏ ਤਯਾਰ ਤਬਿ ਆਇ॥ ੧॥

ਜਦ ਸਾਰੀ ਰਾਤ ਬੀਤ ਗਈ ਤਾਂ ਸਵੇਰ ਹੋਈ ਵੇਖ ਕੇ ਉੱਠ ਬੈਠੇ, ਸੌਚ ਇਸ਼ਨਾਨ ਕੀਤਾ ਤੇ ਤਿਆਰ ਹੋ ਪਏ॥੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਚਰਨ ਬੰਦਨਾ ਗੁਰ ਕੋ ਕਰਿ ਕੈ। ਸਗਰੀ ਵਸਤੂ ਭਲੇ ਸੰਭਰਿਕੈ।
ਸੰਗ ਪੰਚ ਸੈ ਲੇ ਅਸਵਾਰ। ਧਾਰੇ ਧਨੁਖ ਬਾਨ ਹੱਥਜਾਰ ॥ ੨ ॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੇ ਸਾਰੀਆਂ ਵਸਤਾਂ ਭਲੀ ਪ੍ਰਕਾਰ ਸੰਭਾਲ ਕੇ ਆਪਣੇ ਨਾਲ ਪੰਜ ਸੌ ਅਸਵਾਰ ਲੈ ਲਿਆ ਜਿਨ੍ਹਾਂ ਨੇ ਧਨੁੱਖ ਬਾਣ ਅਤੇ ਹੋਰ ਹਥਿਆਰ ਧਾਰਨ ਕੀਤੇ ਹੋਏ ਸਨ ॥੨॥

ਤੋਮਰ ਤਰਵਾਰਨਿ ਕਰ ਧਰਿ ਕੈ। ਗਮਨੇ ਚਪਲ ਤੁਰੰਗਮ ਚਰਿਕੈ।
ਸਵਾਲਾਖ ਕੋ ਲੇ ਤੰਬੋਲ। ਵਸਤੁ ਅਜਾਇਬ ਜਿਨ ਬਹੁ ਮੋਲ ॥ ੩ ॥

ਨੇਜ਼ੇ, ਤਲਵਾਰਾਂ ਹੱਥਾਂ ਵਿਚ ਫੜ ਕੇ ਤੇ ਚੰਚਲ ਘੋੜਿਆਂ ਤੇ ਚੜ੍ਹ ਕੇ ਸਵਾ ਲੱਖ ਦਾ ਨਿਊਂਦਾ ਤੇ ਹੋਰ ਬਹੁਤ ਕੀਮਤੀ ਅਤੇ ਅਜੀਬ ਵਸਤਾਂ ਲੈ ਕੇ ਚਲ ਪਏ ॥੩॥

ਸਕਲ ਕਹਾਰਨਿ ਤੇ ਉਚਵਾਈ। ਪ੍ਰਸਥਾਨੇ ਸ੍ਰੀ ਨਗਰ ਸਥਾਈ।
ਮਾਰਗ ਸਕਲ ਉਲੰਘਤਿ ਗਏ। ਰਜਧਾਨੀ ਪੁਨ ਪਹੁੰਚਤਿ ਭਏ ॥੪॥

ਸਾਰੀਆਂ ਵਸਤਾਂ ਕਹਾਰਾਂ ਪਾਸੋਂ ਚੁਕਵਾ ਲਈਆਂ ਤੇ ਰਾਜੇ ਫਤਹਿ ਸ਼ਾਹ ਦੀ ਨਗਰੀ ਸ੍ਰੀ ਨਗਰ ਵਲ ਤੁਰ ਪਏ, ਫਿਰ ਸਾਰਾ ਪੈਂਡਾ ਲੰਘ ਕੇ ਰਾਜਧਾਨੀ ਵਿਚ ਪਹੁੰਚ ਗਏ॥੪॥

ਫਤੇਸ਼ਾਹਿ ਸੁਨਿਕੈ ਮਹਿਪਾਲ। ਡੇਰੇ ਹੇਤੁ ਕਹਜੋ ਤਤਕਾਲ।
'ਪੁਰਿ ਅੰਤਰ ਇਕ ਸਦਨ ਬਿਸਾਲਾ। ਤਹਾਂ ਦੇਹੁ ਡੇਰਾ ਨਿਜ ਘਾਲਾ' ॥੫॥

ਰਾਜਾ ਫ਼ਤਹਿ ਸ਼ਾਹ ਨੇ ਗੁਰੂ ਜੀ ਦੇ ਬੰਦਿਆਂ ਦੇ ਆਉਣ ਬਾਰੇ ਸੁਣ ਕੇ ਤੁਰਤ ਰਹਾਇਸ਼ ਵਾਸਤੇ ਇੰਤਜ਼ਾਮ ਕਰਵਾ ਦਿੱਤਾ ਤੇ ਕਿਹਾ, "ਨਗਰ ਦੇ ਵਿਚ ਇਕ ਬਹੁਤ ਖੁਲ੍ਹਾ ਘਰ ਹੈ, ਉਥੇ ਆਪਣਾ ਡੇਰਾ ਲਾ ਲਵੋ" ॥੫॥

ਸਾਦਰ ਜਬਿ ਸੋ ਥਾਨ ਦਿਖਾਯੋ। ਕਰਿ ਬਿਚਾਰ ਨੰਦ ਚੰਦ ਅਲਾਯੋ।
'ਸਤਿਗੁਰ ਕੇ ਸਿਖ ਸੰਗ ਹਮਾਰੇ। ਉੱਗ੍ਰ ਸੁਭਾਵ ਜਿਨਹੁਂ ਰਣ ਪਜਾਰੇ ॥੬॥

ਬੜੇ ਆਦਰ ਨਾਲ ਜਦ ਉਹ ਸਥਾਨ ਵਿਖਾਇਆ ਤਾਂ ਵਿਚਾਰ ਕਰਕੇ ਦਿਵਾਨ ਨੰਦ ਚੰਦ ਬੋਲਿਆ, "ਸਤਿਗੁਰੂ ਜੀ ਦੇ ਸਿੱਖ ਸਾਡੇ ਨਾਲ ਹਨ, ਜਿਨ੍ਹਾਂ ਦਾ ਬੜਾ ਤੇਜ਼ ਸੁਭਾਵ ਹੈ ਤੇ ਜਿਨ੍ਹਾਂ ਨੂੰ ਸਦਾ ਹੀ ਯੁੱਧ ਪਿਆਰਾ ਲੱਗਦਾ ਹੈ ॥੬॥

ਅੰਤਰ ਨਗਰ ਹਰਖ ਨਹਿਂ ਮਾਨਹਿਂ। ਥਾਨ ਕੁਸ਼ਾਦ ਲੇਨਿ ਕੋ ਠਾਨਹਿਂ।
ਡੇਰਾ ਕਰਤਿ ਪਰਸਪਰ ਲਰਹਿਂ। ਖੜਗ ਪ੍ਰਹਾਰਨਿ ਤੇ ਨਹਿਂ ਡਰਹਿਂ ॥੭॥

ਉਹ ਨਗਰ ਦੇ ਅੰਦਰ ਪ੍ਰਸੰਨ ਹੋ ਕੇ ਰਹਿਣਾ ਨਹੀਂ ਮੰਨਣਗੇ, ਉਹ ਖੁਲ੍ਹਾ ਥਾਂ ਲੈਣਾ ਚਾਹੁਣਗੇ। ਡੇਰਾ ਕਰਦੇ ਆਪਸ ਵਿਚ ਲੜਨਗੇ ਤੇ ਤਲਵਾਰਾਂ ਦੇ ਵਾਰ ਕਰਨ ਤੋਂ ਵੀ ਨਹੀਂ ਡਰਨਗੇ॥੭॥

ਪੁਰਿ ਜਨ ਸੋਂ ਇਹ ਕਰਹਿਂ ਬਖੇਰਾ। ਹੁਕਮ ਨ ਮਾਨਤਿ ਹੈਂ ਕਿਸ ਕੇਰਾ।
ਇਕ ਗੁਰ ਬਿਨਾ ਨ ਜਾਨਹਿਂ ਆਨ। ਲਰਤਿ ਨ ਧਾਰਹਿਂ ਕਿਸ ਕੀ ਕਾਨ ॥੮॥

ਨਗਰ ਵਾਸੀਆਂ ਨਾਲ ਇਹ ਝਗੜਾ ਕਰਨਗੇ, ਇਹ ਕਿਸੇ ਦਾ ਵੀ ਹੁਕਮ ਨਹੀਂ ਮੰਨਦੇ ਹਨ। ਇਕ ਗੁਰੂ ਬਗੈਰ ਹੋਰ ਕਿਸੇ ਨੂੰ ਜਾਣਦੇ ਨਹੀਂ, ਲੜਦੇ ਸਮੇਂ ਕਿਸੇ ਦੀ ਈਨ ਨਹੀਂ ਮੰਨਦੇ ਹਨ॥੮॥

ਯਾਂਤੇ ਸਿਵਰ ਇਨਹੁਂ ਕੋ ਆਛੇ। ਵਹਿਰ ਕੁਸ਼ਾਦ ਥਾਨ ਮਹਿਂ ਬਾਂਛੇ।
ਸੌਚ ਸ਼ਨਾਨ ਸੁਖੇਨ ਸੁ ਠਾਨਹਿਂ। ਅੰਤਰ ਥਲ ਤੇ ਹਰਖ ਨ ਮਾਨਹਿਂ ॥੯॥

ਇਸ ਕਰਕੇ ਇਨ੍ਹਾਂ ਵਾਸਤੇ ਤੰਬੂ ਹੀ ਚੰਗਾਂ ਹੈ, ਬਾਹਰ ਖੁਲ੍ਹੇ ਥਾਂ ਵਿਚ ਰਹਿਣਾ ਚਾਹੁੰਦੇ ਹਾਂ। ਸੌਚ ਇਸ਼ਨਾਨ ਆਰਾਮ ਨਾਲ ਕਰ ਲੈਣਗੇ, ਸ਼ਹਿਰ ਦੇ ਅੰਦਰ ਰਹਿਣ ਵਾਸਤੇ ਖੁਸ਼ੀ-ਖੁਸ਼ੀ ਨਹੀਂ ਮੰਨਣਗੇ" ॥੯॥

**ਸਿਵਰ ਕਰਾਵਣ ਹਾਰ ਜਿ ਆਇ। ਸੁਨਿ ਕਰਿ ਨ੍ਰਿਪ ਕੋ ਜਾਇ ਸੁਨਾਇ।**
**'ਗੁਰ ਦਿਵਾਨ ਉਤਰਹਿ ਨਹੀਂ ਅੰਤਰ। ਚਾਹਤਿ ਡੇਰਾ ਵਹਿਰ ਨਿਰੰਤਰ' ॥੧੦॥**

ਜਿਹੜੇ ਡੇਰਾ ਲਵਾਉਣ ਵਾਲੇ ਆਏ ਸਨ, ਉਨ੍ਹਾਂ ਨੇ ਸੁਣ ਕੇ ਜਾ ਕੇ ਰਾਜੇ ਨੂੰ ਦੱਸਿਆ। "ਗੁਰੂ ਜੀ ਦੇ ਦਿਵਾਨ ਅੰਦਰ ਉਤਾਰਾ ਕਰਨਾ ਨਹੀਂ ਚਾਹੁੰਦੇ, ਉਹ ਡੇਰਾ ਬਾਹਰ ਖੁਲ੍ਹੇ ਥਾਂ ਲਾਉਣਾ ਚਾਹੁੰਦੇ ਹਨ" ॥੧੦॥

**ਫਤੇਸ਼ਾਹ ਸੁਨਿ ਕਰਿ ਪੁਨ ਭਾਖਾ। 'ਇਸ ਪ੍ਰਕਾਰ ਕੀ ਜੇ ਅਭਿਲਾਖਾ।**
**ਪੰਥ ਪਾਂਵਟੇ ਪਰ ਉਪਬਨ ਹੈ। ਤਹਾਂ ਉਤਾਰਹੁ ਜਿਮ ਸੁਖ ਮਨਿ ਹੈਂ ॥੧੧॥**

ਰਾਜੇ ਫ਼ਤਹਿ ਸ਼ਾਹ ਨੇ ਫਿਰ ਸੁਣ ਕੇ ਕਿਹਾ, "ਜੇ ਇਸ ਪ੍ਰਕਾਰ ਦੀ ਅਭਿਲਾਸ਼ਾ ਹੈ ਤਾਂ ਪਾਉਂਟੇ ਦੇ ਰਾਹ ਵਿਚ ਇਕ ਬਾਗ ਹੈ ਤਾਂ ਉਥੇ ਉਤਾਰਾ ਕਰਵਾਉ, ਜਿਵੇਂ ਸੁੱਖ ਚਾਹੁੰਦੇ ਹਨ" ॥੧੧॥

**ਇਮ ਸੁਨਿ ਨਰ ਬਹੋਰ ਕਰਿ ਲਜਾਏ। ਬਾਗ਼ ਬਿਸਾਲ ਸਿਵਰ ਕਰਿਵਾਏ।**
**ਦਾਵ ਘਾਵ ਆਪਨਿ ਰਖਿ ਸਾਰਾ। ਸਤਿਗੁਰ ਦਲ ਡੇਰੋ ਪਿਖਿ ਡਾਰਾ ॥੧੨॥**

ਇਸ ਤਰ੍ਹਾਂ ਸੁਣ ਕੇ ਮਨੁੱਖ ਮੁੜ ਕੇ ਆਏ ਤੇ ਖੁਲ੍ਹੇ ਬਾਗ ਵਿਚ ਡੇਰਾ ਕਰਵਾ ਦਿੱਤਾ। ਇਸ ਤਰ੍ਹਾਂ ਆਪਣਾ ਦਾਅ ਘਾਅ ਰੱਖ ਕੇ, ਸਤਿਗੁਰੂ ਜੀ ਦੀ ਸੈਨਾ ਨੇ ਡੇਰਾ ਕਰ ਲਿਆ ॥੧੨॥

**ਸੰਗਰ ਲਯੋ ਅਧਿਕ ਬੰਧਵਾਇ। ਨਿਜ ਤਕਰਾਈ ਭਲੇ ਕਰਾਇ।**
**ਇਕ ਜਾਮਨਿ ਕਰਿ ਬਾਸ ਬਿਤਾਈ। ਗਏ ਪ੍ਰਾਤ ਮਿਲਿਬੇ ਗਿਰਰਾਈ ॥੧੩॥**

ਬਾਗ ਦੇ ਆਲੇ-ਦੁਆਲੇ ਬੜੀ ਸਖਤ ਵਾੜ ਬਣਵਾ ਲਈ ਤੇ ਭਲੀ ਪ੍ਰਕਾਰ ਆਪਣੀ ਰੱਖਿਆ ਲਈ ਤਕੜਾਈ ਕਰਵਾ ਲਈ। ਇਕ ਰਾਤ ਰਹਿ ਕੇ ਬਤੀਤ ਕੀਤੀ ਤੇ ਅਗਲੀ ਸਵੇਰ ਨੂੰ ਪਹਾੜੀ ਰਾਜੇ ਨੂੰ ਮਿਲਣ ਗਏ ॥੧੩॥

**'ਤੁਮਕੌ ਖੁਸ਼ੀ ਕਰੀ ਗੁਰ ਪੂਰੇ। ਦਾਇਜ ਪਠਯੋ ਮੋਲ ਬਹੁ ਰੂਰੇ।**
**ਅਪਨੋ ਜਾਨਿ ਦਯਾ ਉਰ ਛਾਈ। ਸਦਲ ਭੇਜ ਮੁਹਿ ਹਿਤ ਬਡਿਆਈ' ॥੧੪॥**

ਤੁਹਾਡੇ ਉੱਤੇ ਪੂਰਨ ਗੁਰੂ ਜੀ ਨੇ ਖੁਸ਼ੀ ਕੀਤੀ ਹੈ, ਬੜਾ ਕੀਮਤੀ ਅਤੇ ਸੁੰਦਰ ਨਿਉਂਦਾ ਭੇਜਿਆ ਹੈ। ਆਪਣਾ ਜਾਣ ਕੇ ਹਿਰਦੇ ਵਿਚ ਬੜੀ ਦਇਆ ਛਾਈ ਹੈ। ਆਪ ਜੀ ਦੀ ਵਡਿਆਈ ਵਾਸਤੇ ਮੈਨੂੰ ਫੌਜ ਸਮੇਤ ਭੇਜਿਆ ਹੈ" ॥੧੪॥

**ਫਤੇਸ਼ਾਹ ਕਰ ਜੋਰਿ ਉਚਾਰਾ। 'ਹਮ ਪਰ ਕਰਜੋ ਅਧਿਕ ਉਪਕਾਰਾ।**
**ਸੇਵਕ ਸਦਾ ਗੁਰੂ ਘਰ ਕੇਰੇ। ਇਤੋ ਸੁਜਸੁ ਚਾਹਤਿ ਸੋ ਮੇਰੇ' ॥੧੫॥**

ਫਤਹਿ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਸਾਡੇ ਉੱਤੇ ਵੱਡਾ ਉਪਕਾਰ ਕੀਤਾ ਹੈ। ਅਸੀਂ ਸਦਾ ਹੀ ਗੁਰੂ ਘਰ ਦੇ ਸੇਵਕ ਹਾਂ, ਮੇਰਾ ਏਨਾ ਸ੍ਰੇਸ਼ਟ ਜੱਸ ਚਾਹੁੰਦੇ ਹਨ" ॥੧੫॥

**ਇੱਤਜਾਦਿਕ ਕਹਿ ਆਪਸ ਮਹੀਆ। ਆਏ ਸਿਵਰ ਪਰਯੋ ਨਿਜ ਜਹੀਆ।**
**ਨਿਤ ਭੂਪਤਿ ਸੇਵਾ ਕਰਿਵਾਵੈ। ਤ੍ਰਿਣ ਦਾਨਾ ਇਨ ਸਕਲ ਪੁਚਾਵੈ ॥੧੬॥**

ਇਸ ਤਰ੍ਹਾਂ ਆਪਸ ਵਿਚ ਗੱਲਬਾਤ ਹੋਈ ਤੇ ਫਿਰ ਉਥੇ ਆ ਗਏ ਜਿਥੇ ਆਪਣਾ ਡੇਰਾ ਕੀਤਾ ਸੀ। ਰਾਜਾ ਸਦਾ ਹੀ ਸੇਵਾ ਕਰਦਾ ਸੀ ਤੇ ਘਾਹ ਤੇ ਦਾਣੇ ਸਭ ਕੁਝ ਪਹੁੰਚਾਉਂਦਾ ਸੀ ॥੧੬॥

**ਖਾਨ ਪਾਨ ਕਰਿ ਸ੍ਵਾਦ ਮਹਾਨੇ। ਨਿਸ ਦਿਨ ਬਨੇ ਰਹਿਤ ਸਵਧਾਨੇ।**
**ਫਤੇਸ਼ਾਹ ਨਿਤ ਪ੍ਰਿਤਿ ਸਤਿਕਾਰੀ। ਹਿਤ ਬਰਾਤ ਕੇ ਠਾਨਹਿ ਤਯਾਰੀ ॥੧੭॥**

ਮਹਾਨ ਸਵਾਦੀ ਖਾਣਾ ਖਾ ਪੀ ਕੇ ਦਿਨ ਰਾਤ ਬੜੀ ਚੌਕਸੀ ਨਾਲ ਰਹਿੰਦੇ ਸਨ। ਫਤਹਿ ਸ਼ਾਹ ਸਦਾ ਪ੍ਰੀਤ ਸਹਿਤ ਸਤਿਕਾਰ ਕਰਦਾ ਸੀ ਤੇ ਬਰਾਤ ਵਾਸਤੇ ਤਿਆਰੀ ਕਰਦਾ ਸੀ॥੧੭॥

**ਇਸ ਪ੍ਰਕਾਰ ਇਤ ਕੋ ਬਿਰਤਾਂਤ। ਉਤ ਕੀ ਸੁਨੀਅਹਿ ਆਇ ਬਰਾਤ।**
**ਭੀਮਚੰਦ ਸਭਿ ਨ੍ਰਿਪਤ ਪਹਾਰੀ। ਮਿਲ੍ਯੋ ਮੇਲ ਜਹਿਂ ਕਹਿਂ ਤੇ ਭਾਰੀ ॥੧੮॥**

ਇਸ ਪ੍ਰਕਾਰ ਏਧਰ ਦਾ ਬ੍ਰਿਤਾਂਤ ਹੈ, ਉਧਰ ਦੀ ਸੁਣੋ ਜਿਵੇਂ ਬਰਾਤ ਆਈ। ਭੀਮ ਚੰਦ ਤੇ ਸਾਰੇ ਪਹਾੜੀ ਰਾਜਿਆਂ ਦਾ ਵੱਡਾ ਭਾਰੀ ਮੇਲਾ ਇਕੱਠਾ ਹੋਇਆ॥੧੮॥

**ਬਹੁ ਧਾਰਨਿ ਕੋ ਮਹਿਪਤਿ ਆਏ। ਨਿਜ ਨਿਜ ਦਲ ਸਕੇਲ ਕਰਿ ਲ੍ਯਾਏ।**
**ਬਸਤ੍ਰ ਸ਼ਸਤ੍ਰ ਤੇ ਬਨਿ ਠਨਿ ਭਲੇ। ਆਨਿ ਆਨਿ ਚਹੁਂ ਦਿਸ਼ਿ ਤੇ ਮਿਲੇ ॥੧੯॥**

ਬਹੁਤ ਧਾਰਾਂ ਦੇ ਰਾਜੇ ਆਏ, ਸਾਰੇ ਆਪਣੀਆਂ-ਆਪਣੀਆਂ ਫੌਜਾਂ ਇਕੱਠੀਆਂ ਕਰਕੇ ਲਿਆਏ। ਬਸਤਰ ਸ਼ਸਤਰ ਪਹਿਣ ਕੇ ਭਲੀ ਪ੍ਰਕਾਰ ਬਣ ਠਣ ਚਾਰੇ ਪਾਸਿਆਂ ਤੋਂ ਆ ਆ ਕੇ ਮਿਲੇ॥੧੯॥

**ਦਲ ਸਕੇਲ ਬਹੁ ਸ਼ਗਨ ਮਨਾਇ। ਗਨ ਨਾਰਿਨਿ ਤੇ ਗੀਤ ਗਵਾਇ।**
**ਬਡੀ ਬਰਾਤ ਜੋਰਿ ਕਰਿ ਚਢ੍ਯੋ। ਬਾਜੇ ਬਹੁ ਬਜਾਇ ਮੁਦ ਬਢ੍ਯੋ ॥ ੨੦॥**

ਵੱਡੀ ਸੈਨਾ ਇਕੱਠੀ ਕਰਕੇ ਸ਼ਗਨ ਮਨਾਏ ਤੇ ਇਸਤਰੀਆਂ ਪਾਸੋਂ ਬਹੁਤ ਗੀਤ ਗਵਾਏ। ਭੀਮ ਚੰਦ ਵੱਡੀ ਬਰਾਤ ਜੋੜ ਕੇ ਚੜ੍ਹਿਆ ਤੇ ਪ੍ਰਸੰਨਤਾ ਧਾਰ ਕੇ ਬਹੁਤ ਵਾਜੇ ਵਜਾਏ॥੨੦॥

**ਮੰਗਲ ਕਰਿਤੇ ਅਨਿਕ ਪ੍ਰਕਾਰਾ। ਉਲੰਘੇ ਪੰਥ ਬਿਖਮ ਸਮ ਸਾਰਾ।**
**ਨਿਕਟ ਪਾਂਵਟੇ ਕੇ ਚਲਿ ਗਏ। ਕੋਸ ਦੋਇ ਤ੍ਰੈ ਉਤਰਤਿ ਭਏ॥ ੨੧॥**

ਅਨੇਕ ਪ੍ਰਕਾਰ ਦੇ ਮੰਗਲ ਕਰਦਾ ਰਾਜਾ ਭੀਮ ਚੰਦ ਬਿਖੜਾ ਤੇ ਪਧਰਾ ਪੈਂਡਾ ਲੰਘ ਆਇਆ। ਫਿਰ ਉਹ ਪਾਉਂਟੇ ਦੇ ਨੇੜੇ ਪਹੁੰਚ ਗਿਆ। ਦੋ ਤਿੰਨ ਕੋਹ ਦੂਰੀ ਉੱਤੇ ਉਸ ਉਤਾਰਾ ਕੀਤਾ॥੨੧॥

**ਸੰਧ੍ਯਾ ਸਮੈ ਟਿਕ੍ਯੋ ਜਬਿ ਡੇਰਾ। ਬਾਤ ਸੁਨੀ ਪ੍ਰਭੁ ਕੀ ਤਿਸ ਬੇਰਾ।**
**ਪੰਥ ਪ੍ਰਾਤਿ ਕੋ ਜਿਸ ਬਲ ਗਵਨੂ। ਉਤਰੇ ਤਹਾਂ ਸਦਲ ਬਲ ਭਵਨੂ ॥੨੨॥**

ਸ਼ਾਮ ਵੇਲੇ ਜਦ ਡੇਰਾ ਟਿਕ ਗਿਆ ਤਾਂ ਉਸ ਸਮੇਂ ਸਤਿਗੁਰੂ ਬਾਰੇ ਗੱਲ ਸੁਣੀ। ਸਵੇਰ ਨੂੰ ਜਿਸ ਰਾਹ ਥਾਣੀ ਜਾਣਾ ਹੈ ਉਥੇ ਸੈਨਾ ਸਹਿਤ ਬਲ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਉਤਾਰਾ ਕੀਤਾ ਹੈ॥੨੨॥

**ਸੁਨਿ ਕਰਿ ਚਿਤ ਉਪਜੀ ਦੁਚਿਤਾਈ। ਕਿਸ ਪ੍ਰਕਾਰ ਹਮ ਉਲੰਘਹਿਂ ਜਾਈ ?।**
**ਹੇਤੁ ਮੰਤ੍ਰ ਕੇ ਸਕਲ ਬੁਲਾਏ। ਭੀਮਚੰਦ ਢਿਗ ਗਿਰਪਤਿ ਆਏ॥ ੨੩॥**

ਇਹ ਸੁਣ ਕੇ ਚਿੱਤ ਵਿਚ ਦੁਚਿੱਤੀ ਪ੍ਰਗਟ ਹੋਈ, ਕਿਸ ਪ੍ਰਕਾਰ ਅਸੀਂ ਲੰਘ ਕੇ ਜਾਈਦੇ ? ਸਲਾਹ ਵਾਸਤੇ ਸਾਰੇ ਰਾਜਿਆਂ ਨੂੰ ਬੁਲਾਇਆ ਤੇ ਸਾਰੇ ਰਾਜੇ ਭੀਮ ਚੰਦ ਪਾਸ ਆਏ॥੨੩॥

**ਇਕ ਗੁਲੇਰੀਆ ਨਾਮ ਗੁਪਾਲ। ਮੰਡੀਪਤਿ, ਸੁਕੇਤ, ਜਸੁਵਾਲਿ।**
**ਆਦਿ ਹੰਡੂਰੀ ਜੇਤਿਕ ਸਾਥ। ਸਭਿ ਮਿਲਿ ਥਿਰੇ ਵਹਿਰ ਗਿਰਨਾਥ॥ ੨੪॥**

ਇਕ ਗੁਪਾਲ ਗੁਲੇਰੀਆ ਨਾਮੀ ਰਾਜਾ ਸੀ। ਮੰਡੀ ਦਾ ਰਾਜਾ ਤੇ ਸੁਕੇਤ ਰਿਆਸਤ ਦਾ ਰਾਜਾ ਜਸੁਵਾਲ ਹੈ। ਹੋਰ ਜਿਹੜੇ ਹੰਡੂਰੀ ਰਾਜੇ ਨਾਲ ਸਨ। ਸਾਰੇ ਹੀ ਭੀਮ ਚੰਦ ਪਹਾੜੀ ਰਾਜੇ ਨੂੰ ਬਾਹਰ ਮਿਲੇ॥੨੪॥

ਸਭਿ ਕੋ ਕਰਿ ਆਦਰ ਕਹਿਲੂਰੀ। ਬੋਲਯੋ 'ਇਕ ਚਿੰਤਾ ਵਧਿ ਭੂਰੀ।
ਸ੍ਰੀ ਗੁਰ ਸੰਗ ਵਿਗਾਰ ਹਮਾਰਾ। ਭਯੋ ਪ੍ਰਥਮ ਰਣ ਕਯੋਹੂੰ ਟਾਰਾ॥ ੨੫॥

ਕਹਿਲੂਰੀ ਦੇ ਰਾਜੇ ਨੇ ਸਭ ਦਾ ਆਦਰ ਕੀਤਾ ਅਤੇ ਬੋਲਿਆ, "ਇਕ ਬੜੀ ਵੱਡੀ ਚਿੰਤਾ ਹੋਈ ਹੈ। ਸ੍ਰੀ ਗੁਰੂ ਜੀ ਨਾਲ ਸਾਡੀ ਅਣਬਣ ਹੈ, ਪਹਿਲੀ ਜੰਗ ਹੁੰਦੀ-ਹੁੰਦੀ ਟਾਲੀ ਹੈ॥੨੫॥

ਪੰਥ ਪ੍ਰਾਤਿ ਕੇ ਮਹਿਂ ਤਿਨ ਡੇਰਾ। ਨੇਰ ਪਰੈ, ਹੁਇ ਹੈ ਭਟ ਭੇਰਾ।
ਉਤਸਵ ਬਜਾਹ ਜਾਨਿ ਕਰਿ ਟਾਰੇ। ਅਬਿ ਕਿਮ ਉਲੰਘਹਿ ਦਲ ਬਲ ਭਾਰੇ' ॥੨੬॥

ਸਾਡੀ ਸਵੇਰ ਵਾਲੇ ਸਫਰ ਵਿਚ ਉਨ੍ਹਾਂ ਦਾ ਡੇਰਾ ਆਉਂਦਾ ਹੈ, ਨੇੜੇ ਜਾਣ 'ਤੇ ਸੂਰਮਿਆਂ ਦਾ ਭੇੜ ਹੋ ਜਾਵੇਗਾ। ਵਿਆਹ ਦਾ ਉਤਸਵ ਜਾਣ ਕੇ ਟਾਲ ਦਿੱਤੀ ਸੀ, ਹੁਣ ਕਿਵੇਂ ਲੰਘੀਏ ਸਾਡੇ ਪਾਸ ਭਾਰੀ ਫੌਜ ਹੈ ?" ॥੨੬॥

ਤਬਿ ਜਸੁਵਾਲਿ ਕੇਸਰੀ ਚੰਦ। ਆਦਿ ਗੁਲੇਰੀ ਅਪਰ ਨਰਿੰਦ।
ਕਹਤਿ 'ਧੀਰ ! ਕਯੋਂ ਚਿੰਤਾ ਠਾਨੀ। ਕਿਤਕ ਸੈਨ ਗੁਰ ਕੇ ਸੰਗ ਜਾਨੀ ? ॥੨੭॥

ਜਸੁਵਾਲ, ਕੇਸਰੀ ਚੰਦ, ਗੁਲੇਰੀ ਆਦਿ ਜਿਹੜੇ ਹੋਰ ਰਾਜੇ ਸਨ ਉਨ੍ਹਾਂ ਨੇ ਕਿਹਾ, "ਹੇ ਧੀਰਜਵਾਨ ! ਕਿਉਂ ਚਿੰਤਾ ਧਾਰਨ ਕੀਤੀ ਹੈ, ਗੁਰੂ ਜੀ ਨਾਲ ਕਿੰਨੀ ਕੁ ਫੌਜ ਜਾਣੀ ਜਾਂਦੀ ਹੈ॥੨੭॥

ਹਮ ਸਗਰੇ ਮਹਿਪਤਿ ਦਲ ਸੰਗ। ਕਯੋਂ ਕਰਿ ਟਰਹਿਂ ਕਰਨਿ ਤੇ ਜੰਗ।
ਅਲਪ ਚਮੂੰ ਤੇ ਤ੍ਰਾਸ ਨ ਮਾਨੈਂ। ਨਿਜ ਬਲ ਤੇ ਆਗੈ ਪ੍ਰਸਥਾਨੈਂ॥ ੨੮॥

ਅਸੀਂ ਸਾਰੇ ਰਾਜੇ ਦਲਾਂ ਸਮੇਤ ਤੁਹਾਡੇ ਨਾਲ ਹਾਂ, ਤੁਸੀਂ ਜੰਗ ਕਰਨ ਤੋਂ ਕਿਉਂ ਟਲਦੇ ਹੋ। ਅਸੀਂ ਛੋਟੀ ਸੈਨਾ ਪਾਸੋਂ ਡਰ ਨਹੀਂ ਮੰਨਦੇ ਹਾਂ, ਆਪਣੀ ਸ਼ਕਤੀ ਨਾਲ ਅੱਗੇ ਲੰਘ ਜਾਵਾਂਗੇ॥੨੮॥

ਅਬਿ ਤੁਮ ਪੂਰਬ ਪਠਹੁ ਵਜ਼ੀਰ। ਜਾਨਹਿ ਭੇਦ ਜਿਤਿਕ ਭਟ ਭੀਰ।
ਨਿਜ ਪ੍ਰਾਕ੍ਰਮ ਕੋ ਭਾਖਿ ਸੁਨਾਵੈ। ਦਿਹੁ ਮਗ ਨਤੁ ਡੇਰਾ ਲੁਟਿ ਜਾਵੈ' ॥੨੯॥

ਹੁਣ ਤੁਸੀਂ ਪਹਿਲਾਂ ਆਪਣੇ ਵਜ਼ੀਰ ਨੂੰ ਭੇਜੋ, ਉਹ ਜਾ ਕੇ ਸਾਰੇ ਭੇਦ ਨੂੰ ਜਾਣੇ ਕਿ ਉਨ੍ਹਾਂ ਪਾਸ ਕਿੰਨੇ ਸੂਰਮਿਆਂ ਦੀ ਭੀੜ ਹੈ। ਆਪਣੇ ਉੱਦਮ ਅਤੇ ਬਲ ਨੂੰ ਕਹਿ ਕੇ ਸੁਣਾਵੇ, ਰਸਤਾ ਦੇ ਦੇਵੇ ਨਹੀਂ ਤਾਂ ਡੇਰਾ ਲੁੱਟ ਲਵਾਂਗੇ" ॥੨੯॥

ਭੀਮਚੰਦ ਸੁਨਿ ਰਾਜਨਿ ਬਾਨੀ। ਨਿਜ ਉਤਸਵ ਲਖਿ ਤਿਨਹੁਂ ਬਖਾਨੀ।
'ਰਣ ਕਰਿਬੇ ਕੀ ਬਾਤ ਨ ਆਛੀ। ਸ਼ਾਦੀ ਸੈਲਪਤਿਨਿ ਘਰ ਬਾਛੀ॥ ੩੦॥

ਭੀਮ ਚੰਦ ਨੇ ਜਦ ਰਾਜਿਆਂ ਦੀ ਇਹ ਗੱਲ ਸੁਣੀ ਤਾਂ ਆਪਣਾ ਉਤਸਵ ਸਮਝ ਕੇ ਉਨ੍ਹਾਂ ਨੂੰ ਕਿਹਾ, "ਲੜਾਈ ਕਰਨ ਦੀ ਗੱਲ ਚੰਗੀ ਨਹੀਂ ਹੈ, ਪਹਾੜੀ ਰਾਜੇ ਆਪਣੇ ਘਰ ਖੁਸ਼ੀ ਵੇਖਣਾ ਚਾਹੁੰਦੇ ਹਨ॥੩੦॥

ਪਰੇ ਜੰਗ ਹੁਇ ਮਾਰਨ ਮਰਨੋ। ਭਏ ਸ਼ੋਕ ਆਨੰਦ ਹੁਇ ਹਰਨੋ।
ਨਿਸ਼ਚੈ ਲਰਯੋ ਚਹੈਂ ਇਕ ਬਾਰੀ। ਸੁਤ ਸ਼ਾਦੀ ਤੇ ਲਖਹੁਂ ਪਿਛਾਰੀ॥ ੩੧॥

ਜਦ ਜੰਗ ਪਵੇਗੀ ਤਾਂ ਮਾਰਨਾ, ਮਰਨਾ ਹੋਵੇਗਾ, ਦੁਖ ਹੋਵੇਗਾ ਆਨੰਦ ਭੱਜ ਜਾਵੇਗਾ। ਨਿਸ਼ਚੇ ਰੂਪ ਵਿਚ ਇਕ ਵਾਰ ਲੜਨਾ ਚਾਹੁੰਦੇ ਹਾਂ, ਪਰ ਉਸ ਨੂੰ ਪੁੱਤਰ ਦੀ ਸ਼ਾਦੀ ਤੋਂ ਬਾਅਦ ਵਿਚ ਵੇਖਾਂਗੇ॥੩੧॥

ਯਾਂ ਤੇ ਕਰਜੋ ਪ੍ਰਥਮ ਮੈਂ ਟਾਰਾ। ਏਵ ਮਤੋ ਉਰ ਜਾਨਿ ਹਮਾਰਾ।
ਅਬਿ ਤੌ ਬਿਨੈ ਕਰਨਿ ਹੀ ਬਨੈ। ਜਿਸ ਤੇ ਜਾਨਹਿਂ ਪ੍ਰੇਮੀ ਸਨੈ॥ ੩੨ ॥

ਇਸ ਕਰਕੇ ਮੈਂ ਪਹਿਲਾਂ ਵੀ ਟਾਲਾ ਕੀਤਾ ਸੀ, ਸਾਡਾ ਇਹ ਮੱਤ ਦਿਲ ਵਿਚ ਜਾਣੋ। ਹੁਣ ਤਾਂ ਬੇਨਤੀ ਕਰਨੀ ਹੀ ਬਣਦੀ ਹੈ, ਜਿਸ ਨਾਲ ਸਾਨੂੰ ਪ੍ਰੇਮ ਸਹਿਤ ਜਾਣਿਆ ਜਾਵੇ॥੩੨॥

ਅਪਰ ਥਾਨ ਕੋ ਪੰਥ ਨ ਨੇਰੇ। ਜੇ ਕੋ ਅਹੈ ਪਰਤਿ ਬਡ ਫੇਰੇ।
ਤਿਤ ਕੌ ਗਮਨਤਿ ਸਾਹਾ ਟਰੈ। ਪੀਛੇ ਪਹੁੰਚਿ ਕਹਾਂ ਤਬਿ ਕਰੈਂ॥ ੩੩ ॥

ਹੋਰ ਕੋਈ ਨੇੜੇ ਰਾਹ ਨਹੀਂ ਹੈ, ਜੇ ਕੋਈ ਹੈ ਤਾਂ ਵੱਡਾ ਫੇਰਾ ਪੈਂਦਾ ਹੈ, ਭਾਵ ਬਹੁਤ ਲੰਮਾ ਪੈਂਡਾ ਕਰਨਾ ਪੈਂਦਾ ਹੈ। ਉਸ ਪਾਸੇ ਦੀ ਜਾਣ ਨਾਲ ਵਿਆਹ ਦਾ ਸਾਹਾ ਹੀ ਲੰਘ ਜਾਂਦਾ ਹੈ, ਪਿੱਛੋਂ ਪਹੁੰਚ ਕੇ ਫਿਰ ਕੀ ਕਰਾਂਗੇ॥੩੩॥

ਬਡੋ ਬਿਰਸ ਉਤਸਵ ਮਹਿਂ ਪਰਿਹੀ। ਜੇ ਬਿਰੋਧ ਅਬਿ ਗੁਰ ਸੰਗ ਧਰਿਹੀ।
ਰਾਜ ਘਾਟ ਪਰ ਕੀਨਸਿ ਡੇਰਾ। ਆਪ ਸੂਰਮਾ ਬਲੀ ਬਡੇਰਾ॥ ੩੪ ॥

ਫਿਰ ਉਤਸਵ ਵਿਚ ਵੱਡੀ ਬੇਰਸੀ ਹੋ ਜਾਵੇਗੀ, ਜੇ ਹੁਣ ਗੁਰੂ ਜੀ ਨਾਲ ਵਿਰੋਧ ਧਾਰਨ ਕਰਾਂਗੇ। ਉਨ੍ਹਾਂ ਨੇ ਰਾਜਘਾਟ ਤੇ ਡੇਰਾ ਕੀਤਾ ਹੈ ਤੇ ਆਪ ਵੀ ਵੱਡਾ ਬਲਵਾਨ ਸੂਰਮਾ ਹੈ॥੩੪॥

ਸਭਿ ਬਿਧਿ ਕੀ ਹੁਇ ਹੈ ਤਕਰਾਈ। ਬਲ ਤੇ ਕਜੋਂ ਹੂੰ ਦੇਹਿ ਨ ਜਾਈ।
ਸੁਮਤਿ ਬਿਚਾਰ ਕਰਹੁ ਛਲ ਐਸੇ। ਇਸੀ ਪੰਥ ਮਹਿਂ ਗਮਨੈਂ ਜੈਸੇ॥ ੩੫ ॥

ਸਭ ਪ੍ਰਕਾਰ ਦੀ ਤਕੜਾਈ ਕੀਤੀ ਹੋਵੇਗੀ, ਬਲ ਨਾਲ ਕਿਸੇ ਪ੍ਰਕਾਰ ਵੀ ਜਾਣ ਨਹੀਂ ਦੇਣਗੇ। ਸ੍ਰੇਸ਼ਟ ਮੱਤ ਨਾਲ ਵਿਚਾਰ ਕੇ ਐਸਾ ਛਲ ਕਰੋ, ਜਿਸ ਨਾਲ ਏਸੇ ਰਾਹੀਂ ਸਾਡਾ ਜਾਣਾ ਹੋ ਸਕੇ॥੩੫॥

ਸਾਥ ਸਾਮਤਾ ਨੀਕੀ ਬਾਤ। ਸੁਖ ਸੌਂ ਪਹੁਂਚੈ ਸਕਲ ਬਰਾਤ।
ਭੀਮਚੰਦ ਤੇ ਸੁਨਿ ਕਰਿ ਬਾਨੀ। ਕਰਿ ਲਘੁ ਗਰਬ ਨ੍ਰਿਪਤ ਸਭਿ ਮਾਨੀ॥੩੬॥

ਸੁਲ੍ਹਾ ਨਾਲ ਜਾਣਾ ਚੰਗੀ ਗੱਲ ਹੈ ਤੇ ਸਾਡੀ ਸਾਰੀ ਬਰਾਤ ਸੁਖ ਨਾਲ ਪਹੁੰਚ ਜਾਵੇ।" ਰਾਜੇ ਭੀਮ ਚੰਦ ਤੋਂ ਇਹ ਗੱਲ ਸੁਣ ਕੇ ਬਾਕੀ ਰਾਜੇ ਆਪਣੇ ਹੰਕਾਰ ਨੂੰ ਘਟਾ ਕੇ ਮੰਨ ਗਏ॥੩੬॥

'ਪਠੋ ਵਜੀਰ ਕਰਨਿ ਕੋ ਬਿਨਤੀ। ਪੀਛੇ ਲਰਹਿਂ' ਕੀਨਿ ਮਿਲਿ ਗਿਨਤੀ।
ਛਲਜੋ ਚਹੈਂ ਸਰਬੱਗਨ ਮਤਿ ਕੌ। ਬਲ ਚਾਤੁਰਤਾ ਲਖਿ ਨਿਜ ਮਤਿ ਕੋ॥੩੭॥

"ਬੇਨਤੀ ਕਰਨ ਵਾਸਤੇ ਆਪਣੇ ਵਜ਼ੀਰ ਨੂੰ ਭੇਜੋ, ਬਾਅਦ ਵਿਚ ਲੜਾਈ ਕਰਾਂਗੇ" ਆਪਸ ਵਿਚ ਮਿਲ ਕੇ ਇਹ ਸਲਾਹ ਕੀਤੀ। ਗੁਰੂ ਜੀ ਦੀ ਸਰਬੱਗ ਬੁੱਧੀ ਛਲਣਾ ਚਾਹੁੰਦੇ ਸਨ ਤੇ ਆਪਣੀ ਮੱਤ ਨੂੰ ਵੱਡੀ ਬਲਵਾਨ ਸਮਝਦੇ ਸਨ॥੩੭॥

ਭਾਵਹੀਨ ਮਤਿਮੰਦ ਪਹਾਰੀ। ਕਿਨਹੁ ਨ ਨੀਕੀ ਰਿਦੈ ਬਿਚਾਰੀ।
ਸਮੁਤਿਵੰਤਿ ਨਿਜ ਸਚਿਵ ਬੁਲਾਯੋ। ਸਾਦਰ ਸਭਿਨਿ ਬੀਚ ਬੈਠਾਯੋ॥ ੩੮ ॥

ਭਾਵਹੀਣ ਮਾੜੀ ਮੱਤ ਵਾਲੇ ਪਹਾੜੀਆਂ ਨੇ ਕਿਸੇ ਵੀ ਚੰਗੀ ਗੱਲ ਨਾ ਵਿਚਾਰੀ। ਰਾਜੇ ਨੇ ਆਪਣੇ ਸ੍ਰੇਸ਼ਟ ਬੁੱਧੀ ਵਾਲੇ ਵਜ਼ੀਰ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਸਾਰਿਆਂ ਦੇ ਵਿਚ ਬਿਠਾਇਆ॥੩੮॥

ਨਿਜ ਆਸ਼ੈ ਸਗਰੋ ਸਮੁਝਾਵਾ। 'ਨਹੀਂ ਚਹੈਂ ਹਮ ਸੰਘਰ ਪਾਵਾ।
ਜਜੋਂ ਕਜੋ ਕਰਿ ਮਾਰਗ ਇਹ ਲੈਨਾ। ਸਾਚ ਝੂਠ ਹਿਤ ਚਹਿਕਹਿ ਦੇਨਾ॥੩੯॥

ਆਪਣੇ ਸਾਰੇ ਆਸ਼ੇ ਨੂੰ ਸਮਝਾਇਆ, "ਅਸੀਂ ਲੜਾਈ ਕਰਨਾ ਨਹੀਂ ਚਾਹੁੰਦੇ ਹਾਂ, ਜਿਵੇਂ ਕਰਕੇ ਇਹ ਰਾਹ ਲੈਣਾ ਹੈ। ਇਸ ਭਲੇ ਕਾਰਜ ਵਾਸਤੇ ਸੱਚ ਝੂਠ ਵੀ ਕਹਿਣਾ ਪਵੇ ਤਾਂ ਕਹਿ ਦੇਣਾ॥੩੯॥

ਬਾਤਨ ਸੋਂ ਰਿਝਾਇ ਗੁਰ ਲੀਜੈ। ਇਤ ਕੇ ਬਿਨੈ ਬਾਕ ਕਹਿ ਦੀਜੈ।
ਜੇ ਦਾਨਾਇ ਜਗਤ ਮਹਿਂ ਅਗਰ। ਬਿਬਸ ਲਖਹਿਂ ਕਾਰਜ ਕਛੁ ਬਿਗਰੇ ॥੪੦॥

ਗੱਲਾਂ ਨਾਲ ਹੀ ਗੁਰੂ ਜੀ ਨੂੰ ਪ੍ਰਸੰਨ ਕਰ ਲਵੋ, ਏਧਰ ਵਲੋਂ ਬੇਨਤੀ ਵਾਲੇ ਬਚਨ ਕਹਿ ਦੇਵੋ। ਜੋ ਚਤੁਰ ਲੋਕ ਪਹਿਲਾਂ ਹੋ ਚੁੱਕੇ ਹਨ, ਕੁਝ ਕਾਰਜ ਵਿਗੜਨ ਦੀ ਲਚਾਰੀ ਨੂੰ ਜਦ ਸਮਝ ਲੈਂਦੇ ਹਨ॥੪੦॥

ਅਲਪ ਬਨਹਿਂ, ਸੁਧਰਹਿ ਜਿਸ ਰੀਤਿ। ਠਾਨਹਿਂ ਤਿਮ ਹੀ ਤੂਰਨ ਨੀਤਿ।
ਕਜੋਂਹੂੰ ਲਘੂ ਸੋ ਹੋਇ ਨ ਜਾਈ। ਸਜਾਨੇ ਜਾਨਹਿਂ ਤਿਹ ਅਧਿਕਾਈ' ॥੪੧॥

ਉਹ ਫਿਰ ਨੀਵੇਂ ਬਣ ਜਾਂਦੇ ਹਨ, ਜਿਸ ਰੀਤੀ ਨਾਲ ਕਾਰਜ ਸੁਧਰ ਜਾਵੇ, ਉਹ ਤੁਰਤ ਹੀ ਉਸ ਤਰ੍ਹਾਂ ਨੀਤੀ ਧਾਰ ਲੈਂਦੇ ਹਨ। ਇਸ ਤਰ੍ਹਾਂ ਕਰਕੇ ਉਹ ਕਿਸੇ ਤਰ੍ਹਾਂ ਵੀ ਛੋਟੇ ਨਹੀਂ ਹੋ ਜਾਂਦੇ, ਜੋ ਵੱਡਾ ਹੈ, ਉਸ ਵੱਡਾ ਹੀ ਰਹਿਣਾ ਹੈ, ਸਿਆਣੇ ਲੋਕ ਇਸ ਦੀ ਵਡਿਆਈ ਜਾਣਦੇ ਹਨ" ॥੪੧॥

ਭੀਮਚੰਦ ਜਬਿ ਐਸੇ ਕਹਜੋ। ਅਪਰ ਗਰਿੰਦਨ ਸੋ ਨਹਿਂ ਸਹਜੋ।
'ਕਜੋਂ ਸਭਿ ਕੀ ਤੁਮ ਲਘੁਤਾ ਕਰੋ ? ਬੁਧਿ, ਬਲ, ਦਲ ਕੌ ਦੀਰਘ ਧਰੋ' ॥੪੨॥

ਭੀਮ ਚੰਦ ਨੇ ਜਦ ਇਸ ਤਰ੍ਹਾਂ ਕਿਹਾ ਤਾਂ ਪਿੱਛੋਂ ਕਹੀ ਗੱਲ ਹੋਰ ਰਾਜਿਆਂ ਪਾਸੋਂ ਨਾ ਸਹੀ ਗਈ। ਉਹ ਕਹਿਣ ਲੱਗੇ, "ਕਿਉਂ ਤੁਸੀਂ ਸਾਰਿਆਂ ਨੂੰ ਛੋਟਾ ਕਰਦੇ ਹੋ ? ਜਦ ਬੁੱਧੀ, ਬਲ, ਸੈਨਾ ਸਭ ਪਖੋਂ ਅਸੀਂ ਵਡੱਪਣ ਧਾਰਨ ਕੀਤਾ ਹੈ" ॥੪੨॥

'ਸੁਨਹੁ ਵਜੀਰ ! ਆਪਨੋ ਜੋਰ। ਕਹੋ ਸਕਲ ਨ੍ਰਿਪ ਦਲ ਕੋ ਜ਼ੋਰ।
ਤਜਿ ਮਗ ਕੋ ਅਬਿ ਕਰੋ ਕਿਨਾਰਾ। ਮਿਲਹਿ ਸੈਨ ਤਬਿ ਹੋਇ ਬਿਗਾਰਾ ॥੪੩॥

"ਹੇ ਵਜੀਰ ! ਆਪਣੇ ਗੱਠਜੋੜ ਬਾਰੇ ਸੁਣੋ, ਉਨ੍ਹਾਂ ਪਾਸ ਸਾਰੇ ਰਾਜਿਆਂ ਦੀ ਸ਼ਕਤੀ ਅਤੇ ਜ਼ੋਰ ਬਾਰੇ ਕਹੋ। ਸਾਡਾ ਰਾਹ ਛੱਡ ਕੇ ਹੁਣ ਇਕ ਪਾਸੇ ਹੋ ਜਾਵੋ, ਜਦ ਸੈਨਾ ਮਿਲੇਗੀ ਤਾਂ ਤੁਹਾਡਾ ਵਿਗਾੜ ਹੋ ਜਾਵੇਗਾ॥੪੩॥

ਅਸ ਨਹਿਂ ਬੰਨਹਿ ਜਾਇ ਲੁਟਿ ਡੇਰਾ। ਯਾ ਤੇ ਸੁਧਿ ਕਰਿਬੇ ਮੁਝ ਪ੍ਰੇਰਾ।
ਇੱਤਜਾਦਿਕ ਨਿਜ ਓਜ ਜਨਾਵਹੁ। ਬਹੁ ਬਿਧਿ ਤੇ ਗੁਰ ਤ੍ਰਾਸ ਉਪਾਵਹੁ' ॥੪੪॥

ਜੇ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਡੇਰਾ ਲੁੱਟ ਲਵਾਂਗੇ, ਇਸ ਕਰਕੇ ਮੈਨੂੰ ਖ਼ਬਰ ਦੇਣ ਵਾਸਤੇ ਭੇਜਿਆ ਹੈ। ਇਸ ਪ੍ਰਕਾਰ ਦੀ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰੋ ਤਾਂਕਿ ਗੁਰੂ ਜੀ ਬਹੁਤ ਵਿਧੀਆਂ ਨਾਲ ਡਰ ਜਾਣ" ॥੪੪॥

ਭੀਮਚੰਦ ਸੁਨਿ ਬਹੁਰ ਬਖਾਨੀ। 'ਪ੍ਰਥਮ ਕਟਕ ਨਹਿਂ ਭਾਖਹੁ ਬਾਨੀ।
ਸਹਿਤ ਸ਼ਾਮਤਾ ਜੇ ਮਗ ਦੇਹਿਂ। ਇਸ ਤੇ ਆਛੀ ਬਾਤ ਨ ਕੇਹ॥ ੪੫॥

ਭੀਮ ਚੰਦ ਨੇ ਸੁਣ ਕੇ ਫਿਰ ਕਿਹਾ, "ਪਹਿਲਾਂ ਕੌੜੀ ਬੋਲੀ ਨਾ ਬੋਲੋ, ਜੇ ਸੁਲ੍ਹਾ-ਸਫਾਈ ਨਾਲ ਰਾਹ ਦੇ ਦੇਣ, ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਹੈ॥੪੫॥

ਜੇ ਨਹਿਂ ਮਾਨਹਿਂ ਪੁਨ ਕਹਿ ਦੀਜੈ। ਜਜੋਂ ਕਜੋਂ ਛਲ ਬਲ ਕਰਿ ਮਗ ਲੀਜੈ'।
ਸੁਮਤ ਵਜ਼ੀਰ ਜਾਨਿ ਅਭਿਪ੍ਰਾਯ। 'ਰਣ ਨ ਕਰਹੁ' ਸਭਿ ਕੋ ਸਮੁਝਾਯ॥ ੪੬॥

ਜੇ ਨਾ ਮੰਨਣ ਤਾਂ ਬਾਅਦ ਵਿਚ ਕਹਿ ਦੇਵੋ, ਜਿਵੇਂ ਕਿਵੇਂ ਛਲ ਅਤੇ ਸ਼ਕਤੀ ਕਰਕੇ ਰਾਹ ਲਵੋ।" ਬੁਧੀਵਾਨ ਵਜ਼ੀਰ ਨੇ ਮਤਲਬ ਜਾਣ ਕੇ ਕਿਹਾ, "ਯੁੱਧ ਨਾ ਕਰੋ" ਸਾਰਿਆਂ ਨੂੰ ਸਮਝਾਇਆ॥੪੬॥

ਆਪ ਚਲਨਿ કੌ ਕੀਨਸਿ ਤਜਾਰੀ। ਸੰਗ ਸੁਭਟ ਲੇ ਖੋੜਸਚਾਰੀ।
ਡੇਰਾ ਕਰਿ ਮੁਕਾਮ ਤਿਸ ਥਾਨ। ਇਕ ਵਜ਼ੀਰ ਠਾਨਜੋਂ ਪ੍ਰਸਥਾਨ॥ ੪੭॥

ਵਜ਼ੀਰ ਨੇ ਆਪ ਚਲਣ ਦੀ ਤਿਆਰੀ ਕੀਤੀ ਤੇ ਨਾਲ ਵੀਹ ਕੁ ਸੂਰਬੀਰ ਲੈ ਕੇ ਚਲ ਪਿਆ। ਉਸ ਥਾਂ ਡੇਰੇ ਦਾ ਮੁਕਾਮ ਕਰਕੇ, ਇਹ ਵਜ਼ੀਰ ਗੁਰੂ ਜੀ ਵਲ ਚਲੇ ਗਿਆ॥੪੭॥

*ਦੂਸਰੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## ਅਧਿਆਇ ਬਾਰ੍ਹਵਾਂ

*ਰਾਜੇ ਦਾ ਵਜ਼ੀਰ ਰਾਹ ਲੈਣ ਆਇਆ*

ਦੋਹਰਾ- ਨ੍ਰਿਭੈ ਹੋਇ ਹਿਤ ਸਾਮ ਕੇ ਗੁਰ ਢਿਗ ਚਢਜੋ ਵਜ਼ੀਰ।
ਭੀਮਚੰਦ ਚਿਤ ਚਟਪਟੀ, ਬਡੀ ਚਿੰਤ, ਨਹਿਂ ਧੀਰ॥ ੧॥

ਭੀਮ ਚੰਦ ਰਾਜੇ ਦਾ ਵਜ਼ੀਰ ਘੋੜੇ 'ਤੇ ਚੜ੍ਹ ਕੇ ਨਿਰਭੈ ਹੋ ਕੇ ਗੁਰੂ ਜੀ ਨਾਲ ਮਿਲਾਪ ਵਾਸਤੇ ਚਲ ਪਿਆ। ਭੀਮ ਚੰਦ ਦਾ ਚਿੱਤ ਵਿਆਕੁਲ ਸੀ, ਵੱਡਾ ਫਿਕਰਮੰਦ ਸੀ ਤੇ ਧੀਰਜ ਨਹੀਂ ਸੀ ਆ ਰਿਹਾ॥੧॥

ਚੌਪਈ- ਕਲਗ਼ੀਧਰ ਬਡ ਤੇਜ ਪ੍ਰਤਾਪੀ। ਨਹੀਂ ਨ੍ਯੂਨਤਾ ਸਹਹਿਂ ਕਦਾਪੀ।
ਕਿਮ ਹ੍ਵੈ ਹੈ, ਕਿਮ ਉਲੰਘਹਿਂ ਆਗੇ? ਮਹਾਂ ਬਿਘਨ ਹੁਇ ਜੇ ਰਣ ਜਾਗੇ॥੨॥

ਕਲਗ਼ੀਧਰ ਜੀ ਦਾ ਵੱਡਾ ਤੇਜ ਪ੍ਰਤਾਪ ਹੈ, ਉਹ ਕਿਸੇ ਪਾਸੋਂ ਆਪਣੀ ਛੁਟਿਆਈ ਨਹੀਂ ਬਰਦਾਸ਼ਤ ਕਰਦੇ। ਕਿਵੇਂ ਹੋਵੇਗੀ, ਕਿਵੇਂ ਅੱਗੇ ਲੰਘਾਂਗੇ? ਜੇ ਲੜਾਈ ਹੋਵੇਗੀ ਤਾਂ ਵੱਡਾ ਵਿਘਨ ਖੜਾ ਹੋ ਜਾਵੇਗਾ॥੨॥

ਗਿਰਪਤਿ ਮੇਲ ਬਿਖੈ ਗਨ ਆਏ। ਹਟਹਿਂ ਕੁਸ਼ਲ ਸੋਂ ਨਰ ਸਮੁਦਾਏ।
ਗਾਵਹਿਂ ਗੀਤ ਉਛਾਹਿ ਬਿਸਾਲਾ। ਕਰਿਬੋ ਜੰਗ ਸ਼ੋਕ ਕੀ ਸਾਲਾ॥ ੩॥

ਪਹਾੜੀ ਰਾਜੇ ਦੇ ਮੇਲ ਵਿਚ ਬਹੁਤ ਲੋਕ ਆਏ ਹਨ, ਸੁਖ ਸਾਂਦ ਨਾਲ ਸਾਰੇ ਪਿੱਛੇ ਹਟ ਜਾਵਾਂਗੇ ਤਾਂ ਵੱਡੇ ਉਤਸ਼ਾਹ ਨਾਲ ਖੁਸ਼ੀ ਦੇ ਗੀਤ ਗਾਵਾਂਗੇ, ਲੜਾਈ ਕਰਨਾ ਤਾਂ ਸ਼ੋਕ ਦਾ ਘਰ ਹੈ॥੩॥

ਨਿਜ ਨਿਜ ਡੇਰੇ ਟਿਕੈਂ ਪਹਾਰੀ। ਆਇ ਵਜ਼ੀਰ ਤ ਠਾਨਹਿਂ ਤਜਾਰੀ।
ਇਮ ਪ੍ਰਤੀਖਨਾ ਧਰਿ ਟਿਕ ਰਹੇ। 'ਗੁਰ ਕਬਿ ਮਿਲਹਿਂ' ਪਰਸਪਰ ਕਹੇਂ॥੪॥

ਆਪਣੇ ਡੇਰਿਆਂ ਵਿਚ ਪਹਾੜੀਏ ਟਿਕ ਗਏ, ਵਜ਼ੀਰ ਆਵੇਗਾ ਤਾਂ ਤਿਆਰੀ ਕਰਾਂਗੇ। ਇੰਝ ਉਡੀਕ ਕਰਦੇ ਟਿਕੇ ਰਹੇ। "ਗੁਰੂ ਜੀ ਕਦ ਮਿਲਣਗੇ" ਆਪਸ ਵਿਚ ਕਹਿੰਦੇ ਸਨ॥੪॥

ਉਤ ਕਲਗ਼ੀਧਰ ਲਗੇ ਦਿਵਾਨ। ਬੈਠੇ ਸ਼ੋਭਤਿ ਇੰਦ੍ਰ ਸਮਾਨ।
ਸੁਧਿ ਪਹੁੰਚੀ ਗਿਰ ਰਾਜਨਿ ਕੇਰੀ। 'ਬਜਾਹ ਬਰਾਤਿ ਬਟੋਰਿ ਬਡੇਰੀ॥੫॥

ਓਧਰ ਕਲਗ਼ੀਧਰ ਜੀ ਦੀਵਾਨ ਲਾ ਕੇ ਸਿੱਖਾਂ ਵਿਚ ਬੈਠੇ ਇੰਦਰ ਦੇਵਤੇ ਵਾਂਗ ਸ਼ੋਭ ਰਹੇ ਸਨ। ਉਨ੍ਹਾਂ ਨੂੰ ਪਹਾੜੀ ਰਾਜਿਆਂ ਬਾਰੇ ਖਬਰ ਪਹੁੰਚੀ, "ਵੱਡੀ ਗਿਣਤੀ ਵਿਚ ਵਿਆਹ ਲਈ ਬਰਾਤ ਇਕੱਠੀ ਕੀਤੀ ਹੈ॥੫॥

ਪਰਯੋ ਸਮੀਪ ਆਨਿ ਕਰਿ ਡੇਰਾ। ਗਜ ਬਾਜੀ ਗਨ ਸੁਭਟਨਿ ਕੇਰਾ।
ਇਸ ਹੀ ਪੰਥ ਉਲੰਘਯੋ ਚਹੈਂ। ਦਲ ਬਹੁ ਸੰਗ ਨ੍ਰਿਭੈ ਉਰ ਅਹੈਂ ॥ ੬॥

ਪਾਉਂਟੇ ਦੇ ਨੇੜੇ ਹੀ ਆ ਕੇ ਡੇਰਾ ਲਾਇਆ ਹੈ। ਬਹੁਤ ਘੋੜੇ, ਹਾਥੀ ਅਤੇ ਸੂਰਮੇ ਨਾਲ ਹਨ। ਇਸ ਰਾਹ ਥਾਣੀ ਹੀ ਲੰਘਣਾ ਚਾਹੁੰਦਾ ਹੈ। ਨਾਲ ਬਹੁਤ ਵੱਡੀ ਸੈਨਾ ਹੈ, ਇਸ ਕਰਕੇ ਦਿਲ ਵਿਚ ਬਿਲਕੁਲ ਨਿਰਭੈਅ ਹੈ" ॥੬॥

ਸੁਨਿ ਬੋਲੇ ਪ੍ਰਭੁ ਬਹੁ ਬਲ ਭਰਿ ਕੈ। 'ਕਿਹ ਦੁਇ ਸੀਸ ਉਲੰਘਹਿ ਅਰਿਕੈ।
ਤਜੌਂ ਧਨੁਖ ਤੇ ਬਾਨ ਕਰਾਰੇ। ਗਿਰਹਿਂ ਖੇਤ ਰਣ ਜਥਾ ਮੁਨਾਰੇ॥ ੭॥

ਇਹ ਸੁਣ ਕੇ ਗੁਰੂ ਜੀ ਬਹੁਤ ਬਲ ਧਾਰਨ ਕਰਕੇ ਬੋਲੇ, "ਕਿਸ ਦੇ ਦੋ ਸਿਰ ਹਨ ਜਿਹੜਾ ਜੰਗ ਕਰਕੇ ਲੰਘੇਗਾ। ਆਪਣੇ ਧਨੁੱਖ ਤੋਂ ਕਰਾਰੇ ਬਾਣ ਛਡਾਂਗਾ ਤੇ ਵੈਰੀ ਰਣਖੇਤਰ ਵਿਚ ਇਸ ਤਰ੍ਹਾਂ ਡਿੱਗਣਗੇ ਜਿਵੇਂ ਮੁਨਾਰੇ ਡਿੱਗਦੇ ਹਨ॥੭॥

ਸੁਪਤਹਿਂ ਬਡੀ ਨੀਂਦ ਮਹਿਂ ਜੋਧਾ। ਕੁਲਸਨਿ ਵਾਰਨਿ ਸਮ ਹੁਇ ਰੋਧਾ।
ਕਰਹਿਂ ਮਾਰ ਖੜਗਨਿ ਕੀ ਐਸੇ। ਤਰੁ ਕਾਨਨ ਕੌ ਖਾਤੀ ਜੈਸੇ॥ ੮॥

ਉਨ੍ਹਾਂ ਦੇ ਯੋਧੇ ਵੱਡੀ ਨੀਂਦ ਵਿਚ ਸੌਂ ਜਾਣਗੇ ਭਾਵ ਮਰ ਜਾਣਗੇ, ਬੱਜਰ ਦੇ ਤਖਤਿਆਂ ਵਾਂਗ ਹੋ ਕੇ ਰੋਕਾਂਗਾ। ਤਲਵਾਰਾਂ ਦੀ ਐਸੀ ਮਾਰ ਕਰਾਂਗਾ, ਜਿਵੇਂ ਜੰਗਲ ਦੇ ਬ੍ਰਿਛਾਂ ਨੂੰ ਤਰਖਾਣ ਵੱਢਦਾ ਹੈ॥੮॥

ਇਕ ਸੁਤ ਬਜਾਹ ਹੇਤ ਕੋ ਆਏ। ਰਚਹਿਂ ਬਜਾਹ ਹੂਰਨਿ ਸਮੁਦਾਏ।
ਰੁੰਡ ਮੁੰਡ ਰਨ ਬਿਖੇ ਬਿਥਾਰੌਂ। ਸ਼੍ਰੋਣਤ ਪੰਕ ਧਰਾ ਕਰਿ ਡਾਰੌਂ ॥ ੯॥

ਇਕ ਪੁੱਤਰ ਵਿਆਉਣ ਆ ਰਿਹਾ ਹੈ, ਅਸੀਂ ਸਾਰਿਆਂ ਦੇ ਵਿਆਹ ਹੂਰਾਂ ਨਾਲ ਕਰਵਾ ਦਿਆਂਗੇ। ਰੁੰਡ ਮੁੰਡ ਹੋਏ ਧੜਾਂ ਨੂੰ ਰਣਖੇਤਰ ਵਿਚ ਖਿਲਾਰ ਦੇਵਾਂਗਾ। ਧਰਤੀ ਤੇ ਲਹੂ ਦਾ ਗਾਰਾ ਬਣਾ ਦੇਵਾਂਗਾ" ॥੯॥

ਇੱਤਜਾਦਿਕ ਗੁਰ ਨਿਕਟ ਬ੍ਰਿਤੰਤਾ। ਤਜਾਰ ਸੁਭਟ ਕੀਨੇ ਭਗਵੰਤਾ।
ਸਨੱਧ ਬੱਧ ਪੰਚ ਸੈ ਗਾਢੇ। ਕੋਸ ਅਗਾਰੀ ਕੀਨਸਿ ਠਾਂਢੇ॥ ੧੦॥

ਇਸ ਪ੍ਰਕਾਰ ਗੁਰੂ ਜੀ ਦੇ ਪਾਸ ਬ੍ਰਿਤਾਂਤ ਹੋਇਆ ਤੇ ਗੁਰੂ ਭਗਵੰਤ ਜੀ ਨੇ ਸੂਰਮਿਆਂ ਨੂੰ ਤਿਆਰ ਕੀਤਾ। ਪੰਜ ਸੌ ਸੂਰਬੀਰ ਸ਼ਸਤਰਧਾਰੀ ਕਰਕੇ, ਇਕ ਕੋਹ ਅੱਗੇ ਖੜੇ ਕਰ ਦਿੱਤੇ॥੧੦॥

'ਜਬਿ ਅਵਨੀਪ ਸਮੀਪ ਬਿਲੋਕਹੁ। ਛੋਰਿ ਸ਼ਲਖ ਤਬਿ ਤਿਸ ਥਲ ਰੋਕਹੁ।
ਮਚੈ ਜੰਗ ਸਭਿ ਦਲ ਚਢਿ ਆਵਹਿ। ਹਤਹਿਂ ਸ਼ੱਤ੍ਰ ਗਨ ਆਯੁਧ ਪਾਵਹਿਂ ॥੧੧॥

"ਜਦ ਰਾਜੇ ਨੂੰ ਆਪਣੇ ਨੇੜੇ ਵੇਖੋ ਤਾਂ ਗੋਲੀਆਂ ਛੱਡ ਕੇ ਉਸ ਨੂੰ ਉਸ ਸਥਾਨ ਤੇ ਹੀ ਰੋਕ ਲਵੋ। ਫਿਰ ਜਦ ਜੰਗ ਮਚ ਜਾਵੇਗਾ ਤਾਂ ਸਾਰੀ ਸੈਨਾ ਚੜ੍ਹ ਕੇ ਆ ਜਾਵੇਗੀ। ਵੈਰੀ ਨੂੰ ਮਾਰ ਕੇ ਬਹੁਤ ਹਥਿਆਰ ਪਾਵਾਂਗੇ" ॥੧੧॥

ਇਤਨੇ ਮਹਿਂ ਵਜ਼ੀਰ ਚਲਿ ਆਯੋ। ਸੁਭਟ ਸਨੱਧਨਿ ਕੌ ਦਰਸਾਯੋ।
ਭਯਜੁਤਿ ਹੋਇ ਬੰਦਨਾ ਠਾਨਾ। 'ਕਰਨਿ ਸਾਮ ਹਿਤ ਚਲਨਿ' ਬਖਾਨਾ ॥੧੨॥

ਏਨੇ ਵਿਚ ਵਜ਼ੀਰ ਚਲ ਕੇ ਆ ਗਿਆ, ਹਥਿਆਰ ਬੱਧ ਸੂਰਬੀਰਾਂ ਨੂੰ ਉਸ ਵੇਖਿਆ। ਭੈਅ ਸਹਿਤ ਹੋਏ ਉਸ ਬੰਦਨਾ ਕੀਤੀ ਤੇ ਕਿਹਾ, "ਸੁਲ੍ਹਾ ਵਾਸਤੇ ਮੈਂ ਸ੍ਰੀ ਗੁਰੂ ਜੀ ਪਾਸ ਜਾਣਾ ਹੈ" ॥੧੨॥

'ਸ੍ਰੀ ਸਤਿਗੁਰ ਕੇ ਢਿਗ ਮੈਂ ਜਾਨਾ। ਪਠਯੋ ਗਿਰਿੰਦ੍ਰਨਿ ਨੰਮ੍ਰ ਨਿਧਾਨਾ'।
ਇਮ ਕਹਿ ਉਲੰਘਯੋ ਸੁਭਟਨਿ ਠਟ ਕੋ। ਗਿਨੈ ਗਟੀ ਨਹਿਂ ਪੁਜਹਿ ਕਪਟ ਕੋ॥੧੩॥

"ਨਿੰਮ੍ਰਤਾ ਦੇ ਨਿਧੀ ਭਾਵ ਅਤਿ ਨਿੰਮ੍ਰਤਾ ਵਾਲਿਆਂ ਰਾਜਿਆਂ ਨੇ ਸ੍ਰੀ ਸਤਿਗੁਰੂ ਜੀ ਪਾਸ ਮੈਨੂੰ ਭੇਜਿਆ ਹੈ।" ਇਸ ਤਰ੍ਹਾਂ ਕਹਿ ਕੇ ਸੂਰਬੀਰਾਂ ਦੇ ਠਾਠ ਨੂੰ ਲੰਘ ਗਿਆ, ਸਲਾਹਾਂ ਕਰਦੇ ਹਨ, ਪਰ ਕਪਟ ਨਹੀਂ ਪੁੱਜਣਾ॥੧੩॥

ਸਿੰਘ ਪੌਰ ਬੀਰਨ ਜੁਤਿ ਜੋਵਾ। ਉਤਰਿ ਤੁਰੰਗ ਕਰਿ ਨਮੋ ਖਰੋਵਾ।
ਦ੍ਵਾਰਪਾਲ ਸੰਗ ਸਕਲ ਸੁਨਾਵਾ। 'ਬ੍ਰਿੰਦ ਗਿਰਿੰਦ੍ਰਨਿ ਮੋਹਿ ਪਠਾਵਾ॥ ੧੪॥

ਮੁਖ ਦੁਆਰ ਨੂੰ ਵੀ ਸੂਰਬੀਰਾਂ ਸਹਿਤ ਵੇਖਿਆ, ਘੋੜੇ ਤੋਂ ਉੱਤਰ ਕੇ, ਨਮਸਕਾਰ ਕਰਕੇ ਖੜ੍ਹਾ ਹੋ ਗਿਆ। ਦਵਾਰਪਾਲ ਨੂੰ ਸਾਰੀ ਗੱਲ ਸੁਣਾਈ, "ਬਹੁਤ ਪਹਾੜੀ ਰਾਜਿਆਂ ਨੇ ਮੈਨੂੰ ਭੇਜਿਆ ਹੈ॥੧੪॥

ਮਹਾਰਾਜ ਸਤਿਗੁਰ ਕੇ ਸਾਥ। ਕਹੁ ਸੁਧ ਜਾਇ ਸਕਲ ਇਹ ਗਾਥ।
ਬਹੁ ਗਿਰਧਾਰ ਬਰਾਤ ਬਟੋਰੀ। ਡੇਰਾ ਪਰਜੋ ਨਿਕਟ ਇਤ ਓਰੀ'॥ ੧੫॥

ਇਸ ਬਾਰੇ ਸਾਰੀ ਖ਼ਬਰ ਸਤਿਗੁਰੂ ਮਹਾਰਾਜ ਪਾਸ ਜਾ ਕੇ ਕਹੋ ਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੋ। ਪਹਾੜੀ ਰਾਜਿਆਂ ਨੇ ਬਹੁਤ ਬਰਾਤ ਇਕੱਠੀ ਕੀਤੀ ਹੈ, ਇਸ ਪਾਸੇ ਨੇੜੇ ਹੀ ਡੇਰਾ ਲਾਇਆ ਹੈ"॥੧੫॥

ਸੁਨਿ ਇਮ ਅੰਤਰ ਤੂਰਨ ਗਯੋ। 'ਦ੍ਵੈ ਕਰ ਜੋਰਿ ਸੁਨਾਵਤਿ ਭਯੋ।
ਭੀਮਚੰਦ ਤੇ ਆਦਿ ਗਿਰੇਸ਼। ਨਿਕਟ ਸਿਵਰ ਕੌ ਘਾਲਿ ਅਸ਼ੇਸ਼॥ ੧੬॥

ਦਵਾਰਪਾਲ ਇਸ ਤਰ੍ਹਾਂ ਸੁਣ ਕੇ ਤੁਰਤ ਅੰਦਰ ਗਿਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਭੀਮ ਚੰਦ ਆਦਿ ਸਾਰੇ ਪਹਾੜੀ ਰਾਜਿਆਂ ਸਾਥੋਂ ਨੇੜੇ ਹੀ ਡੇਰਾ ਕੀਤਾ ਹੈ॥੧੬॥

ਪਠਜੋ ਵਜ਼ੀਰ ਪੌਰ ਪਰ ਖਰਜੋ। ਦਰਸ਼ਨ ਕੀ ਲਾਲਸ ਉਰ ਧਰਜੋ'।
ਸ੍ਰੀ ਪ੍ਰਭੁ ਤਬਹਿ ਹਕਾਰਨਿ ਕੀਨੋ। 'ਆਨਹੁਂ ਸਭਾ ਤਿਸਹਿ' ਕਹਿ ਦੀਨੋ॥੧੭॥

ਉਨ੍ਹਾਂ ਨੇ ਹੁਣ ਇਕ ਵਜ਼ੀਰ ਭੇਜਿਆ ਹੈ, ਜਿਹੜਾ ਦਰਵਾਜ਼ੇ 'ਤੇ ਖੜ੍ਹਾ ਹੈ, ਉਸ ਨੇ ਆਪ ਦੇ ਦਰਸ਼ਨਾਂ ਦੀ ਲਾਲਸਾ ਚਿੱਤ ਵਿਚ ਧਾਰਨ ਕੀਤੀ ਹੈ।" ਗੁਰੂ ਜੀ ਤਦ ਵਜ਼ੀਰ ਨੂੰ ਬੁਲਾ ਲਿਆ ਤੇ ਕਿਹਾ, "ਉਸ ਨੂੰ ਸਭਾ ਵਿਚ ਲਿਆਵੋ"॥੧੭॥

ਤਤਛਿਨ ਦ੍ਵਾਰਪਾਲ ਨਿਜ ਸਾਥ। ਲੇ ਕਰਿ ਗਮਨਜੋਂ ਨਿਕਟ ਸੁ ਸਾਥ।
ਸੁਰ ਸਮਾਨ ਸਭਿ ਸਭਾ ਪ੍ਰਕਾਸ਼ਨਿ। ਬੀਚ ਬਿਰਾਜਹਿ ਰੁਚਿਰ ਸਿੰਘਾਸਨ॥੧੮॥

ਤੁਰਤ ਦਵਾਰਪਲ ਵਜ਼ੀਰ ਨੂੰ ਨਾਲ ਲੈ ਕੇ ਗੁਰੂ ਜੀ ਦੇ ਪਾਸ ਚਲੇ ਗਿਆ। ਦੇਵਤਿਆਂ ਵਾਂਗ ਸਭਾ ਪ੍ਰਕਾਸ਼ ਰਹੀ ਸੀ ਤੇ ਵਿਚ ਗੁਰੂ ਜੀ ਆਪਣੇ ਸਿੰਘਾਸਣ 'ਤੇ ਬਿਰਾਜਮਾਨ ਸਨ॥੧੮॥

ਤਿਸ ਪਰ ਇੰਦ੍ਰ ਮਨਿੰਦ ਸੁਹਾਏ। ਕਲਗ਼ੀ ਤੁੰਗ ਸ਼ੋਭ ਅਧਿਕਾਏ।
ਖਰ ਖਪਰਾ ਇਕ ਕਰ ਮਹਿਂ ਧਾਰੈਂ। ਬਾਰਹਿ ਬਾਰ ਭ੍ਰਮਾਇ ਨਿਹਾਰੈਂ॥ ੧੯॥

ਸਿੰਘਾਸਣ ਉੱਤੇ ਬੈਠੇ ਹੋਏ ਗੁਰੂ ਜੀ ਇੰਦਰ ਵਾਂਗ ਸ਼ੋਭ ਰਹੇ ਸਨ। ਉੱਚੀ ਕਲਗ਼ੀ ਬਹੁਤ ਸ਼ੋਭ ਰਹੀ ਸੀ। ਇਕ ਤਿੱਖਾ ਬਾਣ ਹੱਥ ਵਿਚ ਫੜਿਆ ਹੋਇਆ ਸੀ, ਬਾਰ-ਬਾਰ ਉਸ ਨੂੰ ਭੁਆਂ ਕੇ ਵੇਖਦੇ ਸਨ॥੧੯॥

ਧਨੁਖ ਕਠੋਰ ਅਗਾਰੀ ਧਰਜੋ। ਆਵਤਿ ਨ੍ਰਿਪਤ ਵਕੀਲ ਨਿਹਰਜੋ।
ਨੰਮ੍ਰੀ ਬਨਤਿ ਹਾਥ ਜੁਗ ਜੋਰੇ। ਪਹੁੰਚਜੋ ਜਬਿ ਹੀ ਜਾਇ ਨਿਹੋਰੇ॥ ੨੦॥

ਸਖ਼ਤ ਧਨੁੱਖ ਅੱਗੇ ਧਰਿਆ ਹੋਇਆ ਸੀ, ਗੁਰੂ ਜੀ ਨੇ ਰਾਜੇ ਦੇ ਦੂਤ ਨੂੰ ਆਉਂਦੇ ਨੂੰ ਵੇਖਿਆ। ਵਜ਼ੀਰ ਨੇ ਬਹੁਤ ਸਨਿੰਮਰ ਹੋ ਕੇ ਦੋਵੇਂ ਹੱਥ ਜੋੜੇ, ਅੰਦਰ ਪਹੁੰਚ ਕੇ ਜਦ ਹੀ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੦॥

ਸ੍ਰੀ ਗੁਰ ਮੰਦ ਮੰਦ ਮੁਸਕਾਨੇ। ਕ੍ਰਿਪਾ ਧਾਰਿ ਗੁਰਦੇਵ ਬਖਾਨੇ।
'ਆਵਹੁ ਰਾਜੇ ਦਿਯਾ ਵਜ਼ੀਰਾ ! ਚਿਰੰਕਾਲ ਮਹਿਂ ਪਹੁਂਚਿਆ ਤੀਰਾ ?' ॥੨੧॥

ਸ੍ਰੀ ਗੁਰੂ ਜੀ ਥੋੜ੍ਹੇ-ਥੋੜ੍ਹੇ ਮੁਸਕਰਾਏ ਤੇ ਕਿਰਪਾ ਧਾਰ ਕੇ ਗੁਰੂ ਜੀ ਨੇ ਕਿਹਾ, "ਹੇ ਰਾਜੇ ਦੇ ਵਜ਼ੀਰ ! ਆਵੋ, ਬਹੁਤ ਦੇਰ ਬਾਅਦ ਪਾਸ ਆਏ ਹੋ ?" ॥੨੧॥

ਸੁਨਤਿ ਸੀਸ ਤੇ ਬੰਦਨ ਠਾਨੀ। ਆਇਸੁ ਪਾਇ ਬੈਠਿ ਅਗਵਾਨੀ।
'ਕਹੁ ਨਿਜ ਰਾਜੇ ਕੇਰ ਬ੍ਰਿਤੰਤ। ਕਿਮ ਤੋ ਕਹੁ ਕਹਿ ਪਠਜੋ ਮਤੰਤ ?' ॥੨੨॥

ਇਹ ਸੁਣ ਕੇ ਵਜ਼ੀਰ ਨੇ ਸਿਰ ਨਿਵਾ ਕੇ ਬੰਦਨਾ ਕੀਤੀ ਤੇ ਆਗਿਆ ਪਾ ਕੇ ਸਾਹਮਣੇ ਬੈਠ ਗਿਆ, 'ਆਪ ਰਾਜੇ ਬਾਰੇ ਬ੍ਰਿਤਾਂਤ ਸੁਣਾਓ, ਉਸ ਨੇ ਕਿਹੜੀ ਸਲਾਹ ਕਰਕੇ ਭੇਜਿਆ ਹੈ, ਇਹ ਦੱਸੋ' ॥੨੨॥

ਸੁਨਿ ਵਜ਼ੀਰ ਕਰ ਜੋਰਤਿ ਬੋਲਾ। 'ਜਾਨ ਆਪ ਕੋ ਅਪਨੋ ਓਲਾ।
ਨਮੋ ਠਾਨਿ ਬਹੁ ਕਰੀ ਪ੍ਰਸੰਸਾ। ਸਤਿਗੁਰ ਸੋਢੀ ਕੁਲ ਅਵਿਤੰਸ਼ਾ ॥੨੩॥

ਇਹ ਸੁਣ ਕੇ ਵਜ਼ੀਰ ਹੱਥ ਜੋੜ ਕੇ ਬੋਲਿਆ, "ਆਪ ਜੀ ਨੂੰ ਆਪਣਾ ਆਸਰਾ ਜਾਣ ਕੇ ਬੰਦਨਾ ਕਰਕੇ ਬਹੁਤ ਪ੍ਰਸੰਸਾ ਕੀਤੀ ਹੈ। ਸਤਿਗੁਰੂ ਜੀ ਸੋਢੀ ਕੁਲ ਦੇ ਸ਼ਿਰੋਮਣੀ ਹਨ ॥੨੩॥

ਜਬਿ ਕੇ ਤੁਮ ਇਤ ਕੌ ਚਲਿ ਆਏ। ਕਈ ਬਾਰ ਸਿਮਰਤ ਪਛੁਤਾਏ।
ਅਬਿ ਨਰਿੰਦਰ ਹਿਤ ਨੰਦਨ ਬਜਾਹੂ। ਬ੍ਰਿੰਦ ਗਿਰਿੰਦ੍ਰਨਿ ਮੇਲ ਉਛਾਹੂ ॥੨੪॥

ਜਦ ਦੇ ਤੁਸੀਂ ਏਧਰ ਨੂੰ ਚਲ ਕੇ ਆਏ ਹੋ, ਬਾਅਦ ਵਿਚ ਕਈ ਵਾਰ ਯਾਦ ਕੀਤਾ ਹੈ। ਹੁਣ ਰਾਜੇ ਦੇ ਪੁੱਤਰ ਦਾ ਵਿਆਹ ਹੈ, ਬਹੁਤ ਰਾਜਿਆਂ ਦਾ ਮੇਲ ਹੋਇਆ ਹੈ ॥੨੪॥

ਚਢਿ ਕਹਿਲੂਰ ਤਜਾਗ ਕਰਿ ਆਏ। ਬਡੀ ਬਰਾਤ ਬਟੋਰਨ ਲਜਾਏ"।
'ਕਹੋ ਵਜ਼ੀਰ ਗਿਰੇਸ਼ਨ ਐਸੇ। ਜੇ ਬਲ ਕੋ ਮਦ ਹੈ ਉਰ ਕੈਸੇ ॥੨੫॥

ਚੜ੍ਹਾਈ ਕਰਕੇ ਕਹਿਲੂਰ ਨੂੰ ਛੱਡ ਆਏ ਹਨ, ਬਹੁਤ ਵੱਡੀ ਬਰਾਤ ਇਕੱਠੀ ਕਰਕੇ ਲਿਆਏ ਹਨ।" ਗੁਰੂ ਜੀ ਨੇ ਫਿਰ ਕਿਹਾ, "ਹੇ ਵਜ਼ੀਰ ! ਪਹਾੜੀ ਰਾਜਿਆਂ ਨੂੰ ਇਸ ਤਰ੍ਹਾਂ ਕਹੋ, ਜੇ ਉਨ੍ਹਾਂ ਵਿਚ ਤਾਕਤ ਦਾ ਹੰਕਾਰ ਕਿਸੇ ਤਰ੍ਹਾਂ ਦਾ ਵੀ ਹੈ ॥੨੫॥

ਤੌ ਬਿਨ ਸ਼ੰਕ ਸਮੁਖ ਚਲਿ ਆਵੈ। ਹਮ ਦਿਸ਼ ਤੇ ਨਹਿਂ ਦੇਰ ਲਗਾਵੈ।
ਪਹੁਚਨਿ ਤੈਂ ਅਨੰਦਪੁਰਿ ਕਹਜੋ। ਇਸ ਬਿਧਿ ਹਮ ਨੇ ਨੀਕ ਨ ਲਹਜੋ ॥੨੬॥

ਤਾਂ ਬਿਨਾਂ ਸ਼ੰਕੇ ਦੇ ਮੇਰੇ ਸਾਹਮਣੇ ਚਲ ਕੇ ਆ ਜਾਣ, ਸਾਡੇ ਪਾਸੇ ਤੋਂ ਦੇਰ ਨਹੀਂ ਲਗੇਗੀ। ਵਜ਼ੀਰ ਨੇ ਗੁਰੂ ਜੀ ਨੂੰ ਮੁੜ ਅਨੰਦਪੁਰ ਚਲਣ ਲਈ ਕਿਹਾ। ਉਸ ਦੇ ਉੱਤਰ ਵਿਚ ਗੁਰੂ ਜੀ ਬੋਲੇ, "ਤੁਸੀਂ ਸਾਨੂੰ ਕਿਹਾ ਹੈ ਕਿ ਅਨੰਦਪੁਰ ਚਲ ਕੇ ਪਹੁੰਚੋ। ਇਸ ਤਰ੍ਹਾਂ ਜਾਣਾ ਸਾਨੂੰ ਚੰਗਾ ਨਹੀਂ ਲੱਗਦਾ ਹੈ ॥੨੬॥

ਬਿਜੈ ਕਰੈਂਗੇ ਪੂਰਬ ਅਰਿ ਕੌ। ਪੁਨ ਗਮਨਹਿਂਗੇ ਆਪਨ ਪੁਰਿ ਕੌ।
ਦਗੇ ਬਾਜ਼ ਕੀ ਗੈਲ ਨ ਜਾਵੈਂ। ਕਹੈਂ ਅਪਰ ਮੁਖ, ਅਪਰ ਕਮਾਵੈਂ ॥੨੭॥

ਪਹਿਲਾਂ ਵੈਰੀ ਨੂੰ ਜਿਤਾਂਗੇ ਫਿਰ ਆਪਣੇ ਸ਼ਹਿਰ ਨੂੰ ਚਲਾਂਗੇ। ਧੋਖੇਬਾਜ਼ ਦੇ ਪਾਸ ਨਹੀਂ ਜਾਵਾਂਗੇ। ਮੁਖ ਤੋਂ ਹੋਰ ਕਹਿੰਦੇ ਹਨ ਤੇ ਕਮਾਉਂਦੇ ਕੁਝ ਹੋਰ ਹਨ ॥੨੭॥

ਅਪਨੇ ਬਲ ਆਸ਼੍ਰਯ ਹਮ ਰਹੈਂ। ਜੇ ਨਿਰਬਲ ਤੇ ਪਰ ਕੋ ਲਹੈਂ।
ਉਛਲਤਿ ਮਮ ਤਰਕਸ਼ ਕੇ ਤੀਰ। ਪ੍ਰਵਿਸ਼ਹਿਂ ਤੂਰਨ ਰਿਪੁਨਿ ਸਰੀਰ ॥੨੮॥

ਆਪਣੇ ਬਲ ਦੇ ਆਸਰੇ ਅਸੀਂ ਰਹਿੰਦੇ ਹਾਂ, ਨਿਰਬਲ ਉਹ ਹਨ ਜੋ ਦੂਸਰੇ ਦਾ ਆਸਰਾ ਤੱਕਦੇ ਹਨ। ਮੇਰੀ ਧਨੁੱਖ ਦੇ ਤੀਰ ਉਛਾਲੇ ਮਾਰਦੇ ਹਨ, ਉਹ ਤੁਰਤ ਹੀ ਵੈਰੀਆਂ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਣਗੇ॥੨੮॥

**ਜਯੋਂ ਬਲਮੀਕ ਬਿਖੈ ਅਹਿ ਬਰੈਂ। ਡਸੈਂ ਸ਼ੱਤ੍ਰ ਕੌ ਤਤਛਿਨ ਮਰੈਂ।**
**ਗਿਰਪਤਿ ਹਿਤ ਬਰਾਤ ਪਹੁਨਾਈ। ਲਖਿ ਆਗਮਨ ਸੁਧਾਰਿ ਬਨਾਈ॥ ੨੯॥**

ਜਿਵੇਂ ਵਰਮੀ ਵਿਚ ਸੱਪ ਵੜ ਜਾਂਦੇ ਹਨ, ਵੈਰੀ ਨੂੰ ਡੱਸ ਕੇ ਤੁਰਤ ਮਾਰ ਦੇਣਗੇ। ਪਹਾੜੀ ਰਾਜਿਆਂ ਦੀ ਪ੍ਰਾਹੁਣਾਚਾਰੀ ਵਾਸਤੇ ਇਹ ਮਿਠਾਈ ਬਣਾਈ ਹੈ, ਉਨ੍ਹਾਂ ਦਾ ਆਉਣਾ ਜਾਣ ਕੇ ਬੜੀ ਸੁਧਾਰ ਕੇ ਬਣਾਈ ਹੈ॥੨੯॥

**ਢਾਲ ਬਿਸਾਲ ਥਾਲ ਕਰਿ ਆਗੇ। ਘੇਵਰ ਖੜਗ ਦੇਉਂ ਤਨ ਖਾਂਗੇ।**
**ਗਨ ਗੁਲਕਾ ਬਹੁ ਸ਼ੱਕਰਪਾਰੇ। ਖਪਰੇ ਬ੍ਰਿੰਦ ਜਲੇਬ ਉਤਾਰੇ॥ ੩੦॥**

ਢਾਲ ਰੂਪੀ ਵੱਡਾ ਥਾਲ ਅੱਗੇ ਰੱਖਾਂਗੇ, ਖਾਣ ਲਈ ਤਨ ਨੂੰ ਚੀਰਨ ਵਾਲੀ ਤਲਵਾਰ ਰੂਪ ਘੇਵਰ ਦਿਆਂਗੇ। ਸਾਰੀਆਂ ਗੋਲੀਆਂ ਸ਼ਕਰਪਾਰੇ ਹੋਣਗੇ ਅਤੇ ਸਮੂਹ ਤੀਰ ਜਲੇਬ ਰੂਪੀ ਮਿਠਾਈ ਹੋਣਗੇ॥੩੦॥

**ਸੂਰ ਸਮੂਹ ਪਰੋਸਨਹਾਰੇ। ਤ੍ਰਿਪਤਾਵਹਿਂ ਬਹੁ ਭਾਂਤਿ ਕਰਾਰੇ।**
**ਰਖਹੁ ਬੀਰਤਾ ਛੁਧਾ ਜਿ ਮਨ ਮੈਂ। ਬਿਨਾ ਬਿਲਮ ਪਹੁੰਚਹੁ ਅਬ ਰਨ ਮੈਂ॥੩੧॥**

ਮੇਰੇ ਸਾਰੇ ਸੂਰਬੀਰ ਪਰੋਸਣਹਾਰੇ ਹੋਣਗੇ, ਬਹੁਤ ਭਾਂਤ ਕਰਾਰੇ ਪਦਾਰਥ ਖਵਾ ਕੇ ਤ੍ਰਿਪਤ ਕਰਨਗੇ। ਜੇ ਮਨ ਵਿਚ ਬੀਰਤਾ ਦੀ ਭੁੱਖ ਰੱਖਦੇ ਹੋ ਤਾਂ ਕਿਸੇ ਦੇਰੀ ਤੋਂ ਬਗੈਰ ਹੁਣ ਰਣਖੇਤਰ ਵਿਚ ਪਹੁੰਚ ਜਾਵੋ॥੩੧॥

**ਨਾਤੁਰ ਗੀਦੀ ਮੂਢ ਗਵਾਰੋ। ਅਪਰ ਪੰਥ ਕੌ ਦੇਖਿ ਸਿਧਾਰੋ।**
**ਸੁਨਹੁ ਵਜ਼ੀਰ ! ਜਥਾ ਹਮ ਕਰਨੀ। ਸਭਿ ਨਿਸ਼ਕਪਟ ਤੋਹਿ ਢਿਗ ਬਰਨੀ॥੩੨॥**

ਨਹੀਂ ਤਾਂ ਕਾਇਰੋ, ਮੂਰਖ ਗਵਾਰੋ, ਕੋਈ ਹੋਰ ਰਸਤਾ ਵੇਖ ਕੇ ਚਲੇ ਜਾਵੋ। ਹੇ ਵਜ਼ੀਰ ! ਸੁਣੋ, ਜਿਵੇਂ ਅਸੀਂ ਕਰਨਾ ਹੈ, ਸਭ ਨਿਸ਼ਕਪਟ ਹੋ ਕੇ ਤੁਹਾਡੇ ਪਾਸ ਵਰਣਨ ਕਰ ਦਿੱਤਾ ਹੈ॥੩੨॥

**ਚਹੋ ਜੰਗ ਤੌ ਇਤ ਚਲਿ ਆਵੋ। ਬਹੁ ਦਿਵਸਨਿ ਕੋ ਛੋਭ ਮਿਟਾਵੋ।**
**ਇਮ ਸਤਿਗੁਰ ਜਬਿ ਸਾਫ ਬਖਾਨੀ। ਨਹਿਂ ਕਹਿ ਸਕਯੋ ਦੂਤ ਕਛੁ ਬਾਨੀ॥੩੩॥**

ਜੇ ਜੰਗ ਚਾਹੁੰਦੇ ਹੋ ਤਾਂ ਉਸ ਵਾਸਤੇ ਅੱਗੇ ਚਲ ਕੇ ਆ ਜਾਵੋ ਬਹੁਤ ਦਿਨਾਂ ਦੀ ਭੁੱਖ ਨੂੰ ਮਿਟਾ ਲਵੋ।" ਇਸ ਤਰ੍ਹਾਂ ਸਤਿਗੁਰੂ ਨੇ ਜਦ ਸਪੱਸ਼ਟ ਗੱਲ ਕੀਤੀ ਤਾਂ ਰਾਜੇ ਦਾ ਦੂਤ ਕੁਝ ਵੀ ਨਾ ਬੋਲ ਸਕਿਆ॥੩੩॥

**ਤਰੇ ਦ੍ਰਿਸ਼ਟਿ ਕਰਿ ਬੈਠਯੋ ਰਹਯੋ। ਘਟ ਘਟ ਕੇ ਗਜਾਤਾ ਪ੍ਰਭੁ ਲਹਯੋ।**
**ਕਪਟ ਗਿਰਿੰਦ੍ਰਨਿ ਕੋ ਮਨ ਜਾਨਾਂ। ਕਿਮ ਸਹਿ ਸਕਹਿਂ ਆਪਨੀ ਹਾਨਾ॥੩੪॥**

ਹੇਠਾਂ ਦ੍ਰਿਸ਼ਟੀ ਕਰਕੇ ਬੈਠਿਆ ਰਿਹਾ। ਘਟ-ਘਟ ਦੇ ਗਿਆਤਾ ਗੁਰੂ ਜੀ ਨੂੰ ਸਮਝਿਆ। ਇਨ੍ਹਾਂ ਪਹਾੜੀ ਰਾਜਿਆਂ ਦੇ ਕਪਟ ਨੂੰ ਜਾਣ ਲਿਆ ਹੈ ਤੇ ਹੁਣ ਆਪਣੀ ਹਾਨੀ ਕਿਵੇਂ ਜਰ ਸਕਦੇ ਹਨ॥੩੪॥

**ਇੱਤਯਾਦਿਕ ਬਿਚਾਰਿ ਮਨ ਮਾਂਹੀ। ਨਿਸ਼ਚੈ ਲਖੀ ਪੰਥ ਦੈ ਨਾਂਹੀ।**
**ਜੁਗ ਕਰ ਜੋਰਿ ਬੰਦਨਾ ਠਾਨੀ। ਉਠਿ ਚਹਿ ਗਮਨਯੋਂ ਚਿੰਤ ਮਹਾਨੀ॥ ੩੫॥**

ਇਸ ਤਰ੍ਹਾਂ ਦੀਆਂ ਗੱਲਾਂ ਮਨ ਵਿਚ ਵਿਚਾਰ ਕੇ, ਇਹ ਗੱਲ ਪੱਕੀ ਸਮਝ ਲਈ ਕਿ ਇਹ ਰਾਹ ਨਹੀਂ ਦੇਣਗੇ। ਫਿਰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਵੱਡੀ ਚਿੰਤਾ ਵਿਚ ਡੁੱਬਿਆ ਉੱਠ ਕੇ ਜਾਣਾ ਚਾਹੁੰਦਾ ਸੀ॥੩੫॥

ਸਰਬ ਸਭਾ ਕੌ ਕਰਿ ਕਰਿ ਨਮੋਂ। ਨਿਕਸਿ ਦ੍ਵਾਰ ਹਯ ਚਢਿ ਤਿਹ ਸਮੋਂ।
ਜਹਿਂ ਕਹਿਂ ਬੀਰ ਬ੍ਰਿੰਦ ਬਰ ਹੇਰੇ। ਪਿਖੇ ਪਠਾਨਨਿ ਕੇ ਬਹੁ ਡੇਰੇ॥ ੩੬॥

ਸਾਰੀ ਸਭਾ ਨੂੰ ਨਮਸਕਾਰਾਂ ਕਰਕੇ, ਦਰਵਾਜ਼ੇ ਵਿਚੋਂ ਨਿਕਲ ਕੇ ਉਸ ਸਮੇਂ ਘੋੜੇ 'ਤੇ ਚੜ੍ਹ ਗਿਆ। ਜਿੱਥੇ ਕਿੱਥੇ ਸ੍ਰੇਸ਼ਟ ਸੂਰਬੀਰ ਬਹੁਤ ਵੇਖੇ ਤੇ ਪਠਾਣਾਂ ਦੇ ਵੀ ਬਹੁਤ ਡੇਰੇ ਵੇਖੇ॥੩੬॥

ਆਯੁਧ ਅਧਿਕ ਮੋਲ ਕੇ ਧਰੈਂ। ਚਪਲ ਬਲੀ ਹਯ ਊਪਰ ਚਰੈਂ।
ਸਿੱਖ ਸੁਭਟ ਸਮੁਦਾਇ ਸਿਵਰ ਮੈਂ। ਜਥਾ ਸ਼ੇਰ ਕਾਨਨ ਗਿਰਵਰ ਮੈਂ॥ ੩੭॥

ਬਹੁਤ ਕੀਮਤੀ ਹਥਿਆਰ ਧਾਰਨ ਕੀਤੇ ਹੋਏ ਸਨ ਤੇ ਬਹੁਤ ਚੰਚਲ ਘੋੜਿਆਂ 'ਤੇ ਸਵਾਰੀ ਕਰਦੇ ਸਨ। ਸਿੱਖ ਸੂਰਬੀਰਾਂ ਦੇ ਸਮੂਹ ਤੰਬੂਆਂ ਵਿਚ ਇੰਝ ਬੈਠੇ ਸਨ, ਮਾਨੋ ਪਹਾੜੀ ਜੰਗਲ ਵਿਚ ਸ਼ੇਰ ਬੈਠੇ ਸਨ॥੩੭॥

ਤੁਰੰਗ ਤਬੇਲੇ ਥਿਤ ਗਨ ਲੈਨ। ਅਨਿਕ ਦੇਸ਼ ਕੇ ਭਟ ਥਿਨ ਚੈਨ।
ਨਾਨਾ ਰੀਤਿ ਦਿਪਤ ਹੱਥਜਾਰੈਂ। ਹੇਰਤਿ ਹਹਿਰ ਹਿਰਾਨ ਬਿਚਾਰੈਂ॥ ੩੮॥

ਤਬੇਲੇ ਵਿਚ ਬਹੁਤ ਘੋੜੇ ਇਕ ਕਤਾਰ ਵਿਚ ਖੜੇ ਸਨ। ਅਨੇਕਾਂ ਦੇਸ਼ਾਂ ਦੇ ਸੂਰਬੀਰ ਬੈਠੇ ਸਨ। ਕਈ ਪ੍ਰਕਾਰ ਦੇ ਹਥਿਆਰ ਚਮਕ ਰਹੇ ਸਨ। ਵੇਖ-ਵੇਖ ਕੇ ਹੈਰਾਨ ਹੋ ਕੇ ਵਿਚਾਰਦਾ ਹੈ॥੩੮॥

ਦੁਰਗ ਮਹਾਂ ਦ੍ਰਿਢ ਦੀਰਘ ਦਿਪੈ। ਥਲਥਲ ਥਿਰੇ ਸੁਚੇਤੀ ਥਪੈਂ।
ਬਸਜੋ ਨਗਰ ਬਹੁ ਬਿਚਰਤਿ ਮਾਨਵ। ਨਿਜ ਬਿਵਹਾਰ ਕਰਤਿ ਹਿਤ ਠਾਨਵ॥੩੯॥

ਮਹਾਨ ਪੱਕਾ ਕਿਲ੍ਹਾ ਵੱਡੀ ਸ਼ੋਭਾ ਪਾ ਰਿਹਾ ਸੀ, ਥਾਂ-ਥਾਂ ਖਲੋ ਕੇ ਪਹਿਰੇਦਾਰ ਸੁਚੇਤਤਾ ਵਰਤ ਰਹੇ ਸਨ। ਨਗਰ ਵੱਸਿਆ ਹੈ ਤੇ ਬਹੁਤ ਮਨੁੱਖ ਫਿਰਦੇ ਹਨ, ਸਾਰੇ ਆਪਣੇ ਕਾਰ ਵਿਹਾਰ ਕਰਦੇ ਹਨ॥੩੯॥

ਨਿਕਸਿ ਵਹਿਰ ਗਮਨਜੋਂ ਲਘੁ ਦੂਰੀ। ਉਪਬਨ ਪਿਖਜੋ ਰਚਨ ਜਿਸ ਰੂਰੀ।
ਨਾਨਾ ਜਾਤਿ ਤਰੋਵਰੁ ਖਰੇ। ਸੁਮਨਸ ਖਰੇ ਸ਼ੁਭਨ ਖਗ ਰਰੇ॥ ੪੦॥

ਬਾਹਰ ਨਿਕਲ ਕੇ ਕੁਝ ਦੂਰ ਗਿਆ, ਬਾਗ ਵੇਖਿਆ ਜਿਸ ਦੀ ਬਹੁਤ ਸੁੰਦਰ ਰਚਨਾ ਹੋਈ ਸੀ। ਕਈ ਜਾਤੀਆਂ ਦੇ ਬ੍ਰਿਛ ਖੜੇ ਸਨ। ਫੁੱਲਾਂ ਦੇ ਬੂਟੇ ਖੜੇ ਸ਼ੋਭਦੇ ਹਨ ਤੇ ਪੰਛੀ ਚਹਿਕਦੇ ਹਨ॥੪੦॥

ਸੰਗੀ ਮਨੁਖਨਿ ਸੰਗ ਬਖਾਨਾ। 'ਗੁਰ ਪ੍ਰਤਾਪ ਤੁਮ ਪਿਖਹੁ ਮਹਾਨਾ।
ਚਢਿ ਅਨੰਦਪੁਰ ਤੇ ਇਤ ਆਏ। ਗਿਰ ਕਾਨਨ ਮਹਿਂ ਨਗਰ ਬਸਾਏ॥ ੪੧॥

ਵਜ਼ੀਰ ਆਪਣੇ ਸਾਥੀ ਮਨੁੱਖਾਂ ਨੂੰ ਕਹਿਣ ਲੱਗਾ, "ਤੁਸੀਂ ਗੁਰੂ ਜੀ ਦਾ ਮਹਾਨ ਪ੍ਰਤਾਪ ਵੇਖਿਆ ਹੈ। ਅਨੰਦਪੁਰ ਤੋਂ ਚੜ੍ਹ ਕੇ ਏਧਰ ਆਏ ਹਨ ਤੇ ਪਹਾੜੀ ਜੰਗਲ ਵਿਚ ਨਗਰ ਵਸਾਇਆ ਹੈ॥੪੧॥

ਥੋਰੇ ਦਿਵਸਨ ਮਹਿਂ ਅਸ ਰਚਨਾ। ਨਰਨਿ ਸਮਾਜ ਭਯੋ ਬਡ ਸਚਨਾ।
ਬ੍ਰਿੰਦ ਬਾਹਿਨੀ ਜਹਿਂ ਕਹਿਂ ਛਾਈ। ਸ੍ਰੀ ਜਮਨਾ ਤਟ ਸੁੰਦਰ ਥਾਈਂ'॥ ੪੨॥

ਥੋੜੇ ਦਿਨਾਂ ਵਿਚ ਐਸੀ ਸੁੰਦਰ ਰਚਨਾ ਕੀਤੀ ਹੈ। ਮਨੁੱਖਾਂ ਦਾ ਵੱਡਾ ਸਮਾਜ ਇਕੱਠਾ ਹੋਇਆ ਹੈ। ਬਹੁਤ ਵਾਹਣਾਂ ਜਿੱਥੇ ਕਿੱਥੇ ਛਾਈਆਂ ਹਨ, ਜਮਨਾ ਦਾ ਕਿਨਾਰਾ ਹੈ, ਬੜਾ ਸੁੰਦਰ ਸਥਾਨ ਹੈ"॥੪੨॥

ਇੱਤਜਾਦਿਕ ਕਹਿ ਕਰਿ ਚਲਿ ਜਾਵਤਿ। ਸਤਿਗੁਰ ਕੀਰਤਿ ਸਭਿਨਿ ਸੁਨਾਵਤਿ।
ਪਹੁੰਚਜੋ ਸੈਲਪਤਿਨਿ ਜਹਿਂ ਡੇਰਾ। ਸਭਿਹਿਨਿ ਰਿਦੈ ਸੰਦੇਹ ਬਡੇਰਾ॥ ੪੩॥

ਇਸ ਤਰ੍ਹਾਂ ਕਹਿੰਦਾ ਚਲਾ ਜਾ ਰਿਹਾ ਸੀ ਤੇ ਸਤਿਗੁਰੂ ਜੀ ਦੀ ਕੀਰਤੀ ਸਭ ਨੂੰ ਸੁਣਾ ਰਿਹਾ ਸੀ। ਫਿਰ ਉਥੇ ਪਹੁੰਚ ਗਿਆ ਜਿਥੇ ਪਹਾੜੀ ਰਾਜਿਆਂ ਦਾ ਡੇਰਾ ਸੀ ਤੇ ਸਾਰਿਆਂ ਦੇ ਹਿਰਦੇ ਵਿਚ ਵੱਡਾ ਸ਼ੰਕਾ ਸੀ॥੪੩॥

ਕਲਗ਼ੀਧਰ ਮਗ ਦੇਹਿਂ ਕਿ ਨਾਂਹੀ। ਦਲ ਬਿਸਾਲ ਕੋ ਸੁਨਿ ਡਰਪਾਹੀ।
ਕੇਤਿਕ ਕਹੈਂ 'ਗੁਰੂ ਬਰ ਬੀਰ। ਕਿਮਹੁਂ ਨ ਉਲੰਘਨਿ ਦੇਹਿ ਬਹੀਰ॥ ੪੪॥

ਸ੍ਰੀ ਕਲਗ਼ੀਧਰ ਰਾਹ ਦੇਣਗੇ ਕਿ ਨਹੀਂ, ਵਿਸ਼ਾਲ ਦਲ ਨੂੰ ਸੁਣ ਕੇ ਡਰ ਮੰਨਣਗੇ ਕਿ ਨਹੀਂ। ਕਈ ਕਹਿੰਦੇ ਸਨ, "ਗੁਰੂ ਜੀ ਵੱਡੇ ਸੂਰਬੀਰ ਹਨ, ਉਹ ਵਹੀਰ ਨੂੰ ਕਿਸੇ ਤਰ੍ਹਾਂ ਵੀ ਨਹੀਂ ਲੰਘਣ ਦੇਣਗੇ॥੪੪॥

ਨ੍ਰਿਭੈ ਰਹਤਿ ਹੈਂ ਜੇ ਬਡ ਜੋਧਾ। ਗਿਨਹਿਂ ਨ ਬਹੁਤ, ਕਰਹਿਂ ਰਣ ਕ੍ਰੋਧਾ।
ਪੁਨ ਤਿਨ ਕੋ ਘਰ ਉਪਰ ਮਗ ਕੇ। ਕਹੇ ਨ੍ਰਿਪਨ ਕੇ ਤਜਿਹਿਂ ਨ ਭਗਕੇ॥੪੫॥

ਜਿਹੜੇ ਵੱਡੇ ਯੋਧੇ ਹੁੰਦੇ ਹਨ, ਉਹ ਨਿਰਭੈਅ ਰਹਿੰਦੇ ਹਨ, ਉਹ ਜਦ ਕ੍ਰੋਧ ਕਰਕੇ ਯੁੱਧ ਕਰਦੇ ਹਨ ਤੇ ਬਹੁਤਿਆਂ ਦੀ ਗਿਣਤੀ ਨਹੀਂ ਕਰਦੇ, ਭਾਵ ਪ੍ਰਵਾਹ ਨਹੀਂ ਕਰਦੇ। ਫਿਰ ਉਨ੍ਹਾਂ ਦੇ ਘਰ ਉੱਪਰ ਮਗ ਕੇ ਰਾਜਿਆਂ ਦੇ ਕਹਿਣ ਤੇ ਭੱਜ ਕੇ ਰਣਖੇਤਰ ਨੂੰ ਨਹੀਂ ਛੱਡਣਗੇ॥੪੫॥

ਸ਼ਸਤ੍ਰ ਧਾਰੀਅਨਿ ਮਹਿਂ ਅਤਿ ਸ੍ਰੇਸ਼ਟ। ਦੇਗ਼ ਤੇਗ਼ ਕੇ ਧਨੀ ਸੁ ਜੇਸ਼ਟ'।
ਇੱਤਜਾਦਿਕ ਬੋਲਤਿ ਮਿਲਿ ਕਰਿਕੈ। ਮਨੈ ਪਰਬਤੀ ਸੰਸੈ ਧਰਿਕੈ॥ ੪੬॥

ਸ਼ਸਤਰ ਧਾਰਨ ਵਿਚ ਉਹ ਅਤਿ ਸ੍ਰੇਸ਼ਟ ਹਨ, ਦੇਗ਼ ਤੇਗ਼ ਦੇ ਜੋ ਵੱਡੇ ਧਨੀ ਹਨ। ਆਪਸ ਵਿਚ ਮਿਲ ਕੇ ਇਸ ਤਰ੍ਹਾਂ ਬੋਲਦੇ ਸਨ, ਪਹਾੜੀਏ ਮਨ ਵਿਚ ਸੰਸੇ ਧਾਰ ਕੇ ਮਿਲ ਮਿਲ ਕੇ ਇਸ ਤਰ੍ਹਾਂ ਗੱਲਾਂ ਕਰਦੇ ਸਨ॥੪੬॥

ਇਤਨੇ ਮਹਿਂ ਵਜ਼ੀਰ ਚਲਿ ਆਯੋ। ਗੁਰ ਬਚ ਸੁਨਿਬੇ ਦਲ ਉਮਡਾਯੋ।
'ਦਿਯੋ ਕਿ ਨਹੀਂ ਪੰਥ ਹਿਤ ਜਾਨੈ ? ਲਰਹਿ ਕਿ ਨਹੀਂ,ਮੇਲ ਕੋ ਠਾਨੈ ?' ॥੪੭॥

ਏਨੇ ਵਿਚ ਵਜ਼ੀਰ ਚਲ ਕੇ ਆ ਗਿਆ। ਗੁਰੂ ਜੀ ਦੇ ਬਚਨ ਸੁਣਨ ਵਾਸਤੇ ਸਾਰਾ ਦਲ ਹੀ ਉਮੱਡ ਆਇਆ। "ਜਾਣ ਵਾਸਤੇ ਰਾਹ ਦਿੱਤਾ ਹੈ ਕਿ ਨਹੀਂ। ਲੜਨਗੇ ਕਿ ਨਹੀਂ, ਕਿ ਮੇਲ ਕਰਨਾ ਚਾਹੁਣਗੇ ?" ॥੪੭॥

*ਦੂਸਰੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

## ਅਧਿਆਇ ਤੇਰ੍ਹਵਾਂ

### *ਕੇਵਲ ਦੂਲਾ ਤੇ ਵਜ਼ੀਰ ਦੇ ਲੰਘਣ ਦੀ ਆਗਿਆ ਲੈਣੀ*

ਦੋਹਰਾ- ਭੀਮਚੰਦ ਸੁਧਿ ਗੁਰੂ ਕੀ ਕਰਤਿ ਪ੍ਰਤੀਖਨ ਚੀਤ।
ਗਮਨਜੋ ਸ਼ੀਘ੍ਰ ਢੁਕਾਉ ਹਿਤ ਮਿਲਹਿਂ ਅਨਿਕ ਨ੍ਰਿਪ ਮੀਤਿ॥ ੧॥

ਭੀਮ ਚੰਦ ਆਪਣੇ ਚਿੱਤ ਵਿਚ ਗੁਰੂ ਜੀ ਵਲੋਂ ਆਉਣ ਵਾਲੀ ਖ਼ਬਰ ਦੀ ਉਡੀਕ ਕਰ ਰਿਹਾ ਸੀ। ਉਹ ਢੁਕਾਉ ਵਾਸਤੇ ਅਨੇਕਾਂ ਮਿੱਤਰ ਰਾਜਿਆਂ ਨੂੰ ਨਾਲ ਮਿਲਾ ਕੇ ਜਾ ਰਿਹਾ ਸੀ॥੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਉਤਰਿ ਤੁਰੰਗ ਤਤਕਾਲ ਵਜ਼ੀਰ। ਪਹੁੰਚਯੋ ਚਲਿ ਗਿਰਪਤਿ ਕੇ ਤੀਰ।
ਮੁਸਕਾਵਤਿ ਮੁਖ ਨਿਕਟਿ ਬਿਠਾਰਾ। 'ਕਹੋ ਕਹਾਂ ਸਤਿਗੁਰੂ ਉਚਾਰਾ ?' ॥੨॥

ਵਜ਼ੀਰ ਘੋੜੇ ਤੋਂ ਤੁਰਤ ਉੱਤਰ ਗਿਆ ਤੇ ਚਲ ਕੇ ਪਹਾੜੀ ਰਾਜੇ ਦੇ ਪਾਸ ਪਹੁੰਚਿਆ। ਮੁਸਕਰਾ ਕੇ ਉਸ ਨੂੰ ਆਪਣੇ ਪਾਸ ਬਿਠਾਇਆ, "ਦੱਸੋ ਸਤਿਗੁਰੂ ਜੀ ਨੇ ਕੀ ਉਚਾਰਨ ਕੀਤਾ ਹੈ ?" ॥੨॥

ਸੁਨਿ ਮੰਤ੍ਰੀ ਕਰ ਜੋਰਿ ਬਖਾਨਾ। 'ਕਲਗ਼ੀਧਰ ਤੁਮਰੋ ਛਲ ਜਾਨਾ।
ਅਪਨੋ ਅਰਥ ਹੇਤੁ ਬਨ ਮੀਤਾ। ਪੁਨ ਤਤਛਿਨ ਹੋਵਤਿ ਬਿਪਰੀਤਾ ॥੩॥

ਇਹ ਸੁਣ ਕੇ ਮੰਤਰੀ ਨੇ ਹੱਥ ਜੋੜ ਕੇ ਕਿਹਾ, "ਕਲਗ਼ੀਧਰ ਤੁਹਾਡੇ ਛਲ ਨੂੰ ਜਾਣ ਗਏ ਹਨ। ਆਪਣੇ ਮਤਲਬ ਵਾਸਤੇ ਮਿੱਤਰ ਬਣਦੇ ਹੋ, ਫਿਰ ਤੁਰਤ ਉਲਟ ਹੋ ਜਾਂਦੇ ਹੋ॥੩॥

ਸਾਹਿਬ ਕਰਾਮਾਤ ਗੁਰੁ ਪੂਰਾ। ਕਿਮ ਪੁਜ ਸਕਹਿ ਤਿਨਹੁਂ ਢਿਗ ਕੂਰਾ।
ਕਹੀ ਜਾਇ ਕਰਿ ਅਧਿਕ ਪ੍ਰਸੰਸਾ। ਸੁਨਿ ਕਰ ਸੋਢਿ ਬੰਸ ਅਵਤੰਸ਼ਾ ॥੪॥

ਪੂਰਨ ਗੁਰੂ ਜੀ ਸਾਹਿਬੇ ਕਰਾਮਾਤ ਹਨ, ਉਨ੍ਹਾਂ ਨਾਲ ਕਿਵੇਂ ਝੂਠ ਪੁੱਗ ਸਕਦਾ। ਮੈਂ ਜਾ ਕੇ ਬਹੁਤ ਪ੍ਰਸੰਸਾ ਕੀਤੀ, ਇਹ ਸੁਣ ਕੇ ਸੋਢੀ ਕੁਲ ਦੇ ਸ਼ਿਰੋਮਣੀ॥੪॥

ਕਪਟ ਸਮੇਤ ਜਾਨਿ ਨਹਿਂ ਮਾਨੀ। ਭਰੀ ਬੀਰ ਰਸ ਗਿਰਾ ਬਖਾਨੀ।
ਇਸ ਮਗ ਮਹਿਂ ਨਹਿਂ ਉਲੰਘਨ ਦੈ ਹੌਂ। ਰੋਕਿ ਬਿਲੋਕਤਿ ਸ਼ੋਕ ਉਪੈ ਹੌਂ ॥੫॥

ਕਪਟ ਸਮੇਤ ਜਾਣ ਦੇਣਾ ਨਹੀਂ ਮੰਨੇ ਹਨ, ਬੀਰ-ਰਸ ਨਾਲ ਭਰੇ ਹੋਏ ਉਨ੍ਹਾਂ ਬਚਨ ਕੀਤੇ ਹਨ। ਇਸ ਰਾਹ ਰਾਹੀਂ ਮੈਂ ਨਹੀਂ ਲੰਘਣ ਦੇਵਾਂਗਾ। ਰੋਕਾਂਗਾ ਤੇ ਵੇਖਦਿਆਂ ਵੇਖਦਿਆਂ ਵੈਰੀ ਦਾ ਨਾਸ਼ ਕਰ ਦੇਵਾਂਗਾ॥੫॥

ਜੇ ਗਿਰ ਪਤਿਨਿ ਬਿਖੈ ਬਲ ਭਾਰੀ। ਦਲ ਸਕੇਲ ਚਲਿ ਆਉ ਅਗਾਰੀ।
ਬਿਗਰੇ ਰਹਹੁ ਅਨੰਦ ਪੁਰਿ ਜਬਿ ਕੇ। ਲਰਿਬੇ ਤਯਾਰ ਅਹੈਂ ਹਮ ਤਬਿਕੇ ॥੬॥

ਜੇ ਪਹਾੜੀ ਰਾਜਿਆਂ ਵਿਚ ਭਾਰੀ ਬਲ ਹੈ ਤਾਂ ਸਾਰੀ ਸੈਨਾ ਇਕੱਠੀ ਕਰਕੇ ਅੱਗੇ ਆ ਜਾਉ। ਤੁਸੀਂ ਜਦ ਦੇ ਅਨੰਦਪੁਰ ਸਾਡੇ ਨਾਲ ਵਿਗੜੇ ਹੋ, ਅਸੀਂ ਉਸ ਸਮੇਂ ਤੋਂ ਲੜਾਈ ਵਾਸਤੇ ਤਿਆਰ ਬਰ ਤਿਆਰ ਹਾਂ॥੬॥

ਜੰਗ ਖੇਤ ਅਭਿਲਾਖਾ ਰਾਖੀ। ਪੁਰਵਹੁ ਅਬਹਿ ਆਨਿ ਗੁਰ ਭਾਖੀ।
ਕਰਨਿ ਸੰਧਿ ਕੋ ਕਾਜ ਨ ਕੋਈ। ਬਨਹਿ ਮਿਲਹਿਂ ਗਨ ਸ਼ਸਤ੍ਰਨਿ ਸੋਂ ਈ ॥੭॥

ਜੇ ਤੁਸੀਂ ਰਣਖੇਤਰ ਦੀ ਅਭਿਲਾਖਾ ਰੱਖੀ ਹੈ, ਤਾਂ ਹੁਣੇ ਆ ਕੇ ਆਪਣੀ ਅਭਿਲਾਸ਼ਾ ਪੂਰੀ ਕਰੋ। ਇਸ ਤਰ੍ਹਾਂ ਗੁਰੂ ਜੀ ਨੇ ਕਿਹਾ ਹੈ। ਸੁਲ੍ਹਾ ਕਰਨ ਦਾ ਕੋਈ ਕਾਰਜ ਨਹੀਂ ਹੈ। ਹੁਣ ਸਮੂਹ ਸ਼ਸਤਰਾਂ ਨਾਲ ਹੀ ਮੇਲ ਸੇਲ ਬਣੇਗਾ॥੭॥

ਖਰੇ ਪੰਚ ਸੈ ਸੁਭਟ ਅਗਾਰੀ। ਕਰਹਿਂ ਪ੍ਰਤੀਖਨ ਤੁਮ ਅਸਵਾਰੀ।
ਗੁਰ ਦਲ ਮਹਿਂ ਨਹਿਂ ਬਿਲਮ ਰਤੀਕੀ। ਚਾਹਿ ਪਿਖਿਨਿ ਤੁਮ ਚਮੂੰ ਗਤੀਕੀ' ॥੮॥

ਪੰਜ ਸੌ ਸੂਰਬੀਰ ਅੱਗੇ ਖੜੇ ਹਨ, ਉਹ ਤੁਹਾਡੀਆਂ ਵਾਹਣਾਂ ਦੀ ਉਡੀਕ ਕਰ ਰਹੇ ਹਨ। ਗੁਰੂ ਦੀ ਸੈਨਾ ਵਿਚ ਰਤੀ ਭਰ ਵੀ ਦੇਰ ਨਹੀਂ ਹੈ, ਤੁਹਾਡੀ ਸੈਨਾਂ ਦੀ ਚਾਲ ਵੇਖਣ ਦੀ ਚਾਹਤ ਹੈ" ॥੮॥

ਭੀਮਚੰਦ ਸੁਨਿ ਚਿੰਤ ਬਿਸਾਲਾ। ਪਰਯੋ ਬਿਘਨ ਕਿਮ ਹੋਇ ਨ ਟਾਲਾ।
ਬਯਾਹ ਦਿਵਸ ਅਬਿ ਆਇ ਨਜੀਕਾ। ਪਰਹਿ ਜੰਗ ਬਡ,ਹੋਹਿ ਨ ਠੀਕਾ ॥੯॥

ਭੀਮ ਚੰਦ ਸੁਣ ਕੇ ਬੜਾ ਫਿਕਰਮੰਦ ਹੋ ਗਿਆ, "ਜਿਹੜਾ ਵਿਘਨ ਪੈ ਗਿਆ ਹੈ, ਉਹ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ ਹੈ, ਵਿਆਹ ਦਾ ਦਿਨ ਹੁਣ ਨਜ਼ਦੀਕ ਆ ਗਿਆ ਹੈ, ਵੱਡਾ ਜੰਗ ਲੜਨਾ ਪਵੇਗਾ ਇਹ ਠੀਕ ਨਹੀਂ ਹੋਵੇਗਾ॥੯॥

**ਅਪਰ ਪੰਥ ਜੈਬੇ ਕਹੁ ਨਾਂਹੀ। ਜੇ ਕੋ ਅਹੈ ਦੂਰ ਕੋ ਜਾਹੀ।**
**ਬਿਤ ਜੈ ਹੈ ਸਾਹੇ ਕੋ ਸਮੈਂ। ਆਨਿ ਬਨੀ ਅਸਮੰਜਸ ਹਮੈਂ॥ ੧੦॥**

ਹੋਰ ਕੋਈ ਜਾਣ ਦਾ ਰਸਤਾ ਨਹੀਂ ਹੈ, ਜੇ ਕੋਈ ਹੈ ਤਾਂ ਬਹੁਤ ਦੂਰ ਦੀ ਜਾਣਾ ਪੈਂਦਾ ਹੈ। ਫਿਰ ਵਿਆਹ ਦੇ ਸਾਹੇ ਦਾ ਸਮਾਂ ਲੰਘ ਜਾਵੇਗਾ, ਸਾਨੂੰ ਵੱਡੀ ਮੁਸ਼ਕਲ ਆਣ ਬਣੀ ਹੈ॥੧੦॥

**ਚਿਤਵਤਿ ਗਿਰਪਤਿ ਸਕਲ ਬੁਲਾਏ। ਕਰਿ ਆਦਰ ਨਿਜ ਨਿਕਟਿ ਬਿਠਾਏ।**
**'ਮਿਲਿ ਮਸਲਤ ਕੀਜਹਿ ਅਬਿ ਕੈਸੇ। ਸਮਧੀ ਸਦਨ ਪਹੂੰਚਹਿਂ ਜੈਸੇ॥ ੧੧॥**

ਇੰਝ ਵਿਚਾਰ ਕਰਦਿਆਂ ਭੀਮ ਚੰਦ ਨੇ ਸਾਰੇ ਪਹਾੜੀ ਰਾਜਿਆਂ ਨੂੰ ਬੁਲਾਇਆ ਤੇ ਆਦਰ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ, "ਹੁਣ ਮਿਲ ਕੇ ਕੈਸੀ ਸਲਾਹ ਕਰੀਏ, ਜਿਸ ਤਰ੍ਹਾਂ ਆਪਣੇ ਕੁੜਮ ਦੇ ਘਰ ਜਾ ਕੇ ਪਹੁੰਚੀਏ॥੧੧॥

**ਗੁਰੂ ਕੰਨੇ ਤੇ ਇਹ ਸੁਧਿ ਆਈ। ਦੇਂਹਿ ਨ ਮਗ ਦਿਢ ਹੇਤੁ ਲਰਾਈ'।**
**ਸੁਨਿ ਸੈਲੇਂਦ੍ਰਨਿ ਕਰਿ ਹੰਕਾਰਾ। ਸਭਿਹਿਨਿ ਧੀਰਜ ਹੇਤੁ ਉਚਾਰਾ॥ ੧੨॥**

ਗੁਰੂ ਵਾਲੇ ਪਾਸੇ ਤੋਂ ਇਹ ਖ਼ਬਰ ਆਈ ਹੈ, ਉਹ ਰਾਹ ਨਹੀਂ ਦੇਣਗੇ ਤੇ ਲੜਾਈ ਵਾਸਤੇ ਦ੍ਰਿੜ੍ਹ ਹਨ।" ਇਹ ਸੁਣ ਕੇ ਸਾਰੇ ਪਹਾੜੀ ਰਾਜਿਆਂ ਨੇ ਹੰਕਾਰਾ ਕਰਕੇ ਭੀਮ ਚੰਦ ਨੂੰ ਧੀਰਜ ਦੇਣ ਵਾਸਤੇ ਕਿਹਾ॥੧੨॥

**'ਕਹਾਂ ਤ੍ਰਾਸ ਚਿਤ ਮੈਂ ਤੁਮ ਕੀਨੋ। ਇਤੋ ਕਟਕ ਇਕੱਤ੍ਰ ਕਰਿ ਲੀਨੋ।**
**ਸੂਧੇ ਗਮਨਹਿਂ ਪੰਥ ਮਝਾਰੇ। ਬਨ ਅਰਿ ਅਰਹਿ ਜਿ ਆਇ ਅਗਾਰੇ॥ ੧੩॥**

"ਤੁਸੀਂ ਆਪਣੇ ਚਿੱਤ ਵਿਚ ਕਿਉਂ ਡਰ ਧਾਰਨ ਕੀਤਾ ਹੈ, ਏਨੀਆਂ ਫੌਜਾਂ ਇਕੱਠੀਆਂ ਕੀਤੀਆਂ ਹਨ। ਸਿੱਧੇ ਰਾਹੇ ਰਾਹ ਚਲਾਂਗੇ। ਵੈਰੀ ਬਣ ਕੇ ਜੇ ਅੱਗੇ ਆ ਕੇ ਅੜੇਗਾ॥੧੩॥

**ਬੀਨ ਬੀਨ ਹਮ ਸੁਭਟ ਬਟੋਰੈਂ। ਹੇਲ ਘਾਲਿ ਰਿਪੁ ਊਪਰ ਦੌਰੈਂ।**
**ਸਭਿਨਿ ਧਕਾਵਹਿਂ ਕਰਹਿਂ ਕਿਨਾਰੇ। ਦਿਢ ਹ੍ਵੈ ਕਰੈਂ, ਰਹੈਂ ਬਲਿ ਭਾਰੇ॥ ੧੪॥**

ਚੁਣ-ਚੁਣ ਕੇ ਅਸੀਂ ਸੂਰਮੇ ਇਕੱਠੇ ਕਰਾਂਗੇ ਤੇ ਹੱਲਾ ਦੇ ਕੇ ਵੈਰੀ ਦੇ ਉੱਪਰ ਦੌੜਾਂਗੇ। ਸਾਰਿਆਂ ਨੂੰ ਧਕ ਕੇ ਕਿਨਾਰੇ ਕਰ ਦੇਵਾਂਗੇ, ਦ੍ਰਿੜ੍ਹ ਹੋ ਕੇ ਹਮਲਾ ਕਰਾਂਗੇ ਤੇ ਭਾਰੀ ਬਲ ਸਹਿਤ ਰਹਾਂਗੇ॥੧੪॥

**ਗੁਲਕਾਂ ਸ਼ਲਖਨਿ ਮਾਰਹਿਂ ਤਕਹੀ। ਰਿਪੁ ਬਹੀਰ ਪਰ ਆਇ ਨ ਸਕਹੀ।**
**ਸਨੇ ਸਨੇ ਮਗ ਉਲੰਘਹਿਂ ਸਾਰੇ। ਚਢਿ ਨੌਕਾ ਜਮੁਨਾ ਪਰਿ ਪਾਰੇ॥ ੧੫॥**

ਸ਼ਲਖਾਂ ਛੱਡ ਕੇ ਨਿਸ਼ਾਨੇ ਤਕ-ਤਕ ਕੇ ਗੋਲੀਆਂ ਮਾਰਾਂਗੇ, ਵੈਰੀ ਵਹੀਰ ਦੇ ਨੇੜੇ ਆ ਹੀ ਨਹੀਂ ਸਕੇਗਾ। ਹੌਲੀ-ਹੌਲੀ ਸਾਰਾ ਰਾਹ ਲੰਘ ਜਾਵਾਂਗੇ ਤੇ ਬੇੜੀਆਂ 'ਤੇ ਚੜ੍ਹ ਕੇ ਜਮਨਾ ਨਦੀ ਨੂੰ ਪਾਰ ਕਰ ਜਾਵਾਂਗੇ॥੧੫॥

**ਜਬਿ ਸਮਾਜ ਪਰਲੈ ਹੁਇ ਕੂਲ। ਦੇ ਕਰਿ ਏਕ ਬਾਰ ਦਲ ਹੂਲ।**
**ਡੇਰੇ ਮਹਿਂ ਤਬਿ ਕਰੀਅਹਿ ਢੂਟ। ਸ਼ਸਤ੍ਰ ਬਸਤ੍ਰ ਧਨ ਲੀਜਹਿ ਲੂਟ॥ ੧੬॥**

ਜਦ ਸਾਰਾ ਸਮਾਜ ਪਰਲੇ ਕਿਨਾਰੇ ਪਹੁੰਚ ਜਾਵੇਗਾ ਤਾਂ ਹੱਲਾ ਕਰਕੇ ਇਕੋ ਵਾਰ ਪੈ ਜਾਵਾਂਗੇ, ਫਿਰ ਡੇਰੇ ਦੇ ਅੰਦਰ ਦਾਖਲ ਹੋ ਜਾਵਾਂਗੇ ਤੇ ਸ਼ਸਤਰ, ਬਸਤਰ ਅਤੇ ਧਨ ਸਭ ਲੁੱਟ ਲਵਾਂਗੇ॥੧੬॥

ਦਲ ਬਲ ਤੇ ਗੁਰ ਸੈਨ ਹਟਾਇ। ਲੂਟਤਿ ਚਲਹਿਂ 'ਨਿਸ਼ਾਨ ਬਜਾਇ'।
ਇਮ ਜਸਵਾਲ ਕੇਸਰੀ ਚੰਦ। ਕਹਜੋ ਗੁਪਾਲ ਗੁਲੇਰ ਨਰਿੰਦ॥ ੧੭॥

ਸੈਨਾ ਦੇ ਬਲ ਨਾਲ ਗੁਰੂ ਦੀ ਸੈਨਾ ਨੂੰ ਹਟਾਵਾਂਗੇ ਤੇ ਨਗਾਰੇ ਵਜਾਉਂਦੇ ਲੁੱਟਦੇ ਜਾਵਾਂਗੇ।" ਇਸ ਤਰ੍ਹਾਂ ਜਸਵਾਲ, ਕੇਸਰੀ ਚੰਦ, ਗੁਪਾਲ ਗੁਲੀਰੀਦੇ ਆਦਿ ਰਾਜਿਆਂ ਨੇ ਕਿਹਾ॥੧੭॥

ਸੰਗ ਕ੍ਰਿਪਾਲ ਕਟੋਚਿਨ ਆਦਿ। ਭਯੋ ਪਰਸਪਰ ਚਲਨਿ ਸੰਬਾਦ।
ਭੀਮਚੰਦ ਸਤਿਗੁਰ ਕੋ ਜਾਨਹਿ। ਆਯੁਧ ਧਾਰੀ ਬੀਰ ਪਛਾਨਹਿ॥ ੧੮॥

ਨਾਲ ਕ੍ਰਿਪਾਲ ਕਟੋਚ ਆਦਿ ਵੀ ਸਨ, ਆਪਸ ਵਿਚ ਗੱਲਬਾਤ ਚਲਦੀ ਰਹੀ। ਭੀਮ ਚੰਦ ਸਤਿਗੁਰੂ ਜੀ ਨੂੰ ਜਾਣਦਾ ਸੀ, ਸ਼ਸਤਰਧਾਰੀ ਸੂਰਬੀਰ ਨੂੰ ਉਹ ਪਛਾਣਦਾ ਸੀ॥੧੮॥

ਨਹਿਂ ਲਰਿਬੇ ਕੀ ਮਸਲਤ ਮਾਨੀ। 'ਨਹਿਂ ਆਛੀ, ਦੁਖਦਾਨ ਮਹਾਨੀ।
ਕਹੁ ਵਜ਼ੀਰ ! ਉਲੰਘਨ ਕੀ ਬਾਤ। ਕਿਮ ਰਹਿ ਆਇ ਬਜਾਹ ਕੀ ਬਾਤ॥੧੯॥

ਉਸ ਨੇ ਲੜਾਈ ਕਰਨ ਦੀ ਸਲਾਹ ਨਾ ਮੰਨੀ, ਉਸ ਨੇ ਕਿਹਾ, "ਲੜਾਈ ਕਰਨ ਵਾਲੀ ਗੱਲ ਚੰਗੀ ਨਹੀਂ, ਇਹ ਮਹਾਨ ਦੁੱਖ ਦੇਣ ਵਾਲੀ ਹੈ। ਹੇ ਵਜ਼ੀਰ ! ਲੰਘਣ ਦੀ ਗੱਲ ਬਾਰੇ ਦੱਸੋ, ਵਿਆਹ ਦੀ ਗੱਲ ਕਿਵੇਂ ਰਹਿ ਆਵੇਗੀ॥੧੯॥

ਗੁਰ ਢਿਗ ਦਲ ਕੇਤਿਕ ਮਿਲਿ ਗਯੋ। ਕਿਮ ਠਕੁਰਾਈ ਠਾਨਤਿ ਭਯੋ।
ਤੁਮ ਮਤਿ ਮਹਿਂ ਆਵਤਿ ਕਹੁ ਕੈਸੇ ? ਬਿਘਨ ਨ ਪਰਹਿ ਆਨ ਕਰਿ ਜੈਸੇ' ॥੨੦॥

ਗੁਰੂ ਜੀ ਪਾਸ ਕਿੰਨਾ ਦਲ ਮਿਲ ਕੇ ਇਕੱਠਾ ਹੋਇਆ ਹੈ, ਕਿਵੇਂ ਸਰਦਾਰੀ ਸਾਜੀ ਹੈ। ਤੇਰੀ ਬੁੱਧੀ ਵਿਚ ਕਿਸ ਤਰ੍ਹਾਂ ਆਉਂਦਾ ਹੈ ਜਿਵੇਂ ਕਿ ਕਿਸੇ ਪ੍ਰਕਾਰ ਦਾ ਵਿਘਨ ਨਾ ਪਵੇ" ॥੨੦॥

ਸੁਨਤਿ ਬੈਨ ਪਰਧਾਨ ਬਖਾਨੈ। 'ਸਭਿ ਗਿਰਿੰਦ੍ਰ ਤੁਮ ਬਹੁ ਬੁਧਿਵਾਨੈ।
ਨਿਕਟ ਚਮੂੰ ਭੀ ਅਹੈ ਮਹਾਨਾ। ਤਊ ਨ ਹੋਵਹੁ ਗੁਰੂ ਸਮਾਨਾ॥ ੨੧॥

ਇਹ ਸੁਣ ਕੇ ਵਜ਼ੀਰ ਨੇ ਕਿਹਾ, "ਸਾਰੇ ਪਹਾੜੀ ਰਾਜਿਆਂ ਵਿਚ ਤੁਸੀਂ ਵੱਡੇ ਬੁੱਧੀਮਾਨ ਹੋ। ਤੁਹਾਡੇ ਪਾਸ ਬਹੁਤ ਵੱਡੀ ਫੌਜ ਵੀ ਹੈ, ਫਿਰ ਵੀ ਗੁਰੂ ਜੀ ਦਾ ਮੁਕਾਬਲਾ ਨਹੀਂ ਹੋ ਸਕਦਾ॥੨੧॥

ਲਾਖਹੁਂ ਨੰਮ੍ਰਿ ਹੋਇਂ ਨਰ ਪਾਇਨ। ਆਨਹਿਂ ਅਰਪਹਿਂ ਅਨਿਕ ਉਪਾਇਨ।
ਸ੍ਰੀ ਨਾਨਕ ਕੀ ਗਾਦੀ ਸਾਥ। ਕਿਮ ਸਮਸਰਤਾ ਹੁਇ ਗਿਰ ਨਾਥ ! ॥ ੨੨॥

ਲੱਖਾਂ ਮਨੁੱਖ ਉਨ੍ਹਾਂ ਦੇ ਚਰਨਾਂ 'ਤੇ ਬੰਦਨਾ ਕਰਦੇ ਹਨ ਤੇ ਆ ਕੇ ਅਨੇਕਾਂ ਉਪਹਾਰ ਉਨ੍ਹਾਂ ਦੇ ਅੱਗੇ ਅਰਪਣ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਨ੍ਹਾਂ ਦੇ ਪਾਸ ਹੈ, ਪਹਾੜਾਂ ਦੇ ਮਾਲਕ, ਰਾਜੇ ਨਾਲ ਉਨ੍ਹਾਂ ਦੀ ਬਰਾਬਰੀ ਕਿਵੇਂ ਹੋ ਸਕਦੀ ਹੈ॥੨੨॥

ਅਬਿ ਅਨੰਦ ਪੁਰਿ ਤੇ ਸੌ ਗੁਨਾ। ਦਲ ਪ੍ਰਤਾਪ ਬਾਢਜੋ ਅਤਿ ਘਨਾ।
ਸੁਭਟ ਸ਼ਸਤ੍ਰ ਜੁਤਿ ਜਿਤ ਕਿਤ ਖਰੇ। ਪੁਸ਼ਟ ਤੁਰੰਗਮ ਗਨ ਬਲ ਭਰੇ॥ ੨੩॥

ਹੁਣ ਅਨੰਦਪੁਰ ਤੋਂ ਸੌ ਗੁਣਾਂ ਜ਼ਿਆਦਾ ਉਨ੍ਹਾਂ ਦਾ ਦਲ ਅਤੇ ਪ੍ਰਤਾਪ ਵਧਿਆ ਹੈ। ਸੂਰਬੀਰ ਸ਼ਸਤਰਾਂ ਸਹਿਤ ਜਿੱਥੇ ਕਿੱਥੇ ਖੜੇ ਹਨ। ਉਨ੍ਹਾਂ ਪਾਸ ਮੋਟੇ ਤਾਜ਼ੇ ਬਲਵਾਨ ਘੋੜੇ ਹਨ॥੨੩॥

ਅਤਿ ਉਤਸ਼ਾਹ ਚਮੂੰ ਬਹੁ ਦੀਖਾ। ਲਰਿ ਕਰਿ ਕੋਇ ਨ ਬਨੈ ਸਰੀਖਾ।
ਜਮਨਾ ਤਟ ਲੌ ਦੇਹਿਂ ਨ ਜਾਨੇ। ਵਧਹਿਂ ਅਗਾਊ ਕਰਿ ਘਮਸਾਨੇ॥ ੨੪॥

ਸੈਨਾ ਵਿਚ ਵੱਡਾ ਉਤਸ਼ਾਹ ਵੇਖਿਆ ਹੈ, ਲੜਾਈ ਕਰਕੇ ਕੋਈ ਵੀ ਬਰਾਬਰ ਨਹੀਂ ਢੁੱਕ ਸਕਦਾ। ਜਮਨਾ ਦੇ ਕਿਨਾਰੇ ਤਕ ਵੀ ਜਾਣ ਨਹੀਂ ਦੇਣਗੇ, ਉਹ ਅੱਗੇ ਵੱਧ ਕੇ ਯੁੱਧ ਕਰਨਗੇ॥੨੪॥

**ਕਿਮ ਤਿਨ ਕੌ ਲੂਟਨਿ ਤੁਮ ਚਾਹਾ। ਰਾਤਿ ਦਿਵਸ ਜਿਨ ਲਰਨਿ ਉਮਾਹਾ।**
**ਧਨ ਹੰਕਾਰ ਨ ਕੀਜਹਿ ਐਸੇ। ਪਸ਼ਚਾਤਾਪ ਬਿਸੂਰਹੁ ਜੈਸੇ॥ ੨੫॥**

ਉਨ੍ਹਾਂ ਨੂੰ ਤੁਸੀਂ ਲੁੱਟਣਾ ਕਿਵੇਂ ਚਾਹਿਆ ਹੈ, ਰਾਤ ਦਿਨ ਜਿਨ੍ਹਾਂ ਨੂੰ ਲੜਾਈ ਦਾ ਹੀ ਉਤਸ਼ਾਹ ਹੈ। ਧਨ ਦਾ ਇਸ ਤਰ੍ਹਾਂ ਹੰਕਾਰ ਨਾ ਕਰੋ, ਬਾਅਦ ਵਿਚ ਜਿਸ ਲਈ ਝੂਰ ਕੇ ਪਛਤਾਵਾ ਕਰਨਾ ਪਵੇ॥੨੫॥

**ਮੈਂ ਦੇਖੀ ਸਭਿ ਰੀਤਿ ਬਿਚਾਰੀ। ਗੁਰੂ ਨ ਉਲੰਘਨਿ ਦੇਹਿ ਅਗਾਰੀ।**
**ਕਿਸ ਬਿਧਿ ਹੋਤਿ ਸਾਮਤਾ ਨਾਂਹੀ। ਲਰਿਬੇ ਬਿਜੈ ਨਹੀਂ ਰਨ ਮਾਂਹੀ॥ ੨੬॥**

ਮੈਂ ਵੇਖਿਆ ਹੈ ਅਤੇ ਸਭ ਰੀਤੀਆਂ ਨਾਲ ਵਿਚਾਰਿਆ ਹੈ, ਗੁਰੂ ਜੀ ਅੱਗੇ ਨਹੀਂ ਲੰਘਣ ਦੇਣਗੇ। ਕਿਸੇ ਪ੍ਰਕਾਰ ਵੀ ਉਨ੍ਹਾਂ ਦੀ ਬਰਾਬਰੀ ਨਹੀਂ ਹੋ ਸਕਦੀ, ਲੜਾਈ ਕਰਕੇ ਯੁੱਧ ਵਿਚ ਵਿਜੇ ਪ੍ਰਾਪਤ ਨਹੀਂ ਕੀਤੀ ਜਾ ਸਕਦੀ॥੨੬॥

**ਔਰ ਉਪਾਵ ਏਕ ਮੈਂ ਜਾਨਾ। ਦੂਲਹੁ ਇਸ ਮਗ ਕਰਹੁ ਪਯਾਨਾ।**
**ਇਕ ਦੁਇ ਸੇਵਕ ਲੇ ਕਰਿ ਸੰਗ। ਸਨਮੁਖ ਗਮਨਜੋਂ ਜਾਇ ਨਿਸੰਗ॥ ੨੭॥**

ਇਕ ਮੈਂ ਹੋਰ ਉਪਾਅ ਜਾਣਿਆ ਹੈ। ਦੂਲ੍ਹੇ ਨੂੰ ਇਸ ਰਸਤੇ ਭੇਜ ਦਿੰਦੇ ਹਾਂ, ਇਕ ਦੋ ਸੇਵਕ ਨਾਲ ਲੈ ਕੇ ਚਲਾ ਜਾਵੇ। ਗੁਰੂ ਜੀ ਦੇ ਸਾਹਮਣੇ ਨਿਸ਼ੰਕ ਹੋ ਕੇ ਤੁਰਿਆ ਜਾਵੇ॥੨੭॥

**ਬਯਾਹ ਸਮੇਂ ਪਹੁਚੈ ਸਸੁਰਾਰੇ। ਫੇਰੇ ਫਿਰਹਿ ਕਾਜ ਕੌ ਸਾਰੇ।**
**ਅਪਰ ਜਾਹਿਂ ਸਭਿ ਮਾਰਗ ਦੂਜੇ। ਸਨੇ ਸਨੇ ਚਲਿ ਕੈ ਤਹਿਂ ਪੂਜੇ॥ ੨੮॥**

ਵਿਆਹ ਦੇ ਸਮੇਂ ਸਸੁਰਾਲ ਪਹੁੰਚ ਜਾਵੇ, ਫੇਰੇ ਲੈ ਕੇ ਕਾਰਜ ਨੂੰ ਸਵਾਰ ਲਵੇ। ਹੋਰ ਸਾਰੇ ਦੂਸਰੇ ਮਾਰਗ ਜਾਣ, ਹੌਲੀ-ਹੌਲੀ ਚਲ ਕੇ ਉਥੇ ਪਹੁੰਚ ਜਾਣ॥੨੮॥

**ਆਛੋ ਜਤਨ ਅਹੈ ਇਕ ਏਹੀ। ਅਪਰ ਬਿਧੀ ਉਰ ਆਇ ਨ ਕੇਹੀ।**
**ਸੁਨਤਿ ਕੇਸਰੀ ਅਪਰ ਗੁਪਾਲ। ਸਭਾ ਬੀਚ ਬੋਲੇ ਤਿਸ ਕਾਲ॥ ੨੯॥**

ਇਹੋ ਇਕ ਚੰਗਾ ਯਤਨ ਹੈ, ਹੋਰ ਕੋਈ ਵਿਧੀ ਦਿਲ ਵਿਚ ਨਹੀਂ ਆਉਂਦੀ ਹੈ।" ਇਸ ਸੁਣ ਕੇ ਕੇਸਰੀ ਚੰਦ ਅਤੇ ਗੁਪਾਲ ਉਸ ਸਮੇਂ ਸਭਾ ਵਿਚ ਬੋਲੇ॥੨੯॥

**ਕਹਾਂ ਬਾਤ ਤੈਂ ਕਹੀ ਵਜ਼ੀਰ?। ਹਮ ਕੋ ਨਾਂਹਿ ਨ ਜਾਨਜੋਂ ਬੀਰ।**
**ਕਰਿ ਕਾਤੁਰ ਸਭਿ ਚਹਤਿ ਚਟਾਇ। ਕਹਾਂ ਗੁਰੂ ਢਿਗ ਦੇਖਜੋ ਜਾਇ ?॥੩੦॥**

ਹੇ ਵਜੀਰ ! ਇਹ ਤੂੰ ਕੀ ਗੱਲ ਕੀਤੀ ਹੈ ? ਸਾਨੂੰ ਸੂਰਮਾ ਹੀ ਨਹੀਂ ਜਾਣਿਆ ਹੈ। ਕਾਇਰ ਕਰਕੇ ਸਾਰਿਆਂ ਨੂੰ ਜੰਗ ਤੋਂ ਹਟਾਉਣਾ ਚਾਹੁੰਦਾ ਹੈਂ। ਤੂੰ ਗੁਰੂ ਜੀ ਪਾਸ ਜਾ ਕੇ ਕੀ ਵੇਖਿਆ ਹੈ ?॥੩੦॥

**ਕੌਨ ਜਾਤਿ ਕੇ ਹੈਂ ਬਰ ਬੀਰ? ਕਟਕ ਬਟੋਰਿ ਜੁ ਰਾਖਜੋ ਤੀਰ।**
**ਕੇਤਿਕ ਗਿਨਤੀ ਮਹਿਂ ਮਨੁ ਜਾਨੇ ? ਕੇਤਿਕ ਅਸੁ ਕਿਸ ਬਿਧ ਸਵਧਾਨੇ ?'॥੩੧॥**

ਕਿਹੜੇ ਜਾਤ ਦੇ ਵੱਡੇ ਸ੍ਰੇਸ਼ਟ ਸੂਰਬੀਰ ਹਨ, ਜਿਹੜੀ ਸੈਨਾ ਇਕੱਠੀ ਕਰਕੇ ਰੱਖੀ ਹੈ। ਕਿੰਨੀ ਗਿਣਤੀ ਵਿਚ ਆਦਮੀ ਜਾਣੇ ਹਨ, ਕਿੰਨੇ ਘੋੜੇ ਕਿਸ ਵਿਧੀ ਨਾਲ ਸਾਵਧਾਨ ਹਨ ?"॥੩੧॥

ਸੁਨਿ ਵਜ਼ੀਰ ਗਿਰਨਾਥਹਿ ਸਾਥ। ਕਹਤਿ ਭਯੋ ਗੁਰ ਦਲ ਕੀ ਗਾਥ।
'ਘਨੇ ਪਠਾਨ ਬਨ੍ਹੇ ਹਥਜਾਰ। ਸਭਿ ਤੇ ਉਰੇ ਪਰੇ ਬਲਧਾਰਿ॥ ੩੨॥

ਪਹਾੜੀ ਰਾਜੇ ਦੀ ਗੱਲ ਸੁਣ ਕੇ, ਵਜ਼ੀਰ ਨੇ ਗੁਰੂ ਜੀ ਦੀ ਸੈਨਾ ਦੀ ਸਾਰੀ ਕਹਾਣੀ ਸੁਣਾਈ। ਬਹੁਤ ਹਥਿਆਰਬੱਧ ਪਠਾਣ ਹਨ ਜਿਹੜੇ ਬਲ ਧਾਰ ਕੇ ਡੇਰਾ ਪਾਈ ਸਭ ਤੋਂ ਉਰੇ ਪਏ ਹਨ॥੩੨॥

ਬਾਨ ਸਰਾਸਨ ਧਾਰਨਹਾਰੇ। ਖੜਗ ਤੁਪਕ ਯੁਤ ਭਿੜਨਿ ਕਰਾਰੇ।
ਦੇਸ਼ ਬਿਦੇਸ਼ੀ ਭਟ ਸਿਖ ਸੰਗਤਿ। ਥਲ ਥਲ ਥਿਰੇ ਪਿਖੀ ਬਹੁ ਪੰਗਤਿ॥ ੩੩॥

ਉਹ ਤੀਰ ਕਮਾਨ ਧਾਰਨਹਾਰੇ ਹਨ ਤੇ ਤਲਵਾਰ, ਬੰਦੂਕ ਸਹਿਤ ਕਰਾਰੀ ਟੱਕਰ ਲੈਣ ਵਾਲੇ ਹਨ। ਦੇਸ਼ਾਂ ਵਿਦੇਸ਼ਾਂ ਦੇ ਸਿੱਖ ਸੂਰਬੀਰ ਹਨ, ਥਾਂ-ਥਾਂ ਲਾਈਨਾਂ ਵਿਚ ਬੈਠੇ ਹੋਏ ਬਹੁਤ ਮਨੁੱਖ ਵੇਖੇ ਹਨ॥੩੩॥

ਬ੍ਰਿੰਦ ਉਦਾਸੀ ਬਿਚਰਤਿ ਹੇਰੇ। ਖਾਇਂ ਕੜਾਹਿ ਸੁ ਪੁਸ਼ਟ ਬਡੇਰੇ।
ਰਿਦੇ ਅਚੰਭ ਭਯੋ ਦਲ ਜੋਵਾ। ਸੰਗ੍ਰਹਿ ਇਤੋ ਕਵਨ ਬਿਧਿ ਹੋਵਾ॥ ੩੪॥

ਬਹੁਤ ਉਦਾਸੀ ਫਿਰਦੇ ਵੇਖੇ ਹਨ, ਕੜਾਹ ਖਾ ਖਾ ਕੇ ਉਹ ਬਹੁਤ ਮੋਟੇ ਹੋਏ ਹਨ। ਮੈਂ ਸਾਰੇ ਦਲ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ, ਏਨਾ ਇਕੱਠ ਕਿਸ ਵਿਧੀ ਨਾਲ ਹੋਇਆ ਹੈ॥੩੪॥

ਅਤਿ ਉਤਸਾਹ ਲਰਨ ਕੌ ਜਿਨ ਮੈਂ। ਲਖੀਅਤਿ ਮਨੋ ਲਈ ਜੈ ਰਨ ਮੈਂ।
ਮੈਂ ਮਸਲਤ ਕਬਿ ਕਹੌਂ ਨ ਲਰਿਬੇ। ਤੁਮ ਕਰੀਅਹਿ ਜਿਸ ਬਿਧਿ ਬੁਧਿ ਧਰਿਬੇ'॥੩੫॥

ਜਿਨ੍ਹਾਂ ਵਿਚ ਲੜਾਈ ਵਾਸਤੇ ਅਤਿ ਉਤਸ਼ਾਹ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਮਾਨੋਂ ਉਨ੍ਹਾਂ ਨੇ ਰਣਖੇਤਰ ਵਿਚ ਜਿੱਤ ਪ੍ਰਾਪਤ ਕੀਤੀ ਹੋਵੇ। ਮੈਂ ਲੜਾਈ ਕਰਨ ਦੀ ਕਦੀ ਸਲਾਹ ਨਹੀਂ ਦੇਵਾਂਗਾ। ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਬੁੱਧੀ ਵਿਚ ਧਾਰਨ ਕੀਤਾ ਹੈ'॥੩੫॥

ਸੁਨਿ ਵਜ਼ੀਰ ਤੇ ਗੁਰ ਕੀ ਗਾਥਾ। ਠਾਨੀ ਮੋਨ ਜਿਤਿਕ ਗਿਰਨਾਥਾ।
ਭੀਮ ਚੰਦ ਕੋ ਚਿੰਤ ਬਿਲੰਦਾ। 'ਛੰਦ ਬੰਦ ਕੋ ਨਹੀਂ ਪੁਜੰਦਾ'॥ ੩੬॥

ਵਜ਼ੀਰ ਪਾਸੋਂ ਗੁਰੂ ਜੀ ਦੀ ਗਾਥਾ ਸੁਣ ਕੇ, ਸਾਰੇ ਪਹਾੜੀ ਰਾਜਿਆਂ ਨੇ ਮੋਣ ਧਾਰਨ ਕਰ ਲਈ। ਭੀਮ ਚੰਦ ਨੂੰ ਵੱਡੀ ਚਿੰਤਾ ਸੀ। "ਗੁਰੂ ਜੀ ਨਾਲ ਕੋਈ ਵੀ ਛਲ ਵਲ ਨਹੀਂ ਪੁੱਗਦਾ ਹੈ"॥੩੬॥

'ਸੁਨਿ ਵਜ਼ੀਰ! ਤੈਂ ਮੰਤ੍ਰ ਬਤਾਵਾ। ਦੂਲੋ ਏਕਲ ਚਹੈਂ ਪਠਾਵਾ।
ਜੇ ਸਤਿਗੁਰ ਗਹਿ ਕਰਿਹੈਂ ਕੈਦ। ਬਹੁਰ ਛੁਟਾਵਨਿ ਕਹਾਂ ਉਮੈਦ॥ ੩੭॥

"ਹੇ ਵਜ਼ੀਰ! ਸੁਣੋ, ਜੋ ਤੂੰ ਸਲਾਹ ਦਿੱਤੀ ਹੈ, ਦੂਲੇ ਨੂੰ ਇਕੱਲਿਆਂ ਹੀ ਭੇਜਣਾ ਚਾਹੁੰਦਾ ਹੈਂ। ਜੇ ਸਤਿਗੁਰੂ ਫੜ ਕੇ ਉਸ ਨੂੰ ਕੈਦ ਕਰ ਲੈਣਗੇ। ਫਿਰ ਛਡਵਾਉਣ ਦੀ ਕੀ ਉਮੀਦ ਰਹਿ ਜਾਵੇਗੀ॥੩੭॥

ਪ੍ਰਿਯ ਸੁਤ ਕੋ ਇਮ ਬਿਘਨ ਬਿਸਾਲਾ। ਮੋਤੇ ਸਹਜੋ ਨ ਜਾਇ ਕਰਾਲਾ।
ਅਪਜਸੁ ਜਗ ਮਹਿਂ ਭਾਖਹਿਂ ਸਾਰੇ। ਬੁਧਿ ਅਰੁ ਬਲ ਮੇਰੋ ਧਿਧਕਾਰੇਂ॥ ੩੮॥

ਪਿਆਰੇ ਪੁੱਤਰ ਨੂੰ ਇਸ ਤਰ੍ਹਾਂ ਵੱਡੇ ਵਿਘਨ ਵਿਚ ਪਾ ਲਵਾਂਗਾ, ਇਹ ਵਿਕਰਾਲ ਕਾਰਜ ਮੈਥੋਂ ਬਰਦਾਸ਼ਤ ਨਹੀਂ ਹੋਵੇਗਾ। ਸਾਰੇ ਜਗਤ ਵਿਚ ਮੇਰੀ ਨਿੰਦਿਆ ਹੋਵੇਗੀ, ਮੇਰੀ ਬੁੱਧੀ ਅਤੇ ਸ਼ਕਤੀ ਨੂੰ ਧ੍ਰਿਕਾਰਨਗੇ॥੩੮॥

ਗੁਰ ਕੋ ਧਨ ਕੀ ਚਾਹਿ ਨ ਕੋਇ। ਜਿਸ ਕੌ ਦੇ ਮੁਚਵਾਵੌਂ ਸੋਇ।
ਮਸਲਤ ਆਪ ਕਰੋ ਹਿਤ ਜਾਨੈ। ਜਿਮ ਦੂਲਹੁ ਸ੍ਰੀ ਨਗਰ ਪਯਾਨੈ'॥ ੩੯॥

ਗੁਰੂ ਜੀ ਨੂੰ ਧਨ ਦੀ ਕੋਈ ਚਾਹ ਨਹੀਂ ਹੈ, ਜਿਸ ਧਨ ਨੂੰ ਦੇ ਕੇ ਛੁਡਵਾ ਲਵਾਂਗੇ। ਹਿਤ ਜਾਣ ਕੇ ਆਪ ਸਲਾਹ ਕਰੋ, ਜਿਵੇਂ ਦੂਲ੍ਹੇ ਨੂੰ ਸ੍ਰੀਨਗਰ ਭੇਜ ਦੇਈਏ" ॥੩੯॥

ਸੁਨਿ ਪਰਧਾਨ ਬਖਾਨੇ ਬੈਨ। 'ਭੋ ਗਿਰਿੰਦ੍ਰ! ਇਮ ਕੀਜੈ ਭੈਨ।
ਗੁਰੂ ਗੰਭੀਰ ਧੀਰ ਬਲਬੀਰ। ਇਮ ਨਹਿਂ ਕਰਹਿ ਗਏ ਤੇ ਤੀਰ॥ ੪੦॥

ਇਹ ਸੁਣ ਕੇ ਵਜ਼ੀਰ ਨੇ ਕਿਹਾ, "ਹੇ ਰਾਜਨ! ਇੰਝ ਕਰ ਕੇ ਡਰੋ ਨਹੀਂ। ਗੁਰੂ ਜੀ ਗੰਭੀਰ ਅਤੇ ਧੀਰਜਵਾਨ ਸੂਰਬੀਰ ਹਨ, ਦੂਲ੍ਹੇ ਦੇ ਪਾਸ ਜਾਣ ਤੇ ਉਹ ਇਸ ਤਰ੍ਹਾਂ ਨਹੀਂ ਕਰਨਗੇ॥੪੦॥

ਮਹਾਂ ਕ੍ਰਿਪਾਲੁ ਗਜਾਨਿ ਗੁਨਵੰਤ। ਅਸ ਕਾਰਜ ਨਹਿਂ ਕਰਹਿ ਕਦੰਤ।
ਉਰ ਨਿਚਿੰਤ ਹੁਇ ਸੁਤ ਪਠਿ ਦੀਜੈ। ਮਾਰਗ ਅਪਰ ਆਪ ਗਮਨੀਜੈ॥ ੪੧॥

ਉਹ ਮਹਾਂ ਕ੍ਰਿਪਾਲੂ, ਗਿਆਨਵਾਨ ਅਤੇ ਗੁਣਵੰਤ ਹਨ, ਐਸਾ ਕਾਰਜ ਕਦੀ ਵੀ ਨਹੀਂ ਕਰਨਗੇ। ਦਿਲ ਵਿਚ ਨਿਸ਼ਚਿੰਤ ਹੋ ਕੇ ਪੁੱਤਰ ਨੂੰ ਭੇਜ ਦੇਵੋ ਤੇ ਆਪ ਦੂਸਰੇ ਮਾਰਗ ਚਲੇ ਜਾਵੋ॥੪੧॥

ਮਸਲਤ ਸਾਰ ਮਾਨਿ ਇਹ ਮੇਰੀ। ਜਾਨਿ ਆਪਨੀ ਛੇਮ ਭਲੇਰੀ।
ਅਪਰ ਉਪਾਇ ਨਹੀਂ ਬਨਿ ਆਵੈ। ਜਿਸ ਤੇ ਸਿਰੀ ਨਗਰ ਮਹਿਂ ਜਾਵੈਂ ॥੪੨॥

ਮੇਰੀ ਇਸ ਸਲਾਹ ਨੂੰ ਮੰਨ ਲਵੋ, ਇਸ ਵਿਚ ਆਪਣਾ ਭਲੀ ਪ੍ਰਕਾਰ ਸੁਖ ਜਾਣੋ। ਹੋਰ ਕੋਈ ਵੀ ਉਪਾਅ ਨਹੀਂ ਬਣਦਾ ਹੈ, ਜਿਸ ਨਾਲ ਸ੍ਰੀਨਗਰ ਵਿਚ ਪਹੁੰਚਿਆ ਜਾਵੇ" ॥੪੨॥

*ਦੂਸਰੀ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦਵਾਂ

### *ਭੀਮ ਚੰਦ ਦਾ ਪੁੱਤਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ*

*ਦੋਹਰਾ-* ਜਤਨ ਅਨੇਕ ਬਿਚਾਰਿ ਕੈ ਭੀਮਚੰਦ ਗਿਰਰਾਇ।
ਮਾਨਜੋਂ ਮੰਤ੍ਰ ਵਜ਼ੀਰ ਕੋ, ਔਰ ਨ੍ਰਿਪਨ ਸਮੁਦਾਇ॥ ੧॥

ਬਹੁਤ ਯਤਨ ਵਿਚਾਰ ਕੇ ਪਹਾੜੀ ਰਾਜੇ ਭੀਮ ਚੰਦ ਅਤੇ ਹੋਰ ਰਾਜਿਆਂ ਨੇ ਵਜ਼ੀਰ ਦੀ ਸਲਾਹ ਮੰਨ ਲਈ॥੧॥

*ਚੌਪਈ-* 'ਸੁਨੋ ਸੈਲਨਾਥਨ ! ਬਚ ਮੇਰੇ। ਬਜਾਹ ਸਮੈ ਆਯੋ ਅਬਿ ਨੇਰੇ।
ਲਰਿਬੇ ਬਿਖੈ ਦਿਵਸ ਬਹੁ ਲਾਗੈਂ। ਪਿਖਿ ਦਲ ਬਲ ਕੌ ਗੁਰ ਨਹਿਂ ਭਾਗੈ॥੨॥

ਵਜ਼ੀਰ ਨੇ ਕਿਹਾ, "ਹੇ ਪਹਾੜੀ ਰਾਜਿਓ! ਮੇਰੀ ਗੱਲ ਸੁਣੋ, ਵਿਆਹ ਦਾ ਸਮਾਂ ਹੁਣ ਬਹੁਤ ਨੇੜੇ ਆ ਗਿਆ ਹੈ। ਲੜਾਈ ਕਰਨ ਵਿਚ ਬਹੁਤ ਦਿਨ ਲੱਗਣਗੇ, ਤੁਹਾਡੀ ਫੌਜ ਨੂੰ ਵੇਖ ਕੇ ਗੁਰੂ ਜੀ ਨਹੀਂ ਭੱਜਣਗੇ॥ ੨॥

ਭੀਮ ਜੰਗ ਦੁਇ ਦਿਸ਼ਿ ਤੇ ਪਰੈ। ਦੋਨਹੁਂ ਚਮੂੰ ਸੁਭਟ ਬਲਧਰੈਂ।
ਹਟ ਨਹਿਂ ਜਾਇਂ ਲਾਜ ਨਿਰਬਾਹੈਂ। ਕੋ ਜਾਨੇ ਤਬਿ ਕਜਾ ਹੁਇ ਜਾਹੇ॥੩॥

ਦੋਵਾਂ ਪਾਸਿਆਂ ਤੋਂ ਵੱਡੀ ਜੰਗ ਹੋਵੇਗੀ ਦੋਵਾਂ ਸੈਨਾਵਾਂ ਦੇ ਸੂਰਬੀਰ ਬਲ ਧਾਰਨਗੇ, ਯੁੱਧ ਕਰਨ ਤੋਂ ਹੱਟਣਗੇ ਨਹੀ ਆਪਣੀ ਲਾਜ ਦਾ ਨਿਰਬਾਹ ਕਰਨਗੇ ਫਿਰ ਕੌਣ ਜਾਣਦਾ ਹੈ ਕਿ ਕੀ ਹੋ ਜਾਵੇ॥੩॥

ਬਜਾਹ ਕਾਜ ਪੂਰਨ ਅਬਿ ਕਰੋ। ਪੁਨ ਗੁਰ ਸੰਗ ਲਰੋ ਨਹਿਂ ਟਰੋ।
ਅਬਿ ਰਿਸ ਤਜਹੁ ਅਪਰ ਮਗ ਗਮਨਹੁ। ਬਹੁਰ ਆਇ ਗੁਰ ਦਲ ਕੋ ਦਮਨਹੁ॥੪॥

ਹੁਣ ਵਿਆਹ ਦਾ ਕਾਰਜ ਪੂਰਾ ਕਰੋ, ਫਿਰ ਗੁਰੂ ਜੀ ਨਾਲ ਲੜੋ ਤੇ ਟਾਲਾ ਨਾ ਕਰੋ। ਹੁਣ ਗੁੱਸਾ ਛੱਡੋ ਤੇ ਹੋਰ ਮਾਰਗ ਅਪਨਾਓ, ਬਾਅਦ ਵਿਚ ਆ ਕੇ ਗੁਰੂ ਜੀ ਦੇ ਦਲ ਨੂੰ ਦੰਡ ਦੇਵੋ॥੪॥

ਫਤੇਸ਼ਾਹ ਕੋ ਲੇ ਕਰਿ ਸੰਗ। ਦਿਹੁ ਉਠਾਇ ਇਤ ਤੇ ਕਰਿ ਜੰਗ।
ਸਭਿਨਿ ਬਿਰੋਧੀ ਬਨਯੋਂ ਮਹਾਨ। ਕੈਸੇ ਬਸਨ ਦੇਹਿਂ ਇਸ ਥਾਨ॥ ੫॥

ਫਤਹਿ ਸ਼ਾਹ ਨੂੰ ਆਪਣੇ ਨਾਲ ਲੈ ਕੇ, ਇਸ ਨਾਲ ਜੰਗ ਕਰਕੇ ਏਥੋਂ ਪਾਉਂਟੇ ਤੋਂ ਉਠਾ ਦੇਵੋ। ਸਾਰਿਆਂ ਦਾ ਮਹਾਨ ਵਿਰੋਧੀ ਬਣਿਆ ਹੈ, ਉਸ ਨੂੰ ਕਿਵੇਂ ਇਸ ਥਾਂ ਵੱਸਣ ਦੇਵਾਂਗੇ॥੫॥

ਬਿਘਨ ਬਿਸਾਲ ਬਜਾਹ ਮਹਿਂ ਡਾਲਾ। ਇਸ ਪਲਟੋਂ ਮੈਂ ਲੇਊਂ ਬਿਸਾਲਾ"।
ਇੱਤਯਾਦਿਕ ਕਹਿ ਨ੍ਰਿਪ ਸਮੁਝਾਏ। ਲਰਿਬੇ ਤੇ ਤਿਸ ਸਮੈਂ ਹਟਾਏ॥ ੬॥

ਵਿਆਹ ਦੇ ਵਿਚ ਇਨ੍ਹਾਂ ਵੱਡਾ ਵਿਘਨ ਪਾਇਆ ਹੈ, ਇਸ ਦਾ ਮੈਂ ਵੱਡਾ ਬਦਲਾ ਲਵਾਂਗਾ।" ਇਸ ਤਰ੍ਹਾਂ ਕਹਿ ਕੇ ਰਾਜਿਆਂ ਨੂੰ ਸਮਝਾਇਆ ਤੇ ਉਸ ਸਮੇਂ ਰਾਜਿਆਂ ਨੂੰ ਲੜਾਈ ਕਰਨ ਤੋਂ ਹਟਾ ਦਿੱਤਾ॥੬॥

ਕਰਯੋ ਤਯਾਰ ਸੁਤ ਹੇਤੁ ਪਠਾਵਨ। ਨਿਕਟ ਅਮਾਤ ਕੀਨਿ ਸਮੁਝਾਵਨਿ।
'ਗਮਨਹੁ ਇਸੀ ਸੰਗ ਮਗ ਸੂਧੇ। ਗੁਰੂ ਕਦਾਚਿਤ ਜੇ ਮਗ ਰੂਧੇ॥ ੭॥

ਪੁੱਤਰ ਨੂੰ ਭੇਜਣ ਵਾਸਤੇ ਤਿਆਰ ਕੀਤਾ, ਵਜ਼ੀਰ ਨੂੰ ਵੀ ਸਮਝਾਉਣ ਵਾਸਤੇ ਪਾਸ ਬੁਲਾਇਆ ਤੇ ਕਿਹਾ, "ਇਸ ਦੇ ਨਾਲ ਹੀ ਸਿੱਧੇ ਰਸਤੇ ਜਾਵੋ। ਗੁਰੂ ਜੀ ਕਿਸੇ ਤਰ੍ਹਾਂ ਜੇ ਰਾਹ ਵਿਚ ਰੋਕਣ॥੭॥

ਬਨਿ ਕੈ ਦੀਨ ਬਿਨੈ ਬਹੁ ਭਾਖੋ। ਜਯੋਂ ਕਯੋਂ ਕਰਿ ਉਲੰਘਨ ਅਭਿਲਾਖੋ।
ਕਰ ਬੰਦਨ ਬੰਦਨ ਪਗ ਠਾਨਹੁ। ਹਮ ਦਿਸ਼ਿ ਤੇ ਬਹੁ ਅਰਜ਼ ਬਖਾਨਹੁ॥ ੮॥

ਤਾਂ ਦੀਨ ਬਣ ਕੇ ਬਹੁਤ ਬੇਨਤੀ ਕਰੋ, ਜਿਵੇਂ ਕਿਵੇਂ ਕਰਕੇ ਲੰਘ ਜਾਣ ਦੀ ਅਭਿਲਾਸ਼ਾ ਰੱਖੋ। ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰੋ ਤੇ ਸਾਡੇ ਵਲੋਂ ਬਹੁਤ ਬੇਨਤੀ ਕਰੋ॥੮॥

ਨਹਿਂ ਮਗ ਦੀਯੋ ਨ ਆਯੋ ਰਾਜਾ। ਸਕਲ ਸਹਾਰਯੋ ਬਨਯੋਂ ਕੁਕਾਜਾ।
ਤੁਮ ਸੰਗ ਲਰਯੋ ਨ ਚਾਹਤਿ ਸੋਈ। ਠਾਨੀ ਨਮੋਂ ਬੰਦਿ ਕਰ ਦੋਈ॥ ੯॥

ਤੁਸੀਂ ਰਾਹ ਨਹੀਂ ਦਿੱਤਾ ਹੈ, ਇਸ ਕਰਕੇ ਰਾਜਾ ਨਹੀਂ ਆਇਆ ਹੈ, ਜਿਹੜਾ ਕੁਕਾਜ ਬਣਿਆ ਸੀ, ਉਸ ਨੂੰ ਸਭ ਪ੍ਰਕਾਰ ਬਰਦਾਸ਼ਤ ਕੀਤਾ ਹੈ। ਉਹ ਤੁਹਾਡੇ ਨਾਲ ਲੜਨਾ ਨਹੀਂ ਚਾਹੁੰਦੇ ਹਨ, ਉਨ੍ਹਾਂ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਹੈ"॥੯॥

ਕਹਿ ਸੁਤ ਕੌ ਝੰਪਾਨ ਚਢਾਵਾ। ਰਿਦਾ ਹੌਲ ਜੁਤਿ ਪੰਥ ਪਠਾਵਾ।
ਇਕ ਦੁਇ ਦਾਸਿਕ ਸੰਗ ਵਜ਼ੀਰ। ਗਮਨੇ ਜਬਿ, ਨ੍ਰਿਪ ਹੋਤਿ ਅਧੀਰ॥੧੦॥

ਪੁੱਤਰ ਨੂੰ ਇਸ ਤਰ੍ਹਾਂ ਕਹਿ ਕੇ ਪਾਲਕੀ ਉੱਪਰ ਚੜ੍ਹਾ ਦਿੱਤਾ। ਹਿਰਦੇ ਵਿਚ ਬਹੁਤ ਡਰਦੇ ਹੋਏ ਰਾਹੇ-ਰਾਹ ਭੇਜਿਆ। ਇਕ ਦੋ ਸੇਵਕ ਤੇ ਨਾਲ ਵਜ਼ੀਰ ਸੀ, ਜਦ ਉਹ ਚਲੇ ਗਏ ਤਾਂ ਰਾਜਾ ਧੀਰਜ ਰਹਿਤ ਹੋ ਗਿਆ॥੧੦॥

ਸਨੇ ਸਨੇ ਸਨਮੁਖ ਜਬਿ ਗਏ। ਗੁਰ ਦਲ ਕੇ ਸਮੀਪ ਜਬਿ ਭਏ।
ਦੇਖਤਿ ਜਾਨਜੋਂ ਰਿਪੁ ਦਲ ਆਯੋ। ਚਢੇ ਤੁਰੰਗਨ ਉਰ ਉਮਗਾਯੋ॥ ੧੧॥

ਹੌਲੀ-ਹੌਲੀ ਜਦ ਗੁਰੂ ਜੀ ਦੇ ਸਾਹਮਣੇ ਗਏ ਤਾਂ ਗੁਰੂ ਜੀ ਦੇ ਦਲ ਦੇ ਜਦ ਨੇੜੇ ਹੋ ਗਏ, ਉਨ੍ਹਾਂ ਇਹ ਵੇਖ ਕੇ ਜਾਣਿਆ ਕਿ ਵੈਰੀ ਦਾ ਦਲ ਆਇਆ ਹੈ ਤਾਂ ਘੋੜਿਆਂ 'ਤੇ ਚੜ੍ਹ ਕੇ ਹਿਰਦੇ ਬੜੇ ਉਤਸ਼ਾਹ ਨਾਲ ਭਰ ਗਏ॥੧੧॥

ਤਜਾਰ ਤੁਫੰਗਨ ਕਰਤਿ ਧਵਾਏ। ਭੀਮਚੰਦ ਨੰਦਨ ਪਿਖਿ ਜਾਏ।
ਬਿਨਾ ਬਾਹਿਨੀ ਕੇ ਚਲਿ ਆਯੋ। ਘੇਰ ਲਿਯੋ ਨਿਜ ਅੱਗ੍ਰ ਚਲਾਯੋ॥ ੧੨॥

ਬੰਦੂਕਾਂ ਤਿਆਰ ਕਰਕੇ ਘੋੜੇ ਭਜਾਏ ਤੇ ਜਾ ਕੇ ਭੀਮ ਚੰਦ ਦੇ ਪੁੱਤਰ ਨੂੰ ਵੇਖਿਆ। ਵਾਹਣਾਂ ਤੋਂ ਬਗੈਰ ਹੀ ਚਲ ਕੇ ਆ ਰਿਹਾ ਸੀ ਤੇ ਉਨ੍ਹਾਂ ਨੇ ਘੇਰ ਕੇ ਆਪਣੇ ਅੱਗੇ ਲਾ ਲਿਆ॥੧੨॥

ਸਹਿਤ ਵਜ਼ੀਰ ਤਹਾਂ ਪਹੁੰਚਾਏ। ਜਹਿਂ ਸਤਿਗੁਰ ਕੋ ਪੌਰ ਸੁਹਾਏ।
ਦ੍ਵਾਰਪਾਲ ਸੁਧਿ ਜਾਇ ਸੁਨਾਈ। 'ਨ੍ਰਿਪ ਸੁਤ ਕੋ ਸੈਨਾ ਗਹਿ ਲਜਾਈ॥੧੩॥

ਵਜ਼ੀਰ ਸਹਿਤ ਉਥੇ ਪਹੁੰਚਾ ਦਿੱਤਾ, ਜਿੱਥੇ ਸਤਿਗੁਰੂ ਜੀ ਦਾ ਮੁਖ ਦਵਾਰ ਸ਼ੋਭ ਰਿਹਾ ਸੀ। ਦਵਾਰਪਾਲ ਨੇ ਜਾ ਕੇ ਗੁਰੂ ਜੀ ਨੂੰ ਖ਼ਬਰ ਦੇ ਦਿੱਤੀ, "ਰਾਜੇ ਦੇ ਪੁੱਤਰ ਨੂੰ ਸੈਨਾ ਫੜ ਕੇ ਲੈ ਆਈ ਹੈ॥੧੩॥

ਜਾਤਿ ਹੁਤੋ ਹਿਤ ਬਜਾਹ ਅਗਾਰੀ। ਸਚਿਵ ਏਕ ਦੁਇ ਨਰ ਸੰਗ ਧਾਰੀ।
ਡਰਿ ਧਰਿ ਕਰਿ ਸਗਰੇ ਮਹਿਪਾਲਾ। ਸੈਨ ਸਮੇਤ ਸਮਾਜ ਬਿਸਾਲਾ॥ ੧੪॥

ਵਿਆਹ ਵਾਸਤੇ ਅੱਗੇ ਜਾ ਰਿਹਾ ਸੀ, ਨਾਲ ਵਜ਼ੀਰ ਹੈ ਤੇ ਇਕ ਦੋ ਹੋਰ ਮਨੁੱਖ ਹਨ। ਸਾਰੇ ਰਾਜਿਆਂ ਨੇ ਡਰ ਧਾਰ ਕੇ ਸੈਨਾ ਸਮੇਤ ਜਿਹੜਾ ਹੋਰ ਵੱਡਾ ਮੇਲ ਸੀ॥੧੪॥

ਅਪਰ ਪੰਥ ਕੋ ਸੋ ਚਲਿ ਗਏ। ਦੂਲਹੁ ਮੰਤ੍ਰੀ ਇਤ ਕੋ ਅਏ'।
ਸੁਨਿ ਸਤਿਗੁਰ ਸੋ ਨਿਕਟਿ ਹਕਾਰਾ। ਭਏ ਨੰਮ੍ਰਿ ਜਬਿ ਦਰਸ ਨਿਹਾਰਾ॥੧੫॥

ਉਹ ਦੂਸਰੇ ਰਸਤੇ ਚਲੇ ਗਏ ਹਨ। ਦੂਲ੍ਹਾ ਤੇ ਮੰਤਰੀ ਇਸ ਪਾਸੇ ਆਏ ਹਨ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪਾਸ ਬੁਲਾਇਆ, ਜਦ ਰਾਜੇ ਦੇ ਪੁੱਤਰ ਅਤੇ ਵਜ਼ੀਰ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਬਹੁਤ ਸਨਿੰਮਰ ਹੋ ਗਏ॥੧੫॥

ਹਾਥ ਜੋਰਿ ਠਾਂਢੇ ਹੁਇ ਰਹੇ। ਸ਼੍ਰੀ ਮੁਖ ਤੇ ਬਿਗਸਤਿ ਬਚ ਕਹੇ।
'ਕਹੁ ਬਾਲਿਕ ! ਤੁਝ ਕਰਿ ਹੈਂ ਕੈਦ। ਕਿਮ ਛੂਟਨਿ ਕੀ ਧਰਹਿਂ ਉਮੈਦ ? ॥੧੬॥

ਹੱਥ ਜੋੜ ਕੇ ਖੜੇ ਰਹੇ, ਗੁਰੂ ਜੀ ਮੁਖ ਤੋਂ ਮੁਸਕਰਾ ਕੇ ਬਚਨ ਕੀਤਾ, "ਹੇ ਬਾਲਕ ! ਕਹੋ, ਜੇ ਤੈਨੂੰ ਕੈਦ ਕਰ ਲਈਏ ਤਾਂ ਫਿਰ ਛੁਟਕਾਰੇ ਦੀ ਕਿਵੇਂ ਉਮੀਦ ਧਾਰਨ ਕਰੇਂਗਾ ? ॥੧੬॥

ਤੋਰ ਪਿਤਾ ਹੈ ਸ਼ੱਤ੍ਰ ਹਮਾਰਾ। ਸਾਧ ਲੇਹਿਂ ਨਿਜ ਬੈਰ ਉਦਾਰਾ ?।
ਲਾਖਹੁਂ ਧਨ ਇਸ ਥਾਨ ਅਨਾਵੈਂ। ਤੁਮ ਸੋਂ ਕਰਹਿਂ ਜਥਾ ਮਨ ਭਾਵੈ॥੧੭॥

ਤੇਰੇ ਪਿਤਾ ਜੀ ਸਾਡੇ ਵੈਰੀ ਹਨ, ਉਸ ਪਾਸੋਂ ਆਪਣਾ ਵੈਰ ਕੱਢ ਲਈਏ ? ਲੱਖਾਂ ਦਾ ਧਨ ਇਸ ਥਾਂ ਮੰਗਵਾਈਏ, ਤੇਰੇ ਨਾਲ ਉਸ ਤਰ੍ਹਾਂ ਕਰੀਏ ਜਿਵੇਂ ਸਾਡੇ ਮਨ ਨੂੰ ਚੰਗਾ ਲੱਗੇ" ॥੧੭॥

ਜੋਰਤਿ ਹਾਥ ਵਜ਼ੀਰ ਉਚਾਰੇ। 'ਨ੍ਰਿਪ ਸੁਤ ਆਯੋ ਸ਼ਰਨਿ ਤੁਮਾਰੇ।
ਜੇਤਿਕ ਰਾਜ ਸਮਾਜ ਘਨੇਰਾ। ਸਗਰੋ ਬਖਸ਼ਜੋ ਰਾਵਰ ਕੇਰਾ॥ ੧੮॥

ਹੱਥ ਜੋੜ ਕੇ ਵਜ਼ੀਰ ਨੇ ਕਿਹਾ, 'ਰਾਜੇ ਦਾ ਪੁੱਤਰ ਤੁਹਾਡੀ ਸ਼ਰਨ ਆਇਆ ਹੈ। ਜਿੰਨਾਂ ਵੀ ਵੱਡਾ ਰਾਜ ਸਮਾਜ ਹੈ, ਉਹ ਸਾਰਾ ਆਪ ਜੀ ਦਾ ਹੀ ਬਖਸ਼ਿਆ ਹੋਇਆ ਹੈ॥੧੮॥

**ਮੈਂ ਤੁਮਰੋ ਜਬਿ ਕਹਯੋ ਬਖਾਨਯੋ। ਤਤਛਿਨ ਭੀਮਚੰਦ ਨ੍ਰਿਪ ਮਾਨਯੋ।**
**ਗਯੋ ਅਪਰ ਮਗ ਕੌ ਕਰਿ ਕੂਚ। ਬ੍ਯਾਹ ਸਮੈ ਨਹਿਂ ਪੁੱਤ੍ਰ ਪਹੂਚਿ॥ ੧੯॥**

ਮੈਂ ਜਦ ਤੁਹਾਡਾ ਕਿਹਾ ਹੋਇਆ ਰਾਜੇ ਨੂੰ ਸੁਣਾਇਆ ਤਾਂ ਭੀਮ ਚੰਦ ਤੁਰਤ ਉਸ ਗੱਲ ਨੂੰ ਮੰਨ ਗਿਆ। ਉਹ ਦੂਸਰੇ ਰਸਤੇ ਕੂਚ ਕਰ ਗਿਆ ਹੈ, ਵਿਆਹ ਦੇ ਸਮੇਂ ਪੁੱਤਰ ਨਹੀਂ ਸੀ ਪਹੁੰਚ ਸਕਦਾ॥੧੯॥

**ਯਾਂ ਤੇ ਇਸ ਮਗ ਕਰਯੋ ਪਠਾਵਨਿ। ਤੁਮ ਆਗੇ ਕਰਿ ਸੀਸ ਨਿਵਾਵਨਿ।**
**ਬਿਰਦ ਕ੍ਰਿਪਾਲ ਆਪ ਕੋ ਸੁਨਯੋ। ਗਿਰਪਤਿ ਕਛੂ ਨ ਮਨ ਮਹਿਂ ਗੁਨਯੋ॥੨੦॥**

ਇਸ ਕਰਕੇ ਉਸ ਨੂੰ ਇਸ ਰਸਤੇ ਭੇਜਿਆ ਹੈ, ਤੁਹਾਡੇ ਅੱਗੇ ਮੱਥਾ ਟੇਕਣ ਆਇਆ ਹੈ। ਆਪ ਜੀ ਦੇ ਕ੍ਰਿਪਾਲੂ ਬਿਰਦ ਬਾਰੇ ਸੁਣਿਆ ਹੈ, ਪਹਾੜੀ ਰਾਜੇ ਨੇ ਮਨ ਵਿਚ ਕੁਝ ਵੀ ਨਹੀਂ ਵਿਚਾਰਿਆ ਹੈ॥੨੦॥

**ਨਹੀਂ ਸੰਦੇਹ ਆਪ ਤੇ ਠਾਨਾ। ਪ੍ਰਿਯ ਸੁਤ ਕੋ ਇਤ ਕੀਨਿ ਪਯਾਨਾ।**
**ਕਹਯੋ ਜਥਾ ਨੰਦਨ ਇਹ ਮੇਰੋ। ਤਿਸ ਬਿਧਿ ਹੀ ਕਲਗੀਧਰ ਕੇਰੋ॥ ੨੧॥**

ਆਪ ਉੱਤੇ ਕੋਈ ਸੰਦੇਹ ਨਹੀਂ ਕੀਤਾ ਹੈ, ਪਿਆਰੇ ਪੁੱਤਰ ਨੂੰ ਏਧਰ ਭੇਜ ਦਿੱਤਾ ਹੈ। ਇਸ ਤਰ੍ਹਾਂ ਕਿਹਾ ਹੈ, "ਜਿਵੇਂ ਇਹ ਮੇਰਾ ਪੁੱਤਰ ਹੈ, ਉਸ ਤਰ੍ਹਾਂ ਕਲਗੀਧਰ ਜੀ ਦਾ ਪੁੱਤਰ ਹੈ॥੨੧॥

**ਜੇ ਇਸ ਪੰਥ ਨ ਪਠਵਤਿ ਪੂਤੰ। ਹੋਤਿ ਬ੍ਯਾਹ ਕੋ ਮਹਾਂ ਕੁਸੂਤੰ।**
**ਜਾਇ ਸਮੈ ਤਿਸ ਲੇ ਅਬਿ ਫੇਰੇ। ਬਿਨ ਬਰਾਤ ਭਾ ਬਿਘਨ ਬਡੇਰੇ' ॥ ੨੨॥**

ਜੇ ਇਸ ਰਾਹ ਪੁੱਤਰ ਨੂੰ ਨਾ ਭੇਜਦੇ ਤਾਂ ਵਿਆਹ ਦਾ ਕਾਰਜ ਬੜਾ ਕਸੂਤਾ ਹੋ ਜਾਂਦਾ, ਉਹ ਹੁਣ ਸਮੇਂ ਸਿਰ ਜਾ ਕੇ ਫੇਰੇ ਲੈ ਲਵੇਗਾ। ਬਰਾਤ ਤੋਂ ਬਗੈਰ ਵੱਡਾ ਵਿਘਨ ਖੜਾ ਹੋਇਆ ਹੈ" ॥੨੨॥

**ਸੁਨਿ ਬਿਨਤੀ ਕੋ ਪ੍ਰਭੁ ਗਹੀਰੰ। ਹੇਰਯੋ ਜੋਰਤਿ ਹਾਥ ਵਜ਼ੀਰੰ।**
**ਨ੍ਰਿਪ ਸੁਤ ਜਥਾ ਨੰਮ੍ਰਿ ਹੁਇ ਰਹਯੋ। ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹਯੋ॥੨੩॥**

ਉਸ ਦੀ ਬੇਨਤੀ ਸੁਣ ਗੁਰੂ ਜੀ ਨੇ ਵਜ਼ੀਰ ਨੂੰ ਹੱਥ ਜੋੜਦੇ ਨੂੰ ਵੇਖਿਆ। ਰਾਜੇ ਦਾ ਪੁੱਤਰ ਵੀ ਪਹਿਲਾਂ ਵਾਂਗ ਸਨਿਮਰ ਹੋਇਆ ਰਿਹਾ। ਫਿਰ ਕਿਰਪਾ-ਨਿਧਾਨ ਗੁਰੂ ਜੀ ਨੇ ਕਿਰਪਾ ਕਰਕੇ ਕਿਹਾ॥੨੩॥

**'ਭੀਮਚੰਦ ਦ੍ਰੋਹੀ ਜਿਮ ਝੂਠਾ। ਤਿਮ ਜੇ ਕਰਤੇ ਫਿਰਤਿ ਅਪੂਠਾ।**
**ਗਹਿ ਅਬਿ ਲੇਤਿ ਕਰਤਿ ਜਿਮ ਕਾਂਖਾ। ਕਹਾਂ ਹੋਤਿ ਮਗ ਦੁਤਿਯੇ ਨਾਖਾ॥੨੪॥**

"ਭੀਮ ਚੰਦ ਜਿਵੇਂ ਧ੍ਰੋਹੀ ਅਤੇ ਝੂਠਾ ਹੈ, ਉਸ ਤਰ੍ਹਾਂ ਜੇ ਅਸੀਂ ਵੀ ਉਸੇ ਤਰ੍ਹਾਂ ਦਾ ਸਲੂਕ ਕਰਦੇ ਤਾਂ ਹੇ ਵਜ਼ੀਰ! ਤੈਨੂੰ ਪੁੱਠਾ ਮੁੜਨਾ ਪੈਂਦਾ ਤੇ ਟਿੱਕੇ ਨੂੰ ਫੜ ਲੈਂਦੇ ਤੇ ਜੋ ਜੀਅ ਆਉਂਦੀ ਕਰਦੇ। ਫਿਰ ਦੂਸਰੇ ਰਸਤੇ ਰਾਜਿਆਂ ਅਤੇ ਸੈਨਾ ਲੰਘਣ ਦਾ ਕੀ ਗੁਣ ਹੁੰਦਾ॥੨੪॥

**ਬਿਨ ਦੂਲੋ ਤੇ ਨਿਫਲ ਸਮਾਜਾ। ਕਹਿਤੇ ਕਹਾਂ, ਮੇਲ ਗਨ ਰਾਜਾ।**
**ਜਾਹੁ ਅਬਹਿ ਹਮ ਛੋਰਨਿ ਕਰਯੋ। ਨ੍ਰਿਪ ਕਰਤਬ ਕੋ ਉਰ ਨਹਿਂ ਧਰਯੋ' ॥੨੫॥**

ਦੂਲ੍ਹੇ ਦੇ ਪਹੁੰਚਣ ਤੋਂ ਬਗੈਰ ਸਾਰਾ ਸਮਾਜ ਸ੍ਰੀ ਨਗਰ ਪਹੁੰਚ ਕੇ ਨਿਸ਼ਫਲ ਰਹਿੰਦਾ। ਉਥੇ ਫਿਰ ਸਾਰੇ ਰਾਜਿਆਂ ਦਾ ਮੇਲ ਕੀ ਕਹਿੰਦਾ। ਜਾਓ ਹੁਣ ਅਸੀਂ ਤੁਹਾਨੂੰ ਛੱਡਿਆ, ਰਾਜੇ ਦੇ ਕਪਟੀ ਕਰਮ ਨੂੰ ਆਪਣੇ ਹਿਰਦੇ ਵਿਚ ਨਹੀਂ ਧਾਰਨ ਕੀਤਾ ਹੈ" ॥੨੫॥

ਸੁਨਤਿ ਵਜ਼ੀਰ ਆਦਿ ਹਰਖਾਏ। ਬਾਰਿ ਬਾਰਿ ਬੰਦਹਿੰ ਕਰ ਪਾਏ।
'ਧੰਨ ਧੰਨ ਗੁਰ' ਕੋ ਕਹਿ ਚਾਲੇ। ਮਨਹੁ ਮ੍ਰਿਤਕ ਕਰਿ ਕ੍ਰਿਪਾ ਜਿਵਾਲੇ॥੨੬॥

ਇਹ ਸੁਣ ਕੇ ਵਜ਼ੀਰ ਆਦਿ ਪ੍ਰਸੰਨ ਹੋ ਗਏ, ਬਾਰ-ਬਾਰ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ, ਤੇ "ਧੰਨ ਧੰਨ ਗੁਰੂ ਜੀ" ਕਹਿ ਕੇ ਚਲ ਪਏ, ਮਾਨੋ ਮਾਰ ਕੇ ਕਿਰਪਾ ਕਰਕੇ ਜੀਉਂਦੇ ਕਰ ਦਿੱਤੇ ਸਨ॥੨੬॥

ਸ੍ਰੀ ਜਮਨਾ ਜਲ ਉਤਰੇ ਪਾਰ। ਗਮਨੇ ਪੰਥ ਸ਼ੀਘ੍ਰਤਾ ਧਾਰਿ।
ਗਏ ਉਲੰਘਿ ਕੈ ਗਿਰ ਬਨ ਦੇਸ਼। ਪਹੁੰਚੇ ਪੁਰਿ ਸ੍ਰੀ ਨਗਰ ਬਿਸ਼ੇਸ਼॥੨੭॥

ਜਮਨਾ ਨਦੀ ਦੇ ਪਾਣੀ ਨੂੰ ਲੰਘ ਕੇ ਪਾਰ ਜਾ ਉਤਾਰਾ ਕੀਤਾ ਤੇ ਸ਼ੀਘਰਤਾ ਧਾਰ ਕੇ ਅੱਗੇ ਚਲ ਪਏ। ਕਈ ਪਹਾੜਾਂ ਅਤੇ ਜੰਗਲਾਂ ਨਾਲ ਭਰੇ ਦੇਸ਼ ਲੰਘੇ ਤੇ ਵਿਸ਼ੇਸ਼ ਸ੍ਰੀ ਨਗਰ ਵਿਚ ਜਾ ਪਹੁੰਚੇ॥੨੭॥

ਫਤੇਸ਼ਾਹ ਠਾਨਤਿ ਸਭਿ ਤਯਾਰੀ। ਰਿਦੈ ਪ੍ਰਤੀਖ ਬ੍ਰਾਤ ਹੁਇ ਭਾਰੀ।
ਦੁੰਦਭਿ ਆਦਿ ਬਜੇ ਬਹੁ ਬਾਜੇ। ਐਹੈਂ ਗਨ ਸੈਲਨਿ ਕੇ ਰਾਜੇ॥੨੮॥

ਰਾਜੇ ਫ਼ਤਹਿ ਸ਼ਾਹ ਨੇ ਸਾਰੀ ਤਿਆਰੀ ਕੀਤੀ ਸੀ, ਹਿਰਦੇ ਵਿਚ ਇੰਤਜ਼ਾਰ ਕਰ ਰਿਹਾ ਸੀ ਕਿ ਬਰਾਤ ਬਹੁਤ ਵੱਡੀ ਹੋਵੇਗੀ। ਨਗਾਰੇ ਆਦਿ ਬਹੁਤ ਵਾਜੇ ਵੱਜਣਗੇ, ਪਹਾੜਾਂ ਦੇ ਬਹੁਤ ਰਾਜੇ ਆਉਣਗੇ॥੨੮॥

ਉਤਸਵ ਕੌ ਚਿਤਵਤਿ ਬਹੁ ਭਾਂਤੀ। ਅਧਿਕ ਮੇਲ ਯੁਤਿ ਸੀਤਲ ਛਾਤੀ।
ਇਤਨੇ ਬਿਖੈ ਵਜ਼ੀਰ ਪਹੂੰਚਾ। ਦੇਖਯੋ ਸਭਾ ਥਿਰਯੋ ਸਭਿ ਊਚਾ॥੨੯॥

ਉਤਸਵ ਬਾਰੇ ਬਹੁਤ ਪ੍ਰਕਾਰ ਵਿਚਾਰ ਰਿਹਾ ਸੀ, ਅਧਿਕ ਮੇਲ ਸਹਿਤ ਬਰਾਤ ਵੇਖ ਕੇ ਛਾਤੀ ਵਿਚ ਠੰਡ ਪੈ ਜਾਵੇਗੀ ਏਨੇ ਵਿਚ ਭੀਮ ਚੰਦ ਦਾ ਵਜ਼ੀਰ ਪਹੁੰਚ ਗਿਆ। ਵਜ਼ੀਰ ਨੇ ਵੇਖਿਆ ਫਤਹਿ ਸ਼ਾਹ ਸਭ ਤੋਂ ਉੱਚਾ ਸਭਾ ਵਿਚ ਬੈਠਾ ਹੋਇਆ ਹੈ॥੨੯॥

ਸਮਧੀ ਕੌ ਪਰਧਾਨ ਨਿਹਾਰਯੋ। ਨਮੋ ਕਰਤਿ ਕਹੁ ਬਹੁ ਸਤਿਕਾਰਯੋ।
'ਕਹੁ ਸੁਧ ਕਿਤ ਬਰਾਤ ਸਮੁਦਾਈ ? ਮਾਨਵ ਪਠਯੋ ਨ ਕੋ ਅਗੁਵਾਈ ?'॥੩੦॥

ਆਪਣੇ ਕੁੜਮ ਦਾ ਵਜ਼ੀਰ ਵੇਖਿਆ, ਨਮਸਕਾਰ ਕਰਕੇ ਬਹੁਤ ਸਤਿਕਾਰਿਆ ਤੇ ਕਿਹਾ, "ਇਹ ਦੱਸੋ, ਸਾਰੀ ਬਰਾਤ ਕਿੱਥੇ ਹੈ ? ਕਿਸੇ ਮਨੁੱਖ ਨੂੰ ਵੀ ਪਹਿਲਾਂ ਨਹੀਂ ਭੇਜਿਆ ਹੈ ?॥੩੦॥

ਸੁਨਿ ਵਜ਼ੀਰ ਸਭਿ ਗਾਥਾ ਕਹੀ। 'ਨਿਕਟਿ ਬਰਾਤ ਪਹੂੰਚਤਿ ਨਹੀਂ।
ਪਰਯੋ ਪੰਥ ਮਹਿਂ ਬਿਘਨ ਬਿਸਾਲਾ। ਕਲਗ਼ੀਧਰ ਰੋਕੇ ਨ੍ਰਿਪ ਜਾਲਾ॥੩੧॥

ਇਹ ਸੁਣ ਕੇ ਵਜ਼ੀਰ ਨੇ ਸਾਰੀ ਗਾਥਾ ਕਹੀ, "ਸਾਹੇ ਦੇ ਨੇੜੇ ਬਰਾਤ ਨਹੀਂ ਪਹੁੰਚ ਸਕਦੀ। ਰਾਹ ਵਿਚ ਵੱਡਾ ਵਿਘਨ ਪਿਆ ਹੈ। ਕਲਗ਼ੀਧਰ ਜੀ ਨੇ ਰਾਜਿਆਂ ਦੇ ਸਮੂਹ ਨੂੰ ਰੋਕਿਆ ਹੈ॥੩੧॥

ਇਕ ਨਰ ਭੀ ਨਹਿਂ ਉਲੰਘਨਿ ਦੀਨੋ। ਦ੍ਵੈਸ਼ ਗਿਰੇਸ਼ਨ ਸਿਮਰਨ ਕੀਨੋ।
ਦੀਨ ਹੋਇ ਹਮ ਬੈਨ ਬਖਾਨਯੋਂ। ਨੀਠ ਨੀਠ ਕਰਿ ਦੂਲਹੁ ਆਨਯੋਂ॥੩੨॥

ਇਕ ਮਨੁੱਖ ਨੂੰ ਵੀ ਨਹੀਂ ਲੰਘਣ ਦਿੱਤਾ, ਪਹਾੜੀ ਰਾਜਿਆਂ ਦੀ ਈਰਖਾ ਨੂੰ ਯਾਦ ਕੀਤਾ ਹੈ। ਦੀਨ ਹੋ ਕੇ ਅਸੀਂ ਬੇਨਤੀ ਕੀਤੀ ਸੀ ਤੇ ਮਸਾਂ-ਮਸਾਂ ਦੂਲ੍ਹੇ ਨੂੰ ਲੈ ਕੇ ਆਏ ਹਾਂ॥੩੨॥

ਸਾਹਾ ਸਮੈ ਨ ਟਰਿ ਕਰਿ ਜਾਈ। ਯਾਂਤੇ ਪਹੁੰਚਯੋ ਠਾਨਿ ਉਪਾਈ।
ਵਹਿਰ ਜਮਾਤਾ ਬੈਠਯੋ ਆਇ। ਸਾਦਰ ਆਨਹੁ ਸ਼ਗਨ ਮਨਾਇ॥੩੩॥

ਸਾਹੇ ਦਾ ਸਮਾਂ ਨਾ ਲੰਘ ਜਾਵੇ, ਇਸ ਕਰਕੇ ਸਮੇਂ ਸਿਰ ਪਹੁੰਚਣ ਦਾ ਯਤਨ ਕੀਤਾ ਹੈ। ਬਾਹਰ ਜਵਾਈ ਆ ਕੇ ਬੈਠਾ ਹੈ, ਸ਼ਗਨ ਮਨਾ ਕੇ ਆਦਰ ਨਾਲ ਲੈ ਕੇ ਆਵੋ॥੩੩॥

**ਸਭਿ ਗਿਰਨਾਥ ਬਰਾਤ ਬਡੇਰੀ। ਗਏ ਦੂਸਰੇ ਮਾਰਗ ਹੇਰੀ।**
**ਕੇਤਿਕ ਦਿਨ ਮਹਿਂ ਪਹੁਚਹਿਂ ਆਈ। ਤਬਿ ਕੀਜਹਿ ਜੈਸੇ ਮਨ ਭਾਈ' ॥੩੪॥**

ਸਾਰੇ ਪਹਾੜੀ ਰਾਜੇ ਇਕੱਠੇ ਹੋਏ ਹਨ ਤੇ ਬਹੁਤ ਵੱਡੀ ਬਰਾਤ ਹੈ ਉਹ ਦੂਸਰੇ ਰਸਤੇ ਰਾਹੀਂ ਆ ਰਹੇ ਹਨ। ਕਈ ਦਿਨਾਂ ਵਿਚ ਆ ਕੇ ਪਹੁੰਚਣਗੇ, ਫਿਰ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਭਾਉਂਦੀ ਹੈ" ॥੩੪॥

**ਫਤੇਸ਼ਾਹ ਸੁਨਿ ਦਹਿਲਜੋ ਐਸੇ। ਸੁਖ ਤੇ ਖਿਰਜੋ ਚੋਟ ਲਗਿ ਜੈਸੇ।**
**ਬਿਘਨ ਬਜਾਹ ਮਹਿਂ ਜਾਨਜੋ ਹੋਵਾ। ਅਪਨੇ ਸਚਿਵਨਿ ਕੀ ਦਿਸ਼ਿ ਜੋਵਾ ॥੩੫॥**

ਫਤਹਿ ਸ਼ਾਹ ਇਹ ਸੁਣ ਕੇ ਇਸ ਤਰ੍ਹਾਂ ਡਰ ਗਿਆ, ਜਿਵੇਂ ਸੁਖ ਨਾਲ ਬੈਠੇ ਨੂੰ ਸੱਟ ਲੱਗ ਗਈ ਹੋਵੇ। ਇਹ ਜਾਣਿਆ ਕਿ ਵਿਆਹ ਵਿਚ ਵਿਘਨ ਪਿਆ ਹੈ। ਫਿਰ ਉਸ ਆਪਣੇ ਵਜ਼ੀਰਾਂ ਵਲ ਵੇਖਿਆ॥੩੫॥

**ਕਹਜੋ 'ਜਾਹੁ ਸਭਿ ਦੂਲਹੁ ਪਾਸ। ਆਨਹੁ ਕਰਿ ਸਨਮਾਨ ਅਵਾਸ।**
**ਤਜਾਰੀ ਅਪਰ ਸਕਲ ਠਹਿਰਾਵਹੁ। ਜਬਿ ਨ੍ਰਿਪ ਆਵਹਿਂ ਤਬਹਿ ਸਜਾਵਹੁ' ॥੩੬॥**

ਉਨ੍ਹਾਂ ਨੂੰ ਕਿਹਾ, "ਸਾਰੇ ਦੂਲ੍ਹੇ ਪਾਸ ਜਾਵੋ ਤੇ ਸਨਮਾਨ ਕਰਕੇ ਉਸ ਨੂੰ ਆਪਣੇ ਘਰ ਲਿਆਵੋ। ਹੋਰ ਸਾਰੀ ਤਿਆਰੀ ਕਰਵਾਓ, ਜਦ ਰਾਜੇ ਆਉਣ ਤਦ ਤਿਆਰੀ ਕਰਵਾਓ" ॥੩੬॥

**ਸੁਨਿ ਕੈ ਸਭਿਹਿਨ ਮਨ ਮੁਰਝਾਯੋ। ਅੰਤਹਿਪੁਰ ਆਦਿਕ ਬਿਸਮਾਯੋ।**
**ਤੂਰਨ ਗਮਨੇ ਦੂਲਹੁ ਆਨਜੋਂ। ਸੁੰਦਰ ਸਦਨ ਬਾਸ ਕੌ ਠਾਨਜੋਂ॥ ੩੭॥**

ਇਹ ਸੁਣ ਕੇ ਸਾਰਿਆਂ ਦੇ ਮਨ ਮੁਰਝਾ ਗਏ। ਘਰ ਦੇ ਅੰਦਰਲੇ ਭਾਗ ਵਿਚ ਰਹਿਣ ਵਾਲੀਆਂ ਇਸਤਰੀਆਂ ਬਹੁਤ ਹੈਰਾਨ ਹੋਈਆਂ। ਤੁਰਤ ਜਾ ਕੇ ਦੂਲ੍ਹੇ ਨੂੰ ਲੈ ਕੇ ਆਏ ਤੇ ਸੁੰਦਰ ਸਦਨ ਵਿਚ ਉਸ ਦਾ ਵਾਸਾ ਕਰ ਦਿੱਤਾ॥੩੭॥

**ਪਾਨ ਗ੍ਰਹਨ ਕੋ ਸਮੈ ਬਿਚਾਰਾ। ਨ੍ਰਿਪ ਸੁਤ ਫੇਰੇ ਫਿਰਿ ਤਿਸ ਬਾਰਾ।**
**ਫਤੇਸ਼ਾਹ ਕੁਲਰੀਤਿ ਕਰਾਈ। ਜਥਾ ਬ੍ਰਿਧਨਿ ਅਰੁ ਬਿੱਪ੍ਰ ਬਤਾਈ॥ ੩੮॥**

ਫਿਰ ਪਾਨ ਗ੍ਰਹਿਣ ਦਾ ਸਮਾਂ ਵਿਚਾਰਿਆ ਤੇ ਰਾਜੇ ਦੇ ਪੁੱਤਰ ਦੇ ਫੇਰੇ ਹੋਏ। ਰਾਜੇ ਫਤਹਿ ਸ਼ਾਹ ਨੇ ਕੁੱਲ ਦੀ ਰੀਤ. ਕਰਾਈ ਜਿਵੇਂ ਬਜ਼ੁਰਗਾਂ ਅਤੇ ਬ੍ਰਾਹਮਣਾਂ ਨੇ ਦੱਸਿਆ॥੩੮॥

**ਲੇਨਿ ਦੇਨਿ ਜੇਤਿਕ ਬਿਧਿ ਚੀਨੋ। ਫਤੇਸ਼ਾਹ ਦੁਹੁੰ ਦਿਸ਼ਿ ਕੋ ਕੀਨੋ।**
**ਪੁਨ ਅਪਨੇ ਘਰ ਰਾਖਤਿ ਭਯੋ। ਗੁਰੂ ਕਰਮ ਕੋ ਚਿਤਵਨਿ ਕਿਯੋ॥ ੩੯॥**

ਲੈਣ ਦੇਣ ਜਿਸ ਵਿਧੀ ਨਾਲ ਸਮਝਿਆ, ਫਤਹਿ ਸ਼ਾਹ ਨੇ ਦੋਹਾਂ ਪਾਸਿਆਂ ਦਾ ਕੀਤਾ। ਫਿਰ ਆਪਣੇ ਘਰ ਰੱਖ ਲਿਆ। ਗੁਰੂ ਜੀ ਦੇ ਕਰਮ ਬਾਰੇ ਸੋਚਿਆ॥੩੯॥

**ਸਮਧੀ ਸਹਿਤ ਬਰਾਤ ਗਿਰੇਸ਼ਾ। ਕਰਤਿ ਪ੍ਰਤੀਖਨ ਰਹਿਤ ਹਮੇਸ਼ਾ।**
**ਨੰਦ ਚੰਦ ਗੁਰ ਪ੍ਰੋਹਤ ਦੋਊ। ਸੁਨਜੋਂ ਪ੍ਰਸੰਗ ਕਿਸੇ ਤੇ ਸੋਊ॥ ੪੦॥**

ਕੁੜਮ ਸਹਿਤ ਪਹਾੜੀ ਰਾਜਿਆਂ ਦੀ ਬਰਾਤ ਬਾਰੇ ਸਦਾ ਇੰਤਜ਼ਾਰ ਕਰਦਾ ਰਹਿੰਦਾ ਸੀ। ਨੰਦ ਚੰਦ ਅਤੇ ਗੁਰੂ ਜੀ ਦਾ ਪ੍ਰੋਹਿਤ ਦਇਆ ਰਾਮ ਦੋਵਾਂ ਨੇ ਕਿਸੇ ਪਾਸੋਂ ਭੀਮ ਚੰਦ ਬਾਰੇ ਪ੍ਰਸੰਗ ਸੁਣਿਆ॥੪੦॥

'ਬਧਜੋ ਬਖੇਰਾ' ਰਿਦੇ ਬਿਚਾਰਾ। ਇਕ ਦਿਨ ਗਏ ਭੂਪ ਕੇ ਦ੍ਵਾਰਾ।
ਸਾਦਰ ਅਪਨੇ ਨਿਕਟਿ ਬਿਠਾਏ। ਦਯਾਰਾਮ ਕਹਿ ਬਾਕ ਸੁਨਾਏ॥ ੪੧॥

ਉਨ੍ਹਾਂ ਨੇ ਹਿਰਦੇ ਵਿਚ ਵਿਚਾਰਿਆ, ਬਿਖੇੜਾ ਬੜਾ ਵੱਧਿਆ ਹੈ ਤਾਂ ਉਹ ਇਕ ਦਿਨ ਰਾਜੇ ਦੇ ਦਵਾਰ 'ਤੇ ਗਏ। ਰਾਜੇ ਨੇ ਬੜੇ ਆਦਰ ਨਾਲ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ ਤੇ ਦੀਇਆ ਰਾਮ ਨੇ ਕਹਿ ਕੇ ਵਾਕ ਸੁਣਾਇਆ॥੪੧॥

'ਪਠਜੋ ਤੰਬੋਲ ਗੁਰੂ ਪ੍ਰਭੁ ਜੋਈ। ਲੀਜਹਿ ਆਪ ਹਮਹੁਂ ਤੇ ਸੋਈ।
ਬਹੁ ਦਿਨ ਭਏ ਇਹਾਂ ਚਲਿ ਆਏ। ਦੇ ਕਰਿ ਤੁਮ ਕੋ ਚਹਤਿ ਸਿਧਾਏ॥੪੨॥

"ਗੁਰੂ ਪ੍ਰਭੂ ਜੀ ਨੇ ਜਿਹੜਾ ਤੰਬੋਲ ਭੇਜਿਆ ਹੈ, ਉਹ ਤੁਸੀਂ ਸਾਡੇ ਪਾਸੋਂ ਲੈ ਲਵੋ, ਸਾਨੂੰ ਏਥੇ ਚਲ ਕੇ ਆਇਆਂ ਨੂੰ ਬਹੁਤ ਦਿਨ ਹੋ ਗਏ ਹਨ। ਅਸੀਂ ਉਹ ਤੰਬੋਲ ਤੁਹਾਨੂੰ ਦੇ ਕੇ ਜਾਣਾ ਚਾਹੁੰਦੇ ਹਾਂ॥੪੨॥

ਅਧਿਕ ਬਸਨ ਨੀਕੋ ਨ ਬਿਰਾਨੇ। ਨਿਜਨਿਜ ਥਲ ਬਸਿਬੋ ਸਭਿ ਠਾਨੇਂ।
ਦਯਾਰਾਮ ਕੀ ਸੁਨਿ ਇਮ ਬਾਨੀ। ਫਤੇਸ਼ਾਹ ਬਿਚ ਸਭਾ ਬਖਾਨੀ॥ ੪੩॥

ਬਿਗਾਨੀ ਥਾਂ 'ਤੇ ਬਹੁਤਾ ਵੱਸਣਾ ਠੀਕ ਨਹੀਂ, ਆਪਣੇ ਆਪਣੇ ਥਾਂ ਸਾਰੇ ਵੱਸਣਾ ਚਾਹੁੰਦੇ ਹਨ।" ਦੀਇਆ ਰਾਮ ਦੀ ਇਸ ਤਰ੍ਹਾਂ ਦੀ ਗੱਲ ਸੁਣ ਕੇ, ਫ਼ਤਹਿ ਸ਼ਾਹ ਨੇ ਸਭਾ ਵਿਚ ਕਿਹਾ॥੪੩॥

'ਲੇਨਿ ਦੇਨਿ ਕਾਰਜ ਜਿਸ ਕਾਲਾ। ਸੋ ਤੌ ਨਹੀਂ ਭਯੋ ਦਰਹਾਲਾ।
ਸਿਮਰਨ ਦ੍ਵੈਸ਼ ਪ੍ਰਥਮ ਗੁਰ ਕੀਨੇ। ਇਸ ਮਗ ਨ੍ਰਿਪ ਨਹਿਂ ਆਵਨ ਦੀਨੇ॥੪੪॥

"ਲੈਣ ਦੇਣ ਦਾ ਜਿਸ ਸਮੇਂ ਕਾਰਜ ਹੋਵੇਗਾ, ਉਹ ਤਾਂ ਸਮਾਂ ਇਸ ਵੇਲੇ ਤਕ ਨਹੀਂ ਆਇਆ ਹੈ। ਭੀਮ ਚੰਦ ਦਾ ਅਨੰਦਪੁਰ ਵਾਲਾ ਪਹਿਲਾ ਦ੍ਵੈਸ਼ ਯਾਦ ਕਰਕੇ, ਇਸ ਰਸਤੇ ਉਸ ਨੂੰ ਨਹੀਂ ਆਉਣ ਦਿੱਤਾ ਹੈ॥੪੪॥

ਯਾਂਤੇ ਕੇਤਿਕ ਦਿਵਸ ਪਿਛਾਰੀ। ਲੇਨਿ ਦੇਨਿ ਹੁਇ ਹੈ ਬਿਧਿ ਸਾਰੀ।
ਦੁਹਿਂ ਦਿਸ਼ਿ ਤੇ ਨ੍ਰਿਪ ਗਨ ਜਬਿ ਮਿਲੇਂ। ਕਰਹੁ ਦਿਖਾਵਨਿ ਦੇਵਨਿ ਭਲੇ॥੪੫॥

ਇਸ ਕਰਕੇ ਕਈ ਦਿਨ ਬਾਅਦ ਆਉਣਗੇ, ਉਸ ਸਮੇਂ ਲੈਣ ਦੇਣ ਦੀ ਸਾਰੀ ਵਿਧੀ ਹੋਵੇਗੀ। ਦੋਵਾਂ ਪਾਸਿਆਂ ਤੋਂ ਜਦ ਸਾਰੇ ਰਾਜੇ ਮਿਲਣਗੇ, ਫਿਰ ਤੰਬੋਲ ਨੂੰ ਸਭ ਨੂੰ ਵਿਖਾ ਕੇ ਭਲੀ ਪ੍ਰਕਾਰ ਦੇਣਾ ਹੋਵੇਗਾ॥੪੫॥

ਹਮਰੀ ਅਰੁ ਗੁਰ ਕੀ ਵਡਿਆਈ। ਸਭਿ ਕੇ ਹੇਰਤਿ ਵਧਹਿ ਸਵਾਈ।
ਅਬਿ ਥੋਰੇ ਦਿਨ ਮਹਿਂ ਚਲਿ ਆਵਹਿਂ। ਤੁਮ ਕੋ ਰੁਖਸਦ ਕਰਹਿਂ ਦਿਖਾਵਹਿਂ॥੪੬॥

ਸਾਡੀ ਅਤੇ ਗੁਰੂ ਜੀ ਦੀ ਵਡਿਆਈ, ਸਾਰਿਆਂ ਦੇ ਵੇਖਦਿਆਂ ਸਵਾਈ ਵਧੇਗੀ। ਹੁਣ ਥੋੜ੍ਹਿਆਂ ਦਿਨਾਂ ਵਿਚ ਚਲ ਕੇ ਆ ਜਾਣਗੇ, ਤੰਬੋਲ ਨੂੰ ਸਾਰਿਆਂ ਨੂੰ ਵਿਖਾ ਕੇ ਰੁਖਸਤ ਕਰਾਂਗੇ"॥੪੬॥

ਇੱਤਜਾਦਿਕ ਕਹਿ ਕਰਿ ਸਨਮਾਨੇ। 'ਰਾਖਹੁ ਕੰਨੇ, ਨਾਹਿਨ ਪਜਾਨੇ'।
ਉਠਿ ਦੋਨਹੁਂ ਡੇਰੇ ਨਿਜ ਆਏ। ਨਿਤ ਸੁਚੇਤ ਹੁਇ ਰਹਤਿ ਸਵਾਏ॥ ੪੭॥

ਇਸ ਤਰ੍ਹਾਂ ਕਹਿ ਕੇ ਸਨਮਾਨ ਕੀਤਾ ਤੇ ਕਿਹਾ, "ਤੰਬੋਲ ਆਪਣੇ ਪਾਸ ਰੱਖੋ ਤੇ ਜਾਓ ਨਹੀਂ। ਦੋਵੇਂ ਉੱਠ ਕੇ ਆਪਣੇ ਡੇਰੇ ਆ ਗਏ ਤੇ ਅੱਗੇ ਨਾਲੋਂ ਵੀ ਵੱਧ ਸੁਚੇਤ ਹੋ ਕੇ ਰਹਿਣ ਲੱਗੇ॥੪੭॥

'ਕਾਚੀ ਮਤਿ ਇਨ ਸਕਲ ਪਹਾਰੀ। ਰਾਖਹੁ ਨਹਿਂ ਭਰੋਸ ਕੋ ਧਾਰੀ।
ਅਹੈ ਬਖੇਰਾ ਇਨ ਕੇ ਸੰਗਾ। ਅਸ ਨ ਹੋਇ ਪਰਿ ਜੈ ਹੈ ਜੰਗਾ'॥ ੪੮॥

"ਇਨ੍ਹਾਂ ਪਹਾੜੀਆਂ ਦੀ ਕੱਚੀ ਮੱਤ ਹੈ, ਇਨ੍ਹਾਂ ਉੱਤੇ ਭਰੋਸਾ ਨਾ ਧਾਰ ਕੇ ਰੱਖੋ। ਇਹ ਬਿਖੇੜਾ ਇਨ੍ਹਾਂ ਦੇ ਨਾਲ ਹੈ, ਐਸਾ ਨਾ ਹੋਵੇ ਕਿ ਲੜਾਈ ਹੋ ਜਾਵੇ" ॥੪੮॥

*ਦੂਸਰੀ ਰੁੱਤ ਦਾ ਚੌਦਵਾਂ ਅਧਿਆਇ ਸਮਾਪਤ ਹੋਇਆ ॥੧੪॥*

# ਅਧਿਆਇ ਪੰਦਰ੍ਹਵਾਂ

## ਸੁਦਾਗਰ, ਬਰਾਤ ਸ੍ਰੀ ਨਗਰ ਪੁੱਜੀ

*ਦੋਹਰਾ-* ਕਲਗ਼ੀਧਰ ਰੋਕੇ ਜਬਹਿ ਨ੍ਰਿਪ ਸੁਤ ਦਿਯੋ ਪਠਾਇ।
ਭੀਮਚੰਦ ਸੁਧਿ ਪਾਇ ਸਭਿ ਔਰ ਪੰਥ ਗਮਨਾਇ॥ ੧॥

ਕਲਗ਼ੀਧਰ ਗੁਰੂ ਜੀ ਦੇ ਰੋਕੇ ਹੋਏ ਰਾਜੇ ਦੇ ਪੁੱਤ ਨੂੰ ਭੇਜ ਦਿੱਤਾ ਤਾਂ ਭੀਮ ਚੰਦ ਸਾਰੀ ਖ਼ਬਰ ਪ੍ਰਾਪਤ ਕਰਕੇ ਹੋਰ ਰਸਤੇ ਚਲ ਪਿਆ ॥੧॥

*ਚੌਪਈ-* ਕ੍ਰਮ ਕ੍ਰਮ ਕਰੇ ਉਲੰਘਤਿ ਆਯੋ। ਪਾਇ ਕਸ਼ਟ ਕਛੁ ਬਸ ਨ ਬਸਾਯੋ।
ਤਿਸ ਹੀ ਮਗ ਕੋ ਏਕ ਸੁਦਾਗਰ। ਗੁਰ ਕੋ ਸਿਖ ਧਨਵਾਨ ਉਜਾਗਰ ॥੨॥

ਚਲਦਾ-ਚਲਦਾ ਸਾਰਾ ਪੈਂਡਾ ਲੰਘ ਕੇ ਆ ਗਿਆ, ਕੁਝ ਕਸ਼ਟ ਪਾਇਆ, ਪਰ ਕੁਝ ਵੀ ਵੱਸ ਨਹੀਂ ਸੀ ਚਲਦਾ। ਉਸ ਰਾਹ ਇਕ ਸੁਦਾਗਰ ਆ ਰਿਹਾ ਸੀ, ਜਿਹੜਾ ਗੁਰੂ ਜੀ ਦਾ ਸਿੱਖ ਸੀ ਤੇ ਪ੍ਰਗਟ ਰੂਪ ਵਿਚ ਵੱਡਾ ਧਨਵਾਨ ਸੀ॥੨॥

ਕਰੇ ਖਰੀਦਨ ਅਸ੍ਵ ਕਸ਼ਮੀਰ। ਬਲੀ ਅਨਿਕ ਅਰੁ ਪੁਸ਼ਟ ਸਰੀਰ।
ਇਕ ਸੌ ਬੀਨ ਬੀਨ ਕਰਿ ਲ੍ਯਾਯੋ। ਚਾਹਤਿ ਹੈ ਗੁਰ ਢਿਗ ਪਹੁੰਚਾਯੋ ॥੩॥

ਉਸ ਸੁਦਾਗਰ ਨੇ ਕਸ਼ਮੀਰ ਵਿਚੋਂ ਘੋੜੇ ਖਰੀਦੇ, ਜਿਹੜੇ ਬਹੁਤ ਬਲਵਾਨ ਅਤੇ ਸਰੀਰ ਦੇ ਕਾਫੀ ਮੋਟੇ ਤਾਜ਼ੇ ਸਨ। ਉਹ ਚੁਣ ਚੁਣ ਕੇ ਇਕ ਸੌ ਘੋੜਾ ਲਿਆਇਆ, ਉਨ੍ਹਾਂ ਨੂੰ ਉਹ ਹੁਣ ਗੁਰੂ ਜੀ ਪਾਸ ਪਹੁੰਚਾਉਣਾ ਚਾਹੁੰਦਾ ਸੀ॥੩॥

ਜਬਿ ਤਿਸ ਦੇਸ਼ ਬਿਖੈ ਚਲਿ ਆਵਾ। ਬ੍ਯਾਹ ਪ੍ਰਸੰਗ ਸਕਲ ਸੁਨਿ ਪਾਵਾ।
ਤਿਸ ਮਗ ਸਤਿਗੁਰ ਦੀਏ ਨ ਜਾਨ। ਇਤ ਕੋ ਆਵਤਿ ਕਰਹਿਂ ਪਯਾਨ ॥੪॥

ਜਦ ਉਹ ਉਸ ਦੇਸ਼ ਵਿਚ ਚਲ ਕੇ ਆਇਆ ਤਾਂ ਉਸ ਵਿਆਹ ਪ੍ਰਸੰਗ ਬਾਰੇ ਸਾਰਾ ਕੁਝ ਸੁਣਿਆ, ਪਾਉਂਟੇ ਦੇ ਰਸਤੇ ਸਤਿਗੁਰੂ ਜੀ ਨੇ ਜੰਞ ਨੂੰ ਜਾਣ ਨਹੀਂ ਦਿੱਤਾ ਤੇ ਜੰਞ ਵਾਲੇ ਚਲਦੇ ਹੋਏ ਏਧਰ ਨੂੰ ਆ ਰਹੇ ਸਨ ॥੪॥

ਰਿਦੈ ਬਿਚਾਰ੍ਯੋ ਕੁਮਤਿ ਪਹਾਰੀ। ਜੇ ਗੁਰ ਸੰਗ ਦ੍ਵੈਸ਼ ਕੋ ਧਾਰੀ।
ਤੌ ਮੁਝ ਸੰਗ ਬਿਗਰ ਕਰਿ ਜਾਇਂ। ਹਯ ਛੀਨਹਿਂ ਨਿਜ ਬਲ ਦਿਖਰਾਇਂ ॥੫॥

ਹਿਰਦੇ ਵਿਚ ਵਿਚਾਰ ਕੀਤੀ, ਪਹਾੜੀਏ ਬੜੀ ਮਾੜੀ ਮੱਤ ਵਾਲੇ ਹਨ, ਜਿਨ੍ਹਾਂ ਨੇ ਗੁਰੂ ਜੀ ਨਾਲ ਈਰਖਾ ਧਾਰਨ ਕੀਤੀ ਹੈ, ਕਿਤੇ ਉਹ ਮੇਰੇ ਨਾਲ ਵੀ ਵਿਗੜ ਨਾ ਜਾਣ ਤੇ ਆਪਣੀ ਤਾਕਤ ਵਿਖਾ ਕੇ ਮੈਥੋਂ ਘੋੜੇ ਹੀ ਨਾ ਖੋਹ ਲੈਣ॥੫॥

ਨਹਿਂ ਗੁਰ ਕੇ ਢਿਗ ਪਹੁੰਚਨਿ ਦੈਹੈਂ। ਚਮੂੰ ਅਧਿਕ ਸੋਂ ਬਸ ਨ ਬਸੈਹੈ।
ਇਮ ਬਿਚਾਰ, ਕਰਿ ਕੂਚ ਬਡੇਰੇ। ਪਹੁੰਚ੍ਯੋ ਸਿਰੀ ਨਗਰ ਕੇ ਨੇਰੇ॥ ੬॥

ਫਿਰ ਘੋੜਿਆਂ ਨੂੰ ਗੁਰੂ ਜੀ ਪਾਸ ਪਹੁੰਚਣ ਨਹੀਂ ਦੇਣਗੇ. ਸੈਨਾ ਬਹੁਤ ਵੱਡੀ ਹੈ, ਫਿਰ ਕੁਝ ਵੀ ਵੱਸ ਨਹੀਂ ਚਲੇਗਾ। ਇਸ ਤਰ੍ਹਾਂ ਵਿਚਾਰ ਕਰਕੇ, ਲੰਮਾ ਕੂਚ ਕਰਕੇ ਸ੍ਰੀ ਨਗਰ ਸ਼ਹਿਰ ਦੇ ਨੇੜੇ ਪਹੁੰਚ ਗਿਆ ॥੬॥

ਤਹਾਂ ਸੁਨੀ 'ਸਤਿਗੁਰ ਦਿਵਾਨ। ਪਠਯੋ ਗੁਰੂ ਕੋ ਉਤਰਯੋ ਆਨਿ।
ਸੰਗ ਪੰਚ ਸੈ ਜਿਸ ਅਸਵਾਰ। ਦਿਢ ਸੈਨਾ ਬਾਂਧੇ ਹੱਥਯਾਰ' ॥ ੭॥

ਉਥੇ ਆ ਕੇ ਸੁਣਿਆ, "ਗੁਰੂ ਜੀ ਨੇ ਆਪਣੇ ਦਿਵਾਨ ਨੂੰ ਭੇਜਿਆ ਹੈ ਜਿਸ ਨੇ ਆ ਕੇ ਏਥੇ ਉਤਾਰਾ ਕੀਤਾ ਹੈ, ਉਸ ਦੇ ਪਾਸ ਪੰਜ ਸੌ ਅਸਵਾਰ ਹੈ, ਜਿਹੜੇ ਸ਼ਸਤਰਾਂ ਨਾਲ ਪੂਰੀ ਤਰ੍ਹਾਂ ਲੈਸ ਹਨ" ॥੭॥

ਸੁਨਤਿ ਸੁਦਾਗਰ ਬੰਦਨ ਠਾਨੀ। 'ਧੰਨ ਧੰਨ ਸਤਿਗੁਰਨਿ' ਬਖਾਨੀ।
'ਅਪਨੀ ਵਸਤੁ ਸੰਭਾਰਹੁ ਆਪ। ਲਖੀਅਤਿ ਜਿਤ ਕਿਤ ਅਧਿਕ ਪ੍ਰਤਾਪ' ॥੮॥

ਇਹ ਸੁਣ ਕੇ ਸੁਦਾਗਰ ਨੇ ਬੰਦਨਾ ਕੀਤੀ ਅਤੇ ਕਿਹਾ, "ਧੰਨ ਧੰਨ ਸਤਿਗੁਰੂ ਜੀ! ਆਪਣੀ ਵਸਤ ਤੁਸੀਂ ਆਪ ਹੀ ਸੰਭਾਲੋ, ਤੁਹਾਡਾ ਜਿੱਥੇ ਕਿੱਥੇ ਵੱਡਾ ਪ੍ਰਤਾਪ ਵੇਖਦੇ ਹਾਂ" ॥੮॥

ਬਹਯੋ ਹੁਤੋ ਬਡ ਚਿੰਤਾ ਨਦੀ। ਪ੍ਰਾਪਤਿ ਧੀਰਜ ਤਰਨੀ ਤਦੀ।
ਕਰੇ ਤੁਰੰਗਮ ਤਯਾਰ ਬਡੇਰੇ। ਪਹੁੰਚਯੋ ਜਾਇ ਸ਼ੀਘ੍ਰ ਗੁਰ ਡੇਰੇ॥ ੯॥

ਉਹ ਚਿੰਤਾ ਦੀ ਵੱਡੀ ਨਦੀ ਵਿਚ ਬਹਿੰਦਾ ਜਾ ਰਿਹਾ ਸੀ, ਉਸ ਸਮੇਂ ਉਸ ਨੂੰ ਧੀਰਜ ਪ੍ਰਾਪਤ ਹੋ ਗਿਆ, ਮਾਨੋ ਉਸ ਸਮੇਂ ਧੀਰਜ ਰੂਪ ਬੇੜੀ ਮਿਲ ਗਈ ਹੋਵੇ। ਸਾਰੇ ਬਲਵਾਨ ਘੋੜਿਆਂ ਨੂੰ ਤਿਆਰ ਕੀਤਾ ਤੇ ਛੇਤੀ ਹੀ ਗੁਰੂ ਜੀ ਦੇ ਡੇਰੇ ਪਹੁੰਚ ਗਿਆ ॥੯॥

ਮਿਲੇ ਪਰਸਪਰ ਬੰਦਨ ਕਰੇ। ਕਰੇ ਬਿਲੋਕਨਿ ਹਯ ਸਭ ਖਰੇ।
ਖਰੇ ਚਲਾਕ ਮਹਾਂ ਬਲ ਭਰੇ। ਭਰੇ ਹਰਖ ਬਾਤਨਰਸ ਢਰੇ॥ ੧੦॥

ਆਪਸ ਵਿਚ ਬੰਦਨਾ ਕਰ ਕੇ ਮਿਲੇ, ਖੜੇ ਕੀਤੇ ਸੌ ਘੋੜਿਆਂ ਨੂੰ ਵੇਖਿਆ। ਸਾਰੇ ਘੋੜੇ ਸ੍ਰੇਸ਼ਟ ਚਲਾਕ ਮਹਾਨ ਬਲ ਦੇ ਭਰੇ ਹੋਏ ਸਨ, ਪ੍ਰਸੰਨਤਾ ਨਾਲ ਭਰੇ ਹੋਏ, ਗੱਲਾਂਬਾਤਾਂ ਦੇ ਰਸ ਵਿਚ ਢਲ ਗਏ ॥੧੦॥

ਭਲੀ ਭਾਂਤਿ ਡੇਰਾ ਲਗਵਾਯੋ। ਖਾਨ ਪਾਨ ਕੋ ਅਧਿਕ ਦਿਵਾਯੋ।
ਨਿਜ ਦ੍ਰਿੜ੍ਹਤਾ ਆਛੇ ਕਰਿਵਾਈ। ਗੁਰ ਪ੍ਰੋਹਤ ਦਿਵਾਨ ਸੁਖਦਾਈ॥ ੧੧॥

ਭਲੀ ਪ੍ਰਕਾਰ ਡੇਰਾ ਲਵਾਇਆ ਤੇ ਖਾਣ ਪੀਣ ਨੂੰ ਬਹੁਤ ਕੁਝ ਦਿੱਤਾ। ਗੁਰੂ ਜੀ ਦੇ ਪ੍ਰੋਹਿਤ ਦਇਆ ਰਾਮ ਅਤੇ ਨੰਦ ਚੰਦ ਦਿਵਾਨ ਨੇ ਸੁਦਾਗਰ ਦੀ ਚੰਗੀ ਤਰ੍ਹਾਂ ਦ੍ਰਿੜ੍ਹਤਾ ਕਰਵਾਈ ॥੧੧॥

ਭੀਮਚੰਦ ਲੈ ਸੰਗ ਨਰਿੰਦੈ। ਪਹੁੰਚਯੋ ਆਇ ਸੁਨਯੋ ਸੁ ਨਰਿੰਦੈ।
ਅਪਨਿ ਮੇਲ ਕੇ ਨ੍ਰਿਪ ਸਮੁਦਾਇ। ਲੇ ਪਰਧਾਨ ਗਯੋ ਸਮੁਹਾਇ॥ ੧੨॥

ਫਿਰ ਰਾਜੇ ਫਤਹਿ ਸ਼ਾਹ ਨੇ ਸੁਣਿਆ ਕਿ ਰਾਜਾ ਭੀਮ ਚੰਦ ਹੋਰ ਰਾਜਿਆਂ ਨੂੰ ਨਾਲ ਲੈ ਕੇ ਪਹੁੰਚ ਗਿਆ ਹੈ। ਰਾਜਾ ਫਤਹਿ ਸ਼ਾਹ ਆਪਣੇ ਸਾਰੇ ਮੇਲ ਅਤੇ ਵਜ਼ੀਰ ਨੂੰ ਲੈ ਕੇ ਜੰਞ ਨੂੰ ਅੱਗੇ ਹੋ ਕੇ ਲੈਣ ਵਾਸਤੇ ਗਿਆ ॥੧੨॥

ਸਮਧੀ ਮੇਲ ਭਯੋ ਸੁਖ ਪਾਯੋ। ਕਰਯੋ ਢੁਕਾਉ ਦਰਬ ਬਰਖਾਯੋ।
ਅਨਿਕ ਬੈਰਖਾ ਅਨਿਕ ਬਰਨ ਕੀ। ਜਗਮਗਾਤ ਕਰ ਲਗੇ ਤਰਨਿ ਕੀ ॥੧੩॥

ਕੁੜਮਾਂ ਨੇ ਆਪਸ ਵਿਚ ਮਿਲਣੀ ਕਰਕੇ ਸੁਖ ਪਾਇਆ ਤੇ ਢੁਕਾਅ ਕਰਕੇ ਧਨ ਦੀ ਵਰਸ਼ਾ ਕੀਤੀ। ਅਨੇਕਾਂ ਰੰਗਾਂ ਦੀਆਂ ਅਨੇਕਾਂ ਝੰਡੀਆਂ ਸੂਰਜ ਦੀਆਂ ਕਿਰਣਾਂ ਲਗਣ ਨਾਲ ਜਗਮਗਾ ਰਹੀਆਂ ਸਨ ॥੧੩॥

**ਨਿਜ ਕੁਲ ਰੀਤਿ ਕਰੀ ਦਿਸ਼ ਦੋਇਨ। ਬਾਜਤਿ ਬਾਜ ਸੁਨਤਿ ਬਚ ਕੋਇ ਨ।**
**ਸਿਵਰ ਕਰਾਇ ਸੁ ਪੁਰਿ ਜਨਬਾਸੇ। ਚਹੀਯਤਿ ਵਸਤੂ ਕਰੀ ਸੁਪਾਸੇ॥ ੧੪॥**

ਦੋਵਾਂ ਪਾਸਿਆਂ ਨੇ ਆਪਣੀ ਕੁਲ ਦੀ ਰੀਤ ਕੀਤੀ, ਵਾਜੇ ਬਹੁਤ ਉੱਚੀ-ਉੱਚੀ ਵੱਜ ਰਹੇ ਸਨ ਤੇ ਕਿਸੇ ਦੀ ਆਵਾਜ਼ ਵੀ ਨਹੀਂ ਸੁਣਦੀ ਸੀ। ਨਗਰ ਦੇ ਜੰਝ ਘਰ ਵਿਚ ਜੰਝ ਦਾ ਡੇਰਾ ਕਰਵਾਇਆ ਤੇ ਲੋੜੀਂਦੀਆਂ ਵਸਤਾਂ ਪਾਸ ਪਹੁੰਚਾਈਆਂ॥੧੪॥

**ਨਾਨਾ ਬਿੰਜਨ ਕਰੇ ਪਰੋਸਨਿ। ਭੱਖ ਭੋਜ ਲੇਹਜ ਅਰੁ ਚੋਸਨ।**
**ਦੁਹਿ ਦਿਸ਼ਿ ਦਿਯੇ ਲਾਗ ਮਨ ਭਾਏ। ਇਸ ਬਿਧਿ ਕੇਤਿਕ ਦਿਵਸ ਬਿਤਾਏ॥੧੫॥**

ਕਈ ਪ੍ਰਕਾਰ ਦੇ ਭੋਜਨ ਪਰੋਸੇ ਗਏ, ਭੋਜਨ ਖਾ ਕੇ ਫਿਰ ਅੰਬ ਆਦਿ ਚੂਪਦੇ ਸਨ। ਦੋਵਾਂ ਪਾਸਿਆਂ ਨੇ ਮਨ-ਭਾਉਂਦਾ ਲਾਗ ਦਿੱਤਾ, ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ॥੧੫॥

**ਪੁਨ ਦਾਇਜ ਕੋ ਕੀਨ ਦਿਖਾਵਨਿ। ਬਸਤ੍ਰ ਬਿਭੂਖਨ ਬਹੁ ਮਨ ਭਾਵਨ।**
**ਹਾਥੀ ਹਯਨਿ ਸਾਜ ਸਿੰਗਾਰੇ। ਭਾਜਨ ਧਰੇ ਅਨੇਕ ਪ੍ਰਕਾਰੇ॥ ੧੬॥**

ਫਿਰ ਦਾਜ ਦਾ ਵਿਖਾਲਾ ਕੀਤਾ, ਵਸਤਰ, ਗਹਿਣੇ ਆਦਿ ਮਨ ਨੂੰ ਮੋਹ ਲੈਣ ਵਾਲੇ ਸਨ। ਹਾਥੀ ਘੋੜੇ ਸਾਜ਼ਾਂ ਨਾਲ ਸ਼ਿੰਗਾਰੇ ਹੋਏ ਸਨ ਤੇ ਅਨੇਕ ਪ੍ਰਕਾਰ ਦੇ ਭਾਂਡੇ ਧਰੇ॥੧੬॥

**ਦਯਾਰਾਮ ਸਤਿਗੁਰੂ ਦਿਵਾਨ। ਤਿਸ ਛਿਨ ਤਹਿਂ ਪਹੁਚੇ ਬੁਧਿਵਾਨ।**
**ਸਵਾ ਲਾਖ ਕੋ ਲੇ ਤੰਬੋਲ। ਜਿਸ ਪਰ ਲਗਯੋ ਦਰਬ ਬਹੁ ਮੋਲ॥ ੧੭॥**

ਦਇਆ ਰਾਮ ਪ੍ਰੋਹਿਤ ਅਤੇ ਸਤਿਗੁਰੂ ਜੀ ਦਾ ਦਿਵਾਨ ਨੰਦ ਚੰਦ, ਦੋਵੇਂ ਬੁਧੀਵਾਨ ਵੀ ਉਸ ਸਮੇਂ ਪਹੁੰਚ ਗਏ। ਦੋਵੇਂ ਸਵਾ ਲੱਖ ਦਾ ਤੰਬੋਲ ਲੈ ਕੇ ਹਾਜ਼ਰ ਹੋ ਗਏ, ਜਿਸ ਤੰਬੋਲ ਉੱਤੇ ਬਹੁਤ ਧਨ ਖਰਚ ਕੀਤਾ ਸੀ॥੧੭॥

**ਜਿਹਂ ਬੈਠਯੋ ਰਾਜਨ ਸਮੁਦਾਇ। ਦੁਹੂੰ ਦਿਸ਼ਿਨਿ ਕੇ ਸੈਲਨ ਰਾਇ।**
**ਡਸੇ ਫਰਸ਼ ਪਰ ਵਸਤੂ ਨਾਨਾ। ਪ੍ਰਿਥਕ ਪ੍ਰਿਥਕ ਧਰਿ ਧਰਿ ਤਿਸ ਥਾਨਾ॥੧੮॥**

ਜਿੱਥੇ ਸਾਰੇ ਰਾਜੇ ਇਕੱਠੇ ਹੋ ਕੇ ਬੈਠੇ ਸਨ ਤੇ ਦੋਵਾਂ ਪਾਸਿਆਂ ਦੇ ਪਹਾੜੀ ਰਾਜੇ ਬਿਰਾਜਮਾਨ ਸਨ। ਵਿਛੇ ਹੋਏ ਫਰਸ਼ ਤੇ ਨਾਨਾ ਪ੍ਰਕਾਰ ਦੀਆਂ ਵਸਤਾਂ ਪਈਆਂ ਸਨ, ਵੱਖ-ਵੱਖ ਕਰਕੇ ਉਸ ਸਥਾਨ 'ਤੇ ਰੱਖੀਆਂ ਸਨ॥੧੮॥

**ਬਲੀ ਚਪਲ ਸੁੰਦਰ ਸਰਬੰਗ। ਕੰਚਨ ਜ਼ੀਨ ਤੁਰੰਗਮ ਸੰਗ।**
**ਭਾਂਜਨ ਹੇਮ ਰਜਤ ਕੇ ਧਰੇ। ਇੱਤਯਾਦਿਕ ਸਭਿ ਹੇਰਨਿ ਕਰੇ॥ ੧੯॥**

ਬਲਵਾਨ, ਚੰਚਲ ਤੇ ਸੁੰਦਰ ਅੰਗਾਂ ਵਾਲੇ ਘੋੜੇ, ਸੋਨੇ ਦੀਆਂ ਕਾਠੀਆਂ ਸਮੇਤ ਖੜੇ ਸਨ। ਸੋਨੇ ਚਾਂਦੀ ਦੇ ਭਾਂਡੇ ਧਰੇ ਸਨ। ਇਸ ਪ੍ਰਕਾਰ ਦੀਆਂ ਸਭ ਵਸਤਾਂ ਨੂੰ ਵੇਖ ਰਹੇ ਸਨ॥੧੯॥

**ਦ੍ਰਿਸ਼ਟਿ ਲਗੀ ਜਬਿ ਸਭਿ ਗਿਰਰਾਈ। ਭਾਟ ਪੁਕਾਰਤਿ ਊਚ ਸੁਨਾਈ।**
**'ਜਿਸਤੇ ਸਵਾਲਾਖ ਧਨ ਲਗਯੋ। ਵਸਤੂ ਅਜਾਇਬ ਤੇ ਜਗਮਗਯੋ॥ ੨੦॥**

ਜਦ ਸਾਰੇ ਪਹਾੜੀ ਰਾਜਿਆਂ ਦੀ ਦ੍ਰਿਸ਼ਟੀ ਲੱਗੀ ਹੋਈ ਸੀ ਤਾਂ ਭੱਟ ਨੇ ਬੜੀ ਉੱਚੀ ਆਵਾਜ਼ ਵਿਚ ਸੁਣਾ ਕੇ ਕਿਹਾ, "ਜਿਸ ਉੱਤੇ ਸਵਾ ਲੱਖ ਧਨ ਲੱਗਿਆ ਹੈ ਤੇ ਜਿਹੜਾ ਅਜੀਬ ਵਸਤਾਂ ਨਾਲ ਜਗਮਗਾ ਰਿਹਾ ਹੈ॥੨੦॥

**ਸ੍ਰੀ ਨਾਨਕ ਜਗ ਗੁਰ ਕੀ ਗਾਦੀ। ਤਿਸ ਪਰ ਬੈਠਯੋ ਜਨ ਅਹਿਲਾਦੀ।**
**ਫਤੇਸ਼ਾਹਿ ਗਿਰਪਤਿ ਭੁਜ ਭਾਰੀ। ਤਿਸ ਪਰ ਕ੍ਰਿਪਾ ਦ੍ਰਿਸ਼ਟਿ ਨਿਜ ਧਾਰੀ॥੨੧॥**

ਸ੍ਰੀ ਨਾਨਕ ਜਗਤ ਗੁਰੂ ਦੀ ਗੱਦੀ, ਜਿਸ ਉੱਤੇ ਹੁਣ ਦਾਸਾਂ ਨੂੰ ਆਨੰਦ ਦੇਣ ਵਾਲੇ ਬੈਠੇ ਹਨ। ਜਿਹੜੇ ਫਤਹਿ ਸ਼ਾਹ ਭਾਰੀਆਂ ਬਾਹਾਂ ਵਾਲੇ ਰਾਜਾ ਹਨ, ਉਨ੍ਹਾਂ ਉੱਤੇ ਉਨ੍ਹਾਂ ਆਪਣੀ ਕਿਰਪਾ ਦ੍ਰਿਸ਼ਟੀ ਧਾਰਨ ਕੀਤੀ ਹੈ॥੨੧॥

ਦਾਇਜ ਹੇਤੁ ਪਠਜੋ ਇਹ ਆਯੋ। ਗੁਰ ਦਿਵਾਨ ਅਰੁ ਪ੍ਰੋਹਤ ਲਜਾਯੋ।
ਸਭਿ ਤੇ ਸ੍ਰੇਸ਼ਟ ਬਡੋ ਤੰਬੋਲ। ਨਾਨਾ ਵਸਤੂ ਜਿਨ ਬਹੁ ਮੋਲ' ॥ ੨੨ ॥

ਦਾਜ ਵਾਸਤੇ ਇਹ ਤੰਬੋਲ ਭੇਜਿਆ ਹੈ, ਗੁਰੂ ਜੀ ਦੇ ਦੀਵਾਨ ਅਤੇ ਪ੍ਰੋਹਿਤ ਲਿਆਏ ਹਨ। ਸਭ ਤੋਂ ਸ੍ਰੇਸ਼ਟ ਵੱਡਾ ਤੰਬੋਲ ਹੈ, ਜਿਸ ਵਿਚ ਅਨੇਕਾਂ ਵਸਤਾਂ ਬਹੁਤ ਵੱਡਮੁੱਲੀਆਂ ਹਨ" ॥੨੨॥

ਭੀਮਚੰਦ ਸੁਨਿ ਸਤਿਗੁਰ ਨਾਮੂ। ਜਰ ਬਰ ਗਯੋ ਭਯੋ ਜਨੁ ਆਮੂ।
ਖੁਨਸਜੋ, ਨਿਜ ਲੋਕਨਿ ਸੰਗ ਬੋਲਜੋ। ਗੁਰੂ ਦ੍ਵੈਖ ਕੋ ਮੁਖ ਤੇ ਖੋਲਜੋ ॥ ੨੩ ॥

ਰਾਜਾ ਭੀਮ ਚੰਦ ਸਤਿਗੁਰੂ ਜੀ ਦਾ ਨਾਮ ਸੁਣ ਕੇ ਸੜ ਬਲ ਗਿਆ ਮਾਨੋ ਵੱਡਾ ਰੋਗੀ ਹੋ ਗਿਆ ਹੋਵੇ। ਗੁੱਸੇ ਵਿਚ ਆ ਆਪਣੇ ਬੰਦਿਆਂ ਨਾਲ ਬੋਲਿਆ, ਤੇ ਗੁਰੂ ਜੀ ਬਾਰੇ ਈਰਖਾ ਆਪਣੇ ਮੂੰਹ ਨਾਲ ਕਹਿ ਕੇ ਸੁਣਾਈ॥੨੩॥

'ਦੇਖਹੁ ਇਹ ਅਚਰਜ ਕੀ ਬਾਤੀ। ਸ੍ਰੀ ਗੋਬਿੰਦ ਸਿੰਘ ਮੋਹਿ ਅਰਾਤੀ।
ਅਪਰ ਬਾਰਤਾ ਕਹੀਏ ਕਹਾਂ। ਆਵਨਿ ਦਯੋ ਨ ਮੋਕਹੁ ਇਹਾਂ ॥ ੨੪ ॥

"ਇਹ ਅਸਚਰਜ ਦੀ ਗੱਲ ਵੇਖੋ, ਸ੍ਰੀ ਗੁਰੂ ਗੋਬਿੰਦ ਸਿੰਘ ਜਿਹੜਾ ਮੇਰਾ ਵੈਰੀ ਹੈ। ਉਸ ਬਾਰੇ ਹੋਰ ਕੀ ਗੱਲ ਕਹੀਏ, ਉਸ ਨੇ ਮੈਨੂੰ ਏਥੇ ਨਹੀਂ ਆਉਣ ਦਿੱਤਾ ਹੈ॥੨੪॥

ਲਰਨਿ ਹੇਤੁ ਦਲ ਸਨਮੁਖ ਕਰਜੋ। ਛਿਮਾ ਧਰੀ ਮੈਂ ਬਜਾਹ ਬਿਚਰਜੋ।
ਸਰਬ ਰੀਤਿ ਤੇ ਭਾ ਨੁਖਸਾਨ। ਉਤਸਵ ਵਧਤਿ ਕਰਜੋ ਚਹਿ ਹਾਨਿ ॥ ੨੫ ॥

ਲੜਾਈ ਵਾਸਤੇ ਆਪਣੀ ਸੈਨਾ ਨੂੰ ਮੇਰੇ ਸਾਹਮਣੇ ਕੀਤਾ ਹੈ। ਵਿਆਹ ਬਾਰੇ ਵਿਚਾਰ ਕਰਕੇ ਮੈਂ ਖਿਮਾਂ ਧਾਰਨ ਕੀਤੀ ਸੀ। ਸਾਰੀਆਂ ਰੀਤੀਆਂ ਨਾਲ ਮੇਰਾ ਨੁਕਸਾਨ ਹੋਇਆ ਹੈ, ਵਧਦੇ ਹੋਏ ਉਤਸਵ ਦਾ ਚਾਹ ਕੇ ਨੁਕਸਾਨ ਕੀਤਾ ਹੈ॥੨੫॥

ਇਸ ਬਿਧਿ ਕੋ ਅਧਿਕਾਇ ਬਿਰੋਧੀ। ਗਿਰ ਓਰਨਿ ਬਰਾਤ ਸਭਿ ਰੋਧੀ।
ਤਿਸ ਰਿਪੁ ਸੋਂ ਅਸ ਸਮਧੀ ਮੇਰਾ। ਭਾ ਸੰਗੀ ਜਨੁ ਮੀਤ ਬਡੇਰਾ ॥ ੨੬ ॥

ਇਸ ਵਿਧੀ ਅਨੁਸਾਰ ਉਹ ਮੇਰਾ ਵੱਡਾ ਵਿਰੋਧੀ ਹੈ, ਪਹਾੜਾਂ ਵਲ ਆਉਂਦੀ ਸਾਡੀ ਬਰਾਤ ਨੂੰ ਰੋਕਿਆ ਹੈ। ਉਸ ਮੇਰੇ ਵੈਰੀ ਨਾਲ ਮੇਰੇ ਕੁੜਮ ਦੀ ਇਸ ਪ੍ਰਕਾਰ ਵੱਡੀ ਨੇੜਤਾ ਅਤੇ ਮਿੱਤਰਤਾਈ ਹੈ॥੨੬॥

ਜੋ ਗੁਰ ਸੰਗ ਸਖਾਪਨ ਰਖੈ। ਤੌ ਇਸ ਕੋ ਨਿਜ ਸ਼ੱਤ੍ਰੂ ਲਖੈਂ।
ਰਿਪੁ ਕੋ ਮਿੱਤ੍ਰ ਸ਼ੱਤ੍ਰੁ ਸੋ ਭਾਰੋ। ਕਿਸ ਬਿਧਿ ਤੇ ਨਿਹਿਂ ਮੇਲ ਹਮਾਰੋ ॥ ੨੭ ॥

ਜਿਹੜਾ ਵੀ ਗੁਰੂ ਜੀ ਨਾਲ ਦੋਸਤੀ ਰੱਖੇ, ਉਸ ਨੂੰ ਵੀ ਅਸੀਂ ਆਪਣਾ ਵੈਰੀ ਸਮਝਦੇ ਹਾਂ। ਵੈਰੀ ਦਾ ਮਿੱਤਰ, ਵੱਡਾ ਦੁਸ਼ਮਣ ਹੁੰਦਾ ਹੈ, ਉਸ ਨਾਲ ਕਿਸੇ ਪ੍ਰਕਾਰ ਵੀ ਸਾਡਾ ਮੇਲ ਨਹੀਂ ਹੋ ਸਕਦਾ॥੨੭॥

ਕਿਮ ਸਮਧਾਪਨ ਕੋ ਨਿਰਬਾਹੈ। ਜੋ ਹਮਰੇ ਰਿਪੁ ਕੋ ਪਖ ਚਾਹੈ।
ਨਿਕਟ ਹਮਹੁਂ ਤੇ ਕਛੁ ਨ ਬਿਚਾਰਾ। ਜਾਇਂ ਦੂਰ ਤੌ ਕਰਹਿ ਬਿਗਾਰਾ ॥ ੨੮ ॥

ਉਹ ਕੁੜਮਤਾਈ ਦਾ ਕਿਵੇਂ ਨਿਰਬਾਹ ਕਰੇਗਾ, ਜਿਹੜਾ ਸਾਡੇ ਵੈਰੀ ਦਾ ਪੱਖ ਚਾਹੁੰਦਾ ਹੈ। ਸਾਡੇ ਕੋਲ ਹੁੰਦਿਆਂ ਵੀ ਕੁਝ ਵੀ ਨਹੀਂ ਵਿਚਾਰਿਆ ਹੈ, ਜਦ ਦੂਰ ਜਾਵਾਂਗੇ ਤੇ ਵਿਗਾੜ ਕਰੇਗਾ॥੨੮॥

ਕਹਿਬੋ ਕਹਾਂ ਨ ਕਛੁ ਬਨਿ ਆਵੈ। ਫਤੇਸ਼ਾਹਿ ਕੋ ਜੇ ਇਮ ਭਾਵੈ।
ਤਿਸ ਦੁਹਿਤਾ ਕੋ ਤਜਿ ਦਿਹੁਂ ਡੋਰਾ। ਕਰਹੁਂ ਕੂਚ ਗਮਨਹੁਂ ਘਰ ਓਰਾ ॥੨੯॥

ਹੁਣ ਕਹਿਣਾ ਤਾਂ ਕਿਤੇ ਰਿਹਾ, ਕੁਝ ਵੀ ਬਣਦਾ ਨਹੀਂ ਹੈ, ਜੇ ਫਤਹਿ ਸ਼ਾਹ ਨੂੰ ਇੰਝ ਚੰਗਾ ਲੱਗਦਾ ਹੈ ਤਾਂ ਉਸ ਦੀ ਪੁੱਤਰੀ ਦਾ ਡੋਲਾ ਛੱਡ ਦੇਵਾਂਗਾ, ਕੂਚ ਕਰ ਜਾਵਾਂਗਾ ਤੇ ਆਪਣੇ ਘਰ ਨੂੰ ਚਲਾ ਜਾਵਾਂਗਾ" ॥੨੯॥

ਭੀਮਚੰਦ ਕੋ ਆਸ਼ੈ ਸੁਨਜੋ। ਨ੍ਰਿਪ ਜਸਵਾਲ ਕਟੋਚੀ ਭਨਜੋ।
'ਗੁਰ ਕੇ ਸੰਗ ਸ਼ੱਤ੍ਰੁਤਾ ਭਾਰੀ। ਫਤੇਸ਼ਾਹ ਮਨ ਕਯੋਂ ਨ ਬਿਚਾਰੀ॥ ੩੦॥

ਜਦ ਰਾਜੇ ਭੀਮ ਚੰਦ ਦਾ ਇਸ ਤਰ੍ਹਾਂ ਦਾ ਆਸ਼ਾ ਸੁਣਿਆ ਤਾਂ ਰਾਜੇ ਜਸਵਾਲ ਕਟੋਚੀਏ ਨੇ ਕਿਹਾ, "ਗੁਰੂ ਜੀ ਨਾਲ ਸਾਡਾ ਵੱਡਾ ਵੈਰ ਹੈ, ਇਸ ਬਾਰੇ ਫਤਹਿ ਸ਼ਾਹ ਨੇ ਮਨ ਵਿਚ ਕਿਉਂ ਵਿਚਾਰ ਨਹੀਂ ਕੀਤਾ ਹੈ॥੩੦॥

ਕੈ ਅਨਜਾਨ ਪਨੇ ਮਹਿਂ ਰਹਜੋ। ਤੁਮਰੀ ਦਿਸ਼ਿ ਕੋ ਰੋਸ ਨ ਲਹਜੋ।
ਗੁਰ ਸੰਗ ਮੇਲ ਬਨੈ ਇਸ ਕੈਸੇ। ਵਧਜੋ ਵਿਰੋਧ ਜੁ ਤੁਮ ਸੰਗ ਐਸੇ' ॥ ੩੧॥

ਜਾਂ ਅਣਜਾਣਪੁਣੇ ਵਿਚ ਰਿਹਾ ਹੈ, ਤੇਰੀ ਗੁਰੂ ਜੀ ਨਾਲ ਨਾਰਾਜ਼ਗੀ ਬਾਰੇ ਉਸ ਨੂੰ ਪਤਾ ਨਹੀਂ ਹੈ। ਉਸ ਦਾ ਗੁਰੂ ਜੀ ਨਾਲ ਕਿਵੇਂ ਮੇਲ ਬਣਦਾ ਹੈ, ਤੇਰੇ ਨਾਲ ਜਿਹੜਾ ਵਿਰੋਧ ਵਧਿਆ ਹੈ" ॥੩੧॥

ਸੁਨਿ ਗੁਲੇਰੀਆ ਕਹੈ ਗੁਪਾਲ। 'ਬੂਝੋ ਫਤੇਸ਼ਾਹ ਕੇ ਨਾਲ।
ਜੇ ਨ ਰਹਹਿ ਸਾਕਨਿ ਅਨੁਸਾਰੀ। ਤੌ ਸਰੀਯਤਾ ਕਹਾਂ ਤੁਮਾਰੀ॥ ੩੨॥

ਇਹ ਸੁਣ ਕੇ ਗੁਪਾਲ ਗੁਲੇਰੀਆ ਬੋਲਿਆ, "ਇਸ ਬਾਰੇ ਫਤਹਿ ਸ਼ਾਹ ਪਾਸੋਂ ਪੁੱਛੋ। ਜੇ ਉਹ ਆਪਣੇ ਸਾਕਾਂ ਦੀ ਆਗਿਆ ਅਨੁਸਾਰ ਨਹੀਂ ਰਹਿੰਦਾ ਹੈ ਤਾਂ ਤੁਹਾਡੀ ਕੁੜਮਾਚਾਰੀ ਦਾ ਕੀ ਮਤਲਬ ਰਹਿ ਗਿਆ॥੩੨॥

ਜੇ ਮਾਨਹਿਂ, ਗੁਰ ਸੌਂ ਲਰ ਪਰੈ। ਸਾਕ ਸਖਾਪਨ ਕੌ ਤਬਿ ਧਰੈ।
ਆਸ਼ੈ ਲਖਹਿ ਬਿਨਾ ਕਿਮ ਕ੍ਰੋਧਹੁ ? ਪਠਿ ਪਰਧਾਨ ਰਿਦਾ ਤਿਸ ਸੋਧਹੁ ॥੩੩॥

ਜੇ ਉਹ ਗੁਰੂ ਜੀ ਨਾਲ ਲੜਨਾ ਮੰਨਦਾ ਹੈ ਤਦ ਹੀ ਸਾਕ ਅਤੇ ਮਿੱਤਰਤਾਈ ਧਾਰਨ ਕਰੇ। ਕਰੋਧ ਤੋਂ ਬਿਨਾਂ ਆਸ਼ੇ ਸਮਝੋ, ਵਜ਼ੀਰ ਨੂੰ ਭੇਜ ਕੇ ਉਸ ਦੇ ਹਿਰਦੇ ਨੂੰ ਸੋਧੋ" ॥੩੩॥

ਸੁਨਿ ਇਮ ਭੀਮਚੰਦ ਮਨ ਮਾਨੀ। ਇਕ ਜਸਵਾਲ ਪ੍ਰਧਾਨ ਬਿਨਾਨੀ।
ਫਤੇਸ਼ਾਹ ਕੇ ਨਿਕਟ ਪਠਾਏ। ਨਿਜ ਆਸ਼ੈ ਸਭਿ ਕਹਜੋ ਸੁਨਾਏ॥ ੩੪॥

ਭੀਮ ਚੰਦ ਇਸ ਤਰ੍ਹਾਂ ਸੁਣ ਕੇ ਮਨ ਵਿਚ ਮੰਨ ਗਿਆ, ਇਕ ਜਸਵਾਲ ਦਾ ਬੜਾ ਸਮਝਦਾਰ ਵਜ਼ੀਰ ਸੀ। ਉਸ ਨੂੰ ਫਤਹਿ ਸ਼ਾਹ ਦੇ ਪਾਸ ਭੇਜਿਆ ਤੇ ਆਪਣੇ ਸਾਰੇ ਆਸ਼ੇ ਅਤੇ ਮਨੋਰਥ ਕਹਿ ਕੇ ਸੁਣਾਏ॥੩੪॥

ਦਾਇਜ ਜਹਾਂ ਸੁਧਾਰਿ ਸੁਧਾਰਿ। ਧਰਿਵਾਵਹਿ ਕਰਿ ਕਰਿ ਬਿਸਤਾਰ।
ਦੋਨਹੁਂ ਜਾਇ ਜੁਦਾ ਤਿਸ ਕਰਜੋ। ਖਿਰੇ ਇਕਾਂਕੀ ਬਾਕ ਉਚਰਜੋ॥ ੩੫॥

ਜਿਥੇ ਰਾਜਾ ਫਤਹਿ ਸ਼ਾਹ ਸੁਧਾਰ ਸੁਧਾਰ ਕੇ ਅਤੇ ਖਲ੍ਹਾ-ਖਲ੍ਹਾ ਕਰਕੇ ਦਾਜ ਧਰਵਾ ਰਿਹਾ ਸੀ। ਉਥੇ ਜਾ ਕੇ ਦੋਵਾਂ ਨੇ ਭਾਵ ਜਸਵਾਲੀਏ ਅਤੇ ਮੰਤਰੀ ਨੇ ਰਾਜੇ ਨੂੰ ਵੱਖਰਾ ਕਰਕੇ ਇਕ ਇਕਾਂਤ ਸਥਾਨ ਵਿਚ ਖੜੇ ਹੋ ਕੇ ਕਿਹਾ॥੩੫॥

'ਸੁਨਹੁ ਨਰਿੰਦ੍ਰ! ਕਹਾਂ ਤੈਂ ਕੀਨਾ। ਗੁਰ ਕੇ ਸਾਥ ਮੇਲ ਇਮ ਕੀਨਾ।
ਸਮਧੀ ਦੇਖਤਿ ਕ੍ਰੋਧ ਬਧਾਯੋ। ਕਹਿ ਤੰਬੋਲ ਕਹਾਂ ਅਨਵਾਯੋ॥ ੩੬॥

"ਹੇ ਰਾਜਾ ਜੀ! ਸੁਣੋ, ਇਹ ਤੁਸੀਂ ਕੀ ਸਮਝਿਆ ਹੈ, ਗੁਰੂ ਜੀ ਨਾਲ ਇਸ ਤਰ੍ਹਾਂ ਮੇਲ ਕੀਤਾ ਹੈ। ਤੁਹਾਡੇ ਕੁੜਮ ਨੇ ਵੇਖ ਕੇ ਵੱਡਾ ਕ੍ਰੋਧ ਵਧਾਇਆ ਹੈ। ਉਨ੍ਹਾਂ ਪਾਸੋਂ ਇਹ ਤੰਬੋਲ ਕਿਉਂ ਮੰਗਵਾਇਆ ਹੈ॥੩੬॥

ਅਧਿਕ ਸ਼ੱਤ੍ਰਤਾ ਜਿਨ ਕੇ ਸੰਗ। ਸੰਧਯਾ ਪ੍ਰਾਤਿ ਕਰਯੋ ਚਹਿ ਜੰਗ।
ਆਵਤਿ ਕੋ ਜਿਨ ਪੰਥ ਨ ਦੀਨਾ। ਅਧਿਕ ਦ੍ਵੈਸ਼ ਤੁਮ ਸਭਿ ਬਿਧਿ ਚੀਨਾ॥੩੭॥

ਜਿਸ ਨਾਲ ਭੀਮ ਚੰਦ ਦੀ ਵੱਡੀ ਦੁਸ਼ਮਣੀ ਹੈ ਸ਼ਾਮ ਸਵੇਰੇ ਜਿਹੜੇ ਜੰਗ ਕਰਨਾ ਚਾਹੁੰਦੇ ਹਨ। ਏਧਰ ਆਉਂਦਿਆਂ ਨੂੰ ਸਾਨੂੰ ਰਾਹ ਨਹੀਂ ਦਿੱਤਾ ਹੈ, ਏਨਾ ਵੱਡਾ ਵੈਰ ਤੁਸੀਂ ਸਭ ਪ੍ਰਕਾਰ ਵੇਖਿਆ ਹੈ॥੩੭॥

ਤਊ ਨ ਤਿਨ ਸੰਗ ਕੀਨਸਿ ਅੰਤਰ। ਸ਼ਰਨਿ ਪਰਨਿ ਚਾਹਤਿ ਚਿਤ ਅੰਤਰ।
ਭੀਮਚੰਦ ਨ੍ਰਿਪ ਰਿਪੁ ਕੇ ਸਾਥੀ। ਜੇ ਤੁਮ ਬਨੇ ਰਹੋ ਇਕ ਗਾਥੀ॥ ੩੮॥

ਫਿਰ ਵੀ ਉਸ ਨਾਲ ਵਿੱਥ ਨਹੀਂ ਪਾਈ ਹੈ ਤੇ ਆਪਣੇ ਚਿੱਤ ਵਿਚ ਉਨ੍ਹਾਂ ਦੀ ਸ਼ਰਨ ਪੈਣਾ ਚਾਹੁੰਦੇ ਹੋ। ਭੀਮ ਚੰਦ ਰਾਜੇ ਦੇ ਵੈਰੀ ਭਾਵ ਗੁਰੂ ਜੀ ਨਾਲ ਜੇ ਤੁਸੀਂ ਇਕ ਗੱਲ ਵਾਲੇ ਭਾਵ ਮਿੱਤਰ ਬਣੇ ਰਹੋਗੇ॥੩੮॥

ਲਰਹਿਂ ਨਹੀਂ, ਬਨ ਰਹਹਿਂ ਸਹਾਇ। ਸਮਧਿਪਨੋ ਸਗਰੋ ਟੂਟ ਜਾਇ।
ਤਵ ਤਨੁਜਾ ਕਹੁ ਤਜਾਗਹਿ ਡੋਰਾ। ਕਰਹੁ ਨਿਹੋਰਨਿ, ਹ੍ਵੈ ਨ ਨਿਹੋਰਾ॥ ੩੯॥

ਉਨ੍ਹਾਂ ਨਾਲ ਲੜੋਗੇ ਨਹੀਂ, ਬਲਕਿ ਸਹਾਇਕ ਬਣੇ ਰਹੋਗੇ ਤਾਂ ਕੁੜਮਾਚਾਰੀ ਸਾਰੀ ਟੁੱਟ ਜਾਵੇਗੀ। ਤਦ ਉਹ ਤੁਹਾਡੀ ਲੜਕੀ ਦਾ ਡੋਲਾ ਛੱਡ ਜਾਣਗੇ। ਹੁਣ ਭੀਮ ਚੰਦ ਰਾਜੇ ਅੱਗੇ ਬੇਨਤੀ ਕਰੋ, ਬਾਅਦ ਵਿਚ ਉਨ੍ਹਾਂ ਤੁਹਾਡੀ ਬੇਨਤੀ ਨਹੀਂ ਮੰਨਣੀ ਹੈ॥੩੯॥

ਬਨਹਿਂ ਨ ਮੇਲ ਫਰਕ ਉਰ ਪਰੈ। ਜੇ ਕਰਿ ਗਿਰਪਤਿ ਗਨ ਬਿਚ ਪਰੈਂ।
ਕ੍ਰੂਧਤਿ ਅਧਿਕ ਅਬਹਿ ਉਠ ਚਾਲਾ। ਨੀਠ ਨੀਠ ਕਰਿ ਬਹੁਰ ਬਿਠਾਲਾ॥੪੦॥

ਫਿਰ ਤੁਹਾਡਾ ਮੇਲ ਨਹੀਂ ਹੋਵੇਗਾ ਤੇ ਹਿਰਦੇ ਵਿਚ ਫਰਕ ਪੈ ਜਾਵੇਗਾ। ਜੇ ਹੁਣ ਪਹਾੜੀ ਰਾਜੇ ਵਿਚ ਨਾ ਪੈਂਦੇ ਤਾਂ ਬਹੁਤ ਕ੍ਰੋਧ ਧਾਰ ਕੇ ਹੁਣ ਉੱਠ ਚਲਿਆ ਸੀ, ਮਸਾਂ-ਮਸਾਂ ਕਰਕੇ ਫਿਰ ਬਿਠਾਇਆ ਹੈ॥੪੦॥

ਰਸ ਰਾਖਨਿ ਕੈ ਕਰਤਿ ਬਿਰਸ ਕੋ। ਜਸ ਅਭਿਲਾਖਹੁ ਭਾਖਹੁ ਤਸਕੋ'।
ਫਤੇ ਸ਼ਾਹ ਸੁਨਿ ਚਿੰਤ ਮਹਾਨੀ। ਕਠਨ ਬਾਤ ਦੁਹੰਦਿਸ਼ਿ ਤੇ ਜਾਨੀ॥ ੪੧॥

ਰਸ ਰੱਖਣਾ ਹੈ ਕਿ ਬੇਰਸੀ ਕਰਨੀ ਹੈ, ਜਿਵੇਂ ਵੀ ਚਾਹੁੰਦੇ ਹੋ, ਉਸ ਤਰ੍ਹਾਂ ਹੀ ਹੁਣ ਕਹਿ ਦੇਵੋ।" ਫਤਹਿ ਸ਼ਾਹ ਇਸ ਤਰ੍ਹਾਂ ਸੁਣ ਕੇ ਬਹੁਤ ਫਿਕਰਮੰਦ ਹੋ ਗਿਆ, ਦੋਹਾਂ ਪਾਸਿਆਂ ਤੋਂ ਵੱਡੀ ਕਠਨ ਗੱਲ ਜਾਣੀ ਹੈ॥੪੧॥

ਸਮਰਸ ਗੁਰੁ ਸਨ ਹੈ ਬਹੁਭਾਂਤੀ। ਹਿਤ ਠਾਨਤਿ ਮੇਰੋ ਦਿਨ ਰਾਤੀ।
ਕ੍ਰਿਪਾ ਕਰਹਿਂ ਰਾਖਹਿਂ ਸਨਮਾਨਾ। ਪ੍ਰਥਮ ਬਿਰੋਧ ਮਿਟਾਇ ਮਹਾਨਾ॥ ੪੨॥

ਗੁਰੂ ਜੀ ਨਾਲ ਮੇਰਾ ਬਹੁਤ ਪ੍ਰਕਾਰ ਦਾ ਮੇਲ ਹੈ, ਉਹ ਦਿਨ ਰਾਤ ਮੇਰਾ ਹਿੱਤ ਕਰਦੇ ਹਨ। ਕਿਰਪਾ ਕਰਕੇ ਮੇਰਾ ਸਨਮਾਨ ਰੱਖਦੇ ਹਨ, ਪਹਿਲਾਂ ਹੀ ਮੇਰੇ ਵੱਡੇ ਵਿਰੋਧ ਨੂੰ ਖਤਮ ਕਰ ਦਿੱਤਾ ਹੈ॥੪੨॥

'ਸੁਨਿ ਵਜ਼ੀਰ! ਤੂੰ ਸੁਮਤਿ ਸਯਾਨਾ। ਵਧੈ ਵੈਰ, ਵਿੱਪ੍ਰੈ ਜਨ ਠਾਨਾ।
ਹਿਤ ਕੇ ਕਰਨਹਾਰ ਹੁਇਂ ਕੋਈ। ਤਿਹ ਸਨ ਲਰੇ ਪਾਪ ਬਡ ਹੋਈ॥ ੪੩॥

ਫਤਹਿ ਸ਼ਾਹ ਨੇ ਫਿਰ ਕਿਹਾ, "ਹੇ ਵਜ਼ੀਰ! ਸੁਣੋ, ਤੂੰ ਸ੍ਰੇਸ਼ਟ ਬੁੱਧੀ ਵਾਲਾ ਬਹੁਤ ਸਿਆਣਾ ਹੈਂ, ਭਲੇ ਪੁਰਖ ਨਾਲ ਉਲਟੀ ਨੀਤੀ ਕਰਨ ਨਾਲ ਵੈਰ ਵੱਧਦਾ ਹੈ, ਪਿਆਰ ਕਰਨ ਵਾਲੇ ਵਿਰਲੇ ਹੁੰਦੇ ਹਨ। ਉਨ੍ਹਾਂ ਨਾਲ ਲੜਨ ਨਾਲ ਵੱਡਾ ਪਾਪ ਹੋਵੇਗਾ॥੪੩॥

ਕੌਨ ਬਿਗਾਰ ਜਾਨ ਕਰਿ ਮਨ ਮੈਂ। ਲੇ ਦਲ ਸਮੁਖ ਬਨੋ ਗੁਰ ਰਨ ਮੈਂ।
ਨਾਹਕ ਤੁਮ ਨੇ ਰਚਯੋ ਬਖੇਰਾ। ਕਰਾਮਾਤ ਸਾਹਿਬ ਸੰਗ ਭੇਰਾ॥ ੪੪॥

ਕਿਹੜਾ ਵਿਗਾੜ ਮਨ ਵਿਚ ਜਾਣ ਕੇ ਮੈਂ ਗੁਰੂ ਜੀ ਦੇ ਸਾਹਮਣੇ ਹੋ ਕੇ ਮੁਕਾਬਲਾ ਕਰਨ ਵਾਲਾ ਬਣਾਂ। ਖਾਹਮਖਾਹ ਤੁਸੀਂ ਬਖੇੜਾ ਰੱਚਿਆ ਹੈ। ਗੁਰੂ ਜੀ ਵੱਡੀ ਕਰਾਮਾਤ ਸਹਿਤ ਹਨ॥੪੪॥

ਜਾਚੀ ਵਸਤੁ ਨਹੀਂ ਜੇ ਦੀਨਿ। ਤਊ ਪੂਜਿਬੇ ਥਾਨ ਪ੍ਰਬੀਨ।
ਬਨਹੁ ਨਿੰਮ੍ਰਿ ਇਮ ਹੀ ਬਨਿ ਆਵੈ। ਬਧੈ ਵਿਰੋਧ ਨਹੀਂ ਕੁਛ ਪਾਵੈ॥ ੪੫॥

ਮੰਗੀ ਹੋਈ ਵਸਤੂ ਜੇ ਨਹੀਂ ਦਿੱਤੀ ਹੈ, ਫਿਰ ਵੀ ਪ੍ਰਬੀਨ ਗੁਰੂ ਜੀ ਪੂਜਣ ਵਾਲਾ ਸਥਾਨ ਹਨ, ਸਨਿੰਮਰ ਬਣੋ, ਇਹ ਹੀ ਕਰਨਾ ਸਾਨੂੰ ਬਣਦਾ ਹੈ, ਵਿਰੋਧ ਵਧਾ ਕੇ ਕੁਝ ਵੀ ਨਹੀਂ ਪਾਵਾਂਗੇ॥੪੫॥

ਮੈਂ ਅੰਤਰ ਪਰ ਮੇਲ ਕਰਾਵੋਂ। ਗੁਰ ਤੇ ਕਹਿ ਕਰਿ ਸਭਿ ਬਖਸ਼ਾਵੋਂ।
ਭਈ ਸੁ ਭਈ ਜਾਨਿ ਅਬਿ ਦੀਜੈ। ਬ੍ਰਿਥਾ ਬਿਰੋਧ ਬਾਦ ਕਯੋਂ ਕੀਜੈ॥ ੪੬॥

ਮੈਂ ਵਿਚ ਪੈ ਕੇ ਮੇਲ ਕਰਾ ਦੇਵਾਂਗਾ, ਗੁਰੂ ਜੀ ਨੂੰ ਕਹਿ ਕੇ ਸਭ ਕੁਝ ਬਖਸ਼ਾ ਦੇਵਾਂਗਾ। ਜੋ ਹੋਈ ਸੋ ਹੋਈ, ਹੁਣ ਜਾਣ ਦੇਵੋ, ਬੇਅਰਥ ਝਗੜਾ ਅਤੇ ਵਿਰੋਧ ਕਿਉਂ ਕਰੀਏ'॥੪੬॥

*ਦੂਸਰੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## *ਅਧਿਆਇ ਸੋਲ੍ਹਵਾਂ*

*ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ*

ਦੋਹਰਾ- ਸੁਨਿ ਜਸਵਾਲ ਵਜ਼ੀਰ ਤਬਿ ਫਤੇਸ਼ਾਹ ਕੇ ਬੈਨ।
ਭੀਮਚੰਦ ਕੇ ਢਿਗ ਗਏ ਖਿਰਯੋ ਜਹਾਂ ਰਿਸ ਨੈਨ॥ ੧॥

ਰਾਜਾ ਜਸਵਾਲ ਅਤੇ ਉਸਦਾ ਵਜ਼ੀਰ ਫਤਹਿ ਸ਼ਾਹ ਦੀਆਂ ਗੱਲਾਂ ਸੁਣ ਕੇ ਰਾਜੇ ਭੀਮ ਚੰਦ ਦੇ ਪਾਸ ਪਹੁੰਚੇ, ਜਿੱਥੇ ਉਹ ਕ੍ਰੋਧੀ ਅੱਖਾਂ ਕੱਢ ਕੇ ਬੈਠਾ ਸੀ॥੧॥

ਚੌਪਈ- ਤਰਕਤਿ ਵਾਕ ਕਹਯੋ ਜਸਵਾਲ। 'ਤਵ ਸਮਧੀ ਕੋ ਰਸ ਗੁਰ ਨਾਲ।
ਉਲਟੋ ਤੁਮ ਕੌ ਚਹਹਿ ਮਿਲਾਯੋ। ਲਖੀਅਤਿ ਗੁਰ ਕਰਾਹ ਕੁਛ ਖਾਯੋ॥੨॥

ਜਸਵਾਲ ਨੇ ਤਰਕ ਦੀਆਂ ਗੱਲਾਂ ਕੀਤੀਆਂ, "ਤੁਹਾਡੇ ਕੁੜਮ ਦਾ ਗੁਰੂ ਜੀ ਨਾਲ ਪ੍ਰੇਮ ਹੈ। ਉਹ ਉਲਟਾ ਤੁਹਾਨੂੰ ਮਿਲਾਉਣਾ ਚਾਹੁੰਦਾ ਹੈ, ਜਾਪਦਾ ਹੈ ਉਸ ਗੁਰੂ ਜੀ ਦਾ ਕੁਝ ਕੜਾਹ ਖਾਧਾ ਹੈ॥੨॥

ਕਰਾਮਾਤ ਸਾਹਿਬ ਪ੍ਰਭੁ ਜਾਨੈ। ਤਿਨ ਸਨ ਦ੍ਵੈਸ਼ ਨਹੀਂ ਕਿਮ ਠਾਨੈ।
ਜਥਾ ਬਨਯੋ ਗੁਰਸਿੱਖ ਬਿਸਾਲਾ। ਤਿਮ ਬੋਲਤਿ ਹਮ ਸੋਂ ਇਸ ਕਾਲਾ॥੩॥

ਗੁਰੂ ਜੀ ਨੂੰ ਕਰਾਮਾਤ ਸਾਹਿਬ ਜਾਣਦਾ ਹੈ, ਉਨ੍ਹਾਂ ਨਾਲ ਕਿਸ ਤਰ੍ਹਾਂ ਵੀ ਵੈਰ ਰੱਖਣ ਨੂੰ ਤਿਆਰ ਨਹੀਂ, ਮਾਨੋ ਵੱਡਾ ਗੁਰਸਿੱਖ ਬਣਿਆ ਹੋਵੇ, ਇਸ ਸਮੇਂ ਸਾਡੇ ਨਾਲ ਇਸ ਤਰ੍ਹਾਂ ਬੋਲਦਾ ਹੈ॥੩॥

ਗਾਵਰਿ ਕ੍ਰੋਧ ਨ ਜਾਨਯੋ ਘਨੇ। ਫਿਰਯੋ ਨ ਗੁਰ ਤੇ, ਰਸ ਉਰ ਸਨੇ।
ਜਥਾ ਆਇ ਤੁਮਰੇ ਮਨ ਮਾਂਹੀ। ਕਰੋ ਤਥਾ ਕੋ ਬਰਜਤਿ ਨਾਂਹੀ' ॥ ੪ ॥

ਆਪ ਜੀ ਦੇ ਵੱਡੇ ਕ੍ਰੋਧ ਨੂੰ ਨਹੀਂ ਜਾਣਿਆ ਹੈ, ਗੁਰੂ ਜੀ ਦੇ ਉਲਟ ਨਹੀਂ ਹੋਇਆ ਹੈ, ਦਿਲ ਵਿਚ ਬਹੁਤ ਪਿਆਰ ਹੈ ਜਿਵੇਂ ਤੁਹਾਡੇ ਮਨ ਵਿਚ ਆਵੇ, ਉਸ ਤਰ੍ਹਾਂ ਕਰੋ ਕੋਈ ਰੋਕੇਗਾ ਨਹੀਂ" ॥੪॥

ਸੁਨਿ ਕਰਿ ਭੀਮਚੰਦ ਰਿਸ ਛਾਈ। ਅਗਨਿ ਜ੍ਵਲਤਿ ਆਹੁਤਿ ਜਨੁ ਪਾਈ।
ਕਹਯੋ 'ਦੇਹੁ ਕਰਿ ਕੂਚ ਨਗਾਰਾ। ਮੈਂ ਨ ਕਰੌਂ ਕਛੁ ਅੰਗੀਕਾਰਾ ॥ ੫ ॥

ਇਹ ਸੁਣ ਕੇ ਭੀਮ ਚੰਦ ਗੁੱਸੇ ਵਿਚ ਭਰ ਗਿਆ, ਮਾਨੋਂ ਬਲਦੀ ਅੱਗ ਦੀ ਅਹੂਤੀ ਪਾਈ ਹੈ। ਕਹਿਣ ਲੱਗਾ, "ਮੈਂ ਤਾਂ ਨਗਾਰਾ ਵਜਾ ਕੇ ਕੂਚ ਕਰ ਜਾਵਾਂਗਾ, ਮੈਂ ਕੁਝ ਵੀ ਸਵੀਕਾਰ ਨਹੀਂ ਕਰਾਂਗਾ ॥੫॥

ਆਨ ਥਾਨ ਨਿਜ ਨੰਦਨ ਬਜਾਹੌਂ। ਇਸ ਕੇ ਦੇਸ਼ ਨ ਆਵਨਿ ਚਾਹੌਂ।
ਅਸ ਦੁਸ਼ਮਨ ਮੇਰੋ ਦੁਖਦਾਈ। ਤਿਨ ਕੇ ਸੰਗ ਪ੍ਰੀਤਿ ਉਪਜਾਈ ॥ ੬ ॥

ਆਪਣੇ ਪੁੱਤਰ ਨੂੰ ਕਿਸੇ ਹੋਰ ਥਾਂ ਵਿਆਹ ਲਵਾਂਗਾ, ਇਸ ਦੇ ਦੇਸ਼ ਮੈਂ ਕਦੀ ਆਉਣਾ ਨਹੀਂ ਚਾਹਾਂਗਾ। ਜਿਹੜਾ ਮੇਰਾ ਐਸਾ ਦੁਖਦਾਈ ਦੁਸ਼ਮਣ ਹੈ, ਉਸ ਦੇ ਨਾਲ ਇਸ ਪ੍ਰੀਤ ਪਾਈ ਹੈ ॥੬॥

ਜਿਮ ਗੁਰ ਸ਼ੱਤ੍ਰੂ ਤਥਾ ਇਹ ਮੇਰੋ। ਲਰੌਂ ਦੂਹਨ ਸੌਂ ਪਰਯੋ ਬਖੇਰੋ'।
ਇਮ ਕਹਿ ਕਰਿ ਮਾਨਵ ਪਠਿ ਦੀਨੋ। ਕਾਰਨ ਕੂਚ ਨਗਾਰਾ ਕੀਨੋ ॥ ੭ ॥

ਜਿਵੇਂ ਗੁਰੂ ਜੀ ਮੇਰਾ ਦੁਸ਼ਮਣ ਹੈ, ਉਸ ਤਰ੍ਹਾਂ ਹੀ ਇਹ ਮੇਰਾ ਦੁਸ਼ਮਣ ਹੈ, ਹੁਣ ਝਗੜਾ ਪੈ ਗਿਆ ਹੈ, ਮੈਂ ਦੋਵਾਂ ਨਾਲ ਹੀ ਲੜਾਂਗਾ।" ਇਸ ਤਰ੍ਹਾਂ ਕਹਿ ਇਕ ਮਨੁੱਖ ਨੂੰ ਭੇਜ ਦਿੱਤਾ ਤੇ ਕੂਚ ਕਰਨ ਵਾਸਤੇ ਨਗਾਰਾ ਵਜਾਇਆ ॥੭॥

ਤਤਛਿਨ ਜ਼ੀਨ ਹਯਨਿ ਪਰ ਡਾਲੇ। ਕਰੀ ਸ਼ਿੰਗਾਰਨ ਕੀਨਿ ਉਤਾਲੇ।
ਇਮ ਜਬਿ ਤਯਾਰ ਅਰੂਢਨਿ ਭਯੋ। ਫਤੇਸ਼ਾਹ ਕੇ ਨਰ ਸੁਨਿ ਲਯੋ ॥ ੮ ॥

ਤੁਰਤ ਘੋੜਿਆਂ ਉੱਤੇ ਕਾਠੀਆਂ ਪਾਈਆਂ ਤੇ ਹਾਥੀਆਂ ਉੱਤੇ ਹੌਦੇ ਪਾ ਕੇ ਸ਼ਿੰਗਾਰ ਲਏ। ਇਸ ਤਰ੍ਹਾਂ ਜਦ ਤਿਆਰ ਹੋ ਕੇ ਸਵਾਰ ਹੋ ਗਏ ਤਾਂ ਫਤਹਿ ਸ਼ਾਹ ਦੇ ਮਨੁੱਖਾਂ ਨੇ ਸੁਣ ਲਿਆ ॥੮॥

ਮੰਤ੍ਰੀ ਆਦਿ ਉਤਾਇਲ ਧਾਏ। ਨਿਜ ਰਾਜੇ ਕਨਿ ਵਾਕ ਅਲਾਏ।
'ਤੂਟਨ ਸਮਧੀ ਸਾਥ ਤੁਮਾਰੋ। ਕਿਮ ਬਨਿ ਆਵਹਿ, ਕਯੋਂ ਨ ਬਿਚਾਰੋ ॥ ੯ ॥

ਮੰਤਰੀ ਆਦਿ ਉਤਾਵਲੇ ਹੋ ਕੇ ਭੱਜੇ ਆਏ ਤੇ ਆਪਣੇ ਰਾਜੇ ਪਾਸ ਆ ਕੇ ਕਿਹਾ, "ਤੁਹਾਡੇ ਕੁੜਮ ਨੇ ਤੁਹਾਡਾ ਸਾਥ ਛੱਡ ਦਿੱਤਾ ਹੈ, ਕਿਵੇਂ ਬਣ ਆਵੇਗੀ, ਇਸ ਬਾਰੇ ਵਿਚਾਰ ਕਿਉਂ ਨਹੀਂ ਕਰਦੇ ਹੋ ॥੯॥

ਗੁਰ ਸੌਂ ਮੇਲ ਕਰਨਿ ਹੈ ਕਹਾਂ। ਦਿਨ ਕੇਤਿਕ ਤੇ ਥਿਰ ਭੇ ਇਹਾਂ।
ਚਲਯੋ ਛੋਰ ਤਵ ਤਨੁਜਾ ਡੋਰਾ। ਇਹ ਅਪਜਸੁ ਪਸਰੈ ਚਹੁੰ ਓਰਾ ॥ ੧੦ ॥

ਗੁਰੂ ਜੀ ਨਾਲ ਮੇਲ ਕਰਨ ਦੀ ਕੀ ਲੋੜ ਹੈ, ਉਹ ਕਈ ਦਿਨਾਂ ਤੋਂ ਏਥੇ ਬੈਠਾ ਹੈ। ਤੁਹਾਡੀ ਪੁੱਤਰੀ ਦਾ ਡੋਲਾ ਛੱਡ ਕੇ ਚਲਿਆ ਹੈ। ਇਸ ਪ੍ਰਕਾਰ ਦੀ ਨਿੰਦਿਆ ਚਾਰੇ ਪਾਸੇ ਫੈਲ ਜਾਵੇਗੀ ॥੧੦॥

ਨਿਜ ਸਮਧੀ ਕੇ ਬਨਿ ਅਨੁਸਾਰੀ। ਰਹਿ ਆਵਹਿ ਜਿਮ ਲਾਜ ਤਿਹਾਰੀ'।
ਸੁਨਿ ਕਰਿ ਨਿਜ ਸਚਿਵਨ ਕੀ ਬਾਨੀ। ਸ਼ੰਕਿਤ ਚਿਤ ਮਹਿਂ ਤਬਹਿ ਬਖਾਨੀ ॥੧੧॥

ਆਪਣੇ ਕੁੜਮ ਦੀ ਆਗਿਆ ਅਨੁਸਾਰ ਬਣ ਜਾਵੇ, ਜਿਸ ਤਰ੍ਹਾਂ ਕਿ ਤੁਹਾਡੀ ਲਾਜ ਰਹਿ ਜਾਵੇ।'' ਆਪਣੇ ਵਜ਼ੀਰ ਦੀ ਗੱਲ ਸੁਣਕੇ ਤੇ ਚਿੱਤ ਵਿਚ ਸ਼ੰਕਾ ਧਾਰ ਕੇ ਫਿਰ ਬੋਲਿਆ॥੧੧॥

'ਤੂਰਨ ਜਾਇ ਛਿਮਾ ਕਰਿਵਾਵੋ। ਕਰੋ ਨਿਹੋਰਨਿ ਚੜ੍ਹਤਿ ਹਟਾਵੋ।
ਸ਼੍ਰੇਯ ਹੇਤੁ ਮੈਂ ਤਿਨ ਸੋਂ ਕਹਜੋ। ਕਜੋਂ ਤੂਟਨ ਕਹੁ ਚਿਤ ਮਹਿਂ ਚਹਜੋ॥੧੨॥

"ਤੁਰਤ ਜਾ ਕੇ ਖਿਮਾ ਕਰਵਾਵੋ, ਉਨ੍ਹਾਂ ਨੂੰ ਰੋਕੇ ਤੇ ਵਾਹਣਾਂ ਤੇ ਚੜ੍ਹਨ ਤੋਂ ਹਟਾਵੋ। ਮੈਂ ਤਾਂ ਭਲੇ ਵਾਸਤੇ ਉਨ੍ਹਾਂ ਨਾਲ ਗੱਲ ਕੀਤੀ ਸੀ, ਤੋੜ ਵਿਛੋੜਾ ਕਰਨਾ ਕਿਉਂ ਚਿੱਤ ਵਿਚ ਚਾਹਿਆ ਹੈ॥੧੨॥

ਮੈਂ ਸਮਧੀ ਕੇ ਨਿਤ ਅਨੁਸਾਰੀ। ਲਰੌਂ ਗੁਰੂ ਸੰਗ ਤਿਨਹੁਂ ਅਗਾਰੀ।
ਏਤੋ ਕੋਪ ਕਹਹੁ ਕਿਮ ਕੀਨੋ। ਜਿਸ ਤੇ ਚਢਤਿ ਪ੍ਰੀਤ ਹੁਇ ਹੀਨੋ'॥੧੩॥

ਮੈਂ ਆਪਣੇ ਕੁੜਮ ਦੀ ਸਦਾ ਆਗਿਆ ਅਨੁਸਾਰ ਹਾਂ, ਉਨ੍ਹਾਂ ਦੇ ਅੱਗੇ ਹੋ ਕੇ ਗੁਰੂ ਨਾਲ ਲੜਾਂਗਾ। ਏਨਾ ਗੁੱਸਾ ਕਹੋ ਕਿਉਂ ਕੀਤਾ ਹੈ, ਜਿਸ ਦੇ ਚੜ੍ਹਨ ਨਾਲ ਪ੍ਰੀਤ ਦੀ ਹਾਨੀ ਹੁੰਦੀ ਹੈ''॥੧੩॥

ਸੁਨਿ ਮੰਤ੍ਰੀ ਦੌਰੇ ਤਬਿ ਗਏ। ਹਾਥ ਜੋਰਿ ਸਭਿ ਉਚਰਤਿ ਭਏ।
'ਸੁਮਤਿਵੰਤਿ ਤੁਮ ਕਜੋਂ ਨ ਬਿਚਾਰੋ। ਫਤੇਸ਼ਾਹ ਨ੍ਰਿਪ ਤੁਵ ਅਨੁਸਾਰੋ॥੧੪॥

ਇਹ ਸੁਣ ਕੇ ਮੰਤਰੀ ਭੱਜੇ ਗਏ ਤੇ ਹੱਥ ਜੋੜ ਕੇ ਸਾਰੇ ਕਹਿਣ ਲੱਗੇ, "ਹੇ ਬੁੱਧੀਵਾਨ! ਤੁਸੀਂ ਕਿਉਂ ਵਿਚਾਰ ਨਹੀਂ ਕੀਤੀ ਹੈ, ਰਾਜਾ ਫਤਹਿ ਸ਼ਾਹ ਤੁਹਾਡੀ ਆਗਿਆ ਅਨੁਸਾਰ ਹੈ॥੧੪॥

ਜਿਮ ਰਨ ਹੋਇ ਨ, ਤਿਮ ਤਿਨ ਭਾਖੀ। ਨਿਸ਼ਚੈ ਲਰਨਿ ਜਿ ਤੁਮ ਅਭਿਲਾਖੀ।
ਤੌ ਸਭਿ ਆਗੇ ਗੁਰ ਕੇ ਸੰਗ। ਸ਼੍ਰੀ ਨਗਰੇਸ਼੍ਵਰੁ ਘਾਲਹਿ ਜੰਗ॥ ੧੫॥

ਜਿਵੇਂ ਲੜਾਈ ਨਾ ਹੋਵੇ, ਉਸ ਤਰ੍ਹਾਂ ਉਨ੍ਹਾਂ ਕਿਹਾ ਸੀ, ਜੇ ਨਿਸ਼ਚੇ ਰੂਪ ਵਿਚ ਤੁਹਾਡੀ ਲੜਾਈ ਕਰਨ ਦੀ ਅਭਿਲਾਸ਼ਾ ਹੈ ਤਾਂ ਸਾਰਿਆਂ ਦੇ ਅੱਗੇ ਹੋ ਕੇ ਸ੍ਰੀ ਨਗਰ ਦਾ ਰਾਜਾ ਜੰਗ ਲੜੇਗਾ॥੧੫॥

ਲੈ ਹੈ ਛੀਨ ਪਾਂਵਟਾ ਥਾਨ। ਡੇਰਾ ਲੂਟਹਿ ਵਸਤੁ ਮਹਾਨ।
ਥਿਰਹੁ ਆਪ ਮਸਲਤ ਮਿਲਿ ਠਾਨਹੁਂ। ਸਾਕ ਬਿਸਾਲ ਆਪਨੋ ਜਾਨਹੁਂ॥੧੬॥

ਪਾਉਂਟੇ ਵਾਲੇ ਸਥਾਨ ਨੂੰ ਖੋਹ ਲਵੇਗਾ ਤੇ ਗੁਰੂ ਜੀ ਦੇ ਡੇਰੇ ਵਿਚੋਂ ਮਹਾਨ ਵਸਤਾਂ ਲੁੱਟ ਲਵੇਗਾ। ਆਪ ਠਹਿਰੋ ਤੇ ਮਿਲ ਕੇ ਸਲਾਹ ਕਰੋ, ਆਪ ਉਸਨੂੰ ਆਪਣਾ ਵੱਡਾ ਰਿਸ਼ਤੇਦਾਰ ਜਾਣੋ॥੧੬॥

ਐਸੀ ਬਾਤਿ ਨ ਉਚਿਤ ਤੁਹਾਰੇ। ਹਸਹਿਂ ਲੋਕ ਅਪਵਾਦ ਉਚਾਰੇਂ'
ਭੀਮਚੰਦ ਸੁਨਿ ਤਬਹਿ ਉਚਾਰੀ। 'ਗੁਰ ਸਨ ਲਰਹਿ ਜਿ ਹਮਹੁ ਅਗਾਰੀ॥੧੭॥

ਐਸੀ ਗੱਲ ਤੁਹਾਡੇ ਵਾਸਤੇ ਉਚਿਤ ਨਹੀਂ ਹੈ, ਲੋਕ ਹੱਸਣਗੇ ਤੇ ਨਿੰਦਿਆ ਕਰਨਗੇ।'' ਭੀਮ ਚੰਦ ਨੇ ਸੁਣ ਕੇ ਤਦ ਕਿਹਾ, "ਜੇ ਸਾਡੇ ਅੱਗੇ ਹੋ ਕੇ ਗੁਰੂ ਨਾਲ ਲੜੇਗਾ ॥੧੭॥

ਤਬਿ ਪ੍ਰਤੀਤ ਹਮਰੇ ਉਰ ਆਵੈ। ਮਿਲਿਬੇ ਕਹੁ ਸਨੇਹ ਉਪਜਾਵੈ'।
ਇਮ ਕਹਿ ਪਠੇ ਸਕਲ ਪਰਧਾਨ। ਆਏ ਫਤੇਸ਼ਾਹ ਜਿਸ ਥਾਨ॥ ੧੮॥

ਤਦ ਸਾਡੇ ਹਿਰਦੇ ਵਿਚ ਪ੍ਰਤੀਤ ਆਉਂਦੀ ਹੈ ਤੇ ਮਿਲਣ ਵਾਸਤੇ ਸਨੇਹ ਪ੍ਰਗਟ ਕਰਦੀ ਹੈ।'' ਇਸ ਤਰ੍ਹਾਂ ਕਹਿ ਕੇ ਸਾਰੇ ਵਜ਼ੀਰ ਭੇਜ ਦਿੱਤੇ, ਜਿੱਥੇ ਫਤਹਿ ਸ਼ਾਹ ਬੈਠਾ ਸੀ॥੧੮॥

ਬੈਠੇ ਬਹੁਤ ਬਾਰਿ ਸਮੁਝਾਯੋ। ਗੁਰ ਸਨ ਲਰਿਬੋ ਮਤ ਠਹਿਰਾਯੋ।
ਆਪਸ ਮਹਿਂ ਸਮਧੀ ਮਿਲਿ ਬਾਤਨ। ਭਏ ਹਰਖ, ਕਰਿ ਹੈਂ ਪੁਨ ਘਾਤਨ ॥੧੯॥

ਆ ਕੇ ਬੈਠ ਕੇ ਬਹੁਤ ਵਾਰ ਸਮਝਾਇਆ, ਗੁਰੂ ਜੀ ਨਾਲ ਲੜਾਈ ਦਾ ਮਤਾ ਠਹਿਰਾਇਆ। ਦੋਵੇਂ ਕੁੜਮ ਆਪਸ ਵਿਚ ਮਿਲ ਕੇ ਗੱਲਾਂ ਕਰਦੇ ਸਨ ਤੇ ਫਿਰ ਦਾਅ ਘਾਅ ਦੀਆਂ ਗੱਲਾਂ ਕਰਕੇ ਪ੍ਰਸੰਨ ਹੋ ਗਏ॥੧੯॥

'ਅਬਿ ਤੌ ਬਜਾਹ ਪ੍ਰਸੰਗ ਨਿਬੇਰੋ। ਪਾਛੈ ਪਰਿ ਹੈ ਜੰਗ ਬਖੇਰੋ'।
ਫਤੇਸ਼ਾਹ ਨ੍ਰਿਪ ਇਮ ਠਹਿਰਾਇ। ਉਠਿ ਆਯੋ ਪੁਨ ਦੂਸਰ ਠਾਇ॥ ੨੦॥

"ਹੁਣ ਤਾਂ ਵਿਆਹ ਦਾ ਪ੍ਰਸੰਗ ਨਬੇੜੋ, ਬਾਅਦ ਵਿਚ ਜੰਗ ਦਾ ਬਖੇੜਾ ਕਰਾਂਗੇ।" ਰਾਜਾ ਫਤਹਿ ਸ਼ਾਹ ਇੰਝ ਠਹਿਰਾ ਕੇ ਫਿਰ ਉੱਠ ਕੇ ਦੂਸਰੇ ਥਾਂ ਆ ਗਿਆ॥੨੦॥

ਗੁਰ ਪ੍ਰੋਹਤ ਅਰ ਜਹਾਂ ਦਿਵਾਨ। ਦੀਨੋ ਚਹੈਂ ਤੰਬੋਲ ਮਹਾਨ।
ਕੇਤਿਕ ਸੁਭਟ ਜਿਨਹੁਂ ਕੇ ਸਾਥ। ਆਦਿ ਖੜਗ ਤੇ ਆਯੁਧ ਹਾਥ॥ ੨੧॥

ਜਿੱਥੇ ਗੁਰੂ ਜੀ ਦਾ ਪ੍ਰੋਹਿਤ ਅਤੇ ਦਿਵਾਨ, ਮਹਾਨ ਤੰਬੋਲ ਦੇਣਾ ਚਾਹੁੰਦੇ ਸਨ। ਕਈ ਸੂਰਬੀਰ ਜਿਨ੍ਹਾਂ ਦੇ ਨਾਲ ਸਨ ਤਲਵਾਰ ਆਦਿ ਸ਼ਸਤਰ ਹੱਥ ਵਿਚ ਫੜੇ ਹੋਏ ਸਨ॥੨੧॥

ਗਿਰਪਤਿ ਦ੍ਰਿਸ਼ਟਿ ਸਮੁਖ ਨਹਿਂ ਕੀਨੀ। ਨੰਦਚੰਦ ਚਾਤੁਰ ਤਬਿ ਚੀਨੀ।
ਦਯਾਰਾਮ ਪ੍ਰੋਹਤ ਕੇ ਕਾਨਨ। ਭਾਖੀ ਗਤਿ ਸਮੀਪ ਕਰਿ ਆਨਨ॥ ੨੨॥

ਫਤਹਿ ਸ਼ਾਹ ਨੇ ਸਾਹਮਣੇ ਨਜ਼ਰ ਨਾ ਕੀਤੀ, ਚਤੁਰ ਨੰਦ ਚੰਦ ਫਿਰ ਸਮਝ ਗਿਆ। ਦਇਆ ਰਾਮ ਪ੍ਰੋਹਿਤ ਦੇ ਉਸ ਕੰਨ ਵਿਚ ਕਿਹਾ ਤੇ ਉਸ ਦੇ ਨੇੜੇ ਮੂੰਹ ਕਰਕੇ ਸਾਰੀ ਗਤੀ ਕਹਿ ਕੇ ਸਮਝਾਈ॥੨੨॥

'ਬਿਗਰੋ ਲਖੀਯਤਿ ਦੁਸ਼ਟ ਪਹਾਰੀ। ਮਿਲਜੋ ਕੁਸੰਗ ਸੰਗ ਮਤਿ ਮਾਰੀ।
ਅਬਿ ਨ ਕਰੋ ਇਨ ਕੋ ਬਿੱਸ੍ਵਾਸ। ਰਹਹੁ ਸੁਚੇਤ ਧਰਹੁ ਗੁਰ ਆਸ॥ ੨੩॥

ਦੁਸ਼ਟ ਪਹਾੜੀਏ ਨੂੰ ਵਿਗੜਿਆ ਹੋਇਆ ਵੇਖਿਆ, ਭੈੜੀ ਸੰਗਤ ਨਾਲ ਮਿਲ ਉਸ ਦੀ ਮੱਤ ਮਾਰੀ ਗਈ ਸੀ। ਹੁਣ ਉਸ ਉੱਤੇ ਬਿਲਕੁਲ ਵਿਸ਼ਵਾਸ ਨਾ ਕਰੋ ਤੇ ਸੁਚੇਤ ਰਹਿ ਕੇ ਗੁਰੂ ਜੀ 'ਤੇ ਆਸ ਧਾਰਨ ਕਰੋ॥੨੩॥

ਹੁਤੋ ਬਿਲੋਕਤਿ ਜਥਾ ਅਗਾਰੇ। ਨਹੀਂ ਤੌਰ ਸੋ ਪਰਹਿ ਨਿਹਾਰੇ।
ਨਹਿਂ ਤੰਬੋਲ ਦਿਸ਼ਿ ਦ੍ਰਿਸ਼ਟਿ ਲਗਾਈ। ਭਾਲ ਬਿਸਾਲ ਰਹਜੋ ਬਿਲਖਾਈ॥੨੪॥

ਜਿਵੇਂ ਪਹਿਲਾਂ ਬੜੇ ਪਿਆਰ ਨਾਲ ਵੇਖਦਾ ਸੀ, ਉਹ ਸਨੇਹ ਭਰੇ ਤੌਰ ਹੁਣ ਬਦਲ ਗਏ ਸਨ। ਤੰਬੋਲ ਵਾਲੇ ਪਾਸੇ ਦ੍ਰਿਸ਼ਟੀ ਨਹੀਂ ਲਾਈ ਹੈ, ਮੱਥਾ ਬਹੁਤ ਸ਼ਰਮਿੰਦਾ ਹੋ ਰਿਹਾ ਜਾਪਦਾ ਹੈ॥੨੪॥

ਤਨਕ ਨ ਰੁਖ਼ ਹਮਰੀ ਦਿਸ਼ਿ ਕੀਨਸਿ। ਧਰੇ ਬੱਕ੍ਰਤਾ ਟਰਿ ਬੋਲੀਨਸਿ।
ਲਖੀ ਪਰੈ ਜਿਮ ਰਖੀ ਰੁਖਾਈ। ਕਰਜੋ ਚਹੈ ਕੁਛ ਮੂਢ ਖੁਟਾਈ॥ ੨੫॥

ਸਾਡੇ ਪਾਸੇ ਮਾੜਾ ਜਿਹਾ ਵੀ ਰੁਖ ਨਹੀਂ ਕੀਤਾ ਹੈ, ਟੇਢਤਾਈ ਧਾਰ ਕੇ ਏਥੋਂ ਟਲ ਗਿਆ ਹੈ। ਇਹ ਜਾਣ ਪੈਂਦਾ ਹੈ ਜਿਵੇਂ ਇਸ ਨੇ ਰੁੱਖਾਪਨ ਧਾਰਨ ਕੀਤਾ ਹੈ, ਇਹ ਮੂਰਖ ਕੁਝ ਖੁਟਾਈ ਕਰਨਾ ਚਾਹੁੰਦਾ ਹੈ॥੨੫॥

ਇਹਾਂ ਠਹਿਰਬੋ ਨਾਂਹਿਨ ਆਛੋ। ਕਹਿਨ ਸੁਨਨਿ ਇਨ ਸਨ ਨਹਿਂ ਬਾਂਛੋ।
ਹੁਇ ਸਵਧਾਨ ਸਮਾਲਹੁ ਡੇਰਾ। ਮੁਝ ਦੀਖਹਿ, ਹੁਇ ਪਰੈ ਬਖੇਰਾ॥ ੨੬॥

Sri Satguru Jagjit Singh Ji eLlibrary NamdhariElibrary@gmail.com

ਏਥੇ ਹੁਣ ਠਹਿਰਨਾ ਚੰਗਾ ਨਹੀਂ ਹੈ, ਇਹਦੇ ਨਾਲ ਹੁਣ ਕੁਝ ਕਹਿਣਾ ਸੁਣਨਾ ਚੰਗਾ ਨਹੀਂ ਹੈ। ਸਾਵਧਾਨ ਹੋ ਕੇ ਹੁਣ ਆਪਣੇ ਡੇਰੇ ਨੂੰ ਸੰਭਾਲੋ, ਮੈਨੂੰ ਇਸ ਤਰ੍ਹਾਂ ਵਿਖਾਈ ਦਿੰਦਾ ਹੈ ਕਿ ਕੋਈ ਝਗੜਾ ਖੜਾ ਹੋ ਜਾਵੇਗਾ॥੨੬॥

**ਸਰਬ ਗਿਰੇਸ਼ਨ ਕੀ, ਬਹੁ ਸੈਨ। ਬਹੁਰ ਦੇਸ਼ ਹਮਰੋ ਇਤ ਹੈ ਨ'।**
**ਦਯਾਰਾਮ ਸੁਨਿ ਕੈ ਪੁਨ ਬੋਲਾ। 'ਪਠਜੋ ਗੁਰੂ ਇਨ ਦੇਹੁ ਤੰਬੋਲਾ॥ ੨੭॥**

ਸਾਰੇ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਹੈ, ਫਿਰ ਸਾਡਾ ਇਹ ਦੇਸ਼ ਨਹੀਂ ਹੈ।" ਦਇਆ ਰਾਮ ਸੁਣ ਕੇ ਫਿਰ ਬੋਲਿਆ, "ਗੁਰੂ ਜੀ ਨੇ ਸਾਨੂੰ ਤੰਬੋਲ ਦੇ ਕੇ ਭੇਜਿਆ ਹੈ॥੨੭॥

**ਨਿਜ ਦਿਸ਼ਿ ਤੇ ਨੀਕਹਿ ਕਰਿ ਚਲੀਅਹਿ। ਪੁਨ ਗਮਨਹੁੰ ਸਤਿਗੁਰ ਸਨ ਮਿਲੀਅਹਿ।**
**ਪ੍ਰਭੁ ਸੌਂ ਬੁਰਾ ਤਕਹਿ ਇਹ ਜੈਸੇ। ਫਲ ਸੰਕਟ ਕੋ ਲਹਿਸਹਿ ਤੈਸੇ॥ ੨੮॥**

ਆਪਣੀ ਵਲੋਂ ਚੰਗੀ ਕਰ ਕੇ ਚਲੀਏ, ਫਿਰ ਚਲ ਕੇ ਸਤਿਗੁਰੂ ਜੀ ਨੂੰ ਮਿਲੀਏ। ਜਿਸ ਤਰ੍ਹਾਂ ਗੁਰੂ ਜੀ ਦਾ ਇਹ ਬੁਰਾ ਤੱਕਦਾ ਹੈ, ਉਸ ਤਰ੍ਹਾਂ ਹੀ ਇਹ ਦੁਖ ਪਾਵੇਗਾ॥੨੮॥

**ਇਤੇ ਦਿਵਸ ਹਮ ਕੌਂ ਇਨ ਰਾਖਾ। ਅਬਿ ਮੂਰਖ ਬਿਗਰਨਿ ਅਭਿਲਾਖਾ।**
**ਉਪਕਾਰੀ ਸਨ ਬਨਿ ਅਪਕਾਰੀ। ਮਤ ਮਾਰੀ ਦ੍ਰੋਹੀ ਸੁ ਪਹਾਰੀ'॥ ੨੯॥**

ਏਨੇ ਦਿਨ ਇਸ ਸਾਨੂੰ ਰਖਿਆ ਹੈ, ਹੁਣ ਮੂਰਖ ਦੀ ਵਿਗਾੜ ਕਰਨ ਦੀ ਅਭਿਲਾਸ਼ਾ ਹੈ। ਉਪਕਾਰੀ ਨਾਲ ਵੈਰੀ ਬਣਦਾ ਹੈ ਇਹ ਧਰੋਹੀ ਪਹਾੜੀਏ ਦੀ ਮੱਤ ਮਾਰੀ ਗਈ ਹੈ"॥੨੯॥

**ਨੰਦ ਚੰਦ ਕਹਿ 'ਪ੍ਰੋਹਤ ! ਸੁਨੀਅਹਿ। ਦੇਨ ਇਤੋ ਧਨ ਕੋ ਗੁਨ ਗੁਨੀਅਹਿ ?।**
**ਇਹ ਨਿਸ਼ਚੈ ਬਿਗਰਹਿੰ ਮਤਿ ਮੂਢੇ। ਸਾਢਸਤੀ ਇਨ ਸੀਸ ਅਰੂਢੇ॥ ੩੦॥**

ਫਿਰ ਨੰਦ ਚੰਦ ਨੇ ਕਿਹਾ, "ਹੇ ਪ੍ਰੋਹਿਤ ! ਸੁਣੋ, ਏਨਾ ਧਨ ਦੇਣ ਬਾਰੇ ਸੋਚੋ ਕਿ ਇਸ ਵਿਚ ਕੀ ਗੁਣ ਹੈ ? ਇਹ ਮਾੜੀ ਮੱਤ ਵਾਲੇ ਮੂਰਖ ਨਿਸ਼ਚੇ ਰੂਪ ਵਿਚ ਜ਼ਰੂਰ ਵਿਗੜਨਗੇ, ਇਨ੍ਹਾਂ ਦੇ ਸਿਰ 'ਤੇ ਸਾੜ੍ਹਸਤੀ ਸਵਾਰ ਹੈ॥੩੦॥

**ਲਿਹੁ ਸਭਿ ਅਪਨੀ ਵਸਤੁ ਸੰਭਾਰਹਿ। ਚਲਿ ਦੀਜਹਿ ਸਤਿਗੁਰੂ ਅਗਾਰਹਿ।**
**ਬਨੇ ਬਿਰੋਧੀ ਕੋ ਕਿਮ ਦੇਨਾ। ਨਿਜ ਬਲ ਕਰਿ ਹਮ ਲੂਟ ਸੁ ਲੇਨਾ॥ ੩੧॥**

ਆਪਣੀਆਂ ਸਾਰੀਆਂ ਵਸਤਾਂ ਲੈ ਕੇ ਸੰਭਾਲ ਲਈਏ ਤੇ ਚਲ ਕੇ ਸਤਿਗੁਰੂ ਜੀ ਅੱਗੇ ਧਰ ਦੇਈਏ। ਵਿਰੋਧੀ ਨੂੰ ਇਹ ਧਨ ਦੇਣਾ ਕਿਵੇਂ ਬਣਦਾ ਹੈ, ਆਪਣਾ ਬਲ ਕਰਕੇ ਸਾਨੂੰ ਲੁੱਟ ਲੈਣ॥੩੧॥

**ਬਨਜੋਂ ਰਹਤਿ ਜੇ ਗੁਰ ਕੋ ਦਾਸ। ਤੌ ਹਮ ਦੇਤਿ ਵਸਤੁ ਇਨ ਪਾਸ।**
**ਭਯੋ ਬਿਰਸ ਅਬਿ ਲੇਹੁ ਬਟੋਰਿ। ਤੂਰਨ ਚਲੋ ਸਿਵਰ ਨਿਜ ਓਰ'॥ ੩੨॥**

ਜੇ ਗੁਰੂ ਜੀ ਦਾ ਦਾਸ ਬਣਿਆ ਰਹਿੰਦਾ, ਤਾਂ ਅਸੀਂ ਵਸਤਾਂ ਇਨ੍ਹਾਂ ਨੂੰ ਦੇ ਦਿੰਦੇ। ਹੁਣ ਬੇਰਸੀ ਹੋ ਗਈ ਹੈ, ਇਸ ਕਰਕੇ ਵਸਤਾਂ ਇਕੱਠੀਆਂ ਕਰ ਲਵੋ ਤੇ ਤੁਰਤ ਆਪਣੇ ਡੇਰੇ ਵਲ ਚਲ ਪਵੋ"॥੩੨॥

**ਦਯਾਰਾਮ ਆਸ਼ੈ ਲਖਿ ਪਾਯੋ। ਸਭਿ ਤੰਬੋਲ ਇਕਠਾ ਕਰਿਵਾਯੋ।**
**ਤਤਛਿਨ ਹੁਇ ਸਵਧਾਨ ਬਿਸਾਲੇ। ਵਸਤੁ ਸੰਭਾਰਤ ਗਨ ਹੁਇ ਚਾਲੇ॥ ੩੩॥**

ਦਇਆ ਰਾਮ ਵੀ ਉਨ੍ਹਾਂ ਦੇ ਆਸ਼ੇ ਨੂੰ ਸਮਝ ਗਿਆ ਤੇ ਸਾਰੇ ਤੰਬੋਲ ਨੂੰ ਉਸ ਇਕੱਠਾ ਕਰਵਾ ਦਿੱਤਾ ਤੇ ਤੁਰਤ ਹੀ ਸਾਵਧਾਨ ਹੋ ਕੇ ਸਾਰੀਆਂ ਵਸਤਾਂ ਸੰਭਾਲ ਕੇ ਲੈ ਕੇ ਸਾਰੇ ਇਕੱਠੇ ਹੋ ਕੇ ਚਲ ਪਏ॥੩੩॥

ਤੋਮਰ, ਤੁਪਕ, ਤਬਰ, ਤਰਵਾਰ। ਹੁਇ ਸੁਚੇਤ ਹਾਥਨਿ ਮਹਿਂ ਧਾਰਿ।
ਹੁਇ ਇਕੱਤ੍ਰ ਡੇਰੇ ਚਲਿ ਆਏ। ਤਤਛਿਨ ਜ਼ੀਨ ਤੁਰੰਗਮ ਪਾਏ॥ ੩੪॥

ਨੇਜ਼ੇ, ਬੰਦੂਕਾਂ, ਤਬਰ ਅਤੇ ਤਲਵਾਰਾਂ, ਸੁਚੇਤ ਹੋ ਕੇ ਹੱਥਾਂ ਵਿਚ ਧਾਰਨ ਕਰ ਲਈਆਂ। ਇਕੱਠੇ ਹੋ ਕੇ ਆਪਣੇ ਡੇਰੇ ਚਲ ਕੇ ਆ ਗਏ ਤੇ ਤੁਰਤ ਘੋੜਿਆਂ 'ਤੇ ਕਾਠੀਆਂ ਪਾ ਲਈਆਂ॥੩੪॥

ਤਜਾਰੀ ਕਰੀ ਅਰੂਢਨਿ ਹੇਤੁ। ਹੁਇ ਸੁਚੇਤ ਬਹੁ ਸ਼ੀਘ੍ਰ ਸਮੇਤ।
ਦੋਨਹੁਂ ਸਮਧੀ ਮਿਲਿ ਜਬਿ ਥਿਰੇ। ਬੋਲਨਿ ਮਿਲਨਿ ਪ੍ਰੇਮ ਤੇ ਭਰੇ॥ ੩੫॥

ਘੋੜਿਆਂ ਉੱਤੇ ਚੜ੍ਹਨ ਦੀ ਤਿਆਰੀ ਕੀਤੀ ਤੇ ਬੜੀ ਸ਼ੀਘਰਤਾ ਸਹਿਤ ਸੁਚੇਤ ਹੋ ਗਏ। ਦੋਵੇਂ ਕੁੜਮ ਜਦ ਮਿਲ ਕੇ ਖੜੇ ਹੋਏ, ਪ੍ਰੇਮ ਨਾਲ ਭਰ ਕੇ ਇਕ ਦੂਸਰੇ ਨੂੰ ਮਿਲਦੇ ਅਤੇ ਬੋਲਦੇ ਸਨ॥੩੫॥

ਧਾਇ ਨਰਨਿ ਸੁਧਿ ਤਬਹਿ ਸੁਨਾਈ। 'ਗੁਰ ਦਿਵਾਨ ਤਜਾਰੀ ਕਰਿਵਾਈ।
ਜੇਤਿਕ ਵਸਤੁ ਦੇਨ ਹਿਤ ਆਨੀ। ਸਭਿ ਲੇ ਚਲਜੋ ਰਿਦੇ ਰਿਸ ਠਾਨੀ' ॥੩੬॥

ਮਨੁੱਖਾਂ ਨੇ ਭੱਜ ਕੇ ਤਦ ਉਨ੍ਹਾਂ ਨੂੰ ਖਬਰ ਸੁਣਾਈ, "ਗੁਰੂ ਜੀ ਦੇ ਦਿਵਾਨ ਨੇ ਤਿਆਰੀ ਕਰਵਾ ਦਿੱਤੀ ਹੈ। ਜਿੰਨੀਆਂ ਵੀ ਵਸਤਾਂ ਦੇਣ ਵਾਸਤੇ ਲਿਆਂਦੀਆਂ ਸਨ, ਸਭ ਲੈ ਕੇ ਚਲੇ ਗਏ ਹਨ, ਹਿਰਦੇ ਵਿਚ ਇਸ ਤਰ੍ਹਾਂ ਗੁੱਸਾ ਧਾਰਨ ਕੀਤਾ ਹੈ॥੩੬॥

ਭੀਮਚੰਦ ਕੈ ਛੋਭ ਬਿਸਾਲ। ਕਰਤਿ ਸ਼ੀਘ੍ਰਤਾ ਕਹਿ ਤਿਸ ਕਾਲ।
'ਤੂਰਨ ਪਠਹੁ ਸੁਭਟ ਗਨ ਗਾਢੇ। ਘਾਟਾ ਰੋਕ ਲੇਹੁ ਦਿਢ ਠਾਂਢੇ॥ ੩੭॥

ਭੀਮ ਚੰਦ ਨੂੰ ਸੁਣ ਕੇ ਬਹੁਤ ਦੁਖ ਹੋਇਆ, ਸ਼ੀਘਰਤਾ ਕਰਕੇ ਉਸ ਨੇ ਉਸ ਸਮੇਂ ਕਿਹਾ, "ਤੁਰਤ ਵੱਡੇ-ਵੱਡੇ ਸੂਰਬੀਰਾਂ ਨੂੰ ਭੇਜੋ ਤੇ ਜਾ ਕੇ ਉੱਚੇ ਟਿਲਿਆਂ ਵਿਚਲੀ ਘਾਟੀ ਨੂੰ ਰੋਕ ਲਵੇ ਤੇ ਦ੍ਰਿੜ੍ਹ ਹੋ ਕੇ ਖਲੋ ਜਾਵੇ, ਤਾਂਕਿ ਉਹ ਅੱਗੇ ਨਾ ਜਾ ਸਕਣ॥੩੭॥

ਨਹਿਂ ਨਿਕਸਨਿ ਪਾਵਹਿਂ ਲਿਹੁ ਘੇਰੇ। ਹਤਹੁ ਤੁਪਕ ਜਬਿ ਪਹੁਚੈਂ ਨੇਰੇ।
ਇਤ ਤੇ ਸਭਿ ਰਾਜਨ ਕੀ ਸੈਨਾ। ਚਢਹਿ ਧਰਨਿ ਆਯੁਧ ਗਨ ਪੈਨਾ॥ ੩੮॥

ਕੋਈ ਵੀ ਘਾਟੀ ਤੋਂ ਬਾਹਰ ਨਿਕਲ ਨਾ ਸਕੇ, ਜਾ ਕੇ ਘੇਰ ਲਵੇ ਜਦ ਨੇੜੇ ਪਹੁੰਚੇ ਤਾਂ ਬੰਦੂਕਾਂ ਚਲਾਵੇ। ਏਥੋਂ ਹੁਣ ਸਾਰੇ ਰਾਜਿਆਂ ਦੀ ਤਿੱਖੇ ਸ਼ਸਤਰ ਧਾਰਨ ਵਾਲੀ ਸਮੂਹ ਸੈਨਾ ਯੁੱਧ ਵਾਸਤੇ ਚੜ੍ਹਾਈ ਕਰੇਗੀ॥੩੮॥

ਸੌ ਤੁਰੰਗ ਜੋ ਲਜਾਇ ਸੁਦਾਗਰ। ਚਪਲ ਬਲੀ ਗੁਨ ਬ੍ਰਿੰਦ ਉਜਾਗਰ।
ਸਗਰੇ ਛੀਨ ਲੇਹੁ ਕਰਿ ਧਰਿ ਧਰਿ। ਸ਼ਸਤ੍ਰ ਖਸੋਟਹੁ ਦੀਨਸਿ ਕਰਿ ਕਰਿ॥੩੯॥

ਸੌ ਘੋੜਾ ਜਿਹੜਾ ਸੁਦਾਗਰ ਲਿਆਇਆ ਸੀ, ਉਹ ਬੜੇ ਚੰਚਲ, ਬਲਵਾਨ ਅਤੇ ਸਾਰੇ ਗੁਣਾਂ ਵਿਚ ਪ੍ਰਗਟ ਹਨ, ਉਨ੍ਹਾਂ ਸਭ ਘੋੜਿਆਂ ਨੂੰ ਖੋਹ ਲਵੋ ਤੇ ਉਨ੍ਹਾਂ ਨੂੰ ਦੀਨ ਕਰ-ਕਰ ਸਾਰੇ ਸ਼ਸਤਰ ਵੀ ਖੋਹ ਲਵੋ॥੩੯॥

ਪੁਨ ਘਾਟੇ ਤੇ ਵਹਿਰ ਨਿਕਾਸਹੁ। ਹੁਇ ਸਨਮੁਖ ਹਤਿ ਸ਼ਸਤ੍ਰ ਬਿਨਾਸਹੁ।
ਵਸਤੂ ਜਾਨੇ ਦੇਹੁ ਨ ਕੋਈ। ਨਗਨ ਸੀਸ ਕਰਿ ਭੇਜੋ ਸੋਈ'॥ ੪੦॥

ਫਿਰ ਘਾਟੀ ਵਿਚੋਂ ਬਾਹਰ ਕੱਢ ਦੇਵੋ, ਜਿਹੜਾ ਵੀ ਸਾਹਮਣੇ ਹੋ ਕੇ ਮੁਕਾਬਲਾ ਕਰੇ, ਉਸ ਨੂੰ ਮਾਰ ਦੇਵੋ। ਕਿਸੇ ਵੀ ਵਸਤੂ ਨੂੰ ਜਾਣ ਨਾ ਦੇਵੋ, ਇਨ੍ਹਾਂ ਦਾ ਸਿਰ ਨੰਗੇ ਕਰਕੇ ਭੇਜੋ" ॥੪੦॥

ਫਤੇਸ਼ਾਹ, ਸਮਧੀ ਤੇ ਸੁਨਿ ਕਰਿ। ਲੇ ਸਭਿ ਚਲੇ ਜਾਨਿ, ਇਮ ਰਿਸ ਧਰ।
ਕਰਜੋ ਹੁਕਮ 'ਘਾਟਾ ਲਿਹੁ ਰੋਕ। ਘੇਰਹੁ ਚਢਿ ਕਰਿ ਭਲੇ ਬਿਲੋਕਿ॥ ੪੧॥

ਫਤਹਿ ਸ਼ਾਹ ਆਪਣੇ ਕੁੜਮ ਪਾਸੋਂ ਸੁਣ ਕੇ ਇਸ ਤਰ੍ਹਾਂ ਗੁੱਸਾ ਧਾਰ ਕੇ ਸਾਰਿਆਂ ਨੂੰ ਲੈ ਕੇ ਚਲ ਪਿਆ। ਇਹ ਹੁਕਮ ਕੀਤਾ, "ਘਾਟੀ ਨੂੰ ਰੋਕ ਲਵੋ ਤੇ ਭਲੀ ਪ੍ਰਕਾਰ ਸਵਾਰ ਹੋ ਕੇ ਸਭ ਨੂੰ ਘੇਰ ਲਵੋ॥੪੧॥

ਛੀਨ ਲੇਹੁ ਸਭਿ ਤਿਨ ਕੋ ਡੇਰਾ। ਜਿਨਹੁਂ ਨਹੀਂ ਡਰ ਮਾਨਜੋਂ ਮੇਰਾ।
ਆਨਜੋ ਬਡ ਤੰਬੋਲ ਨਹਿਂ ਦੀਨਿ। ਕੋਪ ਜਨਾਵਤਿ ਚਲਿਬੋ ਕੀਨਿ' ॥ ੪੨ ॥

ਉਨ੍ਹਾਂ ਦਾ ਸਾਰਾ ਡੇਰਾ ਲੁੱਟ ਲਵੋ, ਜਿਨ੍ਹਾਂ ਨੇ ਮੇਰਾ ਡਰ ਨਹੀਂ ਮੰਨਿਆ ਹੈ। ਵੱਡਾ ਤੰਬੋਲ ਲਿਆਂਦਾ ਸੀ, ਪਰ ਦਿੱਤਾ ਨਹੀਂ, ਗੁੱਸਾ ਜਣਾ ਕੇ ਚਲੇ ਗਏ ਹਨ' ॥੪੨॥

*ਦੂਸਰੀ ਰੁੱਤ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ ॥੧੬॥*

## ਅਧਿਆਇ ਸਤਾਰ੍ਹਵਾਂ

### *ਘਾਟੀ ਲੰਘਣਾ*

*ਦੋਹਰਾ-* ਸੁਨਤਿ ਗਿਰਿੰਦਨ ਹੁਕਮ ਕੋ ਸੁਭਟ ਪੰਚ ਸੈ ਜਾਇ।
ਘਾਟਾ ਰੋਕਜੋ ਅੱਗ੍ਰ ਤੇ ਮਹਾਂ ਬਿਖਮ ਜਿਸ ਥਾਇਂ॥ ੧॥

ਪਹਾੜੀਆਂ ਨੇ ਹੁਕਮ ਸੁਣ ਕੇ, ਪੰਜ ਸੈ ਸੂਰਮਿਆਂ ਨੂੰ ਨਾਲ ਲੈ ਕੇ ਅਗੋਂ ਜਾ ਕੇ ਅਜਿਹੇ ਥਾਂ ਜਾ ਕੇ ਘਾਟੀ ਨੂੰ ਰੋਕ ਲਿਆ ਜਿੱਥੇ ਮਹਾਂ ਬਿਖਮ ਰਸਤਾ ਸੀ॥੧॥

*ਚੌਪਈ-* ਪੁਨ ਸਭਿ ਦਲ ਮਹਿਂ ਬਜੇ ਨਗਾਰੇ। ਜੋਧਾ ਸਨਧਬੱਧ ਭੇ ਸਾਰੇ।
'ਸ਼ਸਤ੍ਰ ਗਹੈਂ ਜੇ ਸਨਮੁਖ ਹੋਇ। ਤੌਂ ਹਤਿ ਦੇਇ, ਦੋਸ਼ ਨਹਿਂ ਕੋਇ॥੨॥

ਫਿਰ ਸਾਰੀ ਸੈਨਾ ਵਿਚ ਨਗਾਰਾ ਵੱਜਿਆ ਤੇ ਸਾਰੇ ਯੋਧੇ ਹਥਿਆਰ ਬੱਧ ਹੋ ਗਏ। ਯੋਧਿਆਂ ਨੂੰ ਫਿਰ ਹੁਕਮ ਹੋਇਆ, "ਜੇ ਸਾਹਮਣੇ ਹੋ ਕੇ ਸ਼ਸਤਰ ਫੜਨ ਤਾਂ ਉਨ੍ਹਾਂ ਨੂੰ ਮਾਰ ਦੇਵੋ ਇਸ ਵਿਚ ਕੋਈ ਦੋਸ਼ ਨਾ ਸਮਝੋ॥੨॥

ਜੇ ਹਥੀਆਰਨ ਮਹਿ ਦੇਂ ਡਾਰ। ਹਾਥਨਿ ਜੋਰਹਿਂ ਮਾਨਹਿਂ ਹਾਰ।
ਛੀਨ ਛੀਨ ਤਬ ਦੇਹੁ ਨਿਕਾਸੀ'। ਸਭਿ ਸੁਭਟਨਿ ਮਹਿਂ ਦੇਵ ਪ੍ਰਕਾਸ਼ੀ॥੩॥

ਜੇ ਹਥਿਆਰਾਂ ਨੂੰ ਸੁੱਟ ਦੇਣ, ਹੱਥ ਜੋੜ ਕੇ ਹਾਰ ਮੰਨ ਲੈਣ, ਫਿਰ ਹਥਿਆਰ ਖੋਹ ਖੋਹ ਕੇ ਬਾਹਰ ਕੱਢ ਦੇਵੋ।" ਸਾਰੇ ਸੂਰਮਿਆਂ ਨੂੰ ਇਸ ਤਰ੍ਹਾਂ ਹੁਕਮ ਹੋਇਆ॥੩॥

ਸਤਿਗੁਰ ਦਲ ਮਹਿਂ ਸੁਧਿ ਤਬਿ ਗਈ। 'ਦੇਖਹੁ ਕਹਾਂ ਚਮੂੰ ਬਡ ਅਈ।
ਸੁਭਟ ਪੰਚ ਸੈ ਗਏ ਅਗਾਰੀ। ਘਾਟਾ ਰੋਕਜੋ ਦ੍ਰਿੜ੍ਹਤਾ ਧਾਰੀ॥ ੪॥

ਸਤਿਗੁਰੂ ਜੀ ਦੀ ਸੈਨਾ ਪਾਸ ਫਿਰ ਇਹ ਖ਼ਬਰ ਪੁੱਜੀ। "ਵੇਖੋ ਕਿੱਥੇ ਵੱਡੀ ਸੈਨਾ ਆਈ ਹੈ। ਪੰਜ ਸੌ ਸੈਨਿਕ ਅੱਗੇ ਗਏ ਹਨ ਤੇ ਉਨ੍ਹਾਂ ਨੇ ਦ੍ਰਿੜ੍ਹਤਾ ਧਾਰ ਕੇ ਘਾਟੀ ਵਿਚਲੇ ਤੰਗ ਰਸਤੇ ਨੂੰ ਰੋਕ ਲਿਆ ਹੈ॥੪॥

ਘੇਰਾ ਪਰਜੋ. ਤੁਮਹਿਂ ਚਹੁੰਫੇਰੇ। ਮੁਸ਼ਕਲ ਨਿਕਸਨਿ ਬਨੈ ਅਗੇਰੇ।
ਜੇ ਉਪਾਇ ਤੁਮ ਤੇ ਬਨਿ ਆਵੈ। ਕਰਿ ਲੀਜੈ, ਨਤੁ ਦਲ ਅਬਿ ਆਵੈ' ॥ ੫ ॥

ਤੁਹਾਡੇ ਚਾਰ ਚੁਫੇਰੇ ਘੇਰਾ ਪੈ ਗਿਆ, ਅੱਗੇ ਨਿਕਲਣਾ ਹੁਣ ਬੜਾ ਮੁਸ਼ਕਲ ਹੋ ਗਿਆ ਹੈ, ਜੇ ਤੁਹਾਥੋਂ ਕੋਈ ਉਪਾਅ ਬਣਦਾ ਹੈ ਤਾਂ ਕਰੋ. ਨਹੀਂ ਤਾਂ ਵੱਡਾ ਦਲ ਚੜ੍ਹ ਕੇ ਆ ਰਿਹਾ ਹੈ" ॥੫॥

ਸੁਨਿ ਸਚਿੰਤ ਸਭਿ ਕੇ ਮਨ ਹੋਏ। ਰੁਕਿਬੇ ਤੇ ਡਰ ਧਰਿ ਸਭਿ ਕੋਏ।
'ਉਲੰਘਨ ਬਨਜੋ ਕਠਨ ਅਬਿ ਘਾਟਾ। ਰਿਪੁ ਦਲ ਹਮ ਜਿਮ ਲੋਨ ਰੁ ਆਟਾ ॥੬॥

ਇਹ ਸੁਣ ਕੇ ਸਾਰਿਆਂ ਦੇ ਮਨ ਚਿੰਤਾ ਸਹਿਤ ਹੋ ਗਏ, ਰੁਕਣ ਤੋਂ ਸਾਰੇ ਡਰਦੇ ਸਨ, "ਹੁਣ ਘਾਟੀ ਨੂੰ ਲੰਘਣਾ ਬੜਾ ਕਠਨ ਬਣ ਗਿਆ ਹੈ। ਵੈਰੀ ਦੇ ਦਲ ਵਾਸਤੇ ਅਸੀਂ ਆਟੇ ਵਿਚ ਲੂਣ ਦੇ ਬਰਾਬਰ ਹਾਂ ॥੬॥

ਕਵਨ ਜਤਨ ਹੁਇ ਚਹੁੰ ਦਿਸ਼ਿ ਘਿਰੇ। ਗਿਰਪਤਿ ਕ੍ਰਿਤਘਨ ਸਭਿ ਮਨ ਫਿਰੇ।
ਜੇ ਕਰਿ ਘਾਟਾ ਹ੍ਵੈ ਨ ਅਗਾਰੇ। ਤੌ ਹਮ ਜਾਹਿਂ ਸ਼ਸਤ੍ਰ ਰਿਪੁ ਮਾਰੇ' ॥ ੭ ॥

ਹੁਣ ਕੀ ਯਤਨ ਹੋਵੇ, ਚਾਰੇ ਪਾਸਿਆਂ ਤੋਂ ਘਿਰ ਗਏ ਹਾਂ, ਸਾਰੇ ਕ੍ਰਿਤਘਨ ਪਹਾੜੀ ਰਾਜਿਆਂ ਦੇ ਮਨ ਫਿਰ ਗਏ ਹਨ। ਜੇ ਅੱਗੇ ਤੰਗ ਘਾਟੀ ਨਾ ਹੋਵੇ ਤਾਂ ਅਸੀਂ ਸ਼ਸਤਰਾਂ ਨਾਲ ਵੈਰੀ ਨੂੰ ਮਾਰਦੇ ਨਿਕਲ ਜਾਂਦੇ" ॥੭॥

ਦਯਾਰਾਮ ਅਰੁ ਆਦਿ ਦਿਵਾਨ। ਮਿਲਿ ਮਿਲਿ ਮਸਲਤ ਕਰਹਿਂ ਬਖਾਨ।
ਇਕ ਸਿਖ ਗੁਰ ਸ਼ਰਧਾਲੁ ਬਡੇਰਾ। ਸਭਿ ਮਹਿਂ ਕਰਜੋ ਬਾਕ ਤਿਸ ਬੇਰਾ ॥ ੮ ॥

ਦਇਆ ਰਾਮ ਅਤੇ ਦਿਵਾਨ ਆਦਿ ਮਿਲ ਮਿਲ ਕੇ ਸਲਾਹਾਂ ਕਰਦੇ ਸਨ। ਉਨ੍ਹਾਂ ਵਿਚ ਇਕ ਸਿੱਖ ਗੁਰੂ ਜੀ ਦਾ ਵੱਡਾ ਸ਼ਰਧਾਲੂ ਸੀ। ਉਸ ਨੇ ਸਾਰਿਆਂ ਦੇ ਵਿਚ ਬਚਨ ਕੀਤਾ ॥੮॥

'ਜਬਿ ਤੁਮ ਭਏ ਤਯਾਰ ਇਤ ਆਵਨ। ਗਿਰਪਤਿ ਰਿਪੁ ਹੈਂ ਕਰੇ ਬਤਾਵਨਿ।
ਸੰਸੈ ਲਖਜੋ ਤੁਮਾਰੇ ਉਰ ਕੋ। ਤਬਿ ਇਮ ਬਾਕ ਭਯੋ ਸਤਿਗੁਰ ਕੋ ॥ ੯ ॥

"ਜਦ ਤੁਸੀਂ ਏਧਰ ਆਉਣ ਵਾਸਤੇ ਤਿਆਰ ਹੋਏ ਸੀ, 'ਪਹਾੜੀ ਰਾਜੇ ਸਾਡੇ ਵੈਰੀ ਹਨ' ਗੁਰੂ ਨੂੰ ਦੱਸਿਆ ਸੀ। ਉਸ ਸਮੇਂ ਗੁਰੂ ਜੀ ਨੇ ਤੁਹਾਡੇ ਮਨ ਦੇ ਸੰਸੇ ਨੂੰ ਸਮਝ ਕੇ ਇਸ ਤਰ੍ਹਾਂ ਬਚਨ ਕੀਤੇ ਸਨ ॥੯॥

ਆਪਾ ਨਹੀਂ ਜਨਾਵਨ ਕਰੀਅਹਿ। ਏਕ ਭਰੋਸਾ ਗੁਰ ਕੋ ਧਰੀਅਹਿ।
ਜਿਸ ਪ੍ਰਭੁ ਨੇ ਹਮ ਕਰੇ ਪਠਾਵਨ। ਸੋ ਸਤਿਗੁਰ ਹਮ ਕਰਿਹੈ ਲਜਾਵਨਿ ॥੧੦॥

ਆਪਣੇ ਆਪੇ ਨੂੰ ਨਾ ਜਣਾਓ, ਇਕ ਭਰੋਸਾ ਸਤਿਗੁਰੂ ਜੀ ਤੇ ਧਾਰੋ। ਜਿਸ ਪ੍ਰਭੂ ਨੇ ਸਾਨੂੰ ਭੇਜਿਆ ਹੈ, ਉਹੀ ਸਤਿਗੁਰੂ ਸਾਨੂੰ ਵਾਪਸ ਲੈ ਜਾਵੇਗਾ ॥੧੦॥

ਇਮ ਕਲਗੀਧਰ ਪਠਿਵਤਿ ਕਹਜੋ। ਸੋ ਕਿਮ ਨਹਿਂ ਸਿਮਰਤਿ ? ਦੁਖ ਲਹਜੋ।
ਸਭਿ ਤਜੀਅਹਿ ਚਿੰਤਾ ਸੰਦੇਹੂ। ਕਜੋ ਨਹਿਂ ਉਠਹੁ ਨਾਮ ਗੁਰ ਲੇਹੂ' ॥ ੧੧ ॥

ਇਸ ਪ੍ਰਕਾਰ ਕਲਗੀਧਰ ਨੇ ਭੇਜਣ ਸਮੇਂ ਕਿਹਾ ਸੀ, ਉਨ੍ਹਾਂ ਨੂੰ ਹੁਣ ਕਿਉਂ ਨਹੀਂ ਯਾਦ ਕਰਦੇ ਹੋ ? ਫਜ਼ੂਲ ਦੁਖ ਪਾ ਰਹੇ ਹੋ। ਚਿੰਤਾ ਦੇ ਸਭ ਸ਼ੰਕਿਆਂ ਨੂੰ ਛੱਡ ਦੇਵੋ, ਕਿਉਂ ਨਹੀਂ ਉੱਠ ਕੇ ਗੁਰੂ ਜੀ ਦਾ ਨਾਮ ਲੈਂਦੇ" ॥੧੧॥

ਸਿਖ ਕੋ ਬਾਕ ਸ਼੍ਰਵਣ ਸਭਿ ਧਰਜੋ। ਬਿਸਰਜੋ ਦਰਬ ਮਨਹੁਂ ਕਰ ਪਰਜੋ।
ਸਭਿ ਕੇ ਰਿਦੈ ਭਰੋਸਾ ਭਯੋ। 'ਜੈ ਸਤਿਗੁਰ ਕੀ' ਬਚ ਕਹਿ ਦਯੋ ॥ ੧੨ ॥

ਸਿੱਖ ਦੇ ਬਚਨਾਂ ਨੂੰ ਫਿਰ ਸਭ ਨੇ ਆਪਣੇ ਕੰਨਾਂ ਵਿਚ ਧਾਰਨ ਕੀਤਾ, ਮਾਨੋ ਭੁਲਿਆ ਧਨ ਫਿਰ ਹੱਥ ਆ ਗਿਆ ਹੋਵੇ। ਸਾਰਿਆਂ ਦੇ ਹਿਰਦੇ ਵਿਚ ਭਰੋਸਾ ਆ ਗਿਆ, 'ਜੈ ਸਤਿਗੁਰੂ ਜੀ ਦੀ', ਸਾਰਿਆਂ ਨੇ ਕਹਿ ਦਿੱਤਾ॥੧੨॥

**ਭਏ ਸਨੱਧਬੱਧ ਭਟ ਸਾਰੇ। ਸਕਲ ਸਮਾਜ ਬਿਲੋਕਿ ਸੰਪਾਰੇ।**
**ਘੋਰਨ ਪਰ ਹ੍ਵੈ ਕੈ ਅਸਵਾਰਾ। ਤੁਰਤ ਪਯਾਨੇ ਬਜਜੋ ਨਗਾਰਾ॥ ੧੩॥**

ਸਾਰੇ ਸੂਰਬੀਰਾਂ ਨੇ ਸ਼ਸਤਰ ਧਾਰਨ ਕਰ ਲਏ ਤੇ ਸਾਰਾ ਸਾਮਾਨ ਵੇਖ ਕੇ ਸੰਭਾਲ ਲਿਆ। ਘੋੜਿਆਂ ਉੱਤੇ ਸਵਾਰ ਹੋ ਕੇ ਤੁਰਤ ਨਗਾਰਾ ਵਜਾਉਂਦੇ ਚਲ ਪਏ॥੧੩॥

**ਖਟ ਸੈ ਤੁਰੰਗ ਬਜਤਿ ਹੈਂ ਪੌਰ। ਛੋਰਿ ਤੁਫੰਗਨਿ ਗਨ ਤਿਸ ਠੌਰ।**
**ਹਯਨਿ ਕੁਦਾਵਤਿ ਆਗੇ ਗਏ। ਘਾਟਾ ਜਾਇ ਬਿਲੋਕਤਿ ਭਏ॥ ੧੪॥**

ਛੇ ਸੌ ਘੋੜਿਆਂ ਦੇ ਕਦਮਾਂ ਦੀ ਆਵਾਜ਼ ਹੁੰਦੀ ਹੈ (ਪੰਜ ਸੌ ਆਪਣੇ ਤੇ ਸੌ ਸੁਦਾਗਰ ਵਾਲੇ ਘੋੜੇ)। ਉਸ ਸਥਾਨ ਤੇ ਬਹੁਤ ਗੋਲੀਆਂ ਛੱਡ ਕੇ, ਘੋੜਿਆਂ ਨੂੰ ਟਪਾਉਂਦੇ ਅੱਗੇ ਚਲੇ ਗਏ ਤੇ ਜਾ ਕੇ ਘਾਟੇ ਵਾਲੇ ਸਥਾਨ ਨੂੰ ਵੇਖਿਆ॥੧੪॥

*ਨੋਟ : ਪਹਾੜਾਂ ਵਿਚ ਚੜ੍ਹਾਈ ਵਾਲੇ ਰਸਤੇ ਨੂੰ ਜਿਹੜਾ ਕਈ ਵਾਰ ਦੋ ਟਿੱਲਿਆਂ ਦੇ ਵਿਚਕਾਰ ਹੁੰਦਾ ਹੈ ਉਸ ਨੂੰ ਪਹਾੜੀਏ ਘਾਟਾ ਕਹਿੰਦੇ ਹਨ।*

**ਕੁਛ ਈਖਦ ਹੀ ਆਇ ਪਹਾਰੀ। ਪੀਛੈ ਆਵਤਿ ਉਮਡੇ ਭਾਰੀ।**
**ਨੰਦਚੰਦ ਅਵਿਲੋਕਿ ਅਨੰਦਯੋ। ਲੇ ਗੁਰ ਨਾਮ ਬੰਦਿ ਕਰ ਬੰਦਯੋ॥ ੧੫॥**

ਘਾਟੇ ਵਾਲੇ ਸਥਾਨ ਤੇ ਹਾਲੇ ਬਹੁਤ ਥੋੜੇ ਪਹਾੜੀਏ ਪਹੁੰਚੇ ਸਨ, ਪਿੱਛੇ ਬਹੁਤ ਵੱਡੀ ਸੈਨਾ ਉਮੱਡ ਕੇ ਆ ਰਹੀ ਸੀ। ਨੰਦ ਚੰਦ ਵੇਖ ਕੇ ਪ੍ਰਸੰਨ ਹੋ ਗਿਆ, ਗੁਰੂ ਜੀ ਦਾ ਨਾਮ ਲੈ ਕੇ ਹੱਥ ਜੋੜ ਕੇ ਬੰਦਨਾ ਕੀਤੀ॥੧੫॥

**ਚਢਤਯੋਂ ਬਿਲਮ ਲਗਤਿ ਕੁਛ ਔਰ। ਤੌ ਮਿਲਿ ਜਾਤਿ ਸੁਭਟ ਇਸ ਠੌਰ।**
**ਜਿਮ ਪਪੀਲਕਾ ਲਾਗਯੋ ਲਾਰਾ। ਆਵਤਿ ਬੀਰ ਬਿਲੰਦ ਹਜ਼ਾਰਾ॥ ੧੬॥**

ਜੇ ਚੜ੍ਹਾਈ ਚੜ੍ਹਨ ਲੱਗਿਆਂ ਕੁਝ ਹੋਰ ਦੇਰ ਲੱਗ ਜਾਂਦੀ ਤਾਂ ਪਹਾੜੀਆਂ ਦੀ ਸੈਨਾ ਏਥੇ ਆ ਮਿਲਦੀ। ਉਨ੍ਹਾਂ ਦੇ ਹਜ਼ਾਰਾਂ ਸੂਰਬੀਰ ਇਕੱਠੇ ਹੋ ਕੇ ਇਸ ਤਰ੍ਹਾਂ ਸਨ, ਮਾਨੋ ਕੀੜੀਆਂ ਦਾ ਭੌਣ ਆ ਰਿਹਾ ਹੋਵੇ॥੧੬॥

**ਘਾਟਾ ਰੁਕਤਿ ਹੋਤਿ ਤਕਰਾਈ। ਤੌ ਮੁਸ਼ਕਲ ਹਮ ਉਲੰਘਨਿ ਪਾਈ।**
**ਆਨਿ ਭਏ ਸਤਿਗੁਰੂ ਸਹਾਈ। ਮੱਤਿ ਹੀਨੇ ਕੀਨੇ ਰਿਪੁ ਰਾਈ॥ ੧੭॥**

ਜੇ ਘਾਟੇ ਵਾਲੇ ਸਥਾਨ ਤੇ ਰੋਕਣ ਵਾਸਤੇ ਤਕੜਾਈ ਕੀਤੀ ਹੁੰਦੀ ਤਾਂ ਅਸੀਂ ਬੜੀ ਮੁਸ਼ਕਲ ਨਾਲ ਲੰਘ ਸਕਦੇ। ਸਤਿਗੁਰੂ ਜੀ ਨੇ ਆ ਕੇ ਸਹਾਇਤਾ ਕੀਤੀ ਹੈ ਤੇ ਪਹਾੜੀ ਰਾਜਿਆਂ ਨੂੰ ਮਤਹੀਣੇ ਕਰ ਦਿੱਤਾ ਹੈ॥੧੭॥

**ਇਮ ਲਖਿ ਨਿਜ ਸੁਭਟਨਿ ਲਲਕਾਰਯੋ। 'ਸ਼ੱਤ੍ਰਨਿ ਦਲ ਕੁਛ ਅਲਪ ਨਿਹਾਰਯੋ।**
**ਹਤਹੁ ਤਫੰਗਨ, ਤੁਰਤ ਪਲਾਵਹਿਂ। ਜੋ ਬਿਲਮਹੁ ਤੌ ਅਰਿ ਗਨ ਆਵਹਿਂ॥੧੮॥**

ਇਸ ਤਰ੍ਹਾਂ ਵੇਖ ਕੇ ਨੰਦ ਚੰਦ ਨੇ ਆਪਣੇ ਸੂਰਮਿਆਂ ਨੂੰ ਲਲਕਾਰਿਆ, "ਵੈਰੀਆਂ ਦਾ ਦਲ ਕੁਝ ਥੋੜ੍ਹਾ ਹੀ ਵਿਖਾਈ ਦਿੰਦਾ ਹੈ, ਗੋਲੀਆਂ ਚਲਾਉਂਦੇ ਤੁਰਤ ਦੌੜ ਜਾਵੋ, ਜੇ ਦੇਰ ਲਾਵੋਗੇ ਤਾਂ ਹੋਰ ਬਹੁਤ ਪਹਾੜੀ ਸੈਨਾ ਆ ਜਾਵੇਗੀ॥੧੮॥

**ਸਤਿਗੁਰ ਭਏ ਸਹਾਇ ਤੁਮਾਰੇ'। ਇਮ ਕਹਿ ਧਨੁ ਤੇ ਸਰ ਗਨ ਮਾਰੇ।**
**ਛੁਟੀ ਤੁਫੰਗਨ ਭਾ ਭਟ ਭੇਰੇ। ਹੇਲਾ ਕਰਯੋ ਮਿਲੇ ਤਿਸ ਬੇਰੇ॥ ੧੯॥**

ਸਤਿਗੁਰੂ ਜੀ ਨੇ ਤੁਹਾਡੀ ਸਹਾਇਤਾ ਕੀਤੀ ਹੈ।" ਇਸ ਤਰ੍ਹਾਂ ਕਹਿ ਕੇ ਧਨੁੱਖ ਵਿਚੋਂ ਤੀਰ ਕੱਢ ਕੇ ਮਾਰੇ, ਬੰਦੂਕਾਂ ਚਲੀਆਂ ਤੇ ਸੂਰਬੀਰ ਭਿੜ ਪਏ, ਉਸ ਸਮੇਂ ਗੁਰੂ ਦੀ ਸੈਨਾਂ ਨੇ ਮਿਲ ਕੇ ਹੱਲਾ ਕੀਤਾ॥੧੯॥

ਨੰਦਚੰਦ ਲੇ ਬੀਰ ਬਡੇਰੇ। ਭਯੋ ਅੱਗ੍ਰ ਧਰਿ ਧੀਰ ਘਨੇਰੇ।
ਜਹਿਂ ਪਹਾਰੀਏ ਤੁਪਕ ਚਲਾਵਹਿਂ। ਤਿਨ ਕੇ ਸਮੁਖ ਚਲੇ ਸਭਿ ਜਾਵਹਿਂ॥੨੦॥

ਨੰਦ ਚੰਦ ਵੱਡੇ-ਵੱਡੇ ਸੂਰਬੀਰਾਂ ਨੂੰ ਨਾਲ ਲੈ ਕੇ ਵੱਡਾ ਧੀਰਜ ਧਾਰ ਕੇ ਅੱਗੇ ਹੋਇਆ। ਜਿੱਥੇ ਪਹਾੜੀਏ ਬੰਦੂਕਾਂ ਚਲਾਉਂਦੇ ਸਨ, ਉਨ੍ਹਾਂ ਦੇ ਸਾਹਮਣੇ ਹੀ ਸਾਰੇ ਚਲੇ ਜਾ ਰਹੇ ਸਨ॥੨੦॥

ਪਾਛੇ ਦਯਾਰਾਮ ਹੁਇ ਠਾਢੋ। ਛੋਰੈ ਤੀਰ ਬੀਰ ਬਰ ਗਾਢੋ।
ਗਿਰਪਤਿ ਸੈਨਾ ਪਹੁੰਚੀ ਜਹਿਂ ਜਹਿਂ। ਚਲਹਿ ਤੁਪਕ ਪਿਖਿ ਠਾਢੀ ਤਹਿਂ ਤਹਿਂ॥੨੧॥

ਪਿੱਛੇ ਦਇਆ ਰਾਮ ਖੜਾ ਹੋ ਗਿਆ, ਸ੍ਰੇਸ਼ਟ ਸੂਰਬੀਰ ਬਹੁਤ ਤੀਰ ਛੱਡਦਾ ਸੀ। ਪਹਾੜੀ ਸੈਨਾ ਜਿੱਥੇ-ਜਿੱਥੇ ਵੀ ਪਹੁੰਚੀ ਹੋਈ ਸੀ ਬੰਦੂਕਾਂ ਚਲਦੀਆਂ ਵੇਖ ਕੇ ਉਥੇ-ਉਥੇ ਹੀ ਖੜੀ ਹੋ ਗਈ॥੨੧॥

"ਸਨਮੁਖ ਹਤਨਿ ਲਗੇ ਸਭਿ ਗੋਰੀ। ਹੁਇ ਇਕੱਤ੍ਰ ਸੇ ਨਿਜ ਨਿਜ ਓਰੀ।
ਬੰਧਹਿਂ ਟੋਲ ਕਰਹਿਂਗੇ ਰਨ ਕੋ। ਲਾਰਾ ਪਰਯੋ ਹਟਯੋ ਰਿਪੁ ਗਨ ਕੋ॥੨੨॥

ਘਾਟੇ ਵਾਲੇ ਸਥਾਨ 'ਤੇ ਖਲੋਤੇ ਪਹਾੜੀਏ ਸੋਚਦੇ ਹਨ, "ਜਿੰਨੇ ਵੀ ਸਿੱਖ ਇਕੱਠੇ ਹੋ ਗਏ ਹਨ, ਉਹ ਸਾਹਮਣੇ ਤੋਂ ਸਾਡੇ ਵਲ ਗੋਲੀਆਂ ਮਾਰ ਰਹੇ ਹਨ। ਜਿਸ ਵੇਲੇ ਉਨ੍ਹਾਂ ਦਾ ਟੋਲਾ ਬੱਝ ਗਿਆ ਭਾਵ ਸਾਰੇ ਇਕੱਠੇ ਹੋ ਗਏ ਤਾਂ ਸਾਡੇ ਨਾਲ ਜੰਗ ਕਰਨਗੇ। ਵੈਰੀਆਂ ਦੀ ਵਹੀਰ ਪੈ ਗਈ ਹੈ ਤੇ ਸਾਰੇ ਹਟ ਕੇ ਏਧਰ ਨੂੰ ਆ ਰਹੇ ਹਨ॥੨੨॥

ਜੇ ਘਾਟੇ ਪਰ ਪਹੁੰਚਤਿ ਭਏ। ਤੇਈ ਤਹਿਂ ਇਕਠੇ ਹ੍ਵੈ ਗਏ।
ਹਮ ਢਿਗ ਨਹਿਂ ਸਹਾਇਤਾ ਆਈ। ਗੁਰ ਦਲ ਨੇ ਕਰਿ ਬਲ ਅਟਕਾਈ॥੨੩॥

ਜੋ ਜੋ ਘਾਟੇ ਵਾਲੇ ਸਥਾਨ 'ਤੇ ਪਹੁੰਚ ਗਏ ਹਨ, ਉਹ ਇਕੱਠੇ ਹੋ ਗਏ ਹਨ। ਸਾਡੇ ਪਾਸ ਕੋਈ ਸਹਾਇਤਾ ਨਹੀਂ ਆਈ ਹੈ, ਗੁਰੂ ਦਲ ਨੇ ਸ਼ਕਤੀ ਲਾ ਕੇ ਸਾਨੂੰ ਅਟਕਾਅ ਲਿਆ ਹੈ"॥੨੩॥

ਇਮ ਬਿਚਾਰਿ ਕਰਿ ਤ੍ਰਾਸ ਬਡੇਰਾ। ਸਤਿਗੁਰ ਦਲ ਕੌ ਰਖਯੋ, 'ਘਨੇਰਾ।
ਸਨਮੁਖ ਆਵਤਿ ਚਲਯੋ ਹਮਾਰੇ। ਬ੍ਰਿੰਦ ਤੁਫੰਗਨ ਕਰਤਿ ਪ੍ਰਹਾਰੇ॥ ੨੪॥

ਇਸ ਤਰ੍ਹਾਂ ਵਿਚਾਰ ਕੇ ਸਤਿਗੁਰੂ ਜੀ ਦੀ ਸੈਨਾ ਦਾ ਬਹੁਤ ਡਰ ਧਾਰਨ ਕੀਤਾ ਤੇ ਬੋਲੇ "ਵੱਡਾ ਦਲ ਸਾਡੇ ਸਾਹਮਣੇ ਆ ਰਿਹਾ ਹੈ। ਬਹੁਤ ਬੰਦੂਕਾਂ ਦਾ ਵਾਰ ਕਰ ਰਹੇ ਸਨ॥੨੪॥

ਨਹਿਂ ਘਾਟੇ ਪਰ ਹਮ ਤੇ ਰੁਕੈਂ। ਗਨ ਗੋਰੀ ਮਾਰਹਿਂ ਨਹਿਂ ਚੁਕੈਂ।
ਕਯੋਂ ਨਾਹਕ ਤੁਮ ਦੇਤੇ ਪ੍ਰਾਨ। ਇਕ ਦਿਸ਼ਿ ਥਿਰਹੁ ਬਨੇ ਸਵਧਾਨ॥ ੨੫॥

ਇਹ ਹੁਣ ਘਾਟੇ ਵਾਲੇ ਸਥਾਨ 'ਤੇ ਸਾਥੋਂ ਨਹੀਂ ਰੁਕਣਗੇ ਬਹੁਤ ਅਚੁੱਕ ਗੋਲੀਆਂ ਮਾਰਨਗੇ। ਤੁਸੀਂ ਕਿਉਂ ਖਾਹਮਖਾਹ ਆਪਣੇ ਪ੍ਰਾਣ ਦਿੰਦੇ ਹੋ, ਇਕ ਪਾਸੇ ਬੈਠ ਕੇ ਸਾਵਧਾਨ ਰਹੋ॥੨੫॥

ਮਗ ਦਿਹੁ ਛੋਰਿ ਚਲੇ ਇਹ ਜਾਵੈਂ। ਰੁਕਹਿਂ ਤਬਹਿ ਜਬਿ ਗਿਰਪਤਿ ਆਵੈਂ।
ਹਮ ਹੈਂ ਅਲਪ ਰਹਯੋ ਦਲ ਪਾਛੇ। ਕਿਮ ਇਨ ਸਨ ਲਰਿਬੋ ਚਿਤ ਬਾਂਛੇ॥੨੬॥

ਇਨ੍ਹਾਂ ਨੂੰ ਰਾਹ ਦੇਵੋ, ਇਹ ਛੱਡ ਕੇ ਚਲੇ ਜਾਣਗੇ, ਇਹ ਤਦ ਹੀ ਰੁਕਣਗੇ ਜਦ ਰਾਜੇ ਆਪ ਆ ਪਹੁੰਚਣਗੇ। ਸਾਡੀ ਗਿਣਤੀ ਥੋੜ੍ਹੀ ਹੈ, ਵੱਡਾ ਦਲ ਪਿੱਛੇ ਹੈ, ਇਨ੍ਹਾਂ ਨਾਲ ਅਸੀਂ ਕਿਵੇਂ ਲੜਾਈ ਕਰਨੀ ਚਾਹਾਂਗੇ" ॥੨੬॥

ਜਹਿਂ ਜਹਿਂ ਹੁਤੇ ਭਏ ਥਿਰ ਤਹਾਂ। ਰਣ ਪਰਿਬੇ ਤੇ ਸੁਕਚਤਿ ਮਹਾਂ।
ਭਟ ਘਾਟੇ ਪਰ ਗਿਨ ਇਮ ਗਟੀ। ਲਟੀ ਧੀਰ, ਮਗ ਛੋਡਨਿ ਠਟੀ॥ ੨੭॥

ਜਿੱਥੇ-ਜਿੱਥੇ ਵੀ ਪਹਾੜੀਏ ਖੜੇ ਸਨ, ਲੜਾਈ ਕਰਨ ਤੋਂ ਉਨ੍ਹਾਂ ਬਹੁਤ ਸੰਕੋਚ ਕੀਤਾ। ਘਾਟੇ ਵਾਲੇ ਸਥਾਨ ਤੇ ਖੜੇ ਸੂਰਬੀਰਾਂ ਨੇ ਇੰਝ ਸਲਾਹ ਕਰਕੇ ਧੀਰਜ ਛੱਡ ਦਿੱਤਾ॥੨੭॥

ਹਟਿ ਹਟਿ ਸਨੇ ਸਨੇ ਪਿਛਵਾਈ। ਰਾਖੀ ਤਯਾਰ ਨ ਤੁਪਕ ਚਲਾਈ।
ਮਤ ਹਮਰੇ ਊਪਰ ਅਰਿ ਆਵੈ। ਤਬਿ ਇਕ ਬਾਰਿ ਮਾਰ ਹਟਕਾਵੈਂ॥ ੨੮॥

ਹੱਟਦੇ-ਹੱਟਦੇ ਹੌਲੀ-ਹੌਲੀ ਪਿੱਛੇ ਚਲੇ ਗਏ, ਜਿਹੜੀਆਂ ਬੰਦੂਕਾਂ ਤਿਆਰ ਰੱਖੀਆਂ ਸਨ, ਉਹ ਨਾ ਚਲਾਈਆਂ, ਕਿਤੇ ਸਾਡੇ ਉੱਤੇ ਹੀ ਚੜ੍ਹ ਕੇ ਨਾ ਆ ਜਾਣ ਤੇ ਸਾਨੂੰ ਇਕੋ ਵਾਰ ਮਾਰ ਕੇ ਰੋਕ ਦੇਣ॥੨੮॥

ਭਟਨਿ ਆਗਲੇ ਜਬਿ ਅਸ ਕਰੀ। ਪਿਛਲੀ ਚਮੂੰ ਸੁਥਲ ਥਲ ਥਿਰੀ।
ਤੁਪਕ ਦੂਰ ਤੇ ਖਰੇ ਚਲਾਵਹਿਂ। ਗਮਨਤਿ ਲਖਹਿਂ, ਨ ਆਗੇ ਆਵਹਿਂ॥੨੯॥

ਅਗਲੇ ਪਹਾੜੀ ਸੂਰਮਿਆਂ ਨੇ ਜਦ ਇਸ ਤਰ੍ਹਾਂ ਕੀਤਾ ਤੇ ਪਿਛਲੀ ਸੈਨਾ ਆਪੋ ਆਪਣੀ ਥਾਂ ਤੇ ਖੜੀ ਰਹੀ। ਦੂਰ ਖੜੇ ਬੰਦੂਕਾਂ ਚਲਾਉਂਦੇ ਸਨ। ਗੁਰੂ ਜੀ ਦੀ ਸੈਨਾਂ ਨੂੰ ਜਾਂਦਿਆਂ ਵੇਖਦੇ ਸਨ, ਪਰ ਅੱਗੇ ਨਹੀਂ ਸੀ ਆਉਂਦੇ॥੨੯॥

ਇਮ ਪਹਾਰੀਆਨ ਜਬਿ ਮਤਿ ਮਾਰੀ। ਕੋ ਭੂਪਤਿ ਨਹਿਂ ਜਿਨਹੁਂ ਮਝਾਰੀ।
ਨੰਦਚੰਦ ਭਟ ਬ੍ਰਿੰਦ ਅਨੰਦਯੋ। 'ਜੈ ਪ੍ਰਾਪਤਿ ਰਿਪੁ ਬਿਨਾ ਨਿਕੰਦਯੋ'॥ ੩੦॥

ਇਸ ਤਰ੍ਹਾਂ ਪਹਾੜੀਆਂ ਦੀ ਜਦ ਮੱਤ ਮਾਰੀ ਗਈ, ਜਿਨ੍ਹਾਂ ਦੇ ਵਿਚ ਕੋਈ ਵੀ ਰਾਜਾ ਨਹੀਂ ਸੀ। ਨੰਦ ਚੰਦ ਸੂਰਬੀਰ ਬਹੁਤ ਪ੍ਰਸੰਨ ਹੋਇਆ, "ਵੈਰੀ ਨੂੰ ਮਾਰਨ ਤੋਂ ਬਗੈਰ ਹੀ ਫਤਹਿ ਮਿਲ ਗਈ ਹੈ"॥੩੦॥

ਪੁੰਜ ਤੁਫੰਗਨਿ ਚਲੇ ਚਲਾਵਤਿ। ਸਾਵਧਾਨ ਘਾਟੇ ਮਗ ਜਾਵਤਿ।
ਪਿਖਹਿਂ ਪਹਾਰੀ ਅਰਹਿ ਨ ਕੋਈ। ਖਟ ਸੈ ਸਭਟ ਗੋਲ ਇਕ ਹੋਈ॥ ੩੧॥

ਇਕੱਠੀਆਂ ਬੰਦੂਕਾਂ ਚਲਾਉਂਦੇ ਜਾਂਦੇ ਸਨ, ਸਾਵਧਾਨ ਹੋ ਕੇ ਘਾਟੇ ਵਾਲੇ ਰਾਹ ਜਾ ਰਹੇ ਸਨ। ਵੇਖਦੇ ਸਨ ਕਿ ਕੋਈ ਵੀ ਪਹਾੜੀਆ ਅੜਦਾ ਨਹੀਂ ਸੀ, ਛੇ ਸੌ ਸੂਰਬੀਰਾਂ ਦਾ ਇਕ ਟੋਲਾ ਹੋ ਗਿਆ ਸੀ॥੩੧॥

ਸਭਿ ਵਸਤੂ ਕਰਿ ਅਪਨਿ ਮਝਾਰੀ। ਗਮਨਤਿ ਘਾਟੇ ਉਲਾਂਘਿ ਅਗਾਰੀ।
ਕੋ ਸ਼ੱਤ੍ਰੂ ਹੁਇ ਸਕਯੋ ਨ ਨੇਰੇ। ਤਬਿ ਅਰਨੋ ਹੁਇ ਕਹਾਂ ਅਗੇਰੇ॥ ੩੨॥

ਆਪਣੀਆਂ ਸਾਰੀਆਂ ਵਸਤਾਂ ਲੈ ਕੇ, ਘਾਟੇ ਵਾਲੇ ਸਥਾਨ ਨੂੰ ਲੰਘ ਕੇ ਅੱਗੇ ਚਲੇ ਗਏ। ਕੋਈ ਵੀ ਵੈਰੀ ਨੇੜੇ ਨਾ ਹੋ ਸਕਿਆ, ਫਿਰ ਅੱਗੇ ਜਾ ਕੇ ਕਿਸ ਨੇ ਮੁਕਾਬਲਾ ਕਰਨਾ ਸੀ?॥੩੨॥

ਸਕਲ ਸੰਭਾਰਤ ਉਲੰਘਤਿ ਘਾਟਾ। ਸੁਭਟ ਥਿਰੇ ਤਬਿ ਕਰਨ ਜੁ ਠਾਟਾ।
ਸਨੇ ਸਨੇ ਸਭਿ ਅਪਨ ਬਿਹੀਰ। ਕਰਹਿਂ ਚਲਾਵਨਿ ਬੀਰ ਸਧੀਰ॥ ੩੩॥

ਸਭ ਵਸਤਾਂ ਸੰਭਾਲ ਕੇ ਘਾਟਾ ਲੰਘ ਗਏ। ਫਿਰ ਕਤਾਰ ਬੰਨ੍ਹ ਕੇ ਤੁਰਨ ਵਾਸਤੇ ਥੋੜਾ ਥਿਰ ਠਹਿਰੇ। ਹੌਲੀ-ਹੌਲੀ ਆਪਣੀ ਸਾਰੀ ਵਹੀਰ ਨੂੰ ਸ੍ਰੇਸ਼ਟ ਧੀਰਜਵਾਨ ਸੂਰਬੀਰ ਚਲਾਈ ਜਾਂਦੇ ਸਨ॥੩੩॥

ਪਾਛੇ ਦਯਾਰਾਮ ਕਰਿ ਟੋਲ। ਸਨੇ ਸਨੇ ਆਵਤਿ ਬਡ ਬੋਲਿ।
ਨਿਜ ਬਲ ਕੋ ਜਨਾਇ ਕਰਿ ਭਲੇ। ਸਭਿਨਿ ਸੰਭਾਰਤਿ ਆਗੂ ਚਲੇ॥ ੩੪॥

ਪਿੱਛੇ ਦਇਆ ਰਾਮ ਟੋਲਾ ਬਣਾ ਕੇ ਉੱਚੀ-ਉੱਚੀ ਬੋਲਦਾ ਹੌਲੀ-ਹੌਲੀ ਆ ਰਿਹਾ ਸੀ। ਆਪਣੀ ਸ਼ਕਤੀ ਨੂੰ ਭਲੀ ਪ੍ਰਕਾਰ ਜਿਣਾ ਕੇ ਸਾਰਿਆਂ ਨੂੰ ਸੰਭਾਲ ਕੇ ਆਗੂ ਚਲ ਰਹੇ ਸਨ ॥੩੪॥

ਕਹਿ ਕਹਿ ਸਤਿਗੁਰ ਕੋ ਜੈਕਾਰ। ਧੁਨਿ ਊਚੀ ਸਭਿ ਕੇ ਸ੍ਰੁਤਿ ਡਾਰਿ।
ਘਾਟਾ ਨਿਕਸਤਿ ਪੰਥ ਪਯਾਨੇ। ਅਰੇ ਪਹਾਰੀ ਗੋਰਨ ਹਾਨੇ॥ ੩੫॥

ਕਹਿ ਕਹਿ ਕੇ ਸਤਿਗੁਰੂ ਜੀ ਦੇ ਜੈਕਾਰੇ ਮਾਰਦੇ ਸਨ, ਉੱਚੀ ਆਵਾਜ਼ ਵਿਚ ਬੋਲ ਕੇ ਸਭ ਨੂੰ ਸੁਣਾਉਂਦੇ ਸਨ। ਘਾਟਾ ਨਿਕਲ ਕੇ ਰਾਹੇ-ਰਾਹ ਚਲ ਪਏ, ਜਿਹੜੇ ਪਹਾੜੀਏ ਅੜੇ, ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ॥੩੫॥

ਕਿਤਿਕ ਮਰੇ ਕਾਤੁਰ ਪਿਖਿ ਡਰੇ। ਸ਼੍ਰੋਣਿਤ ਲਿਪਟੇ ਭੂਤਲ ਪਰੇ।
ਜੇ ਘਾਇਲ ਅਪਨੇ ਹੁਇ ਗਏ। ਤਿਨਹੁਂ ਉਠਾਇ ਸੰਗ ਸਭਿ ਲਏ॥ ੩੬॥

ਕਈ ਮਰ ਗਏ, ਉਨ੍ਹਾਂ ਨੂੰ ਵੇਖ ਕੇ ਕਾਇਰ ਡਰ ਗਏ, ਲਹੂ ਨਾਲ ਲਿਬੜੇ ਧਰਤੀ ਤੇ ਪਏ ਸਨ। ਜਿਹੜੇ ਘਾਇਲ ਸਨ, ਉਹ ਸਭ ਆਪਣੇ ਹੋ ਗਏ, ਉਨ੍ਹਾਂ ਨੂੰ ਚੁੱਕ ਕੇ ਆਪਣੇ ਨਾਲ ਲੈ ਲਿਆ॥੩੬॥

ਬਿਜੈ ਪਾਇ ਆਏ ਚਲਿ ਦੂਰ। ਜਾਨਜੋ ਹਾਜ਼ਰ ਗੁਰੂ ਹਜ਼ੂਰ।
ਕ੍ਰਮ ਕ੍ਰਮ ਸਕਲ ਪੰਥ ਉਲੰਘਾਏ। ਨਗਰ ਪਾਂਵਟਾ ਗੜ੍ਹ ਨਿਯਰਾਏ॥ ੩੭॥

ਵਿਜੇ ਪ੍ਰਾਪਤ ਕਰਕੇ ਦੂਰ ਚਲ ਕੇ ਆ ਗਏ, ਇਹ ਜਾਣਿਆ ਜਿਵੇਂ ਗੁਰੂ ਜੀ ਦੇ ਹਜ਼ੂਰ ਵਿਚ ਹਾਜ਼ਰ ਹੋ ਗਏ ਹਨ। ਚਲਦੇ-ਚਲਦੇ ਸਾਰਾ ਪੈਂਡਾ ਲੰਘ ਆਏ, ਪਾਉਂਟੇ ਨਗਰ ਦਾ ਕਿਲ੍ਹਾ ਨੇੜੇ ਆ ਗਿਆ॥੩੭॥

ਦੁੰਦਭਿ ਊਚੀ ਧੁਨੀ ਬਜਾਵਤਿ। ਨਿਕਟਿ ਦੂਰ ਕੇ ਨਰਨਿ ਸੁਨਾਵਤਿ।
ਪਹੁੰਚੇ ਸਤਿਗੁਰ ਕਹਿ ਜੈਕਾਰਾ। ਉਤਰ ਪਰੇ ਸਗਲੇ ਅਸਵਾਰਾ॥ ੩੮॥

ਬੜੀ ਉੱਚੀ ਆਵਾਜ਼ ਵਿਚ ਨਗਾਰਾ ਵਜਾਇਆ ਤੇ ਨੇੜੇ ਦੂਰ ਦੇ ਮਨੁੱਖਾਂ ਨੂੰ ਸੁਣਾਇਆ। ਫਿਰ ਸਤਿਗੁਰੂ ਜੀ ਦਾ ਜੈਕਾਰਾ ਕਹਿ ਕੇ ਪਹੁੰਚ ਗਏ ਤੇ ਸਾਰੇ ਅਸਵਾਰ ਆਪਣੇ-ਆਪਣੇ ਘੋੜਿਆਂ ਤੋਂ ਥੱਲੇ ਉੱਤਰ ਆਏ॥੩੮॥

ਪ੍ਰਭੁ ਨਿਕਟ ਜਬਿ ਸੁਧਿ ਪਹੁੰਚਾਈ। ਸੁਨਿ ਦਿਵਾਨ ਦਿਜ ਲਿਏ ਬੁਲਾਈ।
ਸੰਗ ਸੁਭਟਨ ਸਮੂਹ ਸਿਧਾਰਜੋ। ਮੁਦਤਿ ਸਭਨਿ ਗੁਰ ਦਰਸ ਨਿਹਾਰਜੋ॥੩੯॥

ਗੁਰੂ ਜੀ ਪਾਸ ਜਦ ਖ਼ਬਰ ਪਹੁੰਚਾਈ ਤਾਂ ਉਨ੍ਹਾਂ ਨੇ ਸੁਣ ਕੇ ਆਪਣੇ ਦਿਵਾਨ ਅਤੇ ਪ੍ਰੋਹਿਤ ਨੂੰ ਆਪਣੇ ਪਾਸ ਬੁਲਾ ਲਿਆ। ਸਾਰੇ ਸੂਰਬੀਰਾਂ ਦੇ ਸਹਿਤ ਚਲੇ ਗਏ, ਬਹੁਤ ਪ੍ਰਸੰਨ ਹੋ ਕੇ ਸਾਰਿਆ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥੩੯॥

ਪਦ ਅਰਬਿੰਦਨ ਪਰ ਸਿਰ ਧਰਿ ਧਰਿ। ਮੁਖ ਕੋ ਨਿਰਖਤਿ ਮੁਦ ਉਰ ਭਰਿ ਭਰਿ।
ਮੁਸਕਾਵਤਿ ਸੁੰਦਰ ਦੁਤਿ ਦੇਤ। ਬੋਲੇ ਸਤਿਗੁਰ ਆਦਰ ਹੇਤੁ॥ ੪੦॥

ਗੁਰੂ ਜੀ ਦੇ ਚਰਨ ਕੰਵਲਾਂ 'ਤੇ ਸਿਰ ਧਰ ਧਰ ਕੇ ਹਿਰਦੇ ਵਿਚ ਪ੍ਰਸੰਨਤਾ ਭਰ ਭਰ ਕੇ ਗੁਰੂ ਜੀ ਦੇ ਮੁੱਖ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਮੁਸਕਰਾ ਕੇ ਸੁੰਦਰ ਸ਼ੋਭਾ ਪਾ ਰਹੇ ਸਨ। ਫਿਰ ਗੁਰੂ ਜੀ ਆਦਰ ਵਾਸਤੇ ਬੋਲੇ॥੪੦॥

'ਆਵਹੁ ਦਿਜ, ਦਿਵਾਨ ! ਦਿਹੁ ਸੁਧਿ ਕੋ। ਪਰਖਜੋ ਜਥਾ ਗਿਰੇਸ਼ੁਨ ਬੁਧਿ ਕੋ।
ਕਿਮ ਸਨਮਾਨ ਤੁਮਾਰੋ ਰਾਖਾ। ਆਵਤਿ ਜਾਤਿ ਕਹਾਂ ਬਚ ਭਾਖਾ॥ ੪੧॥

ਗੁਰੂ ਜੀ ਨੇ ਫ਼ੁਰਮਾਇਆ, "ਹੇ ਪ੍ਰੋਹਿਤ ਅਤੇ ਦਿਵਾਨ ! ਆਓ, ਸਾਰੀ ਖ਼ਬਰ ਸੁਣਾਓ, ਜਿਵੇਂ ਤੁਸੀਂ ਪਹਾੜੀ ਰਾਜਿਆਂ ਦੀ ਬੁੱਧੀ ਨੂੰ ਪਰਖਿਆ ਹੈ। ਕਿਵੇਂ ਉਨ੍ਹਾਂ ਨੇ ਤੁਹਾਡਾ ਸਨਮਾਨ ਰੱਖਿਆ ਹੈ, ਆਉਂਦਿਆਂ ਜਾਂਦਿਆਂ ਕੀ ਬਚਨ ਕਿਹਾ ਹੈ॥੪੧॥

ਭੀਮਚੰਦ ਕਹਿਲੂਰੀ ਗਯੋ। ਕਿਸ ਬਿਧਿ ਕੋ ਰਸ ਰਾਖਤਿ ਭਯੋ।
ਤੁਮ ਸਨ ਬੋਲਤਿ ਭਯੋ ਕਿ ਨਾਂਹਿ ? ਉਤਸਵ ਬਿਖੇ ਮਿਲੇ ਹੁਇ ਪਾਹਿ ॥੪੨॥

ਕਹਿਲੂਰੀ ਰਾਜਾ ਭੀਮ ਚੰਦ ਗਿਆ ਸੀ, ਉਸ ਨੇ ਕਿਸ ਵਿਧੀ ਨਾਲ ਰਸ ਰੱਖਿਆ ਹੈ। ਤੁਹਾਡੇ ਨਾਲ ਬੋਲਿਆ ਹੈ ਕਿ ਨਹੀਂ, ਉਤਸਵ ਵਿਚ ਪਾਸ ਹੋ ਕੇ ਮਿਲੇ ਹੋ॥੪੨॥

ਫਤੇਸ਼ਾਹ ਕੌ ਰੁਖ ਕਿਮ ਦੇਖਾ? ਹਮ ਸੋਂ ਰਸ ਕੈ ਬਿਰਸ ਪਰੇਖਾ।
ਕਿਸ ਪ੍ਰਕਾਰ ਵਰਤਯੋ ਤੁਮ ਸੰਗਾ ?'। ਦਿਜ ਦਿਵਾਨ ਸਭਿ ਕਹਯੋ ਪ੍ਰਸੰਗਾ ॥੪੩॥

ਫਤਹਿ ਸ਼ਾਹ ਦਾ ਰੁਖ ਕਿਵੇਂ ਵੇਖਿਆ ਹੈ, ਸਾਡੇ ਨਾਲ ਰਸ ਕਿ ਬੇਰਸੀ ਰੱਖਦਾ ਹੈ ? ਤੁਹਾਡੇ ਨਾਲ ਉਸ ਕਿਸ ਪ੍ਰਕਾਰ ਦਾ ਵਰਤਾਓ ਕੀਤਾ ਹੈ ?'' ਪ੍ਰੋਹਿਤ ਅਤੇ ਦਿਵਾਨ ਨੇ ਸਾਰਾ ਪ੍ਰਸੰਗ ਕਹਿ ਕੇ ਸੁਣਾਇਆ॥੪੩॥

*ਦੂਸਰੀ ਰੁੱਤ ਦਾ ਸਤਾਰੁਵਾਂ ਅਧਿਆਇ ਸਮਾਪਤ ਹੋਇਆ॥੧੭॥*

## *ਅਧਿਆਇ ਅਠਾਰ੍ਹਵਾਂ*

### *ਨੰਦ ਚੰਦ ਨੇ ਪ੍ਰਸੰਗ ਸੁਣਾਉਣਾ*

*ਦੋਹਰਾ-* ਸੁਨਿ ਕਲਗੀਧਰ ਪ੍ਰਸ਼ਨ ਕੋ ਨੰਦ ਚੰਦ ਕਰ ਬੰਦਿ।
ਬਰਨਨ ਕਰਯੋ ਪ੍ਰਸੰਗ ਸਭਿ ਕਥਾ ਗਿਰੇਂਦ੍ਰਨ ਬ੍ਰਿੰਦ॥ ੧॥

ਗੁਰੂ ਜੀ ਦੇ ਪ੍ਰਸ਼ਨ ਨੂੰ ਸੁਣ ਕੇ ਨੰਦ ਚੰਦ ਨੇ ਹੱਥ ਜੋੜ ਕੇ ਸਾਰੀ ਪਹਾੜੀ ਰਾਜਿਆਂ ਦੀ ਕਥਾ ਦਾ ਪ੍ਰਸੰਗ ਕਹਿ ਕੇ ਵਰਣਨ ਕੀਤਾ॥੧॥

*ਚੌਪਈ-* 'ਹੌਂ ਅਲਪੱਗਜ ਲਾਜ ਉਰ ਲਾਗੇ। ਤੁਮਰੀ ਬਾਤ ਕਹੌਂ ਤੁਮ ਆਗੇ।
ਜੇ ਗਿਰਪਤਿ ਹੈਂ ਮੂਢ ਗੁਮਾਨੀ। ਸਾਥ ਰਾਵਰੇ ਬੈਰ ਮਹਾਨੀ॥ ੨॥

ਨੰਦ ਚੰਦ ਨੇ ਕਿਹਾ, "ਮੈਂ ਛੋਟੀ ਬੁੱਧੀ ਵਾਲਾ ਹਾਂ, ਮੈਨੂੰ ਆਪਣੇ ਦਿਲ ਵਿਚ ਸ਼ਰਮ ਆਉਂਦੀ ਹੈ, ਜੇ ਮੈਂ ਤੁਹਾਡੀ ਗੱਲ ਤੁਹਾਡੇ ਅੱਗੇ ਕਹਾਂ। ਪਹਾੜੀ ਰਾਜੇ ਮੂਰਖ ਵੱਡੇ ਹੰਕਾਰੀ ਹਨ, ਆਪ ਜੀ ਦੇ ਨਾਲ ਉਨ੍ਹਾਂ ਦਾ ਵੱਡਾ ਵੈਰ ਹੈ॥੨॥

ਤਊ ਆਪ ਕੇ ਬੂਝਨ ਕਰੇ। ਕਹਿਬੇ ਕੋ ਮਮ ਚਿਤ ਅਨੁਸਰੇ।
ਕ੍ਰਿਪਾ ਧਾਰਿ ਤੁਮ ਦਾਇਜ ਦੀਨਾ। ਹਮ ਕੌ ਨ੍ਰਿਪ ਢਿਗ ਭੇਜਨਿ ਕੀਨਾ ॥੩॥

ਫਿਰ ਵੀ ਆਪ ਜੀ ਨੇ ਪੁੱਛਿਆ ਹੈ, ਕਹਿਣ ਵਾਸਤੇ ਮੇਰਾ ਚਿੱਤ ਆਪ ਜੀ ਦੀ ਆਗਿਆ ਅਨੁਸਾਰ ਹੈ। ਕਿਰਪਾ ਧਾਰ ਕੇ ਤੁਸੀਂ ਰਾਜੇ ਫਤਹਿ ਸ਼ਾਹ ਦੀ ਲੜਕੀ ਵਾਸਤੇ ਦਾਜ ਭੇਜਿਆ ਸੀ ਤੇ ਸਾਨੂੰ ਰਾਜੇ ਦੇ ਪਾਸ ਭੇਜਿਆ ਸੀ॥੩॥

ਮਿਲੇ ਜਾਇ ਆਦਰ ਬਡ ਠਾਨਾ। ਹਮ ਕਹਿ ਸਿਵਰ ਕੀਨਿ ਮੈਦਾਨਾ।
ਰਾਵਰ ਰੋਕਿ ਬਰਾਤ ਹਟਾਈ। ਸੁਧਿ ਸਭਿ ਸ੍ਰੀ ਨਗਰੈ ਸੁਨਿ ਪਾਈ॥ ੪॥

ਜਦ ਅਸੀਂ ਜਾ ਕੇ ਮਿਲੇ ਤਾਂ ਉਸ ਬਹੁਤ ਆਦਰ ਕੀਤਾ, ਅਸੀਂ ਕਹਿ ਕੇ ਬਾਹਰ ਮੈਦਾਨ ਵਿਚ ਡੇਰਾ ਲਵਾ ਲਿਆ। ਆਪ ਜੀ ਨੇ ਰੋਕ ਕੇ ਭੀਮ ਚੰਦ ਦੇ ਲੜਕੇ ਦੀ ਬਰਾਤ ਵਾਪਸ ਕਰ ਦਿੱਤੀ ਸੀ, ਇਹ ਸਾਰੀ ਖ਼ਬਰ ਸ੍ਰੀ ਨਗਰ ਵਿਚ ਸੁਣੀ॥੪॥

ਭਏ ਤਯਾਰ ਹਮ ਆਵਨਿ ਇਤ ਕੋ। ਰਾਖੇ ਫਤੇਸ਼ਾਹ ਕਰਿ ਹਿਤ ਕੋ।
'ਹੋਇ ਗਿਰੇਸ਼ਨ ਮੇਲ ਬਿਸਾਲਾ। ਇਹ ਤੰਬੋਲ ਬਡ ਦਿਹੁ ਤਿਸ ਕਾਲਾ॥ ੫॥

ਇਹ ਸੁਣ ਕੇ ਅਸੀਂ ਏਧਰ ਆਉਣ ਵਾਸਤੇ ਤਿਆਰ ਹੋ ਗਏ ਪਰ ਫਤਹਿ ਸ਼ਾਹ ਨੇ ਹਿੱਤ ਕਰਕੇ ਸਾਨੂੰ ਰੱਖ ਲਿਆ। ਕਹਿਣ ਲੱਗਾ, "ਪਹਾੜੀ ਰਾਜਿਆਂ ਦਾ ਵੱਡਾ ਮੇਲ ਹੋਵੇਗਾ, ਇਹ ਵੱਡਾ ਤੰਬੋਲ ਅਸੀਂ ਉਸ ਸਮੇਂ ਸਾਰੇ ਰਾਜਿਆਂ ਨੂੰ ਵਿਖਾਵਾਂਗੇ॥੫॥

ਪਸਰਹਿ ਸੁਜਸੁ ਸਤਿਗੁਰੂ ਕੇਰਾ। ਤਿਨ ਕੇ ਸਾਥ ਹੋਇ ਬਡ ਮੇਰਾ।
ਵਸਤੁ ਅਜਾਇਬ ਕੋ ਸਭਿ ਹੇਰਹਿਂ। ਵਧਹਿ ਵਜਾਹਿ ਉਤਸਾਹ ਘਨੇਰਹਿ' ॥੬॥

ਗੁਰੂ ਜੀ ਦਾ ਸਾਰੇ ਵੱਡਾ ਜੱਸ ਪਸਰੇਗਾ, ਉਨ੍ਹਾਂ ਦੇ ਹੀ ਨਾਲ ਮੇਰਾ ਵੀ ਵੱਡਾ ਜੱਸ ਹੋਵੇਗਾ। ਅਜੀਬ ਵਸਤਾਂ ਨੂੰ ਸਾਰੇ ਵੇਖਣਗੇ ਤੇ ਵਿਆਹ ਦਾ ਬੜਾ ਉਤਸਵ ਵਧੇਗਾ" ॥੬॥

ਇੱਤਜਾਦਿਕ ਮ੍ਰਿਦੁ ਬਾਕ ਬਖਾਨਹਿ। ਸੁਨਿ ਹਮ ਰਹੇ, ਨੀਕ ਕਰਿ ਜਾਨਹਿਂ।
ਦਿਵਸ ਕਿਤਿਕ ਮਹਿਂ ਆਇ ਬਰਾਤੀ। ਕਰਜੋ ਢੁਕਾਉ ਖਰਚ ਧਨ ਥਾਤੀ॥੭॥

ਇਸ ਪ੍ਰਕਾਰ ਦੇ ਮਿੱਠੇ ਬਚਨ ਕਹੇ, ਅਸੀਂ ਸੁਣ ਕੇ ਉਥੇ ਰਹਿ ਪਏ ਤੇ ਰਾਜੇ ਦੀ ਗੱਲ ਨੂੰ ਠੀਕ ਜਾਣਿਆ। ਕੁਝ ਦਿਨਾਂ ਵਿਚ ਬਰਾਤ ਆ ਗਈ, ਉਨ੍ਹਾਂ ਧਨ ਦੀਆਂ ਥੈਲੀਆਂ ਖਰਚ ਕੇ ਢੁਕਾਅ ਕੀਤਾ॥੭॥

ਨਿਜ ਨਿਜ ਰੀਤਿ ਕੀਨਿ ਦਿਸ਼ਿ ਦੋਊ। ਭਏ ਮੁਦਤਿ ਚਿਤ ਮਹਿਂ ਸਭਿ ਕੋਊ।
ਦਾਇਜ ਦੇਨ ਦਿਵਸ ਜਬਿ ਆਯੋ। ਪਠਿ ਮਾਨਵ ਕੋ ਹਮਹਿਂ ਬੁਲਾਯੋ॥ ੮॥

ਦੋਵਾਂ ਪਾਸਿਆਂ ਨੇ ਆਪਣੀ-ਆਪਣੀ ਰੀਤੀ ਅਨੁਸਾਰ ਸ਼ਗਨ ਕੀਤੇ ਤੇ ਸਾਰੇ ਆਪਣੇ-ਆਪਣੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ। ਦਾਜ ਦੇਣ ਦਾ ਜਦ ਦਿਨ ਆਇਆ ਤਾਂ ਇਕ ਮਨੁੱਖ ਨੂੰ ਭੇਜ ਕੇ ਸਾਨੂੰ ਬੁਲਾਇਆ॥੮॥

ਦਯੋ ਆਪ ਕੋ ਹਮ ਲੈ ਗਏ। ਫਰਸ਼ ਬਿਸਾਲ ਡਾਸਿ ਤਬਿ ਦਏ।
ਵਸਤੁ ਅਜਾਇਬ ਜਬਿ ਦਿਖਰਾਈ। ਸਰਵ ਗਿਰਿੰਦ੍ਰਨਿ ਦ੍ਰਿਸ਼ਟਿ ਲਗਾਈ॥੯॥

ਆਪ ਵਲੋਂ ਦਿੱਤਾ ਹੋਇਆ ਤੰਬੋਲ ਅਸੀਂ ਲੈ ਕੇ ਗਏ, ਉਥੇ ਬੜਾ ਲੰਮਾ ਚੌੜਾ ਫਰਸ਼ ਵਿਛਾਇਆ ਗਿਆ। ਸਾਰੇ ਰਾਜਿਆਂ ਨੇ ਦਾਜ ਵਲ ਆਪਣੀ ਦ੍ਰਿਸ਼ਟੀ ਲਾਈ॥੯॥

ਊਚ ਨੀਚ ਤਬਿ ਲਗੇ ਸਰਾਹਨਿ। ਜਿਹ ਸਮ ਨ੍ਰਿਪ ਦਾਇਜ ਭੀ ਨਾਂਹਿਨ।
ਭੀਮਚੰਦ ਉਰ ਆਨੰਦ ਭਰੇ। ਮਨੁਖ ਸਮੀਪੀ ਬੂਝਨਿ ਕਰੇ॥ ੧੦॥

ਆਪ ਜੀ ਦੇ ਤੰਬੋਲ ਦੀ ਅਮੀਰ ਗਰੀਬ ਸਭ ਸ਼ਲਾਘਾ ਕਰਨ ਲੱਗੇ, ਉਸ ਵਰਗਾ ਦਾਜ ਕਿਸੇ ਰਾਜੇ ਦਾ ਵੀ ਨਹੀਂ ਸੀ। ਭੀਮ ਚੰਦ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਪਾਸ ਖੜੇ ਮਨੁੱਖਾਂ ਪਾਸੋਂ ਪੁੱਛਣ ਲੱਗਾ॥੧੦॥

ਪ੍ਰਿਥਕ ਦਿਖਾਇਵ ਇਹ ਕਿਸ ਕੇਰਾ? ਜਿਸ ਪਰ ਲਾਗਜੋ ਮੋਲ ਘਨੇਰਾ।
ਤਬਿ ਲੈ ਭਾਟ ਪੁਕਾਰਿ ਸੁਨਾਯੋ। 'ਇਹ ਤੰਬੋਲ ਸਤਿਗੁਰੂ ਪਠਾਯੋ॥ ੧੧॥

ਜਿਹੜਾ ਦਾਜ ਵਖਰਾ ਵਿਖਾਇਆ ਗਿਆ ਹੈ, ਇਹ ਕਿਸ ਦਾ ਹੈ, ਜਿਸ ਉੱਤੇ ਬਹੁਤ ਮੁੱਲ ਲੱਗਾ ਹੈ। ਤਦ ਤਕ ਭੱਟ ਨੇ ਕਹਿ ਕੇ ਸੁਣਾਇਆ, ਇਹ ਤੰਬੋਲ ਸਤਿਗੁਰੂ ਜੀ ਨੇ ਭੇਜਿਆ ਹੈ" ॥੧੧॥

ਸੁਨਿ ਖੁਨਸਜੋ ਮਨ, ਮੂਰਖ ਮਾਨੀ। ਸਮਧੀ ਸਨ ਕਹਿ ਕਠਨ ਬਖਾਨੀ।
'ਦੁਸ਼ਮਨ ਅਧਿਕ ਬਿਘਨ ਜਿਸ ਕਿਯੋ। ਇਤੁ ਐਬੇ ਕੋ ਪੰਥ ਨ ਦਿਯੋ॥ ੧੨॥

ਮੂਰਖ ਘਮੰਡੀ, ਇਹ ਸੁਣ ਕੇ ਬਹੁਤ ਗੁੱਸੇ ਵਿਚ ਆਇਆ ਤੇ ਆਪਣੇ ਕੁੜਮ ਵਾਸਤੇ ਬੜੇ ਕਠੋਰ ਸ਼ਬਦ ਕਹੇ, "ਵੱਡੇ ਦੁਸ਼ਮਣ ਨੇ ਜਿਸ ਏਡਾ ਬਿਖੇੜਾ ਖੜਾ ਕੀਤਾ ਹੈ, ਸਾਨੂੰ ਏਧਰ ਆਉਣ ਵਾਸਤੇ ਰਾਹ ਨਹੀਂ ਦਿੱਤਾ ਹੈ॥੧੨॥

ਤਿਸ ਕੇ ਸੰਗ ਸਖਾਪਨ ਠਾਨਾ। ਇਹ ਭੀ ਮੇਰੋ ਸ਼ੱਤ੍ਰ ਮਹਾਨਾ।
ਡੋਰਾ ਤਜਾਗਿ ਚਲਹੁ ਨਿਜ ਦੇਸ਼। ਇਮ ਕਹਿ ਕੀਨਸਿ ਕੋਪ ਵਿਸ਼ੇਸ਼॥੧੩॥

ਉਸ ਦੇ ਨਾਲ ਮਿੱਤਰਤਾਈ ਧਾਰਨ ਕੀਤੀ ਹੈ, ਇਸ ਕਰਕੇ ਮੇਰਾ ਕੁੜਮ ਵੀ ਮੇਰਾ ਵੱਡਾ ਵੈਰੀ ਹੈ। ਡੋਲਾ ਛੱਡ ਕੇ ਮੈਂ ਆਪਣੇ ਦੇਸ਼ ਚਲਾ ਜਾਵਾਂਗਾ।" ਇਸ ਤਰ੍ਹਾਂ ਕਹਿ ਕੇ ਵੱਡਾ ਕ੍ਰੋਧ ਕੀਤਾ॥੧੩॥

ਤਬਹਿ ਕੂਚ ਬਜਵਾਇ ਨਗਾਰਾ। ਫਤੇਸ਼ਾਹ ਸੁਨਿ ਕਰਿ ਡਰ ਧਾਰਾ।
ਦੀਨ ਬਾਕ ਤੇ ਕਹਿ ਸਨਮਾਨਾ। ਭੀਮਚੰਦ ਤਬਿ ਤਾਂਹਿ ਬਖਾਨਾ॥ ੧੪॥

ਤਦ ਕੂਚ ਦਾ ਨਗਾਰਾ ਵਜਾ ਦਿੱਤਾ, ਇਹ ਸੁਣ ਕੇ ਫਤਹਿ ਸ਼ਾਹ ਬਹੁਤ ਡਰ ਗਿਆ, ਦੀਨਤਾ ਨਾਲ ਬੋਲ ਕੇ ਉਸ ਸਨਮਾਨ ਕੀਤਾ। ਭੀਮ ਚੰਦ ਨੇ ਫਿਰ ਉਸ ਨੂੰ ਕਿਹਾ॥੧੪॥

'ਜੇ ਸਤਿਗੁਰ ਕੇ ਸੰਗ ਲਰੈ ਹੋ। ਸੁਭਟਨਿ ਛੀਨ ਸ਼ਸਤ੍ਰ ਅਸੁ ਲੈਹੋ।
ਤੌ ਰਸ ਰਹੈ ਤੋਰ ਅਰੁ ਮੇਰਾ। ਨਤੁ ਮੈਂ ਛੋਰਿ ਚਲੌਂ ਇਤ ਡੋਰਾ॥ ੧੫॥

"ਜੇ ਸਤਿਗੁਰੂ ਦੇ ਨਾਲ ਲੜਦੇ ਹੋ, ਉਨ੍ਹਾਂ ਦੇ ਸੂਰਮਿਆਂ ਦੇ ਸ਼ਸਤਰ ਖੋਹ ਲੈਂਦੇ ਹੋ, ਤਦ ਤੇਰਾ ਮੇਰਾ ਰਸ ਰਹੇਗਾ, ਨਹੀਂ ਤਾਂ ਡੋਲਾ ਏਥੇ ਹੀ ਛੱਡ ਕੇ ਚਲਾ ਜਾਵਾਂਗਾ"॥੧੫॥

ਤਿਨ ਕੇ ਕਹੇ ਦੀਨ ਹੁਇ ਮਾਨੀ। ਕਾਹਿਲੂਰਪਤਿ ਜਥਾ ਬਖਾਨੀ।
ਇਮ ਗਿਨਿ ਫਤੇਸ਼ਾਹ ਜਬਿ ਆਯੋ। ਹਮ ਦਿਸ਼ਿ ਮੁਖ ਰੁਖ਼ ਅਪਰ ਬਨਾਯੋ॥੧੬॥

ਉਸ ਦੇ ਕਹਿਣ ਉੱਤੇ ਫਤਹਿ ਸ਼ਾਹ ਨੇ ਦੀਨ ਹੋ ਕੇ ਸਾਰੀ ਗੱਲ ਮੰਨ ਲਈ। ਇਸ ਤਰ੍ਹਾਂ ਸਲਾਹ ਕਰਕੇ ਜਦ ਫਤਹਿ ਸ਼ਾਹ ਆਇਆ ਤੇ ਸਾਡੇ ਵਲ ਉਸ ਬਹੁਤ ਬਦਲਿਆ ਹੋਇਆ ਰੁਖ਼ ਅਪਨਾਇਆ॥੧੬॥

ਕ੍ਰਿਪਾ ਆਪ ਕੀ ਤੇ ਹਮ ਜਾਨਾ। ਭਯੋ ਬਿਮੁਖ, ਰਿਪੁ ਕੋ ਬਚ ਮਾਨਾ।
ਚਹਜੋ ਨ ਦੇਨਿ ਦਾਜ ਕੌ ਤਬੈ। ਕਰਜੋ ਸਕੇਲਨਿ ਤੂਰਨ ਸਬੈ॥ ੧੭॥

ਆਪ ਜੀ ਦੀ ਕਿਰਪਾ ਕਾਰਨ ਮੈਂ ਸਭ ਕੁਝ ਜਾਣ ਗਿਆ ਕਿ ਇਹ ਹੁਣ ਦੁਸ਼ਮਣ ਦਾ ਬਚਨ ਮੰਨ ਕੇ ਬੇਮੁਖ ਹੋ ਗਿਆ ਹੈ। ਫਿਰ ਮੈਂ ਦਾਜ ਦੇਣਾ ਨਾ ਚਾਹਿਆ, ਸਾਰੇ ਦਾਜ ਨੂੰ ਤੁਰਤ ਇਕੱਠਾ ਕਰ ਲਿਆ॥੧੭॥

ਨਿਜ ਸੁਭਟਨ ਸਵਧਾਨ ਬਨਾਏ। ਸਿਵਰ ਆਪਨੇ ਤਤਛਿਨ ਆਏ।
ਜ਼ੀਨ ਤੁਰੰਗਮ ਡਾਰਿ ਉਤਾਲੇ। ਭਏ ਤਜਾਰ ਹੱਥਜਾਰ ਸੰਭਾਲੇ॥ ੧੮॥

ਆਪਣੇ ਸੂਰਬੀਰਾਂ ਨੂੰ ਸਾਵਧਾਨ ਕੀਤਾ ਤੇ ਆਪਣੇ ਡੇਰੇ ਵਿਚ ਤੁਰਤ ਆ ਗਿਆ। ਕਾਹਲੀ-ਕਾਹਲੀ ਘੋੜਿਆਂ ਉੱਤੇ ਕਾਠੀਆਂ ਪਾਈਆਂ ਤੇ ਤਿਆਰ ਹੋ ਕੇ ਹਥਿਆਰ ਸੰਭਾਲ ਲਏ॥੧੮॥

ਤਬਿ ਇਕ ਨਰ ਤੂਰਨ ਹੀ ਆਵਾ। ਮੰਤ੍ਰ ਗਿਰੇਸ਼ਨ ਕੀਨਿ ਬਤਾਵਾ।
'ਕਜੋਂ ਤੁਮ ਬਿਲਮੇ, ਕਰਹੁ ਪਯਾਨਾ। ਨਤੁ ਘਾਟਾ ਰੋਕਨ ਕੌ ਠਾਨਾ॥ ੧੯॥

ਤਦ ਇਕ ਮਨੁੱਖ ਤੁਰਤ ਆਇਆ, ਉਸ ਨੇ ਪਹਾੜੀ ਰਾਜਿਆਂ ਨੇ ਜੋ ਸਲਾਹ ਬਣਾਈ ਸੀ, ਉਸ ਬਾਰੇ ਦੱਸਿਆ, "ਤੁਸੀਂ ਜਾਣ ਵਿਚ ਕਿਉਂ ਦੇਰੀ ਕਰਦੇ ਹੋ, ਨਹੀਂ ਤਾਂ ਫਤਹਿ ਸ਼ਾਹ ਨੇ ਘਾਟੇ ਨੂੰ ਰੋਕਣ ਵਾਸਤੇ ਕਿਹਾ ਹੈ॥੧੯॥

ਸਭਿ ਰਾਜਨ ਕੀ ਸੈਨਾ ਤਯਾਰੀ। ਕਰਯੋ ਚਹੈ ਸਭਿ ਲੂਟ ਤੁਮਾਰੀ।
ਹਯ ਹੱਥਯਾਰ ਜਾਨਿ ਨਹਿਂ ਦੈਹੈਂ। ਰੁਕ ਜੈਹੈਂ, ਕੁਛ ਬਸ ਨ ਬਸੈਹੈ॥ ੨੦॥

ਸਾਰੇ ਰਾਜਿਆਂ ਦੀ ਸੈਨਾ ਤਿਆਰ ਹੈ, ਉਹ ਤੁਹਾਡੇ ਪਾਸੋਂ ਸਭ ਕੁਝ ਲੁੱਟ ਲੈਣਾ ਚਾਹੁੰਦੇ ਹਨ। ਘੋੜੇ, ਹਥਿਆਰ ਆਦਿ ਜਾਣ ਨਹੀਂ ਦੇਣਗੇ, ਜਦ ਰੋਕ ਲੈਣਗੇ ਤਾਂ ਫਿਰ ਕੁਝ ਵੀ ਵੱਸ ਨਹੀਂ ਚਲੇਗਾ॥੨੦॥

ਕੇਤਿਕ ਪਠਿ ਦੀਨੇ ਤਹਿਂ ਬੀਰ। ਚਢਹੁ ਤੁਰਤ ਅਬਿ ਪਾਇ ਬਹੀਰ।
ਹਮ ਚਿੰਤਾਤੁਰ ਅਤਿਸ਼ੈ ਭਏ। ਬਾਕ ਤੁਮਾਰੇ ਸਿਮਰਨ ਕਿਏ॥ ੨੧॥

ਉਨ੍ਹਾਂ ਨੇ ਬਹੁਤ ਸੂਰਬੀਰਾਂ ਨੂੰ ਭੇਜ ਦਿੱਤਾ ਹੈ, ਹੁਣ ਵਹੀਰ ਇਕੱਠੀ ਕਰਕੇ ਤੁਰਤ ਚਲ ਪਵੋ।" ਅਸੀਂ ਬਹੁਤ ਫਿਕਰਮੰਦ ਹੋ ਗਏ। ਫਿਰ ਅਸੀਂ ਤੁਹਾਡੇ ਬਚਨਾਂ ਨੂੰ ਯਾਦ ਕੀਤਾ॥੨੧॥

ਤੁਰਤ ਅਰੋਹਿ ਹੋਹਿ ਕਰਿ ਚਾਲੇ। ਪਿਖੇ ਪਹਾਰੀ ਆਵਤਿ ਜਾਲੇ।
ਹਯਨਿ ਧਵਾਇ ਪੰਥ ਤਿਸ ਆਏ। ਅਲਪ ਦੇਖਿ ਹਮ ਤੁਪਕ ਚਲਾਏ॥ ੨੨॥

ਤੁਰਤ ਸਵਾਰ ਹੋ ਕੇ ਚਲ ਪਏ, ਬਹੁਤ ਪਹਾੜੀਏ ਇਕੱਠੇ ਹੋ ਕੇ ਆਉਂਦੇ ਵੇਖੇ। ਘੋੜੇ ਭਜਾ ਕੇ ਉਸ ਰਸਤੇ ਆਏ ਤੇ ਵੈਰੀ ਥੋੜ੍ਹੀ ਗਿਣਤੀ ਵਿਚ ਵੇਖ ਕੇ ਅਸੀਂ ਬੰਦੂਕਾਂ ਚਲਾਈਆਂ॥੨੨॥

ਜਬੈ ਸ਼ਲਖ ਕੋ ਸ਼ਬਦ ਉਠਾਵਾ। ਥਲ ਥਲ ਮੈਂ ਦਲ ਅਟਕ ਰਹਾਵਾ।
ਆਗੇ ਅਰੇ ਕੁਛਕ ਜੇ ਬੀਰ। ਤਿਨ ਪਰ ਤਯਾਗੇ ਤੁਪਕ ਰੁ ਤੀਰ॥ ੨੩॥

ਜਦ ਬੰਦੂਕਾਂ ਦੀ ਉੱਚੀ ਆਵਾਜ਼ ਹੋਈ ਤਾਂ ਆਪਣੇ-ਆਪਣੇ ਸਥਾਨ 'ਤੇ ਹੀ ਪਹਾੜੀ ਦਲ ਅਟਕ ਗਿਆ। ਜਿਹੜੇ ਕੁਝ ਸੂਰਮੇ ਅੱਗੇ ਆ ਕੇ ਲੜੇ, ਉਨ੍ਹਾਂ ਉੱਤੇ ਅਸੀਂ ਗੋਲੀਆਂ ਅਤੇ ਤੀਰ ਛੱਡੇ॥੨੩॥

ਕਿਤਿਕ ਮਰੇ, ਘਾਇਲ ਕੋ ਭਏ। ਹਮਰੋ ਆਗਾ ਤਜਿ ਕਰਿ ਗਏ।
ਫਤੇ ਪਾਇ, ਗੁਰ ਬਨੇ ਸਹਾਈ। ਇਸ ਬਿਧਿ ਪਹੁੰਚੇ ਆਨਿ ਇਥਾਂਈ॥ ੨੪॥

ਕਈ ਮਰ ਗਏ ਅਤੇ ਕੁਝ ਜ਼ਖਮੀ ਹੋ ਗਏ ਤੇ ਸਾਡੇ ਅੱਗੇ ਤੋਂ ਛੱਡ ਕੇ ਚਲੇ ਗਏ। ਅਸੀਂ ਫਤਹਿ ਪਾਈ ਤੇ ਗੁਰੂ ਜੀ ਆਪ ਸਾਡੇ ਸਹਾਇਕ ਬਣੇ, ਇਸ ਵਿਧੀ ਨਾਲ ਏਥੇ ਆ ਕੇ ਪੁੱਜੇ ਹਾਂ॥੨੪॥

ਸਕਲ ਭੇਦ ਹਮ ਸੁਨਿ ਕਰਿ ਆਏ। ਮੰਤ੍ਰ ਕੀਨਿ ਸਭਿ ਮਿਲਿ ਗਿਰ ਰਾਏ।
ਫਤੇਸ਼ਾਹਿ ਸੋਂ ਤਬਿ ਠਹਿਰਾਈ। ਜਾਇ ਪ੍ਰਥਮ ਤੂੰ ਪਾਇ ਲਰਾਈ॥ ੨੫॥

ਸਾਰਾ ਭੇਦ ਅਸੀਂ ਸੁਣ ਕੇ ਆਏ ਹਾਂ, ਸਾਰੇ ਪਹਾੜੀ ਰਾਜਿਆਂ ਨੇ ਮਿਲ ਕੇ ਸਲਾਹ ਕੀਤੀ ਹੈ। ਫਤਹਿ ਸ਼ਾਹ ਨਾਲ ਇਹ ਸਲਾਹ ਪੱਕੀ ਕੀਤੀ ਹੈ ਕਿ ਪਹਿਲਾਂ ਜਾ ਕੇ ਤੂੰ ਲੜਾਈ ਅਰੰਭ ਕਰ॥੨੫॥

ਭੀਮਚੰਦ ਕੇ ਹਰਖ ਕਰਨਿ ਕੋ। ਭਏ ਤਯਾਰ ਅਬਿ ਆਇ ਲਰਨ ਕੋ।
ਬਾਂਟ ਦੀਨਿ ਬਾਰੂਦ ਸੁ ਗੋਰੀ। ਆਯੋ ਲਖੋ ਆਪਕੀ ਓਰੀ॥ ੨੬॥

ਭੀਮ ਚੰਦ ਨੂੰ ਖੁਸ਼ ਕਰਨ ਵਾਸਤੇ, ਫਤਹਿ ਸ਼ਾਹ ਤਿਆਰ ਹੋ ਗਿਆ ਹੈ ਤੇ ਹੁਣ ਲੜਾਈ ਕਰਨ ਵਾਸਤੇ ਆ ਰਿਹਾ ਹੈ। ਸੈਨਾ ਨੂੰ ਗੋਲੀ ਬਾਰੂਦ ਵੰਡ ਦਿੱਤਾ ਹੈ॥੨੬॥

ਸਾਵਧਾਨ ਨਿਜ ਦਲ ਕੋ ਕਰੀਅਹਿ। ਜੰਗ ਮਚਾਵਨਿ ਤਯਾਰੀ ਧਰੀਅਹਿ।
ਜਿਮ ਹਮ ਕੋ ਆਯੋ ਲਖਿ ਲੀਨੋ। ਫਤੇਸ਼ਾਹ ਤੈਸੇ ਤੁਮ ਚੀਨੋ॥ ੨੭॥

ਆਪਣੇ ਸਾਰੇ ਦਲ ਨੂੰ ਸਾਵਧਾਨ ਕਰੋ, ਤੇ ਜੰਗ ਮਚਾਉਣ ਦੀ ਤਿਆਰੀ ਕਰੋ, ਜਿਵੇਂ ਸਾਨੂੰ ਆਇਆਂ ਨੂੰ ਵੇਖਿਆ ਹੈ ਫਤਹਿ ਸ਼ਾਹ ਨੂੰ ਵੀ ਤੁਸੀਂ ਉਸ ਤਰ੍ਹਾਂ ਹੀ ਤੇਜ਼ੀ ਨਾਲ ਆਉਂਦਾ ਹੋਇਆ ਸਮਝੋ॥੨੭॥

ਗਨ ਰਾਜਨ ਕੀ ਚਮੂੰ ਬਟੋਰੀ। ਕਰਜੋ ਕੂਚ ਆਵਤਿ ਇਤ ਓਰੀ।
ਕਲਗੀਧਰ ਸੁਨਿ ਕਰਿ ਤਿਸ ਕਾਲਾ। ਫਰਕ ਉਠੀ ਜੁਗ ਭੁਜਾ ਬਿਸਾਲਾ॥੨੮॥

ਬਹੁਤ ਰਾਜਿਆਂ ਦੀ ਉਸ ਫੌਜ ਇਕੱਠੀ ਕੀਤੀ ਹੈ ਤੇ ਕੂਚ ਕਰਕੇ ਇਸ ਪਾਸੇ ਆ ਰਿਹਾ ਹੈ।" ਕਲਗੀਧਰ ਜੀ ਦੀਆਂ ਉਸ ਸਮੇਂ ਇਹ ਸੁਣ ਕੇ ਦੋਵੇਂ ਭੁਜਾਂ ਫੜਕ ਉੱਠੀਆਂ॥੨੮॥

ਗਰਜਤਿ ਸਭਾ ਬਿਖੈ ਬਚ ਭਾਖਾ। 'ਸ੍ਰੀ ਅਸਧੁਜ ਪੂਰਵਹਿ ਹਮ ਕਾਂਖਾ।
ਜਬਿ ਪਹੁੰਚੈਂ ਰਣਖੇਤ ਪਹਾਰੀ। ਇਮ ਕਰਿਹੌਂ ਸ਼ਸਤ੍ਰਨਿ ਗਨ ਮਾਰੀ॥੨੯॥

ਸਭਾ ਵਿਚ ਗਰਜ ਕੇ ਉਨ੍ਹਾਂ ਨੇ ਬਚਨ ਕੀਤਾ, "ਹੇ ਅਕਾਲ ਪੁਰਖ! ਸਾਡੀ ਅਭਿਲਾਸ਼ਾ ਪੂਰੀ ਕਰੋ, ਜਦ ਪਹਾੜੀਏ ਯੁੱਧ ਦੇ ਮੈਦਾਨ ਵਿਚ ਪਹੁੰਚਣਗੇ ਤਾਂ ਇਸ ਤਰ੍ਹਾਂ ਉਨ੍ਹਾਂ ਉੱਤੇ ਸ਼ਸਤਰਾਂ ਦੀ ਮਾਰ ਕਰਾਂਗਾ॥੨੯॥

ਸ਼੍ਰੋਣਤ ਪਾਨ ਕਰੈ ਬਹੁ ਧਰਨੀ। ਹ੍ਵੈ ਜੈ ਹੈ ਤਹਿਂ ਲੋਹਿਤ ਬਰਨੀ।
ਰੁੰਡ ਮੁੰਡ ਗਨ ਕੈ ਕਰਿ ਦੈਹੌਂ। ਹਾਥ ਪਾਇ ਕਾਟਤਿ ਬਿਥਰੈਹੌਂ॥੩੦॥

ਧਰਤੀ ਬਹੁਤ ਲਹੂ ਪੀਵੇਗੀ ਤੇ ਧਰਤੀ ਦਾ ਰੰਗ ਤਾਂਬੇ ਵਾਂਗ ਲਾਲ ਸੁਰਖ ਹੋ ਜਾਵੇਗਾ। ਬਹੁਤ ਸੂਰਬੀਰਾਂ ਨੂੰ ਰੁੰਡ ਮੁੰਡ ਕਰ ਦੇਵਾਂਗੇ ਤੇ ਹੱਥ ਪੈਰ ਕੱਟ ਕੇ ਖਿਲਾਰ ਦੇਵਾਂਗੇ॥੩੦॥

ਬਹੁ ਦਿਨ ਕੋ ਮਮ ਕੋਪ ਬਿਸਾਲਾ। ਫਤੇਸ਼ਾਹ ਪਰ ਤਜੌਂ ਕਰਾਲਾ।
ਭੀਮਚੰਦ ਕੋ ਜੇ ਇਕ ਬਾਰੀ। ਕਰੌਂ ਬਿਲੋਕਨ ਜੰਗ ਮਝਾਰੀ॥੩੧॥

ਕਈਆਂ ਦਿਨਾਂ ਤੋਂ ਮੈਂ ਵਿਸ਼ਾਲ ਕ੍ਰੋਧ ਨਾਲ ਭਰਿਆ ਹੋਇਆ ਹਾਂ। ਹੁਣ ਫਤਹਿ ਸ਼ਾਹ ਉੱਤੇ ਇਸ ਵਿਕਰਾਲ ਗੁੱਸੇ ਨੂੰ ਕੱਢਾਂਗਾ। ਭੀਮ ਚੰਦ ਨੂੰ ਇਕ ਵਾਰ ਜੰਗ ਦੇ ਮੈਦਾਨ ਵਿਚ ਵੇਖਾਂਗਾ॥੩੧॥

ਐਸੇ ਤਜਿਹੌਂ ਬਾਨ ਕਰਾਰੇ। ਬੇਧ ਸ਼ਰੀਰਨ ਪਰਿ ਹੈਂ ਪਾਰੇ।
ਥਿਰੇ ਅਗਾਰੀ ਦੇਹੈਂ ਪ੍ਰਾਨ। ਨਤੁ ਭਾਜਹਿਂ ਰਨ ਤਜਾਗਿ ਮਹਾਨਾ।॥੩੨॥

ਐਸੇ ਕਰਾਰੇ ਤੀਰ ਛੱਡਾਂਗਾ, ਜਿਹੜੇ ਸਰੀਰਾਂ ਨੂੰ ਵਿੰਨ੍ਹ ਕੇ ਪਾਰ ਹੋ ਜਾਣਗੇ, ਜਿਹੜੇ ਵੀ ਅੱਗੇ ਖੜੇ ਹੋਣਗੇ, ਪ੍ਰਾਣ ਛੱਡ ਜਾਣਗੇ, ਨਹੀਂ ਤਾਂ ਮਹਾਨ ਰਣਖੇਤਰ ਨੂੰ ਛੱਡ ਕੇ ਭੱਜ ਜਾਣਗੇ"॥੩੨॥

ਇਮ ਕਹਿ ਕਰਿ ਗੁਰ ਸਭਾ ਮਝਾਰਾ। ਸੰਗ ਮਸੰਦਨ ਹੁਕਮ ਉਚਾਰਾ।
'ਤਜਾਰੀ ਅਧਿਕ ਜੰਗ ਕੀ ਧਰੀਅਹਿ। ਗੁਲਕਾਂ ਬਿੰਦ ਬਰੂਦਹਿ ਕਰੀਅਹਿ॥੩੩॥

ਗੁਰੂ ਜੀ ਨੇ ਇਸ ਤਰ੍ਹਾਂ ਸਭਾ ਵਿਚ ਕਹਿ ਕੇ, ਮਸੰਦਾਂ ਨੂੰ ਇਹ ਹੁਕਮ ਸੁਣਾਇਆ। ਜੰਗ ਦੀ ਵੱਡੀ ਪੱਧਰ ਤੇ ਤਿਆਰੀ ਕਰੋ, ਬਹੁਤ ਗੋਲੀਆਂ ਅਤੇ ਬਾਰੂਦ ਇਕੱਠਾ ਕਰੋ॥੩੩॥

ਤੀਰ ਤੁਫੰਗਨ, ਤੋਮਰ, ਭਾਲੇ। ਧਨੁਖ ਬਾਨ ਦੀਜਹਿ ਭਟ ਜਾਲੇ।
ਇਮ ਬੋਲਤਿ ਬਹੁ ਉਦਜੋ ਪ੍ਰਤਾਪਾ। ਜਿਸ ਤੇ ਸ਼ੱਤ੍ਰੁ ਬਿੰਦ ਹੁਇ ਖਾਪਾ॥੩੪॥

ਤੀਰ, ਬੰਦੂਕਾਂ, ਨੇਜ਼ੇ, ਭਾਲੇ, ਧਨੁੱਖ ਬਾਣ ਸਾਰੇ ਸੂਰਬੀਰਾਂ ਨੂੰ ਦੇਵੋ।" ਇਸ ਤਰ੍ਹਾਂ ਬੋਲਣ ਨਾਲ ਵੱਡਾ ਪ੍ਰਤਾਪ ਪ੍ਰਗਟ ਹੋਇਆ, ਜਿਸ ਨਾਲ ਬਹੁਤ ਵੈਰੀਆਂ ਦਾ ਨਾਸ਼ ਹੋਵੇਗਾ॥੩੪॥

ਮੁਖ ਗੁਰ ਕੌ ਇਮ ਦੀਖਨਿ ਲਾਗਾ। ਮਨਹੁਂ ਬੀਰਰਸ ਸੁਪਤਜੋ ਜਾਗਾ।
ਦਯਾਰਾਮ ਪ੍ਰੋਹਿਤ ਇਮ ਬੋਲਾ। 'ਸੁਨਹੁ ਪ੍ਰਭੂ ! ਭਾ ਰਾਜਨ ਟੋਲਾ॥ ੩੫॥

ਗੁਰੂ ਜੀ ਦਾ ਮੁਖ ਇਸ ਤਰ੍ਹਾਂ ਦਿੱਸਣ ਲੱਗਾ, ਮਾਨੋਂ ਸੁੱਤਾ ਹੋਇਆ ਬੀਰ-ਰਸ ਜਾਗਿਆ ਹੋਵੇ। ਫਿਰ ਦਇਆ ਰਾਮ ਪ੍ਰੋਹਿਤ ਇਸ ਤਰ੍ਹਾਂ ਬੋਲਿਆ, "ਹੇ ਪ੍ਰਭੂ ਜੀ ! ਸੁਣੋ, ਇਹ ਬਹੁਤ ਰਾਜਿਆਂ ਦਾ ਟੋਲਾ ਹੈ"॥੩੫॥

ਦੀਰਘ ਭੀਮਚੰਦ ਕਹਿਲੂਰੀ। ਜਿਸ ਢਿਗ ਭਈ ਬਾਹਨੀ ਭੂਰੀ।
ਸਭਿ ਗ੍ਰਾਮਨ ਕੀ ਛੇਰ ਹਕਾਰੀ। ਸੁਨਿ ਪਹੁੰਚੀ ਗਨ ਸ਼ਸਤ੍ਰਨ ਧਾਰੀ॥ ੩੬॥

ਇਨ੍ਹਾਂ ਵਿਚ ਭੀਮ ਚੰਦ ਕਹਿਲੂਰੀ ਸਭ ਤੋਂ ਵੱਡਾ ਹੈ ਜਿਸ ਪਾਸ ਵੱਡੀ ਸੈਨਾ ਹੈ। ਸਾਰੇ ਪਿੰਡਾਂ ਦੀ ਉਸ ਵਹੀਰ ਇਕੱਠੀ ਕੀਤੀ ਹੈ, ਜਿਹੜੀ ਸੁਣ ਕੇ ਸ਼ਸਤਰ ਧਾਰ ਕੇ ਪਹੁੰਚੀ ਹੈ॥੩੬॥

ਪੁਨ ਕਟੋਚੀਆ ਨਾਮ ਕ੍ਰਿਪਾਲੰ। ਅਰੁ ਗੁਲੇਰੀਆ ਸਦਲ ਗੁਪਾਲੰ।
ਇਨ ਦੂਹੂੰਅਨਿ ਬਹੁ ਬੀਰ ਸਕੇਲੇ। ਆਇ ਮਿਲੇ ਗਨ ਆਯੁਧ ਲੇ ਲੇ॥ ੩੭॥

ਫਿਰ ਕ੍ਰਿਪਾਲ ਕਟੋਚੀਏ ਨਾਮ ਦਾ ਰਾਜਾ ਹੈ ਤੇ ਗੁਪਾਲ ਗੁਲੇਰੀਆ ਦਲ ਸਹਿਤ ਹੈ। ਇਨ੍ਹਾਂ ਦੋਹਾਂ ਨੇ ਬਹੁਤ ਸੂਰਬੀਰ ਇਕੱਠੇ ਕੀਤੇ ਹਨ, ਉਹ ਸਾਰੇ ਮਿਲ ਕੇ ਹਥਿਆਰ ਲੈ ਲੈ ਕੇ ਆਏ ਹਨ॥੩੭॥

ਨ੍ਰਿਪ ਹੰਡੂਰੀਆ ਅਰੁ ਜਸੁਵਾਲ। ਇਨ ਕੇ ਸੰਗ ਸੁਭਟ ਹੈਂ ਜਾਲ।
ਸਭਿ ਰਾਵਰ ਸੋਂ ਚਹੈਂ ਲਰਾਈ। ਫਤੇਸ਼ਾਹ ਕੋ ਕਰਿ ਅਗੁਵਾਈ॥ ੩੮॥

ਹੰਡੂਰੀਏ ਅਤੇ ਰਾਜੇ ਜਸੁਵਾਲ ਨਾਲ ਬਹੁਤ ਸੂਰਬੀਰ ਹਨ। ਸਾਰੇ ਹੀ ਆਪ ਜੀ ਨਾਲ ਲੜਾਈ ਕਰਨਾ ਚਾਹੁੰਦੇ ਹਨ। ਰਾਜੇ ਫ਼ਤਹਿ ਸ਼ਾਹ ਦੀ ਅਗਵਾਈ ਵਿਚ ਉਹ ਆਉਣਗੇ॥੩੮॥

ਨਗਰ ਪਾਂਵਟੇ ਕੋ ਚਢਿ ਆਵੈਂ। ਇਹ ਆਛੀ ਮੁਝ ਬਾਤ ਨ ਭਾਵੈ।
ਹਮਰੇ ਨਿਕਟ ਪਰਹਿ ਨਹਿਂ ਖੇਤ। ਆਪ ਚਲਹੁ ਆਗੇ ਇਸ ਹੇਤੁ॥ ੩੯॥

ਪਾਉਂਟੇ ਨਗਰ ਵਲ ਚਲ ਕੇ ਆਉਣਗੇ, ਇਹ ਗੱਲ ਮੈਨੂੰ ਚੰਗੀ ਨਹੀਂ ਲੱਗਦੀ ਹੈ, ਸਾਡੇ ਨੇੜੇ ਯੁੱਧ ਨਾ ਹੋਵੇ ਇਸ ਵਾਸਤੇ ਆਪ ਜੀ ਅੱਗੇ ਚਲੋ"॥੩੯॥

ਸੁਨਿ ਕਰਿ ਸਤਿਗੁਰ ਬਿੱਪ੍ਰ ਸਰਾਹਾ। 'ਸੁਮਤਿਵੰਤ ਗਨ ਸੁਭਟਨਿ ਮਾਂਹਾ।
ਨਿਪੁਨ ਬੁੱਧਿ ਸੰਗ੍ਰਾਮ ਕਰਨ ਕੀ। ਯਥਾ ਰੀਤਿ ਛੱਤ੍ਰੀ ਸੁ ਬਰਨ ਕੀ॥ ੪੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਾਹਮਣ ਦੀ ਸ਼ਲਾਘਾ ਕੀਤੀ, "ਤੂੰ ਸਾਰੇ ਸੂਰਬੀਰਾਂ ਵਿਚ ਸ੍ਰੇਸ਼ਟ ਬੁੱਧੀ ਵਾਲਾ ਹੈਂ ਤੇਰੀ ਯੁੱਧ ਕਰਨ ਵਾਲੀ ਨਿਪੁੰਨ ਬੁੱਧੀ ਹੈ, ਜਿਹੜੀ ਰੀਤੀ ਖੱਤਰੀ ਵਰਨ ਦੀ ਹੈ॥੪੦॥

ਜਿਮ ਭਾਰਤ ਮਹਿਂ ਦ੍ਰੋਣ ਪ੍ਰਬੀਨਾ। ਹਤੇ ਅਨੇਕ ਸ਼ੱਤ੍ਰ ਜਸੁ ਲੀਨਾ।
ਤਥਾ ਗਿਰਿੰਦ੍ਰਨਿਕੇ ਰਨ ਲਰਿਬੇ। ਬੁਧਿ ਬਲਸਾਥ ਕਰੋ ਰਿਪੁ ਹਰਿਬੇ॥ ੪੧॥

ਜਿਵੇਂ ਭਾਰਤ ਵਿਚ ਦ੍ਰੋਣਾਚਾਰੀਆਂ ਪ੍ਰਬੀਨ ਮੰਨਿਆ ਜਾਂਦਾ ਹੈ, ਜਿਸ ਨੇ ਅਨੇਕ ਵੈਰੀਆਂ ਨੂੰ ਮਾਰ ਕੇ ਜੱਸ ਪ੍ਰਾਪਤ ਕੀਤਾ ਸੀ। ਉਸ ਤਰ੍ਹਾਂ ਹੀ ਪਹਾੜੀ ਰਾਜਿਆਂ ਨਾਲ ਯੁੱਧ ਕਰਕੇ, ਬੁੱਧੀ ਬਲ ਨਾਲ ਵੈਰੀ ਨੂੰ ਮਾਰੋ॥੪੧॥

ਨਗਰ ਪਾਂਵਟੇ ਨਿਕਟ ਨ ਲਰੈਂ। ਕਹਾਂ ਤ੍ਰਾਸ ਸ਼ੱਤ੍ਰਨ ਤੇ ਧਰੈਂ।
ਗਾਡਹਿੰਗੇ ਰਣ ਖੰਭ ਅਗਾਰੀ। ਜਹਿਂ ਸਮ ਥਲ ਕੋ ਲੇਹਿਂ ਨਿਹਾਰੀ॥ ੪੨॥

ਪਾਉਂਟੇ ਨਗਰ ਦੇ ਨੇੜੇ ਨਹੀਂ ਲੜਾਂਗੇ, ਅਸੀਂ ਕਿਹੜਾ ਵੈਰੀ ਪਾਸੋਂ ਡਰਦੇ ਹਾਂ। ਅੱਗੇ ਜਾ ਕੇ ਯੁੱਧ ਦਾ ਝੰਡਾ ਗੱਡਾਂਗੇ ਜਿੱਥੇ ਵੀ ਚੰਗੇ ਥਾਂ ਨੂੰ ਵੇਖ ਲਵਾਂਗੇ॥੪੨॥

ਰਿਪੁ ਆਗਮਨ ਸਮੁਖ ਜਿਤ ਹੋਇ। ਪਿਖਯੋ ਪ੍ਰਥਮ, ਸੁਧਿ ਦੀਜਹਿ ਕੋਇ।
ਲੇ ਕਰਿ ਚਮੂੰ ਸੰਗ ਪ੍ਰਸਥਾਨੈਂ। ਆਵਤਿ ਪਿਖਿ ਗੁਲਕਾਂ ਹਤਿ ਹਾਨੈਂ॥ ੪੩॥

ਵੈਰੀਆਂ ਦਾ ਆਉਣਾ ਜਿਵੇਂ ਸਾਡੇ ਸਾਹਮਣੇ ਤੋਂ ਹੋਵੇ, ਜਿਹੜਾ ਪਹਿਲਾਂ ਵੇਖੇ, ਉਹ ਖਬਰ ਦੇਵੇ। ਸਾਰੀ ਸੈਨਾ ਲੈ ਕੇ ਦੂਸਰੇ ਸਥਾਨ 'ਤੇ ਚਲਾਂਗੇ। ਦੁਸ਼ਮਣ ਨੂੰ ਆਉਂਦਾ ਵੇਖ ਕੇ ਗੋਲੀਆਂ ਮਾਰ ਕੇ ਮਾਰਾਂਗੇ॥੪੩॥

ਹਮ ਮੰਡਹਿਂ ਤਹਿਂ ਜੰਗ ਅਖਾਰਾ। ਸ਼ਸਤ੍ਰ ਸਮੂਹਨਿ ਕੇਰ ਪ੍ਰਹਾਰਾ।
ਲਰਤਿ ਪਰਾਵਹਿਂ ਡਰ ਧਰਿ ਚੀਤ। ਨਤੁ ਸੰਘਾਰਹਿਂ ਪ੍ਰਾਪਤਿ ਜੀਤ'॥ ੪੪॥

ਅਸੀਂ ਓਥੇ ਜੰਗ ਦਾ ਅਖਾੜਾ ਲਾਵਾਂਗੇ ਤੇ ਸਾਰੇ ਸ਼ਸਤਰਾਂ ਦੇ ਵਾਰ ਕਰਾਂਗੇ, ਜਿਹੜੇ ਲੜਦੇ ਹੋਏ ਚਿੱਤ ਵਿਚ ਡਰ ਧਾਰ ਕੇ ਭੱਜ ਜਾਣਗੇ, ਨਹੀਂ ਤਾਂ ਸਾਰਿਆਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਾਂਗੇ"॥ ੪੪॥

ਸੁਨਿ ਕ੍ਰਿਪਾਲ ਮਾਤੁਲ ਗੁਰ ਕੇਰਾ। ਸਭਾ ਮਝਾਰ ਕਹਯੋ ਤਿਸ ਬੇਰਾ।
'ਥਲ ਭੰਗਾਣੀ ਕੋ ਜਹਿਂ ਨੀਕਾ। ਤਿਤ ਹੀ ਆਵਨ ਹੁਇ ਰਿਪੁ ਹੀਕਾ॥ ੪੫॥

ਇਹ ਸੁਣ ਕੇ ਗੁਰੂ ਜੀ ਦੇ ਮਾਮਾ ਕ੍ਰਿਪਾਲ ਜੀ ਨੇ ਸਭਾ ਵਿਚ ਉਸ ਸਮੇਂ ਸਭ ਨੂੰ ਕਿਹਾ, "ਜਿੱਥੇ ਭੰਗਾਣੀ ਦਾ ਬਹੁਤ ਚੰਗਾ ਸਥਾਨ ਹੈ, ਓਧਰ ਹੀ ਵੈਰੀ ਦਾ ਆਉਣਾ ਹੋਵੇਗਾ॥ ੪੫॥

ਬਹੈ ਨਦੀ ਇਕ ਨਾਮ ਗਿਰੀ ਹੈ। ਦਿਸ਼ਿ ਦੂਜੇ ਰਵਿਸੁਤਾ ਢਰੀ ਹੈ।
ਰਾਜਪੁਰਾ ਤਹਿਂ ਪਰੈ ਸੁ ਨਗਰਾ। ਤਰੇ ਲਰਨ ਕੋ ਥਲ ਹੈ ਸਗਰਾ॥ ੪੬॥

ਉਥੇ ਇਕ ਨਦੀ ਵਗਦੀ ਹੈ ਜਿਸ ਦਾ ਨਾਮ ਗਿਰੀ ਹੈ ਤੇ ਦੂਸਰੇ ਪਾਸੇ ਜਮਨਾ ਚਲਦੀ ਹੈ। ਉਥੇ ਰਾਜਪੁਰਾ ਨਗਰ ਨੇੜੇ ਪੈਂਦਾ ਹੈ, ਜਿਸ ਦੇ ਥਲੇ ਲੜਨ ਵਾਸਤੇ ਸਾਰਾ ਮੈਦਾਨ ਹੈ॥ ੪੬॥

ਸ੍ਰੀ ਜਗ ਗੁਰ! ਗਾਡਹੁ ਰਨਥੰਭਾ। ਤਹਾਂ ਪਿਖਹੁ ਸੰਗ੍ਰਾਮ ਅਚੰਭਾ।
ਨਗਰ ਪਾਂਵਟਾ ਤਜਿ ਖਟ ਕੋਸ। ਤਹਿਂ ਥਿਰ ਹੋਇ ਹਤਹੁ ਰਿਪੁ ਰੋਸ'॥੪੭॥

ਹੇ ਜਗਤ ਗੁਰੂ ਜੀ! ਆਪਣੇ ਝੰਡੇ ਨੂੰ ਉਥੇ ਗੱਡੋ ਤੇ ਅਜੀਬ ਯੁੱਧ ਨੂੰ ਵੇਖੋ। ਪਾਉਂਟਾ ਨਗਰ ਛੱਡ ਛੇ ਕੋਹਾਂ ਤੇ ਜਾਵੋ ਉਥੇ ਸਥਿਤ ਹੋ ਕੇ ਵੈਰੀ ਦੇ ਰੋਸ ਨੂੰ ਖਤਮ ਕਰੋ॥ ੪੭॥

*ਦੂਸਰੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## ਅਧਿਆਇ ਉੱਨੀਵਾਂ

### ਫਤਹਿ ਸ਼ਾਹ ਦਾ ਜੰਗ ਹਿਤ ਅੱਗੇ ਵਧਣਾ

ਦੋਹਰਾ- ਸੁਨਿ ਕ੍ਰਿਪਾਲ ਕੀ ਬਾਤ ਕੋ ਸ਼੍ਰੀ ਸਤਿਗੁਰੂ ਕ੍ਰਿਪਾਲ।
ਮਨ ਮਾਨੀ, ਨੀਕੇ ਲਖੀ, ਮਸਲਤ ਠਾਨਿ ਅਟਾਲ॥ ੧॥

Sri Satguru Jagjit Singh Ji eLlibrary NamdhariElibrary@gmail.com

ਆਪਣੇ ਮਾਮਾ ਕ੍ਰਿਪਾਲ ਜੀ ਦੀ ਗੱਲ ਸੁਣ ਕੇ ਕ੍ਰਿਪਾਲੂ ਸਤਿਗੁਰੂ ਜੀ ਨੇ ਮਨ ਵਿਚ ਮੰਨ ਲਈ, ਚੰਗੀ ਸਲਾਹ ਸਮਝ ਕੇ ਟਾਲ ਨਾ ਸਕੇ॥੧॥

*ਚੌਪਈ-* ਨੰਦਚੰਦ ਪਿਖਿ ਗੁਰਮੁਖ ਓਰੀ। ਬੋਲਜੋ ਬਹੁਰ ਜੁਗਮ ਕਰ ਜੋਰੀ।
'ਮਹਾਰਾਜ ! ਸਿਖ ਰਾਵਰ ਕੇਰਾ। ਹਯਨਿ ਸੁਦਾਗਰ ਧਨੀ ਬਡੇਰਾ॥੨॥

ਨੰਦ ਚੰਦ ਆਪਣੇ ਨਾਲ ਆਏ ਗੁਰਮੁਖ ਵਪਾਰੀ ਵਲ ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਮਹਾਰਾਜ ! ਆਪ ਜੀ ਦੇ ਇਹ ਸਿੱਖ ਹਨ, ਘੋੜਿਆਂ ਦੇ ਵਪਾਰੀ ਹਨ ਤੇ ਵੱਡੇ ਧਨਵਾਨ ਹਨ॥੨॥

ਲੇ ਕਰਿ ਗਮਨਜੋ ਦਰਬ ਬਿਸ਼ੇਸ਼ੰ। ਪਿਖਿ ਕਸ਼ਮੀਰ ਆਦਿ ਪੁਰਿ ਦੇਸ਼ੰ।
ਬੀਨ ਬੀਨ ਬਹੁ ਥਲ ਤੇ ਲੀਨਾ। ਤਿਸੀ ਪੰਥ ਕੋ ਆਵਨ ਕੀਨਾ॥੩॥

ਇਹ ਬਹੁਤ ਧਨ ਲੈ ਕੇ ਗਏ ਤੇ ਕਸ਼ਮੀਰ ਆਦਿ ਹੋਰ ਨਗਰ ਦੇਸ਼ ਵੇਖ ਕੇ ਚੁਣ ਚੁਣ ਕੇ ਬਹੁਤ ਥਾਵਾਂ ਤੋਂ ਘੋੜੇ ਖਰੀਦੇ ਤੇ ਉਸੇ ਰਾਹ ਰਾਹੀਂ ਆ ਰਹੇ ਸਨ ਜਿਸ ਰਾਹ ਰਾਹੀਂ ਭੀਮ ਚੰਦ ਆ ਰਿਹਾ ਸੀ॥੩॥

ਭੀਮਚੰਦ ਨ੍ਰਿਪ ਜਬਿ ਸੁਨਿ ਪਾਏ। ਲੇਨਿ ਹੇਤੁ ਹਯ ਚਿਤ ਲਲਚਾਏ।
ਨਾਮ ਸੁਨਜੋ ਰਾਵਰ ਕੋ ਜਬੈ। ਕਿਤਿਕ ਸੈਨ ਭੇਜੀ ਤਿਨ ਤਬੈ॥੪॥

ਭੀਮ ਚੰਦ ਰਾਜੇ ਨੇ ਜਦ ਸੁਣਿਆ, ਤਾਂ ਉਸ ਦਾ ਘੋੜੇ ਲੈਣ ਵਾਸਤੇ ਚਿੱਤ ਲਲਚਾਇਆ। ਜਦ ਉਸ ਨੇ ਤੁਹਾਡਾ ਨਾਮ ਸੁਣਿਆ, ਤਦ ਉਸ ਬਹੁਤ ਸੈਨਾ ਪਿੱਛੇ ਭੇਜੀ॥੪॥

ਸਿਖ ਸੌਦਾਗਰ ਕੋ ਸੁਧਿ ਹੋਈ। ਕਰਿਕੈ ਬੇਗ ਆਇ ਪੁਰਿ ਸੋਈ।
ਸੁਨਿ ਸ੍ਰੀ ਨਗਰ ਬਿਖੈ ਹਮ ਡੇਰਾ। ਉਤਰਜੋ ਆਨਿ ਨਿਡਰ ਤਿਸ ਬੇਰਾ॥੫॥

ਜਦ ਸਿੱਖ ਸੁਦਾਗਰ ਨੂੰ ਖ਼ਬਰ ਮਿਲੀ ਤਾਂ ਉਹ ਬਹੁਤ ਕਾਹਲੀ ਕਰਕੇ ਸ੍ਰੀਨਗਰ ਵਿਚ ਪਹੁੰਚ ਗਿਆ। ਸ੍ਰੀਨਗਰ ਵਿਚ ਸਾਡੇ ਡੇਰੇ ਬਾਰੇ ਸੁਣ ਕੇ ਸਾਡੇ ਪਾਸ ਨਿਡਰ ਹੋ ਕੇ ਉਤਾਰਾ ਕਰ ਲਿਆ॥੫॥

ਬਹੁਰ ਨ ਬਲ ਘਾਲਜੋ ਕਿਨ ਆਇ। ਮਿਲਜੋ ਰਹਜੋ ਅਨੰਦ ਉਪਜਾਇ।
ਬਿਗਰਜੋ ਫਤੇਸ਼ਾਹ ਜਿਸ ਕਾਲਾ। ਉਤਰੇ ਅਸੁ ਇਸਥਾਨ ਬਿਸਾਲਾ॥੬॥

ਫਿਰ ਕਿਸੇ ਨੇ ਆ ਕੇ ਜ਼ੋਰ ਨਾ ਪਾਇਆ, ਸਾਡੇ ਨਾਲ ਇਹ ਅਨੰਦ ਉਪਜਾ ਕੇ ਮਿਲੇ ਰਹੇ ਹਨ। ਜਿਸ ਸਮੇਂ ਫਤਹਿ ਸ਼ਾਹ ਵਿਗੜ ਗਿਆ ਤੇ ਉਸ ਨੂੰ ਪਤਾ ਲੱਗਾ ਕਿ ਇਸ ਥਾਂ ਬਹੁਤ ਘੋੜਿਆਂ ਨੇ ਉਤਾਰਾ ਕੀਤਾ ਹੈ॥੬॥

ਸੁਨਿ ਲਾਲਚ ਕਰਿ ਪੁਨ ਕਹਿਲੂਰੀ। ਕਹ ਭੇਜਜੋ ਕਰਿ ਤੂਰਨ ਭੂਰੀ।
ਤੁਰੰਗ ਬਿਸਾਲ ਮੋਲ ਬਡ ਕੇਰੇ। ਛੀਨ ਲੇਹੁ ਨਹਿੰ ਦੀਜਹਿ ਫੇਰੇ॥੭॥

ਇਹ ਸੁਣ ਕੇ ਕਹਿਲੂਰੀ ਰਾਜੇ ਨੇ ਫਿਰ ਲਾਲਚ ਕਰਕੇ, ਬਹੁਤ ਛੇਤੀ ਕਰਨ ਵਾਸਤੇ ਕਹਿ ਭੇਜਿਆ। ਵੱਡੇ ਕੀਮਤੀ ਬਲਵਾਨ ਘੋੜੇ ਹਨ, ਇਨ੍ਹਾਂ ਘੋੜਿਆਂ ਨੂੰ ਖੋਹ ਲਵੋ ਤੇ ਦੁਬਾਰਾ ਨਾ ਦੇਵੋ॥੭॥

ਫਤੇਸ਼ਾਹ ਭਟ ਕੀਨਸਿ ਤਯਾਰੀ। ਪਹੁੰਚੀ ਢਿਗ ਹਮਰੇ ਸੁਧ ਸਾਰੀ।
ਤਕਰੇ ਹੋਇ ਜ਼ੀਨ ਹਯ ਡਾਲੇ। ਭਏ ਅਰੂਢਨਿ ਇਤ ਕੋ ਚਾਲੇ॥੮॥

ਫਤਹਿ ਸ਼ਾਹ ਦੇ ਸੂਰਮਿਆਂ ਨੇ ਤਿਆਰੀ ਕੀਤੀ, ਸਾਡੇ ਪਾਸ ਇਹ ਸਾਰੀ ਖ਼ਬਰ ਪੁੱਜ ਗਈ। ਅਸੀਂ ਤਕੜੇ ਹੋ ਕੇ ਘੋੜਿਆਂ ਤੇ ਕਾਠੀਆਂ ਪਾਈਆਂ ਤੇ ਸਵਾਰ ਹੋ ਕੇ ਇਸ ਪਾਸੇ ਵਲ ਚਲ ਪਏ॥੮॥

Sri Satguru Jagjit Singh Ji eLlibrary NamdhariElibrary@gmail.com

ਲਖਜੋ ਪ੍ਰਤਾਪ ਗੁਰੂ ਕੋ ਮਹਾਂ। ਪਹੁੰਚਿ ਨ ਸਕਜੋ ਆਇ ਕੋ ਤਹਾਂ।
ਬਡੇ ਜਤਨ ਕਰਿ ਸਭਿ ਹਯ ਲਜਾਏ। ਰਾਵਰਿ ਕੀ ਸਹਾਇਤਾ ਪਾਏ॥ ੯॥

ਗੁਰੂ ਜੀ ਦਾ ਵੱਡਾ ਪ੍ਰਤਾਪ ਸਮਝਿਆ, ਸਾਡੇ ਤਕ ਕੋਈ ਵੀ ਪਹੁੰਚ ਨਾ ਸਕਿਆ। ਬੜੇ ਯਤਨ ਕਰਕੇ ਸਾਰੇ ਘੋੜੇ ਲਿਆਂਦੇ ਹਨ, ਅਸੀਂ ਆਪ ਜੀ ਦੀ ਸਹਾਇਤਾ ਪਾਈ ਹੈ॥੯॥

ਕ੍ਰਿਪਾ ਕਰਹੁ ਸਭਿ ਦੇਖਨਿ ਕੀਜੈ। ਬੀਰਨਿ ਕੋ ਰਨ ਹਿਤ ਅਬਿ ਦੀਜੈ'।
ਆਛੀ ਬਾਤਿ ਜਾਨਿ ਗੁਰ ਪੂਰੇ। ਪਿਖੇ ਤੁਰੰਗਮ ਸਗਰੇ ਰੂਰੇ॥ ੧੦॥

ਕਿਰਪਾ ਕਰਕੇ ਸਭ ਘੋੜਿਆਂ ਨੂੰ ਵੇਖੋ, ਸੂਰਬੀਰਾਂ ਨੂੰ ਹੁਣ ਯੁੱਧ ਵਾਸਤੇ ਦੇਵੋ।" ਪੂਰਨ ਗੁਰੂ ਜੀ ਨੇ ਚੰਗੀ ਗੱਲ ਸਮਝ ਕੇ ਸਾਰੇ ਸੁੰਦਰ ਘੋੜਿਆਂ ਨੂੰ ਵੇਖਿਆ॥੧੦॥

ਸਿਖ ਕੋ ਖੁਸ਼ੀ ਕਰੀ ਮਨ ਭਾਵਤਿ। ਭਯੋ ਨਿਹਾਲ ਅਨੰਦ ਉਪਾਵਤਿ।
ਜੋ ਜਿਸ ਲਾਇਕ ਭਟ ਕੋ ਜਾਨਾ। ਹੇਤੁ ਅਰੂਢਨਿ ਕੇ ਹਯ ਦਾਨਾ॥ ੧੧॥

ਉਸ ਸਿੱਖ ਨੂੰ ਮਨ-ਭਾਉਂਦੀ ਖੁਸ਼ੀ ਬਖਸ਼ੀ, ਉਹ ਅਨੰਦ ਪ੍ਰਾਪਤ ਕਰਕੇ ਨਿਹਾਲ ਹੋ ਗਿਆ। ਜਿਹੜੇ ਵੀ ਜਿਸ ਲਾਇਕ ਭੱਟ ਨੂੰ ਜਾਣਿਆ, ਉਸ ਨੂੰ ਸਵਾਰੀ ਵਾਸਤੇ ਘੋੜਾ ਦਿੱਤਾ॥੧੧॥

ਸੁੰਦਰ ਜ਼ੀਨ ਪਾਇ ਕਰਿ ਚਢੇ। ਚਪਲ ਬਲੀ ਲਖਿ ਉਰ ਮੁਦ ਬਢੇ।
ਗੋਰੀ ਢਾਰਹਿਂ ਅਨਿਕ ਸੁਨਾਰੇ। ਬ੍ਰਿੰਦ ਬਰੂਦ ਤਜਾਰ ਤਿਸ ਬਾਰੇ॥ ੧੨॥

ਸੁੰਦਰ ਕਾਠੀਆਂ ਪਾ ਕੇ ਸਵਾਰ ਹੋ ਗਏ, ਚੰਚਲ ਬਲਵਾਨ ਘੋੜੇ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ। ਅਨੇਕਾਂ ਸੁਨਿਆਰੇ ਗੋਲੀਆਂ ਢਾਲ ਰਹੇ ਸਨ, ਉਸ ਸਮੇਂ ਬਹੁਤ ਬਰੂਦ ਤਿਆਰ ਹੋ ਰਿਹਾ ਸੀ॥੧੨॥

ਕਿਤਿਕ ਭਟਨਿ ਕੋ ਤੋਮਰ ਦਏ। ਤੁਰੰਗ ਧਵਾਇ ਬਿਸਾਲ ਭ੍ਰਮਏ।
ਦਏ ਜ਼ਰਕਸ਼ੀ ਰੁਚਿਰ ਨਿਖੰਗ। ਕਰਿ ਪੂਰਨ ਖਰ ਖਪਰਨਿ ਸੰਗ॥ ੧੩॥

ਕਈ ਸੂਰਬੀਰਾਂ ਨੂੰ ਨੇਜ਼ੇ ਦਿੱਤੇ, ਉਹ ਘੋੜੇ ਭਜਾ ਕੇ ਬਹੁਤ ਭਵਾਉਂਦੇ ਸਨ। ਤਿੱਲੇ ਦੇ ਕੱਢੇ ਹੋਏ ਸੋਹਣੇ ਭੱਥੇ ਦਿੱਤੇ, ਉਨ੍ਹਾਂ ਭੱਥਿਆਂ ਨੂੰ ਤੇਜ਼ ਤੀਰਾਂ ਨਾਲ ਭਰ ਦਿੱਤਾ॥੧੩॥

ਕੇਤਿਕ ਸੁਭਟਨ ਧਨੁਖ ਕਠੋਰਾ। ਲੇਂ ਜੋਧਾ ਐਂਚਤਿ ਕਰਿ ਜੋਰਾ।
ਲਾਂਬੀ ਸੁਲਗਾ ਤੁਫੰਗ ਅਨੇਕ। ਬਖਸ਼ੀ ਜੋਧਨਿ ਜਲਧਿ ਬਿਬੇਕ॥ ੧੪॥

ਕਈਆਂ ਸੂਰਬੀਰਾਂ ਪਾਸ ਬੜੇ ਸਖਤ ਧਨੁੱਖ ਸਨ, ਉਸ ਨੂੰ ਯੋਧੇ ਬਹੁਤ ਜ਼ੋਰ ਨਾਲ ਖਿੱਚਦੇ ਸਨ। ਲੰਮੇ ਨਿਸ਼ਾਨੇ ਤੇ ਬੈਠਣ ਵਾਲੀਆਂ ਅਨੇਕਾਂ ਬੰਦੂਕਾਂ ਸਨ। ਇਹ ਸਭ ਵਸਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਯੋਧਿਆਂ ਨੂੰ ਬਖਸ਼ੀਆਂ॥੧੪॥

ਗੁਰ ਦਲ ਮਹਿਂ ਉਤਸਾਹ ਬਿਸਾਲਾ। ਬਿਚਰਤਿ ਧਰਿ ਹੱਥਯਾਰਨ ਜਾਲਾ।
ਮਾਰ ਬਕਾਰਾ ਬੋਲਤਿ ਭਾਰੀ। 'ਲੂਟ ਭਜਾਵਹੁ ਹਤਹੁ ਪਹਾਰੀ॥ ੧੫॥

ਗੁਰੂ ਜੀ ਦੀ ਸੈਨਾ ਵਿਚ ਵੱਡਾ ਉਤਸ਼ਾਹ ਸੀ, ਬਹੁਤ ਸੂਰਬੀਰ ਹਥਿਆਰ ਧਾਰਨ ਕਰਕੇ ਫਿਰ ਰਹੇ ਸਨ। ਲਲਕਾਰੇ ਮਾਰ ਕੇ ਬਹੁਤ ਉੱਚੀ ਬੋਲਦੇ ਸਨ, "ਪਹਾੜੀਆਂ ਨੂੰ ਮਾਰ ਕੇ ਲੁੱਟ ਕੇ ਭਜਾ ਦੇਵੋ॥੧੫॥

ਛੀਨਹੁ ਦੇਸ਼ ਨਿਕਾਰਹੁ ਬਾਹਰ। ਬਿਦਤੇ ਬਹੁ ਸਤਿਗੁਰ ਜਸ ਜਾਹਰ'।
ਇਸ ਪ੍ਰਕਾਰ ਤਜਾਰੀ ਪ੍ਰਭੁ ਕਰੀ। ਪ੍ਰਥਮ ਜੁੱਧ ਹਿਤ ਮਨਸਾ ਧਰੀ॥ ੧੬॥

ਇਨ੍ਹਾਂ ਦਾ ਦੇਸ਼ ਖੋਹ ਲਵੋ ਤੇ ਬਾਹਰ ਕੱਢ ਦੇਵੋ, ਫਿਰ ਸਤਿਗੁਰੂ ਜੀ ਦਾ ਜੱਸ ਪ੍ਰਗਟ ਰੂਪ ਵਿਚ ਬਹੁਤ ਉੱਘਾ ਹੋਵੇਗਾ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਤਿਆਰੀ ਕੀਤੀ, ਪਹਿਲੇ ਯੁੱਧ ਵਾਸਤੇ ਮਨਸਾ ਧਾਰਨ ਕੀਤੀ॥੧੬॥

ਸ਼ਮਸ ਸਜਾਮਤਾ ਮੁਖ ਪਰ ਸੋਹੈ। ਕਮਲ ਪ੍ਰਫੁੱਲਜਤ ਅਲ ਜਨ ਜੋਹੈਂ।
ਸਮ ਦੁੰਦਭਿ ਕੇ ਸ਼ਬਦ ਗੰਭੀਰ। ਮਹਾਂਰਾਜ ਪ੍ਰਭੁ ਬੀਰਨਿ ਬੀਰ॥ ੧੭॥

ਮੁਖ ਉੱਤੇ ਦਾੜ੍ਹੀ ਦੀ ਕਾਲੋਂ ਸ਼ੋਭਦੀ ਸੀ, ਮਾਨੋ ਖਿੜੇ ਕੰਵਲ ਉੱਤੇ ਕਾਲੇ ਭੌਰੇ ਦਿਖਾਈ ਦੇ ਰਹੇ ਹਨ। ਨਗਾਰੇ ਵਰਗੀ ਗੰਭੀਰ ਆਵਾਜ਼ ਹੈ। ਮਹਾਰਾਜ ਪ੍ਰਭੂ ਜੀ ਯੋਧਿਆਂ ਦੇ ਯੋਧੇ ਤੇ ਵੱਡੇ ਸੂਰਬੀਰ ਹਨ॥੧੭॥

ਨਿਜ ਦਲ ਮਹਿਂ ਉਤਸਾਹ ਬਧਾਵਾ। ਮਨੋ ਬੀਰਰਸ ਸੁਪਤਿ ਜਗਾਵਾ।
ਇਤ ਇਮ ਭਈ ਸੁਨੋ ਉਤ ਕੇਰੀ। ਘਾਟੋ ਉਲੰਘਿ ਗਏ ਜਿਸ ਬੇਰੀ॥ ੧੮॥

ਆਪਣੀ ਸੈਨਾ ਵਿਚ ਉਨ੍ਹਾਂ ਉਤਸ਼ਾਹ ਵਧਾਇਆ, ਮਾਨੋ ਸੁੱਤੇ ਹੋਏ ਬੀਰ-ਰਸ ਨੂੰ ਜਗਾਇਆ ਹੋਵੇ। ਏਧਰ ਇਸ ਤਰ੍ਹਾਂ ਹੋਈ ਹੁਣ ਦੂਸਰੇ ਪਾਸੇ ਦੀ ਗੱਲ ਸੁਣੋ। ਜਿਸ ਸਮੇਂ ਸਿੱਖ ਘਾਟੇ ਨੂੰ ਲੰਘ ਗਏ ਸਨ॥੧੮॥

ਮੂਰਖ ਹਾਥਨਿ ਮਰਦਤਿ ਰਹੇ। 'ਰੁਕੇ ਨ ਕਜੇਂਹੂ' ਮਿਲਿ ਮਿਲਿ ਕਹੇਂ।
ਕਿਤਿਕ ਮ੍ਰਿਤਕ ਭੇ, ਲੋਥ ਉਠਾਈ। ਕੋ ਘਾਇਲ ਗਮਨੇ ਨਿਜ ਥਾਈਂ॥ ੧੯॥

ਮੂਰਖ ਹੱਥ ਹੀ ਮਲਦੇ ਰਹਿ ਗਏ, "ਕਿਸੇ ਤਰ੍ਹਾਂ ਵੀ ਰੁਕੇ ਨਹੀਂ ਹਨ" ਮੂਰਖ ਮਿਲ ਮਿਲ ਕਹਿੰਦੇ ਸਨ। ਕਈ ਮਰੇ ਪਏ ਸਨ, ਉਨ੍ਹਾਂ ਦੀਆਂ ਲੋਥਾਂ ਚੁੱਕ ਲਈਆਂ, ਜਿਹੜੇ ਜ਼ਖਮੀ ਸਨ, ਉਹ ਆਪਣੀ-ਆਪਣੀ ਥਾਈਂ ਚਲੇ ਗਏ ਸਨ॥੧੯॥

ਹਟਜੋ ਜਹਾਂ ਕਹਿਂ ਤੇ ਦਲ ਸਾਰੋ। ਸਭਿ ਰਾਜਨ ਕੇ ਨਿਕਟ ਉਚਾਰੋ।
'ਅਲਪ ਸੁਭਟ ਘਾਟੇ ਪਰ ਗਏ। ਬਹੁਤ ਪੰਥ ਮੈਂ ਹੀ ਥਿਰ ਭਏ॥ ੨੦॥

ਸਾਰਾ ਦਲ ਜਿੱਥੋਂ ਕਿੱਥੋਂ ਹਟ ਗਿਆ, ਸਾਰੇ ਰਾਜਿਆਂ ਪਾਸ ਕਹਿੰਦੇ ਸਨ, "ਬਹੁਤ ਥੋੜੇ ਸੂਰਬੀਰ ਘਾਟੇ 'ਤੇ ਗਏ, ਬਹੁਤੇ ਰਾਹ ਦੇ ਵਿਚ ਹੀ ਬੈਠੇ ਰਹੇ॥੨੦॥

ਘਾਲਜੋ ਜ਼ੋਰ ਖਸ਼ਟ ਸੌ ਆਇ। ਉਲੰਘ ਗਏ ਗਨ ਤੁਪਕ ਚਲਾਇ।
ਸਰਜੋ ਨ ਸੈਨਾ ਤੇ ਕੁਛ ਕਾਰ। ਗਏ ਬਿਸਾਲ ਬੀਰਤਾ ਧਾਰਿ'॥ ੨੧॥

ਛੇ ਸੌ ਨੇ ਆ ਕੇ ਜ਼ੋਰ ਪਾਇਆ ਤੇ ਬਹੁਤ ਗੋਲੀਆਂ ਚਲਾ ਕੇ ਲੰਘ ਗਏ। ਸੈਨਾ ਪਾਸੋਂ ਕੁਝ ਵੀ ਨਾ ਸਰ ਸਕਿਆ, ਵੱਡੀ ਵੀਰਤਾ ਧਾਰ ਕੇ ਚਲੇ ਗਏ"॥੨੧॥

ਭੀਮਚੰਦ ਸੁਨਿ ਕੈ ਰਿਸ ਘਨੀ। ਸਭਿਨਿ ਸੁਨਾਵਤਿ ਊਚੇ ਭਨੀ।
ਕਾਇਰ ਗੀਦੀ ਸੁਪਤੇ ਰਹੇ। ਅਰੇ ਨ ਆਗੇ, ਧੀਰ ਨ ਗਹੇ॥ ੨੨॥

ਇਹ ਸੁਣ ਕੇ ਭੀਮ ਚੰਦ ਨੇ ਬਹੁਤ ਗੁੱਸਾ ਧਾਰਨ ਕੀਤਾ ਤੇ ਸਾਰਿਆਂ ਨੂੰ ਸੁਣਾ ਉੱਚੀ ਆਵਾਜ਼ ਵਿਚ ਕਿਹਾ, "ਕਾਇਰ ਡਰਪੋਕ ਸੁੱਤੇ ਰਹੇ। ਅੱਗੇ ਹੋ ਕੇ ਅੜੇ ਨਹੀਂ ਹਨ ਤੇ ਧੀਰਜ ਨਹੀਂ ਫੜਿਆ ਹੈ॥੨੨॥

ਰੁਕਤਿ ਜਿ ਘਾਟਾ ਭਟ ਹੁਇ ਗਾਢੇ। ਹਤਿ ਤੁਫੰਗ ਤਿਨ ਰਾਖਤਿ ਠਾਂਢੇ।
ਇਤ ਤੇ ਦਲ ਸਗਰੋ ਕਰਿ ਜੋਰ। ਘੇਰਤਿ ਇਤ ਉਤ ਹੁਇ ਚਹੁੰ ਓਰ॥ ੨੩॥

ਜੇ ਘਾਟੇ ਉੱਤੇ ਰੁਕਦੇ ਤੇ ਸੂਰਬੀਰਤਾ ਸਹਿਤ ਡੱਟ ਕੇ ਖਲੋਂਦੇ ਤੇ ਬੰਦੂਕਾਂ ਮਾਰ ਕੇ ਉਨ੍ਹਾਂ ਨੂੰ ਉਥੇ ਰੱਖਦੇ। ਫਿਰ ਇਸ ਪਾਸੇ ਤੋਂ ਸਾਰਾ ਦਲ ਜ਼ੋਰ ਪਾ ਕੇ ਏਧਰ ਉਧਰ ਚਾਰੇ ਪਾਸੇ ਹੋ ਕੇ, ਘੇਰ ਲੈਂਦਾ॥੨੩॥

ਦੇ ਕਰਿ ਤ੍ਰਾਸ ਲੇਤਿ ਹੱਥਯਾਰੇ। ਨਰ ਨਿਕਸਨਿ ਮਗ ਜਬਹੁਂ ਨਿਹਾਰੇ।
ਨਹੀਂ ਸ਼ੀਘ੍ਰਤਾ ਕਰਿ ਭਟ ਧਾਏ। ਜਿਸਤੇ ਨਿਕਸੇ ਸੁਖ ਮਨ ਭਾਏ॥ ੨੪॥

ਡਰਾ ਕੇ ਹਥਿਆਰ ਲੈ ਲੈਂਦੇ, ਆਦਮੀਆਂ ਨੂੰ ਜਦ ਹੀ ਰਾਹ ਵਿਚ ਨਿਕਲਦੇ ਵੇਖਿਆ ਸੀ ਤਾਂ ਸਾਡੇ ਸੂਰਬੀਰ ਸ਼ੀਘਰਤਾ ਕਰਕੇ ਪਿੱਛੇ ਨਹੀਂ ਭੱਜੇ ਹਨ, ਜਿਸ ਕਰਕੇ ਆਰਾਮ ਨਾਲ ਨਿਕਲ ਗਏ ਹਨ॥੨੪॥

ਹੋਤਿ ਕਹਾਂ ਅਬਿ ਕਹੇ ਕਹਾਏ। ਬੀਤੀ ਬਾਤ ਕਹਾਂ ਪਛੁਤਾਏ।
ਅਬਿ ਤੌ ਫਤੇਸ਼ਾਹ ਮਹਿਪਾਲਾ। ਤਿਨ ਸੌਂ ਠਾਨੈ ਜੰਗ ਕਰਾਲਾ॥ ੨੫॥

ਹੁਣ ਕਹਿਣ ਕਹਾਉਣ 'ਤੇ ਕੀ ਹੁੰਦਾ ਹੈ, ਬੀਤੀ ਗੱਲ 'ਤੇ ਹੁਣ ਕੀ ਪਛੁਤਾਈਏ। ਹੁਣ ਤਾਂ ਰਾਜਾ ਫਤਹਿ ਸ਼ਾਹ ਉਨ੍ਹਾਂ ਨਾਲ ਵਿਕਰਾਲ ਜੰਗ ਲੜੇ॥੨੫॥

ਜਾਨੀ ਜਾਇ ਕਹਾਂ ਹੁਇ ਜੈਹੈ। ਗੁਰ ਤੇ ਜੈ ਕਿ ਪਰਾਜਯ ਪੈਹੈ।
ਕਹਹੁ ਜਾਇ ਅਬਿ ਕੀਜਹਿ ਤਯਾਰੀ। ਨਹੀਂ ਨੀਕਤਾ ਬਿਲਮ ਜਿ ਧਾਰੀ॥੨੬॥

ਇਹ ਜਾਣ ਨਹੀਂ ਪੈਂਦਾ ਕਿ ਕੀ ਹੋ ਜਾਵੇਗਾ, ਗੁਰੂ ਜੀ ਨੂੰ ਜਿੱਤਾਂਗੇ ਕਿ ਹਾਰ ਜਾਵਾਂਗੇ। ਜਾ ਕੇ ਕਹੋ ਕਿ ਹੁਣ ਤਿਆਰੀ ਕਰੋ ਜੇ ਕੋਈ ਦੇਰ ਕੀਤੀ ਤਾਂ ਠੀਕ ਨਹੀਂ ਹੋਵੇਗਾ॥੨੬॥

ਤੁਮਰੀ ਸੀਮ ਦੇਸ਼ ਕੀ ਤਹਾਂ। ਨਗਰ ਪਾਂਵਟਾ ਘਾਲਯੋ ਜਹਾਂ।
ਲਰਿਬੋ ਹੱਕ ਤੁਮਹਿਂ ਬਨਿ ਆਵੈ। ਆਨਿ ਵਹਿਰ ਜੋ ਭੂਮ ਦਬਾਵੈ॥ ੨੭॥

ਤੁਹਾਡੇ ਦੇਸ਼ ਦੀ ਉਥੇ ਹੱਦ ਹੈ, ਜਿੱਥੇ ਨਗਰ ਪਾਉਂਟਾ ਬਣਾਇਆ ਹੈ। ਲੜਨ ਦਾ ਹੱਕ ਤੇਰਾ ਬਣਦਾ ਹੈ, ਜਿਸ ਨੇ ਬਾਹਰ-ਤੋਂ ਆ ਕੇ ਭੂਮੀ ਦਬਾਈ ਹੈ॥੨੭॥

ਬਯਾਹ ਬਹਾਨੇ ਨ੍ਰਿਪ ਗਨ ਆਏ। ਸਭਿ ਤੇ ਲੇਹੁ ਸੁਭਟ ਸਮੁਦਾਏ।
ਪੁਨ ਗੁਰੁ ਚਮੂੰ ਕਹਾਂ ਰਣ ਮਾਂਹੀ। ਸਨਮੁਖ ਠਹਿਰ ਸਕਹਿ ਕਿਮ ਨਾਂਹੀ॥੨੮॥

ਵਿਆਹ ਦੇ ਬਹਾਨੇ ਬਹੁਤ ਰਾਜੇ ਆਏ ਹਨ, ਸਾਰਿਆਂ ਪਾਸੋਂ ਸੂਰਮੇ ਲੈ ਕੇ ਇਕੱਠੇ ਕਰੋ। ਫਿਰ ਗੁਰੂ ਜੀ ਦੀ ਸੈਨਾ ਰਣ ਵਿਚ ਕਿਵੇਂ ਠਹਿਰ ਸਕੇਗੀ॥੨੮॥

ਦਿਹੁ ਉਠਾਇ ਇਤ ਤੇ ਸਭਿ ਡੇਰਾ। ਨਿਜ ਦਲ ਤਹਿਂ ਠਹਿਰਾਇ ਬਡੇਰਾ।
ਨਾਹਣਪਤਿ ਕੌ ਦਾਬਾ ਦੇਹੁ। ਕੈ ਨਿਜ ਸੰਗ ਮੇਲ ਕਰਿ ਲੇਹੁ'॥ ੨੯॥

ਇਸ ਸਥਾਨ ਤੋਂ ਉਨ੍ਹਾਂ ਦਾ ਸਾਰਾ ਡੇਰਾ ਉਠਾ ਦੇਵੇ, ਉਥੇ ਆਪਣੇ ਵੱਡੇ ਦਲ ਨੂੰ ਬੈਠਾਓ। ਨਾਹਣ ਦੇ ਰਾਜੇ ਨੂੰ ਦਾਬਾ ਦੇਵੇ ਜਾਂ ਆਪਣੇ ਨਾਲ ਮਿਲਾ ਲਵੋ"॥੨੯॥

ਇਮ ਸਮੁਝਾਇ ਪਠਯੋ ਪਰਧਾਨ। ਭੀਮਚੰਦ ਮਨ ਮਾਨਿ ਮਹਾਨ।
ਫਤੇਸ਼ਾਹ ਕੇ ਨਿਕਟ ਸਿਧਾਰਾ। ਪਿਖ 'ਜੈਦੇਵਾ' ਤਾਂਹਿ ਉਚਾਰਾ॥ ੩੦॥

ਇਸ ਤਰ੍ਹਾਂ ਸਮਝਾ ਕੇ ਵਜ਼ੀਰ ਨੂੰ ਭੇਜਿਆ। ਭੀਮ ਚੰਦ ਦੇ ਮਨ ਵਿਚ ਵੱਡਾ ਅਹੰਕਾਰ ਸੀ। ਵਜ਼ੀਰ ਫਤਹਿ ਸ਼ਾਹ ਦੇ ਪਾਸ ਗਿਆ, ਉਸ ਨੂੰ ਵੇਖ ਕੇ 'ਜੈ ਦੇਵਾ' ਕਹਿ ਕੇ ਬੁਲਾਇਆ॥੩੦॥

ਬੈਠਿ ਬੰਦਿ ਕਰ ਸਕਲ ਸੁਨਾਈ। ਜੋ ਪੂਰਬ ਕਹਿ ਸੀਖ ਸਿਖਾਈ।
ਹਿਤ ਰਾਖਨਿ ਸਮਧੀ ਮਨ ਮਾਨੂ। ਭਯੋ ਸੁਮਤਿ ਤੇ ਕੁਮਤਿ ਮਹਾਨੂ॥ ੩੧॥

ਬੈਠ ਕੇ ਹੱਥ ਜੋੜ ਕੇ ਸਾਰੀ ਗੱਲ ਸੁਣਾਈ, ਭੀਮ ਚੰਦ ਨੇ ਪਹਿਲਾਂ ਕਹਿ ਕੇ ਜਿਹੜੀ ਸਿੱਖਿਆ ਫਤਹਿ ਸ਼ਾਹ ਨੂੰ ਸੁਣਾਈ ਸੀ। ਕੁੜਮ ਦਾ ਹਿੱਤ ਰੱਖਣ ਵਾਸਤੇ ਫਤਹਿ ਸ਼ਾਹ ਨੇ ਆਪਣੇ ਮਨ ਵਿਚ ਮੰਨ ਲਈ ਸੀ ਤੇ ਸ੍ਰੇਸ਼ਟ ਬੁੱਧੀ ਛੱਡ ਕੇ ਮਹਾਨ ਭੈੜੀ ਬੁੱਧੀ ਵਾਲਾ ਬਣ ਗਿਆ ਸੀ॥੩੧॥

ਜਥਾ ਪ੍ਰਭੰਜਨ ਮਿਲਿ ਬਦਬੋਇ। ਸਭਿ ਕੌ ਅਨਹਿਤ ਕਰਤਾ ਹੋਇ।
ਗੁਰ ਮਹਿਮਾ ਅਰੁ ਸਭਿ ਉਪਕਾਰਾ। ਮਨੁ ਕਹਿਲੂਰੀ ਮਿਲੇ ਬਿਗਾਰਾ॥ ੩੨ ॥

ਜਿਵੇਂ ਹਵਾ ਗੰਦਗੀ ਨਾਲ ਮਿਲ ਕੇ ਬਦਬੂਦਾਰ ਹੋ ਜਾਂਦੀ ਹੈ ਤੇ ਸਾਰਿਆਂ ਉੱਤੇ ਬੁਰਾ ਪ੍ਰਭਾਵ ਪਾਉਂਦੀ ਹੈ। ਉਸ ਤਰ੍ਹਾਂ ਹੀ ਸ੍ਰੀ ਗੁਰੂ ਜੀ ਦੀ ਮਹਿਮਾ ਤੇ ਸਤਿਗੁਰੂ ਜੀ ਦੇ ਸਾਰੇ ਉਪਕਾਰ ਫਤਹਿ ਸ਼ਾਹ ਭੁੱਲ ਗਿਆ। ਫਤਹਿ ਸ਼ਾਹ ਮਾਨੋ ਇਹ ਹਵਾ ਸੀ ਜਿਹੜੀ ਕਹਿਲੂਰੀ ਭੀਮ ਚੰਦ ਰੂਪੀ ਬਦਬੂ ਨਾਲ ਮਿਲ ਕੇ ਗੰਦੀ ਹੋ ਗਈ ਸੀ॥੩੨॥

ਗੋਰੀ ਗਨ ਬਰੂਦ ਬਰਤਾਈ। ਕਹਯੋ ਸਭਿਨਿ ਸਨ 'ਪਰਹਿ ਲਰਾਈ।
ਬਾਂਛਿਤ ਸ਼ਸਤ੍ਰ ਤੁਰੰਗ ਜਿਸ ਹੋਇ। ਮੁਝ ਤੇ ਜਾਚ ਲੇਹਿ ਸਭਿ ਕੋਇ' ॥ ੩੩ ॥

ਫਤਿਹ ਸ਼ਾਹ ਨੇ ਗੋਲੀਆਂ ਅਤੇ ਬਹੁਤ ਬਰੂਦ ਵਰਤਾਇਆ। ਸਾਰਿਆਂ ਨੂੰ ਕਹਿ ਦਿੱਤਾ "ਜੁੱਧ ਲੜਨਾ ਪਵੇਗਾ ਜਿਸ ਨੂੰ ਸ਼ਸਤਰ, ਘੋੜੇ ਦੀ ਲੋੜ ਹੋਵੇ, ਸਾਰੇ ਮੇਰੇ ਪਾਸੋਂ ਮੰਗ ਕੇ ਲੈ ਲਵੇ"॥੩੩॥

ਸਮਧੀ ਕੇ ਹਰਖਾਵਨਿ ਕਾਰਨ। ਊਚੇ ਕੀਨਸਿ ਹੁਕਮ ਉਚਾਰਨਿ।
ਦੂਹਰਿ ਚੋਬ ਧੌਂਸਾ ਧੁੰਕਾਰਹੁ। ਕਹਯੋ ਸਭਿਨਿ ਸੋਂ 'ਸ਼ਸਤ੍ਰ ਸੰਭਾਰਹੁ॥ ੩੪ ॥

ਆਪਣੇ ਕੁੜਮ ਨੂੰ ਖੁਸ਼ ਕਰਨ ਵਾਸਤੇ, ਬੜੀ ਉੱਚੀ ਹੁਕਮ ਉਚਾਰਨ ਕੀਤਾ। ਨਗਾਰੇ ਉੱਤੇ ਦੂਹਰਾ ਡੱਗਾ ਲਾਵੋ ਤੇ ਸਾਰਿਆਂ ਨੂੰ ਕਿਹਾ, "ਸ਼ਸਤਰ ਸੰਭਾਲੋ॥੩੪॥

ਤਜਾਰੀ ਜਥੇਦਾਰ ਗਨ ਕਰੈਂ। ਨਿਜ ਨਿਜ ਮਿਸਲ ਸੁਭਟ ਸਭਿ ਧਰੈਂ।
ਆਨਹੁ ਮੇਰੋ ਬਲੀ ਤੁਰੰਗ। ਕੰਚਨ ਜ਼ੀਨ ਐਂਚਿ ਕਰਿ ਤੰਗ॥ ੩੫ ॥

ਸਾਰੇ ਜਥੇਦਾਰ ਤਿਆਰੀ ਕਰਨ, ਆਪਣੀ-ਆਪਣੀ ਮਿਸਲ ਵਿਚ ਸਭ ਸੂਰਬੀਰ ਧਾਰਨ ਕਰੋ। ਮੇਰੇ ਬਲਵਾਨ ਘੋੜੇ ਨੂੰ ਲਿਆਵੋ, ਸੋਨੇ ਦੀ ਕਾਠੀ ਦਾ ਤੰਗ ਖਿੱਚ ਕੇ ਮੰਗਵਾਓ॥੩੫॥

ਹੀਰਨ ਜੜਤੀ ਮੁਸ਼ਟ ਬਿਸਾਲਾ। ਤੀਖਨ ਧਾਰਾ ਖੜਗ ਕਰਾਲਾ।
ਖਰ ਖਪਰਨਿ ਤੇ ਭਰਯੋ ਨਿਖੰਗਾ। ਧਨੁਖ ਕਠੋਰ ਆਨੀਯਹਿ ਸੰਗਾ॥ ੩੬ ॥

ਜਿਸ ਤਲਵਾਰ ਦੀ ਹੀਰਿਆਂ ਨਾਲ ਜੜੀ ਵਿਸ਼ਾਲ ਮੁੱਠੀ ਹੈ ਤੇ ਤਲਵਾਰ ਦੀ ਧਾਰ ਬਹੁਤ ਤਿੱਖੀ ਹੈ ਉਹ ਤਲਵਾਰ ਲਿਆਵੋ। ਭੱਥੇ ਨੂੰ ਤੇਜ਼ ਤੀਰਾਂ ਨਾਲ ਭਰ ਲਵੋ ਤੇ ਸਖ਼ਤ ਧਨੁੱਖ ਨੂੰ ਵੀ ਨਾਲ ਲਿਆਵੋ॥੩੬॥

ਸਦਲ ਆਪ ਮੈਂ ਕਰੌਂ ਚਢਾਈ। ਅਵਿਲੋਕਹੁਂ ਸਤਿਗੁਰੂ ਬਡਾਈ'।
ਇਮ ਕਹਿ ਫਤੇਸ਼ਾਹ ਕਰਿ ਤਜਾਰੀ। ਸਾਜਤਿ ਭਯੋ ਸੰਗ ਦਲ ਭਾਰੀ॥ ੩੭ ॥

ਸਾਰਾ ਦਲ ਲੈ ਕੇ ਮੈਂ ਆਪ ਚੜ੍ਹਾਈ ਕਰਾਂਗਾ ਤੇ ਸਤਿਗੁਰੂ ਦੀ ਵਡਿਆਈ ਵੇਖਾਂਗਾ।" ਇਸ ਤਰ੍ਹਾਂ ਕਹਿ ਕੇ ਫ਼ਤਿਹ ਸ਼ਾਹ ਨੇ ਤਿਆਰੀ ਕੀਤੀ ਤੇ ਆਪਣੇ ਨਾਲ ਭਾਰੀ ਦਲ ਸਾਜ ਲਿਆ॥੩੭॥

ਬਲੀ ਤੁਰੰਗ ਨਿਕਟ ਜਬਿ ਆਯੋ। ਉਠਯੋ ਸਭਾ ਮਹਿਂ ਨ੍ਰਿਪ ਦਰਸਾਯੋ।
ਖੜਗ ਨਿਖੰਗ ਪਾਇ ਕਟ ਬੰਧਿ। ਲੀਨਿਸਿ ਧਨੁਖ ਸੁ ਦ੍ਰਿੜ੍ਹ ਸਰ ਸੰਧਿ॥੩੮॥

ਬਲਵਾਨ ਘੋੜਾ ਜਦ ਨੇੜੇ ਆਇਆ ਤਾਂ ਰਾਜੇ ਨੇ ਸਭਾ ਵਿਚ ਉੱਠ ਕੇ ਵਿਖਾਇਆ। ਕਮਰਕੱਸੇ ਨਾਲ ਤਲਵਾਰ ਅਤੇ ਭੱਥਾ ਬੰਨ੍ਹ ਲਿਆ ਤੇ ਤੀਰ ਛੱਡਣ ਵਾਲੀ ਸਖਤ ਧਨੁੱਖ ਫੜ ਲਈ॥੩੮॥

ਅਧਿਕ ਮੋਲ ਕੀ ਸਿਪਰ ਸੰਭਾਰੀ। ਡਾਰਿ ਸਿਕੰਧਹਿ ਬੰਧਿ ਪਿਛਾੜੀ।
ਹਯ ਚਲਚਾਲ ਅਰੂਢਨਿ ਹੋਵਾ। ਮੂਰਖ ਨਹਿਂ ਬਿਚਾਰ ਕਰਿ ਜੋਵਾ॥ ੩੯॥

ਬਹੁਤ ਕੀਮਤੀ ਢਾਲ ਸੰਭਾਲ ਲਈ ਤੇ ਮੋਢੇ ਉੱਤੇ ਪਾ ਕੇ ਪਿਛਾੜੀ ਬੰਨ੍ਹ ਲਈ। ਚਾਲਾਕ ਘੋੜੇ 'ਤੇ ਸਵਾਰ ਹੋ ਗਿਆ, ਮੂਰਖ ਨੇ ਕੁਝ ਵੀ ਵਿਚਾਰ ਕੇ ਨਾ ਵੇਖਿਆ॥੩੯॥

ਜਗਤ ਪਤੀ ਕੀ ਸਮਤਾ ਚਾਹਤਿ। ਚਲਯੋ ਪੰਥ ਲਰਿਬੇ ਸੁ ਉਮਾਹਤਿ।
ਦੁੰਦਭਿ ਬਜਤਿ ਬਾਹਨੀ ਚਲੀ। ਤੀਖਨ ਸ਼ਸਤ੍ਰਨ ਜੁਤਿ ਕਲਮਲੀ॥ ੪੦॥

ਜਗਤ ਦੇ ਮਾਲਕ ਨਾਲ ਬਰਾਬਰੀ ਚਾਹੁੰਦਾ ਹੈ, ਰਾਹੇ ਰਾਹ ਚਲ ਪਿਆ, ਲੜਾਈ ਵਾਸਤੇ ਬੜਾ ਉਤਸ਼ਾਹਿਤ ਸੀ। ਨਗਾਰਾ ਵੱਜਦਿਆਂ ਸੈਨਾ ਚਲ ਪਈ ਜਿਹੜੀ ਤਿੱਖੇ ਸ਼ਸਤਰਾਂ ਨਾਲ ਲੈਸ ਸੀ॥੪੦॥

ਫਤੇਸ਼ਾਹ ਜਬਿ ਆਗੈ ਭਯੋ। ਗਹੇ ਤੁਫੰਗਨ ਦਲ ਉਮਡਯੋ।
ਹਰੀਚੰਦ। ਆਦਿਕ ਬਡ ਜੋਧੇ। ਗੁਰ ਸੋਂ ਲਰਨਿ ਚਲੇ ਚਿਤ ਕ੍ਰੋਧੇ॥ ੪੧॥

ਫਤਹਿ ਸ਼ਾਹ ਜਦ ਸਭ ਦੇ ਅੱਗੇ ਹੋਇਆ ਤਾਂ ਬੰਦੂਕਾਂ ਫੜ ਕੇ ਸਾਰਾ ਦਲ ਉਮਡ ਪਿਆ। ਹਰੀ ਚੰਦ ਆਦਿ ਵੱਡੇ-ਵੱਡੇ ਯੋਧੇ ਗੁਰੂ ਜੀ ਨਾਲ ਲੜਨ ਵਾਸਤੇ ਚਿੱਤ ਵਿਚ ਕ੍ਰੋਧ ਧਾਰ ਕੇ ਚਲ ਪਏ॥੪੧॥

ਗਨ ਸੈਨਾ ਅਰੁ ਗ੍ਰਾਮਨਿ ਛੇਰ। ਬੰਧੇ ਟੋਲ ਬ੍ਰਿੰਦ ਕੋ ਹੇਰਿ।
ਚਿਤ ਅਹੰਕਾਰ ਵਧਯੋ ਅਧਿਕਾਇ। 'ਲਰੌਂ ਗੁਰੂ ਸਨ ਕੋਪ ਵਧਾਇ' ॥ ੪੨॥

ਬਹੁਤ ਸੈਨਾ ਅਤੇ ਪਿੰਡਾਂ ਦੀ ਵਹੀਰ ਨੇ ਸਾਰਿਆਂ ਨੂੰ ਵੇਖ ਕੇ ਟੋਲੇ ਬੰਨ੍ਹ ਲਏ। ਚਿੱਤ ਵਿਚ ਬਹੁਤ ਅਹੰਕਾਰ ਵਧਿਆ ਸੀ, "ਗੁਰੂ ਜੀ ਨਾਲ ਗੁੱਸਾ ਵਧਾ ਕੇ ਲੜਾਂਗੇ" ॥੪੨॥

ਬਾਂਮ ਬਿਲੋਚਨ ਫਰਕਤਿ ਖੋਟਾ। ਨਹਿਂ ਮਨ ਗਿਨਹਿ ਹਾਰ ਮਤਿਮੋਟਾ।
ਨਗਰ ਪਾਂਵਟੇ ਸਨਮੁਖ ਚਾਲਾ। ਪੰਥ ਪਹਾਰਨ ਬਿਖਮ ਬਿਸਾਲਾ॥ ੪੩॥

ਖੱਬੀ ਅੱਖ ਫਰਕਦੀ ਸੀ, ਖੋਟੇ ਦਾ ਜਿਹੜਾ ਖੋਟਾ ਸ਼ਗਨ ਹੈ। ਮੋਟੀ ਮੱਤ ਵਾਲਾ ਆਪਣੇ ਮਨ ਵਿਚ ਹਾਰ ਨਹੀਂ ਗਿਣਦਾ ਸੀ। ਪਾਉਂਟੇ ਨਗਰ ਦੇ ਸਾਹਮਣੇ ਵਲ ਚਲ ਪਿਆ, ਪਹਾੜੀ ਰਸਤੇ ਬੜੇ ਕਠਨ ਸਨ॥੪੩॥

*ਦੂਸਰੀ ਰੁੱਤ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥*

## *ਅਧਿਆਇ ਵੀਹਵਾਂ*

### *ਪਠਾਣਾਂ ਨੇ ਛੁੱਟੀ ਮੰਗਣੀ*

*ਦੋਹਰਾ*- ਫਤੇਸ਼ਾਹ ਆਗਵਨ ਕੋ ਸੁਨਯੋਂ ਜਬਹਿ ਗੁਰ ਸੈਨ।
ਹਰਖ ਭਯੋ ਬੀਰਨ ਰਿਦੈ, ਧੀਰ ਸਹਿਤ ਚਿਤ ਭੈ ਨ॥ ੧॥

ਜਦ ਗੁਰੂ ਜੀ ਦੀ ਸੈਨਾ ਨੇ ਫਤਹਿ ਸ਼ਾਹ ਦੇ ਆਉਣ ਬਾਰੇ ਸੁਣਿਆ ਤਾਂ ਸੂਰਬੀਰਾਂ ਦੇ ਹਿਰਦੇ ਪ੍ਰਸੰਨਤਾ ਵਿਚ ਛਾ ਗਈ, ਜਿਹੜੇ ਧੀਰਜ ਸਹਿਤ ਸਨ, ਤੇ ਜਿਨ੍ਹਾਂ ਦੇ ਚਿੱਤ ਵਿਚ ਕੋਈ ਭੈਅ ਨਹੀਂ ਸੀ॥੧॥

ਚੌਪਈ- ਕਾਤੁਰ ਕੰਪਤਿ ਹੀ ਧਰਿ ਤ੍ਰਾਸਾ। ਆਇ ਅਚਾਨਕ ਸਮੈ ਬਿਨਾਸਾ।
ਸਭਿ ਰਾਜਨ ਕੀ ਫੌਜ ਬਡੇਰੀ। ਕੋ ਲਰ ਸਕਹਿ ਅਲਪ ਨਿਜ ਹੇਰੀ॥ ੨ ॥

ਕਾਇਰ ਡਰ ਧਾਰ ਕੇ ਕੰਬ ਉੱਠੇ ਸੋਚਣ ਲੱਗੇ, "ਸਾਡਾ ਅਚਾਨਕ ਹੀ ਵਿਨਾਸ਼ ਦਾ ਸਮਾਂ ਆ ਗਿਆ ਹੈ। ਸਾਰੇ ਰਾਜਿਆਂ ਦੀ ਵੱਡੀ ਫੌਜ ਹੈ, ਆਪਣੀ ਸੈਨਾ ਥੋੜੀ ਦਿੱਸ ਰਹੀ ਹੈ, ਇਸ ਵੱਡੀ ਸੈਨਾ ਨਾਲ ਕੌਣ ਲੜ ਸਕਦਾ ਹੈ॥੨॥

ਹੁਤੇ ਪੰਚ ਸੈ ਰਖੇ ਪਠਾਨ। ਚਾਰ ਖਾਨ ਸਿਰਦਾਰ ਮਹਾਨ।
ਅਪਰ ਮੁਖੀ ਮਿਲਿ ਕੈ ਸਭਿ ਇਕ ਥਲ। ਲਗੇ ਬਿਚਾਰਨਿ ਪਰਬਲ ਨਿਜ ਬਲ॥ ੩ ॥

ਗੁਰੂ ਜੀ ਨੇ ਪੰਜ ਸੌ ਪਠਾਣ ਨੌਕਰ ਰੱਖੇ ਹੋਏ ਸਨ, ਚਾਰ ਖਾਨ ਉਨ੍ਹਾਂ ਦੇ ਵੱਡੇ ਸਰਦਾਰ ਸਨ, ਦੂਸਰੇ ਮੁੱਖੀ ਸਾਰੇ ਇਕ ਥਾਂ ਮਿਲ ਕੇ ਪਰਾਏ ਬਲ ਅਤੇ ਆਪਣੇ ਬਲ ਬਾਰੇ ਵਿਚਾਰਨ ਲੱਗੇ॥੩॥

'ਗੁਰ ਢਿਗ ਬਡ ਹਮਰੋ ਇਕ ਡੇਰਾ। ਭਾਰ ਲਰਨ ਕੋ ਪਰਹਿ ਘਨੇਰਾ।
ਕੌਮ ਖਾਨ ਕੀ ਹੋਤਿ ਬਹਾਦਰ। ਯਾਂਤੇ ਰਾਖਤਿ ਹੈਂ ਬਹੁ ਸਾਦਰ॥ ੪ ॥

ਗੁਰੂ ਜੀ ਪਾਸ ਸਾਡਾ ਇਕ ਵੱਡਾ ਡੇਰਾ ਹੈ, ਸਾਡੇ ਉੱਤੇ ਲੜਾਈ ਕਰਨ ਦਾ ਵੱਡਾ ਭਾਰ ਪਵੇਗਾ। ਪਠਾਣਾਂ ਦੀ ਕੌਮ ਬਹਾਦਰ ਹੁੰਦੀ ਹੈ, ਇਸ ਕਰਕੇ ਸਾਨੂੰ ਬੜੇ ਆਦਰ ਨਾਲ ਰੱਖਦੇ ਹਨ॥੪॥

ਗੁਰੂ ਢਿਗ ਅਪਰ ਚਮੂੰ ਬਹੁ ਜਾਤੀ। ਜਾਨਹਿਂ ਕਹਾਂ ਸ਼ਸਤ੍ਰ ਕੀ ਬਾਤੀ।
ਅਪਰ ਕਾਰ ਕੋ ਕਰਨੇ ਹਾਰੇ। ਕਹਾਂ ਲਖਹਿਂ ਸੰਗ੍ਰਾਮ ਬਿਚਾਰੇ॥ ੫ ॥

ਗੁਰੂ ਜੀ ਪਾਸ ਹੋਰ ਸੈਨਾ ਬਹੁਤ ਜਾਤੀਆਂ ਦੀ ਇਕੱਠੀ ਹੋਈ ਹੈ। ਉਹ ਹੋਰ ਕੰਮ-ਕਾਜ ਕਰਨ ਵਾਲੇ ਹਨ, ਉਨ੍ਹਾਂ ਨੂੰ ਜੰਗ ਕਰਨ ਦੀ ਕੀ ਸਮਝ ਹੈ॥੫॥

ਦੇਖਹਿਂ ਗਨ ਰਾਜਨ ਕੀ ਸੈਨਾ। ਭਾਜਹਿਂ ਡਰਿ ਕਰਿ ਧੀਰਜ ਹੈ ਨਾ।
ਗੋਰੀ ਤੀਰਨਿ ਕੀ ਬਹੁ ਮਾਰ। ਹਮ ਪਰ ਪਰੈ ਜਥਾ ਘਨ ਧਾਰ॥ ੬ ॥

ਵੇਖੋ ਰਾਜਿਆਂ ਦੀ ਸੈਨਾ ਬਹੁਤ ਵੱਡੀ ਹੈ, ਇਹ ਡਰਦੇ ਭੱਜ ਜਾਣਗੇ ਇਨ੍ਹਾਂ ਵਿਚ ਧੀਰਜ ਨਹੀਂ ਹੈ। ਗੋਲੀਆਂ ਅਤੇ ਤੀਰਾਂ ਦੀ ਬਹੁਤ ਮਾਰ ਪਵੇਗੀ, ਸਾਡੇ ਉੱਤੇ ਇਹ ਬੱਦਲ ਦੀ ਧਾਰ ਭਾਵ ਮੀਂਹ ਵਾਂਗ ਪਵੇਗੀ॥੬॥

ਘਰ ਕੇ ਘੋਰੇ ਤਹਿਂ ਮਰਿ ਜੈਹੈਂ। ਬਹੁਰ ਗੁਰੂ ਦੈਹੈਂ ਕਿ ਨ ਦੈਹੈਂ।
ਨਿਜ ਜੀਵਨ ਮਹਿਂ ਸੰਸਾ ਜਾਨੋ। ਅਪਜਸੁ ਪਸਰੈ ਹੋਇ ਪਲਾਨੋ॥ ੭ ॥

ਸਾਡੇ ਘਰ ਦੇ ਘੋੜੇ ਉਥੇ ਮਰ ਜਾਣਗੇ, ਬਾਅਦ ਵਿਚ ਗੁਰੂ ਜੀ ਦੇਣਗੇ ਕਿ ਨਹੀਂ। ਆਪਣੇ ਜੀਵਨ ਵਿਚ ਸ਼ੰਕਾ ਜਾਣੋ, ਬੜੀ ਨਿੰਦਿਆ ਹੋਵੇਗੀ ਜੇ ਮੈਦਾਨ ਛੱਡ ਕੇ ਭੱਜ ਗਏ॥੭॥

ਯਾਂਤੇ ਇਸ ਪ੍ਰਕਾਰ ਅਬਿ ਕੀਜੈ। ਹਮ ਘਰ ਜਾਹਿਂ ਖੁਸ਼ੀ ਅਬਿ ਲੀਜੈ।
ਰਣ ਲਰਿਬੇ ਮਹਿਂ ਹਾਨਿ ਹਮਾਰੀ। ਹਟਿ ਅਬਿ ਰਹਹੁ ਸੁਨੀਕ ਬਿਚਾਰੀ॥ ੮ ॥

ਇਸ ਕਰਕੇ ਹੁਣ ਇਸ ਪ੍ਰਕਾਰ ਕਰੀਏ, ਹੁਣ ਅਸੀਂ ਘਰ ਚਲੀਏ ਤੇ ਦੇਥੋਂ ਛੁੱਟੀ ਲੈ ਲਈਏ, ਯੁੱਧ ਲੜਨ ਵਿਚ ਸਾਡਾ ਨੁਕਸਾਨ ਹੈ। ਲੜਾਈ ਤੋਂ ਪਰ੍ਹੇ ਹੀ ਰਹੋ, ਇਹ ਹੀ ਚੰਗੀ ਵਿਚਾਰ ਹੈ॥੮॥

'ਨਤੁਰ ਖਾਨਜ਼ਾਦੋ! ਸੁਨਿ ਲੀਜੈ। ਬਾਈਸਿ ਧਾਰ ਗਿਰੀਸ਼ ਲਖੀਜੈ।
ਗ੍ਰਾਮਨਿ ਕੀ ਫੇਰਾਨਿ ਬਟੋਰਿ। ਅਰੁ ਸਭਿ ਚਮੂੰ ਸੰਗ ਅਬਿ ਜੋਰਿ॥ ੯ ॥

"ਹੇ ਪਠਾਣਾਂ ਦੇ ਪੁੱਤਰੋ ! ਗੁਰੂ ਜੀ ਦੇ ਕੰਨੀਂ ਗੱਲ ਕੱਢ ਕੇ ਚਲੀਏ। ਬਾਈਧਾਰ ਰਾਜੇ ਸੁਣੀਦੇ ਹਨ। ਉਨ੍ਹਾਂ ਨੇ ਪਿੰਡਾਂ ਦੀ ਵਹੀਰ ਵੀ ਇਕੱਠੀ ਕੀਤੀ ਹੈ ਅਤੇ ਸਾਰੀ ਸੈਨਾਂ ਵੀ ਨਾਲ ਮਿਲਾਈ ਹੈ॥੯॥

ਸਭਿ ਕੇ ਆਗੇ ਬਨਹੁ ਨਿਸ਼ਾਨਾ। ਪਰਹੁ ਖੇਤ ਮਹਿਂ ਹੁਇ ਬਿਨ ਪ੍ਰਾਨਾ।
ਥੋਰੇ ਕਾਲ ਲਯੋ ਦਰਮਾਹਾ। ਨਾਹਕ ਮਰਿ ਜੈਹੈਂ ਰਨ ਮਾਹਾ॥ ੧੦॥

ਤੁਸੀਂ ਸਾਰਿਆਂ ਦੇ ਅੱਗੇ ਨਿਸ਼ਾਨਾ ਬਣੋਗੇ, ਪ੍ਰਾਣ ਰਹਿਤ ਹੋ ਕੇ ਮੈਦਾਨੇ-ਜੰਗ ਵਿਚ ਪਏ ਰਹੋਗੇ, ਥੋੜੇ ਸਮੇਂ ਲਈ ਮਹਾਵਾਰੀ ਤਨਖਾਹ ਲਈ ਹੈ, ਫਜ਼ੂਲ ਵਿਚ ਰਣਖੇਤਰ ਵਿਚ ਮਰ ਜਾਵਾਂਗੇ॥੧੦॥

ਅਬਿ ਰਚੀਅਹਿ ਕਛੁ ਏਵ ਉਪਾਈ। ਜਿਸ ਤੇ ਚਲੀਅਹਿ ਕਾਨ ਕਢਾਈ।
ਜਯੋਂ ਕਯੋਂ ਕਰਿ ਰੁਖ਼ਸਦ ਕੋ ਲੀਜੈ। ਨਹਿਂ ਗੁਰ ਕਹਿਂ ਤੌ ਆਪ ਚਲੀਜੈ' ॥੧੧॥

ਹੁਣ ਕੁਝ ਇਸ ਤਰ੍ਹਾਂ ਉਪਾਅ ਕਰੀਏ, ਜਿਸ ਕਰਕੇ ਗੁਰੂ ਜੀ ਦੇ ਕੰਨੀਂ ਗੱਲ ਕੱਢ ਕੇ ਚਲੀਏ। ਜਿਵੇਂ ਕਿਵੇਂ ਕਰਕੇ ਛੁੱਟੀ ਲਈਏ। ਜੇ ਗੁਰੂ ਜੀ ਨਾ ਕਹਿਣ ਤਾਂ ਆਪ ਚਲੇ ਚਲੀਏ" ॥੧੧॥

ਕਾਲੇ ਖਾਂ ਤਿਨ ਬਿਖੇ ਪਠਾਨ। ਬੋਲਯੋ ਲਖਿ ਕਰਿ ਬਿਨਾ ਇਮਾਨ।
'ਨਹਿਂ ਆਛੀ ਇਹ ਮਸਲਤ ਕੀਨਿ। ਨਿਮਕ ਹਰਾਮੀ ਖੋਵਨ ਦੀਨਿ॥ ੧੨॥

ਉਨ੍ਹਾਂ ਵਿਚ ਇਕ ਕਾਲੇ ਖਾਂ ਪਠਾਣ ਸੀ, ਉਹ ਆਪਣੇ ਸਾਥੀਆਂ ਨੂੰ ਬੇਈਮਾਨ ਹੋਂਦੇ ਵੇਖ ਕੇ ਬੋਲਿਆ, "ਇਹ ਤੁਸੀਂ ਚੰਗੀ ਸਲਾਹ ਨਹੀਂ ਕੀਤੀ ਹੈ, ਨਿਮਕਹਰਾਮੀ ਹੋ ਕੇ ਆਪਣਾ ਦੀਨ ਗਵਾਉਣ ਲੱਗੇ ਹੋ॥੧੨॥

ਲਰਨ ਹੇਤੁ ਹੀ ਹਮ ਕੋ ਰਾਖਯੋ। ਪਰੇ ਕਾਮ ਭਾਜਨ ਅਭਿਲਾਖਯੋ।
ਆਨ ਪਠਾਨਨਿ ਕੀ ਤੁਮ ਖੋਵਹੁ। ਰਣ ਤੇ ਡਰ ਕਰਿ ਕਾਤੁਰ ਹੋਵਹੁ॥ ੧੩॥

ਸਾਨੂੰ ਲੜਨ ਵਾਸਤੇ ਹੀ ਰੱਖਿਆ ਹੈ, ਜਦ ਹੁਣ ਗੁਰੂ ਜੀ ਨੂੰ ਕੰਮ ਪਿਆ ਹੈ ਤਾਂ ਭੱਜਣ ਦੀ ਅਭਿਲਾਸ਼ਾ ਕਰਦੇ ਹੋ। ਤੁਸੀਂ ਪਠਾਣਾਂ ਦੀ ਅਣਖ ਨੂੰ ਗਵਾਉਣ ਲੱਗੇ ਹੋ, ਯੁੱਧ ਤੋਂ ਡਰ ਕੇ ਕਾਇਰ ਬਣ ਗਏ ਹੋ॥੧੩॥

ਨਹਿਂ ਆਗੇ ਕੋ ਕਰਹਿ ਭਰੋਸਾ। ਨਹਿਂ ਰਾਖਹਿ ਨੌਕਰ ਲਖਿ ਦੋਸ਼ਾ।
ਅਪਜਸੁ ਪ੍ਰਾਪਤਿ ਦੁਨੀਆਂ ਬਿਖੈ। ਮਰਿ ਦੋਜ਼ਕ ਮੈਂ ਸਾਸਨ ਪਿਖੈਂ ॥ ੧੪॥

ਤੁਹਾਡੇ ਉੱਤੇ ਅੱਗੇ ਵਾਸਤੇ ਕੋਈ ਵੀ ਭਰੋਸਾ ਨਹੀਂ ਕਰੇਗਾ, ਤੁਹਾਨੂੰ ਦੋਸ਼ੀ ਸਮਝ ਕੇ ਕੋਈ ਵੀ ਨੌਕਰ ਨਹੀਂ ਰੱਖੇਗਾ। ਦੁਨੀਆਂ ਵਿਚ ਨਿੰਦਿਆ ਪ੍ਰਾਪਤ ਹੋਵੇਗੀ, ਮਰ ਕੇ ਦੋਜ਼ਕ ਵਿਚ ਸਜ਼ਾ ਪਾਉਗੇ" ॥੧੪॥

ਸੁਨਿ ਬੋਲਯੋ ਤਬਿ ਭੀਖਨ ਖਾਨ। 'ਤੂ ਰਖਿ ਅਪਨੇ ਸੰਗ ਇਮਾਨ।
ਹਮ ਤੋ ਨਾਹਕ ਮਰਹਿਂ ਨ ਕੋਈ। ਰਹੀਅਹਿ ਤੂ ਅਬਿ ਚਾਕਰ ਹੋਈ॥ ੧੫॥

ਇਹ ਸੁਣ ਕੇ ਫਿਰ ਭੀਖਣ ਖਾਨ ਬੋਲਿਆ, "ਤੂੰ ਆਪਣੇ ਨਾਲ ਈਮਾਨ ਨੂੰ ਰੱਖ, ਅਸੀਂ ਤਾਂ ਕੋਈ ਵੀ ਫਜ਼ੂਲ ਵਿਚ ਨਹੀਂ ਮਰਾਂਗੇ। ਤੂੰ ਹੁਣ ਨੌਕਰ ਬਣਿਆ ਰਹੇ॥੧੫॥

ਜੇਤਿਕ ਖੁਸ਼ੀ, ਰਹੇ ਢਿਗ ਗੁਰ ਕੇ। ਕਾਰਜ ਪਰੇ ਆਨਿ ਅਬਿ ਘਰ ਕੇ।
ਬਿਨਾ ਕਰੇ ਹਮ ਪਤ ਨਹਿਂ ਰਹੈ। ਯਾਂਤੇ ਚਲਨਿ ਇਹਾਂ ਤੇ ਚਹੈਂ॥ ੧੬॥

ਜਿੰਨਾ ਚਿਰ ਸਾਡੀ ਖੁਸ਼ੀ ਸੀ ਗੁਰੂ ਜੀ ਪਾਸ ਰਹੇ ਹਾਂ, ਹੁਣ ਘਰ ਦੇ ਹੋਰ ਕੰਮ ਆ ਪਏ ਹਨ, ਘਰ ਦੇ ਕੰਮ ਨਾ ਕੀਤਿਆਂ ਸਾਡੀ ਇੱਜ਼ਤ ਨਹੀਂ ਰਹਿੰਦੀ ਹੈ, ਇਸ ਕਰਕੇ ਏਥੋਂ ਚਲਣਾ ਚਾਹੁੰਦੇ ਹਾਂ॥੧੬॥

ਕਿਸ ਕੇ ਹਮ ਕੈਦੀ ਤੌ ਨਹੀਂ। ਕਰੀ ਚਾਕਰੀ ਤੇਤਿਕ ਲਹੀ।
ਕਾਲੇ ਖਾਂ ਸੁਨਿ ਰਿਸ ਤੇ ਜਰਜੋ। 'ਬੁਰੋ ਮਨੋਰਥ ਤੈਂ ਉਰ ਧਰਜੋ॥ ੧੭॥

ਕਿਸੇ ਦੇ ਅਸੀਂ ਕੈਦੀ ਤੇ ਨਹੀਂ, ਜਿੰਨੀ ਨੌਕਰੀ ਕੀਤੀ ਹੈ ਓਨੀਂ ਤਨਖਾਹ ਲੈ ਲਈ ਹੈ।" ਕਾਲੇ ਖਾਂ ਸੁਣ ਕੇ ਗੁੱਸੇ ਨਾਲ ਭੱਭਕ ਉੱਠਿਆ, "ਤੁਸੀਂ ਦਿਲ ਵਿਚ ਬੁਰਾ ਮਨੋਰਥ ਧਾਰਨ ਕੀਤਾ ਹੈ॥੧੭॥

ਗੁਰ ਕੋ ਜੰਗ ਪਰਜੋ ਅਬਿ ਆਇ। ਹਮ ਤੌ ਨਹੀਂ ਕਿਸੂ ਥਲ ਜਾਇਂ।
ਰਿਦੇ ਤੁਮਾਰੇ, ਤਜੋਂ ਤੁਮ ਕਰੀਅਹਿ। ਭਾਜੇ ਅਜਸੁ, ਲਰਹਿਂ ਜਸੁ ਧਰੀਅਹਿ' ॥੧੮॥

ਗੁਰੂ ਜੀ ਨੂੰ ਆ ਕੇ ਹੁਣ ਜੰਗ ਪਿਆ ਹੈ, ਅਸੀਂ ਤਾਂ ਹੁਣ ਹੋਰ ਕਿਸੇ ਥਾਂ ਨਹੀਂ ਜਾਵਾਂਗੇ, ਜਿਵੇਂ ਤੁਹਾਡੇ ਦਿਲ ਵਿਚ ਹੈ ਉਸ ਤਰ੍ਹਾਂ ਕਰੋ, ਭੱਜਣ ਨਾਲ ਨਿੰਦਿਆਂ ਹੁੰਦੀ ਹੈ ਤੇ ਲੜਨ ਨਾਲ ਜੱਸ ਪ੍ਰਾਪਤ ਹੁੰਦਾ ਹੈ" ॥੧੮॥

ਇਮ ਕਹਿ ਬੈਠਜੋ ਤੂਸ਼ਨਿ ਹੋਇ। ਨਿਮਕ ਹਲਾਲ ਕਰਨ ਕੋ ਸੋਇ।
ਭੀਖਨ ਖਾਂ ਹਯਾਤ ਖਾਂ ਆਦਿ। ਤੀਨਹੁਂ ਮਿਲਿਕੈ ਕਰਿ ਇਕ ਵਾਦਿ॥ ੧੯॥

ਇਸ ਤਰ੍ਹਾਂ ਕਹਿ ਕੇ ਚੁੱਪ ਕਰਕੇ ਬੈਠ ਗਿਆ, ਉਹ ਨਿਮਕ ਹਲਾਲ ਕਰਨਾ ਚਾਹੁੰਦਾ ਸੀ। ਭੀਖਨ ਖਾਂ, ਹਿਆਤ ਖਾਂ ਆਦਿ ਤਿੰਨਾਂ ਨੇ ਮਿਲ ਕੇ ਇਕੋ ਮਤਾ ਪਕਾ ਲਿਆ॥੧੯॥

ਅਪਰ ਪਚਾਸਕ ਲੇਕਰਿ ਖਾਨ। ਭਾਖਨ ਕੀ ਗਿਨਤੀ ਮਨਿ ਠਾਨਿ।
ਜਹਿਂ ਬੈਠੇ ਸਭਿ ਜਗ ਸਿਰਮੌਰ। ਊਪਰ ਝੁਲਤਿ ਚਾਰੁ ਸਿਤ ਚੌਰ॥ ੨੦॥

ਹੋਰ ਪੰਜਾਹ ਕੁ ਖਾਨ ਨਾਲ ਲੈ ਕੇ ਛੁੱਟੀ ਵਾਸਤੇ ਕਹਿਣ ਦੀ ਗੱਲ ਮਨ ਵਿਚ ਪੱਕੀ ਕੀਤੀ। ਜਿੱਥੇ ਜਗਤ ਦੇ ਸ਼ਿਰੋਮਣੀ ਭਾਵ ਗੁਰੂ ਜੀ ਬੈਠੇ ਸਨ ਤੇ ਉੱਪਰ ਸੁੰਦਰ ਚੌਰ ਝੂਲ ਰਿਹਾ ਸੀ॥੨੦॥

ਦ੍ਵਾਰਪਾਲ ਕੇ ਹਾਥ ਬੁਝਾਇ। ਪਹੁੰਚੇ ਜਾਇ ਪ੍ਰਭੂ ਜਿਸ ਥਾਇਂ।
ਐਂਠਦਾਰ ਪਗੀਆਂ ਜਿਨ ਕੇਰ। ਲਟਕਤਿ ਇਕ ਸਿਕੰਧ ਸ਼ਮਸ਼ੇਰ॥ ੨੧॥

ਦਵਾਰਪਾਲ ਦੀ ਰਾਹੀਂ ਪੁੱਛ ਕੇ, ਉਹ ਗੁਰੂ ਜੀ ਦੇ ਪਾਸ ਪਹੁੰਚ ਗਏ। ਜਿਨ੍ਹਾਂ ਦੀਆਂ ਐਂਠਦਾਰ ਪਗੜੀਆਂ ਸਨ ਤੇ ਇਕ ਮੋਢੇ ਉੱਤੇ ਤਲਵਾਰ ਲਮਕਦੀ ਸੀ॥੨੧॥

ਬੈਠਿ ਗਏ ਸਭ ਕਰਿ ਕਰਿ ਨਮੋਂ। ਭੀਖਨਖਾਂ ਬੋਲਜੋ ਤਿਸ ਸਮੋਂ।
'ਪ੍ਰਭੁ ਜੀ ! ਘਰ ਤੇ ਅਬਿ ਸੁਧਿ ਆਈ। ਕਰਿਕੈ ਬਹੁਤ ਤਗ਼ੀਦ ਪਠਾਈ॥੨੨॥

ਸਾਰੇ ਨਮਸਕਾਰ ਕਰ-ਕਰ ਬੈਠ ਗਏ। ਉਸ ਸਮੇਂ ਭੀਖਨ ਖਾਂ ਬੋਲਿਆ, "ਹੇ ਪ੍ਰਭੂ ਜੀ ! ਘਰ ਤੋਂ ਹੁਣ ਖ਼ਬਰ ਆਈ ਹੈ ਤੇ ਸਾਨੂੰ ਬਹੁਤ ਤਾਕੀਦ ਕਰ ਕੇ ਭੇਜੀ ਹੈ॥੨੨॥

ਅਨਿਕ ਖਾਂਨ ਕੇ ਖਾਨਹਿ ਮਾਂਹਿਂ। ਲਰਕੀ ਲਰਕਨਿ ਕੇਰ ਨਿਕਾਹ।
ਆਵਹੁ ਜਲਦ ਨ ਬਿਲਮਹੁਂ ਕੈਸੇ। ਆਨਿ ਪਰਜੋ ਕਾਰਜ ਅਬਿ ਐਸੇ॥੨੩॥

ਅਨੇਕਾਂ ਪਠਾਣਾਂ ਦੇ ਘਰਾਂ ਵਿਚ, ਲੜਕੀ ਲੜਕਿਆਂ ਦੇ ਨਿਕਾਹ ਹਨ। ਸਾਨੂੰ ਕਿਹਾ ਗਿਆ ਹੈ ਕਿ ਛੇਤੀ ਆਵੋ, ਕੋਈ ਦੇਰ ਨਾ ਲਾਵੋ, ਹੁਣ ਇਸ ਤਰ੍ਹਾਂ ਦਾ ਕਾਰਜ ਆ ਪਿਆ ਹੈ॥੨੩॥

ਰੁਖਸਦ ਕੀ ਆਇਸੁ ਕਹੁ ਦੀਜੈ। ਗਏ ਬਿਨਾਂ ਸਰਿ ਹੈ ਨ, ਲਖੀਜੈ।
ਕਿਤਿਕ ਪਠਾਨਨ ਕੇ ਘਰ ਬਜਾਹ। ਬਾਕੀ ਰਹਤਿ ਪਿਛਾਰੀ ਨਾਂਹਿ॥ ੨੪॥

ਜਾਣ ਦੀ ਹੁਣ ਆਗਿਆ ਦੇਵੋ, ਇਹ ਸਮਝੋ ਕਿ ਜਾਣ ਤੋਂ ਬਗੈਰ ਹੁਣ ਸਰਦਾ ਨਹੀਂ ਹੈ। ਕਈ ਪਠਾਣਾਂ ਦੇ ਘਰ ਵਿਚ ਵਿਆਹ ਹੈ, ਇਸ ਕਰਕੇ ਬਾਕੀ ਪਿੱਛੇ ਨਹੀਂ ਰਹਿੰਦੇ ਹਨ॥੨੪॥

ਚਾਹਤਿ ਹੈਂ ਹਿਸਾਬ ਕਰਿਵਾਯੋ। ਨਿਜ ਕੁਟੰਬ ਕਾਰਜ ਬਨਿ ਆਯੋ।
ਆਵਹਿਂ ਬਹੁਰ ਲਿਖਾਵਹਿਂ ਚਿਹਰੇ। ਭਏ ਤਯਾਰ ਅਬਿ ਆਯੁਧ ਪਹਿਰੇ' ॥੨੫॥

ਸਾਰੇ ਆਪਣਾ ਹਿਸਾਬ ਕਰਵਾਉਣਾ ਚਾਹੁੰਦੇ ਹਨ, ਆਪਣੇ ਘਰਾਂ ਦੇ ਕੰਮ ਆ ਪਏ ਹਨ। ਬਾਅਦ ਵਿਚ ਆ ਕੇ ਚਿਹਰੇ ਵਿਖਾਵਾਂਗੇ, ਹੁਣ ਸ਼ਸਤਰ ਪਹਿਣ ਕੇ ਤਿਆਰ ਹੋ ਗਏ ਹਾਂ" ॥੨੫॥

ਸ੍ਰੀ ਪ੍ਰਭੁ ਗਤਿ ਅੰਤਰ ਕੀ ਜਾਨੀ। ਧੀਰਜ ਦੈਬੇ ਹੇਤੁ ਬਖਾਨੀ।
'ਭੋ ਪਠਾਨ ਤੁਮ ਸੁਨੇ ਬਹਾਦੁਰ। ਦੇ ਕਰਿ ਦਰਬ ਰਖੇ ਢਿਗ ਸਾਦਰ॥ ੨੬॥

ਗੁਰੂ ਜੀ ਅੰਤਰ ਦੀ ਸਾਰੀ ਗਤੀ ਜਾਣ ਗਏ, ਧੀਰਜ ਦੇਣ ਵਾਸਤੇ ਉਨ੍ਹਾਂ ਕਿਹਾ, "ਹੇ ਪਠਾਣੋ ! ਤੁਹਾਡੇ ਬਾਰੇ ਸੁਣਿਆ ਸੀ ਕਿ ਤੁਸੀਂ ਬਹੁਤ ਬਹਾਦੁਰ ਹੁੰਦੇ ਹੋ, ਧਨ ਦੇ ਕੇ ਤੁਹਾਨੂੰ ਬੜੇ ਆਦਰ ਨਾਲ ਰੱਖਿਆ ਸੀ॥੨੬॥

ਸ਼ੱਤ੍ਰੁਨਿ ਸੰਗ ਜੰਗ ਕੇ ਪਰੇ। ਆਵਹਿਂ ਕਾਮ ਇਹੀ ਮਨ ਧਰੇ।
ਕੌਨ ਸਮਾ ਅਬਿ ਰੁਖ਼ਸਦ ਲੈਨ। ਸ੍ਵਾਮੀ ਕਾਜ ਪਰਯੋ ਰਨ ਐਨ॥ ੨੭॥

ਵੈਰੀਆਂ ਨਾਲ ਜੰਗ ਪੈਣ ਉੱਤੇ ਕੰਮ ਆਵੋਗੇ, ਇਹੋ ਗੱਲ ਮਨ ਵਿਚ ਧਾਰਨ ਕੀਤੀ ਸੀ। ਹੁਣ ਛੁੱਟੀ ਲੈਣ ਦਾ ਕਿਹੜਾ ਸਮਾਂ ਹੈ, ਮਾਲਕ ਨੂੰ ਯੁੱਧ ਦਾ ਕੰਮ ਆ ਪਿਆ ਹੈ॥੨੭॥

ਅਬਿ ਹੁਇ ਕਾਤੁਰ ਕਰੋ ਫਰੇਬ। ਰਿਪੁ ਤੇ ਡਰਹੁ ਨ ਪਾਵਹੁ ਜ਼ੇਬ।
ਲਰਨ ਹੇਤੁ ਦਲ ਗਨ ਚਢਿ ਆਏ। ਗਹਹੁ ਸ਼ਸਤ੍ਰ ਹੂਜੈ ਸਮੁਹਾਏ॥ ੨੮॥

ਹੁਣ ਕਾਇਰ ਹੋ ਕੇ ਫਰੇਬ ਕਰਦੇ ਹੋ, ਵੈਰੀ ਤੋਂ ਡਰ ਕੇ ਸ਼ੋਭਾ ਨਹੀਂ ਪਾਵੋਗੇ। ਲੜਾਈ ਵਾਸਤੇ ਬਹੁਤ ਫੌਜਾਂ ਚੜ੍ਹ ਕੇ ਆ ਗਈਆਂ ਹਨ, ਸ਼ਸਤਰ ਫੜੋ ਤੇ ਸਾਹਮਣੇ ਹੋ ਜਾਵੋ॥੨੮॥

ਹਤਿ ਹੱਥਜਾਰਗਨਿ ਪਾਵਹੁ ਬਿਜੈ। ਬਹੁਰ ਨਿਕੇਤ ਗਮਨ ਕੌ ਕਿਜੈ।
ਜੰਗ ਖੇਤ ਕੋ ਅਬਹਿ ਨਿਕਾਹੂ। ਪ੍ਰਥਮ ਕਰਹੁ ਧਰਿ ਕੈ ਉਤਸਾਹੂ॥ ੨੯॥

ਹਥਿਆਰਾਂ ਨਾਲ ਮਾਰ ਕੇ ਵਿਜੇ ਪ੍ਰਾਪਤ ਕਰੋ, ਫਿਰ ਆਪਣੇ ਘਰਾਂ ਨੂੰ ਚਲੇ ਜਾਵੋ। ਹੁਣ ਤਾਂ ਮੈਦਾਨੇ-ਜੰਗ ਨਾਲ ਨਿਕਾਹ ਹੈ, ਪਹਿਲਾਂ ਉਤਸ਼ਾਹ ਧਾਰਨ ਕਰਕੇ ਇਹ ਨਿਕਾਹ ਕਰੋ॥੨੯॥

ਬਹੁਰ ਨਿਕਾਹੁ ਸਦਨ ਕੌ ਕਰੀਅਹਿ। ਅਪਨਿ ਬੰਸ ਕੀ ਲੱਜਾ ਧਰੀਅਹਿ।
ਪੁਨ ਰੁਖ਼ਸਦ ਕੌ ਕਰਹਿਂ ਬਨਾਇ। ਬ੍ਰਿੰਦ ਦਰਬ ਕੋ ਤੁਮਹਿਂ ਦਿਵਾਇ॥ ੩੦॥

ਫਿਰ ਆਪਣੇ ਘਰਾਂ ਦੇ ਨਿਕਾਹ ਕਰੀਏ ਤੇ ਆਪਣੀ ਵੰਸ਼ ਦੀ ਲਾਜ ਧਾਰਨ ਕਰੋ। ਫਿਰ ਚੰਗੀ ਤਰ੍ਹਾਂ ਬਣਾ ਸਵਾਰ ਕੇ ਛੁੱਟੀ ਕਰੋ। ਫਿਰ ਬਹੁਤ ਧਨ ਤੁਹਾਨੂੰ ਦੇਵਾਵਾਂਗੇ॥੩੦॥

ਜੇ ਨ੍ਰਿਪ ਰਿਪੁ ਦਲ ਅਧਿਕ ਬਿਚਾਰੇ। ਭਾਜੇ ਚਹਹੁ ਮਹਾਂ ਭਯ ਧਾਰੇ।
ਤੌ ਨਿਸ਼ਚੈ ਕੀਜਹਿ ਬਿੱਸ੍ਵਾਸ। ਲੈਂ ਹਮ ਫਤੇ ਰਿਪੁਨ ਕੌ ਨਾਸ਼॥ ੩੧॥

ਜੇ ਵੈਰੀ ਰਾਜਿਆਂ ਦੇ ਦਲ ਨੂੰ ਬਹੁਤ ਵੱਡਾ ਸਮਝਦੇ ਹੋ ਤੇ ਵੱਡਾ ਡਰ ਧਾਰ ਕੇ ਭੱਜਣਾ ਚਾਹੁੰਦੇ ਹੋ ਤਾਂ ਨਿਸ਼ਚਿਤ ਤੌਰ ਤੇ ਵਿਸ਼ਵਾਸ ਕਰੋ, ਅਸੀਂ ਵੈਰੀਆਂ ਨੂੰ ਮਾਰ ਕੇ ਫਤਹਿ ਪ੍ਰਾਪਤ ਕਰਾਂਗੇ॥੩੧॥

ਸੁਭਟ ਲੱਛ ਅਪਰਨਿ ਕੇ ਆਇਂ। ਗੁਰ ਘਰ ਕੇ ਹਜ਼ਾਰ ਸਮੁਹਾਇ।
ਤਊ ਨ ਬਿਜੈ ਪਾਇ ਕਰਿ ਜਾਵੈ। ਚਢੀ ਆਇ ਉਤਰਾਇ ਸੁ ਜਾਵੈ' ॥੩੨॥

ਜੇ ਹੋਰਨਾਂ ਦੇ ਲੱਖ ਸੂਰਮੇ ਵੀ ਆ ਜਾਣ ਤਾਂ ਗੁਰੂ ਘਰ ਦੇ ਹਜ਼ਾਰ ਸੂਰਮੇ ਹੀ ਸਾਹਮਣੇ ਹੋਣਗੇ। ਫਿਰ ਵੀ ਉਹ ਜਿੱਤ ਪ੍ਰਾਪਤ ਕਰਕੇ ਨਹੀਂ ਜਾਣਗੇ। ਜੋ ਫੌਜ ਚੜ੍ਹ ਕੇ ਆਵੇਗੀ ਉਹ ਉੱਤਰ ਕੇ ਹਾਰ ਕੇ ਜਾਵੇਗੀ' ॥੩੨॥

ਸੁਨਿ ਪਠਾਨ, ਜਿਯ ਰਹਨਿ ਨ ਭਾਵੈ। ਖਾਨ ਹਯਾਤ ਨਿਜਾਬਤ ਗਾਵੈ।
'ਆਪ ਗੁਰੂ ਜੀ ਨੀਕੀ ਕਹੋ। ਤਊ ਸਬੰਧ ਜਗਤ ਕੇ ਲਹੋ॥ ੩੩॥

ਪਠਾਣਾਂ ਗੱਲ ਸੁਣੀ, ਪਰ ਦਿਲ ਵਿਚ ਰਹਿਣਾ ਨਹੀਂ ਭਾਉਂਦਾ ਸੀ। ਹਿਆਤ ਖਾਂ ਅਤੇ ਨਿਜਾਬਤ ਖਾਂ ਬੋਲੇ, "ਆਪ ਗੁਰੂ ਜੀ ਚੰਗੀ ਗੱਲ ਕਹਿੰਦੇ ਹੋ, ਫਿਰ ਵੀ ਜਗਤ ਦੇ ਸੰਬੰਧ ਨੂੰ ਸਮਝੋ॥੩੩॥

ਸ਼ਾਦੀ ਗ਼ਮੀ ਪਰੈ ਜਬਿ ਆਈ। ਜੇ ਕਰਿ ਮਿਲਹਿਂ ਨਹੀਂ ਤਬਿ ਜ਼ਾਈ।
ਸਗਿਯਨਿ ਮਹਿਂ ਮੁਖ ਕਾਰਖ ਲਾਗੇ। ਜਿਸ ਤੇ ਬਨਹਿ ਨਹੀਂ ਕਿਮ ਭਾਗੇ॥੩੪॥

ਜਦ ਸ਼ਾਦੀ ਗ਼ਮੀ ਆ ਪੈਂਦੀ ਹੈ, ਜੇ ਅਸੀਂ ਤਦ ਜਾ ਕੇ ਨਹੀਂ ਮਿਲਾਂਗੇ ਤਾਂ ਸਕੇ ਸੰਬੰਧੀਆਂ ਵਿਚ ਮੂੰਹ ਤੇ ਕਾਲਖ ਲੱਗਦੀ ਹੈ ਜਿਸ ਤੋਂ ਕਿਸੇ ਪ੍ਰਕਾਰ ਵੀ ਭੱਜਣਾ ਮੁਨਾਸਬ ਨਹੀਂ ਬਣਦਾ ਹੈ॥੩੪॥

ਲਰਕੀ ਲਰਕਨਿ ਕੋ ਜਿਨ ਮਾਂਹੀ। ਕਰਨਿ ਸੰਬੰਧ ਸਦਾ ਚਿਤ ਚਾਹੀ।
ਇਕ ਦੁਇ ਨਹੀਂ ਨਿਕਾਹੁ ਹਮਾਰੇ। ਬ੍ਰਿੰਦ ਕਰਨਿ ਕੋ ਸਭਿ ਮਨ ਧਾਰੇ॥੩੫॥

ਲੜਕੀ ਲੜਕਿਆਂ ਦੇ ਵਿਚ ਸੰਬੰਧ ਸਦਾ ਹੀ ਕਰਨ ਦੀ ਚਿੱਤ ਵਿਚ ਚਾਹਤ ਰਹਿੰਦੀ ਹੈ। ਸਾਡੇ ਇਕ ਦੋ ਵਿਆਹ ਨਹੀਂ ਹਨ ਬਹੁਤ ਧਿਰਾਂ ਨੇ ਵਿਆਹ ਕਰਨ ਦਾ ਮਨ ਬਣਾਇਆ ਹੈ॥੩੫॥

ਆਜ ਚਲਹਿਂ ਤੌ ਪਹੁੰਚਹਿਂ ਜਾਇ। ਨਾਂਹਿਤ ਸ਼ਾਦੀ ਤੇ ਰਹਿ ਜਾਇਂ।
ਸਗਰੀ ਬਯ ਮੈਂ ਰਹੈ ਕਲੰਕ। ਤਹਿਂ ਕਿਮ ਤਜਾਗਹਿਂ ਬਨਹਿਂ ਨਿਸ਼ੰਕ॥੩੬॥

ਅਜ ਚਲ ਕੇ ਪਹੁੰਚਾਂਗੇ, ਨਹੀਂ ਤਾਂ ਵਿਆਹ ਤੋਂ ਰਹਿ ਜਾਵਾਂਗੇ। ਸਾਰੀ ਉਮਰ ਕਲੰਕ ਲੱਗਾ ਰਹੇਗਾ, ਉਸ ਵਿਆਹ ਨੂੰ ਸ਼ੰਕੇ ਰਹਿਤ ਹੋ ਕੇ ਕਿਵੇਂ ਛੱਡ ਸਕਦੇ ਹਾਂ॥੩੬॥

ਧਨੀ ਗ੍ਰਾਮ ਮਾਲਿਕ ਜੇ ਖਾਨ। ਤਿਨ ਕੇ ਸੰਗ ਸਬੰਧ ਮਹਾਨ।
ਐਸੇ ਸਮੇ ਜਿ ਮਿਲਿ ਹੈਂ ਨਾਂਹੀ। ਪੁਨ ਕਿਮ ਪ੍ਰਵਿਸ਼ਨ ਦੇਂ ਨਿਜ ਮਾਂਹੀ॥੩੭॥

ਅਮੀਰ ਖਾਨ ਜਿਹੜੇ ਪਿੰਡਾਂ ਦੇ ਮਾਲਕ ਹਨ, ਉਨ੍ਹਾਂ ਦੇ ਨਾਲ ਸਾਡੇ ਮਹਾਨ ਸੰਬੰਧ ਹਨ। ਐਸੇ ਸਮੇਂ ਜੇ ਆ ਕੇ ਨਹੀਂ ਮਿਲਾਂਗੇ ਫਿਰ ਉਹ ਸਾਨੂੰ ਕਿਵੇਂ ਆਪਣੇ ਵਿਚ ਪ੍ਰਵੇਸ਼ ਕਰਨ ਦੇਣਗੇ॥੩੭॥

ਯਾਂ ਤੇ ਕਠਨ ਘਰੀ ਅਬਿ ਆਇ। ਜਿਸ ਤੇ ਇਕ ਨਿਸ ਬਸਜੋ ਨ ਜਾਇ।
ਕ੍ਰਿਪਾ ਕਰਹੁ ਰੁਖ਼ਸਦ ਹੀ ਦੀਜੈ। ਕਜੋ ਹੂੰ ਰਹਿਬੋ ਨਹੀਂ ਲਿਖੀਜੈ' ॥੩੮॥

ਇਸ ਕਰਕੇ ਹੁਣ ਵੱਡੀ ਮੁਸ਼ਕਲ ਆ ਪਈ ਹੈ, ਜਿਸ ਕਰਕੇ ਹੁਣ ਇਕ ਰਾਤ ਵੀ ਰਿਹਾ ਨਹੀਂ ਜਾਂਦਾ ਹੈ। ਕਿਰਪਾ ਕਰਕੇ ਛੁੱਟੀ ਦੇਵੋ, ਕਿਸੇ ਤਰ੍ਹਾਂ ਵੀ ਸਾਡਾ ਰਹਿਣਾ ਨਹੀਂ ਬਣਦਾ ਹੈ' ॥੩੮॥

ਸੁਨਿ ਕਰਿ ਸ੍ਰੀ ਸਤਿਗੁਰੂ ਹਠੀਲਾ। ਜਾਨਜੋ ਕਰਹਿਂ ਪਲਾਵਨਿ ਹੀਲਾ।
ਬਹੁ ਰਾਜਨ ਕੋ ਦਲ ਮਨ ਜਾਨਾ। ਲਰਿਬੇ ਕੌ ਧੀਰਜ ਮਨ ਹਾਨਾ॥ ੩੯॥

ਇਹ ਸੁਣ ਕੇ ਹਠੀ ਸਤਿਗੁਰੂ ਜੀ ਜਾਣ ਗਏ ਕਿ ਇਹ ਹੁਣ ਭੱਜਣ ਦਾ ਹੀਲਾ ਕਰਨਗੇ। ਬਹੁਤ ਰਾਜਿਆਂ ਦੇ ਦਲ ਨੂੰ ਇਨ੍ਹਾਂ ਮਨ ਵਿਚ ਜਾਣਿਆ ਹੈ, ਲੜਨ ਦਾ ਧੀਰਜ ਇਨ੍ਹਾਂ ਦੇ ਮਨ ਵਿਚੋਂ ਦੂਰ ਹੋ ਗਿਆ ਹੈ॥੩੯॥

**ਬਿਰਧਾਵਨਿ ਉਤਸਾਹ ਦਲੇਰੀ। ਬੋਲੇ ਕ੍ਰਿਪਾਦ੍ਰਿਸ਼ਟਿ ਕੌ ਹੇਰੀ।**
**'ਸੁਨੋ ਖਾਨ! ਚਿੰਤਾ ਜਿਨ ਕੀਜੈ। ਸੁਧਰਹਿ ਕਾਜ ਸਰਬ ਲਖਿ ਲੀਜੈ॥੪੦॥**

ਉਨ੍ਹਾਂ ਵਿਚ ਉਤਸ਼ਾਹ ਤੇ ਦਲੇਰੀ ਵਧਾਉਣ ਵਾਸਤੇ, ਗੁਰੂ ਜੀ ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਬੋਲੇ, "ਹੇ ਖਾਨ! ਸੁਣੋ ਜਿਨ੍ਹਾਂ ਕੰਮਾਂ ਦੀ ਤੁਸੀਂ ਚਿੰਤਾ ਕਰਦੇ ਹੋ, ਉਹ ਤੁਹਾਡੇ ਸਾਰੇ ਕਾਰਜ ਸੁਧਰ ਜਾਣਗੇ, ਇਹ ਸਮਝ ਲਵੋ॥੪੦॥

**ਪੂਰਬ ਸ਼ੱਤ੍ਰੁਨਿ ਤੇ ਲਿਹੁ ਬਿਜੈ। ਪੁਨ ਧਨ ਗਨ ਲੇ ਕਾਰਜ ਕਿਜੈ।**
**ਤਜਾਗਹੁ ਸ਼ਸਤ੍ਰ ਧਰਮ ਕੌ ਨਾਂਹਿਨ। ਸਨਮੁਖ ਬਨਹੁ ਕਰਹੁ ਦਲ ਗਾਹਨਿ॥੪੧॥**

ਪਹਿਲਾਂ ਵੈਰੀਆਂ 'ਤੇ ਵਿਜੇ ਪ੍ਰਾਪਤ ਕਰੋ, ਫਿਰ ਬਹੁਤ ਧਨ ਲੈ ਕੇ ਕਾਰਜ ਪੂਰਾ ਕਰੋ। ਸ਼ਸਤਰ ਛੱਡਣਾ ਕਿਹੜਾ ਧਰਮ ਹੈ। ਸਾਹਮਣੇ ਹੋ ਕੇ ਵੈਰੀ ਦੀ ਸੈਨਾ ਨੂੰ ਦਲ ਸੁੱਟੋ॥੪੧॥

**ਹੁਇ ਸ੍ਵਾਮੀ ਕੇ ਨਿਮਕਹਲਾਲ। ਜੁਗ ਲੋਕਨ ਮਹਿਂ ਅਨੰਦ ਬਿਸਾਲ।**
**ਜੀਵਤਿ ਰਹੈਂ ਮਹਾਂ ਜਸੁ ਪਾਵੈਂ। ਭੋਗਹਿਂ ਦਰਬ ਜਥਾ ਮਨ ਭਾਵੈ॥੪੨॥**

ਆਪਣੇ ਮਾਲਕ ਦੇ ਨਿਮਕ ਹਲਾਲ ਬਣ ਕੇ ਦੋਵਾਂ ਲੋਕਾਂ ਭਾਵ ਲੋਕ ਪਰਲੋਕ ਵਿਚ ਵਿਸ਼ਾਲ ਅਨੰਦ ਪ੍ਰਾਪਤ ਕਰੋ। ਜੀਉਂਦੇ ਰਹੋਗੇ ਤਾਂ ਮਹਾਂ ਜੱਸ ਪਾਵੋਗੇ ਤੇ ਮਨ-ਭਾਉਂਦਾ ਧਨ ਪ੍ਰਾਪਤ ਕਰਕੇ ਸੁਖੀ ਜੀਵਨ ਭੋਗੋਗੇ॥੪੨॥

**ਮਰਿ ਕਰਿ ਸੁਰਗ ਬਿਖੈ ਸੁਖ ਲਹੈਂ। ਜੋ ਰਾਜਨ ਕੌ ਦੁਰਲਭ ਅਹੈ।**
**ਤਜਿ ਕਾਤੁਰਤਾ ਜੋਧਾ ਬਨਹੁ। ਬੰਸ ਲਾਜ ਰਖਿ ਰਿਪੁਗਨ ਹਨਹੁ॥੪੩॥**

ਮਰ ਕੇ ਸਵਰਗਾਂ ਵਿਚ ਸੁਖ ਪ੍ਰਾਪਤ ਕਰੋਗੇ, ਜਿਹੜਾ ਸੁਖ ਰਾਜਿਆਂ ਵਾਸਤੇ ਵੀ ਦੁਰਲਭ ਹੈ। ਕਾਇਰਤਾ ਛੱਡ ਕੇ ਯੋਧੇ ਬਣੋ, ਆਪਣੇ ਵੰਸ਼ ਦੀ ਲਾਜ ਰੱਖਕੇ ਵੈਰੀਆਂ ਨੂੰ ਮਾਰੋ॥੪੩॥

**ਜੋ ਰਨ ਤੇ ਭਾਜਹਿ ਬੇਮੁਖ ਹ੍ਵੈ। ਜਸੁ ਨਹਿਂ ਲੋਕ, ਪ੍ਰਲੋਕ ਨ ਸੁਖ ਹ੍ਵੈ।**
**ਕਾਤੁਰ ਮਾਸ ਗੀਧ ਨਹਿਂ ਖਾਵਹਿਂ। ਕਾਤੁਰ ਮਰਿ ਕਰਿ ਨਰਕ ਸਿਧਾਵਹਿਂ॥੪੪॥**

ਜਿਹੜੇ ਯੁੱਧ ਖੇਤਰ ਤੋਂ ਬੇਮੁੱਖ ਹੋ ਭੱਜਦੇ ਹਨ, ਇਸ ਲੋਕ ਵਿਚ ਉਨ੍ਹਾਂ ਨੂੰ ਜੱਸ ਨਹੀਂ ਮਿਲਦਾ ਤੇ ਪਰਲੋਕ ਵਿਚ ਉਹ ਸੁਖ ਪ੍ਰਾਪਤ ਨਹੀਂ ਕਰਦੇ ਹਨ। ਕਾਇਰਾਂ ਦਾ ਮਾਸ ਇੱਲਾਂ ਵੀ ਨਹੀਂ ਖਾਂਦੀਆਂ ਹਨ, ਕਾਇਰ ਮਰ ਕੇ ਨਰਕਾਂ ਵਿਚ ਜਾਂਦੇ ਹਨ॥ ੪੪॥

**ਕਾਤੁਰ ਕੋ ਜਗ ਕਰਹਿ ਧਿਕਾਰਾ। ਗੀਧੀ ਗਾਦਰ ਸਰਸ ਉਚਾਰਾ।**
**ਅਪਰ ਸੁਨੋ ਜੇ ਲਾਲਚ ਚਾਹਾ। ਹਮ ਕਰਿ ਦੇਹਿਂ ਅਧਿਕ ਦਰਮਾਹਾ॥੪੫॥**

ਕਾਇਰ ਉੱਤੇ ਸਾਰਾ ਜਗ ਫਿਟਕਾਰਾਂ ਪਾਉਂਦਾ ਹੈ, ਕਾਇਰ ਨੂੰ ਸਾਰੇ ਗਿੱਦੜ ਵਰਗਾ ਕਹਿੰਦੇ ਹਨ। ਹੋਰ ਸੁਣੋ ਜੇ ਲਾਲਚ ਕਰਦੇ ਹੋ, ਤਾਂ ਅਸੀਂ ਮਾਸਕ ਤਨਖਾਹ ਜ਼ਿਆਦਾ ਕਰ ਦੇਵਾਂਗੇ॥ ੪੫॥

**ਜਿਨ ਕੋ ਇਕ ਇਕ ਦ੍ਵੈ ਦ੍ਵੈ ਲੈਹੋ। ਪਾਂਚ ਲੇਇ ਜੋ ਦਸ ਦਸ ਪੈਹੋ।**
**ਅਪਰ ਜਿ ਲਾਲਚ ਧਰਹੁ ਬਿਸਾਲਾ। ਤ੍ਰਿ ਗੁਨਾ ਧਨ ਲੀਜੈ ਇਸ ਕਾਲਾ॥੪੬॥**

ਜਿਨ੍ਹਾਂ ਦੀ ਇਕ-ਇਕ ਰੁਪਈਆ ਤਨਖਾਹ ਹੈ, ਉਹ ਦੋ-ਦੋ ਰੁਪਏ ਲੈਣਗੇ, ਜਿਹੜੇ ਪੰਜ-ਪੰਜ ਲੈਂਦੇ ਹਨ, ਉਹ ਦਸ-ਦਸ ਪ੍ਰਾਪਤ ਕਰਨਗੇ। ਹੋਰ ਜੇ ਵੱਡਾ ਲਾਲਚ ਕਰਦੇ ਹੋ ਤਾਂ ਤਿੰਨ ਗੁਣਾਂ ਧਨ ਇਸ ਸਮੇਂ ਪ੍ਰਾਪਤ ਕਰੋ॥ ੪੬॥

ਇਸ ਪਰ ਭੀ ਠਹਿਰਹੁ ਜੇ ਨਾਂਹੀ। ਚਾਰ ਚਾਰ ਲੀਜੈ ਨਿਜ ਪਾਹੀ।
ਇਸ ਤੇ ਭੀ ਜਿ ਲੋਭ ਬਡ ਕੀਜੈ। ਪੰਚ ਪੰਚ ਦਿਨ ਪ੍ਰਤਿ ਕੇ ਲੀਜੈ॥ ੪੭॥

ਇਸ ਉੱਤੇ ਵੀ ਜੇ ਨਹੀਂ ਠਹਿਰਦੇ ਹੋ, ਤਾਂ ਚਾਰ-ਚਾਰ ਗੁਣਾਂ ਧਨ ਪ੍ਰਾਪਤ ਕਰੋ। ਇਸ ਨਾਲੋਂ ਵੀ ਜੇ ਵੱਡਾ ਲੋਭ ਧਾਰਨ ਕਰਦੇ ਹੋ ਤਾਂ ਪੰਜ-ਪੰਜ ਗੁਣਾਂ ਧਨ ਪ੍ਰਾਪਤ ਕਰੋ॥੪੭॥

ਜਿਨ ਕੇ ਪੰਚ ਪੰਚੀਸਹੁੰ ਪਾਇ। ਬਨਹੁ ਬੀਰ ਉਰ ਧੀਰ ਟਿਕਾਇ।
ਜੁਗ ਲੋਕਨਿ ਕੋ ਆਨੰਦ ਘਨੋ। ਨਹਿੰ ਤਜਾਗਹੁ ਨਹਿੰ ਕਾਤੁਰ ਬਨੋ॥ ੪੮॥

ਜਿਨ੍ਹਾਂ ਦੀ ਤਨਖਾਹ ਪੰਜ ਹੈ, ਉਹ ਪੰਝੀ ਰੁਪਏ ਪ੍ਰਾਪਤ ਕਰੇ ਤੇ ਸੂਰਬੀਰ ਬਣਕੇ ਹਿਰਦੇ ਨੂੰ ਟਿਕਾਵੇ ਤੇ ਦੋਵਾਂ ਲੋਕਾਂ ਦਾ ਵੱਡਾ ਆਨੰਦ ਪਾਓ, ਨੌਕਰੀ ਨਾ ਛੱਡੋ ਤੇ ਕਾਇਰ ਨਾ ਬਣੋ॥੪੮॥

*ਦੂਸਰੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## *ਅਧਿਆਇ ਇੱਕੀਵਾਂ*

### *ਪਠਾਣ ਫਤਹਿ ਸ਼ਾਹ ਨੂੰ ਜਾ ਮਿਲੇ*

*ਦੋਹਰਾ-* ਇਮ ਦੇਨੋ ਬਹੁ ਦਰਬ ਕੋ ਸਤਿਗੁਰ ਕੀਨਿ ਬਖਾਨ।
ਸਮਝਾਏ ਬਹੁ ਭਾਂਤਿ ਕਰਿ ਅਪਜਸੁ ਸੁਜਸੁ ਮਹਾਨ॥ ੧॥

ਇਸ ਤਰ੍ਹਾਂ ਬਹੁਤ ਧਨ ਦੇਣ ਬਾਰੇ ਗੁਰੂ ਜੀ ਨੇ ਕਿਹਾ ਤੇ ਬਹੁਤ ਪ੍ਰਕਾਰ ਸਮਝਾਇਆ ਤੇ ਨਿੰਦਿਆ ਅਤੇ ਮਹਾਨ ਸ੍ਰੇਸ਼ਟ ਜੱਸ ਬਾਰੇ ਕਹਿ ਕੇ ਸੁਣਾਇਆ॥੧॥

*ਚੌਪਈ-* ਤਊ ਨ ਧੀਰ ਮੂਢਨਿ ਕੋ ਆਈ। ਲਖਹਿੰ ਜੰਗ ਕੋ ਮ੍ਰਿਤੁ ਨਿਯਰਾਈ।
ਤੀਨਹੁੰ ਮੁਖਿ ਮੁਖ ਧਰਿ ਰੁਖਾਈ। ਸਭਾ ਬਿਖੈ ਬੋਲੇ ਕਦਰਾਈ॥ ੨॥

ਫਿਰ ਵੀ ਮੂਰਖਾਂ ਨੂੰ ਧੀਰਜ ਨਾ ਆਇਆ, ਉਹ ਜੰਗ ਨੂੰ ਨੇੜੇ ਆਈ ਮੌਤ ਸਮਝਦੇ ਸਨ। ਤਿੰਨਾਂ ਮੁੱਖੀਆਂ ਨੇ ਆਪਣੇ ਮੁਖ ਦਾ ਰੁੱਖਾਪਨ ਧਾਰਨ ਕੀਤਾ ਤੇ ਸਭਾ ਵਿਚ ਕਾਇਰਪੁਣੇ ਨਾਲ ਬੋਲੇ॥੨॥

'ਨਿਜ ਸਗਿਯਨਿ ਤੇ ਜੋ ਟੂਟਿ ਗਯੋ। ਬਹੁ ਧਨ ਪਾਇ ਕਹਾਂ ਕਰਿ ਲਯੋ।
ਦਰਬ ਬਟੋਰਨਿ ਜਿਨ ਹਿਤ ਕਰਨੋ। ਤਿਨ ਸੋਂ ਭਯੋ ਪ੍ਰੇਮ ਸਭਿ ਹਰਨੋ॥ ੩॥

"ਜਿਹੜਾ ਆਪਣੇ ਸਕੇ ਸੰਬੰਧੀਆਂ ਨਾਲੋਂ ਹੀ ਟੁੱਟ ਜਾਵਾਂਗੇ ਤਾਂ ਬਹੁਤਾ ਧਨ ਪਾ ਕੇ ਕੀ ਕਰਾਂਗੇ। ਜਿਨ੍ਹਾਂ ਵਾਸਤੇ ਅਸੀਂ ਧਨ ਇਕੱਠਾ ਕਰਦੇ ਹਾਂ, ਜੇ ਉਨ੍ਹਾਂ ਨਾਲੋਂ ਹੀਂ ਸਾਡਾ ਪ੍ਰੇਮ ਦੂਰ ਹੋ ਗਿਆ॥੩॥

ਬਨੇ ਰਹਹਿ ਜੇ ਸਗਿਯਨ ਸੰਗ। ਬਿਨਾਂ ਦਰਬ ਹੀ ਸਭਿ ਸੁਖ ਰੰਗ।
ਕਜੋਂ ਹੂੰ ਰਹਜੋ ਜਾਇ ਅਬਿ ਨਾਂਹੀ। ਦਿਹੁ ਰੁਖਸਦ ਨਿਜ ਘਰ ਕੋ ਜਾਹੀਂ॥ ੪॥

ਜੇ ਆਪਣੇ ਸੰਬੰਧੀਆਂ ਨਾਲ ਬਣੇ ਰਹਾਂਗੇਂ ਤਾਂ ਧਨ ਤੋਂ ਬਗੈਰ ਹੀ ਬਹੁਤ ਸੁਖ ਪ੍ਰਾਪਤ ਕਰਾਂਗੇ। ਸਾਡੇ ਪਾਸੋਂ ਹੁਣ ਕਿਵੇਂ ਵੀ ਰਿਹਾ ਨਹੀਂ ਜਾਵੇਗਾ, ਹੁਣ ਛੁੱਟੀ ਦੇਵੋ ਆਪਣੇ ਘਰਾਂ ਨੂੰ ਜਾਈਏ"॥੪॥

ਸੁਨਿ ਮਾਤੁਲ ਕ੍ਰਿਪਾਲ ਰਿਸ ਭਰਜੋ। ਝਿਰਕਤਿ ਖਾਨਨਿ ਬਾਕ ਉਚਰਜੋ।
'ਕਜੋਂ ਮੂਢਹੁ ਤੁਮ ਕਰਹੁ ਬਹਾਨਾ। ਰਿਪੁ ਗਨ ਜਾਨੇ ਮਨ ਡਰ ਮਾਨਾ॥ ੫॥

ਇਹ ਸੁਣ ਕੇ ਮਾਮਾ ਕ੍ਰਿਪਾਲ ਜੀ ਗੁੱਸੇ ਨਾਲ ਭਰ ਗਏ, ਪਠਾਣਾਂ ਨੂੰ ਝਿੜਕ ਕੇ ਉਨ੍ਹਾਂ ਨੇ ਬਚਨ ਕੀਤਾ, "ਮੂਰਖੋ! ਬਹਾਨਾ ਕਿਉਂ ਕਰਦੇ ਹੋ, ਵੈਰੀ ਨੂੰ ਜ਼ਿਆਦਾ ਗਿਣਤੀ ਵਿਚ ਜਾਣ ਕੇ ਡਰ ਮੰਨਿਆ ਹੈ॥੫॥

ਗੁਰ ਕੋ ਲਵਣ ਖਾਇ ਬਨਿ ਖੋਟੇ। ਮੁਚਹੁ ਹਰਾਮ ਹੋਇ ਮਤਿ ਮੋਟੇ!
ਪ੍ਰਭੁ ਜੀ! ਨਹਿਂ ਇਨ ਪਾਛਾ ਕਰੀਅਹਿ। ਗਮਹੁੰ ਮਲੇਛਹੁ ਦੂਰ ਉਚਰੀਅਹਿ॥੬॥

ਗੁਰੂ ਜੀ ਦੇ ਲੂਣ ਹਰਾਮੀ ਹੋ ਕੇ, ਹੇ ਮੋਟੀ ਮੱਤ ਵਾਲੇ ਮੂਰਖੋ, ਨੌਕਰੀ ਛੱਡਦੇ ਹੋ। ਹੇ ਗੁਰੂ ਜੀ! ਇਨ੍ਹਾਂ ਦਾ ਪਿੱਛਾ ਨਾ ਕਰੋ। ਇਸ ਤਰ੍ਹਾਂ ਉਚਾਰਨ ਕਰੋ, "ਹੇ ਮਲੇਛੋ ਦੂਰ ਹੋ ਜਾਵੋ॥੬॥

ਘਰ ਤੇ ਨਿਕਸੇ ਆਯੁਧ ਧਾਰੇ। ਰਣ ਕੋ ਦੇਖਿ ਡਰੇ ਹਮ ਮਾਰੇ।
ਕਰਜੋ ਪਠਾਨ ਬੰਸ ਨਿਰਲਾਜਾ। ਕੋ ਨਹਿਂ ਚਹੈ ਕਰਜੋ ਅਸ ਕਾਜਾ॥ ੭॥

ਘਰ ਤੋਂ ਸ਼ਸਤਰ ਧਾਰ ਕੇ ਨਿਕਲੇ ਸਨ, ਯੁੱਧ ਨੂੰ ਵੇਖ ਕੇ ਡਰ ਗਏ ਹਨ ਕਿ ਅਸੀਂ ਮਾਰੇ ਜਾਵਾਂਗੇ। ਆਪਣੇ ਪਠਾਣ ਵੰਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ, ਕੋਈ ਵੀ ਐਸਾ ਕਾਰਜ ਨਹੀਂ ਕਰਨਾ ਚਾਹੁੰਦਾ ਹੈ॥੭॥

ਸਮੈ ਜੰਗ ਕੇ ਕਹੈਂ ਬਿਦਾਈ। ਸ੍ਵਾਮੀ ਕਾਜ ਪਰਜੋ ਅਬਿ ਆਈ।
ਕੋ ਕਰਿ ਸਕੈ ਧੀਰ ਇਮ ਹਰਨੀ। ਬੇਖ ਸ਼ੇਰ ਕੋ ਗੀਦਰ ਕਰਨੀ'॥ ੮॥

ਜੰਗ ਦੇ ਸਮੇਂ ਕਹਿੰਦੇ ਹੋ, ਸਾਨੂੰ ਵਿਦਾ ਕਰ ਦੇਵੋ, ਮਾਲਕ ਨੂੰ ਆ ਕੇ ਕੰਮ ਪਿਆ ਹੈ। ਕਿਹੜਾ ਇਸ ਤਰ੍ਹਾਂ ਧੀਰਜ ਦੂਰ ਕਰ ਸਕਦਾ, ਭੇਸ ਸ਼ੇਰ ਦਾ ਤੇ ਕਰਨੀ ਗਿੱਦੜ ਦੀ'॥੮॥

ਸੁਨਿ ਲੱਜਤਿ ਹੁਇ ਭੀਖਨ ਖਾਨ। ਬੋਲਜੋ ਸਨੇ ਸਨੇ ਦੁਖ ਮਾਨਿ।
'ਜਿਮ ਚਿਤ ਆਇ ਤਥਾ ਤੁਮ ਕਹੋ। ਕਜਾ ਹਮਰੇ ਕਾਰਜ ਉਰ ਲਹੋ॥ ੯॥

ਇਹ ਸੁਣ ਕੇ ਭੀਖਨ ਖਾਂ ਸ਼ਰਮਿੰਦਾ ਹੋ ਗਿਆ, ਹੌਲੀ-ਹੌਲੀ ਦੁੱਖ ਮੰਨ ਕੇ ਬੋਲਿਆ, "ਜਿਵੇਂ ਤੁਹਾਡੇ ਚਿੱਤ ਵਿਚ ਆਉਂਦਾ ਹੈ, ਉਸ ਤਰ੍ਹਾਂ ਕਹੋ, ਸਾਡੇ ਕੰਮ ਬਾਰੇ ਤੁਸੀਂ ਕੀ ਜਾਣਦੇ ਹੋ॥੯॥

ਮਨ ਕੀ ਖੁਸ਼ੀ ਨੌਕਰੀ ਕਰੈਂ। ਨਹੀਂ ਕਰੈਂ, ਘਰ ਅਪਨੇ ਥਿਰੈਂ।
ਗੁਰ ਕੋ ਕਛੁ ਲੇ ਜਾਹਿਂ ਤ ਡਰ ਹੈ। ਨਹਿਂ ਲੇਜਾਹਿਂ ਦਰਸ ਪੁਨ ਕਰਿ ਹੈਂ॥੧੦॥

ਸਾਡੇ ਮਨ ਦੀ ਖੁਸ਼ੀ ਹੈ ਨੌਕਰੀ ਕਰੀਏ, ਨਹੀਂ ਕਰਾਂਗੇ ਤਾਂ ਆਪਣੇ ਘਰ ਵਿਚ ਬੈਠਾਂਗੇ, ਗੁਰੂ ਜੀ ਦਾ ਕੁਝ ਲੈ ਜਾਈਏ ਤਦ ਡਰ ਹੈ, ਜੇ ਨਹੀਂ ਲੈ ਜਾਵਾਂਗੇ ਤਾਂ ਫਿਰ ਦਰਸ਼ਨ ਕਰਾਂਗੇ॥੧੦॥

ਸ਼ਾਦੀ ਕਿਧੌਂ ਗਮੀ ਕੇ ਹਾਲ। ਬੈਠਨਿ ਮਿਲਿ ਬਿਰਾਦਰੀ ਨਾਲ।
ਜੌ ਨ ਬਨਹਿ ਤੌ ਹੋਵਹਿਂ ਹੀਨ। ਐਸੀ ਬਾਤ ਜਾਤਿ ਕੀ ਚੀਨ'॥ ੧੧॥

ਸ਼ਾਦੀ ਜਾਂ ਗਮੀ ਦੇ ਸਮੇਂ ਆਪਣੀ ਬਰਾਦਰੀ ਨਾਲ ਮਿਲ ਕੇ ਬੈਠਣਾ ਬਣਦਾ ਹੈ। ਜੇ ਨਾ ਮਿਲਾਂਗੇ ਤਾਂ ਹੀਣੇ ਹੋਵਾਂਗੇ, ਸਾਡੀ ਬਰਾਦਰੀ ਦੀ ਐਸੀ ਗੱਲ ਨੂੰ ਸਮਝੋ"॥੧੧॥

ਸੁਨਿ ਕਲਗ਼ੀਧਰ ਬਾਕ ਬਖਾਨੇ। 'ਨਿਕਸੁਹੁ ਗੀਦੀ ਮੂਢ ਮਹਾਨੇ।
ਅਸਿਧੁਜ ਕਰਹਿ ਹੋਇ ਹੈ ਸੋਈ। ਤੁਰਕਨਿ ਕੋ ਬਿਸ੍ਵਾਸ ਨ ਕੋਈ'॥ ੧੨॥

ਇਹ ਸੁਣ ਕੇ ਕਲਗ਼ੀਧਰ ਨੇ ਬਚਨ ਕੀਤਾ, "ਮਹਾਨ ਮੂਰਖ ਕਾਇਰੋ ਨਿਕਲ ਜਾਵੋ। ਜੋ ਵੀ ਅਕਾਲ ਪੁਰਖ ਕਰਦਾ ਹੈ ਉਹ ਹੀ ਹੁੰਦਾ ਹੈ, ਤੁਰਕਾਂ ਉੱਤੇ ਕੋਈ ਵਿਸ਼ਵਾਸ ਨਹੀਂ ਹੈ" ॥੧੨॥

**ਭੀਖਨ ਖਾਨ ਨਿਜਾਬਤ ਖਾਨ। ਉਠਜੋ ਹਯਾਤ ਖਾਨ ਮਤਿ ਹਾਨ।**
**ਨਮੋ ਠਾਨਿ ਕਰਿ ਨੀਚੀ ਗ੍ਰੀਵ। ਲੱਜਤਿ ਭਏ ਨ ਆਂਖ ਉਠੀਵ॥ ੧੩ ॥**

ਭੀਖਨ ਖਾਨ, ਨਿਜਾਬਤ ਅਤੇ ਹਿਆਤ ਖਾਨ ਤਿੰਨੇ ਮੱਤ ਦੇ ਹੀਣੇ ਉੱਠ ਪਏ। ਨਮਸਕਾਰ ਕਰਕੇ ਤੇ ਨੀਵੀਂ ਧੌਣ ਬਣਾ ਕੇ ਸ਼ਰਮਿੰਦੇ ਹੋ ਗਏ ਤੇ ਅੱਖ ਉੱਪਰ ਨਹੀਂ ਸਨ ਚੁੱਕਦੇ॥੧੩॥

**ਤਜਿ ਦਰਬਾਰ ਦ੍ਵਾਰ ਕੋ ਆਏ। ਨਿਜ ਡੇਰੇ ਪਹੁੰਚੇ ਉਤਲਾਏ।**
**ਬੈਠੇ ਪੁਨ ਮਸਲਤ ਮਨ ਠਾਨਤਿ। 'ਧਨ ਗਨ ਦੇਨਿ ਗੁਰੂ ਅਬਿ ਮਾਨਤਿ' ॥੧੪ ॥**

ਦਰਬਾਰ ਨੂੰ ਛੱਡ ਕੇ ਦਰਵਾਜ਼ੇ 'ਤੇ ਆ ਗਏ ਤੇ ਉਤਾਵਲੇ ਹੋ ਕੇ ਆਪਣੇ ਡੇਰੇ ਪਹੁੰਚ ਗਏ। ਬੈਠ ਕੇ ਫਿਰ ਸਲਾਹ ਬਣਾਈ। "ਹੁਣ ਗੁਰੂ ਜੀ ਬਹੁਤ ਧਨ ਦੇਣਾ ਮੰਨਦੇ ਹਨ" ॥੧੪॥

**ਕਹੈ ਹਯਾਤਖਾਨ 'ਢਿਗ ਰਹੋ। ਦਰਬ ਬਿਸਾਲ ਨੌਕਰੀ ਲਹੋ।**
**ਏਕ ਬਰਖ ਲੌ ਰਹਿ ਕਰਿ ਪਾਸ। ਧਨ ਗਨ ਪੁਨ ਲੈ ਚਲਹਿਂ ਅਵਾਸਿ' ॥੧੫॥**

ਹਿਆਤ ਖਾਨ ਕਹਿਣ ਲੱਗਾ, "ਪਾਸ ਰਹੋ, ਵਿਸ਼ਾਲ ਧਨ ਵਾਲੀ ਨੌਕਰੀ ਪਾਵੋ। ਇਕ ਸਾਲ ਤਕ ਪਾਸ ਰਹਿ ਕੇ, ਫਿਰ ਬਹੁਤ ਧਨ ਲੈ ਕੇ ਆਪਣੇ ਘਰਾਂ ਨੂੰ ਜਾਵਾਂਗੇ" ॥੧੫॥

**ਸੁਨਿ ਕਰਿ ਬੋਲਜੋ ਭੀਖਨਖਾਨ। 'ਗੁਰ ਅਬਿ ਦੇਤਿ ਰਿਪੁਨ ਡਰ ਮਾਨਿ।**
**ਕਰਹਿਂ ਚਾਕਰੀ ਰਹਿਂ ਚਿਰਕਾਲ। ਤੌ ਪ੍ਰਾਪਤਿ ਧਨ ਲੇਇਂ ਬਿਸਾਲ॥ ੧੬ ॥**

ਇਹ ਸੁਣ ਕੇ ਭੀਖਨ ਖਾਨ ਬੋਲਿਆ, "ਗੁਰੂ ਜੀ ਹੁਣ ਧਨ ਦੇਣਾ ਵੈਰੀਆਂ ਦਾ ਡਰ ਕਰ ਕੇ ਮੰਨੇ ਹਨ। ਬਹੁਤ ਦੇਰ ਤਕ ਨੌਕਰੀ ਕਰੀਏ ਤਦ ਹੀ ਵੱਡੀ ਗਿਣਤੀ ਵਿਚ ਧਨ ਪ੍ਰਾਪਤ ਕਰ ਸਕਦੇ ਹਾਂ॥੧੬॥

**ਲਰਨੋ ਮਰਨੋ ਸਿਰ ਪਰ ਅਹੈ। ਜਿਯਤਿ ਰਹੈ ਪਾਛੈ ਸੋ ਲਹੈ।**
**ਜੇ ਤੁਮਰੇ ਮਨ ਹੈ ਅਬਿ ਐਸੇ। ਘਰ ਪਹੁੰਚਹਿਂ ਲੇ ਧਨ ਗਨ ਤੈਸੇ॥ ੧੭ ॥**

ਪਰ ਹੁਣ ਲੜਨਾ ਮਰਨਾ, ਸਿਰ 'ਤੇ ਆਇਆ ਹੈ, ਜੀਊਂਦੇ ਰਹਾਂਗੇ ਤਾਂ ਬਾਅਦ ਵਿਚ ਲਵਾਂਗੇ। ਜੇ ਤੇਰੇ ਮਨ ਵਿਚ ਹੁਣ ਇਸ ਤਰ੍ਹਾਂ ਹੈ ਤਾਂ ਬਹੁਤ ਧਨ ਲੈ ਕੇ ਘਰ ਪਹੁੰਚੋ॥੧੭॥

**ਕੋਸ਼ ਗੁਰੂ ਕੋ ਭਰਜੋ ਘਨੇਰਾ। ਭੇਤ ਭਲੇ ਹਮਨੈ ਸਭਿ ਹੇਰਾ।**
**ਬਨਹੁ ਬੀਰ ਧਰਿ ਧੀਰਜ ਭਲੇ। ਸੈਲਪਤੀਨ ਸੰਗ ਲਿਹੁ ਮਿਲੇ॥ ੧੮ ॥**

ਗੁਰੂ ਜੀ ਦੇ ਖਜ਼ਾਨੇ ਵਿਚ ਬਹੁਤ ਧਨ ਪਿਆ ਹੈ, ਇਸ ਭਲੇ ਭੇਦ ਨੂੰ ਅਸੀਂ ਵੇਖਿਆ ਹੈ। ਭਲੀ ਪ੍ਰਕਾਰ ਧੀਰਜ ਧਾਰ ਕੇ ਸੂਰਬੀਰ ਬਣੋ, ਪਹਾੜੀਆਂ ਰਾਜਿਆਂ ਨਾਲ ਜਾ ਕੇ ਮਿਲ ਪਵੋ॥੧੮॥

**ਲੂਟ ਮਾਫ ਤਿਨ ਤੇ ਲਿਖਵਾਵਹੁ। ਮਿਲਿ ਰਾਜਨ ਸੋਂ ਜੰਗ ਮਚਾਵਹੁ।**
**ਲਰਹਿਂ ਪਹਾਰੀ ਹੋਇਂ ਅਗਾਰੀ। ਤਾਕਤਿ ਰਹੀਅਹਿ ਆਪ ਪਿਛਾਰੀ॥ ੧੯ ॥**

ਉਨ੍ਹਾਂ ਪਾਸੋਂ ਲੁੱਟ ਦੀ ਮੁਆਫ਼ੀ ਲਿਖਵਾ ਲਵੋ ਤੇ ਰਾਜਿਆਂ ਨਾਲ ਮਿਲ ਕੇ ਜੰਗ ਲੜੋ। ਪਹਾੜੀਏ ਅੱਗੇ ਹੋ ਕੇ ਲੜਨਗੇ ਤੁਸੀਂ ਪਿੱਛੇ ਹੋ ਕੇ ਵੇਖਦੇ ਰਹੋ॥੧੯॥

ਗੁਰ ਕੀ ਸੈਨ ਪਲਾਵਹਿ ਜਬਿ ਹੀ। ਸੂਧੇ ਪਰਹੁ ਕੋਸ਼ ਪਰ ਤਬਿਹੀ।
ਏਕ ਬਾਰਿ ਨਿਜ ਹੇਲਾ ਘਾਲਹੁ। ਧਨ ਜਹਿਂ ਧਰਜੋ ਆਨਿ ਕਰ ਡਾਲਹੁ ॥੨੦॥

ਜਦ ਹੀ ਗੁਰੂ ਜੀ ਦੀ ਫੌਜ ਨੂੰ ਭਜਾ ਦੇਵਾਂਗੇ ਤਾਂ ਸਿੱਧੇ ਗੁਰੂ ਜੀ ਦੇ ਖਜ਼ਾਨੇ 'ਤੇ ਪੈ ਜਾਵਾਂਗੇ। ਇਕ ਵਾਰ ਆਪਣਾ ਤਕੜਾ ਹਮਲਾ ਕਰਾਂਗੇ ਤੇ ਜਿੱਥੇ ਵੀ ਧਨ ਧਰਿਆ ਹੈ, ਹੱਥ ਪਾ ਕੇ ਕਾਬੂ ਕਰ ਲਵਾਂਗੇ॥੨੦॥

ਜੇਤਿਕ ਘੋਰਾਂ ਸਕਹਿਂ ਉਠਾਇ। ਤੇਤਿਕ ਲੀਜੈ ਮੋਦ ਵਧਾਇ।
ਲਾਦ ਘਰਨ ਕੋ ਇਤ ਤੇ ਚਲੋ। ਪੁਨ ਗਿਰਪਤਿਨਿ ਸੰਗ ਕਜੋਂ ਮਿਲੋ ॥੨੧॥

ਜਿੰਨਾ ਘੋੜਾ ਚੁੱਕ ਸਕਦਾ ਹੈ, ਓਨੇ ਧਨ ਨੂੰ ਖੁਸ਼ੀ ਵਧਾ ਕੇ ਚੁੱਕ ਲਵਾਂਗੇ। ਇਥੋਂ ਹੀ ਧਨ ਨੂੰ ਲੱਦ ਕੇ ਆਪਣੇ ਘਰਾਂ ਨੂੰ ਚਲੇ ਜਾਵਾਂਗੇ, ਫਿਰ ਸਾਨੂੰ ਪਹਾੜੀ ਰਾਜਿਆਂ ਨਾਲ ਮਿਲਣ ਦੀ ਕੀ ਲੋੜ ਹੈ॥੨੧॥

ਜਿਸਕੇ ਹੇਤੁ ਨੌਕਰੀ ਚਾਹੋ। ਸੋ ਇਕ ਦਿਨ ਮਹਿਂ ਇਸ ਬਿਧਿ ਪਾਹੋ।
ਨਹਿਂ ਪਹਾਰੀਅਨਿ ਕੋ ਇਹ ਭੇਤ। ਲੇ ਧਨ ਗਨ ਕੋ ਚਲਹੁ ਨਿਕੇਤ ॥੨੨॥

ਜਿਸ ਧਨ ਵਾਸਤੇ ਨੌਕਰੀ ਚਾਹੁੰਦੇ ਹੋ, ਉਸ ਧਨ ਨੂੰ ਇਸ ਵਿਧੀ ਨਾਲ ਇਕ ਦਿਨ ਵਿਚ ਪ੍ਰਾਪਤ ਕਰ ਲਵੋਗੇ। ਪਹਾੜੀਆਂ ਨੂੰ ਇਹ ਭੇਦ ਨਾ ਦੇਵੋ ਤੇ ਬਹੁਤ ਧਨ ਲੈ ਕੇ ਆਪਣੇ ਘਰਾਂ ਨੂੰ ਚਲੇ ਜਾਵੋ॥੨੨॥

ਇਮ ਕਾਰਜ ਤੁਮਰੇ ਸਮੁਦਾਇ। ਪੂਰਵਨ ਹੋਵਹਿਂ ਮਦਤ ਖ਼ੁਦਾਇ'।
ਸੁਨਿ ਸਭਿ ਖਾਨਨ ਭਾ ਅਤਿ ਲੋਭ। ਦਰਬ ਲੇਨਿ ਕੋ ਮਨ ਮਹਿਂ ਖੋਭ ॥੨੩॥

ਇਸ ਤਰ੍ਹਾਂ ਤੁਹਾਡਾ ਸਾਰਾ ਕਾਰਜ ਖ਼ੁਦਾ ਦੀ ਮੱਦਦ ਨਾਲ ਪੂਰਾ ਹੋਵੇਗਾ।" ਇਹ ਸੁਣ ਕੇ ਸਾਰੇ ਖਾਨ ਅਤੀ ਲੋਭੀ ਹੋ ਗਏ ਤੇ ਧਨ ਪ੍ਰਾਪਤ ਕਰਨ ਦੀ ਮਨ ਵਿਚ ਭੁੱਖ ਪੈਦਾ ਹੋਈ॥੨੩॥

ਭੀਖਨ ਖਾਂ ਕੀ ਬੁੱਧਿ ਸਰਾਹੀ। ਕਹੈਂ 'ਪਠਹੁ ਨਰ ਰਾਜਨ ਪਾਹੀ'।
ਪੰਚ ਸਊਰ ਚਢਾਵਨਿ ਕਰੇ। ਗਏ ਧਵਾਇ ਉਤਾਇਲ ਧਰੇ॥ ੨੪॥

ਭੀਖਨ ਖਾਂ ਦੀ ਬੁੱਧੀ ਦੀ ਉਨ੍ਹਾਂ ਸ਼ਲਾਘਾ ਕੀਤੀ ਤੇ ਕਹਿਣ ਲੱਗੇ, "ਕੁਝ ਆਦਮੀਆਂ ਨੂੰ ਰਾਜਿਆਂ ਦੇ ਪਾਸ ਭੇਜੋ। ਪੰਜ ਸਵਾਰਾਂ ਨੂੰ ਘੋੜਿਆਂ ਉੱਤੇ ਚੜ੍ਹਾ ਦਿੱਤਾ, ਉਹ ਬਹੁਤ ਉਤਾਵਲੇ ਹੋ ਕੇ ਘੋੜੇ ਭਜਾ ਕੇ ਚਲੇ ਗਏ॥੨੪॥

ਕਹਿ ਕਰਿ ਫਤੇਸ਼ਾਹਿ ਸੋਂ ਮਿਲੇ। ਸਭਿ ਖਾਨਨ ਦਿਸ਼ਿ ਤੇ ਉਰ ਭਲੇ।
'ਗੁਰ ਢਿਗ ਕਹਾਂ ਫੌਜ ਹੈ ਔਰ। ਹੁਤੇ ਪਠਾਨ ਸੁ ਆਵਹਿਂ ਦੌਰ॥ ੨੫॥

ਉਹ ਕਹਿ ਕੇ ਰਾਜੇ ਫਤਹਿ ਸ਼ਾਹ ਨੂੰ ਮਿਲੇ ਤੇ ਸਾਰੇ ਖਾਨਾਂ ਵਲੋਂ ਹਿਰਦੇ ਵਿਚ ਭਲਾ ਚਾਹਿਆ, "ਗੁਰੂ ਜੀ ਪਾਸ ਹੋਰ ਫੌਜ ਕਿੱਥੇ ਹੈ, ਜਿਹੜੇ ਪਠਾਣ ਸਨ, ਉਹ ਦੌੜ ਆਏ ਹਨ॥੨੫॥

ਭੇਤੀ ਸਕਲ ਬਾਤ ਕੇ ਅਹੈਂ। ਲੂਟ ਮਾਫ ਲਿਖਵਾਵਨਿ ਚਹੈਂ।
ਅਪਰ ਨ ਚਾਹਤਿ ਮੁਫਤੀ ਰਹੈਂ। ਨਿਜ ਬਲ ਤੇ ਗੁਰ ਕੋ ਧਨ ਲਹੈਂ' ॥ ੨੬॥

ਉਹ ਭੇਤੀ ਹਨ, ਸਾਰੀ ਗੱਲ ਨੂੰ ਜਾਣਦੇ ਹਨ, ਇਕ ਲੁੱਟ ਮੁਆਫ ਲਿਖਵਾਉਣੀ ਚਾਹੁੰਦੇ ਹਨ। ਹੋਰ ਕੁਝ ਨਹੀਂ ਚਾਹੁੰਦੇ, ਮੁਫਤ ਨੌਕਰੀ ਕਰਨਗੇ ਤੇ ਆਪਣੇ ਬਲ ਨਾਲ ਗੁਰੂ ਜੀ ਪਾਸੋਂ ਧਨ ਲੈਣਗੇ" ॥੨੬॥

ਫਤੇਸ਼ਾਹ ਸੁਨਿਕੈ ਮਨ ਫੂਲਾ। ਗੁਰ ਦਲ ਭਯੋ ਮੋਹਿ ਅਨੁਕੂਲਾ।
ਸੁਗਮ ਫਤੇ ਮੁਹਿ ਪ੍ਰਾਪਤਿ ਭਈ। ਚਹਿਂ ਗਿਰਿੰਦ ਸਭਿ, ਕਿਨਹੂੰ ਨ ਲਈ ॥੨੭॥

ਫਤਹਿ ਸ਼ਾਹ ਸੁਣ ਕੇ ਮਨ ਵਿਚ ਫੁੱਲ ਗਿਆ, ਗੁਰੂ ਦੀ ਸੈਨਾ ਵੀ ਮੇਰੀ ਆਗਿਆ ਅਨੁਸਾਰ ਹੋ ਗਈ ਹੈ। ਸੌਖੇ ਢੰਗ ਨਾਲ ਹੀ ਮੈਨੂੰ ਫ਼ਤਹਿ ਪ੍ਰਾਪਤ ਹੋ ਗਈ ਹੈ। ਜਿਸ ਫ਼ਤਹਿ ਨੂੰ ਸਾਰੇ ਰਾਜੇ ਚਾਹੁੰਦੇ ਰਹੇ, ਪਰ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤੀ ਹੈ॥੨੭॥

ਸਭਿ ਮਹਿਂ ਸੁਜਸੁ ਫੈਲ ਹੈ ਮੇਰਾ। ਲਹੈ ਪਰਾਜੈ ਗੁਰ ਇਸ ਬੇਰਾ'।
ਤਤ ਛਿਨ ਕਾਗਦ ਪਰ ਲਿਖਿ ਦੀਨਿ। 'ਲੂਟ ਮਾਫ ਸਭਿ ਤੁਮਰੀ ਕੀਨਿ॥੨੮॥

ਸਾਰਿਆਂ ਵਿਚ ਮੇਰਾ ਸ੍ਰੇਸ਼ਟ ਜੱਸ ਫੈਲ ਜਾਵੇਗਾ, ਇਸ ਸਮੇਂ ਗੁਰੂ ਜੀ ਹਾਰ ਜਾਣਗੇ।" ਤੁਰਤ ਰਾਜੇ ਨੇ ਕਾਗਜ਼ ਉੱਤੇ ਲਿਖ ਦਿੱਤਾ, "ਤੁਹਾਡੀ ਲੁੱਟ ਮੁਆਫ ਕਰ ਦਿੱਤੀ ਹੈ॥੨੮॥

ਬਿਜੈ ਭਈ ਤੌ ਦੇਹਿਂ ਇਨਾਮੂ। ਭੂਖਨ ਪਟ ਲਿਹੁ ਗਮਨਹੁ ਧਾਮੂ'।
ਇਮ ਲਿਖਵਾਇ ਧਏ ਅਸਵਾਰਾ। ਮਿਲੇ ਆਨਿ ਜਹਿਂ ਖਾਨ ਉਦਾਰਾ॥੨੯॥

ਸਾਡੀ ਵਿਜੇ ਹੋਵੇਗੀ ਤਾਂ ਤੁਹਾਨੂੰ ਇਨਾਮ ਦੇਵਾਂਗੇ, ਗਹਿਣੇ, ਕੱਪੜੇ ਲੈ ਕੇ ਆਪਣੇ ਘਰਾਂ ਨੂੰ ਜਾਣਾ।" ਇਸ ਤਰ੍ਹਾਂ ਲਿਖਵਾ ਕੇ ਸਵਾਰ ਵਾਪਸ ਆ ਗਏ, ਤੇ ਜਿੱਥੇ ਵੱਡੇ ਖਾਨ ਰਹਿੰਦੇ ਸਨ, ਉਨ੍ਹਾਂ ਨੂੰ ਜਾ ਮਿਲੇ॥੨੯॥

ਸਭਿ ਸੁਨਾਇ ਕਰਿ ਬਾਤ ਅਦੇਸਾ। ਆਛੀ ਬਿਧਿ ਤੇ ਦੀਨਿ ਭਰੋਸਾ।
ਭਏ ਤਯਾਰ ਤਬਿ ਜ਼ੀਨ ਤੁਰੰਗ। ਸਜੇ ਸਕਲ ਸ਼ਸਤ੍ਰਨਿ ਕੇ ਸੰਗ॥ ੩੦॥

ਸਾਰੀ ਗੱਲਬਾਤ ਉਨ੍ਹਾਂ ਨੂੰ ਸੁਣਾ ਦਿੱਤੀ ਤੇ ਚੰਗੀ ਵਿਧੀ ਨਾਲ ਉਨ੍ਹਾਂ ਨੂੰ ਭਰੋਸਾ ਦਿੱਤਾ। ਫਿਰ ਤਿਆਰ ਹੋ ਕੇ ਘੋੜਿਆਂ 'ਤੇ ਕਾਠੀਆਂ ਪਾਈਆਂ ਤੇ ਸਾਰੇ ਸ਼ਸਤਰਾਂ ਨਾਲ ਸੱਜ ਗਏ॥੩੦॥

ਕਾਲੇ ਖਾਂ ਪੁਨ ਦੇਖਤਿ ਬੋਲਯੋ। 'ਕਯੋਂ ਮੂਢਹੁ ਤੁਮਰੋ ਚਿਤ ਡੋਲਯੋ।
ਨਿਮਕ ਹਰਾਮੀ ਬਨਿਕੈ ਮਰਨਾ। ਖੋਟ ਨਸੀਬ ਕਰਾਯੋ ਕਰਨਾ॥ ੩੧॥

ਕਾਲੇ ਖਾਂ ਫਿਰ ਵੇਖ ਕੇ ਬੋਲਿਆ, "ਹੇ ਮੂਰਖੋ ! ਤੁਹਾਡਾ ਚਿੱਤ ਕਿਉਂ ਡੋਲ ਗਿਆ ਹੈ। ਨਿਮਕਹਰਾਮੀ ਬਣ ਕੇ ਮਰਨ ਲੱਗੇ ਹੋ, ਤੁਹਾਡੇ ਖੋਟੇ ਨਸੀਬਾਂ ਨੇ ਇਹ ਸਾਰਾ ਕਾਰਜ ਕਰਵਾਇਆ ਹੈ॥੩੧॥

ਗਮਨ ਘਰਨ ਕੌ ਪ੍ਰਥਮ ਉਮੰਗੇ। ਅਬਿ ਤੁਮ ਚਹਯੋ ਲਰਨ ਗੁਰ ਸੰਗੇ।
ਕਰਾਮਾਤ ਸਾਹਿਬ ਬਲਵੰਤਾ। ਬਨਹਿ ਸਰਬ ਸ਼ੱਤ੍ਰਨਿ ਕੋ ਹੰਤਾ॥ ੩੨॥

ਪਹਿਲਾਂ ਤੁਹਾਡੀ ਘਰਾਂ ਨੂੰ ਜਾਣ ਦੀ ਉਮੰਗ ਸੀ, ਪਰ ਹੁਣ ਤੁਸੀਂ ਗੁਰੂ ਜੀ ਵਿਰੁੱਧ ਹੋ ਕੇ ਲੜਨਾ ਚਾਹੁੰਦੇ ਹੋ। ਗੁਰੂ ਜੀ ਕਰਾਮਾਤ ਸਹਿਤ ਬੜੇ ਸੂਰਬੀਰ ਹਨ, ਉਹ ਸਾਰੇ ਵੈਰੀਆਂ ਨੂੰ ਮਾਰ ਦੇਣਗੇ॥੨੨॥

ਕਹੇ ਬਚਨ ਜਿਸ, ਬਨਿ ਹੈ ਅਨਬਨ। ਰਨ ਮਹਿਂ ਰਿਪੁ ਗਨ ਡਾਰੇ ਹਨਿ ਹਨਿ।
ਤੁਮ ਗੀਦੀ ਹ੍ਵੈ ਕਰਿ ਮਤਿ ਮੋਟੇ। ਦੋਜ਼ਕ ਹੇਤੁ ਸਹੇਰਯੋ ਖੋਟੇ॥ ੩੩॥

ਜਿਨ੍ਹਾਂ ਦੇ ਇਕ ਬਚਨ ਕਹਿਣ ਤੇ ਹੀ ਅਣਬਣ ਬਣ ਜਾਂਦੀ ਹੈ। ਰਣਖੇਤਰ ਵਿਚ ਵੈਰੀਆਂ ਨੂੰ ਮਾਰ-ਮਾਰ ਸੁੱਟ ਦੇਣਗੇ। ਤੁਸੀਂ ਮੋਟੀ ਮੱਤ ਵਾਲੇ ਕਾਇਰ ਹੋ ਕੇ ਦੋਜ਼ਖ ਵਾਸਤੇ ਖੋਟ ਸਹੇੜਿਆ ਹੈ॥੩੩॥

ਬੰਸ ਪਠਾਨ ਕਲੰਕਤਿ ਕੀਨਾ। ਅਵਗਤਿ ਮਰਹੁ ਅਜਸੁ ਜਗ ਲੀਨਾ'।
ਸੁਨਿ ਭੀਖਨ ਖਾਂ ਤਰਜਤਿ ਬੋਲਾ। 'ਧਰ ਤੂਸ਼ਨਿ ਤੂੰ ਬੈਠਿ ਅਡੋਲਾ॥ ੩੪॥

ਪਠਾਣਾਂ ਦੀ ਵੰਸ਼ ਨੂੰ ਕਲੰਕਤ ਕੀਤਾ ਹੈ। ਅਬਗਤ ਮਰੋਗੇ ਤੇ ਜਗਤ ਵਿਚ ਅਪਜੱਸ ਪ੍ਰਾਪਤ ਕੀਤਾ ਹੈ।" ਇਹ ਸੁਣ ਕੇ ਭੀਖਨ ਸ਼ਾਹ ਤਰਕ ਕਰਕੇ ਬੋਲਿਆ, "ਤੂੰ ਚੁੱਪ ਧਾਰ ਕੇ ਅਡੋਲ ਬੈਠਾ ਰਹੋ॥੩੪॥

ਅਪਰਨਿ ਕੀ ਤੁਝ ਕੌ ਕਜਾ ਪਰੀ। ਭਲੀ ਕਰੈ ਅਥਵਾ ਕੋ ਬੁਰੀ'।
ਉਤ ਸਤਿਗੁਰ ਸ੍ਰੀ ਮੁਖ ਤੇ ਭਾਖੇ। 'ਸੰਗੋ ਸ਼ਾਹ ! ਜਾਹੁ ਲਿਹੁ ਰਾਖੇ॥ ੩੫॥

ਹੋਰਨਾਂ ਦੀ ਤੈਨੂੰ ਕੀ ਪਈ ਹੈ, ਕੋਈ ਭਲਾ ਕਰੇ ਜਾਂ ਬੁਰਾ ਕਰੇ।" ਓਧਰ ਸਤਿਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਹੇ ਸੰਗੋ ਸ਼ਾਹ ! ਜਾ ਕੇ ਉਨ੍ਹਾਂ ਨੂੰ ਰੱਖ ਲਵੋ॥੩੫॥

ਕਹਹੁ ਸਿਪਰ ਭਰਿ ਧਨ ਕੀ ਤਬੈ। ਦੈਹੈਂ ਰਣ ਕਰਿ ਆਵਹਿਂ ਜਬੈ।
ਰਣ ਤੇ ਨਹੀਂ ਤ੍ਰਾਸ ਉਪਜਾਵਹੁ। ਫਤੇ ਦਰਬ ਦ੍ਵੈ ਲੈ ਘਰ ਜਾਵਹੁ' ॥ ੩੬ ॥

ਤੇ ਕਹੋ ਕਿ ਜਦ ਉਹ ਯੁੱਧ ਜਿੱਤ ਕੇ ਆਉਣਗੇ ਤਾਂ ਉਨ੍ਹਾਂ ਨੂੰ ਧਨ ਦੀ ਇਕ ਢਾਲ ਭਰ ਕੇ ਦੇਵਾਂਗੇ। ਯੁੱਧ ਤੋਂ ਕਿਸੇ ਪ੍ਰਕਾਰ ਵੀ ਨਾ ਡਰਨ, ਫਤਹਿ ਦਿਵਾ ਕੇ ਧਨ ਲੈ ਕੇ ਘਰਾਂ ਨੂੰ ਜਾਵੋ" ॥੩੬॥

ਕਹਜੋ ਬਾਕ ਗੁਰ ਕੋ ਨਹਿਂ ਮੋਰਜੋ। ਨਹਿਂ ਕੋ ਚਾਹਤਿ ਤਿਨਹੁਂ ਨਿਹੋਰਜੋ।
ਰਣ ਤੇ ਤ੍ਰਸਤਿ ਜਾਤਿ ਹੈਂ ਭਾਗੇ। ਗੀਦੀ ਭਏ, ਨ ਚਹਿਂ ਮੁਖ ਲਾਗੇ ॥ ੩੭ ॥

ਸੰਗੋ ਸ਼ਾਹ ਨੇ ਗੁਰੂ ਜੀ ਦੇ ਕਹੇ ਬਚਨ ਨੂੰ ਨਾ ਮੋੜਿਆ, ਭਾਵੇਂ ਪਠਾਣਾਂ ਨੂੰ ਕੋਈ ਵੀ ਮੰਨਾਉਣਾ ਨਹੀਂ ਸੀ ਚਾਹੁੰਦਾ। ਯੁੱਧ ਤੋਂ ਡਰਦੇ ਭੱਜੇ ਜਾਂਦੇ ਸਨ, ਕਾਇਰ ਬਣ ਗਏ ਸਨ, ਤੇ ਕੋਈ ਮੂੰਹ ਲੱਗਣਾ ਨਹੀਂ ਸੀ ਚਾਹੁੰਦਾ॥੩੭॥

ਗਯੋ ਬੈਠਿ, ਤਿਨ ਕੌ ਸਮੁਝਾਏ। 'ਭੀਖਨ ਖਾਂ! ਤੁਮ ਕਯੋਂ ਡਰਪਾਏ ?।
ਸਤਿਗੁਰ ਕਹਜੋ ਸਿਪਰ ਭਰਿ ਦੈਹੈਂ। ਰਣ ਕਰਿ ਬਹੁਰ ਸਿਵਰ ਜਬਿ ਐਹੈਂ ॥੩੮॥

ਸੰਗੋ ਸ਼ਾਹ ਨੇ ਬੈਠ ਕੇ ਉਨ੍ਹਾਂ ਨੂੰ ਸਮਝਾਇਆ, "ਹੇ ਭੀਖਨ ਸ਼ਾਹ ! ਤੂੰ ਕਿਉਂ ਡਰ ਗਿਆ ਹੈਂ ? ਸਤਿਗੁਰੂ ਜੀ ਕਹਿੰਦੇ ਹਨ, ਜਦ ਯੁੱਧ ਕਰਕੇ ਡੇਰੇ ਆਵੋਗੇ ਤਾਂ ਧਨ ਦੀ ਇਕ ਢਾਲ ਭਰ ਕੇ ਦੇਵਾਂਗੇ॥੩੮॥

ਨਹੀਂ ਮਰਦ ਕੌ ਲਾਯਕ ਐਸੇ। ਜੰਗ ਪਰੇ ਤੁਮ ਤਜਾਗਜੋ ਜੈਸੇ।
ਅਬਿ ਲੌ ਮਿਹਰ ਕਰਤਿ ਗੁਰ ਪੂਰੇ। ਕਾਰਜ ਸਭਿ ਸੁਧਰਹਿਂ ਬਿਧਿ ਰੂਰੇ' ॥ ੩੯ ॥

ਇਕ ਮਰਦ ਵਾਸਤੇ ਐਸਾ ਕਰਨਾ ਸ਼ੋਭਦਾ ਨਹੀਂ ਹੈ, ਜਿਵੇਂ ਹੁਣ ਜੰਗ ਪਿਆ ਹੈ ਤੇ ਤੁਸੀਂ ਛੱਡ ਰਹੇ ਹੋ। ਹੁਣ ਤਕ ਪੂਰੇ ਗੁਰੂ ਜੀ ਮਿਹਰ ਕਰ ਰਹੇ ਹਨ, ਤੁਹਾਡੇ ਸਾਰੇ ਕਾਰਜ ਸੁੰਦਰ ਵਿਧੀ ਨਾਲ ਸੁਧਾਰ ਦੇਣਗੇ" ॥੩੯॥

ਸੁਨਿ ਭੀਖਨ ਬੋਲਜੋ ਮਤਿ ਮੰਦਾ। 'ਹਮ ਸੌਂ ਭਾਖਤਿ ਡਰਤਿ ਬਿਲੰਦਾ।
ਤ੍ਰਾਸ ਕਰਤਿ ਗੁਰ ਭੀ ਇਸ ਕਾਲਾ। ਦੇਨਿ ਦਰਬ ਕਹਿ ਪਠਤਿ ਬਿਸਾਲਾ ॥੪੦॥

ਇਹ ਸੁਣ ਕੇ ਮਾੜੀ ਮੱਤ ਵਾਲਾ ਭੀਖਨ ਸ਼ਾਹ ਬੋਲਿਆ, "ਆਪ ਬਹੁਤ ਡਰੇ ਹੋਏ ਸਾਨੂੰ ਕਹਿੰਦੇ ਹੋ, ਇਸ ਸਮੇਂ ਗੁਰੂ ਜੀ ਬਹੁਤ ਡਰੇ ਹੋਏ ਹਨ, ਬਹੁਤ ਧਨ ਦੇਵਾਂਗੇ ਇਹ ਕਹਿ-ਕਹਿ ਆਪਣੇ ਆਦਮੀ ਭੇਜਦੇ ਹਨ॥੪੦॥

ਮਰਿਬੋ ਕੌਨ ਚਹੈ ? ਬਤਲਾਵਹੁ। ਬਾਰ ਬਾਰ ਤੁਮ ਹਮਹਿਂ ਹਟਾਵਹੁ।
ਕੋਟ ਜਤਨ ਤੇ ਹਮ ਨਹਿਂ ਰਹੈਂ। ਕਯੋਂ ਗੁਰ ਫੇਰ ਫੇਰ ਕਰਿ ਕਹੈਂ' ॥ ੪੧ ॥

ਮਰਨਾ ਕੌਣ ਚਾਹੁੰਦਾ ਹੈ ? ਇਹ ਦੱਸੋ, ਬਾਰ-ਬਾਰ ਤੁਸੀਂ ਸਾਨੂੰ ਰੋਕਦੇ ਹੋ। ਕਰੋੜਾਂ ਯਤਨ ਕਰਨ ਤੇ ਵੀ ਅਸੀਂ ਨਹੀਂ ਰਹਾਂਗੇ। ਗੁਰੂ ਜੀ ਸਾਨੂੰ ਬਾਰ-ਬਾਰ ਕਿਉਂ ਕਹਿੰਦੇ ਹਨ" ॥੪੧॥

ਸੁਨਿ ਕਰਿ ਸੰਗੋਸ਼ਾਹ ਸਿਧਾਰਾ। 'ਮਹਾਰਾਜ ! ਸੋ ਚਹਤਿ ਨਿਕਾਰਾ।
ਅਬਿ ਬੋਲਤਿ ਖੋਟੀ ਬਿਧਿ ਐਸੇ। ਡੇਰਾ ਲੂਟ ਲੀਜੀਐ ਜੈਸੇ' ॥ ੪੨ ॥

ਇਹ ਸੁਣ ਕੇ ਸੰਗੋਸ਼ਾਹ ਚਲਾ ਗਿਆ ਤੇ ਗੁਰੂ ਜੀ ਨੂੰ ਕਿਹਾ, "ਮਹਾਰਾਜ ! ਉਹ ਕੱਢ ਦੇਣੇ ਚਾਹੀਦੇ ਹਨ, ਹੁਣ ਅਤੀ ਖੋਟੀ ਬੁੱਧੀ ਨਾਲ ਬੋਲਦੇ ਹਨ, ਹੁਣ ਉਨ੍ਹਾਂ ਦਾ ਡੇਰਾ ਲੁੱਟ ਲੈਣਾ ਚਾਹੀਦਾ ਹੈ" ॥੪੨॥

ਸੁਨਤਿ ਛਿਮਾਨਿਧਿ ਛਿਮਾ ਉਪਾਈ। ਕਹਯੋ 'ਜਾਨ ਦਿਹੁ, ਕਹੂੰ ਨ ਜਾਈਂ।
ਇਨ ਕੇ ਸੀਸ ਚਢੀ ਮ੍ਰਿਤੁ ਆਇ। ਕਿਮਹੁੰ ਨ ਜੀਵਨ ਸਾਕਹਿਂ ਪਾਇ ॥੪੩॥

ਇਹ ਸੁਣ ਖਿਮਾਨਿਧਾਨ ਨੇ ਖਿਮਾ ਵਰਤਾਈ ਤੇ ਕਿਹਾ, "ਜਾਣ ਦੇਵੋ, ਕਿਤੇ ਨਹੀਂ ਜਾਣ ਲੱਗੇ, ਇਨ੍ਹਾਂ ਦੇ ਸਿਰ 'ਤੇ ਮੌਤ ਚੜ੍ਹ ਕੇ ਆਈ ਹੈ, ਕਿਸੇ ਤਰ੍ਹਾਂ ਵੀ ਇਹ ਜੀਵਨ ਨਹੀਂ ਪਾ ਸਕਦੇ ਹਨ॥੪੩॥

ਅਬਿ ਕਹਿ ਪਠਹੁ ਮੂਢ ਚਲਿ ਜਾਵਹੁ। ਬਿਲਮਹੁ ਨਹਿ ਦੁੰਦਭਿ ਉਲਟਾਵਹੁ।
ਜੇ ਕਰਿ ਚੋਬ ਨਗਾਰੇ ਪਰੈ। ਲੂਟ ਲੇਹਿਂਗੇ, ਲਰਹਿਂ ਤ ਮਰੈਂ' ॥ ੪੪ ॥

ਹੁਣ ਕਹਿ ਕੇ ਭੇਜੋ, "ਮੂਰਖੋ ਚਲੇ ਜਾਵੋ, ਦੇਰ ਨਾ ਕਰੋ ਨਗਾਰੇ ਮੂਧੇ ਮਾਰ ਕੇ ਜਾਵੋ, ਜੇ ਨਗਾਰੇ ਤੇ ਚੋਬ ਪਵੇਗੀ ਤਾਂ ਲੁੱਟ ਲਵਾਂਗੇ ਜੇ ਲੜਨਗੇ ਤਾਂ ਮਾਰ ਦੇਵਾਂਗੇ" ॥੪੪॥

ਤੀਬ੍ਰ ਹੁਕਮ ਸੁਨਿ ਸੁਭਟ ਸਿਧਾਏ। ਤਤਛਿਨ ਕਹਿ ਦੁੰਦਭਿ ਉਲਟਾਏ।
ਸ਼ੀਘ੍ਰ ਚਢਾਇ ਨਿਕਾਸੇ ਬਾਹਰ। ਚਲੇ ਤ੍ਰਾਸ ਜਿਮ ਪਿਖਿ ਮ੍ਰਿਗਨਾਹਰ ॥ ੪੫ ॥

ਗੁਰੂ ਜੀ ਦਾ ਹੁਕਮ ਸੁਣ ਕੇ ਸੂਰਬੀਰ ਤੁਰਤ ਚਲੇ ਗਏ ਤੇ ਤੁਰਤ ਕਹਿ ਕੇ ਨਗਾਰੇ ਉਲਟਾ ਦਿੱਤੇ। ਸ਼ੀਘਰ ਹੀ ਘੋੜਿਆਂ 'ਤੇ ਚੜ੍ਹਾ ਕੇ ਬਾਹਰ ਕੱਢ ਦਿੱਤੇ, ਇਸ ਤਰ੍ਹਾਂ ਡਰਦੇ ਹੋਏ ਭੱਜ ਗਏ ਜਿਵੇਂ ਹਿਰਨ ਸ਼ੇਰ ਨੂੰ ਵੇਖਕੇ ਭੱਜਦੇ ਹਨ॥੪੫॥

ਆਪਸ ਮਹਿਂ ਬੋਲਤਿ ਬਿਗਸੰਤੇ। 'ਸੁਨੋ ਖਾਨਜ਼ਾਦੇ ਬਲਵੰਤੇ !।
ਬ੍ਰਿੰਦ ਰਜਤਪਣ ਗਨ ਦੀਨਾਰਾ। ਮੁਕਤਾ ਹੀਰਾ ਆਦਿ ਉਦਾਰਾ ॥ ੪੬ ॥

ਆਪਸ ਵਿਚ ਬੋਲ ਕੇ ਪ੍ਰਸੰਨ ਹੁੰਦੇ ਸਨ, "ਹੇ ਬਲਵਾਨ ਖਾਨਜ਼ਾਦਿਓ ਸੁਣੋ ! ਬਹੁਤ ਚਾਂਦੀ ਦੇ ਰੁਪਏ ਤੇ ਸੋਨੇ ਦੇ ਦੀਨਾਰ ਤੇ ਹੀਰੇ-ਮੋਤੀ ਆਦਿ ਜਿਹੜੇ ਵੱਡੀ ਗਿਣਤੀ ਵਿਚ ਹਨ॥੪੬॥

ਲੂਟ ਕਰਹੁ ਚਿਤ ਭਾਵਤ ਗੁਰ ਕੀ। ਪੂਰਵਹੁ ਸਕਲ ਭਾਵਨਾ ਉਰ ਕੀ।
ਧਨੀ ਅਧਿਕ ਬਨਿ ਸਦਨ ਸਿਧਾਰਹੁ। ਮਨ ਭਾਵਤਿ ਭੋਗਹੁ ਸੁਖ ਧਾਰਹੁ' ॥੪੭॥

ਗੁਰੂ ਜੀ ਦੇ ਖਜ਼ਾਨੇ ਦੀ ਮਨ-ਭਾਉਂਦੀ ਲੁਟ ਕਰੋ ਤੇ ਆਪਣੇ ਦਿਲ ਦੀ ਸਾਰੀ ਭਾਵਨਾ ਪੂਰੀ ਕਰੋ। ਵੱਡੇ ਧਨੀ ਬਣ ਕੇ ਆਪਣੇ ਘਰਾਂ ਨੂੰ ਜਾਵੋ ਤੇ ਸੁਖ ਧਾਰ ਕੇ ਮਨ-ਭਾਉਂਦੀ ਜ਼ਿੰਦਗੀ ਗੁਜ਼ਾਰੋ" ॥੪੭॥

*ਦੂਸਰੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ ॥੨੧॥*

☆☆☆

# ਅਧਿਆਇ ਬਾਈਵਾਂ

## ਬੁੱਧੂ ਸ਼ਾਹ ਨੂੰ ਖ਼ਬਰ, ਕਾਲੇ ਖਾਂ

ਦੋਹਰਾ- ਨਿਕਸਿ ਗਏ ਜਬਿ ਖਾਨ ਇਮ ਸਤਿਗੁਰ ਖ਼ਤ ਲਿਖਵਾਇ।
ਬੁੱਧੂਸ਼ਾਹਿ ਸਮੀਪ ਤਬਿ ਤੂਰਨ ਦਯੋ ਪਠਾਇ॥ ੧॥

ਜਦ ਸਾਰੇ ਪਠਾਣ ਇਸ ਤਰ੍ਹਾਂ ਨਿਕਲ ਗਏ ਤਦ ਸਤਿਗੁਰੂ ਜੀ ਨੇ ਖ਼ਤ ਲਿਖਵਾ ਕੇ ਤੁਰਤ ਬੁੱਧੂ ਸ਼ਾਹ ਪਾਸ ਭੇਜ ਦਿੱਤਾ॥੧॥

ਚੌਪਈ- ਉਪਾਲੰਭ ਬਹੁ ਤਿਸੈ ਪਠਾਏ। 'ਨੌਕਰ ਜੇ ਪਠਾਨ ਰਖਵਾਏ।
ਪਾਵਤਿ ਰਹੇ ਰੋਜ਼ ਦਰਮਾਹਾ। ਧਨ ਗਨ ਲੀਨਸਿ ਅਪਨੇ ਪਾਹਾ॥੨॥

ਉਸ ਨੂੰ ਬਹੁਤ ਉਲਾਹਮੇ ਲਿਖ ਕੇ ਭੇਜੇ, "ਜਿਹੜੇ ਤੁਸੀਂ ਪਠਾਣ ਨੌਕਰ ਰਖਵਾਏ ਸਨ, ਉਹ ਰੋਜ਼ ਵੇਤਨ ਪਾਉਂਦੇ ਰਹੇ ਹਨ। ਬਹੁਤ ਧਨ ਉਨ੍ਹਾਂ ਆਪਣੇ ਪਾਸ ਲਿਆ ਹੈ॥ ੨॥

ਅਬਹਿ ਜੰਗ ਕੋ ਕਾਰਜ ਪਰਯੋ। ਦੇਖਿ ਗੀਦੀਅਨ ਕੋ ਮਨ ਡਰਯੋ।
ਲਖਿ ਰਾਜਨ ਕੀ ਸੈਨ ਘਨੇਰੀ। ਬਨਿ ਕਾਤੁਰ ਚਢਿਗੇ ਤਿਸ ਬੇਰੀ॥੩॥

ਹੁਣ ਜੰਗ ਦਾ ਕਾਰਜ ਪਿਆ ਹੈ, ਵੇਖ ਕੇ ਕਾਇਰਾਂ ਦਾ ਮਨ ਡਰ ਗਿਆ ਹੈ। ਰਾਜਿਆਂ ਦੀ ਵੱਡੀ ਸੈਨਾ ਜਾਣਕੇ, ਕਾਇਰ ਬਣ ਕੇ ਇਸ ਸਮੇਂ ਚੜ੍ਹ ਕੇ ਚਲੇ ਗਏ ਹਨ॥੩॥

ਜਾਇ ਗਿਰੇਸ਼ਨ ਸਾਥ ਮਿਲੇ ਹੈਂ। ਅਸ ਨੌਕਰ ਰਖਵਾਇ ਭਲੇ ਹੈਂ।
ਭਏ ਮੂਢਮਤਿ ਨਿਮਕਹਰਾਮੀ। ਨਹੀਂ ਕਾਮ ਆਏ ਨਿਜ ਸ੍ਵਾਮੀ' ॥ ੪॥

ਜਾ ਕੇ ਪਹਾੜੀ ਰਾਜਿਆਂ ਨਾਲ ਮਿਲ ਗਏ ਹਨ, ਐਸੇ ਤੁਸੀਂ ਭਲੇ ਨੌਕਰ ਰਖਵਾਏ ਹਨ। ਮੂਰਖ ਮੱਤ ਵਾਲੇ ਨਿਮਕ-ਹਰਾਮੀ ਨਿਕਲੇ ਹਨ, ਉਹ ਆਪਣੇ ਮਾਲਕ ਦੇ ਕੰਮ ਨਹੀਂ ਆਏ ਹਨ" ॥੪॥

ਬੁੱਧੂਸ਼ਾਹਿ ਪੜ੍ਹਯੋ ਖਤ ਜਬੈ। ਧੁਨਯੋ ਸੀਸ ਜੁਤਿ ਚਿੰਤਾ ਤਬੈ।
ਮੁਝ ਕੋ ਬੀਚ ਦੀਨਿ ਮਤਿ ਮੂਢੇ। ਰਣ ਤੇ ਡਰ ਕਰਿ ਗਏ ਅਰੂਢੇ॥੫॥

ਸਾਈਂ ਬੁੱਧੂ ਸ਼ਾਹ ਨੇ ਜਦ ਚਿੱਠੀ ਪੜ੍ਹੀ ਤਾਂ ਚਿੰਤਾ ਵਿਚ ਆਪਣੇ ਸਿਰ ਨੂੰ ਮਾਰਿਆ। ਮੂਰਖ ਮੱਤ ਵਾਲਿਆਂ ਮੈਨੂੰ ਵਿਚ ਪਾਇਆ ਹੈ ਤੇ ਜੰਗ ਤੋਂ ਡਰਦੇ ਘੋੜਿਆਂ 'ਤੇ ਸਵਾਰ ਹੋ ਕੇ ਚਲੇ ਗਏ ਹਨ॥੫॥

ਉਪਾਲੰਭ ਸਤਿਗੁਰ ਕਹਿ ਸਾਚੋ। ਜਿਸ ਤੇ ਪਰਯੋ ਤਿਨਹੁ ਸੰਗ ਕਾਚੋ।
ਅਬਿ ਪੁਰਸ਼ਾਰਥ ਮੈਂ ਨਿਜ ਕਰੌਂ। ਤਨ ਮਨ ਦੈ ਗੁਰ ਕਾਰਜ ਕਰੌਂ॥੬॥

ਸਤਿਗੁਰੂ ਜੀ ਨੇ ਸੱਚਾ ਉਲਾਹਮਾ ਦਿੱਤਾ ਹੈ, ਜਿਨ੍ਹਾਂ ਅੱਗੇ ਹੁਣ ਮੈਂ ਫ਼ਿੱਕਾ ਪੈ ਗਿਆ ਹਾਂ। ਹੁਣ ਮੈਂ ਆਪ ਉੱਦਮ ਕਰਾਂਗਾ, ਤਨ ਮਨ ਦੇ ਕੇ ਗੁਰੂ ਜੀ ਦਾ ਕਾਰਜ ਕਰਾਂਗਾ॥੬॥

ਚਹਤਿ ਪ੍ਰਭੂ ਢਿਗ ਅਪਨਿ ਰਸੀਦ। ਕਰੇ ਸਕੇਲਨਿ ਸਕਲ ਮੁਰੀਦ।
ਭਏ ਸਾਤ ਸੈ ਗਿਨਤੀ ਮਾਂਹਿ। ਰਣ ਕਰਿਬੇ ਕੀ ਧਰਤਿ ਉਮਾਹਿ॥੭॥

ਗੁਰੂ ਜੀ ਪਾਸ ਹੁਣ ਆਪ ਪਹੁੰਚਣਾ ਚਾਹੁੰਦਾ ਸੀ, ਉਸ ਆਪਣੇ ਸਾਰੇ ਮੁਰੀਦਾਂ ਨੂੰ ਇਕੱਠੇ ਕੀਤਾ। ਉਹ ਸਾਰੇ ਗਿਣਤੀ ਵਿਚ ਸੱਤ ਸੈ ਹੋ ਗਏ, ਯੁੱਧ ਕਰਨ ਦਾ ਉਨ੍ਹਾਂ ਵਿਚ ਵੱਡਾ ਉਮਾਹ ਸੀ॥੭॥

ਚਾਰ ਪੁੱਤ੍ਰ ਅਪਨੇ ਸੰਗ ਲੀਨੇ। ਸਵਾਧਾਨ ਸ਼ਸਤ੍ਰਨਿ ਜੁਤਿ ਕੀਨੇ।
ਸ਼ਹਿਰ ਸਢੌਰੇ ਤੇ ਚਲਿ ਪਰਜੋ। ਪ੍ਰੇਮ ਗੁਰੂ ਦਰਸ਼ਨ ਕੋ ਧਰਜੋ॥ ੮॥

ਉਨ੍ਹਾਂ ਨੇ ਚਾਰ ਪੁੱਤਰ ਆਪਣੇ ਨਾਲ ਲਏ ਤੇ ਸ਼ਸਤਰਾਂ ਨਾਲ ਲੈਸ ਕਰਕੇ ਉਨ੍ਹਾਂ ਨੂੰ ਸਾਵਧਾਨ ਕੀਤਾ। ਸਢੌਰੇ ਸ਼ਹਿਰ ਤੋਂ ਚਲ ਪਏ ਤੇ ਗੁਰੂ ਜੀ ਦੇ ਦਰਸ਼ਨਾਂ ਦਾ ਪ੍ਰੇਮ ਧਾਰਨ ਕੀਤਾ॥੮॥

ਪਰਜੋ ਪੰਥ ਮਹਿਂ ਘਾਲਜੋ ਡੇਰਾ। ਦੇ ਉਤਸਾਹ ਮੁਰੀਦਨਿ ਹੇਰਾ।
ਇਤ ਪਠਾਨ ਤੀਨਹੁਂ ਸਿਰਦਾਰ। ਚਢਿ ਕਰਿ ਗਏ ਬਿਲੰਦ ਗਵਾਰ॥ ੯॥

ਰਾਹ ਦੇ ਵਿਚ ਹਨੇਰਾ ਹੋ ਜਾਣ ਤੇ ਇਕ ਡੇਰਾ ਕੀਤਾ ਤੇ ਆਪਣੇ ਮੁਰੀਦਾਂ ਨੂੰ ਬੜਾ ਉਤਸ਼ਾਹ ਦੇ ਕੇ ਵੇਖਿਆ। ਇਧਰ ਤਿੰਨੇ ਪਠਾਣ ਸਰਦਾਰ, ਵੱਡੇ ਗਵਾਰ ਚੜ੍ਹ ਕੇ ਚਲੇ ਗਏ॥੯॥

ਕਾਲੇ ਖਾਂ ਨਿਜ ਥਲ ਟਿਕ ਰਹਜੋ। ਨਿਮਕ ਹਲਾਲ ਬਨੌਂ ਚਿਤ ਚਹਜੋ।
ਪ੍ਰਭੁ ਢਿਗ ਸੁਧਿ ਪਹੁਂਚੀ ਤਿਸ ਕਾਲ। 'ਗਏ ਖਾਨ ਧਰਿ ਤ੍ਰਾਸ ਬਿਸਾਲ॥੧੦॥

ਪਰ ਕਾਲੇ ਖਾਂ ਆਪਣੇ ਸਥਾਨ 'ਤੇ ਟਿਕਿਆ ਰਿਹਾ, ਮੈਂ ਨਿਮਕ ਹਲਾਲ ਬਣਾਂਗਾ, ਚਿੱਤ ਵਿਚ ਚਾਹੁੰਦਾ ਸੀ। ਉਸ ਸਮੇ ਪ੍ਰਭੂ ਦੇ ਪਾਸ ਖ਼ਬਰ ਪਹੁੰਚ ਗਈ, "ਪਠਾਣ ਬਹੁਤ ਡਰ ਧਾਰ ਕੇ ਚਲੇ ਗਏ ਹਨ॥੧੦॥

ਤ੍ਰੈ ਸਿਰਦਾਰ ਬਿਮੁਖ ਹੁਇ ਭਾਗੇ। ਇਕ ਬੈਠਜੋ ਨਹਿਂ ਧੀਰਜ ਤਜਾਗੇ।
ਜ਼ੀਨ ਤੁਰੰਗਨ ਪਰ ਨਹਿਂ ਡਾਲੇ। ਚਢਨਿ ਹੇਤ ਨਹਿਂ ਸ਼ਸਤ੍ਰ ਸੰਭਾਲੇ' ॥੧੧॥

ਤਿੰਨ ਸਰਦਾਰ ਬੇਮੁਖ ਹੋ ਕੇ ਭੱਜ ਗਏ ਹਨ। ਇਕ ਹਾਲੇ ਬੈਠਾ ਹੈ, ਉਸ ਧੀਰਜ ਨਹੀਂ ਛੱਡਿਆ ਹੈ, ਉਸ ਨੇ ਘੋੜੇ ਤੇ ਕਾਠੀ ਨਹੀਂ ਪਾਈ ਹੈ ਤੇ ਚੜ੍ਹਨ ਵਾਸਤੇ ਸ਼ਸਤਰ ਨਹੀਂ ਸੰਭਾਲੇ ਹਨ" ॥੧੧॥

ਸੁਨਿ ਕਲਗ਼ੀਧਰ ਦਾਸ ਪਠਾਯੋ। 'ਬੂਝਹੁ ਤੂੰ ਕਜੋਂ ਨਹੀਂ ਪਲਾਯੋ ?।
ਨਿਜ ਸੰਗਨਿ ਤੇ ਹੋਇ ਬਿਹੀਨ। ਬੈਠਿ ਰਹਜੋ ਕਜਾ ਮਨ ਮਹਿਂ ਚੀਨਿ ?' ॥੧੨॥

ਇਹ ਸੁਣ ਕੇ ਕਲਗ਼ੀਧਰ ਨੇ ਆਪਣੇ ਸੇਵਕ ਨੂੰ ਭੇਜਿਆ। ਉਸ ਨੂੰ ਪੁੱਛੋ, "ਤੂੰ ਕਿਉਂ ਨਹੀਂ ਭੱਜਾ ਹੈਂ ?" ਆਪਣੇ ਸਾਥੀਆਂ ਤੋਂ ਰਹਿਤ ਹੋ ਗਿਆ ਹੈਂ, ਮਨ ਵਿਚ ਕੀ ਵੇਖ ਕੇ ਬੈਠਾ ਰਿਹਾ ਹੈਂ" ॥੧੨॥

ਜਾਇ ਸਿਖ ਨੇ ਬੂਝਨਿ ਕਰਜੋ। ਕਾਲੇ ਖਾਂ ਬਿਰਤੰਤ ਉਚਰਜੋ।
'ਮੈਂ ਨਹਿਂ ਬੀਨ ਹੌਂ ਨਿਮਕ ਹਰਾਮੀ। ਆਵਹੁਂ ਨਿਜ ਸ੍ਵਾਮੀ ਕੇ ਕਾਮੀ॥੧੩॥

ਜਾ ਕੇ ਸਿੱਖ ਨੇ ਉਸ ਨੂੰ ਪੁੱਛਿਆ, ਕਾਲੇ ਖਾਂ ਨੇ ਆਪਣਾ ਬ੍ਰਿਤਾਂਤ ਉਚਾਰਨ ਕੀਤਾ, "ਮੈਂ ਨਿਮਕਹਰਾਮੀ ਨਹੀਂ ਬਣਾਂਗਾ, ਮੈਂ ਆਪਣੇ ਮਾਲਕ ਦੇ ਕੰਮ ਆਵਾਂਗਾਂ॥੧੩॥

ਸੈ ਅਸਵਾਰ ਸੰਗ ਹੈਂ ਮੋਰੇ। ਪਰੇ ਜੰਗ ਦੇਂ ਪ੍ਰਾਨ ਅਗੇਰੇ।
ਲਰਿ ਕਰਿ ਮਰਿ ਕਰਿ ਭਿਸਤ ਸਿਧਾਵੈਂ। ਜੀਵਤਿ ਜੈ ਗੁਰ ਤੇ ਧਨ ਪਾਵੈਂ ॥੧੪॥

ਸੈ ਅਸਵਾਰ ਮੇਰੇ ਨਾਲ ਹੈ, ਜਦ ਯੁੱਧ ਮਚੇਗਾ ਤਾਂ ਅੱਗੇ ਹੋ ਕੇ ਜਾਨਾਂ ਦੇਵਾਂਗੇ। ਲੜ ਕੇ ਮਰ ਕੇ ਬਹਿਸ਼ਤਾਂ ਵਿਚ ਜਾਵਾਂਗੇ, ਜੇ ਜੀਉਂਦੇ ਰਹੇ ਤਾਂ ਗੁਰੂ ਜੀ ਤੋਂ ਧਨ ਪਾਵਾਂਗੇ॥੧੪॥

ਪ੍ਰਭੁ ਕੋ ਕਰਿ ਹੈਂ ਨਿਮਕ ਹਲਾਲ। ਦੀਨ ਦੁਨੀ ਸੁਧਰਾਇ ਬਿਸਾਲ'।
ਸੁਨਿ ਕਰਿ ਗਯੋ ਕਹੀ ਸਭਿ ਬਾਤ। ਬੋਲਜੋ ਨੰਦ ਚੰਦ ਬੱਖਜਾਤ॥ ੧੫॥

ਪ੍ਰਭੂ ਜੀ ਦਾ ਨਿਮਕ ਹਲਾਲ ਕਰਾਂਗਾ ਤੇ ਦੀਨ ਦੁਨੀ ਨੂੰ ਵਿਸ਼ਾਲ ਸੁਧਾਰਾਂਗਾ।" ਸੁਣ ਕੇ ਗਿਆ ਤਾਂ ਨੰਦ ਚੰਦ ਦੀਵਾਨ ਨੇ ਸਾਰੀ ਗੱਲ ਗੁਰੂ ਜੀ ਨੂੰ ਪ੍ਰਗਟ ਰੂਪ ਵਿਚ ਦੱਸੀ॥੧੫॥

'ਅਬਿ ਬਿਸ੍ਵਾਸ ਤੁਰਕਨਿ ਕੋ ਨਾਂਹੀ। ਕਰਹਿਂ ਦਗਾ ਰਹਿ ਕਰ ਹਮ ਪਾਹੀ।
ਪ੍ਰਭੁ ਜੀ ਕਿਸੂ ਨ ਰਾਖਨ ਕਰੀਅਹਿ। ਤਿਨ ਕੋ ਹੀ ਇਹ ਬ੍ਰਾਤ ਬਿਚਰੀਅਹਿ' ॥੧੬॥

"ਹੁਣ ਤੁਰਕਾਂ ਦਾ ਕੋਈ ਵਿਸ਼ਵਾਸ ਨਹੀਂ ਰਿਹਾ ਹੈ, ਸਾਡੇ ਪਾਸ ਰਹਿ ਕੇ ਇਹ ਦਗਾ ਕਰਨਗੇ। ਹੇ ਪ੍ਰਭੂ ਜੀ ! ਕਿਸੇ ਨੂੰ ਵੀ ਆਪਣੇ ਪਾਸ ਨਾ ਰੱਖੋ, ਉਨ੍ਹਾਂ ਦਾ ਹੀ ਇਸ ਨੂੰ ਭਰਾ ਸਮਝੋ" ॥੧੬॥

ਤਬਿ ਸਤਿਗੁਰ ਸਿੱਖ ਕੌ ਸਮੁਝਾਯੋ। ਹੇਤੁ ਚਢਾਵਨਿ ਤੁਰਤ ਪਠਾਯੋ।
ਜਾਇ ਤੁਰਤ ਤਿਹ ਸਾਥ ਬਖਾਨੀ। 'ਸੁਨੋ ਖਾਨ ! ਭਾਖੀ ਗੁਰ ਬਾਨੀ॥੧੭॥

ਤਦ ਸਤਿਗੁਰੂ ਜੀ ਨੇ ਸਿੱਖ ਨੂੰ ਸਮਝਾਇਆ, ਘੋੜੇ 'ਤੇ ਚੜ੍ਹਾਉਣ ਵਾਸਤੇ ਤੁਰਤ ਭੇਜਿਆ। ਉਸ ਸਿੱਖ ਨੇ ਤੁਰਤ ਜਾ ਕੇ ਕਾਲੇ ਖਾਂ ਨੂੰ ਕਿਹਾ, "ਹੇ ਖ਼ਾਨ ! ਸੁਣੋ ਗੁਰੂ ਜੀ ਨੇ ਬਚਨ ਕੀਤੇ ਹਨ॥੧੭॥

ਜਥਾ ਕੂੰਜ ਬਿਛੁਰਹਿ ਨਿਜ ਡਾਰ। ਬਿਲਪਤਿ ਹੈ ਅਨੰਦ ਕੋ ਡਾਰਿ।
ਰਹਤਿ ਰਹਿਤ ਜਬਿ ਕਬਿ ਤਹਿਂ ਮਿਲੇ। ਬਿਨਾ ਮਿਲੇ ਨਹਿਂ ਭਾਵਤਿ ਭਲੇ॥੧੮॥

ਜਿਵੇਂ ਕੂੰਜ ਆਪਣੀ ਡਾਰ ਨਾਲੋਂ ਵਿਛੜ ਜਾਂਦੀ ਹੈ ਤਾਂ ਅਨੰਦ ਨੂੰ ਗਵਾ ਕੇ ਵਿਰਲਾਪ ਕਰਦੀ ਹੈ। ਰਹਿੰਦਿਆਂ ਰਹਿੰਦਿਆਂ ਜਦੋਂ ਕਦੀ ਆਪਣੀ ਡਾਰ ਨਾਲ ਜਾ ਮਿਲਦੀ ਹੈ, ਮਿਲਣ ਤੋਂ ਬਿਨਾਂ ਉਸ ਨੂੰ ਭਲੀ ਪ੍ਰਕਾਰ ਕੁਝ ਵੀ ਚੰਗਾ ਨਹੀਂ ਲੱਗਦਾ ਹੈ॥੧੮॥

ਤਿਮ ਹੀ ਅਪਨੀ ਦਸ਼ਾ ਨਿਹਾਰਹੁ। ਤੂਰਨ ਮਿਲਿਬੇ ਹੇਤੁ ਸਿਧਾਰਹੁ।
ਨਿਕਟ ਨ ਤੁਮ ਕੋ ਰਾਖਹਿਂ ਅਬੈ। ਪਰੇ ਕਾਮ ਤੇ ਰੀਦੀ ਸਬੈ॥੧੯॥

ਉਸ ਤਰ੍ਹਾਂ ਹੀ ਆਪਣੀ ਦਸ਼ਾ ਵੇਖੋ ਤੇ ਤੁਰਤ ਆਪਣੇ ਸਾਥੀਆਂ ਨੂੰ ਮਿਲਣ ਵਾਸਤੇ ਜਾਵੋ। ਉਹ ਤੁਹਾਨੂੰ ਹੁਣ ਆਪਣੇ ਪਾਸ ਨਹੀਂ ਰੱਖਣਗੇ, ਕੰਮ ਪੈਣ 'ਤੇ ਸਾਰੇ ਕਾਇਰ ਬਣ ਜਾਂਦੇ ਹਨ॥੧੯॥

ਹਾਨ ਲਾਭ ਨਿਜ ਸੰਗਨਿ ਸੰਗ। ਕਰੋਂ ਅਬਿਂ ਬੈਠੇ ਜਾਹੁ ਨਿਸ਼ੰਗ'।
ਸੁਨਿ ਕਾਲੇਖਾਂ ਬਹੁਰ ਬਖਾਨਾ। 'ਗੁਰ ਕੌ ਲਵਨ ਖਾਨ ਕਰਿ ਖਾਨਾ॥੨੦॥

ਹਾਨ ਲਾਭ ਸਭ ਆਪਣੇ ਸਾਥੀਆਂ ਨਾਲ ਹੈ, ਹੁਣ ਕਿਉਂ ਬੈਠੇ ਹੋ, ਨਿਸ਼ੰਕ ਹੋ ਕੇ ਜਾਵੋ।" ਇਹ ਸੁਣ ਕੇ ਕਾਲੇ ਖਾਂ ਨੇ ਫਿਰ ਕਿਹਾ, "ਗੁਰੂ ਜੀ ਦੇ ਘਰ ਦਾ ਲੂਣ ਖਾਧਾ ਹੈ॥੨੦॥

ਪਰੇ ਜੰਗ ਕੇ ਜਾਉਂ ਨ ਕੈਸੇ। ਮੈ ਨ ਬਨਹੁਂ ਤਿਨਹੂੰ ਖਲ ਜੈਸੇ।
ਦੇਹਿਂ ਨ ਦੇਹਿਂ ਗੁਰੂ ਧਨ ਆਗੇ। ਪਾਯੋ ਪ੍ਰਥਮ ਸਿਮਰ ਨਹਿਂ ਭਾਗੋ'॥੨੧॥

ਜੰਗ ਪੈਣ 'ਤੇ ਕਿਉਂ ਲੜਨ ਨਹੀਂ ਜਾਵਾਂਗਾ, ਮੈਂ ਉਨ੍ਹਾਂ ਮੂਰਖਾਂ ਵਾਂਗ ਨਹੀਂ ਬਣਾਂਗਾ। ਅੱਗੇ ਤੋਂ ਬੇਸ਼ਕ ਗੁਰੂ ਜੀ ਧਨ ਦੇਣ ਜਾਂ ਨਾ, ਜਿਹੜਾ ਪਹਿਲਾਂ ਪਾਇਆ ਹੈ ਉਸ ਨੂੰ ਹੀ ਯਾਦ ਕਰਕੇ ਭੱਜਾਂਗਾ ਨਹੀਂ" ॥੨੧॥

ਇਮ ਕਹਿ ਰਹਯੋ ਸਥਿਰ ਤਹਿਂ ਹੋਇ। ਸੁਨੀ ਬਾਰਤਾ ਸਤਿਗੁਰ ਸੋਇ।
ਹੁਇ ਪ੍ਰਸੰਨ ਤਿਹ ਨਿਕਟ ਹਕਾਰਾ। 'ਸਾਧ ਸਾਧ' ਕਹਿ ਬਹੁ ਸਤਿਕਾਰਾ॥੨੨॥

ਇਸ ਤਰ੍ਹਾਂ ਕਹਿ ਕੇ ਉਥੇ ਹੀ ਸਥਿਰ ਹੋ ਕੇ ਬੈਠਾ ਰਿਹਾ। ਜਦ ਸਤਿਗੁਰੂ ਜੀ ਨੇ ਉਸ ਦੀ ਸਾਰੀ ਗੱਲ ਸੁਣੀ ਤਾਂ ਪ੍ਰਸੰਨ ਹੋ ਕੇ ਉਸ ਨੂੰ ਆਪਣੇ ਪਾਸ ਬੁਲਾਇਆ, ਤੇ ਸਤਿਕਾਰ ਕਰਕੇ "ਸ਼ਾਬਾਸ਼ ਸ਼ਾਬਾਸ਼" ਕਿਹਾ॥੨੨॥

ਕੰਚਨ ਕੇ ਕੰਕਨ ਤਿਸ ਕਾਲਾ। ਕਰੇ ਦੇਨਿ ਇਕ ਸੰਗ ਦੁਸ਼ਾਲਾ।
ਕਹਜੋ ਬਹੁਰ 'ਸੁਨਿ ਬੀਰ ਪਠਾਨ ! ਤੋ ਪਰ ਅਹੈਂ ਪ੍ਰਸੰਨ ਮਹਾਨ॥ ੨੩॥

ਉਸੇ ਵੇਲੇ ਸੋਨੇ ਦੇ ਕੰਗਣ ਇਕ ਦੁਸ਼ਾਲੇ ਸਹਿਤ ਦਿੱਤੇ ਤੇ ਫਿਰ ਗੁਰੂ ਜੀ ਨੇ ਫੁਰਮਾਇਆ, "ਹੇ ਬਹਾਦਰ ਪਠਾਣ ! ਸੁਣੋ, ਤੇਰੇ ਉੱਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ॥੨੩॥

ਨਿਮਕ ਹਲਾਲ ਭਯੋ ਅਬਿ ਤੇਰਾ। ਜਿਸ ਤੇ ਚਾਹਜੋ ਜੰਗ ਬਡੇਰਾ।
ਹਮ ਨੇ ਰੁਖ਼ਸਦ ਕੀਨਸਿ ਤੋਹੀ। ਯਾਂਤੇ ਨਹੀਂ ਦੋਸ਼ ਕੋ ਹੋਹੀ'॥ ੨੪॥

ਹੁਣ ਤੇ ਤੇਰਾ ਨਿਮਕ ਹਲਾਲ ਹੋ ਗਿਆ ਹੈ ਜਿਸ ਕਰਕੇ ਤੂੰ ਵੱਡਾ ਯੁੱਧ ਕਰਨਾ ਚਾਹਿਆ ਹੈ। ਅਸੀਂ ਤੈਨੂੰ ਹੁਣ ਰੁਖ਼ਸਤ ਕਰਦੇ ਹਾਂ, ਇਸ ਕਰਕੇ ਇਸ ਵਿਚ ਹੁਣ ਦੋਸ਼ ਨਹੀਂ ਹੋਵੇਗਾ'॥੨੪॥

ਕਰ ਬੰਦੇ ਕਾਲੇਖਾਂ ਕਹੇ। 'ਆਇਸੁ ਤੁਮ ਅਮੋਰ ਨਿਤ ਅਹੇ।
ਤਊ ਨ ਤਿਨ ਕੇ ਮਿਲਿਹੌਂ ਸੰਗ। ਕਹਾਂ ਕਰੌਂ ਮੈਂ ਤੁਮ ਸੋਂ ਜੰਗ'॥ ੨੫॥

ਹੱਥ ਜੋੜ ਕੇ ਕਾਲੇ ਖਾਂ ਨੇ ਕਿਹਾ, "ਤੁਹਾਡੀ ਆਗਿਆ ਕਦੀ ਵੀ ਮੋੜਨੀ ਨਹੀਂ ਚਾਹੀਦੀ। ਫਿਰ ਵੀ ਮੈਂ ਉਨ੍ਹਾਂ ਦੇ ਨਾਲ ਨਹੀਂ ਮਿਲਾਂਗਾ, ਮੈਂ ਤੁਹਾਡੇ ਨਾਲ ਕਿਵੇਂ ਜੰਗ ਕਰ ਸਕਾਂਗਾ'॥੨੫॥

ਇਮ ਕਹਿ ਬੰਦਨ ਕਰਿ ਤਿਹ ਕਾਲਾ। ਕਾਲੇਖਾਨ ਵਹਿਰ ਕੌ ਚਾਲਾ।
ਨਹਿੰਨ ਗਿਰਿੰਦਨਿ ਸਮੁਖ ਸਿਧਾਰਾ। ਅਪਰ ਥਾਨ ਡੇਰਾ ਕਿਤ ਡਾਰਾ॥੨੬॥

ਇਸ ਤਰ੍ਹਾਂ ਕਹਿ ਕੇ ਉਸ ਸਮੇਂ ਬੰਦਨਾ ਕਰਕੇ, ਕਾਲੇ ਖਾਨ ਬਾਹਰ ਨੂੰ ਚਲੇ ਗਿਆ। ਨਾ ਹੀ ਪਹਾੜੀ ਰਾਜਿਆਂ ਦੇ ਸਾਹਮਣੇ ਗਿਆ ਤੇ ਕਿਸੇ ਹੋਰ ਥਾਂ ਜਾ ਕੇ ਡੇਰਾ ਲਾ ਲਿਆ॥੨੬॥

ਅਬਿ ਸੁਨੀਏਂ ਜੇ ਗਏ ਪਠਾਨ। ਫਤੇਸ਼ਾਹ ਉਤਰਜੋ ਜਿਸ ਥਾਨ।
ਕੇਤਿਕ ਦੂਰ ਸਿਵਰ ਕਹੁ ਘਾਲਾ। ਹਯ ਲਗਾਇ ਮਿਲਿ ਇਕ ਥਲ ਜਾਲਾ॥੨੭॥

ਹੁਣ ਸੁਣੋ ਜਿਹੜੇ ਪਠਾਣ ਗੁਰੂ ਜੀ ਨੂੰ ਛੱਡ ਕੇ ਚਲੇ ਗਏ ਸਨ। ਫਤਹਿ ਸ਼ਾਹ ਨੇ ਜਿਸ ਥਾਂ ਉਤਾਰਾ ਕੀਤਾ ਸੀ, ਉਸ ਤੋਂ ਕੁਝ ਦੂਰੀ ਤੇ ਡੇਰਾ ਲਾ ਲਿਆ ਤੇ ਸਾਰੇ ਘੋੜਿਆਂ ਨੂੰ ਇਕ ਥਾਂ ਇਕੱਠੇ ਕਰ ਦਿੱਤਾ॥੨੭॥

ਸ਼ਸਤ੍ਰਨ ਸਹਿਤ ਸਭਾ ਕੌ ਗਏ। ਗੁਰ ਦ੍ਰੋਹੀ ਜਹਿਂ ਇਕਠੇ ਭਏ।
ਫਤੇਸ਼ਾਹਿ ਥਿਤ ਸਭਾ ਮਝਾਰੀ। ਜੋ ਸਭਿ ਬਿਧਿ ਠਾਨਤਿ ਰਣ ਤਜਾਰੀ॥੨੮॥

ਸ਼ਸਤਰਾਂ ਸਮੇਤ ਸਭਾ ਵਿਚ ਗਏ, ਜਿੱਥੇ ਗੁਰੂ ਧਰੋਹੀ ਮਿਲ ਕੇ ਇਕੱਠੇ ਹੋਏ ਸਨ। ਫਤਹਿ ਸ਼ਾਹ ਸਾਰਿਆਂ ਦੇ ਵਿਚਕਾਰ ਬੈਠਾ ਸੀ, ਜਿਹੜਾ ਸਾਰੀਆਂ ਵਿਧੀਆਂ ਨਾਲ ਯੁੱਧ ਦੀ ਤਿਆਰੀ ਕਰਵਾ ਰਿਹਾ ਸੀ॥੨੮॥

ਕਈ ਹਜ਼ਾਰ ਪਹਾਰੀ ਬੀਰ। ਧਰੇ ਤੁਪਕ ਤੋਮਰ ਅਸਿ ਤੀਰ।
ਝੁਕਿ ਸਲਾਮ ਕਰਿ ਥਿਰੇ ਅਗਾਰੀ। ਸਾਦਰ ਭੂਪਤਿ ਗਿਰਾ ਉਚਾਰੀ॥ ੨੯॥

ਕਈ ਹਜ਼ਾਰ ਪਹਾੜੀ ਯੋਧੇ ਸਨ, ਜਿਨ੍ਹਾਂ ਨੇ ਬੰਦੂਕਾਂ ਨੇਜ਼ੇ ਅਤੇ ਤੀਰ ਫੜੇ ਸਨ। ਝੁੱਕ ਕੇ ਸਲਾਮ ਕਰਕੇ ਅੱਗੇ ਖੜੇ ਹੋ ਗਏ ਤੇ ਰਾਜੇ ਨੇ ਬੜੇ ਆਦਰ ਨਾਲ ਕਿਹਾ॥੨੯॥

ਸਭਿ ਬੈਠਾਵਨਿ ਕਰੇ ਸਮੀਪ। ਹਰਖਤਿ ਬੂਝਨਿ ਲਗਜੋ ਮਹੀਪ।
'ਗੁਰ ਕੰਨੇ ਕੇਤਿਕ ਦਲ ਰਹਜੋ। ਤੁਮ ਨੇ ਭੇਤ ਕਹਹੁ ਕਿਮ ਲਹਜੋ?॥ ੩੦॥

ਸਾਰਿਆਂ ਨੂੰ ਆਪਣੇ ਪਾਸ ਬਿਠਾ ਲਿਆ ਤੇ ਪ੍ਰਸੰਨ ਹੋ ਕੇ ਪੁੱਛਣ ਲੱਗਾ, "ਗੁਰੂ ਜੀ ਪਾਸ ਹੁਣ ਕਿੰਨੀ ਕੁ ਸੈਨਾ ਰਹਿ ਗਈ ਹੈ, ਤੁਸੀਂ ਦੱਸੋ ਜਿਵੇਂ ਭੇਦ ਪ੍ਰਾਪਤ ਕੀਤਾ ਹੈ॥੩੦॥

ਲਰਹਿ ਕਿ ਨਹਿਂ ਚਢਿ ਮੋਰ ਅਗਾਰੀ? ਤੁਮਰੇ ਉਠੇ ਹੋਇ ਧ੍ਰਿਤ ਹਾਰੀ।
ਕੇਤਿਕ ਸੁਭਟ ਲਰਨਿ ਕੌ ਗਾਢੇ। ਰਣ ਕੇ ਪਰੇ ਰਹੈਂ ਤਹਿਂ ਠਾਢੇ॥ ੩੧॥

ਮੇਰੇ ਅੱਗੇ ਚੜ੍ਹਾਈ ਕਰਕੇ ਲੜੇਗਾ ਕਿ ਨਹੀਂ, ਤੁਹਾਡੇ ਨਿਕਲ ਆਉਣ ਨਾਲ ਗੁਰੂ ਦੀ ਸੈਨਾ ਹੌਸਲਾ ਹਾਰ ਬੈਠੀ ਹੋਵੇਗੀ। ਕਿੰਨੇ ਸੂਰਬੀਰ ਲੜਨ ਵਾਸਤੇ ਤਿਆਰ ਹਨ, ਜਿਹੜੇ ਯੁੱਧ ਲੱਗਣ ਨਾਲ ਉਨ੍ਹਾਂ ਦੇ ਪਾਸ ਖੜੇ ਰਹਿਣਗੇ॥੩੧॥

ਗੁਰ ਕੋ ਭੀ ਉਤਸਾਹੁ ਨਿਹਾਰਾ। ਜਬਿ ਉਠਿ ਆਵਨਿ ਭਯੋ ਤੁਮਾਰਾ'।
ਭੀਖਨ ਖਾਨ ਤਨਕ ਮੁਸਕਾਵਤਿ। ਗੁਰ ਘਰ ਕੋ ਸਭਿ ਭੇਦ ਬਤਾਵਤਿ॥ ੩੨॥

ਗੁਰੂ ਜੀ ਦਾ ਵੀ ਉਤਸ਼ਾਹ ਵੇਖਿਆ ਹੈ, ਜਦ ਤੁਹਾਡਾ ਉਥੋਂ ਉੱਠ ਕੇ ਆਉਣਾ ਹੋਇਆ।'' ਭੀਖਨ ਸ਼ਾਹ ਥੋੜ੍ਹਾ ਜਿਹਾ ਮੁਸਕਰਾਇਆ ਤੇ ਗੁਰੂ ਘਰ ਦਾ ਉਸ ਸਾਰਾ ਭੇਦ ਦੱਸਿਆ॥੩੨॥

'ਗੁਰ ਘਰ ਅਪਰ ਸੈਨ ਹੈ ਕਹਾਂ। ਪਿਖਿ ਖਾਨਨ ਢਿਗ, ਲਰਿਬੇ ਚਹਾ।
ਸੋ ਹਮ ਸਭਿ ਹੀ ਉਠਿ ਚਲਿ ਆਏ। ਹਿਤ ਰਾਖਨ ਕੇ ਬਹੁਤ ਅਲਾਏ॥ ੩੩॥

ਗੁਰੂ ਘਰ ਵਿਚ ਹੋਰ ਸੈਨਾ ਕਿੱਥੇ ਹੈ, ਪਠਾਣਾਂ ਨੂੰ ਆਪਣੇ ਪਾਸ ਵੇਖ ਕੇ ਲੜਨਾ ਚਾਹੁੰਦੇ ਸਨ। ਉਹ ਅਸੀਂ ਸਾਰੇ ਹੀ ਉੱਠ ਕੇ ਚਲੇ ਆਏ ਹਾਂ, ਸਾਨੂੰ ਪਾਸ ਰੱਖਣ ਵਾਸਤੇ ਬਹੁਤ ਕਿਹਾ॥੩੩॥

ਅਧਿਕ ਪੰਚ ਗੁਨ ਧਨ ਦੇ ਰਹੇ। ਬਹੁਰ ਸਿਪਰ ਭਰ ਓਰਕ ਕਹੇ।
ਤੁਮ ਤੇ ਤ੍ਰਸਤਿ ਬਿਸਾਲ ਬਖਾਨੀ। ਤਊ ਹਮਹੁਂ ਨੇ ਏਕ ਨ ਮਾਨੀ॥ ੩੪॥

ਸਾਡੀ ਪਹਿਲੀ ਤਨਖਾਹ ਨਾਲ ਪੰਜ ਗੁਣਾਂ ਵੱਧ ਧਨ ਦੇਣ ਵਾਸਤੇ ਕਿਹਾ ਤੇ ਫਿਰ ਓੜਕ ਢਾਲ ਭਰ ਕੇ ਦੇਣ ਵਾਸਤੇ ਕਿਹਾ। ਤੁਹਾਥੋਂ ਬਹੁਤ ਡਰ ਕੇ ਕਿਹਾ ਹੈ, ਫਿਰ ਵੀ ਅਸੀਂ ਇਕ ਨਹੀਂ ਮੰਨੀ ਹੈ॥੩੪॥

ਬਾਕੀ ਦਲ ਖ਼ੁਦਾਇ ਕੋ ਨਾਊ। ਮਿਲੇ ਗਵਾਰ ਲੋਕ ਸਮੁਦਾਊ।
ਹਸਿਬੇ ਜੋਗ ਜਾਤਿ ਤਿਨ ਕੇਰੀ। ਮੋ ਤੇ ਸੁਨੋ ਕਹੌਂ ਇਸ ਬੇਰੀ॥ ੩੫॥

ਬਾਕੀ ਸੈਨਾ ਤਾਂ ਖ਼ੁਦਾ ਦਾ ਨਾਮ ਹੀ ਹੈ, ਗਵਾਰ ਲੋਕ ਇਕੱਠੇ ਹੋ ਕੇ ਮਿਲੇ ਹਨ। ਉਨ੍ਹਾਂ ਦੀਆਂ ਹੱਸਣ ਯੋਗ ਜਾਤਾਂ ਹਨ, ਮੈਥੋਂ ਸੁਣੋ ਮੈਂ ਇਸ ਸਮੇਂ ਉਨ੍ਹਾਂ ਦੀਆਂ ਜਾਤਾਂ ਬਾਰੇ ਕਹਿੰਦਾ ਹਾਂ॥੩੫॥

ਘਨੇ ਜਾਤਿ ਹੈਂ ਅਧਿਕ ਗਵਾਰ। ਨਾਈ, ਬਾਮਨ, ਸੂਦ, ਸੁਨਾਰ।
ਬਨੀਏ, ਰੋੜੇ, ਜਾਟ ਲੁਹਾਰ। ਝੀਵਰ ਜਾਤਿ, ਕਲਾਲ, ਕੁਮ੍ਹਾਰ॥ ੩੬॥

ਵੱਡੇ ਗਵਾਰਾਂ ਦੀਆਂ ਬਹੁਤ ਜਾਤੀਆਂ ਹਨ, ਨਾਈ, ਬ੍ਰਾਹਮਣ, ਸ਼ੂਦਰ, ਸੁਨਿਆਰੇ, ਬਾਣੀਏ, ਰੋੜੇ, ਜੱਟ, ਲੁਹਾਰ, ਝੀਵਰ, ਕਲਾਲ, ਕੁਮ੍ਹਾਰ ਆਦਿ ਜਾਤੀਆਂ ਹਨ॥੩੬॥

ਖਾਤੀ, ਛੀਂਬੇ, ਔਰ ਲੁਬਾਣੇ। ਛਤੀਸ ਜਾਤਿ ਸਨਾਤ ਪਛਾਣੇ।
ਅਪਰ ਕਹਾਂ ਲਗਿ ਕਰੌਂ ਉਚਾਰ। ਹੈਂ ਹਲਾਲ ਖੁਰ ਨੀਚ ਚੁਮਾਰ॥ ੩੭॥

ਖਾਤੀ, ਛੀਂਬੇ ਅਤੇ ਲੁਬਾਣੇ ਹਨ, ਇਹ ਛੱਤੀ ਨੀਚ ਜਾਤੀਆਂ ਪਛਾਣੋ, ਹੋਰ ਹਲਾਲ ਖੋਰ ਚੁਮਾਰ ਆਦਿ ਨੀਚ ਜਾਤੀਆਂ ਹਨ॥੩੭॥

ਪਕਰੀ ਜਾਇਂ ਨ ਕਰ ਤਰਵਾਰੇਂ। ਨਹਿਂ ਜਾਨਹਿਂ ਕਿਮ ਤੋਮਰ ਧਾਰੇਂ।
ਤੀਰ ਤੁਫੰਗ ਪ੍ਰਹਾਰਨਿ ਜੋਇ। ਇਹ ਬਿੱਦਜਾ ਤਿਨ ਕੇ ਕਿਮ ਹੋਇ॥ ੩੮॥

ਉਨ੍ਹਾਂ ਪਾਸੋਂ ਹੱਥਾਂ ਵਿਚ ਤਲਵਾਰਾਂ ਨਹੀਂ ਫੜੀਆਂ ਜਾਂਦੀਆਂ, ਇਹ ਵੀ ਨਹੀਂ ਜਾਣਦੇ ਕਿਵੇਂ ਨੇਜ਼ਾ ਧਾਰਨ ਕਰਨਾ ਹੈ। ਤੀਰ ਅਤੇ ਬੰਦੂਕਾਂ ਦਾ ਜੋ ਵਾਰ ਕਰਨਾ ਹੈ, ਇਹ ਵਿਦਿਆ ਉਨ੍ਹਾਂ ਨੂੰ ਕਿਵੇਂ ਆ ਸਕਦੀ ਹੈ॥੩੮॥

ਜੋਧਾ ਆਪ ਗੁਰੂ ਇਕ ਭਾਰੀ। ਸੋ ਠਹਿਰੈਗੋ ਸਭਿਨਿ ਅਗਾਰੀ।
ਇਕ ਕ੍ਰਿਪਾਲ ਮਾਤੁਲ ਤਿਨ ਕੇਰਾ। ਕਰਨਿ ਜੰਗ ਕੋਂ ਬੀਰ ਬਡੇਰਾ॥ ੩੯॥

ਗੁਰੂ ਜੀ ਆਪ ਇਕ ਭਾਰੀ ਯੋਧੇ ਹਨ, ਉਹ ਹੀ ਸਾਰਿਆਂ ਦੇ ਅੱਗੇ ਠਹਿਰਨਗੇ। ਇਕ ਕ੍ਰਿਪਾਲ ਜੀ ਉਨ੍ਹਾਂ ਦੇ ਮਾਮਾ ਜੀ ਹਨ, ਜੰਗ ਕਰਨ ਵਾਸਤੇ ਉਹ ਇਕ ਵੱਡਾ ਯੋਧਾ ਹੈ॥੩੯

ਪੰਚ ਭਾਣਜੇ ਸੋ ਬਲਵੰਤੇ। ਸ਼ਸਤ੍ਰਨਿ ਕੀ ਬਿੱਦਜਾ ਮਤਿਵੰਤੇ।
ਨੰਦਚੰਦ ਹੈ ਏਕ ਦਿਵਾਨ। ਸੋ ਭੀ ਰਾਖੈ ਲਰਿਬੇ ਮਾਨ॥ ੪੦॥

ਪੰਜ ਭਾਣਜੇ ਵੱਡੇ ਸੂਰਬੀਰ ਹਨ, ਸ਼ਸਤਰਾਂ ਦੀ ਵਿਦਿਆਂ ਵਿਚ ਉਹ ਵੱਡੇ ਬੁੱਧੀਵਾਨ ਹਨ। ਨੰਦ ਚੰਦ ਉਨ੍ਹਾਂ ਦਾ ਇਕ ਦਿਵਾਨ ਹੈ, ਉਹ ਵੀ ਯੁੱਧ ਕਰਨ ਦਾ ਮਾਣ ਰੱਖਦਾ ਹੈ॥੪੦॥

ਦਯਾਰਾਮ ਪ੍ਰੋਹਤ ਦਿਜ ਸੋਈ। ਅਪਰ ਨ ਬੀਰ ਬਿਲੋਕਜੋ ਕੋਈ।
ਘਨੇ ਫਕੀਰ ਨ ਰਨ ਕੋ ਆਵਹਿ। ਬੈਠੇ ਨਿਤ ਕਰਾਹਿ ਕੋ ਖਾਵਹਿਂ॥ ੪੧॥

ਦਇਆ ਰਾਮ ਪ੍ਰੋਹਿਤ ਇਕ ਬ੍ਰਾਹਮਣ ਹੈ, ਹੋਰ ਕੋਈ ਸੂਰਬੀਰ ਨਹੀਂ ਵੇਖਿਆ ਹੈ। ਬਹੁਤ ਫਕੀਰ ਹਨ, ਜਿਨ੍ਹਾਂ ਨੂੰ ਜੰਗ ਕਰਨਾ ਆਉਂਦਾ ਹੀ ਨਹੀਂ ਹੈ, ਉਹ ਬੈਠੇ ਨਿਤ ਕੜਾਹ ਪ੍ਰਸ਼ਾਦਿ ਖਾਂਦੇ ਹਨ॥੪੧॥

ਇਹ ਸੈਨਾ ਸੰਗੀ ਲਿਹੁ ਜਾਨ। ਜੋ ਮੈਂ ਤੁਮ ਸੋਂ ਕੀਨਿ ਬਖਾਨ।
ਤੁਮ ਅਰੁ ਤੁਮਰੋ ਦਲ ਕਿਤ ਰਹੋ। ਹਮ ਹੀ ਘਨੇ ਹਤਨਿ ਕੋ ਲਹੋ॥ ੪੨॥

ਇਹ ਸੈਨਾ ਉਨ੍ਹਾਂ ਦੀ ਸਾਥੀ ਜਾਣੋ, ਜਿਸ ਬਾਰੇ ਮੈਂ ਹੁਣ ਤੁਹਾਡੇ ਪਾਸ ਕਹਿ ਦਿੱਤਾ ਹੈ, ਤੁਸੀਂ ਅਤੇ ਤੁਹਾਡਾ ਦਲ ਕਿਤੇ ਵੀ ਰਹੋ, ਗੁਰੂ ਜੀ ਦੀ ਸੈਨਾ ਨੂੰ ਮਾਰਨ ਵਾਸਤੇ ਅਸੀਂ ਹੀ ਬੜੇ ਹਾਂ॥੪੨॥

ਫਤੇ ਖੁਦਾਇ ਸੁਗਮ ਤੁਝ ਦਈ। ਭੀਮਚੰਦ ਨਹਿਂ ਪ੍ਰਾਪਤਿ ਭਈ।
ਜੇਕਰਿ ਦੇਖਹੁ ਗੁਰੂ ਖਜ਼ਾਨਾ। ਦੇਸ਼ਾਂਤਰ ਕੀ ਵਸਤੂ ਨਾਨਾ॥ ੪੩॥

ਖ਼ੁਦਾ ਨੇ ਤੁਹਾਨੂੰ ਸੌਖੀ ਹੀ ਫ਼ਤਹਿ ਬਖਸ਼ੀ ਹੈ, ਭੀਮ ਚੰਦ ਦੀ ਹੁਣ ਕੋਈ ਲੋੜ ਹੀ ਨਹੀਂ ਹੈ। ਜੇ ਗੁਰੂ ਜੀ ਦਾ ਖਜ਼ਾਨਾ ਵੇਖੋ, ਦੇਸ਼ਾਂ ਦੇਸ਼ਾਂਤਰਾਂ ਦੀਆਂ ਉਥੇ ਅਨੇਕ ਪ੍ਰਕਾਰ ਦੀਆਂ ਵਸਤਾਂ ਹਨ॥੪੩॥

ਜੋ ਸ਼ਾਹਨਿ ਕੋ ਪ੍ਰਾਪਤਿ ਨਾਂਹੀ। ਅਪਰ ਕਹਾਂ ਨਰ ਪਾਵਤਿ ਤਾਂਹੀ।
ਧਰੇ ਰਜਤਪਣ ਅਨਗਨ,ਜਹਾਂ। ਦੀਰਘ ਦੀਨਾਰਨਿ ਗਨ ਚਹਾ॥ ੪੪॥

ਜਿਹੜੀਆਂ ਵਸਤਾਂ ਬਾਦਸ਼ਾਹ ਨੂੰ ਵੀ ਪ੍ਰਾਪਤ ਨਹੀਂ ਹਨ। ਹੋਰ ਮਨੁੱਖ ਉਨ੍ਹਾਂ ਨੂੰ ਕਿਥੋਂ ਪਾ ਸਕਦੇ ਹਨ। ਜਿੱਥੇ ਅਣਗਿਣਤ ਚਾਂਦੀ ਦੇ ਰੁਪਏ ਧਰੇ ਹਨ ਤੇ ਸੋਨੇ ਦੇ ਬਹੁਤ ਦੀਨਾਰ ਵੀ ਵੇਖਣ ਵਿਚ ਆਉਂਦੇ ਹਨ॥੪੪॥

ਬਸਤ੍ਰ ਬਿਭੂਖਨ ਕਜਾ ਗਿਨ ਕਹੋਂ। ਲਾਖਹੁੰ ਧਨ ਕੀ ਕੀਮਤਿ ਲਹੋਂ।
ਸੋ ਸਭਿ ਲੂਟਹੁ ਭਰੇ ਖਜ਼ਾਨੇ। ਜਰੇ ਜਵਾਹਰ ਅਜਬ ਮਹਾਨੇ॥ ੪੫॥

ਵਸਤਰਾਂ ਅਤੇ ਗਹਿਣਿਆਂ ਦੀ ਕੀ ਗਿਣਤੀ ਕਰੀਏ, ਲੱਖਾਂ ਰੁਪਏ ਦੇ ਧਨ ਦੀ ਕੀਮਤ ਜਾਣੋ। ਉਹ ਸਾਰੇ ਲੁੱਟ ਕੇ ਖਜ਼ਾਨੇ ਭਰੋ, ਜੜੇ ਹੋਏ ਹੀਰੇ ਜਵਾਹਰਾਤ ਮਹਾਨ ਅਜੀਬ ਹਨ॥੪੫॥

ਤੁਮ ਤੇ ਹਮ ਨ ਚਾਕਰੀ ਲੈਹੈਂ। ਲੂਟ ਆਪਣੀ ਕਿਸੂ ਨ ਦੈਹੈਂ।
ਕਰਿ ਕੈ ਮਾਰਨ ਮਰਨ ਮਹਾਨਾ। ਲੈਹੈਂ ਗੁਰ ਕੋ ਲੂਟ ਖਜ਼ਾਨਾ॥ ੪੬॥

ਤੁਹਾਡੇ ਪਾਸੋਂ ਅਸੀਂ ਨੌਕਰੀ ਨਹੀਂ ਲੈਂਦੇ ਹਾਂ, ਪਰ ਆਪਣੀ ਲੁੱਟ ਅਸੀਂ ਕਿਸੇ ਨੂੰ ਨਹੀਂ ਦੇਵਾਂਗੇ। ਮਹਾਨ ਮਰਨ ਮਾਰਨ ਕਰਕੇ ਗੁਰੂ ਜੀ ਦਾ ਸਾਰਾ ਖਜ਼ਾਨਾ ਲੁੱਟ ਲਵਾਂਗੇ॥੪੬॥

ਪੁੱਤ੍ਰ ਪੌਤਰੇ ਤਕ ਰੁਜ਼ਗਾਰਾ। ਜਾਨਿ ਗੁਰੂ ਸੰਗ ਕੀਨਿ ਬਿਗਾਰਾ।
ਤੁਮ ਲੇ ਫਤੇ, ਦਰਬ ਲੇਂ ਹਮ ਹੀਂ। ਲਰਨ ਬਿਖੈ ਆਏ ਇਮ ਸਮ ਹੀ' ॥੪੭॥

ਪੁੱਤਰ ਪੋਤਰਿਆ ਤਕ ਆਪਣਾ ਰੁਜ਼ਗਾਰ ਤੋਰਾਂਗੇ, ਅਸੀਂ ਜਾਣ ਬੁੱਝ ਕੇ ਗੁਰੂ ਜੀ ਨਾਲ ਵਿਗਾੜ ਪਾਇਆ ਹੈ। ਤੁਸੀਂ ਫਤਹਿ ਪ੍ਰਾਪਤ ਕਰੋ ਤੇ ਧਨ ਅਸੀਂ ਲਵਾਂਗੇ, ਇਸ ਕਰਕੇ ਲੜਨ ਵਾਸਤੇ ਇਕੋ ਜੇਹੇ ਹੋ ਕੇ ਆਏ ਹਾਂ" ॥੪੭॥

ਫਤੇ ਸ਼ਾਹ ਸੁਨਿ ਅਤਿ ਹਰਖਾਯੋ। ਮਨਹੁ ਗੁਰੂ ਕੋ ਜੈ ਕਰਿ ਆਯੋ।
ਲਰਿਬੇ ਹੇਤੁ ਮਹਾਂ ਉਤਸਾਹਾ। ਭੀਖਨ ਖਾਨ ਰਾਖਿ ਨਿਜ ਪਾਹਾ॥ ੪੮॥

ਰਾਜਾ ਫਤਹਿ ਸ਼ਾਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਮਾਨੋ ਗੁਰੂ ਜੀ ਨੂੰ ਜਿੱਤ ਕੇ ਆਇਆ ਸੀ। ਲੜਨ ਵਾਸਤੇ ਉਸ ਵਿਚ ਮਹਾਨ ਉਤਸ਼ਾਹ ਪੈਦਾ ਹੋਇਆ, ਭੀਖਨ ਖਾਨ ਨੂੰ ਉਸ ਆਪਣੇ ਪਾਸ ਰੱਖ ਲਿਆ॥੪੮॥

*ਦੂਸਰੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥*

# *ਅਧਿਆਇ ਤੇਈਵਾਂ*

## *ਉਦਾਸੀਆਂ ਦਾ ਖਿਸਕਣਾ*

ਦੋਹਰਾ- ਸਤਿਗੁਰ ਕੇ ਭਟ ਕੁਛ ਹੁਤੇ ਜਹਿਂ ਭੰਗਾਣੀ ਥਾਨ।
ਫਤੇਸ਼ਾਹ ਆਗਮਨ ਕੋ ਸੁਨਿ ਕਰਿਕੈ ਨਿਜ ਕਾਨ॥ ੧॥

ਭੰਗਾਣੀ ਵਾਲੇ ਸਥਾਨ ਤੇ ਕੁਝ ਸਤਿਗੁਰੂ ਜੀ ਦੇ ਸੂਰਮੇ ਮੌਜੂਦ ਸਨ, ਫਤਹਿ ਸ਼ਾਹ ਦੇ ਆਉਣ ਬਾਰੇ ਉਨ੍ਹਾਂ ਨੇ ਆਪਣੇ ਕੰਨਾਂ ਨਾਲ ਸੁਣਿਆ॥੧॥

ਚੌਪਈ- ਸੁਧਿ ਭੇਜੀ ਸਤਿਗੁਰ ਕੇ ਤੀਰ। 'ਆਯੋ ਨ੍ਰਿਪ ਲੈ ਅਨਗਨ ਬੀਰ।
ਉਰ ਅਹੰਕਾਰ ਅਧਿਕ ਜਿਨ ਧਰਜੋ। ਭੋਰਿ ਹੋਤਿ ਹੀ ਚਾਹਤਿ ਲਰਜੋ॥੨॥

ਉਨ੍ਹਾਂ ਨੇ ਇਕ ਦਮ ਸਤਿਗੁਰੂ ਜੀ ਦੇ ਪਾਸ ਖ਼ਬਰ ਭੇਜੀ, "ਰਾਜਾ ਬਹੁਤ ਵੱਡੀ ਸੈਨਾ ਲੈ ਕੇ ਆਇਆ ਹੈ। ਜਿਸ ਨੇ ਹਿਰਦੇ ਵਿਚ ਵੱਡਾ ਹੰਕਾਰ ਧਾਰਨ ਕੀਤਾ ਹੈ, ਉਹ ਸਵੇਰ ਹੁੰਦਿਆਂ ਹੀ ਲੜਨਾ ਚਾਹੁੰਦਾ ਹੈ॥੨॥

ਆਪ ਕਰੋ ਤਯਾਰੀ ਸਭਿ ਰੀਤਿ। ਆਵਹੁ ਲੇਹੁ ਤੁਰਤ ਰਿਪੁ ਜੀਤ।
ਇਸ ਮਹਿਂ ਦੇਰ ਨ ਜਾਨਹੁ ਕੋਈ। ਨਿਸ਼ਚੇ ਪ੍ਰਾਤਿ ਮਹਾਂ ਰਣ ਹੋਈ' ॥੩॥

ਆਪ ਸਭ ਰੀਤੀਆਂ ਨਾਲ ਤਿਆਰੀ ਕਰੋ, ਆਪ ਤੁਰਤ ਸੈਨਾ ਲੈ ਕੇ ਆਵੋ ਤੇ ਦੁਸ਼ਮਣ ਨੂੰ ਜਿੱਤ ਲਵੋ। ਇਸ ਵਿਚ ਕੋਈ ਵੀ ਦੇਰ ਨਾ ਜਾਣੋ, ਇਹ ਪੱਕੇ ਤੌਰ 'ਤੇ ਨਿਸ਼ਚਾ ਹੋ ਗਿਆ ਹੈ ਕਿ ਸਵੇਰੇ ਵੱਡਾ ਯੁੱਧ ਹੋਵੇਗਾ" ॥੩॥

ਆਇ ਪਾਂਵਟੇ ਸਤਿਗੁਰ ਪਾਸ। ਸੁਕਲ ਵਾਰਤਾ ਕੀਨਿ ਪ੍ਰਕਾਸ਼।
ਸੁਨਿ ਸਭਿ ਰੀਤਿ ਕੀਨਿ ਰਣ ਤਯਾਰੀ। ਇਕ ਸਿਖ ਢਿਗ ਪਿਖਿ ਗਿਰਾ ਉਚਾਰੀ॥੪॥

ਉਹ ਸਿੱਖ ਪਾਉਂਟੇ ਸਤਿਗੁਰੂ ਜੀ ਪਾਸ ਆਏ ਤੇ ਉਨ੍ਹਾਂ ਨੂੰ ਸਾਰੀ ਗੱਲ ਸੁਣਾਈ। ਗੁਰੂ ਜੀ ਨੇ ਸੁਣ ਕੇ ਸਰਬ ਪ੍ਰਕਾਰ ਯੁੱਧ ਦੀ ਤਿਆਰੀ ਕੀਤੀ। ਇਕ ਸਿੱਖ ਨੂੰ ਵੇਖ ਕੇ ਬਚਨ ਕੀਤਾ॥੪॥

'ਸਾਧ ਉਦਾਸੀ ਜੇ ਸਮੁਦਾਇ। ਸਭਿ ਕੇ ਸੰਗ ਕਹੋ ਅਬਿ ਜਾਇ।
ਸਿਰ ਪਰ ਬਾਂਧਿ ਲੇਹੁ ਦਸਤਾਰ। ਕਰਿ ਉਤਸਾਹ ਸ਼ਸਤ੍ਰ ਲਿਹੁ ਧਾਰਿ॥ ੫॥

"ਜਿਹੜੇ ਸਾਰੇ ਉਦਾਸੀ ਸਾਧ ਹਨ, ਉਨ੍ਹਾਂ ਸਭ ਨੂੰ ਜਾ ਕੇ ਕਹੋ ਕਿ ਉਹ ਸਿਰ ਉੱਤੇ ਦਸਤਾਰ ਬੰਨ੍ਹ ਲੈਣ, ਤੇ ਉਤਸ਼ਾਹ ਕਰਕੇ ਸ਼ਸਤਰ ਧਾਰਨ ਕਰ ਲੈਣ॥੫॥

ਸਮੈਂ ਜੁੱਧ ਕੋ ਅਬਿ ਬਿਦਤਾਯੋ। ਭੋਗ ਮੋਖ ਦੋਨਹੁੰ ਕੋ ਪਾਯੋ।
ਜਿਮ ਜਿਮ ਕੋ ਪੁਰਸ਼ਾਰਥ ਧਰੈ। ਵਧ ਵਧ ਅੱਗ੍ਰ ਰਿਪੁਨ ਬਧ ਕਰੈ॥ ੬॥

ਹੁਣ ਯੁੱਧ ਦਾ ਸਮਾਂ ਪ੍ਰਗਟ ਹੋਇਆ ਹੈ ਤੇ ਭੋਗ ਮੋਖ ਹੁਣ ਦੋਵੇਂ ਹੀ ਪਾਵੇ। ਜਿਵੇਂ-ਜਿਵੇਂ ਕੋਈ ਉੱਦਮ ਧਾਰਨ ਕਰੇਗਾ ਤੇ ਅੱਗੇ ਵੱਧ-ਵੱਧ ਵੈਰੀਆਂ ਨੂੰ ਮਾਰੇਗਾ॥੬॥

ਤਿਮ ਤਿਮ ਦੀਰਘ ਪ੍ਰਾਪਤਿ ਰਾਜੂ। ਗਨ ਗਜ ਬਾਜੀ ਸਹਿਤ ਸਮਾਜੂ।
ਲਘੁ ਕੋ ਕਰੈ ਪਾਇ ਲਘੁ ਸੋਈ। ਮਮ ਸਿੱਖਨ ਛਿਤ ਰਾਜ ਸੁ ਹੋਈ॥ ੭॥

ਤਿਵੇਂ-ਤਿਵੇਂ ਉਹ ਵੱਡਾ ਰਾਜ ਪ੍ਰਾਪਤ ਕਰੇਗਾ, ਬਹੁਤ ਹਾਥੀ ਘੋੜਿਆਂ ਸਹਿਤ ਸਮਾਜ ਹੋ ਜਾਵੇਗਾ। ਜਿਹੜਾ ਥੋੜ੍ਹਾ ਕਰੇਗਾ ਉਹ ਥੋੜ੍ਹਾ ਪਾਵੇਗਾ, ਮੇਰੇ ਸਿੱਖਾਂ ਦਾ ਧਰਤੀ ਤੇ ਰਾਜ ਹੋਵੇਗਾ॥੭॥

ਜੋ ਨਿਸ਼ਕਾਮ ਮਰਹਿ ਰਣ ਮਾਂਹੀ। ਤਿਸ ਕੌ ਜਗਤ ਫੇਰ ਫਿਰ ਨਾਂਹੀ।
ਦੀਨ ਦੁਨੀ ਨਹਿਂ ਬਨੌਂ ਸਹਾਇ। ਬਖਸ਼ੌਂ ਭੋਗ ਮੋਖ ਇਸ ਭਾਇ' ॥ ੮॥

ਜਿਹੜਾ ਰਣਖੇਤਰ ਵਿਚ ਨਿਸ਼ਕਾਮ ਮਰ ਜਾਵੇਗਾ, ਉਹ ਜਗਤ ਵਿਚ ਮੁੜ-ਮੁੜ ਜੂਨਾਂ ਵਿਚ ਨਹੀਂ ਭਰਮੇਗਾ। ਦੀਨ ਦੁਨੀ ਵਿਚ ਸਹਾਈ ਨਹੀਂ ਬਣਾਂਗਾ, ਭੋਗ ਮੋਖ ਇਸ ਪ੍ਰਕਾਰ ਬਖਸ਼ਾਂਗਾ" ॥੮॥

ਸੁਨਿ ਕਰਿ ਗਯੋ ਉਦਾਸਨਿ ਪਾਸੀ। ਸਤਿਗੁਰ ਕੀ ਤਿਹ ਗਿਰਾ ਪ੍ਰਕਾਸ਼ੀ।
'ਹੁਕਮ ਭਯੋ ਮਾਨਹੁ ਸੁਖ ਪਾਵਹੁ। ਜਨਮ ਮਰਨ ਕੋ ਬੰਧ ਮਿਟਾਵਹੁ' ॥ ੯॥

ਉਹ ਸਿੱਖ ਇਸ ਤਰ੍ਹਾਂ ਸੁਣ ਕੇ ਉਦਾਸੀ ਸਾਧਾਂ ਪਾਸ ਗਿਆ ਤੇ ਕਿਹਾ, "ਇਸ ਤਰ੍ਹਾਂ ਗੁਰੂ ਜੀ ਦਾ ਹੁਕਮ ਹੋਇਆ ਹੈ ਮੰਨ ਕੇ ਸੁੱਖ ਪਾਵੋ ਤੇ ਜਨਮ ਮਰਨ ਦੇ ਬੰਧਨ ਮਿਟਾਵੋ" ॥੯॥

ਪੁਨ ਸਭਿ ਸੁਭਟਨਿ ਹੁਕਮ ਸੁਨਾਵਾ। 'ਗੁਰ ਤੇ ਦਾਨ ਲੇਹੁ ਮਨ ਭਾਵਾ।
ਹੋਤਿ ਪ੍ਰਭਾਤਿ ਜੰਗ ਕੀ ਤਯਾਰੀ। ਸ਼ਸਤ੍ਰ ਤੁਰੰਗਨਿ ਲੇਹੁ ਸੰਭਾਰੀ' ॥ ੧੦॥

ਫਿਰ ਸਾਰੇ ਸੂਰਮਿਆਂ ਨੂੰ ਹੁਕਮ ਸੁਣਾਇਆ, "ਗੁਰੂ ਜੀ ਪਾਸੋਂ ਮਨ-ਭਾਉਂਦਾ ਦਾਨ ਲਵੋ। ਸਵੇਰ ਹੁੰਦਿਆਂ ਹੀ ਜੰਗ ਦੀ ਤਿਆਰੀ ਕਰੋ। ਸ਼ਸਤਰ ਤੇ ਘੋੜੇ ਲੈ ਕੇ ਸੰਭਾਲ ਲਵੋ॥੧੦॥

ਸੁਨਿ ਸੂਰਨਿ ਕੇ ਚਿੱਤ ਉਮਾਹੇ। ਬਾਂਛਿਤ ਵਸਤੁ ਲੀਨਿ ਗੁਰ ਪਾਹੇ।
ਕਾਤੁਰ ਡਰੇ ਮਨਹੁੰ ਮ੍ਰਿਤੁ ਆਈ। ਚਲਜੋ ਚਹੈਂ ਨਿਤ ਕਾਨ ਕਢਾਈ॥ ੧੧॥

ਇਹ ਸੁਣ ਕੇ ਸੂਰਮਿਆਂ ਦੇ ਚਿੱਤ ਵਿਚ ਬੜਾ ਉਮਾਹ ਪੈਦਾ ਹੋਇਆ, ਉਨ੍ਹਾਂ ਮੂੰਹ ਮੰਗੀਆਂ ਵਸਤਾਂ ਗੁਰੂ ਜੀ ਪਾਸੋਂ ਲੈ ਲਈਆਂ। ਪਰ ਕਾਇਰ ਡਰ ਗਏ ਮਾਨੋ ਮੌਤ ਆ ਗਈ ਸੀ, ਨਿਤ ਦੇ ਪਾਸ ਰਹਿਣ ਵਾਲੇ ਹੁਣ ਕੰਨੀ ਕਤਰਾ ਕੇ ਜਾਣਾ ਚਾਹੁੰਦੇ ਹਨ॥੧੧॥

ਇਮ ਕਰਤੇ ਸੰਧ੍ਯਾ ਹੁਇ ਆਈ। ਖਾਨ ਪਾਨ ਸਭਿ ਕੀਨਿ ਬਨਾਈ।
ਹੁਤੇ ਪੰਚ ਸੈ ਸਕਲ ਉਦਾਸੀ। ਮਿਲਿ ਮਸਲਤ ਕੀਨਿਸਿ ਭਯ ਰਾਸੀ॥੧੨॥

ਇਸ ਤਰ੍ਹਾਂ ਕਰਦਿਆਂ ਸ਼ਾਮ ਹੋ ਗਈ, ਸਾਰਿਆਂ ਨੇ ਚੰਗੀ ਤਰ੍ਹਾਂ ਅੰਨ ਪਾਣੀ ਛਕਿਆ। ਸਾਰੇ ਉਦਾਸੀਆਂ ਦੀ ਗਿਣਤੀ ਪੰਜ ਸੌ ਸੀ। ਸਾਰਿਆਂ ਨੇ ਡਰ ਕੇ ਸਲਾਹ ਕੀਤੀ॥੧੨॥

'ਕਯੋਂ ਨਾਹਕ ਰਣ ਮਹਿਂ ਤੁਮ ਮਰੋ। ਜਾਚਹੁ ਜਗਤ ਜੀਵਕਾ ਕਰੋ।
ਲਰਿਬੇ ਸੋਂ ਕਯਾ ਕਾਜ ਹਮਾਰਾ। ਸਾਧ ਫਕੀਰ ਭੇਖ ਤਨ ਧਾਰਾ॥ ੧੩॥

"ਕਿਉਂ ਫਜ਼ੂਲ ਵਿਚ ਯੁੱਧ ਵਿਚ ਮਰੋ, ਮੰਗ ਕੇ ਜਗਤ ਜੀਵਕਾ ਤੋਰੋ। ਲੜਨ ਨਾਲ ਸਾਡਾ ਕੀ ਕੰਮ ਹੈ, ਸਰੀਰ 'ਤੇ ਫਕੀਰਾਂ ਸਾਧਾਂ ਵਾਲਾ ਭੇਸ ਧਾਰੰਨ ਕੀਤਾ ਹੈ॥੧੩॥

ਲਰੇ ਬਿਨਾਂ ਗੁਰ ਕਯੋਂਹੂੰ ਨ ਟਰੈ। ਬਹੁਤ ਦਿਵਸ ਤੇ ਤਯਾਰੀ ਕਰੈ।
ਨਿਸਾ ਬਿਖੈ ਭਾਜਹੁ ਭਲਿਆਈ। ਨਤੁ ਪ੍ਰਭੁ ਕਰੈਂ ਕੈਦ ਬਰਿਆਈ' ॥ ੧੪॥

ਲੜਨ ਤੋਂ ਬਗੈਰ ਗੁਰੂ ਜੀ ਨਹੀਂ ਟਲਣਗੇ, ਬਹੁਤ ਦਿਨਾਂ ਤੋਂ ਤਿਆਰੀ ਕਰ ਰਹੇ ਹਨ। ਰਾਤ ਸਮੇਂ ਭੱਜਣ ਵਿਚ ਹੀ ਭਲਿਆਈ ਹੈ, ਨਹੀਂ ਤਾਂ ਗੁਰੂ ਜੀ ਜ਼ਬਰਦਸਤੀ ਕੈਦ ਕਰ ਲੈਣਗੇ" ॥੧੪॥

ਇਮ ਕਹਿ ਨਿਕਸੇ ਨਿਸਾ ਅੰਧੇਰੀ। ਡੇਰਾ ਤਯਾਗਿ ਗਏ ਬਿਨਬੇਰੀ।
ਜੁਦੇ ਜੁਦੇ ਹੁਇ ਦੇਸ਼ ਮਝਾਰਾ। ਜਾਚਿ ਜਾਚਿ ਕਰਿ ਖਾਇਂ ਅਹਾਰਾ॥ ੧੫॥

ਇਸ ਤਰ੍ਹਾਂ ਕਹਿ ਹਨੇਰੀ ਰਾਤ ਵਿਚ ਨਿਕਲ ਗਏ ਤੇ ਕਿਸੇ ਦੇਰ ਤੋਂ ਬਗੈਰ ਡੇਰਾ ਛੱਡ ਗਏ। ਦੇਸ਼ ਵਿਚ ਜਾ ਕੇ ਵੱਖ-ਵੱਖ ਹੋ ਗਏ ਤੇ ਮੰਗ-ਮੰਗ ਕੇ ਭੋਜਨ ਛਕਦੇ ਸਨ॥੧੫॥

ਜਿਸ ਰਣ ਤੇ ਉਤਸਾਹ ਬਿਹੀਨ। ਫਿਰੇ, ਜਹਾਂ ਕਹਿਂ, ਬਨਿ ਬਨਿ ਦੀਨਿ।
ਗਹਯੋ ਨ ਖੜਗ, ਭੂਮ ਜਿਸ ਬਸਿ ਹੈ। ਸੋ ਭੋਗਹਿ ਜੋ ਅਸਿ ਕਟ ਕਸ ਹੈ॥੧੬॥

ਜਿਸ ਰਣ ਤੋਂ ਉਤਸ਼ਾਹ ਵਿਹੀਣ ਸਨ, ਉਥੇ ਜਿੱਥੇ ਕਿੱਥੇ ਦੀਨ ਬਣ-ਬਣ ਫਿਰਦੇ ਸਨ। ਜਿਸ ਤਲਵਾਰ ਦੇ ਵੱਸ ਵਿਚ ਭੂਮੀ ਹੈ, ਉਸ ਤਲਵਾਰ ਨੂੰ ਫੜਿਆ ਨਹੀਂ ਹੈ। ਉਹ ਧਰਤੀ ਦੇ ਸੁੱਖ ਭੋਗਦਾ ਹੈ, ਜਿਹੜਾ ਤਲਵਰਿ ਆਪਣੇ ਲੱਕ ਨਾਲ ਕੱਸਦਾ ਹੈ॥੧੬॥

ਸਵਾ ਜਾਮ ਜਾਮਨਿ ਜਬਿ ਰਹੀ। ਸੁਭਟਨਿ ਬਿਖੈ ਸੁਚੇਤੀ ਗਹੀ।
ਆਸਾਵਾਰ ਰਬਾਬੀ ਗਾਵੈਂ। ਕੇਤਿਕ ਲੇਕਰਿ ਸੰਖ ਬਜਾਵੈਂ॥ ੧੭॥

ਸਵਾ ਪਹਿਰ ਜਦ ਰਾਤ ਰਹਿ ਗਈ ਤਾਂ ਸੂਰਬੀਰਾਂ ਚੌਂਕੜੀ ਫੜੀ। ਆਸਾ ਦੀ ਵਾਰ ਦਾ ਕੀਰਤਨ ਰਬਾਬੀ ਗਾਉਂਦੇ ਸਨ ਤੇ ਕਈ ਲੈ ਕੇ ਸੰਖ ਵਜਾਉਂਦੇ ਸਨ॥੧੭॥

ਕਰਹਿਂ ਪਾਠ ਕੇਤਿਕ ਗੁਰਬਾਨੀ। ਤਨੂ ਸ਼ਨਾਨਹਿ ਪਾਵਨ ਪਾਨੀ।
ਦੀਪ ਜਗਾਵਤਿ ਧੂਪ ਧੁਖਾਵਹਿਂ। ਪੁਸ਼ਪਾਂਜੁਲ ਸ਼ਸਤ੍ਰਨਿ ਅਰਪਾਵਹਿਂ॥੧੮॥

ਕਈ ਗੁਰਬਾਨੀ ਦਾ ਪਾਠ ਕਰਦੇ ਸਨ। ਪਵਿੱਤਰ ਜਲ ਨਾਲ ਆਪਣੇ ਸਰੀਰ ਨੂੰ ਇਸ਼ਨਾਨ ਕਰਵਾਉਂਦੇ ਸਨ। ਦੀਵੇ ਜਗਾਉਂਦੇ ਸਨ ਤੇ ਧੂਪ ਧੁਖਾਉਂਦੇ ਸਨ ਤੇ ਫੁੱਲਾਂ ਦੇ ਬੁੱਕ ਭਰ-ਭਰ ਸ਼ਸਤਰਾਂ ਨੂੰ ਅਰਪਣ ਕਰਦੇ ਸਨ॥੧੮॥

ਦਲ ਮਹਿਂ ਜਿਤ ਕਿਤ ਅਤਿ ਜੈਕਾਰਾ। ਉਤਸਾਹਤਿ ਭਟ ਕਰਹਿਂ ਉਚਾਰਾ।
ਸ਼੍ਰੀ ਕਲਗ਼ੀਧਰ ਸੌਚ ਸ਼ਨਾਨੇ। ਆਸਨ ਪਰ ਅਸੀਨ ਕਰਿ ਧਯਾਨੇ॥ ੧੯॥

ਦਲ ਵਿਚ ਜਿੱਥੇ ਕਿੱਥੇ ਜੈਕਾਰੇ ਗੂੰਜ ਰਹੇ ਸਨ, ਸੂਰਬੀਰ ਉਤਸ਼ਾਹਿਤ ਹੋ ਕੇ ਜੈਕਾਰਿਆਂ ਦਾ ਉਚਾਰਨ ਕਰਦੇ ਸਨ। ਸ੍ਰੀ ਕਲਗੀਧਰ ਜੀ ਨੇ ਵੀ ਸੌਚ ਇਸ਼ਨਾਨ ਕੀਤਾ ਤੇ ਆਪਣੇ ਆਸਣ ਉੱਤੇ ਬੈਠ ਕੇ ਧਿਆਨ ਧਾਰਨ ਕੀਤਾ॥੧੯॥

ਨਿਜ ਸਰੂਪ ਮਹਿਂ ਰਹੇ ਸਮਾਇ। ਜੋ ਸਤਿ ਚਿਤ ਆਨੰਦ ਸਦਾਇ।
ਜਗਤਾ ਧਾਰ ਮਹਿਦ ਮਹੀਆਨ। ਅਚਲ, ਅਨਾਸ਼ੀ, ਸਰਬ ਸਮਾਨ॥ ੨੦॥

ਆਪਣੇ ਸਰੂਪ ਵਿਚ ਸਮਾਏ ਰਹੇ, ਜਿਸ ਨੂੰ ਸਤਿਚਿੱਤ ਅਨੰਦ ਕਹਿੰਦੇ ਹਨ, ਜਿਹੜਾ ਜਗਤ ਦਾ ਆਧਾਰ ਤੇ ਵੱਡਿਆਂ ਤੋਂ ਵੱਡਾ ਹੈ। ਅਚਲ, ਨਾਸ਼ ਰਹਿਤ ਤੇ ਸਰਬ ਸਮਾਨ ਹੈ॥੨੦॥

ਕਮਲ ਬਿਲੋਚਨ ਮੁੰਦ੍ਰਿਤ ਹੋਏ। ਤਿਸ ਸਮਾਧਿ ਮਹਿਂ ਥਿਰਤਾ ਜੋਏ।
ਜੁਗਮ ਘਰੀ ਕੇ ਅੰਮ੍ਰਿਤ ਵੇਲਾ। ਤਜਯੋ ਧਯਾਨ ਸਤਿਗੁਰੂ ਸੁਹੇਲਾ॥ ੨੧॥

ਕੰਵਲ ਨੈਣ ਬੰਦ ਹੋ ਗਏ, ਉਸ ਸਮਾਧੀ ਵਿਚ ਜਿਹੜੇ ਸਥਿਰ ਹੋਏ ਸਨ। ਦੋ ਘੜੀਆਂ ਨੂੰ ਅੰਮ੍ਰਿਤ ਵੇਲਾ ਹੋ ਗਿਆ ਤੇ ਸਤਿਗੁਰੂ ਜੀ ਨੇ ਸੁਖ ਦੇਣ ਵਾਲੇ ਧਿਆਨ ਨੂੰ ਛੱਡ ਦਿੱਤਾ॥੨੧॥

ਪੁਨ ਸੁੰਦਰ ਦਸਤਾਰ ਸਜਾਈ। ਊਪਰ ਜਿਗਾ ਬਾਂਧਿ ਦਮਕਾਈ।
ਪੁਨ ਧਰਿ ਕਰਿ ਕਲਗੀ ਬਡ ਸ਼ੋਭਾ। ਜਗਮਗਾਤ ਪਿਖਿ ਕੌਨ ਨ ਲੋਭਾ॥ ੨੨॥

ਫਿਰ ਸੀਸ ਉੱਤੇ ਸੁੰਦਰ ਦਸਤਾਰ ਸਜਾਈ, ਉੱਪਰ ਜਿਗਾ ਬੰਨ੍ਹ ਕੇ ਚਮਕਾਈ, ਫਿਰ ਕਲਗੀ ਧਾਰਨ ਕਰਕੇ ਵੱਡੀ ਸ਼ੋਭਾ ਪਾਈ। ਜਗਮਗਾਉਂਦੀ ਨੂੰ ਵੇਖ ਕੇ ਕੌਣ ਲੋਭਾਇਮਾਨ ਨਾ ਹੋਇਆ ਹੋਵੇਗਾ॥੨੨॥

ਸੂਖਮ ਚੀਰ ਪਹਿਰਿ ਗਰ ਜਾਮਾ। ਹੁਤੋ ਦਰਾਜ਼ ਸੁਭਤਿ ਅਭਿਰਾਮਾ।
ਨਵਰਤਨੇ, ਸੁੰਦਰ ਭੁਜਦੰਡੇ। ਜਨੁ ਸੌਂਡੀ ਬਡ ਸੁੰਡ ਪ੍ਰਚੰਡੇ॥ ੨੩॥

ਕੋਮਲ ਸੁੰਦਰ ਗਲ ਵਿਚ ਜਾਮਾ ਪਾਇਆ, ਜਿਹੜਾ ਬੜਾ ਲੰਮਾ ਸੀ ਅਤੇ ਸੁੰਦਰ ਸ਼ੋਭ ਰਿਹਾ ਸੀ। ਹਾਥੀ ਦੀ ਸੁੰਡ ਵਰਗੇ ਵੱਡੇ ਤੇ ਸੁੰਦਰ ਭੁਜਦੰਡਾਂ 'ਤੇ ਨਵਰਤਨੇ ਪ੍ਰਕਾਸ਼ ਰਹੇ ਸਨ॥੨੩॥

ਕੰਚਨ ਕੰਕਨ ਕੇ ਬਿਚ ਹੀਰੇ। ਕੋਰਦਾਰ ਕਾਰੀਗਰ ਚੀਰੇ।
ਦੀਪਤਿ ਦੋਨਹੁਂ ਕਾਨਨ ਕੁੰਡਲ। ਸ਼ਮਸ਼ ਤਨਕ ਸ਼ੋਭਤਿ ਮੁਖਮੰਡਲ॥ ੨੪॥

ਸੋਨੇ ਦੇ ਕੰਗਣਾਂ ਵਿਚ ਹੀਰੇ ਲੱਗੇ ਹੋਏ ਸਨ, ਜਿਹੜੇ ਕਾਰੀਗਰਾਂ ਨੇ ਕੋਰਦਾਰ ਚੀਰੇ ਹੋਏ ਸਨ। ਦੋਵਾਂ ਕੰਨਾਂ ਤੇ ਕੁੰਡਲ ਪ੍ਰਕਾਸ਼ ਰਹੇ ਸਨ। ਮੁਖ ਮੰਡਲ ਉੱਤੇ ਦਾੜ੍ਹੀ ਦੀ ਕਾਲੋਂ ਸ਼ੋਭ ਰਹੀ ਸੀ॥੨੪॥

ਇਮ ਪਹਿਰਤਿ ਪ੍ਰਕਾਸ਼ ਹੁਇ ਆਯੋ। ਦਿਨਕਰ ਉਦਯੋ ਵਾਰ ਭੋਗਾਯੋ।
ਭੀ ਅਰਦਾਸ ਸਭਿਨਿ ਸਿਰ ਨਾਵਾ। ਤਬਿ ਇਕ ਸ਼ੀਘ੍ਰਹਿ ਬੈਨ ਅਲਾਵਾ॥੨੫॥

ਇਸ ਤਰ੍ਹਾਂ ਕੱਪੜੇ ਪਹਿਨਦਿਆਂ ਲੋਅ ਲੱਗ ਗਈ, ਸੂਰਜ ਚੜ੍ਹੇ ਆਸਾ ਦੀ ਵਾਰ ਦਾ ਭੋਗ ਪੈ ਗਿਆ। ਅਰਦਾਸ ਕਰਨ ਤੋਂ ਬਾਅਦ ਸਾਰਿਆਂ ਨੇ ਸਿਰ ਨਿਵਾਇਆ, ਤਦ ਇਕ ਆਦਮੀ ਨੇ ਕਾਹਲੀ-ਕਾਹਲੀ ਕਿਹਾ॥੨੫॥

'ਸੁਨੀਅਹਿ ਮਹਾਰਾਜ ਅਬਿਨਾਸ਼ੀ! ਗਏ ਭਾਜ ਨਿਸ ਬਿਖੈ ਉਦਾਸੀ।
ਸ਼੍ਰੀ ਮੁਖ ਤੇ ਸੁਨਿ ਕੈ ਰਣ ਕਰਨੋ। ਜਿਯਨ ਹੇਤੁ ਭਾ ਧੀਰਜ ਹਰਨੋ॥ ੨੬॥

"ਹੇ ਮਹਾਰਾਜ ਅਬਿਨਾਸ਼ੀ! ਸੁਣੋ, ਉਦਾਸੀਏ ਸਾਧ ਸਾਰੇ ਰਾਤ ਸਮੇਂ ਭੱਜ ਗਏ ਹਨ। ਜਦ ਤੁਹਾਡੇ ਮੁਖ ਤੋਂ ਉਨ੍ਹਾਂ ਨੇ ਯੁੱਧ ਕਰਨ ਬਾਰੇ ਸੁਣਿਆ ਤਾਂ ਜੀਉਣ ਵਾਸਤੇ ਧੀਰਜ ਗਵਾ ਬੈਠੇ"॥੨੬॥

Sri Satguru Jagjit Singh Ji eLlibrary NamdhariElibrary@gmail.com

ਬਿਕਸਿ ਬਦਨ ਅਰਬਿੰਦ ਬਖਾਨਾ। 'ਦੇਖਯੋ ਭਲੇ ਕਿ ਨਹਿਂ ਸੋ ਥਾਨਾ।
ਗਏ ਭਾਜ ਸਗਲੇ ਇਕ ਬਾਰੀ। ਰਹਯੋ ਕਿ ਨਹਿਂ ਕੋ ਧੀਰਜ ਧਾਰੀ॥ ੨੭॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਭਲੀ ਪ੍ਰਕਾਰ ਵੇਖਿਆ ਹੈ, ਉਥੇ ਹੁਣ ਕੋਈ ਨਹੀਂ ਰਿਹਾ ਹੈ। ਸਾਰੇ ਇਕੋ ਵਾਰੀ ਭੱਜ ਗਏ ਹਨ। ਕੋਈ ਧੀਰਜ ਧਾਰ ਕੇ ਰਿਹਾ ਹੈ ਕਿ ਨਹੀਂ॥੨੭॥

ਰਾਖਯੋ ਬੀਜ ਕਿ ਉਖਰਯੋ ਸਾਰੇ। ਹੁਤੇ ਸਾਰ ਕੈ ਫੋਕਟ ਕਯਾਰੇ'।
ਸੁਨਿ ਸਿੱਖਨ ਕਰ ਜੋਰਿ ਉਚਾਰਾ। 'ਸਭਿਨਿ ਮਹੰਤ ਏਕ ਤਨ ਭਾਰਾ॥ ੨੮॥

ਕੋਈ ਬੀਜ ਬਚਿਆ ਹੈ ਕਿ ਸਾਰੇ ਉਖੜ ਗਏ ਹਨ, ਖੇਤ ਵਿਚ ਕੋਈ ਫਸਲ ਬਚੀ ਹੈ ਕਿ ਸਾਰੇ ਫਲ ਰਹਿਤ ਝਾੜਾਂ ਵਾਲੇ ਕਿਆਰੇ ਹਨ।" ਇਹ ਸੁਣ ਕੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, "ਇਕ ਭਾਰੇ ਸਰੀਰ ਵਾਲਾ ਮਹੰਤ ਬਚਿਆ ਹੈ॥੨੮॥

ਮੁੰਦ੍ਰਿਤ ਲੋਚਨ ਕਰਿ ਥਿਰ ਹੋਵਾ। ਚੇਲਨਕੋਂ ਜੋ ਵਾਕ ਨ ਜੋਵਾ।
ਨਾਮ ਕ੍ਰਿਪਾਲ ਮਨਹੁਂ ਸ਼ਿਵ ਬੈਸਾ। ਥਿਰਯੋ ਅਡੋਲ ਸਮਾਧੀ ਹੈਸਾ" ॥ ੨੯॥

ਉਹ ਅੱਖਾਂ ਬੰਦ ਕਰਕੇ ਸਥਿਰ ਬੈਠਾ ਹੈ, ਚੇਲਿਆਂ ਦੀ ਗੱਲ ਵਲ ਉਸ ਧਿਆਨ ਨਹੀਂ ਦਿੱਤਾ ਹੈ, ਭਾਵ ਪਤਾ ਨਹੀਂ ਉਸ ਚੇਲਿਆਂ ਨੂੰ ਭੱਜਦਿਆਂ ਵੇਖਿਆ ਹੈ ਕਿ ਨਹੀਂ। ਉਸ ਸਾਧੂ ਦਾ ਨਾਮ ਕ੍ਰਿਪਾਲ ਹੈ ਤੇ ਉਹ ਸ਼ਿਵਜੀ ਵਾਂਗ ਅਡੋਲ ਸਮਾਧੀ ਵਿਚ ਬੈਠਾ ਹੈ॥੨੯॥

ਕਲਗ਼ੀਧਰ ਸ੍ਰੀ ਮੁਖ ਮੁਸਕਾਨੇ। ਭਏ ਪ੍ਰਸੰਨ ਕ੍ਰਿਪਾਰਸ ਸਾਨੇ।
'ਰਹਯੋ ਮੂਲ ਤੈਂ ਸਭਿ ਕਿਛ ਹੋਵੈ। ਸ਼ਾਖਾ ਪੱਤ੍ਰ ਫੂਲ ਫਲ ਜੋਵੈਂ॥ ੩੦॥

ਇਹ ਸੁਣ ਕੇ ਕਲਗ਼ੀਧਰ ਸਤਿਗੁਰੂ ਜੀ ਆਪਣੇ ਮੁਖ ਤੋਂ ਮੁਸਕਰਾਏ ਤੇ ਕ੍ਰਿਪਾ ਦੇ ਰਸ ਵਿਚ ਰੰਗੇ ਹੋਏ ਪ੍ਰਸੰਨ ਹੋ ਕੇ ਬੋਲੇ, "ਜੇ ਮੂਲ ਬਚ ਗਿਆ ਹੈ ਤਾਂ ਸਭ ਕੁਝ ਹੋ ਜਾਵੇਗਾ। ਸ਼ਾਖਾਂ, ਪੱਤੇ, ਫੁੱਲ ਆਦਿ ਵੀ ਵੇਖ ਲਵਾਂਗੇ॥੩੦॥

ਜੇ ਕਰਿ ਜਰ ਉਖਰਤਿ ਇਸ ਬਾਰਾ। ਬਹੁਰ ਨ ਬਨਤੋ ਕਛੂ ਅਕਾਰਾ।
ਗੁਰ ਘਰ ਤੇ ਜਾਤੇ ਇਹ ਟੂਟ। ਭੇਖ ਨ ਚਲਤਿ ਹੋਤਿ ਹੈਂ ਹੂਟ॥ ੩੧॥

ਜੇ ਇਸ ਸਮੇਂ ਉਦਾਸੀ ਸਾਧਾਂ ਦੀ ਜੜ੍ਹ ਹੀ ਉੱਖੜ ਜਾਂਦੀ ਤਾਂ ਬਾਅਦ ਵਿਚ ਇਨ੍ਹਾਂ ਦੀ ਹੋਂਦ ਹੀ ਖਤਮ ਹੋ ਜਾਣੀ ਸੀ। ਇਹ ਸਦਾ ਲਈ ਗੁਰੂ ਘਰ ਤੋਂ ਟੁੱਟ ਜਾਂਦੇ, ਇਨ੍ਹਾਂ ਦਾ ਅੱਗੇ ਭੇਖ ਨਾ ਚਲਦਾ ਤੇ ਸਦਾ ਲਈ ਨਿਖੁੱਟ ਜਾਂਦੇ॥੩੧॥

ਜਬਿ ਲਗਿ ਹੈ ਜਿਸ ਕੋ ਸਿਰ ਕਾਇਮ। ਜਗ ਜਾਨੈ ਤਬਿ ਲੈ ਜੰਗ ਦਾਇਮ।
ਰਹਯੋ ਮਹੰਤ ਜਿ ਧੀਰ ਨ ਛੋਰਾ। ਚੇਲਾ ਬਨਹਿਂ ਆਨਿ ਗਨ ਔਰਾ॥ ੩੨॥

ਜਦ ਤਕ ਸਿਰ ਕਾਇਮ ਹੈ, ਤਦ ਤਕ ਜੰਗ ਕਾਇਮ ਹੈ ਭਾਵ ਜੇ ਸਰਦਾਰ ਜੀਉਂਦਾ ਰਹੇ ਤਾਂ ਜੰਗ ਜਾਰੀ ਰਹਿ ਸਕਦੀ ਹੈ। ਇਹ ਮਹੰਤ ਨਹੀਂ ਭੱਜਿਆ ਹੈ ਤਾਂ ਸੰਪ੍ਰਦਾ ਕਾਇਮ ਰਹਿ ਗਈ ਹੈ, ਕਿਉਂਕਿ ਜੇ ਮਹੰਤ ਕਾਇਮ ਹੈ ਤਾਂ ਸੰਪ੍ਰਦਾ ਇਸ ਨੇ ਆਪ ਹੀ ਬਣਾ ਲੈਣੀ ਹੈ। ਮਹੰਤ ਏਥੇ ਰਹਿ ਗਿਆ ਹੈ ਤੇ ਉਸ ਧੀਰਜ ਨਹੀਂ ਛੱਡਿਆ ਹੈ, ਉਸ ਦੇ ਹੋਰ ਬਹੁਤ ਚੇਲੇ ਆ ਬਣਨਗੇ॥੩੨॥

ਜਾਹੁ ਅਬਹਿ ਤਿਹ ਲੇਹੁ ਬੁਲਾਈ। ਰਖੀ ਭੇਖ ਕੀ ਲਾਜ ਬਡਾਈ'।
ਹੁਕਮ ਸੁਨਤਿ ਗੁਰ ਕੋ ਸਿਖ ਗਯੋ। ਧਯਾਨ ਬਿਖੈ ਥਿਤ ਦੇਖਤਿ ਭਯੋ॥ ੩੩॥

ਜਾ ਕੇ ਉਸ ਨੂੰ ਹੁਣ ਬੁਲਾ ਲਿਆਵੋ, ਉਸ ਨੇ ਆਪਣੇ ਭੇਸ ਦੀ ਵੱਡੀ ਲਾਜ ਰੱਖੀ ਹੈ।" ਹੁਕਮ ਸੁਣ ਕੇ ਗੁਰੂ ਜੀ ਦਾ ਸਿੱਖ ਗਿਆ ਤੇ ਮਹੰਤ ਨੂੰ ਉਸ ਸਮਾਧੀ ਵਿਚ ਸਥਿਤ ਵੇਖਿਆ॥੩੩॥

ਅੰਗ ਹਿਲਾਇ ਸਮਾਧਿ ਛੁਟਾਈ। ਬਿਕਸੇ ਲੋਚਨ ਜੁਤਿ ਅਰੁਨਾਈ।
ਮਸਤਕ ਟੇਕਿ ਕਹ੍ਯੋ ਸਿਖ ਤਬੈ। 'ਤੁਮ ਕੋ ਪ੍ਰਭੁ ਹਕਾਰਤਿ ਅਬੈ॥ ੩੪॥

ਮਹੰਤ ਦੇ ਅੰਗਾਂ ਨੂੰ ਹਿਲਾ ਕੇ ਉਸ ਸਿੱਖ ਨੇ ਮਹੰਤ ਦੀ ਸਮਾਧੀ ਛੁਟਵਾਈ ਤੇ ਲਾਲੀ ਸਹਿਤ ਨੈਣ ਖੁਲ੍ਹ ਗਏ। ਤਦ ਸਿੱਖ ਨੇ ਮੱਥਾ ਟੇਕ ਕੇ ਕਿਹਾ, "ਤੁਹਾਨੂੰ ਹੁਣ ਗੁਰੂ ਜੀ ਨੇ ਬੁਲਾਇਆ ਹੈ॥੩੪॥

ਕਰਤਿ ਉਤਾਇਲ ਮੋਹਿ ਪਠਾਯੋ। ਇਸ ਕਾਰਨ ਤੇ ਧ੍ਯਾਨ ਛੁਟਾਯੋ।
ਯਾਂਤੇ ਛਿਮਾ ਮੋਹਿ ਪਰ ਧਰੀਅਹਿ। ਸ੍ਰੀ ਸਤਿਗੁਰ ਕੇ ਨਿਕਟਿ ਸਿਧਰੀਅਹਿ' ॥੩੫॥

ਬੜੀ ਕਾਹਲੀ ਨਾਲ ਮੈਨੂੰ ਭੇਜਿਆ ਹੈ, ਇਸ ਕਰਕੇ ਮੈਂ ਤੁਹਾਡਾ ਧਿਆਨ ਛੁਡਵਾਇਆ ਹੈ। ਇਸ ਕਰਕੇ ਮੈਨੂੰ ਮੁਆਫ ਕਰ ਦੇਵੋ। ਸਤਿਗੁਰੂ ਜੀ ਦੇ ਪਾਸ ਚਲੀਏ" ॥੩੫॥

ਤਤਛਿਨ ਉਠ੍ਯੋ ਹੁਕਮ ਸੁਨਿ ਗੁਰ ਕੋ। ਕੇਹਰਿ ਸਮ ਉਤਸਾਹਤਿ ਉਰ ਕੋ।
ਸ਼ੀਘਰ ਕਰਤਿ ਗੁਰ ਨਿਕਟਿ ਸਿਧਾਰਾ। ਪਹੁੰਚ੍ਯੋ ਦਰਸ਼ਨ ਚਾਰੁ ਨਿਹਾਰਾ ॥੩੬॥

ਗੁਰੂ ਜੀ ਦਾ ਹੁਕਮ ਸੁਣ ਕੇ ਤੁਰਤ ਉੱਠ ਪਿਆ ਤੇ ਸ਼ੇਰ ਵਾਂਗ ਉਸ ਆਪਣੇ ਹਿਰਦੇ ਨੂੰ ਉਤਸ਼ਾਹਿਤ ਕੀਤਾ। ਛੇਤੀ ਨਾਲ ਗੁਰੂ ਜੀ ਦੇ ਪਾਸ ਪਹੁੰਚ ਗਿਆ ਤੇ ਪਹੁੰਚ ਕੇ ਸੁੰਦਰ ਦਰਸ਼ਨ ਕੀਤੇ॥੩੬॥

ਦੋਨੋ ਹਾਥ ਜੋਰਿ ਕਰਿ ਨਮੋ। ਆਇ ਮਿਲੇ ਬੈਠ੍ਯੋ ਤਿਹ ਸਮੋ।
ਦੀਰਘ ਜਟਾਜੂਟ ਸਿਰ ਬਾਧਾ। ਰੋਕਿ ਰਿਖੀਕਨ ਮਨ ਜਿਹ ਸਾਧਾ॥ ੩੭॥

ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਤੇ ਉਸ ਸਮੇਂ ਗੁਰੂ ਜੀ ਪਾਸ ਆ ਕੇ ਬੈਠ ਗਿਆ। ਵੱਡੀਆਂ-ਵੱਡੀਆਂ ਜਟਾਵਾਂ ਦਾ ਜੂੜਾ ਸਿਰ ਤੇ ਬੱਧਾ ਹੋਇਆ ਸੀ, ਜਿਸ ਨੇ ਇੰਦਰੀਆਂ ਰੋਕ ਕੇ ਮਨ ਨੂੰ ਸਾਧਿਆ ਸੀ॥੩੭॥

ਸਰਬੰਗਨ ਮਹਿਂ ਲਗੀ ਬਿਭੂਤ। ਸ਼ੋਭਤਿ ਮਨੋ ਦੱਤ ਅਵਧੂਤ।
ਤਪ ਕੋ ਤੇਜ ਦਿਪਤਿ ਹੈ ਐਸੇ। ਰਿਖੀਅਨਿ ਮਹਿਂ ਘਟਨੰਦਨ ਜੈਸੇ॥ ੩੮॥

ਸਾਰੇ ਅੰਗਾਂ 'ਤੇ ਸਵਾਹ ਮਲੀ ਸੀ, ਜਿਹੜਾ ਦੱਤਾ ਤ੍ਰੇਅ ਅਵਧੂਤ ਵਾਂਗ ਸ਼ੋਭ ਰਿਹਾ ਸੀ। ਤਪ ਦਾ ਤੇਜ਼ ਇਸ ਤਰ੍ਹਾਂ ਚਮਕ ਰਿਹਾ ਸੀ, ਮਾਨੋ ਘੋੜੇ ਤੋਂ ਜੰਮਿਆ ਅਗਸਤ ਰਿਖੀ ਹੋਵੇ॥੩੮॥

ਬ੍ਰਹਮਚਰਜ ਮਹਿਂ ਬਡੋ ਸੁਪੱਤਾ। ਗੁਰ ਕੇ ਚਰਨ ਨਾਮ ਰਸ ਮੱਤਾ।
ਕਰ ਪਗ ਕੇ ਨਖ ਬਧੇ ਬਿਸਾਲਾ। ਕਸੀ ਕੁਪੀਨ ਦਿਪਤ ਬਡ ਭਾਲਾ॥ ੩੯॥

ਬ੍ਰਹਮਚਰਜ ਵਿਚ ਵੱਡਾ ਸ੍ਰੇਸ਼ਟ ਪਾਤਰ ਸੀ ਤੇ ਗੁਰੂ ਜੀ ਦੇ ਚਰਨਾਂ ਦੇ ਨਾਮ ਰਸ ਵਿਚ ਰੰਗਿਆ ਹੋਇਆ ਸੀ। ਹੱਥਾਂ ਪੈਰਾਂ ਦੇ ਨਹੁੰ ਵਧੇ ਹੋਏ ਸਨ। ਕੱਸਿਆ ਹੋਇਆ ਲੰਗੋਟ ਭਲੀ ਪ੍ਰਕਾਰ ਚਮਕ ਰਿਹਾ ਸੀ॥੩੯॥

ਇਕ ਤੂੰਬਾ ਹਿਤ ਪੀਵਨ ਬਾਰੀ। ਕੁਤਕਾ ਗਹੇ ਹਾਥ ਮੈਂ ਭਾਰੀ।
ਸ਼ਮਸ ਬਦਨ ਪਰ ਝਮਕਤਿ ਅਹੈ। ਬਸਤ੍ਰ ਬਿਹੀਨ ਦਿਗੰਬਰ ਰਹੈ॥ ੪੦॥

ਇਕ ਤੂੰਬਾ ਪਾਣੀ ਪੀਣ ਵਾਸਤੇ ਫੜਿਆ ਸੀ ਤੇ ਇਕ ਭਾਰੀ ਕੁਤਕਾ ਹੱਥ ਵਿਚ ਧਾਰਨ ਕੀਤਾ ਹੋਇਆ ਸੀ। ਮੁਖ ਤੇ ਦਾੜ੍ਹੀ ਪ੍ਰਕਾਸ਼ਦੀ ਸੀ ਤੇ ਕੱਪੜਿਆਂ ਤੋਂ ਬਗੈਰ ਨੰਗਾ ਹੀ ਰਹਿੰਦਾ ਸੀ॥੪੦॥

ਤਨ ਸਥੂਲ ਅਰੁ ਪੇਟ ਬਿਸਾਲਾ। ਲਾਂਬੀ ਭੁਜਾ ਮਹਾਂ ਬਲ ਵਾਲਾ।
ਸਤਿਗੁਰ ਸਨਮੁਖ ਮਹਿਦ ਸੁਹਾਯੋ। ਮਨੋ ਗਜਾਨ ਵਿਗ ਤਪ ਚਲਿ ਆਯੋ॥੪੧॥

ਸਰੀਰ ਮੋਟਾ ਤੇ ਪੇਟ ਬਹੁਤ ਵੱਡਾ ਸੀ ਤੇ ਲੰਮੀਆਂ ਬਾਹਾਂ ਵਾਲਾ ਵੱਡਾ ਬਲਵਾਨ ਸੀ। ਸਤਿਗੁਰੂ ਜੀ ਦੇ ਸਾਹਮਣੇ ਬਹੁਤ ਸ਼ੋਭ ਰਿਹਾ ਸੀ, ਮਾਨੋ ਗਿਆਨ ਦੇ ਪਾਸ ਤਪ ਚਲ ਕੇ ਆ ਗਿਆ ਸੀ॥੪੧॥

ਕਿਧੌਂ ਬਿਸ਼ਨੁ ਕੇ ਦਰਸ਼ਨ ਕਾਰਨ। ਮਹਾਂਦੇਉ ਬੈਠਜੋ ਰਿਪੁ ਦਾਰਨ।
ਰਾਮਚੰਦ ਢਿਗ ਕਿਧੌਂ ਅਗਸਤ। ਇਮ ਅਵਲੋਕਤਿ ਸਿੱਖ ਸਮਸਤ॥ ੪੨॥

ਜਾਂ ਵਿਸ਼ਨੂੰ ਦੇ ਦਰਸ਼ਨ ਕਾਰਨਃ ਭਿਆਨਕ ਕਾਮ ਦਾ ਵੈਰੀ ਸ਼ਿਵਜੀ ਬੈਠਾ ਹੈ। ਰਾਮਚੰਦਰ ਪਾਸ ਜਿਵੇਂ ਅਗਸਤ ਮੁਨੀ ਬੈਠਾ ਹੋਵੇ, ਸਾਰੇ ਸਿੱਖ ਬੈਠੇ ਇਸ ਤਰ੍ਹਾਂ ਵੇਖ ਰਹੇ ਸਨ॥੪੨॥

*ਦੂਸਰੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

## ਅਧਿਆਇ ਚਵੀਵਾਂ

### ਦਲ ਦੀ ਚੜ੍ਹਾਈ

ਦੋਹਰਾ- ਸ੍ਰੀ ਗੁਰੁ ਗੋਵਿੰਦ ਸਿੰਘ ਜੀ ਸਨਮੁਖ ਦੇਖਿ ਮਹੰਤ।
ਮੁਸਕਾਵਤਿ ਬੋਲੇ ਬਚਨ ਕਲਗੀ ਸੀਸ ਸੁਭੰਤਿ॥ ੧॥

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਹਮਣੇ ਮਹੰਤ ਨੂੰ ਵੇਖਕੇ ਮੁਸਕਰਾ ਕੇ ਉਨ੍ਹਾਂ ਬਚਨ ਕੀਤਾ, ਜਿਨ੍ਹਾਂ ਦੇ ਸੀਸ ਉੱਤੇ ਸੁੰਦਰ ਕਲਗੀ ਸ਼ੋਭ ਰਹੀ ਸੀ॥ ੧॥

ਚੌਪਈ- 'ਕਹੋ ਮਹੰਤ! ਚੇਲਕਾ ਕਹਾਂ? ਨਿਤ ਜੋ ਅਚਹਿਂ ਤਿਹਾਵਲ ਮਹਾਂ।
ਖੇਤ ਮੁਲਾਇਮ ਚਰਬੇਹਾਰੇ। ਪਸੂ ਹਰਿਆਉ ਮਨਿੰਦ ਸਿਧਾਰੇ॥ ੨॥

"ਹੇ ਮਹੰਤ! ਦੱਸੋ ਤੁਹਾਡੇ ਚੇਲੇ ਕਿੱਥੇ ਗਏ ਹਨ, ਜਿਹੜੇ ਸਦਾ ਹੀ ਬਹੁਤ ਕੜਾਹ ਪ੍ਰਸ਼ਾਦਿ ਛੱਕਦੇ ਸਨ। ਜਿੱਥੇ ਹਰੇ ਪੱਤੇ ਦਿੱਸਣ ਉਥੇ ਦੌੜ ਕੇ ਜਾਣ ਵਾਲੇ ਪਸ਼ੂਆਂ ਵਾਂਗ ਭੱਜ ਗਏ ਹਨ॥੨॥

ਭੁਗਤਨ ਹਿਤ ਕਰਾਹਿ ਨਿਤ ਬਾਂਛੇ। ਗਮਨਹਿ ਸੰਗਤਿ ਮਹਿਂ ਜਿਤ ਆਛੇ।
ਕਾਰਜ ਪਰੇ ਛੋਰ ਇਮ ਗਏ। ਜਿਮ ਪਾਹੁਨ ਨਿਸ ਬਸਿ ਸੁਖ ਲਏ॥ ੩॥

ਖਾਣ ਵਾਸਤੇ ਸਦਾ ਕੜਾਹ ਚਾਹੁੰਦੇ ਸੀ, ਸੰਗਤ ਵਿਚ ਜਿੱਥੇ ਵੀ ਚੰਗੇ ਪਦਾਰਥ ਵੇਖਦੇ ਸੀ, ਉਥੇ ਚਲੇ ਜਾਂਦੇ ਸੀ। ਜੇ ਹੁਣ ਕੰਮ ਆ ਪਿਆ ਹੈ ਤਾਂ ਛੱਡ ਕੇ ਚਲੇ ਗਏ ਹਨ। ਜਿਵੇਂ ਪ੍ਰਾਹੁਣੇ ਸੁਖ ਲੈ ਕੇ ਰਾਤ ਬਤੀਤ ਕਰਕੇ, ਸਵੇਰੇ ਉੱਠ ਕੇ ਚਲੇ ਜਾਂਦੇ ਹਨ॥੩॥

ਕਹਾਂ ਭਯੋ ਜੋ ਉਡਗਨ ਨਾਂਹੀ। ਦਿਪਤੈ ਚੰਦ ਦਸੌਂ ਦਿਸ਼ਿ ਮਾਂਹੀ'।
ਸੁਨਤਿ ਕ੍ਰਿਪਾਲ ਮਹੰਤ ਉਚਾਰੀ। 'ਗੁਰ ਚੇਲੇ ਸਭਿ ਸ਼ਰਣਿ ਤੁਮਾਰੀ॥੪॥

ਕੀ ਹੋਇਆ ਜੇ ਤਾਰੇ ਰੂਪੀ ਚੇਲੇ ਨਹੀਂ ਹਨ, ਚੰਦ ਤਾਂ ਦਸਾਂ ਦਿਸ਼ਾਂ ਵਿਚ ਚਮਕ ਰਿਹਾ ਹੈ"। ਇਹ ਸੁਣ ਕੇ ਮਹੰਤ ਕ੍ਰਿਪਾਲ ਨੇ ਕਿਹਾ, "ਗੁਰੂ ਚੇਲੇ ਸਭ ਤੁਹਾਡੀ ਸ਼ਰਨ ਵਿਚ ਹਨ॥੪॥

ਭਲੇ ਬੁਰੇ ਸੰਭਾਰਨ ਵਾਰੇ। ਤੁਮ ਹੋ, ਗੁਰ ਪੂਰਨ ਬਲਿ ਭਾਰੇ।
ਬਡੇ ਭਾਗ ਕੈ ਪ੍ਰਾਪਤਿ ਹੋਵਾ। ਸੰਕਟ ਜਨਮ ਮਰਨ ਕੋ ਖੋਵਾ॥ ੫॥

ਤੁਸੀਂ ਭਲੇ ਬੁਰਿਆਂ ਨੂੰ ਸੰਭਾਲਣ ਵਾਲੇ ਹੋ, ਤੁਸੀਂ ਵੱਡੇ ਬਲਵਾਨ ਪੂਰਨ ਗੁਰੂ ਹੋ। ਵੱਡੇ ਭਾਗ ਕਰਕੇ ਆਪ ਜੀ ਦਾ ਦਰਸ਼ਨ ਸਾਨੂੰ ਪ੍ਰਾਪਤ ਹੋਇਆ ਹੈ, ਅਸੀਂ ਜਨਮ ਮਰਨ ਦੇ ਦੁਖ ਨੂੰ ਗਵਾ ਲਿਆ ਹੈ॥੫॥

ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਖ ਸਾਰਦਾ ਪਾਇਂ ਨ ਪਾਰੇ।
ਧਯਾਨ ਵਿਖੈ ਜੋਗੀਸ਼ਰ ਧਯਾਵੈਂ। ਰਿਖਿ ਨਾਰਦ ਤੇ ਆਦਿਕ ਗਾਵੈਂ॥ ੬॥

ਬ੍ਰਹਮਾ ਦੇ ਚਾਰੇ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ, ਸ਼ੇਸ਼ ਨਾਗ ਅਤੇ ਸਰਸਵਤੀ ਵੀ ਤੁਹਾਡਾ ਪਾਰ ਨਹੀਂ ਪਾ ਸਕਦੇ ਹਨ। ਜੋਗੀ ਲੋਕ ਧਿਆਨ ਵਿਚ ਤੁਹਾਨੂੰ ਧਿਆਉਂਦੇ ਹਨ ਤੇ ਨਾਰਦ ਰਿਖੀ ਆਦਿ ਸਾਰੇ ਤੁਹਾਡੇ ਜੱਸ ਗਾਉਂਦੇ ਹਨ॥੬॥

ਇੰਦ੍ਰਾਦਿਕ, ਸੁਰ, ਕਿੰਨਰ, ਜੱਛ। ਬਿੱਦਜਾਧਰ, ਗੰਧ੍ਰਬ ਪ੍ਰਤੱਛ।
ਚਰਨ ਕਮਲ ਤੁਵ ਕਰਹਿਂ ਅਰਾਧਨ। ਤਪ ਆਦਿਕ ਸਾਧਹਿਂ ਗਨ ਸਧਾਨ॥੭॥

ਇੰਦਰ, ਦੇਵਤੇ, ਕਿੰਨਰ, ਜੱਛ, ਵਿਦਿਆਧਰ ਅਤੇ ਗੰਧ੍ਰਬ ਪ੍ਰਤੱਖ ਤੌਰ ਤੇ ਤੁਹਾਡੇ ਚਰਨ ਕੰਵਲਾਂ ਦੀ ਅਰਾਧਨਾ ਕਰਦੇ ਹਨ ਤੇ ਅਨੇਕਾਂ ਸਾਧਨਾਂ ਨਾਲ ਤਪ ਆਦਿ ਸਾਧਦੇ ਹਨ॥੭॥

ਹਮ ਲੋਕਨਿ ਕੇ ਭਾਗ ਬਡੇਰੇ। ਲੋਚਨ ਗੋਚਰ ਤੁਮ ਕੋ ਹੇਰੇ।
ਮਨ ਬਾਨੀ ਕੋ ਬਿਸ਼ੈ ਨ ਹੋਈ। ਭਾਖਤਿ ਸ਼੍ਰੁਤਿ ਸਿੰਮ੍ਰਿਤਿ ਸਭਿ ਕੋਈ॥ ੮॥

ਸਾਡੇ ਲੋਕਾਂ ਦੇ ਵੱਡੇ ਭਾਗ ਹਨ, ਆਪਣੀਆਂ ਅੱਖਾਂ ਨਾਲ ਤੁਹਾਡੇ ਦਰਸ਼ਨ ਕੀਤੇ ਹਨ। ਮਨ ਬਾਣੀ ਦਾ ਵਿਸ਼ਾ ਨਹੀਂ ਹੁੰਦਾ। ਸਾਰੇ ਸ਼ਤੀਆਂ ਅਤੇ ਸਿੰਮਰਤੀਆਂ ਕਹਿੰਦੇ ਹਨ॥੮॥

ਅਸ ਪ੍ਰਭੁ ਪਾਇ ਕੌਨ ਤਜਿ ਸਕੈਂ। ਜਿਸ ਕੇ ਪਦ ਸਰੋਜ ਸੁਰ ਤਕੈਂ।
ਭੂਲ ਚੂਕ ਦਾਸਨ ਤੇ ਹੋਇ। ਬਖਸ਼ਨਹਾਰ ਪ੍ਰਭੁ ਤੁਮ ਸੋਇ॥ ੯॥

ਐਸੇ ਪ੍ਰਭੂ ਨੂੰ ਪਾ ਕੇ ਕੌਣ ਛੱਡ ਸਕਦਾ ਹੈ, ਜਿਨ੍ਹਾਂ ਦੇ ਚਰਨ ਕੰਵਲਾਂ ਨੂੰ ਦੇਵਤੇ ਤੱਕਦੇ ਹਨ। ਭੁੱਲ ਚੁੱਕ ਸੇਵਕਾਂ ਪਾਸੋਂ ਹੋ ਜਾਂਦੀ ਹੈ। ਹੇ ਪ੍ਰਭੂ ਜੀ! ਤੁਸੀਂ ਸਭ ਪ੍ਰਕਾਰ ਬਖਸ਼ਨਹਾਰ ਹੋ॥੯॥

ਜਿਸ ਕੇ ਉਰ ਨਿਸ਼ਚਾ ਅਸ ਦੇਤਿ। ਤਿਹ ਨਿਜ ਸੰਗ ਮਿਲਾਇ ਸੁ ਲੇਤਿ।
ਕਹਾਂ ਬੁਧਿ ਹਮ, ਕਰੈਂ ਬਡਾਈ। ਤੁਮਰੀ ਪ੍ਰਭਾ ਤੁਮਹਿਂ ਬਨਿ ਆਈ'॥੧੦॥

ਜਿਸ ਦੇ ਹਿਰਦੇ ਵਿਚ ਐਸਾ ਨਿਸ਼ਚਾ ਦਿੰਦੇ ਹੋ, ਉਸ ਨੂੰ ਅੰਤ ਨੂੰ ਆਪਣੇ ਨਾਲ ਮਿਲਾ ਲੈਂਦੇ ਹੋ। ਸਾਡੀ ਐਨੀ ਬੁੱਧੀ ਕਿੱਥੇ ਹੈ ਜਿਹੜੇ ਆਪ ਜੀ ਦੀ ਵਡਿਆਈ ਕਰੀਏ, ਤੁਹਾਡੀ ਉਪਮਾ ਤੁਹਾਨੂੰ ਹੀ ਬਣ ਆਉਂਦੀ ਹੈ"॥੧੦॥

ਏਵ ਪ੍ਰਸ਼ੰਸਤਿ ਸਾਧ ਕ੍ਰਿਪਾਲ। ਬਿਹਸ ਬਚਨ ਤਬਿ ਕਹਯੋ ਕ੍ਰਿਪਾਲ।
'ਬ੍ਰਿੰਦ ਗਿਰਿੰਦਨ ਚਮੂੰ ਬਿਲੰਦ। ਹਮ ਪਰ ਚਢਿ ਆਏ ਕਰਿ ਦੁੰਦ॥ ੧੧॥

ਮਹੰਤ ਕ੍ਰਿਪਾਲ ਨੇ ਗੁਰੂ ਜੀ ਦੀ ਇਸ ਤਰ੍ਹਾਂ ਪ੍ਰਸੰਸਾ ਕੀਤੀ। ਫਿਰ ਕ੍ਰਿਪਾਲੂ ਗੁਰੂ ਜੀ ਨੇ ਮੁਸਕਰਾ ਕੇ ਇਸ ਤਰ੍ਹਾਂ ਬਚਨ ਕੀਤੇ, "ਸਮੂਹ ਪਹਾੜੀ ਰਾਜਿਆਂ ਦੀ ਵੱਡੀ ਸੈਨਾ ਜ਼ੋਰ ਸ਼ੋਰ ਕਰਕੇ ਚੜ੍ਹ ਕੇ ਆ ਗਈ ਹੈ॥੧੧॥

ਭੀਮਚੰਦ ਕੇ ਕਹੇ ਕਹਾਏ। ਬਾਇਸ ਧਾਰ ਨ੍ਰਿਪਤਿ ਸਮੁਦਾਏ।
ਸਭਿਨਿ ਸਕੇਲੀ ਅਨੀ ਘਨੇਰੀ। ਫਤੇਸ਼ਾਹਿ ਲੇ ਸੰਗ ਬਡੇਰੀ॥ ੧੨॥

ਭੀਮ ਚੰਦ ਦੇ ਕਹਿਣ ਕਹਾਉਣ ਤੇ ਬਾਈਧਾਰ ਰਾਜੇ ਇਕੱਠੇ ਹੋ ਕੇ ਚੜ੍ਹ ਕੇ ਆ ਗਏ ਹਨ। ਸਾਰਿਆਂ ਨੇ ਬਹੁਤ ਸੈਨਾ ਇਕੱਠੀ ਕੀਤੀ ਹੈ ਤੇ ਰਾਜਾ ਫਤਹਿ ਸ਼ਾਹ ਵੱਡੀ ਸੈਨਾ ਨਾਲ ਲੈ ਕੇ ਆਇਆ ਹੈ॥੧੨॥

Sri Satguru Jagjit Singh Ji eLlibrary NamdhariElibrary@gmail.com

ਬਿਨਾ ਕਾਜ ਮੂਰਖ ਹੰਕਾਰੀ। ਲਰਿਬੇ ਹੇਤੁ ਕਰੀ ਅਸ ਤਜਾਰੀ।
ਆਜ ਚਢੈਂ ਹਮ ਲੇ ਨਿਜ ਦਲ ਕੋ। ਦੇਖਹਿਂ ਅਪਰ ਦਿਖਾਵਹਿਂ ਬਲ ਕੋ ॥੧੩॥

ਮੂਰਖ ਹੰਕਾਰੀ ਨੇ ਕਿਸੇ ਕਾਰਜ ਤੋਂ ਬਗੈਰ ਲੜਾਈ ਕਰਨ ਵਾਸਤੇ ਐਸੀ ਤਿਆਰੀ ਕੀਤੀ ਹੈ। ਅਜ ਅਸੀਂ ਵੀ ਆਪਣੇ ਦਲ ਨੂੰ ਲੈ ਕੇ ਚੜ੍ਹਾਈ ਕਰਾਂਗੇ। ਹੋਰਨਾਂ ਦਾ ਬਲ ਵੇਖੀਏ ਤੇ ਆਪਣਾ ਬਲ ਵਿਖਾਈਏ॥੧੩॥

ਤੁਮ ਹੋ ਸੰਤ ਸਰੂਪ ਸਮਰੱਥ। ਕਹੋ ਬਿਜੈ ਹੁਇ ਕਿਸ ਕੇ ਹੱਥ?
ਕੌਨ ਤਜੈ ਰਨਖੇਤ ਪਲਾਵਹਿ? ਕੌਨ ਜੀਤ ਸ਼ੀਘਰ ਘਰ ਜਾਵਹਿ?॥੧੪॥

ਤੁਸੀਂ ਸਮਰੱਥ ਸੰਤ ਸਰੂਪ ਹੋ, ਦੱਸੋ ਜਿੱਤ ਕਿਸ ਦੇ ਹੱਥ ਆਵੇਗੀ? ਕੌਣ ਰਣਖੇਤਰ ਨੂੰ ਛੱਡ ਕੇ ਭੱਜ ਜਾਵੇਗਾ? ਕੌਣ ਜਿੱਤ ਲੈ ਕੇ ਛੇਤੀ ਹੀ ਆਪਣੇ ਘਰ ਚਲਾ ਜਾਵੇਗਾ?॥੧੪॥

ਨਾਮ ਕ੍ਰਿਪਾਲ ਕ੍ਰਿਪਾਲ ਸਰੂਪ। ਕਹੋ ਬਤਾਵਨਿ ਬਾਤ ਅਨੂਪ'।
ਸੁਨਿ ਮਹੰਤ ਦ੍ਰਿਗ ਤੇ ਜਲ ਢੇਰੇ। 'ਕਹੌਂ ਬਾਕ ਸੁਨੀਅਹਿ ਪ੍ਰਭੁ ਮੇਰੇ॥੧੫॥

ਤੁਹਾਡਾ ਨਾਮ ਕ੍ਰਿਪਾਲ ਹੈ ਤੇ ਤੁਸੀਂ ਕ੍ਰਿਪਾ ਦਾ ਸਰੂਪ ਹੋ, ਇਹ ਅਨੂਪਮ ਗੱਲ ਦੱਸੋ।" ਇਹ ਸੁਣ ਕੇ ਮਹੰਤ ਦੀਆਂ ਅੱਖਾਂ ਵਿਚ ਜਲ ਡਿੱਗ ਪਿਆ। ਕਹਿਣ ਲੱਗਾ, "ਹੇ ਪ੍ਰਭੂ! ਮੇਰੀ ਗੱਲ ਸੁਣੋ॥੧੫॥

ਖੇਲ ਅਨੇਕ ਰਚਹੁ ਮਨ ਭਾਏ। ਨਰ ਲੀਲਾ ਅਨੁਸਾਰਿ ਬਨਾਏ।
ਪ੍ਰਥਮ ਸ਼ੱਤ੍ਰ ਮਧੁਕੈਟਭ ਭਾਰੀ। ਬਿਧਿ ਸਹਾਇ ਹਿਤ ਸੋ ਲਿਯ ਮਾਰੀ॥੧੬॥

ਅਨੇਕਾਂ ਮਨ-ਭਾਉਂਦੀਆਂ ਖੇਡਾਂ ਰੱਚਦੇ ਹੋ, ਸਾਰੇ ਮਨੁੱਖ ਤੁਸੀਂ ਆਪਣੀ ਲੀਲ੍ਹਾ ਅਨੁਸਾਰ ਬਣਾਏ ਹਨ। ਪਹਿਲਾਂ ਮਧੁ ਕੈਟਭ ਭਾਰੀ ਵੈਰੀ ਬਣਾਏ, ਫਿਰ ਬ੍ਰਹਮਾ ਦੀ ਸਹਾਇਤਾ ਕਰਨ ਵਾਸਤੇ ਉਨ੍ਹਾਂ ਨੂੰ ਮਾਰ ਦਿੱਤਾ॥੧੬॥

ਪੁਨ ਸਤਿਜੁਗ ਮਹਿਂ ਦਿਤੀ ਸੁ ਨੰਦ। ਹਿਰਨਕਸ਼ਪ ਹਿਰਨਾਛ ਨਿਕੰਦ।
ਤ੍ਰੇਤੇ ਮਹਿਂ ਰਾਵਨ ਬਲਵਾਨਾ। ਤੀਨ ਲੋਕ ਮਹਿਂ ਤਪਜੋ ਮਹਾਨਾ॥੧੭॥

ਫਿਰ ਸਤਿਜੁਗ ਵਿਚ ਦਿੱਤੀ ਦੇ ਪੁੱਤਰ ਹਿਰਨਕਸ਼ਪ ਤੇ ਹਰਨਾਕਸ਼ ਨੂੰ ਨਾਸ਼ ਕੀਤਾ। ਤ੍ਰੇਤੇ ਵਿਚ ਰਾਵਨ ਵੱਡਾ ਬਲਵਾਨ ਸੀ, ਤਿੰਨਾਂ ਲੋਕਾਂ ਵਿਚ ਉਸ ਦਾ ਮਹਾਨ ਤੇਜ ਸੀ॥੧੭॥

ਤਿਸ ਕੇ ਸੰਗ ਘਾਲਿ ਘਮਸਾਨਾ। ਕੁੰਭਕਾਨ ਭ੍ਰਾਤਾ ਮਹੀਆਨਾ।
ਮੇਘਨਾਦ, ਅਤਿਕਾਦਿ ਬਿਲੰਦੇ। ਸਭਿਨਿ ਸਮੇਤ ਬਿਨਾਸ਼ ਅਨੰਦੇ॥੧੮॥

ਉਸ ਦੇ ਨਾਲ ਵੱਡਾ ਘਮਸਾਨ ਕੀਤਾ, ਕੁੰਭਕਰਨ ਉਸ ਦਾ ਵੱਡਾ ਭਰਾ ਸੀ। ਮੇਘਨਾਦ ਅਤੇ ਅਤਿਕਾਏ ਰਾਵਨ ਦੇ ਬੜੇ ਬਲਵਾਨ ਪੁੱਤਰ ਸਨ, ਸਾਰਿਆਂ ਦਾ ਨਾਸ਼ ਕਰਕੇ ਅਨੰਦ ਪਾਇਆ॥੧੮॥

ਭਾਰਤ ਦ੍ਵਾਪੁਰ ਮਹਿਂ ਬਡ ਘਾਲਾ। ਜਰਾਸੰਧ ਤੇ ਆਦਿ ਨ੍ਰਿਪਾਲਾ।
ਅਨ ਗਨ ਸੈਨਾ ਸਹਿਤ ਸੰਘਾਰਾ। ਧਰਾ ਬਿਸਾਲ ਭਾਰ ਨਿਰਵਾਰਾ॥੧੯॥

ਦਵਾਪਰ ਵਿਚ ਮਹਾਂਭਾਰਤ ਦਾ ਵੱਡਾ ਯੁੱਧ ਕੀਤਾ। ਜਰਾਸੰਧ ਆਦਿ ਜਿਹੜੇ ਰਾਜੇ ਸਨ, ਉਨ੍ਹਾਂ ਨੂੰ ਅਣਗਿਣਤ ਸੈਨਾ ਸਮੇਤ ਮਾਰ ਦਿੱਤਾ। ਧਰਤੀ ਦੇ ਵੱਡੇ ਭਾਰ ਨੂੰ ਦੂਰ ਕੀਤਾ॥੧੯॥

ਕਲੀ ਕਾਲ ਮਹਿਂ ਅਬਿ ਤਨ ਧਰਜੋ। ਚਾਹਤਿ ਹੋ ਖਲ ਦਲ ਬਲ ਹਰਜੋ।
ਦਿਪਤ ਪ੍ਰਚੰਡ ਮਹਿਦ ਭੁਜਦੰਡੇ। ਬਲ ਆਸ਼੍ਰੈ ਰਿਪੁ ਗਨ ਕਰਿ ਖੰਡੇ॥੨੦॥

ਹੁਣ ਤੁਸੀਂ ਕਲਿਜੁਗ ਵਿਚ ਸਰੀਰ ਧਾਰਨ ਕੀਤਾ ਹੈ, ਹੁਣ ਤੁਸੀਂ ਦੁਸ਼ਟਾਂ ਦੇ ਦਲ ਦਾ ਬਲ ਦੂਰ ਕਰਨਾ ਚਾਹੁੰਦੇ ਹੋ। ਤੁਹਾਡੇ ਭੁਜਦੰਡ ਬਹੁਤ ਪ੍ਰਕਾਸ਼ ਕਰ ਰਹੇ ਹਨ, ਇਹ ਬਲ ਦਾ ਆਸਰਾ ਰੂਪ ਵੈਰੀ ਦੇ ਟੁਕੜੇ-ਟੁਕੜੇ ਕਰ ਦੇਣ ਵਾਲੇ ਹਨ॥੨੦॥

ਬ੍ਰਹਮਾਦਿਕ ਜਿਸ ਤੇ ਡਰਪਾਏ। ਐਸੇ ਬਲੀ ਬਿਲੰਦ ਤੁਮ ਘਾਏ।
ਕਲਿ ਨਰ ਬਪੁਰੇ ਕਹਾਂ ਅਗਾਰੀ। ਕੋ ਸਮਾਨ ਹੁਇ ਸਕੈ ਤੁਮਾਰੀ॥ ੨੧॥

ਬ੍ਰਹਮਾ ਆਦਿ ਜਿਸ ਤੋਂ ਡਰਦੇ ਹਨ, ਐਸੇ ਵੱਡੇ-ਵੱਡੇ ਸੂਰਬੀਰਾਂ ਨੂੰ ਤੁਸੀਂ ਮਾਰਿਆ ਹੈ। ਕਲਿਜੁਗ ਦੇ ਵਿਚਾਰੇ ਮਨੁੱਖ ਤੁਹਾਡੇ ਅੱਗੇ ਕੀ ਹਨ। ਤੁਹਾਡੀ ਕੌਣ ਬਰਾਬਰੀ ਕਰ ਸਕਦਾ ਹੈ॥੨੧॥

ਜੱਛ ਸੁਰਾਸੁਰ ਆਦਿ ਪ੍ਰਚੰਡ। ਸਭਿ ਪਰ ਅਹੈ ਆਪ ਕੋ ਦੰਡ।
ਬਿਜੈ ਲੱਛਮੀ ਸੰਗ ਤੁਮਾਰੇ। ਸਦਾ ਬਸਹਿ, ਨਹੀਂ ਜਾਹਿ ਕਿਨਾਰੇ॥ ੨੨॥

ਜੱਛ, ਇੰਦਰ ਆਦਿ ਜਿਹੜੇ ਬੜੇ ਪ੍ਰਚੰਡ ਹਨ, ਸਾਰਿਆਂ ਦੇ ਉੱਤੇ ਆਪ ਜੀ ਦਾ ਦੰਡ ਹੈ। ਜਿੱਤ ਦੀ ਦੇਵੀ ਤੁਹਾਡੇ ਨਾਲ ਹੈ, ਕਦੇ ਵੀ ਲਾਂਭੇ ਨਹੀਂ ਹੁੰਦੀ ਹੈ॥੨੨॥

ਮਿਲਹਿਂ ਮ੍ਰਿਗ ਜੇ ਸਗਰੇ ਕਾਨਨ। ਕੇਹਰਿ ਨਾਦਿ ਸੁਨਹਿਂ ਜਬਿ ਕਾਨਨ।
ਹੋਇਂ ਪਲਾਇਨ,ਸਮੁਖ ਨ ਆਨਨ। ਗਰਜਤਿ ਬਲ ਤੇ ਸਮ ਤਾ ਆਨ ਨ॥੨੩॥

ਜੇ ਜੰਗਲ ਦੇ ਸਾਰੇ ਹਿਰਨ ਇਕੱਠੇ ਹੋ ਜਾਣ ਤੇ ਜਦ ਉਹ ਜੰਗਲ ਵਿਚ ਸ਼ੇਰ ਦੀ ਆਵਾਜ਼ ਸੁਣਦੇ ਹਨ ਤਾਂ ਉਹ ਸਾਰੇ ਭੱਜ ਜਾਂਦੇ ਹਨ, ਸ਼ੇਰ ਦੇ ਸਾਹਮਣੇ ਮੂੰਹ ਨਹੀਂ ਕਰਦੇ ਹਨ। ਸ਼ੇਰ ਸਮਾਨ ਬਲ ਨਾਲ ਹੋਰ ਕੋਈ ਨਹੀਂ ਗੱਜ ਸਕਦਾ॥੨੩॥

ਤਿਮ ਨਹਿਂ ਠਹਿਰਹਿਂ ਜੰਗ ਪਹਾਰੀ। ਪਿਖਿ ਤੁਮ ਭਾਜਹਿਂ ਲਾਜ ਬਿਸਾਰੀ।
ਏਵ ਕ੍ਰਿਪਾਲ ਕ੍ਰਿਪਾਲਹਿ ਸਾਥਾ। ਬਚਨ ਬਿਲਾਸ ਕਰਹਿ ਰਣ ਗਾਥਾ॥੨੪॥

ਇਸ ਤਰ੍ਹਾਂ ਹੀ ਪਹਾੜੀਏ ਜੰਗ ਵਿਚ ਨਹੀਂ ਠਹਿਰਨਗੇ, ਤੁਹਾਨੂੰ ਵੇਖ ਸ਼ਰਮ ਨੂੰ ਛੱਡ ਕੇ ਭੱਜ ਜਾਣਗੇ।" ਇਸ ਤਰ੍ਹਾਂ ਮਹੰਤ ਕ੍ਰਿਪਾਲ ਨੇ ਗੁਰੂ ਜੀ ਨਾਲ ਰਣਖੇਤਰ ਬਾਰੇ ਬਚਨ ਬਿਲਾਸ ਕੀਤਾ॥੨੪॥

ਇਤਨੇ ਮਹਿਂ ਦ੍ਵੈ ਸਿਖ ਚਲਿ ਆਏ। ਧਰਹਿਂ ਉਤਾਇਲ ਬੰਦਨ ਗਾਏ।
'ਮਹਾਰਾਜ ! ਸੁਨੀਐ ਸਭਿ ਗਾਥਾ। ਪਠਜੋ ਹੁਤੋ ਨਰ ਅਰਿ ਦਲ ਸਾਥਾ॥੨੫॥

ਏਨੇ ਵਿਚ ਦੋ ਸਿੱਖ ਚਲ ਕੇ ਆ ਗਏ, ਉਨ੍ਹਾਂ ਬੜੀ ਕਾਹਲੀ ਬੰਦਨਾ ਕਰਕੇ ਕਿਹਾ, "ਮਹਾਰਾਜ ! ਸਾਰੀ ਗੱਲ ਸੁਣੋ, ਜਿਸ ਮਨੁੱਖ ਨੂੰ ਵੈਰੀ ਦੇ ਦਲ ਨਾਲ ਭੇਜਿਆ ਸੀ॥੨੫॥

ਸੋ ਤੂਰਨ ਹੀ ਚਲਿ ਕਰਿ ਆਯੋ। ਫਤੇਸ਼ਾਹ ਕੋ ਕੂਚ ਕਰਾਯੋ।
ਭੰਗਾਣੀ ਕੇ ਸਨਮੁਖ ਆਵਤਿ। ਬ੍ਰਿੰਦ ਦੁੰਦਭੀ ਊਚ ਬਜਾਵਤਿ॥ ੨੬॥

ਉਹ ਤੁਰਤ ਚਲ ਕੇ ਆਇਆ ਹੈ, ਉਹ ਮਨੁੱਖ ਇਹ ਖਬਰ ਦਿੰਦਾ ਹੈ ਕਿ ਫਤਹਿ ਸ਼ਾਹ ਨੇ ਕੂਚ ਕਰ ਦਿੱਤਾ ਹੈ ਤੇ ਭੰਗਾਣੀ ਦੇ ਸਾਹਮਣੇ ਆ ਰਿਹਾ ਹੈ, ਬਹੁਤ ਨਗਾਰੇ ਉੱਚੀ-ਉੱਚੀ ਵਜਾ ਰਿਹਾ ਹੈ॥੨੬॥

ਅਨ ਗਨ ਦਲ ਉਰੜ ਕਰਿ ਆਏ। ਚਹਿਂ ਰਾਵਰ ਸੋਂ ਜੰਗ ਮਚਾਏ।
ਸੁਨਿ ਬ੍ਰਿਤੰਤ ਮੈ ਚਢਜੋ ਤੁਰੰਗ। ਸੁਧ ਹਿਤ ਆਯੋ ਤੂਰਨ ਸੰਗ॥ ੨੭॥

ਅਣਗਿਣਤ ਦਲ ਉਮੱਡ ਕੇ ਆ ਗਿਆ ਹੈ, ਉਹ ਆਪ ਜੀ ਨਾਲ ਜੰਗ ਲੜਨਾ ਚਾਹੁੰਦਾ ਹੈ। ਇਹ ਸੁਣ ਕੇ ਮੈਂ ਘੋੜੇ 'ਤੇ ਚੜ੍ਹ ਕੇ ਆਇਆ ਹਾਂ, ਆਪ ਜੀ ਨੂੰ ਖ਼ਬਰ ਦੇਣ ਵਾਸਤੇ ਬਹੁਤ ਛੇਤੀ ਪਹੁੰਚਿਆ ਹਾਂ॥੨੭॥

**ਆਗੇ ਜਿਮ ਸਾਹਿਬ ਮਨ ਭਾਵੈ। ਤਥਾ ਬਰਤਿਬੇ ਮਹਿਂ ਸਭਿ ਆਵੈ'।**
**ਇਮ ਸੁਨਿ ਕਰਿ ਸਾਹਿਬ ਸਵਧਾਨਾ। ਸ਼੍ਰੀ ਮੁਖ ਤੇ ਤਬਿ ਹੁਕਮ ਬਖਾਨਾ ॥੨੮॥**

ਹੁਣ ਜਿਵੇਂ ਆਪ ਜੀ ਦੇ ਮਨ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਕਾਰਜ ਅਸਲੀਅਤ ਵਿਚ ਆਵੇਗਾ।" ਇਸ ਤਰ੍ਹਾਂ ਸੁਣ ਕੇ ਗੁਰੂ ਜੀ ਸਾਵਧਾਨ ਹੋ ਗਏ ਤੇ ਆਪਣੇ ਮੁਖ ਤੋਂ ਫਿਰ ਹੁਕਮ ਕੀਤਾ॥੨੮॥

**'ਦਿਹੁ ਬਜਾਇ ਰਣਜੀਤ ਨਗਾਰਾ। ਤਯਾਰ ਹੋਇ ਜਿਸ ਤੇ ਦਲ ਸਾਰਾ'।**
**ਤਤਛਿਨ ਆਪਨੇ ਸ਼ਸਤ੍ਰ ਮੰਗਾਏ। ਤੁਰਤ ਦਾਸ ਲੇ ਪਾਸ ਟਿਕਾਏ॥ ੨੯॥**

"ਰਣਜੀਤ ਨਗਾਰੇ ਨੂੰ ਵਜਾ ਦੇਵੋ ਤਾਂਕਿ ਸਾਰਾ ਦਲ ਤੁਰਤ ਤਿਆਰ ਹੋ ਜਾਵੇ।" ਫਿਰ ਤੁਰਤ ਆਪਣੇ ਸ਼ਸਤਰ ਮੰਗਵਾਏ ਤੇ ਤੁਰਤ ਸੇਵਕਾਂ ਨੇ ਲਿਆ ਕੇ ਪਾਸ ਧਰ ਦਿੱਤੇ॥੨੯॥

**ਪ੍ਰਥਮ ਗੁਰੂ ਭਗਵਤੀ ਮਨਾਈ। ਸ਼੍ਰੀ ਨਾਨਕ ਸਿਮਰੰਤਿ ਸਹਾਈ।**
**ਹੀਰੇ ਕੰਚਨ ਮੁਸ਼ਟ ਜਰਾਊ। ਨਿਮਰਲ ਖਰ ਧਾਰਾ ਚਮਕਾਊ॥ ੩੦॥**

ਪਹਿਲਾਂ ਗੁਰੂ ਜੀ ਭਗੌਤੀ ਮਨਾਈ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਹਾਇਤਾ ਵਾਸਤੇ ਸਿਮਰਨ ਕੀਤਾ। ਹੀਰੇ ਜੜੀ ਕ੍ਰਿਪਾਨ ਦੀ ਮੁੱਠੀ ਸੀ ਤੇ ਉਸਦੀ ਤੇਜ਼ ਨਿਰਮਲ ਧਾਰ ਬਹੁਤ ਚਮਕਦੀ ਸੀ॥੩੦॥

**ਐਸੇ ਖੜਗ ਦੀਹ ਗਰ ਪਾਯੋ। ਪੁਨ ਤਰਕਸ਼ ਨਿਜ ਹਾਥ ਉਠਾਯੋ।**
**ਮੁਕਤਾ ਗੁੱਛ ਲਰਕਤੇ ਸੰਗ। ਦਿਢ ਦੀਰਘ ਖਰ ਭਰੇ ਖਤੰਗ॥ ੩੧॥**

ਐਸੀ ਵੱਡੀ ਕ੍ਰਿਪਾਨ ਨੂੰ ਗੁਰੂ ਜੀ ਨੇ ਗਲ ਵਿਚ ਪਾ ਲਿਆ। ਫਿਰ ਧਨੁੱਖ ਨੂੰ ਹੱਥ ਵਿਚ ਚੁੱਕਿਆ, ਜਿਸ ਨਾਲ ਮੋਤੀਆਂ ਦੇ ਗੁੱਛੇ ਲਮਕਦੇ ਸਨ, ਵੱਡੇ-ਵੱਡੇ ਭੱਥੇ ਤੀਰਾਂ ਨਾਲ ਭਰੇ ਹੋਏ ਸਨ॥੩੧॥

**ਗਰ ਮਹਿਂ ਪਾਇ ਕਸਯੋ ਕਟ ਸਾਥਾ। ਪੰਨਗ ਸਦਨ ਕਿਧੌਂ ਦੁਤਿ ਭਾਥਾ।**
**ਧਨੁਖ ਕਠੋਰ ਗਹਯੋ ਨਿਜ ਹਾਥਾ। ਹਯ ਆਵਾਹਨ ਕੀਨਸਿ ਨਾਥਾ॥ ੩੨॥**

ਗਲ ਵਿਚ ਪਾ ਕੇ ਲੱਕ ਨਾਲ ਕੱਸੇ ਹੋਏ ਸਨ, ਭੱਥੇ ਦੀ ਸ਼ੋਭਾ ਇਸ ਤਰ੍ਹਾਂ ਹੈ ਮਾਨੋ ਇਹ ਸੱਪਾਂ ਦਾ ਘਰ ਹੈ। ਆਪਣੇ ਹੱਥ ਵਿਚ ਸਖਤ ਧਨੁੱਖ ਨੂੰ ਫੜਿਆ ਹੈ ਤੇ ਫਿਰ ਗੁਰੂ ਜੀ ਨੇ ਆਪਣੇ ਘੋੜੇ ਨੂੰ ਮੰਗਵਾਇਆ॥੩੨॥

**ਕੇਤਿਕ ਸੁਭਟ ਦੁਰਗ ਮਹਿਂ ਛੋਰੇ। 'ਹੁਇ ਸੁਚੇਤ ਰੱਛਹੁ ਚਹੁੰ ਓਰੇ'।**
**ਤਬਿ ਪਾਂਚਹੁ ਭ੍ਰਾਤਾ ਚਲਿ ਆਏ। ਸ਼ਸਤ੍ਰ ਸੁਹਾਵਤਿ ਅੰਗ ਲਗਾਏ॥ ੩੩॥**

ਕਈ ਸੂਰਬੀਰਾਂ ਨੂੰ ਕਿਲ੍ਹੇ ਵਿਚ ਹੀ ਛੱਡ ਦਿੱਤਾ ਤੇ ਉਨ੍ਹਾਂ ਨੂੰ ਕਿਹਾ, "ਸੁਚੇਤ ਹੋ ਕੇ ਕਿਲ੍ਹੇ ਦੀ ਰਾਖੀ ਕਰੋ।" ਤਦ ਪੰਜੇ ਭੂਆ ਦੇ ਪੁੱਤਰ ਭਰਾ ਚਲ ਕੇ ਆ ਗਏ, ਉਨ੍ਹਾਂ ਦੇ ਅੰਗਾਂ ਤੇ ਸ਼ਸਤਰ ਬਹੁਤ ਸ਼ੋਭ ਰਹੇ ਸਨ॥੩੩॥

**ਮਨੋ ਪੰਚ ਪਾਂਡਵ ਇਹ ਸੋਹੈਂ। ਰਣ ਕੇ ਹੇਤੁ ਚਢੇ ਬਡ ਰੋਹੈਂ।**
**ਸੰਗੋ ਸ਼ਾਹ ਬਿਸਾਲ ਜਿਨਹੁ ਮੈਂ। ਆਯੁਧ ਬਿੱਦਜਾ ਨਿਪੁਨ ਤਿਨਹੁ ਮੈਂ॥ ੩੪॥**

ਮਾਨੋ ਇਹ ਪੰਜ ਪਾਂਡੋ ਸ਼ੋਭ ਰਹੇ ਸਨ, ਯੁੱਧ ਕਰਨ ਵਾਸਤੇ ਉਹ ਬੜੇ ਰੋਹ ਵਿਚ ਆ ਕੇ ਚੜ੍ਹੇ। ਸੰਗੋ ਸ਼ਾਹ ਜਿਨ੍ਹਾਂ ਵਿਚ ਵੱਡਾ ਸੂਰਬੀਰ ਸੀ, ਸਭ ਪ੍ਰਕਾਰ ਦੀ ਸ਼ਸਤਰ ਵਿਦਿਆ ਵਿਚ ਉਹ ਨਿਪੁੰਨ ਸੀ॥੩੪॥

**ਜੀਤਮੱਲ ਦੂਜੋ ਬਡ ਜੋਧਾ। ਰਿਪੁਗਨ ਮ੍ਰਿਗਨ, ਸ਼ੇਰ ਜਿਮ ਕ੍ਰੋਧਾ।**
**ਨਾਮ ਗੁਲਾਬ ਚੰਦ ਹੈ ਤੀਜੋ। ਜਿਹ ਸਮ ਤੁਪਕ ਹਤਹਿ ਨਹਿਂ ਬੀਜੋ॥ ੩੫॥**

ਜੀਤ ਮੱਲ ਦੂਸਰਾ ਵੱਡਾ ਯੋਧਾ ਸੀ, ਉਹ ਵੈਰੀ ਰੂਪੀ ਹਿਰਨਾਂ ਉੱਤੇ ਕ੍ਰੋਧ ਧਾਰ ਕੇ ਸ਼ੇਰ ਵਾਂਗ ਜਾ ਪੈਂਦਾ ਸੀ। ਤੀਸਰੇ ਦਾ ਨਾਮ ਗੁਲਾਬ ਚੰਦ ਹੈ, ਜਿਸ ਵਰਗੀ ਦੂਸਰਾ ਕੋਈ ਬੰਦੂਕ ਨਹੀਂ ਸੀ ਚਲਾ ਸਕਦਾ॥੩੫॥

ਚਤੁਰਥ ਗੰਗਾਰਾਮ ਸੁਹਾਯੋ। ਸ਼ਸਤ੍ਰ ਸਜਾਇ ਜੰਗ ਹਿਤ ਆਯੋ।
ਪੰਚਮ ਚਢ੍ਯੋ ਮਾਹਰੀ ਚੰਦ। ਚਹਤਿ ਉਤਾਇਲ ਸ਼ੱਤ੍ਰ ਨਿਕੰਦ॥ ੩੬॥

ਚੌਥਾ ਗੰਗਾ ਰਾਮ ਸ਼ੋਭ ਰਿਹਾ ਸੀ, ਉਹ ਸ਼ਸਤਰ ਸਜਾ ਕੇ ਜੰਗ ਵਾਸਤੇ ਆਇਆ। ਪੰਜਵਾਂ ਮਾਹਰੀ ਚੰਦ ਚੜ੍ਹ ਕੇ ਆਇਆ, ਉਹ ਬੜਾ ਉਤਾਵਲਾ ਹੋ ਕੇ ਵੈਰੀ ਦਾ ਨਾਸ਼ ਕਰਨਾ ਚਾਹੁੰਦਾ ਸੀ॥੩੬॥

ਅਪਰ ਚਮੂੰ ਕੇਤਿਕ ਚਢਿ ਆਈ। ਸਭਿ ਕੀ ਦਿਸ਼ਿ ਗੁਰ ਦ੍ਰਿਸ਼ਟਿ ਲਗਾਈ।
ਪਿਖਿ ਕਰਿ ਬੰਕੇ ਬੀਰ ਮਹਾਨਾ। ਸੁਭਟ ਸੁਨਾਵਤਿ ਹੁਕਮ ਬਖਾਨਾ॥ ੩੭॥

ਹੋਰ ਕਾਫੀ ਸੈਨਾ ਚੜ੍ਹ ਕੇ ਆ ਗਈ, ਸਾਰਿਆਂ ਤੇ ਗੁਰੂ ਜੀ ਨੇ ਦ੍ਰਿਸ਼ਟੀ ਲਾਈ। ਮਹਾਨ ਬਾਂਕੇ ਸੂਰਬੀਰਾਂ ਨੂੰ ਵੇਖ ਕੇ, ਸੂਰਮਿਆਂ ਨੂੰ ਸੁਣਾਉਂਦਿਆਂ ਹੋਇਆਂ ਗੁਰੂ ਜੀ ਨੇ ਹੁਕਮ ਕੀਤਾ॥੩੭॥

'ਭੰਗਾਣੀ ਗਾਡ੍ਯੋ ਰਣ ਥੰਭਾ। ਹਿਤ ਲਰਿਬੇ ਸੋ ਥਾਨ ਅਚੰਭਾ।
ਉਤ ਤੇ ਕੂਚ ਕਰੇ ਰਿਪੁ ਆਏ। ਇਤ ਤੇ ਤੁਮ ਗਮਨਹੁੰ ਅਗੁਵਾਏ॥ ੩੮॥

"ਭੰਗਾਣੀ ਵਾਲੇ ਸਥਾਨ ਯੁੱਧ ਦਾ ਝੰਡਾ ਗੱਡਿਆ ਹੈ, ਯੁੱਧ ਕਰਨ ਵਾਸਤੇ ਉਹ ਬੜਾ ਅਸਚਰਜ ਸਥਾਨ ਹੈ। ਵੈਰੀ ਕੂਚ ਕਰਕੇ ਇਸ ਪਾਸੇ ਹੀ ਆਵੇਗਾ, ਏਧਰੋਂ ਤੁਸੀਂ ਅੱਗੋਂ ਚਲ ਕੇ ਜਾਵੋ॥੩੮॥

ਰੋਕਹੁ ਆਗਾ ਸ਼ੱਤ੍ਰਨਿ ਕੇਰਾ। ਤਹਿਂ ਘਾਲੋ ਘਮਸਾਨ ਘਨੇਰਾ'।
ਸੰਗੋਸ਼ਾਹ ਹੁਕਮ ਗੁਰ ਸੁਨਿਕੈ। ਉਰ ਉਤਸਾਹ ਵਧ੍ਯੋ ਹਿਤ ਰਣ ਕੈ॥ ੩੯॥

ਵੈਰੀਆਂ ਦਾ ਅੱਗਾ ਰੋਕ ਲਵੋ, ਤੇ ਉਥੇ ਵੱਡਾ ਯੁੱਧ ਮਚਾਓ। ਗੁਰੂ ਜੀ ਦਾ ਹੁਕਮ ਸੁਣ ਕੇ ਸੰਗੋ ਸ਼ਾਹ ਦੇ ਹਿਰਦੇ ਵਿਚ ਯੁੱਧ ਵਾਸਤੇ ਵੱਡਾ ਉਤਸ਼ਾਹ ਵਧਿਆ॥੩੯॥

'ਮਹਾਰਾਜ ਕਹਾ ਅਹੈਂ ਪਹਾਰੀ। ਠਹਿਰ ਨ ਸਕਹੈਂ ਜੰਗ ਮਝਾਰੀ।
ਇਕਠੇ ਬ੍ਰਿੰਦ ਭਏ ਤੋ ਕਹਾਂ। ਮ੍ਰਿਗ ਸਮ ਚਲਹਿ ਸ਼ੇਰ ਪਿਖਿ ਮਹਾਂ'॥ ੪੦॥

ਸੰਗੋ ਸ਼ਾਹ ਨੇ ਕਿਹਾ, "ਮਹਾਰਾਜ ਇਹ ਪਹਾੜੀਏ ਕੀ ਹਨ, ਉਹ ਯੁੱਧ ਵਿਚ ਸਾਡੇ ਅੱਗੇ ਠਹਿਰ ਨਹੀਂ ਸਕਦੇ ਹਨ। ਜੇ ਉਹ ਬਹੁਤ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ ਹਨ ਤਾਂ ਫਿਰ ਕੀ ਹੋਇਆ, ਉਹ ਸ਼ੇਰ ਨੂੰ ਵੇਖ ਕੇ ਹਿਰਨਾਂ ਵਾਂਗ ਭੱਜ ਜਾਣਗੇ"॥੪੦॥

ਇਮ ਕਹਿ ਗਮਨ੍ਯੋ ਦਿਸ਼ਿ ਰਣ ਖੇਤ। ਜਹਿਂ ਭੰਗਾਣੀ ਕੀਨਿ ਸੰਕੇਤ।
ਕਿਤਿਕ ਚਮੂੰ ਤਿਨ ਕੇ ਸੰਗ ਚਢੀ। ਲਰਿਬੇ ਹੇਤੁ ਚੌਂਪ ਚਿਤ ਬਢੀ॥ ੪੧॥

ਇਸ ਤਰ੍ਹਾਂ ਕਹਿ ਕੇ ਸੰਗੋ ਸ਼ਾਹ ਰਣਖੇਤਰ ਵਾਲੇ ਪਾਸੇ ਚਲਾ ਗਿਆ, ਜਿੱਥੇ ਭੰਗਾਣੀ ਵਾਲੇ ਖੇਤਰ ਵਲ ਗੁਰੂ ਜੀ ਨੇ ਸੰਕੇਤ ਕੀਤਾ ਸੀ। ਉਸ ਦੇ ਨਾਲ ਬਹੁਤ ਸੈਨਾ ਚੜ੍ਹ ਕੇ ਗਈ, ਲੜਾਈ ਵਾਸਤੇ ਉਨ੍ਹਾਂ ਦੇ ਚਿੱਤ ਵਿਚ ਵੱਡਾ ਸ਼ੌਕ ਪੈਦਾ ਹੋਇਆ॥੪੧॥

ਪਾਂਚਹੁ ਭ੍ਰਾਤ ਕੁਦਾਇ ਤੁਰੰਗ। ਚਲੇ ਚਲਾਵਤਿ ਬ੍ਰਿੰਦ ਤੁਫੰਗ।
ਰੋਕ੍ਯੋ ਜਾਇ ਭੰਗਾਣੀ ਆਗਾ। ਦੁਹਿ ਦਿਸ਼ਿ ਭੇਰ ਪਰਨ ਤਬਿ ਲਾਗਾ॥ ੪੨॥

ਪੰਜਾਂ ਭਰਾਵਾਂ ਨੇ ਘੋੜਿਆਂ ਨੂੰ ਟਪਾਇਆ ਤੇ ਜਾਂਦੇ ਹੋਏ ਬਹੁਤ ਬੰਦੂਕਾਂ ਚਲਾਉਂਦੇ ਜਾਂਦੇ ਸਨ। ਉਨ੍ਹਾਂ ਨੇ ਜਾ ਕੇ ਭੰਗਾਣੀ ਖੇਤਰ ਦਾ ਅੱਗਾ ਰੋਕ ਲਿਆ, ਦੋਵੀਂ ਪਾਸੀਂ ਫਿਰ ਭੇੜ ਹੋਣ ਲੱਗਾ॥੪੨॥

*ਦੂਸਰੀ ਰੁੱਤ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥*

# ਅਧਿਆਇ ਪੰਝੀਵਾਂ

## ਜੰਗ ਸ਼ੁਰੂ

ਦੋਹਰਾ- ਸ੍ਰੀ ਗੁਰੁ ਗੋਵਿੰਦ ਸਿੰਘ ਜੀ ਰਣ ਸਮਾਜ ਕਰਿ ਤਯਾਰ।
ਭਏ ਅਰੋਹਨ ਬਾਜ ਪਰ ਪ੍ਰਥਮ ਬੰਦਨਾ ਧਾਰਿ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਣਖੇਤਰ ਦਾ ਸਾਰਾ ਸਾਜ਼ੋ-ਸਾਮਾਨ ਅਤੇ ਸਮਾਜ ਤਿਆਰ ਕੀਤਾ। ਪਹਿਲਾਂ ਬੰਦਨਾ ਧਾਰ ਕੇ ਘੋੜੇ 'ਤੇ ਸਵਾਰ ਹੋ ਗਏ॥੧॥

ਭੁਜੰਗ ਪ੍ਰਯਾਤ ਛੰਦ-ਚਲੇ ਜੰਗ ਸੌਂਹੇ ਭਗੌਤੀ ਮਨਾਈ। ਸਜ਼ੋਰੰ ਦੁਚੋਬਾਨ ਧੌਂਸੇ ਲਗਾਈ।
ਉਠੀ ਬੰਬ ਊਚੀ ਗਣੰ ਸੈਲ ਗਾਜੇ। ਮਹਾਂਬੀਰ ਬੰਕੇ ਸਭੈ ਸ਼ਸਤ੍ਰ ਸਾਜੇ॥੨॥

ਸ੍ਰੀ ਸਾਹਿਬ ਨੂੰ ਮਨਾ ਕੇ ਜੰਗ ਲਈ ਚਲ ਪਦੇ ਤੇ ਨਗਾਰੇ ਨੂੰ ਦੋਹਰੀ ਚੋਬ ਲਾ ਕੇ ਬੜੀ ਉੱਚੀ ਵਜਾਇਆ ਗਿਆ। ਬਹੁਤ ਉੱਚੀ ਆਵਾਜ਼ ਉੱਠੀ, ਸਾਰੇ ਪਹਾੜ ਗੂੰਜ ਉੱਠੇ, ਬਾਂਕੇ ਸੂਰਬੀਰਾਂ ਨੇ ਸਭ ਪ੍ਰਕਾਰ ਦੇ ਸ਼ਸਤਰ ਸਜਾਏ ਸਨ॥੨॥

ਰਿਦੈ ਓਤਸਾਹੰ ਤੁਰੰਗੀ ਅਰੋਹੇ। ਗੁਰੂ ਸੰਗ ਚਾਲੇ ਮਹਾਂ ਸੋਂਹੇ।
ਉਠੀ ਧੂਰ ਪੂਰੰ ਨਭੰ ਛਾਇ ਲੀਨਾ। ਪ੍ਰਕਾਸ਼ੰ ਨ ਦੀਸੈ ਰਵੰ ਢਾਂਪ ਲੀਨਾ॥੩॥

ਘੋੜਿਆਂ 'ਤੇ ਸਵਾਰ ਹੋ ਕੇ ਦਿਲ ਉਤਸ਼ਾਹ ਨਾਲ ਭਰ ਗਏ। ਗੁਰੂ ਜੀ ਜਾ ਰਹੇ ਮਹਾਨ ਸ਼ੋਭ ਰਹੇ ਸਨ। ਬਹੁਤ ਧੂੜ ਉੱਡੀ ਜਿਸ ਨੇ ਅਕਾਸ਼ ਨੂੰ ਵੀ ਢੱਕ ਲਿਆ, ਪ੍ਰਕਾਸ਼ ਨਹੀਂ ਦਿੱਸਦਾ ਸੀ, ਸੂਰਜ ਨੂੰ ਵੀ ਢੱਕ ਲਿਆ ਸੀ॥੩॥

ਬਧੇ ਝੁੰਗ ਚੌਂਪੇ ਚਲਾਕੀ ਦਿਖਾਵਹਿਂ। ਚਲੇ ਗੋਲ ਆਗੇ ਕਿਕਾਨੰ ਕੁਦਾਵੈਂ।
ਬਕੈਂ ਬੀਰ ਊਚੇ ਸੁ ਮਾਰਾ ਬਕਾਰਾ। ਪ੍ਰਭੂ ਕੋ ਸੁਨਾਵਹਿਂ 'ਪਹਾਰੀ ਸੰਘਾਰਾ' ॥੪॥

ਸੈਨਾ ਦੇ ਟੋਲੇ ਬੜੇ ਚਾਅ ਨਾਲ ਅੱਗੇ ਵੱਧ ਕੇ ਚਲਾਕੀਆਂ ਵਿਖਾਉਂਦੇ ਸਨ। ਜਥੇ ਅੱਗੇ ਚਲ ਕੇ ਘੋੜਿਆਂ ਨੂੰ ਕੁਦਵਾਉਂਦੇ ਸਨ। ਸੂਰਮੇ ਲਲਕਾਰਾ ਮਾਰ ਕੇ ਬਹੁਤ ਉੱਚੀ-ਉੱਚੀ ਬੋਲਦੇ ਸਨ। ਗੁਰੂ ਜੀ ਨੂੰ ਸੁਣਾਉਂਦੇ ਸਨ "ਪਹਾੜੀਏ ਮਾਰਾਂਗੇ" ॥੪॥

ਬਡੇ ਬੇਗ ਸੌਂ ਬਾਯੁ ਜੈਸੇ ਬਹੰਤੀ। ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੂੱਠੇ ਹੜੰ ਨੀਰ ਚਾਲੇ। ਪਰਾ ਬਾਂਧਿ ਤੈਸੇ ਚਮੂੰ ਬੇਗ ਨਾਲੇ॥੫॥

ਵੱਡੇ ਵੇਗ ਨਾਲ ਜਿਵੇਂ ਹਵਾ ਵਗਦੀ ਹੈ, ਉਸ ਤਰ੍ਹਾਂ ਸਾਰੀ ਸੈਨਾ ਤੇਜ਼-ਤੇਜ਼ ਚਲਦੀ ਸੀ। ਜਿਵੇਂ ਬੱਦਲਾਂ ਦੀ ਵਰਸ਼ਾ ਨਾਲ ਹੜ੍ਹ ਦਾ ਪਾਣੀ ਚਲਦਾ ਹੈ, ਉਸ ਤਰ੍ਹਾਂ ਪਰ੍ਹੇ ਬੰਨ੍ਹ ਕੇ ਸੈਨਾ ਤੇਜ਼ੀ ਨਾਲ ਜਾ ਰਹੀ ਸੀ॥੫॥

ਭਏ ਸੌਨ ਆਛੇ ਬਿਜੈ ਦੇਨ ਵਾਰੇ। ਬਹੀ ਪੌਨ ਪੀਛੇ ਰਿਦੇ ਮੋਦ ਧਾਰੇ।
ਭੁਜਾਦੰਡ ਦੋਨੋਂ ਪ੍ਰਭੂ ਕੇ ਫਰੰਕੇ। ਮ੍ਰਿਗੰ ਮਾਲ ਦਾਏਂ ਪਲਾਈ ਅਤੰਕੇ॥੬॥

ਵਿਜੇ ਦੇਣ ਵਾਲੇ ਬੜੇ ਸ਼ੁਭ ਸ਼ਗਨ ਹੋਏ, ਹਵਾ ਪਿੱਛੇ ਵੱਗ ਰਹੀ ਸੀ, ਸਾਰਿਆਂ ਨੇ ਹਿਰਦਿਆਂ ਵਿਚ ਪ੍ਰਸੰਨਤਾ ਧਾਰਨ ਕੀਤੀ ਸੀ। ਗੁਰੂ ਜੀ ਦੇ ਦੋਵੇਂ ਡੌਲੇ ਫਰਕਦੇ ਸਨ। ਡਰਦੀ ਹੋਈ ਹਿਰਨਾਂ ਦੀ ਡਾਰ ਸੱਜੇ ਪਾਸੇ ਦੌੜ ਗਈ॥੬॥

ਇਸੀ ਰੀਤਿ ਚਾਲੇ ਪਹੂੰਚੇ ਭੰਗਾਣੀ। ਦਯਾਰਾਮ ਦੇਖੀ ਗੁਰੂ ਸੌਂ ਵਖਾਣੀ।
'ਪਿਖੋ ਸ਼ੱਤ੍ਰ ਸੈਨਾ ਪਰਾ ਬਾਂਧਿ ਠਾਢੀ। ਇਤੈ ਆਪਨੀ ਜੰਗ ਕੀ ਚੌਂਪ ਬਾਢੀ॥੭॥

ਇਸੇ ਰੀਤ ਨਾਲ ਚਲਦੇ ਭੰਗਾਣੀ ਪਹੁੰਚ ਗਏ। ਦੀਇਆ ਰਾਮ ਪ੍ਰੋਹਿਤ ਨੇ ਵੇਖ ਕੇ ਗੁਰੂ ਜੀ ਨੂੰ ਕਿਹਾ, "ਵੈਰੀ ਦੀ ਸੈਨਾ ਵੇਖੋ ਕਤਾਰ ਬੰਨ੍ਹ ਕੇ ਖੜੀ ਹੈ, ਏਧਰ ਸਾਡੀ ਸੈਨਾ ਦਾ ਜੰਗ ਵਾਸਤੇ ਚਾਅ ਵਧਿਆ ਹੈ॥੭॥

**ਪਠਾਣੀ ਚਮੂੰ ਧਾਮ ਜਾਨੰ ਬਹਾਨੇ। ਮਿਲੀ ਆਨਿ ਰਾਜਾਨ ਬੈਰੀ ਮਹਾਨੇ।**
**ਦਿਸ਼ਾ ਦਾਹਿਣੀ ਗੋਲ ਬਾਂਧੇ ਖਰੇਹੈਂ। ਸੁਲੂਣੰ ਹਰਾਮੀ ਕੋ ਕਾਰਜ ਕਰੇ ਹੈਂ॥੮॥**

ਪਠਾਣਾਂ ਦੀ ਸੈਨਾ, ਘਰ ਜਾਣ ਦੇ ਬਹਾਨੇ, ਸਾਡੇ ਵੱਡੇ ਵੈਰੀ ਰਾਜਿਆਂ ਦੀ ਸੈਨਾ ਨਾਲ ਆ ਮਿਲੀ ਹੈ। ਉਹ ਸੱਜੇ ਪਾਸੇ ਕਤਾਰ ਬੰਨ੍ਹ ਕੇ ਖੜੇ ਹਨ, ਲੂਣਹਰਾਮੀ ਕੈਸਾ ਕਾਰਜ ਕਰ ਰਹੇ ਹਨ॥੮॥

**ਚਹੈਂ ਆਪਕੇ ਸਾਥ ਮਾਂਡੇ ਲਰਾਈ। ਮਹਾਂ ਦੁਸ਼ਟ ਦੋਖੀ ਨਹੀਂ ਲਾਜ ਆਈ।**
**ਸਭੋਂ ਕੇ ਪਿਛਾਰੀ ਫਤੇਸ਼ਾਹਿ ਠਾਂਢਾ। ਨਹੀਂ ਅੱਗ੍ਰ ਆਵਾ ਰਿਦੈ ਤ੍ਰਾਸ ਬਾਢਾ॥੯॥**

ਆਪ ਜੀ ਦੇ ਨਾਲ ਲੜਾਈ ਕਰਨਾ ਚਾਹੁੰਦੇ ਹਨ। ਮਹਾਂ ਦੁਸ਼ਟ ਦੋਖੀਆਂ ਨੂੰ ਸ਼ਰਮ ਨਹੀਂ ਆਈ ਹੈ। ਸਾਰਿਆਂ ਦੇ ਪਿੱਛੇ ਫਤਹਿ ਸ਼ਾਹ ਖੜਾ ਹੈ, ਅੱਗੇ ਨਹੀਂ ਆਇਆ ਹੈ, ਦਿਲ ਵਿਚ ਬਹੁਤ ਡਰ ਵਧਾਇਆ ਹੈ॥੯॥

**ਹਰੀਚੰਦ ਰਾਜਾ ਹੰਡੂਰੀ ਸੁ ਜੋਧਾ। ਚਹੈਂ ਜੰਗ ਕੋ ਅੱਗ੍ਰ ਮੈਂ ਠਾਂਢਿ ਕ੍ਰੋਧਾ।**
**ਬਡੀਬਾਨ ਬਿੱਦਜਾ ਜਿਸੀ ਪਾਸ ਆਵੈ। ਲਗੈ ਅੰਗ ਜਾਂਕੇ ਤਿਸੀ ਕਾਲ ਘਾਵੈ॥੧੦॥**

ਰਾਜਾ ਹਰੀ ਚੰਦ ਜਿਹੜਾ ਹੰਡੂਰੀ ਯੋਧਾ ਹੈ, ਉਹ ਅੱਗੇ ਹੋ ਕੇ ਜੰਗ ਲੜਨਾ ਚਾਹੁੰਦਾ ਹੈ ਤੇ ਹੁਣ ਕ੍ਰੋਧ ਧਾਰ ਕੇ ਸਭ ਦੇ ਅੱਗੇ ਖੜਾ ਹੈ। ਜਿਸ ਦੇ ਪਾਸ ਵੱਡੀ ਧਨੁੱਖ ਵਿਦਿਆ ਹੈ, ਉਸਦਾ ਚਲਾਇਆ ਤੀਰ ਜਿਸ ਦੇ ਵੀ ਲੱਗਦਾ ਹੈ, ਉਸ ਨੂੰ ਉਸੇ ਸਮੇਂ ਮਾਰ ਦਿੰਦਾ ਹੈ॥੧੦॥

**ਮਹਾਂ ਸੂਰ ਹੰਕਾਰ ਧਾਰੀ ਉਦਾਰਾ। ਲਖੈ ਓਜ ਜਾਂਕੋ ਗਿਰੰ ਦੇਸ਼ ਸਾਰਾ।**
**ਕਈ ਬਾਰ ਰਾਜਾਨ ਸੋਂ ਮੇਲ ਮੇਰਾ। ਸਰਾਹਜੋ ਸਭੈ ਬੀਰ ਬਾਂਕੋ ਬਡੇਰਾ'॥੧੧॥**

ਮਹਾਨ ਸੂਰਮੇ ਨੇ ਵੱਡਾ ਹੰਕਾਰ ਧਾਰਨ ਕੀਤਾ ਹੈ, ਸਾਰਾ ਪਹਾੜੀ ਦੇਸ਼ ਉਸ ਦੀ ਸ਼ਕਤੀ ਨੂੰ ਜਾਣਦਾ ਹੈ। ਕਈ ਵਾਰ ਮੇਰਾ ਰਾਜਿਆਂ ਨਾਲ ਮੇਲ ਹੋਇਆ ਹੈ, ਸਾਰੇ ਸੂਰਬੀਰਾਂ ਨੇ ਉਸ ਦੀ ਸ਼ਲਾਘਾ ਕਰਕੇ ਕਿਹਾ ਹੈ ਕਿ ਇਹ ਵੱਡਾ ਬਾਂਕਾ ਸੂਰਬੀਰ ਹੈ"॥੧੧॥

**ਦਯਾਰਾਮ ਭਾਖੀ ਸੁਨੀ ਬਾਤ ਸਾਰੀ। ਪ੍ਰਭੂ ਠਾਂਢ ਹ੍ਵੈ ਕੈ ਬਿਲੋਕੀ ਅਗਾਰੀ।**
**ਇਤੀ ਬੇਰ ਬੀਤੇ ਬਡੋ ਟੋਲ ਆਯੋ। ਤੁਫੰਗੈਂ ਚਲੰਤੀ ਸੁ ਨਾਦੰ ਉਠਾਯੋ॥੧੨॥**

ਦੀਇਆ ਰਾਮ ਦੀ ਕਹੀ ਹੋਈ ਸਾਰੀ ਗੱਲ ਗੁਰੂ ਜੀ ਨੇ ਸੁਣੀ। ਫਿਰ ਗੁਰੂ ਜੀ ਨੇ ਖੜੇ ਹੋ ਕੇ ਅੱਗੇ ਵੇਖਿਆ। ਏਨੀ ਦੇਰ ਜਦ ਬੀਤੀ ਤਾਂ ਵੱਡਾ ਟੋਲਾ ਆਇਆ, ਬੰਦੂਕਾਂ ਦੇ ਚਲਣ ਨਾਲ ਬਹੁਤ ਉੱਚੀ ਆਵਾਜ਼ ਉੱਠੀ॥੧੨॥

**ਤਬੈ ਨੰਦ ਚੰਦੰ ਭਨਜੋ ਹਾਥ ਬੰਦੰ। 'ਮਹਾਰਾਜ ! ਦੇਖਹੁ ਮਹਾਂ ਬੀਰ ਬ੍ਰਿੰਦੰ।**
**ਅਹੈਂ ਕੌਨ ਆਏ ਸੁ ਜਾਨੇ ਨ ਜਾਈਂ। ਚਮੂੰ ਸੈਲ ਨਾਥਾਨ ਕੀ ਮਾਰਿ ਘਾਈ॥੧੩॥**

ਤਦ ਨੰਦ ਚੰਦ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ ! ਵੇਖੋ ਬਹੁਤ ਸੂਰਮੇ ਇਕੱਠੇ ਹੋਏ ਹਨ। ਇਹ ਕੌਣ ਆਏ ਹਨ, ਜਾਣੇ ਨਹੀਂ ਜਾਂਦੇ, ਇਨ੍ਹਾਂ ਪਹਾੜੀ ਰਾਜਿਆਂ ਦੀ ਸੈਨਾ ਮਾਰ ਕੇ ਜ਼ਖਮੀ ਕਰ ਦਿੱਤੀ ਹੈ॥੧੩॥

**ਕਿਸੂ ਦੇਸ਼ ਤੇ ਸਿੱਖ ਕੈ ਔਰ ਕੋਈ। ਦਿਸ਼ਾ ਹ੍ਵੈ ਹਮਾਰੀ ਚਹੇ ਅੱਗ੍ਰ ਢੋਈ।**
**ਪਰ੍ਹਾ ਏਕ ਪਾਸੇ ਖਰੇ ਜੰਗ ਮੰਡੇ। ਪਹਾਰੀ ਰਿਪੂ ਪੈ ਤੁਫੰਗਾਨ ਛੰਡੇ'॥੧੪॥**

Sri Satguru Jagjit Singh Ji eLlibrary NamdhariElibrary@gmail.com

ਕਿਸੇ ਦੇਸ਼ ਦੇ ਸਿੱਖ ਹਨ ਕਿ ਕੋਈ ਹੋਰ ਹਨ, ਉਹ ਸਾਡੇ ਵਾਲੇ ਪਾਸੇ ਤੋਂ ਹੋ ਕੇ ਅੱਗੇ ਵਧ ਰਹੇ ਹਨ। ਇਕ ਪਾਸੇ ਕਤਾਰ ਬੰਨ੍ਹ ਕੇ ਜੰਗ ਰਚਿਆ ਹੈ। ਪਹਾੜੀ ਵੈਰੀਆਂ ਉੱਪਰ ਬੰਦੂਕਾਂ ਚਲਾ ਰਹੇ ਹਨ" ॥੧੪॥

**ਪ੍ਰਭੂ ਡੀਠ ਡਾਰੀ ਬਿਲੋਕੈਂ ਸਿਪਾਹੀ। ਤਬੈ ਏਕ ਧਾਯੋ ਚਲਜੋ ਆਇ ਪਾਹੀ।**
**ਗੁਰੂ ਤੀਰ ਹ੍ਵੈ ਕੈ ਕਰੀ ਤਾਂ ਸਲਾਮੈਂ। ਕਹਜੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੈਂ ॥੧੫॥**

ਗੁਰੂ ਜੀ ਨੇ ਉਸ ਪਾਸੇ ਨਿਗਾਹ ਕਰਕੇ ਸਿਪਾਹੀਆਂ ਨੂੰ ਵੇਖਿਆ, ਤਦ ਇਕ ਸੂਰਬੀਰ ਦੌੜ ਕੇ ਪਾਸ ਆ ਗਿਆ। ਗੁਰੂ ਜੀ ਦੇ ਪਾਸ ਹੋ ਕੇ ਉਸ ਸਲਾਮ ਕੀਤੀ ਤੇ ਕਿਹਾ, "ਇਹ ਸਾਈਂ ਬੁੱਧੂ ਸ਼ਾਹ ਦੇ ਸਾਰੇ ਯੋਧੇ ਹਨ ॥੧੫॥

**ਮੁਰੀਦੰ ਸਕੇਲੇ ਸਭੈ ਸਾਤ ਸੈਯਾ। ਅਹੈਂ ਚਾਰ ਪੁੱਤ੍ਰੰ ਨਿਜੰ ਸੰਗ ਭੈਯਾ।**
**ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ। ਪਰ੍ਹਾ ਬੰਧਿ ਠਾਂਢੇ ਚਹੈ ਜੰਗ ਜੋਯੋ ॥੧੬॥**

ਸਾਰੇ ਮੁਰੀਦਾਂ ਨੂੰ ਇਕੱਠੇ ਕਰਕੇ ਸਤ ਸੌ ਯੋਧਾ ਆਇਆ ਹੈ, ਸਾਈਂ ਜੀ ਦੇ ਚਾਰ ਪੁੱਤਰ ਅਤੇ ਉਨ੍ਹਾਂ ਦਾ ਭਰਾ ਵੀ ਉਨ੍ਹਾਂ ਦੇ ਨਾਲ ਹੈ। ਗੁਰੂ ਜੀ ਦੀ ਸੇਵਾ ਵਿਚ ਆ ਕੇ ਹਾਜ਼ਰ ਹੋ ਗਏ ਹਨ। ਕਤਾਰ ਬੰਨ੍ਹ ਕੇ ਖੜੇ ਹੋ ਗਏ ਹਨ ਤੇ ਜੰਗ ਲੜਨਾ ਚਾਹੁੰਦੇ ਹਨ ॥੧੬॥

**ਭਏ ਲੌਨ ਖੈ ਕੈ ਹਰਾਮੀ ਪਠਾਨੰ। ਸੁਨੀ ਬਾਤ ਸਾਰੀ ਸੁ ਹੈਫੰ ਬਖਾਨੰ।**
**ਇਸੀ ਹੇਤੁ ਤੇ ਆਨਿ ਮੌਜੂਦ ਹੋਵਾ। ਉਪਾਲੰਭ ਕੋ ਨ ਸਹਜੋ ਵਾਹਿ ਖੋਵਾ" ॥੧੭॥**

ਪਠਾਣ ਲੂਣ ਖਾ ਕੇ ਹਰਾਮੀ ਹੋ ਗਏ ਹਨ, ਸਾਰੀ ਗੱਲ ਸੁਣ ਕੇ ਉਨ੍ਹਾਂ ਨੂੰ ਫਿਟਕਾਰ ਪਾਈ ਹੈ। ਇਸੇ ਕਰਕੇ ਆ ਕੇ ਮੌਜੂਦ ਹੋਏ ਹਨ, ਉਲਾਹਮੇ ਨੂੰ ਸਹਾਰਿਆ ਨਹੀਂ, ਉਲਾਹਮਾ ਲਾਹ ਦਿੱਤਾ ਹੈ" ॥੧੭॥

**ਸੁਨਜੋ ਆਵਨੰ ਜੰਗ ਮੇਲਾ ਕਰਾਲਾ। ਪ੍ਰਭੂ ਜੀ ਪ੍ਰਸੰਨੇ ਪਿਖੇ ਬੀਰ ਜਾਲਾ।**
**ਉੱਤੇ ਸ਼ਾਹ ਸੰਗੋ ਸੁ ਸੰਗ੍ਰਾਮ ਘਾਲੇ। ਤਜੈ ਸ਼ੀਘ੍ਰ ਗੋਰੀ ਰਿਪੂ ਘਾਵ ਡਾਲੇ ॥੧੮॥**

ਜਦ ਜੰਗ ਦੇ ਭਿਆਨਕ ਸਮੇਂ ਪੀਰ ਬੁੱਧੂ ਸ਼ਾਹ ਦਾ ਆਉਣਾ ਸੁਣਿਆ ਤਾਂ ਗੁਰੂ ਜੀ ਬਹੁਤ ਸੂਰਬੀਰਾਂ ਦੇ ਸਮੂਹ ਨੂੰ ਵੇਖ ਕੇ ਪ੍ਰਸੰਨ ਹੋ ਗਏ। ਓਧਰ ਸੰਗੋ ਸ਼ਾਹ ਯੁੱਧ ਕਰ ਰਿਹਾ ਸੀ। ਤੁਰਤ ਗੋਲੀਆਂ ਛੱਡ ਕੇ ਵੈਰੀ ਨੂੰ ਘਾਇਲ ਕਰ ਦਿੰਦਾ ਸੀ ॥੧੮॥

**ਭਯੋ ਨਾਦ ਭਾਰੀ ਇਕੰਬਾਰ ਐਸੇ। ਤਪੇ ਰੇਤ ਤੇ ਧਾਨ ਭੂਜੰਤਿ ਜੈਸੇ।**
**ਤੁਰੰਗਾਨ ਕੋ ਛੇਰਿ ਛੋਰੇ ਤੁਫੰਗਾ। ਫਿਰੇ ਜੰਗ ਤੇ ਅੰਗ ਲਾਗੇ ਤ ਭੰਗਾ ॥੧੯॥**

ਇਕ ਵਾਰ ਫਿਰ ਬੜੀ ਉੱਚੀ ਆਵਾਜ਼ ਉੱਠੀ, ਮਾਨੋ ਤਪਦੀ ਰੇਤ ਵਿਚ ਚਾਵਲ ਭੁੱਜ ਰਹੇ ਹੋਣ। ਘੋੜਿਆਂ ਨੂੰ ਛੇੜ ਕੇ ਬੰਦੂਕਾਂ ਛੱਡਦੇ ਸਨ। ਜੰਗ ਛਿੜੇ ਤੇ ਹੀ ਜਿਸ ਅੰਗ ਵਿਚ ਲਗਦੀਆਂ ਹਨ ਉਸ ਅੰਗ ਦਾ ਨਾਸ਼ ਹੋ ਜਾਂਦਾ ਹੈ ॥੧੯॥

**ਫਤੇਸ਼ਾਹ ਪਾਛੇ ਬਿਲੋਕੀ ਲਰਾਈ। ਹਰੀਚੰਦ ਤੇ ਆਦਿ ਜੈਸੇ ਲਗਾਈ।**
**ਭਨਜੋ ਮਾਨ ਸੰਗੰ 'ਗੁਰੂ ਸੈਨ ਭਾਰੀ। ਕਹਾਂ ਤੇ ਬਟੋਰੀ ਸਮੂਹੰ ਨਿਹਾਰੀ ॥੨੦॥**

ਫਤਹਿ ਸ਼ਾਹ ਪਿੱਛੇ ਖੜਾ ਲੜਾਈ ਵੇਖ ਰਿਹਾ ਸੀ, ਹਰੀ ਚੰਦ ਆਦਿ ਨੇ ਜਿਵੇਂ ਲੜਾਈ ਛੇੜੀ ਹੈ। ਮਾਣ ਨਾਲ ਕਹਿਣ ਲੱਗਾ, "ਗੁਰੂ ਜੀ ਦੀ ਭਾਰੀ ਸੈਨਾ ਹੈ, ਕਿਥੋਂ ਇਕੱਠੀ ਕੀਤੀ ਹੈ, ਸਾਰੀ ਵੇਖੀ ਹੈ ॥੨੦॥

**ਹੁਤੇ ਪਾਂਚ ਸੈ ਖਾਨ ਸੋ ਛੋਰਿ ਆਏ। ਹਮਾਰੀ ਦਿਸ਼ਾ ਹੋਇ ਸ਼ਸਤ੍ਰੰ ਚਲਾਏ।**
**ਅਬੈ ਹੋਇ ਆਗੇ ਕਰੋ ਜੰਗ ਭਾਰਾ। ਪ੍ਰਹਾਰੋ ਭਲੀ ਭਾਂਤਿ ਤੇ ਲੋਹ ਧਾਰਾ" ॥੨੧॥**

ਜਿਹੜੇ ਪੰਜ ਸੌ ਪਠਾਣ ਸਨ, ਉਹ ਤਾਂ ਛੱਡ ਕੇ ਆ ਗਏ ਹਨ ਸਾਡੇ ਪਾਸੇ ਹੋ ਕੇ ਉਹ ਸ਼ਸਤਰ ਚਲਾਉਂਦੇ ਹਨ, ਹੁਣ ਅੱਗੇ ਹੋ ਕੇ ਭਾਰੀ ਜੰਗ ਕਰੋ ਤੇ ਭਲੀ-ਭਾਂਤ ਤਲਵਾਰਾਂ ਦੇ ਵਾਰ ਕਰੋ" ॥੨੧॥

ਹਰੀਚੰਦ ਬੋਲਯੋ 'ਪਠਾਨੰ ਮਹਾਨਾ। ਗੁਰੂ ਭੇਤ ਸਾਰੋ ਜਥਾ ਜੋਗ ਜਾਨਾ।
ਕਰੀ ਮਾਫ ਲੂਟੰ ਕਹੈਂ ਸੋ ਬਨਾਈ। ਬਿਨਾ ਆਨ ਸੈਨਾ, ਹਮਾਰੀ ਲਰਾਈ ॥੨੨॥

ਹਰੀ ਚੰਦ ਬੋਲਿਆ, "ਪਠਾਣ ਮਹਾਨ ਹਨ, ਇਨ੍ਹਾਂ ਨੇ ਯਥਾ ਯੋਗ ਗੁਰੂ ਜੀ ਦੇ ਭੇਦ ਨੂੰ ਜਾਣਿਆ ਹੈ। ਇਨ੍ਹਾਂ ਦੀ ਅਸੀਂ ਲੁੱਟ ਮੁਆਫ ਕੀਤੀ ਹੈ, ਜਿਵੇਂ ਕਹਿੰਦੇ ਸੀ, ਅਸੀਂ ਉਸ ਤਰ੍ਹਾਂ ਹੀ ਕਰ ਦਿੱਤਾ ਹੈ। ਹੋਰ ਫੌਜ ਤੋਂ ਬਿਨਾਂ ਸਾਡੀ ਲੜਾਈ॥੨੨॥

ਸਹੀ ਨਾਂਹਿ ਜਾਵੇ ਗੁਰੂ ਪਾਸ ਕੈਸੇ। ਸਬਿੱਦਯਾ ਅਗਾਰੀ ਅਬਿੱਦਯਾਹਿ ਜੈਸੇ।
ਪੂਰਾ ਜੰਗ ਖਾਨਾਨ ਕੋ ਦੇਖਿ ਲੀਜੈ। ਪੁਨੰ ਸੈਨ ਸਾਰੀ ਲਰੈ, ਧੀਰ ਕੀਜੈ' ॥੨੩॥

ਗੁਰੂ ਜੀ ਪਾਸੋਂ ਕਿਸੇ ਤਰ੍ਹਾਂ ਵੀ ਨਹੀਂ ਝੱਲੀ ਜਾਵੇਗੀ। ਜਿਵੇਂ ਵਿਦਿਆਵਾਨ ਦੇ ਅੱਗੇ ਅਨਪੜ੍ਹ ਨਹੀਂ ਠਹਿਰ ਸਕਦਾ। ਪਹਿਲਾਂ ਪਠਾਣਾਂ ਦਾ ਜੰਗ ਵੇਖ ਲਵੋ, ਫਿਰ ਸਾਰੀ ਸੈਨਾ ਲੜੇਗੀ, ਓਨਾ ਚਿਰ ਧੀਰਜ ਕਰੋ" ॥੨੩॥

ਫਤੇਸ਼ਾਹ ਮਾਨੀ ਸੁਨੀ ਬਾਤ ਭਾਈ। ਬਿਯੋ ਭੀਖਨੰ ਖਾਨ ਤੀਰ ਬੁਲਾਈ।
ਅਗਾਰੀ ਖਰੋ ਦੇਖਿ ਕੈ ਭੂਪ ਬੋਲਾ। 'ਕਹਾਂ ਦੇਰਿ ਕੀਨੀ, ਖਰੇ ਦੇਖਿ ਓਲਾ ॥੨੪॥

ਅਭਿਮਾਨੀ ਫਤਹਿ ਸ਼ਾਹ ਨੂੰ ਰਾਜੇ ਹਰੀ ਚੰਦ ਦੀ ਗੱਲ ਚੰਗੀ ਲੱਗੀ ਉਸ ਨੇ ਭੀਖਨ ਖਾਨ ਨੂੰ ਆਪਣੇ ਪਾਸ ਬੁਲਾਇਆ। ਅੱਗੇ ਖੜਾ ਹੋਇਆ ਵੇਖ ਕੇ ਰਾਜਾ ਬੋਲਿਆ, "ਕਿਉਂ ਦੇਰ ਕੀਤੀ ਹੈ ਤੇ ਛੁੱਪ ਕੇ ਖੜੇ ਹੋ॥੨੪॥

ਅਹੈ ਮਾਫ ਲੂਟੰ ਕਰੋ ਜੰਗ ਭਾਰਾ। ਬਟੋਰੇ ਗੁਰੂ ਨੇ ਅਨੇਕੰ ਪ੍ਰਕਾਰਾ।
ਨਹੀਂ ਸ਼ਸਤ੍ਰਧਾਰੀ ਤਿਨੈ ਬੀਚ ਕੋਊ। ਹਤੋ ਏਕ ਬਾਰੀ ਚਲੈ ਭਾਜ ਸੋਊ ॥੨੫॥

ਅਸੀਂ ਲੁੱਟ ਮੁਆਫ ਕੀਤੀ ਹੈ, ਹੁਣ ਭਾਰੀ ਜੰਗ ਕਰੋ, ਗੁਰੂ ਜੀ ਨੇ ਅਨੇਕ ਪ੍ਰਕਾਰ ਸੈਨਾ ਇਕੱਠੀ ਕੀਤੀ ਹੈ। ਉਨ੍ਹਾਂ ਦੇ ਵਿਚ ਕੋਈ ਵੀ ਸ਼ਸਤਰਧਾਰੀ ਨਹੀਂ ਹੈ, ਇਕ ਵਾਰ ਮਾਰੋ, ਸਾਰੇ ਭੱਜ ਜਾਣਗੇ॥੨੫॥

ਬਡੋ ਦਰਬ ਕੋ ਸੰਗ ਲੈ ਲੂਟ ਸਾਰੋ। ਧਨੀ ਹੋਇ ਭਾਰੇ ਨਿਕੇਤੈਂ ਸਿਧਾਰੋ'।
ਸੁਨੀ ਭੀਖਨੰਖਾਨ ਮਾਨੀ ਸੁ ਬਾਨੀ। ਚਲਯੋ ਜੰਗ ਸੋਹੇਂ ਮ੍ਰਿਤੰ ਨਿਯਰਾਨੀ ॥੨੬॥

ਵੱਡੇ ਧਨ ਦੇ ਜ਼ਖੀਰੇ ਨੂੰ ਲੁੱਟ ਲਵੋ ਤੇ ਵੱਡੇ ਧਨੀ ਬਣ ਕੇ ਆਪਣੇ ਘਰਾਂ ਨੂੰ ਜਾਵੋ।" ਭੀਖਨ ਖਾਨ ਨੇ ਸੁਣ ਕੇ ਗੱਲ ਮੰਨ ਲਈ ਤੇ ਜੰਗ ਦੇ ਮੈਦਾਨ ਵਲ ਚਲ ਪਿਆ, ਜਿਵੇਂ ਹੁਣ ਮੌਤ ਨੇੜੇ ਆਈ ਹੈ॥੨੬॥

ਪਠਾਣੀ ਚਮੂੰ ਸੰਗ ਲੀਨੀ ਹਕਾਰੇ। ਕਹ੍ਯੋ 'ਹੇਲ ਕੀਜੈ' ਲਿਜੈ ਅੱਗ੍ਰ ਮਾਰੇ।
ਪਲਾਵੋ ਇਕੰ ਬਾਰ ਪੀਛੇ ਸਿਧਾਰੋ। ਪੁਰੰ ਪਾਂਵਟਾ ਜਾਤਿ ਹੀ ਲੂਟ ਮਾਰੋ ॥੨੭॥

ਸਾਰੀ ਪਠਾਣੀ ਸੈਨਾ ਨੂੰ ਬੁਲਾ ਲਿਆ ਤੇ ਕਿਹਾ, "ਹੱਲਾ ਕਰੋ" ਤੇ ਅਗਲੇ ਪਾਸੇ ਨੂੰ ਮਾਰ ਲਵੋ। ਭੱਜ ਕੇ ਇਕ ਵਾਰ ਪਿੱਛੇ ਜਾਵੋ ਤੇ ਪਾਉਂਟੇ ਨਗਰ ਵਿਚ ਜਾ ਕੇ ਲੁੱਟ ਮਾਰ ਕਰੋ॥੨੭॥

ਜਥਾ ਸੈਨ ਸੰਚੀ ਸਮੂਹੰ ਗਵਾਰਾ। ਤਥਾ ਜਾਨਤੇ ਹੋਇ ਹਾਰੇ ਬਿਚਾਰਾ'।
ਇਮੰ ਭਾਖਤੋ ਜੰਗ ਕੇ ਅੱਗ੍ਰ ਆਯੋ। ਜਿਤੇ ਖਾਨ ਸੰਗੀ ਸਭੈ ਸੰਗ ਲਜਾਯੋ ॥੨੮॥

ਜਿਵੇਂ ਗੁਰੂ ਜੀ ਨੇ ਗਵਾਰਾਂ ਦੀ ਸਾਰੀ ਸੈਨਾ ਇਕੱਠੀ ਕੀਤੀ ਹੈ, ਤੁਸੀਂ ਜਾਣਦੇ ਹੀ ਹੋ ਕਿ ਇਹ ਵਿਚਾਰੇ ਹਾਰ ਜਾਣਗੇ।" ਇਸ ਤਰ੍ਹਾਂ ਕਹਿੰਦਾ ਹੋਇਆ ਜੰਗ ਦੇ ਅੱਗੇ ਆਇਆ, ਜਿੰਨੇ ਸਾਥੀ ਪਠਾਣ ਸਨ, ਸਾਰਿਆਂ ਨੂੰ ਆਪਣੇ ਨਾਲ ਲਿਆਇਆ॥੨੮॥

ਕਰਯੋ ਭੇਰ ਗਾਢੇ ਤਜਯੋ ਬਾਨ ਗੋਰੀ। ਹਯੰ ਫੇਰਿ ਕੇ ਧਾਇ ਸੰਗ੍ਰਾਮ ਨੌਰੀ।
ਤਬੈ ਨੰਦਚੰਦੰ ਪ੍ਰਭੂ ਸੰਗ ਬੋਲਯੋ। 'ਦਲੰਖਾਨ ਢੂਕਯੋ, ਫਿਰੰ ਜੰਗ ਤੋਲਯੋ ॥੨੯॥

ਆਪਸ ਵਿਚ ਚੰਗਾ ਭੇੜ ਕੀਤਾ ਤੇ ਗੋਲੀਆਂ ਅਤੇ ਬਾਣ ਛੱਡੇ। ਘੋੜਿਆਂ ਨੂੰ ਫੇਰ ਕੇ ਯੁੱਧ ਵਾਲੇ ਸਥਾਨ ਵਲ ਦੌੜੇ। ਤਦ ਨੰਦ ਚੰਦ ਗੁਰੂ ਜੀ ਨੂੰ ਕਹਿਣ ਲੱਗਾ। "ਪਠਾਣਾਂ ਦਾ ਦਲ ਆ ਢੁਕਿਆ ਹੈ, ਫਿਰ ਕੇ ਜੰਗ ਨੂੰ ਜਾਚ ਰਿਹਾ ਹੈ॥੨੯॥

**ਇਤੇ ਆਪ ਭਾਖੋ ਰੁਕੇਂ ਜਾਇ ਆਗਾ। ਹਤੌਂ ਖਾਨ ਦ੍ਰੋਹੀਨ ਕੋ ਦੋਸ਼ ਲਾਗਾ।**
**ਖਰੇ ਆਪ ਦੇਖੋ ਪ੍ਰਭੂ ਜੀ ਤਮਾਸ਼ਾ। ਛੁਟੇ ਤੀਰ ਗੋਰੀ ਰਿਪੁ ਬ੍ਰਿੰਦ ਨਾਸ਼ਾ" ॥੩੦॥**

ਇਧਰ ਆਪ ਕਹੋ ਕਿ ਜਾ ਕੇ ਅੱਗਾ ਰੋਕੀਏ, ਮੈਂ ਮਾਰਾਂ ਉਨ੍ਹਾਂ ਖਾਨਾਂ ਨੂੰ ਜਿਨ੍ਹਾਂ ਉੱਤੇ ਨਿਮਕਹਰਾਮੀ ਦਾ ਦੋਸ ਲੱਗ ਰਿਹਾ ਹੈ। ਹੇ ਪ੍ਰਭੂ ਜੀ ! ਤੁਸੀਂ ਆਪ ਖੜੇ ਹੋ ਕੇ ਤਮਾਸ਼ਾ ਵੇਖੋ। ਤੀਰ ਅਤੇ ਗੋਲੀਆਂ ਛੱਡ ਕੇ ਸਾਰੇ ਵੈਰੀਆਂ ਨੂੰ ਨਾਸ਼ ਕਰ ਦਿੰਦੇ ਹਾਂ" ॥੩੦॥

**ਲਰੈਂ ਖਾਨ ਆਈ ਸੁਨੇ ਬੈਨ ਕਾਨੰ। ਦਈ ਫੇਰ ਆਗਜ਼ਾ 'ਬਨੋ ਸਾਵਧਾਨੰ।**
**ਦਯਾਰਾਮ ਕੋ ਸੰਗ ਲੀਜੈ ਬੁਲਾਈ'। ਦੁਊ ਬੀਰ ਬੰਕੇ ਚਲੇ ਸਾਮੁਹਾਈ॥੩੧॥**

ਜਦ ਇਹ ਗੱਲ ਕੰਨਾਂ ਨਾਲ ਸੁਣੀ ਕਿ ਖਾਨ ਆ ਕੇ ਲੜਦੇ ਹਨ ਤਾਂ ਗੁਰੂ ਜੀ ਨੇ ਆਗਿਆ ਦਿੱਤੀ, "ਸਾਵਧਾਨ ਬਣੋ ਤੇ ਦਇਆ ਰਾਮ ਨੂੰ ਆਪਣੇ ਨਾਲ ਬੁਲਾ ਲਵੋ।" ਫਿਰ ਦੋਵੇਂ ਬਾਂਕੇ ਵੀਰ ਸਾਹਮਣੇ ਚਲੇ ਗਏ॥੩੧॥

**ਧਰੇ ਚਾਂਪ ਹਾਥੰ ਰਿਦੇ ਚੌਂਪ ਸੰਗਾ। ਸਰੰ ਸੰਧਿ ਐਂਚੇ ਹਨੇ ਸ਼ੱਤ੍ਰ ਅੰਗਾ।**
**ਸੁਬੇਗੰ ਚਲੈਂ ਸ਼ੂਕ ਐਸੇ ਬਿਲੋਕੈਂ। ਉਡੈਂ ਪੰਖ ਸੌਂ ਨਾਗ ਦੌਰੈਂ ਅਰੋਕੈਂ॥ ੩੨॥**

ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਉਨ੍ਹਾਂ ਨੇ ਕਮਾਨਾਂ ਨੂੰ ਆਪਣੇ ਹੱਥ ਵਿਚ ਫੜਿਆ ਤੇ ਤਿੱਖੇ ਤੀਰ ਖਿੱਚ ਕੇ ਵੈਰੀ ਦੇ ਅੰਗਾਂ ਨੂੰ ਕੱਟ ਦਿੱਤਾ। ਐਨੀ ਤੇਜ਼ੀ ਨਾਲ ਸ਼ੂਕਦੇ ਜਾਂਦੇ, ਇਸ ਤਰ੍ਹਾਂ ਵਿਖਾਈ ਦਿੰਦੇ ਸਨ, ਮਾਨੋ ਖੰਭਾਂ ਵਾਲੇ ਨਾਗ ਉੱਡਦੇ ਹਨ, ਜਿਨ੍ਹਾਂ ਦੀ ਦੌੜ ਚਾਲ ਅਰੋਕ ਹੈ॥੩੨॥

**ਤਨੰ ਖਾਨ ਬੀਧੇ ਪ੍ਰਵੇਸ਼ੇ ਸੁ ਧਾਈ। ਗਿਰੇ ਘਾਇ ਲਾਗੇ ਤਿਨੈਂ ਮ੍ਰਿਤ੍ਰ ਪਾਈ।**
**ਤਹਾਂ ਲਾਲ ਚੰਦੰ ਗੁਰੂ ਤੀਰ ਠਾਂਢੋ। ਹੁਤੋ ਮਾਹਿਖੀ ਪਾਲ ਕੋ ਚਾਵ ਬਾਢੋ॥੩੩॥**

ਖਾਨਾਂ ਦੇ ਸਰੀਰਾਂ ਨੂੰ ਵਿੰਨ੍ਹ ਗਏ, ਇਸ ਤਰ੍ਹਾਂ ਤੇਜ਼ੀ ਨਾਲ ਉਨ੍ਹਾਂ ਦੇ ਸਰੀਰਾਂ ਵਿਚ ਪ੍ਰਵੇਸ਼ ਕਰ ਗਏ, ਜਿਹੜੇ ਘਾਇਲ ਹੋ ਕੇ ਡਿੱਗ ਪਏ ਤੇ ਫਿਰ ਮਰ ਗਏ। ਉਥੇ ਲਾਲ ਚੰਦ ਗੁਰੂ ਜੀ ਦੇ ਪਾਸ ਖੜਾ ਸੀ। ਮੱਝਾਂ ਦੇ ਪਾਲਕ ਨੂੰ ਵੱਡਾ ਚਾਉ ਸੀ॥੩੩॥

**ਬਡੋ ਜੋਰ ਜਾ ਮੈਂ, ਕਰੰ ਜੋਰਿ ਭਾਖਾ। 'ਦਿਜੈ ਨਾਥ ਆਗਜ਼ਾ ਮਹਾਂ ਮੋ ਭਿਲਾਖਾ।**
**ਜਹਾਂ ਪੰਚ ਭ੍ਰਾਤਾ ਮਹਾਂ ਜੰਗ ਘਾਲਾ। ਤਹਾ ਜਾਇ ਕੈ ਮੈਂ ਹਤੌਂ ਖਾਨ ਜਾਲਾ" ॥੩੪॥**

ਲਾਲ ਚੰਦ ਹੱਥ ਜੋੜ ਕੇ ਬੋਲਿਆ, "ਜਿਸ ਸਥਾਨ ਤੇ ਵੱਡਾ ਜ਼ੋਰ ਪਿਆ ਹੈ, ਹੇ ਗੁਰੂ ਜੀ ਓਥੇ ਜਾਣ ਦੀ ਮੈਨੂੰ ਆਗਿਆ ਦੇਵੋ ਮੇਰੀ ਵੱਡੀ ਅਭਿਲਾਸ਼ਾ ਹੈ। ਜਿੱਥੇ ਪੰਜਾਂ ਭਰਾਵਾਂ ਨੇ ਵੱਡਾ ਯੁੱਧ ਮਚਾਇਆ ਹੈ, ਉਥੇ ਜਾ ਕੇ ਮੈਂ ਪਠਾਣਾਂ ਦੇ ਸਮੂਹ ਨੂੰ ਮਾਰਾਂਗਾ" ॥੩੪॥

**ਹਸੇ ਦੀਨ ਬੰਧੂ ਕਹਯੋ 'ਧਾਇ ਜਾਵੋ। ਹਤੈ ਤੀਰ ਤੀਖੇ ਪਠਾਨੰ ਪਲਾਵੋ'।**
**ਸੁਨੇ ਬੈਨ ਸ਼੍ਰੋਨੰ ਚਲਯੋ ਚੌਂਪ ਸੰਗਾ। ਸੰਭਾਰੇ ਕੁਦੰਡੰ ਕੁਦਾਯੋ ਤੁਰੰਗਾ॥ ੩੫॥**

ਦੀਨਾ ਬੰਧੂ ਗੁਰੂ ਜੀ ਨੇ ਹੱਸ ਕੇ ਕਿਹਾ, "ਦੌੜ ਕੇ ਜਾਵੋ, ਤਿੱਖੇ ਤੀਰ ਚਲਾ ਕੇ ਪਠਾਣਾਂ ਨੂੰ ਭਜਾਵੋ।" ਜਦ ਲਾਲ ਚੰਦ ਨੇ ਗੁਰੂ ਜੀ ਦੇ ਇਹ ਸ਼ਬਦ ਆਪਣੇ ਕੰਨਾਂ ਨਾਲ ਸੁਣੇ ਤੇ ਬੜੇ ਚਾਅ ਦੇ ਨਾਲ ਚਲੇ ਗਿਆ, ਧਨੁੱਖ ਨੂੰ ਸੰਭਾਲਿਆ ਤੇ ਘੋੜੇ ਨੂੰ ਟਪਾਇਆ॥੩੫॥

**ਕੁਪਯੋ ਲਾਲਚੰਦੰ ਕਿਯੋ ਲਾਲਾ ਰੂਪੰ। ਜਿਨੈ ਗੰਜਯੰ ਗਰਬ ਸਿੰਘੰ ਅਨੂਪੰ।**
**ਜਹਾਂ ਸ਼ਾਹਿ ਸੰਗੋ ਖਰੋ ਤੀਰ ਮਾਰੇ। ਤਹਾਂ ਹੋਇ ਆਗੇ ਪਠਾਨੰ ਬੰਗਾਰੈ॥ ੩੬॥**

ਲਾਲ ਚੰਦ ਨੇ ਕ੍ਰੋਧ ਵਿਚ ਆ ਕੇ ਆਪਣਾ ਲਾਲ ਰੰਗ ਕਰ ਲਿਆ ਜਿਸ ਨੇ ਅਨੂਪਮ ਸ਼ੇਰਾਂ ਦੇ ਹੰਕਾਰ ਨੂੰ ਵੀ ਨਾਸ਼ ਕਰ ਦਿੱਤਾ ਹੈ ਜਿੱਥੇ ਸੰਗੋ ਸ਼ਾਹ ਖੜਾ ਹੋ ਕੇ ਤੀਰ ਚਲਾ ਰਿਹਾ ਸੀ, ਉਥੇ ਉਸ ਅੱਗੇ ਹੋ ਕੇ ਪਠਾਣਾਂ ਨੂੰ ਵੰਗਾਇਆ॥੩੬॥

ਬਡੇ ਓਜ ਤੇ ਬੋਲਿ ਐਸੇ ਸੁਨਾਯੋ। ਮਨੋ ਮ੍ਰਿਗ ਪੁੰਜਾਨ ਮੈਂ ਸ਼ੇਰ ਆਯੋ।
ਭਯੋ ਕੋਪ ਤੇ ਲਾਲ ਰੰਗੰ ਸਰੀਰੰ। ਕੁਦੰਡੰ ਕਠੋਰੰ ਖਿਚੇ ਛੋਰਿ ਤੀਰੰ॥ ੩੭॥

ਵੱਡੀ ਸ਼ਕਤੀ ਨਾਲ ਬੋਲ ਕੇ ਇਸ ਤਰ੍ਹਾਂ ਸੁਣਾਇਆ, ਮਾਨੋ ਹਿਰਨਾਂ ਦੇ ਝੁੰਡ ਵਿਚ ਸ਼ੇਰ ਆ ਗਿਆ ਹੋਵੇ। ਗੁੱਸੇ ਨਾਲ ਲਾਲ ਚੰਦ ਦਾ ਸਾਰਾ ਸਰੀਰ ਲਾਲ ਹੋ ਗਿਆ ਤੇ ਉਸ ਸਖਤ ਧਨੁੱਖ ਵਿਚੋਂ ਤੀਰ ਖਿੱਚ-ਖਿੱਚ ਮਾਰੇ॥ ੩੭॥

ਗਿਰੇ ਖਾਨ ਕੇਤੇ ਹਯੰ ਛੂਛ ਛੋਰੇ। ਦੁਹੂੰ ਓਰ ਕੇ ਬੀਰ ਅੰਗਾਨਿ ਫੋਰੇ।
ਚਲੀ ਲੋਹ ਧਾਰਾ ਕਰੈਂ ਮਾਰ ਮਾਰੰ। ਰਿਦੇ ਭੀਰੁ ਕੇਤੇ ਚਲੇ ਤ੍ਰਾਸ ਧਾਰੰ॥ ੩੮॥

ਕਈ ਪਠਾਣ ਡਿੱਗ ਪਏ ਤੇ ਘੋੜੇ ਖਾਲੀ ਹੋ ਗਏ, ਦੋਵਾਂ ਪਾਸਿਆਂ ਦੇ ਸੂਰਮੇ ਅੰਗਾਂ ਨੂੰ ਕੱਟਦੇ ਸਨ। ਲੋਹੇ ਦੀ ਧਾਰ ਚਲ ਪਈ ਤੇ ਮਾਰੋ ਮਾਰ ਕਰਦੇ ਸਨ, ਕਾਇਰ ਹਿਰਦਿਆਂ ਵਾਲੇ ਡਰ ਧਾਰ ਕੇ ਚਲ ਪਏ॥੩੮॥

ਕੁਪਯੋ ਮਾਹਰੀਚੰਦ ਜੋਧਾ ਬਡੇਰਾ। ਪ੍ਰਵੇਸ਼ਯੋ ਰਿਪੂ ਸੈਨ ਮੈਂ ਸਰਬ ਹੇਰਾ।
ਮਹਾਂਤੇਜ ਘੋਰਾ ਬਰਯੋ ਬੀਚ ਜਾਏ। ਹਤੇ ਇਕ ਦੋ ਖਾਨ ਭੂ ਮੈਂ ਗਿਰਾਏ॥ ੩੯॥

ਓਧਰ ਮਾਹਰੀ ਚੰਦ ਵੱਡਾ ਯੋਧਾ ਵੀ ਬਹੁਤ ਗੁੱਸੇ ਵਿਚ ਆ ਗਿਆ, ਵੈਰੀ ਦੀ ਸੈਨਾ ਵਿਚ ਵੜਦੇ ਨੂੰ ਸਾਰਿਆਂ ਨੇ ਵੇਖਿਆ। ਵੱਡਾ ਤੇਜ ਘੋੜਾ ਝੱਟ ਵੈਰੀ ਦੀ ਸੈਨਾ ਵਿਚ ਦਾਖਲ ਹੋ ਗਿਆ ਇਕ ਦੋ ਪਠਾਣ ਮਾਰ ਕੇ ਧਰਤੀ 'ਤੇ ਡੇਗ ਦਿੱਤੇ॥੩੯॥

ਚਹੂੰ ਓਰ ਤੇ ਖਾਨਬਾਨੰ ਕਮਾਨਾ। ਸੰਭਾਰੇ ਪ੍ਰਹਾਰੈਂ ਮਹਾਂ ਤਾਨ ਤਾਨਾ।
ਹਯੰ ਕੀ ਚਲਾਕੀ ਇਤੈ ਉੱਤ ਜਾਵੈ। ਰਿਪੂ ਘਾਵ ਕੋ ਦੇਖਿ ਸ਼ੀਘ੍ਰੰ ਬਚਾਵੈ॥੪੦॥

ਚਾਰੇ ਪਾਸਿਆਂ ਤੋਂ ਖਾਨ ਧਨੁੱਖ ਬਾਣ ਸੰਭਾਲ ਕੇ ਤਾਣ ਤਾਣ ਕੇ ਵਾਰ ਕਰਦੇ ਸਨ। ਪਰ ਮਾਹਰੀ ਚੰਦ ਘੋੜੀ ਦੀ ਚਲਾਕੀ ਨਾਲ ਏਧਰ ਓਧਰ ਹੋ ਜਾਂਦਾ ਸੀ, ਵੈਰੀ ਦੇ ਹਮਲੇ ਨੂੰ ਵੇਖ ਕੇ ਤੁਰਤ ਬਚਾਅ ਕਰ ਜਾਂਦਾ ਸੀ॥੪੦॥

ਘਿਰਯੋ ਬੀਚ ਖਾਨੰ ਰਣੰ ਰੰਗ ਰੁੱਝਯੋ। ਭਯੋ ਸਾਮੁਹੇ ਸੋ ਝਟਾਪੱਟ ਜੁੱਝਯੋ।
ਪਿਖਯੋ ਸ਼ਾਹਿ ਸੰਗੋ ਰੁਕਯੋ ਭ੍ਰਾਤ ਏਕੋ। ਖਤੰਗੈਂ ਪ੍ਰਹਾਰੇ ਪਠਾਨੰ ਅਰੇ ਕੋ॥ ੪੧॥

ਖਾਨਾਂ ਦੇ ਵਿਚ ਘਿਰ ਗਿਆ ਤੇ ਯੁੱਧ ਦੇ ਰੰਗ ਵਿਚ ਰੁੱਝ ਗਿਆ ਜਿਹੜਾ ਵੀ ਸਾਹਮਣੇ ਆਇਆ ਝਟਾਪਟ ਮਾਰਿਆ ਗਿਆ। ਫਿਰ ਸੰਗੋ ਸ਼ਾਹ ਨੇ ਵੇਖਿਆ ਕਿ ਭਰਾ ਘੇਰਿਆ ਗਿਆ ਹੈ ਤੇ ਅੜ ਰਹੇ ਪਠਾਣਾਂ ਨੂੰ ਤੀਰ ਮਾਰਦਾ ਹੈ॥੪੧॥

ਲਿਯੇ ਸੈਨ ਕੇ ਸੰਗ ਹੇਲਾ ਸੁ ਘਾਲਾ। ਛੁਟੇ ਤੀਰ ਗੋਰੀਨ ਰੌਰੰ ਬਿਸਾਲਾ।
ਕਿਤੇ ਖਾਨ ਮਾਰੇ ਕਿਤੇ ਭਾਜ ਚਾਲੇ। ਮਿਲਯੋ ਮਾਹਰੀ ਚੰਦ ਆਪਾ ਸੰਭਾਲੇ॥੪੨॥

ਉਸ ਨੇ ਸੈਨਾ ਨੂੰ ਨਾਲ ਲੈ ਕੇ ਵੱਡਾ ਹੱਲਾ ਕਰ ਦਿੱਤਾ, ਤੀਰਾਂ ਅਤੇ ਗੋਲੀਆਂ ਦੇ ਚਲਣ ਨਾਲ ਵੱਡਾ ਰੌਲਾ ਮੱਚਿਆ ਸੀ। ਕਿਤੇ ਖਾਨ ਮਾਰੇ ਗਏ, ਕਿਤੇ ਭੱਜ ਚਲੇ ਸਨ ਤੇ ਮਾਹਰੀ ਚੰਦ ਆਪਾ ਸੰਭਾਲ ਕੇ ਮਿਲ ਪਿਆ॥੪੨॥

ਦੋਹਰਾ- ਅਲਪ ਘਾਵ ਹਯ ਕੋ ਲਗੇ ਮਿਲਯੋ ਚਮੂੰ ਮਹਿੰ ਆਇ।
ਮਾਰ ਪਠਾਨਿਨ ਕੌ ਤਬੈ ਪ੍ਰਥਮ ਫਤੇ ਕੋ ਪਾਇ॥ ੪੩॥

ਥੋੜੇ ਜ਼ਖਮ ਘੋੜੇ ਨੂੰ ਲੱਗੇ, ਆਪਣੀ ਸੈਨਾ ਵਿਚ ਫਿਰ ਆ ਮਿਲਿਆ। ਤਦ ਪਠਾਣਾਂ ਨੂੰ ਮਾਰ ਕੇ ਪਹਿਲੀ ਫਤਹਿ ਪਾਈ॥੪੩॥

ਬਹੁਰ ਥਿਰੇ ਸਨਮੁਖ ਹਤੇ ਗਨ ਗੋਰੀ ਅਰੁ ਬਾਨ।
ਦੁਹੁੰ ਦਿਸ਼ਿ ਤੇ ਛੂਟੈਂ ਲਗੈਂ, ਹੋਨਿ ਲਗ੍ਯੋ ਘਮਸਾਨ॥ ੪੪॥

ਫਿਰ ਸਾਹਮਣੇ ਖਲੋਤਿਆਂ ਨੂੰ ਮਾਰਿਆ। ਬਹੁਤ ਗੋਲੀਆਂ ਅਤੇ ਤੀਰ ਚਾਰੇ ਪਾਸਿਆਂ ਤੋਂ ਚਲਣ ਲੱਗੇ ਤੇ ਵੱਡਾ ਘਮਸਾਨ ਹੋਣ ਲੱਗਾ॥੪੪॥

*ਦੂਸਰੀ ਰੁੱਤ ਦਾ ਪੰਜੀਵਾਂ ਅਧਿਆਇ ਸਮਾਪਤ ਹੋਇਆ॥੨੫॥*

## ਅਧਿਆਇ ਛੱਬੀਵਾਂ

*ਬੁੱਧੂਸ਼ਾਹ ਦੇ ਪੁੱਤਰਾਂ ਦਾ ਜੰਗ, ਇਕ ਸ਼ਹੀਦ ਹੋਇਆ*

ਦੋਹਰਾ- ਇਕ ਦੁਇ ਹਤੇ ਪਠਾਨ ਰਨ ਪੁਨ ਆਯੋ ਸਵਧਾਨ।
ਦੇਖਿ ਸਭੈ ਬਿਸਮੈ ਰਹੇ, ਗਯੋ ਬੀਚ ਤੇ ਜਾਨ॥ ੧॥

ਇਕ ਦੋ ਪਠਾਣ ਮਾਰ ਕੇ, ਮਾਹਰੀ ਚੰਦ ਫਿਰ ਆ ਕੇ ਸਾਵਧਾਨ ਹੋ ਗਿਆ, ਇਹ ਜਾਣ ਕੇ ਕਿ ਮਾਹਰੀ ਚੰਦ ਵਿਚੋਂ ਨਿਕਲ ਗਿਆ ਹੈ, ਸਾਰੇ ਵੇਖ ਕੇ ਬੜੇ ਹੈਰਾਨ ਰਹੇ॥੧॥

ਪਾਧੜੀ ਛੰਦ- ਇਕ ਦਿਸ਼ਾ ਬਿਖੈ ਲੈ ਸੁਭਟ ਬ੍ਰਿੰਦ। ਰੁਪ ਰਹ੍ਯੋ ਸ਼ਾਹਿ ਬੁੱਧੂ ਬਿਲੰਦ।
ਜੋ ਹੁਤੀ ਛੇਰ ਗਿਰਪਤਿਨਿ ਕੇਰ। ਛੋਰਤਿ ਤੁਫੰਗ ਤਿਨ ਰਖੀ ਘੇਰ॥੨॥

ਇਕ ਪਾਸੇ ਬਹੁਤ ਸੂਰਬੀਰ ਲੈ ਕੇ, ਬੁੱਧੂ ਸ਼ਾਹ ਬੜੇ ਕ੍ਰੋਧ ਨਾਲ ਲੜਾਈ ਕਰ ਰਿਹਾ ਸੀ। ਪਹਾੜੀ ਰਾਜਿਆਂ ਦੀ ਜਿਹੜੀ ਪਿੰਡਾਂ ਤੋਂ ਇਕੱਠੀ ਕੀਤੀ ਛੇੜ ਸੀ, ਉਸ ਨੂੰ ਬੰਦੂਕਾਂ ਚਲਾ ਕੇ ਘੇਰ ਕੇ ਰੱਖਿਆ ਸੀ॥੨॥

*ਨੋਟ : ਛੇੜ (ਵਹੀਰ) ਬਾਕਾਇਦਾ ਫੌਜ ਨਹੀਂ ਹੁੰਦੀ, ਇਹ ਪਿੰਡਾਂ ਸ਼ਹਿਰ ਦੇ ਸ਼ਸਤਰ ਚਲਾ ਸਕਣ ਵਾਲੇ ਲੜਾਕੂ ਹੁੰਦੇ ਹਨ, ਜਿਨ੍ਹਾਂ ਨੂੰ ਯੁੱਧ ਦੇ ਸਮੇਂ ਇਕੱਠੇ ਕਰ ਲਿਆ ਜਾਂਦਾ ਹੈ, ਜਿਵੇਂ ਅੱਜ ਕਲ ਰੀਜ਼ਰਵ ਸੈਨਾ ਹੁੰਦੀ ਹੈ।*

ਨਹਿਂ ਆਨ ਥਾਨ ਦੀਨੇ ਸੁ ਜਾਨਿ। ਛੋਰੰਤਿ ਬਾਨ੍ਹ ਧਨੁ ਤਾਨ ਤਾਨ।
ਬਹੁ ਮਚ੍ਯੋ ਰੌਰ ਬਕ 'ਮਾਰ ਮਾਰ'। ਹੱਥਜਾਰ ਸਮੂਹ ਪ੍ਰਹਾਰ ਡਾਰਿ॥ ੩॥

ਉਨ੍ਹਾਂ ਨੂੰ ਕਿਸੇ ਹੋਰ ਥਾਂ ਨਾ ਜਾਣ ਦਿੱਤਾ, ਧਨੁੱਖ ਵਿਚੋਂ ਤੀਰ ਤਾਣ ਤਾਣ ਕੇ ਮਾਰਦੇ ਸਨ। ਬਹੁਤ ਉੱਚੀ ਰੋਲਾ ਮਚਿਆ ਹੋਇਆ ਸੀ ਤੇ 'ਮਾਰ ਲਵੋ ਮਾਰ ਲਵੋ' ਕਹਿੰਦੇ ਸਨ, ਸਾਰੇ ਹਥਿਆਰਾਂ ਦੇ ਵਾਰ ਕਰ ਰਹੇ ਸਨ॥੩॥

ਬਹੁ ਬਜਤਿ ਦੁੰਦਭੀ ਦਿਸ਼ਨਿ ਦੋਇ। ਗਨ ਭੇਰਿ ਭੰਕਾਰਨ ਸ਼ਬਦ ਹੋਇ।
ਭਟ ਛੇਰਨ ਅੱਗ੍ਰ ਬਜੰਤਿ ਢੋਲ। ਭਟ ਪਰੇ ਧਾਇ ਬਡ ਬੋਲਿ ਬੋਲਿ॥ ੪॥

ਦੋਵੀਂ ਪਾਸੀ ਬਹੁਤ ਉੱਚੀ ਨਗਾਰੇ ਵੱਜ ਰਹੇ ਸਨ, ਬਹੁਤ ਭੇਰੀਆਂ ਦੇ ਵੱਜਣ ਦੀ ਆਵਾਜ਼ ਆ ਰਹੀ ਸੀ। ਵਹੀਰਾਂ ਦੇ ਅੱਗੇ ਢੋਲ ਵੱਜ ਰਹੇ ਸਨ, ਸੂਰਮੇ ਉੱਚੀ-ਉੱਚੀ ਬੋਲ ਕੇ ਵਾਰ ਕਰ ਰਹੇ ਸਨ॥੪॥

ਇਕ ਬਾਰਿ ਪਰੇ ਗਨ ਗਿਰਨ ਲੋਕ। ਗਨ ਗਿਰਨ ਲਗੇ ਕਹਿ ਢੂਵ ਢੋਕ।
ਗੁਲਕਾਨ ਕੇਰਿ ਬਰਖਾ ਹੋਵੰਤਿ। ਘਨ ਦੋਇ ਮਨੋ ਕਰਕਾ ਪਰੰਤਿ॥ ੫॥

ਇਕੋ ਵਾਰ ਬਹੁਤ ਪਹਾੜੀਏ ਲੋਕ ਡਿੱਗਣ ਲੱਗੇ, ਜਦ ਢੁੱਕ ਕੇ ਨੇੜੇ ਹੋ ਕੇ ਮੇਲ ਕੀਤਾ। ਗੋਲੀਆਂ ਦੀ ਵਰਸ਼ਾ ਹੋ ਰਹੀ ਸੀ, ਦੋ ਬੱਦਲਾਂ ਵਿਚੋਂ ਮਾਨੋ ਗੜੇ ਡਿੱਗ ਰਹੇ ਸਨ॥੫॥

**ਛਿਤ ਸ਼੍ਰੋਨਤ ਬਿਥਰਜੋ ਰੰਗ ਲਾਲ। ਬਹੁ ਮਰੇ ਹੇਰਿ ਗ੍ਰਿਝਿੰ ਬਿਸਾਲ।**
**ਭਰਮੀ ਅਨੇਕ ਨਭ ਆਇ ਆਇ। ਗਨ ਰਟੈਂ ਨਾਦ ਪਲ ਖਾਇ ਖਾਇ॥ ੬ ॥**

ਲਹੂ ਦੇ ਫੈਲਣ ਨਾਲ ਧਰਤੀ ਲਾਲ ਹੋ ਗਈ। ਬਹੁਤ ਮਰੇ ਹੋਏ ਵੇਖ ਕੇ ਗਿੱਰਝਾਂ ਅਕਾਸ਼ ਵਿਚ ਆ ਕੇ ਏਧਰ ਓਧਰ ਭਾਉਂਦੀਆਂ ਫਿਰਦੀਆਂ ਸਨ। ਕਈ ਮਾਸ ਖਾ ਖਾ ਕੇ ਉੱਚੀ-ਉੱਚੀ ਚੀਕਦੀਆਂ ਸਨ॥੬॥

**ਗਿਰ ਲੋਕਨ ਕਿਯ ਹੇਲਾ ਕਰਾਲ। ਰੁਪ ਰਹਜੋ ਸ਼ਾਹਿ ਬੁੱਧੂ ਬਿਸਾਲ।**
**ਸਭਿ ਲੀਨਿ ਝਾਲ ਪਗ ਨਾਂਹਿ ਹਾਲ। ਸਭਿ ਲੇ ਮੁਰੀਦ ਪਰਹਾਰ ਡਾਲਿ॥ ੭ ॥**

ਪਹਾੜੀ ਲੋਕਾਂ ਨੇ ਵਿਕਰਾਲ ਹੱਲਾ ਕੀਤਾ, ਪਰ ਪੀਰ ਬੁੱਧੂ ਸ਼ਾਹ ਆਪਣੇ ਸਾਥੀਆਂ ਸਮੇਤ ਜੰਮ ਕੇ ਅੜਿਆ ਰਿਹਾ। ਉਸ ਨੇ ਵਿਕਰਾਲ ਹੱਲੇ ਨੂੰ ਝੱਲ ਲਿਆ ਤੇ ਇਕ ਪੈਰ ਵੀ ਪਿੱਛੇ ਨਾ ਹਟਿਆ। ਸਭ ਮੁਰੀਦਾਂ ਨੂੰ ਆਪਣੇ ਨਾਲ ਲੈ ਕੇ ਵਾਰ ਕੀਤੇ॥੭॥

**ਬਹੁ ਹਤੇ ਸ਼ੱਤ੍ਰ ਲਿਯ ਜੰਗ ਤੋਲ। ਕਰਿ ਹਲਾਹੂਲ ਬਹੁ ਰੋਲ ਝੋਲ।**
**ਸੁਤ ਚਤੁਰ ਪੀਰ ਲੇ ਧਾਇ ਜਾਇ। ਗੁਲਕਾਨ ਬ੍ਰਿੰਦ ਬਰਖਾ ਕਰਾਇ॥ ੮ ॥**

ਬਹੁਤ ਵੈਰੀਆਂ ਨੂੰ ਮਾਰ ਕੇ, ਬੁੱਧੂ ਸ਼ਾਹ ਨੇ ਜੰਗ ਦਾ ਸਾਰਾ ਅੰਦਾਜ਼ਾ ਲਾ ਲਿਆ। ਬਹੁਤ ਵੱਡਾ ਹੱਲਾ ਕਰਕੇ ਤੇ ਬਹੁਤ ਰੌਲ ਝੋਲ ਕਰਕੇ ਤੇ ਆਪਣੇ ਚਾਰੇ ਪੁੱਤਰਾਂ ਨੂੰ ਨਾਲ ਲੈ ਕੇ ਬੁੱਧੂ ਸ਼ਾਹ ਧਾਵਾ ਕਰਕੇ ਪੈ ਗਿਆ ਤੇ ਬਹੁਤ ਗੋਲੀਆਂ ਦੀ ਵਰਖਾ ਕਰਵਾਈ॥੮॥

**ਤਬਿ ਝਟਾ ਪੱਟ ਗਿਰ ਪਰੇ ਸੂਰ। ਬਹੁ ਮਰੇ ਪਹਾਰੀ ਮਿਲੇ ਧੂਰ।**
**ਸਤਿਗੁਰੂ ਦਿਖਾਵਨਿ ਕੇਰਿ ਹੇਤੁ। ਬਹੁ ਕਰਜੋ ਓਜ ਰੁਪਿ ਜੰਗ ਖੇਤ॥ ੯ ॥**

ਫਿਰ ਝੱਟਪੱਟ ਸੂਰਮੇ ਡਿੱਗ ਪਏ, ਬਹੁਤ ਪਹਾੜੀਏ ਮਰ ਕੇ ਧੂਲ ਵਿਚ ਮਿੱਲ ਗਏ। ਸਤਿਗੁਰੂ ਜੀ ਨੂੰ ਵਿਖਾਉਣ ਵਾਸਤੇ ਬਹੁਤ ਸ਼ਕਤੀ ਲਾ ਕੇ ਮੈਦਾਨ ਜੰਗ ਵਿਚ ਅੜ ਗਿਆ॥੯॥

**ਪੁਨ ਧਾਇ ਕੀਨਿ ਹੇਲਾ ਕਰਾਲ। ਲਰਿ ਮਰੇ ਮਾਰ ਕਰਿ ਭਟਨ ਜਾਲ।**
**ਕਰਵਾਰ ਨਿਕਾਰਿਯ ਏਕ ਵਾਰ। ਗਿਰ ਨਰਨ ਨਿਕੰਦਤਿ ਵਾਰ ਵਾਰ॥ ੧੦ ॥**

ਫਿਰ ਧਾਵਾ ਕਰਕੇ ਵਿਕਰਾਲ ਹਮਲਾ ਕੀਤਾ ਤੇ ਫਿਰ ਬਹੁਤ ਸੂਰਬੀਰ ਮਾਰ ਕੇ ਲੜ ਮਰੇ। ਫਿਰ ਖਮਦਾਰ ਤਲਵਾਰਾਂ ਕੱਢ ਕੇ ਇਕ ਵਾਰ ਕੀਤਾ ਤੇ ਪਹਾੜੀ ਮਨੁੱਖਾਂ ਨੂੰ ਵਾਰ ਕਰ ਕਰ ਕੇ ਖਤਮ ਕਰ ਦਿੱਤਾ॥੧੦॥

**ਨਹਿੰ ਜਮੇ ਪਾਇ ਚਾਲੇ ਪਲਾਇ। ਗਿਰ ਤਰੁਨਿ ਓਟ ਆਪਾ ਬਚਾਇ।**
**ਤਬਿ ਪਿਖਿ ਗੁਲੇਰੀਆ ਨ੍ਰਿਪ ਗੁਪਾਲ। ਤਿਤ ਗਯੋ ਧਾਇ ਲੇ ਭਟਨਿ ਜਾਲ॥੧੧॥**

ਪਹਾੜੀਆਂ ਦੇ ਪੈਰ ਨਹੀਂ ਸੀ ਲੱਗਦੇ ਉਹ ਫਿਰ ਦੌੜ ਕੇ ਚਲੇ ਗਏ। ਪਹਾੜੀਆਂ ਅਤੇ ਬ੍ਰਿਛਾਂ ਦੀ ਓਟ ਵਿਚ ਆਪਣੇ ਆਪ ਨੂੰ ਬਚਾਉਂਦੇ। ਫਿਰ ਰਾਜਾ ਗੁਪਾਲ ਗੁਲੇਰੀਆ ਵੇਖ ਕੇ ਭੱਜ ਕੇ ਸੂਰਮਿਆਂ ਦੇ ਸਮੂਹ ਦੇ ਵਿਚ ਗਿਆ॥੧੧॥

**ਗੁਲਕਾਨਿ ਪੁੰਜ ਬਰਖਾ ਸੁ ਕੀਨਿ। ਬਕਿ 'ਮਾਰ ਮਾਰ' ਬਡ ਓਜ ਦੀਨਿ।**
**ਸੁਤ ਚਤੁਰ ਪੀਰ ਕੇ ਬਲਿ ਬਿਸਾਲ। ਹੁਇ ਖਰੇ ਅੱਗ੍ਰ ਪਿਖਿ ਕੈ ਗੁਪਾਲ॥੧੨॥**

ਬਹੁਤ ਗੋਲੀਆਂ ਦੀ ਵਰਖਾ ਕੀਤੀ, ਮਾਰੋ-ਮਾਰੋ ਕਹਿ ਕੇ ਬਹੁਤ ਸ਼ਕਤੀ ਦਿੱਤੀ। ਪੀਰ ਦੇ ਚਾਰੇ ਪੁੱਤਰ ਬਹੁਤ ਬਲਵਾਨ ਸਨ, ਉਹ ਰਾਜੇ ਗੁਪਾਲ ਨੂੰ ਵੇਖ ਕੇ ਅੱਗੇ ਖੜੇ ਹੋ ਗਏ॥੧੨॥

ਸ਼ਲਖੈਂ ਤੁਫੰਗ ਗੁਲਕਾਨ ਕੇਰਿ। ਗਿਰ ਨਰਨਿ ਮਾਰਿ ਥਿਰ ਹ੍ਵੈ ਦਿਲੇਰ।
ਤਿਨ ਸੰਗ ਮੁਰੀਦ ਜਿ ਮੁਸਲਮਾਨ। ਸਭਿ ਕੁਪੇ ਕੀਨਿ ਨੰਗੇ ਕ੍ਰਿਪਾਨ ॥੧੩॥

ਬੰਦੂਕਾਂ ਵਿਚੋਂ ਗੋਲੀਆਂ ਦੀਆਂ ਸ਼ਲਖਾਂ ਛੱਡਦੇ ਸਨ, ਪਹਾੜੀ ਮਨੁੱਖਾਂ ਨੂੰ ਮਾਰਨ ਵਾਸਤੇ ਦਲੇਰ ਹੋ ਕੇ ਡਟੇ ਰਹੇ। ਉਨ੍ਹਾਂ ਦੇ ਨਾਲ ਜਿਹੜੇ ਮੁਸਲਮਾਨ ਮੁਰੀਦ ਸਨ, ਉਹ ਸਾਰੇ ਤਲਵਾਰਾਂ ਨੰਗੀਆਂ ਕਰਕੇ ਅੜ ਕੇ ਖਲੋ ਗਏ॥੧੩॥

ਰਿਸ ਕਰਿ ਗੁਪਾਲ ਊਚੇ ਕਹੰਤਿ। 'ਕਿਮ ਭਾਜ ਪਾਇ ਚਾਲੇ ਡਰੰਤਿ ?।
ਅਬਿ ਹਟੋ ਬੀਰ ! ਮੈਂ ਹੌਂ ਸਹਾਇ। ਜੋ ਅਰੇ ਅੱਗ੍ਰ ਤਿਨ ਲੇਹਿੰ ਘਾਇ' ॥੧੪॥

ਗੁੱਸੇ ਵਿਚ ਆ ਕੇ ਗੁਪਾਲ ਨੇ ਉੱਚੀ ਆਵਾਜ਼ ਵਿਚ ਕਿਹਾ, "ਕਿਵੇਂ ਡਰਦੇ ਮਾਰੇ ਭੱਜ ਚਲੇ ਹੋ ? ਹੁਣ ਸੂਰਬੀਰੋ ! ਰੁਕੋ, ਮੈਂ ਤੁਹਾਡੀ ਸਹਾਇਤਾ ਵਾਸਤੇ ਆਇਆਂ ਹਾਂ। ਜਿਹੜਾ ਵੀ ਅੱਗੇ ਅੜੇ, ਉਸ ਨੂੰ ਮਾਰ ਲਵੋ" ॥੧੪॥

ਬਚ ਸੁਨੇ ਨ੍ਰਿਪਤ ਕੇ ਹਟੇ ਬੀਰ। ਛੋਰੰਤਿ ਤੁਫੰਗ ਗੁਲਕਾਨ ਤੀਰ।
ਬਡ ਹੇਲ ਕੀਨਿ ਪਰਿ ਧੂਮਧਾਮ। ਢੋਲਨਿ ਬਜਾਇ ਡੰਕਤਿ ਦਮਾਮ॥੧੫॥

ਰਾਜੇ ਦੇ ਬਚਨ ਸੁਣ ਕੇ ਸੂਰਮੇ ਮੁੜ ਆਏ ਤੇ ਗੋਲੀਆਂ ਅਤੇ ਤੀਰ ਛੱਡਣ ਲੱਗੇ। ਧੂਮਧਾਮ ਨਾਲ ਪੈ ਕੇ ਵੱਡਾ ਹਮਲਾ ਕੀਤਾ। ਢੋਲ ਵਜਾਏ ਤੇ ਨਗਾਰੇ ਨੂੰ ਡੱਗੇ ਲਾਏ॥੧੫॥

ਮਿਲਿ ਪਰੇ ਪਰਸਪਰ ਘਾਵ ਡਾਲਿ। ਗਿਰ ਪਰੇ ਬੀਰ ਹ੍ਵੈ ਕੈ ਕਰਾਲ।
ਰਣ ਜੋਰ ਸਹਜੋ ਨਹਿੰ, ਭੇ ਪਲਾਇ। ਪਿਖਿ ਪੀਰ ਪੁੱਤ੍ਰ ਰਿਸ ਉਰ ਵਧਾਇ ॥੧੬॥

ਜ਼ਖਮੀ ਕਰਦੇ ਆਪਸ ਵਿਚ ਮਿਲ ਪਏ, ਸੂਰਮੇ ਵਿਕਰਾਲ ਹੋ ਕੇ ਡਿੱਗ ਪਏ। ਯੁੱਧ ਦਾ ਜ਼ੋਰ ਸਹਿ ਨਾ ਸਕੇ ਤੇ ਭੱਜ ਉਠੇ। ਪੀਰ ਜੀ ਦੇ ਪੁੱਤਰਾਂ ਨੇ ਵੇਖ ਕੇ ਬਹੁਤ ਗੁੱਸਾ ਵਧਾਇਆ॥੧੬॥

ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ। ਸ਼ੱਤ੍ਰੁਨਿ ਮਾਰਿ ਰਨ ਮੈਂ ਖਰੋਇ।
ਜਹਿੰ ਨ੍ਰਿਪ ਗੁਪਾਲ ਤਹਿੰ ਤੀਰ ਜਾਇ। ਬਹੁ ਉਛਰਿ ਉਛਰਿ ਕਰਿਯੰਤਿ ਘਾਇ॥੧੭॥

ਤਲਵਾਰਾਂ ਕੱਢ ਕੇ ਸ਼ੇਰਾਂ ਵਾਂਗ ਪੈ ਗਏ ਤੇ ਵੈਰੀਆਂ ਨੂੰ ਮਾਰ ਕੇ ਰਣਖੇਤਰ ਵਿਚ ਖਲੋ ਗਏ। ਜਿੱਥੇ ਰਾਜਾ ਗੁਪਾਲ ਖੜਾ ਸੀ, ਉਸ ਦੇ ਪਾਸ ਜਾ ਕੇ ਬਹੁਤ ਉੱਛਲ-ਉੱਛਲ ਕੇ ਵਾਰ ਕਰਦੇ ਸਨ॥੧੭॥

ਇਤ ਉਤ ਫਿਰੰਤਿ ਗਹਿ ਖੜਗ ਢਾਲ। ਕਰਿ ਪਟੇਬਾਜ ਬਿੱਦਜਾ ਬਿਸਾਲ।
ਰਿਪੁ ਮਾਰਿ ਬਚਾਵਤਿ, ਮਾਰ ਤਾਂਹਿ। ਬਹੁ ਗਿਰੀ ਲੋਥ ਰਣ ਖੇਤ ਮਾਂਹਿ॥੧੮॥

ਢਾਲ ਤਲਵਾਰ ਨੂੰ ਫੜ ਕੇ ਏਧਰ ਓਧਰ ਫਿਰਦੇ ਸਨ ਤੇ ਪਟੇਬਾਜ਼ੀ ਦੀ ਵਿਸ਼ਾਲ ਵਿਦਿਆ ਵਿਖਾਉਂਦੇ ਸਨ। ਵੈਰੀ ਦੀ ਮਾਰ ਬਚਾ ਕੇ, ਉਸ ਨੂੰ ਮਾਰਦੇ ਸਨ। ਇਸ ਪ੍ਰਕਾਰ ਰਣਖੇਤਰ ਵਿਚ ਬਹੁਤ ਲੋਥਾਂ ਡਿੱਗ ਪਈਆਂ॥੧੮॥

ਗਿਰ ਨਰ ਅਚੰਭ ਕੌ ਧਾਰਿ ਧਾਰਿ। ਬਹੁ ਉਮਡਿ ਉਮਡਿ ਘੇਰੇ ਸੁ ਡਾਰ।
ਨਹਿੰ ਤਊ ਵਾਰ ਕਿਸ ਤੇ ਸੁ ਖਾਇਂ। ਤਨ ਕੌ ਬਚਾਇ ਰਿਪੁ ਘਾਇ ਘਾਇ ॥੧੯॥

ਪਹਾੜੀਏ ਮਨੁੱਖ ਅਸਚਰਜਤਾ ਧਾਰ-ਧਾਰ, ਬਹੁਤ ਉਮਡ-ਉਮਡ ਕੇ ਘੇਰਾ ਪਾਉਂਦੇ ਸਨ। ਫਿਰ ਉਹ ਕਿਸੇ ਪਾਸੋਂ ਵਾਰ ਨਹੀਂ ਸੀ ਖਾਂਦੇ, ਆਪਣਾ ਸਰੀਰ ਬਚਾ ਕੇ ਵੈਰੀ ਨੂੰ ਮਾਰ ਕੇ ਮਾਰ ਦਿੰਦੇ ਸਨ॥੧੯॥

ਗੁਰ ਦਿਸ਼ਿਨਿ ਕੇਰ ਭਟ ਹੇਰਿ ਹੇਰਿ। ਕਹਿੰ 'ਸਾਧ ਸਾਧ' ਪੁਨ 'ਘੇਰ ਘੇਰ'।
ਬਹੁ ਮਚਜੋ ਰੌਰ ਗੁਰ ਸੁਨਤਿ ਕਾਨ। ਬੂਝੈਂ 'ਇਤੋਕ ਕਿਨ ਜੰਗ ਠਾਨਿ ?' ॥੨੦॥

ਗੁਰੂ ਜੀ ਦੇ ਪਾਸੇ ਦੇ ਸੂਰਬੀਰ ਵੇਖ-ਵੇਖ ਕੇ ਕਹਿੰਦੇ ਸਨ, 'ਸ਼ਾਬਾਸ਼ ਸ਼ਾਬਾਸ਼' ਫਿਰ ਘੇਰ-ਘੇਰ ਮਾਰੋ। ਜਦ ਬਹੁਤ ਰੌਲਾ ਮਚਿਆ ਤਾਂ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਪੁੱਛਿਆ, "ਏਧਰ ਕਿਸ ਨੇ ਜੰਗ ਛੇੜਿਆ ਹੈ" ॥੨੦॥

ਇਕ ਸੁਭਟ ਭਨਜੋਂ 'ਚਹੁਂ ਪੁੱਤ੍ਰ ਪੀਰ। ਰਿਪੁ ਹਨੇ ਅਨਿਕ, ਬਿਚ ਥਿਰੇ ਧੀਰ।
ਤਿਨ ਪਰ ਗੁਲੇਰੀਆ ਧਾਇ ਜਾਇ। ਲਿਯ ਘੇਰ ਬੀਚ ਸਮੁਦਾਇ ਆਇ ॥੨੧॥

ਇਕ ਸੂਰਬੀਰ ਨੇ ਕਿਹਾ, "ਪੀਰ ਬੁੱਧੂ ਸ਼ਾਹ ਦੇ ਚਾਰੇ ਪੁੱਤਰਾਂ ਨੇ ਬਹੁਤ ਵੈਰੀ ਮਾਰੇ ਹਨ ਤੇ ਧੀਰਜ ਧਾਰ ਕੇ ਵਿਚ ਖੜੇ ਹਨ। ਉਨ੍ਹਾਂ ਦੇ ਉੱਤੇ ਰਾਜੇ ਗੁਲੇਰੀਏ ਨੇ ਹਮਲਾ ਕੀਤਾ ਹੈ ਤੇ ਸਾਰੇ ਪਹਾੜੀਆਂ ਨੇ ਇਕੱਠੇ ਹੋ ਕੇ ਉਨ੍ਹਾਂ ਨੂੰ ਘੇਰ ਲਿਆ ਹੈ॥੨੧॥

ਤਿਨਕੀ ਸਹਾਇ ਭੇਜੋ ਬਿਸਾਲਾ। ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ।
ਸੁਨਿ ਭੀਰ ਪਰੀ ਮਨ ਛੋਭ ਧਾਰਿ। ਹਯ ਕੋ ਕੁਦਾਇ ਚਾਲਜੋ ਉਦਾਰ ॥੨੨॥

ਉਨ੍ਹਾਂ ਦੀ ਸਹਾਇਤਾ ਵਾਸਤੇ ਵੱਡੀ ਸੈਨਾ ਭੇਜੋ। ਗੁਰੂ ਜੀ ਦੇ ਪਾਸ ਮਾਮਾ ਕ੍ਰਿਪਾਲ ਜੀ ਖੜੇ ਸਨ। ਭੀੜ ਪਈ ਬਾਰੇ ਸੁਣ ਕੇ ਮਨ ਵਿਚ ਕ੍ਰੋਧ ਧਾਰ ਕੇ ਘੋੜੇ ਨੂੰ ਕੁਦਵਾ ਕੇ, ਉਸ ਪਾਸੇ ਵਲ ਬੜੀ ਉਦਾਰਤਾ ਨਾਲ ਚਲ ਪਏ॥੨੨॥

ਕਰ ਮੈਂ ਕੁਦੰਡ ਐਂਚਜੋ ਕਠੋਰ। ਭੀਖਨ ਖਤੰਗ ਗੁਨ ਬੀਚ ਜੋਰਿ।
ਪਹੁੰਚਜੋ ਤੁਰੰਤ ਕਹਿ 'ਮਾਰ ਮਾਰ'। ਲਲਕਾਰ ਸਭਿਨਿ ਹੇਲਾ ਸੁ ਡਾਰਿ ॥੨੩॥

ਆਪਣੇ ਹੱਥ ਵਿਚ ਫੜੇ ਸਖਤ ਤੀਰ ਕਮਾਨ ਨੂੰ ਖਿਚਿਆ ਤੇ ਉਸ ਵਿਚ ਭਿਆਨਕ ਤਿੱਖੇ ਤੀਰਾਂ ਨੂੰ ਜੋੜਿਆ। 'ਮਾਰ ਮਾਰ' ਕਹਿੰਦਾ ਹੋਇਆ ਲਲਕਾਰ ਕੇ ਸਭ ਦੇ ਉੱਤੇ ਹਮਲਾ ਕਰ ਦਿੱਤਾ॥੨੩॥

ਜੋ ਹੁਤੇ ਤੁਰਕ ਲਹਿ ਕਰਿ ਸਹਾਇ। ਸਭਿ ਪਰੇ ਦੌਰ ਕਰਿ ਅਨਿਕ ਘਾਇ।
ਤੜਭੜ ਤੁਫੰਗ ਇਕ ਬਾਰਿ ਚਾਲ। ਜੁਟ ਗਏ ਕ੍ਰਿਪਾਨਨ ਓਟ ਢਾਲ ॥੨੪॥

ਜਿਹੜੇ ਤੁਰਕ ਸਨ ਉਹ, ਸਹਾਇਤਾ ਲੈ ਕੇ ਅਨੇਕਾਂ ਨੂੰ ਘਾਇਲ ਕਰਦੇ ਹੋਏ ਦੌੜ ਪਏ। ਤੜ ਫੜ ਇਕ ਵਾਰ ਬੰਦੂਕਾਂ ਚਲਾ ਕੇ ਕਿਰਪਾਨਾਂ ਅਤੇ ਢਾਲਾਂ ਲੈ ਕੇ ਜੁੱਟ ਪਏ॥੨੪॥

ਤਬਿ ਪੁੱਤ੍ਰ ਪੀਰ ਕੇ ਦੋਇ ਘੇਰਿ। ਗਨ ਰਿਪੁ ਸੰਭਾਰ ਕਰਿ ਫੇਰਿ ਫੇਰਿ।
ਪਹੁੰਚਜੋ ਕ੍ਰਿਪਾਲ ਬਾਨਨਿ ਪ੍ਰਹਾਰ। ਘੇਰੋ ਛੁਰਾਇ ਬਾਹਰ ਨਿਕਾਰਿ ॥੨੫॥

ਤਦ ਪੀਰ ਦੇ ਦੋ ਪੁੱਤਰ ਘੇਰੇ ਵਿਚ ਆਏ ਹੋਏ ਫਿਰ ਫਿਰ ਕੇ ਆਪਣੇ ਸਰੀਰ ਨੂੰ ਵੈਰੀਆਂ ਤੋਂ ਸੰਭਾਲਦੇ ਸਨ। ਉਥੇ ਮਾਮਾ ਕ੍ਰਿਪਾਲ ਜੀ ਤੀਰਾਂ ਦਾ ਵਾਰ ਕਰਦੇ ਹੋਏ ਪਹੁੰਚ ਗਏ ਤੇ ਉਨ੍ਹਾਂ ਘੇਰਾ ਛੁਡਵਾ ਕੇ ਪੀਰ ਦੇ ਪੁੱਤਰਾਂ ਨੂੰ ਬਾਹਰ ਕੱਢ ਲਿਆ॥੨੫॥

ਬਹੁ ਰਿਸੇ ਪੀਰ ਕੇ ਪੁੱਤ੍ਰ ਫੇਰ। ਬਾਹੇ ਕ੍ਰਿਪਾਨ ਹੁਇ ਫੇਰ ਨੇਰ।
ਰਿਸ ਕਰਿ ਗੁਪਾਲ ਨੇ ਬਾਨ ਛੋਰਿ। ਉਰ ਤਾਤਕਾਲ ਹੀ ਦੀਨਿ ਫੋਰ ॥੨੬॥

ਫਿਰ ਪੀਰ ਦੇ ਪੁੱਤਰ ਬਹੁਤ ਗੁੱਸੇ ਵਿਚ ਆਏ, ਕ੍ਰਿਪਾਨਾਂ ਚਲਾਉਂਦੇ ਫਿਰ ਨੇੜੇ ਹੋ ਗਏ। ਗੁੱਸੇ ਵਿਚ ਆ ਕੇ ਗੁਪਾਲ ਨੇ ਤੀਰ ਛੱਡਿਆ, ਜਿਸ ਨੇ ਤੁਰਤ ਹੀ ਪੀਰ ਦੇ ਪੁੱਤਰ ਦੇ ਹਿਰਦੇ ਨੂੰ ਪਾੜ ਦਿੱਤਾ॥੨੬॥

ਜਬਿ ਗਿਰਜੋ ਬੀਰ ਰਨ ਖੇਤ ਮਾਂਹਿ। ਦੁਹਿ ਦਿਸ਼ਨਿ ਸੁਭਟ ਲਖਿ ਲੋਥ ਤਾਂਹਿ।
ਉਮਡੇ ਅਨੇਕ ਹਿਤ ਲੇਨਿ ਆਪ। ਕਰ ਧਰੇ ਤੀਰ ਤੋਮਰ ਕਲਾਪ ॥੨੭॥

ਜਦ ਸੂਰਮਾ ਰਣਖੇਤਰ ਵਿਚ ਡਿੱਗਾ, ਦੋਵਾਂ ਪਾਸਿਆਂ ਦੇ ਸੂਰਮੇ ਲੋਥ ਨੂੰ ਵੇਖ ਕੇ ਆਪ ਲੈਣ ਵਾਸਤੇ ਉਮਡ ਕੇ ਆਏ। ਸਾਰਿਆਂ ਨੇ ਹੱਥਾਂ ਵਿਚ ਨੇਜ਼ੇ ਅਤੇ ਤੀਰ ਫੜੇ ਹੋਏ ਸਨ॥੨੭॥

ਜੁਟ ਗਏ ਬਹੁਰ ਕਾਢੇ ਕ੍ਰਿਪਾਨ। ਤਨ ਕਾਟ ਕਾਠ ਜਿਮ ਗਨ ਤਿਖਾਨ।
ਗਿਰ ਗਏ ਲੋਥ ਪੋਥਨ ਬਿਸਾਲ। ਨਹਿਂ ਤਜੀ ਥਾਇਂ ਭੀ ਅਤਿ ਕਰਾਲ ॥੨੮॥

ਆਪਸ ਵਿਚ ਜੁੱਟ ਪਏ ਤੇ ਫਿਰ ਕਿਰਪਾਨਾਂ ਕੱਢ ਲਈਆਂ। ਇਸ ਤਰ੍ਹਾਂ ਸਰੀਰਾਂ ਨੂੰ ਕੱਟਦੇ ਸਨ, ਜਿਵੇਂ ਤਰਖਾਣ ਲੱਕੜ ਕੱਟਦਾ ਹੈ। ਬਹੁਤ ਲੋਥ ਪੋਥ ਹੋ ਕੇ ਡਿੱਗ ਪਏ, ਆਪਣਾ ਸਥਾਨ ਨਾ ਛੱਡਿਆ ਐਸਾ ਵਿਕਰਾਲ ਯੁੱਧ ਕੀਤਾ॥੨੮॥

ਮਾਤੁਲ ਕ੍ਰਿਪਾਲ ਤਜਿ ਤਜਿ ਖਤੰਗ। ਜਹਿਂ ਥਿਤ ਗੁਪਾਲ ਤਹਿਂ ਅੰਗ ਭੰਗ।
ਗਨ ਗੇਰਿ ਗੇਰਿ ਦੀਨੇ ਉਥੱਲ। ਇਤਉਤ ਤਕਾਇ ਭਈ ਹੱਲ ਚੱਲ॥ ੨੯॥

ਮਾਮਾ ਕ੍ਰਿਪਾਲ ਜੀ ਤੀਰ ਛੱਡ-ਛੱਡ, ਜਿੱਥੇ ਗੁਪਾਲ ਖੜਾ ਸੀ, ਉਥੇ ਕਈ ਵੈਰੀਆਂ ਦੇ ਅੰਗ ਭੰਗ ਕਰਕੇ ਉਲਟਾ-ਉਲਟਾ ਕੇ ਡੇਗੇ। ਏਧਰ ਓਧਰ ਤਕਾ ਕੇ ਹੱਲਚੱਲ ਮਚਾ ਦਿੱਤੀ॥੨੯॥

ਨਹਿਂ ਥਿਰਨ ਦੇਤਿ ਇਕ ਥਲ ਸੁਭੱਟ। ਹਯ ਕੌ ਚਲਾਇ ਕੇਤਿਕ ਦਬੱਟ।
ਤਬਿ ਤੁਰਕ ਸਕਲ ਨਿਜ ਬਲ ਸੰਭਾਰਿ। ਗੁਲਕਾਨ ਬ੍ਰਿੰਦ ਸਾਇਕ ਪ੍ਰਹਾਰ ॥੩੦॥

ਸੂਰਮਿਆਂ ਨੂੰ ਇਕ ਥਾਂ ਖੜਾ ਨਹੀਂ ਸੀ ਹੋਣ ਦਿੰਦੇ, ਘੋੜੇ ਦੇ ਚਲਾਉਣ ਨਾਲ ਹੀ ਕਈਆਂ ਨੂੰ ਦਬਾ ਦਿੱਤਾ। ਤਦ ਪੀਰ ਬੁੱਧੂ ਸ਼ਾਹ ਦੇ ਸਾਰੇ ਮੁਰੀਦਾਂ ਨੇ ਆਪਣੀ ਸ਼ਕਤੀ ਸੰਭਾਲ ਲਈ। ਬਹੁਤ ਗੋਲੀਆਂ ਅਤੇ ਤੀਰਾਂ ਦੇ ਵਾਰ ਕੀਤੇ॥੩੦॥

ਗਿਰਪਤਿ ਗੁਪਾਲ ਕੇ ਨਿਕਟ ਬੀਰ। ਹਲ ਪਰੇ ਚਾਲ ਨਹਿਂ ਧਰਤਿ ਧੀਰ।
ਡੀਠਨ ਬਚਾਇ ਇਤ ਉਤ ਪਲਾਇ। ਕੋ ਤਰੁਨਿ ਓਟ ਹੁਇ ਨਿਜ ਬਚਾਇ ॥੩੧॥

ਜਿਹੜੇ ਰਾਜੇ ਗੁਪਾਲ ਦੇ ਨੇੜੇ ਸੂਰਮੇ ਸਨ, ਉਹ ਹੱਲਾ ਪੈਣ ਨਾਲ ਚਲ ਪਏ ਤੇ ਧੀਰਜ ਨਹੀਂ ਸੀ ਧਾਰਦੇ। ਨਜ਼ਰ ਬਚਾ ਕੇ ਏਧਰ ਓਧਰ ਭੱਜ ਪਏ, ਕਈ ਬ੍ਰਿਛਾਂ ਦੀ ਓਟ ਵਿਚ ਆ ਕੇ ਆਪਣੇ ਆਪ ਨੂੰ ਬਚਾਉਂਦੇ ਸਨ॥੩੧॥

ਇਮ ਪਰੀ ਲੋਹ ਕੀ ਮਾਰ ਭੂਰ। ਬਿਨ ਲਾਜ ਤਜਾਗਿ ਰਣਖੇਤ ਸੂਰ।
ਪਿਖਿ ਕੈ ਕ੍ਰਿਪਾਲ ਕੇ ਖਰ ਖਤੰਗ। ਗਿਰਪਤਿ ਗੁਪਾਲ ਰਿਸ ਰੰਗ ਸੰਗ ॥ ੩੨ ॥

ਇਸ ਤਰ੍ਹਾਂ ਵੱਡੀ ਲੋਹੇ ਦੀ ਮਾਰ ਪਈ ਕਿ ਸੂਰਮੇ ਬਿਨਾਂ ਲਾਜ ਦੇ ਰਣਖੇਤਰ ਛੱਡ ਕੇ ਚਲੇ ਗਏ। ਮਾਮਾ ਕ੍ਰਿਪਾਲ ਜੀ ਦੇ ਤਿੱਖੇ ਤੀਰ ਵੇਖ ਕੇ ਰਾਜਾ ਗੁਪਾਲ ਗੁੱਸੇ ਦੇ ਰੰਗ ਨਾਲ॥੩੨॥

ਸਹਿ ਸਕਯੋ ਨ, ਹਯ ਕੋ ਚਪਲ ਕੀਨਿ। ਹੁਇ ਅੱਗ੍ਰ ਬਾਨ ਕੋ ਤਜਾਗ ਦੀਨ।
ਖਰ ਹੁਤੋ ਸੁ ਮਾਤੁਲ ਓਰ ਆਇ। ਖੁਭ ਗਯੋ ਜ਼ੀਨ ਮਹਿਂ ਬੇਗ ਪਾਇ॥ ੩੩ ॥

ਬਰਦਾਸ਼ਤ ਨਾ ਕਰ ਸਕਿਆ ਤੇ ਉਸ ਘੋੜੇ ਨੂੰ ਬਹੁਤ ਤੇਜ਼ ਕੀਤਾ ਤੇ ਅੱਗੇ ਹੋ ਕੇ ਤੀਰ ਨੂੰ ਛੱਡ ਦਿੱਤਾ। ਤੇਜ਼ ਤੀਰ ਸੀ, ਉਹ ਮਾਮਾ ਜੀ ਵਲ ਆ ਕੇ ਤੁਰਤ ਘੋੜੇ ਦੀ ਕਾਠੀ ਵਿਚ ਖੁਭ ਗਿਆ॥੩੩॥

ਦਿਖ ਕੈ ਕ੍ਰਿਪਾਲ ਊਚੇ ਅਲਾਇ। 'ਤੈਂ ਨਿਜ ਪ੍ਰਹਾਰ ਲੀਨੋ ਚਲਾਇ।
ਅਬਿ ਦੇਹੁ ਵਾਰ ਮੇਰੋ ਖਰੋਇ। ਨਹਿਂ ਆਨ ਥਾਨ ਜਾਨ ਜੋਇ॥ ੩੪॥

ਇਹ ਵੇਖ ਕੇ ਮਾਮਾ ਕਿਰਪਾਲ ਜੀ ਉੱਚੀ ਆਵਾਜ਼ ਵਿਚ ਬੋਲੇ, "ਤੂੰ ਹੁਣ ਆਪਣਾ ਵਾਰ ਕਰ ਲਿਆ ਹੈ, ਹੁਣ ਖਲੋ ਕੇ ਮੈਨੂੰ ਵਾਰ ਦੇ, ਹੁਣ ਹੋਰ ਕਿਸੇ ਸਥਾਨ 'ਤੇ ਨਾ ਜਾ"॥੩੪॥

ਸਹਿ ਲੇਹੁ ਵਾਰ ਨਹਿਂ ਬਚਹਿਂ ਪ੍ਰਾਨ। ਕੈਧੋਂ ਸੁ ਹਾਨ ਹੈ ਹੈ ਕਿਕਾਨ।
ਇਹ ਸੁਨਤਿ ਸੈਲਪਤਿ ਹਯ ਚਲਾਇ। ਕਰਿ ਚਪਲ ਅਧਿਕ ਜਿਮ ਹੈ ਬਚਾਇ॥੩੫॥

ਮੇਰਾ ਵਾਰ ਸਹਿ ਲੈ, ਪ੍ਰਾਣ ਨਹੀਂ ਬਚਣਗੇ ਜਾਂ ਤੇਰਾ ਘੋੜਾ ਮਾਰਿਆ ਜਾਵੇਗਾ।" ਇਹ ਸੁਣ ਕੇ ਰਾਜੇ ਨੇ ਘੋੜੇ ਨੂੰ ਚਲਾਇਆ ਤੇ ਉਸ ਨੂੰ ਬਹੁਤ ਤੇਜ਼ ਕਰਕੇ ਆਪਣੇ ਆਪ ਨੂੰ ਬਚਾਇਆ॥੩੫॥

ਤਬਿ ਛੁਟਿ ਕ੍ਰਿਪਾਲ ਤੇ ਬਾਨ ਚਾਲ। ਤੀਖਨ ਸਮਾਨ ਪੰਨਗ ਬਿਸਾਲ।
ਉਛਰੰਤਿ ਤੁਰੰਗ ਕੇ ਕਰਨ ਮੂਲ। ਲਗਿ ਭਯੋ ਪਾਰ ਗਿਰ ਪਰਯੋ ਝੂਲਿ॥੩੬॥

ਫਿਰ ਮਾਮਾ ਕ੍ਰਿਪਾਲ ਜੀ ਪਾਸੋਂ ਤੀਰ ਨਿਕਲ ਕੇ ਚਲ ਪਿਆ, ਜਿਹੜਾ ਬੜਾ ਤਿੱਖਾ ਅਤੇ ਵੱਡੇ ਸੱਪ ਵਰਗਾ ਸੀ। ਤੀਰ ਉੱਛਲ ਕੇ ਘੋੜੇ ਦੇ ਕੰਨ ਦੇ ਮੁੱਢ ਕੋਲ ਜਾ ਲੱਗਾ ਤੇ ਪਾਰ ਲੰਘ ਗਿਆ ਤੇ ਘੋੜਾ ਝੂਲ ਕੇ ਧਰਤੀ ਤੇ ਡਿੱਗ ਪਿਆ॥੩੬॥

ਤਜਿ ਕਰਿ ਤੁਰੰਗ ਪੀਛੇ ਸਿਧਾਇ। ਨਿਜ ਸੈਨ ਪ੍ਰਵੇਸ਼ਯੋ ਤਨ ਬਚਾਇ।
ਪੁਨ ਸਨੇ ਸਨੇ ਪਸ਼ਚਾਤ ਜਾਤਿ। ਟਿਕ ਰਹਯੋ ਜੁੱਧਿ, ਥਿਰ ਕਰਹਿ ਘਾਤਿ॥੩੭॥

ਘੋੜਾ ਛੱਡ ਕੇ ਪਿੱਛੇ ਭੱਜ ਗਿਆ ਤੇ ਆਪਣੇ ਸਰੀਰ ਨੂੰ ਬਚਾ ਕੇ ਆਪਣੀ ਸੈਨਾ ਵਿਚ ਪ੍ਰਵੇਸ਼ ਕਰ ਗਿਆ। ਫਿਰ ਹੌਲੀ-ਹੌਲੀ ਪਿੱਛੇ ਚਲੇ ਗਿਆ। ਯੁੱਧ ਟਿਕਿਆ ਰਿਹਾ ਖੜੇ ਹੋ ਕੇ ਵਾਰ ਕਰਦੇ ਸਨ॥੩੭॥

ਦੋਹਰਾ- ਹੌਰੇ ਕਰਿ ਗਿਰਪਤਿਨ ਭਟ ਥਿਰ ਕਰਿ ਨਿਜ ਨਿਜ ਥਾਇ।
ਬੁੱਧੂਸ਼ਾਹ ਸਪੂਤ ਕੀ ਲੋਥ ਓਜ ਕਰਿ ਲਜਾਇ॥ ੩੮॥

ਆਪਣੇ-ਆਪਣੇ ਥਾਵਾਂ ਤੇ ਖਲੋ ਕੇ ਪਹਾੜੀ ਸੂਰਮਿਆਂ ਨੂੰ ਹੌਲੇ ਕੀਤਾ, ਫਿਰ ਪੀਰ ਬੁੱਧੂ ਸ਼ਾਹ ਦੇ ਪੁੱਤਰ ਦੀ ਲੋਥ ਨੂੰ ਸ਼ਕਤੀ ਕਰਕੇ ਲਿਆਏ॥੩੮॥

ਇਮ ਸਹਾਇਤਾ ਕਰਿ ਭਲੇ ਧੀਰਜ ਸਹਿਤ ਟਿਕਾਇ।
'ਤਜਹੁ ਤੁਫੰਗਨ ਕੋ' ਕਹਯੋ 'ਗੁਲਕਾਂ ਗਨ ਬਰਖਾਇ'॥ ੩੯॥

ਮਾਮਾ ਕਿਰਪਾਲ ਜੀ ਨੇ ਇਸ ਤਰ੍ਹਾਂ ਸਹਾਇਤਾ ਕਰਕੇ ਭਲੀ ਪ੍ਰਕਾਰ ਧੀਰਜ ਸਹਿਤ ਟਿਕਾਇਆ ਤੇ ਕਿਹਾ ਬੰਦੂਕਾਂ ਚਲਾਓ ਤੇ ਗੋਲੀਆਂ ਦੀ ਵਰਸ਼ਾ ਕਰੋ"॥੩੯॥

ਧੀਰ ਦਈ ਕਹਿ ਪੀਰ ਕੌ ਮ੍ਰਿਦੁਲ ਬਾਕ ਤੇ ਬੀਰ।
ਚਲਯੋ ਚਹਿਤਿ ਚਿਤ ਚੌਂਪ ਤੇ ਭਗਨੀ ਸੁਤ ਕੇ ਤੀਰ॥ ੪੦॥

ਬਹੁਤ ਮਿੱਠੇ ਬਚਨ ਕਹਿ ਕੇ ਪੀਰ ਬੁੱਧੂ ਸ਼ਾਹ ਨੂੰ ਧੀਰਜ ਦਿੱਤਾ ਤੇ ਫਿਰ ਚਿੱਤ ਵਿਚ ਪ੍ਰਸੰਨਤਾ ਧਾਰ ਕੇ ਆਪਣੀ ਭੈਣ ਜੀ ਦੇ ਪੁੱਤਰ ਪਾਸ ਚਲਾ ਗਿਆ॥੪੦॥

ਹਤਯੋ ਤੁਰੰਗਮ ਸ਼ੱਤ੍ਰੂ ਕੇ, ਕਰਯੋ ਸੁ ਬਚ ਗੋਪਾਲ।
ਵਾਹਿਨ ਅਪਰ ਮੰਗਾਇ ਕੈ ਭਯੋ ਅਰੂਢਿ ਭੁਵਾਲ॥ ੪੧॥

ਵੈਰੀ ਦੇ ਘੋੜੇ ਨੂੰ ਮਾਰਿਆ, ਪਰ ਗੁਪਾਲ ਰਾਜੇ ਨੇ ਆਪਣਾ ਬਚਾ ਕਰ ਲਿਆ, ਰਾਜਾ ਹੋਰ ਘੋੜਾ ਮੰਗਵਾ ਕੇ ਸਵਾਰ ਹੋ ਗਿਆ॥੪੧॥

ਕਲਗ਼ੀਧਰ ਕੇ ਨਿਕਟ ਸਭਿ ਕਰਯੋ ਬ੍ਰਿਤੰਤ ਬਖਾਨ।
'ਸਾਧ ਸਾਧ ਬੁੱਧੂ ਸੁਭਟ ਜਿਨ ਰਾਖੀ ਨਿਜ ਆਨ'॥ ੪੨॥

ਕਲਗ਼ੀਧਰ ਜੀ ਦੇ ਪਾਸ ਸਾਰਾ ਬ੍ਰਿਤਾਂਤ ਬਿਆਨ ਕੀਤਾ। ਸ਼ਾਬਾਸ਼-ਸ਼ਾਬਾਸ਼ ਬੁੱਧੂ ਸ਼ਾਹ ਸੂਰਬੀਰ ਜਿਸ ਨੇ ਆਪਣੀ ਅਣਖ ਰੱਖੀ ਹੈ॥੪੨॥

ਨ੍ਰਿਪ ਚੰਦੇਲ ਹੰਡੂਰੀਆ ਲੇ ਕਰਿ ਦਲ ਸਮੁਦਾਇ।
ਚਹੈਂ ਗੁਰੂ ਦਿਸ਼ਿ ਜੰਗ ਕੌ ਤੀਰ ਤੁਫੰਗ ਚਲਾਇ॥ ੪੩॥

ਰਾਜਾ ਚੰਦੇਲ ਹੰਡੂਰੀਆ ਆਪਣਾ ਸਾਰਾ ਦਲ ਲੈ ਕੇ, ਤੀਰ ਬੰਦੂਕ ਚਲਾ ਕੇ ਗੁਰੂ ਜੀ ਵਾਲੇ ਪਾਸੇ ਜੰਗ ਕਰਨਾ ਚਾਹੁੰਦਾ ਸੀ॥੪੩॥

ਪੰਚਹੁੰ ਭ੍ਰਾਤਾ ਅਰ ਰਹੇ ਦੇਤਿ ਚਮੂੰਕੇ ਜ਼ੋਰ।
ਦੀਹ ਦਮਾਮੇ ਡੰਕ ਦੇ 'ਮਾਰ ਮਾਰ' ਕਰਿ ਸ਼ੋਰ॥ ੪੪॥

ਪੰਜੇ ਭਰਾ ਅੜੇ ਰਹੇ ਤੇ ਸੈਨਾ ਨੂੰ ਸ਼ਕਤੀ ਦੇ ਰਹੇ ਸਨ। ਨਗਾਰੇ ਉੱਤੇ ਭਾਰੀ ਡੱਗੇ ਵੱਜ ਰਹੇ ਸਨ ਤੇ ਮਾਰੋ-ਮਾਰੋ ਦਾ ਸ਼ੋਰ ਕਰ ਰਹੇ ਸਨ॥੪੪॥

ਖਰੇ ਬਿਲੋਕਤਿ ਸਤਿਗੁਰੂ ਦਲ ਦੋਇਨ ਕੇ ਬੀਰ।
ਕਰਿ ਪੁਰਸ਼ਾਰਥ ਕੋ ਹਤਹਿੰ ਗਨ ਗੁਲਕਾਂ ਅਰੁ ਤੀਰ॥ ੪੫॥

ਖੜੇ ਹੋ ਕੇ ਗੁਰੂ ਜੀ ਦੋਵਾਂ ਦਲਾਂ ਦੇ ਸੂਰਮਿਆਂ ਨੂੰ ਵੇਖ ਰਹੇ ਸਨ। ਜਿਹੜੇ ਉੱਦਮ ਕਰਕੇ ਬਹੁਤ ਤੀਰ ਅਤੇ ਗੋਲੀਆਂ ਚਲਾ ਚਲਾ ਕੇ ਮਾਰ ਰਹੇ ਸਨ॥੪੫॥

*ਦੂਸਰੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

## *ਅਧਿਆਇ ਸਤਾਈਵਾਂ*

### *ਕ੍ਰਿਪਾਲ ਮਹੰਤ ਨੇ ਹਿਆਤ ਖਾਂ ਨੂੰ ਮਾਰਨਾ*

ਦੋਹਰਾ- ਭੀਖਮ ਖ਼ਾਨ, ਹਯਾਤਖਾਂ ਤ੍ਰਿਤੀ ਨਿਜਾਬਤ ਖਾਨ।
ਫਤੇਸ਼ਾਹ ਇਨ ਕੇ ਨਿਕਟ ਦੂਤ ਪਠਜੋ ਮਤਿਵਾਨ॥ ੧॥

ਜਿੱਥੇ ਭੀਖਨ ਖ਼ਾਨ, ਹਿਆਤ ਖ਼ਾਨ ਤੀਸਰਾ ਨਿਜਾਬਤ ਖਾਨ ਸਨ, ਉਥੇ ਰਾਜੇ ਫਤਹਿ ਸ਼ਾਹ ਨੇ ਆਪਣੇ ਇਕ ਬੁੱਧੀਮਾਨ ਦੂਤ ਨੂੰ ਭੇਜਿਆ॥੧॥

*ਪਾਧੜੀ ਛੰਦ*-ਤਤਕਾਲ ਅਯੋ ਤਿਨ ਬਾਤ ਕਹੀ। 'ਤਨ ਕਜੋਂ ਰਣ ਖੇਤਹਿੰ ਦੇਤਿ ਨਹੀਂ।
ਕਿਸ ਕਾਰਨ ਆਪ ਬਚਾਵਤਿ ਹੋ ? ਗੁਲਕਾਂ ਸਰ ਕਜੋਂ ਨ ਚਲਾਵਤਿ ਹੋ ?॥੨॥

ਤੁਰਤ ਆ ਕੇ ਉਸ ਗੱਲ ਕਹੀ, "ਰਣਖੇਤਰ ਵਿਚ ਤਨਦੇਹੀ ਨਾਲ ਕਿਉਂ ਨਹੀਂ ਲੜਦੇ ਹੋ, ਕਿਸ ਕਾਰਨ ਆਪਣੇ ਆਪ ਨੂੰ ਬਚਾਉਂਦੇ ਹੋ, ਗੋਲੀਆਂ ਅਤੇ ਤੀਰ ਕਿਉਂ ਨਹੀਂ ਚਲਾਉਂਦੇ ਹੋ ?॥੨॥

ਗੁਰ ਤੀਰ ਗਵਾਰ ਬਖਾਨਤਿ ਹੈਂ। ਹੱਥਜਾਰਨਿ ਭੇਵ ਨ ਜਾਨਤਿ ਹੈਂ।
ਕਰਿ ਹੇਲ ਮਿਲੋ ਦਲ ਕਜੋਂ ਨ ਅਬੈਂ। ਲੁਟ ਮਾਫ ਕਰੀ, ਧਨ ਲੇਹੁ ਸਬੈ' ॥੩॥

ਕਹਿੰਦੇ ਸੀ, ਗੁਰੂ ਜੀ ਪਾਸ ਗਵਾਰ ਸੈਨਾ ਹੈ, ਉਹ ਹਥਿਆਰ ਚਲਾਉਣ ਦਾ ਭੇਦ ਨਹੀਂ ਜਾਣਦੇ ਹਨ। ਹੁਣ ਉਨ੍ਹਾਂ ਉੱਤੇ ਹੱਲਾ ਕਿਉਂ ਨਹੀਂ ਕਰਦੇ ਹੋ। ਤੁਹਾਨੂੰ ਲੁੱਟ ਮੁਆਫ ਕੀਤੀ ਹੈ, ਸਾਰਾ ਧਨ ਲੈ ਲਵੋ"॥੩॥

ਸੁਨਿ ਭੀਖਨਖਾਨ ਬਖਾਨਿ ਕਰਜੋ। 'ਕੁਛ ਦੇਰਿ ਨਹੀਂ ਲਖਿ ਜੰਗ ਪਰਜੋ।
ਦਸ ਬੀਸਕਿ ਬੀਰ ਅਹੈਂ ਇਨ ਮੈਂ। ਕਰਿ ਘਾਤ ਅਬੈ ਤਿਨ ਕੋ ਰਣ ਮੈਂ॥ ੪॥

ਇਹ ਸੁਣ ਕੇ ਭੀਖਨ ਖਾਨ ਨੇ ਕਿਹਾ, "ਕੁਝ ਵੀ ਦੇਰ ਨਹੀਂ ਜੰਗ ਪਿਆ ਹੀ ਵੇਖੋ। ਦਸ ਵੀਹ ਇਨ੍ਹਾਂ ਵਿਚ ਸੂਰਬੀਰ ਹਨ, ਉਨ੍ਹਾਂ ਨੂੰ ਹੁਣ ਰਣਖੇਤਰ ਵਿਚ ਮਾਰ ਲਵਾਂਗੇ॥੪॥

ਕਰਿ ਹੇਲ ਫਤੇ, ਨਹਿਂ ਚਿੰਤ ਕਰੋ। ਰਣ ਕੇ ਹੁਇਂ ਦਾਵ ਅਨੇਕ ਤਰੇ'।
ਇਮ ਭਾਖਤਿ, ਖਾਨ ਬਟੋਰ ਲਿਏ। 'ਇਕ ਹੇਲ ਕਰੋ ਸਭਿ ਜ਼ੋਰ ਦਿਏ' ॥ ੫॥

ਫਿਰ ਹੱਲਾ ਕਰਕੇ ਫਤਹਿ ਕਰ ਲਵਾਂਗੇ, ਤੁਸੀਂ ਕੋਈ ਚਿੰਤਾ ਨਾ ਕਰੋ ਰਣਖੇਤਰ ਦੇ ਅਨੇਕਾਂ ਪ੍ਰਕਾਰ ਦੇ ਦਾਅ ਹੁੰਦੇ ਹਨ।" ਇਸ ਤਰ੍ਹਾਂ ਕਹਿ ਕੇ ਸਾਰੇ ਖਾਨ ਇਕੱਠੇ ਕਰ ਲਏ ਤੇ ਉਨ੍ਹਾਂ ਨੂੰ ਕਿਹਾ, "ਸਾਰਾ ਜ਼ੋਰ ਲਾ ਕੇ ਇਕ ਹੱਲਾ ਕਰੋ"॥੫॥

ਸੁਨਿ ਖਾਨ ਹਯਾਤ ਰਿਸਜੋ ਤਬਿਹੂੰ। ਜੁਤਿ ਭੀਖਨ ਖਾਨ ਪਿਖੇ ਸਭਿਹੂੰ।
ਕਰਿ ਤੇਜ਼ ਤੁਰੰਗ ਧਵਾਇ ਪਰਜੋ। ਹਤਿ ਬਾਨਨ ਕੋ ਦਲ ਸੰਗ ਅਰਜੋ॥ ੬॥

ਇਹ ਸੁਣ ਕੇ ਫਿਰ ਹਿਆਤ ਖਾਂ ਗੁੱਸੇ ਵਿੱਚ ਆ ਗਿਆ, ਭੀਖਨ ਖਾਂ ਸਹਿਤ ਉਸ ਸਭ ਨੂੰ ਵੇਖਿਆ। ਘੋੜੇ ਨੂੰ ਤੇਜ਼ ਕਰਕੇ ਭਜਾ ਕੇ ਪੈ ਗਿਆ। ਤੀਰ ਚਲਾ ਕੇ ਸੈਨਾ ਦੇ ਨਾਲ ਅੜ ਪਿਆ॥੬॥

ਪਸ਼ਚਾਤ ਪਠਾਨ ਸਮੂਹਨ ਹੈਂ। 'ਹਤਿ ਤੀਰ ਤੁਫੰਗਨ ਮਾਰਿ' ਕਹੈਂ।
ਇਤ ਤੇ ਉਤ ਧਾਇ ਪ੍ਰਹਾਰਤਿ ਹੈਂ। ਪਿਖਿ ਅੱਗ੍ਰ ਵਧਜੋ ਤਿਸ ਮਾਰਤਿ ਹੈਂ॥ ੭॥

ਪਿੱਛੇ ਸਾਰੇ ਪਠਾਣ ਹਨ, ਕਹਿੰਦੇ ਹਨ, "ਤੀਰਾਂ ਅਤੇ ਗੋਲੀਆਂ ਦੀ ਮਾਰ ਕਰੋ।" ਏਧਰ ਓਧਰ ਹੋ ਕੇ ਵਾਰ ਕਰਦੇ ਹਨ, ਅੱਗੇ ਵਧੇ ਨੂੰ ਵੇਖ ਕੇ ਮਾਰਦੇ ਹਨ॥੭॥

ਬਡ ਦੁੰਦਭਿ ਬਾਜਤਿ, ਜੰਗ ਮਚਜੋ। ਛਿਤ ਧੂਰਤ ਸੂਰਨ ਸ਼ੋਨ ਰਚਜੋ।
ਮੁਖ 'ਮਾਰਹਿਂ ਮਾਰ' ਉਚਾਰਤਿ ਹੈਂ। ਬਰਖਾ ਗੁਲਕਾਨਿ ਸੁ ਡਾਰਤਿ ਹੈਂ॥ ੮॥

ਬੜੀ ਉੱਚੀ ਨਗਾਰਾ ਵੱਜ ਰਿਹਾ ਸੀ, ਘਮਸਾਨ ਦਾ ਜੰਗ ਮਚਿਆ ਸੀ। ਧਰਤੀ ਉੱਤੇ ਸੂਰਬੀਰਾਂ ਦਾ ਖ਼ੂਨ ਧੂੜ ਵਿਚ ਰਚ ਗਿਆ। ਮੁਖ ਤੋਂ 'ਮਾਰੋ-ਮਾਰੋ' ਉਚਾਰਨ ਕਰਦੇ ਹਨ। ਗੋਲੀਆਂ ਦੀ ਵਰਖਾ ਕਰਦੇ ਹਨ॥੮॥

ਹੰਡਿਯਾ ਸਮ ਸੀਸ ਫੁਟੇ ਸੁ ਗਿਰੇ। ਕਰਛੀ ਜਨੁ ਹਾਥ ਕਟੰਤਿ ਪਰੇ।
ਸਿਪਰੈਂ ਜਨੁ ਪਾਤਰ ਤਾਂਹਿ ਧਰੀ। ਮਿਝ ਆਮਿਖ ਸ਼ੋਨ ਅਹਾਰ ਕਰੀ॥ ੯॥

ਹਾਂਡੀਆਂ ਵਾਂਗ ਪਾਟੇ ਹੋਏ ਸਿਰ ਡਿੱਗੇ ਪਏ ਸਨ। ਕੜਛੀਆਂ ਵਾਂਗ ਹੱਥ ਪੈਰ ਕੱਟੇ ਪਏ ਸਨ। ਢਾਲਾਂ ਪਈਆਂ ਮਾਨੋ ਪੱਤਲ ਪਏ ਹਨ। ਮਿੱਝ, ਮਾਸ ਅਤੇ ਲਹੂ ਦਾ ਭੋਜਨ ਬਣਾਇਆ ਹੈ॥੯॥

ਗਨ ਜੋਗਨਿ ਪ੍ਰੇਤ ਡਕਾਰਤਿ ਹੈਂ। ਬਹੁ ਸੁਭਟਨਿ ਪਿੰਜਰ ਡਾਰਤਿ ਹੈਂ।
ਬਹੁ ਗੀਦਰ ਆਨਿ ਪੁਕਾਰ ਕਰੈਂ। ਗ੍ਰਿਧ ਕੰਕ ਭਖੈਂ ਪਲ ਮੋਦ ਭਰੈਂ॥ ੧੦॥

ਬਹੁਤ ਜੋਗਨੀਆਂ ਅਤੇ ਪ੍ਰੇਤ ਖਾ ਖਾ ਕੇ ਡਕਾਰ ਮਾਰਦੀਆਂ ਸਨ। ਬਹੁਤ ਸੂਰਬੀਰਾਂ ਦੇ ਪਿੰਜਰਾਂ ਨੂੰ ਸੁਟਦੀਆਂ ਹਨ। ਬਹੁਤ ਗਿੱਦੜ ਆ ਕੇ ਹਵਾਂਕਦੇ ਹਨ, ਗਿੱਰਝਾਂ ਤੇ ਚਿੱਟੀਆਂ ਇੱਲਾਂ ਬਹੁਤ ਪ੍ਰਸੰਨਤਾ ਨਾਲ ਢਿੱਡ ਭਰ ਕੇ ਮਾਸ ਖਾਂਦੀਆਂ ਸਨ॥੧੦॥

ਕਿਤ ਘਾਇਲ ਹ੍ਵੈ ਜਲ ਜਾਚਤਿ ਹੈਂ। ਇਕ ਲੋਟਤਿ ਸ਼ੋਨਤਿ ਰਾਚਤਿ ਹੈਂ।
ਬਹੁ ਖਾਨ ਮਰੇ ਗੁਲਕਾਨ ਲਗੇ। ਤਰਵਾਰਨ ਸੌਂ ਜੁਟ ਬੀਰ ਜਗੇ॥ ੧੧॥

ਕਿਤੇ ਜ਼ਖਮੀ ਹੋਏ ਪਾਣੀ ਮੰਗਦੇ ਹਨ। ਕੋਈ ਲੋਟ ਪੋਟ ਹੋਏ ਖੂਨ ਵਿਚ ਲੱਥ ਪੱਥ ਹੋਏ ਹਨ। ਬਹੁਤ ਖਾਨ ਗੋਲੀਆਂ ਲੱਗਣ ਨਾਲ ਮਰ ਗਏ ਹਨ, ਤਲਵਾਰਾਂ ਨਾਲ ਜੁੱਟ ਕੇ ਬੀਰਤਾ ਜਗਮਗਾ ਰਹੀ ਹੈ॥੧੧॥

**ਤਬਿ ਖਾਨ ਹਯਾਤ ਹਨੈ ਸਰ ਕੋ। ਗੁਰ ਕੇ ਦਲ ਕੌ ਬਹੁ ਦੈ ਡਰ ਕੋ।**
**ਨਿਜ ਅੰਗ ਬਚਾਇ ਪ੍ਰਹਾਰਤਿ ਹੈ। ਹਯ ਤੇਜ ਕਰੇ ਲਲਕਾਰਤਿ ਹੈ॥ ੧੨॥**

ਤਦ ਹਿਆਤ ਖਾਂ ਤੀਰ ਛੱਡ ਰਿਹਾ ਸੀ, ਗੁਰੂ ਜੀ ਦੇ ਦਲ ਨੂੰ ਬਹੁਤ ਡਰ ਦੇ ਰਿਹਾ ਸੀ। ਆਪਣੇ ਸਰੀਰ ਨੂੰ ਬਚਾ ਕੇ ਵਾਰ ਕਰਦਾ ਸੀ। ਘੋੜੇ ਨੂੰ ਤੇਜ਼ ਕਰਕੇ ਲਲਕਾਰਦਾ ਸੀ॥੧੨॥

**ਦਲ ਮੈਂ ਬਲ ਦੀਹ ਦਿਖਾਰਤਿ ਹੈ। ਜਿਸ ਤੀਰ ਹਨੈ ਤਿਸ ਮਾਰਤਿ ਹੈ।**
**ਗੁਰ ਪਾਸ ਮਹੰਤ ਕ੍ਰਿਪਾਲ ਖਰਯੋ। ਅਵਿਲੋਕਤਿ ਕੋਪ ਬਿਸਾਲ ਭਰਯੋ॥ ੧੩॥**

ਸੈਨਾ ਵਿਚ ਵੱਡਾ ਬਲ ਵਿਖਾ ਰਿਹਾ ਸੀ। ਜਿਸ ਨੂੰ ਵੀ ਤੀਰ ਮਾਰਦਾ ਸੀ, ਮਾਰ ਹੀ ਦਿੰਦਾ ਸੀ। ਗੁਰੂ ਜੀ ਪਾਸ ਉਸ ਸਮੇਂ ਮਹੰਤ ਕ੍ਰਿਪਾਲ ਖੜਾ ਸੀ। ਉਹ ਵੇਖ ਕੇ ਬਹੁਤ ਗੁੱਸੇ ਨਾਲ ਭਰ ਗਿਆ ਤੇ ਉਸ ਕਿਹਾ॥੧੩॥

**'ਬਲ ਤੇਜ ਤੁਰੰਗਮ ਜੋਰ ਕਰੇ। ਹਮਰੇ ਦਲ ਕੋ ਬਹੁ ਤ੍ਰਾਸ ਧਰੇ।**
**ਪ੍ਰਭੁ ਜੀ ! ਨਿਜ ਆਇਸੁ ਦੇਹੁ ਅਬੈ। ਇਸ ਸੰਗ ਲਰੌਂ, ਨ ਟਰੌਂ ਸੁ ਕਬੈ॥ ੧੪॥**

"ਘੋੜੇ ਨੂੰ ਤੇਜ਼ ਕਰਕੇ, ਹਿਆਤ ਖਾਂ ਬਹੁਤ ਜ਼ੋਰ ਪਾ ਰਿਹਾ ਹੈ। ਹੇ ਪ੍ਰਭੂ ਜੀ ! ਹੁਣ ਮੈਨੂੰ ਆਗਿਆ ਦੇਵੋ, ਮੈਂ ਇਸ ਨਾਲ ਲੜਾਈ ਕਰਾਂਗਾ ਤੇ ਕਦੀ ਵੀ ਟਲਾਂਗਾ ਨਹੀਂ॥੧੪॥

**ਭਟ ਬ੍ਰਿੰਦਨਿ ਕੋ ਰਨ ਮਾਰਤਿ ਹੈ। ਨਿਜ ਅੰਗ ਬਚਾਇ ਪ੍ਰਹਾਰਤਿ ਹੈ।**
**ਹਤਿ ਪੂਰਬ ਮੈਂ ਰਿਪੁ ਪ੍ਰਾਨਨ ਕੋ। ਪੁਨ ਆਨਿ ਬਿਲੋਕਹੁਂ ਆਨਨ ਕੋ'॥੧੫॥**

ਇਹ ਬਹੁਤ ਸੂਰਮਿਆਂ ਨੂੰ ਰਣਖੇਤਰ ਵਿਚ ਮਾਰ ਰਿਹਾ ਹੈ, ਆਪਣੇ ਅੰਗ ਬਚਾ ਕੇ ਵਾਰ ਕਰਦਾ ਹੈ। ਪਹਿਲਾਂ ਮੈਂ ਇਸ ਵੈਰੀ ਨੂੰ ਮਾਰ ਕੇ, ਫਿਰ ਆਪ ਜੀ ਦੇ ਆ ਦਰਸ਼ਨ ਕਰਾਂਗਾ"॥੧੫॥

**ਕਲਗੀਧਰ ਯੌਂ ਮੁਸਕਾਇ ਕਹਯੋ। 'ਤੁਮ ਬਾਕਨਿ ਕੇਰ ਪ੍ਰਤਾਪ ਲਹਯੋ।**
**ਬਰ ਦੇਹਿ, ਫਤੇ ਗੁਰ ਪਾਵਹਿਂਗੇ। ਰਿਪੁ ਬ੍ਰਿੰਦ ਖਪਾਇਵ ਹਾਵਹਿਂਗੇ॥ ੧੬॥**

ਕਲਗੀਧਰ ਸਤਿਗੁਰੂ ਜੀ ਨੇ ਮੁਸਕਰਾ ਕੇ ਇਸ ਤਰ੍ਹਾਂ ਬਚਨ ਕੀਤਾ, "ਤੁਹਾਡੇ ਬਚਨਾਂ ਦਾ ਪ੍ਰਤਾਪ ਵੇਖਿਆ ਹੈ, ਵਰ ਦਿੱਤਾ ਹੈ ਕਿ ਗੁਰੂ ਜੀ ਫ਼ਤਹਿ ਪਾਉਣਗੇ ਤੇ ਬਹੁਤ ਵੈਰੀਆਂ ਨੂੰ ਨਾਸ਼ ਕਰਕੇ ਖਪਾ ਦੇਣਗੇ॥੧੬॥

**ਇਹ ਸੰਤਨ ਕੀ ਨਿਤ ਰੀਤਿ ਅਹੇ। ਹੁਇ ਹਾਰ ਬਿਜੈ, ਬਰ ਸ੍ਰਾਪ ਕਹੈਂ।**
**ਸੁਨਿ ਫੇਰ ਕ੍ਰਿਪਾਲ ਬਖਾਨਤਿ ਹੈ। ਰਸ ਬੀਰ ਵਧਯੋ ਰਿਸ ਠਾਨਤਿ ਹੈ॥੧੭॥**

ਇਹ ਸੰਤਾਂ ਦੀ ਸਦਾ ਹੀ ਰੀਤ ਰਹੀ ਹੈ ਕਿ ਹਾਰ ਜਿੱਤ ਵਰ ਸਰਾਪ ਕਹਿਣ ਨਾਲ ਹੁੰਦੀ ਹੈ।" ਇਹ ਸੁਣ ਕੇ ਫਿਰ ਮਹੰਤ ਕ੍ਰਿਪਾਲ ਕਹਿੰਦਾ ਹੈ, ਜਿਸ ਵਿਚ ਬੀਰ-ਰਸ ਬਹੁਤ ਵਧਿਆ ਹੈ, ਇਸ ਕਰਕੇ ਬੜਾ ਕ੍ਰੋਧ ਧਾਰਨ ਕੀਤਾ ਹੈ॥੧੭॥

**'ਪ੍ਰਭੁ ਜੀ ! ਰਨ ਮਹਿਂ ਤੁਮ ਸੰਗ ਖਰਯੋ। ਪਿਖਿ ਲੂਨਹਰਾਮ ਪਠਾਨ ਅਰਯੋ।**
**ਨਹਿਂ ਜਾਇ ਸਹਯੋ ਰਿਪੁ ਕੇ ਬਲ ਕੋ। ਕਰਿ ਘਾਤ ਡਰਾਵਤਿ ਹੈ ਦਲ ਕੌ'॥੧੮॥**

"ਹੇ ਪ੍ਰਭੂ ਜੀ ! ਰਣਖੇਤਰ ਵਿਚ ਤੁਸੀਂ ਸੰਗ ਖੜੇ ਹੋ, ਇਹ ਵੇਖ ਕੇ ਕਿ ਲੂਣਹਰਾਮੀ ਪਠਾਣ ਅੜ ਗਿਆ ਹੈ, ਇਸ ਕਰਕੇ ਮੇਰੇ ਪਾਸੋਂ ਵੈਰੀ ਦਾ ਬਲ ਬਰਦਾਸ਼ਤ ਨਹੀਂ ਹੁੰਦਾ ਹੈ, ਹਮਲਾ ਕਰਕੇ ਸਾਡੇ ਦਲ ਨੂੰ ਡਰਾ ਰਿਹਾ ਹੈ"॥੧੮॥

ਕਲਗ਼ੀਧਰ ਯੌਂ ਜਬਿ ਬੈਨ ਸੁਨੇ। ਉਰ ਹੋਇ ਪ੍ਰਸੰਨ ਬਿਸਾਲ ਭਨੇ।
'ਹੱਥਜਾਰ ਕਹਾਂ ਜੁ ਪ੍ਰਹਾਰਹੁਗੇ? ਜਿਸ ਕੇ ਬਲ ਤੇ ਅਬਿ ਮਾਰਹੁਗੇ॥੧੯॥

ਕਲਗ਼ੀਧਰ ਸਤਿਗੁਰੂ ਜੀ ਨੇ ਜਦ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਬੋਲੇ, "ਤੁਹਾਡੇ ਪਾਸ ਕਿਹੜਾ ਹਥਿਆਰ ਹੈ ਜਿਹੜਾ ਚਲਾਵੋਗੇ? ਜਿਸ ਦਾ ਬਲ ਕਰਕੇ ਹੁਣ ਮਾਰੋਗੇ॥੧੯॥

ਤਰਵਾਰ ਤੁਫੰਗ ਨ ਤੋਮਰ ਹੈ। ਧਨੁਬਾਨ ਮਹਾਨ ਨਹੀਂ ਕਰ ਹੈ।
ਨਹਿਂ ਢਾਰ ਬਚਾਵਨ ਅੰਗਨਿ ਕੋ। ਕਿਮ ਜੰਗ ਚਹੌ ਅਰ ਭੰਗਨਿ ਕੋ' ॥੨੦॥

ਤੁਹਾਡੇ ਪਾਸ ਨਾ ਤਲਵਾਰ ਹੈ, ਬੰਦੂਖ ਹੈ ਤੇ ਨਾ ਹੀ ਬਰਛਾ ਹੈ। ਮਹਾਨ ਧਨੁੱਖ ਬਾਣ ਵੀ ਹੱਥ ਵਿਚ ਨਹੀਂ ਹੈ। ਅੰਗਾਂ ਨੂੰ ਬਚਾਉਣ ਵਾਸਤੇ ਪਾਸ ਢਾਲ ਵੀ ਨਹੀਂ ਹੈ, ਕਿਵੇਂ ਜੰਗ ਵਿਚ ਵੈਰੀ ਮਾਰਨਾ ਚਾਹੁੰਦੇ ਹੋ" ॥੨੦॥

ਸੁਨਿ ਸੰਤ ਕ੍ਰਿਪਾਲ ਕ੍ਰਿਪਾਲ ਲਹਯੋ। ਢਿਗ ਮਾਤੁਲ ਬੀਰ ਕ੍ਰਿਪਾਲ ਚਹਯੋ।
'ਕੁਤਕਾ ਇਹ ਕਾਂਧੇ ਮੋਹਿ ਕਹਯੋ? ਮਮ ਆਯੁਧ ਦੀਰਘ ਹਾਥ ਗਹਯੋ॥੨੧॥

ਕ੍ਰਿਪਾਲ ਮਹੰਤ ਨੇ ਇਹ ਸੁਣ ਕੇ ਕ੍ਰਿਪਾਲੂ ਗੁਰੂ ਜੀ ਵਲ ਵੇਖਿਆ। ਫਿਰ ਪਾਸ ਖੜੇ ਮਾਮਾ ਕ੍ਰਿਪਾਲ ਜੀ ਵਲ ਵੀ ਵੇਖਿਆ। ਇਹ ਮੇਰੇ ਮੋਢੇ ਉੱਤੇ ਧਰਿਆ ਕੁਤਕਾ ਕਾਹਦੇ ਵਾਸਤੇ ਹੈ। ਮੈਂ ਆਪਣਾ ਵੱਡਾ ਹਥਿਆਰ ਆਪਣੇ ਹੱਥ ਵਿਚ ਫੜਿਆ ਹੈ॥੨੧॥

ਇਕ ਸੰਗ ਹਯਾਤ ਪ੍ਰਹਾਰ ਕਰੌਂ। ਤੁਮਰੋ ਬਲ ਪਾਇ ਰਤੀ ਨ ਡਰੌਂ।
ਜਹਿਂ ਲੌ ਚਲਿ ਜਾਇ ਨ ਛੋਰਹੁੰਗੋ। ਇਕ ਵਾਰ ਕਰੌਂ ਸਿਰ ਫੋਰਹੁੰਗੋ' ॥੨੨॥

ਇਕ ਕੁਤਕੇ ਨਾਲ ਹਿਆਤ 'ਤੇ ਵਾਰ ਕਰਾਂਗਾ, ਦੂਸਰਾ ਤੁਹਾਡੀ ਸ਼ਕਤੀ ਪਾ ਕੇ ਰਤੀ ਭਰ ਵੀ ਨਹੀਂ ਡਰਾਂਗਾ। ਜਿਥੋਂ ਤਕ ਵੀ ਚਲਾ ਜਾਵੇ ਛਡਾਂਗਾ ਨਹੀਂ, ਇਕੋ ਵਾਰ ਕਰਕੇ ਉਸ ਦਾ ਸਿਰ ਫੇਹ ਦੇਵਾਂਗਾ" ॥੨੨॥

ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈ। 'ਤਪ ਤੇਜ ਬਿਸਾਲ ਕ੍ਰਿਪਾਲ ਅਹੈ।
ਕਹਿ ਦੇਹੁ ਕ੍ਰਿਪਾਲ! ਸੁ ਆਇਸੁ ਕੌ। ਰਣ ਸਾਥ ਪਠਾਨ ਪਿਖੌ ਇਸ ਕੌ' ॥੨੩॥

ਇਹ ਸੁਣ ਕੇ ਧੀਰਜਵਾਨ ਮਾਮਾ ਕ੍ਰਿਪਾਲ ਜੀ ਨੇ ਕਿਹਾ, "ਕ੍ਰਿਪਾਲ ਮਹੰਤ ਦਾ ਵਿਸ਼ਾਲ ਤਪ ਤੇਜ ਹੈ। ਹੁਣ ਕ੍ਰਿਪਾਲੂ ਜੀ ਆਗਿਆ ਦੇ ਦੇਵੋ। ਇਸ ਦਾ ਮੈਂ ਪਠਾਣ ਨਾਲ ਯੁੱਧ ਹੁੰਦਾ ਵੇਖਾਂ" ॥੨੩॥

ਮੁਸਕਾਇ ਪ੍ਰਭੂ ਤਬਿ ਬਾਕ ਕਹਯੋ। 'ਹਤਿ ਖਾਨ ਹਯਾਤ ਰਿਦੈ ਜੁ ਚਹਯੋ।
ਬਿਦਤੀ ਜਗ ਮੈਂ ਜਿਮ ਭੀਮ ਗਦਾ। ਕੁਤਕਾ ਤਿਮ ਜਾਨਹਿਂ ਲੋਕ ਸਦਾ' ॥੨੪॥

ਮੁਸਕਰਾ ਕੇ ਫਿਰ ਗੁਰੂ ਜੀ ਨੇ ਬਚਨ ਕੀਤਾ, "ਹਿਆਤ ਖਾਨ ਨੂੰ ਮਾਰਨਾ ਤੂੰ ਹਿਰਦੇ ਵਿਚ ਚਾਹਿਆ ਹੈ। ਜਿਵੇਂ ਜਗਤ ਵਿਚ ਭੀਮ ਦੀ ਗਦਾ ਪ੍ਰਸਿੱਧ ਹੋਈ ਹੈ, ਉਸ ਤਰ੍ਹਾਂ ਹੀ ਤੇਰੇ ਕੁਤਕੇ ਨੂੰ ਸਾਰੇ ਸਦਾ ਜਾਣਨਗੇ" ॥੨੪॥

ਗੁਰ ਕੇ ਸੁਨਿ ਬਾਕ ਅਨੰਦ ਭਯੋ। ਬਲ ਸਾਥ ਸੁ ਹਾਥ ਸੰਭਾਰਿ ਲਯੋ।
ਜਿਹਂ ਦੀਰਘ ਦੇਹ ਸੁ ਪੇਟ ਮਹਾਂ। ਭੁਜ ਲੰਬ ਦੋਊ ਬਡ ਓਜ ਲਹਾ॥੨੫॥

ਗੁਰੂ ਜੀ ਦੇ ਬਚਨ ਸੁਣ ਕੇ, ਕ੍ਰਿਪਾਲ ਮਹੰਤ ਬਹੁਤ ਪ੍ਰਸੰਨ ਹੋ ਗਿਆ, ਬਲ ਨਾਲ ਉਸ ਨੂੰ ਆਪਣੇ ਹੱਥ ਵਿਚ ਸੰਭਾਲ ਲਿਆ। ਜਿਸਦਾ ਵੱਡਾ ਭਾਰਾ ਸਰੀਰ ਅਤੇ ਵੱਡਾ ਢਿੱਡ ਸੀ, ਜਿਸ ਦੀਆਂ ਦੋਵੇਂ ਲੰਮੀਆਂ ਬਾਹਾਂ ਵੱਡੀਆਂ ਸ਼ਕਤੀਸ਼ਾਲੀ ਸਨ॥੨੫॥

Sri Satguru Jagjit Singh Ji eLlibrary NamdhariElibrary@gmail.com

ਜਟ ਜੂਟ ਜੁਟਜੋਂ ਜਿਹ ਸੀਸ ਧਰੇ। ਸਭਿ ਅੰਗਨ ਬੀਚ ਬਿਭੂਤਿ ਧਰੇ।
ਨਿਜ ਤੇਜ ਤੁਰੰਗ ਧਵਾਇ ਚਲਜੋ। ਦਲ ਖਾਨਨ ਕੋ ਤਤਕਾਲ ਦਲਜੋ॥੨੬॥

ਜੜਾਵਾਂ ਦਾ ਜੂੜਾ ਜਿਸ ਸਿਰ ਉੱਤੇ ਧਰਿਆ ਸੀ ਤੇ ਸਰੀਰ ਦੇ ਸਾਰੇ ਅੰਗਾਂ ਨੂੰ ਸਵਾਹ ਮਲੀ ਸੀ। ਆਪਣੇ ਘੋੜੇ ਨੂੰ ਬਹੁਤ ਤੇਜ਼ ਭਜਾ ਕੇ ਚਲ ਪਿਆ ਤੇ ਖਾਨਾਂ ਦੇ ਦਲ ਨੂੰ ਤੁਰਤ ਜਾ ਕੇ ਦਲ ਦਿੱਤਾ॥੨੬॥

ਤਨ ਭੈਰਵ ਭੇਖ ਸੁਪੇਦ ਕਰਜੋ। ਦ੍ਰਿਗ ਆਨਨ ਲਾਲ ਸੁ ਕੋਪ ਭਰਜੋ।
ਡਰਪਾਇ ਪਠਾਨਨ ਅੱਗ੍ਰ ਭਯੋ। ਤਤਕਾਲ ਹਯਾਤ ਬੰਗਾਰ ਲਯੋ॥ ੨੭॥

ਸਵਾਹ ਨਾਲ ਚਿੱਟੇ ਰੰਗ ਦਾ ਭਿਆਨਕ ਭੇਖ ਧਾਰਨ ਕੀਤਾ ਹੋਇਆ ਸੀ। ਗੁੱਸੇ ਨਾਲ ਭਰਿਆ ਹੋਣ ਕਰਕੇ, ਅੱਖਾਂ ਤੇ ਚਿਹਰਾ ਲਾਲ ਸੀ। ਡਰਾਉਂਦਾ ਹੋਇਆ ਪਠਾਣਾਂ ਦੇ ਅੱਗੇ ਹੋ ਗਿਆ ਤੇ ਤੁਰਤ ਹਿਆਤ ਖਾਂ ਨੂੰ ਵੰਗਾਰ ਲਿਆ॥੨੭॥

'ਕਿਤ ਜਾਤਿ ਭਜਜੋ ਇਤ ਹੋਹੁ ਖਰਜੋ। ਮਮ ਸਾਥ ਕ੍ਰਿਪਾਨ ਨਿਕਾਰ ਲਰਜੋ।
ਹਮਰੇ ਬਹੁ ਬੀਰ ਹਤੇ ਰਨ ਮੈਂ। ਅਬਿ ਸਨਮੁਖ ਧੀਰ ਧਰੋ ਮਨ ਮੈਂ'॥ ੨੮॥

"ਕਿੱਧਰ ਭੱਜਾ ਜਾਂਦਾ ਹੈਂ ਏਧਰ ਮੇਰੇ ਸਾਹਮਣੇ ਖੜਾ ਹੋ। ਮੇਰੇ ਨਾਲ ਕ੍ਰਿਪਾਨ ਕੱਢ ਕੇ ਲੜੋ। ਰਣਖੇਤਰ ਵਿਚ ਤੂੰ ਸਾਡੇ ਬਹੁਤ ਸੂਰਬੀਰਾਂ ਨੂੰ ਮਾਰਿਆ ਹੈ, ਹੁਣ ਧੀਰਜ ਧਾਰ ਕੇ ਮੇਰੇ ਸਾਹਮਣੇ ਹੋਵੇਂ"॥੨੮॥

ਸੁਨਿ ਖਾਨ ਮੁਰਜੋ ਲਲਕਾਰਤਿ ਹੀ। ਜਿਮ ਨਾਗ ਕਿ ਪੂੰਛਹਿ ਦਾਬਤਿ ਹੀ।
ਹੁਇ ਸੰਮੁਖ ਦੋਨਹੁ ਬੀਰ ਖਰੇ। ਤਰਵਾਰ ਨਿਕਾਰਿਯ ਕੋਪ ਭਰੇ॥ ੨੯॥

ਇਹ ਸੁਣ ਕੇ ਖਾਨ ਲਲਕਾਰਦਿਆਂ ਹੀ ਮੁੜ ਪਿਆ, ਜਿਵੇਂ ਨਾਗ ਦੀ ਪੂਛ ਦੱਬ ਦਿੱਤੀ ਹੋਵੇ। ਦੋਵੇਂ ਸੂਰਬੀਰ ਇਕ ਦੂਸਰੇ ਦੇ ਸਾਹਮਣੇ ਹੋ ਕੇ ਖਲੋ ਗਏ। ਖਾਨ ਨੇ ਗੁੱਸੇ ਵਿਚ ਆ ਕੇ ਤਲਵਾਰ ਕੱਢੀ॥੨੯॥

ਕੁਤਕਾ ਬਡ ਮੋਟ ਸੰਭਾਰਿ ਤਬੈ। ਦਲ ਦੋਇਨ ਕੇ ਭਟ ਦੇਖਿ ਸਬੈ।
ਲਖਿ ਸਾਧ ਬਿਭੂਤਿ ਜਟਾਉ ਧਰੇ। ਗਿਰਨਾਥ, ਪਠਾਨ, ਦਿਸੰਤਿ ਖਰੇ॥ ੩੦॥

ਤਦ ਮਹੰਤ ਕ੍ਰਿਪਾਲ ਨੇ ਵੱਡੇ ਕੁਤਕੇ ਨੂੰ ਸੰਭਾਲਿਆ, ਦੋਵਾਂ ਦਲਾਂ ਦੇ ਸੂਰਮੇ ਵੇਖ ਰਹੇ ਸਨ। ਜੜਾਵਾਂ ਵਾਲਾ ਸਾਧ ਸਮਝ ਕੇ ਪਹਾੜੀ ਰਾਜੇ, ਪਠਾਣ ਖੜੇ ਹੋ ਕੇ ਵੇਖ ਰਹੇ ਸਨ॥੩੦॥

ਇਹ ਜੁੱਧ ਭਲੋ ਹਠ ਸਾਧ ਕਿਯੋ। ਹਿਤ ਮਾਰਨ ਕੇ ਕੁਤਕਾ ਸੁ ਲਿਯੋ।
ਤਜਿਕੈ ਰਨ ਦੇਖਨਿ ਦੋਇਨ ਕੋ। ਇਮ ਪੂਰਬ ਕੀਨਸਿ ਕੋਇ ਨ ਕੋ॥ ੩੧॥

ਕਹਿ ਰਹੇ ਸਨ, "ਇਸ ਸਾਧ ਨੇ ਯੁੱਧ ਕਰਨ ਦਾ ਇਹ ਭਲਾ ਹਠ ਕੀਤਾ ਹੈ, ਮਾਰਨ ਵਾਸਤੇ ਇਸ ਹੱਥ ਵਿਚ ਕੁਤਕਾ ਫੜਿਆ ਹੈ।" ਸਾਰੇ ਜੰਗ ਛੱਡ ਕੇ, ਉਨ੍ਹਾਂ ਦੋਹਾਂ ਦਾ ਯੁੱਧ ਵੇਖਣ ਲੱਗ ਗਏ। ਇਸ ਤਰ੍ਹਾਂ ਪਹਿਲਾਂ ਕਿਸੇ ਨੇ ਵੀ ਕਦੀ ਐਸਾ ਯੁੱਧ ਨਹੀਂ ਸੀ ਕੀਤਾ॥੩੧॥

ਕਰਿ ਤੇਜ ਤੁਰੰਗ ਪਠਾਨ ਅਯੋ। ਤਰਵਾਰ ਨਿਕਾਰਿ ਉਭਾਰਿ ਲਯੋ।
ਉਰ ਧੀਰਜ ਸੰਮੁਖ ਸਾਧ ਖਰਜੋ। ਕੁਤਕਾ ਗਹਿ ਨੈਕ ਨ ਹੀਯ ਡਰਜੋ॥ ੩੨॥

ਪਠਾਣ ਘੋੜੇ ਨੂੰ ਤੇਜ਼ ਕਰਕੇ ਆਇਆ ਤੇ ਤਲਵਾਰ ਨੂੰ ਕੱਢ ਕੇ ਉਭਾਰਿਆ। ਸਾਹਮਣੇ ਧੀਰਜ ਧਾਰ ਕੇ ਸਾਧ ਖੜਾ ਸੀ। ਕੁਤਕਾ ਫੜ ਕੇ ਉਹ ਰਤੀ ਭਰ ਵੀ ਦਿਲ ਵਿਚ ਨਾ ਡਰਿਆ॥੩੨॥

ਤਬਿ ਖਾਨਹਯਾਤ ਸਮੀਪ ਢੁਕਯੋ। ਕਰਵਾਰ ਧਰੇ ਕਰ ਵਾਰ ਰੁਕਯੋ।
ਕੁਤਕਾ ਕਰਿ ਅੱਗ੍ਰ ਬਚਾਇ ਭਲੇ। ਅਸਿ ਟੂਟ ਤਬੈ ਗਿਰਿਗਾ ਸੁ ਤਲੇ॥੩੩॥

ਫਿਰ ਹਿਆਤ ਖਾਨ ਮਹੰਤ ਦੇ ਸਾਹਮਣੇ ਆਇਆ, ਹੱਥ ਵਿਚ ਤਲਵਾਰ ਫੜ ਕੇ ਵਾਰ ਕਰਕੇ ਫਿਰ ਰੁਕਿਆ ਕਿਉਂਕਿ ਅਗੋਂ ਸਾਧ ਨੇ ਅੱਗੇ ਕੁਤਕਾ ਕਰਕੇ ਆਪਣੇ ਆਪ ਨੂੰ ਬਚਾ ਲਿਆ। ਤਲਵਾਰ ਤਦ ਟੁੱਟ ਕੇ ਥੱਲੇ ਡਿੱਗ ਪਈ॥੩੩॥

ਭਭਕਯੋ ਸਮ ਕੇਹਰਿ ਸਾਧ ਤਬੈ। ਦਲ ਦੋਇ ਬਿਲੋਕਤਿ ਬੀਰ ਸਬੈ।
ਕੁਤਕਾ ਬਲ ਸਾਥ ਸੰਭਾਰਿ ਲਯੋ। ਸਿਰ ਖਾਨ ਹਯਾਤ ਕੇ ਝਾਰ ਦਯੋ॥੩੪॥

ਫਿਰ ਸਾਧ ਸ਼ੇਰ ਵਾਂਗ ਗੱਜਿਆ, ਦੋਵਾਂ ਦਲਾਂ ਦੇ ਸੂਰਬੀਰ ਵੇਖ ਰਹੇ ਸਨ। ਫਿਰ ਸਾਧ ਨੇ ਕੁਤਕੇ ਨੂੰ ਬਲ ਨਾਲ ਸੰਭਾਲ ਲਿਆ ਤੇ ਹਿਆਤ ਖਾਂ ਦੇ ਸਿਰ ਦੇ ਉੱਤੇ ਮਾਰ ਦਿੱਤਾ॥੩੪॥

ਪਗ ਕੋ ਬਲ ਪਾਇ ਰਕਾਬਨ ਪੈ। ਉਛਰਯੋ ਕੁਛ ਊਚਹਿ ਆਸਨ ਪੈ।
ਸਗਰੇ ਤਨ ਓਜ ਲਗਾਇ ਬਡੋ। ਕੁਤਕਾ ਜੁਗ ਹਾਥਨ ਸਾਥ ਛਡੋ॥੩੫॥

ਆਪਣੇ ਪੈਰਾਂ ਦਾ ਰਕਾਬਾਂ ਉੱਤੇ ਭਾਰ ਪਾ ਕੇ, ਆਪਣੀ ਸੀਟ ਉੱਤੇ ਕੁਝ ਬਹੁਤ ਉੱਚਾ ਉੱਛਲਿਆ। ਸਾਰੇ ਸਰੀਰ ਦੀ ਵੱਡੀ ਸ਼ਕਤੀ ਲਾ ਕੇ ਕੁਤਕੇ ਨੂੰ ਦੋਵਾਂ ਹੱਥਾਂ ਨਾਲ ਫੜ ਕੇ ਮਾਰਿਆ॥੩੫॥

ਇਸ ਭਾਂਤਿ ਲਗਯੋ ਸਿਰ ਫੋਰ ਦਯੋ। ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ।
ਬਹੁ ਖੰਡ ਕਰੇ ਜਿਹ ਸੀਸਹਿਂ ਕੇ। ਸਭਿ ਦੇਖਤਿ ਹੈਂ ਗਿਰ ਈਸ਼ਹਿਂ ਕੇ॥੩੬॥

ਕੁਤਕਾ ਇਸ ਤਰ੍ਹਾਂ ਜਾ ਕੇ ਵੱਜਿਆ ਕਿ ਸਿਰ ਵਿਚੋਂ ਸਫੇਦ ਮਿੱਝ ਨਿਕਲ ਗਈ ਤੇ ਉਸੇ ਸਮੇਂ ਮਰ ਗਿਆ। ਜਿਵੇਂ ਸਿਰ ਦੇ ਬਹੁਤ ਟੁਕੜੇ ਕੀਤੇ ਸਨ, ਉਸ ਤਰ੍ਹਾਂ ਸਾਰੇ ਪਹਾੜੀ ਰਾਜੇ ਵੇਖ ਰਹੇ ਸਨ॥੩੬॥

ਗੁਰ ਸ੍ਰੀ ਮੁਖ ਤੇ ਉਪਮਾ ਸੁ ਭਨੀ। ਦਧਿ ਕੀ ਮਟਕੀ ਜਨੁ ਸ਼ਯਾਮ ਹਨੀ।
ਜਿਮ ਭੀਮ ਗਦਾ ਗਹਿ ਹਾਥਨ ਮੈਂ। ਦੁਰਜੋਧਨ ਕੇ ਹਨੀ ਪਾਟਨ ਮੈਂ॥੩੭॥

ਗੁਰੂ ਜੀ ਨੇ ਆਪਣੇ ਮੁਖ ਤੋਂ ਬਹੁਤ ਉਪਮਾ ਕੀਤੀ, ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਦਹੀਂ ਦੀ ਮਟਕੀ ਤੋੜ ਦਿੱਤੀ ਸੀ। ਜਿਵੇਂ ਭੀਮ ਨੇ ਹੱਥ ਵਿਚ ਗਦਾ ਫੜ ਕੇ, ਦੁਰਜੋਧਨ ਦੇ ਪੱਟਾਂ 'ਤੇ ਮਾਰੀ ਹੋਵੇ॥੩੭॥

*ਬਚਿਤ੍ਰ ਨਾਟਕ (ਪਾਤਿਸ਼ਾਹੀ ਦਸਵੀਂ)*

*ਭੁਜੰਗ ਛੰਦ- ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ ਹੱਯਾਤ ਕੇ ਸੀਸ ਝਾਰੀ॥*
*ਉਠੀ ਛਿੱਛਿ ਇੱਛੰ ਕਢਾ ਮੇਝ ਜੋਰੰ। ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥*
*ਪਾਧੜੀ ਛੰਦ- ਉਬਲਯੋ ਤਜਿ ਆਸਨ ਜ਼ੀਨ ਜਬੈ। ਗਿਰ ਭੂਮ ਪਰਯੋ ਕਰਿ ਸ਼ੀਘ੍ਰ ਤਬੈ।*
*ਛੁਟਿ ਭਾਜ ਤੁਰੰਗਮ ਦੂਰ ਗਯੋ। ਇਕ ਖਾਨ ਕਿਕਾਨ ਦਬਾਇ ਲਯੋ॥ ੩੮॥*

ਮਹੰਤ ਕ੍ਰਿਪਾਲ ਨੇ ਗੁੱਸੇ ਵਿਚ ਆ ਕੇ ਆਪਣੇ ਕੁਤਕੇ ਨੂੰ ਸੰਭਾਲਿਆ ਤੇ ਹਠੀ ਹਿਆਤ ਖਾਨ ਦੇ ਸਿਰ ਵਿਚ ਮਾਰ ਦਿਤਾ। ਜ਼ੋਰ ਨਾਲ ਮਿੱਝ ਨਿਕਲੀ ਤੇ ਛਿੱਟਾਂ ਉਭਰਦੀਆਂ ਇੰਝ ਨਜ਼ਰ ਆਈਆਂ ਮਾਨੋ ਸ੍ਰੀ ਕ੍ਰਿਸ਼ਨ ਜੀ ਨੇ ਮੱਖਣ ਦੀ ਮੱਟਕੀ ਭੰਨੀ ਹੋਵੇ। ਮਹੰਤ ਕ੍ਰਿਪਾਲ ਨੇ ਆਪਣੇ ਕਾਠੀ ਵਾਲੇ ਆਸਣ ਤੋਂ ਉਛਲ ਕੇ ਹਿਆਤ ਖਾਨ ਦੇ ਸਿਰ ਵਿਚ ਕੁਤਕਾ ਮਾਰਿਆ, ਦੁਬਾਰਾ ਆਸਣ 'ਤੇ ਬੈਠਣ ਲੱਗਿਆ, ਉਹ ਕਾਠੀ ਤੇ ਨਾ ਬੈਠ ਸਕਿਆ ਤੇ ਉਲਟ ਕੇ ਧਰਤੀ ਤੇ ਡਿੱਗ ਪਿਆ। ਪਰ ਉਹ ਛੇਤੀ ਕਰਕੇ ਉਠ ਪਿਆ। ਘੋੜਾ ਹੇਠੋਂ ਨਿਕਲ ਗਿਆ ਤੇ ਭੱਜ ਕੇ ਦੂਰ ਚਲਾ ਗਿਆ। ਇਕ ਖਾਨ ਨੇ ਘੋੜੇ ਨੂੰ ਨੱਪ ਲਿਆ ॥੩੮॥

ਲਰ ਊਧਮ ਦੀਰਘ ਹੋਤਿ ਭਯੋ। ਹਤਿ ਕੈ ਅਸਵਾਰ ਦੁਲਾਤ ਦਯੋ।
ਇਮ ਕੌਤਕ ਦੇਖਤਿ ਬੀਰ ਖਰੇ। ਦੁਹੂੰ ਓਰਨ ਅਦਭੁਤ ਰੰਗ ਧਰੇ॥ ੩੯॥

ਘੋੜੇ ਅਤੇ ਖਾਨ ਦੀ ਲੜਾਈ ਦਾ ਖੂਬ ਰੌਲਾ-ਰੱਪਾ ਪਿਆ, ਘੋੜੇ ਨੇ ਦੁਲੱਤੇ ਮਾਰ ਮਾਰ ਕੇ ਸਵਾਰ ਨੂੰ ਮਾਰ ਦਿੱਤਾ। ਇਸ ਤਰ੍ਹਾਂ ਕੌਤਕ ਵੇਖਦੇ ਸੂਰਬੀਰ ਖੜੇ ਸਨ। ਦੋਹਾਂ ਪਾਸਿਆਂ ਨੇ ਅਦਭੁਤ ਰੰਗ ਧਾਰਨ ਕੀਤਾ॥੩੯॥

ਤਬਿ ਕੇਤਿਕ ਖਾਨ ਧਵਾਇ ਅਏ। ਦਿਸ਼ ਚਾਰ ਮਹੰਤਹਿ ਘੇਰ ਲਏ।
ਤਬਿ ਕ੍ਰੋਧਹਿ ਸੰਮੁਖ ਧਾਇ ਪਰਯੋ। ਇਕ ਸੀਸ ਤੁਰੰਗਹਿ ਘਾਤ ਕਰਯੋ॥੪੦॥

ਤਦ ਕਈ ਖਾਨ ਦੌੜੇ ਆਏ, ਉਨ੍ਹਾਂ ਮਹੰਤ ਦੇ ਚਾਰੇ ਪਾਸੇ ਘੇਰ ਲਏ। ਤਦ ਮਹੰਤ ਗੁੱਸੇ ਵਿਚ ਧਾਵਾ ਕਰਕੇ ਪੈ ਗਿਆ। ਇਕ ਸਵਾਰ ਦੇ ਘੋੜੇ ਦੇ ਸਿਰ 'ਤੇ ਕੁਤਕਾ ਮਾਰਿਆ॥੪੦॥

ਤਤਕਾਲ ਬਿਨਾ ਸੁਧ ਹੋਇ ਗਯੋ। ਅਸਵਾਰ ਸਮੇਤ ਗਿਰੰਤਿ ਭਯੋ।
ਮਲ ਜੀਤ ਸਹਾਇਕ ਹੋਇ ਤਬੈ। ਅਪਨੇ ਮਹਿਂ ਸਾਧੁ ਮਿਲਾਇ ਸਬੈ॥੪੧॥

ਘੋੜਾ ਤੁਰਤ ਬੇਹੋਸ਼ ਹੋ ਗਿਆ ਤੇ ਸਵਾਰ ਸਮੇਤ ਡਿੱਗ ਪਿਆ। ਜੀਤ ਮਲ ਨੇ ਫਿਰ ਆ ਕੇ ਸਹਾਇਤਾ ਕੀਤੀ ਤੇ ਸਾਰਿਆਂ ਨੇ ਫਿਰ ਸਾਧ ਨੂੰ ਆਪਣੇ ਵਿਚ ਮਿਲਾ ਲਿਆ॥੪੧॥

ਗੁਲਕਾਂ ਗਨ ਤੀਰ ਚਲਾਵਤਿ ਹੈਂ। ਦੁਹੂੰ ਓਰਨ ਬੀਰਨ ਘਾਵਤਿ ਹੈਂ।
ਹਯ ਛੂਛ ਫਿਰੇ ਹਿਹਨਾਵਤਿ ਹੈਂ। ਭਟ ਭੂਮ ਪਰੇ ਤਰਫਾਵਤਿ ਹੈਂ॥ ੪੨॥

ਗੋਲੀਆਂ ਤੇ ਬਹੁਤ ਤੀਰ ਚਲਾਉਂਦੇ ਸਨ, ਦੋਵਾਂ ਪਾਸਿਆਂ ਦੇ ਸੂਰਬੀਰਾਂ ਨੂੰ ਮਾਰਦੇ ਸਨ। ਖਾਲੀ ਹੋਏ ਘੋੜੇ ਫਿਰਦੇ ਹੋਏ ਹਿਣਕਦੇ ਸਨ। ਸੂਰਮੇ ਧਰਤੀ ਤੇ ਪਏ ਤੜਫ ਰਹੇ ਸਨ॥੪੨॥

ਬਡ ਨਾਦਤਿ ਦੁੰਦਭਿ ਵਾਵਤਿ ਹੈਂ। ਗਨ ਗੀਦਰ ਕੂਕ ਸੁਨਾਵਤਿ ਹੈਂ।
ਭਖਿ ਜੋਗਨਿ ਮੋਦ ਵਧਾਵਤਿ ਹੈਂ। ਬਹੁ ਸ਼੍ਰੋਣਤ ਪਾਨ ਕਰਾਵਤਿ ਹੈਂ॥੪੩॥

ਨਗਾਰੇ ਵੱਜਣ ਦੀ ਵੱਡੀ ਆਵਾਜ਼ ਹੋ ਰਹੀ ਸੀ, ਬਹੁਤ ਗਿੱਦੜ ਉੱਚੀ-ਉੱਚੀ ਹਵਾਂਕਦੇ ਸਨ। ਜੋਗਣੀਆਂ ਮਾਸ ਖਾ ਕੇ ਖੁਸ਼ੀ ਵਧਾ ਰਹੀਆਂ ਸਨ ਤੇ ਬਹੁਤ ਲਹੂ ਪੀ ਰਹੀਆਂ ਸਨ॥੪੩॥

ਦੋਹਰਾ-ਇਸ ਪ੍ਰਕਾਰ ਰਨ ਮਚ ਰਹਯੋ ਜੋਧੇ ਰਿਸ ਧਰਿ ਮਾਰਿ।
ਭਯੋ ਭੰਗਾਣੀ ਥਾਨ ਤਬਿ ਦਾਰੁਨ ਲੋਥ ਬਿਥਾਰ॥ ੪੪॥

ਇਸ ਤਰ੍ਹਾਂ ਯੁੱਧ ਮਚਦਾ ਰਿਹਾ ਤੇ ਯੋਧੇ ਗੁੱਸੇ ਵਿਚ ਆ ਕੇ ਮਾਰੋ-ਮਾਰ ਕਰ ਰਹੇ ਸਨ। ਫਿਰ ਭੰਗਾਣੀ ਵਾਲੇ ਸਥਾਨ 'ਤੇ ਲੋਥਾਂ ਦਾ ਵੱਡਾ ਖਲੇਰ ਲੱਗ ਗਿਆ॥੪੪॥

*ਦੂਸਰੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

☆☆☆

# ਅਧਿਆਇ ਅਠਾਈਵਾਂ

## ਸਾਹਿਬ ਚੰਦ, ਦਇਆ ਰਾਮ ਤੇ ਨੰਦ ਚੰਦ ਦਾ ਯੁੱਧ

ਦੋਹਰਾ- ਖਾਨ ਤੀਨ ਸਰਦਾਰ ਮੈਂ ਇਕ ਜਬਿ ਲੀਨੋ ਮਾਰਿ।
ਅਪਰ ਪਠਾਨ ਪ੍ਰਹਾਰ ਭੇ ਮਰੇ ਤੁਰੰਗ ਉਦਾਰ॥ ੧॥

ਤਿੰਨਾਂ ਖਾਨ ਸਰਦਾਰਾਂ ਵਿਚੋਂ ਜਦ ਇਕ ਨੂੰ ਮਾਰ ਲਿਆ ਤੇ ਹੋਰ ਵੀ ਬਹੁਤ ਪਠਾਣ ਘੋੜਿਆਂ ਸਹਿਤ ਮਰੇ॥੧॥

ਹਰਿਬੋਲਮਨਾ ਛੰਦ-ਰਿਸ ਧਾਰਿ ਅਰੇ। ਹਥਿਆਰ ਕਰੇ। ਗਨ ਬਾਨ ਚਲੇ। ਨਹਿਂ ਹੋਤਿ ਖਲੇ॥੨॥

ਗੁੱਸਾ ਧਾਰ ਕੇ ਅੜ ਗਏ, ਹਥਿਆਰ ਚਲਾਏ, ਕਈ ਤੀਰ ਚਲੇ, ਖੜੇ ਨਹੀਂ ਸੀ ਹੁੰਦੇ॥੨॥

ਹਤਿ ਪਾਲਨ ਤੇ। ਰੁਕਿ ਢਾਲਨ ਤੇ। ਗਹਿ ਤੋਮਰ ਕੌ। ਹਨਤੇ ਅਰਿ ਕੌ॥੩॥

ਸਿਰਾਂ 'ਤੇ ਮਾਰਦੇ ਸਨ, ਢਾਲਾਂ ਨਾਲ ਰੋਕਦੇ ਹਨ। ਨੇਜ਼ੇ ਨੂੰ ਫੜ ਕੇ ਵੈਰੀਆਂ ਨੂੰ ਮਾਰਦੇ ਹਨ॥੩॥

ਕਿਹ ਬਾਂਹ ਕਟੀ। ਕਿਸ ਟਾਂਗ ਟੁਟੀ। ਕਟਿ ਮੁੰਡ ਲਏ। ਬਹੁ ਰੁੰਡ ਭਏ॥੪॥

ਕਿਸੇ ਦੀ ਬਾਂਹ ਕੱਟੀ ਗਈ, ਕਿਸੇ ਦੀ ਲੱਤ ਟੁੱਟ ਗਈ, ਕਿਸੇ ਦਾ ਮੂੰਹ ਕੱਟਿਆ ਗਿਆ, ਕਿਤੇ ਬਿਨਾਂ ਸੀਸ ਦੇ ਧੜ ਹੋ ਗਿਆ॥੪॥

ਕਰਵਾਰ ਨਚੀ। ਰਜ ਸ੍ਰੋਣ ਰਚੀ। ਬਹੁ ਘਾਇ ਲਗੇ। ਤਰਫੈਂ ਗਿਰਗੇ॥ ੫॥

ਤਲਵਾਰ ਨੱਚ ਰਹੀ ਸੀ, ਲਹੂ ਮਿੱਟੀ ਦਾ ਗਾਰਾ ਬਣ ਗਿਆ। ਬਹੁਤ ਜ਼ਖਮੀ ਹੋ ਕੇ ਧਰਤੀ 'ਤੇ ਡਿੱਗ ਕੇ ਤੜਫ ਰਹੇ ਸਨ॥ ੫॥

ਹਯ ਧਾਵਤਿ ਹੈਂ। ਭਟ ਘਾਵਤਿ ਹੈਂ। ਮਿਲਿ ਬੀਰ ਗਏ। ਅਸਿ ਢਾਲ ਲਏ॥੬॥

ਭੱਜ ਰਹੇ ਘੋੜੇ, ਸੂਰਮਿਆਂ ਨੂੰ ਫੱਟੜ ਕਰ ਰਹੇ ਸਨ। ਸੂਰਮੇ ਮਿਲ ਕੇ ਤਲਵਾਰਾਂ ਢਾਲਾਂ ਲੈ ਕੇ ਗਏ॥ ੬॥

ਕਰਿ ਹੇਲ ਘਨੇ। ਮੁਖ 'ਮਾਰ' ਭਨੇ। ਕਟਿ ਲੋਥ ਪਰੀ। ਗਨ ਧੂਰ ਭਰੀ॥੭॥

ਵੱਡਾ ਹਮਲਾ ਕਰਕੇ ਸਾਰੇ ਮੁਖ ਤੋਂ 'ਮਾਰ-ਮਾਰ' ਕਹਿੰਦੇ ਸਨ। ਕੱਟੀਆਂ ਹੋਈਆਂ ਲੋਥਾਂ ਪਈਆਂ ਸਨ, ਉਨ੍ਹਾਂ ਉੱਤੇ ਬਹੁਤ ਧੂੜ ਪਈ ਸੀ॥ ੭॥

ਨਿਜ ਸ੍ਵਾਮਨ ਕੌ। ਕਰਿ ਕਾਮਨ ਕੌ। ਨਿਜ ਪ੍ਰਾਨ ਦਏ। ਸੁਰ ਲੋਕ ਗਏ॥੮॥

ਆਪਣੇ-ਆਪਣੇ ਮਾਲਕਾਂ ਦਾ ਕੰਮ ਕਰਕੇ ਆਪਣੇ ਪ੍ਰਾਣ ਦੇ ਕੇ ਸਵਰਗਾਂ ਵਿਚ ਚਲੇ ਗਏ ਸਨ॥ ੮॥

ਤਨ ਜਾਂਹਿ ਕਟੇ। ਨਹਿਂ ਪਾਛਿ ਹਟੇ। ਗਨ ਖਾਨ ਅਰੇ। ਤਤਕਾਲ ਮਰੇ॥੯॥

ਸਰੀਰ ਕੱਟੇ ਜਾਂਦੇ ਸਨ, ਪਰ ਪਿੱਛੇ ਨਹੀਂ ਹੱਟਦੇ ਸਨ। ਜਿਹੜੇ ਪਠਾਣ ਅੜ ਗਏ ਉਹ ਤੁਰਤ ਮਾਰੇ ਗਏ॥ ੯॥

ਤੁਪਕਾਨ ਛੁਟੇ। ਉਰ ਸੀਸ ਫੁਟੇ। ਬਮ ਸ੍ਰੋਣ ਮਹਾਂ। ਗਿਰ ਜਾਇਂ ਤਹਾਂ॥੧੦॥

ਬੰਦੂਕਾਂ ਚਲਦੀਆਂ ਸਨ, ਹਿਰਦੇ ਅਤੇ ਸਿਰਾਂ ਨੂੰ ਪਾੜਦੀਆਂ ਸਨ। ਬਹੁਤ ਖੂਨ ਨਿਕਲਦਾ ਸੀ ਤੇ ਉਥੇ ਹੀ ਡਿੱਗ ਪੈਂਦੇ ਸਨ॥੧੦॥

*ਨਿਸਾਨੀ ਛੰਦ-* ਗੜ੍ਹ ਚਿਲਾਨ ਇਕ ਥਾਨ ਹੈ ਕਾਸ਼ੀ ਜਿਸ ਦੇਸ਼ੂ।
ਤਿਸ ਥਲ ਕੋ ਇਕ ਸਿੱਖ ਹੈ ਜਿਹ ਸੁਮਤਿ ਵਿਸ਼ੇਸ਼ੂ।
ਰਾਮ ਸਿੰਘ ਸ਼ੁਭ ਨਾਮ ਹੈ ਗੁਰ ਆਇਸੁ ਪਾਈ।
ਇਕ ਲਕਰਾ ਵਿਚ ਖੋਦਿ ਕੈ ਬਡ ਤੋਪ ਬਨਾਈ॥ ੧੧॥

ਜਿਥੇ ਕਾਸ਼ੀ ਦੇਸ਼ ਹੈ, ਉਥੇ ਇਕ ਚੁਨਾਰਗੜ੍ਹ ਨਾਮੀ ਸਥਾਨ ਹੈ। ਉਸ-ਸਥਾਨ ਵਿਖੇ ਇਕ ਸਿੱਖ ਰਹਿੰਦਾ ਸੀ, ਜਿਹੜਾ ਸ੍ਰੇਸ਼ਟ ਬੁੱਧੀ ਵਾਲਾ ਸੀ। ਉਸ ਦਾ ਸ਼ੁਭ ਨਾਮ ਰਾਮ ਸਿੰਘ ਸੀ, ਉਸ ਨੇ ਗੁਰੂ ਜੀ ਤੋਂ ਆਗਿਆ ਪਾ ਕੇ, ਇਕ ਮੋਟੀ ਲੱਕੜ ਨੂੰ ਵਿਚੋਂ ਖੁਰਚ ਕੇ ਇਕ ਤੋਪ ਬਣਾਈ॥੧੧॥

ਊਚੇ ਥਲ ਸੋ ਧਰਿ ਦਈ ਬਾਰੂਦ ਬਿਸਾਲਾ।
ਗੋਰਾ ਪਾਥਰ ਠੋਕਿ ਕੈ ਸਨਮੁਖ ਰਿਪੁ ਜਾਲਾ।
ਗੁਰ ਆਗਜਾ ਲੇ ਕਰਿ ਤਬੈ ਤਿਹ ਲਾਇ ਪਲੀਤਾ।
ਛੁਟਤਿ ਕਰਜੋ ਬਡ ਸ਼ਬਦ ਕੌ ਜਨੁ ਬਿੱਜੁ ਗਜੀਤਾ॥ ੧੨॥

ਉਸ ਲੱਕੜ ਦੇ ਖੋਲ ਦੇ ਉੱਚੇ ਥਾਂ ਬਹੁਤ ਬਰੂਦ ਧਰ ਦਿੱਤਾ ਤੇ ਉਸ ਵਿਚ ਗੋਲੇ ਪੱਥਰ ਠੋਕ ਦਿੱਤੇ। ਸਾਹਮਣੇ ਜਿੱਥੇ ਬਹੁਤ ਵੈਰੀਆਂ ਦਾ ਟੋਲਾ ਖੜਾ ਸੀ, ਉਸ ਵਲ ਨਿਸ਼ਾਨਾ ਲਾ ਕੇ ਗੁਰੂ ਜੀ ਦੀ ਆਗਿਆ ਪ੍ਰਾਪਤ ਕਰਕੇ ਪਲੀਤੇ ਨੂੰ ਅੱਗ ਲਾ ਦਿੱਤੀ। ਵੱਡੀ ਆਵਾਜ਼ ਕਰਕੇ ਤੋਪ ਚਲੀ ਤੇ ਏਨੀ ਉੱਚੀ ਆਵਾਜ਼ ਹੋਈ ਮਾਨੋ ਬਿਜਲੀ ਗੱਜੀ ਹੈ॥੧੨॥

ਜਹਾਂ ਚੁੰਗ ਬਾਂਧੇ ਖਰੇ ਤਹਿਂ ਪਹੁੰਚਜੋ ਗੋਰਾ।
ਬਡੇ ਬੇਗ ਤੇ ਮਾਰਿਕੈ ਇਕ ਭਟ ਅਰੁ ਘੋਰਾ।
ਗਿਰਜੋ ਹੇਰਿਅਰਿ ਗਨ ਗਨ ਭਜੇ ਇਤ ਉਤ ਕੋ ਹੋਈ।
'ਬਿਜੈ ਹੋਇ ਸਤਿਗੁਰੂ ਕੀ' ਬੋਲੇ ਸਭਿ ਕੋਏ॥ ੧੩॥

ਜਿੱਥੇ ਵੈਰੀ ਟੋਲੀ ਬਣਾ ਕੇ ਖੜੇ ਸਨ, ਉਥੇ ਗੋਲਾ ਜਾ ਕੇ ਪਹੁੰਚਿਆ ਤੇ ਇਕ ਸੂਰਮੇ ਅਤੇ ਘੋੜੇ ਨੂੰ ਮਾਰ ਦਿੱਤਾ। ਸੂਰਮੇ ਜਾਂ ਘੋੜੇ ਨੂੰ ਡਿੱਗਦਾ ਵੇਖ ਕੇ ਬਹੁਤ ਵੈਰੀ ਭੱਜ ਕੇ ਏਧਰ ਓਧਰ ਹੋ ਗਏ। ਇਹ ਵੇਖ ਕੇ ਸਾਰੇ ਬੋਲ ਉੱਠੇ, "ਸਤਿਗੁਰੂ ਜੀ ਦੀ ਵਿਜੇ ਹੋਈ ਹੈ"॥੧੩॥

ਪੁਨ ਬਰੂਦ ਗੋਲਾ ਕਸਜੋ ਤਤਕਾਲ ਚਲਾਈ।
ਜਹਿਂ ਇਕੱਤ੍ਰ ਗਨ ਸੂਰਮੇ ਤਿਤ ਦਿਯ ਬਿਚਲਾਈ।
ਬਿਸਮੇ ਗਿਰਪਤਿ ਦੇਖਿ ਕੈ ਇਹ ਅਜਬ ਤਮਾਸ਼ਾ।
ਤੋਪ ਚਲੀ ਬਡ ਕਾਠ ਕੀ ਕਿਯ ਸੁਭਟ ਬਿਨਾਸ਼ਾ॥ ੧੪॥

ਦੁਬਾਰਾ ਬਰੂਦ ਗੋਲਾ ਪਾ ਕੇ ਕੱਸ ਕੇ ਚਲਾ ਦਿੱਤਾ, ਜਿੱਥੇ ਬਹੁਤ ਵੈਰੀ ਖੜੇ ਸਨ ਉਥੇ ਜਾ ਕੇ ਗੋਲਾ ਡਿੱਗਾ ਤੇ ਸਾਰੇ ਵੈਰੀ ਦੇ ਸੂਰਮੇ ਖਿੰਡਰ ਗਏ। ਪਹਾੜੀ ਰਾਜੇ ਇਹ ਵੇਖ ਕੇ ਬਹੁਤ ਹੈਰਾਨ ਹੋਏ ਤੇ ਕਹਿਣ ਲੱਗੇ, "ਇਹ ਅਜੀਬ ਤਮਾਸ਼ਾ ਹੈ, ਲੱਕੜ ਦੀ ਬਣੀ ਹੋਈ ਵੱਡੀ ਤੋਪ ਚਲੀ ਹੈ, ਜਿਸ ਨੇ ਕਈ ਸੂਰਮਿਆਂ ਨੂੰ ਮਾਰ ਦਿੱਤਾ ਹੈ॥੧੪॥

ਸਾਹਿਬਚੰਦ ਬਿਲੰਦ ਬਲਿ ਗੁਰ ਬੀਰ ਬਿਸਾਲਾ।
ਵਧੇ ਪਠਾਨ ਬਿਲੋਕਿ ਕੈ ਬੋਲਜੋ ਤਿਸ ਕਾਲਾ।

'ਪ੍ਰਭੁ ਜੀ ਆਗਯਾ ਦੇਹੁ ਮੁਝ ਉਮਡੇ ਇਤ ਆਵੈਂ।
ਪੰਚਹੁੰ ਭ੍ਰਾਤਾ ਉਤ ਖਰੇ ਸੰਗ੍ਰਾਮ ਮਚਾਵੈਂ॥ ੧੫॥

ਸਾਹਿਬ ਚੰਦ ਨਾਮੀਂ ਇਕ ਗੁਰੂ ਜੀ ਦਾ ਵੱਡਾ ਸੂਰਬੀਰ ਸੀ, ਉਹ ਪਠਾਣਾਂ ਨੂੰ ਅੱਗੇ ਵਧੇ ਵੇਖ ਕੇ ਉਸ ਸਮੇਂ ਬੋਲਿਆ, "ਹੇ ਪ੍ਰਭੂ ਜੀ ! ਮੈਨੂੰ ਆਗਿਆ ਦੇਵੋ, ਪਠਾਣ ਏਧਰ ਨੂੰ ਵੱਧਦੇ ਆਉਂਦੇ ਹਨ, ਪੰਜੇ ਭਰਾ ਓਧਰ ਖੜੇ ਯੁੱਧ ਮਚਾ ਰਹੇ ਹਨ॥੧੫॥

ਫਤੇਸ਼ਾਹ ਕੀ ਚਮੂੰ ਗਨ ਓਰੜ ਇਹ ਆਈ।
ਗੁਲਕਾਂ ਤੋਮਰ ਤੀਰ ਕੀ ਬਡ ਮਾਰ ਮਚਾਈ'।
ਜਥੇਦਾਰ ਤੇ ਸਤਿਗੁਰੂ ਸੁਨਿ ਕਰਿ ਲਲਕਾਰਾ।
'ਲੇਹੁ ਸੰਗ ਗਨ ਬੀਰ ਕੋ ਰਨ ਕਰੋ ਉਦਾਰਾ॥ ੧੬॥

ਫ਼ਤਹਿ ਸ਼ਾਹ ਦੀ ਵੀ ਬਹੁਤ ਫੌਜ ਅੱਗੇ ਵੱਧ ਆਈ ਹੈ, ਗੋਲੀਆਂ ਨੇਜ਼ਿਆਂ ਅਤੇ ਤੀਰਾਂ ਦੀ ਉਨ੍ਹਾਂ ਵੱਡੀ ਮਾਰ ਮਚਾਈ ਹੈ।" ਜਥੇਦਾਰ ਸਾਹਿਬ ਚੰਦ ਦੀ ਲਲਕਾਰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਬਹੁਤ ਸੂਰਬੀਰਾਂ ਨੂੰ ਆਪਣੇ ਨਾਲ ਲਵੋ ਤੇ ਯੁੱਧ ਦਾ ਵੱਡਾ ਅਖਾੜਾ ਮਚਾ ਦੇਵੋ॥੧੬॥

ਇਤਿ ਦਿਸ਼ਿ ਹ੍ਵੈ ਕਰਿ ਹੇਲ ਕਰਿ ਤਜਿ ਪੁੰਜ ਤੁਫੰਗੇ।
ਵਧੇ ਆਇ ਰੋਕਹੁ ਇਨੈਂ ਗੇਰਹੁ ਬਿਚ ਜੰਗੇ'।
ਆਗਯਾ ਸੁਨਿ ਸਤਿਗੁਰੂ ਕੀ ਸਾਹਿਬਚੰਦ ਚਾਲਾ।
ਭਈ ਤੜਾਭੜ ਤੁਪਕ ਕੀ ਇਕ ਬਾਰਿ ਬਿਸਾਲਾ॥ ੧੭॥

ਇਸ ਪਾਸੇ ਹੋ ਕੇ ਹਮਲਾ ਕਰੋ ਤੇ ਬਹੁਤ ਤੀਰ ਚਲਾਓ, ਵਧੇ ਆਉਂਦਿਆਂ ਨੂੰ ਰੋਕ ਲਵੋ ਤੇ ਜੰਗ ਦੇ ਮੈਦਾਨ ਵਿਚ ਡੇਗ ਲਵੋ।" ਗੁਰੂ ਜੀ ਦੀ ਆਗਿਆ ਸੁਣ ਕੇ ਸਾਹਿਬ ਚੰਦ ਚਲ ਪਿਆ। ਏਕੋ ਵਾਰ ਬੰਦੂਕਾਂ ਦੀ ਬੜੀ ਉੱਚੀ ਤਾੜ ਤਾੜ ਹੋ ਗਈ॥੧੭॥

ਬਾਨ ਪ੍ਰਹਾਰੇ ਐਂਚਿ ਧਨੁ ਹੇਲਾ ਬਡ ਘਾਲਾ।
ਹਾਲ ਚਲੇ ਗਨ ਖਾਨ ਤਬਿ ਪਿਖਿ ਜੰਗ ਕਰਾਲਾ।
ਘਾਇਲ ਹ੍ਵੈ ਗਿਰ ਗਿਰ ਪਰੈ ਨਹਿੰ ਬਲ ਸੰਭਾਰੇ।
ਮ੍ਰਿਤੁ ਤੇ ਕਾਤੁਰ ਡਰ ਭਜੇ ਮਰਿਗੇ ਬਿਨ ਮਾਰੇ॥ ੧੮॥

ਧਨੁੱਖ ਨੂੰ ਖਿੱਚ ਕੇ ਤੀਰ ਮਾਰਦੇ ਸਨ, ਇਸ ਤਰ੍ਹਾਂ ਵੱਡਾ ਹਮਲਾ ਕਰ ਦਿੱਤਾ। ਫਿਰ ਵਿਕਰਾਲ ਜੰਗ ਵੇਖ ਕੇ ਬਹੁਤ ਪਠਾਣਾਂ ਦੀ ਭੱਜਣ ਵਾਲੀ ਹਾਲਤ ਹੋ ਗਈ। ਜ਼ਖਮੀ ਹੋ ਹੋ ਕੇ ਡਿੱਗ-ਡਿੱਗ ਪੈਂਦੇ ਸਨ ਤੇ ਆਪਣੀ ਤਾਕਤ ਨੂੰ ਸੰਭਾਲਦੇ ਨਹੀਂ ਸਨ। ਕਾਇਰ ਮੌਤ ਤੋਂ ਡਰ ਕੇ ਭੱਜੇ ਸਨ ਤੇ ਬਿਨ ਮਾਰਿਆਂ ਹੀ ਮਰ ਗਏ ਸਨ॥੧੮॥

ਭੀਖਨ ਖਾਂ ਦੇਖਯੋ ਤਬੈ ਗਨ ਖਾਨ ਪਲਾਏ।
ਗੁਰ ਕੋ ਦਲ, ਉਮਡਯੋ ਅਧਿਕ ਆਵਤਿ ਅਗੁਵਾਏ।
ਭਟ ਹਯਾਤ ਖਾਂ ਮਰਿ ਗਯੋ ਕੁਛ ਸਰਯੋ ਨ ਕਾਮਾ।
ਸਾਧ ਕਹਾਂ ਬਪੁਰੋ ਹੁਤੋ ਜਿਨ ਪਠਿ ਜਮ ਧਾਮਾ॥ ੧੯॥

ਭੀਖਨ ਖਾਨ ਨੇ ਫਿਰ ਵੇਖਿਆ ਬਹੁਤ ਖਾਨ ਭੱਜ ਗਏ ਹਨ, ਗੁਰੂ ਜੀ ਦੀ ਬਹੁਤ ਸੈਨਾ ਵਧਦੀ ਹੋਈ ਅੱਗੇ ਆ ਰਹੀ

ਹੈ। ਸੂਰਮਾ ਹਿਆਤ ਖਾਨ ਮਰ ਗਿਆ ਹੈ, ਕੋਈ ਵੀ ਕੰਮ ਸਰਿਆ ਨਹੀਂ ਹੈ। ਸਾਧ ਵਿਚਾਰਾ ਕੌਣ ਸੀ ਜਿਸ ਨੇ ਹਿਆਤ ਖਾਨ ਨੂੰ ਜਮਾਂ ਦੇ ਘਰ ਭੇਜ ਦਿੱਤਾ ਹੈ॥੧੯॥

'ਗੀਦੀ ਕਿਮ ਭਾਜਤਿ ਚਲੇ ਕੁਲ ਕਾਨ ਬਿਚਾਰੋ।
ਹੇਲਾ ਘਾਲਹੁ ਸਮੁਖ ਗੁਰ ਕਜੋਂ ਜੀਵਤਿ ਹਾਰੋ।
ਗਈ ਪਠਾਨੋ ਆਨ ਅਬਿ, ਐਸਨ ਤੇ ਹਾਰਾ।
ਹਸਹਿਂ ਪਹਾਰੀ ਬੀਰ ਸਭਿ ਕਛੁ ਸਰੀ ਨ ਕਾਰਾ'॥ ੨੦॥

ਹੇ ਕਾਇਰੋ! ਕਿੱਥੇ ਭੱਜ ਚਲੇ ਹੋ, ਕੁਝ ਆਪਣੀ ਅਣਖ ਤੇ ਵੀ ਵਿਚਾਰ ਕਰੋ ਸਾਹਮਣੇ ਹੋ ਕੇ ਹਮਲਾ ਕਰੋ, ਕਿਉਂ ਜੀਉਂਦੇ ਹੀ ਹਾਰ ਗਏ ਹੋ। ਹੁਣ ਪਠਾਣਾਂ ਵਾਲੀ ਅਣਖ ਚਲੀ ਗਈ ਹੈ, ਇਹੋ ਜਿਹੇ ਸਿਖਾਂਦਰੂਆਂ ਪਾਸੋਂ ਹਾਰ ਰਹੇ ਹੋ। ਸਾਰੇ ਪਹਾੜੀ ਸੂਰਬੀਰ ਤੁਹਾਡੇ ਉੱਤੇ ਹੱਸਣਗੇ ਕਿ ਇਨ੍ਹਾਂ ਪਾਸੋਂ ਕੁਝ ਵੀ ਕਾਰਜ ਨਹੀਂ ਸਰਿਆ ਹੈ॥੨੦॥

ਇਮ ਬਿਚਾਰ ਭੀਖਨ ਰਿਦੈ ਚਪਲਾਇ ਤੁਰੰਗਾ।
ਸੰਗ ਨਿਜਾਬਤ ਖਾਨ ਕੋ ਲੇ ਕਹਜੋ ਉਤੰਗਾ।
'ਇਕਠੇ ਕਰੇ ਗਵਾਰ ਗਨ ਹੇਰੇ ਤੁਮ ਪਾਛੇ।
ਹਥਜਾਰਨ ਕੋ ਪਕਰਨੋ ਨਹਿਂ ਆਵਤਿ ਆਛੇ'॥ ੨੧॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਭੀਖਨ ਖਾਨ ਨੇ ਆਪਣੇ ਘੋੜੇ ਨੂੰ ਤੇਜ਼ ਕੀਤਾ ਤੇ ਨਜਾਬਤ ਖਾਨ ਨੂੰ ਆਪਣੇ ਨਾਲ ਲੈ ਕੇ ਬੜੀ ਉੱਚੀ ਆਵਾਜ਼ ਵਿਚ ਕਿਹਾ, "ਬਹੁਤ ਗਵਾਰ ਇਕੱਠੇ ਕੀਤੇ ਹਨ, ਜਿਨ੍ਹਾਂ ਨੂੰ ਤੁਸੀਂ ਪਹਿਲਾਂ ਵੇਖਿਆ ਹੈ, ਉਨ੍ਹਾਂ ਨੂੰ ਚੰਗੀ ਤਰ੍ਹਾਂ ਹਾਲੇ ਹਥਿਆਰ ਵੀ ਫੜਨੇ ਨਹੀਂ ਆਉਂਦੇ ਹਨ"॥੨੧॥

ਊਚੀ ਭੁਜਾ ਉਸਾਰਿ ਕੇ ਕਰਿ ਊਚ ਪੁਕਾਰੇ।
ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ।
ਸੰਗ ਨਿਜਾਬਤ ਖਾਨ ਲੇ, ਧਨੁ ਕਰ ਧਰਿ ਬਾਨਾ।
ਰਿਸ ਕਰਿ ਕਰਿ ਮਾਰਤਿ ਘਨੇ ਪਿਖਿ ਸੁਭਟ ਨਿਸ਼ਾਨਾ॥ ੨੨॥

ਬਾਹਾਂ ਉੱਚੀਆਂ ਕਰ-ਕਰ ਉੱਚੀ-ਉੱਚੀ ਪੁਕਾਰਦਾ ਸੀ, ਬਹੁਤ ਭੱਜਦੇ ਹੋਏ ਪਠਾਣ ਮੁੜ ਪਏ ਤੇ ਉਸ ਸਮੇਂ ਠਹਿਰ ਗਏ। ਨਿਜਾਬਤ ਖਾਨ ਨੂੰ ਆਪਣੇ ਨਾਲ ਲੈ ਕੇ ਧਨੁੱਖ ਵਿਚ ਬਾਣ ਧਰ ਧਰ ਕੇ, ਬਹੁਤ ਗੁੱਸੇ ਵਿਚ ਆ ਕੇ ਸੂਰਬੀਰਾਂ ਦਾ ਨਿਸ਼ਾਨਾ ਤੱਕ ਕੇ ਮਾਰਦਾ ਸੀ॥੨੨॥

ਸਾਹਿਬਚੰਦ ਬਿਲੋਕਿ ਤਬਿ ਉਮਡੇ ਗਨ ਖਾਨੰ।
ਗਯੋ ਧੀਰ ਧਰਿ, ਛਿੱਪ੍ਰ ਕਰਿ, ਛੋਰਤਿ ਖਰ ਬਾਨੰ।
ਸੁਭਟ ਤੁਰੰਗਮ ਕੇ ਲਗਹਿਂ, ਹੋਵਹਿਂ ਤਨ ਪਾਰੇ।
ਉਥਲ ਜਾਹਿਂ ਰਣਖੇਤ ਮਹਿਂ ਜਨੁ ਦੀਹ ਮੁਨਾਰੇ॥ ੨੩॥

ਸਾਹਿਬ ਚੰਦ ਫਿਰ ਬਹੁਤ ਪਠਾਣਾਂ ਨੂੰ ਵੱਧਦੇ ਵੇਖ ਕੇ ਧੀਰਜ ਧਾਰ ਕੇ ਤੇਜ਼ ਤੀਰ ਛੱਡਦਾ ਹੋਇਆ ਓਧਰ ਗਿਆ। ਉਸ ਦਾ ਤੀਰ ਜਿਸ ਵੀ ਸੂਰਮੇ ਜਾਂ ਘੋੜੇ ਦੇ ਲੱਗਦਾ ਸੀ ਤਾਂ ਸਰੀਰ ਨੂੰ ਪਾਰ ਕਰ ਜਾਂਦਾ ਸੀ ਤੇ ਘੋੜੇ ਅਤੇ ਸੂਰਬੀਰ ਮੈਦਾਨ ਦੇ ਵਿਚ ਵੱਡੇ ਮੁਨਾਰਿਆਂ ਵਾਂਗ ਡਿੱਗ ਪੈਂਦੇ ਸਨ॥੨੩॥

ਬਰਖਾ ਗੁਲਕਾਂ ਸਰਨ ਕੀ ਦਿਸ਼ਿ ਦੋਨਹੁੰ ਹੋਈ।
ਮਚਜੋ ਸ਼ੋਰ ਰਣਘੋਰ ਭਾ ਜੂਟੇ ਸਭਿ ਕੋਈ।
ਅਟਕ ਰਹਜੋ ਜਬਿ ਜੰਗ ਬਡ ਨ੍ਰਿਪ ਹੁਤੋ ਹੰਡੂਰੀ।
ਹਰੀਚੰਦ ਜਿਸ ਨਾਮ ਹੈ ਰਿਸ ਕੀਨਸਿ ਭੂਰੀ॥ ੨੪॥

ਗੋਲੀਆਂ ਅਤੇ ਤੀਰਾਂ ਦੀ ਵਰਖਾ ਦੋਵੀਂ ਪਾਸੀ ਹੋਈ, ਰਣਖੇਤਰ ਵਿਚ ਘੋਰ ਸ਼ੋਰ ਮਚ ਗਿਆ, ਸਾਰੇ ਇਕ ਦੂਸਰੇ ਨਾਲ ਜੁਝ ਰਹੇ ਸਨ। ਜਦ ਵੱਡਾ ਜੰਗ ਅਟਕਿਆ ਰਿਹਾ ਤਾਂ ਇਕ ਹਰੀ ਚੰਦ ਨਾਮੀਂ ਹੰਡੂਰੀ ਰਾਜਾ ਸੀ ਜਿਸ ਨੇ ਇਸ ਤੱਥ ਤੇ ਬੜਾ ਕ੍ਰੋਧ ਧਾਰਨ ਕੀਤਾ॥੨੪॥

ਧਨੁ ਬਿੱਦਜਾ ਮਹਿਂ ਨਿਪੁਨ ਬਹੁ ਤਿਨ ਤੁਰੰਗ ਧਵਾਯੋ।
ਐਂਚਿ ਐਂਚਿ ਸਰ ਗਨ ਹਤੇ ਦਲ ਗੁਰਨ ਹਿਲਾਯੋ।
ਮਾਰੇ ਸੁਭਟ ਪਰੋਇ ਕਰਿ ਬਹੁ ਗਿਰੇ ਤੁਰੰਗਾ।
ਹਰਖਜੋ ਭੀਖਨਖਾਨ ਤਬਿ ਪਿਖਿ ਭੀਖਨ ਜੰਗਾ॥ ੨੫॥

ਉਹ ਧਨੁੱਖ ਵਿਦਿਆ ਦਾ ਵੱਡਾ ਮਾਹਰ ਸੀ, ਉਸ ਨੇ ਆਪਣੇ ਘੋੜੇ ਨੂੰ ਬਹੁਤ ਤੇਜ਼ ਭਜਾਇਆ, ਉਸ ਨੇ ਮੈਦਾਨੇ ਜੰਗ ਵਿਚ ਖਿੱਚ-ਖਿੱਚ ਕੇ ਤੀਰ ਮਾਰੇ ਤੇ ਗੁਰੂ ਜੀ ਦੀ ਸੈਨਾ ਨੂੰ ਹਿਲਾ ਕੇ ਰੱਖ ਦਿੱਤਾ। ਸੂਰਬੀਰਾਂ ਨੂੰ ਤੀਰਾਂ ਨਾਲ ਪਰੋ-ਪਰੋ ਕੇ ਮਾਰ ਦਿੱਤਾ ਤੇ ਬਹੁਤ ਘੋੜੇ ਡਿੱਗ ਪਏ। ਭੀਖਨ ਖਾਨ ਫਿਰ ਇਕ ਵਿਕਰਾਲ ਜੰਗ ਵੇਖ ਕੇ ਬਹੁਤ ਪ੍ਰਸੰਨ ਹੋਇਆ॥੨੫॥

ਹਰੀਚੰਦ ਕੇ ਨਿਕਟ ਹੁਇ ਕਹਿ 'ਸਾਧ ਘਨੇਰਾ।
ਤਜਹਿਂ ਤੀਰ ਗੁਰ ਸੈਨ ਪਰ ਦੇਂ ਤ੍ਰਾਸ ਬਡੇਰਾ'।
ਸਾਹਿਬਚੰਦ ਬਿਲੰਦ ਰਣ ਪਿਖਿ ਕਰਤਿ ਉਪਾਯਾ।
ਦੇ ਬੀਰਨ ਕੌ ਧੀਰ ਤਬਿ ਸਰ ਬ੍ਰਿੰਦ ਚਲਾਯਾ॥ ੨੬॥

ਹਰੀ ਚੰਦ ਦੇ ਪਾਸ ਹੋ ਕੇ ਕਿਹਾ "ਸ਼ਾਬਾਸ਼ ! ਗੁਰੂ ਜੀ ਦੀ ਸੈਨਾ ਉੱਤੇ ਤੀਰ ਛੱਡ ਕੇ ਵੱਡਾ ਡਰ ਉਤਪੰਨ ਕਰ ਰਹੇ ਹੋ।" ਸਾਹਿਬ ਚੰਦ ਰਣ ਨੂੰ ਵੇਖ ਕੇ ਵੱਡਾ ਉਪਾਅ ਕਰਦਾ ਸੀ। ਸੂਰਮਿਆਂ ਨੂੰ ਧੀਰਜ ਦੇ ਕੇ ਉਸ ਨੇ ਬਹੁਤ ਤੀਰ ਚਲਾਏ॥੨੬॥

ਤਊ ਨ ਸੈਨਾ ਹੋਤਿ ਥਿਰ ਹੇਰਤਿ ਗਨ ਬਾਨਾ।
ਹਰੀ ਚੰਦ ਸਰ ਗਨ ਤਜੈ ਅਰੁ ਭੀਖਨਖਾਨਾ।
ਗੁਰ ਢਿਗ ਖਰੋ ਦਿਵਾਨ ਤਬਿ ਨੰਦ ਚੰਦ ਪ੍ਰਬੀਨਾ।
'ਪ੍ਰਭੁ ਜੀ ! ਆਗਜਾ ਦੇਹੁ ਮੁਝ ਦਲ ਹਾਲਤਿ ਚੀਨਾ॥ ੨੭॥

ਫਿਰ ਵੀ ਸੈਨਾ ਤੀਰਾਂ ਦੀ ਵੱਡੀ ਮਾਰ ਵੇਖ ਕੇ ਸਥਿਰ ਨਹੀਂ ਸੀ ਹੁੰਦੀ। ਹਰੀ ਚੰਦ ਅਤੇ ਭੀਖਨ ਖਾਨ ਬਹੁਤ ਤੀਰ ਛੱਡ ਰਹੇ ਸਨ। ਗੁਰੂ ਜੀ ਦੇ ਪਾਸ ਫਿਰ ਦੀਵਾਨ ਨੰਦ ਚੰਦ ਖੜਾ ਸੀ, ਉਸ ਨੇ ਗੁਰੂ ਜੀ ਨੂੰ ਕਿਹਾ, "ਹੇ ਪ੍ਰਭੂ ਜੀ ! ਮੈਨੂੰ ਆਗਿਆ ਦੇਵੋ, ਮੈਂ ਆਪਣੀ ਸੈਨਾ ਦੀ ਹਾਲਤ ਵੇਖ ਲਈ ਹੈ॥੨੭॥

ਸੁਰਖੇ ਬਲੀ ਤੁਰੰਗ ਪਰ ਗਿਰਨਾਥ ਹੰਡੂਰੀ।
ਭੀਖਨਖਾਨ ਸਮੇਤ ਹੈ ਕਰਿ ਕੈ ਰਿਸ ਭੂਰੀ।
ਮਾਰੇ ਹਮਰੇ ਬੀਰ ਬਹੁ, ਥਿਤ ਰਹੇ ਨ ਆਗੇ।
ਮਰੇ ਬਿਲੋਕੇ ਬ੍ਰਿੰਦ ਹੀ ਰਨ ਤੇ ਅਬਿ ਭਾਗੇ॥ ੨੮॥

ਸੁਰਖ ਬਲਵਾਨ ਘੋੜੇ ਉੱਤੇ ਹੰਡੂਰੀ ਰਾਜਾ ਸਵਾਰ ਹੈ, ਭੀਖਨ ਖਾਂ ਸਹਿਤ ਉਨ੍ਹਾਂ ਵੱਡਾ ਕ੍ਰੋਧ ਧਾਰਨ ਕੀਤਾ ਹੈ। ਸਾਡੇ ਉਨ੍ਹਾਂ ਨੇ ਬਹੁਤ ਸੂਰਮੇ ਮਾਰੇ ਹਨ, ਜਿਨ੍ਹਾਂ ਪਾਸੋਂ ਅੱਗੇ ਖੜੇ ਨਹੀਂ ਹੋਇਆ ਜਾਂਦਾ, ਵੱਡੀ ਗਿਣਤੀ ਵਿਚ ਮਰੇ ਵੇਖ ਕੇ ਹੁਣ ਰਣਖੇਤਰ ਵਿਚੋਂ ਭੱਜ ਉੱਠੇ ਹਨ॥੨੮॥

ਵਡੇ ਆਇ ਹੰਕਾਰ ਕਰਿ ਦਲ ਚਹੈਂ ਪਲਾਯੋ।
ਸਾਹਿਬਚੰਦ ਨਿਕੰਦਤੋ ਪਰ ਬਸ ਨ ਬਸਾਯੋ।
ਸ੍ਰੀ ਕਲਗੀਧਰ ਸੁਨਿ ਤਬੈ ਉਤ ਡੀਠ ਲਗਾਈ।
ਦਯਾਰਾਮ ਨੰਦ ਚੰਦ ਕੌ ਆਇਸੁ ਫੁਰਮਾਈ॥ ੨੯॥

ਵੈਰੀ ਵੱਡਾ ਹੰਕਾਰ ਧਾਰ ਕੇ ਆਇਆ ਹੈ ਤੇ ਸਾਡੇ ਦਲ ਨੂੰ ਭਜਾਉਣਾ ਚਾਹੁੰਦਾ ਸੀ, ਸਾਹਿਬ ਚੰਦ ਮਾਰ ਰਿਹਾ ਹੈ, ਪਰ ਉਸ ਦਾ ਵੱਸ ਨਹੀਂ ਚਲ ਰਿਹਾ ਹੈ।" ਸਤਿਗੁਰੂ ਜੀ ਨੇ ਸੁਣ ਏਧਰ ਓਧਰ ਨਜ਼ਰ ਮਾਰੀ ਤੇ ਦਇਆ ਰਾਮ ਤੇ ਨੰਦ ਚੰਦ ਨੂੰ ਫ਼ੁਰਮਾਇਆ॥੨੯॥

'ਅਰਹੁ ਅੱਗ੍ਰ ਅਰਿ ਗਨ ਹਤਹੁ, ਵਧਿ ਆਇ ਅਗੇਰੇ।
ਆਇ ਨਿਜਾਬਤ ਖਾਨ ਉਤ ਸੰਗ ਖਾਨ ਘਨੇਰੇ'।
ਸੁਨਿ ਦੋਨਹੁਂ ਗੁਰ ਸੂਰਮੇ ਤਾਜੀ ਸੁ ਤੁਪਾਏ।
ਸਨਮੁਖ ਗਮਨੇ ਅਰਿਨ ਕੇ ਉਰ ਕ੍ਰੋਧ ਵਧਾਏ॥ ੩੦॥

ਅੱਗੇ ਜਾ ਕੇ ਅੜੋ, ਸਾਰੇ ਵੈਰੀਆਂ ਨੂੰ ਮਾਰ ਦੇਵੋ ਜਿਹੜਾ ਵੀ ਵਧ ਕੇ ਅੱਗੇ ਆਵੇ। ਓਧਰ ਨਜਾਬਤ ਖਾਨ ਤੇ ਹੋਰ ਬਹੁਤ ਪਠਾਣ ਆਏ ਹਨ।" ਇਹ ਸੁਣ ਕੇ ਦੋਵੇਂ ਸੂਰਮੇ ਘੋੜਿਆਂ ਤੇ ਸਵਾਰ ਹੋ ਗਏ, ਤੇ ਦਿਲ ਵਿਚ ਕ੍ਰੋਧ ਵਧਾ ਕੇ ਵੈਰੀ ਦੇ ਸਾਹਮਣੇ ਵਾਲੇ ਪਾਸੇ ਚਲ ਪਏ॥੩੦॥

ਦਯਾਰਾਮ ਕਰਿ ਸ਼ੀਘ੍ਰਤਾ ਬਹੁ ਬਾਨ ਚਲਾਏ।
ਦੇ ਧੀਰਜ ਨਿਜ ਭਟਨ ਕੌ ਹਟਤੇ ਠਹਿਰਾਏ।
ਹੁਤੇ ਪਠਾਨ ਜਿ ਅੱਗ੍ਰ ਬਹੁ ਹੇਲੇ ਹਿਤ ਆਵਹਿਂ।
'ਮਾਰ ਮਾਰ' ਮੁਖ ਤੇ ਭਨਹਿਂ ਹੱਥਯਾਰ ਚਲਾਵਹਿਂ॥ ੩੧॥

ਦਇਆ ਰਾਮ ਨੇ ਕਾਹਲੀ ਨਾਲ ਬਹੁਤ ਤੀਰ ਚਲਾਏ ਤੇ ਆਪਣੇ ਸੂਰਬੀਰਾਂ ਨੂੰ ਧੀਰਜ ਦੇ ਕੇ ਪਿੱਛੇ ਹੱਟਣ ਤੋਂ ਰੋਕਿਆ। ਜਿਹੜੇ ਪਠਾਣ ਅੱਗੇ ਸਨ ਤੇ ਹੱਲਾ ਕਰਕੇ ਅੱਗੇ ਵਧਣ ਵਾਸਤੇ ਆਉਂਦੇ ਸਨ ਤਾਂ "ਮਾਰ ਲਵੋ ਮਾਰ ਲਵੋ" ਮੁਖ ਤੋਂ ਕਹਿੰਦੇ ਸਨ ਤੇ ਨਾਲ-ਨਾਲ ਹਥਿਆਰ ਚਲਾਉਂਦੇ ਸਨ॥੩੧॥

ਨੰਦ ਚੰਦ ਸਹਿ ਨਾ ਸਕਯੋ ਹਯ ਬਲੀ ਧਵਾਯੋ।
ਬਰਛੀ ਤਿਰਛੀ ਭ੍ਰਮਤਿ ਖਰ ਧਰਿ ਹਾਥ ਉਠਾਯੋ।
ਮਾਰੀ ਜਾਇ ਪਠਾਣ ਕੇ ਤਤਕਾਲ ਪਰੋਵਾ।
ਵੜਾ ਉਤਾਰਨਿ ਹੇਤੁ ਜਨੁ ਅਯ ਸੀਖ ਧਸੋਵਾ॥ ੩੨॥

ਨੰਦ ਚੰਦ ਫਿਰ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਬਲਵਾਨ ਘੋੜੇ ਨੂੰ ਭਜਾਇਆ। ਤਿੱਖੀ ਬਰਛੀ ਭੌਂਵਾ ਕੇ ਆਪਣਾ ਹੱਥ ਉੱਚਾ ਕੀਤਾ। ਇਕ ਪਠਾਣ ਦੇ ਮਾਰ ਕੇ ਉਸ ਨੂੰ ਤੁਰਤ ਬਰਛੀ ਵਿਚ ਪਰੋ ਲਿਆ ਮਾਨੋ ਵੜੇ ਨੂੰ ਲਾਹੁਣ ਵਾਸਤੇ ਸੀਖ ਧਸਾਈ ਹੋਵੇ॥੩੨॥

ਨਾਗਨ ਸੀ ਲਸ਼ਕਤ ਹੁਤੀ ਵਰਮੀ ਤਨ ਖਾਨਾ।
ਲਗੀ ਬੇਗ ਤੇ ਧਸ ਗਈ ਹਯ ਤੇ ਉਥਲਾਨਾ।
ਪਿਖਿ ਪਠਾਨ ਓਰੜ ਪਰੇ ਕਹਿ 'ਮਾਰੋ ਮਾਰੋ'।
ਨੰਦ ਚੰਦ ਖਰ ਖੜਗ ਕੌ ਤਤਕਾਲ ਨਿਕਾਰੋ॥ ੩੩॥

ਮਾਨੋ ਖਾਨ ਦਾ ਸਰੀਰ ਇਕ ਖੁੱਡ ਹੈ, ਬਰਛੀ ਲੱਗ ਕੇ ਉਸ ਖਾਨ ਦੇ ਸਰੀਰ ਵਿਚ ਧੱਸ ਗਈ ਤੇ ਉਹ ਘੋੜੇ ਤੋਂ ਡਿੱਗ ਪਿਆ। ਇਹ ਵੇਖ ਕੇ ਪਠਾਣ ਉਮਡ ਪਏ ਤੇ "ਮਾਰ ਲਵੋ ਮਾਰ ਲਵੋ" ਕਹਿਣ ਲੱਗੇ। ਨੰਦ ਚੰਦ ਨੇ ਉਸੇ ਵੇਲੇ ਤੇਜ਼ ਤਲਵਾਰ ਨੂੰ ਕੱਢ ਲਿਆ॥੩੩॥

ਹਤਜੋ ਖਾਨ ਤਬਿ ਦੂਸਰੋ ਸਿੰਰ ਕਾਟਿ ਉਤਾਰਾ।
ਤ੍ਰਿਤੀਏ ਕਹੁ ਤੂਰਨ ਹਨਜੋ ਖਗ ਨਿਰਮਲ ਧਾਰਾ।
ਆਗੈ ਕਰੀ ਤੁਫੰਗ ਤਿਨ ਲਗਿ ਟੂਟਜੋ ਕ੍ਰਿਪਾਨਾ।
ਗਯੋ ਵਾਰ ਨਿਸ਼ਫਲ ਜਬੈ ਰਿਸ ਵਧੀ ਮਹਾਨਾ॥ ੩੪॥

ਫਿਰ ਦੂਸਰੇ ਪਠਾਣ ਨੂੰ ਮਾਰ ਦਿੱਤਾ ਤੇ ਉਸ ਦਾ ਸਿਰ ਵੱਢ ਕੇ ਲਾਹ ਦਿੱਤਾ ਤੀਸਰੇ ਨੂੰ ਵੀ ਤਲਵਾਰ ਦੀ ਨਿਰਮਲ ਤੇਜ਼ ਧਾਰ ਨਾਲ ਤੁਰਤ ਮਾਰ ਦਿੱਤਾ। ਪਠਾਣ ਨੇ ਆਪਣੀ ਬੰਦੂਕ ਅੱਗੇ ਕੀਤੀ, ਜਿਸ ਨੂੰ ਲੱਗ ਕੇ ਕ੍ਰਿਪਾਨ ਟੁੱਟ ਗਈ, ਜਦ ਵਾਰ ਖਾਲੀ ਗਿਆ ਤਾਂ ਕ੍ਰੋਧ ਬਹੁਤ ਵਧਿਆ॥੩੪॥

ਜਮਧਰ ਲਈ ਨਿਕਾਰ ਤਬਿ ਖਰ ਅਨੀ ਬਿਸਾਲਾ।
ਉਤਰਿ ਦਈ ਢੁਕ ਖਾਨ ਕੇ ਮਾਰਜੋ ਤਿਸ ਕਾਲਾ।
ਦਯਾਰਾਮ ਸਨ ਸੁਭਟ ਗਨ ਤਿਸ ਨਿਕਟ ਪਹੂੰਚਾ।
ਮਾਰੇ ਅਧਿਕ ਪਠਾਨ ਰਨ ਨਾਦਤਿ ਬਡ ਊਚਾ॥ ੩੫॥

ਤਦ ਫਿਰ ਤਿੱਖੀ ਨੋਕ ਵਾਲੀ ਕਟਾਰ ਕੱਢ ਲਈ। ਘੋੜੇ ਤੋਂ ਉਤਰ ਪਠਾਣ ਦੇ ਨੇੜੇ ਹੋ ਕੇ ਉਸ ਨੂੰ ਉਸੇ ਸਮੇਂ ਮਾਰ ਦਿੱਤਾ। ਦਇਆ ਰਾਮ ਕਈ ਸੂਰਮਿਆਂ ਸਹਿਤ ਉਸ ਦੇ ਪਾਸ ਪਹੁੰਚਿਆ ਉਸ ਨੇ ਰਣਖੇਤਰ ਵਿਚ ਬਹੁਤ ਪਠਾਣਾਂ ਨੂੰ ਮਾਰਿਆ, ਉਸ ਸਮੇਂ ਨਗਾਰੇ ਦੀ ਬੜੀ ਉੱਚੀ ਆਵਾਜ਼ ਉੱਠ ਰਹੀ ਸੀ॥੩੫॥

ਕਰੇ ਹਟਾਵਨਿ ਜੇ ਵਧੇ ਰਨ ਖੇਤ ਛੁਰਾਯੋ।
ਹਟੇ ਤਰੁਨ ਕੀ ਓਟ ਹ੍ਵੈ ਨਿਜ ਗਾਤ ਬਚਾਯੋ।
ਹਰੀਚੰਦ ਇਤ ਤੇ ਫਿਰਜੋ ਦੂਸਰ ਦਿਸ਼ਿ ਚਾਲਾ।
ਭੀਖਨਖਾਂ ਕੌ ਧੀਰ ਦੈ ਥਿਰ ਕਰਿ ਤਿਸ ਕਾਲਾ॥ ੩੬॥

ਜਿਹੜੇ ਵੈਰੀ ਵੱਧ ਰਹੇ ਸਨ, ਉਨ੍ਹਾਂ ਨੂੰ ਪਿੱਛੇ ਧਕ ਦਿੱਤਾ ਤੇ ਆਪਣਾ ਰਣਖੇਤਰ ਛੁੜਵਾ ਲਿਆ। ਵੈਰੀ ਦਰੱਖਤਾਂ ਵਾਲੇ ਪਾਸੇ ਹੱਟ ਗਏ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਬਚਾਇਆ। ਹਰੀ ਚੰਦ ਇਸ ਪਾਸੇ ਤੋਂ ਹੱਟ ਕੇ ਦੂਸਰੇ ਪਾਸੇ ਚਲਾ ਗਿਆ, ਉਹ ਭੀਖਨ ਖਾਨ ਨੂੰ ਧੀਰਜ ਦੇ ਕੇ ਉਸ ਸਮੇਂ ਸਥਿਰ ਕਰ ਗਿਆ॥੩੬॥

ਸੰਗੋ ਆਦਿਕ ਜਿਤ ਦਿਸ਼ਾ ਸੰਗ੍ਰਾਮ ਮਚਾਵਹਿਂ।
ਗਯੋ ਤੁਰੰਗ ਧਵਾਇ ਕਰਿ ਗਨ ਤੀਰ ਚਲਾਵਹਿ।

ਆਵਤਿ ਕੌ ਅਵਿਲੋਕਯੋ ਹੰਡੂਰੀ ਰਾਜਾ।
ਲਾਲ ਬਿਲੋਚਨ ਬਦਨ ਤੇ ਭੀਖਨ ਰਨ ਸਾਜਾ॥ ੩੭॥

ਸੰਗੋ ਸ਼ਾਹ ਆਦਿ ਨੇ ਜਿਸ ਪਾਸੇ ਯੁੱਧ ਮਚਾਇਆ ਸੀ, ਘੋੜਾ ਭਜਾ ਕੇ ਉਸ ਪਾਸੇ ਚਲਾ ਗਿਆ ਤੇ ਬਹੁਤ ਤੀਰ ਚਲਾਏ। ਉਨ੍ਹਾਂ ਨੇ ਹੰਡੂਰੀ ਰਾਜੇ ਨੂੰ ਆਉਂਦੇ ਨੂੰ ਵੇਖਿਆ। ਮੂੰਹ ਤੇ ਅੱਖਾਂ ਲਾਲ ਕਰਕੇ ਜਿਸ ਨੇ ਵਿਕਰਾਲ ਯੁੱਧ ਮਚਾਇਆ ਸੀ॥੩੭॥

ਸੰਗੋਸ਼ਾਹਿ ਕੁਦੰਡ ਗਹਿ ਖਰ ਤੀਰ ਨਿਕਾਰੇ।
ਐਂਚਿ ਐਂਚਿ ਕਰਿ ਕਾਨ ਲਗ ਰਿਪੁ ਸਨਮੁਖ ਮਾਰੇ।
ਇਤ ਉਤ ਬਿਚਰਤਿ ਨਹਿਂ ਲਗਯੋ ਬਲਿ ਚਪਲ ਤੁਰੰਗਾ।
ਆਗੇ ਪਰਬਤ ਕੇ ਸੁਭਟ ਤਿਨ ਅੰਗਨਿ ਭੰਗਾ॥ ੩੮॥

ਉਸ ਸਮੇਂ ਸੰਗੋ ਸ਼ਾਹ ਨੇ ਧਨੁੱਖ ਫੜ ਕੇ ਬੜੇ ਤਿੱਖੇ ਤੀਰ ਕੱਢੇ, ਤੇ ਕੰਨਾਂ ਤਕ ਖਿੱਚ-ਖਿੱਚ ਵੈਰੀ ਦੇ ਸਾਹਮਣੇ ਹੋ ਕੇ ਮਾਰੇ, ਹਰੀ ਚੰਦ ਘੋੜੇ ਨੂੰ ਭਜਾ ਕੇ ਏਧਰ ਓਧਰ ਹੋ ਗਿਆ ਤੇ ਉਸ ਦੇ ਤੀਰ ਨਾ ਲੱਗਾ, ਉਸ ਦਾ ਚਾਲਾਕ ਘੋੜਾ ਵੱਡਾ ਬਲਵਾਨ ਸੀ, ਉਸ ਦੇ ਪਿੱਛੇ ਜਿਹੜੇ ਪਹਾੜੀ ਸੂਰਬੀਰ ਸਨ, ਤੀਰਾਂ ਨੇ ਉਨ੍ਹਾਂ ਦੇ ਅੰਗ ਭੰਗ ਕਰ ਦਿੱਤੇ॥੩੮॥

ਇਤ ਜੋਧਾ ਇਹ ਅਰ ਪਰੇ, ਉਤ ਮਧਕਰ ਸ਼ਾਹਿਂ।
ਸੰਗ ਚੰਦੇਲ ਸਿਪਾਹਿ ਗਨ ਰਿਪੁ ਕੈ ਰਨ ਮਾਹਿਂ।
ਦਯਾਰਾਮ ਨੰਦ ਚੰਦ ਸੌਂ ਗੁਰ ਕੌ ਦਲ ਭਾਰੀ।
ਲਰੇ ਗੁਲਕਾਨ ਸੌਂ ਕਰਵਾਰ ਨਿਕਾਰੀ॥ ੩੯॥

ਏਧਰ ਇਹ ਯੋਧੇ ਅੜ ਪਏ ਓਧਰ ਚੰਦੇਲ ਦਾ ਰਾਜਾ ਮਧਕਰ ਸ਼ਾਹ ਆਦਿ ਮੈਦਾਨ ਵਿਚ ਬਹੁਤ ਸਿਪਾਹੀਆਂ ਨੂੰ ਲੈ ਕੇ ਆ ਗਿਆ। ਦਇਆ ਰਾਮ ਅਤੇ ਨੰਦ ਚੰਦ ਨਾਲ ਗੁਰੂ ਜੀ ਦੀ ਭਾਰੀ ਸੈਨਾ ਸੀ। ਉਹ ਗੋਲੀਆਂ ਚਲਾ ਕੇ ਅਤੇ ਤਲਵਾਰਾਂ ਕੱਢ ਕੇ ਲੜੇ॥੩੯॥

ਪਰਯੋ ਦੂਰ ਲਗਿ ਖੇਤ ਬਡ ਗਨ ਧੁਖਹਿਂ ਪਲੀਤੇ।
ਛਣੰਕਾਰ ਹੁਇਂ ਗਜਨ ਕੇ ਚਾਹਤਿ ਚਿਤ ਜੀਤੇ।
ਦਸਤਰਵਾਂ ਕਰਿ ਸ਼ੀਘ੍ਰਤਾ ਛੋਰਹਿਂ ਰਿਪੁ ਮਾਰਹਿਂ।
ਐਂਚਿ ਐਂਚਿ ਤੀਰਨ ਹਤਹਿਂ ਆਗੇ ਪਗ ਡਾਰਹਿਂ॥ ੪੦॥

ਦੂਰ ਤੱਕ ਯੁੱਧ ਮਚਿਆ ਸੀ ਤੇ ਬੰਦੂਕਾਂ ਦੇ ਬਹੁਤ ਪਲੀਤੇ ਧੁੱਖ ਰਹੇ ਸਨ, ਜਿਹੜੇ ਗਜ ਬੰਦੂਕਾਂ ਵਿਚ ਫੇਰ ਰਹੇ ਸਨ, ਉਨ੍ਹਾਂ ਦੀ ਛਣਕਾਰ ਹੋ ਰਹੀ ਸੀ। ਦੋਵੇਂ ਪਾਸੇ ਚਿੱਤ ਵਿਚ ਜਿੱਤਣਾ ਚਾਹੁੰਦੇ ਸਨ। ਬੜੀ ਕਾਹਲੀ-ਕਾਹਲੀ ਗੋਲੀਆਂ ਛੱਡਦੇ ਸਨ ਤੇ ਵੈਰੀ ਨੂੰ ਮਾਰਦੇ ਸਨ। ਜਿਹੜੇ ਅੱਗੇ ਵੱਧ ਕੇ ਪੈਰ ਧਰਦੇ ਸਨ, ਉਨ੍ਹਾਂ ਨੂੰ ਖਿੱਚ-ਖਿੱਚ ਕੇ ਤੀਰ ਮਾਰਦੇ ਸਨ॥੪੦॥

ਫਤੇਸ਼ਾਹ ਉਤ ਦੂਰ ਹੀ ਥਿਰਿ ਜੰਗ ਬਿਲੋਕੇ।
ਭਾਜਹਿਂ ਜਬੈ ਪਹਾਰੀਏ ਪਠਿ ਮਾਨਵ ਰੋਕੇ।
ਪਿਖੈਂ ਤਮਾਸ਼ਾ ਗੁਰੂ ਇਤ ਉਰਬਿਖੇ ਬਿਚਾਰੈਂ।
ਅਧਿਕ ਵਧੈ ਜੋਧਾ ਜੁ ਬਡ ਲਰਿ ਤਿਸ ਕੌ ਮਾਰੈਂ॥ ੪੧॥

ਫਤਹਿ ਸ਼ਾਹ ਦੂਰ ਹੀ ਖੜਾ ਹੋ ਕੇ ਜੰਗ ਵੇਖ ਰਿਹਾ ਸੀ, ਜਦ ਪਹਾੜੀਏ ਭੱਜ ਉੱਠਦੇ ਸਨ ਤਾਂ ਉਹ ਮਨੁੱਖ ਭੇਜ ਕੇ ਉਨ੍ਹਾਂ ਨੂੰ ਰੋਕਦਾ ਸੀ। ਏਧਰ ਗੁਰੂ ਜੀ ਤਮਾਸ਼ਾ ਵੇਖ ਰਹੇ ਸਨ ਤੇ ਦਿਲ ਵਿਚ ਵਿਚਾਰ ਰਹੇ ਸਨ। ਜਿਹੜਾ ਯੋਧਾ ਵੱਧ ਕੇ ਅੱਗੇ ਆ ਜਾਂਦਾ ਸੀ, ਬੜੀ ਲੜਾਈ ਕਰਕੇ ਉਸ ਨੂੰ ਮਾਰਦੇ ਸਨ॥ ੪੧॥

ਇਕ ਸੁਤ ਹਤਿ ਕੁਛ ਸੰਗ ਭਟ ਥਿਤ ਬੁੱਧੂਸ਼ਾਹਾ।
ਰਨ ਮਹਿਂ ਤਨ ਦੇ ਲਰਤਿ ਹੈ ਗੁਰ ਹਿਤ ਉਤਸਾਹਾ।
ਵਧਹਿ ਅੱਗ੍ਰ ਮਾਰਤਿ ਅਰਨਿ ਗੁਲਕਾਂ ਮੁਚਕੰਤੇ।
ਦੁਤਿਯ ਪੁੱਤ੍ਰ ਲਗਿ ਘਾਵ ਤਨ ਗਾ ਭਿਸ਼ਤ ਲਰੰਤੇ॥ ੪੨॥

ਇਕ ਪੁੱਤਰ ਨੂੰ ਮਰਵਾ ਕੇ ਕੁਝ ਸੂਰਬੀਰ ਆਪਣੇ ਨਾਲ ਲੈ ਕੇ ਪੀਰ ਬੁੱਧੂ ਸ਼ਾਹ ਸਥਿਤ ਸੀ, ਲੜਾਈ ਤਨਦੇਹੀ ਨਾਲ ਲੜਦਾ ਹੈ ਤੇ ਗੁਰੂ ਜੀ ਵਾਸਤੇ ਬਹੁਤ ਉਤਸ਼ਾਹ ਹੈ। ਜਿਹੜਾ ਵੀ ਵੈਰੀ ਅੱਗੇ ਵਧਦਾ ਹੈ, ਉਸ ਉੱਤੇ ਗੋਲੀਆਂ ਛੱਡਦੇ ਹਨ। ਪੀਰ ਜੀ ਦਾ ਦੂਸਰਾ ਪੁੱਤਰ ਵੀ ਲੜਦਾ ਹੋਇਆ ਘਾਇਲ ਹੋ ਕੇ ਸਵਰਗਾਂ ਨੂੰ ਚਲਾ ਗਿਆ॥੪੨॥

ਦੋਹਰਾ- ਇਮ ਰਨ ਮਹਿਂ ਘਮਸਾਨ ਬਹੁ ਮਰੇ ਦੁਹਨ ਦਿਸ਼ਿ ਬੀਰ।
ਛਿਦਤਿ ਸਰੀਰ, ਸਧੀਰ ਹ੍ਵੈ ਹਤਿ ਗੁਲਕਾਂ ਗਨ ਤੀਰ॥ ੪੩॥

ਇਸ ਤਰ੍ਹਾਂ ਬੜਾ ਘਮਸਾਨ ਦਾ ਯੁੱਧ ਹੋਇਆ ਤੇ ਦੋਹਾਂ ਪਾਸਿਆਂ ਦੇ ਬਹੁਤ ਸੂਰਬੀਰ ਮਰ ਗਏ। ਸਰੀਰ ਛਲਣੀ ਹੋਏ ਹਨ, ਫਿਰ ਵੀ ਧੀਰਜ ਧਾਰ ਕੇ ਤੀਰ ਅਤੇ ਗੋਲੀਆਂ ਮਾਰਦੇ ਹਨ॥੪੩॥

*ਦੂਸਰੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥*

## ਅਧਿਆਇ ਉਨੱਤੀਵਾਂ

*ਹਲਵਾਈ ਸਿੱਖ, ਜੀਤ ਮੱਲ ਬੱਧ, ਫ਼ਤਹਿ ਸ਼ਾਹ ਦਾ ਨੱਠ ਕੇ ਓਹਲੇ ਹੋਣਾ*

ਦੋਹਰਾ- ਸ਼੍ਰੀ ਕਲਗੀਧਰ ਜਹਿਂ ਥਿਰੇ ਹਲਵਾਈ ਸਿਖ ਏਕ।
ਹਾਥ ਜੋਰਿ ਬੋਲਤਿ ਭਯੋ 'ਸੁਨੀਅਹੁ ਉਦਧਿ ਬਿਬੇਕ !॥ ੧॥

ਜਿੱਥੇ ਸਤਿਗੁਰੂ ਜੀ ਬਿਰਾਜਮਾਨ ਸਨ, ਉਥੇ ਇਕ ਹਲਵਾਈ ਸਿੱਖ ਸੀ। ਉਹ ਹੱਥ ਜੋੜ ਕੇ ਬੋਲਿਆ, "ਹੇ ਗਿਆਨ ਦੇ ਸਾਗਰ ਸੁਣੋ॥੧॥

*ਸ੍ਵੈਯਾ ਛੰਦ*- ਅਧਿਕ ਲਾਲਸਾ ਮੋਹਿ ਰਿਦੇ ਮਹਿਂ ਪ੍ਰਭੁ ਕੇ ਕਾਮ ਅਰੂੰ ਰਨਥਾਨਿ।
ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ ਤੋਮਰ ਤੁਪਕ ਨ ਬਾਨ ਕ੍ਰਿਪਾਨ।
ਤਊ ਹੋਤਿ ਉਤਸਾਹਿ ਬਡੋ ਉਰ ਹਤੌਂ ਰਿਪੂ ਕੋ, ਕਰਹੁ ਬਖਾਨ।
ਦੇਹੁ ਤੁਰੰਗਮ, ਤੇ ਅਰੂਢ ਹੁਇ ਖੜਗ ਦਿਹੋ ਪੁਨ ਸਿਪਰ ਮਹਾਨ' ॥੨॥

ਮੇਰੇ ਹਿਰਦੇ ਵਿਚ ਵੱਡੀ ਲਾਲਸਾ ਹੈ ਕਿ ਰਣਖੇਤਰ ਵਿਚ ਪ੍ਰਭੂ ਜੀ ਦੇ ਕੰਮ ਆਉਣ ਵਾਸਤੇ ਯੁੱਧ ਕਰਾਂ। ਮੈਂ ਅਜ ਤੱਕ ਕਦੀ ਵੀ ਕੋਈ ਹਥਿਆਰ ਜਿਵੇਂ ਨੇਜ਼ਾ, ਬੰਦੂਕ, ਕਮਾਨ ਅਤੇ ਕ੍ਰਿਪਾਨ ਆਪਣੇ ਹੱਥ ਵਿਚ ਨਹੀਂ ਫੜੇ ਹਨ। ਫਿਰ ਵੀ ਮੇਰੇ

ਦਿਲ ਵਿਚ ਵੱਡਾ ਉਤਸ਼ਾਹ ਹੈ ਕਿ ਮੈਂ ਰਣਖੇਤਰ ਵਿਚ ਜਾ ਕੇ ਵੈਰੀ ਨੂੰ ਕਤਲ ਕਰਾਂ, ਮੈਨੂੰ ਇਸ ਬਾਰੇ ਆਗਿਆ ਕਰੋ। ਮੈਨੂੰ ਘੋੜਾ ਦੇਵੋ ਤੇ ਉਸ ਘੋੜੇ ਉੱਤੇ ਸਵਾਰ ਹੋ ਕੇ ਵੱਡੀ ਤਲਵਾਰ ਅਤੇ ਕਿਰਪਾਨ ਫੜਾਂ" ॥ ੨ ॥

ਸ੍ਰੀ ਕਲਗੀਧਰ ਸੁਨਿ ਮੁਸਕਾਨੇ ਕੋਤਲ ਖਰੇ ਤੁਰੰਗਮ ਹੇਰਿ।
ਜਿਨ ਕੌ ਬਿਰਦ ਗਰੀਬ ਨਿਵਾਜਨਿ 'ਲਿਹੁ ਕੁਮੈਤ ਚਢਿ ਯਹਿ ਬਿਨ ਦੇਰ'।
ਹੁਕਮ ਪਾਇ ਗਹਿ ਵਾਗ ਅਰੂਢਜੋ 'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।
ਤੋਮਰ ਕਿਧੌਂ ਤੁਪਕ ਧਨੁ ਤੀਰ, ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥ ੩ ॥

ਸ੍ਰੀ ਸਤਿਗੁਰੂ ਜੀ ਸੁਣ ਕੇ ਮੁਸਕਰਾਏ ਤੇ ਜ਼ਰੂਰਤ ਲਈ ਰੱਖੇ ਖਾਲੀ ਘੋੜੇ ਵਲ ਵੇਖਿਆ। ਜਿਨ੍ਹਾਂ ਦਾ ਬਿਰਦ ਗ਼ਰੀਬ ਨਿਵਾਜ਼ ਹੈ, ਉਨ੍ਹਾਂ ਕਿਹਾ, "ਇਹ ਘੋੜਾ ਲੈ ਤੇ ਕਿਸੇ ਦੇਰੀ ਬਗੈਰ ਇਸ ਉੱਤੇ ਸਵਾਰ ਹੋ ਜਾਵੋ।" ਗੁਰੂ ਜੀ ਦੀ ਆਗਿਆ ਪਾ ਕੇ ਵਾਗ ਫੜਕੇ ਘੋੜੇ ਉੱਤੇ ਚੜ੍ਹ ਗਿਆ ਤੇ ਫਿਰ ਬੋਲਿਆ, "ਪ੍ਰਭੂ ਜੀ ਹੁਣ ਵੱਡੇ ਸ਼ਸਤਰ ਦੇਵੋ। ਨੇਜ਼ਾ ਜਾਂ ਬੰਦੂਕ, ਧਨੁੱਖ, ਤੀਰ ਜਿਸ ਨਾਲ ਮੈਂ ਵੈਰੀ ਨੂੰ ਮਾਰਾਂ ਉਹ ਕਿਰਪਾਨ ਵੀ ਦੇਵੋ" ॥੩॥

ਬਿਗਸਤਿ ਖੜਗ ਸਿਪਰ ਤਬਿ ਬਖਸ਼ੇ ਬੂਝਤਿ ਭਯੋ ਹਤਨ ਕੌ ਦਾਇ।
'ਕਿਸ ਕਰ ਸਿਪਰ ਗਹੌਂ ? ਕਿਸ ਮੈਂ ਅਸਿ ? ਕਿਮ ਮਾਰੌਂ ? ਮੁਹਿ ਦੇਹੁ ਬਤਾਇ'।
ਦੇਖਤਿ ਸੁਨਤਿ ਦੁਹਨ ਦਿਸ਼ਿ ਕੇ ਭਟ ਹਸਹਿਂ ਪਰਸਪਰ ਪੁਨਿ ਬਿਸਮਾਇਂ।
ਅਜਬ ਚਰਿੱਤ੍ਰ ਪ੍ਰਭੂ ਕੇ ਲਖੀਯਤਿ ਜਿਮ ਚਿਰੀਅਨਿ ਤੇ ਬਾਜ ਤੁਰਾਇ ॥ ੪ ॥

ਗੁਰੂ ਜੀ ਨੇ ਮੁਸਕਰਾ ਕੇ ਕਿਰਪਾਨ ਅਤੇ ਢਾਲ ਬਖਸ਼ੇ ਤੇ ਹਲਵਾਈ ਨੂੰ ਵੈਰੀ ਨੂੰ ਮਾਰਨ ਦੇ ਦਾਵਾਂ ਬਾਰੇ ਪੁੱਛਣ ਲੱਗੇ, "ਢਾਲ ਨੂੰ ਕਿਹੜੇ ਹੱਥ ਵਿਚ ਫੜੇਂਗਾ ? ਕਿਸ ਹੱਥ ਵਿਚ ਤਲਵਾਰ ਫੜੇਂਗਾ, ਕਿਵੇਂ ਮਾਰੇਂਗਾ ? ਇਹ ਮੈਨੂੰ ਦੱਸ ਦੇਵੋ।" ਵੇਖ ਸੁਣ ਕੇ ਜਿਵੇਂ ਦੋਵਾਂ ਪਾਸਿਆਂ ਦੇ ਸੂਰਬੀਰ ਆਪਸ ਵਿਚ ਹੱਸਣ ਤੇ ਫਿਰ ਹੈਰਾਨ ਹੋਣ, ਸਤਿਗੁਰੂ ਜੀ ਦੇ ਅਜੀਬ ਚਰਿੱਤਰ ਜਾਣੇ ਜਾਂਦੇ ਹਨ, ਜਿਵੇਂ ਉਨ੍ਹਾਂ ਚਿੜੀਆਂ ਪਾਸੋਂ ਬਾਜ਼ ਤੁੜਵਾਏ ਸਨ ॥੪॥

ਸਤਿਗੁਰ ਕਹਜੋ 'ਸਿਪਰ ਗਹੁ ਬਾਮੇ, ਦਾਂਏ ਬਿਖੈ ਗਹੋ ਸ਼ਮਸ਼ੇਰ।
ਹਯ ਧਵਾਇ ਸਨਮੁਖ ਹੁਇ ਰਿਪੁਕੇ, ਰੋਕਹੁ ਵਾਰ ਜਿ ਕਰੇ ਅਗੇਰ।
ਬਲ ਤੇ ਖੜਗ ਮਾਰਿ ਨਿਜ ਕਰ ਤੇ ਕਰੋ ਫਤੇ ਬਨਿ ਕੈ ਸਮਸ਼ੇਰ'।
ਹੁਕਮ ਪਾਇ, ਕਰ ਗਹਿ ਸੁਚੇਤ ਭਾ ਰਣ ਸਨਮੁਖ ਹੁਇ ਚਲਜੋ ਦਲੇਰ ॥ ੫ ॥

ਸਤਿਗੁਰੂ ਜੀ ਨੇ ਕਿਹਾ, "ਖੱਬੇ ਹੱਥ ਵਿਚ ਢਾਲ ਫੜੋ, ਸੱਜੇ ਹੱਥ ਵਿਚ ਤਲਵਾਰ ਫੜੋ ਤੇ ਘੋੜਾ ਭਜਾ ਕੇ ਦੁਸ਼ਮਣ ਦੇ ਸਾਹਮਣੇ ਹੋ ਜਾਵੋ, ਵਾਰ ਨੂੰ ਰੋਕੋ ਜੋ ਅਗਲਾ ਵਾਰ ਕਰੇ ਨਹੀਂ ਤਾਂ ਸਾਰੇ ਜ਼ੋਰ ਨਾਲ ਅਗਲੇ ਦੇ ਤਲਵਾਰ ਮਾਰ ਕੇ ਵਾਰ ਕਰੋ ਤੇ ਵੈਰੀ ਨੂੰ ਜਿੱਤ ਲਵੋ।" ਗੁਰੂ ਜੀ ਦੀ ਆਗਿਆ ਪਾ ਕੇ, ਹੱਥ ਵਿਚ ਤਲਵਾਰ ਫੜ ਕੇ, ਦਲੇਰ ਹੋ ਕੇ ਰਣਖੇਤਰ ਵਿਚ ਵੈਰੀ ਦੇ ਸਾਹਮਣੇ ਹੋਣ ਵਾਸਤੇ ਚਲ ਪਿਆ ॥੫॥

ਹੁਤੋ ਮੀਰਖਾਂ ਨਾਮ ਖਰੋ ਰਣ ਤਿਸ ਪਰ ਜਾਇ ਪਰਜੋ ਬਲ ਧਾਰ।
'ਤੁਰਕ ਹਰਾਮੀ ਲਵਣ ! ਖਰੋ ਰਹੁ' ਗਰਜਜੋ ਕੇਹਰਿ ਜਿਮ ਲਲਕਾਰ।
ਉਤ ਭੀਖਨ ਖਾਂ ਦੇਖਿ ਪੁਕਾਰਜੋ 'ਜਾਤਿ ਅਰੋੜਾ ਬਿਨ ਹਥਜਾਰ।
ਅਬਿ ਦੀਨੇ ਇਸ ਖੜਗ ਸਿਪਰ ਗੁਰ, ਛੀਨਹੁ ਤੁਰੰਗ ਲੇਹੁ ਇਸ ਮਾਰ ॥ ੬ ॥

ਰਣਖੇਤਰ ਵਿਚ ਇਕ ਮੀਰਖਾਂ ਨਾਮ ਦਾ ਪਠਾਣ ਖੜਾ ਸੀ, ਸ਼ਕਤੀ ਧਾਰ ਕੇ ਉਸ ਉੱਤੇ ਜਾ ਪਿਆ ਤੇ ਕਹਿਣ ਲੱਗਾ, "ਲੂਣਹਰਾਮੀਂ ਤੁਰਕਾ ! ਖੜਾ ਰਹੋ।" ਤੇ ਇੰਝ ਲਲਕਾਰਾ ਮਾਰਿਆ ਜਿਵੇਂ ਸ਼ੇਰ ਗੱਜਦਾ ਹੈ। ਓਧਰ ਭੀਖਨ ਖਾਨ ਵੇਖ ਕੇ ਪੁਕਾਰਿਆ। "ਇਹ ਜਾਤ ਦਾ ਅਰੋੜਾ ਹੈ ਤੇ ਬਿਨਾਂ ਹਥਿਆਰ ਰਹਿੰਦਾ ਸੀ। ਗੁਰੂ ਜੀ ਨੇ ਇਸ ਨੂੰ ਹੁਣ ਤਲਵਾਰ ਢਾਲ ਦਿੱਤੀ ਹੈ, ਇਸ ਦਾ ਘੋੜਾ ਖੋਹ ਕੇ ਇਸ ਨੂੰ ਮਾਰ ਲਵੋ॥੬॥

ਕਹਾਂ ਲਰਨ ਕੀ ਸਾਰ ਲਖੈ ਇਹੁ, ਤਕਰੀ ਤੋਲਤ ਨਿਤ ਦ੍ਰਿਸ਼ਟਾਇ।
ਦਯੋ ਖ਼ੁਦਾਇ, ਮਾਰ ਲਿਹੁ ਆਯੁਧ' ਸੁਨਤਿ ਮੀਰਖਾਂ ਓਜ ਵਧਾਇ।
ਨਿਜ ਸ਼ਮਸ਼ੇਰ ਨਿਕਾਸੀ ਤੀਖਨ ਤੁਰੰਗ ਧਵਾਇ ਨੇਰ ਕੌ ਪਾਇ।
ਕਰਿ ਬਲ ਬਾਹੁ ਹਤੀ ਇਸ ਊਪਰ ਰੋਕਯੋ ਢਾਲ ਕਰੀ ਅਗੁਵਾਇ॥ ੭॥

ਇਹ ਲੜਾਈ ਕਰਨ ਦੀ ਕੀ ਸਾਰ ਜਾਣਦਾ ਹੈ, ਸਦਾ ਤਕੜੀ ਨਾਲ ਤੋਲਦੇ ਨੂੰ ਵੇਖਦੇ ਸੀ। ਖ਼ੁਦਾ ਦੀ ਦਇਆ ਨਾਲ, ਇਸ ਨੂੰ ਮਾਰ ਕੇ ਹਥਿਆਰ ਖੋਹ ਲਵੋ।" ਇਹ ਸੁਣ ਕੇ ਮੀਰ ਖਾਂ ਨੇ ਸ਼ਕਤੀ ਵਧਾਈ। ਉਸ ਆਪਣੀ ਤਿੱਖੀ ਕਿਰਪਾਨ ਕੱਢੀ ਤੇ ਘੋੜੇ ਨੂੰ ਭਜਾ ਕੇ ਨੇੜੇ ਹੋ ਗਿਆ। ਉਸ ਨੇ ਬਹੁਤ ਬਲ ਧਾਰ ਹਲਵਾਈ ਉੱਤੇ ਵਾਰ ਕੀਤਾ। ਪਰ ਉਸ ਅੱਗੇ ਵੱਧ ਕੇ ਵਾਰ ਨੂੰ ਢਾਲ ਉੱਤੇ ਰੋਕ ਲਿਆ॥੭॥

ਬਹੁਰ ਸੰਭਾਰ ਰਹਯੋ ਹਿਤ ਮਾਰਨ ਇਤ ਉਤ ਤਕਹਿ ਹਤਨ ਕੇ ਦਾਇ।
ਲਾਲਚੰਦ ਲਹਿ ਗੁਰ ਬਚ ਬਲਿ ਕੌ ਤੂਰਨ ਕਰ ਤੇ ਖੜਗ ਚਲਾਇ।
ਗਰ ਤੇ ਸਿਰ ਤਤਕਾਲ ਉਤਾਰਯੋ, ਸ਼ਾਖਾ ਤੇ ਫਲ ਮਨੋਂ ਗਿਰਾਇ।
ਪਰਯੋ ਤੁਰੰਗ ਤੇ ਧਰ ਧਰ ਊਪਰ ਹਯ ਗੇਰਤਿ ਹੀ ਗਯੋ ਪਰਾਇ॥ ੮॥

ਫਿਰ ਮਾਰਨ ਵਾਸਤੇ ਸੰਭਾਲਿਆ ਤੇ ਏਧਰ ਓਧਰ ਵੇਖ ਕੇ ਮਾਰਨ ਦਾ ਦਾਅ ਤੱਕਿਆ। ਲਾਲ ਚੰਦ ਹਲਵਾਈ ਨੇ ਫਿਰ ਗੁਰੂ ਜੀ ਦੇ ਬਚਨਾਂ ਦਾ ਬਲ ਲੈ ਕੇ ਤੁਰਤ ਤਲਵਾਰ ਚਲਾ ਦਿੱਤੀ। ਗਲ ਤੋਂ ਸਿਰ ਤੁਰਤ ਉਤਾਰ ਦਿੱਤਾ, ਮਾਨੋ ਟਾਹਣੀ ਨਾਲੋਂ ਫਲ ਨੂੰ ਡੇਗ ਦਿੱਤਾ ਹੋਵੇ। ਧੜ ਘੋੜੇ ਤੋਂ ਡਿੱਗ ਕੇ ਧਰਤੀ 'ਤੇ ਆ ਪਿਆ ਤੇ ਘੋੜਾ ਧੜ ਨੂੰ ਡੇਗਦਾ ਹੀ ਭੱਜ ਗਿਆ॥੮॥

ਗੁਰ ਦਲ ਹਸਯੋਂ ਅਧਿਕ ਹੀ ਨਾਦਤਿ 'ਲਾਜ ਸਿੰਧ ਮਹਿਂ ਡੂਬ ਪਠਾਨ।
ਤਕਰੀ ਤੋਲਨਹਾਰ ਹਾਥ ਤੇ ਮਰਯੋ ਖਾਨ ਬਲ ਬੀਰ ਮਹਾਨ'।
ਭੀਖਨ ਖਾਨ ਨਿਜਾਬਤ ਖਾਨਹਿ ਸਭਿ ਖਾਨਨਿ ਸੋਂ ਕੀਨ ਬਖਾਨ।
'ਕਯੋਂ ਬਲ ਤਜਹੁ ਮਰਹੁ ਰਨ ਮਹੀਆ ਸਮੁਖ ਹੇਲ ਘਾਲਹੁ ਘਮਸਾਨ॥ ੯॥

ਗੁਰੂ ਜੀ ਦਾ ਦਲ ਬਹੁਤ ਹੱਸਿਆ ਤੇ ਬਹੁਤ ਉੱਚੀ ਨਗਾਰੇ ਵਜਾਏ ਤੇ ਬੋਲੇ, "ਪਠਾਣ ਸ਼ਰਮ ਦੇ ਸਮੁੰਦਰ ਵਿਚ ਡੁੱਬ ਗਏ। ਇਕ ਤਕੜੀ ਤੋਲਣ ਵਾਲੇ ਦੇ ਹੱਥ ਤੋਂ ਮਰ ਗਿਆ ਹੈ, ਜਿਹੜਾ ਆਪਣੇ ਆਪ ਨੂੰ ਵੱਡਾ ਸੂਰਬੀਰ ਬਲਵਾਨ ਸਮਝਦਾ ਸੀ।" ਭੀਖਨ ਖਾਨ ਤੇ ਨਜਾਬਤ ਖਾਨ ਨੇ ਸਾਰੇ ਪਠਾਣਾਂ ਨੂੰ ਕਿਹਾ, "ਕਿਉਂ ਬਲ ਛੱਡ ਕੇ ਰਣਖੇਤਰ ਵਿਚ ਮਰਦੇ ਹੋ, ਸਾਹਮਣੇ ਹੱਲਾ ਕਰਕੇ ਘਮਸਾਨ ਦਾ ਯੁੱਧ ਕਰੋ॥੯॥

ਕਾਤੁਰ ਸ਼ਸਤ੍ਰ ਨ ਜਾਨੈਂ ਪਕਰਨਿ ਤਿਨ ਤੇ ਮਰਹੁ, ਨ ਬਨਿ ਸਵਧਾਨ'।
ਇਮ ਇਕਠੇ ਕਰਿ ਹਰੀਚੰਦ ਜੁਤਿ ਮਧਕਰ ਸ਼ਾਹਿ ਚੰਦੇਲ ਸੁਜਾਨ।
ਓਰੜ ਪਰੇ ਗੁਰੂ ਦਲ ਊਪਰ ਛੋਰਤਿ ਗੁਲਕਾਂ ਤੀਖਨ ਬਾਨ।
ਕੋ ਬਰਛੀ ਤੋਮਰ ਕਿਨ ਮਾਰਯੋ, ਹੇਲਾ ਕਰਯੋ ਅਧਿਕ ਭਟ ਹਾਨ॥ ੧੦॥

ਕਾਇਰ ਜਿਹੜੇ ਸ਼ਸਤਰ ਫੜਨਾ ਨਹੀਂ ਜਾਣਦੇ ਹਨ, ਉਨ੍ਹਾਂ ਪਾਸੋਂ ਮਰਦੇ ਹੋ ਤੇ ਆਪਣੇ ਆਪ ਸਾਵਧਾਨ ਨਹੀ ਹੁੰਦੇ।'' ਇਸ ਤਰ੍ਹਾਂ ਇਕੱਠੇ ਹੋ ਕੇ ਹਰੀ ਚੰਦ ਸਹਿਤ ਮਧਕਰ ਸ਼ਾਹ ਚੰਦੇਲ ਵੀ ਨਾਲ ਸੀ। ਹਮਲਾ ਕਰਕੇ ਗੁਰੂ ਜੀ ਦੇ ਦਲ ਉੱਤੇ ਪੈ ਗਏ। ਬਹੁਤ ਗੋਲੀਆਂ ਅਤੇ ਤਿੱਖੇ ਤੀਰ ਛੱਡਦੇ ਸਨ। ਕੋਈ ਬਰਛੀ ਨੇਜਾ ਮਾਰਦਾ ਸੀ ਇਸ ਤਰ੍ਹਾਂ ਹੱਲਾ ਕਰਕੇ ਸੂਰਮਿਆਂ ਦਾ ਬਹੁਤ ਨੁਕਸਾਨ ਕੀਤਾ॥੧੦॥

ਨੰਦਚੰਦ ਅਰੁ ਸਾਹਿਬ ਚੰਦਹਿੰ ਦਯਾਰਾਮ ਪ੍ਰੋਹਤ ਬਲਵੰਤ।
ਸੰਗੋਸ਼ਾਹਿ ਜੀਤਮਲ ਮਿਲਿ ਕੈ ਸਾਧ ਕ੍ਰਿਪਾਲ ਬਿਸਾਲ ਮਹੰਤ।
ਗੰਗਾਰਾਮ ਮਾਹਰੀ ਚੰਦਹਿ ਬਹੁਰ ਗੁਲਾਬ ਚੰਦ ਮਤਿਵੰਤ।
ਲੇ ਕਰਿ ਦਲ ਕੋ ਅਰੇ ਅਰਿਨ ਸੋਂ ਗਨ ਗੁਲਕਾਂ ਅਰੁ ਬਾਨ ਚਲੰਤਿ॥੧੧॥

ਨੰਦ ਚੰਦ, ਸਾਹਿਬ ਚੰਦ ਅਤੇ ਬਲਵਾਨ ਦਇਆ ਰਾਮ ਪ੍ਰੋਹਿਤ ਸੰਗੋ ਸ਼ਾਹ, ਜੀਤ ਮਲ, ਕ੍ਰਿਪਾਲ ਮਹੰਤ, ਗੰਗਾ ਰਾਮ, ਮਾਹਰੀ ਚੰਦ ਤੇ ਬੁੱਧੀਵਾਨ ਗੁਲਾਬ ਚੰਦ ਆਪਣਾ ਸਾਰਾ ਦਲ ਲੈ ਕੇ ਵੈਰੀਆਂ ਨਾਲ ਅੜ ਪਏ ਤੇ ਬਹੁਤ ਗੋਲੀਆਂ ਅਤੇ ਤੀਰ ਚਲਾਏ॥੧੧॥

ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ ਤੀਰਨ ਤੇ ਗਨ ਬੀਰ ਪਰੋਇ।
ਗਿਰੇ ਦੜਾਦੜ ਅਵਨੀ ਊਪਰ ਸਮ ਰਨਥੰਭੇ ਰਹਜੋ ਖਰੋਇ।
ਜੁਟਜੋ ਜੀਤ ਮਲ ਹਰੀਚੰਦ ਸੋਂ ਸਨਮੁਖ ਪਿਖਹਿੰ ਪਰਸਪਰ ਦੋਇ।
ਘਾਤਿ ਕਰਨ ਹਿਤ ਘਾਤ ਬਿਚਾਰਤਿ ਚਪਲ ਚਲਾਕ ਤੁਰੰਗਮ ਹੋਇ॥੧੨॥

ਮਾਮਾ ਕ੍ਰਿਪਾਲ ਜੀ ਨੇ ਸਾਹਮਣੇ ਹੋ ਕੇ ਤੀਰਾਂ ਨਾਲ ਬਹੁਤ ਸੂਰਮਿਆਂ ਨੂੰ ਪਰੋ ਦਿੱਤਾ। ਧੜਾ-ਧੜ ਧਰਤੀ 'ਤੇ ਡਿੱਗ ਪਏ, ਪਰ ਉਹ ਰਣਖੇਤਰ ਵਿਚ ਇਕ ਖੰਭੇ ਵਾਂਗ ਖਲੋਤੇ ਰਹੇ। ਜੀਤ ਮਲ ਸੂਰਮਾ ਰਾਜੇ ਹਰੀ ਚੰਦ ਨਾਲ ਜੁਝ ਪਿਆ, ਦੋਵੇਂ ਆਪਸ ਵਿਚ ਇਕ ਦੂਸਰੇ ਦੇ ਸਾਹਮਣੇ ਹੋ ਕੇ ਵੇਖ ਰਹੇ ਸਨ। ਦਾਵ ਲਾਉਣ ਵਾਸਤੇ ਦਾਵ ਵਿਚਾਰਦੇ ਸਨ, ਚੰਚਲ ਚਾਲਾਕ ਘੋੜਿਆਂ ਨੂੰ ਫੇਰ ਕੇ ਏਧਰ ਓਧਰ ਹੁੰਦੇ ਸਨ॥੧੨॥

ਸੰਗੋਸ਼ਾਹਿ ਨਿਜਾਬਤ ਸੰਗੋ ਅਰੇ ਪਰਸਪਰ ਬੀਰ ਜੁਝਾਰ।
ਲਾਲ ਬਿਲੋਚਨ ਕ੍ਰੋਧ ਭਰੇ ਚਿਤ ਚਹੈਂ ਆਪ ਮੈਂ ਕਰਨ ਪ੍ਰਹਾਰ।
ਇਤ ਉਤ ਬਿਚਰਤਿ ਹਤਹਿੰ ਤੀਰ ਤਿਤ, ਕਬਿ ਦਾਂਏ ਕਬਿ ਬਾਂਮ ਸਿਧਾਰ।
ਮਹਾਂਬੀਰ ਬਰ ਉਰ ਹੰਕਾਰਤਿ ਸ਼ਸਤ੍ਰਨ ਵਿੱਦਜਾ ਜਾਨਿ ਉਦਾਰ॥੧੩॥

ਸੰਗੋ ਸ਼ਾਹ, ਨਿਜਾਬਤ ਖਾਨ ਨਾਲ ਯੁੱਧ ਕਰਨ ਲਈ ਤਿਆਰ ਹੋ ਗਿਆ, ਦੋਵੇਂ ਯੋਧੇ ਆਪਸ ਵਿਚ ਅੜ ਪਏ। ਉਨ੍ਹਾਂ ਦੀਆਂ ਲਾਲ ਅੱਖਾਂ ਕ੍ਰੋਧ ਨਾਲ ਭਰੀਆਂ ਸਨ, ਚਿੱਤ ਵਿਚ ਇਕ ਦੂਸਰੇ ਤੇ ਵਾਰ ਕਰਨਾ ਚਾਹੁੰਦੇ ਸਨ। ਏਧਰ ਓਧਰ ਹੋ ਕੇ ਤੀਰ ਮਾਰਦੇ ਸਨ ਤੇ ਕਦੇ ਖੱਬੇ ਤੇ ਕਦੀ ਸੱਜੇ ਹੋ ਜਾਂਦੇ ਸਨ। ਸ੍ਰੇਸ਼ਟ ਮਹਾਨ ਸੂਰਮਿਆਂ ਨੇ ਦਿਲ ਵਿਚ ਮਹਾਨ ਹੰਕਾਰ ਧਾਰਨ ਕੀਤਾ ਹੋਇਆ ਸੀ, ਸ਼ਸਤਰ ਵਿਦਿਆ ਵਿਚ ਦੋਵੇਂ ਉੱਤਮ ਸਨ॥੧੩॥

ਜੀਤਮੱਲ ਖਰ ਤੀਰ ਨਿਕਾਰਜੋ ਧਨ ਮਹਿਂ ਜੋਰਿ ਖੈਂਚਿ ਕਰਿ ਤਾਨ।
ਹਰੀਚੰਦ ਕੋ ਤਾਕਿ ਨਿਸ਼ਾਨੋ ਤਤਖਿਨ ਛੋਰਜੋ ਕਰਿਬੇ ਹਾਨ।
ਆਵਤਿ ਕੋ ਅਵਿਲੋਕਿ ਗਯੋ ਟਰ ਸਰ ਨਿਸ਼ਫਲ ਤੇ ਕ੍ਰੋਧ ਮਹਾਨ।
'ਕਹਾਂ ਭਯਾ ਹਰੀ ਭਾਜਤਿ ਜੈਹੈਂ ਅਬਿ ਕੈ ਹਾਨ ਦੇਉਂ ਧ੍ਰੁਵ ਪ੍ਰਾਨ'॥੧੪॥

ਜੀਤ ਮਲ ਨੇ ਇਕ ਤਿੱਖਾ ਤੀਰ ਕੱਢਿਆ ਤੇ ਧਨੁੱਖ ਵਿਚ ਜੋੜ ਕੇ ਖਿੱਚ ਕੇ ਤਾਣਿਆ, ਹਰੀ ਚੰਦ ਦਾ ਨਿਸ਼ਾਨਾ ਤਕ ਕੇ ਤੇ ਉਸ ਨੂੰ ਮਾਰਨ ਵਾਸਤੇ ਤੁਰਤ ਛੱਡ ਦਿੱਤਾ। ਹਰੀ ਚੰਦ ਨੇ ਤੀਰ ਆਉਂਦੇ ਨੂੰ ਵੇਖ ਲਿਆ ਟਲ ਗਿਆ ਤੇ ਤੀਰ ਦਾ ਵਾਰ ਨਿਸ਼ਫਲ ਜਾਣ 'ਤੇ ਵੱਡਾ ਕ੍ਰੋਧ ਧਾਰਨ ਕੀਤਾ। ਫਿਰ ਗੁੱਸੇ ਵਿਚ ਆ ਕੇ ਕਿਹਾ, "ਹੇ ਹਰੀ ਚੰਦ ! ਕੀ ਹੋ ਗਿਆ ਹੈ, ਭੱਜਦਾ ਜਾਂਦਾ ਹੈਂ, ਹੁਣੇ ਮੈਂ ਤੇਰੇ ਪ੍ਰਾਣ ਕੱਢ ਦੇਵਾਂਗਾ"॥੧੪॥

ਇਮ ਕਹਿ ਤੀਛਨ ਤੀਰ ਨਿਕਾਸਜੋ ਉਤ ਤੇ ਹਰੀਚੰਦ ਲਿਯ ਬਾਨ।
ਦੋਨਹੁੰ ਕੇ ਧਨੁ ਤੇ ਛੁਟਿ ਚਾਲੇ ਬਹੇ ਬੇਗ ਤੇ ਸਰਪ ਸਮਾਨ।
ਸਨਮੁਖ ਖਰੇ ਤੁਰੰਗਮ ਦੋਨਹੁੰ ਲਗੇ ਭਾਲ ਮਹਿਂ ਇਕ ਥਿਰ ਤਾਨ।
ਦੋਨਹੁੰ ਗਿਰੇ ਧਰਾ ਪਰ, ਥਿਤ ਹ੍ਵੈ, ਤਜੇ ਹਯਨ ਕੌ, ਪੁਨ ਸਵਧਾਨ॥ ੧੫॥

ਇਸ ਤਰ੍ਹਾਂ ਕਹਿ ਕੇ ਤਿੱਖਾ ਤੀਰ ਕਢਿਆ, ਉਧਰ ਹਰੀ ਚੰਦ ਨੇ ਵੀ ਆਪਣਾ ਬਾਣ ਲਿਆ। ਦੋਹਾਂ ਦੇ ਧਨੁੱਖਾਂ ਵਿਚੋਂ ਤੀਰ ਨਿਕਲੇ ਤੇ ਸੱਪ ਵਾਂਗ ਸ਼ੂਕਦੇ ਚਲੇ ਗਏ। ਦੋਵਾਂ ਦੇ ਘੋੜੇ ਆਹਮਣੇ-ਸਾਹਮਣੇ ਖੜੇ ਸਨ, ਤੀਰ ਉਨ੍ਹਾਂ ਘੋੜਿਆਂ ਦੇ ਮੱਥਿਆਂ ਵਿਚ ਜਾ ਲੱਗੇ। ਦੋਵੇਂ ਘੋੜੇ ਧਰਤੀ 'ਤੇ ਡਿੱਗ ਪਏ, ਦੋਵੇਂ ਸੂਰਮੇ ਧਰਤੀ ਤੇ ਖੜੇ ਹੋ ਕੇ ਘੋੜਿਆਂ ਨੂੰ ਛੱਡ ਕੇ ਸਾਵਧਾਨ ਹੋ ਗਏ॥੧੫॥

ਦੋਨਹੁੰ ਧਨੁ ਵਿੱਦਯਾ ਮਹਿਂ ਚਾਤੁਰ ਦੋਨਹੁੰ ਕੇ ਰਿਸ ਵਧੀ ਬਿਸਾਲ।
ਪੁਨ ਦੋਨਹੁੰ ਧਨ ਮਹਿਂ ਸਰ ਸੰਧੇ, ਦੋਨਹੁੰ ਚਲੇ ਸਬੇਗ ਕਰਾਲ।
ਲਗੇ ਦੁਹਨ ਕੀ ਭੁਜ ਮਹਿ ਬੀਧੇ ਛੁਟਜੋ ਸ਼੍ਰੋਨ ਬਾਗੇ ਤਨ ਲਾਲ।
ਬਹੁਰ ਨ ਮਿਟੇ ਰਹੇ ਥਲ ਠਾਂਢੇ, ਘਾਇਲ ਹ੍ਵੈ ਕਰਿ ਹੇਰਤਿ ਜਾਲ॥ ੧੬॥

ਦੋਵੇਂ ਧਨੁੱਖ ਵਿਦਿਆ ਵਿਚ ਚਤੁਰ ਸਨ, ਦੋਵਾਂ ਦੇ ਦਿਲ ਵਿਚ ਬਹੁਤ ਗੁੱਸਾ ਵਧਿਆ। ਫਿਰ ਦੋਹਾਂ ਨੇ ਧਨੁੱਖ ਵਿਚ ਤੀਰ ਰੱਖੇ, ਤੇ ਦੋਹਾਂ ਦੇ ਤੀਰ ਵਿਕਰਾਲ ਰੂਪ ਵਿਚ ਚਲ ਪਏ। ਦੋਹਾਂ ਦੀਆਂ ਬਾਹਾਂ ਵਿਚ ਤੀਰ ਲੱਗੇ ਤੇ ਖ਼ੂਨ ਨਿਕਲਣ ਨਾਲ ਤਨ ਦੇ ਪੁਸ਼ਾਕੇ ਲਾਲ ਹੋ ਗਏ। ਫਿਰ ਵੀ ਹਟੇ ਨਹੀਂ ਰਣਖੇਤਰ ਵਿਚ ਖੜੇ ਰਹੇ, ਘਾਇਲ ਹੋਇਆਂ ਨੂੰ ਸਾਰੇ ਵੇਖ ਰਹੇ ਸਨ॥੧੬॥

ਬਹੁਰ ਜੀਤਮਲ ਤੀਰ ਨਿਕਾਸਜੋ ਹਰੀਚੰਦ ਪਿਖਿ ਕੋਪ ਮਹਾਨ।
ਤੂਰਨ ਕਰਤਿ ਕਰਜੋ ਸਰ ਸੰਧਨਿ ਕਰ ਦੋਨਹੁੰ ਕੇ ਨਿਠੁਰ ਕਮਾਨ।
ਐਂਚਿ ਐਂਚਿ ਚਿਰਡਾਵਤਿ ਨੀਕੇ ਹਰੀਚੰਦ ਕੋ ਆਯੋ ਤੀਰ।
ਰਿਦਾ ਬੇਧ ਕਰਿ ਜੀਤ ਮੱਲ ਕੋ ਪਰਜੋ ਪਾਰ ਘੂਮਜੋ ਵਧਿ ਪੀਰ।
ਦੰਤਨ ਚਰਬਤਿ ਹਤਨ ਸ਼ੱਤ੍ਰੂ ਕੌ ਲਾਲ ਬਿਲੋਚਨ ਆਨਨ ਧੀਰ।
ਸਨਮੁਖ ਗਿਰਜੋ ਨ ਪਰਜੋ ਪਿਛਾਰੀ, ਧੰਨ ਪਿਤਾ ਮਾਤਾ ਬਰਬੀਰ !॥ ੧੭॥

ਫਿਰ ਜੀਤ ਮਲ ਨੇ ਤੀਰ ਕਢਿਆ ਤੇ ਹਰੀ ਚੰਦ ਨੂੰ ਵੇਖ ਕੇ ਬਹੁਤ ਗੁੱਸੇ ਵਿਚ ਆ ਗਿਆ। ਤੁਰਤ ਤੀਰ ਨੂੰ ਧਨੁੱਖ ਨਾਲ ਜੋੜਿਆ। ਦੋਵਾਂ ਦੇ ਹੀ ਕਮਾਨ ਬੜੇ ਕਠੋਰ ਸਨ। ਖਿੱਚ ਖਿੱਚ ਕੇ ਚੰਗੀ ਤਰ੍ਹਾਂ ਚਲਾਉਂਦੇ ਸਨ, ਫਿਰ ਹਰੀ ਚੰਦ ਦਾ ਤੀਰ ਆਇਆ। ਜਿਹੜਾ ਜੀਤ ਮਲ ਦਾ ਹਿਰਦਾ ਵਿੰਨ੍ਹ ਕੇ ਪਾਰ ਹੋ ਗਿਆ। ਜੀਤ ਮੱਲ ਬਹੁਤ ਪੀੜ ਹੋਣ ਕਰਕੇ ਘੁੰਮ ਗਿਆ। ਵੈਰੀ ਨੂੰ ਮਾਰਨ ਵਾਸਤੇ ਦੰਦ ਚੱਬਦਾ ਸੀ, ਅੱਖਾਂ ਲਾਲ ਸਨ, ਪਰ ਮੁਖ ਧੀਰਜ ਸਹਿਤ ਸੀ। ਸਾਹਮਣੇ ਹੋ ਕੇ ਡਿੱਗਾ, ਪਿੱਛੇ ਨਾ ਪਿਆ, ਧੰਨ ਸ੍ਰੇਸ਼ਟ ਸੂਰਬੀਰ ਦੇ ਮਾਤਾ ਪਿਤਾ ਹਨ॥੧੭॥

ਜੀਤਮੱਲ ਕੋ ਛੁਟਯੋ ਬਾਣ ਜੋ ਮਰਮ ਸਥਲ ਮਹਿਂ ਲਾਗਯੋ ਸੋਇ।
ਛਾਤੀ ਬੇਧਿ ਪਾਰ ਸੋ ਨਿਕਸਯੋ ਹਰੀਚੰਦ ਘੂਮਯੋ ਸੁ ਖਰੋਇ।
ਕਰਤਿ ਸੰਭਾਰਨ, ਭਈ ਮੂਰਛਾ, ਪਰਯੋ ਧਰਾ ਪਰ ਜਨੁ ਛਿਤ ਸੋਇ।
ਆਇ ਨਰਨ ਸੋ ਤੀਰ ਨਿਕਾਸਯੋ ਬਾਂਧਯੋ ਘਾਵ ਕਰਯੋ ਦ੍ਰਿੜ੍ਹ ਜੋਇ ॥ ੧੮ ॥

ਫਿਰ ਜੀਤ ਮਲ ਦਾ ਤੀਰ ਨਿਕਲਿਆ ਜਿਹੜਾ ਹਰੀ ਚੰਦ ਦੇ ਦਿਲ ਵਿਚ ਜਾ ਕੇ ਲੱਗਾ, ਛਾਤੀ ਨੂੰ ਵਿੰਨ੍ਹ ਕੇ ਉਹ ਪਾਰ ਹੋ ਗਿਆ ਤੇ ਹਰੀ ਚੰਦ ਘੁੰਮ ਕੇ ਖਲੋ ਕੇ ਆਪਣੇ ਆਪ ਨੂੰ ਸੰਭਾਲਦਾ ਸੀ ਤੇ ਫਿਰ ਬੇਹੋਸ਼ ਹੋ ਕੇ ਧਰਤੀ ਉੱਤੇ ਇੰਝ ਲੇਟ ਗਿਆ ਜਿਵੇਂ ਸੌਂ ਰਿਹਾ ਹੋਵੇ। ਮਨੁੱਖਾਂ ਨੇ ਆ ਕੇ ਤੀਰ ਕਢਿਆ ਤੇ ਜ਼ਖਮ ਨੂੰ ਬੰਨ੍ਹ ਕੇ ਦ੍ਰਿੜ੍ਹ ਕੀਤਾ ॥੧੮॥

ਸਨੇ ਸਨੇ ਤਿਹ ਪਵਨ ਝੁਲਾਈ ਲੇ ਜਲ ਕੋ ਆਨਨ ਮਹਿਂ ਡਾਰ।
ਜੀਤਮੱਲ ਗੁਰ ਭਟਨ ਉਠਾਯੋ ਜੋ ਪਹੁੰਚਯੋ ਸੁਖ ਸੁਰਗ ਮਝਾਰ।
ਲੋਥ ਆਪਨੇ ਦਿਸ਼ਿ ਲੇ ਰਾਖੀ 'ਧੰਨ ਧੰਨ' ਸਭਿ ਕਰਹਿਂ ਉਚਾਰ।
ਕਲਗ਼ੀਧਰ ਪਿਖਿ ਅਧਿਕ ਸਰਾਹਯੋ 'ਛੱਤ੍ਰੀਪਨੋ ਨਿਬਾਹਿ ਉਦਾਰ' ॥ ੧੯ ॥

ਹੌਲੀ-ਹੌਲੀ ਉਸ ਨੂੰ ਹਵਾ ਝੱਲੀ ਤੇ ਜਲ ਲੈ ਕੇ ਉਸ ਦੇ ਮੂੰਹ ਵਿਚ ਪਾਇਆ। ਜੀਤ ਮਲ ਨੂੰ ਗੁਰੂ ਜੀ ਦੇ ਭੱਟਾਂ ਨੇ ਚੁਕਿਆ ਜਿਹੜਾ ਕਿ ਹੁਣ ਸੁਖ ਸਹਿਤ ਸਵਰਗਾਂ ਵਿਚ ਪਹੁੰਚ ਗਿਆ ਸੀ। ਉਸ ਦੀ ਲੋਥ ਨੂੰ ਲਿਆ ਕੇ ਆਪਣੇ ਪਾਸੇ ਰੱਖ ਲਿਆ। ਧੰਨ ਧੰਨ ਸਾਰੇ ਉਚਾਰਨ ਕਰਦੇ ਸਨ। ਸਤਿਗੁਰੂ ਜੀ ਨੇ ਵੇਖ ਕੇ ਬਹੁਤ ਸ਼ਲਾਘਾ ਕੀਤੀ, "ਖੱਤਰੀਪੁਣਾ ਬੜੀ ਚੰਗੀ ਤਰ੍ਹਾਂ ਨਿਬਾਹਿਆ ਹੈ ॥੧੯॥

ਜੀਤਮੱਲ ਜਬਿ ਸੁਰਗ ਸਿਧਾਰਯੋ ਹਰੀਚੰਦ ਮੂਰਛਾ ਕੋ ਪਾਇ।
ਸੰਗੋਸ਼ਾਹ ਨਿਜਾਬਤ ਸੰਗੇ ਅਰੇ ਪਰਸਪਰ ਕੋਪ ਵਧਾਇ।
ਗ੍ਰਿੱਧ ਕਾਕ ਗਨ ਬਾਇਸੁ ਆਮਿਖ ਭਖਹਿਂ ਊਚ ਕਹਿ ਨਾਦ ਸੁਨਾਇ।
ਗਨ ਗੀਦਰ ਤ੍ਰਿਪਤਾਨੇ ਰਨ ਮਹਿਂ ਸਿਵਾ ਪੁਕਾਰ ਰਹੀ ਹਰਖਾਇ ॥ ੨੦ ॥

ਜੀਤ ਮਲ ਜਦ ਸਵਰਗਾਂ ਨੂੰ ਚਲੇ ਗਿਆ ਤਾਂ ਰਾਜਾ ਹਰੀ ਚੰਦ ਬੇਹੋਸ਼ ਹੋ ਗਿਆ। ਸੰਗੋ ਸ਼ਾਹ ਨਜਾਬਤ ਖਾਨ ਆਪਸ ਵਿਚ ਗੁੱਸਾ ਵਧਾ ਕੇ ਅੜ ਪਏ। ਗਿੱਰਝਾਂ, ਇੱਲਾਂ, ਮਾਸ ਖਾਂਦੇ ਹੋਏ ਉੱਚੀ-ਉੱਚੀ ਰੌਲਾ ਪਾ ਕੇ ਸੁਣਾਉਂਦੇ ਸਨ। ਬਹੁਤ ਗਿੱਦੜ ਮਾਸ ਖਾ ਖਾ ਕੇ ਤ੍ਰਿਪਤ ਹੋ ਗਏ ਸਨ ਤੇ ਗਿੱਦੜੀਆਂ ਪ੍ਰਸੰਨ ਹੋ ਕੇ ਹਵਾਂਕ ਰਹੀਆਂ ਸਨ ॥੨੦॥

ਫਤੇਸ਼ਾਹ ਇਕ ਥਾਨ ਖਰੋ ਤਹਿਂ, ਹਰੀ ਚੰਦ ਕੋ ਮੂਰਛ ਹੇਰਿ।
ਜਿਸ ਕੇ ਨਿਕਟ ਖਰੇ ਭਟ ਪੁੰਜਹਿਂ ਤਬਿ ਕਲਗ਼ੀਧਰ ਕਹਯੋ ਸੁ ਟੇਰ।
'ਜਹਿਂ ਸਮੁਦਾਇ ਮਿਲੇ ਇਕ ਥਲ ਭਟ ਰਾਮ ਸਿੰਘ ! ਦੇਖਹੁ ਬਿਨ ਦੇਰ।
ਗੋਰਾ ਤਹਾਂ ਤੋਪ ਕੋ ਮਾਰਹੁ ਤਿਨ ਸਭਿ ਕੋ ਦੇ ਤ੍ਰਾਸ ਬਡੇਰ' ॥ ੨੧ ॥

ਫਤਹਿ ਸ਼ਾਹ ਇਕ ਸਥਾਨ 'ਤੇ ਖੜਾ ਸੀ, ਉਹ ਬੇਹੋਸ਼ ਹਰੀ ਚੰਦ ਨੂੰ ਵੇਖਣ ਆਇਆ ਜਿੱਥੇ ਬਹੁਤ ਸੂਰਬੀਰ ਇਕੱਠੇ ਹੋਏ ਸਨ। ਤਦ ਸਤਿਗੁਰੂ ਜੀ ਨੇ ਉਸ ਇਕੱਠੇ ਹੋਏ ਹਜੂਮ ਨੂੰ ਵੇਖ ਕੇ ਰਾਮ ਸਿੰਘ ਨੂੰ ਕਿਹਾ। "ਹੇ ਰਾਮ ਸਿੰਘ ! ਜਿੱਥੇ ਇਕ ਸਥਾਨ ਵਿਖੇ ਬਹੁਤ ਸੂਰਬੀਰ ਖੜੇ ਹਨ, ਉਸ ਪਾਸੇ ਕਿਸੇ ਦੇਰ ਬਗੈਰ ਵੇਖੋ। ਓਥੇ ਤੋਪ ਦਾ ਗੋਲਾ ਚਲਾ ਕੇ ਮਾਰੋ ਤੇ ਉਨ੍ਹਾਂ ਸਭ ਵਿਚ ਵੱਡਾ ਡਰ ਉਤਪੰਨ ਕਰੋ ॥੨੧॥

ਸੁਨਜੋਂ ਹੁਕਮ ਗੁਰ ਕੋ ਤਿਨ ਤਤਛਿਨ ਤੋਪ ਹੁਤੀ ਪੂਰਬ ਹੀ ਤਯਾਰ।
ਦਈ ਪਲੀਤੇ ਅਗਨਿ, ਉਠੀ ਤਬਿ ਗਰਜੀ ਭੈਰਵ ਸ਼ਬਦ ਉਦਾਰ।
ਗੋਰਾ ਲਗਯੋ ਝੁੰਗ ਜਹਿਂ ਬਾਂਧਯੋ ਦੁਇ ਤ੍ਰੈ ਨਰ ਕੋ ਕੀਨਿ ਸੰਘਾਰ।
ਸੁਕਚਿ ਸਰਬ ਹੀ ਇਤ ਉਤ ਦੌਰੇ ਫਤੇਸ਼ਾਹ ਦੀਰਘ ਡਰ ਧਾਰਿ ॥ ੨੨ ॥

ਰਾਮ ਸਿੰਘ ਨੇ ਜਦ ਗੁਰੂ ਜੀ ਦਾ ਹੁਕਮ ਸੁਣਿਆ ਤੇ ਤੋਪ ਜਿਹੜੀ ਪਹਿਲਾਂ ਹੀ ਤਿਆਰ ਸੀ ਉਸ ਦੇ ਪਲੀਤੇ ਨੂੰ ਤੁਰਤ ਅੱਗ ਦਿੱਤੀ ਤਦ ਫਿਰ ਬਹੁਤ ਉੱਚੀ ਗੱਜਣ ਦੀ ਆਵਾਜ਼ ਉੱਠੀ ਤੇ ਤੋਪ ਦਾ ਗੋਲਾ ਉਥੇ ਜਾ ਕੇ ਡਿੱਗਾ ਜਿੱਥੇ ਬਹੁਤ ਮਨੁੱਖ ਟੋਲਾ ਬਣਾ ਕੇ ਖੜੇ ਸਨ, ਉਨ੍ਹਾਂ ਵਿਚੋਂ ਦੋ ਤਿੰਨ ਮਨੁੱਖ ਮਾਰੇ ਗਏ। ਫਿਰ ਡਰਦੇ ਮਾਰੇ ਸਾਰੇ ਏਧਰ ਓਧਰ ਦੌੜੇ ਤੇ ਰਾਜੇ ਫਤਹਿ ਸ਼ਾਹ ਨੇ ਵੱਡਾ ਡਰ ਧਾਰਨ ਕੀਤਾ ॥੨੨ ॥

'ਹਰੀਚੰਦ ਇਕ ਹੁਤੋ ਸੂਰਮਾ ਸੋ ਰਨ ਮਹਿਂ ਲਰਿ ਮੂਰਛਾ ਪਾਇ'।
ਅਪਰ ਸੁਭਟ ਗਨ ਮਰੇ ਦੇਖਿ ਕਰਿ ਨਿਜ ਤੁਰੰਗ ਕੋ ਚਲਯੋ ਧਵਾਇ।
ਧਨੁਖ ਬਾਨ ਨਹਿਂ ਪਾਨ ਸੰਭਾਰੇ, ਕਾਤੁਰ ਭਯੋ ਤ੍ਰਾਸ ਉਰ ਪਾਇ।
ਅਪਰ ਹੇਰਿ ਕਰਿ ਗਿਰਪਤਿ ਭਾਗਯੋ ਤਜਿ ਤਜਿ ਕਰਿ ਰਣਖੇਤ ਪਰਾਇ ॥੨੩ ॥

"ਹਰੀ ਚੰਦ ਇਕ ਸੂਰਬੀਰ ਸੀ ਜਿਸ ਨੇ ਰਣਖੇਤਰ ਵਿਚ ਯੁੱਧ ਕਰਕੇ ਬੇਹੋਸ਼ੀ ਪਾਈ ਹੈ।" ਰਣਖੇਤਰ ਵਿਚ ਹੋਰ ਸੂਰਮਿਆਂ ਨੂੰ ਮਰੇ ਵੇਖ ਕੇ, ਆਪਣੇ ਘੋੜੇ ਨੂੰ ਭਜਾ ਕੇ ਚਲਿਆ। ਧਨੁੱਖ ਬਾਣ ਨੂੰ ਆਪਣੇ ਹੱਥਾਂ ਵਿਚ ਸੰਭਾਲਦਾ ਨਹੀਂ ਸੀ, ਦਿਲ ਵਿਚ ਡਰ ਪਾ ਕੇ ਵੱਡਾ ਕਾਇਰ ਹੋ ਗਿਆ। ਹੋਰ ਪਹਾੜੀ ਰਾਜੇ ਵੇਖ ਕੇ ਭੱਜ ਉੱਠੇ ਤੇ ਰਣਖੇਤਰ ਨੂੰ ਛੱਡ ਕੇ ਭੱਜ ਗਏ ॥੨੩ ॥

ਜਸਵਾਲੀ ਡਢਵਾਲੀ ਜੇਤਿਕ ਅਵਿਲੋਕ ਤਿਹੀ ਮਧਕਰ ਸ਼ਾਹ।
ਚਲੇ ਭਾਜ ਨਹਿਂ ਲਾਜ ਬਿਚਾਰੀ ਸਮ ਨਾਰੀ ਕੇ ਡਰ ਉਰ ਮਾਂਹਿ।
ਗੋਰਾ ਗੋਰੀ ਤੀਰ ਨ ਪਹੁਚੇ, ਥਿਰ ਤਹਿਂ ਦੂਰ ਭਯੋ ਨਰਨਾਹ।
ਕਯੋਂ ਬਿਨ ਆਈ ਮਰਹਿਂ ਜੰਗ ਮਹਿਂ, ਕਾਜ ਨ ਸਰਹਿ, ਲਰਹਿਂ ਹਮ ਕਾਹਿ ? ॥੨੪ ॥

ਜਸਵਾਲੀ, ਡਢਵਾਲੀ, ਮਧਕਰ ਸ਼ਾਹ, ਜਿੰਨਿਆਂ ਨੇ ਵੀ ਵੇਖਿਆ ਸਾਰੇ ਭੱਜ ਚਲੇ, ਕਿਸੇ ਨੇ ਵੀ ਲਾਜ ਨਾ ਵਿਚਾਰੀ ਤੇ ਇਸਤਰੀਆਂ ਵਾਂਗ ਹਿਰਦੇ ਵਿਚ ਡਰ ਧਾਰਨ ਕੀਤਾ। ਜਿੱਥੇ ਗੋਲਾ ਗੋਲੀ ਨੇੜੇ ਨਾ ਪਹੁੰਚੇ, ਰਾਜਾ ਫਤਹਿ ਸ਼ਾਹ ਏਨੀ ਦੂਰ ਜਾ ਕੇ ਖੜਾ ਹੋ ਗਿਆ ਸੋਚਦਾ ਸੀ, "ਕਿਉਂ ਬਿਨ ਆਈ ਦੇ ਜੰਗ ਵਿਚ ਮਰੀਏ, ਕੁਝ ਕੰਮ ਵੀ ਨਹੀਂ ਸਰਦਾ ਹੈ, ਅਸੀ ਕਾਹਦੇ ਵਾਸਤੇ ਲੜ ਰਹੇ ਹਾਂ ?" ॥੨੪ ॥

*ਦੂਸਰੀ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ ॥ ੨੯ ॥*

☆☆☆

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੀਹਵਾਂ

### ਸੰਗੋ ਸ਼ਾਹ ਤੇ ਹਰੀ ਚੰਦ ਬੱਧ

ਦੋਹਰਾ- ਫਤੇਸ਼ਾਹਿ ਭਾਜਯੋ ਪਿਖਯੋ ਹਰੀਚੰਦ ਚੰਦੇਲ।
ਚੱਕ੍ਰਿਤ ਚਿਤ ਚੌਂਪਯੋ ਚਪਯੋ ਗਹੇ ਹਾਥ ਮਹਿਂ ਸੇਲ॥ ੧॥

ਫ਼ਤਹਿ ਸ਼ਾਹ ਭੱਜਦੇ ਨੂੰ ਹਰੀ ਚੰਦ ਤੇ ਚੰਦੇਲੀਏ ਨੇ ਵੇਖਿਆ। ਚੱਕ੍ਰਿਤ ਹੋ ਕੇ ਚਿੱਤ ਵਿਚ ਉਤਸ਼ਾਹ ਆਇਆ ਤੇ ਕ੍ਰੋਧਵਾਨ ਹੋ ਕੇ ਹੱਥ ਵਿਚ ਨੇਜ਼ੇ ਫੜੇ॥੧॥

ਰਸਾਵਲ ਛੰਦ-ਦਯਾਰਾਮ ਬੀਰੰ। ਨੰਦੰ ਚੰਦ ਧੀਰੰ। ਕੁਪਯੋ ਗੰਗਰਾਮੰ। ਗੁਲਾਬੰ ਸੁ ਨਾਮੰ॥੨॥

ਸੂਰਬੀਰ ਦਇਆ ਰਾਮ, ਧੀਰਜਵਾਨ ਨੰਦ ਚੰਦ, ਗੰਗਾ ਰਾਮ ਅੰਤੇ ਗੁਲਾਬ ਨਾਮ ਵਾਲੇ ਸੂਰਮੇ ਗੁੱਸੇ ਵਿਚ ਆ ਗਏ॥੨॥

ਮਰਯੋ ਜੀਤਮੱਲੰ। ਪਿਖਯੋ ਭੂਮਥੱਲੰ। ਸਭੈ ਕੋਪ ਧਾਏ। ਪਹਾਰੀ ਪਲਾਏ॥੩॥

ਮਰੇ ਹੋਏ ਜੀਤ ਮਲ ਨੂੰ ਉਨ੍ਹਾਂ ਧਰਤੀ ਤੇ ਪਏ ਨੂੰ ਵੇਖਿਆ, ਸਾਰੇ ਗੁੱਸੇ ਵਿਚ ਆ ਕੇ ਦੌੜੇ ਤਾਂ ਪਹਾੜੀਏ ਭੱਜ ਗਏ॥੩॥

ਸਧੀਰੰ ਚੰਦੇਲੰ। ਧਰੇ ਹਾਥ ਸੇਲੰ। ਅਰਯੋ ਅੱਗ੍ਰ ਆਈ। ਕੁਲੰ ਲਾਜ ਪਾਈ॥੪॥

ਧੀਰਜਵਾਨ ਚੰਦੇਲੇ ਨੇ ਨੇਜ਼ੇ ਉੱਤੇ ਹੱਥ ਰਖਿਆ ਤੇ ਅੱਗੇ ਆ ਕੇ ਅੜ ਪਿਆ, ਕੁਲ ਦੀ ਸ਼ਰਮ ਕੀਤੀ॥੪॥

ਹਤਯੋ ਏਕ ਦ੍ਵੈ ਕੈ। ਰਹਯੋ ਠਾਂਢ ਹ੍ਵੈ ਕੈ। ਨਿਕਾਰੀ ਕ੍ਰਿਪਾਨਾ। ਚਹੈਂ ਸ਼ੱਤ੍ਰੁ ਹਾਨਾ॥੫॥

ਇਕ ਦੋ ਨੂੰ ਮਾਰਿਆ, ਮੈਦਾਨ ਵਿਚ ਖੜਾ ਰਿਹਾ। ਕਿਰਪਾਨਾਂ ਕੱਢੀਆਂ, ਸ਼ਤਰੂ ਨੂੰ ਮਾਰਨਾ ਚਾਹੁੰਦੇ ਸਨ॥੫॥

ਦਯਾਰਾਮ ਆਦੰ। ਢੁਕੇ ਬੋਲਿ ਬਾਦੰ। ਕਰੈਂ ਖੱਗ ਘਾਤਾ। ਕਟਯੋ ਸ਼ੱਤ੍ਰੁ ਗਾਤਾ॥੬॥

ਦਇਆ ਰਾਮ ਆਦਿ ਲੜਾਈ ਵਾਲੇ ਬੋਲ ਕਹਿ ਕੇ ਆਏ, ਤਲਵਾਰਾਂ ਚਲਾਉਂਦੇ ਸਨ ਤੇ ਵੈਰੀਆਂ ਦੇ ਸਰੀਰ ਕੱਟਦੇ ਸਨ॥੬॥

ਚਿਤੰ ਸ੍ਵਾਮਿ ਕਾਮੰ। ਗਿਰਯੋ ਜੰਗ ਧਾਮੰ। ਰਖਯੋ ਧਰਮ ਬੀਰੰ। ਤਜੀ ਹੈ ਨ ਧੀਰੰ॥੭॥

ਸਵਾਮੀ ਦਾ ਕੰਮ ਚਿਤਵਦਾ ਸੀ, ਜੰਗ ਦੇ ਮੈਦਾਨ ਵਿਚ ਡਿੱਗ ਪਿਆ। ਸੂਰਬੀਰ ਨੇ ਆਪਣਾ ਧਰਮ ਰੱਖਿਆ ਤੇ ਧੀਰਜ ਨੂੰ ਨਹੀਂ ਛੱਡਿਆ ਹੈ॥੭॥

ਭਯੋ ਟੂਕ ਟੂਕੰ। ਪਰੀ ਕੂਕ ਕੂਕੰ। ਗਯੋ ਭਾਜ ਰਾਜਾ। ਤਜਯੋ ਜੰਗ ਕਾਜਾ॥੮॥

ਟੁਕੜੇ-ਟੁਕੜੇ ਹੋ ਗਏ, ਉੱਚੀ-ਉੱਚੀ ਕੂਕ ਰਹੇ ਸਨ, ਰਾਜਾ ਭੱਜ ਗਿਆ ਜੰਗ ਦੇ ਕਾਰਜ ਨੂੰ ਛੱਡ ਦਿੱਤਾ॥੮॥

ਰਿਸੇ ਖਾਨਜ਼ਾਦੇ। ਬਜੇ ਦੀਹ ਬਾਜੇ। ਫਿਰੇ ਫੇਰ ਸਾਰੇ। ਕਰੈਂ ਮਾਰ ਮਾਰੇ॥੯॥

ਪਠਾਣ ਬੜੇ ਗੁੱਸੇ ਵਿਚ ਆਏ, ਵੱਡੇ-ਵੱਡੇ ਨਗਾਰੇ ਵੱਜ ਉੱਠੇ, ਘੋੜਿਆਂ ਨੂੰ ਫੇਰਦੇ ਸਨ ਤੇ ਮਾਰੋ ਮਾਰ ਕਰਦੇ ਸਨ॥੯॥

ਨਿਜਾਬੰ ਪਠਾਨਾ। ਸੰਗੋਸ਼ਾਹ ਜ੍ਵਾਨਾ। ਅਰੇ ਆਪ ਮਾਂਹੀ। ਹਟੈਂ ਪੈਰ ਨਾਂਹੀ॥੧੦॥

ਨਿਜਾਬ ਖਾਨ ਪਠਾਣ, ਸੰਗੋ ਸ਼ਾਹ ਜਵਾਨ, ਦੋਵੇਂ ਆਪਸ ਵਿਚ ਅੜ ਗਏ। ਇਕ ਪੈਰ ਵੀ ਪਿਛਾਂਹ ਨਹੀਂ ਹਟਦੇ ਸਨ॥੧੦॥

ਸਭਾ ਬੀਚ ਜੋਊ। ਹੁਤੋ ਮੇਲ ਦੋਊ। ਪੁਰੰ ਬੀ ਚਿਨਾਰੀ। ਗੁਰੂ ਤੀਰਵਾਰੀ ॥੧੧॥

ਸਭਾ ਵਿਚ ਦੋਹਾਂ ਦਾ ਬੜਾ ਮੇਲ ਸੀ, ਭਾਵ ਸੰਗੋ ਸ਼ਾਹ ਅਤੇ ਨਿਜਾਬਤ ਖਾਨ ਦਾ ਗੁਰੂ ਜੀ ਦੀ ਸਭਾ ਵਿਚ ਬੜਾ ਮੇਲ ਸੀ। ਪਹਿਲਾਂ ਦੋਵੇਂ ਗੁਰੂ ਜੀ ਦੇ ਪਾਸ ਰਹਿੰਦੇ ਸਨ, ਇਸ ਕਰਕੇ ਉਸ ਸਮੇਂ ਤੋਂ ਹੀ ਇਕ ਦੂਸਰੇ ਨੂੰ ਜਾਣਦੇ ਸਨ। ਪਹਿਲਾਂ ਗੁਰੂ ਜੀ ਦੇ ਪਾਸ ਕੰਮ ਕਰਦੇ ਸਨ॥੧੧॥

ਦੋਹਰਾ- ਕਰਤਿ ਹੁਤੇ ਰਨ ਬਾਤ ਕੌ ਘਾਤ ਅਨੇਕ ਉਪਾਯ।
ਮਾਨਤਿ ਭਟ ਬਡ ਆਪ ਕੋ ਦੋਨੋ ਸਹਿਜ ਸੁਭਾਇ॥ ੧੨॥

ਪਹਿਲਾਂ ਵੀ ਯੁੱਧ ਦੀਆਂ ਗੱਲਾਂ ਕਰਦੇ ਹੁੰਦੇ ਸੀ ਤੇ ਅਨੇਕ ਦਾਵਾਂ ਦੇ ਉਪਾਅ ਕਰਦੇ ਸਨ, ਦੋਵਾਂ ਨੂੰ ਹੀ ਸਹਿਜ ਸੁਭਾਅ ਸਾਰੇ ਵੱਡੇ ਸੂਰਬੀਰ ਮੰਨਦੇ ਸਨ॥੧੨॥

ਰਸਾਵਲ ਛੰਦ-ਭਈ ਯਾਦ ਸੋਊ। ਭਿਰੇ ਬੀਰ ਦੋਊ। ਕਰੈਂ ਸ਼ੀਘ੍ਰਤਾਈ। ਪਰਜੋ ਨੇਰ ਆਈ॥੧੩॥

ਉਹੀ ਯਾਦ ਆ ਗਈ, ਦੋਵੇਂ ਸੂਰਬੀਰ ਭਿੜ ਪਏ, ਦੋਵੇਂ ਬੜੀ ਫੁਰਤੀ ਕਰਦੇ ਸਨ, ਇਕ ਦੂਸਰੇ ਦੇ ਨੇੜੇ ਆਉਂਦੇ ਸਨ॥੧੩॥

ਕ੍ਰਿਪਾਨੈਂ ਨਿਕਾਰੀ। ਭਯੋ ਭੇਰ ਭਾਰੀ। ਧਰੀ ਢਾਲ ਆਗੈ। ਤਕੇ ਦਾਵ ਲਾਗੈ॥੧੪॥

ਕਿਰਪਾਨਾਂ ਕੱਢੀਆਂ ਵੱਡਾ ਭੇੜ ਹੋਇਆ। ਢਾਲਾਂ ਅੱਗੇ ਕੀਤੀਆਂ ਤੱਕਦੇ ਹਨ ਕਿ ਕਿਸੇ ਤਰ੍ਹਾਂ ਦਾਅ ਲੱਗੇ॥੧੪॥

ਉਭਾਰੈਂ ਚਲਾਵੈਂ। ਸਰੀਰੰ ਬਚਾਵੈਂ। ਖਰੰ ਖੱਗ ਧਾਰੈਂ। ਸੁ ਊਚੇ ਉਸਾਰੈਂ॥੧੫॥

ਤਲਵਾਰਾਂ ਉਭਾਰ ਕੇ ਚਲਾਉਂਦੇ ਸਨ ਤੇ ਆਪਣੇ ਸਰੀਰਾਂ ਨੂੰ ਬਚਾਉਂਦੇ ਸਨ। ਬਹੁਤ ਤੇਜ ਤਲਵਾਰਾਂ ਧਾਰਨ ਕੀਤੀਆਂ ਸਨ, ਉਨ੍ਹਾਂ ਨੂੰ ਬਹੁਤ ਉੱਚਾ ਚੁੱਕਦੇ ਸਨ॥੧੫॥

ਲਗੈਂ ਘਾਵ ਅੰਗਾ। ਭਏ ਲਾਲ ਰੰਗਾ। ਬਹਯੋ ਸ਼੍ਰੋਣ ਜਾਈ। ਤਜੈਂ ਪੈ ਨ ਥਾਈ॥੧੬॥

ਅੰਗਾਂ ਉੱਤੇ ਜਦ ਜ਼ਖਮ ਲੱਗਦੇ ਸਨ ਤਾਂ ਲਾਲ ਰੰਗ ਦੇ ਹੋ ਜਾਂਦੇ ਸਨ। ਖੂਨ ਵਹਿੰਦਾ ਜਾਂਦਾ ਸੀ, ਪਰ ਇਕ ਪੈਰ ਵੀ ਪਿੱਛਾਂਹ ਨਹੀਂ ਹੱਟਦੇ ਸਨ॥੧੬॥

ਮਨੋ ਢਾਕ ਫੂਲੇ। ਦੁਊ ਬੀਰ ਝੂਲੇ। ਰਣੰ ਰੰਗ ਸੋਹਾ। ਗੁਰੂ ਕੀਨਿ ਦੋਹਾ॥੧੭॥

ਮਾਨੋ ਪਲਾਸ ਦਾ ਲਾਲ ਫੁੱਲ ਖਿੜਿਆ ਹੋਵੇ, ਦੋਵੇਂ ਸੂਰਬੀਰ ਝੂਲਦੇ ਸਨ। ਰਣਖੇਤਰ ਦਾ ਰੰਗ ਸ਼ੋਭ ਰਿਹਾ ਸੀ, ਗੁਰੂ ਜੀ ਨੇ ਇਸ ਬਾਰੇ ਆਪਣੀ ਰਚਨਾ ਬੱਚਿਤਰ ਨਾਟਕ ਵਿਚ ਲਿਖਿਆ ਹੈ॥੧੭॥

*ਸ੍ਰੀ ਮੁਖ ਵਾਕ॥*

*ਦੋਹਰਾ-ਮਾਰਿ ਨਿਜਾਬਤ ਖਾਨ ਕੌ ਸੰਗੋ ਜੁਝੇ ਜੁਝਾਰ।*
*ਹਾਹਾ ਇਹ ਲੋਕੈਂ ਭਇਓ ਸੁਰਗ ਲੋਕ ਜੈਕਾਰ॥ ੨੩॥*

ਨਜਾਬਤ ਖਾਨ ਨੂੰ ਮਾਰ ਕੇ, ਸੰਗੋ ਸ਼ਾਹ ਸੂਰਮਾ ਸ਼ਹੀਦ ਹੋ ਗਿਆ। ਹਾਹਾਕਾਰ ਇਸ ਲੋਕ ਵਿਚ ਹੋਇਆ ਤੇ ਸੁਰਗ ਲੋਕ ਵਿਚ ਜੈ ਜੈਕਾਰ ਹੋਈ॥੨੩॥

ਪਿਖਿ ਪੁਰਸ਼ਾਰਥ ਬੀਰ ਕੋ ਕਰਯੋ ਜੰਗ ਬਡ ਕਾਮ।
ਸੰਗੋ ਕਾ ਸਤਿਗੁਰ ਧਰਯੋ ਨਾਮ ਸ਼ਾਹ ਸੰਗ੍ਰਾਮ ॥ ੧੮॥

ਸੂਰਬੀਰ ਦਾ ਉੱਦਮ ਵੇਖ ਕੇ ਜਿਸ ਨੇ ਜੰਗ ਵਿਚ ਵੱਡਾ ਕੰਮ ਕੀਤਾ ਸਤਿਗੁਰੂ ਜੀ ਨੇ ਸੰਗੋ ਸ਼ਾਹ ਦਾ ਨਾਮ ਸ਼ਾਹ ਸੰਗ੍ਰਾਮ ਰੱਖ ਦਿੱਤਾ॥੧੮॥

ਰਸਾਵਲ ਛੰਦ- ਲਗੇ ਘਾਵ ਸੋਹੈਂ। ਚਢੀ ਬੰਕ ਭੋਹੈਂ।
ਗਿਰਜੋ ਜੰਗ ਮਾਂਹੀ। ਹਟਜੋ ਪੈਰ ਨਾਂਹੀ॥ ੧੯॥

ਲੱਗੇ ਹੋਏ ਘਾਵ ਸ਼ੋਭਦੇ ਸਨ, ਗੁੱਸੇ ਨਾਲ ਭਵਾਂ ਟੇਢੀਆਂ ਹੋ ਗਈਆਂ ਸਨ। ਜੰਗ ਵਿਚ ਡਿੱਗ ਪਿਆ, ਪਰ ਇਕ ਪੈਰ ਵੀ ਪਿੱਛੇ ਨਾ ਹਟਿਆ॥੧੯॥

ਗਯੋ ਦੇਵਲੋਕੰ। ਜਹਾਂ ਨਾਂਹਿ ਸ਼ੋਕੰ।
ਗਿਰੇ ਬੀਰ ਦੋਈ। ਪ੍ਰਭੂ ਪੇਖਿ ਸੋਈ॥ ੨੦॥

ਸਵਰਗ ਲੋਕ ਵਿਚ ਚਲਾ ਗਿਆ, ਜਿੱਥੇ ਕੋਈ ਦੁਖ ਨਹੀਂ ਹੈ। ਦੋਵੇਂ ਸੂਰਮੇ ਡਿੱਗ ਪਏ, ਸਤਿਗੁਰੂ ਜੀ ਨੇ ਉਨ੍ਹਾਂ ਨੂੰ ਵੇਖਿਆ॥੨੦॥

ਚਲੇ ਆਪ ਆਗੇ। ਰਿਦੇ ਕੋਪ ਜਾਗੇ।
ਸੰਭਾਰੇ ਕੁਦੰਡੰ। ਖਤੰਗੇ ਪ੍ਰਚੰਡੰ॥ ੨੧॥

ਆਪ ਅੱਗੇ ਚਲ ਪਏ, ਹਿਰਦੇ ਵਿਚ ਕ੍ਰੋਧ ਜਾਗਿਆ। ਧਨੁੱਖ ਨੂੰ ਸੰਭਾਲਿਆ ਪ੍ਰਚੰਡ ਬਾਨ ਛੱਡੇ॥੨੧॥

ਭਯੋ ਤੇਜ ਘੋਰਾ। ਜ਼ਰੀ ਜ਼ੀਨ ਬੋਰਾ।
ਖਰੇ ਖ਼ਾਨ ਖੂਨੀ। ਰਿਸੇ ਪੇਖਿ ਦੂਨੀ॥ ੨੨॥

ਘੋੜਾ ਤੇਜ ਹੋਇਆ, ਜ਼ਰੀ ਨਾਲ ਕਾਠੀ ਮੜ੍ਹੀ ਹੋਈ ਸੀ ਖਾਨ ਖੂਨੀ ਖੜੇ ਸਨ, ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੂੰ ਦੂਣਾ ਗੁੱਸਾ ਆਇਆ॥੨੨॥

ਬਜੀ ਬੰਬ ਭੂਰੀ। ਸੁਨੀ ਜਾਇ ਦੂਰੀ।
ਉਤੇ ਖਾਨ ਢੂਕੈਂ। ਮੁਖੰ 'ਮਾਰ' ਕੂਕੈਂ॥ ੨੩॥

ਨਗਾਰਿਆਂ ਦੇ ਸ਼ਬਦ ਬਹੁਤ ਉੱਚੀ ਹੋਏ, ਜਿਹੜੇ ਦੂਰ ਤਕ ਸੁਣੇ ਜਾ ਸਕਦੇ ਸਨ। ਉਧਰ ਖਾਨ ਢੁਕ ਪਏ ਜਿਹੜੇ ਮੁੱਖ ਤੋਂ ਮਾਰੋ ਮਾਰ ਕੂਕਦੇ ਸਨ॥੨੩॥

ਗੁਰੂ ਬਾਨ ਲੀਨਾ। ਧਨੈਂ ਐਂਚਿ ਕੀਨਾ।
ਤਜਜੋ ਬੇਗ ਸੰਗਾ। ਲਗਜੋ ਖਾਨ ਅੰਗਾ॥ ੨੪॥

ਗੁਰੂ ਜੀ ਨੇ ਬਾਣ ਲਿਆ ਤੇ ਧਨੁੱਖ ਨੂੰ ਖਿਚਿਆ। ਬੜੀ ਕਾਹਲੀ ਨਾਲ ਤੀਰ ਨੂੰ ਛੋਡਿਆ ਤੇ ਉਹ ਖਾਨ ਦੇ ਅੰਗਾਂ ਨੂੰ ਜਾ ਕੇ ਲੱਗਾ॥੨੪॥

ਗਿਰਜੋ ਜੰਗ ਖੇਤਾ। ਨਹੀਂ ਫੇਰ ਚੇਤਾ।
ਡਸਜੋ ਨਾਗ ਮਾਨੋ। ਕਰੇ ਪ੍ਰਾਨ ਹਾਨੋ॥ ੨੫॥

ਉਹ ਜੰਗ ਦੇ ਖੇਤਰ ਵਿਚ ਡਿੱਗ ਪਿਆ, ਫਿਰ ਸਾਵਧਾਨ ਨਾ ਹੋਇਆ ਮਾਨੋ ਨਾਗ ਡੱਸ ਗਿਆ ਹੋਵੇ ਤੇ ਪ੍ਰਾਣ ਦੂਰ ਕਰ ਦਿੱਤੇ॥੨੫॥

ਦੁਤੀ ਬਾਣ ਲੈਕੇ। ਗੁਨੰ ਜੋਰਿ ਕੈਕੈ।
ਕਰਜੋ ਤਾਨ ਤਾਨਾ। ਲਗਜੋ ਖਾਨ ਕਾਨਾ॥ ੨੬॥

ਦੂਸਰਾ ਬਾਣ ਲੈ ਕੇ, ਚਿੱਲੇ ਵਿਚ ਚੜ੍ਹਾਇਆ, ਉਸ ਨੂੰ ਤਾਣ ਕੇ ਮਾਰਿਆ ਜਿਹੜਾ ਖਾਨ ਦੇ ਕੰਨ ਵਿਚ ਲੱਗਾ॥੨੬॥

ਦੋਹਰਾ- ਸਭਿ ਖਾਨਨ ਸਰਦਾਰ ਬਡ ਨਾਮ ਜੁ ਭੀਖਨ ਖਾਂਨ।
ਨਿਮਕ ਹਰਾਮੀ ਜਾਨਿ ਕੈ ਮਾਰਜੋ ਤੀਖਨ ਬਾਨ॥ ੨੭॥

ਜਿਹੜਾ ਸਾਰੇ ਖਾਨਾਂ ਦਾ ਸਰਦਾਰ, ਜਿਸ ਦਾ ਵੱਡਾ ਨਾਮ ਭੀਖਨ ਖਾਨ ਸੀ, ਉਸ ਨੂੰ ਨਿਮਕ-ਹਰਾਮੀ ਜਾਣ ਕੇ ਤਿਖਾ ਬਾਣ ਮਾਰਿਆ॥੨੭॥

ਰਸਾਵਲ ਛੰਦ- ਮੁਖੰ ਤਾਕਿ ਮਾਰਾ। ਮਨੋ ਨਾਗ ਕਾਰਾ।
ਚਲਜੋ ਸ਼ੂਕ ਆਗੇ। ਰਿਪੂ ਤ੍ਰਾਸ ਲਾਗੇ॥ ੨੮॥

ਮੂੰਹ ਨੂੰ ਤਕ ਕੇ ਮਾਰਿਆ, ਮਾਨੋ ਕਾਲਾ ਨਾਗ ਹੋਵੇ, ਤੀਰ ਸ਼ੂਕਦਾ ਹੋਇਆ ਅੱਗੇ ਚਲਾ ਗਿਆ, ਵੈਰੀ ਬਹੁਤ ਡਰ ਗਿਆ॥੨੮॥

ਨਹੀਂ ਠਾਢ ਹੋਵਾ। ਪ੍ਰਭੂ ਭੀਮ ਜੋਵਾ।
ਬਚਜੋ ਆਪ ਭਾਗਜੋ। ਤੁਰੰਗੈ ਸੁ ਲਾਗਜੋ॥ ੨੯॥

ਖੜਾ ਨਾ ਹੋ ਸਕਿਆ, ਸਤਿਗੁਰੂ ਜੀ ਦਾ ਭੈਅ ਖਾਧਾ, ਆਪ ਬਚ ਕੇ ਭਜਿਆ, ਤੀਰ ਘੋੜੇ ਦੇ ਜਾ ਲੱਗਾ॥੨੯॥

ਪਰਜੋ ਪਾਰ ਜਾਈ। ਗਿਰਜੋ ਜੰਗ ਥਾਈ।
ਮਰਜੋ ਸੋ ਕਿਕਾਨਾ। ਚਲਜੋ ਤਜਾਗ ਖ਼ਾਨਾ॥ ੩੦॥

ਤੀਰ ਘੋੜੇ ਦੇ ਵਿਚੋਂ ਦੀ ਪਾਰ ਹੋ ਗਿਆ ਤੇ ਘੋੜਾ ਮੈਦਾਨੇ ਜੰਗ ਵਿਚ ਡਿੱਗ ਪਿਆ। ਉਹ ਘੋੜਾ ਮਰ ਗਿਆ। ਖਾਨ ਛੱਡ ਕੇ ਚਲ ਪਿਆ॥

ਗੁਰੂ ਬਾਨ ਆਨਾ। ਤਜੈ ਹਾਨ ਖਾਨਾ।
ਨੰਦੰਚੰਦ ਛਿਪ੍ਰੰ। ਦਯਾਰਾਮ ਬਿੱਪ੍ਰੰ॥ ੩੧॥

ਗੁਰੂ ਜੀ ਦੇ ਹੋਰ ਬਾਣ ਆਏ, ਖਾਨ ਨੂੰ ਮਾਰਨ ਵਾਸਤੇ ਚਲਾਏ। ਦੀਵਾਨ ਨੰਦ ਚੰਦ ਤੇ ਦਇਆ ਰਾਮ ਪ੍ਰੋਹਿਤ ਛੇਤੀ ਨਾਲ ਆਏ॥੩੧॥

ਗੁਰੂ ਕੋਪ ਹੇਰਾ। ਸੰਗ੍ਰਾਮੰ ਬਡੇਰਾ।
ਪਰੇ ਧਾਇ ਦੋਈ। ਹਨੈਂ ਖਾਨ ਸੋਈ॥ ੩੨॥

ਗੁਰੂ ਜੀ ਦੇ ਗੁੱਸੇ ਨੂੰ ਵੇਖਿਆ, ਵੱਡਾ ਸੰਗ੍ਰਾਮ ਮੱਚਿਆ। ਦੋਵੇਂ ਦੌੜ ਕੇ ਪੈ ਗਏ, ਖਾਨਾਂ ਨੂੰ ਮਾਰਦੇ ਸਨ॥੩੨॥

ਕਰਜੋ ਜ਼ੋਰ ਹੱਲਾ। ਨਹੀਂ ਜਾਇ ਝੱਲਾ।
ਪਰਜੋ ਸ਼ੋਰ ਊਚਾ। ਸੁ ਦੂਰੇ ਪਹੂੰਚਾ॥ ੩੩॥

ਬੜੇ ਜ਼ੋਰ ਨਾਲ ਹਮਲਾ ਕੀਤਾ, ਜਿਹੜਾ ਝੱਲਿਆ ਨਹੀਂ ਸੀ ਜਾਂਦਾ। ਬੜਾ ਉੱਚੀ ਰੌਲਾ ਪਿਆ, ਜਿਹੜਾ ਬਹੁਤ ਦੂਰ ਤੱਕ ਪਹੁੰਚਿਆ॥੩੩॥

ਟਿਕੇ ਖਾਨ ਨਾਂਹੀ। ਰਿਦੇ ਤ੍ਰਾਸ ਮਾਂਹੀ।
ਪ੍ਰਹਾਰੇ ਸੁ ਭਾਗੇ। ਬਡੇ ਘਾਵ ਲਾਗੇ॥ ੩੪॥

ਖਾਨ ਟਿਕੇ ਨਹੀਂ, ਹਿਰਦੇ ਵਿਚ ਵੱਡਾ ਡਰ ਧਾਰਨ ਕੀਤਾ, ਭੀਖਨ ਖਾਨ ਨੂੰ ਭੱਜਾ ਜਾਂਦਾ ਵੇਖ ਕੇ ਸਾਰੇ ਪਠਾਣ ਭੱਜ ਉੱਠੇ, ਜਿਨ੍ਹਾਂ ਉੱਪਰ ਵਾਰ ਕੀਤੇ ਸਨ, ਉਹ ਡਰ ਕੇ ਭੱਜੇ, ਵੱਡੇ ਘਾਵ ਲੱਗੇ॥੩੪॥

ਭਯੋ ਜੰਗ ਭਾਰਾ। ਨ ਜਾਈ ਸਹਾਰਾ।
ਹਜ਼ਾਰੈਂ ਸੁ ਜੋਧਾ। ਭਜੇ ਤਜਾਗਿ ਕ੍ਰੋਧਾ॥ ੩੫॥

ਭਾਰੀ ਜੰਗ ਹੋਇਆ, ਸਹਾਰਿਆ ਨਹੀਂ ਸੀ ਜਾਂਦਾ, ਹਜ਼ਾਰਾਂ ਦੀ ਗਿਣਤੀ ਵਿਚ ਯੋਧੇ, ਕ੍ਰੋਧ ਛੱਡ ਕੇ ਭੱਜ ਉਠੇ॥੩੫॥

ਮਿਲੇ ਭੂਤ ਪ੍ਰੇਤੰ। ਭਖੈਂ ਮਾਸ ਖੇਤੰ।
ਬਡੀ ਗ੍ਰਿਝ ਬੋਲੈਂ। ਬਿਸਾਲੀ ਕਲੋਲੈਂ॥ ੩੬॥

ਭੂਤ ਪ੍ਰੇਤ ਆ ਕੇ ਮਿਲੇ, ਰਣਖੇਤਰ ਵਿਚ ਉਹ ਮਾਸ ਖਾਂਦੇ ਸਨ। ਵੱਡੀਆਂ-ਵੱਡੀਆਂ ਗਿੱਰਝਾਂ ਬੋਲਦੀਆਂ ਸਨ ਤੇ ਪ੍ਰਸੰਨ ਹੋ ਕੇ ਕਲੋਲਾਂ ਕਰਦੀਆਂ ਸਨ॥੩੬॥

ਫਿਰੇ ਆਨ ਸਜਾਰੰ। ਪੁਕਾਰੈਂ ਪੁਕਾਰੰ।
ਮਿਲੀ ਜੋਗਨੀਯਾ। ਮਹਾਂ ਸ਼੍ਰੋਨ ਪੀਯਾ॥ ੩੭॥

ਗਿੱਦੜ ਆ ਕੇ ਫਿਰ ਰਹੇ ਸਨ, ਬਹੁਤ ਰੌਲਾ ਪਾਉਂਦੇ ਸਨ। ਜੋਗਨੀਆਂ ਵੀ ਆ ਕੇ ਮਿਲੀਆਂ, ਉਹ ਬਹੁਤ ਖੂਨ ਪੀ ਰਹੀਆਂ ਸਨ॥੩੭॥

ਡਕੀ ਡਾਕਣਾਈ। ਡਕਾਰੈਂ ਅਘਾਈ।
ਭਯੋ ਭੀਮ ਥਾਨਾ। ਤ੍ਰਸੇ ਬ੍ਰਿੰਦ ਖਾਨਾ॥ ੩੮॥

ਡਾਕਣੀਆਂ ਬੋਲਦੀਆਂ ਹਨ, ਨੱਕੋ-ਨੱਕ ਰੱਜ ਗਈਆਂ ਹਨ, ਬਹੁਤ ਘਮਸਾਨ ਦਾ ਯੁੱਧ ਹੋਇਆ, ਸਾਰੇ ਪਠਾਣ ਡਰ ਗਏ॥੩੮॥

ਪਰੀ ਲੋਥ ਬ੍ਰਿੰਦਾ। ਬਿਲੰਦੇ ਨਿਕੰਦਾ।
ਪ੍ਰਿਥੀ ਸ਼੍ਰੋਣ ਫੈਲਾ। ਪਰਯੋ ਐਲ ਭੈਲਾ॥ ੩੯॥

ਬਹੁਤ ਲੋਥਾਂ ਪਈਆਂ ਸਨ, ਬੁਰੀ ਤਰ੍ਹਾਂ ਕੱਟੇ ਗਏ, ਧਰਤੀ ਤੇ ਖੂਨ ਫੈਲਿਆ ਸੀ, ਭਿਆਨਕ ਸ਼ੋਰ ਹੋ ਰਿਹਾ ਸੀ॥੩੯॥

ਦੋਹਰਾ- ਜੀਤਮੱਲ ਕੇ ਤੀਰ ਸੋਂ ਹਰੀਚੰਦ ਮੁਰਝਾਇ।
ਸਨੇ ਸਨੇ ਲਹਿ ਚੇਤਨਾ ਦੇਖੇ ਖਾਨ ਪਰਾਇ॥ ੪੦॥

ਜੀਤ ਮੱਲ ਦੇ ਤੀਰ ਨਾਲ ਹਰੀ ਚੰਦ ਬੇਹੋਸ਼ ਹੋ ਗਿਆ ਸੀ। ਹੌਲੀ-ਹੌਲੀ ਹੋਸ਼ ਵਿਚ ਆ ਕੇ ਉਸ ਨੇ ਪਠਾਣਾਂ ਨੂੰ ਭੱਜੇ ਜਾਂਦੇ ਵੇਖਿਆ॥੪੦॥

ਉਮਡਯੋ ਆਵਤਿ ਗੁਰੂ ਦਲ ਜੰਗ ਫਤੇ ਕੋ ਪਾਇ।
ਸਹਿ ਨ ਸਕਯੋ ਨਿਜ ਹਾਰ ਕੌ,ਘਾਵ ਸੁ ਦ੍ਰਿੜ੍ਹ ਬੰਧਵਾਇ॥੪੧॥

ਗੁਰੂ ਜੀ ਦਾ ਦਲ ਉਮਡਿਆ ਆ ਰਿਹਾ ਸੀ, ਜੰਗ ਵਿਚ ਫਤਹਿ ਪਾਵਾਂਗੇ। ਉਹ ਆਪਣੀ ਹਾਰ ਨੂੰ ਬਰਦਾਸ਼ਤ ਨਾ ਕਰ ਸਕਿਆ, ਆਪਣੇ ਜ਼ਖਮਾਂ ਨੂੰ ਉਸ ਚੰਗੀ ਤਰ੍ਹਾਂ ਬੰਨ੍ਹਵਾਇਆ॥੪੧॥

ਰਸਾਵਲ ਛੰਦ- ਹਰੀਚੰਦ ਜੋਧਾ। ਉਠਯੋ ਫੇਰ ਕ੍ਰੋਧਾ।
ਸੰਭਾਰਯੋ ਕੁਦੰਡਾ। ਸਰੰ ਸੰਧਿ ਛੰਡਾ॥ ੪੨॥

ਹਰੀ ਚੰਦ ਯੋਧਾ, ਫਿਰ ਕ੍ਰੋਧ ਧਾਰ ਕੇ ਉੱਠਿਆ। ਉਸ ਆਪਣੇ ਧਨੁੱਖ ਨੂੰ ਫੜਿਆ। ਤੀਰ ਰੱਖ ਕੇ ਛੱਡਿਆ॥੪੨॥

ਪੁਨੰ ਆਨ ਲੀਨੇ। ਤਜੇ ਓਜ ਕੀਨੇ।
ਗੁਰੂ ਬੀਰ ਮਾਰੇ। ਜੁ ਆਗੇ ਪਧਾਰੇ॥ ੪੩॥

ਫਿਰ ਹੋਰ ਤੀਰ ਲਿਆ ਤੇ ਬੜੇ ਜ਼ੋਰ ਨਾਲ ਛੱਡਿਆ, ਗੁਰੂ ਜੀ ਦੇ ਸੂਰਮੇ ਮਾਰੇ ਜਿਹੜੇ ਅੱਗੇ ਜਾ ਰਹੇ ਸਨ॥੪੩॥

ਜਿਸੈ ਅੰਗ ਲਾਗੈ। ਤਬੈ ਪ੍ਰਾਨ ਤਜਾਗੈ।
ਸੁਰੰਲੋਕ ਜਾਵੈ। ਬਰੈਂ ਹੂਰ ਆਵੈਂ॥ ੪੪॥

ਜਿਸ ਦੇ ਵੀ ਅੰਗ ਨੂੰ ਤੀਰ ਲੱਗਦਾ ਸੀ, ਉਹ ਉਸੇ ਵੇਲੇ ਪ੍ਰਾਣ ਛੱਡ ਜਾਂਦਾ ਸੀ। ਦੇਵਤਿਆਂ ਦੇ ਲੋਕ ਵਿਚ ਚਲਾ ਜਾਂਦਾ ਸੀ ਤੇ ਹੂਰਾਂ ਨਾਲ ਵਿਆਹ ਕਰਵਾਉਂਦਾ ਸੀ॥੪੪॥

ਤਊ ਬੀਰ ਭਾਰੇ। ਮਰੇ ਨ ਪਿਛਾਰੇ।
ਹਲੰ ਹਾਲ ਘਾਲੇ। ਅਗੇ ਪਾਇ ਡਾਲੇ॥ ੪੫॥

ਫਿਰ ਵੀ ਭਾਰੀ ਸੂਰਬੀਰ, ਪਿਛਾੜਨ ਨਾਲ ਮਰਦੇ ਨਹੀਂ ਸੀ, ਉਹ ਹੱਲੇ ਤੇ ਹੱਲਾ ਕਰਦੇ ਸਨ ਤੇ ਅੱਗੇ ਪੈਰ ਧਰਦੇ ਸਨ॥੪੫॥

ਹਰੀਚੰਦ ਹੇਰੇ। ਸੁ ਕੋਪਜੋ ਘਨੇਰੇ।
ਸੰਧੇ ਬਾਨ ਦੋਊ। ਕਰੇ ਓਜ ਸੋਊ॥ ੪੬॥

ਹਰੀ ਚੰਦ ਵੇਖਦਾ ਸੀ, ਬਹੁਤ ਗੁੱਸੇ ਵਿਚ ਆਉਂਦਾ ਸੀ। ਤੀਰ ਛੱਡਦਾ ਤੇ ਬੜੀ ਸ਼ਕਤੀ ਲਾਉਂਦਾ ਹੈ॥੪੬॥

ਹਤੈ ਏਕ ਬਾਰੀ। ਲਗੈ ਹੋਇ ਪਾਰੀ।
ਭਟੰ ਹ੍ਵੈ ਕਿ ਘੋਰਾ। ਪ੍ਰਹਾਰੈ ਸੁ ਜ਼ੋਰਾ॥ ੪੭॥

ਇਕੋ ਵਾਰੀ ਮਾਰ ਦਿੰਦਾ ਹੈ, ਤੀਰ ਲੱਗ ਕੇ ਵੈਰੀ ਦੇ ਪਾਰ ਹੋ ਜਾਂਦਾ ਹੈ। ਸੂਰਮਾ ਹੋਵੇ ਜਾਂ ਘੋੜਾ, ਬੜਾ ਜ਼ੋਰ ਲਾ ਕੇ ਵਾਰ ਕਰਦਾ ਹੈ॥ ੪੭॥

ਤਨੰ ਫੋਰ ਦੇਤਾ। ਗਿਰੇ ਜੰਗ ਖੇਤਾ।
ਉਠੈ ਪੈ ਨ ਸੋਈ। ਮਹਾਂ ਨੀਂਦ ਸੋਈ॥ ੪੮॥

ਸਰੀਰ ਨੂੰ ਪਾੜ ਦਿੰਦਾ ਹੈ ਤੇ ਸੂਰਬੀਰ ਰਣਖੇਤਰ ਵਿਚ ਡਿੱਗ ਪੈਂਦਾ ਹੈ। ਫਿਰ ਉਹ ਉੱਠ ਨਹੀਂ ਸਕਦਾ ਹੈ ਤੇ ਸਦਾ ਦੀ ਨੀਂਦ ਸੌਂ ਜਾਂਦਾ ਹੈ॥੪੮॥

ਗੁਰੂ ਹੇਰਿ ਤਾਂਕੋ। ਬਡੋ ਬੀਰ ਬਾਂਕੋ।
ਗਏ ਤਾਂਹਿ ਆਗੇ। ਜਿਸੇ ਕੋਪ ਜਾਗੇ॥ ੪੯॥

ਗੁਰੂ ਜੀ ਨੇ ਉਸ ਨੂੰ ਵੇਖਿਆ, ਵੱਡਾ ਬਾਂਕਾ ਸੂਰਬੀਰ ਹੈ, ਉਸ ਦੇ ਅੱਗੇ ਗਏ ਜਿਸ ਹਰੀ ਚੰਦ ਵਿਚ ਵੱਡਾ ਕ੍ਰੋਧ ਜਾਗਿਆ ਹੋਇਆ ਸੀ॥੪੯॥

ਹਰੀਚੰਦ ਦੇਖੈ। ਪ੍ਰਭੂ ਜੀ ਪਰੇਖੈ।
ਤਬੈ ਤਾਨਿ ਬਾਨੰ। ਬਲੀ ਬੀਰ ਜ੍ਵਾਨੰ॥ ੫੦॥

ਹਰੀ ਚੰਦ ਨੇ ਵੇਖਿਆ ਤੇ ਸਤਿਗੁਰੂ ਜੀ ਨੂੰ ਪਹਿਚਾਣ ਲਿਆ। ਤਦ ਵੱਡੇ ਬਲੀ ਜਵਾਨ ਨੇ ਤੀਰ ਨੂੰ ਤਾਣਿਆ॥੫੦॥

ਗੁਰੂ ਓਰ ਮਾਰਾ। ਮਨੋ ਆਇ ਮਾਰਾ।
ਗਯੋ ਹਾਥ ਠਾਗਾ। ਹਯੰ ਅੰਗ ਲਾਗਾ॥ ੫੧॥

ਗੁਰੂ ਜੀ ਵਲ ਮਾਰਿਆ, ਮਾਨੋ ਆ ਕੇ ਮਾਰ ਹੀ ਦਿੱਤਾ ਹੈ, ਹੱਥ ਠਗਿਆ ਗਿਆ ਭਾਵ ਹਿੱਲ ਗਿਆ, ਘੋੜੇ ਦੇ ਸਰੀਰ ਨੂੰ ਲੱਗਾ ॥ ੫੧ ॥

ਕਛੂ ਘਾਵ ਥੋਰਾ। ਪ੍ਰਭੂ ਕੇਰ ਘੋਰਾ।
ਤਿਮੰ ਬੇਗ ਧਾਰੇ। ਸੁ ਪੀਰਾ ਸਹਾਰੇ ॥ ੫੨ ॥

ਸਤਿਗੁਰੂ ਜੀ ਦੇ ਘੋੜੇ ਨੂੰ ਥੋੜ੍ਹਾ ਜ਼ਖਮ ਹੋਇਆ, ਪਰ ਸਤਿਗੁਰੂ ਜੀ ਦਾ ਘੋੜਾ ਪੀੜ ਸਹਾਰ ਕੇ ਪਹਿਲਾਂ ਵਾਂਗ ਹੀ ਤੇਜ਼ੀ ਨਾਲ ਚਲਦਾ ਰਿਹਾ ॥੫੨ ॥

ਰਿਸਜੋ ਸੈਲ ਰਾਜਾ। ਸਰਜੋ ਨਾਂਹਿ ਕਾਜਾ।
ਲਯੋ ਬਾਨ ਆਨਾ। ਸੁ ਚਾਂਪੰ ਸੰਧਾਨਾ ॥ ੫੩ ॥

ਪਹਾੜੀ ਰਾਜਾ ਗੁੱਸੇ ਵਿਚ ਆਇਆ, ਉਸ ਦਾ ਕੁਝ ਕੰਮ ਵੀ ਸਰਿਆ ਨਹੀਂ ਸੀ। ਫਿਰ ਉਸ ਇਕ ਹੋਰ ਬਾਣ ਲਿਆ ਤੇ ਧਨੁੱਖ ਦੇ ਉੱਤੇ ਟਿਕਾਇਆ ॥੫੩ ॥

ਗੁਰੂ ਬੀਰ ਭਾਰੀ। ਨਿਹਾਰੇ ਅਗਾਰੀ।
ਬਨਾਏ ਨਿਸ਼ਾਨਾ। ਤਜਜੋ ਤੀਖ ਬਾਨਾ ॥ ੫੪ ॥

ਗੁਰੂ ਜੀ ਭਾਰੀ ਯੋਧੇ ਅੱਗੇ ਖੜੇ ਵੇਖ ਰਹੇ ਸਨ, ਨਿਸ਼ਾਨਾ ਬਣਾ ਕੇ ਉਸ ਫਿਰ ਤਿੱਖਾ ਤੀਰ ਛੌਡਿਆ ॥੫੪ ॥

ਗਯੋ ਹਾਥ ਹਾਲੀ। ਭਯੋ ਵਾਰ ਖਾਲੀ।
ਛੁਹਜੋ ਸ਼੍ਰੋਣ ਸੰਗਾ। ਪਰਜੋ ਸੋ ਖਤੰਗਾ ॥ ੫੫ ॥

ਹੱਥ ਹਿੱਲ ਗਿਆ ਤੇ ਵਾਰ ਖਾਲੀ ਗਿਆ, ਕੰਨ ਨਾਲ ਮਾੜਾ ਜੇਹਾ ਛੁਹਿਆ ਤੇ ਉਹ ਤੀਰ ਥੱਲੇ ਡਿੱਗ ਪਿਆ ॥੫੫ ॥

ਕਛੂ ਘਾਵ ਹੋਵਾ। ਲਹੂ ਬਿੰਦ ਜੋਵਾ।
ਹਰੀਚੰਦ ਹੇਰੇ। ਬਿਸੰਮਜੋ ਘਨੇਰੇ ॥ ੫੬ ॥

ਕੁਝ ਘਾਵ ਹੋਇਆ ਤੇ ਕੁਝ ਲਹੂ ਨਿਕਲਿਆ ਵੇਖਿਆ। ਹਰੀ ਚੰਦ ਵੇਖਦਾ ਸੀ ਤੇ ਬਹੁਤ ਹੈਰਾਨ ਹੋਇਆ ॥੫੬ ॥

ਲਗੈ ਤੀਰ ਨਾਂਹੀ। ਭਯੋ ਮੋਹਿਕਾਹੀ।
ਤੁਰੰਗੇ ਨ ਮਾਰਾ। ਨ ਸ਼ੱਤ੍ਰੂ ਸੰਘਾਰਾ ॥ ੫੭ ॥

ਮੇਰਾ ਤੀਰ ਲੱਗਦਾ ਹੀ ਨਹੀਂ ਹੈ, ਪਤਾ ਨਹੀਂ ਮੈਨੂੰ ਕੀ ਹੋ ਗਿਆ ਹੈ। ਨਾ ਇਸ ਘੋੜੇ ਨੂੰ ਮਾਰਿਆ ਹੈ ਤੇ ਨਾ ਵੈਰੀ ਦਾ ਹੀ ਨਾਸ਼ ਕੀਤਾ ਹੈ ॥੫੭ ॥

ਜੁ ਵਿੱਦਜਾ ਕਮਾਈ। ਨਹੀਂ ਕਾਮ ਆਈ।
ਗੁਰੂ ਸਾਵਧਾਨਾ। ਅਡੋਲੰ ਨਿਸ਼ਾਨਾ ॥ ੫੮ ॥

ਜੋ ਵਿਦਿਆ ਕਮਾਈ ਸੀ, ਉਹ ਕੰਮ ਨਹੀਂ ਆਈ ਹੈ, ਗੁਰੂ ਜੀ ਸਾਵਧਾਨ ਹਨ ਮੇਰਾ ਨਿਸ਼ਾਨਾ ਅਡੋਲ ਹੈ ॥੫੮ ॥

ਤਊ ਮੈਂ ਨ ਹਾਨਾ। ਰਹਜੋ ਧਾਰਿ ਪ੍ਰਾਨਾ।
ਬਿਚਾਰੈ ਉਦਾਰਾ। ਮਨੋ ਜੁੱਧ ਹਾਰਾ ॥ ੫੯ ॥

ਫਿਰ ਵੀ ਮੈਂ ਉਨ੍ਹਾਂ ਨੂੰ ਮਾਰ ਨਹੀਂ ਸਕਿਆ, ਪ੍ਰਾਣਾਂ ਸਹਿਤ ਰਹਿ ਰਹੇ ਹਨ। ਬਹੁਤ ਵਿਚਾਰ ਕਰਦਾ ਸੀ, ਮਾਨੋ ਯੁੱਧ ਹਾਰ ਗਿਆ ਸੀ ॥੫੯ ॥

ਪੁਨੰ ਦੇਖ ਨੈਨਾ। ਲਯੋ ਬਾਨ ਪੈਨਾ।
ਤਕਜੋ ਬੀਚ ਛਾਤੀ। ਲਗੇ ਪ੍ਰਾਨ ਘਾਤੀ॥ ੬੦॥

ਫਿਰ ਅੱਖਾਂ ਨਾਲ ਵੇਖਿਆ ਤੇ ਇਕ ਤਿੱਖਾ ਤੀਰ ਲਿਆ, ਛਾਤੀ ਦਾ ਨਿਸ਼ਾਨ ਬਣਾਇਆ, ਜਿਸ ਦੇ ਲੱਗਣ ਨਾਲ ਪ੍ਰਾਣ ਨਾਸ਼ ਹੋ ਜਾਣ॥੬੦॥

ਕਰੇ ਓਜ ਛੋਰਾ। ਚਲਜੋ ਸ਼ੂਕਿ ਘੋਰਾ।
ਹੁਤੀ ਬੰਧ ਪੇਟੀ। ਚਹੁੰ ਓਰੇ ਲਪੇਟੀ॥ ੬੧॥

ਬੜਾ ਜ਼ੋਰ ਲਾ ਕੇ ਛੱਡਿਆ ਤੇ ਬਾਣ ਘੋਰ ਸ਼ੂਕਦਾ ਹੋਇਆ ਚਲਿਆ ਗੁਰੂ ਜੀ ਨੇ ਇਕ ਪੇਟੀ ਬੰਨ੍ਹੀ ਸੀ, ਜਿਹੜੀ ਪੇਟ ਦੇ ਚਾਰੇ ਪਾਸੇ ਲਪੇਟੀ ਸੀ॥੬੧॥

ਸਰੰ ਅੰਗ ਘਾਤੀ। ਲਗਜੋ ਬੀਚ ਛਾਤੀ।
ਤਹਾਂ ਦ੍ਵਾਲ ਭਾਥਾ। ਸੁ ਪੇਟੀ ਕੇ ਸਾਥਾ॥ ੬੨॥

ਹਰੀ ਚੰਦ ਦਾ ਜ਼ਖਮੀ ਕਰਨ ਵਾਲਾ ਬਾਣ ਗੁਰੂ ਜੀ ਦੀ ਛਾਤੀ ਦੇ ਵਿਚ ਵੱਜਾ ਉਥੇ ਚਮੜੇ ਦਾ ਭੱਥਾ ਸੀ, ਉਹ ਪੇਟੀ ਦੇ ਨਾਲ ਸੀ॥੬੨॥

ਗਯੋ ਬੇਧਿ ਦੋਊ। ਚੁਭਜੋ ਚਰਮ ਸੋਊ।
ਗੁਰੂ ਕਾਢਿ ਗੇਰਾ। ਕਹਜੋ ਤਾਂਹਿ ਬੇਰਾ॥ ੬੩॥

ਉਹ ਤੀਰ ਭਸਮੇ ਅਤੇ ਪੇਟੀ ਦੋਵਾਂ ਨੂੰ ਵਿੰਨ੍ਹ ਕੇ ਮਾਸ ਦੇ ਵਿਚ ਜਾ ਲੱਗਾ। ਗੁਰੂ ਜੀ ਨੇ ਕੱਢ ਕੇ ਡੇਗ ਦਿੱਤਾ ਤੇ ਉਸ ਸਮੇਂ ਕਿਹਾ॥੬੩॥

ਦੋਹਰਾ-'ਸਾਧ ਸਾਧ ਬਲ ਤੋਹਿ ਕੋ ਜਿਸ ਪਰ ਧਰਤਿ ਗੁਮਾਨ।
ਬਿੱਦਜਾ ਸੀਖੀ ਇਤਿ ਕਹੀ ਕਹਾਂ ਓਜ ਤਜਿ ਬਾਨ ?॥੬੪॥

ਤੇਰੇ ਬਲ ਦੇ ਸ਼ਾਬਾਸ਼, ਸ਼ਾਬਾਸ਼ ਜਿਸ ਉੱਤੇ ਤੂੰ ਏਨਾ ਗੁਮਾਨ ਧਾਰਨ ਕੀਤਾ ਹੈ। ਬਾਣ ਵਿਦਿਆ ਤੇ ਤੂੰ ਬਹੁਤ ਸਿੱਖੀ ਹੈ, ਪਰ ਬਾਣ ਛੱਡਣ ਦਾ ਤੇਰੇ ਵਿਚ ਕਿੱਥੇ ਬਲ ਹੈ ?॥੬੪॥

ਸ਼ੱਤ੍ਰੂ ਹਤਨ ਤੇ ਹਿਤ ਰਹਜੋ ਘਾਵ ਤਨਕ ਨਹਿਂ ਪਾਇ।
ਕਹਾਂ ਕਰਹਿਂ ਬਿਸਵਾਸ ਕੋ ਲੇਉਂ ਬਿਜੈ ਅਰਿ ਘਾਇ॥੬੫॥

ਵੈਰੀ ਨੂੰ ਮਾਰਨ ਤੋਂ ਤੂੰ ਰਿਹਾ, ਮਾੜਾ ਜੇਹਾ ਜ਼ਖਮ ਵੀ ਨਹੀਂ ਕਰ ਸਕਦਾ ਹੈਂ, ਤੇਰੇ ਉੱਤੇ ਕੌਣ ਵਿਸ਼ਵਾਸ ਕਰੇ ਕਿ ਵੈਰੀ ਨੂੰ ਮਾਰ ਕੇ ਵਿਜੇ ਪ੍ਰਾਪਤ ਕਰ ਲਵੇਂਗਾ॥੬੫॥

ਤੀਨ ਵਾਰ ਤੈਂ ਕਰਿ ਚੁਕਜੋ ਅਬਿ ਦਿਹੁ ਮੇਰੋ ਵਾਰ।
ਦੇਖੋ ਵਿੱਦਜਾ ਧਨੁਖ ਕੀ ਜਿਮ ਭਟ ਕਰਹਿਂ ਉਚਾਰ॥੬੬॥

ਤਿੰਨ ਵਾਰ ਤੂੰ ਕਰ ਕੇ ਵੇਖ ਲਏ ਹਨ, ਹੁਣ ਮੈਨੂੰ ਵੀ ਵਾਰ ਦੇਵੋ ਤੇ ਧਨੁੱਖ ਬਾਣ ਦੀ ਵਿਦਿਆ ਵੇਖੋ, ਜਿਵੇਂ ਸੂਰਮੇ ਉਚਾਰਨ ਕਰਦੇ ਹਨ"॥੬੬॥

ਲਗਜੋ ਬਾਣ ਕਾਢਜੋ ਜਬੈ ਨਿਕਸੀ ਸ਼੍ਰੋਣਤ ਬੂੰਦ।
ਸ੍ਰੀ ਗੁਰ ਗੋਬਿੰਦ ਸਿੰਘ ਜੀ ਹਰਖੇ ਰਿਦੈ ਬਿਲੰਦ॥ ੬੭॥

ਜਦ ਲੱਗੇ ਹੋਏ ਤੀਰ ਨੂੰ ਬਾਹਰ ਕਢਿਆ, ਤਾਂ ਗੁਰੂ ਜੀ ਦੇ ਸਰੀਰ ਵਿਚੋਂ ਲਹੂ ਦੀ ਬੂੰਦ ਨਿਕਲੀ। ਗੁਰੂ ਜੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ॥੬੭॥

ਛੱਤ੍ਰ ਧਰਮ ਕੋ ਧਾਰਿ ਕੈ ਭੈ ਨ ਕਰਹਿ ਬਰ ਬੀਰ।
ਪੁਨ ਰਿਪੁ ਸਨਮੁਖ ਦੇਖਿ ਕੈ ਖਰੇ ਖੇਤ ਧਰਿ ਧੀਰ॥ ੬੮॥

ਛਤਰੀ ਧਰਮ ਨੂੰ ਧਾਰ ਕੇ ਵਿਚ ਸ੍ਰੇਸ਼ਟ ਬੀਰ ਕਿਸੇ ਪ੍ਰਕਾਰ ਦਾ ਭੈਅ ਨਾ ਕਰੇ। ਫਿਰ ਵੈਰੀ ਨੂੰ ਸਾਹਮਣੇ ਵੇਖ ਕੇ ਧੀਰਜ ਧਾਰ ਕੇ ਖੇਤ ਵਿਚ ਖੜਾ ਹੋਵੇ॥੬੮॥

ਰਸਾਵਲ ਛੰਦ- ਜਬੈ ਬਾਨ ਲਾਗ੍ਯੋ। ਪਿਖੇ ਕੋਪ ਜਾਗ੍ਯੋ।
ਲਯੋ ਚਾਂਪ ਆਪੂ। ਮਹਾਂ ਸ਼ੱਤ੍ਰੁ ਖਾਪੂ॥ ੬੯॥

ਜਦ ਗੁਰੂ ਜੀ ਨੂੰ ਬਾਣ ਲੱਗਿਆ, ਤਾਂ ਵੇਖ ਕੇ ਗੁਰੂ ਜੀ ਵਿਚ ਗੁੱਸਾ ਜਾਗਿਆ, ਫਿਰ ਗੁਰੂ ਜੀ ਨੇ ਆਪ ਧਨੁੱਖ ਫੜਿਆ ਜਿਹੜਾ ਕਿ ਵੱਡੇ-ਵੱਡੇ ਵੈਰੀਆਂ ਨੂੰ ਮਾਰਨ ਵਾਲਾ ਸੀ॥੬੯॥

ਕਢ੍ਯੋ ਤੀਰ ਤੀਖਾ। ਜੁ ਸਾਂਪੰ ਸਰੀਖਾ।
ਗੁਨੰ ਜੋਰਿ ਤਾਨਾ। ਲਗ੍ਯੋ ਪਾਨ ਕਾਨਾ॥ ੭੦॥

ਗੁਰੂ ਜੀ ਨੇ ਇਕ ਤਿੱਖਾ ਤੀਰ ਕਢਿਆ, ਜਿਹੜਾ ਸੱਪ ਵਰਗਾ ਸੀ ਉਸ ਤੀਰ ਨੂੰ ਚਿੱਲੇ ਵਿਚ ਰਖਿਆ, ਏਨੇ ਜ਼ੋਰ ਨਾਲ ਖਿਚਿਆ ਕਿ ਹੱਥ ਕੰਨ ਨੂੰ ਜਾ ਲੱਗਾ॥੭੦॥

ਹਰੀਚੰਦ ਹੇਰਾ। ਨਿਸ਼ਾਨੋ ਬਡੇਰਾ।
ਰਿਦੇ ਤਾਕਿ ਆਛੇ। ਰਿਪੂ ਨਾਸ਼ ਬਾਛੇ॥ ੭੧॥

ਗੁਰੂ ਜੀ ਨੇ ਹਰੀ ਚੰਦ ਨੂੰ ਵੇਖਿਆ, ਵੱਡਾ ਨਿਸ਼ਾਨਾ ਬੰਨ੍ਹਿਆ, ਹਰੀ ਚੰਦ ਦੇ ਹਿਰਦੇ ਦਾ ਨਿਸ਼ਾਨਾ ਬੰਨ੍ਹਿਆ, ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੭੧॥

ਤਜ੍ਯੋ ਸ਼ੀਘ੍ਰ ਧਾਰੀ। ਗਯੋ ਬੇਗ ਭਾਰੀ।
ਡਸ੍ਯੋ ਨਾਗ ਮਾਨੋ। ਗਿਰ੍ਯੋ ਪ੍ਰਾਨ ਹਾਨੋ॥ ੭੨॥

ਸ਼ੀਘਰਤਾ ਧਾਰ ਕੇ ਤੀਰ ਛੱਡ ਦਿੱਤਾ, ਭਾਰੀ ਵੇਗ ਨਾਲ ਤੀਰ ਸ਼ੂਕਦਾ ਹੋਇਆ ਚਲੇ ਗਿਆ, ਮਾਨੋ ਨਾਗ ਨੇ ਡੰਗ ਮਾਰਿਆ ਹੋਵੇ, ਹਰੀ ਚੰਦ ਪ੍ਰਾਣ ਰਹਿਤ ਹੋ ਕੇ ਡਿੱਗ ਪਿਆ॥੭੨॥

ਰਿਦਾ ਫੋਰਿ ਪਾਰਾ। ਪਰ੍ਯੋ ਜਾਇ ਨ੍ਯਾਰਾ।
ਤਰੂ ਜ੍ਯੋਂ ਪੁਰਾਨਾ। ਮਨੋ ਬਾਯੁ ਹਾਨਾ॥ ੭੩॥

ਤੀਰ ਹਿਰਦਾ ਪਾੜ ਕੇ ਪਾਰ ਹੋ ਗਿਆ, ਵੱਖ ਹੋ ਕੇ ਡਿੱਗ ਪਿਆ, ਜਿਵੇਂ ਪੁਰਾਣੇ ਬ੍ਰਿਛ ਨੂੰ ਹਵਾ ਨੇ ਡੇਗ ਦਿੱਤਾ ਹੋਵੇ॥੭੩॥

ਪਿਖ੍ਯੋ ਦੌਨ ਓਰਾ। ਕਰ੍ਯੋ ਭੂਰ ਸ਼ੋਰਾ।
ਭਟੰ ਹੇਲ ਘਾਲਾ। ਪਠਾਨੇ ਬਿਸਾਲਾ॥ ੭੪॥

ਦੋਵੀਂ ਪਾਸੀ ਵੇਖਿਆ, ਬਹੁਤ ਰੌਲਾ ਮਚਾਇਆ, ਸੂਰਮਿਆਂ ਨੇ ਹਮਲਾ ਕੀਤਾ। ਬਹੁਤ ਪਠਾਣ ਸਨ॥੭੪॥

ਗੁਰੂ ਬਾਨ ਮਾਰੇ। ਅਨੇਕੈਂ ਸੰਘਾਰੇ।
ਚਲ੍ਯੋ ਅੱਗ੍ਰ ਆਯੋ। ਸੁ ਜਾਨੈ ਨ ਪਾਯੋ॥ ੭੫॥

ਗੁਰੂ ਜੀ ਨੇ ਤੀਰ ਮਾਰੇ, ਅਨੇਕਾਂ ਨੂੰ ਮਾਰ ਦਿੱਤਾ, ਜਿਹੜਾ ਵੀ ਅੱਗੇ ਚਲ ਕੇ ਆਇਆ, ਉਹ ਫਿਰ ਵਾਪਸ ਨਾ ਜਾ ਸਕਿਆ॥੭੫॥

ਘਨੇ ਘਾਇ ਗੇਰੇ। ਤ੍ਰਸੇ ਮ੍ਰਿਤੁ ਹੇਰੇ।
ਲਿਏ ਸੂਰ ਮਾਰੀ। ਭਜੇ ਭੀਰੁ ਭਾਰੀ॥ ੭੬॥

ਬਹੁਤ ਜ਼ਖਮੀ ਕਰਕੇ ਡੇਗੇ, ਮਰਿਆਂ ਹੋਇਆਂ ਨੂੰ ਵੇਖ ਕੇ ਬਹੁਤ ਡਰ ਗਏ। ਸਮਝ ਗਏ ਕਿ ਸੂਰਮਿਆਂ ਨੂੰ ਮਾਰ ਲਿਆ ਹੈ, ਇਸ ਲਈ ਸਾਰੇ ਇਕੱਠੇ ਹੋਕੇ ਭੱਜ ਪਏ॥੭੬॥

ਕਹਾ ਲੌ ਉਚਾਰੈਂ। ਪਰੀ ਲੋਹ ਮਾਰੈ।
ਗੁਰੂ ਜੀਤ ਹੋਈ। ਦਲੰ ਜਾਨਿ ਦੋਈ॥ ੭੭॥

ਕਿੱਥੋਂ ਤੱਕ ਉਚਾਰਨ ਕਰਾਂ, ਐਸੇ ਲੋਹੇ ਦੀ ਮਾਰ ਪਈ ਕਿ ਗੁਰੂ ਜੀ ਦੀ ਜਿੱਤ ਹੋ ਗਈ, ਇਹ ਦੋਵੇਂ ਸੈਨਾਵਾਂ ਜਾਣ ਗਈਆਂ॥੭੭॥

*ਦੂਸਰੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

## *ਅਧਿਆਇ ਇਕੱਤੀਵਾਂ*

### *ਭੰਗਾਣੀ ਯੁੱਧ ਫ਼ਤਹਿ ਕੀਤਾ*

ਦੋਹਰਾ- ਭਾਗਜੋ ਸ਼ਾਹ ਪਹਾਰ ਕੌ ਫਤੇਸ਼ਾਹ ਧਰਿ ਤ੍ਰਾਸ।
ਮਾਰੇ ਗਏ ਪਠਾਨ ਗਨ ਹਰੀਚੰਦ ਪੁਨ ਨਾਸ਼॥ ੧॥

ਰਾਜਾ ਫ਼ਤਹਿ ਸ਼ਾਹ ਡਰਦਾ ਹੋਇਆ ਪਹਾੜਾਂ ਵਲ ਭੱਜ ਗਿਆ, ਬਹੁਤ ਪਠਾਣ ਮਾਰੇ ਗਏ ਤੇ ਰਾਜਾ ਹਰੀ ਚੰਦ ਵੀ ਨਾਸ਼ ਹੋ ਗਿਆ॥੧॥

ਮਰੇ ਹਜ਼ਾਰੋਂ ਬੀਰ ਜਿਹ, ਜੀਵਤ ਚਲੇ ਪਲਾਇ।
ਗਿਰਪਤਿ ਸੰਗ ਸਿਧਾਰਿ ਲੇ ਗਏ ਤੁਰੰਗ ਧਵਾਇ॥ ੨॥

ਹਜ਼ਾਰਾਂ ਸੂਰਬੀਰ ਮਾਰੇ ਗਏ, ਜਿਹੜੇ ਜੀਉਂਦੇ ਰਹਿ ਗਏ, ਉਹ ਭੱਜ ਗਏ, ਪਹਾੜੀ ਰਾਜੇ ਘੋੜੇ ਭਜਾ ਕੇ ਆਪਣੇ ਨਾਲ ਲੈ ਗਏ॥੨॥

*ਤੋਮਰ ਛੰਦ*- ਸਰਿਤਾ ਗਿਰੀ ਜਿਸ ਨਾਇ। ਤਿਸ ਮੈਂ ਗਿਰੇ ਬਹੁ ਜਾਇ।
ਤਰ ਹੋਇ ਪਾਰਹਿ ਕੋਇ। ਬਿਚ ਡੂਬਿ ਗੇ ਤਿਸ ਜੋਇ॥ ੩॥

ਜਿਸ ਨਦੀ ਦਾ ਨਾਮ ਸਰਿਤਾ ਗਿਰੀ ਹੈ ਤੇ ਜੋ ਭੰਗਾਣੀ ਤੋਂ ਉੱਪਰ ਜਮਨਾ ਵਿਚ ਆ ਮਿਲਦੀ ਹੈ, ਬਹੁਤ ਪਹਾੜੀਏ ਉਸ ਨਦੀ ਵਿਚ ਜਾ ਡਿੱਗੇ ਜਿਹੜੇ ਤਾਰੂ ਸਨ, ਉਹ ਤਰ ਕੇ ਪਾਰ ਹੋ ਗਏ ਤੇ ਦੂਸਰੇ ਨਦੀ ਦੇ ਵਿਚ ਹੀ ਡੁੱਬ ਗਏ॥੩॥

ਗਿਰ ਪੈ ਚਢੇ ਕਿਤ ਜਾਇ। ਜਹਿਂ ਰਾਜਪੁਰਾ ਬਸਾਇ।
ਜਮਨਾ ਨਦੀ ਦਿਸ਼ ਹੋਇ। ਡਰ ਭਾਜਿਗੇ ਤਰਿ ਕੋਇ॥ ੪॥

ਕਈ ਪਹਾੜਾਂ ਦੇ ਉੱਤੇ ਜਾ ਚੜ੍ਹੇ, ਜਿਥੇ ਰਾਜਪੁਰਾ ਨਗਰ ਵੱਸਦਾ ਹੈ ਜਿੱਥੋਂ ਅੱਜ ਕਲ ਮਸੂਰੀ ਦੀ ਚੜ੍ਹਾਈ ਚੜ੍ਹਦੇ ਹਾਂ। ਕਈ ਜਮਨਾ ਨਦੀ ਵਾਲੇ ਪਾਸੇ ਹੋ ਗਏ, ਕਈ ਡਰਦੇ ਭੱਜ ਗਏ ਤੇ ਕਈ ਨਦੀ ਨੂੰ ਤਰ ਕੇ ਪਾਰ ਕਰ ਗਏ॥੪॥

ਨਹਿਂ ਆਪ ਮੈਂ ਸੰਭਾਰ। ਰਣ ਤਜਾਗ ਹੈਂ ਬਿਕਰਾਰ।
ਮਰਿਗੇ ਪਲਾਵਤਿ ਕੋਇ। ਜਲ ਮੈਂ ਡੁਬੇ ਡਰ ਹੋਇ॥ ੫॥

ਆਪਣੇ ਆਪ ਨੂੰ ਨਹੀਂ ਸੰਭਾਲਦੇ ਸਨ, ਰਣਖੇਤਰ ਛੱਡ ਕੇ ਬਹੁਤ ਬੇਕਰਾਰ ਹੋਏ ਸਨ। ਕਈ ਭੱਜੇ ਜਾਂਦੇ ਹੀ ਮਰ ਗਏ, ਕੋਈ ਪਾਣੀ ਵਿਚ ਡੁੱਬ ਕੇ ਮਰ ਗਿਆ॥੫॥

ਪਹੁੰਚੀ ਤਿਨਹੁਂ ਸੁਧ ਧਾਮ। 'ਗੁਰ ਪਾਇ' ਕੈ ਸੰਗ੍ਰਾਮ।
ਸਰ ਮਾਰਿ ਕੈ ਹਤਿ ਪ੍ਰਾਨ। ਰਣਖੇਤ ਰਾਖਿ ਨਿਦਾਨ॥ ੬॥

ਜਦ ਉਨ੍ਹਾਂ ਦੇ ਘਰਾਂ ਵਿਚ ਖ਼ਬਰ ਪੁੱਜੀ, "ਗੁਰੂ ਜੀ ਨੇ ਸੰਗ੍ਰਾਮ ਪਾ ਕੇ ਤੀਰ ਮਾਰ-ਮਾਰ ਪ੍ਰਾਣ ਕੱਢ ਦਿੱਤੇ ਹਨ, ਤੇ ਅੰਤ ਵਿਚ ਮੂਰਖਾਂ ਨੂੰ ਰਣਖੇਤਰ ਵਿਚ ਹੀ ਰੱਖ ਲਿਆ ਹੈ"॥੬॥

ਸੁਨਿ ਸ਼ੋਕ ਭਾ ਬਿਸਤਾਰ। ਦ੍ਰਿਗ ਰੋਦਤੀ ਜਲ ਧਾਰ।
ਬਹੁ ਪੀਟਤੀ ਤਨ ਨਾਰ। ਸਿਰ ਬਾਰ ਬ੍ਰਿੰਦ ਉਖਾਰਿ॥ ੭॥

ਇਹ ਸੁਣ ਕੇ ਬਹੁਤ ਸੋਗ ਫੈਲਿਆ, ਇਸਤਰੀਆਂ ਜਲ ਦੀਆਂ ਧਾਰਾਂ ਵਗਾਉਂਦੀਆਂ ਹੋਈਆਂ ਰੋਂਦੀਆਂ ਸਨ। ਉਹ ਆਪਣੇ ਸਰੀਰਾਂ ਨੂੰ ਬਹੁਤ ਪਿੱਟਦੀਆਂ ਸਨ ਤੇ ਆਪਣੇ ਸਿਰ ਦੇ ਵਾਲ ਖੋਂਹਦੀਆਂ ਸਨ॥੭॥

ਗਿਰ ਦੇਸ਼ ਬਾਇਸ ਧਾਰ। ਰੁਦਨੰਤਿ ਕੂਕਨ ਮਾਰਿ।
ਸਭਿ ਧਾਮ ਧਾਮਨਿ ਮਾਂਹਿ। ਤ੍ਰਿਯ ਬ੍ਰਿੰਦ ਹੁਇ ਬਿਲਪਾਹਿਂ॥ ੮॥

ਬਾਈਧਾਰਾਂ ਦੇ ਦੇਸ਼, ਚੀਕਾਂ ਮਾਰ-ਮਾਰ ਕੇ ਰੋਂਦੇ ਸਨ। ਸਭ ਘਰਾਂ-ਘਰਾਂ ਵਿਚ, ਇਸਤਰੀਆਂ ਬਹੁਤ ਵਿਰਲਾਪ ਕਰਦੀਆਂ ਸਨ॥੮॥

ਇਮ ਸ੍ਰੀ ਗੁਰੂ ਰਣਜੀਤ। ਬਜਿ ਦੁੰਦਭੇ ਰਣਜੀਤ।
ਜੁਗ ਭ੍ਰਾਤ ਲੋਥ ਉਠਾਇ। ਪੁਰਿ ਪਾਵਟੇ ਪਹੁੰਚਾਇ॥ ੯॥

ਇਸ ਤਰ੍ਹਾਂ ਰਣਜੇਤੂ ਗੁਰੂ ਜੀ ਦਾ, ਰਣਜੀਤ ਨਗਾਰਾ ਵੱਜਿਆ। ਦੋਵਾਂ ਭਰਾਵਾਂ ਦੀਆਂ ਲੋਥਾਂ ਉਠਾ ਕੇ ਪਾਉਂਟੇ ਨਗਰ ਵਿਚ ਪਹੁੰਚਾ ਦਿੱਤੀਆਂ॥੯॥

ਸਸਕਾਰ ਕੀਨਿ ਬਨਾਇ। ਸੁਰਲੋਕ ਬਾਸਾ ਪਾਇ।
ਭਟ ਘਾਇਲੰ ਰਣਥਾਨ। ਉਚਵਾਇ ਕੈ ਪੁਰਿ ਆਨ॥ ੧੦॥

ਉਨ੍ਹਾਂ ਦਾ ਚੰਗੀ ਕੁਲ ਰੀਤੀ ਅਨੁਸਾਰ ਸਸਕਾਰ ਕੀਤਾ, ਉਨ੍ਹਾਂ ਨੇ ਸੁਰਲੋਕ ਵਿਚ ਵਾਸਾ ਪਾਇਆ। ਜਿਹੜੇ ਰਣਖੇਤਰ ਵਿਚ ਸੂਰਮੇ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਚੁਕਵਾ ਕੇ ਆਪਣੇ ਨਗਰ ਵਿਚ ਲੈ ਆਂਦਾ॥੧੦॥

ਹੜ ਬੋਲਤੇ ਜਿਸ ਠੌਰ। ਮਿਲ ਪਾਇਂ ਜੰਬੁਕ ਰੌਰ।
ਪੁਨ ਭੀਖਨਾ ਹੁਇ ਸਾਂਝ। ਬਹੁ ਲੋਥ ਹੈਂ ਰਣ ਮਾਂਝ॥ ੧੧॥

ਜਿੱਥੇ ਮਸਾਣ ਹੜ-ਹੜ ਕਰਕੇ ਬੋਲਦੇ ਹਨ, ਉਥੇ ਗਿੱਦੜ ਮਿਲ ਮਿਲ ਕੇ ਰੌਲਾ ਪਾਉਂਦੇ ਹਨ, ਫਿਰ ਭਿਆਨਕ ਸ਼ਾਮ ਦਾ ਵੇਲਾ ਹੋ ਗਿਆ, ਬਹੁਤ ਲੋਥਾਂ ਰਣਖੇਤਰ ਵਿਚ ਪਈਆਂ ਸਨ॥੧੧॥

ਤਰਫੰਤਿ ਘਾਇਲ ਕੋਇ। ਰਿਪੁ ਭਾਜਿਗੇ ਡਰਿ ਸੋਇ।
ਉਚਵਾਇ ਕਾਹੁ ਨ ਲੀਨਿ। ਤਹਿਂ ਤ੍ਰਾਸ ਤੇ ਬਨਿ ਦੀਨ॥ ੧੨॥

ਕਈ ਜ਼ਖਮੀ ਹੋ ਕੇ ਤੜਫ ਰਹੇ ਸਨ, ਵੈਰੀ ਡਰਦੇ ਹੋਏ ਭੱਜ ਗਏ। ਕਿਸੇ ਨੂੰ ਵੀ ਕੋਈ ਚੁੱਕਦਾ ਨਹੀਂ ਸੀ, ਉਹ ਡਰ ਕੇ ਦੀਨ ਬਣੇ ਹੋਏ ਸਨ॥੧੨॥

ਦੁਖ ਪਾਇ ਭੇ ਮ੍ਰਿਤੁ ਸੋਇ। ਜਿਨ ਕੌ ਉਠਾਇ ਨ ਕੋਇ।
ਤਬਿ ਸ੍ਰੀ ਗੁਰੂ ਹਟਿ ਆਇ। ਜਯ ਲਹਿ ਮਹਾਂ ਅਰਿ ਘਾਇ॥ ੧੩॥

ਉਹ ਵੀ ਦੁਖ ਪਾ ਕੇ ਮਰ ਗਏ, ਜਿਨ੍ਹਾਂ ਨੂੰ ਕਿਸੇ ਵੀ ਨਾ ਉਠਾਇਆ। ਤਦ ਸ੍ਰੀ ਗੁਰੂ ਜੀ ਵਾਪਸ ਆ ਗਏ ਵੈਰੀਆਂ ਦੇ ਬਹੁਤ ਸੂਰਮਿਆਂ ਦਾ ਨਾਸ਼ ਕਰਕੇ ਜਿੱਤ ਪ੍ਰਾਪਤ ਕੀਤੀ ਸੀ॥੧੩॥

ਜਯ ਕੋ ਸੁਨਾਇ ਬਖਾਨ। ਹਰਖਾਇ ਬੀਰ ਮਹਾਨ।
ਰਣ ਬਾਤ ਭਾਖਤਿ ਬ੍ਰਿੰਦ। ਗਿਰਨਾਥ ਤ੍ਰਾਸ ਬਿਲੰਦ॥ ੧੪॥

ਸਾਰੇ ਜਿੱਤ ਬਾਰੇ ਵਰਣਨ ਕਰਦੇ ਸਨ, ਸੂਰਬੀਰ ਮਹਾਨ ਪ੍ਰਸੰਨ ਸਨ। ਰਣਖੇਤਰ ਦੀਆਂ ਬਹੁਤ ਗੱਲਾਂ ਕਰਦੇ ਸਨ, ਪਹਾੜੀ ਰਾਜੇ ਬਹੁਤ ਡਰੇ ਹੋਏ ਸਨ॥੧੪॥

ਚਲਿ ਮੰਦ ਮੰਦਹਿ ਆਇ। ਮਿਲਿ ਪੁੰਜ ਦੇਤਿ ਵਧਾਇ।
ਨਿਸ ਬੀਤਗੀ ਘਟਿ ਚਾਰ। ਉਤਰੇ ਗੁਰੂ ਨਿਜ ਦ੍ਵਾਰ॥ ੧੫॥

ਹੌਲੀ-ਹੌਲੀ ਚਲ ਕੇ ਆਏ, ਕਈ ਇਕੱਠੇ ਹੋ ਕੇ ਮਿਲ ਕੇ ਵਧਾਈਆਂ ਦਿੰਦੇ ਸਨ। ਰਾਤ ਚਾਰ ਘੜੀਆਂ ਬੀਤ ਗਈ, ਫਿਰ ਗੁਰੂ ਜੀ ਆਪਣੇ ਦਵਾਰ ਤੇ ਆਕੇ ਉੱਤਰ ਗਏ॥੧੫॥

ਸਭਿ ਸ਼ਸਤ੍ਰ ਬਸਤ੍ਰ ਉਤਾਰਿ। ਇਸ਼ਨਾਨ ਆਦਿਕ ਧਾਰਿ।
ਚਿਤਵੰਤਿ ਸੰਗੋ ਸ਼ਾਹ। ਅਰੁ ਜੀਤ ਮੱਲ ਸੁਬਾਹ॥ ੧੬॥

ਸਭ ਸ਼ਸਤਰਾਂ ਬਸਤਰਾਂ ਨੂੰ ਉਤਾਰਿਆ ਤੇ ਇਸ਼ਨਾਨ ਆਦਿ ਧਾਰਨ ਕੀਤਾ। ਸੰਗੋ ਸ਼ਾਹ ਅਤੇ ਜੀਤ ਮੱਲ ਸੂਰਮਿਆਂ ਨੂੰ ਯਾਦ ਕਰਦੇ ਸਨ॥੧੬॥

ਸਭਿ ਆਪ ਆਪਨ ਡੇਰ। ਉਤਰੇ ਅਨੰਦ ਬਡੇਰ।
ਰਣਗਾਥ ਥਾਨਹਿ ਥਾਨ। ਮਿਲਿ ਬੀਰ ਬ੍ਰਿੰਦ ਬਖਾਨਿ॥ ੧੭॥

ਸਾਰੇ ਆਪਣੇ ਡੇਰਿਆਂ ਵਿਚ ਅਨੰਦ ਵਧਾ ਕੇ ਉੱਤਰ ਪਏ। ਥਾਂ-ਥਾਂ ਰਣਖੇਤਰ ਦੀਆਂ ਗੱਲਾਂ ਚਲਦੀਆਂ ਸਨ, ਬਹੁਤ ਸੂਰਮੇ ਆਪਸ ਵਿਚ ਮਿਲ ਕੇ ਕਹਿੰਦੇ ਸਨ॥੧੭॥

ਰਣ ਭੀਰੁ ਤਜਗਿ ਪਰਾਇ। ਜਿਨ ਸੂਰ ਕੀਨਸਿ ਘਾਇ।
ਸਭਿ ਕੀ ਕਹੈਂ ਕਰਤੂਤ। ਗੁਰ ਕੌ ਮਹਾਂ ਜਸੁ ਪੂਤ॥ ੧੮॥

ਕਾਇਰ ਰਣਖੇਤਰ ਛੱਡ ਕੇ ਭੱਜ ਗਏ। ਜਿਨ੍ਹਾਂ ਨੇ ਸੂਰਮੇ ਨਾਸ਼ ਕੀਤੇ ਸਨ, ਸਾਰਿਆਂ ਦੀਆਂ ਕਰਤੂਤਾਂ ਕਹਿੰਦੇ ਸਨ, ਗੁਰੂ ਜੀ ਦਾ ਮਹਾਨ ਜੱਸ ਕਰਦੇ ਸਨ॥੧੮॥

ਨਿਸ ਮੈਂ ਟਿਕੇ ਸਭਿ ਬੀਰ। ਸੁਪਤੇ ਜਥਾ ਸੁਖ ਧੀਰ।
ਭੁਨਸਾਰ ਜਾਨਿ ਮਹਾਨ। ਗੁਰਬਾਨਿ ਕੌ ਕਰਿ ਗਾਨ॥ ੧੯॥

ਸਾਰੀ ਰਾਤ ਸੂਰਬੀਰ ਉਥੇ ਟਿਕੇ ਰਹੇ, ਸੁਖ ਤੇ ਧੀਰਜ ਧਾਰ ਕੇ ਸੁੱਤੇ। ਫਿਰ ਜਦ ਵੱਡੀ ਸਵੇਰ ਹੋ ਗਈ, ਗੁਰਬਾਣੀ ਦਾ ਗਾਇਨ ਅਰੰਭ ਕਰ ਦਿੱਤਾ॥੧੯॥

ਮੁਖ ਪਾਠ ਕੇਤਿਕ ਕੀਨ। ਕਰਿ ਪ੍ਰੇਮ ਜਥੋਂ ਜਲ ਮੀਨ।
ਕਰਿ ਸੌਚ ਮੱਜਨ ਨੀਰ। ਗੁਰ ਬੈਠਿਗੇ ਬਰ ਬੀਰ॥ ੨੦॥

ਕਈਆਂ ਨੇ ਆਪਣੇ ਮੁਖ ਤੋਂ ਵੱਡਾ ਪ੍ਰੇਮ ਧਾਰ ਕੇ ਪਾਠ ਕੀਤਾ, ਜਿਵੇਂ ਮੱਛੀ ਜਲ ਨੂੰ ਪਿਆਰ ਕਰਦੀ ਹੈ। ਪਾਣੀ ਨਾਲ ਸੌਚ ਇਸ਼ਨਾਨ ਕਰਕੇ, ਸ੍ਰੇਸ਼ਟ ਸੂਰਬੀਰ ਗੁਰੂ ਜੀ ਬੈਠ ਗਏ॥੨੦॥

ਭਟ ਬ੍ਰਿੰਦ ਆਯੁਧ ਧਾਰਿ। ਸਭਿ ਕੀਨਿ ਆਨਿ ਦਿਦਾਰ।
ਲਗ ਗਾ ਦਿਵਾਨ ਮਹਾਂਨ। ਬਿਚ ਸ਼ੋਭਤੇ ਸੁਖਦਾਨ॥ ੨੧॥

ਬਹੁਤ ਸੂਰਬੀਰਾਂ ਨੇ ਸ਼ਸਤਰ ਧਾਰ ਕੇ, ਗੁਰੂ ਜੀ ਦੇ ਆ ਕੇ ਦਰਸ਼ਨ ਕੀਤੇ। ਵੱਡਾ ਦੀਵਾਨ ਲੱਗ ਗਿਆ ਤੇ ਸਾਰਿਆਂ ਦੇ ਵਿਚ, ਸੁਖਾਂ ਦੇ ਦਾਤੇ ਗੁਰੂ ਜੀ ਸ਼ੋਭ ਰਹੇ ਸਨ॥੨੧॥

*ਹਾਕਲ ਛੰਦ-* ਤਬਿ ਆਯੋ ਬੁੱਧੂ ਸ਼ਾਹਾ। ਜਿਹ ਸੰਗ ਸੁਭਟ ਗਨ ਆਹਾ।
ਦ੍ਵੈ ਪੁੱਤ੍ਰ ਗਏ ਰਣ ਮਾਰੇ। ਦੁਇ ਜੀਵਤਿ ਸੰਗ ਨਿਹਾਰੇ॥ ੨੨॥

ਤਦ ਬੁੱਧੂ ਸ਼ਾਹ ਆਇਆ, ਜਿਸ ਦੇ ਨਾਲ ਬਹੁਤ ਸੂਰਬੀਰ ਆਏ ਸਨ। ਉਸ ਦੇ ਦੋ ਪੁੱਤਰ ਰਣਖੇਤਰ ਵਿਚ ਮਾਰੇ ਗਏ ਸਨ, ਦੋ ਨਾਲ ਜੀਉਂਦੇ ਵੇਖੇ॥੨੨॥

ਸਭਿ ਸ਼ਸਤ੍ਰ ਅੰਗ ਮਹਿਂ ਲਾਏ। ਹਿਤ ਦਰਸ਼ਨ ਮੋਦ ਬਧਾਏ।
ਜਬਿ ਚਲਿ ਕਰਿ ਆਯੋ ਨੇਰੇ। ਗੁਰ ਊਚੇ ਕਹਿ ਤਿਸ ਬੇਰੇ॥ ੨੩॥

ਸਾਰੇ ਸ਼ਸਤਰ ਉਨ੍ਹਾਂ ਅੰਗਾਂ ਤੇ ਧਾਰਨ ਕੀਤੇ ਸਨ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਸੰਨਤਾ ਵਧਾਈ ਸੀ। ਜਦ ਚਲ ਕੇ ਨੇੜੇ ਆਏ ਤਾਂ ਗੁਰੂ ਜੀ ਨੇ ਉਸ ਸਮੇਂ ਬੜੀ ਉੱਚੀ ਕਿਹਾ॥੨੩॥

'ਢਿਗ ਆਵਹੁ ਬੁੱਧੂ ਸ਼ਾਹਾ ! ਤੁਮ ਪੀਰ ਸਾਚ ਕੇ ਆਹਾ'।
ਸਭਿ ਸੁਨਤਜੋਂ ਆਇ ਨਜੀਕਾ। ਕਰ ਜੋਰਤਿ ਜਿਸ ਉਰ ਨੀਕਾ॥੨੪॥

"ਹੇ ਬੁੱਧੂ ਸ਼ਾਹ ! ਸਾਡੇ ਪਾਸ ਆਵੋ, ਤੁਸੀਂ ਸੱਚ ਦੇ ਪੀਰ ਹੋ" ਸਾਰਿਆਂ ਦੇ ਸੁਣਦਿਆਂ ਪੀਰ ਬੁੱਧੂ ਸ਼ਾਹ ਨੇੜੇ ਆਇਆ, ਜਿਸ ਦਾ ਹਿਰਦਾ ਸ਼ੁੱਧ ਸੀ ਉਸ ਨੇ ਹੱਥ ਜੋੜੇ॥੨੪॥

ਝੁਕਿ ਕੀਨਸਿ ਤਬੈ ਸਲਾਮੂ। ਪੁਨ ਕਰਜੋ ਮੁਰੀਦ ਤਮਾਮੂ।
ਸੁਨਿ ਕਲਗੀਧਰ ਕੇ ਬੈਨਾ। ਕਰ ਜੋਰੇ ਸੰਮੁਖ ਨੈਨਾ॥ ੨੫॥

ਤਦ ਪੀਰ ਜੀ ਨੇ ਝੁਕ ਕੇ ਸਲਾਮ ਕੀਤਾ, ਫਿਰ ਪੀਰ ਦੇ ਸਾਰੇ ਮੁਰੀਦਾਂ ਨੇ ਸਲਾਮ ਕੀਤਾ। ਸਤਿਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਸਾਹਮਣੇ ਨੈਣ ਕੀਤੇ॥੨੫॥

ਮੁਖ ਬੋਲਜੋ ਅਰਜ਼ ਗੁਜ਼ਾਰੀ। 'ਮੁਹਿ ਸ਼ੋਕ ਨ, ਰਿਦੈ ਮਝਾਰੀ।
ਸੋ ਕਾਰਨ ਸੁਨਹੁ ਗੁਸਾਈਂ !। ਸਿਰ ਮਰਨੋ ਸਭਿ ਬਨਿ ਆਈ॥ ੨੬॥

ਮੁਖ ਤੋਂ ਬੋਲ ਕੇ ਬੇਨਤੀ ਕੀਤੀ, "ਮੇਰੇ ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਦੁਖ ਨਹੀਂ ਹੈ, ਹੇ ਮਾਲਕ ! ਉਸ ਦਾ ਕਾਰਨ ਸੁਣੋ। ਸਾਰਿਆਂ ਦੇ ਸਿਰਾਂ 'ਤੇ ਮਰਨਾ ਬਣਦਾ ਹੈ॥੨੬॥

ਮਮ ਪੁੱਤ੍ਰ ਮਰੇ ਸ਼ੁਭ ਥਾਨਾ। ਇਕ ਤੌ ਰਨਖੇਤ ਮਹਾਂਨਾ।
ਪੁਨ ਕਾਰਜ ਤੁਮਰੇ ਆਏ। ਇਵ ਕਰਿ ਦ੍ਵੈ ਭਿਸਤ ਸਿਧਾਏ॥ ੨੭॥

ਮੇਰੇ ਪੁੱਤਰ ਸ਼ੁਭ ਸਥਾਨ ਤੇ ਮਰੇ ਹਨ, ਇਕ ਤਾਂ ਮਹਾਨ ਰਣਖੇਤਰ ਸੀ ਦੂਸਰਾ ਤੁਹਾਡਾ ਕਾਰਜ ਸੀ, ਇਸ ਤਰ੍ਹਾਂ ਕਰਕੇ ਬਹਿਸ਼ਤਾਂ ਵਿਚ ਚਲੇ ਗਏ॥੨੭॥

ਤਇਂ ਭੋਗਹਿਂ ਅਨੰਦ ਬਿਸਾਲਾ। ਤੁਮ ਕਰੁਨਾ ਕਰਹੁ ਕ੍ਰਿਪਾਲਾ।
ਇਹ ਜਾਨਜੋਂ ਲਾਭ ਬਡੇਰਾ। ਨਹਿਂ ਸ਼ੋਕ ਕਰੈ ਮਨ ਮੇਰਾ'॥ ੨੮॥

ਉਥੇ ਜਾ ਕੇ ਵੱਡਾ ਆਨੰਦ ਭੋਗਣਗੇ, ਹੇ ਕ੍ਰਿਪਾਲੂ ਗੁਰੂ ਜੀ ! ਤੁਸੀਂ ਕਿਰਪਾ ਕਰੋ। ਇਹ ਜਾਣਕੇ ਕਿ ਅਸੀਂ ਵੱਡਾ ਲਾਭ ਪ੍ਰਾਪਤ ਕੀਤਾ ਹੈ, ਇਸ ਕਰਕੇ ਮੇਰੇ ਮਨ ਵਿਚ ਕੋਈ ਦੁਖ ਨਹੀਂ ਹੈ"॥੨੮॥

ਸੁਨਿ ਸ੍ਰੀ ਪ੍ਰਭੁ ਬਹੁਰ ਬਖਾਨਜੋ। 'ਹੈ ਨਿਸ਼ਚੇ ਇਮ ਜਿਸ ਜਾਨਜੋ।
ਪਰ ਤਊ ਪਛਾਨਹੁਂ ਮਨ ਮੈਂ। ਜੁਗ ਰਹੇ ਭਾਣਜੇ ਰਨ ਮੈਂ॥ ੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਕਿਹਾ, "ਨਿਸ਼ਚੇ ਹੋ ਕੇ ਜਿਵੇਂ ਤੁਸੀਂ ਜਾਣਿਆ ਹੈ, ਪੱਕੀ ਗੱਲ ਇਸ ਤਰ੍ਹਾਂ ਹੀ ਹੈ, ਪਰ ਫਿਰ ਵੀ ਆਪਣੇ ਮਨ ਵਿਚ ਪਹਿਚਾਣੋ। ਵੱਡੇ ਗੁਰੂ ਜੀ ਦੇ ਦੋ ਭਾਣਜੇ ਰਣਖੇਤਰ ਵਿਚ ਰਹਿ ਗਏ ਹਨ॥੨੯॥

ਲਰ ਸਨਮੁਖ ਤਜਾਗੇ ਪ੍ਰਾਨਾ। ਰਖਿ ਛੱਤ੍ਰੀ ਧਰਮ ਸੁਜਾਨਾ।
ਤਿਨ ਤੇ ਬਡ ਸ਼ੋਕ ਉਪੰਨਾ। ਚਿਤ ਹੋਤਿ ਹਮਾਰੋ ਖਿੰਨਾ॥ ੩੦॥

ਸਾਹਮਣੇ ਲੜ ਕੇ ਪ੍ਰਾਣ ਛੱਡੇ ਹਨ, ਸੁਝਵਾਨਾਂ ਨੇ ਆਪਣੇ ਛੱਤਰੀ ਧਰਮ ਨੂੰ ਰੱਖਿਆ ਹੈ। ਉਨ੍ਹਾਂ ਦੇ ਸ਼ਹੀਦ ਹੋਣ ਨਾਲ ਵੱਡਾ ਦੁਖ ਪ੍ਰਗਟ ਹੋਇਆ ਹੈ, ਸਾਡਾ ਚਿੱਤ ਉਦਾਸ ਹੋ ਰਿਹਾ ਹੈ॥੩੦॥

ਗੁਨ ਸਿਮਰਤਿ ਹੈ ਮਨ ਮੇਰਾ। ਜਿਨ ਮਹਿਂ ਉਤਸਾਹਿ ਬਡੇਰਾ।
ਨਿਤ ਮਿਲਤਿ ਖਿਲਤਿ ਹਮ ਸੰਗੇ। ਬਨ ਗਮਨਤਿ ਚਢੈਂ ਤੁਰੰਗੇ' ॥ ੩੧॥

ਮੇਰਾ ਮਨ ਉਨ੍ਹਾਂ ਦੇ ਗੁਣਾਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਵਿਚ ਵੱਡਾ ਉਤਸ਼ਾਹ ਸੀ। ਸਦਾ ਅਸੀਂ ਇਕੱਠੇ ਮਿਲ ਕੇ ਖੇਡਦੇ ਸੀ ਤੇ ਘੋੜਿਆਂ ਉੱਤੇ ਚੜ੍ਹ ਕੇ ਜੰਗਲ ਵਿਚ ਜਾਂਦੇ ਸੀ"॥੩੧॥

ਸੁਨਿ ਬੁੱਧੂ ਸ਼ਾਹਿ ਬਖਾਨਾ। 'ਤੁਮ ਸਭਿ ਬਿਧਿ ਅਹੋ ਮਹਾਂਨਾ।
ਜਿਮ ਚਾਹਹੁ ਰਚਹੁ ਗੁਸਾਈਂ। ਸਭਿ ਬਾਤਿ ਤੁਮਹੁਂ ਬਨਿ ਆਈ॥ ੩੨॥

ਇਹ ਸੁਣ ਕੇ ਬੁੱਧੂ ਸ਼ਾਹ ਨੇ ਕਿਹਾ, "ਤੁਸੀਂ ਸਾਰੀਆਂ ਵਿਧੀਆਂ ਨਾਲ ਮਹਾਨ ਹੋ, ਜਿਵੇਂ ਚਾਹੋ ਉਸ ਤਰ੍ਹਾਂ ਰਚ ਲੈਂਦੇ ਹੋ, ਸਾਰੀ ਗੱਲ ਤੁਹਾਨੂੰ ਹੀ ਬਣ ਆਉਂਦੀ ਹੈ॥੩੨॥

ਸ਼ੁਭ ਭਾਗ ਜਿ ਭਏ ਹਮਾਰੇ। ਮਿਲਿ ਕਦਮ ਸੁ ਪਦਮ ਤੁਮਾਰੇ।
ਅਬਿ ਸਫਲ ਭਏ ਸਭਿ ਰੀਤੀ। ਰਣ ਪਹੁੰਚੇ ਆਨਿ ਸ ਪ੍ਰੀਤੀ॥ ੩੩॥

ਸਾਡੇ ਸ਼ੁਭ ਭਾਗ ਹੋ ਗਏ ਹਨ, ਆਪ ਜੀ ਦੇ ਚਰਨ ਕੰਵਲਾਂ ਨਾਲ ਜਿਹੜਾ ਮੇਲ ਹੋਇਆ ਹੈ। ਹੁਣ ਸਭ ਰੀਤੀਆਂ ਨਾਲ ਸਫਲ ਹੋਏ ਹਾਂ, ਰਣਖੇਤਰ ਵਿਚ ਪਹੁੰਚ ਕੇ ਪ੍ਰੀਤ ਨਾਲ ਆ ਪਹੁੰਚੇ ਹਾਂ॥੩੩॥

ਗਨ ਖਾਨ ਪ੍ਰਥਮ ਰਖਵਾਏ। ਗੁਰ ਘਰ ਸੇ ਧਨ ਗਨ ਪਾਏ।
ਪੁਨ ਹੋਏ ਨਿਮਕ ਹਰਾਮੀ। ਸਭਿ ਕੀਨੀ ਕਾਰ ਗ਼ੁਲਾਮੀ॥ ੩੪॥

ਪਹਿਲਾਂ ਪਠਾਣਾਂ ਨੂੰ ਆਪ ਪਾਸ ਰਖਵਾਇਆ ਸੀ ਉਨ੍ਹਾਂ ਗੁਰੂ ਘਰ ਵਿਚੋਂ ਕਾਫੀ ਧਨ ਪਾਇਆ ਸੀ, ਫਿਰ ਉਹ ਨਿਮਕ ਹਰਾਮੀ ਹੋ ਗਏ, ਉਨ੍ਹਾਂ ਸਾਰੀ ਨੀਚਾਂ ਵਾਲੀ ਕਾਰ ਕੀਤੀ ਹੈ॥੩੪॥

ਲਿਖਿ ਉਪਾਲੰਭ ਪਠਿ ਜੋਊ। ਮੈਂ ਲੱਜਤਿ ਸੁਨਿ ਕਰਿ ਸੋਊ।
ਸੈ ਸਪਤ ਮੁਰੀਦ ਬਟੋਰੇ। ਚਲਿ ਪਰਜੋ ਤੁਰਤ ਤੁਮ ਓਰੇ॥ ੩੫॥

ਜਿਹੜਾ ਤੁਸੀਂ ਉਲਾਹਮਾਂ ਲਿਖ ਕੇ ਭੇਜਿਆ ਸੀ, ਉਸ ਨੂੰ ਸੁਣ ਕੇ ਮੈਂ ਬਹੁਤ ਸ਼ਰਮਿੰਦਾ ਹੋਇਆ ਸੀ। ਮੈਂ ਆਪਣੇ ਸਾਰੇ ਮੁਰੀਦਾਂ ਨੂੰ ਇਕੱਠਿਆਂ ਕੀਤਾ ਤੇ ਤੁਰਤ ਤੁਹਾਡੇ ਪਾਸ ਵਲ ਚਲ ਪਿਆ॥੩੫॥

ਪੁਰਿ ਪਾਂਵਟ ਮੈਂ ਜਬਿ ਆਯੋ। ਤੁਮ ਚਢੇ ਜੰਗ ਸੁਨਿ ਪਾਯੋ।
ਨਹਿਂ ਕੀਨਸਿ ਮੈਂ ਤਬਿ ਡੇਰਾ। ਰਣ ਕਾਜ ਪਰਜੋ ਅਬਿ ਹੇਰਾ॥ ੩੬॥

ਜਦ ਪਾਉਂਟੇ ਨਗਰ ਵਲ ਆਇਆ ਤਦ ਮੈਂ ਤੁਹਾਡੇ ਜੰਗ ਦੀ ਚੜ੍ਹਾਈ ਬਾਰੇ ਸੁਣਿਆ। ਮੈਂ ਫਿਰ ਕਿਸੇ ਥਾਂ ਡੇਰਾ ਨਹੀਂ ਕੀਤਾ, ਯੁੱਧ ਦਾ ਕਾਰਜ ਆ ਪਿਆ ਹੈ, ਇਹ ਮੈਂ ਵੇਖਿਆ॥੩੬॥

ਮੈਂ ਗਮਨਜੋਂ ਤੁਮ ਪਸ਼ਚਾਤੀ। ਸਭਿ ਖਰੇ ਹੁਤੇ ਭਲਿ ਭਾਂਤੀ।
ਇਕ ਪਾਸਾ ਰਣ ਕੋ ਰੋਕਾ। ਰਿਪੁ ਪੁੰਜ ਖਰੋ ਅਵਿਲੋਕਾ॥ ੩੭॥

ਮੈਂ ਤੁਹਾਡੇ ਪਿੱਛੇ ਚਲ ਪਿਆ, ਸਾਰੇ ਭਲੀ ਪ੍ਰਕਾਰ ਖੜੇ ਸਨ। ਯੁੱਧ ਦਾ ਇਕ ਪਾਸਾ ਰੋਕਿਆ ਸੀ ਤੇ ਦੁਸ਼ਮਣ ਦੇ ਖੜੇ ਸਮੂਹ ਨੂੰ ਵੀ ਵੇਖਿਆ॥੩੭॥

ਤਬਿ ਛੂਟਨਿ ਲਗੀ ਤੁਫੰਗੈਂ। ਗਿਰਪਤੀ ਲਰੇ ਹਮ ਸੰਗੈ।
ਬਹੁ ਮਾਰੇ ਤਹਾਂ ਪਹਾਰੀ। ਥਿਰ ਹ੍ਵੈ ਕਰਿ ਧੀਰਜ ਧਾਰੀ॥ ੩੮॥

ਤਦ ਗੋਲੀਆਂ ਚਲਣ ਲਗੀਆਂ, ਪਹਾੜੀ ਰਾਜੇ ਸਾਡੇ ਨਾਲ ਯੁੱਧ ਕਰਨ ਲੱਗੇ। ਉਥੇ ਬਹੁਤ ਪਹਾੜੀਏ ਮਾਰੇ ਤੇ ਖੜੇ ਹੋ ਕੇ ਧੀਰਜ ਧਾਰਨ ਕੀਤਾ॥੩੮॥

ਨਹਿਂ ਪਾਉਂ ਪਿਛਾਊਂ ਘਾਲਾ। ਰਣ ਡਾਰਿ ਬਿਸਾਲ ਕਰਾਲਾ।
ਸੁਤ ਦੋਇ ਮੁਰੀਦ ਸਮੇਤਾ। ਲਰਿ ਪਹੁੰਚੇ ਭਿਸਤਿ ਨਿਕੇਤਾ॥ ੩੯॥

ਇਕ ਪੈਰ ਵੀ ਪਿਛਾਂਹ ਨਹੀਂ ਕੀਤਾ, ਵੱਡਾ ਵਿਕਰਾਲ ਜੰਗ ਕੀਤਾ। ਮੁਰੀਦਾਂ ਸਹਿਤ ਦੋ ਪੁੱਤਰ ਯੁੱਧ ਕਰਕੇ ਬਹਿਸ਼ਤਾਂ ਵਿਚ ਪਹੁੰਚ ਗਏ॥੩੯॥

ਤੁਮ ਦਿਸ਼ਾ ਪਠਾਨ ਅਰੇ ਹੈਂ। ਸਭਿ ਹੋਇ ਹਰਾਮ ਮਰੇ ਹੈਂ।
ਤਜਿ ਸ੍ਵਾਮੀ ਬੇਮੁਖ ਜੈਸੇ। ਫਲ ਪਾਇ ਲੀਨਿ ਤਿਨ ਤੈਸੇ'॥ ੪੦॥

ਤੁਹਾਡੇ ਉਲਟ ਪਠਾਣ ਅੜੇ ਹਨ, ਸਭ ਹਰਾਮੀ ਹੋ ਕੇ ਮਰ ਗਏ ਹਨ। ਜਿਵੇਂ ਸਵਾਮੀ ਤੋਂ ਬੇਮੁਖ ਹੋ ਕੇ ਸਜ਼ਾ ਮਿਲਦੀ ਹੈ, ਇਸ ਤਰ੍ਹਾਂ ਹੀ ਉਨ੍ਹਾਂ ਵੀ ਆਪਣੀ ਕੀਤੀ ਦਾ ਫਲ ਪਾ ਲਿਆ ਹੈ"॥੪੦॥

ਸੁਨਿ ਧੀਰ ਪੀਰ ਕੀ ਕਾਨਾ। ਸ਼੍ਰੀ ਮੁਖ ਤੇ ਤਬੈ ਬਖਾਨਾ।
'ਤੁਹਿ ਸਾਧ ਸਾਧ ਬਡ ਸਾਧੂ ! ਪਦ ਉੱਤਮ ਮਹਿਂ ਥਿਤ ਲਾਧੂ'॥ ੪੧॥

ਸਤਿਗੁਰੂ ਜੀ ਨੇ ਪੀਰ ਜੀ ਦੇ ਧੀਰਜ ਵਾਲੇ ਸ਼ਬਦ ਆਪਣੇ ਕੰਨਾਂ ਨਾਲ ਸੁਣ ਕੇ ਬਚਨ ਕੀਤਾ, "ਤੁਹਾਡੇ ਸ਼ਾਬਾਸ਼ ! ਸ਼ਾਬਾਸ਼ ! ਤੁਸੀਂ ਵੱਡੇ ਸਾਧੂ ਹੋ, ਤੁਸੀਂ ਉੱਤਮ ਪਦਵੀ ਵਿਚ ਟਿਕਾਅ ਪਾਇਆ ਹੈ"॥੪੧॥

ਇੱਤਜਾਦਿਕ ਅਧਿਕ ਬਡਾਈ। ਸ਼੍ਰੀ ਮੁਖ ਤੇ ਭਾਖਿ ਸੁਨਾਈ।
ਸਨਮਾਨ ਸਹਿਤ ਬੈਠਾਯੋ। ਅਨੁਕੰਪਾ ਧਰਿ ਦ੍ਰਿਸ਼ਟਾਯੋ॥ ੪੨॥

ਇਸ ਪ੍ਰਕਾਰ ਪੀਰ ਜੀ ਦੀ ਬਹੁਤ ਵਡਿਆਈ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹਿ ਕੇ ਸੁਣਾਈ। ਬੜੇ ਸਨਮਾਨ ਨਾਲ ਬਿਠਾਇਆ ਤੇ ਮਿਹਰ ਦੀ ਨਜ਼ਰ ਨਾਲ ਤੱਕਿਆ॥੪੨॥

ਦੋਹਰਾ- ਸ੍ਰੀ ਸਤਿਗੁਰ ਤਿਹ ਸਮੇਂ ਮੈਂ ਕੰਘਾ ਕਰਤਿ ਸੁ ਕੇਸ਼।
ਦਾਸ ਚੁਨੀ ਦਸਤਾਰ ਸ਼ੁਭ ਆਗੇ ਧਰੀ ਵਿਸ਼ੇਸ਼॥ ੪੩॥

ਗੁਰੂ ਜੀ ਉਸ ਸਮੇਂ ਆਪਣੇ ਸਿਰ ਵਿਚ ਕੰਘਾ ਕਰ ਰਹੇ ਸਨ। ਸੇਵਕ ਨੇ ਸ਼ੁਭ ਦਸਤਾਰ ਨੂੰ ਚੁਣ ਕੇ ਅੱਗੇ ਧਰ ਦਿੱਤਾ॥੪੩॥

'ਬੁੱਧੂ ਸ਼ਾਹ ! ਸੁਨੀਜੀਏ ਧਨ ਆਦਿਕ ਵਥੁ ਜੋਇ।
ਚਿਰੰਕਾਲ ਨਹਿਂ ਰਹਿਤ ਹੈ ਖਰਚੀ ਜੈ ਹੈ ਸੋਇ॥ ੪੪॥

ਗੁਰੂ ਜੀ ਨੇ ਕਿਹਾ, "ਹੇ ਬੁੱਧੂ ਸ਼ਾਹ ! ਸੁਣੋ, ਧਨ ਆਦਿ ਜੋ ਵਸਤਾਂ ਹਨ ਉਹ ਲੰਮੇ ਸਮੇਂ ਤਕ ਨਹੀਂ ਰਹਿੰਦੀਆਂ ਹਨ, ਉਹ ਖਰਚੀਆਂ ਜਾਂਦੀਆਂ ਹਨ॥੪੪॥

ਬਹੁਤ ਪੁਸ਼ਤ ਕੇ ਕਾਮ ਜੋ ਆਵਹਿ ਵਸਤੁ ਉਦਾਰ।
ਸੋ ਬਖਸ਼ਹਿਂ ਅਬਿ ਤੋਹਿ ਕੌ ਰਖੀਅਹਿ ਆਪਿ ਸੰਭਾਰਿ'॥ ੪੫॥

ਜਿਹੜੀ ਵਸਤੂ ਬਹੁਤ ਪੁਸ਼ਤਾਂ ਤੱਕ ਕੰਮ ਆਵੇ, ਉੱਤਮ ਵਸਤੂ ਉਹ ਹੀ ਹੈ, ਉਹ ਵਸਤੂ ਤੁਹਾਨੂੰ ਅੱਜ ਬਖਸ਼ਦੇ ਹਾਂ ਇਸ ਵਸਤੂ ਨੂੰ ਸੰਭਾਲ ਕੇ ਰੱਖੋ"॥੪੫॥

ਇਮ ਕਹਿ ਗਹਿ ਦਸਤਾਰ ਕੌ ਸ਼ੁਭ ਕਕਰੇਜ਼ੀ ਰੰਗ।
ਕੰਘਾ ਸਹਿਤ ਸੁ ਕੇਸ ਹੀ ਗਹੀ ਕਰਦ ਤਿਨ ਸੰਗ॥ ੪੬॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਆਪਣੀ ਦਸਤਾਰ ਫੜ ਲਈ ਜਿਸ ਦਾ ਲਾਲ ਭਾਹ ਵਾਲਾ ਕਾਲਾ ਰੰਗ ਸੀ। ਕੰਘਾ ਸਹਿਤ ਕੇਸਾਂ ਦੇ ਤੇ ਛੋਟੀ ਕਿਰਪਾਨ ਨਾਲ ਫੜੀ॥੪੬॥

ਬਖਸ਼ੀ ਬੁੱਧੂਸ਼ਾਹ ਕੌ ਲੇ ਨਿਜ ਸੀਸ ਚੜ੍ਹਾਇ।
ਬਾਰ ਬਾਰ ਬੰਦਨ ਕਰੈ ਰਿਦੈ ਰਹਜੋ ਹਰਖਾਇ॥ ੪੭॥

ਉਹ ਤਿੰਨੇ ਚੀਜ਼ਾਂ ਕੰਘਾ ਕਿਰਪਾਨ ਅਤੇ ਦਸਤਾਰ ਬੁੱਧੂ ਸ਼ਾਹ ਨੂੰ ਬਖਸ਼ ਦਿੱਤੀਆਂ, ਜਿਨ੍ਹਾਂ ਨੂੰ ਉਸ ਨੇ ਚੁੱਕ ਕੇ ਆਪਣੇ ਸਿਰ ਤੇ ਰੱਖ ਲਿਆ। ਬਾਰ-ਬਾਰ ਬੰਦਨਾ ਕੀਤੀ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੪੭॥

'ਰਾਖੋ ਭਲੇ ਸੰਭਾਰ ਕਰਿ ਵਧੈ ਖਾਲਸੇ ਰਾਜ।
ਤਬਿ ਤੁਵ ਸੰਤਤਿ ਕੇ ਅਧਿਕ ਆਵਹਿ ਨਿਤ ਪ੍ਰਤਿ ਕਾਜ'॥ ੪੮॥

"ਇਸ ਨੂੰ ਭਲੀ ਪ੍ਰਕਾਰ ਸੰਭਾਲ ਕੇ ਰੱਖੋ, ਖਾਲਸੇ ਦਾ ਰਾਜ ਵਧੇਗਾ, ਤਦ ਤੁਹਾਡੀ ਸੰਤਾਨ ਪਾਸ ਬਹੁਤ ਲੋਕ ਆਪਣੇ ਕਾਰਜ ਸਿੱਧ ਕਰਵਾਉਣ ਵਾਸਤੇ ਆਉਣਗੇ"॥੪੮॥

ਇਮ ਕਹਿ ਦਰਬ ਅਨਾਇ ਕਰਿ ਦੀਨਸਿ ਪੰਚ ਹਜ਼ਾਰ।
ਦੇਹੁ ਮੁਰੀਦਨਿ ਸਭਿਨਿ ਕੌ ਜਿਨਹੁਂ ਕਰੀ ਰਨ ਕਾਰ॥ ੪੯॥

ਇਸ ਤਰ੍ਹਾਂ ਕਹਿ-ਕੇ ਪੰਜ ਹਜ਼ਾਰ ਧਨ ਮੰਗਵਾ ਕੇ ਦਿੱਤਾ ਤੇ ਕਿਹਾ ਕਿ ਆਪਣੇ ਉਨ੍ਹਾਂ ਮੁਰੀਦਾਂ ਨੂੰ ਦੇਵੋ, ਜਿਨ੍ਹਾਂ ਰਣਖੇਤਰ ਵਿਚ ਯੁੱਧ ਕੀਤਾ ਹੈ॥੪੯॥

ਸਿਰੇਪਾਉ ਸਮੁਦਾਇ ਦੇ ਕਰਿ ਸੰਤੁਸ਼ਟ ਬਿਸਾਲ।
ਰੁਖ਼ਸਦ ਕੀਨੋ ਮਾਨ ਜੁਤਿ ਅਧਿਕ ਹਰਖ ਕੇ ਨਾਲ॥ ੫੦॥

ਸਾਰਿਆਂ ਨੂੰ ਸਿਰੋਪੇ ਦੇ ਕੇ ਤੇ ਬਹੁਤ ਪ੍ਰਸੰਨ ਕਰਕੇ, ਬੜੀ ਖ਼ੁਸ਼ੀ ਨਾਲ ਮਾਣ ਸਹਿਤ ਵਿਦਾ ਕੀਤਾ॥੫੦॥

ਬਾਰਿ ਬਾਰਿ ਕਰਿ ਬੰਦਨਾ ਗਯੋ ਸਢੌਰੇ ਧਾਮ।
ਪੂਰ ਮੁਰੀਦਨਿ ਕਾਮਨਾ ਸਰੇ ਸਭਿਨਿ ਕੇ ਕਾਮ॥ ੫੧॥

ਬਾਰ-ਬਾਰ ਬੰਦਨਾ ਕਰਕੇ ਸਢੌਰੇ ਵਿਖੇ ਆਪਣੇ ਘਰ ਚਲੇ ਗਏ। ਆਪਣੇ ਮੁਰੀਦਾਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ ਤੇ ਸਾਰਿਆਂ ਦੇ ਕੰਮ ਹੋ ਗਏ॥੫੧॥

ਕੰਧ ਬਿਖੈ ਰਖਿ ਤਾਂਹਿ ਕੋ ਤਾ ਮਹਿਂ ਦੀਨ ਚਿਨਾਇ।
ਅਠਦਸ ਸੈ ਸੱਤ੍ਰਹ ਬਿਖੈ ਔਚਕ ਗਿਰੀ ਸੁ ਜਾਇ॥ ੫੨॥

ਪੀਰ ਜੀ ਨੇ ਵਾਲਾਂ ਸਮੇਤ ਕੰਘੇ ਅਤੇ ਕਿਰਪਾਨ ਨੂੰ ਕੰਧ ਵਿਚ ਰੱਖ ਕੇ ਚਿਣਵਾਈ ਕਰ ਦਿੱਤੀ। ਉਹ ਕੰਧ ਸੰਮਤ ੧੮੯੦ ਬਿਕਰਮੀ ਵਿਚ ਅਚਾਨਕ ਡਿੱਗ ਪਈ॥੫੨॥

ਨਿਕਸੀ ਤਬਿ ਸੰਦੂਕਰੀ ਹੁਕਮ ਪੱਤ੍ਰ ਪਠਿ ਜਾਨ।
ਰਹਿਤ ਹੁਤੇਕਵਿ ਜਿਸ ਨਿਕਟ ਸੋ ਸਰਦਾਰ ਮਹਾਨ॥ ੫੩॥

ਉਸ ਕੰਧ ਦੇ ਵਿਚੋਂ ਵਾਲਾਂ ਸਹਿਤ ਕੰਘੇ ਅਤੇ ਕਿਰਪਾਨ ਵਾਲੀ ਸੰਦੂਕੜੀ ਹੁਕਮਨਾਮੇ ਸਮੇਤ ਨਿਕਲ ਪਈ ਤੇ ਹੁਕਮਨਾਮੇ ਨੂੰ ਫਿਰ ਪੜ੍ਹ ਕੇ ਅਸਲੀਅਤ ਨੂੰ ਜਾਣਿਆ। ਕਵੀ ਸੰਤੋਖ ਸਿੰਘ ਜੀ ਜਿਸ ਪਾਸ ਰਹਿੰਦੇ ਸਨ, ਉਹ ਵੱਡਾ ਸਰਦਾਰ ਸੀ॥੫੩॥

ਪੂਰਬ ਲਜਾਏ ਸੋ ਤਹਾਂ ਦੇਖੀ ਸਭਿਨਿ ਪਛਾਨ।
ਮਾਨੀ ਸਿਰ ਧਰਿ ਦੇਤਿ ਭੇ ਸਿਖ ਬਹੁ ਧਨ ਕੋ ਦਾਨ॥ ੫੪॥

ਪਹਿਲਾਂ ਲਿਆ ਕੇ ਉਥੇ ਵੇਖੀ ਤੇ ਸਭ ਨੇ ਪਛਾਣ ਲਈ, ਸਾਰਿਆਂ ਨੇ ਸਿਰ ਉੱਤੇ ਧਰ ਕੇ ਮੰਨ ਲਈ ਤੇਸਿੱਖ ਪੀਰ ਬੁੱਧੂ ਸ਼ਾਹ ਦੀ ਸੰਤਾਨ ਨੂੰ ਬਹੁਤ ਦਾਨ ਦੇਣ ਲੱਗੇ॥੫੪॥

ਸੰਤਤਿ ਬੁੱਧੂਸ਼ਾਹਿ ਕੀ ਅਬਿ ਲੌ ਤਹਾਂ ਅਲੰਬ।
ਕਰਤਿ ਜੀਵਕਾ ਤਿਸੀ ਤੇ ਪਾਵਤਿ ਦਰਬ ਕਦੰਬ॥ ੫੫॥

ਪੀਰ ਬੁੱਧੂ ਸ਼ਾਹ ਦੀ ਸੰਤਾਨ ਦਾ ਹੁਣ ਤਕ ਇਹ ਵੱਡਾ ਆਸਰਾ ਹੈ, ਉਸੇ ਤੋਂ ਹੀ ਉਨ੍ਹਾਂ ਦਾ ਜੀਵਨ ਨਿਰਬਾਹ ਹੁੰਦਾ ਹੈ ਤੇ ਬਹੁਤ ਧਨ ਪ੍ਰਾਪਤ ਕਰਦੇ ਹਨ॥੫੫॥

ਸੰਮਤ ਬੀਤੇ ਆਇ ਸੋ ਹਮ ਕੌ ਦਰਸ ਦਿਖਾਇ।
ਬੁੱਧੂਸ਼ਾਹਿ ਪ੍ਰਸੰਗ ਕੋ ਭਾਖਯੋ ਸਕਲ ਬਨਾਇ॥ ੫੬॥

ਇਕ ਸਾਲ ਬੀਤਿਆ ਹੈ ਕਿ ਉਨ੍ਹਾਂ ਨੇ ਫਿਰ ਆ ਕੇ ਉਨ੍ਹਾਂ ਚੀਜ਼ਾਂ ਦਾ ਸਾਨੂੰ ਦਰਸ਼ਨ ਕਰਵਾਇਆ ਹੈ। ਅਸੀਂ ਬੁੱਧੂ ਸ਼ਾਹ ਪੀਰ ਦਾ ਸਾਰਾ ਪ੍ਰਸੰਗ ਬਣਾ ਕੇ ਕਿਹਾ ਹੈ॥੫੬॥

*ਦੂਸਰੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥*

☆☆☆

# ਅਧਿਆਇ ਬੱਤੀਵਾਂ

## ਇਨਾਮ ਵੰਡੇ, ਪਾਉਂਟੇ ਤੋਂ ਤਿਆਰੀ

ਦੋਹਰਾ-ਸ੍ਰੀ ਸਤਿਗੁਰ ਤਬਿ ਕੇਸਰੀ ਅਪਰ ਬੰਧਿ ਦਸਤਾਰਿ।
ਜਿਗਾ ਬਾਂਧਿ ਕਲਗ਼ੀ ਧਰੀ ਸ਼ੋਭਾ ਉਦਤਿ ਉਦਾਰ॥ ੧॥

ਲਾਲ ਭਾਹ ਵਾਲੇ ਕਾਲੇ ਰੰਗ ਵਾਲੀ ਦਸਤਾਰ ਬੁੱਧੂ ਸ਼ਾਹ ਨੂੰ ਬਖਸ਼ ਕੇ, ਗੁਰੂ ਜੀ ਨੇ ਹੋਰ ਕੇਸਰੀ ਰੰਗ ਦੀ ਦਸਤਾਰ ਆਪਣੇ ਸਿਰ ਤੇ ਬੰਨ੍ਹ ਲਈ ਤੇ ਜਿਗ੍ਹਾ ਬੰਨ੍ਹ ਕੇ ਉੱਚੀ ਕਲਗ਼ੀ ਲਾਈ॥੧॥

*ਨਿਸ਼ਾਨੀ ਛੰਦ-* ਲਗਯੋ ਦਿਵਾਨ ਮਹਾਨ ਭਟ ਬਡ ਹੋਤਿ ਅਨੰਦੇ।
ਸਾਧ ਕ੍ਰਿਪਾਲ ਮਹੰਤ ਤਬਿ ਆਯੋ ਗੁਰਬੰਦੇ।
ਸਭਾ ਬਿਖੈ ਸਨਮਾਨ ਕਰਿ ਪ੍ਰਭੁ ਤਾਂਹਿ ਬਿਠਾਯੋ।
'ਸਾਧ ਸਾਧ' ਸ੍ਰੀ ਮੁਖ ਕਹਯੋ 'ਸਾਧੂ ਸੁਖ ਪਾਯੋ'॥ ੨॥

ਵੱਡਾਂ ਦੀਵਾਨ ਲੱਗਾ, ਸੂਰਬੀਰ ਬਹੁਤ ਪ੍ਰਸੰਨ ਹੋਏ, ਫਿਰ ਸਾਧ ਕ੍ਰਿਪਾਲ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਸਭਾ ਦੇ ਵਿਚ ਉਸ ਦਾ ਸਨਮਾਨ ਕਰਕੇ, ਉਸ ਨੂੰ ਆਪਣੇ ਪਾਸ ਬਿਠਾਇਆ, ਫਿਰ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, "ਸ਼ਾਬਾਸ਼ ! ਸ਼ਾਬਾਸ਼ ! ਹੇ ਸਾਧੂ ! ਸੁਖ ਪਾਉ"॥੨॥

ਬਖਸ਼ਿਸ਼ ਹੇਤੁ ਬਿਚਾਰ ਕਰਿ ਜਗ ਮਹਿੰ ਵਡਿਆਈ।
ਅਰਧ ਪਾਰਿ ਦਸਤਾਰ ਕੋ ਦੇ ਸੀਸ ਬੰਧਾਈ।
ਕੁਲਹਾ ਕੇ ਊਪਰ ਬਧੀ ਦੁਤਿ ਹੁਇ ਗਈ ਦੂਨੀ।
ਗਜਾਨ ਸੱਚਿਦਾਨੰਦ ਮਹਿੰ ਬ੍ਰਿਤਿ ਟਿਕੀ ਚਊਨੀ॥ ੩॥

ਜਗ ਵਿਚ ਵਡਿਆਈ ਦੀ ਬਖਸ਼ਿਸ਼ ਕਰਨ ਵਾਸਤੇ, ਗੁਰੂ ਜੀ ਨੇ ਆਪਣੀ ਦਸਤਾਰ ਅੱਧੀ ਕਰਕੇ, ਮਹੰਤ ਕਿਰਪਾਲ ਦੇ ਸਿਰ ਉੱਤੇ ਬੰਨ੍ਹਵਾ ਦਿੱਤੀ। ਉਦਾਸੀਆਂ ਦੀ ਟੋਪੀ 'ਤੇ ਬੰਨ੍ਹੀ ਹੋਣ ਕਰਕੇ, ਜਿਹੜੀ ਵਿਚੋਂ ਉੱਚੀ ਹੁੰਦੀ ਹੈ ਮਹੰਤ ਕ੍ਰਿਪਾਲ ਦੀ ਸ਼ੋਭਾ ਦੂਣੀ ਹੋ ਗਈ ਤੇ ਸੱਚਿਦਾਨੰਦ ਦੇ ਗਿਆਨ ਵਿਚ ਬ੍ਰਿਤੀ ਚਾਰ ਗੁਣਾਂ ਜ਼ਿਆਦਾ ਟਿਕ ਗਈ॥੩॥

'ਤਕਮਾ ਇਹ ਤਵ ਪੰਥ ਕੋ ਜਗ ਸਜੈ ਨਿਰਾਲਾ।
ਦੋਨਹੁਂ ਲੋਕ ਸੁਧਾਰ ਦਿਯ ਗੁਰਬਖਸ਼ ਬਿਸਾਲਾ'।
'ਨਿਤਪ੍ਰਤਿ ਦੇਗ ਕਰਾਹਿ ਕੀ ਦੀਜਹਿ ਸੰਗ ਚੇਲੇ'।
ਕਾਰਦਾਰ ਪਰ ਗੁਰ ਹੁਕਮ ਹੋਯੋ ਤਿਸ ਬੇਲੇ॥ ੪॥

"ਤੇਰੇ ਪੰਥ ਵਾਸਤੇ ਇਹ ਮਰਾਤਬੇ ਦਾ ਚਿੰਨ੍ਹ ਹੈ, ਜਿਹੜਾ ਹੁਣ ਨਿਰਾਲਾ ਸੱਜੇਗਾ, ਗੁਰੂ ਜੀ ਵਿਸ਼ਾਲ ਬਖਸ਼ਿਸ਼ ਕਰਕੇ ਦੋਵੇਂ ਲੋਕ ਸੁਧਾਰ ਦੇਣਗੇ।" "ਸਦਾ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਇਨ੍ਹਾਂ ਦੇ ਚੇਲਿਆਂ ਸਹਿਤ ਦੇਵੋ", ਉਸ ਸਮੇਂ ਗੁਰੂ ਜੀ ਵਲੋਂ ਅਹਿਲਕਾਰ ਨੂੰ ਹੁਕਮ ਹੋਇਆ॥੪॥

ਦਯਾਰਾਮ ਪ੍ਰੋਹਤ ਬਲੀ ਕੀਨੋ ਰਣ ਭਾਰੀ।
ਕਰਤਿ ਭਏ ਬਖ਼ਸ਼ਸ਼ ਤਬੈ ਤਿਸ ਓਰ ਨਿਹਾਰੀ।
ਢਾਲਾ ਬਖਸ਼ਯੋ ਆਪਨੋ ਪੁਨ ਪਟਾ ਲਿਖਾਯੋ।
'ਇਨ ਪੂਜਹਿ ਦਰਸ਼ਨ ਕਰੈ ਪਾਵਹਿ ਮਨ ਭਾਯੋ'॥ ੫॥

ਬਲਵਾਨ ਦਇਆ ਰਾਮ ਪ੍ਰੋਹਿਤ ਨੇ ਵੀ ਭਾਰੀ ਯੁੱਧ ਕੀਤਾ ਸੀ, ਉਸ ਨੂੰ ਬਖਸ਼ਿਸ਼ ਕਰਨ ਵਾਸਤੇ ਫਿਰ ਉਸ ਵਲ ਵੇਖਿਆ। ਉਸ ਨੂੰ ਆਪਣਾ ਢਾਲਾ ਬਖਸ਼ ਕੇ ਫਿਰ ਪਟਾ ਲਿਖ ਕੇ ਦੇ ਦਿੱਤਾ, "ਜਿਹੜਾ ਵੀ ਇਸ ਢਾਲ ਦੇ ਦਰਸ਼ਨ ਕਰਕੇ ਪੂਜਾ ਕਰੇ, ਉਹ ਮਨ-ਭਾਉਂਦਾ ਫਲ ਪਾਵੇਗਾ"॥੫॥

ਤੀਨਹੁਂ ਬੈਠੇ ਭਾਨਜੇ ਦੀਨੀ ਬਹੁ ਧੀਰਾ।
'ਦੋਨਹੁ ਭ੍ਰਾਤਾ ਸੁਰਗ ਗੇ ਜਿਹ ਗਤਿ ਬਡ ਬੀਰਾ।
ਸਫਲ ਮਰਨ ਛੱਤ੍ਰੀਨ ਕੋ ਰਿਪੁ ਮਾਰਤਿ ਮਰਿਬੋ।
ਕ੍ਰੁਧਤਿ ਹੁਇ ਆਗੇ ਚਲਨਿ ਪਗ ਪਾਛ ਨ ਧਰਿਬੋ॥ ੬॥

ਗੁਰੂ ਜੀ ਦੇ ਤਿੰਨੇ ਭੂਆ ਜੀ ਦੇ ਪੁੱਤਰ ਬੈਠੇ ਸਨ, ਉਨ੍ਹਾਂ ਨੂੰ ਬਹੁਤ ਧੀਰਜ ਦਿੱਤਾ ਤੇ ਕਿਹਾ, "ਦੋਵੇਂ ਭਰਾ ਸਵਰਗਾਂ ਵਿਚ ਚਲੇ ਗਏ ਹਨ, ਜਿਨ੍ਹਾਂ ਵੱਡੇ ਸੂਰਬੀਰਾਂ ਵਾਲੀ ਗਤੀ ਪਾਈ ਹੈ। ਛੱਤਰੀਆਂ ਦਾ ਮਰਨਾ ਸਫਲ ਹੋ ਜਾਂਦਾ ਹੈ ਜੇ ਉਹ ਵੈਰੀ ਨੂੰ ਮਾਰਦੇ ਮਰਦੇ ਹਨ। ਕ੍ਰੋਧ ਨਾਲ ਲੜਦੇ ਹੋਏ ਅੱਗੇ ਚਲਣ, ਇਕ ਪੈਰ ਵੀ ਪਿਛਾਂਹ ਨ ਧਰਨ॥੬॥

ਨਹੀਂ ਸੋਚਿਬੇ ਜੋਗ ਸੋ ਨਿਜ ਧਰਮ ਸਮੇਤਾ।
ਸੁਜਸੁ ਹਲਤ ਮਹਿਂ, ਪਲਤ ਸੁਖ, ਥਿਤ ਦੇਵ ਨਿਕੇਤਾ।
ਪਰਨ ਮੰਚ ਪਰ ਮਰਨ ਹੁਇ ਭਟ ਕੋ ਨਹਿਂ ਨੀਕੋ।
ਦੁਰਲਭ ਪਾਵਨ ਸੁਰਗ ਕੋ ਨਹਿਂ ਜਸੁ ਕੋ ਟੀਕੋ'॥ ੭॥

ਉਹ ਸ਼ੋਕ ਕਰਨ ਯੋਗ ਨਹੀਂ ਜਿਹੜੇ ਆਪਣੇ ਧਰਮ ਸਹਿਤ ਰਹਿੰਦੇ ਹਨ। ਇਸ ਦੁਨੀਆਂ ਵਿਚ ਸ੍ਰੇਸ਼ਟ ਜੱਸ ਮਿਲਦਾ ਹੈ ਤੇ ਪਰਲੋਕ ਵਿਚ ਸੁਖ ਮਿਲਦਾ ਹੈ ਤੇ ਦੇਵਤਿਆਂ ਦੇ ਘਰ ਭਾਵ ਸਵਰਗਾਂ ਵਿਚ ਵਾਸਾ ਮਿਲਦਾ ਹੈ। ਮੰਜੇ ਉੱਤੇ ਲੇਟੇ ਹੋਏ ਦੀ ਮੌਤ ਸੂਰਬੀਰ ਵਾਸਤੇ ਚੰਗੀ ਨਹੀਂ ਭਾਵ ਸੂਰਮੇ ਲਈ-ਸ਼ਸਤਰ ਦੀ ਮੌਤ ਹੀ ਠੀਕ ਹੈ, ਰੋਗ ਗ੍ਰਸਤ ਹੋ ਕੇ ਮਰਨਾ ਠੀਕ ਨਹੀਂ। ਫਿਰ ਸਵਰਗਾਂ ਦਾ ਪਾਉਣਾ ਦੁਰਲਭ ਹੋ ਜਾਂਦਾ ਹੈ ਤੇ ਨਾ ਹੀ ਜੱਸ ਪ੍ਰਾਪਤ ਹੁੰਦਾ ਹੈ"॥੭॥

ਤੀਨਹੁਂ ਭ੍ਰਾਤਨਿ ਬੰਦਿ ਕਰ ਗੁਰ ਸੰਗ ਬਖਾਨਾ।
'ਸ੍ਵਾਮੀ ਤੁਮ ਦ੍ਵੈ ਲੋਕ ਕੇ ਬਖਸ਼ਹੁ ਸੁਖ ਨਾਨਾ।
ਦੁਰਲਭ ਰਾਵਰ ਕੀ ਖੁਸ਼ੀ ਪ੍ਰਾਪਤਿ ਬਡ ਭਾਗੇ।
ਜਗ ਕੇ ਹਤਹੁ ਕੁਬੰਧਨਾ ਤੁਮ ਪਗ ਅਨੁਰਾਗੇ॥ ੮॥

ਤਿੰਨਾਂ ਭਰਾਵਾਂ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, "ਹੇ ਸਵਾਮੀ ਜੀ ! ਤੁਸੀਂ ਦੋਵਾਂ ਲੋਕਾਂ ਦੇ ਕਈ ਪ੍ਰਕਾਰ ਦੇ ਸੁਖ ਬਖਸ਼ਦੇ ਹੋ। ਆਪ ਜੀ ਦੀ ਖੁਸ਼ੀ ਪਾਉਣੀ ਬੜੀ ਦੁਰਲਭ ਹੈ, ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਜਿਹੜੇ ਤੁਹਾਡੇ ਚਰਨਾਂ ਨਾਲ ਪ੍ਰੇਮ ਕਰਦੇ ਹਨ ਉਨ੍ਹਾਂ ਦੇ ਜਗਤ ਦੇ ਸਾਰੇ ਬੰਧਨ ਕੱਟ ਦਿੰਦੇ ਹੋ॥੮॥

ਕਹੋ ਆਪ ਸੋ ਸ਼੍ਰੇਯ ਹੈ ਸਭਿ ਜੀਵਨ ਕੇਰੀ।
ਰਣ ਮਹਿਂ ਮਰਿਬੋ ਮਾਰਿਬੋ ਬੀਰਨ ਗਤਿ ਹੇਰੀ।

ਹਮਰੇ ਸ਼ੋਕ ਨ ਹੋਤਿ ਹੈ ਆਏ ਤੁਮ ਕਾਜੇ।
ਦੀਨ ਦੁਨੀ ਪਤਿਸ਼ਾਹ ਹੋ ਨਿਜ ਦਾਸ ਨਿਵਾਜੇ'॥ ੯॥

ਆਪ ਜੀ ਦੇ ਕਹਿਣ ਉੱਤੇ ਸਾਰੇ ਜੀਵਨ ਦੀ ਮੁਕਤੀ ਪ੍ਰਾਪਤ ਹੁੰਦੀ ਹੈ। ਯੁੱਧ ਵਿਚ ਸੂਰਮਿਆਂ ਦੇ ਮਰਨ ਮਾਰਨ ਦੀ ਗਤੀ ਵੇਖੀ ਹੈ ਸਾਨੂੰ ਕੋਈ ਦੁਖ ਨਹੀਂ ਹੈ, ਆਪ ਜੀ ਦੇ ਕਾਰਜ ਵਾਸਤੇ ਆਏ ਹਾਂ, ਤੁਸੀਂ ਦੀਨ ਦੁਨੀ ਦੇ ਪਾਤਿਸ਼ਾਹ ਹੋ ਆਪਣੇ ਸੇਵਕਾਂ ਨੂੰ ਨਿਵਾਜਦੇ ਹੋ"॥ ੯॥

ਸੁਨਿ ਪ੍ਰਸੰਨ ਸਤਿਗੁਰ ਭਏ ਬਹੁ ਬਖਸ਼ਿਸ਼ ਦੀਨੀ।
ਜੇਵਰ ਜਰੇ ਜਵਾਹਰਨ ਜਿਨ ਕੀ ਦੁਤਿ ਪੀਨੀ।
ਸਿਰੇਪਾਉ ਬਡ ਮੋਲ ਕੇ ਬਡ ਦੁਲਭ ਦੁਸ਼ਾਲੇ।
ਕਹਾਂ ਕਹੌਂ ਧਨ ਦੀਨਿ ਗਨ ਲੇ ਹਰਖ ਬਿਸਾਲੇ॥ ੧੦॥

ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬਹੁਤ ਕੁਝ ਬਖਸ਼ਿਸ਼ ਕੀਤਾ। ਹੀਰੇ ਜਵਾਹਰਾਤ ਨਾਲ ਜੜੇ ਗਹਿਣੇ ਬਖਸ਼ੇ, ਜਿਨ੍ਹਾਂ ਦੀ ਸ੍ਰੇਸ਼ਟ ਆਭਾ ਸੀ। ਬੜੇ ਕੀਮਤੀ ਸਿਰੋਪੇ ਅਤੇ ਦੁਰਲਭ ਦੁਸ਼ਾਲੇ ਦਿੱਤੇ। ਧਨ ਦੇਣ ਦੀ ਕਿਥੋਂ ਤਕ ਗੱਲ ਕਰਾਂ, ਬਹੁਤ ਧਨ ਦਿੱਤਾ ਜਿਸ ਨੂੰ ਲੈ ਕੇ ਬਹੁਤ ਪ੍ਰਸੰਨ ਹੋਏ॥੧੦॥

ਅਪਰ ਸਰਬ ਜੇ ਸੂਰਮਾ ਰਨ ਲਰੇ ਬਿਸਾਲਾ।
ਬਖਸ਼ਸ਼ ਦੀਨੀ ਸਭਿਨਿ ਕੋ ਕਰਿ ਦਏ ਨਿਹਾਲਾ।
ਮਾਨ ਆਦਿ ਦੇ ਦਾਨ ਬਹੁ ਹਰਖਾਇ ਸੁ ਬੀਰੰ।
ਪ੍ਰਥਮ ਲਰਾਈ ਬਿਜੈ ਕਰਿ ਆਨੰਦ ਗਹੀਰੰ॥ ੧੧॥

ਹੋਰ ਜਿਹੜੇ ਸੂਰਮੇ ਰਣਖੇਤਰ ਵਿਚ ਬੜੀ ਬਹਾਦਰੀ ਨਾਲ ਲੜੇ ਸਨ, ਉਨ੍ਹਾਂ ਨੂੰ ਵੀ ਬਖਸ਼ਿਸ਼ਾਂ ਕਰਕੇ ਨਿਹਾਲ ਕਰ ਦਿੱਤਾ। ਮਾਨ ਅਤੇ ਦਾਨ ਆਦਿ ਦੇ ਕੇ ਸੂਰਬੀਰਾਂ ਨੂੰ ਬਹੁਤ ਪ੍ਰਸੰਨ ਕੀਤਾ, ਪਹਿਲੀ ਲੜਾਈ ਜਿੱਤ ਕੇ ਉਹ ਬਹੁਤ ਪ੍ਰਸੰਨ ਹੋਏ ਸਨ॥੧੧॥

ਹੁਤੇ ਜੁ ਕਾਤੁਰ ਲਰਨ ਤੇ ਸੇ ਬਹੁਰ ਧਿਕਾਰੇ।
ਖੁਸ਼ੀ ਨ ਗੁਰ ਕੀ ਤਿਨਹੁਂ ਪਰ ਦਲ ਵਹਿਰ ਨਿਕਾਰੇ।
ਬਿਜੈ ਗੁਰੂ ਕੀ ਦੇਸ਼ ਮਹਿਂ ਪਸਰੀ ਤਿਸ ਕਾਲਾ।
'ਹਤੇ ਪਹਾਰੀ ਭਾਜਿਗੇ ਕਰਿ ਤ੍ਰਾਸ ਬਿਸਾਲਾ'॥ ੧੨॥

ਜਿਹੜੇ ਕਾਇਰ ਯੁੱਧ ਤੋਂ ਡਰਦੇ ਸਨ, ਉਨ੍ਹਾਂ ਨੂੰ ਬਹੁਤ ਫਿਟਕਾਰਿਆ। ਉਨ੍ਹਾਂ ਉੱਤੇ ਗੁਰੂ ਜੀ ਨੇ ਆਪਣੀ ਖੁਸ਼ੀ ਨਾ ਕੀਤੀ ਤੇ ਦਲ ਵਿਚੋਂ ਬਾਹਰ ਕੱਢ ਦਿੱਤਾ। ਉਸ ਸਮੇਂ ਗੁਰੂ ਜੀ ਦੀ ਜਿੱਤ ਦੀ ਖ਼ਬਰ ਸਾਰੇ ਦੇਸ਼ ਵਿਚ ਫੈਲ ਗਈ, "ਪਹਾੜੀਆਂ ਨੂੰ ਮਾਰਿਆ ਹੈ ਤੇ ਡਰਦੇ ਮਾਰੇ ਭੱਜ ਗਏ ਹਨ"॥੧੨॥

ਜਹਿਂ ਕਹਿਂ ਤੇ ਸੁਨਿ ਸੁਜਸੁ ਕੋ ਜਾਚਕ ਚਲਿ ਆਏ।
ਡੋਮ ਭਾਟ ਤੇ ਆਦਿ ਗਨ ਗੁਰ ਕੇ ਗੁਨ ਗਾਏ।
ਕਿਤਿਕ ਕਵੀਸ਼ੁਰ ਆਇਗੇ ਰਚਿ ਰੁਚਿਰ ਕਵਿੱਤੰ।
ਬਖਸ਼ਹਿਂ ਦਿਨ ਪ੍ਰਤਿ ਸਤਿਗੁਰੂ ਮਨ ਭਾਵਤਿ ਬਿੱਤੰ॥ ੧੩॥

ਜਿੱਥੋਂ ਕਿੱਥੋਂ ਸ੍ਰੇਸ਼ਟ ਜੱਸ ਨੂੰ ਸੁਣ ਕੇ ਮੰਗਤੇ ਚਲ ਕੇ ਆ ਗਏ, ਡੂਮਾਂ ਭੱਟਾਂ ਆਦਿ ਨੇ ਗੁਰੂ ਜੀ ਦੇ ਬਹੁਤ ਗੁਣ ਗਾਏ। ਕਈ ਕਵੀਸ਼ਰ ਆ ਗਏ ਜਿਨ੍ਹਾਂ ਨੇ ਗੁਰੂ ਜੀ ਦੇ ਜੱਸ ਵਿਚ ਸੁੰਦਰ ਕਵਿਤਾਵਾਂ ਲਿਖੀਆਂ। ਗੁਰੂ ਜੀ ਸਾਰਿਆਂ ਨੂੰ ਮਨ-ਭਾਉਂਦਾ ਧਨ ਬਖਸ਼ ਰਹੇ ਸਨ॥ ੧੩॥

ਭੂਖਨ ਪਾਇ ਸੁਵਰਨ ਕੇ ਹਯ ਅਧਿਕ ਸਜਾਵੈਂ।
ਜਿਸ ਪਰ ਹੋਇਂ ਪ੍ਰਸੰਨ ਗੁਰ ਤਤਕਾਲ ਦਿਵਾਵੈਂ।
ਕਰਹਿਂ ਚੋਜ ਬਹੁ ਮੌਜ ਕੇ ਸਭਿ ਰੋਜ ਗੁਸਾਈਂ।
ਚਲੀ ਦਾਨਧਾਰਾ ਮਹਾਂ ਕੋ ਸਕਹਿ ਗਿਨਾਈ॥ ੧੪॥

ਸੋਨੇ ਦੇ ਗਹਿਣੇ ਪਾਉਂਦੇ ਸਨ ਤੇ ਘੋੜੇ ਨੂੰ ਬਹੁਤ ਸਜਾਉਂਦੇ ਸਨ, ਜਿਸ ਉੱਤੇ ਵੀ ਗੁਰੂ ਜੀ ਪ੍ਰਸੰਨ ਹੋ ਜਾਂਦੇ ਸਨ, ਉਸ ਨੂੰ ਤੁਰਤ ਗਹਿਣੇ ਅਤੇ ਘੋੜੇ ਦੇ ਦਿੰਦੇ ਸਨ। ਗੁਰੂ ਜੀ ਰੋਜ਼ ਆਪਣੀ ਮਨ ਦੀ ਮੌਜ ਦੇ ਚੋਜ ਕਰਦੇ ਸਨ। ਦਾਨ ਦੀ ਮਹਾਨ ਧਾਰਾ ਵਹਿ ਰਹੀ ਸੀ, ਕੌਣ ਗਿਣਵਾ ਸਕਦਾ ਹੈ॥ ੧੪॥

ਦੇਸ਼ ਦੇਸ਼ ਤੇ ਸੰਗਤਾਂ ਆਵਹਿਂ ਗਨ ਰਾਗੀ।
ਸ਼ਸਤ੍ਰ ਤੁਰੰਗਮ ਅਰਪਤੇ, ਦਰਸਤਿ ਬਡਭਾਗੀ।
ਪੂਰਵਹਿਂ ਮਨ ਕੀ ਕਾਮਨਾ ਜਸੁ ਗਾਵਤਿ ਜਾਤੇ।
ਅਧਿਕੈ ਵਧਜੋ ਪ੍ਰਤਾਪ ਤਬਿ ਸਿਖ ਜਨ ਸੁਖ ਰਾਤੇ॥ ੧੫॥

ਦੇਸ਼ਾਂ-ਦੇਸ਼ਾਂ ਤੋਂ ਬਹੁਤ ਸੰਗਤਾਂ ਅਤੇ ਰਾਗੀ ਆਉਂਦੇ ਸਨ ਤੇ ਵਡਭਾਗੇ ਦਰਸ਼ਨ ਕਰਕੇ ਸ਼ਸਤਰ ਅਤੇ ਘੋੜੇ ਅਰਪਣ ਕਰਦੇ ਸਨ। ਆਪਣੇ ਮਨ ਦੀ ਕਾਮਨਾ ਪੂਰੀ ਕਰਵਾ ਕੇ ਜੱਸ ਗਾਉਂਦੇ ਜਾਂਦੇ ਸਨ, ਤਦ ਬਹੁਤ ਪ੍ਰਤਾਪ ਵਧਿਆ ਤੇ ਸਿੱਖ ਬੜੇ ਸੁਖ ਵਿਚ ਰੰਗੇ ਗਏ॥ ੧੫॥

ਗਾਵਹਿਂ ਢਾਢੀ ਵਾਰ ਕੌ ਜਸੁ ਕਹੈਂ ਬਨਾਈ।
ਸੁਨਤਿ ਹੋਤਿ ਉਤਸਾਹ ਉਰ ਭਟ ਬੈਠਹਿਂ ਆਈ।
ਮਾਰ ਬਕਾਰਾ ਬਹੁ ਕਰਹਿਂ ਸਤਿਗੁਰਨ ਸੁਨਾਵੈਂ।
'ਲੂਟਹਿਂ ਅਬਿ ਸ੍ਰੀ ਨਗਰ ਕੌ, ਸ੍ਰੀ ਮੁਖ ਫੁਰਮਾਵੈਂ॥ ੧੬॥

ਢਾਡੀ ਗੁਰੂ ਜੀ ਦਾ ਜੱਸ ਬਣਾ ਕੇ ਵਾਰਾਂ ਗਾਉਂਦੇ ਸਨ। ਸੁਣ ਕੇ ਭੱਟਾਂ ਦੇ ਹਿਰਦੇ ਵਿਚ ਉਤਸ਼ਾਹ ਪੈਦਾ ਹੁੰਦਾ ਸੀ, ਸੂਰਬੀਰ ਆ ਕੇ ਬੈਠਦੇ ਸਨ। ਬਹੁਤ ਲਲਕਾਰੇ ਮਾਰ ਕੇ ਸੂਰਮੇ ਸਤਿਗੁਰੂ ਜੀ ਨੂੰ ਸੁਣਾਉਂਦੇ ਸਨ, "ਜੇ ਗੁਰੂ ਜੀ ਆਪਣੇ ਮੁਖ ਤੋਂ ਫੁਰਮਾਉਣ ਤਾਂ ਹੁਣ ਸ੍ਰੀ ਨਗਰ ਨੂੰ ਲੁੱਟ ਲਵਾਂਗੇ॥ ੧੬॥

ਫਤੇਸ਼ਾਹਿ ਕੌਂ ਪਕਰਿ ਕੈ ਪ੍ਰਭੁ ਚਰਨੀ ਪਾਵੈਂ।
ਬਾਇਸਧਾਰ ਪਹਾਰ ਕੀ ਜੀਤਹਿਂ ਫਿਰਿ ਆਵੈਂ।
ਛੀਨਹਿਂ ਤੁਰਕਨਿ ਰਾਜ ਕੌ ਨੀਹਲ ਸਭਿ ਦੇਸ਼ਾ।
ਜਿਣ ਹੈਂ ਬੁਰੀਆ ਦਾਮਲਾ ਪੁਰਿ ਅਪਰ ਵਿਸ਼ੇਸ਼ਾ॥ ੧੭॥

ਤੇ ਫ਼ਤਹਿ ਸ਼ਾਹ ਨੂੰ ਫੜ ਕੇ ਗੁਰੂ ਜੀ ਦੇ ਚਰਨਾਂ ਵਿਚ ਪਾ ਦੇਵਾਂਗੇ ਬਾਈਧਾਰ ਪਹਾੜੀਆਂ ਨੂੰ ਫਿਰ ਜਿੱਤ ਕੇ ਆਵਾਂਗੇ। ਤੁਰਕਾਂ ਦਾ ਰਾਜ ਖੋਹ ਲਵਾਂਗੇ ਤੇ ਨੀਵੇਂ ਸਾਰੇ ਦੇਸ਼ ਜਿੱਤ ਲਵਾਂਗੇ। ਪਿੰਡ ਬੂੜੀਆ ਅਤੇ ਦਾਮਲਾ ਅਤੇ ਹੋਰ ਵਿਸ਼ੇਸ਼ ਨਗਰ ਜਿੱਤ ਲਵਾਂਗੇ॥ ੧੭॥

*ਨੋਟ : ਬੂੜੀਆ ਪਿੰਡ ਵਿਚ ਕਵੀ ਸੰਤੋਖ ਸਿੰਘ ਜੀ ਰਹਿ ਕੇ ਆਏ ਸਨ। ਦਾਮਲਾ ਉਹ ਪਿੰਡ ਹੈ ਜਿੱਥੋਂ ਦੇ ਰਹਿਣ ਵਾਲੇ ਪਠਾਣ ਭੰਗਾਣੀ ਦੇ ਯੁੱਧ ਵਿਚ ਬੇਈਮਾਨ ਹੋ ਗਏ ਸਨ।*

ਪੁਨ ਲਹੌਰ ਕੋ ਲੂਟ ਕਰਿ ਦਿੱਲੀ ਹਮ ਜਾਵੈਂ।
ਪਾਇਂ ਠੌਰ ਤੁਰਕਾਨ ਪੁਰਿ ਰਨ ਕਰਿ ਕਰਿ ਘਾਵੈਂ।
ਹੁਕਮ ਨ ਕਰਹੁ ਜਿਦੂਰ ਕੌ ਤੌ ਏਤਿਕ ਦੇਸ਼ਾ।
ਆਨੰਦ ਪੁਰਿ ਲਗਿ ਪਾਂਵਟਾ ਇਕ ਰਾਜ ਅਸ਼ੇਸ਼ਾ॥ ੧੮॥

ਫਿਰ ਲਾਹੌਰ ਨੂੰ ਲੁੱਟ ਕੇ ਅਸੀਂ ਦਿੱਲੀ ਵਲ ਜਾਵਾਂਗੇ। ਤੁਰਕਾਣੀ ਜ਼ੋਰ ਵਾਲੇ ਇਲਾਕਿਆਂ ਵਿਚ ਆਪਣੇ ਠਾਣੇ ਪਾਵਾਂਗੇ ਤੇ ਯੁੱਧ ਕਰ ਕਰ ਕੇ ਇਨ੍ਹਾਂ ਨੂੰ ਮਾਰ ਦੇਵਾਂਗੇ। ਜੇ ਦੂਰ ਦਾ ਹੁਕਮ ਨਹੀਂ ਕਰੋਗੇ ਤਾਂ ਏਨਾ ਦੇਸ਼ ਪਾਉਂਟੇ ਤੋਂ ਅਨੰਦਪੁਰ ਤਕ ਸਾਰਾ ਇਕ ਰਾਜ ਸਥਾਪਤ ਕਰ ਦੇਵਾਂਗੇ॥੧੮॥

ਠਕੁਰਾਈ ਇਨ ਬੀਚ ਜੋ ਸਭਿ ਮਾਰ ਨਿਕਾਰੈਂ।
ਸੁਖ ਸੋਂ ਆਵਨਿ ਜਾਨਿ ਹੁਇ ਨਿਜ ਦੇਸ਼ ਮਝਾਰੈਂ।
ਪ੍ਰਭੁ ਜੀ ਦੀਜਹਿ ਹੁਕਮ ਕੋ ਉਮਡੈ ਦਲ ਸਾਰਾ।
ਫਤੇ ਕਰਹਿਂ ਜਬਿ ਬਜਹਿਗੋ ਰਣਜੀਤ ਨਗਾਰਾ॥ ੧੯॥

ਜਿਹੜੀ ਇਨ੍ਹਾਂ ਵਿਚ ਠਾਕਰਤਾਈ ਹੈ, ਉਹ ਸਾਰੀ ਮਾਰ-ਮਾਰ ਕੱਢ ਦੇਵਾਂਗੇ। ਸਾਡਾ ਆਪਣੇ ਦੇਸ਼ ਵਿਚ ਸੁਖ ਨਾਲ ਆਉਣ ਜਾਣਾ ਹੋ ਜਾਵੇਗਾ। ਹੇ ਗੁਰੂ ਜੀ ! ਸਾਨੂੰ ਹੁਕਮ ਦੇਵੋ, ਸਾਰਾ ਦਲ ਉਮਡ ਕੇ ਪੈ ਜਾਵੇਗਾ, ਜਦ ਰਣਜੀਤ ਨਗਾਰਾ ਵੱਜੇਗਾ ਤਾਂ ਫ਼ਤਹਿ ਪ੍ਰਾਪਤ ਕਰਾਂਗੇ" ॥੧੯॥

ਸੂਰ ਦਲਾਕਨਿ ਬਾਕ ਕੋ ਸੁਨਿ ਪ੍ਰਭੁ ਦੇਂ ਧੀਰਾ।
'ਪਿਖਹੁ ਖੇਲ ਕਰਤਾਰ ਕੇ ਠਹਿਰਹੁ ਬਰ ਬੀਰਾ !।
ਨਹਿਂ ਧਾਰਹੁ ਬਹੁ ਸ਼ੀਘ੍ਰਤਾ ਅਸਕੇਤੁ ਰਜਾਈ।
ਜਜੋਂ ਜਜੋਂ ਹੁਇ ਤਜੋਂ ਤਜੋਂ ਕਰਹੁ ਸਿਮਰਹੁ ਸੁਖਦਾਈ॥ ੨੦॥

ਸੂਰਮਿਆਂ ਦੇ ਚਤੁਰਾਈ ਭਰੇ ਵਾਕਾਂ ਨੂੰ ਸੁਣ ਕੇ ਗੁਰੂ ਜੀ ਧੀਰਜ ਦਿੰਦੇ ਸਨ, "ਕਰਤਾਰ ਦੀ ਖੇਡ ਵੇਖੋ, ਹੇ ਸ੍ਰੇਸ਼ਟ ਸੂਰਬੀਰੋ ! ਹਾਲੇ ਠਹਿਰੋ। ਬਹੁਤੀ ਸ਼ੀਘਰਤਾ ਧਾਰਨ ਨਾ ਕਰੋ, ਜਿਵੇਂ ਅਕਾਲ ਪੁਰਖ ਦੀ ਮਰਜ਼ੀ ਹੈ, ਉਸ ਤਰ੍ਹਾਂ ਹੀ ਹੋਣਾ ਹੈ। ਜਿਵੇਂ-ਜਿਵੇਂ ਹੋਵੇ, ਤਿਵੇਂ-ਤਿਵੇਂ ਕਰੋ, ਸੁਖਦਾਈ ਪ੍ਰਭੂ ਜੀ ਦਾ ਸਿਮਰਨ ਕਰੋ॥੨੦॥

ਕਹਾਂ ਬਾਤ ਇਸ ਦੇਸ਼ ਕੀ ਜੋ ਚਾਹਤਿ ਲੀਨਾ।
ਧਰਾ ਰਾਜ ਲੈ ਦੇਯ ਹੌਂ ਭੋਗਹੁ ਸੁਖ ਪੀਨਾ।
ਕਿਲੇ ਕੋਟ ਕਾਇਮ ਕਰਹਿਂ ਦਲ ਵਧਹਿ ਬਿਸਾਲਾ।
ਜਹਿਂ ਜਹਿਂ ਮੇਰੇ ਦਾਸ ਬਡ ਫੈਲਹਿਂ ਜਗ ਜਾਲਾ॥ ੨੧॥

ਇਸ ਦੇਸ਼ ਦੀ ਕੀ ਗੱਲ ਹੈ, ਜਿਸ ਨੂੰ ਲੈਣਾ ਚਾਹੁੰਦੇ ਹੋ, ਧਰਤੀ ਦਾ ਰਾਜ ਲੈ ਕੇ ਦੇਵਾਂਗਾ, ਵੱਡਾ ਸੁਖ ਭੋਗੋਗੇ। ਕਿਲ੍ਹੇ ਕੋਟ ਕਾਇਮ ਕਰਾਂਗੇ, ਵਿਸ਼ਾਲ ਦਲ ਵਧ ਜਾਵੇਗਾ, ਜਿੱਥੇ-ਕਿੱਥੇ ਮੇਰੇ ਵੱਡੇ ਸੇਵਕ ਸਾਰੇ ਜਗਤ ਵਿਚ ਫੈਲ ਜਾਣਗੇ॥੨੧॥

ਜੋ ਰਾਜਾ ਹੁਇਂ ਚੌਧਰੀ ਭਰਿ ਹੈਂ ਸਭਿ ਹਾਲਾ।
ਵਧਹਿ ਪ੍ਰਤਾਪ ਬਿਲੰਦ ਹੀ ਐਹੈ ਜਬਿ ਕਾਲਾ।
ਸਾਚੇ ਸਾਹਿਬ ਕੇ ਤੁਮਹਿ ਦੈਹੌਂ ਲਰ ਲਾਏ।
ਸਦਾ ਸਹਾਇਕ ਹੋਹਿੰਗੇ ਸਿਮਰਹੁ ਸਚ ਨਾਏ॥ ੨੨॥

ਜੋ ਵੀ ਰਾਜਾ ਹੋਵੇ ਜਾਂ ਚੌਧਰੀ ਸਾਰੇ ਮਾਲੀਆ ਭਰਨਗੇ, ਜਿਸ ਸਮੇਂ ਸਾਰੇ ਹੀ ਵੱਡਾ ਪ੍ਰਤਾਪ ਵੱਧ ਜਾਵੇਗਾ ਤਾਂ ਮੈਂ ਤੁਹਾਨੂੰ ਵੱਡੇ ਸਾਹਿਬ ਦੇ ਲੜ ਲਾ ਦੇਵਾਂਗਾ। ਉਹ ਸਦਾ ਤੁਹਾਡੇ ਸਹਾਇਕ ਹੋਣਗੇ ਸੱਚੇ ਨਾਮ ਦਾ ਸਿਮਰਨ ਕਰੋ॥੨੨॥

ਹਲਤ ਬਿਖੈ ਜਗ ਰਾਜ ਲਿਹੁ ਰਹਿਨੀ ਨਿਤ ਰਾਖਹੁ।
ਗੁਰਮੁਖ ਧਰਮ ਨ ਛੋਰੀਅਹਿ ਉਰ ਮਹਿਂ ਅਭਿਲਾਖਹੁ।
ਪਲਤ ਬਿਖੈ ਰੱਛਜਾ ਕਰੌਂ ਸੁਖ ਪਾਇ ਵਿਸ਼ੇਸ਼ਾ।
ਜਿਸ ਕਾਰਜ ਕੌ ਅਵਿਤਰਜੋ ਸੋ ਕਰੌਂ ਅਸ਼ੇਸ਼ਾ'॥ ੨੩॥

ਇਸ ਦੁਨੀਆਂ ਵਿਚ ਜਗਤ ਦਾ ਰਾਜ ਲਵੋ ਤੇ ਸਦਾ ਰਹਿਣੀ ਰੱਖੋ ਗੁਰਮੁਖ ਧਰਮ ਨੂੰ ਕਦੇ ਵੀ ਨਾ ਛੱਡੀਏ, ਦਿਲ ਵਿਚ ਇਹੋ ਅਭਿਲਾਸ਼ਾ ਰੱਖੋ। ਪਰਲੋਕ ਵਿਚ ਮੈਂ ਤੁਹਾਡੀ ਰੱਖਿਆ ਕਰਾਂਗਾ ਤੇ ਵਿਸ਼ੇਸ਼ ਸੁਖ ਪਾਓਗੇ। ਜਿਸ ਕਾਰਜ ਵਾਸਤੇ ਅਵਤਾਰ ਧਾਰਿਆ ਹੈ ਉਹ ਸਾਰਾ ਪੂਰਾ ਕਰਾਂਗਾ"॥੨੩॥

ਸੁਨਿ ਸਤਿਗੁਰ ਕੇ ਵਾਕ ਕੌ ਭਾਖਹਿਂ ਸਿਖ ਬੀਰਾ।
'ਤੁਮ ਸਭਿ ਬਖਸ਼ਨ ਜੋਗ ਹੋ ਹਮ ਸਭਿ ਕੇ ਧੀਰਾ।
ਤਊ ਸੁਨਹੁ ਮਹਾਂਰਾਜ ਜੀ ! ਜੇ ਦੁਰਗ ਨਜੀਕਾ।
ਛੀਨ ਲੇਹੁ ਇਨ ਸਭਿਨਿ ਕੋ ਕਰਿ ਕਰਿ ਰਣ ਨੀਕਾ॥ ੨੪॥

ਸਤਿਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਕੋਈ ਸਿੱਖ ਸੂਰਬੀਰ ਇਸ ਤਰ੍ਹਾਂ ਕਹਿੰਦਾ ਸੀ, "ਤੁਸੀਂ ਸਭ ਬਖਸ਼ਣ ਯੋਗ ਹੋ, ਸਾਨੂੰ ਸਾਰਿਆਂ ਨੂੰ ਧੀਰਜ ਦੇਣ ਵਾਲੇ ਹੋ। ਫਿਰ ਵੀ ਹੇ ਮਹਾਰਾਜ ਜੀ ! ਸੁਣੋ, ਜਿਹੜੇ ਵੀ ਇਨ੍ਹਾਂ ਦੇ ਕਿਲ੍ਹੇ ਨਜ਼ਦੀਕ ਹਨ, ਉਨ੍ਹਾਂ ਸਭਨਾਂ ਨੂੰ ਚੰਗਾ ਯੁੱਧ ਕਰਕੇ ਖੋਹ ਲਵੋ॥੨੪॥

ਕਾਇਮ ਕਰਿ ਸਭਿਹੂੰਨ ਕੌ ਦਿਢ ਦੇਹੁ ਚਿਨਾਏ।
ਦਲ ਆਗਹਿ ਨਹਿਂ ਅਰ ਸਕਹਿਂ ਲੇ ਸ਼ੀਘ੍ਰ ਸੁ ਜਾਏ।
ਸਨੇ ਸਨੇ ਪੁਨ ਆਨਿ ਕੌ ਲੈਹੈਂ ਬਲ ਪਾਏ।
ਹੁਕਮ ਦੇਨਿ ਕੀ ਦੇਰਿ ਇਕ, ਲੈਂ ਅਬੈ ਛੁਟਾਏ'॥ ੨੫॥

ਸਾਰਿਆਂ ਨੂੰ ਕਾਇਮ ਕਰ ਕੇ ਪੱਕੀ ਚਿਣਵਾਈ ਕਰਾਵੇ, ਜਿਹੜਾ ਕੋਈ ਦਲ ਵੀ ਅੱਗੇ ਨਾ ਅੜ ਸਕੇ, ਉਹ ਥਾਂ ਛੇਤੀ ਹੀ ਜਾ ਕੇ ਲੈ ਸਕਦੇ ਹਾਂ। ਹੌਲੀ-ਹੌਲੀ ਫਿਰ ਆ ਕੇ ਬਲ ਪਾ ਕੇ ਲੈ ਲਵਾਂਗੇ। ਆਪ ਜੀ ਦੇ ਇਕ ਹੁਕਮ ਦੇਣ ਦੀ ਲੋੜ ਹੈ, ਉਸੇ ਵੇਲੇ ਛੁਡਵਾ ਲਵਾਂਗੇ"॥੨੫॥

ਸੁਨਤਿ ਬਿਚਾਰਜੋ ਸਤਿਗੁਰੂ ਰਣਜੀਤ ਬਿਸਾਲਾ।
ਟਿਕਹਿਂ ਨਹੀਂ ਇਨ ਪਾਂਵ ਕੋ ਅਬਿ ਲਰਹਿਂ ਕਰਾਲਾ।
ਦੁਰਗਨ ਕੋਨਹਿਂ ਛੋਰਿਹੈਂ ਕਰਿ ਛੇਰ ਲਰਾਈ।
ਵਧਜੋ ਅਧਿਕ ਉਤਸਾਹ ਉਰ ਹਤਿ ਹੈਂ ਰਿਪੁ ਧਾਈ॥ ੨੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ, "ਵੱਡਾ ਯੁੱਧ ਜਿੱਤ ਲੈਣ ਕਰਕੇ, ਇਨ੍ਹਾਂ ਦੇ ਪੈਰ ਨਹੀਂ ਟਿੱਕਦੇ ਹਨ, ਹੁਣ ਇਹ ਵੱਡਾ ਵਿਕਰਾਲ ਯੁੱਧ ਲੜਨਗੇ। ਲੜਾਈ ਛੇੜ ਕੇ ਇਹ ਕਿਹੜੇ ਕਿਲ੍ਹੇ ਨੂੰ ਛੱਡਣਗੇ, ਦਿਲ ਵਿਚ ਬਹੁਤ ਉਤਸ਼ਾਹ ਵਧਿਆ ਹੈ, ਵੈਰੀ ਨੂੰ ਧਾਵਾ ਬੋਲ ਕੇ ਮਾਰ ਲੈਣਗੇ॥੨੬॥

ਮਿਸ ਅਖੇਰ ਕੇ ਵਹਿਰ ਫਿਰ ਘਾਲਹਿਂ ਰਣ ਭਾਰੀ।
ਅਬਿ ਤੇ ਸਭਿ ਨਹਿਂ ਮਾਰਣੈ ਗੁਰ ਭਲੇ ਬਿਚਾਰੀ।
ਚਲਹਿਂ ਅਨੰਦਪੁਰਿ ਆਪਨੇ ਹੁਇ ਹੈ ਤਹਿਂ ਸ਼ਾਂਤੀ।
ਲਗਯੋ ਬੈਰ ਇਸ ਦੇਸ਼ ਮਹਿਂ ਭੇ ਬ੍ਰਿੰਦ ਅਰਾਤੀ॥ ੨੭॥

ਸ਼ਿਕਾਰ ਖੇਡਣ ਦੇ ਬਹਾਨੇ ਬਾਹਰ ਭਾਰੀ ਯੁੱਧ ਕਰਾਂਗੇ। ਹੁਣੇ ਹੀ ਸਭ ਨੂੰ ਨਹੀਂ ਮਾਰ ਦੇਣਾ।" ਗੁਰੂ ਜੀ ਨੇ ਭਲੀ ਪ੍ਰਕਾਰ ਵਿਚਾਰ ਕੀਤੀ। ਹੁਣ ਆਪਣੇ ਸ਼ਹਿਰ ਅਨੰਦਪੁਰ ਜਾਂਦੇ ਹਾਂ, ਓਥੇ ਹੁਣ ਭਲੀ ਪ੍ਰਕਾਰ ਸ਼ਾਂਤੀ ਹੋਵੇਗੀ। ਇਸ ਦੇਸ਼ ਵਿਚ ਹੁਣ ਵੈਰ ਪੈ ਗਿਆ ਹੈ ਤੇ ਵੈਰੀ ਬਹੁਤ ਹੋ ਗਏ ਹਨ॥ ੨੭॥

ਤਬਿ ਸਭਿ ਸੁਭਟਨਿ ਸੋਂ ਭਨਯੋ 'ਉਰ ਧੀਰਜ ਧਾਰੋ।
ਚਲਹੁ ਅਨੰਦਪੁਰਿ ਅਨੰਦ ਧਰਿ ਨਿਜ ਨਗਰ ਸੰਭਾਰੋ।
ਤਿਤ ਹੀ ਦਿਸ਼ਿ ਜੀਤੋ ਪ੍ਰਥਮ ਅਰੁ ਗੁਰ ਦਰਬਾਰਾ।
ਕਰਹਿਂ ਨਮੋ ਗਮਨਹਿਂ ਅਬਹਿ ਇਹ ਭਲੀ ਬਿਚਾਰਾ'॥ ੨੮॥

ਫਿਰ ਗੁਰੂ ਜੀ ਨੇ ਸਾਰੇ ਸੂਰਬੀਰਾਂ ਨੂੰ ਕਿਹਾ, ਹਿਰਦੇ ਵਿਚ ਧੀਰਜ ਧਾਰਨ ਕਰੋ ਹੁਣ ਅਨੰਦ ਧਾਰ ਕੇ ਅਨੰਦਪੁਰ ਚਲੋ ਤੇ ਆਪਣੇ ਨਗਰ ਦੀ ਸੰਭਾਲ ਕਰੀਏ। ਉਸ ਦਿਸ਼ਾ ਵਿਚ ਹੀ ਪਹਿਲਾਂ ਗੁਰੂ ਦਰਬਾਰ ਦੇ ਵੈਰੀ ਨੂੰ ਜਿੱਤੋ। ਓਥੇ ਜਾ ਕੇ ਉਸ ਸਥਾਨ ਨੂੰ ਨਮਸਕਾਰ ਕਰੀਏ, ਹੁਣ ਇਹੋ ਭਲੀ ਵਿਚਾਰ ਹੈ"॥ ੨੮॥

ਸ੍ਰੀ ਮੁਖ ਤੇ ਸਮੁਝਾਇ ਕਰਿ ਬਹੁ ਬੀਰ ਹਟਾਏ।
ਹੁਕਮ ਦਯੋ 'ਤਯਾਰੀ ਕਰਹੁ ਰਣਜੀਤ ਬਜਾਏ।
ਉਸ਼ਟਰੁ ਆਨਹੁ ਸੈਂਕਰੇ ਸਭਿ ਦਲਹਿ ਸਮਾਜਾ।
ਗਹਹੁ ਬਿਗਾਰੀ ਗ੍ਰਾਮ ਨਰ ਜੈਹੈਂ ਨਹਿਂ ਭਾਜਾ'॥ ੨੯॥

ਸ੍ਰੀ ਗੁਰੂ ਜੀ ਨੇ ਮੁਖ ਨਾਲ ਸਮਝਾ ਕੇ ਬਹੁਤ ਸੂਰਬੀਰਾਂ ਨੂੰ ਹਟਾਇਆ ਤੇ ਹੁਕਮ ਦਿੱਤਾ, "ਰਣਜੀਤ ਨਗਾਰਾ ਵਜਾ ਕੇ ਤਿਆਰੀ ਕਰੋ। ਸੈਂਕੜੇ ਊਠ ਮੰਗਵਾ ਕੇ ਦਲ ਦੇ ਸਾਮਾਨ ਨੂੰ ਲੱਦੋ, ਪਿੰਡ ਤੋਂ ਵਿਗਾਰੀ ਫੜ ਕੇ ਲਿਆਵੋ ਕਿਤੇ ਉਹ ਭੱਜ ਨਾ ਜਾਣ॥ ੨੯॥

*ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ 'ਵਿਗਾਰ' ਦਾ ਖਿਆਲ ਕਵੀ ਜੀ ਨੂੰ ਰਾਜ ਘਰਾਂ ਦੇ ਵਰਤਾਰੇ ਕਰਕੇ ਆਇਆ ਹੈ। ਕਿਉਂਕਿ ਉਹ ਆਪ ਰਾਜਿਆਂ ਪਾਸ ਰਹਿੰਦੇ ਸਨ। ਕਿਸੇ ਮਜ਼ਦੂਰ ਦੀ ਮਜ਼ਦੂਰੀ ਖੋਹ ਲੈਣ ਸਤਿਗੁਰੂ ਜੀ ਦਾ ਅਸੂਲ ਨਹੀਂ ਸੀ। ਉਹ ਤਾਂ ਮਜ਼ਦੂਰਾਂ ਨੂੰ ਵਾਧੂ ਇਨਾਮ ਦੇ ਕੇ ਮਾਲਾ ਮਾਲ ਕਰ ਦਿੰਦੇ ਸਨ।*

ਸੁਨਿ ਸਤਿਗੁਰ ਕੇ ਹੁਕਮ ਕਉ ਚਢਿ ਕਰਿ ਅਸਵਾਰਾ।
ਗ੍ਰਾਮ ਅਨੇਕਨ ਕੇ ਗਹੇ ਨਰ ਆਨਿ ਹਜ਼ਾਰਾ।
ਬੰਧੇ ਭਾਰ ਸਮਾਜ ਕੇ ਸਿਰ ਦੇ ਉਚਵਾਏ।
ਗਮਨਯੋ ਪ੍ਰਥਮ ਬਿਹੀਰ ਸਭਿ ਉਸ਼ਟਰ ਲਦਵਾਏ॥ ੩੦॥

ਸਤਿਗੁਰੂ ਜੀ ਦਾ ਹੁਕਮ ਪਾ ਕੇ ਸਿੱਖ ਘੋੜਿਆਂ 'ਤੇ ਸਵਾਰ ਹੋ ਕੇ ਚਲੇ ਗਏ। ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਆ ਫੜਿਆ। ਸਾਮਾਨ ਦੀਆਂ ਪੰਡਾਂ ਬੰਨ੍ਹ ਕੇ ਉਨ੍ਹਾਂ ਦੇ ਸਿਰਾਂ ਤੇ ਚੁਕਵਾਈਆਂ। ਸਾਰੇ ਊਠ ਲਦਵਾ ਕੇ ਪਹਿਲਾਂ ਵਹੀਰ ਤੋਰ ਦਿੱਤੀ॥ ੩੦॥

ਸ਼ਮਿਯਾਨੇ ਤੰਬੂ ਘਨੇ ਗਨ ਫਰਸ਼ ਬਿਸਾਲੇ।
ਸ਼ਤਰੰਜੀ, ਬਹੁ ਜਾਜਮਾਂ, ਬਾਸਨ ਬਡ ਜਾਲੇ।
ਖੱਚਰ ਪਰ ਲਾਦੇ ਅਧਿਕ ਧਨ ਕੋਸ਼ ਮਹਾਨਾ।
ਬਧੇ ਭਾਰ ਸੰਭਾਰ ਕੇ ਜੇ ਵਸਤੂ ਨਾਨਾ॥ ੩੧॥

ਸ਼ਾਮਿਆਨੇ, ਤੰਬੂ ਅਤੇ ਫਰਸ਼ ਵਿਛਾਉਣ ਵਾਸਤੇ ਬਹੁਤ ਗਲੀਚੇ ਅਤੇ ਚਾਦਰਾਂ ਸਨ। ਦਰੀਆਂ, ਛਾਪਿਆ ਹੋਇਆ ਕੱਪੜਾ ਅਤੇ ਬਹੁਤ ਬਰਤਨ ਸਨ। ਖਚਰਾਂ ਉੱਤੇ ਬਹੁਤ ਖਜ਼ਾਨਾ ਲੱਦ ਲਿਆ। ਜਿਹੜੀਆਂ ਵੀ ਭਿੰਨ-ਭਿੰਨ ਪ੍ਰਕਾਰ ਦੀਆਂ ਵਸਤਾਂ ਸਨ, ਸਭ ਦੀਆਂ ਪੰਡਾਂ ਬੰਨ੍ਹ ਲਈਆਂ॥੩੧॥

ਭਾਰ ਉਚਾਵਨਹਾਰ ਜੇ ਸਭਿ ਚਲੇ ਹਜ਼ਾਰੇ।
ਆਗੇ ਪਾਛੇ ਸੁਭਟ ਗਨ ਗਮਨੇ ਰਖਵਾਰੇ।
ਸਨੇ ਸਨੇ ਵਥੁ ਸਕਲ ਕਉ ਸੰਭਾਰਿ ਲਦਾਈ।
ਮਾਰਗ ਮਹਿਂ ਬਹੁ ਚਲਿ ਪਰੇ ਹੇਰੇ ਸਮੁਦਾਈ॥ ੩੨॥

ਜਿਹੜੇ ਭਾਰ ਚੁੱਕਣ ਵਾਲੇ ਸਨ ਉਹ ਹਜ਼ਾਰਾਂ ਦੀ ਗਿਣਤੀ ਵਿਚ ਚਲ ਪਏ ਤੇ ਅੱਗੇ ਪਿੱਛੇ ਸੂਰਬੀਰ ਰਖਵਾਲੇ ਬਣ ਕੇ ਚਲ ਪਏ। ਹੌਲੀ-ਹੌਲੀ ਸਾਰੀਆਂ ਵਸਤਾਂ ਸੰਭਾਲ ਕੇ ਲਦਵਾ ਲਈਆਂ। ਫਿਰ ਸਾਰੇ ਇਕੱਠੇ ਹੋ ਕੇ ਰਾਹੇ-ਰਾਹ ਚਲ ਪਏ॥੩੨॥

*ਦੂਸਰੀ ਰੁੱਤ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

# ਅਧਿਆਇ ਤੇਤੀਵਾਂ

*ਅਨੰਦਪੁਰ ਦਾ ਸਫਰ, ਨਾਹਣ ਦਾ ਰਾਜਾ, ਲਾਹਾ ਤੇ ਟੋਟਾ ਗ੍ਰਾਮ ਦੇ ਚੋਰ*

ਦੋਹਰਾ- ਜੁੱਧ ਜੀਤ ਆਏ ਜਬੇ ਟਿਕੇ ਨ ਤਿਨ ਪੁਰਿ ਪਾਵ।
ਦੀਨਸਿ ਕੂਚ ਕਰਾਇ ਗੁਰ ਤਜਜੋ ਪਾਂਵਟਾ ਥਾਂਵ॥ ੧॥

ਜਦ ਯੁੱਧ ਜਿੱਤ ਕੇ ਆ ਗਏ ਤਾਂ ਧਰਤੀ ਉੱਤੇ ਪੈਰ ਨਹੀਂ ਸੀ ਟਿਕਦਾ। ਗੁਰੂ ਜੀ ਨੇ ਫਿਰ ਕੂਚ ਕਰਵਾ ਦਿੱਤਾ ਤੇ ਪਾਉਂਟੇ ਨਗਰ ਨੂੰ ਛੱਡ ਦਿੱਤਾ॥੧॥

*ਨਿਸ਼ਾਨੀ ਛੰਦ-* ਸੈਨ ਸਹਿਤ ਗੁਰ ਥਿਤ ਕਰੇ ਡੇਰਾ ਲਦਵਾਯੋ।
ਸਨੇ ਸਨੇ ਸਭਿ ਚਲਿ ਪਰੇ ਨੀਕੇ ਲਖਿ ਪਾਯੋ।
ਭਏ ਪ੍ਰਭੂ ਅਸਵਾਰ, ਤਬਿ ਰਣਜੀਤ ਨਗਾਰਾ।
ਬਾਜ ਉਠਜੋ ਬਡ ਬੰਬ ਜੁਤਿ ਨਿਜ ਸ਼ਬਦ ਪਸਾਰਾ॥ ੨॥

ਸੈਨਾ ਸਹਿਤ ਗੁਰੂ ਜੀ ਨੇ ਸਥਿਤ ਕਰਕੇ ਡੇਰਾ ਲਦਵਾ ਲਿਆ। ਚੰਗਾ ਸਮਝ ਕੇ ਹੌਲੀ-ਹੌਲੀ ਸਾਰੇ ਚਲ ਪਏ। ਜਦ ਗੁਰੂ ਜੀ

ਸਵਾਰ ਹੋ ਗਏ ਤਾਂ ਰਣਜੀਤ ਨਗਾਰਾ ਬਹੁਤ ਉੱਚੀ ਆਵਾਜ਼ ਵਿਚ ਵੱਜ ਉਠਿਆ ਤੇ ਨਗਾਰੇ ਦੀ ਗੂੰਜ ਸਾਰੇ ਫੈਲ ਗਈ॥ ੨॥

ਗਿਰ ਗਿਰ ਮਹਿਂ ਪ੍ਰਤਿ ਧੁਨਿ ਉਠੀ ਕੰਪੇ ਗਿਰਨਾਥਾ।
'ਗੁਰੂ ਛੁਟਾਇ ਨ ਰਾਜ ਕੌ' ਇਮ ਡਰ ਕੇ ਸਾਥਾ।
ਜਿਤ ਕਿਤ ਤੇ ਪਠਿ ਨਰਨਿ ਕੋ ਸੁਧਿ ਸਭਿਨਿ ਮੰਗਾਈ।
'ਆਨੰਦਪੁਰ ਕੌ ਕੂਚ ਕਰਿ ਗਮਨੇ ਗੋਸਾਈਂ'॥ ੩॥

ਹਰ ਪਹਾੜ ਵਿਚੋਂ ਮੁੜਵੀਂ ਧੁਨੀ ਗੂੰਜ ਉੱਠੀ ਤੇ ਪਹਾੜੀ ਰਾਜੇ ਕੰਬ ਗਏ। ਕਹਿਣ ਲੱਗੇ, "ਗੁਰੂ ਜੀ ਕਿਤੇ ਰਾਜ ਹੀ ਨਾ ਖੋਹ ਲੈਣ।" ਇਸ ਤਰ੍ਹਾਂ ਬਹੁਤ ਡਰ ਗਏ। ਜਿੱਥੋਂ ਕਿੱਥੋਂ ਮਨੁੱਖਾਂ ਨੂੰ ਭੇਜ ਕੇ ਸਾਰਿਆਂ ਨੇ ਖ਼ਬਰ ਮੰਗਵਾਈ। ਉਨ੍ਹਾਂ ਮਨੁੱਖਾਂ ਦੱਸਿਆ, "ਮਾਲਕ ਅਨੰਦਪੁਰ ਨੂੰ ਕੂਚ ਕਰਕੇ ਜਾ ਰਹੇ ਹਨ"॥ ੩॥

ਸੁਪਤੇ ਸੁਖ ਕੀ ਨੀਂਦ ਸਭਿ ਨਤੁ ਡਰਹਿਂ ਬਿਸਾਲਾ।
ਚਢੇ ਪਾਂਵਟੇ ਨਗਰ ਤੇ ਇਸ ਰੀਤਿ ਕ੍ਰਿਪਾਲਾ।
ਉਠੀ ਧੂਲ ਨਭ ਮਹਿਂ ਉਡੀ ਢਾਂਪਯੋ ਰਵਿ ਜਾਈ।
ਛੂਟੇ ਤੜਾਕੇ ਤੁਪਕ ਕੇ ਬਡ ਸ਼ਬਦ ਉਠਾਈ॥ ੪॥

ਸਾਰੇ ਸੁਖ ਦੀ ਨੀਂਦ ਸੁੱਤੇ, ਨਹੀਂ ਤਾਂ ਬਹੁਤ ਡਰਦੇ ਸਨ। ਇਸ ਰੀਤੀ ਨਾਲ ਕ੍ਰਿਪਾਲੂ ਗੁਰੂ ਜੀ ਪਾਉਂਟੇ ਤੋਂ ਚੜ੍ਹੇ। ਵਾਹਣਾਂ ਦੇ ਚਲਣ ਕਰਕੇ ਐਸੀ ਧੂੜ ਉਡੀ ਕਿ ਸੂਰਜ ਨੂੰ ਵੀ ਢੱਕ ਲਿਆ। ਬੰਦੂਕਾਂ ਵਿਚੋਂ ਗੋਲੀਆਂ ਨਿਕਲਣ ਨਾਲ, ਬੜੀ ਉੱਚੀ ਆਵਾਜ਼ ਪੈਦਾ ਹੋਈ॥ ੪॥

ਕੂਦਤ ਜਾਤਿ ਤੁਰੰਗ ਗਨ ਕਰਿ ਬੇਗ ਪਲਾਵੈਂ।
ਪੌਰ ਪਰਹਿਂ ਦਿਢ ਠੌਰ ਮਹਿਂ ਨਾਦਤਿ ਮਗ ਜਾਵੈਂ।
ਭਏ ਸਿੱਖਜ ਘਾਇਲ ਸੁਭਟ ਸੇ ਚਲਹਿਂ ਉਠਾਏ।
ਗ੍ਰਾਮਨਿ ਕੇ ਨਰ ਬ੍ਰਿੰਦ ਹੀ ਸਿਰ ਧਰਿ ਗਮਨਾਏ॥ ੫॥

ਘੋੜੇ ਕੁੱਦਦੇ ਜਾਂਦੇ ਸਨ, ਕਦੀ ਬਹੁਤ ਤੇਜ਼ੀ ਨਾਲ ਭੱਜਦੇ ਸਨ, ਧਰਤੀ ਤੇ ਬੜੀ ਦ੍ਰਿੜ੍ਹਤਾ ਨਾਲ ਪੈਰ ਧਰਦੇ ਸਨ ਤੇ ਰਾਹੇ-ਰਾਹ ਜਾਂਦਿਆਂ ਦੀ ਬੜੀ ਉੱਚੀ ਆਵਾਜ਼ ਪੈਦਾ ਹੋ ਰਹੀ ਸੀ। ਜਿਹੜੇ ਸਿੱਖ ਜੰਗ ਵਿਚ ਜ਼ਖ਼ਮੀ ਹੋ ਗਏ ਸਨ, ਉਨ੍ਹਾਂ ਨੂੰ ਚੁੱਕ ਕੇ ਚਲੇ ਜਾ ਰਹੇ ਸਨ। ਪਿੰਡਾਂ ਦੇ ਬਹੁਤ ਮਨੁੱਖ ਸਿਰ ਉੱਤੇ ਰੱਖ ਕੇ ਲੈ ਜਾ ਰਹੇ ਸਨ॥ ੫॥

ਖਾਨ ਪਾਨ ਕੀ ਸੁਧਿ ਸਕਲ ਭਾਖੀ 'ਬਹੁ ਲੀਜੈ।
ਬਾਂਛਤਿ ਇਨ ਕੋ ਨਿਸ ਦਿਵਸ ਹਾਜ਼ਰ ਕਰਿ ਦੀਜੈ।
ਅਲਪ ਸੈਲ ਕੁਛ ਪੰਥ ਮੈਂ ਕ੍ਰਮ ਕ੍ਰਮ ਉਲੰਘੇ ਕੈ।
ਵਹਿਰ ਆਇ ਡੇਰਾ ਕਰਯੋ ਸੁਠ ਥਲ ਪਿਖਿ ਕੈ ਕੈ॥ ੬॥

ਖਾਣ ਪੀਣ ਦੀ ਖ਼ਬਰ ਰੱਖਣ ਬਾਰੇ ਗੁਰੂ ਜੀ ਨੇ ਕਿਹਾ, "ਜੋ ਵੀ ਇਹ ਖਾਣ ਪੀਣ ਲਈ ਮੰਗਦੇ ਹਨ ਰਾਤ ਦਿਨ ਇਨ੍ਹਾਂ ਨੂੰ ਹਾਜ਼ਰ ਕਰ ਦੇਵੋ। ਰਾਹ ਦੇ ਵਿਚ ਛੋਟੇ-ਛੋਟੇ ਪੱਥਰ ਸਨ ਜਿਸ ਕਰਕੇ ਹੌਲੀ-ਹੌਲੀ ਲੰਘਦੇ ਸਨ। ਨਗਰ ਤੋਂ ਬਾਹਰ ਆ ਕੇ ਸੁੰਦਰ ਸਥਾਨ ਵੇਖ ਕੇ ਡੇਰਾ ਕੀਤਾ॥ ੬॥

ਉਤਰੇ ਤਜਯੋ ਤੁਰੰਗ ਪ੍ਰਭੁ ਪਰਯੰਕ ਸੁਹਾਏ।
ਸ਼ਮਿਯਾਨੇ ਤੰਬੂ ਤਨੇ ਤਤਛਿਨ ਤਿਸ ਥਾਏਂ।
ਤ੍ਰਿਨ ਦਾਨੇ ਕੋ ਲਯਾਇ ਕਰਿ ਕਰਿ ਤੁਰੰਗਨਿ ਦੀਨਾ।
ਦੇਗ਼ ਦੀਰਘਾ ਤਯਾਰ ਭੀ ਗੁਰ ਅਚਵਨਿ ਕੀਨਾ॥ ੭॥

ਗੁਰੂ ਜੀ ਨੇ ਘੋੜੇ ਤੋਂ ਉਤਰ ਕੇ, ਪਲੰਘ ਉੱਤੇ ਬੈਠ ਕੇ ਸੁਹਾਏ। ਉਸ ਸਥਾਨ ਵਿਖੇ ਤੰਬੂ ਸ਼ਾਮਿਆਨੇ ਤਾਣ ਦਿੱਤੇ। ਘਾਹ ਅਤੇ ਦਾਣੇ ਲਿਆ ਲਿਆ ਕੇ ਘੋੜਿਆਂ ਨੂੰ ਦਿੱਤੇ। ਬਹੁਤ ਲੰਗਰ ਤਿਆਰ ਕੀਤਾ, ਗੁਰੂ ਜੀ ਨੇ ਭੋਜਨ ਛਕਿਆ॥੭॥

ਖਾਨ ਪਾਨ ਕਰਿ ਸਕਲ ਦਲ ਸੁਖ ਤੇ ਸੁਪਤਾਏ।
ਨਿਸਾ ਬਿਖੈ ਬਿੱਸ੍ਰਾਮ ਤੇ ਸ੍ਰਮ ਦੀਹ ਨਸਾਏ।
ਅੰਮ੍ਰਿਤ ਵੇਲਾ ਜਾਗਿ ਕੈ ਕਰਿ ਸ਼ੋਚ ਸ਼ਨਾਨਾ।
ਬਸਤ੍ਰ ਸ਼ਸਤ੍ਰ ਤਨ ਪਹਿਰ ਕੈ ਪ੍ਰਭੁ ਕੀਨਸਿ ਪਯਾਨਾ॥ ੮॥

ਖਾ ਪੀ ਕੇ ਸਾਰਾ ਦਲ ਆਰਾਮ ਨਾਲ ਸੌਂ ਗਿਆ। ਰਾਤ ਨੂੰ ਵਿਸ਼ਰਾਮ ਕਰਕੇ ਦਿਨ ਸਮੇਂ ਦੀ ਵੱਡੀ ਥਕਾਵਟ ਨੂੰ ਦੂਰ ਕਰਦੇ ਸਨ। ਅੰਮ੍ਰਿਤ ਵੇਲੇ ਜਾਗ ਕੇ ਸੋਚ ਇਸ਼ਨਾਨ ਕੀਤਾ ਤੇ ਬਸਤਰ ਸ਼ਸਤਰ ਪਹਿਣ ਕੇ ਪ੍ਰਭੂ ਜੀ ਅੱਗੇ ਚਲ ਪਏ॥੮॥

ਤਯਾਰ ਹੋਇ ਸਭਿ ਦਲ ਚਢਯੋ ਧੌਂਸਾ ਧੁੰਕਾਰੇ।
'ਮਾਰਗ ਪ੍ਰਸਥਾਨੇ ਪ੍ਰਭੂ' ਬਿਦਤਯੋ ਜਗ ਸਾਰੇ।
ਸ਼ਹਿਰ ਸਢੌਰੇ ਨਿਕਟਿ ਕੌ ਆਗੈ ਜਬਿ ਚਾਲੇ।
ਨਾਹਣ ਕੇ ਨ੍ਰਿਪ ਜਬਿ ਸੁਨਯੋਂ 'ਗੁਰੁ ਕੂਚ ਸੰਭਾਲੇ॥ ੯॥

ਰਣਜੀਤ ਨਗਾਰਾ ਗੂੰਜਣ ਉੱਤੇ ਸਾਰਾ ਦਲ ਤਿਆਰ ਹੋ ਕੇ ਘੋੜਿਆਂ ਤੇ ਅਸਵਾਰ ਹੋ ਗਿਆ। "ਸਤਿਗੁਰੂ ਜੀ ਰਾਹੇ-ਰਾਹ ਚਲ ਪਏ ਹਨ।" ਇਹ ਸਾਰੇ ਜਗ ਵਿਚ ਪ੍ਰਗਟ ਹੋ ਗਿਆ। ਸਢੌਰੇ ਸ਼ਹਿਰ ਦੇ ਪਾਸ ਜਾ ਕੇ ਜਦ ਅੱਗੇ ਜਾਣ ਲੱਗੇ ਤਾਂ ਨਾਹਣ ਦੇ ਰਾਜੇ ਨੇ ਜਦ ਸੁਣਿਆ ਕਿ "ਗੁਰੂ ਜੀ ਕੂਚ ਕਰ ਗਏ ਹਨ॥੯॥

ਇਸਮ ਅਨੰਦਪੁਰਿ ਅਪਨਿ ਕੌ ਕਰਿਹੈਂ ਤਹਿੰ ਬਾਸਾ।
ਚਲੇ ਜਾਤਿ ਜੁਤਿ ਬਾਹਿਨੀ' ਸੁਨਿ ਮਿਦਨਪ੍ਰਕਾਸ਼ਾ।
ਤੂਰਨ ਪਠਯੋ ਵਕੀਲ ਕੌ ਕਹਿ ਸਭਿ ਸਮੁਝਾਈ।
ਆਗੇ ਮਿਲਯੋ ਸੁ ਆਇ ਕਰਿ ਪਗ ਗ੍ਰੀਵ ਨਿਵਾਈ॥ ੧੦॥

ਆਪਣੇ ਨਾਮ ਨਾਲ ਲੱਗੀ ਹੋਈ ਹੱਕ ਦੀ ਜਾਇਦਾਦ ਭਾਵ ਅਨੰਦਪੁਰ ਵਿਖੇ ਆਪਣਾ ਵਾਸਾ ਕਰਨਗੇ। ਸੈਨਾ ਸਹਿਤ ਚਲੇ ਜਾ ਰਹੇ ਹਨ' ਮੇਦਨੀ ਪ੍ਰਕਾਸ਼ ਨੇ ਇਸ ਤਰ੍ਹਾਂ ਸੁਣਿਆ। ਰਾਜੇ ਨੇ ਤੁਰਤ ਆਪਣੇ ਦੂਤ ਨੂੰ ਸਭ ਪ੍ਰਕਾਰ ਸਮਝਾ ਕੇ ਭੇਜਿਆ। ਉਹ ਗੁਰੂ ਜੀ ਨੂੰ ਅੱਗੇ ਆ ਕੇ ਮਿਲਿਆ ਤੇ ਸਿਰ ਨਿਵਾਇਆ॥੧੦॥

ਹਾਥ ਜੋਰਿ ਬੋਲਤਿ ਭਯੋ 'ਨਾਹਿਣ ਕੇ ਰਾਜਾ।
ਪਠਯੋ ਸ਼ੀਘ੍ਰ ਢਿਗ ਆਪ ਕੇ ਸੁਨੀਅਹਿ ਮਹਾਰਾਜਾ।
ਚਰਨ ਕਮਲ ਪਰ ਬੰਦਨਾ ਕਰ ਬੰਦਿ ਬਖਾਨੀ।
ਚਢੇ ਅਚਾਨਕ ਆਪ ਪ੍ਰਭੁ ਹਮ ਸੁਨਯੋਂ ਨ ਕਾਨੀ॥ ੧੧॥

ਹੱਥ ਜੋੜ ਕੇ ਕਹਿਣ ਲੱਗਾ, "ਹੇ ਮਹਾਰਾਜ ਜੀ ! ਸੁਣੋ, ਮੈਨੂੰ ਨਾਹਣ ਦੇ ਰਾਜੇ ਨੇ ਤੁਰਤ ਆਪ ਜੀ ਦੇ ਪਾਸ ਭੇਜਿਆ ਹੈ। ਉਸ ਨੇ ਆਪ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬੇਨਤੀ ਕੀਤੀ ਹੈ। ਤੁਸੀਂ ਅਚਾਨਕ ਤਿਆਰੀ ਕਰ ਦਿੱਤੀ, ਅਸੀਂ ਆਪਣੇ ਕੰਨਾਂ ਨਾਲ ਸੁਣਿਆ ਨਹੀਂ ਹੈ॥੧੧॥

ਲਾਹਿੜਪੁਰਿ ਕੇ ਨਿਕਟਿ ਅਬਿ ਡੇਰਾ ਨਿਜ ਪਾਵੋ।
ਮੈਂ ਆਵਹੁਂ ਦਰਸ਼ਨ ਕਰਨਿ ਪੁਨ ਅੱਗ੍ਰ ਸਿਧਾਵੋ।
ਦਾਸ ਕਦੀਮੀ ਆਪ ਕੋ, ਡੇਰਾ ਅਬਿ ਕੀਜੈ।
ਅਪਨੋ ਸੇਵਕ ਜਾਨਿ ਕਰਿ ਦਰਸ਼ਨ ਮੁਹਿ ਦੀਜੈ॥ ੧੨॥

ਲਾਹਿੜਪੁਰ ਦੇ ਨੇੜੇ ਹੁਣ ਆਪਣਾ ਡੇਰਾ ਲਾਵੋ, ਮੈਂ ਉਥੇ ਦਰਸ਼ਨ ਕਰਨ ਆਵਾਂਗਾ, ਫਿਰ ਅੱਗੇ ਜਾਣਾ। ਮੈਂ ਆਪ ਜੀ ਦਾ ਪੁਰਾਣਾ ਸੇਵਕ ਹਾਂ, ਹੁਣ ਆਪਣਾ ਡੇਰਾ ਕਰੋ, ਆਪਣਾ ਸੇਵਕ ਜਾਣ ਕੇ ਮੈਨੂੰ ਦਰਸ਼ਨ ਦੇਵੋ॥੧੨॥

ਰਖਹੁ ਲਾਜ ਅਬਿ ਬਿਰਦ ਕੀ ਤੁਮ ਅੰਤਰਜਾਮੀ।
ਮੈਂ ਸੇਵਕ ਤੁਮਰੀ ਸ਼ਰਨਿ ਸਭਿ ਘਟ ਕੇ ਸ੍ਵਾਮੀ !।
ਕੁਛ ਮਸਲਤ ਕਰਨੀ ਹਮਹਿਂ ਰਾਜਨ ਕੇ ਕਾਜੂ।
ਅਹੈ ਭਰੋਸਾ ਆਪ ਕੋ ਨਿਤ ਪ੍ਰਿਤ ਮਹਾਰਾਜੂ !॥ ੧੩॥

ਆਪਣੇ ਬਿਰਦ ਦੀ ਲਾਜ ਰੱਖੋ ਤੁਸੀਂ ਅੰਤਰਜਾਮੀ ਹੋ। ਮੈਂ ਸੇਵਕ ਤੁਹਾਡੀ ਸ਼ਰਨ ਵਿਚ ਆਇਆ ਹਾਂ, ਤੁਸੀਂ ਸਭ ਦਿਲਾਂ ਦੇ ਮਾਲਕ ਹੋ। ਰਾਜਿਆਂ ਦੇ ਕਾਰਜਾਂ ਵਾਸਤੇ ਕੁਝ ਸਲਾਹ ਕਰਨੀ ਹੈ। ਹੇ ਮਹਾਰਾਜ ! ਸਦਾ ਆਪ ਜੀ ਦੀ ਪ੍ਰੀਤ ਦੇ ਭਰੋਸੇ ਰਹਿੰਦੇ ਹਾਂ॥੧੩॥

ਜਾਨਿ ਆਪਨੋ ਗੁਰੂ ਜੀ ਕਰੁਨਾ ਅਬਿ ਧਾਰੋ।
ਇਕ ਦੁਇ ਦਿਵਸ ਨਿਵਾਸ ਕੈ ਮਿਸ ਖਿਲਨਿ ਸ਼ਿਕਾਰੋ।
ਸੁਨਿ ਬਿਨਤੀ ਪ੍ਰਭੁ ਨ੍ਰਿਪਤ ਕੀ ਨਿਜ ਸਿਵਰ ਉਤਾਰਾ।
ਸੈਲ ਸਮੀਪ ਸਥਾਨ ਸ਼ੁਭ ਜਲ ਚਲਤਿ ਨਿਹਾਰਾ॥ ੧੪॥

ਹੇ ਗੁਰੂ ਜੀ ! ਆਪਣਾ ਜਾਣ ਕੇ ਹੁਣ ਕਿਰਪਾ ਧਾਰਨ ਕਰੋ। ਸ਼ਿਕਾਰ ਦੇ ਬਹਾਨੇ ਇਕ ਦੋ ਦਿਨ ਨਿਵਾਸ ਰੱਖੋ।" ਗੁਰੂ ਜੀ ਨੇ ਰਾਜੇ ਦੀ ਬੇਨਤੀ ਸੁਣ ਕੇ ਡੇਰਾ ਉਤਾਰ ਲਿਆ, ਇਕ ਪਹਾੜ ਦੇ ਪਾਸ ਸ਼ੁਭ ਜਲ ਚਲਦਾ ਵੇਖਿਆ॥੧੪॥

ਆਯੋ ਬੁੱਧੂਸ਼ਾਹਿ ਤਬਿ ਪ੍ਰਭੁ ਮਿਲਿਬੇ ਹੇਤਾ।
ਉਤਰੇ ਨਿਕਟ ਹਕਾਰ ਕਰਿ ਬੈਠੇ ਕੁਲਕੇਤਾ।
ਜਿਤ ਕਿਤ ਛਾਯਾ ਦੇਖਿ ਕਰਿ ਉਤਰੇ ਬਰ ਬੀਰਾ।
ਸੁੰਦਰ ਪਿਖਯੋ ਸਥਾਨ ਕੋ ਕਛੁ ਚਾਲਤਿ ਨੀਰਾ॥ ੧੫॥

ਉਥੇ ਫਿਰ ਪੀਰ ਬੁੱਧੂ ਸ਼ਾਹ ਮਿਲਣ ਵਾਸਤੇ ਆਇਆ। ਗੁਰੂ ਜੀ ਨੇ ਉੱਤਰ ਕੇ ਪਾਸ ਬੁਲਾਇਆ। ਜਿੱਥੇ ਕਿੱਥੇ ਛਾਂ ਵੇਖਕੇ ਸੂਰਬੀਰ ਉੱਤਰ ਪਏ, ਸੁੰਦਰ ਸਥਾਨ ਨੂੰ ਵੇਖਿਆ ਜਿੱਥੇ ਕੁਝ ਜਲ ਚਲਦਾ ਸੀ॥੧੫॥

ਤੰਬੂ ਸ਼ਮਿਯਾਨੇ ਤਨੇ ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਨਿਸਾ ਮਹਿਂ ਸ਼੍ਰਮ ਸਭਿ ਕੋ ਹਾਨਾ।
ਅੰਮ੍ਰਿਤ ਵੇਲਾ ਜਾਗ ਕਰਿ ਗੁਰ ਸੌਚ ਸ਼ਨਾਨੇ।
ਨੰਦਚੰਦ ਸੋਂ ਤਬਿ ਪ੍ਰਭੂ ਇਮ ਬੈਨ ਬਖਾਨੇ॥ ੧੬॥

ਤੰਬੂ ਸ਼ਾਮਿਆਨੇ ਤਾਣ ਕੇ ਅੰਨ ਪਾਣੀ ਛਕਿਆ। ਰਾਤ ਨੂੰ ਸੁਖ ਨਾਲ ਸੌਂ ਕੇ ਥਕਾਵਟ ਨੂੰ ਦੂਰ ਕੀਤਾ। ਅੰਮ੍ਰਿਤ ਵੇਲੇ ਜਾਗ ਕੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ। ਨੰਦ ਚੰਦ ਨੂੰ ਫਿਰ ਪ੍ਰਭੂ ਜੀ ਨੇ ਇਸ ਤਰ੍ਹਾਂ ਕਿਹਾ ॥੧੬॥

'ਡੇਰਾ ਸਗਰੋ ਤੋਰੀਅਹਿ ਅਰੁ ਘਾਇਲ ਜੇਤੇ।
ਕਛੁ ਭਟ ਰਾਖੋ ਸੰਗ ਮਹਿਂ, ਸਭਿ ਚਲਹਿਂ ਅਗੇਤੇ।
ਇਹਾਂ ਦੇਰ ਹਮ ਕੌ ਲਗਹਿ ਕੇਤਿਕ ਦਿਨ ਬਾਸਹਿਂ।
ਪਹੁੰਚਹਿ ਅਪਰ ਅਨੰਦਪੁਰਿ ਥਿਤ ਲਹੈਂ ਅਵਾਸਹਿਂ ॥ ੧੭ ॥

ਸਾਰੇ ਡੇਰੇ ਨੂੰ ਤੋਰਦੇ ਚਲੋ ਅਤੇ ਜਿੰਨੇ ਵੀ ਘਾਇਲ ਹਨ ਉਨ੍ਹਾਂ ਸਹਿਤ ਕੁਝ ਸੂਰਮੇ ਆਪਣੇ ਨਾਲ ਰੱਖੋ, ਸਾਰੇ ਅੱਗੇ ਚਲੋ। ਏਥੇ ਸਾਨੂੰ ਕੁਝ ਦੇਰ ਲਗੇਗੀ ਤੇ ਕਈ ਦਿਨ ਰਹਿਣਾ ਪਵੇਗਾ। ਬਾਕੀ ਸਾਰੇ ਅਨੰਦਪੁਰ ਪਹੁੰਚਣ ਤੇ ਆਪਣੇ ਘਰਾਂ ਵਿਚ ਸਥਿਤ ਹੋਣਾ"॥੧੭॥

ਸੁਨਤਿ ਹੁਕਮ ਦੀਵਾਨ ਤਬਿ ਸਭਿਹੂੰਨਿ ਸੁਨਾਯਾ।
ਕਹਿ ਤਯਾਰੀ ਕਰਿ ਸਿਵਰ ਕੀ ਤਤਕਾਲ ਚਢਾਯਾ।
ਮਾਤੁਲ ਪ੍ਰਭੁ ਕ੍ਰਿਪਾਲ ਕੌ ਸੌਂਪਯੋ ਸਭਿ ਡੇਰਾ।
'ਮਗ ਮਹਿਂ ਅਰੇ ਪੁਰਿ ਪਹੁੰਚ ਕਰਿ ਪ੍ਰਤਿਪਾਲ ਬਡੇਰਾ॥ ੧੮ ॥

ਇਹ ਹੁਕਮ ਸੁਣ ਕੇ ਦੀਵਾਨ ਨੇ ਸਾਰਿਆਂ ਨੂੰ ਸੁਣਾਇਆ, ਡੇਰੇ ਦੀ ਤਿਆਰੀ ਕਰਕੇ ਤੁਰਤ ਸਭ ਨੂੰ ਵਾਹਣਾਂ 'ਤੇ ਚੜ੍ਹਾ ਲਿਆ। ਮਾਮਾ ਜੀ ਕ੍ਰਿਪਾਲ ਨੂੰ ਸਾਰਾ ਡੇਰਾ ਸੌਂਪ ਦਿੱਤਾ ਤੇ ਕਿਹਾ, "ਰਾਹ ਵਿਚ ਅਤੇ ਨਗਰ ਵਿਚ ਪਹੁੰਚ ਕੇ ਸਾਰੇ ਡੇਰੇ ਦੀ ਪਾਲਣਾ ਕਰੋ॥੧੮॥

ਜਥਾ ਜੋਗ ਸਭਿਹੂੰਨ ਕੀ ਸੁਧ ਨਿਤਪ੍ਰਤਿ ਲੀਜੈ।
ਘਾਇਲ ਨਿਕਟ ਜਰਾਹੁ ਕੌ ਸੁਧ ਹੇਤੁ ਪਠੀਜੈ।
ਤੁਮ ਸਜਾਨੇ ਸਭਿ ਜਗਤ ਮਹਿਂ ਮਗ ਚਲੀਅਹਿ ਥੋਰਾ।
ਜਿਸ ਤੇ ਬਹੁ ਸ਼੍ਰਮ ਪਾਇ ਨਹਿਂ ਨਹਿਂ ਆਤਪ ਜੋਰਾ' ॥ ੧੯ ॥

ਯਥਾ ਯੋਗ ਸਾਰਿਆਂ ਦੀ ਨਿਤਾਪ੍ਰਤੀ ਖ਼ਬਰ ਸਾਰ ਲਵੋ, ਜ਼ਖਮੀਆਂ ਪਾਸ ਮਲ੍ਹਮ ਪੱਟੀ ਕਰਨ ਵਾਲੇ ਨੂੰ ਖ਼ਬਰ ਦੇ ਕੇ ਬੁਲਾਓ। ਤੁਸੀਂ ਜਗਤ ਵਿਚ ਸਭ ਤੋਂ ਸਿਆਣੇ ਹੋ, ਥੋੜ੍ਹਾ ਪੈਂਡਾ ਰੋਜ਼ ਚਲੋ ਜਿਸ ਨਾਲ ਬਹੁਤ ਥੱਕ ਨਾ ਜਾਣ ਤੇ ਧੁੱਪ ਦਾ ਜ਼ੋਰ ਵੀ ਨਾ ਸਤਾਵੇ" ॥੧੯॥

ਸੁਨਿ ਭਗਨੀਸੁਤ ਹੁਕਮ ਕੋ ਹੁਇ ਤਯਾਰ ਪਯਾਨਾ।
ਸਗਰੋ ਸਿਵਰ ਸੰਭਾਰਿ ਕੈ ਸੁਧ ਹਿਤ ਸਵਧਾਨਾ।
ਸਨੇ ਸਨੇ ਮਾਰਗ ਪਰਯੋ ਮਗ ਅਲਪ ਚਲੰਤਾ।
ਉਤਰਹਿ ਹਿਤ ਬਿਸਰਾਮ ਕੇ ਸੁਧ ਸਭਿਨਿ ਲਹੰਤਾ॥ ੨੦ ॥

ਆਪਣੀ ਭੈਣ ਜੀ ਦੇ ਪੁੱਤਰ ਦੇ ਹੁਕਮ ਨੂੰ ਸੁਣ ਕੇ ਤਿਆਰ ਹੋ ਕੇ ਚਲ ਪਏ। ਸਾਰਾ ਡੇਰਾ ਸੰਭਾਲ ਕੇ ਸੁਧ ਰੱਖਣ ਵਾਸਤੇ ਸਾਵਧਾਨ ਹੋ ਗਏ। ਹੌਲੀ-ਹੌਲੀ ਰਾਹੇ-ਰਾਹ ਪੈ ਗਏ ਤੇ ਥੋੜ੍ਹਾ ਪੈਂਡਾ ਕਰਦੇ ਸਨ। ਫਿਰ ਵਿਸ਼ਰਾਮ ਵਾਸਤੇ ਉਤਾਰਾ ਕਰ ਲੈਂਦੇ ਸਨ, ਮਾਮਾ ਕ੍ਰਿਪਾਲ ਜੀ ਸਭ ਦੀ ਖ਼ਬਰ ਸਾਰ ਲੈਂਦੇ ਸਨ॥੨੦॥

ਖਾਨ ਪਾਨ ਪੋਖਨਿ ਕਰਹਿਂ ਦਿਨ ਹੋਤਿ ਪਯਾਨੇ।
ਕ੍ਰਮ ਕ੍ਰਮ ਕਰਿ ਮਗ ਉਲੰਘ ਕਰਿ ਪਹੁਚੇ ਨਿਜ ਥਾਨੇ।
ਜਥਾ ਜੋਗ ਕਹਿ ਸਭਿਨਿ ਕੌ ਕਰਿਵਾਏ ਡੇਰੇ।
ਨਿਤਪ੍ਰਤਿ ਲੇ ਸੁਧਿ ਸਭਿਨਿ ਕੀ ਦੇ ਅਨਂਦ ਘਨੇਰੇ॥ ੨੧॥

ਖਾਣ ਪੀਣ ਦਾ ਧਿਆਨ ਰੱਖਦੇ ਸਨ ਤੇ ਦਿਨ ਚੜ੍ਹਨ 'ਤੇ ਚਲ ਪੈਂਦੇ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਕੇ ਆਪਣੇ ਸਥਾਨ 'ਤੇ ਪਹੁੰਚ ਗਏ। ਯਥਾ ਯੋਗ ਸਾਰਿਆਂ ਦਾ ਡੇਰਾ ਕਰਵਾਇਆ। ਨਿਤਾਪ੍ਰਤੀ ਸਾਰਿਆਂ ਦੀ ਖਬਰ ਲੈ ਕੇ ਸਾਰਿਆਂ ਨੂੰ ਵੱਡਾ ਅਨੰਦ ਦਿੰਦੇ ਸਨ॥ ੨੧॥

ਸੁਨੋ ਗੁਰੂ ਕੀ ਬਾਰਤਾ ਤਹਿਂ ਚਢੈਂ ਅਖੇਰਾ।
ਮਨ ਭਾਵਂਤਿ ਕਾਨਨ ਫਿਰੈਂ ਸੁੰਦਰ ਥਲ ਹੇਰਾ।
ਅਨਿਕ ਮ੍ਰਿਗਨ, ਝੰਖਾਰ ਬਡ ਗਨ ਸਸੇ ਪ੍ਰਹਾਰੇ।
ਰਾਜਰਿਖੀ ਸਮ ਸਤਿਗੁਰੂ ਨਿਜ ਧਰਮ ਸੰਭਾਰੇ॥ ੨੨॥

ਹੁਣ ਗੁਰੂ ਜੀ ਬਾਰੇ ਵਾਰਤਾ ਸੁਣੋ, ਗੁਰੂ ਜੀ ਸ਼ਿਕਾਰ ਖੇਡਣ ਵਾਸਤੇ ਚੜ੍ਹ ਪਏ, ਮਨ-ਭਾਉਂਦੇ ਜੰਗਲ ਵਿਚ ਫਿਰ ਕੇ ਸੁੰਦਰ ਸਥਾਨ ਵੇਖਦੇ ਸਨ। ਬਹੁਤ ਹਿਰਨ, ਨੀਲ ਗਾਈਆਂ ਅਤੇ ਸਹੇ ਮਾਰੇ। ਰਾਜ ਰਿਖੀ ਵਾਂਗ ਸਤਿਗੁਰੂ ਜੀ ਆਪਣੇ ਧਰਮ ਦੀ ਸੰਭਾਲ ਕਰਦੇ ਸਨ॥ ੨੨॥

ਆਤਪ ਤੀਛਨ ਜਬਿ ਭਈ ਹਟਿ ਆਇਂ ਸੁ ਡੇਰੇ।
ਬਿਸਰਾਮੇ ਕਰਿ ਖਾਨ ਕੋ ਤਿਮ ਸੁਭਟ ਘਨੇਰੇ।
ਤ੍ਰਿਤੀ ਪਹਿਰ ਸੁੱਖਾ ਛਕਹਿਂ ਪੁਨ ਸੌਚਹਿ ਧਾਰਹਿਂ।
ਕਰਿ ਸ਼ਨਾਨ ਤਿਹ ਸਮੈ ਕੋ ਬੈਠਹਿਂ ਪਰਵਾਰਹਿਂ॥ ੨੩॥

ਜਦ ਧੁੱਪ ਤੇਜ਼ ਹੋ ਗਈ ਤਾਂ ਵਾਪਸ ਆਪਣੇ ਡੇਰੇ ਆ ਗਏ। ਵਿਸ਼ਰਾਮ ਕਰਕੇ ਅੰਨ ਪਾਣੀ ਛਕਦੇ ਸਨ ਤੇ ਇਸ ਤਰ੍ਹਾਂ ਹੀ ਸੂਰਬੀਰ ਕਰਦੇ ਸਨ। ਤੀਜੇ ਪਹਿਰ ਸਰਦਾਈ ਛਕਦੇ ਸਨ, ਫਿਰ ਸੌਚ ਇਸ਼ਨਾਨ ਕਰਦੇ ਸਨ। ਬਾਅਦ ਵਿਚ ਉਸ ਸਮੇਂ ਸੰਗਤਾਂ ਦੇ ਵਿਚਕਾਰ ਬੈਠ ਜਾਂਦੇ ਸਨ॥ ੨੩॥

ਲਗਤਿ ਸਭਾ ਸਭਿ ਸੁਭਟ ਕੀ ਸੰਗਤਿ ਜੋ ਆਵੈ।
ਦਰਸਹਿ ਧਰਿ ਕੈ ਕਾਮਨਾ ਬਾਂਛਤਿ ਮਨ ਪਾਵੈਂ।
ਨਿਤਪ੍ਰਤਿ ਨਾਹਣਪਤੀ ਕੌ ਤਬਿ ਦੂਤ ਸੁ ਆਵੈ।
'ਰਾਜਾ ਹਮਰੋ ਮਹਾਰਾਜ ! ਬੰਦਨ ਕੌ ਗਾਵੈ॥ ੨੪॥

ਸਾਰੇ ਸੂਰਬੀਰਾਂ ਅਤੇ ਜਿਹੜੀ ਸੰਗਤ ਆਉਂਦੀ ਸੀ, ਉਸ ਦੀ ਸਭਾ ਲਗਦੀ ਸੀ। ਜਿਹੜੇ ਵੀ ਕਾਮਨਾ ਧਾਰਨ ਕਰਦੇ ਸਨ, ਉਹ ਮੂੰਹ ਮੰਗੀ ਮੁਰਾਦ ਪਾਉਂਦੇ ਸਨ। ਨਿਤਾਪ੍ਰਤੀ ਫਿਰ ਨਾਹਣ ਦੇ ਰਾਜੇ ਦਾ ਦੂਤ ਮਿਲਣ ਵਾਸਤੇ ਆਉਂਦਾ ਸੀ ਤੇ ਆ ਕੇ ਕਹਿੰਦਾ ਸੀ, "ਹੇ ਮਹਾਰਾਜ ! ਸਾਡਾ ਰਾਜਾ ਆਪ ਜੀ ਨੂੰ ਬੰਦਨਾ ਕਰਦਾ ਹੈ॥ ੨੪॥

ਐਬੇ ਕੌ ਹੁਇ ਤਯਾਰ ਜਬਿ ਕਾਰਜ ਪਰਿ ਜਾਈ।
ਪਹੁੰਚੈ ਗੋ ਉਰ ਭਾਵ ਧਰਿ ਰਾਵਰਿ ਸ਼ਰਣਾਈ'।

ਇਮ ਕਹਿ ਕਰਿ ਬਹੁ ਭਾਂਤਿ ਕੋ ਪੁਨ ਨਾਹਣ ਜਾਵੈ।
ਸ਼ੰਕੈ ਮੇਦਨਿ ਪ੍ਰਕਾਸ਼ ਬਹੁ ਨਹਿਂ ਮਿਲਿਬੇ ਆਵੈ॥ ੨੫॥

ਜਦ ਵੀ ਆਉਣ ਵਾਸਤੇ ਤਿਆਰ ਹੁੰਦੇ ਹਨ ਤਾਂ ਕੋਈ ਕੰਮ ਪੈ ਜਾਂਦਾ ਹੈ। ਹਿਰਦੇ ਵਿਚ ਭਾਵਨਾ ਧਰ ਕੇ ਆਪ ਜੀ ਦੀ ਸ਼ਰਨ ਵਿਚ ਪਹੁੰਚਣਗੇ।" ਇਸ ਪ੍ਰਕਾਰ ਬਹੁਤ ਕਹਿ ਕੇ, ਫਿਰ ਨਾਹਣ ਨੂੰ ਚਲਾ ਜਾਂਦਾ ਸੀ। ਮੇਦਨੀ ਪ੍ਰਕਾਸ਼ ਨੂੰ ਬਹੁਤ ਸ਼ੰਕੇ ਸਨ, ਇਸ ਕਰਕੇ ਮਿਲਣ ਨਹੀਂ ਸੀ ਆਉਂਦਾ॥੨੫॥

ਫਤੇਸ਼ਾਹਿ ਤੇ ਆਦਿ ਇਤ ਗੁਰ ਦ੍ਰੋਹੀ ਸਾਰੇ।
ਭੀਮਚੰਦ ਤੇ ਆਦਿ ਉਤ ਬੈਰੀ ਰਿਸ ਧਾਰੇ।
ਮੈਂ ਏਕਲ ਗੁਰ ਸੌਂ ਮਿਲੌਂ ਬਿਦਤੈ ਸਭਿ ਮਾਂਹੀ।
ਸੁਨਿ ਦ੍ਵੈਸ਼ੀ ਮਮ ਹੋਇਹਿੰਗੇ ਛਾਨੀ ਰਹਿ ਨਾਂਹੀ॥ ੨੬॥

ਫ਼ਤਹਿ ਸ਼ਾਹ ਤੇ ਆਦਿ ਸਾਰੇ ਰਾਜੇ ਗੁਰੂ ਜੀ ਦੇ ਧ੍ਰੋਹੀ ਹਨ, ਭੀਮ ਚੰਦ ਆਦਿ ਰਾਜਿਆਂ ਨੇ ਵੈਰ ਕਰਕੇ ਕ੍ਰੋਧ ਧਾਰਨ ਕੀਤਾ ਹੈ। ਮੈਂ ਜੇ ਇਕੱਲਾ ਗੁਰੂ ਜੀ ਨੂੰ ਮਿਲਾਂਗਾ ਤਾਂ ਇਹ ਸਾਰੇ ਪ੍ਰਗਟ ਹੋ ਜਾਵੇਗਾ। ਪਹਾੜੀ ਰਾਜੇ ਸੁਣ ਕੇ ਮੇਰੇ ਦੋਖੀ ਹੋ ਜਾਣਗੇ, ਇਹ ਗੱਲ ਲੁਕੀ ਨਹੀਂ ਰਹੇਗੀ॥੨੬॥

ਜੇ ਨ ਮਿਲੌਂ ਅਬਿ ਜਾਇ ਕੈ ਟੂਟਹਿ ਗੁਰ ਪ੍ਰੀਤੀ।
ਇੱਤ੍ਯਾਦਿਕ ਸੰਸਾ ਕਰਹਿ ਮਤਿ ਹੁਇ ਨ ਅਭੀਤੀ।
ਆਜ ਕਾਲ ਕਰਤੇ ਤਿਸੈ ਦ੍ਵਾਦਸ਼ ਦਿਨ ਬੀਤੇ।
ਕਹਿ ਕਹਿ ਬਿਨੈ ਪਠਾਵਨੋ ਮਨ ਹੁਇ ਬਿਪਰੀਤੇ॥ ੨੭॥

ਜੇ ਹੁਣ ਜਾ ਕੇ ਗੁਰੂ ਜੀ ਨੂੰ ਨਹੀਂ ਮਿਲਾਂਗਾ ਤਾਂ ਗੁਰੂ ਜੀ ਦੀ ਪ੍ਰੀਤ ਟੁੱਟ ਜਾਵੇਗੀ। ਇਸ ਪ੍ਰਕਾਰ ਦੇ ਸ਼ੰਕੇ ਕਰਦਾ ਸੀ, ਬੁੱਧੀ ਭੈਅ-ਰਹਿਤ ਨਹੀਂ ਸੀ ਹੁੰਦੀ। ਅਜਕਲ ਕਰਦਿਆਂ ਬਾਰ੍ਹਾਂ ਦਿਨ ਬੀਤ ਗਏ। ਕਹਿ ਕਹਿ ਕੇ ਬੇਨਤੀ ਭੇਜਦਾ ਸੀ, ਪਰ ਮਨ ਪ੍ਰਤਿਕੂਲ ਹੁੰਦਾ ਸੀ॥੨੭॥

ਬੂਝੇ ਨਿਜ ਪਰਧਾਨ ਸਭਿ 'ਮੈਂ ਕਰਿਹੌਂ ਕੈਸੇ।
ਦੁਹਿ ਦਿਸ਼ਿ ਤੇ ਰਸ ਕੋ ਰਖਹਿਂ ਕਰੀਅਹਿ ਕੁਛ ਐਸੇ'।
ਤਬਿ ਸਮੁਝਾਯੋ ਡਰਤਿ ਉਰ 'ਤੁਮ ਮਿਲੌਂ ਨ ਜਾਈ।
ਪਠਹੁ ਦਿਵਾਨ ਜੁ ਆਪਨੋ ਭੇਟੈਂ ਸਮੁਦਾਈ॥ ੨੮॥

ਆਪਣੇ ਵਜ਼ੀਰ ਨੂੰ ਸਭ ਕੁਝ ਪੁੱਛਦਾ ਸੀ, "ਮੈਂ ਕਿਵੇਂ ਕਰਾਂ, ਦੋਵਾਂ ਪਾਸਿਆਂ ਤੋਂ ਰਸ ਨੂੰ ਰੱਖਣ ਵਾਸਤੇ ਐਸਾ ਕੋਈ ਯਤਨ ਕਰੀਏ।" ਤਦ ਉਸ ਨੇ ਹਿਰਦੇ ਵਿਚ ਡਰ ਕੇ ਸਮਝਾਇਆ, "ਤੁਸੀਂ ਜਾ ਕੇ ਨਾ ਮਿਲੋ, ਆਪਣੇ ਦੀਵਾਨ ਨੂੰ ਸਾਰੀਆਂ ਭੇਟਾਵਾਂ ਦੇ ਕੇ ਭੇਜੋ॥੨੮॥

ਨਤੁ ਰਾਜੇ ਗਿਰਪਤਿ ਸਕਲ ਤੁਝ ਕੌ ਰਿਪੁ ਜਾਨੈਂ।
ਕਾਰਜ ਦੇਹਿਂ ਬਿਗਾਰ ਕਰਿ ਲਰਿਕੈ ਰਣ ਹਾਨੈਂ।
ਸਭਿ ਭ੍ਰਾਤਨ ਤੇ ਤੂਟਿਬੋ ਤੁਝ ਨਹਿਂ ਬਨਿ ਆਵੈ।
ਜਥਾ ਬਿਦੇਸ਼ੀ ਗੁਰੂ ਇਮ ਜਿਤ ਕਿਤ ਚਢਿ ਜਾਵੈ'॥ ੨੯॥

ਨਹੀਂ ਤਾਂ ਸਾਰੇ ਪਹਾੜੀ ਰਾਜੇ ਤੁਹਾਨੂੰ ਦੁਸ਼ਮਣ ਜਾਨਣਗੇ, ਤੁਹਾਡਾ ਕਾਰਜ ਵਿਗਾੜ ਦੇਣਗੇ ਤੇ ਲੜਾਈ ਕਰਕੇ ਨੁਕਸਾਨ ਪਹੁੰਚਾਉਣਗੇ। ਸਾਰੇ ਭਰਾਵਾਂ ਨਾਲੋਂ ਟੁੱਟਣਾ ਤੁਹਾਡੇ ਵਾਸਤੇ ਚੰਗਾ ਨਹੀਂ। ਜਿਵੇਂ ਵਿਦੇਸ਼ੀ ਹੁੰਦੇ ਹਨ, ਗੁਰੂ ਜੀ ਉਸ ਤਰ੍ਹਾਂ ਹਨ, ਜਿਧਰ ਜੀਅ ਕੀਤਾ ਓਧਰ ਹੀ ਤੁਰ ਜਾਣਗੇ" ॥੨੯॥

ਇਮ ਸੁਨਿ ਕੈ ਮੰਤ੍ਰੀਨ ਤੇ ਮਸਲਤ ਠਹਿਰਾਈ।
ਪਠਿ ਵਕੀਲ ਸਤਿਗੁਰੂ ਢਿਗ ਨਿਜ ਬਾਤ ਸੁਨਾਈ।
ਸੁਨ ਕਿਛੁ ਰਿਸ ਧਰਿ ਪ੍ਰਭੁ ਭਨਜੋਂ 'ਗੀਦੀ ਇਮ ਹੋਵਾ।
ਹਮ ਕੌ ਇਤਿ ਠਹਿਰਾਇ ਕਰਿ ਪਾਛੈ ਡਰ ਜੋਵਾ॥ ੩੦॥

ਮੰਤਰੀਆਂ ਪਾਸੋਂ ਇਸ ਤਰ੍ਹਾਂ ਸੁਣ ਕੇ ਸਲਾਹ ਪੱਕੀ ਕੀਤੀ ਤੇ ਆਪਣੇ ਦੂਤ ਨੂੰ ਸਤਿਗੁਰ ਪਾਸ ਭੇਜ ਕੇ ਆਪਣੀ ਗੱਲ ਸੁਣਾਈ। ਦੂਤ ਪਾਸੋਂ ਸੁਣ ਕੇ ਗੁਰੂ ਜੀ ਨੇ ਕੁਝ ਗੁੱਸਾ ਧਾਰ ਕੇ ਕਿਹਾ, "ਏਨਾ ਕਾਇਰ ਹੋ ਗਿਆ ਹੈ, ਸਾਨੂੰ ਏਥੇ ਠਹਿਰਾ ਕੇ ਪਿੱਛੋਂ ਡਰ ਰਿਹਾ ਹੈ॥੩੦॥

ਨਹਿ ਮੇਲਹਿ ਪਰਧਾਨ ਕੌ, ਕਹੁ ਇਤਹੁ ਨ ਆਵੈ।
ਪਠਹਿ ਜਿ ਲੂਟਹਿ ਸੁਭਟ ਮਮ ਨਹਿ ਕੋ ਅਟਕਾਵੈ'।
ਬਰਜ ਪਠਜੋ ਸੁਨਿ ਭੀਰੁ ਨ੍ਰਿਪ, ਨਹਿ ਧੀਰਜ ਰਾਖੀ।
ਸ਼ੰਕਜੋ ਅਪਰਨਿ ਨ੍ਰਿਪਨਿ ਤੇ ਨਹਿ ਦਰਸ ਭਿਲਾਖੀ॥ ੩੧॥

ਅਸੀਂ ਵਜ਼ੀਰ ਨੂੰ ਨਹੀਂ ਮਿਲਾਂਗੇ, ਉਸ ਨੂੰ ਕਹਿ ਦੇਵੋ ਏਧਰ ਨਾ ਆਵੇ, ਜੇ ਭੇਜੋਗੇ ਤਾਂ ਸਾਡੇ ਸੂਰਬੀਰ ਲੁੱਟ ਲੈਣਗੇ, ਉਨ੍ਹਾਂ ਨੂੰ ਕੋਈ ਨਹੀਂ ਰੋਕੇਗਾ।" ਇਹ ਗੱਲ ਸੁਣ ਕੇ ਦੂਤ ਨੂੰ ਵਰਜ ਭੇਜਿਆ ਤੇ ਇਹ ਸਮਝ ਲਿਆ ਕਿ ਰਾਜਾ ਵੱਡਾ ਕਾਇਰ ਹੈ। ਹੋਰ ਰਾਜਿਆਂ ਕਰਕੇ ਸ਼ੰਕਾ ਕੀਤੀ ਹੈ ਤੇ ਦਰਸ਼ਨਾਂ ਦਾ ਅਭਿਲਾਸ਼ੀ ਨਹੀਂ ਹੈ॥੩੧॥

ਅਲਪ ਗ੍ਰਾਮ ਤਹਿ ਦ੍ਵੈ ਬਸਹਿ ਜਿਹ ਠਾਂ ਗੁਰ ਡੇਰਾ।
ਇਕ ਮਹਿ ਰੰਘਰ ਰਹਿਤ ਹੈਂ ਇਕ ਫਕਰਨ ਕੇਰਾ।
ਬਨ ਕਰਿ ਤਸਕਰ ਉਸ਼ਟ ਦ੍ਵੈ ਪ੍ਰਭੁ ਕੇਰ ਚੁਰਾਏ।
ਨਰ ਤਬਿ ਦੋਨਹੁ ਗ੍ਰਾਮ ਕੇ ਗੁਰ ਨਿਕਟ ਬੁਲਾਏ॥ ੩੨॥

ਜਿੱਥੇ ਗੁਰੂ ਜੀ ਦਾ ਡੇਰਾ ਸੀ ਉਥੇ ਦੋ ਛੋਟੇ-ਛੋਟੇ ਪਿੰਡ ਵੱਸਦੇ ਸਨ, ਇਕ ਪਿੰਡ ਵਿਚ ਰੰਘੜ ਵੱਸਦੇ ਸਨ, ਇਕ ਵਿਚ ਫੱਕਰ ਰਹਿੰਦੇ ਸਨ। ਚੋਰ ਬਣ ਕੇ ਉਨ੍ਹਾਂ ਗੁਰੂ ਜੀ ਦੇ ਦੋ ਊਠ ਚੁਰਾ ਲਏ। ਤਦ ਗੁਰੂ ਜੀ ਨੇ ਦੋਵਾਂ ਪਿੰਡਾਂ ਦੇ ਮਨੁੱਖਾਂ ਨੂੰ ਆਪਣੇ ਪਾਸ ਬੁਲਾਇਆ॥੩੨॥

'ਜੇ ਤੁਮਨੇ ਉਸ਼ਟਰ ਲੀਏ ਦੀਜੈ ਅਬਿ ਫੇਰੇ।
ਖੋਜਹੁ ਅਪਨੇ ਗ੍ਰਾਮ ਕੌ ਹੁਇ ਚੋਰ ਬਡੇਰੇ'।
ਹਾਥ ਜੋਰਿ ਬੋਲੇ ਤਬੈ 'ਇਤ ਨਹੀਂ ਚੁਰਾਏ।
ਅਪਰ ਚੋਰ ਕੋ ਲੇ ਗਯੋ ਹਮ ਨਹਿ ਦ੍ਰਿਸ਼ਟਾਏ'॥ ੩੩॥

"ਜੇ ਤੁਸੀਂ ਊਠ ਲਏ ਹਨ ਤਾਂ ਵਾਪਸ ਕਰ ਦੇਵੋ, ਆਪਣੇ ਪਿੰਡਾਂ ਵਿਚੋਂ ਖੋਜ ਕਰੋ, ਏਥੇ ਹੀ ਵੱਡੇ ਚੋਰ ਰਹਿੰਦੇ ਹਨ।" ਹੱਥ ਜੋੜ ਕੇ ਫਿਰ ਪਿੰਡਾਂ ਦੇ ਮਨੁੱਖ ਬੋਲੇ, "ਸਾਡੇ ਪਿੰਡ ਵਾਲਿਆਂ ਨਹੀਂ ਚੁਰਾਏ, ਕੋਈ ਹੋਰ ਚੋਰ ਲੈ ਗਿਆ ਹੈ। ਅਸੀਂ ਨਹੀਂ ਵੇਖੇ ਹਨ'॥੩੩॥

ਜੁਦੇ ਜੁਦੇ ਕਰਿ ਤਿਨਹੁਂ ਕੋ ਗੁਰ ਬੂਝਨਿ ਕੀਨੇ।
ਨਹੀਂ ਬਤਾਵਹਿਂ ਅੰਧ ਮਤਿ ਬਡ ਕਪਟ ਪ੍ਰਬੀਨੇ।
ਚਲੇ ਗਏ ਨਿਜ ਘਰਨ ਕੋ ਤਬਿ ਏਕ ਫਕੀਰਾ।
ਅਪਨਿ ਸਮੀਪ ਹਕਾਰਿ ਕੈ ਬੋਲੇ ਗੁਰ ਧੀਰਾ॥ ੩੪॥

ਵੱਖ-ਵੱਖ ਕਰਕੇ ਗੁਰੂ ਜੀ ਉਨ੍ਹਾਂ ਨੂੰ ਪੁੱਛਣ ਲੱਗੇ, ਅੰਨ੍ਹੀ ਮੱਤ ਵਾਲਿਆਂ ਨੇ ਨਾ ਦੱਸਿਆ, ਸਾਰੇ ਵੱਡੇ ਕਪਟੀ ਸਨ। ਜਦ ਆਪਣੇ ਘਰਾਂ ਨੂੰ ਚਲੇ ਗਏ ਤਦ ਗੁਰੂ ਜੀ ਇਕ ਫਕੀਰ ਨੂੰ ਆਪਣੇ ਪਾਸ ਬੁਲਾ ਕੇ ਬੋਲੇ॥ ੩੪॥

'ਮਾਂਗਨ ਕੇ ਮਿਸ ਕਰਿ ਸਦਨ ਰੰਘ੍ਰਨ ਕੇ ਹੇਰੋ।
ਉਸ਼ਟਰ ਖੋਜਹੁ ਜਾਇ ਕਰਿ ਆਵਹੁ ਬਿਨ ਦੇਰੋ'।
ਸੁਨਿ ਕਰਿ ਤੂਰਨ ਤਬਿ ਗਯੋ ਭਿੱਛਯਾ ਹਿਤ ਲੈਬੇ।
ਹੁਤੇ ਸ਼ੁਤਰ ਤਹਿਂ ਬਰ ਗਯੋ ਜੁਗ ਖਰੇ ਦਿਖੈਬੇ॥ ੩੫॥

"ਮੰਗਣ ਦਾ ਬਹਾਨਾ ਕਰਕੇ ਰੰਘੜਾਂ ਦੇ ਸਾਰੇ ਘਰ ਵੇਖੋ ਤੇ ਊਠਾਂ ਦੀ ਖੋਜ ਕਰਕੇ ਕਿਸੇ ਦੇਰ ਬਗੈਰ ਵਾਪਸ ਆਵੋ।" ਫਕੀਰ ਇਸ ਤਰ੍ਹਾਂ ਸੁਣ ਕੇ ਤੁਰਤ ਭਿਖਿਆ ਲੈਣ ਵਾਸਤੇ ਚਲੇ ਗਿਆ। ਜਿਸ ਘਰ ਵਿਚ ਊਠ ਸਨ ਉਸ ਘਰ ਵਿਚ ਦਾਖਲ ਹੋ ਗਿਆ ਤੇ ਦੋਵੇਂ ਊਠ ਖੜੇ ਵੇਖੇ॥ ੩੫॥

ਆਇ ਫਕੀਰ ਬਤਾਇ ਦਿਯ 'ਜੁਗ ਉਸ਼ਟਰ ਠਾਂਢੇ।
ਸ਼ੁਤਰ ਸਦਨ ਮਹਿਂ ਥਿਰ ਕਰੇ ਬਾਂਧੇ ਤਹਿ ਗਾਢੇ'।
ਬਹੁਰੋ ਲੋਕ ਸੁ ਗ੍ਰਾਮ ਕੇ ਨਰ ਸਰਬ ਹਕਾਰੇ।
ਤਸਕਰ ਰੰਘਰ ਜਾਨਿ ਕੈ ਗੁਰ ਬਾਕ ਉਚਾਰੇ॥ ੩੬॥

ਫਕੀਰ ਨੇ ਆ ਕੇ ਦੱਸ ਦਿੱਤਾ, "ਊਠ ਘਰ ਵਿਚ ਸਥਿਰ ਖੜੇ ਹਨ ਤੇ ਚੰਗੀ ਤਰ੍ਹਾਂ ਬੰਨ੍ਹੇ ਹੋਏ ਹਨ।" ਫਿਰ ਉਸ ਪਿੰਡ ਦੇ ਸਭ ਮਨੁੱਖਾਂ ਨੂੰ ਬੁਲਾਇਆ ਤੇ ਰੰਘੜਾਂ ਨੂੰ ਚੋਰ ਜਾਣ ਕੇ ਗੁਰੂ ਜੀ ਨੇ ਬਚਨ ਕੀਤੇ॥ ੩੬॥

ਨਾਮ ਧਰੇ ਦੁਇ ਗ੍ਰਾਮ ਕੇ ਇਕ 'ਸ਼ੁਭ' ਇਕ 'ਖੋਟਾ'।
'ਫਕਰਨ ਕੌ 'ਲਾਹਾ' ਸਦਾ ਰੰਘ੍ਰਨ ਕੌ 'ਤੋਟਾ'।
'ਜਾਹੁ ਤੁਰਤ ਹੀ ਆਨੀਏ ਨਤੁ ਘਰ ਲੂਟ ਜੈਹੈਂ।
ਕੂਟਨ ਤਸਕਰ ਤੁਮ ਸਕਲ ਨਾਂਹਿਤ ਗਹਿ ਲੈਹੈਂ'॥ ੩੭॥

ਦੋਵਾਂ ਪਿੰਡਾਂ ਦੇ ਨਾਮ ਧਰ ਦਿੱਤੇ ਇਕ ਦਾ 'ਸ਼ੁਭ' ਤੇ ਇਕ ਦਾ 'ਖੋਟਾ'। ਫਕੀਰਾਂ ਨੂੰ ਸਦਾ 'ਲਾਹਾ' ਹੋਵੇਗਾ ਤੇ ਰੰਘੜਾਂ ਨੂੰ ਸਦਾ 'ਤੋਟ' ਰਹੇਗੀ। "ਜਾਵੋ ਤੁਰਤ ਹੀ ਊਠ ਲੈ ਆਵੋ ਨਹੀਂ ਤਾਂ ਘਰ ਲੁੱਟ ਲਵਾਂਗੇ। ਤੁਸੀਂ ਚੋਰ ਕੁੱਟ ਤੋਂ ਕੱਚੇ ਹੋ, ਨਹੀਂ ਤਾਂ ਮੈਂ ਸਾਰਿਆਂ ਨੂੰ ਫੜ ਲਵਾਂਗਾ"॥ ੩੭॥

ਰੰਘਰ ਡਰ ਧਰਿ ਉਰ ਬਿਖੈ ਤਤਛਿਨ ਲੇ ਆਏ।
ਉਸ਼ਟਰ ਸੌਂਪੇ ਜੋਰਿ ਕਰ ਪੁਨਿ ਬਹੁ ਘਿਘਿਆਏ।
ਅਬਿ ਲੌ ਦੋਨਹੁਂ ਗ੍ਰਾਮ ਕੌ ਨਾਮ ਸੁ ਬਿਦਤਾਯੋ।
ਫਕਰਨ ਕੋ 'ਲਾਹਾ' ਘਨੋ ਸਭਿਹਿਨ ਸੁਖ ਪਾਯੋ॥ ੩੮॥

ਰੰਘੜ ਦਿਲ ਵਿਚ ਡਰ ਧਾਰ ਕੇ ਤੁਰਤ ਊਠ ਲੈ ਆਏ, ਹੱਥ ਜੋੜ ਕੇ ਊਠ ਸੌਂਪੇ ਤੇ ਫਿਰ ਬਹੁਤ ਮਿੰਨਤਾਂ ਕੀਤੀਆਂ। ਹੁਣ ਤਕ ਉਨ੍ਹਾਂ ਦੋਹਾਂ ਪਿੰਡਾਂ ਦੇ ਇਹ ਨਾਂ ਮਸ਼ਹੂਰ ਹਨ। ਫਕੀਰਾਂ ਨੂੰ ਬਹੁਤ ਲਾਭ ਹੁੰਦਾ ਹੈ ਤੇ ਸਾਰੇ ਸੁਖ ਪਾਉਂਦੇ ਹਨ॥੩੮॥

'ਟੋਟਾ' ਰੰਘਰ ਗ੍ਰਾਮ ਕੋ ਕਰਿ ਨਾਮ ਉਚਾਰੇ।
ਦਾਰਿਦ ਜਿਨਕੇ ਘਰ ਬਿਖੈ ਹੁਇ ਅਲਪ ਅਹਾਰੇ।
ਸਤਿਗੁਰ ਕੋ ਜਿਮ ਬਾਕ ਹੁਇ ਨਹਿਂ ਨਿਸ਼ਫਲ ਜਾਈ।
ਚਹਜੋ ਚਢਨ ਪੁਰਿ ਅਨੰਦ ਕੋ ਤਹਿਂ ਤੇ ਸੁਖਦਾਈ॥ ੩੯॥

ਰੰਘੜਾਂ ਦੇ ਪਿੰਡ ਨੂੰ 'ਟੋਟਾ' ਕਹਿ ਕੇ ਉਚਾਰਨ ਕਰਦੇ ਹਨ, ਜਿਨ੍ਹਾਂ ਦੇ ਘਰਾਂ ਵਿਚ ਵੱਡੀ ਗ਼ਰੀਬੀ ਰਹਿੰਦੀ ਹੈ ਤੇ ਬਹੁਤ ਘੱਟ ਭੋਜਨ ਪ੍ਰਾਪਤ ਹੁੰਦਾ ਹੈ। ਸਤਿਗੁਰੂ ਜੀ ਦਾ ਜਿਵੇਂ ਬਚਨ ਹੁੰਦਾ ਹੈ, ਉਹ ਖਾਲੀ ਨਹੀਂ ਜਾਂਦਾ ਹੈ। ਓਥੋਂ ਸੁਖਾਂ ਦੇ ਦਾਤੇ ਸਤਿਗੁਰੂ ਜੀ ਅਨੰਦਪੁਰ ਨੂੰ ਜਾਣਾ ਚਾਹੁੰਦੇ ਸਨ॥੩੯॥

*ਦੂਸਰੀ ਰੁੱਤ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## *ਅਧਿਆਇ ਚੌਤੀਵਾਂ*

### *ਰਾਇਪੁਰ ਦੀ ਰਾਣੀ*

ਦੋਹਰਾ- ਜਹਿਂ ਸਤਿਗੁਰ ਡੇਰਾ ਕਿਯੋ ਤ੍ਰੈਦਸ਼ ਦਿਵਸ ਟਿਕਾਇ।
ਅਬਿ ਤਿਸ ਥਲ ਮਹਿਂ ਸਿੰਘ ਨਰ ਜਾਗਾ ਲਈ ਬਨਾਇ॥ ੧॥

ਜਿੱਥੇ ਸਤਿਗੁਰੂ ਜੀ ਨੇ ਡੇਰਾ ਕੀਤਾ ਸੀ ਅਤੇ ਤੇਰਾਂ ਦਿਨ ਟਿਕੇ ਰਹੇ ਸਨ, ਉਸ ਥਾਂ ਵਿਖੇ ਹੁਣ ਸਿੰਘਾਂ ਨੇ ਜਗ੍ਹਾ ਬਣਾ ਲਈ ਹੈ॥੧॥

*ਨਿਸਾਨੀ ਛੰਦ-* ਅਬਿ ਗੁਰ ਜਾਗਾ ਨਾਮ ਕੋ ਭਾਖਤਿ ਹੈਂ 'ਟੋਕਾ'।
ਸਿੰਘਨਿ ਤੇ ਹਮ ਸ਼੍ਰੋਨ ਸੁਨ ਨਹਿਂ ਆਂਖ ਬਿਲੋਕਾ।
ਭਈ ਪ੍ਰਾਤਿ ਸਤਿਗੁਰ ਚਢੇ ਬਜਿ ਉਠਜੋ ਨਗਾਰਾ।
ਸੈਨਾ ਤਜਾਰ ਅਰੂਢਿ ਹਯ ਧਰਿ ਸ਼ਸਤ੍ਰ ਦੁਧਾਰਾ॥ ੨॥

ਹੁਣ ਗੁਰੂ ਜੀ ਡੇਰੇ ਵਾਲੇ ਸਥਾਨ ਨੂੰ 'ਟੋਕਾ ਸਾਹਿਬ' ਦੇ ਨਾਮ ਨਾਲ ਪੁਕਾਰਦੇ ਹਨ, ਏਥੇ ਹੁਣ ਇਕ ਗੁਰਦੁਆਰਾ ਵੀ ਹੈ। ਸਿੰਘਾਂ ਪਾਸੋਂ ਅਸੀਂ ਕੰਨੀ ਸੁਣਿਆ ਹੈ, ਅੱਖਾਂ ਨਾਲ ਨਹੀਂ ਵੇਖਿਆ ਹੈ। ਸਵੇਰ ਹੋਣ ਤੇ ਸਤਿਗੁਰੂ ਜੀ ਘੋੜੇ 'ਤੇ ਜਦ ਸਵਾਰ ਹੋ ਗਏ ਤਾਂ ਨਗਾਰਾ ਵੱਜ ਉਠਿਆ। ਸੈਨਾ ਵੀ ਦੋ ਧਾਰੀ ਸ਼ਸਤਰ ਧਾਰ ਕੇ ਘੋੜਿਆਂ 'ਤੇ ਸਵਾਰ ਹੋ ਗਈ॥੨॥

ਥਰਹਰਿ ਕੰਪਹਿ ਗ੍ਰਾਮ ਪੁਰਿ ਸੁਨਿ ਮਾਰ ਬਕਾਰਾ।
ਪਰਹਿ ਧੂਮ ਦਲ ਚਲਨਿ ਕੀ ਮਿਲਵਤਿ ਸਿਰਦਾਰਾ।
ਭੇਟ ਦੇਤਿ ਬਹੁ ਭਾਂਤਿ ਕੀ ਮੁਖ ਬਿਨੈ ਬਖਾਨੈਂ।
ਅਭੈ ਦਾਨ ਤਿਹ ਦੇਤਿ ਪ੍ਰਭੁ ਨਹਿਂ ਚਿੰਤਾ ਠਾਨੈਂ॥ ੩॥

ਲਲਕਾਰੇ ਦੀ ਆਵਾਜ਼ ਸੁਣ ਕੇ ਨਗਰ ਗਰਾਮ ਡਰਦੇ ਸਨ, ਸੈਨਾ ਦੇ ਚਲਣ ਦੀ ਧੂਮ ਪੈਂਦੀ ਸੀ ਤੇ ਪਿੰਡਾਂ ਦੇ ਮੁੱਖੀਏ ਆ ਕੇ ਮਿਲਦੇ ਸਨ। ਬਹੁਤ ਪ੍ਰਕਾਰ ਦੀਆਂ ਉਹ ਭੇਟਾਵਾਂ ਦਿੰਦੇ ਸਨ ਤੇ ਮੁਖ ਤੋਂ ਬੇਨਤੀ ਕਰਦੇ ਸਨ। ਗੁਰੂ ਜੀ ਉਨ੍ਹਾਂ ਨੂੰ ਨਿਰਭੈਅ ਰਹਿਣ ਦਾ ਦਾਨ ਦਿੰਦੇ ਸਨ ਕਿ ਉਹ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰਨ॥੩॥

ਦਧੀ ਦੁਗਧ ਬਹੁ ਦੇ ਮਿਲੈਂ ਸ਼੍ਰੀ ਪ੍ਰਭੁ ਮੁਖ ਦੇਖੈਂ।
'ਰਘੁਬਰ ਤਨੁ ਸ਼੍ਰੀ ਕ੍ਰਿਸ਼ਨ ਇਹ' ਮਤਵੰਤ ਪਰੇਖੈਂ।
ਲਖਹਿਂ ਸਫਲਤਾ ਹੇਰਿ ਕੈ ਲੈ ਲਾਭ ਸੁ ਨੈਨਾ।
ਜਨੁ ਸਕੇਲਿਕੈ ਸੌਂਦਰਜ ਰਚਿ ਬਿਧ ਸੁਖ ਦੈਨਾ॥ ੪॥

ਬਹੁਤ ਦੁੱਧ ਦਹੀਂ ਲੈ ਕੇ ਆ ਕੇ ਮਿਲਦੇ ਸਨ ਤੇ ਸ੍ਰੀ ਪ੍ਰਭੂ ਜੀ ਦੇ ਮੁੱਖ ਦੇ ਦਰਸ਼ਨ ਕਰਦੇ ਸਨ ਤੇ ਸਿਆਣੀ ਬੁੱਧੀ ਵਾਲੇ ਪਰਖ ਕੇ ਕਹਿੰਦੇ ਸਨ, "ਇਹ ਸ੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਦਾ ਸਰੀਰ ਹੈ।" ਦਰਸ਼ਨ ਕਰਕੇ ਆਪਣੇ ਨੈਣਾਂ ਨੂੰ ਸਫਲ ਹੋਏ ਸਮਝਦੇ ਸਨ। ਮਾਨੋ ਸਾਰੀ ਦੁਨੀਆਂ ਦੀ ਸੁੰਦਰਤਾਈ ਇਕੱਠੀ ਕਰਕੇ ਵਿਧਾਤਾ ਨੇ ਸੁੱਖਾਂ ਦੇ ਦਾਤੇ ਭਾਵ ਗੁਰੂ ਜੀ ਦਾ ਸਰੀਰ ਬਣਾਇਆ ਸੀ॥੪॥

ਇਕ ਰਾਣੀ ਕੋ ਰਾਇ ਪੁਰਿ ਗ੍ਰਾਮਹਿ ਕੋ ਨਾਮੂ।
ਕਰਤਿ ਰਾਜ ਰਾਣੀ ਤਹਾਂ ਸੁਤ ਜਿਸ ਅਭਿਰਾਮੂ।
ਆਨੰਦਪੁਰਿ ਕੇ ਪੰਥ ਮੈਂ ਚਲਤਜੋ ਨਿਯਰਾਵਾ।
ਸੁਨਿ ਸਤਿਗੁਰ ਆਗਵਨ ਕੌ ਤਿਨ ਮੋਦ ਬਢਾਵਾ॥ ੫॥

ਇਕ ਰਾਣੀ ਦੇ ਪਿੰਡ ਦਾ ਨਾਮ ਰਾਇਪੁਰ ਸੀ, ਰਾਣੀ ਉਥੇ ਰਾਜ ਕਰਦੀ ਸੀ ਜਿਸ ਦਾ ਪੁੱਤਰ ਬਹੁਤ ਸੁੰਦਰ ਸੀ। ਅਨੰਦਪੁਰ ਰਾਹ ਜਾਂਦਿਆਂ ਉਹ ਪਿੰਡ ਨੇੜੇ ਆ ਗਿਆ। ਸਤਿਗੁਰੂ ਜੀ ਦਾ ਓਧਰ ਆਉਣਾ ਸੁਣ ਕੇ ਉਹ ਰਾਣੀ ਬਹੁਤ ਪ੍ਰਸੰਨ ਹੋਈ॥੫॥

'ਪੂਰਵਤਿ ਹੈਂ ਮਨ ਕਾਮਨਾ ਪਿਖਿ ਸ਼ਰਧਾ ਧਾਰੀ।
ਕਰਹਿ ਭਾਵ ਸਭਿ ਰਿਦੈ ਕੋ ਦੇਂ ਸਭਿ ਸੁਖ ਭਾਰੀ'।
ਇੱਤਜਾਦਿਕ ਜਸੁ ਸ਼੍ਰੋਨ ਸੁਨਿ 'ਦਲ ਸੰਗ ਘਨੇਰਾ।
ਹਰਹਿਂ, ਦੇਹਿਂ ਛਿਤ ਰਾਜ ਕੋ, ਸਮਰੱਥ ਬਡੇਰਾ'॥ ੬॥

ਇਹ ਗੱਲ ਸੁਣੀ, "ਮਨੋਕਾਮਨਾ ਪੂਰੀ ਕਰਦੇ ਹਨ, ਜਿਹੜਾ ਵੀ ਸ਼ਰਧਾ ਧਾਰ ਕੇ ਦਰਸ਼ਨ ਕਰਦਾ ਹੈ, ਹਿਰਦੇ ਦੇ ਸਾਰੇ ਭਾਵ ਪੂਰੇ ਕਰਦੇ ਹਨ ਤੇ ਭਾਰੀ ਸੁਖ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ ਦਾ ਜੱਸ ਕੰਨਾਂ ਨਾਲ ਸੁਣਿਆ। "ਉਨ੍ਹਾਂ ਦੇ ਨਾਲ ਭਾਰੀ ਦਲ ਹੈ ਤੇ ਏਡੇ ਵੱਡੇ ਸਮਰੱਥ ਹਨ ਕਿ ਜਿਸ ਤੋਂ ਚਾਹੁਣ ਧਰਤੀ ਦਾ ਰਾਜ ਖੋਹ ਸਕਦੇ ਹਨ ਤੇ ਜਿਸ ਨੂੰ ਚਾਹੁਣ ਧਰਤੀ ਦਾ ਰਾਜ ਦੇ ਸਕਦੇ ਹਨ"॥੬॥

ਨਿਕਸੀ ਬਾਹਿਰ ਮਗ ਜਹਾਂ ਹੁਇ ਖਰੀ ਅਗਾਰੀ।
ਕਲਗੀਧਰ ਆਵਤਿ ਪਿਖੇ ਹਯ ਕੀ ਅਸਵਾਰੀ।
ਗ੍ਰੀਵ ਨੀਵ ਕਰਿ ਜੋਰਿ ਕਰ ਆਈ ਜਬਿ ਨੇਰੇ।
ਖਰੇ ਭਏ ਪਿਖਿ ਭਾਵ ਕੋ ਜਨ ਬਸੀ ਬਡੇਰੇ॥ ੭॥

ਜਿੱਥੇ ਰਸਤਾ ਸੀ ਉਥੇ ਨਿਕਲ ਕੇ ਬਾਹਰ ਅੱਗੇ ਖੜੀ ਹੋ ਗਈ ਤੇ ਕਲਗੀਧਰ ਸਤਿਗੁਰੂ ਜੀ ਨੂੰ ਘੋੜੇ ਉੱਤੇ ਸਵਾਰ ਹੋ ਕੇ ਆਉਂਦੇ ਵੇਖਿਆ। ਸਿਰ ਨੀਵਾਂ ਕਰਕੇ ਅਤੇ ਹੱਥ ਜੋੜ ਕੇ ਜਦ ਨੇੜੇ ਆਈ। ਗੁਰੂ ਜੀ ਭਾਵਨਾ ਨੂੰ ਵੇਖ ਕੇ ਖੜੇ ਹੋ ਗਏ, ਜਿਹੜੇ ਆਪਣੇ ਸੇਵਕਾਂ ਦੇ ਸਦਾ ਅਧੀਨ ਰਹਿੰਦੇ ਹਨ॥੭॥

ਬਿਚ ਰਕਾਬ ਕੇ ਪਗ ਕਮਲ ਸਿਰ ਤਾਂਹਿ ਟਿਕਾਵਾ।
ਹਾਥਨਿ ਸਾਥ ਸਪਰਸ਼ ਕਰ ਦ੍ਰਿਗ ਮੁਖ ਪਰ ਲਾਵਾ।
'ਮੈਂ ਸੇਵਕਨੀ ਹੇ ਪ੍ਰਭੋ ! ਨਿਜ ਕਰੁਨਾ ਕੀਜੈ।
ਉਤਰਿ ਲਗਾਵੋ ਸਿਵਰ ਨਿਜ ਮਮ ਭਾਵ ਪੁਰੀਜੈ॥ ੮॥

ਜਿੱਥੇ ਰਕਾਬ ਵਿਚ ਗੁਰੂ ਜੀ ਦਾ ਚਰਨ ਕੰਵਲ ਸੀ, ਓਥੇ ਆਪਣਾ ਸਿਰ ਟਿਕਾ ਦਿੱਤਾ। ਚਰਨ ਕੰਵਲਾਂ ਉੱਤੇ ਹੱਥ ਫੇਰ ਕੇ ਆਪਣੀਆਂ ਅੱਖਾਂ ਤੇ ਮੁਖ ਨੂੰ ਲਾਇਆ ਤੇ ਕਿਹਾ, "ਹੇ ਪ੍ਰਭੂ ਜੀ ! ਮੈਂ ਆਪ ਜੀ ਦੀ ਸੇਵਕਨ ਹਾਂ, ਮੇਰੇ ਤੇ ਕਿਰਪਾ ਕਰੋ ਏਥੇ ਉਤਾਰਾ ਕਰਕੇ ਆਪਣਾ ਡੇਰਾ ਲਾਵੋ ਤੇ ਮੇਰੀ ਭਾਵਨਾ ਪੂਰੀ ਕਰੋ॥੮॥

ਜਥਾ ਸ਼ਕਤਿ ਸੇਵਾ ਕਰਹੁਂ ਸ਼ਰਧਾ ਉਰ ਮੇਰੇ।
ਕਦਮ ਪਦਮ ਨਿਜ ਸਦਮ ਮਹਿਂ ਫੇਰੋ ਮੁਖ ਹੇਰੇ।
ਨਿਸਾ ਬਸੋ, ਸੁਤ ਅਲਪ ਬਯ ਤੁਮ ਚਰਨੀ ਲਾਵਹੁਂ।
ਚਲਹਿ ਬੰਸ ਨਿਜ ਜਗਤ ਮਹਿਂ ਸੁਖ ਜੁਤਿ ਬਰ ਪਾਵਹੁਂ'॥ ੯॥

ਜਥਾ ਸ਼ਕਤੀ ਸੇਵਾ ਕਰਾਂਗੀ, ਇਹ ਮੇਰੇ ਦਿਲ ਦੀ ਸ਼ਰਧਾ ਹੈ। ਆਪਣੇ ਚਰਨ ਕੰਵਲਾਂ ਨੂੰ ਮੇਰੇ ਘਰ ਵਿਚ ਰੱਖੋ ਤੇ ਮੈਨੂੰ ਦਰਸ਼ਨ ਦੇਵੋ। ਰਾਤ ਠਹਿਰੋ, ਤੇ ਛੋਟੀ ਉਮਰ ਦੇ ਮੇਰੇ ਪੁੱਤਰ ਨੂੰ ਆਪਣੇ ਚਰਨਾਂ ਨਾਲ ਲਾਵੋ। ਇਸ ਜਗਤ ਵਿਚ ਮੇਰਾ ਬੰਸ ਚਲੇ ਸੁੱਖ ਸਹਿਤ ਇਹ ਵਰ ਪ੍ਰਾਪਤ ਕਰਾਂ"॥੯॥

ਹੇਰਿ ਪ੍ਰੇਮ ਰਾਣੀ ਰਿਦੈ ਮਾਨਜੋ, 'ਹੁਇ ਡੇਰਾ'।
ਹੁਕਮ ਦਯੋ, ਉਤਰੇ ਪ੍ਰਭੂ, ਪਿਖਿ ਥਾਨ ਅਛੇਰਾ।
ਤੰਬੂ ਸ਼ਮਿਯਾਨੇ ਤਨੇ ਹਯ ਲੈਨ ਲਗਾਏ।
ਜਹਿਂ ਕਹਿਂ ਸਿੱਖਨਿ ਸੁਭਟ ਗਨ ਬਿੱਸ੍ਰਾਮ ਸੁ ਪਾਏ॥ ੧੦॥

ਰਾਣੀ ਦੇ ਹਿਰਦੇ ਵਿਚ ਪ੍ਰੇਮ ਵੇਖ ਕੇ ਗੁਰੂ ਜੀ ਮੰਨ ਗਏ ਤੇ ਗੁਰੂ ਜੀ ਨੇ ਹੁਕਮ ਕੀਤਾ, "ਏਥੇ ਡੇਰਾ ਹੋਵੇ" ਤੇ ਪ੍ਰਭੂ ਜੀ ਚੰਗਾ ਸਥਾਨ ਵੇਖ ਕੇ ਉੱਤਰ ਪਏ। ਤੰਬੂ ਸ਼ਾਮਿਆਨੇ ਤਾਣੇ ਗਏ ਤੇ ਘੋੜਿਆਂ ਨੂੰ ਇਕ ਕਤਾਰ ਵਿਚ ਬੰਨ੍ਹ ਦਿੱਤਾ। ਜਿੱਥੇ ਕਿੱਥੇ ਸਿੱਖ ਸੂਰਬੀਰ ਵਿਸ਼ਰਾਮ ਕਰਦੇ ਸਨ॥੧੦॥

ਰਾਣੀ ਅੰਤਰ ਜਾਇ ਕਰਿ ਪਠਿ ਕਰਿ ਤ੍ਰਿਣ ਦਾਨਾ।
ਸੇਵਾ ਕਰਿ ਸਭਿ ਭਾਂਤਿ ਕੀ ਘ੍ਰਿਤ ਬਹੁ ਮਿਸ਼ਟਾਨਾ।
ਸੂਖਮ ਚਾਵਰ ਚੂਨ ਬਹੁ ਦੀਨਸਿ ਮਨ ਭਾਏ।
ਸਭਿ ਦਲ ਲੇ ਕਰਿ ਅਸਨ ਕਿਯ ਬਿੰਜਨ ਸ਼ੁਭ ਖਾਏ॥ ੧੧॥

ਰਾਣੀ ਨੇ ਅੰਦਰ ਜਾ ਕੇ ਘਾਹ ਤੇ ਦਾਣੇ ਭੇਜੇ ਤੇ ਸਭ ਪ੍ਰਕਾਰ ਸੇਵਾ ਕੀਤੀ। ਬਹੁਤ ਘਿਉ ਅਤੇ ਮਿੱਠਾ ਦਿੱਤਾ। ਸੂਖਮ ਚਾਵਲ ਤੇ ਮਨ-ਭਾਉਂਦਾ ਬਹੁਤ ਆਟਾ ਦਿੱਤਾ। ਸਾਰੀ ਸੈਨਾ ਨੇ ਬਹੁਤ ਪ੍ਰਕਾਰ ਦੇ ਭੋਜਨਾਂ ਅਤੇ ਸਬਜ਼ੀਆਂ ਦਾ ਸੇਵਨ ਕੀਤਾ॥੧੧॥

ਬਹੁਰ ਪਠੇ ਨਿਜ ਮਨੁਜ ਤਬਿ ਬਿਨਤੀ ਇਮ ਗਾਈ।
'ਅੰਤਰ ਆਵਹਿਂ ਪ੍ਰਾਤਿ ਕੋ ਲੇ ਸਿਖ ਸਮੁਦਾਈ।
ਅਚਹਿਂ ਅਹਾਰਨਿ ਬੈਠਿ ਕਰਿ ਹੁਇ ਭੌਨ ਪੁਨੀਤਾ।
ਇਕ ਮੁਕਾਮ ਪ੍ਰਭੁ ਜੀ ਕਰਹਿਂ ਆਸਾ ਮੁਹਿ ਚੀਤਾ' ॥ ੧੨ ॥

ਫਿਰ ਆਪਣੇ ਮਨੁੱਖਾਂ ਨੂੰ ਭੇਜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਸਵੇਰੇ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਅੰਦਰ ਆਵੋ। ਉਹ ਸਾਰੇ ਘਰ ਵਿਚ ਬੈਠ ਕੇ ਭੋਜਨ ਛੱਕਣ ਤਾਂਕਿ ਸਾਡਾ ਘਰ ਪਵਿੱਤਰ ਹੋਵੇ। ਇਕ ਦਿਨ ਹੋਰ ਗੁਰੂ ਜੀ ਏਥੇ ਮੁਕਾਮ ਕਰਨ ਇਹ ਮੇਰੇ ਚਿੱਤ ਦੀ ਆਸ ਪੂਰੀ ਕਰਨ" ॥ ੧੨ ॥

ਸੁਪਤਿ ਜਥਾ ਸੁਖ ਸਭਿ ਭਏ ਕਰਿ ਖਾਨ ਰੁ ਪਾਨਾ।
ਨ੍ਰਿਪਨੀ ਉਠਿ ਬਡ ਪ੍ਰਾਤਿ ਕੌ ਕਰਿਵਾਇ ਸ਼ਨਾਨਾ।
ਪੂਪ, ਤਿਹਾਵਲ, ਪੂਰਕਾ ਰੁਚਿ ਸੋਂ ਕਰਿਵਾਏ।
ਵੜੇ, ਕਚੌਰੀ, ਦਧਿ ਮਿਲਨ, ਪਾਇਸੁ ਸਮੁਦਾਏ ॥ ੧੩ ॥

ਖਾ ਪੀ ਕੇ ਸਾਰੇ ਸੁੱਖ ਦੀ ਨੀਂਦ ਸੌਂ ਗਏ। ਰਾਣੀ ਨੇ ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕੀਤਾ। ਮਾਲ ਪੂੜੇ, ਕੜਾਹ ਪ੍ਰਸ਼ਾਦ ਅਤੇ ਪੂਰੀਆਂ ਬੜੀ ਰੀਝ ਨਾਲ ਤਿਆਰ ਕਰਵਾਏ। ਵੜੇ, ਕਚੌਰੀਆਂ ਦਹੀਂ ਵਿਚ ਪਾਏ ਤੇ ਬਹੁਤ ਖੀਰ ਤਿਆਰ ਕੀਤੀ ॥੧੩ ॥

ਘ੍ਰਿਤ ਭੁੰਚਤਿ ਚਾਵਰ ਕਰੇ ਜੁਗ ਭਾਂਤਿ ਲੰਮੇਰੇ।
ਮਧੁਰ ਸਲਵਣ ਪ੍ਰਕਾਰ ਕੇ ਸੂਖਮ ਬਹੁਤੇਰੇ।
ਡਾਰਿ ਮਸਾਲੇ ਅਨਿਕ ਬਿਧਿ ਮੇਵੇ ਗਨ ਪਾਏ।
ਸੂਪ ਕਰੀ ਬਹੁ ਭਾਂਤਿ ਕੀ ਅਤਿ ਸ੍ਵਾਦ ਉਪਾਏ ॥ ੧੪ ॥

ਘਿਉ ਵਿਚ ਭੁੰਨ ਕੇ ਦੋ ਪ੍ਰਕਾਰ ਦੇ ਲੰਮੇ ਚਾਵਲ ਤਿਆਰ ਕੀਤੇ ਜਿਹੜੇ ਮਿੱਠੇ ਅਤੇ ਨਮਕੀਨ ਬਹੁਤ ਸੂਖਮ ਪ੍ਰਕਾਰ ਦੇ ਸਨ। ਉਨ੍ਹਾਂ ਵਿਚ ਅਨੇਕਾਂ ਵਿਧੀਆਂ ਨਾਲ ਮਸਾਲੇ ਅਤੇ ਮੇਵੇ ਪਾਏ। ਬਹੁਤ ਪ੍ਰਕਾਰ ਦੀ ਰਸੋਈ ਤਿਆਰ ਕੀਤੀ ਤੇ ਅਤੀ ਸਵਾਦੀ ਭੋਜਨ ਬਣਾਏ ॥੧੪ ॥

ਸੂਪਕਾਰ ਚਾਤੁਰ ਮਹਾਂ ਤਿਨ ਢਿਗ ਹੁਇ ਰਾਣੀ।
ਰੀਤਿ ਬਤਾਵਤਿ ਅਨਿਕ ਬਿਧਿ ਬਡ ਸੁਮਤਿ ਸਯਾਣੀ।
ਇਤ ਸਤਿਗੁਰ ਜਬਿ ਪ੍ਰਾਤਿ ਭੇ ਕਰਿ ਸੌਚ ਸ਼ਨਾਨਾ।
ਥਿਰੇ ਅਨੰਦ ਕੇ ਧਯਾਨ ਮਹਿਂ ਜਹਿ ਭੇਦ ਨ ਨਾਨਾ ॥ ੧੫ ॥

ਰਸੋਈਏ ਬਹੁਤ ਚਤੁਰ ਸਨ, ਉਨ੍ਹਾਂ ਦੇ ਨਾਲ ਰਾਣੀ ਆਪ ਲੱਗੀ। ਸ੍ਰੇਸ਼ਟ ਬੁੱਧੀ ਵਾਲੀ ਸਮਝਦਾਰ ਰਾਣੀ ਉਨ੍ਹਾਂ ਨੂੰ ਅਨੇਕ ਰੀਤੀਆਂ ਨਾਲ ਸਮਝਾਉਂਦੀ ਰਹੀ। ਏਧਰ ਸਤਿਗੁਰੂ ਜੀ ਨੇ ਸਵੇਰ ਹੁੰਦਿਆਂ ਹੀ ਸੋਚ ਇਸ਼ਨਾਨ ਕੀਤਾ ਤੇ ਫਿਰ ਧਿਆਨ ਲਾ ਕੇ ਅਨੰਦ ਵਿਚ ਟਿਕ ਗਏ, ਜਿੱਥੇ ਕੋਈ ਹੋਰ ਭੇਦ ਨਹੀਂ ਰਹਿ ਜਾਂਦਾ ਹੈ ॥੧੫ ॥

ਗਾਇਂ ਰਬਾਬੀ ਵਾਰ ਕੌ ਧੁਨਿ ਅਧਿਕ ਸੁਹਾਵੈ।
ਬ੍ਰਿੰਦ ਰਾਗ ਅਰੁ ਰਾਗਨੀ ਹਰਖਾਇ ਸੁਨਾਵੈਂ।
ਗੁਰਬਾਨੀ ਕੋ ਪਾਠ ਬਹੁ ਸਿਖ ਕਰੈਂ ਸੁਜਾਨਾ।
ਜਪੁਜੀ ਆਦਿਕ ਸੁਖਮਨੀ ਜਿਨ ਪੁੰਨ ਮਹਾਨਾ ॥ ੧੬ ॥

ਫਿਰ ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ ਤੇ ਸ਼ਬਦ ਦੀ ਧੁਨੀ ਬਹੁਤ ਸ਼ੋਭਦੀ ਸੀ। ਬਹੁਤ ਰਾਗ ਅਤੇ ਰਾਗਣੀਆਂ ਪ੍ਰਸੰਨ ਹੋ ਕੇ ਸੁਣਾਉਂਦੇ ਸਨ। ਚਤੁਰ ਸਿੱਖ ਗੁਰਬਾਣੀ ਦਾ ਪਾਠ ਕਰਦੇ ਸਨ। ਜਪੁਜੀ ਅਤੇ ਸੁਖਮਨੀ ਆਦਿ ਬਾਣੀਆਂ ਪੜ੍ਹਦੇ ਸਨ, ਜਿਨ੍ਹਾਂ ਦੇ ਪੜ੍ਹਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ॥੧੬॥

ਇਸ ਬਿਧਿ ਭਯੋ ਪ੍ਰਕਾਸ਼ ਦਿਨ ਧਰਿ ਚੀਰ ਸਰੀਰਾ।
ਸ਼ਸਤ੍ਰ ਸਜੇ ਸਭਿ ਅੰਗ ਮਹਿਂ ਪ੍ਰਭੁ ਗੁਨੀ ਗਹੀਰਾ।
ਹੁਤੇ ਜੁ ਨਰ ਪਰਧਾਨ ਤਿਹ ਰਾਨੀ ਸੁ ਪਠਾਏ।
'ਬਿਨਤੀ ਕਰਿ ਆਨੋ ਪ੍ਰਭੂ ਸਿਖ ਜੁਤਿ ਸਮੁਦਾਏ'॥ ੧੭॥

ਇਸ ਵਿਧੀ ਨਾਲ ਪ੍ਰਕਾਸ਼ ਹੋ ਗਿਆ ਤੇ ਦਿਨ ਚੜ੍ਹ ਆਇਆ। ਗੁਰੂ ਜੀ ਨੇ ਆਪਣੇ ਸਰੀਰ ਉੱਤੇ ਵਸਤਰ ਧਾਰਨ ਕੀਤੇ ਤੇ ਗੁਨੀ ਗਹੀਰ ਸਤਿਗੁਰੂ ਜੀ ਨੇ ਸਾਰੇ ਸਰੀਰ ਉੱਤੇ ਸ਼ਸਤਰ ਧਾਰਨ ਕਰ ਲਏ। ਜਿਹੜੇ ਪ੍ਰਧਾਨ ਮਨੁੱਖ ਸਨ, ਉਨ੍ਹਾਂ ਨੂੰ ਰਾਣੀ ਨੇ ਭੇਜਿਆ ਅਤੇ ਕਿਹਾ, "ਬੇਨਤੀ ਕਰਕੇ ਗੁਰੂ ਜੀ ਅਤੇ ਸਾਰੇ ਸਿੱਖਾਂ ਨੂੰ ਲੈ ਆਵੋ" ॥੧੭॥

ਗਏ ਚੌਂਪ ਜੁਤਿ ਦਰਸ ਕਰਿ ਪਗ ਬੰਦਨ ਠਾਨੀ।
'ਮਹਾਰਾਜ ਅੰਤਰ ਦੁਰਗ ਪਰਤੀਖਤਿ ਰਾਨੀ।
ਨਾਨਾ ਭੋਜਨ ਤਜਾਰ ਹੈਂ, ਕਰੁਨਾ ਅਬਿ ਕੀਜੈ।
ਦਾਸਨ ਕੀ ਆਸ਼ਾ ਪੂਰਹੁ, ਉਰ ਆਨੰਦ ਦੀਜੈ'॥ ੧੮॥

ਉਹ ਸਾਰੇ ਇਕੱਠੇ ਹੋ ਕੇ ਗੁਰੂ ਜੀ ਪਾਸ ਬੜੇ ਪ੍ਰੇਮ ਨਾਲ ਗਏ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਕਿਹਾ, "ਹੇ ਮਹਾਰਾਜ ! ਕਿਲ੍ਹੇ ਦੇ ਅੰਦਰ ਰਾਣੀ ਜੀ ਇੰਤਜ਼ਾਰ ਕਰ ਰਹੇ ਹਨ। ਬਹੁਤ ਪ੍ਰਕਾਰ ਦੇ ਭੋਜਨ ਤਿਆਰ ਹਨ, ਹੁਣ ਕਿਰਪਾ ਕਰੋ.ਆਪਣੇ ਸੇਵਕਾਂ ਦੀ ਆਸ਼ਾ ਪੂਰੀ ਕਰੋ, ਹਿਰਦੇ ਵਿਚ ਅਨੰਦ ਦੇਵੋ॥੧੮॥

ਉਠਿ ਕਰਿ ਗਮਨੇ ਸ਼੍ਰੀ ਪ੍ਰਭੂ ਲੇ ਸਿਖ ਸਮੁਦਾਏ।
ਦਯਾਰਾਮ ਨੰਦ ਚੰਦ ਕੌ ਤ੍ਰੈ ਭ੍ਰਾਤ ਬੁਲਾਏ।
ਨਾਮ ਮਾਹਿਰੀ ਚੰਦ ਜਿਸ ਅਰੁ ਗੰਗਾਰਾਮੰ।
ਚੰਦਗੁਲਾਬ ਸੁ ਤੀਸਰੋ ਜਿਨ ਤਨ ਅਭਿਰਾਮੰ॥ ੧੯॥

ਗੁਰੂ ਜੀ ਸਾਰੇ ਸਿੱਖਾਂ ਨੂੰ ਲੈ ਕੇ ਉੱਠ ਕੇ ਚਲ ਪਏ। ਦਇਆ ਰਾਮ, ਦੀਵਾਨ ਨੰਦ ਚੰਦ ਤੇ ਤਿੰਨੇ ਭੂਆ ਜੀ ਦੇ ਪੁੱਤਰਾਂ ਨੂੰ ਬੁਲਾਇਆ। ਜਿਨ੍ਹਾਂ ਦੇ ਨਾਂ ਮਾਹਰੀ ਚੰਦ, ਗੰਗਾ ਰਾਮ ਹਨ ਤੇ ਤੀਸਰਾ ਗੁਲਾਬ ਚੰਦ ਬੜੇ ਮਨੋਹਰ ਸਰੀਰ ਵਾਲਾ ਹੈ॥੧੯॥

ਇੱਤਜਾਦਿਕ ਸਭਿ ਸੰਗ ਲੈ ਗੁਰ ਦੁਰਗ ਪ੍ਰਵੇਸ਼ੇ।
ਉਠਿ ਰਾਣੀ ਆਗੈ ਅਈ ਹਿਤ ਮਾਨ ਵਿਸ਼ੇਸ਼ੇ।
ਚਰਨ ਕਮਲ ਪਰ ਪੁੱਤ੍ਰ ਕੌ ਸਿਰ ਦੀਨਿ ਟਿਕਾਈ।
ਪੁਨ ਅਭਿਬੰਦਨ ਆਪ ਕਰਿ ਪਿਖਿ ਮੁਖ ਹਰਖਾਈ॥ ੨੦॥

ਇਸ ਪ੍ਰਕਾਰ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ। ਰਾਣੀ ਵਿਸ਼ੇਸ਼ ਮਾਣ ਦੇਣ ਵਾਸਤੇ ਉੱਠ ਕੇ ਅੱਗੇ ਆਈ। ਗੁਰੂ ਜੀ ਦੇ ਚਰਨ ਕੰਵਲਾਂ 'ਤੇ ਉਸ ਆਪਣੇ ਪੁੱਤਰ ਦਾ ਸਿਰ ਟਿਕਾ ਦਿੱਤਾ, ਫਿਰ ਆਪ

ਅਭਿਬੰਦਨਾ ਕੀਤੀ ਤੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈ॥੨੦॥

ਫਰਸ਼ ਕਰੇ ਬਹੁ ਭਾਂਤਿ ਕੇ ਘਰ ਬਿਖੈ ਬਿਸਾਲਾ।
ਇਕ ਚੌਂਕੀ ਸੁੰਦਰ ਡਸੀ ਆਸਨ ਸ਼ੁਭ ਡਾਲਾ।
ਕਰੇ ਬਿਠਾਵਨਿ ਤਹਿਂ ਪ੍ਰਭੂ ਢਿਗ ਅਪਰ ਬਿਠਾਏ।
ਹਿਤ ਅਹਾਰ ਚੌਕੀ ਦੂਤੀ ਡਾਸੀ ਅਗੁਵਾਏ॥ ੨੧॥

ਰਾਣੀ ਨੇ ਆਪਣੇ ਘਰ ਦੇ ਅੰਦਰ ਬਹੁਤ ਪ੍ਰਕਾਰ ਦੇ ਵਿਸ਼ਾਲ ਫਰਸ਼ ਵਿਛਾਏ ਹੋਏ ਸਨ। ਇਕ ਸੁੰਦਰ ਚੌਂਕੀ ਡਾਹੀ ਤੇ ਉਸ ਉੱਤੇ ਸ਼ੁਭ ਵਸਤਰ ਵਿਛਾਏ, ਉਥੇ ਗੁਰੂ ਜੀ ਨੂੰ ਬਿਠਾ ਕੇ ਹੋਰਨਾਂ ਨੂੰ ਪਾਸ ਬਿਠਾ ਦਿੱਤਾ। ਭੋਜਨ ਛੱਕਣ ਵਾਸਤੇ ਇਕ ਦੂਸਰੀ ਚੌਂਕੀ ਅੱਗੇ ਡਾਹ ਦਿੱਤੀ॥੨੧॥

ਭੱਖ ਭੋਜ ਭੋਜਨਨਿ ਕੇ ਲੇਹਜ ਅਰੁ ਚੋਸਾ।
ਨਿਕਟ ਬੈਠਿ ਰਾਣੀ ਤਬੈ ਸ਼ੁਭ ਥਾਰ ਪਰੋਸਾ।
ਦਿਜ ਤੇ ਸੌ ਉਚਵਾਇ ਕੈ ਆਨਜੋ ਤਤਕਾਲਾ।
ਅੱਗ੍ਰ ਧਰਜੋ ਸਤਿਗੁਰੂ ਕੇ ਧਰਿ ਭਾਉ ਬਿਸਾਲਾ॥ ੨੨॥

ਚਾਰ ਪ੍ਰਕਾਰ ਦੇ ਭੋਜਨ ਪਰੋਸੇ ਗਏ। ਇਹ ਚਾਰ ਪ੍ਰਕਾਰ ਦੇ ਭੋਜਨ ਇਸ ਪ੍ਰਕਾਰ ਸਨ : ਭੱਖ=ਚੱਬੇ ਜਾਣ ਵਾਲੇ ਜੈਸੇ ਦਾਣੇ, ਤਲੀ ਹੋਈ ਸੁੱਕੀ ਦਾਲ। ਭੋਜ=ਖਾਧੇ ਜਾਣ ਵਾਲੇ, ਜਿਵੇਂ ਰੋਟੀ, ਪੂਰੀ, ਮਾਲ ਪੂੜੇ ਆਦਿ। ਲੇਹਜ=ਪੀਤੇ ਜਾਣ ਵਾਲੇ, ਜਿਵੇਂ, ਦੁੱਧ, ਰਸ, ਸਰਦਾਈ ਆਦਿ। ਚੋਸ=ਚੂਸੇ ਜਾਣ ਵਾਲੇ ਜਿਵੇਂ ਅੰਬ ਆਦਿ। ਰਾਣੀ ਨੇ ਆਪ ਪਾਸ ਬੈਠ ਕੇ ਸ਼ੁਭ ਥਾਲ ਪਰੋਸਿਆ ਤੇ ਬ੍ਰਾਹਮਣ ਪਾਸੋਂ ਚੁਕਵਾ ਕੇ ਤੁਰਤ ਲੈ ਆਈ ਤੇ ਵੱਡੇ ਪ੍ਰੇਮ ਨਾਲ ਗੁਰੂ ਜੀ ਦੇ ਅੱਗੇ ਰੱਖਿਆ॥੨੨॥

ਸੂਪਕਾਰ ਕਰਿ ਸ਼ੀਘ੍ਰਤਾ ਸਭਿ ਕੇਰ ਅਗਾਰੀ।
ਥਾਰ ਪਰੋਸੇ ਅੱਗ੍ਰ ਧਰਿ ਬਹੁ ਦੇਇ ਅਹਾਰੀ।
ਅਚਵਨ ਲਾਗੇ ਸ੍ਵਾਦ ਗਨ ਰਾਨੀ ਹੁਇ ਠਾਂਢੀ।
ਕਰਤਿ ਬੀਜਨਾ ਆਪ ਹੀ ਬਹੁ ਸ਼ਰਧਾ ਬਾਢੀ॥ ੨੩॥

ਰਸੋਈਆਂ ਨੇ ਬਹੁਤ ਛੇਤੀ ਕਰਕੇ ਸਭ ਦੇ ਅੱਗੇ ਥਾਲ ਪਰੋਸ ਦਿੱਤੇ ਤੇ ਬਹੁਤ ਭੋਜਨ ਦਿੱਤਾ। ਸਾਰੇ ਸਵਾਦੀ ਭੋਜਨ ਛੱਕਣ ਲੱਗੇ, ਰਾਣੀ ਪਾਸ ਖੜੀ ਰਹੀ। ਆਪ ਹੀ ਪੱਖਾ ਝੱਲ ਰਹੀ ਸੀ, ਏਨੀ ਸ਼ਰਧਾ ਵਧੀ ਸੀ॥੨੩॥

ਮਧੁਰ, ਸਲਵਣ, ਸੁਅਮਲ ਬਿਧਿ, ਪੁਨ ਤਿਕਤ, ਕਖਾਯਾ।
ਸ੍ਵਾਦ ਲਗੇ ਬਹੁ ਭਾਂਤਿ ਕੇ ਅਤਿ ਰੁਚਿ ਕਰਿ ਖਾਯਾ।
ਸਕਲ ਸਰਾਹਹਿਂ ਅਚਵ ਕਰਿ ਸ਼ੁਭ ਬਨਜੋਂ ਅਹਾਰਾ।
ਤ੍ਰਿਪਤਾਏ ਜਲ ਸੀਤ ਪਿਯ ਕਰ ਬਦਨ ਪਖਾਰਾ॥ ੨੪॥

ਮਿੱਠੇ, ਲੂਣ ਵਾਲੇ, ਖੱਟੇ, ਫਿਰ ਕਰਾਰੇ ਤੇ ਕਸੈਲੇ ਕਰੇਲੇ ਆਦਿ ਪਦਾਰਥ ਦਿੱਤੇ। ਬਹੁਤ ਭਾਂਤ ਦਾ ਭੋਜਨ ਬਹੁਤ ਸਵਾਦੀ ਲੱਗਾ ਤੇ ਸਭ ਨੇ ਆਪਣੀ ਰੁਚੀ ਅਨੁਸਾਰ ਖਾਧਾ। ਭੋਜਨ ਖਾ ਕੇ ਸਾਰੇ ਹੀ ਬਹੁਤ ਸ਼ਲਾਘਾ ਕਰਦੇ ਸਨ ਤੇ ਕਹਿੰਦੇ ਸਨ ਕਿ ਬੜਾ ਸ਼ੁਭ ਭੋਜਨ ਬਣਿਆ ਹੈ। ਠੰਡਾ ਜਲ ਪੀ ਕੇ ਤ੍ਰਿਪਤ ਹੋ ਗਏ ਤੇ ਫਿਰ ਮੂੰਹ ਹੱਥ ਧੋਤੇ॥੨੪॥

ਥਾਤੀ ਲੇ ਕਰਿ ਦਰਬ ਕੀ ਗੁਰ ਧਰਿ ਅਗੁਵਾਏ।
ਪੁਨ ਨੰਦਨ ਕੋ ਹਾਥ ਗਹਿ ਚਰਨਨ ਪਰ ਪਾਏ।

ਹੁਇ ਪ੍ਰਸੰਨ ਸ੍ਰੀ ਪ੍ਰਭੁ ਕਹ੍ਯੋ 'ਸਿਰ ਕੇਸ ਰਖੀਜੈ।
ਆਯੁਧ ਬਿਦ੍ਯਾ ਕੇ ਬਿਖੈ ਸੁਤ ਨਿਪੁਨ ਕਰੀਜੈ'॥ ੨੫॥

ਫਿਰ ਰਾਣੀ ਨੇ ਧਨ ਦੀ ਥੈਲੀ ਲੈ ਕੇ ਗੁਰੂ ਜੀ ਅੱਗੇ ਧਰ ਦਿੱਤੀ। ਫਿਰ ਆਪਣੇ ਪੁੱਤਰ ਦਾ ਹੱਥ ਫੜ ਕੇ ਗੁਰੂ ਜੀ ਦੇ ਚਰਨਾਂ 'ਤੇ ਪਾਇਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ, "ਇਸ ਦੇ ਸਿਰ ਉੱਤੇ ਕੇਸ ਰੱਖੋ ਤੇ ਸ਼ਸਤਰ ਵਿਦਿਆ ਵਿਚ ਪੁੱਤਰ ਨੂੰ ਨਿਪੁੰਨ ਕਰੋ"॥ ੨੫॥

ਹਾਥ ਜੋਰਿ ਬੋਲੀ ਤਬੈ 'ਤੁਰਕਨਿ ਬਡ ਰਾਜਾ।
ਖੁਨਸਹਿਂ ਦੁਸ਼ਟ ਬਿਲੋਕ ਕੈ ਕਰਿ ਦੇਹਿਂ ਕੁਕਾਜਾ'।
ਪੁਨ ਫੁਰਮਾਯੋ ਸ੍ਰੀ ਗੁਰੂ 'ਨਹਿਂ ਮਾਨਹੁ ਤ੍ਰਾਸਾ।
ਕੇਤਿਕ ਦਿਨ ਇਨ ਰਾਜ ਹੈ ਫਿਰ ਹੋਇ ਬਿਨਾਸ਼ਾ॥ ੨੬॥

ਹੱਥ ਜੋੜ ਕੇ ਤਦ ਰਾਣੀ ਬੋਲੀ, "ਤੁਰਕਾਂ ਦਾ ਵੱਡਾ ਰਾਜ ਹੈ, ਦੁਸ਼ਟ ਵੇਖ ਕੇ ਔਖੇ ਹੋਣਗੇ ਤੇ ਕੋਈ ਭੈੜਾ ਕਾਰਜ ਕਰ ਦੇਣਗੇ।" ਫਿਰ ਗੁਰੂ ਜੀ ਨੇ ਫੁਰਮਾਇਆ, "ਕਿਸੇ ਦਾ ਡਰ ਨਾ ਮੰਨੋ, ਕੁਝ ਦਿਨ ਹੀ ਹੋਰ ਇਨ੍ਹਾਂ ਦਾ ਰਾਜ ਹੈ, ਫਿਰ ਸਭ ਖਤਮ ਹੋ ਜਾਵੇਗਾ॥ ੨੬॥

ਤਊ ਜਿ ਰਾਖਹੁ ਕੇਸ ਨਹਿਂ ਕੇਤਿਕ ਦਿਨ ਆਨਾ।
ਸਿੰਘ ਨਾਮ ਅਬਿ ਜੇ ਰਖਹੁ ਨਿਜ ਬੰਸ ਮਹਾਨਾ।
ਪੰਥ ਹਮਾਰੋ ਜਬਿ ਵਧੈ ਲੇ ਤੁਰਕਨ ਰਾਜੂ।
ਰਾਖਹਿੰਗੇ ਤਬਿ ਕੇਸ ਇਹ ਸਰਿਹੈਂ ਸਭਿ ਕਾਜੂ॥ ੨੭॥

ਫਿਰ ਵੀ ਜੇ ਇਸਦੇ ਕੇਸ ਨਹੀਂ ਰੱਖੋਗੇ ਤਾਂ ਕਿੰਨੇ ਦਿਨ ਹੋਰ ਹਨ। ਜੇ ਇਸ ਦਾ ਸਿੰਘ ਨਾਮ ਹੁਣ ਤੋਂ ਰੱਖੋਗੇ ਤਾਂ ਤੁਹਾਡੀ ਵੰਸ਼ ਮਹਾਨ ਬਣੇਗੀ। ਜਦ ਸਾਡਾ ਪੰਥ ਵੱਧ ਜਾਵੇਗਾ ਤਾਂ ਇਹ ਤੁਰਕਾਂ ਪਾਸੋਂ ਰਾਜ ਖੋਹ ਲਵੇਗਾ। ਤਦ ਇਹ ਜੋ ਕੇਸ ਰੱਖੇਗਾ ਤਾਂ ਸਾਰੇ ਕਾਰਜ ਪੂਰੇ ਹੋ ਜਾਣਗੇ॥ ੨੭॥

ਉਥਲ ਪਥਲ ਫਿਰ ਰਾਜ ਹੁਇ ਨਹਿਂ ਮਿਟਹਿ ਤੁਹਾਰੋ।
ਤਬਹਿ ਬੰਸ ਮਿਲਿ ਖਾਲਸੇ ਸਗਰੇ ਸੁਖ ਧਾਰੋ'।
ਖੜਗ ਸਿਪਰ ਗੁਰ ਆਪਨੇ ਰਾਜੇ ਸੁਤ ਦੀਨੇ।
'ਗੁਰ ਸਥਾਨ ਰਚਿ ਕਰਿ ਰਖਹੁ ਪੂਜਹੁ ਹਿਤ ਭੀਨੇ॥ ੨੮॥

ਸਾਰੇ ਰਾਜ ਫਿਰ ਉਥਲ ਪੁਥਲ ਹੋਣਗੇ, ਪਰ ਤੁਹਾਡਾ ਰਾਜ ਖਤਮ ਨਹੀਂ ਹੋਵੇਗਾ। ਤਦ ਖਾਲਸੇ ਪੰਥ ਵਿਚ ਮਿਲ ਕੇ ਸਾਰੇ ਸੁਖ ਧਾਰਨ ਕਰੋ।" ਗੁਰੂ ਜੀ ਨੇ ਆਪਣੀ ਤਲਵਾਰ ਅਤੇ ਢਾਲ ਰਾਜੇ ਦੇ ਪੁੱਤਰ ਨੂੰ ਦਿੱਤੀ ਤੇ ਕਿਹਾ, "ਗੁਰੂ ਸਥਾਨ ਬਣਾ ਕੇ ਉਥੇ ਇਸ ਕਿਰਪਾਨ ਅਤੇ ਢਾਲ ਨੂੰ ਰੱਖ ਕੇ ਇਸ ਦੀ ਪੂਜਾ ਕਰੋ॥ ੨੮॥

ਪੁਰਵਹੁ ਮਨ ਕੀ ਕਾਮਨਾ ਸਗਰੇ ਸੁਖ ਪਾਵਹੁ।
ਪੰਚਾਂਮ੍ਰਿਤ ਆਗੇ ਧਰਹੁ ਅਰਦਾਸ ਕਰਾਵਹੁ।
ਭੀਰ ਪਰੀ ਮਿਟਿ ਜਾਇ ਹੈ, ਜੋ ਹੋਇ ਭਿਲਾਖਾ।
ਸੋ ਪੂਰਨ ਤਹਿਂ ਹੋਹਿਗੀ ਨਿਤ ਹੁਇ ਹੈ ਰਾਖਾ॥ ੨੯॥

Sri Satguru Jagjit Singh Ji eLlibrary NamdhariElibrary@gmail.com

ਮਨ ਦੀ ਕਾਮਨਾ ਪੂਰੀ ਕਰੋ ਤੇ ਸਾਰੇ ਸੁੱਖ ਪਾਵੇ। ਕੜਾਹ ਪ੍ਰਸ਼ਾਦਿ ਅੱਗੇ ਧਰ ਕੇ ਅਰਦਾਸ ਕਰਾਵੇ। ਕਸ਼ਟ ਪੈਣ 'ਤੇ ਖਤਮ ਹੋ ਜਾਵੇਗਾ ਤੇ ਜੋ ਵੀ ਕਾਮਨਾ ਹੋਵੇਗੀ ਉਹਵੀ ਪੂਰੀ ਹੋਵੇਗੀ ਸਦਾ ਗੁਰੂ ਰਖਵਾਲੀ ਕਰੇਗਾ॥੨੯॥

ਗ੍ਰਿਹਣ ਕਰਹੁ, ਗ੍ਰਿਹ ਰਾਖੀਐ ਸਨਮਾਨ ਸਮੇਤਾ।
ਪੁਸ਼ਪ ਧੂਪ ਨਿਤ ਦੀਜੀਅਹਿ ਨਿਜ ਪਿਖਹੁ ਨਿਕੇਤਾ'।
ਸ਼੍ਰੀ ਮੁਖ ਤੇ ਸਭਿ ਬਚਨ ਸੁਨਿ ਰਾਣੀ ਹਰਖਾਨੀ।
ਛਾਦਿ ਬਸਤ੍ਰ ਤੇ ਹਾਥ ਜੁਗ ਝੁਕਿ ਹ੍ਵੈ ਅਗਵਾਨੀ॥ ੩੦॥

ਇਸ ਨੂੰ ਗ੍ਰਹਿਣ ਕਰੋ ਤੇ ਸਨਮਾਨ ਸਮੇਤ ਘਰ ਵਿਚ ਰੱਖੋ। ਫੁੱਲ ਅਤੇ ਧੂਪ ਨਿਤ ਦੇਵੋ ਤੇ ਆਪਣੇ ਘਰ ਵਿਚ ਇਸ ਦੇ ਦਰਸ਼ਨ ਕਰੋ।" ਗੁਰੂ ਜੀ ਦੇ ਮੁਖ ਤੋਂ ਸਾਰੇ ਬਚਨ ਸੁਣ ਕੇ ਰਾਣੀ ਬਹੁਤ ਪ੍ਰਸੰਨ ਹੋਈ। ਦੋਵੇਂ ਹੱਥ ਕੱਪੜੇ ਨਾਲ ਢੱਕ ਕੇ ਝੁਕਕੇ ਅੱਗੇ ਹੋ ਗਈ ਤੇ ਬੋਲੀ॥੩੦॥

'ਮਹਾਰਾਜ ਤੁਮ ਦਾਤ ਬਡ ਕੋ ਸਕੈ ਮਿਟਾਈ।
ਪ੍ਰੇਮ ਬਸੀ ਦ੍ਰਿੜ੍ਹ ਬਿਰਦ ਹੈ ਪੁਨ ਦਯਾਲ ਗੁਸਾਈਂ'।
ਸਤਿਗੁਰ ਕਰ ਅਰਬਿੰਦ ਤੇ ਬਖਸ਼ੀ ਲਖਿ ਦਾਸਾ।
ਹਾਥਨਿ ਪਰ ਰਾਨੀ ਧਰੇ ਉਰ ਆਨੰਦ ਰਾਸਾ॥ ੩੧॥

"ਮਹਾਰਾਜ ਤੁਹਾਡੀ ਵੱਡੀ ਦਾਤ ਨੂੰ ਕੌਣ ਮਿਟਾ ਸਕਦਾ ਹੈ, ਪ੍ਰੇਮ ਦੇ ਵੱਸ ਵਿਚ ਰਹਿਣਾ ਆਪ ਜੀ ਦਾ ਬਿਰਦ ਹੈ, ਫਿਰ ਆਪ ਜੀ ਦਿਆਲ ਹੋਏ ਹੋ।" ਸਤਿਗੁਰੂ ਜੀ ਨੇ [illegible] ਕੇ ਆਪਣੇ ਕਰ ਕੰਵਲਾਂ ਨਾਲ ਤਲਵਾਰ ਤੇ ਢਾਲ ਬਖਸ਼ ਦਿੱਤੀ। ਰਾਣੀ ਆਪਣੇ ਹੱਥਾਂ ਵਿਚ ਧਾਰ ਕੇ ਆਨੰਦ ਨਾਲ ਭਰ ਗਈ॥੩੧॥

ਪੁਨ ਸਿਰ ਪਰ ਧਰਿ ਚੌਂਪ ਸੌਂ ਸੁਤ ਸੀਸ ਛੁਹਾਏ।
ਕਸਜੋ ਬਿਛੌਨ ਪ੍ਰਯੰਕ ਪਰ ਸਨਮਾਨ ਟਿਕਾਏ।
ਇੱਤਯਾਦਿਕ ਬਰ ਦੇਇ ਗੁਰ ਠਾਂਢੇ ਤਬਿ ਹੋਏ।
ਵਹਿਰ ਚਲਨ ਕੌ ਚਿਤ ਚਹਯੋ ਰਾਨੀ ਦ੍ਰਿਗ ਜੋਏ॥ ੩੨॥

ਫਿਰ ਸਿਰ ਉੱਤੇ ਧਰ ਕੇ ਬੜੇ ਪ੍ਰੇਮ ਨਾਲ ਪੁੱਤਰ ਦੇ ਸੀਸ ਨੂੰ ਛੁਹਾਏ ਤੇ ਪਲੰਘ ਉੱਤੇ ਕੱਪੜੇ ਵਿਛਾ ਕੇ ਸ਼ਸਤਰਾਂ ਨੂੰ ਬੜੇ ਸਨਮਾਨ ਨਾਲ ਉਸ ਉੱਤੇ ਧਰ ਦਿੱਤਾ। ਇਸ ਪ੍ਰਕਾਰ ਵਰ ਦੇ ਕੇ ਗੁਰੂ ਜੀ ਉੱਠ ਕੇ ਖੜੇ ਹੋ ਗਏ, ਬਾਹਰ ਚਲਣ ਨੂੰ ਚਿੱਤ ਚਾਹ ਰਿਹਾ ਸੀ, ਰਾਣੀ ਆਪਣੇ ਨੈਣ ਲਾ ਕੇ ਵੇਖ ਰਹੀ ਸੀ॥੩੨॥

ਚਲੀ ਸੰਗ ਕਰ ਜੋਰਤੀ ਕਰਿਬੇ ਸਨਮਾਨਾ।
ਵਹਿਰ ਦੁਰਗ ਨਿਕਸੀ ਜਬਹਿ ਸ਼੍ਰੀ ਬਦਨ ਬਖਾਨਾ।
'ਥਿਰਹੁ, ਗੁਰੂ ਸਿਮਰਹੁ ਸਦਾ, ਪਰਲੋਕ ਸੁਧਾਰਹੁ।
ਚਲਹਿ ਬੰਸ, ਹੁਇ ਰਾਜ ਥਿਰ, ਨਿਤ ਹਰਿ ਉਰਧਾਰਹੁ'॥ ੩੩॥

ਰਾਣੀ ਹੱਥ ਜੋੜਦੀ ਹੋਈ ਸਨਮਾਨ ਕਰਨ ਵਾਸਤੇ ਨਾਲ ਚਲ ਪਈ। ਰਾਣੀ ਜਦ ਕਿਲ੍ਹੇ ਵਿਚੋਂ ਬਾਹਰ ਨਿਕਲੀ ਤਾਂ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, "ਟੇਕੇ ਰਹੋ, ਸਦਾ ਗੁਰੂ ਜੀ ਦਾ ਸਿਮਰਨ ਕਰੋ ਤੇ ਪਰਲੋਕ ਸੁਧਾਰੋ। ਤੁਹਾਡਾ ਵੰਸ਼ ਚਲੇਗਾ ਤੇ ਰਾਜ ਸਥਿਰ ਹੋਵੇਗਾ, ਸਦਾ ਪ੍ਰਭੂ ਨੂੰ ਹਿਰਦੇ ਵਿਚ ਧਾਰਨ ਕਰੋ"॥੩੩॥

ਇਮ ਧੀਰਜ ਦੇ ਕਰਿ ਗਏ ਪ੍ਰਭੁ ਮਹਾਂ ਕ੍ਰਿਪਾਲਾ।
ਮੁਕਤਿ ਆਦਿ ਬਖਸ਼ਨ ਕਰਹਿਂ ਪਿਖਿ ਪ੍ਰੇਮ ਬਿਸਾਲਾ।
ਇਸ ਬਿਧਿ ਲਖਿ ਜੇ ਭਜਤਿ ਨਹਿਂ ਸੇ ਅਤਿ ਮਤਿ ਹੀਨਾ।
ਦੂਹੂੰ ਲੋਕ ਮਹਿਂ ਕਿਤਹੁ ਕੋ ਕਾਜ ਨ ਕਰਿ ਲੀਨਾ॥ ੩੪॥

ਇਸ ਪ੍ਰਕਾਰ ਧੀਰਜ ਦੇ ਕੇ ਮਹਾਂ ਕ੍ਰਿਪਾਲੂ ਪ੍ਰਭੂ ਜੀ ਚਲੇ ਗਏ। ਉਹ ਵੱਡਾ ਪ੍ਰੇਮ ਵੇਖ ਕੇ ਮੁਕਤੀ ਆਦਿ ਬਖਸ਼ ਦਿੰਦੇ ਹਨ। ਇਸ ਵਿਧੀ ਨਾਲ ਸਮਝ ਕੇ ਜਿਹੜੇ ਨਾਮ ਦਾ ਸਿਮਰਨ ਨਹੀਂ ਕਰਦੇ ਹਨ ਉਹ ਮਹਾਨ ਮੂਰਖ ਹਨ। ਦੋਵਾਂ ਲੋਕਾਂ ਵਿਚ ਉਹ ਕਦੀ ਵੀ ਕੁਝ ਕੰਮ ਨਹੀਂ ਕਰ ਸਕਦੇ ਹਨ॥੩੪॥

ਦਿਨ ਬਿਤਾਇ ਪੁਨ ਨਿਸਾ ਕੋ ਸੁਪਤੇ ਸੁਖ ਪਾਏ।
ਬਡੀ ਪ੍ਰਾਤਿ ਜਾਗੇ ਪ੍ਰਭੁ ਨਿਤ ਕ੍ਰਿਯਾ ਸਜਾਏ।
ਕਹੈ ਕਵੀਸ਼ਰ ਤਹਾਂ ਕੇ ਹੇਰੇ ਸਿਰਦਾਰਾ।
ਅਬਿ ਲੌ ਮਾਨਹਿਂ ਦੁਰਗ ਮਹਿਂ ਸ਼ੁਭ ਥਾਨ ਸੁਧਾਰਾ॥ ੩੫॥

ਦਿਨ ਬਿਤੀਤ ਕਰਕੇ ਗੁਰੂ ਜੀ ਫਿਰ ਰਾਤ ਨੂੰ ਸੁਖ ਪਾ ਕੇ ਸੌਂ ਗਏ ਤੇ ਵੱਡੀ ਸਵੇਰੇ ਜਾਗ ਕੇ ਗੁਰੂ ਜੀ ਨੇ ਨਿਤ ਕ੍ਰਿਆ ਸੋਧੀ। ਕਵੀ ਸੰਤੋਖ ਸਿੰਘ ਜੀ ਕਹਿੰਦੇ ਹਨ, ਉਸ ਕਿਲ੍ਹੇ ਵਿਚ ਉਨ੍ਹਾਂ ਸਰਦਾਰਾਂ ਨੂੰ ਵੇਖਿਆ ਹੈ ਕਿ ਹੁਣ ਤਕ ਕਿਲ੍ਹੇ ਵਿਚ ਸ਼ਸਤਰਾਂ ਵਾਲੇ ਸ਼ੁਭ ਸਥਾਨ ਨੂੰ ਸੁਧਾਰ ਕੇ ਰੱਖਦੇ ਹਨ ਤੇ ਬਾਕਾਇਦਾ ਪੂਜਾ ਕਰਦੇ ਹਨ॥੩੫॥

ਦ੍ਵੈ ਭ੍ਰਾਤਾ ਥੇ ਹਮ ਪਿਖੇ, ਗੁਰ ਬਰ ਨਿਤ ਸਾਚਾ।
ਭਈ ਪ੍ਰਾਤਿ ਗੁਰ ਹੇਰਿ ਕੈ ਮੁਖ ਕੂਚ ਉਬਾਚਾ।
ਕਰਜੋ ਅਰੂਢਨਿ ਹਯ ਤਬਹਿ ਮਾਰਗ ਮਹਿਂ ਚਾਲੇ।
ਕਰਤਿ ਨਿਹਾਲ ਅਨੇਕ ਕੌ ਪ੍ਰਭੁ ਮਹਾਂ ਕ੍ਰਿਪਾਲੇ॥ ੩੬॥

ਦੋ ਭਰਾ ਸਨ, ਅਸੀਂ ਵੇਖੇ ਹਨ, ਗੁਰੂ ਜੀ ਦਾ ਵਰ ਨਿਤ ਸੱਚਾ ਹੁੰਦਾ ਹੈ। ਸਵੇਰ ਹੋਈ ਵੇਖ ਕੇ ਗੁਰੂ ਜੀ ਨੇ ਕੂਚ ਦਾ ਬਚਨ ਕੀਤਾ। ਉਸੇ ਵੇਲੇ ਘੋੜੇ ਤੇ ਚੜ੍ਹ ਕੇ ਰਾਹੋ-ਰਾਹ ਚਲ ਪਏ, ਮਹਾਨ ਕ੍ਰਿਪਾਲੂ ਪ੍ਰਭੂ ਜੀ ਅਨੇਕਾਂ ਨੂੰ ਨਿਹਾਲ ਕਰਦੇ ਜਾਂਦੇ ਸਨ॥੩੬॥

*ਦੂਸਰੀ ਰੁੱਤ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

☆☆☆

# ਅਧਿਆਇ ਪੈਂਤੀਵਾਂ

## ਕੀਰਤਿ ਪੁਰਿ, ਆਨੰਦ ਪੁਰਿ ਆਉਣਾ

ਦੋਹਰਾ- ਬਜਯੋ ਨਗਾਰਾ ਕੂਚ ਕੋ ਕੰਪਤਿ ਨ੍ਰਿਪ ਸੁਨਿ ਤੀਰ।
ਮੁਦਤ ਹੋਤਿ ਸੇਵਕ ਸਕਲ 'ਚਢਯੋ ਗੁਬਿੰਦ ਸਿੰਘ ਬੀਰ'॥ ੧॥

ਕੂਚ ਦਾ ਨਗਾਰਾ ਵੱਜਿਆ ਤਾਂ ਨੇੜੇ-ਨੇੜੇ ਦੇ ਰਾਜੇ ਸੁਣ ਕੇ ਕੰਬਣ ਲੱਗੇ। ਸਾਰੇ ਸੇਵਕ ਪ੍ਰਸੰਨ ਹੋਏ, "ਗੁਰੂ ਗੋਬਿੰਦ ਸਿੰਘ ਸੂਰਬੀਰ ਨੇ ਚੜ੍ਹਾਈ ਕੀਤੀ ਹੈ"॥੧॥

ਨਿਸਾਨੀ ਛੰਦ- ਸੈਨ ਸੰਗ ਉਰੜ ਚਲੀ ਨਭ ਮਹਿਂ ਰਜ ਛਾਈ।
ਮਿਲਹਿਂ ਗ੍ਰਾਮ ਦੇ ਭੇਟ ਕੌ ਲੇ ਦਰਸ਼ਨ ਪਾਈ।
ਦੇਤਿ ਰਜਤਪਨ, ਕੋ ਦਧੀ, ਕੌ ਘਟ ਭਰ ਪੈ ਕੋ।
ਕੋ ਆਨਤਿ ਮਿਸ਼ਟਾਨ ਕੋ, ਪਗ ਸੀਸ ਲਗੈ ਕੋ॥ ੨॥

ਜਦ ਸਾਰੀ ਸੈਨਾ ਉੱਡਦੀ ਹੋਈ ਚਲ ਪਈ ਤਾਂ ਆਕਾਸ਼ ਉੱਤੇ ਘੱਟਾ ਮਿੱਟੀ ਛਾ ਗਿਆ। ਪਿੰਡਾਂ ਦੇ ਲੋਕ ਮਿਲ ਕੇ ਭੇਟਾ ਦੇ ਕੇ ਦਰਸ਼ਨ ਕਰਦੇ ਸਨ। ਕੋਈ ਰੁਪਏ ਦਿੰਦਾ ਸੀ, ਕੋਈ ਦਹੀਂ ਲਿਆਉਂਦਾ ਸੀ, ਕੋਈ ਦੁੱਧ ਦਾ ਘੜਾ ਭਰ ਕੇ ਲਿਆਉਂਦਾ ਸੀ, ਕੋਈ ਮਿੱਠਾ ਲੈ ਕੇ ਆਉਂਦਾ ਸੀ ਤੇ ਗੁਰੂ ਜੀ ਦੇ ਚਰਨਾਂ 'ਤੇ ਆਪਣਾ ਸਿਰ ਧਰਦਾ ਸੀ॥੨॥

ਭਾਖਹਿਂ ਸੁਜਸ ਪ੍ਰਤਾਪ ਕੋ ਪ੍ਰਭੁ ਕੇਰ ਬਿਸਾਲਾ।
ਕਰਹਿਂ ਹਜ਼ਾਰਹੁਂ ਬੰਦਨਾ ਜਿਤ ਦ੍ਰਿਸ਼ਟਿ ਕ੍ਰਿਪਾਲਾ।
ਦਿਨ ਮਹਿਂ ਗਮਨਤਿ ਪੰਥ ਕੋ, ਬਡ ਘਾਮ ਥਿਰੰਤੇ।
ਬਸਹਿਂ ਤਹਾਂ ਪੁਨ ਜਾਮਨੀ ਬਿਸਰਾਮ ਕਰੰਤੇ॥ ੩॥

ਗੁਰੂ ਜੀ ਦੇ ਪ੍ਰਤਾਪ ਦਾ ਵਿਸ਼ਾਲ ਜੱਸ ਕਰਦੇ ਸਨ, ਹਜ਼ਾਰਾਂ ਲੋਕ ਬੰਦਨਾ ਕਰਦੇ ਸਨ, ਜਿਧਰ ਵੀ ਗੁਰੂ ਜੀ ਦੀ ਦ੍ਰਿਸ਼ਟੀ ਜਾਂਦੀ ਸੀ। ਦਿਨ ਸਮੇਂ ਰਾਹੇ-ਰਾਹ ਚਲਦੇ ਸਨ ਤੇ ਬਹੁਤ ਧੁੱਪ ਵੇਲੇ ਟਿਕਾਉ ਕਰਦੇ ਹਨ। ਫਿਰ ਉਥੇ ਰਾਤ ਨੂੰ ਵੀ ਠਹਿਰਦੇ ਹਨ ਤੇ ਵਿਸ਼ਰਾਮ ਕਰਦੇ ਹਨ॥੩॥

ਦਿਨਪ੍ਰਤਿ ਇਮ ਕਰਿ ਕੂਚ ਕੋ ਮਗ ਉਲੰਘਯੋ ਸਾਰਾ।
ਸ੍ਰੀ ਕੀਰਤਿਪੁਰਿ ਤੀਰ ਮਹਿਂ ਡੇਰਾ ਨਿਜ ਡਾਰਾ।
ਸ੍ਰੀ ਮੁਖ ਤੇ ਫੁਰਮਾਇਓ 'ਬਹੁ ਕਰਹੁ ਕਰਾਹੂ'।
ਉਤਰਿ ਕਰਯੋ ਇਸ਼ਨਾਨ ਕੋ ਨਿਰਮਲ ਜਲ ਮਾਂਹੂ॥ ੪॥

ਪ੍ਰਤੀ ਦਿਨ ਇਸ ਤਰ੍ਹਾਂ ਕੂਚ ਕਰਕੇ ਸਾਰਾ ਪੈਂਡਾ ਲੰਘ ਆਏ ਤੇ ਕੀਰਤਪੁਰ ਦੇ ਨੇੜੇ ਆਪਣਾ ਡੇਰਾ ਕੀਤਾ। ਗੁਰੂ ਜੀ ਨੇ ਫਿਰ ਆਪਣੇ ਮੁਖ ਤੋਂ ਫੁਰਮਾਇਆ, "ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਵਾਓ।" ਘੋੜੇ ਤੋਂ ਉੱਤਰ ਕੇ ਉਨ੍ਹਾਂ ਨਿਰਮਲ ਜਲ ਵਿਚ ਇਸ਼ਨਾਨ ਕੀਤਾ॥੪॥

ਬੰਧਿ ਸੀਸ ਉਸ਼ਨੀਕ ਕੋ ਪੁਨ ਜਿਗਾ ਸਜਾਈ।
ਕਲਗ਼ੀ ਧਰੀ ਉਤੰਗ ਬਰ ਝੂਲਤਿ ਛਬਿ ਪਾਈ।
ਅਭਿਰਾਮਾ ਜਾਮਾ ਪਹਿਰ ਕਸਿ ਕਟ ਸ਼ਮਸ਼ੇਰੰ।
ਭਾਥਾ ਗਰ, ਧਨੁ ਕਰ ਗਹੇ, ਬਨ ਕਰਿ ਸਮ ਸ਼ੇਰੰ॥ ੫॥

ਸੀਸ ਉੱਤੇ ਦਸਤਾਰ ਬੰਨ੍ਹ ਕੇ ਫਿਰ ਜਿਗਾ ਸਜਾਈ, ਫਿਰ ਉੱਚੀ ਕਲਗ਼ੀ ਲਾਈ ਜਿਸ ਨੇ ਝੂਲ ਕੇ ਸ਼ੋਭਾ ਪਾਈ। ਮਨੋਹਰ ਜਾਮਾ ਪਾ ਕੇ ਕਮਰਕੱਸਾ ਕੱਸ ਕੇ ਤਲਵਾਰ ਧਰ ਲਈ। ਤੀਰਾਂ ਦਾ ਭੱਥਾ ਗਲ ਵਿਚ ਪਾ ਲਿਆ, ਧਨੁੱਖ ਹੱਥ ਵਿਚ ਫੜ ਲਿਆ ਤੇ ਸ਼ੇਰ ਵਾਂਗ ਬਣ ਗਏ॥੫॥

ਗਏ ਪਿਤਾਮਾ ਥਾਨ ਕੋ ਭਟ ਸੰਗ ਮਹਾਨੇ।
ਕਰ ਜੋਰੀ ਕਰਿ ਬੰਦਨਾ ਅਰਦਾਸ ਬਖਾਨੇ।
ਬੈਠਿ ਲਗਾਇ ਦਿਵਾਨ ਕੋ ਦਰਸਤਿ ਬਰ ਬੀਰੰ।
ਆਇ ਰਬਾਬੀ ਗਾਨ ਕਰਿ ਧੁਨਿ ਰਾਗ ਗਹੀਰੰ॥ ੬॥

ਗੁਰੂ ਜੀ ਆਪਣੇ ਪਿਤਾਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਥਾਨ 'ਤੇ ਗਏ, ਨਾਲ ਮਹਾਨ ਸੂਰਬੀਰ ਵੀ ਸਨ। ਹੱਥ ਜੋੜ ਕੇ ਬੰਦਨਾ ਕਰਕੇ ਅਰਦਾਸ ਕੀਤੀ। ਦੀਵਾਨ ਲਾ ਕੇ ਬੈਠ ਗਏ ਤੇ ਸ੍ਰੇਸ਼ਟ ਸੂਰਬੀਰ ਦਰਸ਼ਨ ਕਰਦੇ ਸਨ। ਰਾਗੀ ਆ ਕੇ ਕੀਰਤਨ ਕਰਨ ਲੱਗੇ, ਵੱਡੇ ਰਾਗਾਂ ਦੀਆਂ ਧੁਨਾਂ ਕੱਢਦੇ ਸਨ॥੬॥

ਤਬਿ ਪੰਚਾਂਮ੍ਰਿਤ ਬ੍ਰਿੰਦ ਕੋ ਬਰਤਾਵਨ ਕੀਨਾ।
ਪੁਰਿ ਜਨ ਦਰਸਤਿ ਦੁਤਿ ਅਧਿਕ ਸਭਿਹਿਨਿ ਸੋ ਲੀਨਾ।
ਸੂਰਜ ਮੱਲ ਕੇ ਪੌਤ੍ਰ ਦੁਇ ਹੁਲਸਾਵਤਿ ਆਏ।
ਕਰਿ ਦਰਸ਼ਨ ਗੁਰ ਤਰਨਿ ਕੋ ਦ੍ਰਿਗ ਕਮਲ ਖਿਰਾਏ॥ ੭॥

ਤਦ ਕੜਾਹ ਪ੍ਰਸ਼ਾਦਿ ਸਭ ਨੂੰ ਵਰਤਾ ਦਿੱਤਾ। ਨਗਰ ਦੇ ਲੋਕਾਂ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਕੜਾਹ ਪ੍ਰਸ਼ਾਦਿ ਪ੍ਰਾਪਤ ਕੀਤਾ। ਸੂਰਜ ਮੱਲ ਦੇ ਦੋਵੇਂ ਪੋਤਰੇ ਪ੍ਰਸੰਨ ਹੋ ਕੇ ਆਏ, ਜਵਾਨ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਕੰਵਲ ਨੈਣ ਖਿੜ ਗਏ॥੭॥

ਕੁਸ਼ਲ ਪ੍ਰਸ਼ਨ ਕਰਿ ਦੁਹਨ ਕੋ ਸਨਮਾਨਿ ਬਿਠਾਏ।
'ਪ੍ਰਭੁ ਜੀ ਤੁਮਰੀ ਕ੍ਰਿਪਾ ਤੇ ਦਿਨ ਸੁਖੀ ਬਿਤਾਏ।
ਰਹੇ ਪ੍ਰਤੀਖਤਿ ਆਪ ਕੋ ਅਬਿ ਆਵਨ ਕੀਨੋ।
ਤੁਮ ਬਿਨ ਚਿਤ ਪਰਚਜੋ ਨਹੀਂ ਨਿਤ ਸਿਮਰਨ ਲੀਨੋ'॥ ੮॥

ਦੋਹਾਂ ਨੂੰ ਸੁਖ-ਸਾਂਦ ਪੁੱਛ ਕੇ ਬੜਾ ਸਨਮਾਨ ਦੇ ਕੇ ਪਾਸ ਬਿਠਾਇਆ। ਉਨ੍ਹਾਂ ਨੇ ਕਿਹਾ, "ਹੇ ਪ੍ਰਭੂ ਜੀ ਤੁਹਾਡੀ ਕਿਰਪਾ ਨਾਲ ਦਿਨ ਸੁਖੀ ਬਤੀਤ ਕੀਤੇ ਹਨ। ਆਪ ਜੀ ਦੀ ਇੰਤਜ਼ਾਰ ਕਰਦੇ ਰਹੇ ਹਾਂ, ਹੁਣ ਆਪ ਜੀ ਆਏ ਹੋ। ਤੁਹਾਡੇ ਬਗੈਰ ਸਾਡਾ ਦਿਲ ਨਹੀਂ ਲੱਗਦਾ ਹੈ, ਸਦਾ ਯਾਦ ਕਰਦੇ ਰਹਿੰਦੇ ਹਾਂ"॥੮॥

ਮੁਸਕਾਨੇ ਸ੍ਰੀ ਪ੍ਰਭੁ ਕਹਜੋ 'ਅਬਿ ਰਹੀਅਹਿ ਪਾਸਾ।
ਆਨੰਦਪੁਰਿ ਨਿਜ ਇਸਮ ਕੋ ਕਰਿਹੈਂ ਬਹੁ ਬਾਸਾ'।

ਸੰਧਜਾ ਲਖਿ ਰਹਿਰਾਸ ਕੌ ਪਠਿ ਸੁਨਿ ਤਿਸ ਕਾਲਾ।
ਥਾਨ ਪਿਤਾਮਹਿ ਕੋ ਨਮੋ ਕਰਿ ਪ੍ਰਕ੍ਰਮ ਕ੍ਰਿਪਾਲਾ॥ ੯॥

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਹੁਣ ਸਾਡੇ ਪਾਸ ਰਹੋ, ਅਨੰਦਪੁਰ ਆਪਣੇ ਸਥਾਨ ਵਿਖੇ ਹੁਣ ਵਾਸਾ ਕਰਾਂਗੇ।" ਉਸ ਸਮੇਂ ਸ਼ਾਮ ਹੋਈ ਵੇਖ ਕੇ ਰਹਿਰਾਸ ਦੇ ਪਾਠ ਨੂੰ ਸੁਣਿਆ। ਆਪਣੇ ਪਿਤਾਮੇ ਦੇਂ ਸਥਾਨ ਨੂੰ ਨਮਸਕਾਰ ਕਰਕੇ, ਕ੍ਰਿਪਾਲੂ ਗੁਰੂ ਜੀ ਨੇ ਪ੍ਰਕਰਮਾਂ ਕੀਤੀਆਂ॥ ੯॥

ਸਨੇ ਸਨੇ ਨਿਜ ਸਿਵਰ ਕਉ ਚਲਿ ਆਇ ਗੁਸਾਂਈਂ।
ਰਾਇ ਗੁਲਾਬ ਸ਼ਿਆਮ ਸਿੰਘ ਸੰਗ ਦੌਨਹੁੰ ਭਾਈ।
ਜਥਾ ਸ਼ਕਤਿ ਸੇਵਾ ਕਰੀ ਸਤਿਗੁਰ ਹਰਖਾਏ।
ਸੁਪਤਿ ਜਥਾ ਸੁਖ ਜਾਮਨੀ ਬਿਸ੍ਰਾਮ ਸੁ ਪਾਏ॥ ੧੦॥

ਹੌਲੀ-ਹੌਲੀ ਗੁਰੂ ਜੀ ਆਪਣੇ ਡੇਰੇ ਵਲ ਚਲ ਕੇ ਆ ਗਏ। ਗੁਲਾਬ ਰਾਇ ਅਤੇ ਸ਼ਿਆਮ ਸਿੰਘ ਦੋਵੇਂ ਭਰਾ ਨਾਲ ਸਨ। ਯਥਾ ਸ਼ਕਤੀ ਸੇਵਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕੀਤਾ, ਰਾਤ ਨੂੰ ਗੁਰੂ ਜੀ ਨੇ ਸੁਖ ਨਾਲ ਸੌਂ ਕੇ ਵਿਸ਼ਰਾਮ ਕੀਤਾ॥੧੦॥

ਬਡੀ ਪ੍ਰਾਤਿ ਉਠਿ ਕੈ ਪ੍ਰਭੁ ਕਰਿ ਸੌਚ ਸ਼ਨਾਨਾ।
ਬਜਜੋ ਦਮਾਮਾ ਕੂਚ ਕੋ ਜਨੁ ਘਨ ਗਰਜਾਨਾ।
ਚਢਿ ਮਤੰਗ ਪਰ ਸਤਿਗੁਰੂ ਪੁਰਿ ਚਹੈਂ ਪ੍ਰਵੇਸ਼ਾ।
ਸਾਯੁਧ ਜੋਧਾ ਹਯ ਚਢੇ ਚਲਿ ਸੰਗ ਅਸ਼ੇਸ਼ਾ॥ ੧੧॥

ਵੱਡੀ ਸਵੇਰ ਨੂੰ ਉੱਠ ਕੇ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ। ਰਣਜੀਤ ਨਗਾਰਾ ਫਿਰ ਇੰਝ ਗਰਜਿਆ ਮਾਨੋ ਬੱਦਲ ਗੱਜਿਆ ਹੋਵੇ, ਇੰਝ ਕੂਚ ਦਾ ਨਗਾਰਾ ਵੱਜਿਆ, ਹਾਥੀ ਉੱਤੇ ਚੜ੍ਹ ਕੇ ਗੁਰੂ ਜੀ ਨਗਰ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਸਨ। ਸ਼ਸਤਰਧਾਰੀ ਸਾਰੇ ਯੋਧੇ ਨਾਲ ਘੋੜਿਆਂ ਉੱਤੇ ਸਵਾਰ ਸਨ॥੧੧॥

ਸੁਧ ਅਨੰਦ ਪੁਰਿ ਕੌ ਗਈ 'ਪਹੁੰਚੇ ਪ੍ਰਭੁ ਆਈ'।
ਸੁਨਿ ਸੁਨਿ ਸਭਿ ਕੇ ਅਨੰਦ ਉਰ ਬਜਿ ਉਠੀ ਬਧਾਈ।
ਕਰੀ ਮਾਰਜਨ ਸਭਿ ਗਰੀ ਛਿਰਕਾਉ ਬਿਸਾਲਾ।
ਮੰਗਲ ਨਾਨਾ ਭਾਂਤਿ ਕੇ ਗੁੰਦਤਿ ਗਨ ਮਾਲਾ॥ ੧੨॥

ਗੁਰੂ ਜੀ ਦੇ ਆਉਣ ਦੀ ਖਬਰ ਅਨੰਦਪੁਰ ਪੁੱਜੀ, "ਗੁਰੂ ਜੀ ਪਹੁੰਚ ਰਹੇ ਹਨ"। ਸਾਰੇ ਸੁਣ-ਸੁਣ ਅਨੰਦ ਨਾਲ ਭਰ ਗਏ ਤੇ ਸਾਰੇ ਵਧਾਈ ਵੱਜ ਉੱਠੀ। ਸਭ ਗਲੀਆਂ ਵਿਚ ਝਾੜੂ ਕੀਤਾ ਤੇ ਵਿਸ਼ਾਲ ਛਿੜਕਾਅ ਹੋਇਆ। ਕਈ ਪ੍ਰਕਾਰ ਦੇ ਮੰਗਲ ਕਰਨ ਵਾਸਤੇ ਫੁੱਲਾਂ ਦੇ ਬਹੁਤ ਹਾਰ ਤਿਆਰ ਕੀਤੇ ਗਏ॥੧੨॥

ਹੋਤਿ ਹਜ਼ਾਰਨ ਕੋ ਅਧਿਕ ਪੰਚਾਂਮ੍ਰਿਤ ਰੂਰਾ।
ਨੌਮ ਗੁਰੂ ਕੇ ਦੇਹੁਰੇ ਨੌਬਤ ਬਜਿ ਤੂਰਾ।
ਨਿਕਸੇ ਨਰ ਸਮੁਦਾਇ ਹ੍ਵੈ ਲੇਵਨ ਹਿਤ ਆਗੇ।
ਲੇ ਲੇ ਰੁਚਿਰ ਅਕੋਰ ਕੌ ਦਰਸ਼ਨ ਅਨੁਰਾਗੇ॥ ੧੩॥

ਹਜ਼ਾਰ ਤੋਂ ਉੱਪਰ ਸੁੰਦਰ ਕੜਾਹ ਪ੍ਰਸ਼ਾਦਿ ਤਿਆਰ ਹੋਇਆ ਤੇ ਨੌਵੇਂ ਪਾਤਿਸ਼ਾਹ ਜੀ ਦੇ ਦੇਹੁਰੇ ਵਿਖੇ ਨੌਬਤ ਵੱਜ ਉੱਠੀ। ਹਜ਼ਾਰਾਂ ਮਨੁੱਖ ਗੁਰੂ ਜੀ ਨੂੰ ਲੈਣ ਵਾਸਤੇ ਬਾਹਰ ਨਿਕਲੇ ਤੇ ਸੁੰਦਰ ਉਪਹਾਰ ਲੈ ਲੈ ਕੇ ਦਰਸ਼ਨ ਕਰਕੇ ਪ੍ਰਸੰਨ ਹੁੰਦੇ

ਸਨ॥੧੩॥

ਦੇਖਿ ਦੂਰ ਆਗਵਨ ਕੋ ਦਲ ਸੰਗ ਬਿਸਾਲਾ।
ਬਿਸਮਤਿ ਵਧਜੋ ਪ੍ਰਤਾਪ ਬਹੁ ਜਨੁ ਬਡ ਮਹਿਪਾਲਾ।
ਬਾਜਤਿ ਆਵਤਿ ਧੁਨਿ ਬਡੀ ਰਣਜੀਤ ਨਗਾਰਾ।
ਤੁਪਕ ਤੜਾਕੇ ਛੁਟਤਿ ਹੈਂ ਉਰ ਹਰਖ ਉਦਾਰਾ॥ ੧੪॥

ਨਗਰ ਦੇ ਲੋਕਾਂ ਨੇ ਜਦ ਅੱਗੇ ਜਾ ਕੇ ਵੇਖਿਆ ਤਾਂ ਨਾਲ ਵੱਡੀ ਸੈਨਾ ਵਿਖਾਈ ਦਿੱਤੀ, ਵੇਖ ਕੇ ਬਹੁਤ ਹੈਰਾਨ ਹੋਏ ਕਿ ਵੱਡਾ ਪ੍ਰਤਾਪ ਵਧਿਆ ਹੈ, ਜਿਵੇਂ ਕੋਈ ਮਹਾਰਾਜਾ ਹੋਵੇ। ਰਣਜੀਤ ਨਗਾਰਾ ਬੜੀ ਉੱਚੀ ਧੁਨ ਤੇ ਵੱਜਦਾ ਆਉਂਦਾ ਸੀ। ਬੰਦੂਕਾਂ ਤਾੜ-ਤਾੜ ਚਲਦੀਆਂ ਸਨ, ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ॥੧੪॥

ਪੁਰਿ ਜਨ ਸਗਰੇ ਧਾਇ ਕਰਿ ਜੋਰਤਿ ਜੁਗ ਹਾਥਾ।
ਅਭਿਬੰਦਨ ਕੋ ਕਰਤਿ ਹੈਂ ਦਰਸਤਿ ਜਗਨਾਥਾ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ ਚਾਲੇ ਅਗਵਾਯਾ।
ਪ੍ਰਵਿਸ਼ੇ ਗੁਰੂ ਅਨੰਦ ਪੁਰਿ ਹੇਰਤਿ ਸਮੁਦਾਯਾ॥ ੧੫॥

ਨਗਰ ਦੇ ਸਾਰੇ ਲੋਕਾਂ ਨੇ ਭੱਜ ਕੇ ਦੋਵੇਂ ਹੱਥ ਜੋੜੇ ਤੇ ਜਗਤ ਦੇ ਮਾਲਕ ਦੇ ਦਰਸ਼ਨ ਕਰਕੇ ਬੰਦਨਾ ਕਰਦੇ ਹਨ। ਸਾਰਿਆਂ ਨੂੰ ਸੁਖਸਾਂਦ ਪੁੱਛ ਕੇ ਗੁਰੂ ਜੀ ਅੱਗੇ ਚੱਲ ਪਏ ਤੇ ਸਾਰਿਆਂ ਦੇ ਵੇਖਦਿਆਂ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ॥੧੫॥

ਉਤਰੇ ਸਤਿਗੁਰ ਪ੍ਰਥਮ ਹੀ ਪਦ ਕਮਲ ਪਯਾਨੇ।
ਨਵਮ ਗੁਰੂ ਕੇ ਦੇਹੁਰੇ ਅਭਿਬੰਦਨ ਠਾਨੇ।
ਕਰੀ ਪ੍ਰਦਛਨਾ ਚਤੁਰ ਫਿਰ ਅਰਦਾਸ ਕਰਾਈ।
ਪੰਚਾਂਮ੍ਰਿਤ ਆਯੋ ਅਧਿਕ ਗੁਰ ਦਿਯ ਵਰਤਾਈ॥ ੧੬॥

ਸਤਿਗੁਰੂ ਜੀ ਪਹਿਲਾਂ ਹੀ ਉੱਤਰ ਕੇ ਆਪਣੇ ਚਰਨ ਕੰਵਲਾਂ ਤੇ ਚਲ ਪਏ ਤੇ ਜਾ ਕੇ ਨੌਵੇਂ ਗੁਰੂ ਜੀ ਦੇ ਦੇਹੁਰੇ 'ਤੇ ਬੰਦਨਾ ਕੀਤੀ। ਚਾਰ ਪਰਿਕਰਮਾਂ ਕਰਕੇ ਫਿਰ ਅਰਦਾਸ ਕਰਵਾਈ। ਜਿਹੜਾ ਤਿਆਰ ਹੋਇਆ ਕੜਾਹ ਪ੍ਰਸ਼ਾਦਿ ਆਇਆ ਸੀ ਉਸ ਨੂੰ ਗੁਰੂ ਜੀ ਨੇ ਵਰਤਾ ਦਿੱਤਾ॥੧੬॥

ਪੁਨ ਪ੍ਰਵਿਸ਼ੇ ਨਿਜ ਸਦਨ ਮਹਿਂ ਧਰਿ ਸ਼ਸਤ੍ਰ ਉਤਾਰੇ।
ਕੰਚਨ ਕੇਰ ਪਲੰਘ ਪਰ ਬੈਠੇ ਸੁਖ ਸਾਰੇ।
ਮਹਿਲ ਆਇ ਚਰਨੀ ਲਗੇ ਦੋਨਹੁਂ ਤਿਸ ਕਾਲਾ।
ਕਰਿ ਦਰਸ਼ਨ ਕੋ ਹਰਖ ਉਰ ਕਹਿਂ ਬਿਨੈ ਬਿਸਾਲਾ॥ ੧੭॥

ਫਿਰ ਆਪਣੇ ਨਿਜੀ ਸਦਨ ਵਿਚ ਪ੍ਰਵੇਸ਼ ਕੀਤਾ ਤੇ ਸ਼ਸਤਰ ਉਤਾਰ ਦਿੱਤੇ। ਸੋਨੇ ਦੇ ਪਲੰਘ ਉੱਤੇ ਗੁਰੂ ਜੀ ਸੁੱਖ ਨਾਲ ਜਾ ਬੈਠੇ। ਗੁਰੂ ਜੀ ਦੀਆਂ ਦੋਵੇਂ ਸੁਪਤਨੀਆਂ ਉਸ ਸਮੇਂ ਆ ਕੇ ਗੁਰੂ ਜੀ ਦੇ ਚਰਨਾਂ ਨੂੰ ਲੱਗੀਆਂ। ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈਆਂ ਤੇ ਕਹਿ ਕੇ ਬਹੁਤ ਬੇਨਤੀ ਕੀਤੀ॥੧੭॥

'ਪ੍ਰਭੁ ਜੀ ! ਪੂਰਬ ਕਰਮ ਸ਼ੁਭ ਜਿਸਨੇ ਫਲ ਦੀਨਾ।
ਆਪ ਸੰਗ ਸੰਜੋਗ ਭਾ ਜਗ ਸਾਹਿਬ ਪੀਨਾ'।

ਕੁਸ਼ਲ ਪ੍ਰਸ਼ਨ ਸਤਿਗੁਰੂ ਕਰਿ ਧੀਰਜ ਤਬਿ ਦੈਕੈ।
ਮਾਤਾ ਗੁਜਰੀ ਕੋ ਮਿਲੇ ਬੰਦਨ ਪਗ ਕੈ ਕੈ॥ ੧੮॥

"ਪ੍ਰਭੂ ਜੀ ! ਪਿਛਲੇ ਜਨਮ ਵਿਚ ਅਸੀਂ ਸ਼ੁਭ ਕਰਮ ਕੀਤੇ ਹਨ, ਜਿਸ ਦਾ ਇਹ ਫਲ ਪ੍ਰਾਪਤ ਹੋਇਆ ਹੈ, ਜਗਤ ਦੇ ਸਾਹਿਬ ਨਾਲ ਸਾਡਾ ਵੱਡਾ ਸੰਜੋਗ ਹੋਇਆ ਹੈ।" ਸੁਖ-ਸਾਂਦ ਪੁੱਛ ਕੇ ਤੇ ਧੀਰਜ ਦੇ ਕੇ ਗੁਰੂ ਜੀ ਫਿਰ ਮਾਤਾ ਗੁਜਰੀ ਜੀ ਨੂੰ ਬੰਦਨਾ ਕਰਕੇ ਮਿਲੇ॥ ੧੮॥

ਧਨ ਥਾਤੀ ਕੋ ਵਾਰ ਕਰਿ ਸੂੰਘਤਿ ਬਡ ਭਾਲਾ।
ਦੇਖਿ ਪੁੱਤ੍ਰ ਕੇ ਬਦਨ ਕੋ ਉਰ ਅਨੰਦ ਬਿਸਾਲਾ।
ਆਸ਼ਿਖ ਦੇ ਬਹੁ ਮਾਧੁਰੀ 'ਹੋਵਹੁ ਸੁਤਵੰਤੇ।
ਵਧਹੁ ਪ੍ਰਤਾਪ ਸ ਕੀਰਤੀ ਸਾਗਰ ਪਰਯੰਤੇ'॥ ੧੯॥

ਮਾਤਾ ਜੀ ਨੇ ਧਨ ਦੀ ਥੈਲੀ ਵਾਰ ਕੇ, ਗੁਰੂ ਜੀ ਦੇ ਮੱਥੇ ਨੂੰ ਚੁੰਮਿਆ। ਪੁੱਤਰ ਦੇ ਚਿਹਰੇ ਨੂੰ ਵੇਖ ਕੇ ਵੱਡੇ ਅਨੰਦ ਨਾਲ ਭਰ ਗਈ। ਬਹੁਤ ਮਿੱਠੀ ਅਸੀਸ ਦੇ ਕੇ "ਪੁੱਤਾਂ ਵਾਲੇ ਹੋਵੋ। ਤੁਹਾਡਾ ਪ੍ਰਤਾਪ ਅਤੇ ਕੀਰਤੀ ਸਾਗਰਾਂ ਤਕ ਵਧੇ"॥ ੧੮॥

ਪੁਨ ਸਤਿਗੁਰ ਸ਼ੁਭ ਸਦਨ ਮਹਿਂ ਪ੍ਰਵਿਸ਼ੇ ਥਿਰ ਹੋਏ।
ਖਾਨ ਪਾਨ ਕਰਿ ਸ੍ਵਾਦ ਯੁਤਿ ਠਹਿਰੇ ਸਭਿ ਕੋਏ।
ਪਹਿਰ ਤੀਸਰੇ ਮਹਿਂ ਉਠੇ ਆਨੀ ਸਰਦਾਈ।
ਬਿਜੀਆ ਕੇ ਸੰਗ, ਛਕ ਲਈ ਚਿਤ ਅਨੰਦ ਉਪਾਈ॥ ੨੦॥

ਫਿਰ ਸਤਿਗੁਰੂ ਜੀ ਸ਼ੁਭ ਸਦਨ ਵਿਚ ਪ੍ਰਵੇਸ਼ ਕਰਕੇ ਸਥਿਰ ਹੋ ਗਏ, ਸਵਾਦ ਸਹਿਤ ਖਾ ਪੀ ਕੇ ਸਾਰੇ ਠਹਿਰ ਗਏ। ਗੁਰੂ ਜੀ ਤੀਸਰੇ ਪਹਿਰ ਉਠੇ ਤਾਂ ਸਰਦਾਈ ਆਈ, ਗੁਰੂ ਜੀ ਨੇ ਛੱਕ ਕੇ ਚਿੱਤ ਵਿਚ ਅਨੰਦ ਪਾਇਆ॥ ੨੦॥

ਸੌਚ ਸ਼ਨਾਨੇ ਕਰਿ ਤਬੈ ਸਜਿ ਬਸਤ੍ਰ ਬਨਾਏ।
ਪਾਇ ਗਰੇ ਸ਼ਮਸ਼ੇਰ ਕੌ ਸਮ ਸ਼ੇਰ ਸੁਹਾਏ।
ਆਏ ਸਭਾ ਸਥਾਨ ਮਹਿਂ ਮਾਨਵ ਸਮੁਦਾਏ।
ਸੀਸ ਹਜ਼ਾਰਹੁਂ ਨਿੰਮ੍ਰਿ ਹੁਇ ਜਿਤ ਕਿਤ ਚਹੁੰ ਘਾਏ॥ ੨੧॥

ਸੌਚ ਇਸ਼ਨਾਨ ਕਰਕੇ ਚੰਗੀ ਤਰ੍ਹਾਂ ਵਸਤਰ ਪਹਿਣ ਕੇ ਸੱਜ ਗਏ ਤੇ ਗਲ ਵਿਚ ਤਲਵਾਰ ਪਾ ਕੇ ਸ਼ੇਰ ਵਾਂਗ ਸ਼ੋਭਾ ਪਾਈ। ਫਿਰ ਸਭਾ ਵਾਲੇ ਸਥਾਨ ਤੇ ਆ ਗਏ ਜਿੱਥੇ ਮਨੁੱਖ ਇਕੱਠੇ ਹੋਏ ਸਨ। ਜਿੱਥੇ ਕਿੱਥੇ ਹਜ਼ਾਰਾਂ ਸਿਰ ਗੁਰੂ ਜੀ ਨੂੰ ਵੇਖ ਕੇ ਝੁਕ ਗਏ॥ ੨੧॥

ਥਿਰੇ ਸਿੰਘਾਸਨ ਸ਼੍ਰੀ ਪ੍ਰਭੂ ਪੁਨ ਲਗਯੋ ਦਿਵਾਨਾ।
ਸੁਭਟ ਸ਼ਸਤ੍ਰ ਕੇ ਸਹਿਤ ਗਨ ਬੈਠੇ ਤਹਿਂ ਆਨਾ।
ਦੇਸ਼ ਬਿਦੇਸ਼ਨ ਸੰਗਤਾਂ ਬਹੁ ਚਲ ਕਰਿ ਆਈ।
ਸੁਨਿ ਸੁਨਿ ਗੁਰ ਆਗਮਨ ਕੌ ਠਹਿਰੀ ਸਮੁਦਾਈ॥ ੨੨॥

ਗੁਰੂ ਜੀ ਸਿੰਘਾਸਣ 'ਤੇ ਬੈਠ ਗਏ ਤੇ ਫਿਰ ਦੀਵਾਨ ਲੱਗਾ। ਸੂਰਬੀਰ ਸ਼ਸਤਰਾਂ ਸਹਿਤ ਉਥੇ ਆ ਬੈਠੇ। ਦੇਸ਼ਾਂ ਵਿਦੇਸ਼ਾਂ ਦੀ ਬਹੁਤ ਸੰਗਤ ਚਲ ਕੇ ਆਈ। ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਸਾਰੇ ਠਹਿਰ ਗਏ॥ ੨੨॥

ਸੋ ਸਭਿ ਹੀ ਹਿਤ ਦਰਸ ਕੇ ਉਮਡੀ ਇਕਸਾਰੀ।
ਲੇ ਲੇ ਅਨਿਕ ਅਕੋਰ ਕੌ ਚਲਿ ਪਹੁੰਚਿ ਅਗਾਰੀ।
ਅਧਿਕ ਭੀਰ ਚਹੁੰ ਦਿਸ਼ਿ ਭਈ ਨਹਿਂ ਪ੍ਰਾਪਤਿ ਬਾਰੀ।
ਕਰ ਜੋਰਹਿਂ ਸਿਰ ਧਰ ਧਰਹਿਂ ਇਕ ਹ੍ਵੈਂ ਬਲਿਹਾਰੀ॥ ੨੩॥

ਸਾਰੇ ਦਰਸ਼ਨਾਂ ਵਾਸਤੇ ਇਕਸਾਰ ਉਮੜ ਪਏ, ਅਨੇਕਾਂ ਉਪਹਾਰ ਲੈ ਲੈ ਕੇ ਅੱਗੇ ਆ ਪਹੁੰਚੇ। ਚਾਰੇ ਪਾਸੇ ਬਹੁਤ ਭੀੜ ਹੋ ਗਈ, ਦਰਸ਼ਨ ਕਰਨ ਦੀ ਵਾਰੀ ਪ੍ਰਾਪਤ ਨਹੀਂ ਸੀ ਹੁੰਦੀ। ਹੱਥ ਜੋੜਦੇ ਸਨ, ਧਰਤੀ ਉੱਤੇ ਸਿਰ ਧਰਦੇ ਸਨ ਤੇ ਕਈ ਬਲਿਹਾਰੀ ਜਾਂਦੇ ਸਨ॥੨੩॥

ਅੰਬਰ ਪਸ਼ਮੰਬਰ ਘਨੇ ਪਾਟੰਬਰ ਨਾਨਾ।
ਸੈਫ ਸਰੋਹੀ ਸ਼ਕਤਿ ਖਰ ਗਨ ਬਾਨ ਕਮਾਨਾ।
ਸੁਵਰਨ ਕੇ ਭੂਖਨ ਰੁਚਿਰ ਬਿਚ ਜਰੇ ਜਰਾਊ।
ਸਤਿਗੁਰ ਹਿਤ ਪਹਿਰਾਇਬੇ ਆਨੇ ਸਮੁਦਾਊ॥ ੨੪॥

ਪਸ਼ਮੀਨੇ ਅਤੇ ਰੇਸ਼ਮ ਦੇ ਬਹੁਤ ਕੱਪੜੇ ਅਰਪਣ ਕਰਦੇ ਸਨ। ਸੈਫ ਸਰੋਹੀ ਤਲਵਾਰਾਂ ਤੇ ਬਹੁਤ ਤਿੱਖੇ ਤੀਰ ਅਤੇ ਕਮਾਨਾਂ ਭੇਟ ਕਰਦੇ ਸਨ। ਸੋਨੇ ਦੇ ਸੁੰਦਰ ਗਹਿਣੇ ਜੜਾਊ ਜੜੇ ਹੋਏ ਦਿੰਦੇ ਸਨ। ਸਤਿਗੁਰੂ ਜੀ ਨੂੰ ਪਹਿਣਾਉਣ ਵਾਸਤੇ ਸਾਰੇ ਲਿਆਉਂਦੇ ਸਨ॥੨੪॥

ਅੱਗ੍ਰ ਮੇਵਰੋ ਕਰਤਿ ਹੈ ਸਭਿਹਿਨਿ ਅਰਦਾਸੇ।
ਕਮਲ ਬਿਲੋਚਨ ਚਪਲ ਤੇ ਦੇਖਤਿ ਨਿਜ ਦਾਸੇ।
ਏਕ ਕਹੈਂ ਮੁਖ ਕਾਮਨਾ ਇਕ ਉਰ ਮਹਿਂ ਧਾਰੈਂ।
ਘਟ ਘਟ ਕੇ ਮਾਲਿਕ ਪ੍ਰਭੂ ਸਗਰੀ ਨਿਰਧਾਰੈਂ॥ ੨੫॥

ਅੱਗੇ ਖਲੋਤਾ ਮੇਵੜਾ ਸਭ ਦੀਆਂ ਅਰਦਾਸਾਂ ਕਰਦਾ ਸੀ। ਚੰਚਲ ਕੰਵਲ ਨੈਣਾਂ ਨਾਲ ਆਪਣੇ ਦਾਸਾਂ ਨੂੰ ਵੇਖਦੇ ਸਨ। ਕਈ ਮੁਖ ਤੋਂ ਕਾਮਨਾ ਕਹਿੰਦੇ ਸਨ, ਕਈ ਹਿਰਦੇ ਵਿਚ ਹੀ ਧਾਰਨ ਕਰਦੇ ਸਨ। ਘੱਟ ਘੱਟ ਦੀਆਂ ਜਾਣਨ ਵਾਲੇ ਪ੍ਰਭੂ ਜੀ ਸਾਰੀ ਗੱਲ ਨਿਰਧਾਰ ਲੈਂਦੇ ਸਨ॥੨੫॥

ਪੁਰਵਹਿਂ ਕਰਤਿ ਸੰਭਾਰਨਾ ਨਰ ਲਾਖਹੁਂ ਕੇਰੀ।
ਲਗਯੋ ਅੰਬਾਰ ਅਕੋਰ ਕੋ ਗਨ ਮੋਲ ਘਨੇਰੀ।
ਭਯੋ ਦਰਬ ਗੁਰ ਅੱਗ੍ਰ ਬਹੁ ਆਯੁਧ ਅਰੁ ਚੀਰੰ।
ਧਰਿ ਧਰਿ ਇਕ ਟਕ ਦਰਸ਼ਤੇ ਚਹੁਂ ਦਿਸ਼ਿ ਬਹੁ ਭੀਰੰ॥ ੨੬॥

ਗੁਰੂ ਜੀ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਲੱਖਾਂ ਲੋਕਾਂ ਦੀ ਸੰਭਾਲ ਕਰਦੇ ਸਨ। ਉਪਹਾਰਾਂ ਦਾ ਅੱਗੇ ਅੰਬਾਰ ਲੱਗ ਗਿਆ ਜਿਨ੍ਹਾਂ ਦੀ ਕੀਮਤ ਬਹੁਤ ਵੱਡੀ ਸੀ। ਗੁਰੂ ਜੀ ਦੇ ਅੱਗੇ ਬਹੁਤ ਧਨ ਪਿਆ ਸੀ ਅਤੇ ਬਹੁਤ ਸ਼ਸਤਰ ਅਤੇ ਕੱਪੜੇ ਵੀ ਆਏ ਸਨ। ਚਾਰੇ ਪਾਸੇ ਬਹੁਤ ਵੱਡੀ ਖੜੀ ਭੀੜ ਗੁਰੂ ਜੀ ਦੇ ਉੱਪਰ ਨਿਗਾਹ ਟਿਕਾ ਕੇ ਦਰਸ਼ਨ ਕਰਦੀ ਸੀ॥੨੬॥

ਤਰੁਨ ਅਵਸਥਾ ਤਨ ਦਿਪਹਿ ਸੁੰਦਰਤਾ ਧਾਰੈਂ।
ਕੋ ਕਵਿ ਉਪਮਾ ਕਹਿ ਸਕਹਿ ਨਹਿਂ ਪਾਵਤਿ ਪਾਰੈ।

ਨਰ ਨਾਰੀ ਬਿਸਮੇ ਰਹਿਤ ਨਹਿਂ ਲੋਚਨ ਫੇਰੈਂ।
ਬਦਨ ਪ੍ਰਫੁੱਲਜਤ ਕਮਲ ਪਰ ਅਲਿ ਭ੍ਰਮਹਿਂ ਘਨੇਰੈਂ॥ ੨੭॥

ਜਵਾਨ ਅਵਸਥਾ ਸੀ, ਸਰੀਰ ਚਮਕਦਾ ਸੀ ਤੇ ਵੱਡੀ ਸੁੰਦਰਤਾ ਧਾਰਨ ਕੀਤੀ ਸੀ। ਕੋਈ ਕਵੀ ਉਪਮਾ ਨਹੀਂ ਕਹਿ ਸਕਦਾ ਹੈ, ਕਿਉਂਕਿ ਉਨ੍ਹਾਂ ਦਾ ਪਾਰ ਨਹੀਂ ਪਾਇਆ ਜਾ ਸਕਦਾ ਹੈ। ਇਸਤਰੀਆਂ ਪੁਰਸ਼ ਹੈਰਾਨ ਰਹਿੰਦੇ ਸਨ ਤੇ ਅੱਖਾਂ ਨੂੰ ਫੇਰਦੇ ਨਹੀਂ ਸਨ। ਕੰਵਲ ਮੁਖ ਖਿੜਿਆ ਹੋਇਆ ਸੀ ਜਿਸ ਉੱਤੇ ਸਿੱਖਾਂ ਰੂਪੀ ਬਹੁਤ ਭੌਰੇ ਭੌਂ ਰਹੇ ਸਨ॥ ੨੭॥

ਵਿਸਤ੍ਰਿਤ ਪੰਕਜ ਪੱਤ੍ਰ ਸਮ ਆਰੁਨਤਾ ਡੋਰੇ।
ਚਪਲ ਬਿਲੋਚਨ ਚਤੁਰਤਾ ਚਿਤਵਤਿ ਚਿਤ ਚੋਰੇ।
ਲਾਜ ਜਹਾਜ ਬਿਰਾਜਤੇ ਕਰੁਨਾ ਰਸ ਸਾਨੇ।
ਪੈਨੀ ਅਨੀ ਕਟਾਰ ਸੇ ਝਖ ਸਮ ਪਲਟਾਨੇ॥ ੨੮॥

ਕੰਵਲ ਦੇ ਚੌੜੇ ਪੱਤਿਆਂ ਵਾਂਗ ਲਾਲੀ ਵਾਲੇ ਅੱਖਾਂ ਦੇ ਕੋਨੇ ਹਨ। ਚੰਚਲ ਨੈਣ ਵੇਖਦਿਆਂ ਹੀ ਚਿੱਤ ਚੁਰਾ ਲੈਂਦੇ ਹਨ। ਨੈਣ ਕਿਰਪਾ ਰਸ ਸਹਿਤ ਲੱਜਾ ਦੇ ਜਹਾਜ਼ ਹਨ। ਨੈਣ ਕਟਾਰ ਦੀ ਤਿੱਖੀ ਅਣੀ ਵਾਂਗ ਮੋਹ ਕੱਟਣਹਾਰੇ ਤੇ ਮੱਛੀ ਵਾਂਗ ਚੰਚਲ ਹਨ॥ ੨੮॥

ਜਰੇ ਜਵਾਹਰ ਜਿਗਾ ਮਹਿਂ ਜ਼ਾਹਿਰ ਝਮਕੰਤੇ।
ਕਲਗ਼ੀ ਝੂਲਤਿ ਡੋਲਤੇ ਮੁਕਤਾ ਲਰਕੰਤੇ।
ਮੁਖ ਮੰਡਲ ਕੇ ਦੁਇ ਦਿਸ਼ਾ ਕੁੰਡਲ ਰਤਨੇਤੇ।
ਮਾਰਤੰਡ ਜੁਗ ਮਹਿਂ ਸਸੀ ਸ਼ੋਭਾ ਅਸ ਹੋਤੇ॥ ੨੯॥

ਜਿਗਾ ਵਿਚ ਜੜੇ ਹੋਏ ਜਵਾਹਰ ਜ਼ਾਹਰਾ ਤੌਰ ਤੇ ਚਮਕਦੇ ਹਨ, ਕਲਗੀ ਡੋਲਦੀ ਝੂਲਦੀ ਹੈ, ਜਿਸ ਨਾਲ ਮੋਤੀ ਲਟਕ ਰਹੇ ਹਨ। ਮੁਖ ਮੰਡਲ ਦੇ ਦੋਵੀਂ ਪਾਸੀਂ ਰਤਨਾਂ ਵਾਲੇ ਕੁੰਡਲ ਲਮਕਦੇ ਹਨ। ਦੋ ਕੁੰਡਲਾਂ ਰੂਪੀ ਦੋ ਸੂਰਜਾਂ ਵਿਚ ਮਾਨੋ ਚੰਦ੍ਰਮਾ ਰੂਪੀ ਮੁਖ ਹੈ, ਐਸੀ ਸ਼ੋਭਾ ਪਾ ਰਿਹਾ ਹੈ॥ ੨੯॥

ਸਿੱਖਨ ਕੇ ਦ੍ਰਿਗ ਇਮ ਲਗੇ ਜਨੁ ਪਿਖਹਿਂ ਚਕੋਰਾ।
ਚਹੂੰ ਓਰ ਘੇਰਤਿ ਰਹਤਿ ਨਹਿਂ ਚਹਤਿ ਬਿਛੋਰਾ।
ਮੁਕਤਾ ਮਾਲ ਬਿਸਾਲ ਗਰ ਲੌਲਕ ਲਟਕੰਤੀ।
ਹੀਰੇ ਚੀਰ ਚਕੋਰ ਰਚਿ ਦੁਤਿ ਅਤਿ ਦਮਕੰਤੀ॥ ੩੦॥

ਸਾਰੇ ਸਿੱਖਾਂ ਦੇ ਨੈਣ ਗੁਰੂ ਜੀ ਦੇ ਮੁਖ ਤੇ ਇੰਝ ਲੱਗੇ ਹਨ, ਮਾਨੋ ਚਕੋਰਾਂ ਵੇਖ ਰਹੀਆਂ ਹਨ। ਚਾਰੇ ਪਾਸੀਂ ਘੇਰੀ ਰੱਖਦੇ ਹਨ, ਵਿਛੜਨਾ ਨਹੀਂ ਚਾਹੁੰਦੇ ਹਨ। ਵਿਸ਼ਾਲ ਮੋਤੀਆਂ ਦੀ ਮਾਲਾ ਤੇ ਲਟਕਣ ਗਲ ਵਿਚ ਲਮਕਦੀ ਹੈ। ਹੀਰੇ ਚਕੋਰ ਚੀਰ ਕੇ ਉਸ ਵਿਚ ਲਾਏ ਹਨ, ਜਿਨ੍ਹਾਂ ਕਰਕੇ ਆਭਾ ਬਹੁਤ ਚਮਕਦੀ ਹੈ॥ ੩੦॥

ਭੁਜਾ ਪ੍ਰਲੰਬਨ ਕੇ ਬਿਖੈ ਨਵਰਤਨੇ ਪਾਏ।
ਜਨੁ ਮਹਿ ਪਰ ਨਵ ਗ੍ਰਹਿ ਉਤਰਿ ਸੇਵਤਿ ਚਿਤ ਲਾਏ।
ਸ਼ੱਤ੍ਰੂ ਬਿਲੋਕਤਿ ਕਾਲ ਸਮ ਜਾਨਹਿਂ ਲੇ ਪ੍ਰਾਨਾ।
ਦੇਵ ਤਰੋਵਰ ਕੋ ਲਖਹਿਂ ਜਨ ਕਾਮਨਵਾਨਾ॥ ੩੧॥

ਬਾਹਾਂ ਦੇ ਡੌਲਿਆਂ ਉੱਤੇ ਨੌਂ-ਰਤਨਾਂ ਵਾਲੇ ਬਹੁੱਟੇ ਪਾਏ ਹਨ। ਮਾਨੋ ਪ੍ਰਿਥਵੀ ਤੇ ਨੌਂ ਗ੍ਰਹਿਆਂ ਨੇ ਉੱਤਰ ਕੇ ਗੁਰੂ ਜੀ ਦੀ ਸੇਵਾ ਵਿਚ ਚਿੱਤ ਲਾਇਆ ਹੈ। ਵੈਰੀ ਵੇਖ ਕੇ ਮੌਤ ਸਮਾਨ ਜਾਣਦੇ ਹਨ ਕਿ ਹੁਣੇ ਹੀ ਪ੍ਰਾਣ ਲੈ ਲੈਣਗੇ। ਕਾਮਨਾ ਵਾਲੇ ਸੇਵਕ ਦੇਵਤਿਆਂ ਦੇ ਕਲਪ ਬ੍ਰਿਛ ਵਾਂਗ ਜਾਣਦੇ ਹਨ॥੩੧॥

ਗਜਾਨੀ ਲਖਹਿਂ ਪ੍ਰਮਾਤਮਾ ਬਾਂਛਿਤ ਤਨ ਧਾਰਾ।
ਨਿਸ਼ਚੇ ਭਗਤਨਿ ਕੇ ਰਿਦੈ ਬਿਸ਼ਨੂੰ ਅਵਤਾਰਾ।
ਸ੍ਰੀ ਨਾਨਕ ਕੋ ਤਨ ਦਸਮ ਸਿੱਖਨ ਮਨ ਜਾਨਾ।
ਪ੍ਰਜਾ ਲਖਹਿ ਰਾਜਾ ਮਹਾਂ ਪਾਲਹਿ ਬਿਧਿ ਨਾਨਾ॥ ੩੨॥

ਗਿਆਨੀ ਸਮਝਦੇ ਹਨ ਕਿ ਪ੍ਰਮਾਤਮਾ ਨੇ ਸਵੈ-ਇੱਛਾ ਧਾਰ ਕੇ ਤਨ ਧਾਰਿਆ ਹੈ। ਨਿਸ਼ਚੇ ਰੂਪ ਵਿਚ ਭਗਤਾਂ ਦੇ ਮਨ ਵਿਚ ਉਹ ਵਿਸ਼ਨੂੰ ਅਵਤਾਰ ਹਨ। ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਦਾ ਦਸਵਾਂ ਸਰੀਰ ਜਾਣਿਆ ਹੈ। ਪਰਜਾ ਉਨ੍ਹਾਂ ਨੂੰ ਮਹਾਰਾਜਾ ਸਮਝਦੀ ਹੈ, ਜਿਹੜੇ ਕਈ ਵਿੱਧੀਆਂ ਨਾਲ ਪਾਲਨਾ ਕਰਦੇ ਹਨ॥੩੨॥

ਸੰਧਜਾ ਲਗਿ ਥਿਰਿ ਸਭਾ ਮਹਿਂ ਦਰਸ਼ਨ ਕੌ ਦੀਨਾ।
ਪੂਰੀ ਕਾਮਨਾ ਸਭਿਨਿ ਕੀ ਦੁਖ ਦਾਰਿਦ ਹੀਨਾ।
ਸਿੰਘ ਪਵਰ ਉਠਿ ਕਰਿ ਚਲੇ ਸਭਿ ਬੰਦਨ ਠਾਨੀ।
ਪ੍ਰਵਿਸ਼ਹਿਂ ਸੁੰਦਰ ਸਦਨ ਮਹਿਂ ਸਤਿਗੁਰ ਗੁਨ ਖਾਨੀ॥ ੩੩॥

ਸ਼ਾਮ ਤਕ ਸਭਾ ਵਿਚ ਬੈਠ ਕੇ ਦਰਸ਼ਨ ਦਿੱਤੇ। ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ ਤੇ ਉਨ੍ਹਾਂ ਦਾ ਦੁਖ ਅਤੇ ਗਰੀਬੀ ਦੂਰ ਕੀਤੀ। ਫਿਰ ਮੁੱਖ ਦਰਵਾਜ਼ੇ ਵਲ ਉਠ ਕੇ ਚਲ ਪਏ, ਸਾਰਿਆਂ ਨੇ ਬੰਦਨਾ ਕੀਤੀ। ਆਪਣੇ ਸੁੰਦਰ ਘਰ ਅੰਦਰ ਗੁਣਾਂ ਦੀ ਖਾਣ ਸਤਿਗੁਰੂ ਜੀ ਪ੍ਰਵੇਸ਼ ਕਰ ਗਏ॥੩੩॥

*ਦੂਸਰੀ ਰੁੱਤ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

## ਅਧਿਆਇ ਛੱਤੀਵਾਂ

### ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ

ਦੋਹਰਾ- ਸੁਧਿ ਪਸਰੀ ਪੁਰਿ ਗ੍ਰਾਮ ਮਹਿਂ ਗੁਰ ਆਨੰਦਪੁਰਿ ਆਇ।
ਸ਼ਤ੍ਰੂਨਿ ਕੇ ਚਿੰਤਾ ਬਧੀ, ਸਿੱਖਨ ਸੁਨਿ ਸੁਖ ਪਾਇ॥ ੧॥

ਸਾਰੇ ਪਿੰਡਾਂ ਸ਼ਹਿਰਾਂ ਵਿਚ ਇਹ ਖਬਰ ਫੈਲ ਗਈ ਕਿ ਸਤਿਗੁਰੂ ਜੀ ਅਨੰਦਪੁਰ ਆ ਗਏ ਹਨ। ਵੈਰੀਆਂ ਦੀ ਚਿੰਤਾ ਵਧੀ, ਸਿੱਖਾਂ ਨੇ ਸੁਣ ਕੇ ਸੁਖ ਪਾਇਆ॥੧॥

ਸੈਯਾ- ਆਨ ਬਸੇ ਕਹਿਲੂਰ ਸੁ ਦੇਸ਼ ਅਸ਼ੇਸ਼ ਜਹਾਂ ਸੁਖ ਪੂਰ ਬਿਸਾਲਾ।
ਸਤੱਦ੍ਰਵ ਕੀ ਸਰਿਤਾ ਬਰ ਕੂਲ ਸੁ ਨੀਰ ਗਹੀਰ ਸਦਾ ਜਿਸ ਚਾਲਾ।

ਸੈਲ ਉਤੰਗ ਦਿਸ਼ਾ ਦੁਸਰੀ ਕਰਿਬੇ ਹਿਤ ਸੈਲ ਮਹਾਂ ਛਬਿ ਵਾਲਾ।
ਚੰਡ ਪ੍ਰਚੰਡ ਕੋ ਨੈਨ ਸਖੰਡਲ ਦੀਨ ਅਖੰਡਲ ਕੋ ਸੁਰ ਸਾਲਾ॥ ੨॥

ਕਹਿਲੂਰ ਦੇ ਦੇਸ਼ ਵਿਚ ਆ ਵਸੇ, ਜਿਹੜਾ ਸਾਰਾ ਸ੍ਰੇਸ਼ਟ ਦੇਸ਼ ਹੈ ਤੇ ਜਿੱਥੇ ਵਿਸ਼ਾਲ ਸੁੰਦਰ ਸੁਖ ਪ੍ਰਾਪਤ ਹੈ। ਜਿੱਥੇ ਸਤਲੁਜ ਨਦੀ ਦੇ ਕਿਨਾਰੇ ਸਦਾ ਬੜਾ ਡੂੰਘਾ ਜਲ ਚਲਦਾ ਹੈ। ਦੂਸਰੇ ਪਾਸੇ ਉੱਚੇ ਪਹਾੜ ਹਨ ਜਿਹੜਾ ਸੈਰ ਕਰਨ ਵਾਸਤੇ ਮਹਾਂ ਛਵੀ ਵਾਲਾ ਹੈ। ਜਿਸ ਚੰਡਿਕਾ ਨੇ ਇੰਦਰ ਦੇਵਤੇ ਨੂੰ ਸਵਰਗ ਦਿੱਤਾ ਸੀ ਉਸ ਤੇਜ ਵਾਲੀ ਚੰਡਿਕਾ ਦੇ ਨੈਣਾਂ ਦਾ ਏਥੇ ਵੱਡਾ ਟਿੱਲਾ ਹੈ॥੨॥

ਕੀਰਤਿ ਕੌ ਬਿਸਤੀਰਤਿ ਹੈਂ ਗਨ 'ਸੈਲ ਪਤੀ ਸਭਿ ਜੀਤ ਲਏ'।
ਲੋਕ ਬਸਾਵਤਿ ਹੈਂ ਪੁਰਿ ਆਨੰਦ ਦਾਨ ਕੋ ਦੇਤਿ ਹੈਂ ਮਾਨ ਕਏ।
ਜੋ ਗੁਨਵੰਤਿ ਉਚਾਰਤਿ ਹੈਂ ਜਸੁ ਬਾਂਛਤਿ ਸੋ ਧਨ ਲੇਤਿ ਭਏ।
ਦੂਰ ਤੇ ਆਵਤਿ ਛੰਦ ਸੁਨਾਵਤਿ ਪਾਵਤਿ ਦਰਬ ਦਰਿੱਦ੍ਰ ਹਏ॥ ੩॥

ਸਾਰੇ ਕੀਰਤੀ ਦਾ ਵਿਸਤਾਰ ਕਰਦੇ ਹਨ, ਕਹਿੰਦੇ ਸਨ, "ਸਾਰੇ ਪਹਾੜੀ ਰਾਜੇ ਜਿੱਤ ਲਏ ਹਨ।" ਅਨੰਦਪੁਰ ਵਿਚ ਲੋਕਾਂ ਨੂੰ ਵਸਾਉਂਦੇ ਹਨ ਤੇ ਮਾਣ ਕਰਕੇ ਦਾਨ ਦਿੰਦੇ ਹਨ। ਜਿਹੜੇ ਗੁਣਵਾਣ ਜੱਸ ਉਚਾਰਨ ਕਰਦੇ ਹਨ, ਉਹ ਮੂੰਹ ਮੰਗਿਆ ਧਨ ਪ੍ਰਾਪਤ ਕਰਦੇ ਹਨ। ਦੂਰ ਤੋਂ ਆ ਕੇ ਛੰਦ ਸੁਣਾਉਂਦੇ ਹਨ ਤੇ ਧਨ ਪ੍ਰਾਪਤ ਕਰਕੇ ਆਪਣੀ ਗ਼ਰੀਬੀ ਦੂਰ ਕਰਦੇ ਹਨ॥੩॥

ਭੀਰ ਅਨੇਕ ਘਨੀ ਪੁਰਿ ਆਨੰਦ ਆਨਿ ਦੁਕਾਨ ਕਰੇ ਬਿਵਹਾਰਾ।
ਅੰਬਰ ਲੇ ਪਸ਼ਮੰਬਰ ਕੋ ਗਨ ਬ੍ਰਿੰਦ ਪਟੰਬਰ ਕੇਰਿ ਅੰਬਾਰਾ।
ਬੈਠਿ ਸਰਾਫ ਸੁ ਥਾਤਨਿ ਲੈ, ਰਜਤੰ ਗਨ ਕੰਚਨ ਕੀਨਿ ਵਪਾਰਾ।
ਭੂਖਨ ਬ੍ਰਿੰਦ ਧਰੇ ਤਨ ਮੈਂ ਪਹਿਰੇ ਬਰ ਚੀਰ ਬਸਜੋ ਪੁਰਿ ਸਾਰਾ॥ ੪॥

ਅਨੰਦਪੁਰ ਵਿਚ ਵੱਡੀ ਭੀੜ ਹੋ ਗਈ, ਬਾਣੀਏ ਆਪਣੀਆਂ ਦੁਕਾਨਾਂ ਤੇ ਕਾਰ-ਵਿਹਾਰ ਕਰਦੇ ਸਨ। ਪਸ਼ਮੀਨੇ (ਨਰਮ ਉੱਨ) ਰੇਸ਼ਮੀ ਅਤੇ ਸੂਤੀ ਕੱਪੜਿਆਂ ਦੇ ਢੇਰ ਲੱਗ ਗਏ। ਸਰਾਫ ਬੈਠ ਕੇ ਥੈਲੀਆਂ ਲੈ ਕੇ ਸੋਨੇ ਚਾਂਦੀ ਦੇ ਗਹਿਣੇ ਬਣਾ ਕੇ ਵਪਾਰ ਕਰਦੇ ਸਨ। ਬਹੁਤ ਗਹਿਣੇ ਅਤੇ ਸ੍ਰੇਸ਼ਟ ਕੱਪੜੇ ਪਹਿਨ ਕੇ ਸਾਰਾ ਅਨੰਦਪੁਰ ਸ਼ਹਿਰ ਵੱਸ ਰਿਹਾ ਸੀ॥੪॥

ਸ਼੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿਂ ਕੀਨਿ ਕਿਲਾ ਚਿਨਵਾਵਨਿ ਕੋ।
ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ ਆਵਤਿ ਸ਼ੱਤ੍ਰਨ ਘਾਵਨ ਕੋ।
ਕੋਟ ਮਹਾਂ ਦ੍ਰਿੜ੍ਹ ਪਾਹਨ ਕੋ ਕਰਿ ਬੀਚ ਭਲੇ ਲਰਵਾਵਨ ਕੋ।
ਸਿੰਘ ਸੁ ਪੌਰ ਰਚਜੋ ਉੱਚ ਠੌਰਹਿ ਚੌਰ ਬਿਸਾਲ ਸੁਹਾਵਨ ਕੋ॥ ੫॥

ਸਤਿਗੁਰੂ ਜੀ ਨੇ ਨਿਤ ਹਿਰਦੇ ਵਿਚ ਵਿਚਾਰ ਕੇ ਅਨੰਦਪੁਰ ਵਿਚ ਇਕ ਕਿਲ੍ਹੇ ਦੀ ਉਸਾਰੀ ਕਰਵਾਈ। ਵੈਰੀ ਵਾਸਤੇ ਬਹੁਤ ਮੋਰਚੇ ਬਣਾਏ ਜਿਹੜੇ ਆਉਂਦੇ ਵੈਰੀ ਨੂੰ ਮਾਰਨ ਲਈ ਕਾਫੀ ਸਨ। ਪੱਥਰਾਂ ਦਾ ਮਹਾਨ ਪੱਕਾ ਕਿਲ੍ਹਾ ਉਸਾਰਿਆ, ਜਿਸ ਵਿਚ ਰਹਿ ਕੇ ਭਲੀ ਪ੍ਰਕਾਰ ਲੜਿਆ ਜਾ ਸਕਦਾ ਸੀ। ਸ਼ਾਹੀ ਦਰਵਾਜ਼ਾ ਬੜਾ ਉੱਚਾ ਅਤੇ ਚੌੜਾ ਬਣਾਇਆ ਜਿਹੜਾ ਬੜਾ ਸ਼ੋਭ ਰਿਹਾ ਸੀ॥੫॥

ਬੀਰ ਫਿਰੈਂ ਬਡ ਬਾਹਨਿ ਕੌ ਥਲ ਬਾਹਨ, ਬ੍ਰਿੰਦ ਤੁਰੰਗ ਤਬੇਲੇ।
ਆਯੁਧ ਸੁੰਦਰ ਕੌ ਕਰ ਧਾਰਤਿ ਪੋਸ਼ਿਸ਼ ਸੂਖਮ ਅੰਗਨਿ ਮੇਲੇ।

ਜ਼ੀਨ ਜ਼ਰੀ ਬ੍ਰਰ ਜ਼ੇਬ ਜਗਾਮਗ, ਜੋ ਭਟ ਆਇਂ ਤੌ ਰਾਖਿ ਸੁਹੇਲੇ।
ਸੈਨ ਬ੍ਰਿਧਾਵਤਿ ਸੰਘਰ ਪਾਵਤਿ ਬੋਲਤਿ ਹੈਂ ਉਤਸਾਹਿਨਿ 'ਲੇ ਲੇ' ॥ ੬ ॥

ਜਿੱਥੇ ਵੱਡੀਆਂ ਫੌਜਾਂ ਵਾਲੇ ਤੇ ਬਲਵਾਨ ਬਾਹਾਂ ਵਾਲੇ ਸੂਰਬੀਰ ਫਿਰਨ ਤੇ ਘੋੜਿਆਂ ਵਾਸਤੇ ਓਥੇ ਬਹੁਤ ਤਬੇਲੇ ਤਿਆਰ ਕੀਤੇ। ਸੁੰਦਰ ਸ਼ਸਤਰ ਆਪਣੇ ਅੰਗਾਂ 'ਤੇ ਧਾਰਨ ਕਰਦੇ ਹਨ ਤੇ ਸੁੰਦਰ ਪੋਸ਼ਾਕੇ ਆਪਣੇ ਸਰੀਰ 'ਤੇ ਪਹਿਣਦੇ ਹਨ। ਸ੍ਰੇਸ਼ਟ ਜ਼ਰੀ ਦੀਆਂ ਕਾਠੀਆਂ ਨਾਲ ਜਿਨ੍ਹਾਂ ਦੀ ਸ਼ੋਭਾ ਜਗਮਗਾਉਂਦੀ ਹੈ। ਜਿਹੜਾ ਵੀ ਸੂਰਬੀਰ ਆਉਂਦਾ ਹੈ ਉਸ ਨੂੰ ਆਸਾਨੀ ਨਾਲ ਰੱਖ ਲੈਂਦੇ ਸਨ। ਸੈਨਾ ਨੂੰ ਵਧਾਉਂਦੇ ਹਨ ਤੇ ਸੂਰਬੀਰ ਵੱਡੇ ਉਤਸ਼ਾਹ ਨਾਲ ਬੋਲਦੇ ਹਨ ਕਿ ਇਹ ਵੀ ਲੈ ਲਵਾਂਗੇ, ਉਹ ਵੀ ਲੈ ਲਵਾਂਗੇ॥ ੬ ॥

*ਕਬਿੱਤ*-ਗੁਰੂ ਕੇ ਸ਼ਰਨ ਭਯੋ ਦਾਰਿਦ ਹਰਨ ਬ੍ਰਿੰਦ ਤਾਰਨ ਤਰਨ ਜਿਨਕੇ ਨ ਸਮ ਆਨਕੋ।
ਸੁਨਿ ਸੁਨਿ ਬਾਨੀਏ ਬਨਜ ਕੇ ਕਰਨ ਹਿਤ ਵੱਖਰ ਮਹਾਨ ਧਨ ਪਾਵਤਿ ਦੁਕਾਨ ਕੋ।
ਸਿੱਖ ਸਮੁਦਾਇ ਬਸੇ ਲਾਭ ਕੋ ਬਿਸਾਲ ਜਾਨਿ, ਦਰਸ਼ਨ ਪ੍ਰਭੁ ਅਰੁ ਜੀਵਾ ਗੁਜ਼ਰਾਨ ਕੋ।
ਧਰੈਂ ਮਨ ਕਾਮਨਾ ਕੋ ਧਾਮਨਿ ਬਨਾਇ, ਤਮ ਦੁਖ ਕੀ ਨ ਗਮ ਭਏ ਮਹਾਂ ਸੁਖਵਾਨ ਕੋ ॥੭॥

ਬਹੁਤ ਲੋਕ ਗ਼ਰੀਬੀ ਨੂੰ ਦੂਰ ਕਰਨ ਵਾਸਤੇ ਗੁਰੂ ਜੀ ਦੀ ਸ਼ਰਨ ਵਿਚ ਆ ਗਏ, ਜਹਾਜ਼ ਵਾਂਗ ਤਾਰਨ ਵਿਚ ਜਿਨ੍ਹਾਂ ਵਰਗਾ ਹੋਰ ਕੋਈ ਸਮਰੱਥ ਨਹੀਂ ਹੈ। ਸੁਣ-ਸੁਣ ਕੇ ਬਾਣੀਏ ਵਪਾਰ ਕਰਨ ਵਾਸਤੇ ਦੁਕਾਨਾਂ ਵਿਚ ਵੱਖਰਾ ਬਹੁਤ ਧਨ ਪਾ ਰਹੇ ਹਨ। ਸਿੱਖ ਸਮੂਹ ਲਾਭ ਨੂੰ ਜਾਣ ਕੇ ਵੱਸ ਗਏ, ਪ੍ਰਭੂ ਜੀ ਦੇ ਦਰਸ਼ਨ ਵੀ ਹੋਣਗੇ ਅਤੇ ਗੁਜ਼ਾਰਾ ਵੀ ਚਲੇਗਾ। ਮਨ ਵਿਚ ਕਾਮਨਾ ਧਾਰਨ ਕਰਕੇ ਘਰ ਬਣਾਇਆ ਹੈ ਤੇ ਅਗਿਆਨਤਾ ਅਤੇ ਦੁੱਖ ਦਾ ਫਿਕਰ ਨਹੀਂ ਰਿਹਾ ਹੈ॥ ੭॥

ਆਈ ਨਵੌਨਿਧਿ, ਸਭਿ ਕਾਰਜ ਕੋ ਕਰਹਿਂ ਸਿੱਧ, ਰਿੱਧਿ ਭਈ ਘਰ ਘਰ, ਕਮੀ ਹੈ ਨ ਕਾਹਿ ਕੀ।
ਬਸੈਂ ਬੁੱਧਿਮਾਨ ਗੁਨ ਸੰਗ੍ਰਹ ਕੀ ਚਾਹ ਜਾਨਿ, ਸੁਨਿ ਸੁਨਿ ਕਾਨ ਆਨਿ ਆਨਿ ਥਿਤ ਤਾਹਿ ਕੀ।
ਨਏ ਨਿਤ ਮੰਗਲ, ਉਮੰਗ ਸੰਗ ਨਾਰੀ ਨਰ ਰੰਗ ਰੰਗ ਕੌਤਕ ਬਿਲੰਦ ਉਤਸ਼ਾਹਿ ਕੀ।
ਅਧਿਕ ਅਨੰਦ ਪੂਰਿ ਭਯੋ ਹੈ ਅਨੰਦ ਪੁਰ ਸ੍ਰੀ ਗੁਬਿੰਦ ਸਿੰਘ ਜੀ ਬਸਾਯੋ ਬ੍ਰਿੰਦ ਚਾਹਿ ਕੀ॥੮॥

ਨੌਂ ਨਿਧੀਆਂ ਪ੍ਰਾਪਤ ਹੋ ਗਈਆਂ, ਸਾਰੇ ਕਾਰਜਾਂ ਨੂੰ ਸਿੱਧ ਕਰਦੇ ਹਨ, ਘਰ-ਘਰ ਰਿਧੀਆਂ ਆ ਗਈਆਂ, ਕਿਸੇ ਚੀਜ਼ ਦੀ ਵੀ ਘਾਟ ਨਹੀਂ ਹੈ। ਬੁੱਧੀਮਾਨ ਗੁਣ ਇਕੱਠੇ ਕਰਨ ਦੀ ਚਾਹ ਜਾਣ ਕੇ ਵੱਸਦੇ ਹਨ। ਕੰਨਾਂ ਨਾਲ ਸੁਣ ਸੁਣ ਕੇ ਉਥੇ ਆ ਆ ਕੇ ਟਿਕਾਣਾ ਕਰਦੇ ਹਨ। ਨਿਤ ਨਵੇਂ ਮੰਗਲ ਹੁੰਦੇ ਹਨ। ਉਮੰਗ ਨਾਲ ਇਸਤਰੀ ਪੁਰਸ਼ ਵੱਡੇ ਉਤਸ਼ਾਹ ਵਾਲੇ ਹੋ ਕੇ ਰੰਗ ਰੰਗ ਦੇ ਕੌਤਕ ਕਰਦੇ ਹਨ। ਨਗਰ ਵਿਚ ਬਹੁਤ ਅਨੰਦ ਛਾਇਆ ਹੈ, ਸਾਰਿਆਂ ਦੀ ਇੱਛਾ ਪੂਰੀ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਨੂੰ ਵਸਾਇਆ ਹੈ॥ ੮॥

ਜੈਸੇ ਸ਼ਜਾਮ ਘਨ ਲਰਿ ਮਥਰਾ ਮਹਿਂ ਸ਼ੱਤ੍ਰੂ ਹਨ, ਪਾਇ ਬਿਜੈ ਲੱਛਮੀ ਬਸਾਈ ਜਾਇ ਦ੍ਵਾਰਕਾ।
ਜੈਸੇ ਰਾਮਚੰਦ ਧਰਿ ਪ੍ਰਾਕ੍ਰਮ ਬਿਲੰਦ ਲੰਕ ਰਾਵਨ ਨਿਕੰਦ ਕਰਿ ਔਧ ਕੀ ਸੰਭਾਰ ਕਾ।
ਜੈਸੇ ਪਰਹੂਤ ਹਤਿ ਦੈਤਨ ਕੇ ਪੂਤ ਗਨ ਬਹੁਰੋ ਬਸਾਏ ਦੇਵਲੋਕ ਸੁਖਕਾਰਕਾ।
ਤੈਸੇ ਸ੍ਰੀ ਗੁਬਿੰਦ ਸਿੰਘ ਪਾਂਵਟਾ ਕੋ ਜੀਤਿ ਜੰਗ ਆਨਿਕੈ ਅਨੰਦ ਪੁਰਿ ਬਾਸੇ ਦੇਸ਼ ਚਾਰੁਕਾ॥੯॥

ਜਿਵੇਂ ਸ੍ਰੀ ਕ੍ਰਿਸ਼ਨ ਨੇ ਮਥਰਾ ਵਿਚ ਲੜਾਈ ਕਰਕੇ ਵੈਰੀਆਂ ਨੂੰ ਮਾਰਿਆ ਸੀ ਤੇ ਫਿਰ ਵਿਜੇ ਪ੍ਰਾਪਤ ਕਰਕੇ ਦਵਾਰਕਾ ਵਿਚ ਜਾ ਕੇ ਲਛਮੀ ਨੂੰ ਵਸਾਇਆ ਸੀ, ਜਿਵੇਂ ਸ੍ਰੀ ਰਾਮਚੰਦਰ ਜੀ ਨੇ ਵੱਡਾ ਉੱਦਮ ਧਾਰ ਕੇ ਰਾਵਣ ਨੂੰ ਮਾਰ ਕੇ ਅਯੁੱਧਿਆ ਦੀ ਸੰਭਾਲ ਕੀਤੀ ਸੀ। ਜਿਵੇਂ ਇੰਦਰ ਨੇ ਪਹਿਲਾਂ ਦੈਂਤਾਂ ਦੇ ਪੁੱਤਰ ਮਾਰ ਕੇ ਸੁੱਖ ਦੇਣ ਵਾਲੇ ਸਵਰਗ ਨੂੰ ਵਸਾਇਆ ਸੀ, ਉਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਪਾਉਂਟੇ ਦੀ ਜੰਗ ਜਿੱਤ ਕੇ ਸੰਦਰ ਦੇਸ਼ ਅਨੰਦਪਰ ਵਿਚ ਆ ਕੇ ਵੱਸ ਗਏ ਹਨ॥ ੯॥

ਸੋਰਠਾ- ਬਸੇ ਨਾਰਿ ਨਰ ਬ੍ਰਿੰਦ, ਲਹਜੋ ਅਨੰਦ ਬਿਲੰਦ ਸਭਿ।
ਦੋਹਾ ਕੀਨਿ ਮੁਕੰਦ, ਸ੍ਰੀ ਮੁਖ ਤੇ ਇਮ ਲਿਖਜੋ ਤਬਿ॥ ੧੦॥

ਬਹੁਤ ਇਸਤਰੀ ਪੁਰਸ਼ ਅਨੰਦਪੁਰ ਵਿਚ ਵੱਸ ਗਏ ਤੇ ਸਭ ਨੇ ਵੱਡਾ ਅਨੰਦ ਪ੍ਰਾਪਤ ਕੀਤਾ। ਉਸ ਸਮੇਂ ਮੁਕਤੀਦਾਤੇ ਗੁਰੂ ਜੀ ਨੇ ਇਸ ਪ੍ਰਕਾਰ ਆਪਣਾ ਇਕ ਦੋਹਰਾ ਲਿਖਿਆ॥ ੧੦॥

*ਸ੍ਰੀ ਮੁਖ ਵਾਕ॥*

*ਦੋਹਰਾ॥ ਜੁੱਧ ਜੀਤ ਆਏ ਜਬੈ ਟਿਕੇ ਨ ਤਿਨ ਪੁਰ ਪਾਵ॥*
*ਕਾਹਲੂਰ ਮੈ ਬਾਂਧਿਯੋ ਆਨ ਆਨੰਦ ਪੁਰ ਗਾਂਵ॥ ੩੯॥*

ਜਦ ਯੁੱਧ ਜਿੱਤ ਕੇ ਆ ਗਏ ਤਾਂ ਫਿਰ ਪਾਉਂਟੇ ਨਗਰ ਵਿਚ ਪੈਰ ਨਹੀਂ ਸੀ ਟਿਕਦਾ। ਕਹਿਲੂਰ ਦੇਸ਼ ਵਿਚ ਆ ਕੇ ਅਨੰਦਪੁਰ ਨਗਰ ਨੂੰ ਮੁੜ ਕੇ ਆਬਾਦ ਕੀਤਾ॥ ੩੯॥

ਕਬਿੱਤ- ਹੇਰਤਿ ਸਵੇਰ ਕੋ ਅਰੂਢਤਿ ਅਖੇਰ ਕੋ, ਅਨੀਕ ਲੇ ਬਡੇਰ ਕੋ, ਅਨਿਕ ਬਨਿ ਗਾਹਹੀਂ।
ਦੁੰਦਭਿ ਬਜਤਿ ਬਡੀ ਬੰਬ ਸੋਂ ਗਜਤਿ, ਉਤਸਾਹ ਸੋਂ ਸਜਤਿ ਸੁਨਿ ਸੂਰਮਾ ਉਮਾਹਹੀਂ।
ਚੀਤੇ ਅਰੁ ਬਾਜ ਸ੍ਵਾਨ ਸ਼ਿਕਰੇ ਲੈ ਸੰਗ ਘਨੇ ਹਨੇ ਮ੍ਰਿਗ, ਸਸੇ, ਕੋਲ, ਜਾਨ ਦੇਂ ਨ ਤਾਂਹ ਹੀ।
ਦੂੰਜਨ ਕੀ ਛਾਤੀ ਦਰ, ਸੱਜਨ ਕੋ ਮੋਦ ਕਰਿ, ਚੋਰ ਠਗ ਪ੍ਰਾਨ ਹਰਿ ਨੀਤਿ ਨਿਰਬਾਹ ਹੀ ॥੧੧॥

ਸਵੇਰ ਹੋਈ ਵੇਖ ਕੇ, ਸ਼ਿਕਾਰ ਖੇਡਣ ਵਾਸਤੇ ਸਵਾਰ ਹੋ ਜਾਂਦੇ ਹਨ, ਵੱਡੀ ਵਹੀਰ ਨੂੰ ਨਾਲ ਲੈਂਦੇ ਹਨ ਤੇ ਅਨੇਕਾਂ ਜੰਗਲ ਗਾਹ ਦਿੰਦੇ ਹਨ। ਵੱਡਾ ਨਗਾਰਾ ਵੱਜਦਾ ਹੈ, ਜਿਹੜਾ ਬੱਦਲ ਵਾਂਗ ਗੱਜਦਾ ਹੈ, ਉਤਸ਼ਾਹ ਨਾਲ ਸੱਜੇ ਹੋਏ ਸੂਰਮੇ ਸੁਣ ਕੇ ਉਮਾਹ ਨਾਲ ਭਰ ਜਾਂਦੇ ਹਨ। ਚੀਤੇ, ਬਾਜ਼, ਕੁੱਤੇ, ਛਿਕਰੇ ਨਾਲ ਲੈ ਕੇ ਬਹੁਤ ਪੰਛੀ ਮਾਰਦੇ ਹਨ, ਹਿਰਨਾਂ ਅਤੇ ਖਰਗੋਸ਼ਾਂ ਆਦਿ ਜਾਨਵਰਾਂ ਨੂੰ ਜਾਣ ਨਹੀਂ ਦਿੰਦੇ ਹਨ। ਦੁਸ਼ਟਾਂ ਦੀਆਂ ਛਾਤੀਆਂ ਦਲ ਕੇ ਮਿੱਤਰਾਂ ਨੂੰ ਪ੍ਰਸੰਨ ਕਰਕੇ, ਚੋਰਾਂ ਠੱਗਾਂ ਨੂੰ ਮਾਰ ਕੇ ਨੀਤੀ ਦਾ ਨਿਰਬਾਹ ਕਰਦੇ ਹਨ॥ ੧੧॥

ਸਤਿਗੁਰ ਬਿਨਾ ਦਲ ਚੜੈ ਬਹੁ ਧਾਰਿ ਬਲ, ਕਾਹਲੂਰ ਗ੍ਰਾਮਨਿ ਮੈਂ ਤ੍ਰਾਸ ਉਪਜਾਵਈ।
ਮਿਲੇ ਭੇਟ ਦੇਇ ਤਾਂ ਕੇ ਰੱਖਕ ਬਨੇਇਂ ਸਭਿ ਬੇਮੁਖ ਕੋ ਲੂਟ ਲੇਹਿਂ ਮਾਨ ਬਿਨਸਾਵਈਂ।
ਅੰਨ ਬ੍ਰਿੰਦ ਛੀਨੈਂ, ਅਜਾ ਪੂਤ ਜਿਤ ਚੀਨੈਂ ਲੇਤਿ, ਦੂਧ ਦਧਿ ਬਾਸਨ ਅਵਾਸਨ ਉਠਾਵਈਂ।
ਸੰਚਜੋ ਘਾਸ ਲੇਤਿ, ਬੋਲੈ ਮੂਢਕੋ ਝਿਰਕ ਦੇਤਿ, ਮਾਰ ਕੂਟ ਨੀਤ ਹੋਤਿ ਜੱਤ੍ਰ ਤੱਤ੍ਰ ਜਾਵਈਂ ॥੧੨॥

ਸਤਿਗੁਰੂ ਬਗੈਰ ਸੈਨਾ ਬਹੁਤ ਬਲ ਧਾਰ ਕੇ ਚੜ੍ਹਦੀ ਹੈ, ਤੇ ਕਹਿਲੂਰ ਦੇ ਪਿੰਡਾਂ ਵਿਚ ਵੱਡਾ ਡਰ ਉਤਪੰਨ ਕਰਦੇ ਹਨ। ਜੇ ਰਾਜਾ ਭੇਟਾ ਦੇ ਕੇ ਮਿਲੇ ਤਾਂ ਰਾਖੇ ਬਣੀਏ, ਪਰ ਬੇਮੁਖ ਨੂੰ ਲੁੱਟ ਲਵਾਂਗੇ ਤੇ ਉਸ ਦੇ ਮਾਣ ਦਾ ਨਾਸ਼ ਕਰ ਦੇਵਾਂਗੇ। ਬਹੁਤ ਅਨਾਜ ਖੋਹ ਲੈਂਦੇ ਸਨ, ਬੱਕਰੇ ਜਿੱਥੇ ਵੀ ਵੇਖਦੇ ਸਨ, ਲੈ ਲੈਂਦੇ ਸਨ, ਦੁੱਧ ਦਹੀਂ ਦੇ ਭਾਂਡਿਆਂ ਨੂੰ ਘਰਾਂ ਵਿਚੋਂ ਚੁੱਕ ਲੈਂਦੇ ਸਨ। ਇਕੱਠਾ ਕੀਤਾ ਹੋਇਆ ਘਾਹ ਲੈ ਲੈਂਦੇ ਸਨ, ਜਿਹੜਾ ਵੀ ਮੂਰਖ ਅਗੋਂ ਬੋਲਦਾ ਸੀ, ਉਸ ਨੂੰ ਮਾਰ ਕੁੱਟ ਕੇ ਜਿੱਥੇ-ਕਿੱਥੇ ਚਲੇ ਜਾਂਦੇ ਸਨ॥ ੧੨॥

ਗ੍ਰਾਮਨ ਕੇ ਨਰ ਇਮ ਧਾਮਨ ਕੇ ਦੁਖ ਭਰਿ ਨਾਹਿਨ ਅਰਾਮ ਪਾਇ ਜਾਤਿ ਹੈਂ ਪੁਕਾਰ ਕੋਂ।
ਊਚੇ ਮੁਖ ਗਾਵਹਿਂ ਨਿਜ ਰਾਜੇ ਕੋ ਸੁਨਾਵਹਿਂ ਕੂਕ 'ਲੇਤਿ ਨਿਤ ਮਾਮਲਾ ਨ ਹੋਇ ਰਖਵਾਰ ਕੋਂ।
ਗੁਰੂ ਦਲ ਆਵੈ ਬਡ ਦੁੰਦ ਕੋ ਉਠਾਵੈ ਦੇਸ਼, ਲੂਟ ਕੋ ਮਚਾਵੈ ਫਿਰ ਹੇਰੈ ਘਰ ਬਾਰ ਕੋਂ।
ਘਾਸਹੰ ਨ ਛੋਰੈਂ ਦਧ ਦਧਿਹੂੰ ਕੋ ਟੋਰੈਂ ਬਹ ਬਾਸਨ ਕੋ ਢੋਰਹਿਂ, ਤ੍ਰਾਸ ਦੇਤਿ ਨਰ ਨਾਰਿ ਕੋਂ ॥੧੩॥

Sri Satguru Jagjit Singh Ji eLlibrary NamdhariElibrary@gmail.com

ਪਿੰਡਾਂ ਦੇ ਮਨੁੱਖ ਇਸ ਤਰ੍ਹਾਂ ਘਰਾਂ ਦੇ ਦੁਖ ਸਹਿ ਰਹੇ ਸਨ ਤੇ ਆਰਾਮ ਨਹੀਂ ਪਾਉਂਦੇ ਤੇ ਰਾਜੇ ਪਾਸ ਪੁਕਾਰ ਕਰਨ ਜਾਂਦੇ ਸਨ। ਬੜੀ ਉੱਚੀ ਉੱਚੀ ਪੁਕਾਰ ਕਰਦੇ ਸਨ ਤੇ ਰਾਜੇ ਨੂੰ ਸੁਣਾਉਂਦੇ ਸਨ, "ਸਦਾ ਸਾਥੋਂ ਮਾਲੀਆ ਲੈਂਦੇ ਹੋ ਤਾ ਫਿਰ ਸਾਡੀ ਰਾਖੀ ਕਿਉਂ ਨਹੀਂ ਕਰਦੇ ਹੋ। ਗੁਰੂ ਦਾ ਦਲ ਆਉਂਦਾ ਹੈ, ਦੇਸ਼ ਵਿਚ ਵੱਡਾ ਝਗੜਾ ਖੜਾ ਕਰਦਾ ਹੈ ਤੇ ਲੁੱਟ ਮਚਾ ਕੇ ਫਿਰ ਘਰਾਂ ਨੂੰ ਵੇਖਦੇ ਹਨ ਤੇ ਖਾਣ ਪੀਣ ਦਾ ਸਾਮਾਨ, ਕੜ੍ਹਿਆ ਜੰਮਿਆ ਦੁੱਧ ਆਦਿ ਲੈ ਜਾਂਦੇ ਹਨ। ਘਾਹ ਤਕ ਨਹੀਂ ਛੱਡਦੇ ਹਨ, ਦੁੱਧ ਦਹੀਂ ਵੀ ਲੈ ਲੈਂਦੇ ਹਨ, ਭਾਂਡਿਆਂ ਨੂੰ ਭੰਨ ਦਿੰਦੇ ਹਨ ਤੇ ਇਸਤਰੀ ਪੁਰਸ਼ਾਂ ਨੂੰ ਡਰਾਉਂਦੇ ਹਨ"॥ ੧੩ ॥

**ਸੁਨੈ ਭੀਮਚੰਦ ਗਨ ਸੈਲ ਕੋ ਨਰਿੰਦ ਮਹਾਂ ਪ੍ਰਭੁ ਕੋ ਬਿਲੰਦ ਜਾਨਿ ਧਾਰੈ ਮੁਖ ਮੋਨ ਕੌ।**
**ਪ੍ਰਜਾ ਦੁਖ ਪਾਵੈ ਬਾਰਿ ਬਾਰਿ ਹੀ ਸੁਨਾਵੈ ਕੂਕ 'ਕਯੋਂ ਨ ਸੁਨੈ ਭੂਪ ਕੀਨੋ ਦੇਸ਼ ਨਜਾਇ ਐਨ ਕੌ'।**
**ਰਿਦੇ ਪਛੁਤਾਇ ਕਛੂ ਬਸ ਨ ਬਸਾਇ ਜਬਿ ਬਲ ਕੋ ਬਿਚਾਰੇ ਸਤਿਗੁਰੂ ਉਰ ਭੌਨ ਕੌ।**
**ਫਤੇਸ਼ਾਹ ਸੰਗ ਜੰਗ ਕੀਨੋ ਅੰਗ ਭੰਗ ਭਟ, ਅਵਨੀ ਸੋਰੰਗ ਰੰਗ ਕੀਨ ਬਲ ਤੌਨ ਕੋ ॥੧੪॥**

ਭੀਮ ਚੰਦ ਸੁਣਦਾ ਸੀ ਜਿਹੜਾ ਸਾਰੇ ਪਹਾੜੀ ਰਾਜਿਆਂ ਵਿਚ ਵੱਡਾ ਸੀ, ਪਰ ਗੁਰੂ ਜੀ ਸ਼ਕਤੀਸ਼ਾਲੀ ਜਾਣ ਕੇ ਚੁੱਪ ਧਾਰ ਛੱਡਦਾ ਸੀ। ਪਰਜਾ ਦੁਖ ਪਾਉਂਦੀ ਸੀ ਤੇ ਬਾਰ-ਬਾਰ ਕੂਕ ਕੇ ਸੁਣਾਉਂਦੀ ਸੀ, "ਰਾਜਾ ਕਿਉਂ ਨਹੀਂ ਸੁਣਦਾ ਹੈ, ਆਪਣੇ ਦੇਸ਼ ਅਤੇ ਧਰਤੀ 'ਤੇ ਨਿਆਂ ਕਰਨਾ ਚਾਹੀਦਾ ਹੈ।" ਰਾਜਾ ਹਿਰਦੇ ਵਿਚ ਪਛਤਾਉਂਦਾ ਸੀ ਕੁਝ ਵੱਸ ਨਹੀਂ ਚਲਦਾ ਹੈ, ਜਦ ਸਤਿਗੁਰੂ ਜੀ ਦੇ ਬਲ ਦੇ ਘਰ ਬਾਰੇ ਵਿਚਾਰ ਕਰਦਾ ਸੀ। ਫਤਹਿ ਸ਼ਾਹ ਨਾਲ ਜੰਗ ਕਰਕੇ ਸੂਰਮਿਆਂ ਦੇ ਅੰਗ ਭੰਗ ਕਰ ਦਿੱਤੇ ਹਨ ਤੇ ਧਰਤੀ ਨੂੰ ਲਾਲ ਰੰਗ ਨਾਲ ਰੰਗ ਦਿੱਤਾ॥ ੧੪ ॥

**ਹੋਇ ਮਨ ਭੀਰੁ ਕੋ, ਹਕਾਰਯੋ ਹੈ ਵਜ਼ੀਰ ਕੋ, ਬਿਠਾਇ ਕਰਿ ਤੀਰ ਬੀਰ ਆਪਨੇ ਬੁਲਾਇ ਔਰ।**
**ਬੂਝਯੋ ਸਭਿ ਸੰਗ 'ਅਬਿ ਕਰੈਂ ਕੌਨ ਢੰਗ ? ਕਹੋ, ਪ੍ਰਜਾ ਸੁਖ ਭੰਗ ਭਯੋ ਆਪਨੀ ਸਗਲ ਠੌਰ।**
**ਜੰਗਹੂੰ ਨ ਬਨੈ, ਰਸ ਰੰਗ ਹੂੰ ਨ ਬਨੈ, ਕੁਛ ਮੋਨਹੂੰ ਨ ਬਨੈ, ਨਿਤ ਮਾਚਤ ਅਧਿਕ ਰੌਰ।**
**ਕਹੋ ਕਹਾਂ ਕਰੈਂ ਜਯੋਂ ਕਲੇਸ਼ਨ ਕੋ ਹਰੈਂ ਅਬਿ, ਕਹਾਂ ਲਗਿ ਡਰੈਂ ਹੇਰਿ ਸੋਢੀਬੰਸ ਸੀਸ ਮੌਰ' ॥੧੫॥**

ਮਨ ਵਿਚ ਡਰ ਕੇ, ਆਪਣੇ ਵਜ਼ੀਰ ਨੂੰ ਬੁਲਾਇਆ, ਆਪਣੇ ਪਾਸ ਬਿਠਾ ਕੇ ਫਿਰ ਹੋਰ ਸੂਰਬੀਰਾਂ ਨੂੰ ਬੁਲਾਇਆ। ਫਿਰ ਸਾਰਿਆਂ ਨੂੰ ਪੁੱਛਿਆ, "ਹੁਣ ਕਿਹੜਾ ਢੰਗ ਕਰੀਏ ? ਦੱਸੋ, ਸਭ ਥਾਂ ਆਪਣੀ ਪਰਜਾ ਦਾ ਸੁਖ ਭੰਗ ਹੋ ਗਿਆ ਹੈ। ਜੰਗ ਵੀ ਕਰਨੀ ਬਣਦੀ ਨਹੀਂ, ਰਸ ਰੰਗ ਭਾਵ ਪਿਆਰ ਵਾਲਾ ਮੇਲ ਵੀ ਨਹੀਂ ਬਣਦਾ ਹੈ। ਚੁੱਪ ਧਾਰਨ ਨਾਲ ਵੀ ਕੁਝ ਬਣਦਾ ਨਹੀਂ, ਨਿਤ ਵੱਡਾ ਰੌਲਾ ਮੱਚਦਾ ਹੈ। ਦੱਸੋ ਕੀ ਕਰੀਏ ਜਿਸ ਤਰ੍ਹਾਂ ਸਾਰੇ ਕਲੇਸ਼ ਦੂਰ ਹੋ ਜਾਣ, ਸੋਢੀ ਕੁਲ ਦੇ ਸ਼ਿਰੋਮਣੀ ਨੂੰ ਵੇਖ ਕੇ ਕਿਥੋਂ ਤੱਕ ਡਰਾਂਗੇ" ॥ ੧੫ ॥

**ਸੁਨਿ ਕੈ ਵਜ਼ੀਰ ਬੈਠਯੋ ਤੀਰ ਦੀਨਿ ਧੀਰ ਉਰ 'ਤਜੋ ਬਹੁ ਪੀਰ, ਗੁਰ ਪੀਰਨ ਕੋ ਪੀਰ ਜਾਨਿ।**
**ਮਿਲਿਨਿ ਭਲੇਰੋ ਅਬਿ ਨੀਕੋ ਮਤਿ ਮੇਰੋ ਸ਼ੁਭ, ਪ੍ਰਭੂ ਕੇ ਦਰਸ ਹੇਰੋ ਚਲੋ ਚਿਤ ਚਿੰਤ ਹਾਨਿ।**
**ਸੁਖ ਨ ਬਖੇਰੇ ਬੀਚ, ਦੁਖੀ ਹੋਇਂ ਊਚ ਨੀਚ, ਨੇਹ ਨੀਰ ਸੀਂਚ ਵਧੈ ਮੋਦ ਤਰੁ ਲੇ ਮਹਾਨ।**
**ਪ੍ਰਜਾ ਅਰੁ ਆਪਨੀ ਕੱਲਯਾਣ ਕੋ ਪਛਾਨ ਕਰਿ ਬੈਰ ਤਜਿ ਦੀਜੀਏ ਨ ਖੀਜੀਏ, ਵਿਚਾਰਵਾਨ !' ॥੧੬॥**

ਇਹ ਸੁਣ ਕੇ ਪਾਸ ਬੈਠੇ ਵਜ਼ੀਰ ਨੇ ਧੀਰਜ ਦਿੱਤਾ, "ਵੱਡੇ ਦੁਖ ਨੂੰ ਛੱਡੋ, ਗੁਰੂ ਜੀ ਨੂੰ ਪੀਰਾਂ ਦੇ ਪੀਰ ਜਾਣੋ, ਹੁਣ ਉਨ੍ਹਾਂ ਨਾਲ ਮੇਲ ਕਰਨਾ ਹੀ ਭਲਾ ਹੈ, ਇਹ ਮੇਰੀ ਚੰਗੀ ਸਲਾਹ ਮੰਨੋ, ਪ੍ਰਭੂ ਦੇ ਦਰਸ਼ਨ ਕਰੋ ਤੇ ਆਪਣੀਆਂ ਸਾਰੀਆਂ ਚਿੰਤਾਵਾਂ ਦੂਰ ਕਰੋ। ਬਖੇੜੇ ਵਿਚ ਕਦੀ ਸੁਖ ਪ੍ਰਾਪਤ ਨਹੀਂ ਹੁੰਦਾ। ਭਾਵੇਂ ਕੋਈ ਉੱਚਾ ਹੋਵੇ ਭਾਵੇਂ ਨੀਵਾਂ ਝਗੜੇ ਵਿਚ ਦੁਖ ਹੀ ਪ੍ਰਾਪਤ ਹੁੰਦਾ ਹੈ। ਪ੍ਰੇਮ ਦਾ ਜਲ ਸਿੰਜਣ ਨਾਲ ਖੁਸ਼ੀ ਦਾ ਬ੍ਰਿੱਛ ਵਧਦਾ ਹੈ। ਪਰਜਾ ਅਤੇ ਆਪਣੀ ਕਲਿਆਣ ਨੂੰ ਪਛਾਣ ਕੇ, ਵੈਰ ਨੂੰ ਛੱਡ ਦੇਵੋ ਤੇ ਹੇ ਵਿਚਾਰਵਾਨ ਰਾਜੇ ! ਖਿਝਣ ਦੀ ਕੋਈ ਲੋੜ ਨਹੀਂ" ॥ ੧੬ ॥

ਬੈਠੇ ਨਰ ਆਨਿ ਜੇਈ ਸਭਿਹੂੰ ਬਖਾਨ ਕੀਨਿ : 'ਭਾਖਤਿ ਵਜ਼ੀਰ ਨੀਕੋ ਮਤਿ ਸੁਖਦਾਇ ਕੋ।
ਭੇਜੀਏ ਵਕੀਲ ਕੋ ਸੁਸ਼ੀਲ ਕੋ ਜਨਾਇ ਤਹਾਂ, ਸੰਧ ਕਰਿ ਆਇ ਹੈ, ਨ ਹੋਇ ਜੰਗ ਘਾਇ ਕੋ।
ਸੁਨੋ ਅਵਨੀਪ ਨਿਤ ਬਸਨ ਸਮੀਪ ਕੋ ਹੈ, ਰਸ ਮੈਂ ਅਨੰਦ ਹੋਤਿ ਸਹਿਜ ਹੀ ਸੁਭਾਇ ਕੋ।
ਨਾਤੁਰ ਕਲੇਸ਼ ਕੋ ਵਿਸ਼ੇਸ਼ ਹੀ ਵਿਰਸ ਕਰੈ ਰਈਯਤ ਅਸ਼ੇਸ਼ ਕੌ ਨਰੇਸ਼ ਅਰੁ ਪਾਇ ਕਉ' ॥੧੭॥

ਜਿੰਨੇ ਵੀ ਮਨੁੱਖ ਆ ਕੇ ਬੈਠੇ ਸਨ ਸਾਰਿਆਂ ਨੇ ਕਿਹਾ, "ਵਜ਼ੀਰ ਨੇ ਚੰਗੀ ਸੁਖਦਾਈ ਸਲਾਹ ਦਿੱਤੀ ਹੈ। ਆਪਣੇ ਸੁਸ਼ੀਲ ਦੂਤ ਨੂੰ ਭੇਜੋ ਜਿਹੜਾ ਉਥੇ ਜਾ ਕੇ ਪਤਾ ਦੇਵੇ ਤੇ ਦੋਵਾਂ ਧਿਰਾਂ ਦਾ ਮੇਲ ਹੋ ਜਾਵੇ ਤੇ ਮਾਰੂ ਜੰਗ ਨਾ ਹੋਵੇ। ਹੇ ਰਾਜਾ ਜੀ ! ਸੁਣੋ, ਉਨ੍ਹਾਂ ਨੇ ਨਿਤ ਨੇੜੇ ਰਹਿਣਾ ਹੈ, ਮੇਲ ਕਰਨ ਨਾਲ ਸਹਿਜ ਸੁਭਾ ਹੀ ਅਨੰਦਮਈ ਰਸ ਰਹਿੰਦਾ ਹੈ। ਨਹੀਂ ਤਾਂ ਕਲੇਸ਼ ਵਿਸ਼ੇਸ਼ ਤੌਰ ਤੇ ਬੇਰਸੀ ਕਰਦਾ ਹੈ ਤੇ ਕਲੇਸ਼ ਦਾ ਵਧਣਾ ਰਾਜੇ ਅਤੇ ਪਰਜਾ ਵਾਸਤੇ ਦੁਖਦਾਇਕ ਹੋ ਜਾਂਦਾ ਹੈ" ॥ ੧੭॥

ਸੁਨਜੋ ਭੀਮਚੰਦ ਨੀਕੋ ਮਾਨਿਕੈ ਬਿਲੰਦ ਮਨ, ਕ੍ਰੋਧ ਕੋ ਨਿਕੰਦ ਕੀਨਿ ਦੂਤ ਕਉ ਪਠਾਯੋ ਹੈ।
'ਪਦ ਅਰਬਿੰਦ ਕਰੋ ਬੰਦਨਾ ਕੋ ਬੰਦਿ ਹਾਥ ਛਿਮਾ ਧਰੋ ਨਾਥ ਭੂਲ ਚੂਕ ਬਖਸ਼ਾਯੋ ਹੈ'।
ਸੁੰਦਰ ਅਕੋਰ ਦੀਨਿ, ਲੇ ਕਰਿ ਗਮਨ ਕੀਨਿ, ਚੀਨ ਕੇ ਪ੍ਰਬੀਨ ਬਲੀ ਗੁਰੂ ਸ਼ਾਮ ਆਯੋ ਹੈ।
ਆਨਿ ਕੈ ਅਨੰਦਪੁਰਿ ਆਨੰਦ ਬਿਲੰਦ ਹੇਰਜੋ ਸੁੰਦਰ ਸਥਾਨ ਮੈਂ ਸਿਵਰ ਨਿਜ ਪਾਯੋ ਹੈ ॥੧੮॥

ਇਹ ਸੁਣ ਕੇ ਭੀਮ ਚੰਦ ਨੇ ਚੰਗਾ ਮੰਨ ਕੇ ਆਪਣੇ ਮਨ ਨੂੰ ਹੌਂਸਲਾ ਦਿੱਤਾ, ਕ੍ਰੋਧ ਨੂੰ ਛੱਡ ਦਿੱਤਾ ਤੇ ਇਕ ਦੂਤ ਨੂੰ ਭੇਜ ਦਿੱਤਾ। ਉਸ ਦੂਤ ਨੂੰ ਸਮਝਾਇਆ, "ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰੋ ਤੇ ਕਹੋ, ਹੇ ਮਾਲਕ ! ਮੁਆਫ ਕਰੋ ਜੇ ਭੁਲ ਚੁੱਕ ਹੋ ਗਈ ਹੈ ਤਾਂ ਬਖ਼ਸ਼ ਦੇਵੋ।" ਉਸ ਨੂੰ ਬਹੁਤ ਸੁੰਦਰ ਉਪਹਾਰ ਦਿੱਤੇ, ਜਿਨ੍ਹਾਂ ਨੂੰ ਲੈ ਕੇ ਉਹ ਚਲ ਪਿਆ, ਦੂਤ ਗੁਰੂ ਜੀ ਨੂੰ ਵੱਡਾ ਬਲੀ ਅਤੇ ਪ੍ਰਬੀਨ ਜਾਣ ਕੇ ਸ਼ਰਨ ਆ ਗਿਆ। ਅਨੰਦਪੁਰ ਵਿਚ ਆਕੇ ਵੱਡਾ ਅਨੰਦ ਵੇਖਿਆ ਤੇਂ ਸੁੰਦਰ ਸਥਾਨ ਵੇਖ ਕੇ ਆਪਣਾ ਤੰਬੂ ਲਾ ਲਿਆ॥ ੧੮॥

ਪੌਰ ਪਰ ਪੌਰਦਾਰ ਖਰੇ ਤਿਸ ਠੌਰ ਹੋਇ, ਅੰਤਰ ਪਠਾਇ ਸੁਧਿ ਕਰੀ ਤਿਨ ਜਾਇ ਕੈ।
ਸੁਨਿ ਗੁਰ ਧੀਰ ਨੇ ਹਕਾਰ ਲੀਨਿ ਤੀਰ ਤਬਿ, ਸਭਾ ਬਹੁ ਬੀਰਨ ਕੀ ਹੇਰਿ ਸੀਸ ਨਜਾਇ ਕੈ।
'ਬੰਦਨਾ ਗਿਰਿੰਦ੍ਰ ਕੀਨਿ ਪਦ ਅਰਬਿੰਦ ਤੁਮ' ਕੁਸਲ ਪ੍ਰਸ਼ਨ ਪ੍ਰਭੁ ਭਾਖਜੋ ਹੈ ਬਿਠਾਇ ਕੈ।
'ਕੌਨ ਕਾਜ ਰਾਜੇ ਤੁਮ ਭੇਜਜੋ ਹਮ ਪਾਸ ਅਬਿ ? ਭੇਵ ਕੋ ਪ੍ਰਭਾਵ ਸਭਿ ਦੀਜੈ ਸਮੁਝਾਇ ਕੈ' ॥੧੯॥

ਮੁਖ ਦਵਾਰ ਤੇ ਦਵਾਰਪਾਲ ਖੜਾ ਸੀ, ਉਸ ਦੇ ਪਾਸ ਜਾ ਕੇ ਖੜਾ ਹੋ ਗਿਆ, ਉਸ ਨੂੰ ਅੰਦਰ ਭੇਜ ਕੇ ਆਪਣੇ ਆਉਣ ਬਾਰੇ ਖ਼ਬਰ ਭੇਜੀ। ਇਹ ਸੁਣ ਕੇ ਧੀਰਜਵਾਨ ਗੁਰੂ ਜੀ ਨੇ ਆਪਣੇ ਪਾਸ ਬੁਲਾ ਲਿਆ। ਦੂਤ ਨੇ ਬਹੁਤ ਸੂਰਬੀਰਾਂ ਦੀ ਸਭਾ ਵੇਖ ਕੇ ਸਿਰ ਨਿਵਾਇਆ ਤੇ ਕਿਹਾ, "ਪਹਾੜੀ ਰਾਜੇ ਭੀਮ ਚੰਦ ਨੇ ਤੁਹਾਡੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਹੈ।" ਫਿਰ ਗੁਰੂ ਜੀ ਨੇ ਪਾਸ ਬਿਠਾ ਕੇ ਸੁਖ-ਸਾਂਦ ਪੁੱਛੀ ਤੇ ਕਿਹਾ, "ਹੁਣ ਰਾਜੇ ਨੇ ਤੈਨੂੰ ਕਿਸ ਕੰਮ ਵਾਸਤੇ ਸਾਡੇ ਪਾਸ ਭੇਜਿਆ ਹੈ ? ਭੇਦ ਦੇ ਸਾਰੇ ਪ੍ਰਭਾਵ ਨੂੰ ਸਾਨੂੰ ਚੰਗੀ ਤਰ੍ਹਾਂ ਸਮਝਾ ਦੇਵੋ" ॥ ੧੯॥

ਹਾਥ ਜੋਰਿ ਦੂਤ ਕਹੀ 'ਸੁਨੋ ਪੁਰਹੂਤ ਸਮ, ਪ੍ਰਜਾ ਕੋ ਕਲੇਸ਼ ਤੇ ਅਸ਼ੇਸ਼ਤੇ ਪੁਕਾਰ ਕਰਿ।
ਜਾਇ ਦਲ ਰਾਵਰੋ ਬਿਗਾਰ ਕਰੈ ਬਾਰਿ ਬਾਰਿ, ਰਾਜੇ ਸੁਨਿ ਸਾਰ ਕੋ ਪਠਾਯੋ ਹੈ ਉਚਾਰ ਕਰਿ।
ਛਿਮਾ ਧਾਰਿ ਭੂਲ ਚੂਕ ਬਖਸ਼ੋ ਹਮਾਰੀ ਅਬਿ, ਰਿਦੈ ਤੇ ਬਿਸਾਰੋ ਸਭਿ ਕੋਪ ਜੋ ਉਦਾਰ ਕਰਿ।
ਦ੍ਵੈਸ਼ ਕੋ ਪ੍ਰਹਾਰ ਕਰਿ, ਸੰਧਿ ਕੋ ਬਿਚਾਰ ਕਰਿ, ਬਸੀਏ ਬਿਹਾਰ ਕਰਿ ਭਾਵਤੇ ਸ਼ਿਕਾਰ ਕਰਿ' ॥੨੦॥

ਫਿਰ ਹੱਥ ਜੋੜ ਕੇ ਦੂਤ ਨੇ ਕਿਹਾ, "ਹੇ ਦੇਵਰਾਜ ਸਮਾਨ ਸੁਣੋ, ਸਾਰੀ ਪਰਜਾ ਨੇ ਕਲੇਸ਼ ਕਰਕੇ ਪੁਕਾਰ ਕੀਤੀ ਹੈ,

ਤੁਹਾਡਾ ਦਲ ਜਾ ਕੇ ਬਾਰ-ਬਾਰ ਉਨ੍ਹਾਂ ਲੋਕਾਂ ਦਾ ਵਿਗਾੜ ਕਰਦਾ ਹੈ, ਰਾਜੇ ਨੇ ਸਾਰੀ ਖ਼ਬਰ ਸੁਣ ਕੇ ਇਹ ਉਚਾਰਨ ਕਰਕੇ ਭੇਜਿਆ ਹੈ। ਹੁਣ ਖਿਮਾ ਧਾਰ ਕੇ ਸਾਡੀ ਭੁੱਲ ਚੁੱਕ ਬਖਸ਼ ਦੇਵੋ। ਜੋ ਗੁੱਸਾ ਆਪ ਜੀ ਦੇ ਹਿਰਦੇ ਵਿਚ ਹੈ, ਉਸ ਨੂੰ ਉਦਾਰਤਾ ਕਰਕੇ ਭੁਲਾ ਦੇਵੋ। ਵੈਰ ਨੂੰ ਛੱਡ ਕੇ ਮੇਲ ਮਿਲਾਪ ਤੇ ਵਿਚਾਰ ਕਰੋ। ਜਿੱਥੇ ਮਰਜ਼ੀ ਵੱਸੋ, ਵਿਚਰੋ ਤੇ ਮਨ-ਭਾਉਂਦੇ ਸ਼ਿਕਾਰ ਖੇਡੋ' ॥੨੦॥

'ਦੂਤ ਸੁਨਿ ਲੇਹੁ, ਨਿਜ ਰਾਜੇ ਕਹਿ ਦੇਹੁ ਸਭਿ, ਕਾਰਨ ਅਛੇਹੁ ਦ੍ਵੇਸ਼ ਹੂੰ ਕੋ ਤਿਨ ਕੀਨਿਯੋ।
ਅਨਿਕ ਪ੍ਰਪੰਚ ਰਚਿ ਬੰਚਕ ਜਯੋਂ ਚਾਹੈ ਚਿਤ, ਰੰਚਕ ਬਿਚਾਰ ਕਰਿ ਕਯੋਂਹੂੰ ਨਹਿਂ ਚੀਨਿਯੋਂ।
ਕੁੰਚਰ ਪ੍ਰਸਾਦੀ ਹੇਤੁ ਛਲਯੋ ਚਹੈ ਬਾਰਿ ਬਾਰਿ ਕਪਟੀ ਕੁਟਿਲ ਜਾਨਿ ਨਹੀਂ ਹਮ ਦੀਨਿਯੋਂ।
ਸਾਰਮੌਰ ਦੇਸ਼ ਮੈਂ ਪ੍ਰਵੇਸ਼ ਭਏ ਜਾਇ ਕਰਿ, ਤਹਾਂ ਭੀ ਖੁਟਾਈ ਠਾਨਿ ਖੋਟ ਮੈਂ ਪ੍ਰਬੀਨਿਯੋਂ ॥੨੧॥

ਗੁਰੂ ਜੀ ਨੇ ਕਿਹਾ, "ਹੇ ਦੂਤ ! ਸੁਣ ਲਵੋ, ਆਪਣੇ ਰਾਜੇ ਨੂੰ ਸਭ ਕਹਿ ਦੇਵੋ ਅਮਿਟ ਵੈਰ ਦਾ ਕਾਰਨ ਉਸ ਰਾਜੇ ਨੇ ਹੀ ਕੀਤਾ ਹੈ। ਅਨੇਕਾਂ ਪ੍ਰਪੰਚ ਰਚ ਕੇ, ਜਿਵੇਂ ਇਕ ਠੱਗ ਚਾਹੁੰਦਾ ਹੈ, ਰਤਾ ਵੀ ਵਿਚਾਰ ਕੇ ਕਿਉਂ ਨਹੀਂ ਵੇਖਿਆ ਹੈ। ਪ੍ਰਸਾਦੀ ਹਾਥੀ ਵਾਸਤੇ ਇਸ ਤਰ੍ਹਾਂ ਛੱਲ ਕਰਨਾ ਚਾਹੁੰਦਾ ਸੀ, ਬਾਰ-ਬਾਰ ਕਪਟੀ ਅਤੇ ਕੁਟਿਲ ਜਾਣ ਕੇ ਅਸੀਂ ਹਾਥੀ ਨਹੀਂ ਦਿੱਤਾ ਹੈ। ਅਸੀਂ ਇਹ ਸਥਾਨ ਛੱਡ ਕੇ ਸਾਰਮੌਰ ਦੇਸ਼ ਵਿਚ ਚਲੇ ਗਏ ਸੀ। ਉਥੇ ਵੀ ਖੁਟਾਈ ਕੀਤੀ। ਖੁਟਾਈ ਕਰਨ ਵਿਚ ਰਾਜਾ ਵੱਡਾ ਚਤੁਰ ਹੈ ॥੨੧॥

ਹਮਰੇ ਦਿਵਾਨ ਕਉ ਸੁਘੇਰਯੋ ਚਹੈ ਹਾਨ ਕਉ, ਮਹਾਨ ਸਾਵਧਾਨ ਕਉ ਪਰੈ ਸੁ ਕੈਸੇ ਪਾਨ ਮੈਂ।
ਪੁਨ ਫਤੇਸ਼ਾਹਿ ਕੋ ਬਿਰੋਧੀ ਹਮ ਸੰਗ ਕੀਨਿ, ਸੈਨਾ ਕੋ ਸਕੇਲਿ ਜੀਤ ਚਾਹੇ ਘਮਸਾਨ ਮੈਂ।
ਤਹਾਂ ਮਹਾਂ ਲੋਹ ਨੇ ਪਰਾਜੈ ਕਰਿ ਦੀਨੇ ਭੂਪ, ਛਾਨੀ ਹੈ ਨ ਬਾਤਿ ਅਪਵਾਦਿ ਹੈ ਜਹਾਨ ਮੈਂ।
ਅਪਨੋ ਨਗਰ ਹਮ ਆਨਿ ਕੈ ਬਸਾਯੋ ਅਬਿ, ਸੁਭਟ ਸਮੂਹ ਥਿਤ ਧਾਰੇ ਸ਼ਸਤ੍ਰ ਪਾਨ ਮੈਂ ॥੨੨॥

ਸਾਡੇ ਦੀਵਾਨ ਨੂੰ ਮਾਰਨ ਵਾਸਤੇ ਘੇਰਨਾ ਚਾਹੁੰਦਾ ਸੀ, ਪਰ ਸਾਡਾ ਦੀਵਾਨ ਸਾਵਧਾਨ ਸੀ, ਉਹ ਉਸਦੇ ਹੱਥ ਕਿਵੇਂ ਆਉਂਦਾ। ਫਿਰ ਰਾਜੇ ਫਤਹਿ ਸ਼ਾਹ ਨੂੰ ਸਾਡਾ ਵਿਰੋਧੀ ਬਣਾਇਆ, ਸੈਨਾਂ ਨੂੰ ਇਕੱਠੀ ਕਰਕੇ ਸਾਡੇ ਨਾਲ ਯੁੱਧ ਕਰਕੇ ਜਿੱਤ ਪਾਉਣੀ ਚਾਹੁੰਦਾ ਸੀ। ਉਥੇ ਅਕਾਲ ਪੁਰਖ ਨੇ ਰਾਜਿਆਂ ਨੂੰ ਹਰਾ ਦਿੱਤਾ। ਇਹ ਗੱਲ ਕੋਈ ਲੁਕੀ ਛਿਪੀ ਨਹੀਂ, ਸਾਰੇ ਜਗਤ ਵਿਚ ਵੱਡੀ ਨਿੰਦਿਆ ਹੋਈ ਹੈ। ਹੁਣ ਅਸੀਂ ਆਪਣਾ ਨਗਰ ਮੁੜ ਆ ਕੇ ਵਸਾਇਆ ਹੈ, ਸਮੂਹ ਸੂਰਬੀਰ ਸ਼ਸਤਰ ਧਾਰ ਕੇ ਬੈਠੇ ਹਨ ॥੨੨॥

ਖੇਲਿਬੇ ਅਖੇਰ ਕੌ ਨ ਆਨਿ ਥਾਨਿ ਜਾਨ ਕਹੂੰ ਕਾਹਿਲੂਰ ਦੇਸ਼ ਮੈਂ ਪ੍ਰਵੇਸ਼ ਬਿਚਰਤਿ ਹੈਂ।
ਘੋਰਨ ਕੋ ਘਾਸ, ਕਿਧੌਂ ਮਾਸ ਹੇਤੁ ਛਾਗ ਲੇਤਿ ਔਰ ਨ ਬਿਗਾਰੈਂ ਕਛੁ ਫਿਰੈਂ ਜਿਤ ਕਿਤ ਹੈਂ।
ਕਹਾਂ ਬਿਗਰਾਯੋ, ਕੋ ਦੁਰਗ ਨਹਿਂ ਛੀਨ ਲੀਓ, ਗ੍ਰਾਮ ਹੂੰ ਨ ਲੂਟਯੋ ਕੋਈ ਲੀਨਿ ਕਹਾਂ ਬਿਤ ਹੈ।
ਪੰਥਹੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ, ਕੌਨਸੋ ਬਿਗਾਰ ਕੀਨਿ ਜਾਂ ਤੇ ਦੁਖ ਚਿਤ ਹੈ ? ॥ ੨੩॥

ਸ਼ਿਕਾਰ ਖੇਡਣ ਵਾਸਤੇ ਹੋਰ ਕਿਸੇ ਥਾਂ ਜਾਣਾ ਨਹੀਂ ਹੁੰਦਾ ਹੈ, ਕਹਿਲੂਰ ਦੇਸ਼ ਵਿਚ ਹੀ ਵਿਚਰਦੇ ਫਿਰਦੇ ਹਾਂ। ਘੋੜਿਆਂ ਵਾਸਤੇ ਘਾਹ ਜਾਂ ਬੱਕਰੇ ਦਾ ਮਾਸ ਲੈਣ ਵਾਸਤੇ ਜਾਂਦੇ ਹਾਂ। ਹੋਰ ਕੁਝ ਵੀ ਨਹੀਂ ਵਿਗਾੜਦੇ, ਜਿੱਥੇ ਕਿੱਥੇ ਵੀ ਫਿਰਦੇ ਹਾਂ। ਅਸੀਂ ਕੀ ਵਿਗਾੜਿਆ ਹੈ ? ਕੋਈ ਕਿਲ੍ਹਾ ਨਹੀਂ ਖੋਹ ਲਿਆ ਹੈ, ਕਿਸੇ ਪਿੰਡ ਨੂੰ ਨਹੀਂ ਲੁੱਟਿਆ ਹੈ ਅਤੇ ਕਿਸੇ ਪਾਸੋਂ ਧਨ ਵੀ ਨਹੀਂ ਲਿਆ ਹੈ। ਕੋਈ ਰਾਹ ਵੀ ਨਹੀਂ ਰੋਕਿਆ ਹੈ, ਪੱਕੀ ਖੇਤੀ ਉਸੇ ਤਰ੍ਹਾਂ ਖੜੀ ਰਹਿੰਦੀ ਹੈ। ਅਸੀਂ ਕਿਹੜਾ ਵਿਗਾੜ ਕੀਤਾ ਹੈ ਜਿਸ ਕਰਕੇ ਚਿੱਤ ਵਿਚ ਏਨਾ ਦੁਖ ਮਨਾਇਆ ਹੈ ? ॥੨੩॥

ਭੀਮਚੰਦ ਭੂਪ ਨੇ ਤੁਰੰਗਮ ਨ ਦੀਨਿ ਕੋਈ, ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।
ਰਹੋ ਨਿਜ ਦੇਸ਼ ਕਰੋ ਰਾਜ ਕੋ ਅਸ਼ੇਸ਼ ਬੈਠਿ, ਹਮਰੋ ਨ ਦ੍ਵੈਸ਼ ਨਹਿੰ ਕਾਜ ਬਿਗਰਾਯੋ ਹੈ'।
ਬਾਕ ਪੁਰਹੂਤ ਸਮ ਦੂਤ ਸੁਨਿ ਪੂਤ ਮਨ, ਸੂਤ ਕਰਯੋ ਚਾਂਹਤਿ ਸੁ ਬੇਨਤੀ ਅਲਾਯੋ ਹੈ।
'ਰਾਜੇ ਹੂੰ ਕੋ ਮੇਲ ਲੇਹੁ ਕੀਜੀਏ ਸਨੇਹ ਆਪ, ਕਰੁਨਾ ਅਛੇਹ ਤੇ ਸਕਲ ਬਨਿ ਆਯੋ ਹੈ' ॥੨੪॥

ਭੀਮ ਚੰਦ ਰਾਜੇ ਕੋਈ ਘੋੜਾ ਨਹੀਂ ਦਿੱਤਾ ਹੈ ਤਾਂ ਨਾ ਹੀ ਨਾਲਬੰਦੀ ਵਾਲਾ ਧਨ ਪਹੁੰਚਾਇਆ ਹੈ। ਆਪਣੇ ਦੇਸ਼ ਵਿਚ ਰਹੋ, ਬੈਠ ਕੇ ਸਾਰੇ ਦੇਸ਼ 'ਤੇ ਰਾਜ ਕਰੋ, ਸਾਡਾ ਕੋਈ ਵੈਰ ਨਹੀਂ ਹੈ ਅਤੇ ਨਾ ਹੀ ਅਸੀਂ ਤੁਹਾਡਾ ਕੋਈ ਕਾਰਜ ਵਿਗਾੜਿਆ ਹੈ।" ਦੇਵ ਰਾਜ ਵਰਗੇ ਬਚਨ ਦੂਤ ਨੇ ਪਵਿੱਤਰ ਮਨ ਕਰਕੇ ਸੁਣੇ। ਉਹ ਕਿਉਂਕਿ ਆਪਸ ਵਿਚ ਮੇਲ ਕਰਵਾਉਣਾ ਚਾਹੁੰਦਾ ਸੀ ਇਸ ਲਈ ਉਸ ਨੇ ਦੁਬਾਰਾ ਬੇਨਤੀ ਕੀਤੀ। "ਆਪ ਜੀ ਸਨੇਹ ਕਰਕੇ ਰਾਜੇ ਨੂੰ ਮੇਲ ਲਵੋ। ਆਪ ਜੀ ਦੀ ਕਿਰਪਾ ਨਾਲ ਸਭ ਕੁਝ ਬਣ ਜਾਂਦਾ ਹੈ" ॥੨੪॥

*ਨੋਟ : ਨਾਲਬੰਦੀ ਵਾਲਾ ਉਹ ਧਨ ਹੁੰਦਾ ਹੈ ਜਿਹੜਾ ਇਕ ਛੋਟਾ ਰਾਜਾ ਵੱਡੇ ਰਾਜੇ ਨੂੰ ਭਰੇ। ਜਾਪਦਾ ਹੈ ਕਿ ਇਹ ਇਸ਼ਾਰਾ ਗੁਰੂ ਜੀ ਦਾ ਭੰਗਾਣੀ ਯੁੱਧ ਤੋਂ ਬਾਅਦ ਹੋਈ ਕਿਸੇ ਸੰਧੀ ਵਲ ਹੈ ਤੇ ਰਾਜੇ ਨੇ ਕੁਝ ਘੋੜੇ ਅਤੇ ਰੁਪਏ ਗੁਰੂ ਜੀ ਨੂੰ ਨਜ਼ਰਾਨਾ ਭੇਜਣਾ ਮੰਨਿਆ ਹੋਵੇ ਤੇ ਫਿਰ ਭੇਜਿਆ ਨਾ ਹੋਵੇ। ਗੁਰੂ ਜੀ ਯਾਦ ਕਰਵਾਉਂਦੇ ਹਨ ਕਿ ਉਸਨੇ ਸ਼ਰਤ ਨੂੰ ਪੂਰੀ ਨਹੀਂ ਕੀਤਾ ਹੈ, ਪਰ ਅਸੀਂ ਫਿਰ ਵੀ ਉਸ ਦਾ ਕੁਝ ਵਿਗਾੜਿਆ ਨਹੀਂ ਹੈ।*

ਦੋਹਰਾ- ਬਨ੍ਯੋ ਦੀਨ ਬਿਨਤੀ ਕਰੀ ਮਾਨੀ ਸਤਿਗੁਰ ਬਾਤਿ।
'ਲੈ ਆਵਹੁ ਨਿਜ ਭੂਪ ਕਉ ਦਰਸਹੁ ਹੰਕ੍ਰਿਤ ਘਾਤਿ॥ ੨੫॥

ਬਹੁਤ ਦੀਨ ਬਣ ਕੇ ਉਸ ਬੇਨਤੀ ਕੀਤੀ, ਸਤਿਗੁਰੂ ਜੀ ਨੇ ਉਸ ਦੀ ਗੱਲ ਮੰਨ ਲਈ ਤੇ ਕਿਹਾ, "ਆਪਣੇ ਰਾਜੇ ਨੂੰ ਲੈ ਆਵੋ ਹੰਕਾਰ ਦੂਰ ਕਰਕੇ ਦਰਸ਼ਨ ਕਰੇ॥੨੫॥

ਗੁਰੂ ਪੌਰ ਤੇ ਨਿੰਮ੍ਰਿ ਬਨਿ ਲੇਤਿ ਸਰਬ ਕੁਛ ਪਾਇ।
ਹੰਕਾਰੀ ਟੂਟੈ ਗਿਰੈ ਕਹੁ ਗਿਰਪਤਿ ਸੋਂ ਜਾਇ'॥ ੨੬॥

ਗੁਰੂ ਦਵਾਰ 'ਤੇ ਸਨਿੰਮਰ ਬਣ ਕੇ ਸਭ ਕੁਝ ਪਾ ਲੈਂਦੇ ਹਨ, ਹੰਕਾਰੀ ਟੁੱਟ ਕੇ ਡਿੱਗ ਪੈਂਦੇ ਹਨ। ਇਹ ਪਹਾੜੀ ਰਾਜੇ ਨੂੰ ਜਾ ਕੇ ਕਹੋ" ॥੨੬॥

*ਦੂਸਰੀ ਰੁੱਤ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥*

## *ਅਧਿਆਇ ਸੈਂਤੀਵਾਂ*

*ਭੀਮ ਚੰਦ ਮੇਲ ਹਿਤ ਆਇਆ, ਸਾਹਿਬਜ਼ਾਦਾ ਅਜੀਤ ਸਿੰਘ ਜਨਮ*

ਦੋਹਰਾ- ਸੁਨਿ ਸਤਿਗੁਰ ਕੇ ਵਾਕ ਵਰ ਕ੍ਰਿਪਾ ਸਨੇ ਰਸ ਸਾਥ।
ਨਮੋ ਕਰੀ ਤਿਹ ਸਮੇਂ ਉਠਿ ਚਲ੍ਯੋ ਨਿਕਟ ਗਿਰਨਾਥ॥ ੧॥

ਸਤਿਗੁਰੂ ਜੀ ਦੇ ਕਿਰਪਾ ਦੇ ਰਸ ਨਾਲ ਰੰਗੇ ਹੋਏ ਬਚਨ ਸੁਣ ਕੇ ਦੂਤ ਨੇ ਉਸ ਸਮੇਂ ਨਮਸਕਾਰ ਕੀਤੀ ਤੇ ਉੱਠ ਕੇ ਭੀਮ ਚੰਦ ਦੇ ਪਾਸ ਜਾਣ ਲਈ ਚਲ ਪਿਆ॥੧॥

ਕਬਿੱਤ-ਬਾਜ ਪੈ ਅਰੂਢ ਕਰਿ ਜਾਨਿ ਗਤਿ ਗੂਢ ਉਰ, ਗੁਰੂ ਗੁਨ ਰੂਢ ਕਉ ਬਿਚਾਰਤਿ ਸਿਧਾਰਯੋ ਹੈ।
ਤਾਤਕਾਲ ਗਯੋ ਭੀਮਚੰਦ ਕਉ ਮਿਲਤ ਭਯੋ, ਜੇਤਿਕ ਪ੍ਰਸੰਗ ਬਿਓ ਸਕਲ ਉਚਾਰਯੋ ਹੈ।
'ਅਬਿ ਹੈਂ ਕ੍ਰਿਪਾਲ, ਨਹਿਂ ਬੱਕ੍ਰਤਾ ਕੋ ਖਯਾਲ ਕੁਛ ਚਾਲੀਏ ਉਤਾਲ, ਸਭਿ ਕਾਰਜ ਸੁਧਾਰਯੋ ਹੈ।
ਆਨੰਦ ਬਿਲੰਦ ਹੋਇ ਰਹਯੋ ਹੈ ਅਨੰਦਪੁਰਿ ਜਿਤਕਿਤ ਬੀਰ ਬ੍ਰਿੰਦ ਦਲ ਕੇ ਨਿਹਾਰਯੋ ਹੈ ॥੨॥

ਘੋੜੇ 'ਤੇ ਸਵਾਰ ਹੋ ਕੇ, ਜਾਣ ਵਾਸਤੇ ਪੱਕਾ ਮਨ ਬਣਾ ਲਿਆ। ਗੁਰੂ ਜੀ ਦੇ ਮਨੋਹਰ ਗੁਣਾਂ ਨੂੰ ਵੀਚਾਰਦਾ ਚਲੇ ਗਿਆ। ਤੁਰਤ ਜਾ ਕੇ ਰਾਜੇ ਭੀਮ ਚੰਦ ਨੂੰ ਮਿਲ ਪਿਆ। ਜਿੰਨਾ ਪ੍ਰਸੰਗ ਹੋਇਆ ਸੀ, ਉਹ ਸਾਰਾ ਜਾ ਕੇ ਸੁਣਾਇਆ, "ਹੁਣ ਕ੍ਰਿਪਾਲੂ ਹੋਏ ਹਨ, ਇਸ ਕਰਕੇ ਆਪਣੇ ਦਿਲ ਵਿਚ ਕਿਸੇ ਪ੍ਰਕਾਰ ਦੀ ਖੋਟ ਵਿਚਾਰ ਕੇ ਨਾ ਚਲੋ, ਹੁਣ ਛੇਤੀ ਚਲ ਪਵੋ, ਮੈਂ ਸਾਰਾ ਕਾਰਜ ਸੁਧਾਰ ਆਇਆ ਹਾਂ। ਵੱਡੇ ਅਨੰਦ ਸਹਿਤ ਰਹਿ ਰਹੇ ਹਨ, ਅਨੰਦਪੁਰ ਵਿਚ ਜਿੱਥੇ ਕਿੱਥੇ ਸੈਨਾ ਦੇ ਬਹੁਤ ਸੂਰਬੀਰ ਵੇਖੇ ਹਨ ॥੨॥

ਕੀਜੈ ਨਿਜ ਮੇਲ ਗਨ ਬੀਰਨਿ ਸਕੇਲ ਕਰਿ, ਗੁਰੂ ਹਰਖਾਇ ਕੈ ਹਰਖ ਨਿਜ ਧਾਰੀਏ।
ਕਰਾਮਾਤ ਸਾਹਿਬ ਸੁਜਾਨ ਕਉ ਸੁ ਜਾਨਿ ਮਨ, ਬੰਦਨਾ ਚਰਨ ਕਰਿ, ਬਿਨਤਿ ਉਚਾਰੀਏ।
ਆਪਨੋ ਅਸ਼ੇਸ਼ ਦੇਸ਼ ਹੋਤਿ ਜੋ ਕਲੇਸ਼ ਵੇਸ, ਗੋਪਤਾ ਵਿਸ਼ੇਸ਼ ਬਨ ਨੀਕੇ ਹੀ ਉਬਾਰੀਏ।
ਦ੍ਵੈਸ਼ ਕੋ ਨ ਲੇਸ਼ ਧਰਿ ਮੁਦਤ ਹਮੇਸ਼ ਰਹੋ, ਮਾਨਿ ਉਪਦੇਸ਼ ਕਉ ਕਪਟ ਨਿਰਵਾਰੀਏ ॥੩॥

ਕੁਝ ਸੂਰਬੀਰਾਂ ਨੂੰ ਇਕੱਠੇ ਕਰਕੇ ਹੁਣ ਆਪਣਾ ਮੇਲ ਕਰ ਲਵੋ, ਗੁਰੂ ਜੀ ਨੂੰ ਪ੍ਰਸੰਨ ਕਰਕੇ, ਆਪਣੀ ਪ੍ਰਸੰਨਤਾ ਧਾਰਨ ਕਰੋ। ਗੁਰੂ ਜੀ ਨੂੰ ਆਪਣੇ ਮਨ ਵਿਚ ਕਰਾਮਾਤ ਦਾ ਸਾਹਿਬ ਜਾਣੋ, ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕਰਕੇ ਬੇਨਤੀ ਉਚਾਰਨ ਕਰੋ। ਆਪਣਾ ਸਾਰਾ ਦੇਸ਼ ਜਿਹੜਾ ਹੁਣ ਕਲੇਸ਼ ਦਾ ਵੇਸ ਧਾਰਨ ਕਰ ਬੈਠਾ ਹੈ, ਚੰਗੇ ਰਖਵਾਲੇ ਬਣ ਕੇ ਇਸ ਨੂੰ ਬਚਾ ਲਵੋ। ਲੇਸ਼ ਮਾਤਰ ਵੀ ਵੈਰ ਨਾ ਧਾਰਨ ਕਰੋ, ਹਮੇਸ਼ਾ ਪ੍ਰਸੰਨ ਰਹੋ, ਮੇਰਾ ਉਪਦੇਸ਼ ਮੰਨ ਕੇ ਕਪਟ ਨੂੰ ਦੂਰ ਕਰੋ" ॥੩॥

ਸੁਨਿਕੈ ਵਕੀਲ ਤੇ ਸੁਸ਼ੀਲ ਕੋ ਛਬੀਲੋ ਰੂਪ ਭੂਪਤਿ ਹਠੀਲੋ ਹਠ ਤਯਾਗਿ ਤਾਤਕਾਲ ਕਉ।
ਭੇਟਨ ਸਕੇਲ ਕਰਿ, ਚਢਯੋ ਗਜ ਪੇਲਕਰਿ, ਫੌਜਨ ਕਉ ਮੇਲ ਕਰਿ ਧਾਰਤਿ ਉਤਾਲ ਕਉ।
ਮਾਰਗ ਪਯਾਨ ਕਰਿ ਆਨੰਦਪੁਰੇ ਕਉ ਥਾਨ ਆਨਿ ਕਰਿ ਉਤਰਯੋ ਮਹਾਨ ਮਹਿਪਾਲ ਕਉ।
ਸੁਧ ਕਉ ਸੁਨਤਿ ਸੁਧਿ ਲੈਬੇ ਹੇਤੁ ਨੰਦ ਚੰਦ ਭੇਜਯੋ ਸ੍ਰੀ ਗੁਬਿੰਦ ਸਿੰਘ ਰਾਜਨੀਤਿ ਚਾਲ ਕਉ ॥੪॥

ਦੂਤ ਪਾਸੋਂ ਗੁਰੂ ਜੀ ਦੇ ਸੁਸ਼ੀਲ ਅਤੇ ਛਬੀਲੇ ਸਰੂਪ ਬਾਰੇ ਸੁਣਕੇ, ਹਠੀ ਰਾਜੇ ਨੇ ਤੁਰਤ ਆਪਣੇ ਹਠ ਨੂੰ ਛੱਡ ਦਿੱਤਾ। ਭੇਟਾਵਾਂ ਇਕੱਠੀਆਂ ਕਰਕੇ, ਹਾਥੀ ਨੂੰ ਪ੍ਰੇਰ ਕੇ ਉੱਤੇ ਚੜ੍ਹ ਗਿਆ। ਸੈਨਾ ਨੂੰ ਨਾਲ ਲੈ ਕੇ ਬਹੁਤ ਉਤਾਵਲਾਪਨ ਧਾਰਨ ਕੀਤਾ। ਰਾਹੇ-ਰਾਹ ਚਲ ਕੇ, ਅਨੰਦਪੁਰ ਵਾਲੇ ਸਥਾਨ ਵਲ ਚਲ ਪਿਆ ਤੇ ਮਹਾਨ ਰਾਜਾ ਆ ਕੇ ਉੱਤਰ ਗਿਆ। ਰਾਜੇ ਦੀ ਆਉਣ ਦੀ ਖ਼ਬਰ ਸੁਣ ਕੇ ਗੁਰੂ ਜੀ ਨੇ ਰਾਜਨੀਤੀ ਦੇ ਤਰੀਕੇ ਨੂੰ ਵਿਚਾਰ ਕੇ ਆਪਣੇ ਦੀਵਾਨ ਨੰਦ ਚੰਦ ਨੂੰ ਭੇਜਿਆ ॥੪॥

ਖਾਨ ਪਾਨ ਦਾਨਾ ਤ੍ਰਿਣ ਦੀਨਸਿ ਵਿਸ਼ਾਲ ਤਬਿ ਪਾਛਲੇ ਪਹਿਰ ਠਹਿਰਾਯੋ ਮੇਲ ਆਵਨੋ।
ਬਿਜੀਆ ਕਉ ਪਾਨ ਕਰਿ ਸੌਚ ਤਨ ਠਾਨਿ ਕਰਿ ਬਹੁਰ ਸ਼ਨਾਨ ਕਰਿ ਪੋਸ਼ਿਸ਼ ਮੰਗਾਵਨੋ।
ਸੁੰਦਰ ਪਹਿਰ ਕਰਿ ਭੂਖਨ ਰਤਨ ਜਰਿ ਗਰ ਸ਼ਮਸ਼ੇਰ ਸਮ ਸ਼ੇਰ ਹ੍ਵੈ ਦਿਖਾਵਨੋ।
ਨਿਠੁਰ ਕੁਦੰਡ ਭੁਜਦੰਡ ਕੇ ਸਿਕੰਧ ਧਰਿ ਤੀਖਨ ਖਤੰਗ ਕੀਨਿ ਪਾਨ ਮੈਂ ਫਿਰਾਵਨੋ ॥੫॥

ਖਾਣ ਪੀਣ ਘਾਹ ਦਾਨਾ ਫਿਰ ਬਹੁਤ ਦਿੱਤਾ ਤੇ ਪਿਛਲੇ ਪਹਿਰ ਮਿਲਣ ਬਾਰੇ ਠਹਿਰਾਇਆ। ਸਰਦਾਈ ਪੀ ਕੇ ਤੇ ਸਰੀਰ 'ਤੇ ਸੌਚ ਕਰਕੇ ਫਿਰ ਇਸ਼ਨਾਨ ਕਰਕੇ ਪੋਸ਼ਾਕੇ ਮੰਗਵਾਏ। ਸੁੰਦਰ ਗਹਿਣੇ ਜਿਹੜੇ ਰਤਨ ਜਵਾਹਰਾਂ ਨਾਲ ਜੜੇ ਹੋਏ

Sri Satguru Jagjit Singh Ji eLlibrary NamdhariElibrary@gmail.com

ਸਨ ਤੇ ਤਲਵਾਰ ਪਹਿਣ ਕੇ ਸ਼ੇਰ ਵਾਂਗ ਦਿਖਾਈ ਦੇ ਰਹੇ ਸਨ। ਸਖਤ ਧਨੁੱਖ ਬਾਨ ਨੂੰ ਮੋਢੇ ਉੱਤੇ ਧਰ ਲਿਆ ਤੇ ਭੱਥੇ ਵਿਚ ਤਿੱਖੇ ਤੀਰਾਂ ਨੂੰ ਭਰ ਲਿਆ॥੫॥

ਕੇਹਰੀ ਗਵੰਨ ਪਗ ਪੰਕਜ ਰਵੰਨ ਚਲੋ ਸਭਾ ਕੇ ਸਥਾਨ ਮੈਂ ਪਯਾਨ ਆਪ ਕੀਨਿਯੋ।
ਕੰਚਨ ਸਿੰਘਾਸਨ ਪੈ ਬੈਠੇ ਸੁਖ ਆਸਨ ਸੌਂ, ਨਿਕਟ ਸਰਾਸਨ ਟਿਕਾਇ ਦ੍ਰਿੜ੍ਹ ਲੀਨਿਯੋ।
ਚੌਰਦਾਰ ਚੌਰ ਚਾਰੁ ਚਾਰ ਦਿਸ਼ਿ ਢੋਰ ਕਰਿ ਸ਼ੋਭਾ ਕੋ ਬਢਾਵੈ ਸਮ ਕਿਰਨੋ ਕੀ ਚੀਨਿਯੋ।
ਫਰਸ਼ ਅਨੇਕ ਰੰਗ ਸਜਜੋ ਸਭਿ ਬਜੌਂਤ ਸੰਗ, ਸਭਾ ਮੈਂ ਸੁਗੰਧਤਾ ਕੀ ਗੰਗ ਛੋਰਿ ਦੀਨਿਯੋ॥੬॥

ਸ਼ੇਰ ਦੀ ਚਾਲ ਵਾਂਗ ਆਪਣੇ ਸੁੰਦਰ ਚਰਨ ਕੰਵਲਾਂ ਤੇ ਚਲ ਪਏ ਤੇ ਆਪਣੀ ਸਭਾ ਵਾਲੇ ਸਥਾਨ ਤੇ ਪਹੁੰਚ ਗਏ। ਸੁਖ-ਆਸਣ ਵਿਚ ਆਪਣੇ ਸੋਨੇ ਦੇ ਸਿੰਘਾਸਣ ਤੇ ਬੈਠ ਗਏ ਤੇ ਆਪਣੇ ਨੇੜੇ ਧਨੁੱਖ ਨੂੰ ਟਿਕਾ ਲਿਆ। ਚੌਰ ਬਰਦਾਰ ਸੁੰਦਰ ਚੌਰ ਕਰ ਰਿਹਾ ਸੀ ਤੇ ਚਾਰੇ ਪਾਸੇ ਫਿਰ ਕੇ ਗੁਰੂ ਜੀ ਦੀ ਸ਼ੋਭਾ ਨੂੰ ਵਧਾ ਰਿਹਾ ਸੀ ਤੇ ਸੂਰਜ ਦੀਆਂ ਕਿਰਨਾਂ ਵਾਂਗ ਚਮਕਦਾ ਹੋਇਆ ਵਿਖਾਈ ਦੇ ਰਿਹਾ ਸੀ। ਸਾਰੀਆਂ ਵਿਉਂਤਾਂ ਨਾਲ ਅਨੇਕ ਰੰਗਾਂ ਦਾ ਫਰਸ਼ ਵਿਛਿਆ ਸੀ ਤੇ ਸਭਾ ਵਿਚ ਸੁਗੰਧੀ ਦੀ ਗੰਗਾ ਛੱਡ ਦਿੱਤੀ ਸੀ॥੬॥

ਆਯੋ ਨੰਦ ਚੰਦ ਕਰਿ ਬੰਦਨਾ ਕੋ ਦਯਾਰਾਮ ਪ੍ਰੋਧਾ ਮਹਾਂਬੀਰ ਤੀਨ ਭ੍ਰਾਤ ਥਿਰੇ ਥਾਨ ਮੈਂ।
ਬ੍ਰਿੰਦ ਜੇ ਮਸੰਦ ਧਨ ਸੰਚਤਿ ਬਿਲੰਦ ਡੀਲ ਬੈਠੇ ਜਥਾ ਜੋਗ ਸਭਿ ਆਨ ਕੈ ਦਿਵਾਨ ਮੈਂ।
ਐਂਠਦਾਰ ਬੀਰ ਬਰ ਧਾਰਿ ਕੈ ਸਰੀਰ ਚੀਰ, ਆਏ ਸੁਧਿ ਸੁਨਿ ਧਾਰਿ ਆਯੁਧ ਕੋ ਪਾਨ ਮੈਂ।
ਮਾਤੁਲ ਕ੍ਰਿਪਾਲ ਬਹੁ ਜੋਧਾ ਜਿਸ ਨਾਲ ਆਏ ਧੀਰਜ ਬਿਸਾਲ ਉਰ ਬਾਕਨ ਬਖਾਨ ਮੈਂ॥੭॥

ਨੰਦ ਚੰਦ ਬੰਦਨਾ ਕਰਕੇ ਆਇਆ ਤੇ ਦਇਆ ਰਾਮ ਪ੍ਰੋਹਿਤ ਤੇ ਤਿੰਨੇ ਭਰਾ ਆਪਣੇ-ਆਪਣੇ ਥਾਵਾਂ ਤੇ ਬੈਠ ਗਏ। ਸਾਰੇ ਮਸੰਦ ਜਿਹੜੇ ਬਹੁਤ ਧਨ ਇਕੱਠਾ ਕਰਦੇ ਸਨ, ਉਹ ਸਾਰੇ ਆ ਕੇ ਆਪਣੇ ਯਥਾ ਯੋਗ ਸਥਾਨਾਂ ਤੇ ਬੈਠ ਗਏ। ਸਿਰ-ਕੱਢ ਸੂਰਬੀਰ ਸ੍ਰੇਸ਼ਟ ਪੋਸ਼ਾਕਾਂ ਧਾਰ ਕੇ, ਸਭਾ ਬਾਰੇ ਸੁਣ ਕੇ ਸ਼ਸਤਰ ਧਾਰ ਕੇ ਆ ਗਏ। ਮਾਮਾ ਕ੍ਰਿਪਾਲ ਜੀ ਜਿਸ ਨਾਲ ਬਹੁਤ ਯੋਧੇ ਆਏ ਅਤੇ ਜਿਹੜੇ ਵਾਕ ਵਿਦਿਆ ਵਿਚ ਵੱਡੇ ਧੀਰਜਵਾਨ ਸਨ, ਉਹ ਵੀ ਆ ਕੇ ਬੈਠ ਗਏ॥੭॥

ਭੇਜਜੋ ਚੋਬਦਾਰ 'ਲਜਾਓ ਭੂਪ ਕੋ ਹਕਾਰ ਅਬਿ' ਪਾਇਕੇ ਰਜਾਇ ਤਾਤਕਾਲ ਤਾਂਹਿ ਆਨਿਯੋ।
ਬੀਰਨ ਵਜ਼ੀਰਨ ਕੌ ਸੰਗ ਲੈ ਬਹੀਰ ਬਹੁ ਆਨਿ ਭੀਮ ਚੰਦ ਨੈ ਪ੍ਰਣਾਮ ਪਗ ਠਾਨਿਯੋ।
ਅਰਪਿ ਅਕੋਰਨ ਕਉ ਹਾਥ ਜੋਰਿ ਪ੍ਰਭੂ ਓਰ, ਬੈਠਜੋ ਸੋ ਬਿਲੋਕਿ ਮੋਦ ਪ੍ਰਸ਼ਨ ਬਖਾਨਿਯੋ।
ਆਪ ਕੀ ਕ੍ਰਿਪਾ ਤੇ ਮੋ ਕਉ ਕੁਸ਼ਲ ਕਲਜਾਨ ਸਭਿ ਦੁਲਭ ਦਰਸ ਤੇ ਹਰਖ ਉਰ ਮਾਨਿਯੋ॥੮॥

ਫਿਰ ਗੁਰੂ ਜੀ ਨੇ ਚੋਬਦਾਰ ਨੂੰ ਭੇਜਿਆ ਤੇ ਕਿਹਾ, "ਰਾਜੇ ਨੂੰ ਬੁਲਾ ਕੇ ਲਿਆਵੋ।" ਹੁਕਮ ਪ੍ਰਾਪਤ ਕਰਕੇ ਚੋਬਦਾਰ ਤੁਰਤ ਬੁਲਾ ਕੇ ਲੈ ਆਇਆ। ਆਪਣੇ ਸੂਰਬੀਰਾਂ ਅਤੇ ਵਜ਼ੀਰਾਂ ਨੂੰ ਨਾਲ ਲੈ ਕੇ ਰਾਜੇ ਭੀਮ ਚੰਦ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਉਪਹਾਰਾਂ ਨੂੰ ਅਰਪਣ ਕਰਕੇ, ਗੁਰੂ ਜੀ ਦੇ ਸਾਹਮਣੇ ਹੱਥ ਜੋੜੇ ਤੇ ਵੇਖ ਕੇ ਬੈਠ ਗਿਆ ਤੇ ਪ੍ਰਸੰਨ ਹੋ ਕੇ ਪ੍ਰਸ਼ਨ ਕੀਤਾ। "ਆਪ ਦੀ ਕ੍ਰਿਪਾ ਨਾਲ ਮੈਂ ਬਿਲਕੁਲ ਕੁਸ਼ਲ ਆਨੰਦ ਹਾਂ, ਦੁਰਲਭ ਦਰਸ਼ਨ ਪਾ ਪ੍ਰਸੰਨ ਹੋ ਗਿਆ ਹਾਂ॥੮॥

ਕਰਾਮਾਤ ਸਾਹਿਬ ਅਜਾਇਬ ਚਰਿੱਤ੍ਰ ਤੁਮ, ਫੇਰ ਮਨ ਦੇਤਿ ਹੋ ਕਿ ਫੇਰ ਮਨ ਲੇਤਿ ਹੋ।
ਮੋ ਤੇ ਅਪਰਾਧ ਭਯੋ ਭੂਲ ਕੈ ਅਸਾਧ ਥਿਯੋ, ਅਧਿਕ ਉਪਾਧਿ ਕਿਯੋ ਦ੍ਵੈਸ਼ ਬਿਨ ਹੇਤੁ ਹੋ।
ਰਾਵਰੋ ਬਿਰਦ ਬਖਸ਼ਿੰਦ ਸੁਨਜੋਂ ਬ੍ਰਿੰਦਹੂੰ ਤੇ, ਬਖਸ਼ੋ ਖਿਮਾ ਕੇ ਨਿਧਿ ਕਰੁਨਾ ਨਿਕੇਤ ਹੋ।
ਰਾਖੀਏ ਸ਼ਰਨ ਤੁਮ ਤਾਰਨ ਤਰਨ ਰੂਪ ਕਾਰਨ ਕਰਨ ਬਡੇ ਬੀਰ ਜੰਗਖੇਤ ਹੋ॥੯॥

ਕਰਾਮਾਤ ਦੇ ਸਾਹਿਬ ਤੁਸੀਂ ਅਦਭੁਤ ਚਰਿੱਤਰ ਵਾਲੇ ਹੋ, ਆਪਣੀ ਵਲੋਂ ਮਨ ਮੋੜ ਦਿੰਦੇ ਹੋ ਕਿ ਆਪਣੀ ਵਲ ਨੂੰ ਮਨ ਮੋੜ ਲੈਂਦੇ ਹੋ ਮੇਰੇ ਪਾਸੋਂ ਅਪਰਾਧ ਹੋ ਗਿਆ ਹੈ, ਭੁਲ ਕੇ ਮਾੜਾ ਕੰਮ ਕੀਤਾ ਹੈ ਤੇ ਹਿੱਤ-ਹੀਣ ਹੋ ਕੇ ਬਹੁਤ ਵੈਰ ਕਮਾਇਆ ਹੈ। ਬਹੁਤ ਲੋਕਾਂ ਪਾਸੋਂ ਆਪ ਜੀ ਦਾ ਬਿਰਦ ਬਖਸ਼ਣ ਵਾਲਾ ਸੁਣਿਆ ਹੈ, ਮੈਨੂੰ ਹੁਣ ਖਿਮਾਂ ਦੇ ਖਜ਼ਾਨੇ ਬਖਸ਼ ਲਵੋ ਆਪ ਕਿਰਪਾ ਦੇ ਘਰ ਹੋ। ਮੈਨੂੰ ਆਪਣੀ ਸ਼ਰਨ ਵਿਚ ਰੱਖੋ, ਆਪ ਤਾਰਨ ਤਰਨ ਸਰੂਪ, ਵੱਡੇ ਕਾਰਨ ਕਰਨ ਤੇ ਰਣ-ਖੇਤਰ ਵਿਚ ਵੱਡੇ ਸੂਰਬੀਰ ਹੋ" ॥੯॥

'ਸੁਨੋ ਅਚਲੇਸ਼ ਦ੍ਵੈਸ਼ ਕਾਰਨ ਅਸ਼ੇਸ਼ ਜੋਈ, ਪੂਰਬ ਕਰੇ ਹੈਂ ਤੁਮ ਚਿੱਤ ਜਾਨਿ ਲੀਜੀਏ।
ਨਿਪਟ ਕਪਟ ਧਾਰਿ ਕੁੰਚਰ ਕੋ ਲੈਬੇ ਹੇਤੁ ਬਾਰਿ ਬਾਰਿ ਪਠੇ ਨਰ ਨਿਰਾਧਾਰ ਕੀਜੀਏ।
ਸ਼ਾਰਿਮੋਰ ਦੇਸ਼ ਗਏ ਤਹਾਂ ਭੀ ਉਪਾਧਿ ਕਏ, ਸਾਰੇ ਗਿਰਧਾਰਨਿ ਕੀ ਸੈਨਾ ਸੁ ਲਖੀਜੀਏ।
ਤੁਮਰੇ ਗਰਬ ਬਹੁ ਭ੍ਰਾਤਨ ਕੋ ਭਯੋ ਉਰ, ਹਮਰੇ ਸਹਾਇ ਅਸਕੇਤੁ ਕੋ ਜਨੀਜੀਏ ॥੧੦॥

ਗੁਰੂ ਜੀ ਨੇ ਕਿਹਾ, "ਹੇ ਰਾਜਨ ! ਸੁਣੋ, ਵੈਰ ਕਾਰਨ ਜਿਹੜੇ ਤੁਸੀਂ ਪਹਿਲਾਂ ਕਾਰਜ ਕੀਤੇ ਹਨ, ਉਨ੍ਹਾਂ ਨੂੰ ਆਪਣੇ ਚਿੱਤ ਵਿਚ ਜਾਣ ਲੱਵੋ। ਅਤੀ ਕਪਟ ਧਾਰ ਕੇ ਹਾਥੀ ਨੂੰ ਲੈਣ ਵਾਸਤੇ ਬਾਰ-ਬਾਰ ਆਪਣੇ ਆਦਮੀਆਂ ਨੂੰ ਭੇਜਿਆ ਸੀ, ਇਸ ਦਾ ਨਿਰਣਾ ਕਰੋ। ਸਾਰਮੋੜ ਦੇਸ਼ ਚਲੇ ਗਏ ਸੀ, ਉਥੇ ਵੀ ਸਾਡੇ ਨਾਲ ਝਗੜੇ ਕੀਤੇ, ਸਾਰੇ ਪਹਾੜੀ ਰਾਜਿਆਂ ਦੀ ਸੈਨਾ ਨੂੰ ਸਮਝੀਏ, ਤੁਹਾਡੇ ਹਿਰਦੇ ਵਿਚ ਆਪਣੇ ਬਹੁਤ ਭਰਾਵਾਂ ਦਾ ਹੰਕਾਰ ਆ ਗਿਆ ਸੀ, ਪਰ ਸਾਡਾ ਸਹਾਇਕ ਇਕ ਅਕਾਲ ਪੁਰਖ ਨੂੰ ਜਾਣੋ ॥੧੦॥

ਪਾਈ ਜੰਗ ਜੀਤਿਬੇ ਕੀ ਲੱਛਮੀ, ਪਰਾਜੇ ਰਿਪੁ, ਇਸਮ ਅਨੰਦਪੁਰਿ ਆਪਨੋ ਬਿਚਾਰ ਕਰਿ।
ਆਨਿ ਕੈ ਸੰਭਾਰ ਕਰਿ, ਲੋਕਨਿ ਹਕਾਰ ਕਰਿ, ਬਾਸ ਕੌ ਉਦਾਰ ਕਰਿ ਮੋਦ ਨਰ ਨਾਰਿ ਕਰਿ।
ਸੁਭਟ ਸਿਧਾਰੈਂ, ਕਿਤ ਘਾਸ ਕੋ ਨਿਹਾਰੈਂ ਲੇਤਿ ਅਪਰ ਬਿਗਾਰ ਕੋ ਕਰਤਿ ਨਾ ਪਧਾਰ ਕਰਿ।
ਗੁਰੂ ਘਰ ਸਾਥ ਅਬਿ ਮਿਲੇ ਜੋਰਿ ਹਾਥ ਤੁਮ, ਯਾਂ ਤੇ ਹਮ ਛਿਮਾ ਧਾਰਿ ਬਰਜੈਂ ਉਚਾਰ ਕਰਿ ॥੧੧॥

ਜੰਗ ਜਿੱਤਣ ਦੀ ਲਛਮੀ ਅਸੀਂ ਪਾਈ ਹੈ, ਵੈਰੀਆਂ ਨੂੰ ਹਰਾਇਆ ਹੈ ਤੇ ਆਪਣੀ ਮਾਲਕੀ ਵਾਲਾ ਜੱਦੀ ਸਥਾਨ ਵਿਚਾਰ ਕੇ ਏਥੇ ਆ ਕੇ ਸੰਭਾਲ ਲਿਆ ਹੈ। ਲੋਕਾਂ ਨੂੰ ਬੁਲਾ ਕੇ, ਇਨ੍ਹਾਂ ਲੋਕਾਂ ਨੂੰ ਪ੍ਰਸੰਨ ਕਰਕੇ ਖੁਲ੍ਹ ਦਿੱਲੀ ਨਾਲ ਵਾਸਾ ਕਰਵਾਇਆ ਹੈ। ਸਾਡੇ ਸੂਰਬੀਰ ਜਾਂਦੇ ਹਨ, ਜਿੱਥੇ ਘਾਹ ਵੇਖਦੇ ਹਨ, ਉਹ ਲੈ ਲੈਂਦੇ ਹਨ, ਉਥੇ ਜਾ ਕੇ ਹੋਰ ਕੋਈ ਵਿਗਾੜ ਨਹੀਂ ਕਰਦੇ ਹਨ। ਗੁਰੂ ਘਰ ਨਾਲ ਹੁਣ ਤੁਸੀਂ ਹੱਥ ਜੋੜ ਕੇ ਮਿਲੇ ਹੋ, ਇਸ ਕਰਕੇ ਅਸੀਂ ਵੀ ਹੁਣ ਖਿਮਾ ਧਾਰ ਕੇ ਇਨ੍ਹਾਂ ਨੂੰ ਕਹਿ ਕੇ ਵਰਜ ਦੇਵਾਂਗੇ" ॥੧੧॥

ਸੁਨਿ ਭੀਮਚੰਦ ਰਿਦੈ ਅਧਿਕ ਅਨੰਦ ਕਰਿ ਬੋਲਯੋ ਹਾਥ ਬੰਦਿ 'ਤੁਮ ਗੁਨ ਕੇ ਨਿਕੇਤ ਹੋ।
ਸ਼ਰਨਿ ਪਰਤਿ ਹੇਰਿ ਰੱਛਯਾ ਕੌ ਕਰਤਿ ਫੇਰ, ਆਪ ਸੁਖ ਸੰਗ ਬਸੋ, ਸਭਿ ਸੁੱਖ ਦੇਤਿ ਹੋ।
ਕਾਹਲੂਰ ਦੇਸ਼ ਜੋ ਵਿਸ਼ੇਸ਼ ਹੈ ਅਸ਼ੇਸ਼ ਲਖੋ, ਆਪਨੋ ਪਛਾਨਕੈ ਹਮੇਸ਼ ਸੁਧ ਲੇਤਿ ਹੋ।
ਅੰਤਰੋ ਨ ਕਰੈਂ ਹਮ, ਸਦਾ ਅਨੁਸਰੈਂ ਹੋਇ, ਸੇਵਾ ਕੋ ਸਨੇਹ ਧਰੈਂ ਕ੍ਵੈ ਨ ਪੁਨ ਭੇਤ ਹੋ' ॥੧੨॥

ਇਹ ਸੁਣ ਕੇ ਭੀਮ ਚੰਦ ਹਿਰਦੇ ਵਿਚ ਅਨੰਦ ਧਾਰ ਕੇ ਹੱਥ ਜੋੜ ਕੇ ਬੋਲਿਆ, "ਤੁਸੀਂ ਗੁਣਾਂ ਦੇ ਘਰ ਹੋ, ਸ਼ਰਨ ਪਿਆ ਵੇਖ ਕੇ ਫਿਰ ਉਸ ਦੀ ਰੱਛਿਆ ਕਰਦੇ ਹੋ, ਆਪ ਸੁਖ ਦੇ ਨਾਲ ਰਹੋ, ਸਾਰਿਆਂ ਨੂੰ ਸੁਖ ਦਿੰਦੇ ਹੋ। ਸਾਰੇ ਕਹਿਲੂਰ ਦੇਸ਼ ਨੂੰ ਵਿਸ਼ੇਸ਼ ਸਮਝੋ, ਆਪਣਾ ਪਛਾਣ ਕੇ ਸਦਾ ਖ਼ਬਰ ਸਾਰ ਲੈਂਦੇ ਹੋ। ਅਸੀਂ ਅੰਤਰਾ ਨਹੀਂ ਕਰਾਂਗੇ, ਸਦਾ ਤੁਹਾਡੇ ਅਨੁਸਾਰੀ ਰਹਾਂਗੇ, ਸੇਵਾ ਵਾਸਤੇ ਸਨੇਹ ਧਾਰਨ ਕਰਾਂਗੇ, ਕੋਈ ਵੀ ਫਿਰ ਭੇਦ ਨਹੀਂ ਰਹੇਗਾ" ॥੧੨॥

ਸੁਨਿ ਮੁਸਕਾਨੇ ਪ੍ਰਭੁ, ਬਹੁਰੋ ਬਖਾਨੇ ਬੈਨ, 'ਪੂਰਬ ਖੁਟਾਈ ਕੈ ਨਿਕਾਈ ਤੁਮ ਠਾਨਤੇ।
ਰਸ ਕੈ ਬਿਰਸ ਕਰੋ, ਖੇਦ ਕੈ ਹਰਸ਼ ਧਰੋ, ਆਨਿ ਕੈ ਸਮੀਪ ਰਹੋ, ਤਥਾ ਹਮ ਮਾਨਤੇ।
ਚਹੂੰ ਦਿਸ਼ਿ ਸੰਗਤਾਂ ਕੀ ਪੰਗਤਾਂ ਜੋ ਆਵਹਿਂ ਇਤ, ਅਨਿਕ ਪ੍ਰਕਾਰ ਕੀ ਅਕੋਰਨਿ ਕੋ ਆਨਤੇ।
ਅਬਿ ਤੇ ਨ ਤਿਨ ਕੋ ਬਿਖਾਦਿ ਕੋਊ ਕਰੈ ਕਿਮ, ਸੁਖ ਸੋਂ ਦਰਸ ਕਰਿ ਧਾਮਨ ਪਯਾਨਤੇ ॥੧੩॥

ਇਹ ਸੁਣ ਕੇ ਗੁਰੂ ਜੀ ਮੁਸਕਰਾ ਪਏ ਤੇ ਉਨ੍ਹਾਂ ਨੇ ਫਿਰ ਬਚਨ ਕੀਤਾ, "ਪਹਿਲਾਂ ਖੋਟ ਜਾਂ ਚੰਗਿਆਈ ਤੁਸੀਂ ਹੀ ਕੀਤੀ ਸੀ। ਪ੍ਰੇਮ ਰਸ ਨੂੰ ਬੇਰਸ ਕਰਦੇ ਹੋ, ਦੁਖ ਜਾਂ ਪ੍ਰਸੰਨਤਾ ਧਾਰਨ ਕਰਦੇ ਹੋ, ਦੂਰ ਜਾਂ ਨੇੜੇ ਰਹੋ, ਜਿਵੇਂ ਤੁਸੀਂ ਕਰੋ ਸਾਨੂੰ ਮਨਜ਼ੂਰ ਹੈ। ਚਾਰੇ ਪਾਸਿਆਂ ਤੋਂ ਜਿਹੜੀਆਂ ਸੰਗਤਾਂ ਦੀਆਂ ਪੰਗਤੀਆਂ ਏਧਰ ਆਉਂਦੀਆਂ ਹਨ ਤੇ ਜਿਹੜੀਆਂ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਲਿਆਉਂਦੀਆਂ ਹਨ, ਹੁਣ ਉਨ੍ਹਾਂ ਨੂੰ ਕਿਵੇਂ ਵੀ ਕੋਈ ਕਿਸੇ ਪ੍ਰਕਾਰ ਦੀ ਰੁਕਾਵਟ ਪੇਸ਼ ਨਾ ਕਰੇ, ਉਹ ਸੁਖ ਨਾਲ ਦਰਸ਼ਨ ਕਰਕੇ ਆਪਣੇ ਘਰਾਂ ਨੂੰ ਜਾਣ ॥੧੩॥

ਦੇਹੈ ਖੇਦ ਜੋਇ ਤਾਤਕਾਲ ਫਲ ਲੈ ਹੈ ਸੋਇ, ਬਿਲਮ ਨ ਹਮਰੇ ਤਨਕ ਭਰ ਜਾਨੀਏ।
ਪੂਰਬ ਬਿਗਾਰੋ ਹੇਰੋ ਜੰਗ ਕੋ ਅਖਾਰੋ ਤਬਿ, ਨਾਂਹਿ ਤੌ ਹਮਾਰੋ ਔ ਤੁਮਾਰੋ ਰਸ ਸਾਨੀਏ'।
ਛਿਮਾ ਬਲ ਭਰੇ ਗੁਰ ਬੈਨ ਸ੍ਰੋਨ ਧਰੇ ਨ੍ਰਿਪ, ਬੋਲਯੋ ਪ੍ਰੇਮ ਭਰੇ 'ਹਮੈ ਦਾਸਿ ਪਹਿਚਾਨੀਏ।
ਕਾਹਿਲੂਰ ਦੇਸ਼ ਕੋ ਹਮੇਸ਼ ਨਿਜ ਧਾਮ ਲਖਿ, ਕੀਜੈ ਪ੍ਰਤਿਪਾਰ, ਸੁਧਿ ਲੀਜੈ ਸੁਖ ਸਾਨੀਏ' ॥੧੪॥

ਜਿਹੜਾ ਵੀ ਉਨ੍ਹਾਂ ਨੂੰ ਦੁਖ ਦੇਵੇਗਾ, ਉਹ ਤੁਰਤ ਫਲ ਪ੍ਰਾਪਤ ਕਰ ਲਵੇਗਾ ਸਾਡੇ ਵਲੋਂ ਕਿਸੇ ਪ੍ਰਕਾਰ ਦੀ ਵੀ ਦੇਰੀ ਨਾ ਜਾਣੋ। ਜੇ ਪਹਿਲਾਂ ਵਿਗਾੜੋਗੇ ਤਾਂ ਜੰਗ ਦੇ ਅਖਾੜੇ ਵੇਖੋਗੇ, ਨਹੀਂ ਤਾਂ ਸਾਡਾ ਤੁਹਾਡਾ ਮੇਲ ਪ੍ਰੇਮਰਸ ਵਾਲਾ ਰਹੇਗਾ।" ਖਿਮਾ ਅਤੇ ਸ਼ਕਤੀ ਭਰੇ ਰਾਜੇ ਨੇ ਗੁਰੂ ਜੀ ਦੇ ਬਚਨ ਸੁਣੇ ਤਾਂ ਪ੍ਰੇਮ ਵਿਚ ਭਰ ਕੇ ਬੋਲਿਆ, "ਸਾਨੂੰ ਆਪਣੇ ਦਾਸ ਪਹਿਚਾਣੋ, ਕਹਿਲੂਰ ਦੇਸ਼ ਨੂੰ ਸਦਾ ਆਪਣਾ ਘਰ ਸਮਝੋ, ਸਾਡੀ ਪ੍ਰਤਿਪਾਲਣਾ ਕਰੋ, ਸਾਡੀ ਸੁਖ-ਸਾਂਦ ਦੀ ਖ਼ਬਰ ਲੈਂਦੇ ਰਹੋ" ॥੧੪॥

ਏਵ ਕੈ ਸੰਬਾਦ ਅਹਿਲਾਦ ਕੈ ਪਰਸਪਰ, ਦੀਨੋ ਸਿਰੋਪਾਉ ਸਤਿਗੁਰੂ ਬਹੁ ਮੋਲ ਕੋ।
ਲੈਕੇ ਭੀਮਚੰਦ, ਜਾਨਿ ਕਰੁਨਾ, ਅਨੰਦ ਭਯੋ, ਹਾਥ ਬੰਦਿ ਬੰਦਨਾ ਕਰਤਿ ਬਿਨੈ ਬੋਲ ਕੋ।
ਅੰਤਰ ਜੋ ਅੰਤਰਾ ਨਿਰੰਤਰ ਨਿਕਾਰ ਕਰਿ, ਬਿਦਾ ਭਯੋ ਭੂਪ, ਪਾਇ ਹਰਖ ਅਤੋਲ ਕੋ।
ਸੰਗ ਭਟ ਭੀਰ ਸੋਂ ਵਜ਼ੀਰ ਧੀਰ ਧੰਨ ਕਹੈ 'ਪੀਰਨ ਕੋ ਪੀਰ ਅਵਤਾਰ ਬਿਨ ਡੋਲ ਕੋ' ॥੧੫॥

ਇਸ ਤਰ੍ਹਾਂ ਪ੍ਰਸੰਨ ਹੋ ਕੇ ਆਪਸ ਵਿਚ ਵਾਰਤਾਲਾਪ ਕੀਤੀ ਤੇ ਸਤਿਗੁਰੂ ਜੀ ਨੇ ਰਾਜੇ ਨੂੰ ਬਹੁਤ ਕੀਮਤੀ ਸਿਰੋਪਾ ਦਿੱਤਾ। ਭੀਮ ਚੰਦ ਨੇ ਸਿਰੋਪਾ ਲੈ ਕੇ ਗੁਰੂ ਜੀ ਦੀ ਕਿਰਪਾ ਜਾਣੀ, ਪ੍ਰਸੰਨ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕਰਕੇ ਬੰਦਨਾ ਕੀਤੀ। ਅੰਦਰ ਜਿਹੜਾ ਨਿਰੰਤਰ ਚਲਦਾ ਆ ਰਿਹਾ ਫਰਕ ਸੀ, ਉਸ ਨੂੰ ਕੱਢ ਕੇ ਰਾਜਾ ਵਿਦਾ ਹੋ ਗਿਆ ਤੇ ਬਹੁਤ ਵੱਡੀ ਖ਼ੁਸ਼ੀ ਪ੍ਰਾਪਤ ਕੀਤੀ। ਉਸ ਦੇ ਨਾਲ ਜਿਹੜੇ ਸੂਰਬੀਰਾਂ ਦੀ ਭੀੜ ਸੀ ਤੇ ਜਿਹੜੇ ਧੀਰਜਵਾਨ ਵਜ਼ੀਰ ਸਨ ਉਨ੍ਹਾਂ ਨੇ ਧੰਨ-ਧੰਨ ਕਿਹਾ, "ਗੁਰੂ ਜੀ ਪੀਰਾਂ ਦੇ ਪੀਰ ਅਡੋਲ ਅਵਤਾਰ ਹਨ" ॥੧੫॥

ਸ੍ਰੀ ਗੋਬਿੰਦ ਸਿੰਘ ਸੰਗ ਸੰਧਿ ਕਰਿ ਭੀਮਚੰਦ, ਸ਼ੰਕਾ ਸਹਿ ਤ੍ਰਾਸ ਕੋ ਬਿਦਾਰਿ ਸੁਖ ਪਾਇ ਕੈ।
ਗਯੋ ਪੁਰਿ ਆਪਨੇ ਪ੍ਰਤਾਪ ਪ੍ਰਭੁ ਜਾਪਨੇ, ਧਰਿਓ ਬਿਸ੍ਵਾਸ ਕੋ 'ਸਹਾਇ ਬਨੈਂ ਆਇ ਕੈ।
ਨੀਕੋ ਨ ਬਿਬਾਦ ਚਲਯੋ, ਫੀਕੋ ਅਪਵਾਦ ਜਗ, ਗੁਰੂ ਸੰਗ ਸਮਤਾ ਨ ਹੋਤਿ ਕਿਸ ਭਾਇ ਕੈ।
ਨਾਹਕ ਮਰੇ ਹੈਂ ਬੀਰ, ਜੰਗ ਮੈਂ ਨ ਰਹੀ ਧੀਰ', ਸਿਮ੍ਰਿਤਿ ਹੈ ਗੁਨ ਇਮ ਮਨ ਸਮੁਝਾਇਕੈ ॥੧੬॥

ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਨਾਲ ਮੇਲ ਕਰਕੇ ਸ਼ੰਕਾ ਸਹਿਤ ਡਰ ਦੂਰ ਕਰਕੇ ਸੁਖ ਪ੍ਰਾਪਤ ਕੀਤਾ। ਆਪਣੇ ਨਗਰ ਵਿਚ ਚਲਾ ਗਿਆ ਤੇ ਪ੍ਰਭੂ ਜੀ ਦੇ ਪ੍ਰਤਾਪ ਦਾ ਜਾਪ ਕਰਦਾ ਸੀ। ਫਿਰ ਵਿਸ਼ਵਾਸ ਧਾਰਨ ਕੀਤਾ, "ਗੁਰੂ ਜੀ ਆ ਕੇ ਸਹਾਇਕ ਬਣਨਗੇ। ਜਿਹੜਾ ਝਗੜਾ ਚਲਿਆ ਸੀ ਉਹ ਚੰਗਾ ਨਹੀਂ ਸੀ, ਜਗ ਵਿਚ ਵਿਅਰਥ ਨਿੰਦਿਆ ਹੋਈ ਹੈ। ਗੁਰੂ ਜੀ ਨਾਲ ਕਿਸੇ ਪ੍ਰਕਾਰ ਵੀ ਬਰਾਬਰੀ ਨਹੀਂ ਹੋ ਸਕਦੀ ਹੈ। ਫ਼ਜ਼ੂਲ ਵਿਚ ਸੂਰਬੀਰ ਮਰੇ ਹਨ, ਜੰਗ ਵਿਚ ਧੀਰਜ ਨਹੀਂ ਧਾਰਨ ਕੀਤਾ ਹੈ।" ਇਸ ਤਰ੍ਹਾਂ ਮਨ ਨੂੰ ਸਮਝਾ ਕੇ ਗੁਰੂ ਜੀ ਦੇ ਗੁਣ ਯਾਦ ਕਰਦਾ ਸੀ॥ ੧੬॥

**ਦੇਤਿ ਕੇਤੀ ਬਾਰ ਆਛੀ ਵਸਤੁ ਉਦਾਰ ਹੇਰਿ ਸਤਿਗੁਰੂ ਪਾਸਿ ਕੋ ਪਠਾਵੈ ਪ੍ਰੇਮ ਧਾਰਿ ਕੈ।**
**ਚਾਵਰ ਲੰਮੇਰੇ ਸੇਤ ਸੂਖਮ ਘਨੇਰੇ ਕਰਿ, ਪਠੈ ਕਈ ਬੇਰੇ ਨਰ ਫੇਰੇ ਬਾਰ ਬਾਰ ਕੈ।**
**ਉਪਬਨ ਹੂੰ ਕੇ ਫਲ ਬੀਨ ਬੀਨ ਨੀਕੇ ਕਲਕਾਵਰਾਂ ਕੋਂ ਭਰਿ ਭਰਿ ਬੇਨਤੀ ਉਚਾਰਿ ਕੈ।**
**ਆਰੂ, ਅਮਰੂਦ, ਰਸ ਪੂਰਨ ਅੰਗੂਰ ਰੂਰ, ਕਦਲੀ ਰਸਾਲ, ਸੇਉ, ਪੰਨਸ, ਅਨਾਰ ਕੈ ॥੧੭॥**

ਰਾਜਾ ਭੀਮ ਚੰਦ ਕਈ ਵਾਰ ਚੰਗੀਆਂ ਵਸਤਾਂ ਵੇਖ ਕੇ, ਪ੍ਰੇਮ ਧਾਰ ਕੇ ਗੁਰੂ ਜੀ ਪਾਸ ਭੇਜਦਾ ਸੀ। ਸੂਖਮ ਸਫੇਦ ਲੰਮੇ ਚਾਵਲ ਕਈ ਵਾਰ ਭੇਜੇ, ਮਨੁੱਖ ਬਾਰ-ਬਾਰ ਫੇਰੇ ਮਾਰਦੇ ਸਨ। ਬਾਗ਼ਾਂ ਦੇ ਚੰਗੇ-ਚੰਗੇ ਫਲ ਚੁਣ ਚੁਣ ਕੇ ਵਹਿੰਗੀਆਂ ਭਰ-ਭਰ ਬੇਨਤੀਆਂ ਉਚਾਰ ਉਚਾਰ ਕੇ ਭੇਜਦਾ ਸੀ। ਆੜੂ, ਅਮਰੂਦ ਤੇ ਰਸ-ਭਰੇ ਸੁੰਦਰ ਅੰਗੂਰ, ਪੱਕੇ ਹੋਏ ਕੇਲੇ, ਸੇਬ, ਕਟਹਲ ਅਤੇ ਅਨਾਰ ਗੁਰੂ ਜੀ ਪਾਸ ਪਹੁੰਚਾਉਂਦਾ ਸੀ॥ ੧੭॥

**ਮੀਠੇ ਜਾਤਿ ਜਾਤਿ ਕੇ, ਤੁਰਸ਼ ਭਾਂਤਿ ਭਾਂਤਿ ਕੇ, ਲਗੇ ਜੁ ਪਾਂਤ ਪਾਂਤ ਕੇ, ਤੁਰਾਇ ਅਨਵਾਇ ਕਰਿ।**
**ਭੇਜੈ ਸੰਗ ਦੂਤ ਕੋ ਬਖਾਨਿ ਬਿਨੈ ਪੂਤਕੋ, ਅਨੇਕ ਬਾਰਿ ਇਸੀ ਰੀਤਿ ਪ੍ਰੇਮ ਉਪਜਾਇ ਕਰਿ।**
**ਆਪ ਆਨਿ ਮਿਲੈ ਕਹਿ ਬਾਤਨ ਪ੍ਰਸੰਨ ਕਰੈ, ਖੁਸ਼ੀ ਪ੍ਰਭੁ ਧਰੈਂ ਨਿਜ ਸਹਿਜ ਸੁਭਾਇ ਕਰਿ।**
**ਐਸੇ ਭਈ ਸੰਧਿ, ਸਭਿ ਦੇਸ਼ਨਿ ਵਿਦਤ ਹੋਇ, ਪਾਇ ਮਨ ਕਾਮਨਾ ਕੋ ਨਿਮੈਂ ਨਰ ਭਾਇ ਕਰਿ ॥੧੮॥**

ਵੱਖ-ਵੱਖ ਜਾਤੀਆਂ ਦੇ ਮਿੱਠੇ, ਭਾਂਤ-ਭਾਂਤ ਦੇ ਤੁਰਸ਼ ਫਲ ਜਿਹੜੇ ਕਤਾਰਾਂ ਵਿਚ ਲੱਗੇ ਹੋਏ ਸਨ, ਤੁੜਵਾ ਕੇ ਮੰਗਵਾ ਤੇ ਦੂਤ ਦੇ ਨਾਲ ਪਵਿੱਤਰ ਬੇਨਤੀ ਕਰਕੇ ਭੇਜਦਾ ਸੀ। ਅਨੇਕ ਵਾਰ ਏਸੇ ਰੀਤ ਨਾਲ ਪ੍ਰੇਮ ਪ੍ਰਗਟ ਕਰਕੇ ਭੇਜਦਾ ਸੀ। ਕਈ ਵਾਰ ਆਪ ਆ ਕੇ ਮਿਲਦਾ ਸੀ ਤੇ ਗੱਲਾਂ ਕਰਕੇ ਪ੍ਰਸੰਨ ਕਰਦਾ ਸੀ ਤੇ ਗੁਰੂ ਜੀ ਸਹਿਜ ਸੁਭਾਅ ਹੀ ਖ਼ੁਸ਼ੀ ਧਾਰਨ ਕਰਦੇ ਸਨ। ਐਸਾ ਮੇਲ ਹੋਇਆ ਕਿ ਸਾਰੇ ਦੇਸ਼ਾਂ ਵਿਚ ਪ੍ਰਗਟ ਹੋ ਗਿਆ। ਜਿਹੜੇ ਵੀ ਮਨੁੱਖ ਪ੍ਰੇਮ ਧਾਰ ਕੇ ਨਮਸਕਾਰ ਕਰਦੇ ਸਨ, ਉਹ ਆਪਣੀਆਂ ਮਨੋਕਾਮਨਾਵਾਂ ਪ੍ਰਾਪਤ ਕਰਦੇ ਸਨ॥ ੧੮॥

**ਦਯਾ ਸਿੰਧੁ ਐਸੀ ਰੀਤਿ ਸਮੇ ਕੋ ਬਿਤੀਤ ਕਰੈਂ, ਏਕ ਦਿਨ ਸੁੰਦਰੀ ਮਨੋਰਥ ਕੋ ਧਾਰਿ ਕਰਿ।**
**ਆਨਿਕੇ ਸਮੀਪ ਹਾਥ ਜੋਰਿ ਕਰਿ ਖਰੀ ਭਈ ਲਾਜ ਕੇ ਸਮੇਤ ਨਿਜ ਕਾਜ ਕੋ ਬਿਚਾਰ ਕਰਿ।**
**ਪਤਿ ਕੋ ਇਕਾਂਤਿ ਪਾਇ ਪ੍ਰੇਮ ਉਪਜਾਇ ਅਤਿ, ਆਨੰਦ ਵਧਾਇ ਥਿਰੀ ਨੀਚੀ ਨਿਜ ਨਾਰ ਕਰਿ।**
**ਬੋਲੇ ਦੇਖਿ ਪ੍ਰਭੁ 'ਕੌਨ ਸੁਧ ਘਰਵਾਲਜੌਂ ਹੂੰ ਕੀ? ਕਹੁ, ਮਨ ਠਾਨਿ ਠਾਂਢੀ ਭਈ ਜੁ, ਉਚਾਰ ਕਰਿ' ॥੧੯॥**

ਦਇਆ ਦੇ ਸਾਗਰ ਸਤਿਗੁਰੂ ਜੀ ਐਸੀ ਰੀਤੀ ਨਾਲ ਸਮੇਂ ਨੂੰ ਬਤੀਤ ਕਰਦੇ ਸਨ। ਇਕ ਦਿਨ ਮਾਤਾ ਸੁੰਦਰੀ ਜੀ ਮਨੋਰਥ ਧਾਰ ਕੇ ਆ ਕੇ ਹੱਥ ਜੋੜ ਕੇ ਪਾਸ ਖੜੇ ਹੋ ਗਏ, ਲਾਜ ਸਹਿਤ ਆਪਣੇ ਕਾਰਜ ਨੂੰ ਵਿਚਾਰ ਕੇ ਆਪਣੇ ਪਤੀ ਜੀ ਸਤਿਗੁਰੂ ਜੀ ਨੂੰ ਇਕਾਂਤ ਵਿਚ ਪਾ ਕੇ ਅਤੀ ਪ੍ਰੇਮ ਪ੍ਰਗਟ ਕੀਤਾ। ਅਨੰਦ ਵਧਾ ਕੇ ਤੇ ਨੀਵੀਂ ਧੌਣ ਕਰਕੇ ਖੜੇ ਹੋ ਗਏ। ਵੇਖ ਕੇ ਗੁਰੂ ਜੀ ਬੋਲੇ, "ਘਰ ਵਾਲਿਆਂ ਦੀ ਕੀ ਖ਼ਬਰ ਹੈ ? ਮਨ ਵਿਚ ਜਿਹੜੀ ਗੱਲ ਧਾਰ ਕੇ ਖੜੇ ਹੋਏ ਹੋ, ਉਸ ਦਾ ਉਚਾਰਨ ਕਰੋ"॥ ੧੯॥

'ਘਟਿ ਘਟਿ ਮਾਲਕ ਤੁਮਾਰੇ ਸਭਿ ਤਾਲਕ ਪਛਾਨੋ ਤੀਨ ਕਾਲ ਮੈਂ ਸਭਿਨਿ ਗਤਿ ਮਨ ਕੀ।
ਕਹੌਂ ਕਹਾਂ ਆਪ ਆਗੇ ਬੂਝਨ ਜੁ ਲਾਗੇ ਤੁਮ, ਨਾਂਹਿਨ ਬਤਾਵੌਂ ਤਊ ਨੀਕੀ ਹੈ ਨ ਜਨ ਕੀ।
ਜਗਤ ਕੀ ਸਾਂਝ ਚਿਤ ਚਾਹਤਿ ਸਦੀਵ ਮੇਰੋ, ਉਪਜੈ ਸਪੂਤ ਦੁਤਿ ਧਾਰੈ ਤੁਮ ਤਨ ਕੀ।
ਤ੍ਰੀਯਨ ਕੋ ਚਿਤ ਐਸੇ ਚਾਹਤਿ ਹਮੇਸ਼ ਤੈਸੇ ਪਤਿ ਕੀ ਪ੍ਰਸੰਨਤਾ, ਕੈ ਸੁਤ ਰੂਪ, ਧਨ ਕੀ' ॥੨੦॥

ਸ੍ਰੀ ਸੁੰਦਰੀ ਜੀ ਨੇ ਕਿਹਾ, "ਤੁਸੀਂ ਘਟ ਘਟ ਦੇ ਮਾਲਕ ਹੋ, ਤੁਹਾਡੇ ਸਭ ਅਧੀਨ ਹਨ ਤੁਸੀਂ ਤਿੰਨਾਂ ਕਾਲਾ ਵਿਚ ਸਾਰਿਆਂ ਦੇ ਮਨਾਂ ਦੀ ਗਤੀ ਜਾਣਦੇ ਹੋ। ਮੈਂ ਆਪ ਜੀ ਦੇ ਅੱਗੇ ਕਿਵੇਂ ਕਹਾਂ ਜਿਹੜੇ ਪੁੱਛਣ ਲੱਗੇ ਹੋ। ਪਰ ਹੁਣ ਜੇ ਨਾ ਵੀ ਦੱਸਾਂ ਤਾਂ ਇਹ ਗੱਲ ਸੇਵਕਾਂ ਵਾਸਤੇ ਚੰਗੀ ਨਹੀਂ ਹੈ ਕਿ ਮਾਲਕ ਪੁੱਛਣ ਅਤੇ ਸੇਵਕ ਉਸ ਬਾਰੇ ਨਾ ਦੱਸਣ। ਜਗਤ ਦੀ ਸਾਂਝ, ਸਦਾ ਮੇਰੇ ਚਿੱਤ ਦੀ ਚਾਹਤ ਰਹੀ ਹੈ, ਇਕ ਐਸਾ ਪੁੱਤਰ ਪੈਦਾ ਹੋਵੇ, ਜਿਹੜਾ ਤੁਹਾਡੇ ਸਰੀਰ ਵਰਗੀ ਸ਼ੋਭਾ ਧਾਰਨ ਕਰੇ। ਇਸਤਰੀਆਂ ਦਾ ਸਦਾ ਮਨ ਇਸ ਤਰ੍ਹਾਂ ਚਾਹੁੰਦਾ ਹੈ ਕਿ ਉਹ ਪਤੀ ਦੀ ਪ੍ਰਸੰਨਤਾ, ਸੁੰਦਰ ਪੁੱਤਰ ਅਤੇ ਧਨ ਚਾਹੁੰਦੀਆਂ ਹਨ" ॥ ੨੦॥

ਬਿਨੈ ਸੁਨਿ ਸੁੰਦਰੀ ਕੀ ਸੁੰਦਰ ਸੁ ਨੰਦ ਹੇਤੁ ਸ੍ਰੀ ਗੁਬਿੰਦ ਸਿੰਘ ਸੁਖਕੰਦ ਬਰ ਦੀਨਿਯੋ।
'ਪਾਇਂ ਮਨ ਕਾਮਨਾ ਕੋ ਕੇਤਿਕ ਸਮੇਂ ਮੈਂ ਅੰਬਾ ਸੁਨਿ ਕੀਨਿ ਬੰਦਨਾ, ਅਨੰਦ ਉਰ ਚੀਨਿਯੋ।
ਲਾਲਸਾ ਸੁ ਜਾਨਿ ਕਰਿ ਸ੍ਰੀ ਗੁਰੂ ਸੁਜਾਨ ਮਨ ਮਹਿਲ ਤਿਸੀ ਕੇ ਬਾਸ ਜਾਇ ਕਰਿ ਕੀਨਿਯੋ।
ਕੋਕ ਰਸ ਜੋਗ ਰਸ ਸਗਰੇ ਦਿਖਾਇ ਨੀਕੇ ਜੇਤਿਕ ਮਨੋਰਥ ਕਰਤਿ ਪੂਰ ਲੀਨਿਯੋ ॥੨੧॥

ਮਾਤਾ ਸੁੰਦਰੀ ਜੀ ਦੀ ਬੇਨਤੀ ਸੁਣ ਕੇ, ਜਿਹੜੀ ਉਨ੍ਹਾਂ ਸੁੰਦਰ ਪੁੱਤਰ ਪੈਦਾ ਹੋਣ ਵਾਸਤੇ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਸੁਖਾਂ ਦੇ ਦਾਤੇ ਨੇ ਵਰ ਦਿੱਤਾ, "ਕੁਝ ਸਮੇਂ ਵਿਚ ਤੂੰ ਇਹ ਕਾਮਨਾ ਪ੍ਰਾਪਤ ਕਰ ਲਵੇਂਗੀ।" ਇਹ ਸੁਣ ਕੇ ਮਾਤਾ ਜੀ ਨੇ ਬੰਦਨਾ ਕੀਤੀ ਤੇ ਆਪਣੇ ਹਿਰਦੇ ਵਿਚ ਅਨੰਦ ਪ੍ਰਾਪਤ ਕੀਤਾ। ਆਪਣੀ ਪਤਨੀ ਦੀ ਲਾਲਸਾ ਜਾਣ ਕੇ ਸ੍ਰੇਸ਼ਟ ਸੁਜਾਨ ਸਤਿਗੁਰੂ ਜੀ ਨੇ ਆਪਣੀ ਉਸੇ ਸੁਪਤਨੀ ਦੇ ਘਰ ਜਾ ਕੇ ਵਾਸਾ ਕੀਤਾ। ਕੋਕ ਰਸ, ਜੋਗ ਰਸ ਸਾਰੇ ਵਿਖਾਏ ਤੇ ਜਿਹੜਾ ਮਨੋਰਥ ਧਾਰਨ ਕੀਤਾ ਸੀ ਉਹ ਪੂਰਨ ਕਰ ਲਿਆ॥ ੨੧॥

*ਨੋਟ : ਜੋ ਰਸ ਸਰੀਰਕ ਸੰਜੋਗ ਤੋਂ ਪ੍ਰਗਟ ਹੋਵੇ, ਉਸ ਨੂੰ ਕੋਕ ਰਸ ਕਹਿੰਦੇ ਹਨ ਅਤੇ ਜਿਹੜਾ ਰਸ ਚਿੱਤ ਬ੍ਰਿਤੀ ਨੂੰ ਜੋੜ ਕੇ ਪ੍ਰਗਟ ਹੋਵੇ ਉਸ ਨੂੰ ਜੋਗ ਰਸ ਕਹਿੰਦੇ ਹਨ।*

ਦੋਹਰਾ- ਭਈ ਸਗਰਭਾ ਸੁੰਦਰੀ ਸੁੰਦਰ ਦਿਪਹਿ ਸਰੂਪ।
ਰਿਦੇ ਅਨੰਦ ਬਿਲੰਦ ਕਰਿ ਬਾਂਛਤਿ ਅਨੰਦ ਅਨੂਪ॥ ੨੨॥

ਗੁਰੂ ਜੀ ਦੀ ਸੁਪਤਨੀ ਸੁੰਦਰੀ ਜੀ ਦਾ ਜਿਨ੍ਹਾਂ ਦਾ ਸੁੰਦਰ ਸਰੂਪ ਪ੍ਰਕਾਸ਼ਦਾ ਸੀ, ਗਰਭਵਤੀ ਹੋ ਗਏ। ਹਿਰਦੇ ਵਿਚ ਬੜਾ ਅਨੰਦ ਧਾਰ ਕੇ, ਅਨੂਪਮ ਅਨੰਦ ਚਾਹੁੰਦੇ ਸਨ॥ ੨੨॥

ਬੀਤ ਗਏ ਨਵ ਮਾਸ ਜਬਿ ਦਸਮ ਪ੍ਰਬਿਰਤਜੋ ਫੇਰ।
ਹੋਯੋ ਸਮੈਂ ਪ੍ਰਸੂਤ ਸੋ ਗੁਜਰੀ ਮੁਦਤਿ ਬਡੇਰ॥ ੨੩॥

ਜਦ ਨੌਂ ਮਹੀਨੇ ਬੀਤ ਗਏ ਤੇ ਦਸਵਾਂ ਮਹੀਨਾ ਚੜ੍ਹਿਆ ਤਾਂ ਪ੍ਰਸੂਤ ਦਾ ਸਮਾਂ ਆ ਗਿਆ ਤਾਂ ਮਾਤਾ ਗੁਜਰੀ ਜੀ ਨੇ ਬੜੀ ਮਦਦ ਕੀਤੀ॥ ੨੩॥

ਮਾਘ ਮਾਸ, ਪਖ ਪਾਛਲੋ, ਚੌਥ ਤਿਥੀ, ਭ੍ਰਿਗੁਵਾਰ।
ਭਲੇ ਲਗਨ ਗ੍ਰੈਹ ਉਚਿਕ ਤਬਿ ਜਨਮਜੋ ਪੁੱਤ੍ਰ ਉਦਾਰ॥ ੨੪॥

ਮਾਘ ਮਹੀਨੇ ਦੇ ਪਿਛਲੇ ਪੱਖ, ਚੌਥੀ ਤਿਥੀ ਦਿਨ ਸ਼ੁਕਰਵਾਰ ਨੂੰ ਉੱਚ ਗ੍ਰਹਿ ਵਿਚ ਤਦ ਉੱਤਮ ਪੁੱਤਰ ਦਾ ਜਨਮ ਹੋਇਆ॥ ੨੪॥

*ਦੂਸਰੀ ਰੁੱਤ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

# ਅਧਿਆਇ ਅਠੱਤੀਵਾਂ

## ਮੇਲੇ ਵਿਚੋਂ ਠੱਗ ਫੜ ਕੇ ਦੰਡ ਦਿੱਤਾ

ਦੋਹਰਾ-ਜਨਮਜੋ ਨੰਦ ਅਨੰਦ ਭਯੋ ਮੰਗਲ ਬ੍ਰਿੰਦ ਬਨਾਇ।
ਬਜੀ ਵਧਾਈ ਦ੍ਵਾਰ ਪਰ ਨੌਬਤ ਨਾਦ ਉਠਾਇ॥ ੧॥

ਪੁੱਤਰ ਦੇ ਜਨਮ ਉੱਤੇ ਬਹੁਤ ਅਨੰਦ ਹੋਇਆ ਤੇ ਕਈ ਪ੍ਰਕਾਰ ਦੇ ਮੰਗਲਾਂ ਦੀ ਰਚਨਾ ਹੋਈ। ਗੁਰੂ ਜੀ ਦੇ ਦਵਾਰ 'ਤੇ ਵਧਾਈ ਵੱਜੀ ਤੇ ਨਗਾਰਿਆਂ ਦੀ ਉੱਚੀ ਆਵਾਜ਼ ਗੂੰਜ ਉੱਠੀ॥੧॥

*ਸ੍ਵੈਯਾ ਛੰਦ*-ਸ੍ਰੀ ਅਨੰਦਪੁਰਿ ਭਯੋ ਕੁਲਾਹਲ ਜਾਚਕ ਲੋਕ ਮਿਲੇ ਸਮੁਦਾਇ।
ਪੌਤ੍ਰ ਜਨਮ ਤੇ ਗੁਜਰੀ ਹਰਖਤਿ ਦੇਤਿ ਦਰਬ ਕੌ ਜੋ ਦਰ ਆਇ।
ਉਤਸਵ ਕਰਤਿ ਮਿਲੀ ਪਿਕ ਬੈਨੀ ਮਧੁਰ ਮਧੁਰ ਸੁਰ ਗੀਤਨਿ ਗਾਇ।
ਕਰਿ ਕਰਿ ਆਦਰ ਸਦਨ ਬਿਠਾਵਤਿ ਜਥਾ ਜੋਗ ਤਿਨ ਗਿਰਾ ਸੁਨਾਇ॥੨॥

ਅਨੰਦਪੁਰ ਨਗਰ ਵਿਚ ਬਹੁਤ ਉੱਚੀ ਸ਼ੋਰ ਮੱਚ ਗਿਆ ਤੇ ਬਹੁਤ ਮੰਗਤੇ ਮਿਲ ਕੇ ਇਕੱਠੇ ਹੋ ਗਏ। ਪੋਤਰੇ ਦੇ ਜਨਮ ਉੱਤੇ ਮਾਤਾ ਗੁਜਰੀ ਜੀ ਬਹੁਤ ਪ੍ਰਸੰਨ ਹੋਏ ਤੇ ਜਿਹੜਾ ਵੀ ਦਰਵਾਜ਼ੇ ਉੱਤੇ ਆਉਂਦਾ ਸੀ, ਉਸ ਨੂੰ ਬਹੁਤ ਧਨ ਦਿੰਦੇ ਸਨ। ਉਤਸਵ ਕਰਨ ਵਾਸਤੇ ਸੁੰਦਰ ਇਸਤਰੀਆਂ ਇਕੱਠੀਆਂ ਹੋ ਗਈਆਂ ਤੇ ਮਿਲ ਕੇ ਮਿੱਠੀਆਂ-ਮਿੱਠੀਆਂ ਸੁਰਾਂ ਵਿਚ ਗੀਤ ਗਾਉਂਦੀਆਂ ਸਨ। ਮਾਤਾ ਜੀ ਯਥਾਯੋਗ ਬਚਨ ਕਹਿ ਕੇ ਸਾਰਿਆਂ ਨੂੰ ਆਪਣੇ ਘਰ ਵਿਚ ਬਿਠਾਉਂਦੇ ਸਨ॥੨॥

ਕਮਲ ਪੱਤ੍ਰ ਸਮ ਬਿਸਤ੍ਰਿਤ ਲੋਚਨ ਬਰਨ ਬਰਨ ਕੇ ਅੰਬਰ ਪਾਇ।
ਦੇਤਿ ਬਧਾਈ ਮੋਦਤਿ ਗੁਜਰੀ ਕਹਤਿ ਅਸੀਸਨ ਸੀਸ ਚਢਾਇ।
ਦੇਤਿ ਦੂਬ ਕੋ ਦੇਖਿ ਹੂਬ ਕੋ, ਦਰ ਪਰ ਫੂਲਨ ਮਾਲ ਬੰਧਾਇ।
ਨਾਚ ਹੀਜ ਫਿਰ ਲੇਤਿ ਭਵਾਲੀ ਟਲਕਾ ਤਾਲੀ ਮੇਲ ਬਜਾਇ॥ ੩॥

ਇਸਤਰੀਆਂ ਦੇ ਕੰਵਲ ਦੇ ਪੱਤਿਆਂ ਵਰਗੇ ਚੌੜੇ ਨੈਣ ਸਨ ਤੇ ਉਨ੍ਹਾਂ ਨੇ ਰੰਗ ਰੰਗ ਦੇ ਕੱਪੜੇ ਪਾਏ ਹੋਏ ਸਨ। ਉਹ ਸਾਰੀਆਂ ਪ੍ਰਸੰਨ ਹੋ ਕੇ ਮਾਤਾ ਗੁਜਰੀ ਜੀ ਨੂੰ ਵਧਾਈਆਂ ਦੇ ਰਹੀਆਂ ਸਨ ਤੇ ਮਾਤਾ ਗੁਜਰੀ ਜੀ ਅਸੀਸਾਂ ਦੇ ਕੇ ਸਿਰ ਉੱਤੇ ਹੱਥ ਫੇਰਦੇ ਸਨ। ਪ੍ਰੇਮ ਨੂੰ ਵੇਖ ਕੇ ਖੱਬਲ ਘਾਹ ਦਿੰਦੀਆਂ ਹਨ ਤੇ ਦਰਵਾਜ਼ੇ ਉੱਤੇ ਫੁੱਲਾਂ ਦੇ ਹਾਰ ਬੰਨ੍ਹਦੀਆਂ ਸਨ। ਨੱਚਣ ਵਾਸਤੇ ਫਿਰ ਭੁਆਂਟਣੀ ਲੈਂਦੀਆਂ ਸਨ ਤੇ ਤਾਲੀਆਂ ਨਾਲ ਮੇਲ ਕੇ ਟੱਲੀਆਂ ਵਜਾਉਂਦੀਆਂ ਸਨ॥੩॥

ਸ੍ਰੀ ਸਤਿਗੁਰ ਸਮੀਪ ਜੋ ਮੰਗਤ ਮਨ ਭਾਵਤਿ ਕੋ ਪਾਇ ਸਿਧਾਇਂ।
ਦਰਬ ਪਟੰਬਰ ਲੇਤਿ ਬਿਭੂਖਨ ਮਿਲੇ ਨਾਰਿ ਨਰ ਗਨ ਚਿਤ ਚਾਇ।
ਸਿੰਘ ਪੌਰ ਪਰ ਠੌਰ ਨ ਪ੍ਰਾਪਤਿ, ਭੀਰ ਅਧਿਕ ਹੁਇ ਰੌਰ ਉਪਾਇ।
ਜਹਿਂ ਕਹਿਂ ਤੇ ਸੁਨਿ ਸੁਨਿ ਬਹੁ ਆਏ, ਦੇਨਿ ਬਿਸਾਲ ਸੁਜਸੁ ਬਿਰਧਾਇ॥੪॥

ਸ੍ਰੀ ਸਤਿਗੁਰੂ ਜੀ ਪਾਸ ਆ ਕੇ ਮੰਗਤੇ ਮਨ-ਭਾਉਂਦਾ ਧਨ ਲੈ ਕੇ ਚਲੇ ਜਾਂਦੇ ਸਨ। ਧਨ, ਕੱਪੜੇ ਅਤੇ ਗਹਿਣੇ ਲੈਣ ਵਾਸਤੇ ਬਹੁਤ ਇਸਤਰੀ ਪੁਰਸ਼ ਚਿੱਤ ਵਿਚ ਚਾਅ ਵਧਾ ਕੇ ਇਕੱਠੇ ਹੋਏ। ਮੁਖਦਵਾਰ ਉੱਤੇ ਖੜੇ ਹੋਣ ਵਾਸਤੇ ਥਾਂ ਨਹੀਂ ਸੀ,

ਬਹੁਤ ਭੀੜ ਇਕੱਠੀ ਹੋ ਕੇ ਰੌਲਾ ਪਾ ਰਹੀ ਸੀ। ਜਿੱਥੋਂ ਕਿੱਥੋਂ ਸੁਣ ਕੇ ਬਹੁਤ ਲੋਕ ਆਏ। ਬਹੁਤ ਦਾਨ ਦੇਣ ਕਰਕੇ ਸ੍ਰੇਸ਼ਟ ਜੱਸ ਬਹੁਤ ਵਧਿਆ ਸੀ॥ ੪॥

ਕਰਹਿਂ ਮੰਗਲਾਚਾਰ ਘਨੇਰੇ ਜੁਗਤ ਅਨੰਦ ਸ਼ਬਦ ਕੋ ਗਾਇ।
ਤ੍ਰੌਦਸ ਦਿਨ ਬੀਤੇ ਸ੍ਰੀ ਗੁਜਰੀ ਦਯਾਰਾਮ ਕੋ ਪਠਜੋ ਸੁਨਾਇ।
'ਸ੍ਰੀਮੁਖ ਤੇ ਸੁਤ ਨਾਮ ਧਰਹੁ ਕੋ, ਜੋ ਗੁਰ ਬੰਸ ਬਿਖੈ ਦੁਤਿ ਪਾਇ'।
ਆਇ ਸਭਾ ਮਹਿਂ ਬਿੱਪ੍ਰ ਭਨਜੋ ਜਬਿ 'ਮਾਤਾ ਇਸ ਬਿਧਿ ਬਾਕ ਅਲਾਇ' ॥੫॥

ਬਹੁਤ ਵੱਡਾ ਮੰਗਲਾਚਾਰ ਕਰ ਰਹੇ ਸਨ ਤੇ ਅਨੰਦ ਨੂੰ ਵਧਾਉਣ ਵਾਲੀ ਜੁਗਤੀ ਦੇ ਗੁਰਬਾਣੀ ਦੇ ਸ਼ਬਦ ਗਾ ਰਹੇ ਸਨ। (ਜਿਵੇਂ-'ਸਤਿਗੁਰ ਸਾਚੈ ਦੀਆ ਭੇਜਿ' ਆਦਿ) ਤੇਰਾਂ ਦਿਨ ਬੀਤ ਜਾਣ ਉੱਤੇ, ਮਾਤਾ ਗੁਜਰੀ ਜੀ ਨੇ ਦਇਆ ਰਾਮ ਪ੍ਰੋਹਿਤ ਨੂੰ ਭੇਜ ਕੇ ਕਿਹਾ, "ਆਪਣੇ ਗੁਰੂ ਜੀ ਦੇ ਮੁਖ ਤੋਂ ਪੁੱਤਰ ਦਾ ਨਾਮ ਧਰੋ, ਜਿਹੜਾ ਗੁਰੂ ਜੀ ਦੇ ਵੰਸ਼ ਵਿਚ ਸ਼ੋਭਾ ਪਾਵੇ।" ਜਦ ਸਭਾ ਦੇ ਵਿਚ ਆ ਕੇ ਦਇਆ ਰਾਮ ਬ੍ਰਾਹਮਣ ਨੇ ਕਿਹਾ "ਮਾਤਾ ਜੀ ਨੇ ਇਸ ਵਿਧੀ ਬਚਨ ਕੀਤਾ ਹੈ" ॥ ੫॥

ਸ੍ਰੀ ਕਲਗੀਧਰ ਉਰ ਬਿਚਾਰ ਕਰਿ ਸ਼ੱਤ੍ਰਨ ਤੇ ਅਜੀਤ ਹੁਇ ਜੋਇ।
ਯਾਂਤੇ ਨਾਮ ਅਜੀਤ ਸਿੰਘ ਧਰਿ, ਪਠਜੋ ਮਾਤ ਢਿਗ ਦਿਜਵਰ ਸੋਇ।
ਹਰਖਤਿ ਭਈ ਸ੍ਰੌਨ ਧਰਿ ਤਿਸ ਛਿਨ ਗਈ ਪੌਤ੍ਰ ਕੇ ਨਿਕਟੀ ਹੋਇ।
ਸਭਿਹਿਨਿ ਮੈਂ ਤਬਿ ਨਾਮ ਸੁਨਾਯੋ ਸੁਨਤਿ ਅਨੰਦ ਭਏ ਸਭਿ ਕੋਇ॥ ੬॥

ਸ੍ਰੀ ਕਲਗੀਧਰ ਨੇ ਫਿਰ ਦਿਲ ਵਿਚ ਵਿਚਾਰ ਕੀਤੀ, "ਜਿਹੜਾ ਵੈਰੀਆਂ ਵਾਸਤੇ ਅਜੀਤ ਹੋਵੇ।" ਇਸ ਕਰਕੇ ਅਜੀਤ ਸਿੰਘ ਨਾਮ ਧਰ ਕੇ ਬ੍ਰਾਹਮਣ ਨੂੰ ਮਾਤਾ ਜੀ ਪਾਸ ਭੇਜ ਦਿੱਤਾ। ਕੰਨਾਂ ਨਾਲ ਇਹ ਨਾਮ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਉਸ ਸਮੇਂ ਆਪਣੇ ਪੋਤਰੇ ਦੇ ਪਾਸ ਗਈ। ਸਾਰਿਆਂ ਦੇ ਵਿਚ ਫਿਰ ਨਾਮ ਸੁਣਾਇਆ ਤੇ ਇਹ ਨਾਮ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੬॥

ਦਿਨਪ੍ਰਤਿ ਲਾਲਤਿ ਅਨਿਕ ਪ੍ਰਕਾਰਨਿ ਹੇਮ ਬਿਭੂਖਨ ਕੋ ਘਰਿਵਾਇ।
ਜਟਤਿ ਜਵਾਹਰ ਜ਼ੇਬ ਜਬਰ ਜਿਨ, ਪਗ ਨੂਪਰ ਅਰੁ ਕਟਕ ਬਨਾਇ।
ਛੁੱਦ੍ਰਘੰਟਕਾ ਬਨੀ ਮਨੋਹਰ ਸਿਰ ਸਿਰਫੂਲ ਧਰਜੋ ਦੁਤਿ ਪਾਇ।
ਸੂਖਮ ਝੀਨ ਨਵੀਨ ਬਸਨ ਸੁਭ ਪਹਿਰਾਵਤਿ ਪੌਤ੍ਰੇ ਹਰਖਾਇ॥ ੭॥

ਪ੍ਰਤੀ ਦਿਨ ਅਨੇਕ ਪ੍ਰਕਾਰ ਦੇ ਲਾਡ ਲਡਾਉਂਦੇ ਸਨ ਤੇ ਸੋਨੇ ਦੇ ਬਹੁਤ ਗਹਿਣੇ ਘੜਵਾਏ। ਜਿਨ੍ਹਾਂ ਨੂੰ ਹੀਰੇ ਜਵਾਹਰਾਤ ਜੜੇ ਹੋਏ ਸਨ, ਐਸੇ ਹੀ ਪੈਰਾਂ ਦੀਆਂ ਝਾਂਜਰਾਂ ਅਤੇ ਕੜੇ ਬਣਾਏ। ਤੜਾਗੀ ਬੜੀ ਮਨੋਹਰ ਬਣਵਾਈ ਤੇ ਸਿਰ ਉੱਤੇ ਠੂਠੀਫੁੱਲ ਸ਼ੋਭਾ ਪਾ ਰਿਹਾ ਸੀ। ਮਾਤਾ ਜੀ ਪ੍ਰਸੰਨ ਹੋ ਕੇ ਆਪਣੇ ਪੋਤਰੇ ਨੂੰ ਸ਼ੁਭ ਸੂਖਮ ਨਵੇਂ ਵਸਤਰ ਪਵਾਉਂਦੇ ਸਨ॥ ੭॥

ਇਸ ਪ੍ਰਕਾਰ ਦਿਨ ਕੇਤਿਕ ਬੀਤੇ ਸੰਗਤਿ ਦਿਵਸ ਪੁਰਬ ਕੋ ਜਾਨਿ।
ਚਹੁੰ ਦਿਸ਼ਿ ਤੇ ਉਮਡੀ ਹਿਤ ਦਰਸ਼ਨ ਲਏ ਅਕੋਰਨ ਪਹੁਚੇ ਆਨਿ।
ਦਰਸ਼ਨ ਦੇਨਿ ਹੇਤੁ ਸ੍ਰੀ ਸਤਿਗੁਰ ਬੈਠਿ ਗਏ ਊਚੇ ਅਸਥਾਨ।
ਭਈ ਸਭਿਨਿ ਸੁਧਿ ਸੁਨਿ ਸੁਨਿ ਸਗਰੇ ਉਪਜਜੋ ਹਿਰਦੈ ਹਰਖ ਮਹਾਨ॥ ੮॥

ਇਸ ਪ੍ਰਕਾਰ ਕਈ ਦਿਨ ਬੀਤੇ ਤਾਂ ਸੰਗਤ ਤਿਉਹਾਰ ਦੇ ਦਿਨ ਨੂੰ ਜਾਣ ਕੇ ਚਾਰੇ ਪਾਸਿਆਂ ਤੋਂ ਉਪਹਾਰ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਉਮਡ ਪਈ। ਦਰਸ਼ਨ ਦੇਣ ਵਾਸਤੇ ਗੁਰੂ ਜੀ ਉੱਚੇ ਸਥਾਨ ਤੇ ਬੈਠ ਗਏ। ਸਾਰਿਆਂ ਨੂੰ ਇਹ ਖ਼ਬਰ ਮਿਲ ਗਈ ਤਾਂ ਸੁਣ ਸੁਣ ਕੇ ਸਾਰਿਆਂ ਦੇ ਹਿਰਦਿਆਂ ਵਿਚ ਬਹੁਤ ਖ਼ੁਸ਼ੀ ਪ੍ਰਗਟ ਹੋਈ॥੮॥

ਮੇਲਾ ਭਯੋ ਸਕੇਲਨ ਦੀਰਘ ਧਰਹਿਂ ਅਕੋਰਨ ਅਨਿਕ ਪ੍ਰਕਾਰ।
ਮੁਖਿ ਮਸੰਦ ਲੈ ਲੈ ਸੰਗ ਸੰਗਤਿ ਪਹੁਚੇ ਸਤਿਗੁਰ ਕੇ ਦਰਬਾਰ।
ਕਿਤਿਕ ਬਿਭੂਖਨ ਚਾਮੀਕਰ ਕੇ ਸ੍ਰੀ ਅਜੀਤ ਸਿੰਘ ਹਿਤ ਦੁਤਿ ਚਾਰੁ।
ਲਜਾਵਤਿ ਭਦੇ ਅਰਪਤੇ ਆਗੇ ਅਪਰ ਦਰਬ ਬਹੁ ਹਯ ਹਥਜਾਰ॥ ੯ ॥

ਬਹੁਤ ਵੱਡਾ ਮੇਲਾ ਇਕੱਠਾ ਹੋਇਆ ਤੇ ਸਿੱਖ ਅਨੇਕਾਂ ਪ੍ਰਕਾਰ ਦੇ ਉਪਹਾਰ ਗੁਰੂ ਜੀ ਅੱਗੇ ਧਰਦੇ ਸਨ। ਮੁਖੀ ਮਸੰਦ ਸੰਗਤਾਂ ਨੂੰ ਲੈ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਪਹੁੰਚੇ। ਕਈ ਸਾਹਿਬਜ਼ਾਦਾ ਅਜੀਤ ਸਿੰਘ ਵਾਸਤੇ ਸੁੰਦਰ ਚਮਕੀਲੇ ਸੋਨੇ ਦੇ ਗਹਿਣੇ ਲੈ ਕੇ ਆਉਂਦੇ ਸਨ। ਗਹਿਣੇ ਲਿਆ ਕੇ ਗੁਰੂ ਜੀ ਦੇ ਅਰਪਣ ਕਰ ਦਿੰਦੇ ਸਨ ਤੇ ਹੋਰ ਬਹੁਤ ਧਨ, ਘੋੜੇ ਅਤੇ ਹਥਿਆਰ ਭੇਟ ਕਰਦੇ ਸਨ॥ ੯ ॥

ਲਗੇ ਅੰਬਾਰ ਅਕੋਰਨ ਕੇ ਬਹੁ ਪੁਰਹਿਂ ਕਾਮਨਾ ਜਿਮ ਜਿਸ ਕੀਨਿ।
ਖਰੋ ਮੇਵਰੋ ਕਰਿ ਅਰਦਾਸਨਿ ਗੁਰੂ ਬਿਲੋਕਹਿਂ ਕਰੁਨਾ ਭੀਨ।
ਸਿਖ ਸੰਗਤਿ ਕੀ ਭੀਰ ਭਈ ਤਬਿ ਇਕ ਬੰਚਕ ਉਰ ਲਾਲਚ ਪੀਨ।
ਅੰਚਰ ਬੰਧਜੋ ਕਤਰ ਧਨ ਲੀਨਸਿ, ਪੁਨ ਮੇਲੇ ਮਹਿਂ ਬਿਚਰਤਿ ਚੀਨ॥ ੧੦ ॥

ਉਪਹਾਰਾਂ ਦੇ ਅੰਬਾਰ ਲੱਗ ਗਏ ਤੇ ਗੁਰੂ ਜੀ ਜਿਵੇਂ ਕਿਸੇ ਨੇ ਕਾਮਨਾ ਧਾਰਨ ਕੀਤੀ ਸੀ, ਪੂਰੀ ਕਰਦੇ ਸਨ। ਮੇਵੜਾ ਖੜਾ ਹੋ ਕੇ ਅਰਦਾਸ ਕਰਦਾ ਸੀ ਤੇ ਗੁਰੂ ਜੀ ਕਿਰਪਾ ਨਾਲ ਪਸੀਜ ਕੇ ਵੇਖਦੇ ਸਨ। ਸਿੱਖ ਸੰਗਤ ਦੀ ਵੱਡੀ ਭੀੜ ਹੋ ਗਈ ਸੀ, ਫਿਰ ਇਕ ਠੱਗ ਨੇ ਹਿਰਦੇ ਵਿਚ ਲਾਲਚ ਕੀਤਾ। ਉਸ ਨੇ ਪੱਲੇ ਨਾਲ ਬੱਧੇ ਹੋਏ ਇਕ ਸਿੱਖ ਦੇ ਧਨ ਨੂੰ ਲੈ ਲਿਆ, ਫਿਰ ਮੇਲੇ ਵਿਚ ਫਿਰਨ ਲੱਗਾ॥੧੦॥

ਸਿਖ ਪਟ ਦੇਖਿ ਦੁਖੀ ਹੁਇ ਚਿੰਤਾ ਸਤਿਗੁਰ ਕੇ ਢਿਗ ਕੀਨਿ ਉਚਾਰ।
'ਮਹਾਰਾਜ ਮੇਲੇ ਮਹਿਂ ਪਾਪੀ ਭੀਰ ਬਿਖੈ ਇਮ ਠਾਨਤਿ ਕਾਰ'।
ਕਹਜੋ ਮੇਵਰੇ ਕੌ ਤਬਿ ਸ੍ਰੀ ਪ੍ਰਭੁ 'ਇਕ ਥਲ ਇਸ ਕੌ ਦੇਹੁ ਬਿਠਾਰਿ'।
ਹੁਕਮ ਪਾਇ ਕਰਿ ਥਿਰਜੋ ਸਚਿੰਤਤਿ ਧਨ ਮੈਂ ਪਾਵੌਂ ਕੌਨ ਪ੍ਰਕਾਰ॥ ੧੧ ॥

ਸਿੱਖ ਆਪਣੇ ਕੱਪੜੇ ਨੂੰ ਗੁੰਮ ਹੋਇਆ ਵੇਖ ਕੇ ਬਹੁਤ ਦੁਖੀ ਹੋਇਆ ਤੇ ਉਸ ਨੇ ਆਪਣੀ ਚਿੰਤਾ ਬਾਰੇ ਸਤਿਗੁਰੂ ਜੀ ਪਾਸ ਪੁਕਾਰ ਕੀਤੀ। "ਹੇ ਮਹਾਰਾਜ ! ਇਕ ਪਾਪੀ, ਸਿੱਖਾਂ ਦੀ ਭੀੜ ਵਿਚ ਚੋਰੀ ਦੀ ਕਾਰ ਕਰਦਾ ਹੈ।" ਸਤਿਗੁਰੂ ਜੀ ਨੇ ਫਿਰ ਮੇਵੜੇ ਨੂੰ ਹੁਕਮ ਕੀਤਾ, "ਇਸ ਸਿੱਖ ਨੂੰ ਇਕ ਥਾਂ ਬਿਠਾ ਦੇਵੋ" ਹੁਕਮ ਪਾ ਕੇ ਉਹ ਸਿੱਖ ਚਿੰਤਾ ਸਹਿਤ ਇਕ ਥਾਂ ਬੈਠ ਗਿਆ, ਸੋਚਦਾ ਸੀ ਮੈਂ ਕਿਸ ਪ੍ਰਕਾਰ ਆਪਣਾ ਧਨ ਪਾਵਾਂਗਾ॥੧੧॥

ਸੋ ਬੰਚਕ ਮੇਲੇ ਮਹਿਂ ਬਿਚਰਤਿ ਕਾਟਜੋ ਖੀਸਾ ਇਕ ਸਿਖ ਕੇਰ।
ਨਹਿਂ ਕਿਨ ਜਾਨਜੋ ਮਿਲਜੋ ਨਰਨ ਮਹਿਂ, ਸਿਖ ਦੇਖਤਿ ਭਾ ਦੁਖੀ ਬਡੇਰ।
ਪੂਰਬ ਸਮ ਸ੍ਰੀ ਪ੍ਰਭੁ ਢਿਗ ਗਮਨਜੋਂ ਊਚੇ ਕਰਿ ਪੁਕਾਰ ਤਿਸ ਬੇਰ।
ਸੁਨਿ ਗੁਰ ਤਿਸ ਕੇ ਨਿਕਟ ਬਿਠਾਯੋ ਕਹਜੋ 'ਦਰਬ ਲੈ ਦੇਵਹਿਂ ਫੇਰ'॥ ੧੨ ॥

ਉਸ ਠੱਗ ਨੇ ਮੇਲੇ ਵਿਚ ਫਿਰਦਿਆਂ ਇਕ ਹੋਰ ਸਿੱਖ ਦੀ ਜੇਬ ਕੱਟ ਲਈ। ਕੋਈ ਵੀ ਨਾ ਜਾਣ ਸਕਿਆ ਤੇ ਉਹ ਠੱਗ ਫਿਰ ਹੋਰ ਲੋਕਾਂ ਵਿਚ ਰਲ ਮਿਲ ਗਿਆ। ਉਹ ਸਿੱਖ ਵੇਖ ਕੇ ਬਹੁਤ ਦੁਖੀ ਹੋਇਆ। ਉਹ ਪਹਿਲੇ ਸਿੱਖ ਵਾਂਗ ਗੁਰੂ ਜੀ ਪਾਸ ਗਿਆ ਤੇ ਉਸ ਸਮੇਂ ਉਸ ਬਹੁਤ ਉੱਚੀ ਪੁਕਾਰ ਕੀਤੀ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਵੀ ਪਹਿਲੇ ਸਿੱਖ ਦੇ ਪਾਸ ਬਿਠਾ ਦਿੱਤਾ ਤੇ ਕਿਹਾ, "ਮੈਂ ਤੈਨੂੰ ਫਿਰ ਧਨ ਲੈ ਦੇਵਾਂਗਾ" ॥੧੨॥

ਲਯੋ ਜੁਗਮ ਤੇ ਧਨ ਤਿਨ ਬੰਚਕ ਪੁਨ ਤੀਸਰ ਹਿਤ ਘਾਤ ਲਗਾਇ।
ਲਯੋ ਅਪਰ ਨਹਿਂ ਕਿਨਹਿ ਬਿਲੋਕਜੋ, ਪੁਨ ਚੌਥੇ ਕੋ ਦਰਬ ਚੁਰਾਇ।
ਕਰਤਿ ਪੁਕਾਰ ਦੁਊ ਚਲਿ ਆਏ ਸੁਨਿ ਸਗਰੇ ਸਤਿਗੁਰੂ ਸੁਨਾਇ।
'ਤਸਕਰ ਘਨੇ ਅਹੈਂ ਬਿਚ ਮੇਲੇ ਨਹਿਂ ਰਾਵਰ ਤੇ ਡਰ ਕੋ ਪਾਇ' ॥ ੧੩ ॥

ਉਸ ਠੱਗ ਨੇ ਦੋ ਸਿੱਖਾਂ ਪਾਸੋਂ ਧਨ ਲੈ ਲਿਆ ਤੇ ਤੀਸਰੇ ਸਿੱਖ ਪਾਸ ਧਨ ਲੈਣ ਵਾਸਤੇ ਦਾਅ ਲਾਇਆ। ਉਸ ਪਾਸੋਂ ਵੀ ਧਨ ਲੈ ਲਿਆ ਤੇ ਕੋਈ ਵੀ ਵੇਖ ਨਾ ਸਕਿਆ, ਫਿਰ ਚੌਥੇ ਸਿੱਖ ਦਾ ਧਨ ਚੁਰਾ ਲਿਆ। ਪੁਕਾਰ ਕਰਦੇ ਦੋਵੇਂ ਚਲ ਕੇ ਆ ਗਏ, ਸਾਰਿਆਂ ਸੁਣ ਕੇ ਸਤਿਗੁਰੂ ਜੀ ਨੂੰ ਸੁਣਾਇਆ। "ਇਸ ਮੇਲੇ ਵਿਚ ਬਹੁਤ ਚੋਰ ਫਿਰ ਰਹੇ ਹਨ, ਕੋਈ ਵੀ ਆਪ ਜੀ ਦਾ ਡਰ ਨਹੀਂ ਮੰਨ ਰਿਹਾ ਹੈ" ॥੧੩॥

ਤਬਿ ਸਤਿਗੁਰ ਦ੍ਵੈ ਸੁਭਟ ਪਠਾਏ 'ਮੇਲੇ ਮਹਿਂ ਬੰਚਕ ਇਕ ਜਾਨ।
ਪਗੀਆ ਲਾਲ ਕਸੀ ਕਟ ਧੋਤੀ ਇਕ ਮਾਲਾ ਧਾਰੇ ਨਿਜ ਪਾਨ।
ਚੰਦਨ ਤਿਲਕ ਭਾਲ ਮੈਂ ਦੇਖਹੁ ਗਹਿ ਆਨਹੁ ਡਰ ਦੇਹੁ ਮਹਾਨ'।
ਸੁਨਤਿ ਚਿੰਨ੍ਹ ਭਟ ਪਾਇ ਹੁਕਮ ਕੌ ਪਿਖਿ ਮੇਲੇ ਕਹੁ ਬਨਿ ਸਵਧਾਨ ॥ ੧੪ ॥

ਤਦ ਸਤਿਗੁਰੂ ਜੀ ਨੇ ਦੋ ਸੂਰਬੀਰਾਂ ਨੂੰ ਭੇਜਿਆ, "ਮੇਲੇ ਵਿਚ ਇਕ ਚੋਰ ਬਾਰੇ ਜਾਣੋ, ਉਸ ਨੇ ਲਾਲ ਪੱਗ ਬੰਨ੍ਹੀ ਹੈ ਤੇ ਤੇੜ ਧੋਤੀ ਕੱਸੀ ਹੈ ਤੇ ਆਪਣੇ ਇਕ ਹੱਥ ਵਿਚ ਮਾਲਾ ਧਾਰਨ ਕੀਤੀ ਹੈ। ਉਸ ਦੇ ਮੱਥੇ ਵਿਚ ਚੰਦਨ ਦਾ ਤਿਲਕ ਵੇਖੋ ਤੇ ਉਸ ਨੂੰ ਬਹੁਤ ਡਰਾ ਕੇ ਏਥੇ ਲੈ ਆਵੋ।" ਉਸ ਠੱਗ ਦੇ ਹੁਲੀਏ ਦੇ ਚਿੰਨ੍ਹਾਂ ਬਾਰੇ ਸੁਣ ਕੇ ਤੇ ਹੁਕਮ ਪਾ ਕੇ, ਉਹ ਸੂਰਬੀਰ ਸਾਵਧਾਨ ਹੋ ਗਏ ॥੧੪॥

ਬਿਚਰਤਿ ਸੋ ਠਗ ਗਹਜੋ ਜਾਇ ਕਰ ਪ੍ਰਭੁ ਕੇ ਨਿਕਟ ਆਨਿ ਤਤਕਾਲ।
ਸ਼੍ਰੀ ਮੁਖ ਤੇ ਕਹਿ 'ਇਸ ਪਟ ਦੇਖਹੁ' ਕਰੇ ਉਤਾਇਲ ਹੇਰਤਿ ਜਾਲਿ।
ਗਾਢੋ ਬਾਂਧ ਕਰਜੋ ਤਬਿ ਠਾਂਢੋ 'ਇਹ ਆਨਜੋਂ ਹਮ ਛਲੀ ਬਿਸਾਲ'।
ਧਨ ਚਤਰਨਿ ਕੋ ਗਯੋ ਜਿਤਿਕ ਥੋ ਨਿਕਸਜੋ ਤਿਸ ਢਿਗ ਤੇ ਲਿਯ ਭਾਲ ॥੧੫॥

ਮੇਲੇ ਵਿਚ ਫਿਰਦੇ ਹੋਏ ਉਸ ਠੱਗ ਨੂੰ ਜਾ ਫੜਿਆ ਤੇ ਤੁਰਤ ਗੁਰੂ ਜੀ ਪਾਸ ਲੈ ਕੇ ਆ ਗਏ। ਗੁਰੂ ਜੀ ਨੇ ਆਪਣੇ ਮੁਖ ਤੋਂ ਕਿਹਾ, "ਇਸ ਦਾ ਕੱਪੜਾ ਵੇਖੋ।" ਸੂਰਮਿਆਂ ਨੇ ਸਾਰੀ ਸਿੱਖ ਸੰਗਤ ਦੇ ਵੇਖਦਿਆਂ ਤੁਰਤ ਉਸਦੀਆਂ ਮੁਸ਼ਕਾਂ ਬੰਨ੍ਹ ਕੇ ਖੜਾ ਕਰ ਦਿੱਤਾ ਤੇ ਫਿਰ ਕਿਹਾ, "ਇਸ ਵੱਡੇ ਠੱਗ ਨੂੰ ਅਸੀਂ ਲੈ ਆਏ ਹਾਂ।" ਜਿੰਨਾ ਧਨ ਚਾਰੇ ਸਿੱਖਾਂ ਦਾ ਗਿਆ ਸੀ, ਉਹ ਸਾਰਾ ਉਸ ਪਾਸੋਂ ਲੱਭ ਲਿਆ ॥੧੫॥

ਚਾਰਹੁ ਸਿੱਖਨ ਕੋ ਧਨ ਦੀਨਸਿ, ਲੇ ਕਰਿ ਤਿਨਹੁ ਹਰਖ ਉਰ ਪਾਇ।
ਕਰਜੋ ਬਿਲੋਕਨ ਬਿਸਮਤ ਹ੍ਵੈ ਕਰਿ 'ਧੰਨ ਧੰਨ' ਸਤਿਗੁਰ ਕੋ ਗਾਇ।
'ਮਹਾਂ ਅਘੀ, ਮਨ ਭੈ ਨਹਿਂ ਕੀਨਸਿ, ਦੰਡ ਦੇਨ ਕੇ ਉਚਿਤ ਸਜਾਇ'।
ਸ਼੍ਰੀ ਮੁਖ ਤੇ ਕਹਿ ਕੈਦ ਕਰਾਯੋ ਪੁਨਹਿ ਪਾਪ ਨਹਿਂ ਕਰੇ ਕਦਾਇ ॥ ੧੬ ॥

ਚਾਰੇ ਸਿੱਖਾਂ ਨੂੰ ਧਨ ਦੇ ਦਿੱਤਾ, ਉਹ ਧਨ ਲੈ ਕੇ ਬਹੁਤ ਪ੍ਰਸੰਨ ਹੋਏ। ਉਹ ਬਹੁਤ ਹੈਰਾਨ ਹੋ ਕੇ ਵੇਖ ਕੇ ਸਤਿਗੁਰੂ ਜੀ ਦੇ ਗੁਣ ਗਾਉਂਦੇ ਕਹਿਣ ਲੱਗੇ, "ਧੰਨ-ਧੰਨ ਸਤਿਗੁਰੂ ਜੀ" ਇਹ ਵੱਡਾ ਮਹਾਂ ਪਾਪੀ ਹੈ, ਮਨ ਵਿਚ ਡਰ ਨਹੀਂ ਮੰਨਿਆ ਹੈ, ਇਹ ਦੰਡ ਦੇਣ ਦੇ ਉਚਿਤ ਹੈ।" ਗੁਰੂ ਜੀ ਨੇ ਬਚਨ ਕਰਕੇ ਕੈਦ ਕਰਵਾ ਦਿੱਤਾ ਤਾਂਕਿ ਦੁਬਾਰਾ ਕਦੀ ਪਾਪ ਨਾ ਕਰੇ॥੧੬॥

ਸਿਖ ਸੰਗਤਿ ਸਭਿ ਪਾਇ ਕਾਮਨਾ ਦਰਸ਼ਨ ਕਰਿ ਕਰਿ ਸਦਨ ਸਿਧਾਇ।
ਦੇਸ਼ ਬਿਦੇਸ਼ਨ ਪ੍ਰਭੁ ਕੀ ਕੀਰਤਿ ਫੈਲ ਪਰੀ ਸਭਿ ਕਹੈਂ ਸੁਨਾਇ।
ਮਨਹੁਂ ਮਾਲਤੀ ਘਰ ਘਰ ਫੂਲੀ ਕਿਧੌਂ ਮਰਾਲਨ ਪਾਂਤਿ ਉਡਾਇ।
ਸਿੰਧ ਮੇਖਲਾ ਸਰਬ ਰਸਾ ਪਰ ਜਿਤ ਕਿਤ ਉੱਜਲ ਰਹੀ ਸੁ ਛਾਇ॥ ੧੭॥

ਸਾਰੀ ਸਿੱਖ ਸੰਗਤ ਆਪਣੀਆਂ ਕਾਮਨਾਵਾਂ ਪਾ ਕੇ ਦਰਸ਼ਨ ਕਰ-ਕਰ ਘਰਾਂ ਨੂੰ ਜਾਂਦੀ ਸੀ। ਦੇਸ਼ਾਂ ਵਿਦੇਸ਼ਾਂ ਵਿਚ ਪ੍ਰਭੂ ਜੀ ਦੀ ਕੀਰਤੀ ਫੈਲ ਗਈ, ਸਾਰੇ ਕਹਿ-ਕਹਿ ਸੁਣਾਉਂਦੇ ਹਨ। ਮਾਨੋ ਘਰ ਮਾਲਤੀ ਦੇ ਫੁੱਲ ਖਿੜੇ ਹਨ ਜਾਂ ਹੰਸਾਂ ਦੀਆਂ ਡਾਰਾਂ ਉੱਡ ਰਹੀਆਂ ਹਨ। ਸਾਰੀ ਧਰਤੀ ਉੱਤੇ ਜੋ ਸਮੁੰਦਰ ਨਾਲ ਘਿਰੀ ਹੋਈ ਹੈ, ਜਿੱਥੇ ਕਿੱਥੇ ਉੱਜਲ ਕੀਰਤੀ ਛਾਈ ਹੋਈ ਹੈ॥੧੭॥

ਕੇਤਿਕ ਦਿਨ ਮਹਿਂ ਠਗ ਹਕਾਰ ਕਰਿ ਕਹਜੋ ਪ੍ਰਭੁ 'ਸੁਨਿ ਰੇ ਮਤਿ ਮੰਦ!।
ਹਮਹਿਂ ਅਰਾਧਜੋ ਅਘ ਕੇ ਹਿਤ ਤੈਂ ਮਮ ਪੜਦਾ ਗੁਰ ਢਕਹੁ ਬਿਲੰਦ।
ਤ੍ਰੈ ਚੋਰੀ ਕਰਿ ਬਹੁਰ ਨ ਕਰਿਹੌਂ ਬਿਚਰਹਿਂ ਮੇਲੇ ਮਹਿਂ ਅਘਵੰਦ।
ਦਰਬ ਤੀਨ ਕੋ ਲਿਯ, ਤ੍ਰਿਸ਼ਨਾ ਕਿਯ, ਪੁਨ ਚੌਥੇ ਕੇ ਚੀਰ ਨਿਕੰਦ॥ ੧੮॥

ਕੁਝ ਦਿਨਾਂ ਬਾਅਦ ਗੁਰੂ ਜੀ ਨੇ ਠੱਗ ਨੂੰ ਬੁਲਾ ਕੇ ਕਿਹਾ, "ਹੇ ਮਾੜੀ ਮੱਤ ਵਾਲੇ ! ਸੁਣ, ਪਾਪ ਦੇ ਵਾਸਤੇ ਤੂੰ ਸਾਡੀ ਆਰਾਧਣਾ ਕੀਤੀ ਹੈ ਤੇ ਕਿਹਾ ਹੈ, "ਹੇ ਪ੍ਰਭੂ ! ਮੇਰਾ ਪੜਦਾ ਢੱਕੋ, ਮੈਂ ਤਿੰਨ ਚੋਰੀਆਂ ਕਰਕੇ, ਫਿਰ ਕਦੀ ਚੋਰੀ ਨਹੀਂ ਕਰਾਂਗਾ।" ਹੇ ਪਾਪੀ ਮੇਲੇ ਵਿਚ ਫਿਰਦਾ ਸੀ। ਤਿੰਨਾਂ ਪਾਸੋਂ ਤੂੰ ਧਨ ਲਿਆ, ਫਿਰ ਲਾਲਚ ਕੀਤਾ ਤੇ ਚੌਥੇ ਪਾਸੋਂ ਵੀ ਧਨ ਚੋਰੀ ਕਰ ਲਿਆ॥੧੮॥

ਰਹਜੋ ਨ ਪ੍ਰਨ ਪਰ ਲੋਭ ਵਧਜੋ ਚਿਤ, ਫਾਸ ਉਚਿਤ ਤੋ ਕੌ ਪਹਿਚਾਨ।
ਤਊ ਤਜਹਿਂ ਅਬਿ, ਬਹੁਰ ਨ ਕਰੀਐ' ਇਮ ਕਹਿ ਛੁਟਵਾਯੋ ਗੁਨਖਾਨ।
ਧਾਰਿ ਨਮੋ ਗਮਨਜੋ ਛੁਟਿ ਤੂਰਨ ਸ੍ਰੀ ਗੁਰ ਕੇ ਗੁਣ ਕਰਤਿ ਬਖਾਨ।
ਇਸ ਪ੍ਰਕਾਰ ਕੇਤਿਕ ਦਿਨ ਗੁਜ਼ਰੇ ਹੋਤਿ ਬਿਲਾਸ ਅਨੇਕ ਬਿਧਾਨ॥ ੧੯॥

ਆਪਣੇ ਪ੍ਰਣ ਤੇ ਨਹੀਂ ਰਿਹਾ ਹੈਂ, ਚਿੱਤ ਵਿਚ ਲੋਭ ਵਧਾਇਆ ਹੈ, ਤੈਨੂੰ ਫਾਂਸੀ ਦੇ ਉਚਿਤ ਪਹਿਚਾਣਿਆ ਹੈ, ਫਿਰ ਵੀ ਤੈਨੂੰ ਹੁਣ ਛੱਡਦੇ ਹਾਂ, ਦੁਬਾਰਾ ਚੋਰੀ ਨਾ ਕਰਨਾ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਚੋਰ ਨੂੰ ਛੁਡਵਾ ਦਿੱਤਾ। ਨਮਸਕਾਰ ਕਰਕੇ ਛੁਟਕਾਰਾ ਪਾ ਕੇ ਤੁਰਤ ਚਲਾ ਗਿਆ ਤੇ ਗੁਰੂ ਜੀ ਦੇ ਗੁਣ ਵਰਣਨ ਕਰਦਾ ਸੀ। ਇਸ ਪ੍ਰਕਾਰ ਕਈ ਦਿਨ ਗੁਜ਼ਰੇ, ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਹੋ ਰਹੇ ਸਨ॥੧੯॥

*ਨੋਟ : ਚੋਰ ਨੂੰ ਛੱਡਣ ਦਾ ਇਹ ਭਾਵ ਨਹੀਂ ਸੀ ਕਿ ਥੋੜ੍ਹੀ ਚੋਰੀ ਮੁਆਫ ਕਰ ਰਹੇ ਸਨ, ਬਲਕਿ ਗੁਰੂ ਜੀ ਇਨਸਾਨੀ ਖਸਲਤ ਪ੍ਰਗਟ ਕਰ ਰਹੇ ਸਨ ਕਿ ਚੋਰੀ, ਯਾਰੀ, ਜੂਆ ਆਦਿ ਕਰਮਾਂ ਵਾਲੇ ਪ੍ਰਣ ਕਰਦੇ ਹਨ ਕਿ ਬਸ ਇਸ ਤੋਂ ਬਾਅਦ ਦੁਬਾਰਾ ਨਹੀਂ ਕਰਾਂਗੇ, ਪਰ ਉਨ੍ਹਾਂ ਦੇ ਸੰਸਕਾਰ ਮੁੜ-ਮੁੜ ਉਧਰ ਲੈ ਜਾਂਦੇ ਹਨ। ਇਸ ਲਈ ਮੂਲੋਂ ਤਿਆਗ ਕਰਨਾ ਹੀ ਠੀਕ ਹੈ। 'ਪੜਦੇ ਢੱਕਣ' ਦੀ ਅਰਦਾਸ ਕਰਨ ਦੀ ਵੀ ਇਨਸਾਨ ਨੂੰ ਬਹੁਤ ਲੋੜ ਰਹਿੰਦੀ ਹੈ। ਗੁਰੂ ਜੀ ਅਤੇ ਪਰਮੇਸ਼ਰ ਦਾ ਬਿਰਦ 'ਪੜਦੇ ਢੱਕ' ਵੀ ਹੈ, ਪਰ ਇਸ ਦਾ ਮਤਲਬ ਪਾਪ ਦੀ ਖੁਲ੍ਹ ਨਹੀਂ ਹੈ।*

ਦੋਹਰਾ- ਕਵਿਤਾ ਰਚਹਿਂ ਇਕੰਤ ਹ੍ਵੈ ਸੁੰਦਰ ਛੰਦ ਬਨਾਇ।
ਰਸ ਸ਼ਿੰਗਾਰ, ਰਸ ਬੀਰ ਕੋ, ਰੌਦ੍ਰ ਬਰਨ ਅਧਿਕਾਇ॥ ੨੦॥

ਸਤਿਗੁਰੂ ਜੀ ਇਕਾਂਤ ਵਿਚ ਬੈਠ ਕੇ, ਸੁੰਦਰ ਛੰਦ ਬਣਾਉਂਦੇ ਸਨ। ਸ਼ਿੰਗਾਰ-ਰਸ, ਜਿਸ ਵਿਚ ਪਿਆਰ ਦਾ ਵਰਣਨ ਹੁੰਦਾ ਹੈ, ਬੀਰ ਰਸ, ਜਿਸ ਵਿਚ ਬਹਾਦਰੀ ਹੋਵੇ ਤੇ ਰੌਦ੍ਰ-ਰਸ ਜਿਸ ਵਿਚ ਕ੍ਰੋਧ ਆਦਿ ਬੀਰਤਾ ਭੇਦਾਇਕ ਹੋ ਜਾਵੇ, ਸਤਿਗੁਰੂ ਜੀ ਇਨ੍ਹਾਂ ਤਿੰਨਾਂ ਰਸਾਂ ਵਿਚ ਕਵਿਤਾ ਬਣਾਉਂਦੇ ਸਨ॥੨੦॥

ਸੈਯਾ ਛੰਦ-ਸੁਨਿ ਸੁਨਿ ਗੁਨੀ ਅਨਿਕ ਗੁਨ ਜਿਨਿ ਮਹਿਂ ਕਦਰ ਸ਼ਨਾਸੀ ਕੌ ਮਨ ਜਾਨਿ।
ਕਹਹਿਂ ਕਬਿੱਤ ਸੁਜਸੁ ਕੇ ਸੁੰਦਰ, ਕਲਗ਼ੀਧਰ ਸੋਂ ਮਿਲਹਿਂ ਸੁ ਆਨਿ।
ਧਰਹਿਂ ਅਨਿਕ ਚਾਤੁਰਤਾ ਰਚਿ ਰਚਿ ਹੁਇ ਪ੍ਰਸੰਨ ਲਖਿ ਗੁਨੀ ਮਹਾਨ।
ਧਨ ਗਨ ਬਖਸ਼ ਹਜ਼ਾਰਹੁਂ ਲੱਛਹੁਂ ਲੇ ਕਰਿ ਹਰਖ ਧਰਹਿਂ ਗੁਨਵਾਨ॥੨੧॥

ਸਤਿਗੁਰੂ ਜੀ ਦੇ ਅਨੇਕਾਂ ਗੁਣਾਂ ਬਾਰੇ ਸੁਣ-ਸੁਣ ਕੇ, ਜਿਨ੍ਹਾਂ ਵਿਚੋਂ ਕਦਰ ਪਛਾਨਣ ਦੇ ਗੁਣ ਨੂੰ ਮਨ ਵਿਚ ਜਾਣ ਕੇ, ਜਿਹੜਾ ਕਬਿੱਤਾਂ ਵਿਚ ਸੁੰਦਰ ਸ੍ਰੇਸ਼ਟ ਜੱਸ ਕਹਿੰਦੇ ਸਨ, ਉਹ ਕਲਗ਼ੀਧਰ ਸਤਿਗੁਰੂ ਜੀ ਨੂੰ ਆ ਮਿਲਦੇ ਸਨ। ਅਨੇਕ ਪ੍ਰਕਾਰ ਦੀਆਂ ਚਤੁਰਾਈਆਂ ਧਾਰ ਕਵਿਤਾਵਾਂ ਲਿਖਦੇ ਸਨ, ਗੁਰੂ ਜੀ ਮਹਾਨ ਗੁਣੀ ਵੇਖ ਕੇ ਪ੍ਰਸੰਨ ਹੁੰਦੇ ਸਨ। ਫਿਰ ਹਜ਼ਾਰਾਂ ਲੱਖਾਂ ਦਾ ਧਨ ਬਖਸ਼ ਦਿੰਦੇ ਸਨ ਤੇ ਗੁਣਵਾਨ ਧਨ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਸਨ॥੨੧॥

ਕਿਤਿਕ ਰਹੇ ਢਿਗ ਨੌਕਰ ਹੁਇ ਕਰਿ ਦਰਬ ਹਜ਼ਾਰਹੁਂ ਕੋ ਨਿਤ ਲੇਤਿ।
ਦਾਰਿਦ ਘਾਮ ਬਿਦਾਰਨ ਹੋਵਾ ਬਰਖਤਿ ਘਨ ਜਯੋਂ ਕ੍ਰਿਪਾ ਨਿਕੇਤੁ।
ਆਪ ਰਚਤਿ ਹੈਂ ਛੰਦ ਅਨਿਕ ਗਤਿ ਅਪਰਨ ਕੇ ਲਖਿ ਰੀਝ ਸੁ ਦੇਤਿ।
ਇਮ ਗੁਨੀਅਨ ਮਹਿਂ ਕੀਰਤਿ ਪਸਰੀ ਸੁਨਿ ਸੁਨਿ ਆਵਤਿ ਹੈਂ ਸੁਖ ਹੇਤੁ॥੨੨॥

ਕਈ ਨੌਕਰ ਹੋ ਕੇ ਪਾਸ ਰਹਿੰਦੇ ਸਨ ਤੇ ਸਦਾ ਹਜ਼ਾਰਾਂ ਦੀ ਗਿਣਤੀ ਵਿਚ ਧਨ ਲੈਂਦੇ ਸਨ। ਸੰਤਾਪ ਗ਼ਰੀਬੀ ਦੂਰ ਹੋ ਜਾਂਦੀ ਸੀ ਜਦ ਕਿਰਪਾ ਦੇ ਘਰ ਭਾਵ ਗੁਰੂ ਜੀ ਦਾਨ ਦਾ ਮੀਂਹ ਵਰਸਾਉਂਦੇ ਸਨ। ਆਪ ਰੋਜ਼ ਅਨੇਕਾਂ ਛੰਦ ਲਿਖਦੇ ਸਨ ਤੇ ਹੋਰਨਾਂ ਦੀ ਗਤੀ ਉੱਤੇ ਪ੍ਰਸੰਨ ਹੋ ਕੇ ਬਖਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਗੁਣਵਾਨਾਂ ਵਿਚ ਕੀਰਤੀ ਫੈਲੀ, ਸੁਣ ਸੁਣ ਕੇ ਸੁਖ ਵਾਸਤੇ ਆਉਂਦੇ ਸਨ॥੨੨॥

ਕਵੀ ਰਹਿਤਿ ਜੋ ਪੂਰਬ ਦਿਸ਼ਿ ਮਹਿਂ ਅਰੁ ਦੱਖਣ ਮਹਿਂ ਉਪਜੇ ਜੋਇ।
ਪੱਛਮ ਬਾਸੀ ਉੱਤਰ ਦਿਸ਼ਿ ਕੇ ਗੁਨ ਕੋ ਪਰਖਹਿਂ ਗੁਨ ਸੁਨਿ ਸੋਇ।
ਰੀਝ ਮੌਜ ਦੀਰਘ ਹੀ ਲਖਿ ਕਰਿ ਘਰ ਕੌ ਤਯਾਗ ਆਇਂ ਸਭਿ ਕੋਇ।
ਬਖਸ਼ਿਸ਼ ਪਾਇ ਨਿਕਟ ਰਹਿਂ ਕੇਤਿਕ ਕੋ ਨਿਕੇਤ ਗੇ ਦਾਰਿਦ ਖੋਇ॥੨੩॥

ਕਵੀ ਜਿਹੜੇ ਪੂਰਬ ਦਿਸ਼ਾ ਵਿਚ ਰਹਿੰਦੇ ਸਨ ਅਤੇ ਜਿਹੜੇ ਦੱਖਣ ਵਿਚ ਪੈਦਾ ਹੋਏ ਸਨ, ਉਹ ਪੂਰਬ ਵਾਸੀਆਂ ਦੇ ਗੁਣ ਸੁਣ ਕੇ ਪਰਖਦੇ ਸਨ। ਪੱਛਮ ਵਾਸੀ, ਉੱਤਰ ਦਿਸ਼ਾ ਦੇ ਵਾਸੀਆਂ ਦੇ ਗੁਣ ਸੁਣ ਕੇ ਪਰਖਦੇ ਸਨ। ਗੁਰੂ ਜੀ ਦੇ ਉੱਚੇ ਗੁਣ ਵੇਖ ਕੇ ਖੁਸ਼ ਹੋਣ ਦੇ ਗੁਣ ਅਤੇ ਖੁਸ਼ੀ ਦੀ ਮੌਜ ਵਿਚ ਧਨ ਬਖਸ਼ਣ ਦੇ ਗੁਣ ਨੂੰ ਵੇਖਕੇ, ਆਪਣੇ-ਆਪਣੇ ਘਰ ਛੱਡ-ਛੱਡ ਆਉਂਦੇ ਸਨ। ਕਈ ਨੇੜੇ ਰਹਿ ਕੇ ਬਖਸ਼ਿਸ਼ ਪਾਉਂਦੇ ਸਨ, ਕਈ ਗਰੀਬੀ ਦੂਰ ਕਰਵਾ ਕੇ ਆਪਣੇ ਘਰ ਨੂੰ ਚਲੇ ਜਾਂਦੇ ਸਨ॥੨੩॥

ਪੀਰ ਕਿਤਿਕ ਸੁਨਿ ਮਹਿਮਾ ਆਵਤਿ, ਬੈਰਾਗੀ ਸੰਨਜਾਸੀ ਜਾਲ।
ਤਪੀ ਦਿਗੰਬਰ ਦਰਸ਼ਨ ਕੇ ਹਿਤ ਜੋਗੀ ਆਇਂ ਜਿ ਸਿੱਧ ਬਿਸਾਲ।
ਮਿਲਿ ਮਿਲਿ ਪਰਖਹਿਂ ਹਰਖਹਿਂ ਬਚ ਸੁਨਿ, ਸੰਸੈ ਕੋ ਉੱਤਰ ਤਤਕਾਲ।
ਸਾਹਿਬ ਕਰਾਮਾਤਿ ਗੁਰ ਦੀਰਘ ਸਿੰਧ ਮਨਿੰਦ ਸੁਮੇਰੁ ਅਚਾਲ॥ ੨੪॥

ਕਈ ਪੀਰ ਗੁਰੂ ਜੀ ਦੀ ਮਹਿਮਾ ਸੁਣ ਕੇ ਆਉਂਦੇ ਹਨ, ਬਹੁਤ ਵੈਰਾਗੀ ਅਤੇ ਸੰਨਿਆਸੀ ਆਉਂਦੇ ਸਨ। ਤਪੀਸ਼ਵਰ ਅਤੇ ਦਿਗੰਬਰ ਦਰਸ਼ਨਾਂ ਵਾਸਤੇ ਆਉਂਦੇ ਹਨ, ਜੋਗੀ ਵੀ ਆਉਂਦੇ ਹਨ ਜਿਹੜੇ ਵੱਡੇ ਸਿੱਧ ਹਨ। ਮਿਲ-ਮਿਲ ਪਰਖਦੇ ਹਨ ਤੇ ਬਚਨ ਸੁਣ ਕੇ ਪ੍ਰਸੰਨ ਹੁੰਦੇ ਹਨ, ਸੰਸਿਆਂ ਦਾ ਤੁਰਤ ਹੀ ਉੱਤਰ ਦੇ ਦਿੰਦੇ ਹਨ। ਗੁਰੂ ਜੀ ਕਰਾਮਾਤ ਦੇ ਵੱਡੇ ਸਾਹਿਬ ਹਨ, ਸਾਗਰ ਵਾਂਗ ਅਥਾਹ ਅਤੇ ਸੁਮੇਰ ਪਰਬਤ ਵਾਂਗ ਅਚਲ ਹਨ॥੨੪॥

ਸਿਖ ਸੰਗਤਿ ਜਹਿਂ ਕਹਿਂ ਤੇ ਆਵਤਿ ਮਨ ਭਾਵਤਿ ਪਾਵਤਿ ਨਿਜ ਕਾਮ।
ਚਹੁੰ ਦਿਸ਼ਿ ਤੇ ਹੁਇ ਮੇਲ ਸਕੇਲਨ ਉਤਰਿ ਅਨੰਦਪੁਰੇ ਅਭਿਰਾਮ।
ਜਬਿ ਜਾਨਹਿਂ ਬਹੁ ਬ੍ਰਿੰਦ ਭਏ ਨਰ ਜੇ ਦਰਸ਼ਨ ਚਾਹਤਿ ਸੁਖ ਧਾਮ।
ਤਬ ਨਿਕਸਹਿਂ ਬਡ ਸਭਾ ਲਗਾਵਹਿਂ ਪੂਰਹਿਂ ਕਾਮਨਾ ਮਨ ਬਿਸਰਾਮ॥ ੨੫॥

ਜਿੱਥੋਂ-ਕਿੱਥੋਂ ਵੀ ਸਿੱਖ ਸੰਗਤ ਆਉਂਦੀ ਹੈ, ਸਾਰੇ ਮਨ-ਭਾਉਂਦੀਆਂ ਕਾਮਨਾਵਾਂ ਪ੍ਰਾਪਤ ਕਰਦੇ ਹਨ। ਚਾਰੇ ਪਾਸਿਆਂ ਤੋਂ ਇਕੱਠੇ ਹੋ ਕੇ ਅਨੰਦਪੁਰ ਵਿਚ ਆ ਉਤਾਰਾ ਕਰਦੇ ਸਨ। ਜਦ ਗੁਰੂ ਜੀ ਇਹ ਜਾਣਦੇ ਹਨ ਕਿ ਬਹੁਤ ਮਨੁੱਖ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਤਦ ਗੁਰੂ ਜੀ ਬਾਹਰ ਨਿਕਲ ਕੇ ਵੱਡੀ ਸਭਾ ਲਾਉਂਦੇ ਹਨ ਤੇ ਮਨ ਦਾ ਟਿਕਾਅ ਦੇਣ ਵਾਸਤੇ ਸਭ ਦੇ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ॥੨੫॥

ਜੋਧਾ ਰਹੈਂ ਬਿਸਾਲ ਭਯੋ ਦਲ, ਰਣ ਪ੍ਰਿਯ ਰਣ ਕੀ ਬਾਤ ਸੁਨਾਇਂ।
ਬਹੁ ਉਤਸਾਹਿ ਹੋਤਿ ਹੈ ਬੀਰਨ ਆਯੁਧ ਬਿੱਦਜਾ ਸਦਾ ਕਮਾਇਂ।
ਹਯਨ ਫੰਧਾਵਤਿ ਬਹੁ ਚਪਲਾਵਤਿ ਅਧਿਕ ਪਲਾਇ ਤੁਫੰਗ ਚਲਾਇ।
ਮਹਾਂਰਾਜ ਗੁਰ ਸਰਬ ਸਮਾਜਹਿ ਦੀਰਘ ਕਰਜੋ ਜਗਤ ਜਸ ਗਾਇ॥ ੨੬॥

ਬਹੁਤ ਯੋਧੇ ਸੂਰਬੀਰ ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਬਹੁਤ ਵੱਡਾ ਦਲ ਬਣ ਗਿਆ, ਉਹ ਯੁੱਧ ਨੂੰ ਪਿਆਰ ਕਰਨ ਵਾਲੇ ਸਦਾ ਯੁੱਧ ਦੀਆਂ ਗੱਲਾਂ ਸੁਣਾਉਂਦੇ ਸਨ। ਸੂਰਬੀਰਾਂ ਵਿਚ ਵੱਡਾ ਉਤਸ਼ਾਹ ਭਰਿਆ ਸੀ ਤੇ ਉਹ ਸਦਾ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ। ਘੋੜਿਆਂ ਨੂੰ ਕੁਦਵਾਉਂਦੇ ਬੜੀ ਚੰਚਲਤਾ ਨਾਲ ਬੰਦੂਕਾਂ ਚਲਾ ਕੇ ਘੋੜਿਆਂ ਨੂੰ ਭਜਾਉਂਦੇ ਸਨ। ਗੁਰੂ ਮਹਾਰਾਜ ਜੀ ਨੇ ਸਮਾਜ ਅਤੇ ਸਾਜੋ-ਸਾਮਾਨ ਨੂੰ ਬਹੁਤ ਵੱਡਾ ਬਣਾਇਆ, ਸਾਰਾ ਜਗਤ ਗੁਰੂ ਜੀ ਦਾ ਜੱਸ ਗਾਉਂਦਾ ਸੀ॥੨੬॥

*ਦੂਸਰੀ ਰੁੱਤ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

★★★

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਉਣਤਾਲੀਵਾਂ

## ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਉੱਪਰ ਚੜ੍ਹਾਈ

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਭੀਮਚੰਦ ਸੋਂ ਰਸ ਭਯੋ ਦੀਨਸਿ ਦ੍ਵੈਸ਼ ਮਿਟਾਇ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ। ਭੀਮ ਚੰਦ ਨਾਲ ਰਸ ਹੋ ਗਿਆ ਸੀ ਤੇ ਉਸ ਨੇ ਆਪਣੇ ਵੈਰ ਨੂੰ ਖਤਮ ਕਰ ਲਿਆ ਸੀ॥੧॥

ਪਾਧੜੀ ਛੰਦ- ਅਵਰੰਗ ਤੁਰਕਪਤਿ ਨਹਿਨ ਦੇਸ਼। ਚਢਿ ਗਯੋ ਦਿਸ਼ਾ ਦੱਖਨ ਬਿਸ਼ੇਸ਼।
ਕਰਿ ਬਡ ਮੁਹਿੰਮ ਸੈਨਾ ਬਿਸਾਲ। ਜਹਿਂ ਤਾਨਿ ਸ਼ਾਹਿ ਸੱਯਦ ਬਿਸਾਲ॥੨॥

ਉਸ ਸਮੇਂ ਨੌਰੰਗਾ ਬਾਦਸ਼ਾਹ ਦੇਸ਼ ਵਿਚ ਨਹੀਂ ਸੀ, ਉਹ ਵਿਸ਼ੇਸ਼ ਤੌਰ 'ਤੇ ਦੱਖਣ ਦੀ ਦਿਸ਼ਾ ਵਿਚ ਚੜ੍ਹਾਈ ਕਰਕੇ ਗਿਆ ਸੀ। ਉਹ ਵਿਸ਼ਾਲ ਸੈਨਾ ਲੈ ਕੇ ਵੱਡੀ ਮੁਹਿੰਮ 'ਤੇ ਗਿਆ ਸੀ ਜਿਥੇ ਮਹਾਨ ਸੱਯਦ ਤਾਨੇਸ਼ਾਹ ਰਹਿੰਦਾ ਸੀ॥੨॥

ਗਢਿ ਗੋਲ ਕੁੰਡ ਮਾਵਾਸ ਕੀਨਿ। ਗਣ ਚਮੂੰ ਹਨਤਿ ਨਹਿਂ ਦਰਬ ਦੀਨਿ।
ਜਹਿਂ ਨਗਰ ਹੈਦਰਾਵਾਦ ਆਹਿ। ਤਹਿਂ ਕਰਤਿ ਬਾਸ ਬਡ ਰਾਜ ਤਾਂਹਿ॥੩॥

ਗੋਲ ਕੰਡਾ ਦੇ ਕਿਲ੍ਹੇ ਨੂੰ ਘੇਰਾ ਪਾਇਆ ਸੀ। ਉਹ ਨੌਰੰਗੇ ਦੀ ਬਹੁਤ ਸੈਨਾ ਮਾਰਦਾ ਸੀ, ਪਰ ਉਸ ਨੂੰ ਧਨ ਨਹੀਂ ਸੀ ਦਿੰਦਾ। ਜਿੱਥੇ ਹੈਦਰਾਬਾਦ ਦਾ ਨਗਰ ਹੈ ਉਥੇ ਬਾਦਸ਼ਾਹ ਤਾਨੇਸ਼ਾਹ ਦਾ ਵਾਸਾ ਸੀ ਤੇ ਉਥੇ ਉਸ ਦਾ ਵੱਡਾ ਰਾਜ ਸੀ॥੩॥

ਬਿਤ ਗਏ ਬਰਖ ਬਹੁ ਹੋਤਿ ਜੁੱਧ। ਨਹਿਂ ਮਿਟਤਿ ਦੁਹੂੰ ਦਿਸ਼ਿ ਅਧਿਕ ਕ੍ਰੁੱਧ।
ਇਸ ਦੇਸ਼ ਬਿਖੈ ਸੂਬੇ ਬਿਸਾਲ। ਸਭਿ ਰਾਜ ਸਾਜ ਕਰਤੇ ਕਰਾਲ॥ ੪॥

ਯੁੱਧ ਕਰਦਿਆਂ ਨੂੰ ਬਹੁਤ ਸਾਲ ਬੀਤ ਗਏ, ਦੋਵੀਂ ਪਾਸੀ ਜਿਹੜਾ ਬਹੁਤ ਕ੍ਰੋਧ ਵਧਿਆ ਸੀ, ਉਹ ਮਿੱਟਦਾ ਨਹੀਂ ਸੀ। ਏਥੇ ਦਿੱਲੀ ਦੇ ਨੇੜੇ ਇਕ ਵੱਡਾ ਸੂਬਾ ਰਹਿੰਦਾ ਸੀ, ਉਹ ਵਿਕਰਾਲ ਰਾਜ ਸਾਜ ਕਰਦਾ ਸੀ॥੪॥

ਇਕ ਮਿਯਾਂਖਾਨ ਉਮਰਾਵ ਤਾਂਹਿ। ਰਹਿ ਸੰਗ ਬਾਹਿਨੀ ਅਧਿਕ ਜਾਂਹਿ।
ਪੁਰਿ ਬਸੇ ਜਾਂਹਿ ਜੰਮੂੰ ਮਹਾਨ। ਚਢਿ ਗਯੋ ਤਾਂਹਿ ਦਲ ਸੰਗ ਖਾਨ॥੫॥

ਉਥੇ ਇਕ ਮੀਆਂ ਖਾਨ ਉਮਰਾਵ ਰਹਿੰਦਾ ਸੀ, ਜਿੱਥੇ ਉਸ ਦੇ ਪਾਸ ਬਹੁਤ ਸੈਨਾ ਰਹਿੰਦੀ ਸੀ। ਮੀਆਂ ਖਾਨ ਖਾਨਾਂ ਦੀ ਸੈਨਾ ਲੈ ਕੇ ਜੰਮੂ ਸ਼ਹਿਰ ਵਲ ਚੜ੍ਹ ਕੇ ਆ ਗਿਆ॥੫॥

ਇਕ ਅਲਫਖਾਨ ਤਿਹ ਸੰਗ ਬੀਰ। ਪਸ਼ਚਾਤ ਚਲਹਿ ਜਿਹ ਸੁਭਟ ਭੀਰ।
ਤਿਹ ਸਾਥ ਹੁਕਮ ਮਿਯਾਂ ਖਾਂ ਬਖਾਨਿ। 'ਤੁਮ ਜਾਹਿ ਅਬੈ ਸੈਲਨਿ ਸਥਾਨ॥੬॥

ਇਕ ਅਲਫਖਾਨ ਉਸ ਦੇ ਨਾਲ ਯੋਧਾ ਸੀ, ਜਿਸ ਦੇ ਪਿੱਛੇ ਸੂਰਮਿਆਂ ਦੀ ਵੱਡੀ ਭੀੜ ਚੜ੍ਹਦੀ ਸੀ। ਉਸ ਨੂੰ ਮੀਆਂ ਖਾਨ ਨੇ ਹੁਕਮ ਕੀਤਾ, "ਤੁਸੀਂ ਹੁਣ ਪਹਾੜਾਂ ਵਾਲੇ ਸਥਾਨ ਤੇ ਜਾਵੋ॥੬॥

ਨ੍ਰਿਪ ਜੋ ਕਟੋਚੀਆ ਅਰੁ ਗੁਲੇਰ। ਜਸਵਾਲ ਆਦਿ ਜੇਤਿਕ ਬਡੇਰ।
ਸਭਿਹੂੰਨਿ ਪਾਸ ਲਿਹੁ ਦਰਬ ਜਾਇ। ਬਡ ਸੰਗ ਬਾਹਿਨੀ ਤਿਨ ਦਬਾਇ' ॥੭॥

ਜਿਹੜੇ ਕਟੋਚੀਆ ਅਤੇ ਗੁਲੇਰ ਰਾਜੇ ਹਨ ਤੇ ਜਸਵਾਲ ਆਦਿ ਜਿਹੜੇ ਵੱਡੇ ਰਾਜੇ ਹਨ, ਉਨ੍ਹਾਂ ਸਾਰਿਆਂ ਪਾਸੋਂ ਜਾ ਕੇ ਧਨ ਲਵੋ। ਵੱਡੀ ਸੈਨਾ ਲੈ ਕੇ ਉਨ੍ਹਾਂ ਨੂੰ ਦਬਾ ਲਵੋ" ॥੭॥

ਸੁਨਿ ਅਲਫਖਾਨ ਹਰਖਜੋ ਸੁ ਜ਼ੋਰ। ਲੈ ਚਮੂੰ ਚਲਜੋ ਤਿਨ ਸੈਲ ਓਰ।
ਪਠਿ ਪ੍ਰਥਮ ਦੂਤ ਸੁਧ ਹਿਤ ਉਤਾਲ। ਜਹਿਂ ਹੁਤੋ ਕਟੋਚੀ ਨ੍ਰਿਪ ਕ੍ਰਿਪਾਲ ॥੮॥

ਇਹ ਸੁਣ ਕੇ ਅਲਫ ਖਾਂ ਜ਼ੋਰ ਕਰਕੇ ਪ੍ਰਸੰਨ ਹੋਇਆ ਤੇ ਸੈਨਾ ਲੈ ਕੇ ਉਨ੍ਹਾਂ ਪਹਾੜਾਂ ਵਲ ਚਲ ਪਿਆ। ਪਹਿਲਾਂ ਛੇਤੀ ਖ਼ਬਰ ਲੈਣ ਵਾਸਤੇ ਇਕ ਦੂਤ ਨੂੰ ਭੇਜਿਆ ਜਿਥੇ ਕ੍ਰਿਪਾਲ ਕਟੋਚੀ ਰਾਜਾ ਰਹਿੰਦਾ ਸੀ ॥੮॥

'ਦਿਹੁ ਦੰਡ ਦਰਬ, ਮਿਲਿ ਅੱਗ੍ਰ ਆਇ। ਸਵਧਾਨ ਹੋਹੁ ਨਤੁ ਰਣ ਮਚਾਇ'।
ਸੁਨਿ ਕੈ ਕ੍ਰਿਪਾਲ ਨਹਿਂ ਭਾ ਸੁਚੇਤ। ਚਢਿ ਆਇ ਦੁਰਗ ਤੇ ਮਿਲਿਨਿ ਹੇਤੁ ॥੯॥

"ਖਿਰਾਜ ਦਾ ਧਨ ਦੇ ਕੇ ਮਿਲ ਪਵੇ ਜਾਂ ਸਾਵਧਾਨ ਹੋ ਕੇ ਸਾਡੇ ਨਾਲ ਆ ਕੇ ਯੁੱਧ ਮਚਾਏ।" ਇਹ ਸੁਣ ਕੇ ਕ੍ਰਿਪਾਲ ਕਟੋਚੀਆ ਯੁੱਧ ਵਾਸਤੇ ਸੁਚੇਤ ਨਾ ਹੋਇਆ, ਆਪਣੇ ਕਿਲ੍ਹੇ ਵਿਚੋਂ ਚੜ੍ਹ ਕੇ ਮਿਲਣ ਵਾਸਤੇ ਆ ਗਿਆ ॥੯॥

ਜਬਿ ਬਰਜੋ ਦੂਣ ਮਹਿਂ ਅਲਫਖਾਨ। ਬਡ ਕਰੇ ਸ਼ੋਰ ਬਲ ਪਤਿ ਗੁਮਾਨ।
ਤਬਿ ਮਿਲਜੋ ਜਾਇ ਗਿਰਪਤਿ ਕ੍ਰਿਪਾਲ। ਕੁਛ ਦਈ ਭੇਟ ਬਿਨਤੀ ਸੁ ਨਾਲ ॥੧੦॥

ਜਦ ਕਾਂਗੜੇ ਨੇੜੇ ਦੂਣ ਵਿਚ ਦਾਖਲ ਹੋਇਆ ਤੇ ਅਲਫ ਖਾਂ ਆਪਣੇ ਬਲ ਦਾ ਘੁਮੰਡ ਕਰਕੇ ਬਹੁਤ ਸ਼ੋਰ ਮਚਾਉਣ ਲੱਗਾ। ਤਦ ਪਹਾੜੀ ਰਾਜਾ ਕ੍ਰਿਪਾਲ ਕਟੋਚੀਆ ਉਸ ਨੂੰ ਜਾ ਮਿਲਿਆ। ਬੇਨਤੀ ਕਰਕੇ ਉਸ ਅਲਫ ਖਾਂ ਨੂੰ ਕੁਝ ਭੇਟਾ ਦਿੱਤੀ ॥੧੦॥

ਕਰਿ ਰਾਜਨੀਤ ਕੋ ਫੇਰ ਘੇਰ। ਕਹਿ ਅਲਫਖਾਨ ਸੋਂ ਨ੍ਰਿਪਤਿ ਫੇਰ।
'ਸਭਿ ਗਿਰਨ ਰਾਜ ਬਾਈਸ ਧਾਰ। ਕਹਿਲੂਰ ਪਤੀ ਸਭਿ ਮਹਿਂ ਉਦਾਰ ॥੧੧॥

ਰਾਜਨੀਤੀ ਦਾ ਹੇਰ ਫੇਰ ਕਰਕੇ, ਅਲਫ ਖਾਨ ਨੂੰ ਫਿਰ ਰਾਜੇ ਨੇ ਕਿਹਾ। "ਏਥੇ ਬਾਈਧਾਰ ਪਹਾੜੀ ਰਾਜਿਆਂ ਦਾ ਰਾਜ ਹੈ। ਕਹਿਲੂਰ ਦਾ ਰਾਜਾ ਸਭ ਤੋਂ ਵੱਡਾ ਹੈ ॥੧੧॥

ਲਿਹੁ ਪ੍ਰਥਮ ਤਿਸੀ ਤੇ ਪੁੰਜ ਦਰਬ। ਪੁਨ ਦੇਹਿਂ ਆਪ ਹੀ ਔਰ ਸਰਬ।
ਜਬਿ ਲਗਿ ਨ ਦੇਇਗੋ ਭੀਮਚੰਦ। ਟਰ ਜਾਹਿਂ ਸਕਲ, ਧਨ ਦੈਂ ਨ ਬ੍ਰਿੰਦ ॥੧੨॥

ਪਹਿਲਾਂ ਉਸ ਪਾਸੋਂ ਹੀ ਕਾਫੀ ਧਨ ਲਵੋ, ਫਿਰ ਆਪੇ ਹੀ ਸਾਰੇ ਪਹਾੜੀ ਰਾਜੇ ਧਨ ਦੇ ਦੇਣਗੇ। ਜਦ ਤਕ ਭੀਮ ਚੰਦ ਧਨ ਨਹੀਂ ਦੇਵੇਗਾ ਤਦ ਤਕ ਸਾਰੇ ਟਲ ਜਾਣਗੇ ਤੇ ਸਾਰੇ ਧਨ ਨਹੀਂ ਦੇਣਗੇ ॥੧੨॥

ਕਹਿਲੂਰ ਪਤੀ ਰਣ ਕਰਹਿ ਜੋਇ। ਹਮ ਅਪਰ ਨ੍ਰਿਪਤਿ ਤੁਹਿ ਸੰਗ ਹੋਇਂ।
ਤਿਹ ਜੀਤ ਜੁੱਧ ਮਹਿਂ ਕਰਹਿਂ ਜ਼ੇਰ। ਧਨ ਲੇਹਿਂ ਅਧਿਕ ਲਖਿ ਦੋਸ਼ਿ ਫੇਰ ॥੧੩॥

ਜੇ ਕਹਿਲੂਰ ਦਾ ਰਾਜਾ ਤੁਹਾਡੇ ਨਾਲ ਯੁੱਧ ਕਰੇਗਾ ਤਾਂ ਹੋਰ ਸਾਰੇ ਰਾਜੇ ਤੁਹਾਡੀ ਮਦਦ ਕਰਨਗੇ। ਉਸ ਨੂੰ ਯੁੱਧ ਵਿਚ ਜਿੱਤ ਕੇ ਆਪਣੇ ਅਧੀਨ ਕਰੋ, ਫੇਰ ਦੋਸ਼ੀ ਜਾਣ ਕੇ ਬਹੁਤ ਧਨ ਲਵਾਂਗੇ ॥੧੩॥

ਮਮ ਕਹਜੋ ਮਾਨਿ ਇਮ ਲੇਹੁ ਦਰਬ। ਗਿਰਪਤੀ ਮਿਲਹਿਂ ਦੇਂ ਦੰਡ ਸਰਬ'।
ਪਠਿਕੈ ਖਿਜਾਸ ਤੇ ਅਲਫਖਾਨ। ਪਾਨੇ ਸੁ ਸੈਨ ਲਿਕ ਆਪਨਿ ਹਾਨਿ ॥੧੪॥

Sri Satguru Jagjit Singh Ji eLlibrary NamdhariElibrary@gmail.com

ਮੇਰਾ ਕਿਹਾ ਮੰਨ ਕੇ ਇਸ ਤਰ੍ਹਾਂ ਧਨ ਲਵੋ, ਫਿਰ ਸਾਰੇ ਰਾਜੇ ਖਿਰਾਜ ਦਾ ਧਨ ਦੇ ਕੇ ਮਿਲ ਪੈਣਗੇ।" ਉਮਰਾਵ ਅਲਫ ਖਾਨ ਕ੍ਰਿਪਾਲ ਕਟੋਚੀਏ ਪਾਸੋਂ ਇਸ ਤਰ੍ਹਾਂ ਸੁਣ ਕੇ ਕਟੋਚੀਏ ਨੂੰ ਆਪਣਾ ਬੰਦਾ ਜਾਣ ਕੇ ਉਸ ਦੀ ਸਲਾਹ ਨੂੰ ਮੰਨ ਗਿਆ॥ ੧੪॥

'ਧਨ ਭੀਮਚੰਦ ਤੇ ਪ੍ਰਥਮ ਲੇਉਂ। ਜੇ ਕਰੈ ਜੰਗ ਲਰਿ ਮਾਰਿ ਦੇਉਂ।
ਮਮ ਸੈਨ ਸੰਗ ਅਰੁ ਨ੍ਰਿਪ ਕ੍ਰਿਪਾਲ। ਅਰੁ ਮਿਲਹਿਂ ਔਰ, ਦ੍ਵੈ ਦਲ ਬਿਸਾਲ॥੧੫॥

ਕਹਿਣ ਲੱਗਾ, "ਪਹਿਲਾਂ ਭੀਮ ਚੰਦ ਪਾਸੋਂ ਧਨ ਲਵਾਂਗਾ, ਜੇ ਜੰਗ ਕਰੇਗਾ ਤਾਂ ਯੁੱਧ ਕਰਕੇ ਉਸ ਨੂੰ ਮਾਰ ਦੇਵਾਂਗਾ, ਮੇਰੀ ਆਪਣੀ ਸੈਨਾ ਹੈ ਤੇ ਨਾਲ ਰਾਜਾ ਕ੍ਰਿਪਾਲ ਮੇਰਾ ਸਹਾਇਕ ਹੈ ਤੇ ਹੋਰ ਰਾਜੇ ਵੀ ਸਾਡੇ ਵੱਡੇ ਦੋ ਦਲਾਂ ਨਾਲ ਆ ਮਿਲਣਗੇ॥ ੧੫॥

ਸਭਿ ਕੋ ਦਬਾਇ ਦੈ ਜ਼ੋਰ ਘੋਰ। ਧਨ ਲੇਉਂ ਅਧਿਕ ਕਰ ਗਿਰਨ ਸ਼ੋਰ।
ਤਬਿ ਅਲਫਖਾਨ ਕੋ ਲੇ ਕ੍ਰਿਪਾਲ। ਬਿਚ ਬਰਜੋ ਆਇ ਸੈਲਨ ਬਿਸਾਲ॥੧੬॥

ਬਹੁਤ ਜ਼ੋਰ ਪਾ ਕੇ ਸਭ ਨੂੰ ਦਬਾ ਦੇਵਾਂਗਾ। ਪਹਾੜਾਂ ਉੱਤੇ ਸ਼ੋਰ ਮਚਾ ਕੇ ਬਹੁਤ ਧਨ ਲਵਾਂਗਾ।" ਤਦ ਅਲਫ ਖਾਨ ਰਾਜੇ ਕ੍ਰਿਪਾਲ ਨੂੰ ਨਾਲ ਲੈ ਕੇ ਵਿਸ਼ਾਲ ਪਹਾੜਾਂ ਦੇ ਵਿਚ ਆ ਦਾਖਲ ਹੋਇਆ॥ ੧੬॥

ਨਾਦੌਣ ਆਇ ਕਰਿ ਸਿਵਰ ਕੀਨਿ। ਸਵਧਾਨ ਹੋਇ ਰਣ ਸਾਜ ਲੀਨਿ।
ਪਠਿ ਦਯੋ ਦੂਤ ਢਿਗ ਭੀਮਚੰਦ। 'ਦੈ ਦਰਬ ਆਨਿ ਮਿਲਿ ਹਾਥ ਬੰਦਿ॥੧੭॥

ਨਾਦੌਣ ਵਾਲੇ ਸਥਾਨ 'ਤੇ ਆ ਕੇ ਆਪਣਾ ਡੇਰਾ ਲਾ ਲਿਆ ਅਤੇ ਸਾਵਧਾਨ ਹੋ ਕੇ ਯੁੱਧ ਦੀ ਸਾਜਨਾ ਕਰ ਲਈ। ਇਕ ਦੂਤ ਨੂੰ ਭੀਮ ਚੰਦ ਦੇ ਪਾਸ ਭੇਜਿਆ, "ਆ ਕੇ ਹੱਥ ਜੋੜ ਕੇ ਮਿਲ ਕੇ ਧਨ ਦੇਵੇ॥ ੧੭॥

ਨਤੁ ਦੇਸ਼ ਤੋਰ ਮੈਂ ਪਾਉਂ ਰੌਰ। ਸਭਿ ਲੂਟ ਲੇਹੁਂ ਫਿਰ ਠੌਰ ਠੌਰ'।
ਜਬਿ ਗਯੋ ਦੂਤ ਸਗਰੀ ਸੁਨਾਇ। 'ਮਿਲਿਗੋ ਕ੍ਰਿਪਾਲ ਨਿਜ ਹਿਤ ਬਨਾਇ'॥੧੮॥

ਨਹੀਂ ਤਾਂ ਤੇਰੇ ਦੇਸ਼ ਵਿਚ ਯੁੱਧ ਮਚਾ ਦੇਵਾਂਗਾ ਤੇ ਸਭ ਲੋਕਾਂ ਨੂੰ ਥਾਂ-ਥਾਂ ਜਾ ਕੇ ਲੁੱਟ ਲਵਾਂਗੇ।" ਜਦ ਦੂਤ ਨੇ ਜਾ ਕੇ ਸਾਰੀ ਗੱਲ ਸੁਣਾਈ, "ਰਾਜਾ ਕ੍ਰਿਪਾਲ ਕਟੋਚੀਆ ਆਪਣਾ ਹਿੱਤ ਕਰਕੇ ਅਲਫ ਖਾਨ ਨੂੰ ਜਾ ਮਿਲਿਆ ਹੈ"॥ ੧੮॥

ਸੁਨਿ ਭੀਮਚੰਦ ਕਰਿ ਕ੍ਰੋਧ ਭੂਰ। ਲੀਨੇ ਸਕੇਲ ਹਿਤ ਸਮਰ ਸੂਰ।
ਗਿਰਪਤੀ ਅਪਰ ਹਿਤਵੰਤ ਜੋਇ। ਸਭਿਹਿਨਿ ਹਕਾਰਿ ਨਿਜ ਨਿਕਟ ਸੋਇ॥੧੯॥

ਇਹ ਸੁਣ ਕੇ ਭੀਮ ਚੰਦ ਨੇ ਬੜਾ ਕ੍ਰੋਧ ਧਾਰ ਕੇ ਜੰਗ ਵਾਸਤੇ ਸੂਰਮੇ ਇਕੱਠੇ ਕਰ ਲਏ, ਉਹ ਪਹਾੜੀ ਰਾਜੇ ਜਿਹੜੇ ਹਿਤੂ ਸਨ, ਉਨ੍ਹਾਂ ਸਾਰਿਆਂ ਨੂੰ ਵੀ ਆਪਣੇ ਪਾਸ ਬੁਲਾ ਲਿਆ॥ ੧੯॥

ਗਰਜਯੋ ਬਿਲੰਦ ਤਬਿ ਭੀਮਚੰਦ। 'ਨਹਿਂ ਦੇਉਂ ਪ੍ਰਥਮ ਧਨ ਖ਼ਾਨ ਬਿੰਦ'।
ਲੀਨਸਿ ਹਕਾਰ ਨਿਜ ਢਿਗ ਵਜ਼ੀਰ। ਤਬਿ ਕਰਯੋ ਮੰਤ੍ਰ 'ਕਿਮ ਹੋਇ ਧੀਰ॥੨੦॥

ਫਿਰ ਭੀਮ ਚੰਦ ਬੜੀ ਉੱਚੀ ਗੱਜਿਆ, "ਮੈਂ ਖਾਨਾਂ ਨੂੰ ਪਹਿਲਾਂ ਧਨ ਨਹੀਂ ਦੇਵਾਂਗਾ।" ਆਪਣੇ ਵਜ਼ੀਰ ਨੂੰ ਉਸ ਪਾਸ ਬੁਲਾ ਲਿਆ, ਫਿਰ ਉਸ ਨਾਲ ਸਲਾਹ ਕੀਤੀ, "ਕਿਵੇਂ ਧੀਰਜ ਕਰੀਏ॥ ੨੦॥

ਹਮ ਕਰਹਿਂ ਜੁੱਧ ਤੌ ਨੀਕ ਬਾਤ। ਨਹਿਂ ਦੇਉਂ ਖਾਨ ਕੋ ਦਰਬ ਥਾਤ'।
ਸੁਨਿ ਕਹਿ ਵਜ਼ੀਰ 'ਮਮ ਕਹਿਨ ਮਾਨ। ਜੇ ਚਹੋ ਤਿਨਹਂ ਸੋਂ ਲਰਨਿ ਥਾਨ॥੨੧॥

ਅਸੀਂ ਯੁੱਧ ਕਰੀਏ ਤਾਂ ਚੰਗੀ ਗੱਲ ਹੈ, ਮੈਂ ਖਾਨ ਨੂੰ ਧਨ ਦੀ ਥੈਲੀ ਨਹੀਂ ਦੇਵਾਂਗਾ।" ਇਹ ਸੁਣ ਕੇ ਵਜ਼ੀਰ ਨੇ ਕਿਹਾ, "ਮੇਰਾ ਕਿਹਾ ਮੰਨੋ, ਜੇ ਉਨ੍ਹਾਂ ਨਾਲ ਲੜਨਾ ਚਾਹੁੰਦੇ ਹੋ॥੨੧॥

**ਸ੍ਰੀ ਗੁਰ ਬਹਾਦਰੀ ਜਿਨਹੁ ਮਾਂਹਿ। ਤਿਨ ਕੇ ਮਨਿੰਦ ਕੋ ਬੀਰ ਨਾਂਹਿ।**
**ਤੁਝ ਪਰ ਪ੍ਰਸੰਨ ਹੈਂ ਸਰਬ ਭਾਂਤਿ। ਗਹੁ ਸ਼ਰਨ, ਸਹਾਇਕ ਲੇਹੁ ਜਾਤਿ॥੨੨॥**

ਸ੍ਰੀ ਗੁਰੂ ਜੀ ਵਿਚ ਜੈਸੀ ਬਹਾਦਰੀ ਹੈ, ਉਨ੍ਹਾਂ ਵਰਗਾ ਕੋਈ ਹੋਰ ਯੋਧਾ ਨਹੀਂ ਹੈ। ਉਹ ਤੁਹਾਡੇ ਉੱਤੇ ਸਰਬ ਪ੍ਰਕਾਰ ਪ੍ਰਸੰਨ ਹਨ, ਉਨ੍ਹਾਂ ਦੀ ਸ਼ਰਨ ਫੜੋ ਤੇ ਸਹਾਇਕ ਬਣਾ ਕੇ ਨਾਲ ਲੈ ਜਾਵੋ॥੨੨॥

**ਪੁਨ ਪਾਇਂ ਬਿਜੈ ਨਿਸ਼ਚੇ ਸੁਜਾਨ। ਪ੍ਰਭੁ ਚਲਹਿਂ ਆਪ ਕਿਰਪਾ ਨਿਧਾਨ।**
**ਸੁਨਿ ਭੀਮਚੰਦ ਆਨੰਦ ਪਾਇ। ਲਿਖਿ ਬਿਨੈ ਦੀਨਿ ਮੰਤ੍ਰੀ ਪਠਾਇ॥੨੩॥**

ਫਿਰ ਨਿਸ਼ਚੇ ਰੂਪ ਵਿਚ ਚੰਗੀ ਜਿੱਤ ਪ੍ਰਾਪਤ ਕਰਾਂਗੇ। ਕਿਰਪਾ-ਨਿਧਾਨ ਗੁਰੂ ਜੀ ਆਪ ਚਲਣਗੇ।" ਇਹ ਸੁਣ ਕੇ ਭੀਮ ਚੰਦ ਬਹੁਤ ਖੁਸ਼ ਹੋ ਗਿਆ, ਬੇਨਤੀ ਲਿਖ ਕੇ ਵਜ਼ੀਰ ਨੂੰ ਭੇਜ ਦਿੱਤਾ॥੨੩॥

**ਤਤਕਾਲ ਅਨੰਦ ਪੁਰਿ ਧਾਇ ਆਇ। ਪ੍ਰਭੁ ਥਿਰੇ ਸਭਾ ਤਹਿਂ ਮਿਲਯੋ ਜਾਇ।**
**ਕਰ ਬੰਦਿ ਬੰਦਨਾ ਚਰਨ ਕੀਨਿ। ਦਿਸ਼ ਭੀਮਚੰਦ ਤੇ ਭਾਖਿ ਦੀਨਿ॥੨੪॥**

ਵਜ਼ੀਰ ਬੜੀ ਤੇਜ਼ ਰਫਤਾਰ ਨਾਲ ਤੁਰਤ ਅਨੰਦਪੁਰ ਆ ਗਿਆ, ਜਿੱਥੇ ਗੁਰੂ ਜੀ ਸਭਾ ਵਿਚ ਬੈਠੇ ਸਨ, ਉਥੇ ਪਹੁੰਚ ਗਿਆ। ਹੱਥ ਜੋੜ ਕੇ ਚਰਨ ਬੰਦਨਾ ਕੀਤੀ ਤੇ ਭੀਮ ਚੰਦ ਵਲੋਂ ਆਇਆ ਹਾਂ, ਬੇਨਤੀ ਕੀਤੀ॥੨੪॥

**ਮੁਖ ਮੰਦ ਮੰਦ ਮੁਸਕਾਤਿ ਧੀਰ। ਪ੍ਰਭੁ ਕਹੇ ਵਾਕ ਜਿਨ ਧੁਨਿ ਗੰਭੀਰ।**
**'ਕਹਿਲੂਰ ਪਤੀ ਕਹੁ ਕੁਸ਼ਲ ਗਾਤ ? ਆਗਮਨ ਭਯੋ ਕਿਮ ? ਭਨੋ ਬਾਤ' ॥੨੫॥**

ਧੀਰਜਵਾਨ ਗੁਰੂ ਜੀ ਮੁਖ ਤੋਂ ਮਾੜਾ-ਮਾੜਾ ਮੁਸਕਰਾਏ, ਫਿਰ ਉਨ੍ਹਾਂ ਨੇ ਗੰਭੀਰ ਧੁਨੀ ਵਿਚ ਬਚਨ ਕੀਤੇ, "ਕਹਿਲੂਰ ਦੇ ਰਾਜੇ ਬਾਰੇ ਸੁਖਸਾਂਦ ਕਹੋ ? ਆਪ ਦਾ ਕਿਵੇਂ ਆਉਣਾ ਹੋਇਆ ਹੈ ? ਗੱਲ ਦੱਸੋ" ॥੨੫॥

**ਸੁਨਿ ਹਾਥ ਜੋਰਿ ਬੋਲਯੋ ਵਜ਼ੀਰ। 'ਉਤਪਾਤ ਉਠਯੋ ਇਕ ਆਨਿ ਤੀਰ।**
**ਮਿਲਿਕੈ ਕ੍ਰਿਪਾਲ ਕੈ ਸੰਗ ਖਾਨ। ਦਲ ਕੋ ਸਕੇਲ ਕਰਿ ਬਲ ਮਹਾਨ॥੨੬॥**

ਇਹ ਸੁਣ ਕੇ ਵਜ਼ੀਰ ਹੱਥ ਜੋੜ ਕੇ ਬੋਲਿਆ, "ਉਨ੍ਹਾਂ ਦੇ ਨੇੜੇ ਇਕ ਝਗੜਾ ਆ ਖੜਾ ਹੋਇਆ ਹੈ। ਕਿਰਪਾਲ ਕਟੋਚੀਏ ਦੇ ਨਾਲ ਖਾਨ ਨੇ ਮਿਲ ਕੇ ਵੱਡੀ ਸ਼ਕਤੀਸ਼ਾਲੀ ਸੈਨਾ ਇਕੱਠੀ ਕੀਤੀ ਹੈ॥੨੬॥

**ਕਹਿਲੂਰਪਤੀ ਢਿਗ ਨਰ ਪਠਾਇ। ਧਨ ਦੇਹੁ ਨਹੀਂ ਅਬਿ ਰਨ ਮਚਾਇ।**
**ਸੁਨਿ ਰਿਸਯੋ ਅਨੀਤ ਲਖਿ ਕੈ ਮਹਾਨ। ਭਟ ਗਨ ਸਕੇਲਿ ਕਹਿ ਜੰਗ ਠਾਨਿ॥੨੭॥**

ਕਹਿਲੂਰ ਦੇ ਰਾਜੇ ਪਾਸ ਉਨ੍ਹਾਂ ਆਪਣਾ ਮਨੁੱਖ ਭੇਜਿਆ ਹੈ, ਜਿਸ ਨੇ ਆ ਕੇ ਸੁਨੇਹਾ ਦਿੱਤਾ ਹੈ, "ਧਨ ਦੇਵੋ ਨਹੀਂ ਤਾਂ ਆ ਕੇ ਸਾਡੇ ਨਾਲ ਯੁੱਧ ਕਰ। ਇਹ ਸੁਣ ਕੇ ਰਾਜਾ ਭੀਮ ਚੰਦ ਅਨੀਤੀ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਹੈ। ਬਹੁਤ ਸੂਰਬੀਰ ਇਕੱਠੇ ਕਰਕੇ ਲੜਨਾ ਚਾਹੁੰਦਾ ਹੈ॥੨੭॥

**ਲਖਿਕੈ ਅਲੰਬ ਤੁਮਕੋ ਬਿਸਾਲ। 'ਬਡ ਓਟ ਮੋਰ ਸਮ ਸਰਬਕਾਲ'।**
**ਕਰਿ ਅੱਗ੍ਰ ਆਪ ਕੌ ਲਰਨਿ ਚਾਹਿ। ਤੁਮਰੇ ਭਰੋਸ ਮਨ ਕਰਿ ਉਮਾਹਿ॥੨੮॥**

ਤੁਹਾਡਾ ਵੱਡਾ ਆਸਰਾ ਸਮਝ ਕੇ, "ਸਰਬਕਾਲ ਪਰਮਾਤਮਾ ਤੁਲ ਮੇਰੀ ਓਟ ਹਨ।" ਤੁਹਾਨੂੰ ਅੱਗੇ ਕਰਕੇ ਲੜਨਾ ਚਾਹੁੰਦੇ ਹਨ, ਤੁਹਾਡੇ ਭਰੋਸੇ ਮਨ ਵਿਚ ਵੱਡਾ ਉਮਾਹ ਧਾਰਨ ਕੀਤਾ ਹੈ॥੨੮॥

ਬਿੱਸ੍ਰਾਸ ਬਿਜੈ ਕੀ ਧਰਤਿ ਚੀਤ। ਤੁਮਰੇ ਸੁ ਓਜ, ਨ੍ਰਿਪ ਸ਼ਰਨ ਨੀਤ।
ਮੁਝ ਦੇਹੁ ਸੁਜਸੁ ਅਪਨੋ ਪਛਾਨ। ਰਿਪੁ ਵਰਗ ਹਨਹੁ ਗਹਿ ਸ਼ਸਤ੍ਰ ਪਾਨ॥੨੯॥

ਤੁਹਾਡੀ ਸ਼ਕਤੀ ਕਰਕੇ ਰਾਜਾ ਜਿਹੜਾ ਸਦਾ ਤੁਹਾਡੀ ਸ਼ਰਨ ਵਿਚ ਹੈ, ਜਿੱਤ ਦਾ ਨਿਸ਼ਚਾ ਰੱਖਦਾ ਹੈ। ਬੇਨਤੀ ਕੀਤੀ ਹੈ ਕਿ ਆਪਣਾ ਪਛਾਣ ਕੇ ਮੈਨੂੰ ਸ੍ਰੇਸ਼ਟ ਜੱਸ ਦੇਵੋ, ਹੱਥ ਵਿਚ ਸ਼ਸਤਰ ਫੜ ਕੇ ਵੈਰੀਆਂ ਨੂੰ ਮਾਰ ਦੇਵੋ॥੨੯॥

ਇਕ ਤੁਰਕ ਸੈਨ ਦੁਤੀਏ ਗਿਰੇਸ਼। ਮਿਲਿ ਗਏ ਆਪ ਮਹਿਂ ਦਲ ਵਿਸ਼ੇਸ਼।
ਮ੍ਰਿਗ ਕੇ ਮਨਿੰਦ ਰਿਪੁ ਬ੍ਰਿੰਦ ਜੋਯ। ਤੁਮ ਹੋ ਮ੍ਰਿਗਿੰਦ੍ਰ ਦੇਖਤਿ ਪਲੋਇ॥੩੦॥

ਇਕ ਤੁਰਕ ਦੀ ਸੈਨਾ ਹੈ, ਦੂਸਰਾ ਪਹਾੜੀ ਰਾਜਾ ਹੈ, ਦੋਵੇਂ ਦਲ ਆਪਸ ਵਿਚ ਵਿਸ਼ੇਸ਼ ਤੌਰ ਤੇ ਮਿਲ ਗਏ ਹਨ। ਹਿਰਨਾਂ ਵਰਗੇ ਜਿਹੜੇ ਵੈਰੀ ਹਨ, ਤੁਸੀਂ ਉਨ੍ਹਾਂ ਵਾਸਤੇ ਸ਼ੇਰ ਹੋ, ਵੇਖਦਿਆਂ ਹੀ ਭੱਜ ਜਾਣਗੇ॥੩੦॥

ਗਨ ਸੈਲਪਤੀ ਮਮ ਸੰਗ ਔਰ। ਬਲ ਕਰੋਂ ਜਾਇ ਮੈਂ ਜੰਗ ਠੌਰ।
ਪਾਵਕ ਸਮਾਨ ਗੁਰ ਪੌਨ ਪਾਇ। ਤਤਕਾਲ ਜਾਲ ਅਰਿ ਜਾਲ ਜਾਇਂ॥੩੧॥

ਮੇਰੇ ਨਾਲ ਹੋਰ ਕਈ ਪਹਾੜੀ ਰਾਜੇ ਵੀ ਹਨ, ਮੈਂ ਵੱਡੀ ਸ਼ਕਤੀ ਧਾਰ ਕੇ ਜੰਗ ਦੇ ਮੈਦਾਨ ਵਿਚ ਜਾਵਾਂਗਾ। ਅੱਗ ਸਮਾਨ ਗੁਰੂ ਜੀ ਵਿਚ ਚਰਨ ਪਾਉਣ, ਤੁਰਤ ਸਾਰੇ ਵੈਰੀ ਸੜ ਜਾਣਗੇ॥੩੧॥

ਤੁਮਰੀ ਸਹਾਇ ਬਲ ਲਹਿ ਬਿਸਾਲ। ਹਤਿ ਸ਼ਸਤ੍ਰ ਸਮੁਖ ਰਿਪੁ ਪਰਹਿਂ ਚਾਲ।
ਬਡ ਪ੍ਰਾਤਿ ਹੋਤਿ ਹੀ ਸਭਿ ਬਟੋਰ। ਚਢਿ ਕਰਿ ਪਯਾਨ ਦਿਖਰਾਇਂ ਜੋਰ॥੩੨॥

ਤੁਹਾਡੀ ਸਹਾਇਤਾ ਨਾਲ ਵੱਡਾ ਬਲ ਪ੍ਰਾਪਤ ਕਰਾਂਗੇ, ਸ਼ਸਤਰ ਚਲਾ ਕੇ ਜਦ ਸਾਹਮਣੇ ਹੋਵਾਂਗੇ ਤਾਂ ਭੱਜ ਜਾਣਗੇ। ਵੱਡੀ ਸਵੇਰ ਹੁੰਦਿਆਂ ਹੀ ਸਾਰੇ ਇਕੱਠੇ ਹੋ ਕੇ ਚੜ੍ਹ ਕੇ ਚਲੀਏ ਤੇ ਆਪਣਾ ਜ਼ੋਰ ਵਿਖਾਈਏ॥੩੨॥

ਕਰੁਨਾ ਨਿਧਾਨ ਸੁਨਿ ਬਿਨਤਿ ਕਾਨ। ਨਿਜ ਸ਼ਰਨ ਪਰਯੋ ਗਿਰਪਤਿ ਪਛਾਨਿ।
ਹਿਤ ਬਿਜੈ ਦੇਨਿ ਕੇ ਚਹਤਿ ਜਾਨ। ਪੁਨ ਅਪਰ ਹੇਤੁ ਕਰਿਬੇ ਪਯਾਨ॥੩੩॥

ਕਿਰਪਾ-ਨਿਧਾਨ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਬੇਨਤੀ ਸੁਣੀ, ਇਹ ਜਾਣ ਲਿਆ ਕਿ ਪਹਾੜੀ ਰਾਜਾ ਸਾਡੀ ਸ਼ਰਨ ਵਿਚ ਆਇਆ ਹੈ। ਜਿੱਤ ਦਿਵਾਉਣ ਵਾਸਤੇ ਜਾਣਾ ਚਾਹੁੰਦੇ ਸਨ, ਫਿਰ ਹੋਰ ਕਾਰਨਾਂ ਕਰਕੇ ਵੀ ਜਾਣਾ ਚਾਹੁੰਦੇ ਸਨ॥੩੩॥

ਹਮ ਸੰਗ ਸੰਧਿ ਨ੍ਰਿਪ ਭੀਮਚੰਦ। ਜਗ ਬਿਖੈ ਬਿਦਤ ਜਹਿਂ ਕਹਿਂ ਬਿਲੰਦ।
ਇਹ ਹਾਰ ਜਾਇ ਨੀਕੀ ਨ ਸੋਇ। ਹਮ ਦਿਸ਼ਾ ਅਰੋਪਹਿ ਦੋਸ਼ ਕੋਇ॥੩੪॥

ਰਾਜੇ ਭੀਮ ਚੰਦ ਦੀ ਸਾਡੇ ਨਾਲ ਸੰਧੀ ਹੋਈ ਹੈ, ਇਹ ਜਗ ਵਿਚ ਜਿੱਥੇ ਕਿੱਥੇ ਬਹੁਤ ਪ੍ਰਗਟ ਹੈ। ਜੇ ਇਹ ਹਾਰ ਜਾਵੇ ਤਾਂ ਚੰਗੀ ਗੱਲ ਨਹੀਂ ਹੈ, ਸਾਡੇ ਉੱਤੇ ਕਈ ਦੋਸ਼ ਥੱਪਣਗੇ॥੩੪॥

ਜੈ ਪਾਇ, ਜਾਇਂ ਯਾਂਤੇ ਸਹਾਇ। ਗੁਰ ਚਢਨਿ ਹੇਤੁ ਕੀਨੋ ਉਪਾਇ।
ਚਿਤ ਬਿਖੈ ਚੌਂਪ ਚੌਗੁਣ ਅਦੋਤ। ਹਿਤ ਲਰਨ ਰਿਦੇ ਨਿਤ ਚਾਹਿ ਹੋਤਿ॥੩੫॥

ਜਿੱਤ ਪ੍ਰਾਪਤ ਕਰੇ, ਇਸ ਕਰਕੇ ਜਾ ਕੇ ਸਹਾਇਤਾ ਕਰਾਂਗੇ। ਗੁਰੂ ਜੀ ਨੇ ਚੜ੍ਹਾਈ ਕਰਨ ਵਾਸਤੇ ਉਪਾਅ ਕੀਤਾ। ਚਿੱਤ ਵਿਚ ਚਾਰ ਗੁਣਾਂ ਚਾਅ ਪ੍ਰਗਟ ਕੀਤਾ, ਯੁੱਧ ਵਾਸਤੇ ਚਿੱਤ ਵਿਚ ਸਦਾ ਚਾਹਿਤ ਰਹਿੰਦੀ ਸੀ॥੩੫॥

ਜੇ ਨਿਕਟ ਸੈਲਪਤਿ ਸਕਲ ਜਾਇ। ਰਣ ਹੇਤੁ ਹੋਤਿ ਇਕ ਥਾਇਂ ਧਾਇ।
ਹਮ ਬਿਦਤ ਬੀਰ ਲਖਿ ਜੰਗ ਧੀਰ। ਕਿਮ ਬਿਰਹਿਂ ਧਾਮ ਜਿਮ ਹੋਤਿ ਭੀਰੁ॥੩੬॥

ਜੇ ਨੇੜੇ-ਨੇੜੇ ਵਾਲੇ ਸਾਰੇ ਪਹਾੜੀ ਰਾਜੇ ਜਾਣਨਗੇ, ਯੁੱਧ ਕਰਨ ਵਾਸਤੇ ਸਾਰੇ ਇਕ ਥਾਂ ਇਕੱਠੇ ਹੋਣਗੇ, ਅਸੀਂ ਪ੍ਰਗਟ ਸੂਰਬੀਰ ਕਿਵੇਂ ਧੀਰਜ ਧਾਰਨ ਕਰਾਂਗੇ, ਕਾਇਰਾਂ ਵਾਂਗ ਕਿਵੇਂ ਆਪਣੇ ਘਰ ਠਹਿਰਾਂਗੇ॥੩੬॥

ਇੱਤਜਾਦਿ ਬਾਤ ਚਿਤ ਮੈਂ ਬਿਚਾਰਿ। ਪਿਖਿ ਦਿਸ਼ਿ ਵਜ਼ੀਰ ਧੀਰਜ ਉਚਾਰਿ।
'ਕਹੁ ਭੀਮਚੰਦ ਕੇ ਸੰਗ ਜਾਇ। ਹਮ ਹੈਂ ਤਯਾਰ ਪ੍ਰਾਤੇ ਸਿਧਾਇ'॥ ੩੭॥

ਗੁਰੂ ਜੀ ਨੇ ਇਸ ਪ੍ਰਕਾਰ ਚਿੱਤ ਵਿਚ ਵਿਚਾਰ ਕੀਤੀ ਤੇ ਫਿਰ ਵਜ਼ੀਰ ਵਲ ਵੇਖ ਕੇ ਧੀਰਜ ਨਾਲ ਉਚਾਰਨ ਕੀਤਾ, "ਭੀਮ ਚੰਦ ਨੂੰ ਕਹੋ ਅਸੀਂ ਉਸ ਦੇ ਨਾਲ ਜਾਵਾਂਗੇ, ਅਸੀਂ ਸਵੇਰੇ ਤਿਆਰ ਹੋ ਕੇ ਚਲੇ ਜਾਵਾਂਗੇ॥੩੭॥

ਨਹਿੰ ਕਰਹੁ ਚਿੰਤ, ਲਿਹੁ ਰਿਪੁਨਿ ਜੀਤ। ਨਹਿੰ ਦੇਨਿ ਦਰਬ ਕੋ ਧਰਹੁ ਚੀਤ।
ਅਬਿ ਇਸੇ ਦੇਹੁ ਪੁਨ ਔਰ ਆਇ। ਸਭਿ ਲੇਹਿੰ ਦੰਡ ਤੁਝ ਤੇ ਬਨਾਇ॥ ੩੮॥

ਕੋਈ ਚਿੰਤਾ ਨਾ ਕਰੋ, ਵੈਰੀਆਂ ਨੂੰ ਜਿੱਤ ਲਵਾਂਗੇ, ਧਨ ਦੇਣ ਬਾਰੇ ਚਿੱਤ ਵਿਚ ਨਾ ਧਾਰਨ ਕਰੋ। ਹੁਣ ਇਸ ਨੂੰ ਦੇਵੋਗੇ ਫਿਰ ਕੋਈ ਹੋਰ ਆ ਜਾਵੇਗਾ, ਸਾਰੇ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਖਿਰਾਜ ਵਸੂਲ ਕਰਨਗੇ॥੩੮॥

ਸ਼ੱਤ੍ਰੁਨਿ ਸੰਗ ਧਨ ਭੂਮ ਹੇਤੁ। ਛੱਤ੍ਰੀਨ ਕਾਮ ਲਰਿ ਜੰਗ ਖੇਤ।
ਪ੍ਰਿਯ ਪ੍ਰਾਨ ਜਾਨਿ ਗੀਦੀ ਡਰੰਤਿ। ਉਪਹਾਸ ਇਹਾਂ ਅਪਵਾਦਵੰਤਿ॥ ੩੯॥

ਧਨ ਅਤੇ ਭੂਮੀ ਵਾਸਤੇ ਰਣਖੇਤਰ ਵਿਚ ਵੈਰੀ ਨਾਲ ਯੁੱਧ ਲੜਨਾ ਖੱਤਰੀ ਦਾ ਕੰਮ ਹੈ। ਜਾਨ ਪਿਆਰੀ ਜਾਣ ਕੇ ਕਾਇਰ ਡਰਦਾ ਹੈ, ਭਾਵ ਜੀਉਂਦਾ ਹੀ ਹਾਸੀ ਯੋਗ ਅਤੇ ਨਿੰਦਣਯੋਗ ਹੋ ਜਾਂਦਾ ਹੈ॥੩੯॥

ਪਰਲੋਕ ਵਿਖੇ ਗਤਿ ਨਹਿਨ ਆਛ। ਯਾਂ ਤੇ ਸੁਜਾਨ ਸੰਗ੍ਰਾਮ ਬਾਛਿ'।
ਸੁਨਿਕੈ ਵਜ਼ੀਰ ਆਨੰਦ ਪਾਇ। ਕਰ ਬੰਦਿ ਬੰਦਨਾ ਕੀਨਿ ਪਾਇ॥ ੪੦॥

ਪਰਲੋਕ ਵਿਚ ਉਸ ਨੂੰ ਚੰਗੀ ਗਤੀ ਪ੍ਰਾਪਤ ਨਹੀਂ ਹੁੰਦੀ। ਇਸ ਕਰਕੇ ਚਤੁਰ ਲੋਕ ਯੁੱਧ ਕਰਨਾ ਚਾਹੁੰਦੇ ਹਨ।" ਇਹ ਸੁਣ ਕੇ ਵਜ਼ੀਰ ਬਹੁਤ ਪ੍ਰਸੰਨ ਹੋਇਆ ਤੇ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ॥੪੦॥

ਧਰਿ ਅਧਿਕ ਸ਼ੀਘ੍ਰਤਾ ਗਯੋ ਧਾਇ। ਨ੍ਰਿਪ ਭੀਮਚੰਦ ਕੋ ਸਭਿ ਸੁਨਾਇ।
'ਗੁਰ ਕਹਯੋ ਵਾਕ ਰਣ ਜੀਤ ਤੋਹਿ। ਨਹਿੰ ਮਿਟਹੁ ਸੁਜਸੁ ਸਭਿ ਮਾਂਹਿ ਹੋਹਿ॥੪੧॥

ਬਹੁਤ ਕਾਹਲੀ ਕਰਕੇ ਚਲੇ ਗਿਆ ਤੇ ਜਾ ਕੇ ਰਾਜੇ ਭੀਮ ਚੰਦ ਨੂੰ ਸਾਰੀ ਗੱਲ ਸੁਣਾਈ, "ਗੁਰੂ ਜੀ ਨੇ ਕਿਹਾ ਹੈ, ਯੁੱਧ ਵਿਚ ਤੁਹਾਡੀ ਜਿੱਤ ਹੋਵੇਗੀ, ਤੁਹਾਡਾ ਜੱਸ ਨਹੀਂ ਮਿਟੇਗਾ, ਬਲਕਿ ਸਭ ਵਿਚ ਮਹਾਨ ਜੱਸ ਹੋਵੇਗਾ॥੪੧॥

ਉਠਿ ਕੈ ਪ੍ਰਭਾਤਿ ਅਸਵਾਰ ਆਪ। ਪਹੁੰਚਾਹਿੰ ਪ੍ਰਭੁ ਗਨ ਸ਼ੱਤ੍ਰੂ ਖਾਪ'।
ਸੁਨਿ ਭੀਮਚੰਦ ਕਿਯ ਹਰਖ ਭੂਰ। ਲੀਨੋ ਬਟੋਰ ਦਲ ਮਹਿਦ ਸੂਰ॥ ੪੨॥

ਸਵੇਰੇ ਉੱਠ ਕੇ ਆਪ ਘੋੜੇ ਤੇ ਸਵਾਰ ਹੋ ਜਾਣਗੇ, ਯੁੱਧ ਵਿਚ ਵੈਰੀਆਂ ਨੂੰ ਮਾਰਨ ਵਾਲੇ ਗੁਰੂ ਜੀ, ਪਹੁੰਚ ਜਾਣਗੇ।" ਇਹ ਸੁਣ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਤੇ ਵੱਡੇ-ਵੱਡੇ ਸੂਰਮਿਆਂ ਦੇ ਦਲ ਨੂੰ ਉਸ ਲੈ ਲਿਆ॥੪੨॥

ਦੁੰਦਭਿ ਬਜਾਇ ਤਯਾਰੀ ਸੁ ਕੀਨਿ। ਚਢਿ ਚਲਯੋ ਸਹਾਇਕ ਸੰਗ ਲੀਨਿ।
ਅਬਿ ਸੁਨੋ ਨਾਮ ਤਿਨਕੇ ਭਨੰਤਿ। ਜੇ ਚਲਹਿੰ ਸਾਥ ਭਟ ਓਜਵੰਤਿ॥ ੪੩॥

ਨਗਾਰੇ ਵਜਾ ਕੇ ਤਿਆਰੀ ਕੀਤੀ ਤੇ ਆਪਣੇ ਸਹਾਇਕ ਰਾਜਿਆਂ ਨੂੰ ਨਾਲ ਲੈ ਕੇ ਭੀਮ ਚੰਦ ਚਲ ਪਿਆ। ਹੁਣ ਸੁਣੋ ਉਨ੍ਹਾਂ ਸੂਰਬੀਰਾਂ ਦੇ ਨਾਮ ਲੈਂਦੇ ਹਾਂ, ਜਿਹੜੇ ਵੱਡੇ ਸੂਰਬੀਰ ਯੋਧੇ ਨਾਲ ਚਲੇ ਸਨ॥੪੩॥

ਦੋਹਰਾ- ਰਾਮ ਸਿੰਘ ਜਸਵਾਰੀਆ ਲੈ ਨਿਜ ਸੰਗ ਸਿਪਾਹਿ।
ਪ੍ਰਿਥੀਚੰਦ ਡਢਵਾਰੀਆ ਜਿਹ ਚਿਤ ਜੰਗ ਉਮਾਹਿ॥ ੪੪॥

ਰਾਜਾ ਰਾਮ ਸਿੰਘ ਜਸਵਾਲੀਆ ਆਪਣੇ ਸਿਪਾਹੀ ਨਾਲ ਲੈ ਕੇ ਚਲ ਪਿਆ ਤੇ ਪ੍ਰਿਥੀ ਚੰਦ ਡਢਵਾਰੀਆ ਜਿਸ ਦੇ ਮਨ ਵਿਚ ਜੰਗ ਵਾਸਤੇ ਵੱਡਾ ਉਮਾਹ ਸੀ, ਉਹ ਵੀ ਨਾਲ ਤੁਰ ਪਿਆ॥੪੪॥

ਅਪਰ ਚਢਜੋ ਜਸਰੋਟੀਆ ਨਾਮ ਕਹੈਂ ਸੁਖਦੇਵ।
ਭੀਮਚੰਦ ਕੇ ਹਿਤ ਕਰਨ ਚਲੇ ਜੰਗ ਲਖਿ ਭੇਵ॥ ੪੫॥

ਹੋਰ ਜਸਰੋਟੀਆ ਚੜ੍ਹ ਪਿਆ, ਜਿਸ ਦਾ ਨਾਮ ਸੁਖਦੇਵ ਸੀ, ਜਿਹੜਾ ਭੇਦ ਸਮਝ ਕੇ ਭੀਮ ਚੰਦ ਦਾ ਸਹਾਇਕ ਬਣ ਕੇ ਜੰਗ ਕਰਨ ਚਲ ਪਿਆ॥੪੫॥

*ਦੂਸਰੀ ਰੁੱਤ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

## *ਅਧਿਆਇ ਚਾਲ੍ਹੀਵਾਂ*

*ਨਾਦੌਣ ਦਾ ਜੰਗ ਆਰੰਭ*

ਦੋਹਰਾ- ਭਏ ਸ਼ਗੁਨ ਸਭਿ ਜੀਤ ਕੇ ਭੀਮਚੰਦ ਆਨੰਦ।
ਗੁਲਕਾਂ ਔਰ ਬਰੂਦ ਬਹੁ ਦੇ ਕਰਿ ਬੀਰਨਿ ਬ੍ਰਿੰਦ॥ ੧॥

ਜਦ ਸਾਰੇ ਸ਼ਗਨ ਜਿੱਤ ਦੇ ਹੋਏ ਤਾਂ ਭੀਮ ਚੰਦ ਬਹੁਤ ਪ੍ਰਸੰਨ ਹੋਇਆ ਉਸ ਨੇ ਫਿਰ ਸੂਰਬੀਰਾਂ ਨੂੰ ਬਹੁਤ ਗੋਲਾ-ਬਾਰੂਦ ਦਿੱਤਾ॥੧॥

*ਰਸਾਵਲ ਛੰਦ*-ਚਢਜੋ ਦੈ ਨਗਾਰਾ। ਅਗਾਊ ਪਧਾਰਾ।
ਚਲੇ ਬੀਰ ਮਾਨੀ। ਧਰੇ ਸ਼ਸਤ੍ਰ ਪਾਨੀ॥ ੨॥

ਨਗਾਰਾ ਵਜਾ ਕੇ ਚੜ੍ਹ ਪਿਆ, ਅੱਗੇ-ਅੱਗੇ ਚਲ ਪਿਆ। ਅਭਿਮਾਨੀ ਸੂਰਬੀਰ ਚਲ ਪਏ, ਉਨ੍ਹਾਂ ਆਪਣੇ ਹੱਥਾਂ ਵਿਚ ਸ਼ਸਤਰ ਫੜ ਲਏ॥੨॥

ਤੁਫੰਗੈਂ ਸੰਭਾਰੀ। ਭਨੈਂ ਮਾਰ ਮਾਰੀ।
ਨਦੌਣੰ ਪਹੂੰਚੇ। ਰਿਪੂ ਥਾਨ ਊਚੇ॥ ੩॥

ਬੰਦੂਕਾਂ ਸੰਭਾਲੀਆਂ, ਮਾਰੋ-ਮਾਰੋ ਕਹਿੰਦੇ ਸਨ। ਨਾਦੌਣ ਪਹੁੰਚ ਗਏ, ਵੈਰੀ ਉੱਚੇ ਥਾਂ ਖੜਾ ਸੀ॥੩॥

ਕਰਜੋ ਘੇਰਿ ਬਾਰਾ। ਬਡੋ ਕਾਠ ਡਾਰਾ।
ਦਿਢੰ ਦੁਰਗ ਜੈਸੇ। ਬਰੇ ਬੀਚ ਤੈਸੇ॥ ੪॥

ਵੈਰੀ ਨੇ ਘੇਰ ਕੇ ਵਾੜਾ ਬਣਾ ਲਿਆ, ਬਹੁਤ ਲੱਕੜਾਂ ਸੁਟੀਆਂ ਭਾਵ ਲੱਕੜਾਂ ਨਾਲ ਕਿਲ੍ਹੇ ਵਰਗਾ ਵਾੜਾ ਬਣਾਇਆ ਸੀ। ਵਾੜੇ ਦਾ ਉਹਲਾ ਬਣਾ ਕੇ ਵਿਚ ਵੜ ਗਏ॥੪॥

ਸਰੰ ਚਾਂਪ ਸੰਗਾ। ਕਸੀ ਹੈਂ ਤੁਫੰਗਾ।
ਕਰੈਂਗੇ ਲਰਾਈ। ਸੁ ਤਜਾਰੀ ਬਨਾਈ॥ ੫॥

ਤੀਰ ਕਮਾਨ ਪਾਸ ਸਨ, ਬੰਦੂਕਾਂ ਕੱਸੀਆਂ ਸਨ, ਅਸੀਂ ਯੁੱਧ ਕਰਾਂਗੇ ਉਸ ਵਾਸਤੇ ਤਿਆਰੀ ਬਣਾਈ॥੫॥

ਢੁਕੈ ਨੇਰ ਜੋਈ। ਹਤੈਂ ਛੋਰਿ ਸੋਈ।
ਬਜਾਵੈਂ ਨਗਾਰੇ। ਕਰਜੋ ਬਾਰ ਟਾਰੇ॥ ੬॥

ਜੇ ਕੋਈ ਵਾੜੇ ਦੇ ਨੇੜੇ ਢੁਕੇਗਾ, ਉਸ ਨੂੰ ਬੰਦੂਕਾਂ ਛੱਡ ਕੇ ਮਾਰਾਂਗੇ। ਨਗਾਰੇ ਵਜਾਉਂਦੇ ਸਨ, ਵਾੜੇ ਦਾ ਉਹਲਾ ਬਣਾ ਕੇ ਕੀਤੇ ਵਾਰ ਨੂੰ ਟਾਲਦੇ ਸਨ॥੬॥

ਗਯੋ ਭੀਮ ਚੰਦੰ। ਪਿਖਯੋ ਬ੍ਰਿੰਦਬ੍ਰਿੰਦੰ।
ਖਿਰਯੋ ਥਾਨ ਊਚੇ। ਖਰੇ ਕਾਠ ਮੂਚੇ॥ ੭॥

ਉਥੇ ਭੀਮ ਚੰਦ ਗਿਆ, ਸਾਰਿਆਂ ਦੇ ਇਕੱਠ ਨੂੰ ਵੇਖਿਆ। ਵੈਰੀ ਉੱਚੇ ਥਾਂ ਖੜਾ ਸੀ, ਬਹੁਤ ਖਾਨ ਲੱਕੜਾਂ ਦੇ ਉਹਲੇ ਖੜੇ ਸਨ॥੭॥

ਕਰੀ ਓਟ ਮੋਟੀ। ਲਗੈ ਨਾਂਹਿ ਚੋਟੀ।
ਤਊ ਹੋਇ ਆਗੇ। ਪਲੀਤੇ ਸੁ ਦਾਗੇ॥ ੮॥

ਬੜਾ ਮੋਟਾ ਉਹਲਾ ਕੀਤਾ ਸੀ, ਚੋਟ ਨਹੀਂ ਸੀ ਲੱਗਦੀ, ਫਿਰ ਵੀ ਅੱਗੇ ਹੋਏ, ਪਲੀਤਿਆਂ ਨੂੰ ਅੱਗ ਲਾਈ॥੮॥

ਛੁਟੀ ਬ੍ਰਿੰਦ ਗੋਰੀ। ਗਈ ਬਾਰ ਓਰੀ।
ਲਗੈ ਕਾਠ ਮਾਂਹੀ। ਮਰੈਂ ਸ਼ੱਤ੍ਰੂ ਨਾਂਹੀ॥ ੯॥

ਬਹੁਤ ਗੋਲੀਆਂ ਚਲੀਆਂ, ਕਾਠ ਦੀ ਵਾੜ ਵਲ ਚਲੀਆਂ ਤੇ ਲੱਕੜਾਂ ਵਿਚ ਜਾ ਲੱਗੀਆਂ, ਵੈਰੀ ਮਰਦਾ ਨਹੀਂ ਸੀ॥੯॥

ਕ੍ਰਿਪਾਲੰ ਕਟੋਚੀ। ਤੁਫੰਗਾਨਿ ਮੋਚੀ।
ਛੁਟੇ ਤੀਰ ਗੋਰੀ। ਸੁ ਅੰਗਾਨਿ ਫੋਰੀ॥ ੧੦॥

ਉਪਰੋਂ ਕ੍ਰਿਪਾਲ ਕਟੋਚੀਏ ਨੇ ਬੰਦੂਕਾਂ ਛੱਡੀਆਂ। ਤੀਰ ਅਤੇ ਗੋਲੀਆਂ ਚਲਦੀਆਂ ਸਨ, ਜਿਹੜੀਆਂ ਅੰਗਾਂ ਨੂੰ ਵਿੰਨ੍ਹ ਰਹੀਆਂ ਸਨ॥੧੦॥

ਰਣੰ ਰੰਗ ਹੋਵਾ। ਦੁਹੂੰ ਓਰ ਜੋਵਾ।
ਭਨਯੋ ਭੀਮਚੰਦੰ:- 'ਮਿਲਯੋ ਬੀਰ ਬ੍ਰਿੰਦੰ ॥ ੧੧॥

ਵੱਡਾ ਯੁੱਧ ਮੱਚ ਗਿਆ, ਦੋਵਾਂ ਪਾਸਿਆਂ ਨੇ ਵੇਖਿਆ। ਭੀਮ ਚੰਦ ਨੇ ਫਿਰ ਕਿਹਾ, "ਸਾਰੇ ਸੂਰਮੇ ਇਕੱਠੇ ਹੋ ਜਾਵੋ॥੧੧॥

ਕਰੋ ਹੇਲ ਧਾਯੰ। ਚਢੋ ਊਚ ਥਾਯੰ।
ਲਿਜੈ ਮਾਰ ਬਾਰਾ। ਹਥਜਾਰੇ ਸੰਭਾਰਾ॥ ੧੨॥

ਦੌੜ ਕੇ ਹੱਲਾ ਕਰੋ, ਉੱਚੇ ਥਾਵਾਂ ਤੇ ਚੜ੍ਹ ਜਾਵੋ, ਹਥਿਆਰ ਸੰਭਾਲ ਕੇ ਵਾੜ ਦੇ ਉਹਲੇ ਵਿਚ ਮਾਰ ਲਵੋ॥੧੨॥

ਪਿਖੋ ਠਾਂਢ ਕੈਸੇ। ਹਤੋ ਕ੍ਯੋਂ ਨ ਐਸੇ?'।
ਸੁਨ੍ਯੋਂ ਬ੍ਰਿੰਦ ਬੀਰੰ। ਤੁਫੰਗਾਨਿ ਤੀਰੰ॥ ੧੩॥

ਵੇਖ ਕੇ ਕਿਉਂ ਖੜੇ ਹੋਏ ਹੋ, ਇਸ ਤਰ੍ਹਾਂ ਕਿਉਂ ਨਹੀਂ ਮਾਰਦੇ ਹੋ?" ਜਦ ਸਾਰੇ ਸੂਰਬੀਰਾਂ ਨੇ ਸੁਣਿਆ ਤੇ ਉਨ੍ਹਾਂ ਤੀਰ ਬੰਦੂਕਾਂ ਛੱਡੇ॥੧੩॥

ਪ੍ਰਹਾਰੇ ਸਮੂਹੰ। ਦਈ ਦੀਹ ਹੂਹੰ।
ਚਲੇ ਬਾਰ ਨੇਰੇ। ਚਹੂੰ ਓਰ ਘੇਰੇ॥ ੧੪॥

ਸਾਰਿਆਂ ਨੇ ਵਾਰ ਕੀਤੇ, ਭਾਰੀ ਹੱਲਾ ਕੀਤਾ। ਵਾੜ ਦੇ ਨੇੜੇ ਚਲੇ ਗਏ, ਚਾਰੇ ਪਾਸਿਆਂ ਤੋਂ ਘੇਰ ਲਿਆ॥੧੪॥

ਕੜਾ ਕਾੜ ਗੋਰੀ। ਛੁਟੀ ਦੌਨ ਓਰੀ।
ਬਿਲੋਕੈ ਕ੍ਰਿਪਾਲੰ। ਭਏ ਆਲ ਬਾਲੰ॥ ੧੫॥

ਕਾੜ ਕਾੜ ਗੋਲੀਆਂ ਦੋਵਾਂ ਪਾਸਿਆਂ ਤੋਂ ਚਲੀਆਂ। ਕ੍ਰਿਪਾਲ ਨੇ ਭੀਮ ਚੰਦ ਦੇ ਸੂਰਮੇ ਆਲੇ-ਦੁਆਲੇ ਖੜੇ ਵੇਖੇ॥੧੫॥

ਢੁਕੇ ਆਇ ਨੇਰੇ। ਕਹ੍ਯੋ ਤਾਂਹਿ ਬੇਰੇ।
'ਕਹਾਂ ਬੀਰ ਦੇਖੋ? ਸਮੀਪੀ ਬਿਸ਼ੇਖੋ॥ ੧੬॥

ਢੁੱਕ ਕੇ ਨੇੜੇ ਆ ਗਏ ਹਨ। ਉਸ ਸਮੇਂ ਕਿਹਾ, "ਇਨ੍ਹਾਂ ਸੂਰਮਿਆਂ ਨੂੰ ਕਿਉਂ ਨਹੀਂ ਵੇਖਦੇ ਹੋ? ਬਹੁਤ ਨੇੜੇ ਆ ਗਏ ਹਨ॥੧੬॥

ਤਜੋ ਕ੍ਯੋਂ ਨ ਗੋਰੀ। ਰਿਪੂ ਅੰਗ ਫੋਰੀ।
ਕ੍ਰਿਪਾਨੈ ਚਲਾਵੋ। ਪ੍ਰਹਾਰੋ ਹਟਾਵੋ'॥ ੧੭॥

ਗੋਲੀਆਂ ਕਿਉਂ ਨਹੀਂ ਛੱਡਦੇ ਹੋ, ਵੈਰੀਆਂ ਦੇ ਅੰਗਾਂ ਨੂੰ ਕਿਉਂ ਨਹੀਂ ਕੱਟਦੇ ਹੋ। ਕ੍ਰਿਪਾਨਾਂ ਚਲਾਵੋ ਤੇ ਵਾਰ ਕਰਕੇ ਪਿਛਾਂਹ ਹਟਾਵੋ"॥੧੭॥

ਪਿਖ੍ਯੋ ਹੇਲ ਮੇਲਾ। ਚਹੈਂ ਰੇਲ ਪੇਲਾ।
ਤਜੈਂ ਬਾਰ ਆਏ। ਤੁਫੰਗੈਂ ਚਲਾਏ॥ ੧੮॥

ਵੈਰੀ ਨੇ ਹੱਲਾ ਆ ਪਹੁੰਚਿਆ ਵੇਖਿਆ, ਹੱਲੇ ਨੂੰ ਧੱਕ ਦੇਣਾ ਚਾਹੁੰਦੇ ਸਨ। ਵੈਰੀ ਫਿਰ ਵਾੜ ਛੱਡ ਕੇ ਬਾਹਰ ਆ ਗਏ, ਬੰਦੂਕਾਂ ਚਲਾਉਂਦੇ ਸਨ॥੧੮॥

ਦੜਾ ਦਾੜ ਗੋਰੇ। ਹਤੇ ਤੁੰਡ ਫੇਰੇ।
ਨਹੀਂ ਜਾਤਿ ਆਗੇ। ਵਡੇ ਘਾਵ ਲਾਗੇ॥ ੧੯॥

ਧੜਾਧੜ ਭੇਰੇ, ਮਾਰ ਮਾਰ ਕੇ ਮੂੰਹ ਫੇਰ ਦਿੱਤੇ, ਅੱਗੇ ਨਹੀਂ ਸਨ ਜਾਂਦੇ, ਬਹੁਤ ਜ਼ਖਮ ਲੱਗੇ॥੧੯॥

ਤਨੰ ਫੋਰਿ ਫੇਰੇ। ਹਟੇ ਸੋ ਪਿਛੇਰੇ।
ਘਨੇ ਘਾਵ ਘਾਲੇ। ਹਤੇ ਭੂਮ ਡਾਲੇ॥ ੨੦॥

ਸਰੀਰ ਕੱਟ-ਕੱਟ ਸੁੱਟ ਦਿੱਤੇ, ਬਹੁਤ ਪਿੱਛੇ ਹੱਟ ਗਏ, ਬਹੁਤ ਜ਼ਖਮ ਖਾਧੇ, ਜਿਹੜੇ ਮਰ ਗਏ ਉਹ ਧਰਤੀ 'ਤੇ ਡਿੱਗ ਪਏ॥੨੦॥

ਸੈਯਾ- ਕਹਲੂਰਪਤੀ ਅਵਿਲੋਕਤਿ ਹੈ:-ਬਸੋ ਨਾਂਹਿ ਚਲੈ ਕਛੁ ਬੀਰਨਿ ਕੋ।
ਗਿਰ ਊਪਰ ਬੰਬ ਬਜਾਵਤਿ ਹੈਂ, ਲਹਿਂ ਓਟ ਪ੍ਰਹਾਰਤਿ ਤੀਰਨ ਕੌ।
ਗੁਲਕਾਂ ਬਰਖਾਵਤਿ ਘਾਵਤਿ ਹੈਂ, ਨਹਿਂ ਪਾਵਤਿ ਦਾਵ ਅਭੀਰਨ ਕੋ।
ਨਿਜ ਦੰਤਨ ਪੰਕਤਿ ਪੀਸਤਿ ਹੈਂ, ਨਹਿਂ ਦੀਸਤਿ ਢੂਕਤਿ ਤੀਰਨ ਕੌ ॥੨੧॥

ਕਹਿਲੂਰ ਦਾ ਰਾਜਾ ਵੇਖਦਾ ਹੈ, ਸੂਰਬੀਰਾਂ ਦਾ ਕੁਝ ਵੱਸ ਨਹੀਂ ਚਲਦਾ ਹੈ, ਪਹਾੜ ਦੇ ਉੱਪਰ ਵੈਰੀ ਨਗਾਰੇ ਵਜਾਉਂਦੇ ਹਨ ਤੇ ਓਟ ਲੈ ਕੇ ਤੀਰਾਂ ਦਾ ਵਾਰ ਕਰਦੇ ਹਨ। ਗੋਲੀਆਂ ਮਾਰ ਕੇ ਜ਼ਖਮੀ ਕਰ ਦਿੰਦੇ ਹਨ। ਮੇਰੇ ਸੂਰਮੇ ਵੈਰੀ ਨੂੰ ਮਾਰਨ ਦਾ ਦਾਅ ਨਹੀਂ ਪਾ ਰਹੇ ਹਨ। ਕਤਾਰਾਂ ਵਿਚ ਖੜੇ ਦੰਦ ਪੀਹ ਰਹੇ ਹਨ, ਮੇਰੇ ਸੂਰਮਿਆਂ ਨੂੰ ਵਾੜ ਦੇ ਨੇੜੇ ਢੁਕਣ ਲਈ ਨਜ਼ਰ ਨਹੀਂ ਆਉਂਦਾ ਹੈ ਭਾਵ ਨੇੜੇ ਢੁੱਕਣ ਦੀ ਉਹ ਕੋਈ ਜੁਗਤ ਨਹੀਂ ਲੱਭ ਰਹੇ ਹਨ॥ ੨੧॥

ਬੀਰ ਹਟੇ, ਪਿਖਿ ਭੀਮ ਸਸੀ ਹਿਤ ਮੋਰਨ ਕੇ ਕਹਿਕੈ ਲਲਕਾਰੇ।
'ਹੇਲਕੈ ਮੇਲਹੁ ਪੇਲਹੁ ਸ਼ੱਤ੍ਰੁਨਿ, ਝੇਲਹੁ, ਅੱਗ੍ਰ ਚਲਹੁ ਪਗ ਧਾਰੇ।
ਘੇਰਹੁ ਬਾਰਿ ਬਡੇ ਬਰਿਆਰਹਿ, ਪ੍ਰੇਰਹੁ ਬੀਰਨ ਕੌ ਅਗਵਾਰੇ'।
ਫੇਰ ਹਟੇ ਸੁਨਿਕੈ ਭਟ ਜੇ ਬਡ ਬਾਹੁ ਝਟਾਪਟ ਜੂਝਤਿ ਡਾਰੇ॥ ੨੨॥

ਸੂਰਮਿਆਂ ਨੂੰ ਪਿੱਛੇ ਹੱਟਦੇ ਵੇਖ ਕੇ ਭੀਮ ਚੰਦ ਨੇ ਮੋੜਨ ਵਾਸਤੇ ਕਹਿ ਕੇ ਲਲਕਾਰਿਆ, "ਹੱਲਾ ਕਰਕੇ ਮਿਲੋ ਤੇ ਵੈਰੀ ਨੂੰ ਦਬਾਓ, ਪੈਰ ਵਧਾ ਕੇ ਅੱਗੇ ਚਲੋ ਤੇ ਵੈਰੀ ਨੂੰ ਝੱਲੋ। ਵੱਡੇ ਵਾੜੇ ਨੂੰ ਜ਼ੋਰ ਨਾਲ ਘੇਰ ਲਵੋ ਤੇ ਸੂਰਬੀਰਾਂ ਨੂੰ ਅੱਗੇ ਜਾਣ ਵਾਸਤੇ ਪ੍ਰੇਰੋ।" ਇਹ ਸੁਣ ਕੇ ਜੋ ਵੱਡੇ-ਵੱਡੇ ਸੂਰਮੇ ਸਨ, ਉਹ ਫਿਰ ਜੰਗ ਕਰਨ ਵਾਸਤੇ ਹਟੇ ਤੇ ਫਟਾ-ਫਟ ਲੜਨ ਲੱਗ ਗਏ॥ ੨੨॥

ਆਵਤਿ ਹੇਲ ਬਿਲੋਕਿ ਕੈ ਰੋਕਨ ਬੀਰ ਕਟੋਚੀਆ ਮਾਰ ਮਚਾਈ।
ਊਪਰ ਤੇ ਗੁਲਕਾਂ ਬਰਖਾਵਤਿ ਤੋਮਰ ਤੀਰ ਅਨੀ ਦਿਖਰਾਈ।
ਪ੍ਰੇਰਤਿ ਫੇਰ ਦਿਯੋ ਤਬਿ ਹੇਲ, ਸਮੀਪ ਨ ਹੋਨਿ ਦਏ ਸਮੁਦਾਈ।
ਘਾਇਲ ਹ੍ਵੈ ਗਿਰ ਭੂਮ ਪਰੇ ਭਟ ਬ੍ਰਿੰਦ ਮਰੇ ਬਡ ਕੀਨਿ ਲਰਾਈ॥੨੩॥

ਆਉਂਦੇ ਹੱਲੇ ਨੂੰ ਵੇਖ ਕੇ ਕਟੋਚੀਏ ਸੂਰਬੀਰ ਨੇ ਰੋਕਣ ਵਾਸਤੇ ਮਾਰ ਮਚਾ ਦਿੱਤੀ। ਉੱਪਰੋਂ ਗੋਲੀਆਂ ਦੀ ਵਰਖਾ ਕਰਦਾ ਸੀ। ਨੇਜ਼ਿਆਂ ਅਤੇ ਤੀਰਾਂ ਦੀਆਂ ਅਣੀਆਂ ਵਿਖਾਈਆਂ। ਪ੍ਰੇਰ ਕੇ ਫਿਰ ਹੱਲਾ ਰੋਕ ਦਿੱਤਾ ਤੇ ਸਾਰਿਆਂ ਨੂੰ ਨੇੜੇ ਨਾ ਹੋਣ ਦਿੱਤਾ। ਘਾਇਲ ਹੋ ਕੇ ਸੂਰਮੇ ਧਰਤੀ 'ਤੇ ਡਿੱਗ ਪਏ ਤੇ ਬਹੁਤ ਵੱਡੀ ਲੜਾਈ ਕਰਕੇ ਮਰ ਗਏ॥ ੨੩॥

ਭੀਮ ਨਿਸੇਸ਼ ਨਿਹਾਰਿ ਅਸ਼ੇਸ਼ ਵਿਸ਼ੇਸ਼ ਉਤੰਗ ਸਥਾਨ ਮਵਾਸਾ।
ਬੀਰਨ ਕੌ ਬਸ ਨਾਂਹਿ ਚਲੈ, ਲਰਿ ਸੰਮੁਖ ਆਯੁਧ ਹੋਤਿ ਬਿਨਾਸ਼ਾ।
ਸ਼ੋਕ ਕੇ ਸੰਗ ਬਿਲੋਕਤਿ, ਰੋਕਤਿ 'ਕਯੋਂ ਨ ਥਿਰੋ ਰਨ, ਹੋਵਤਿ ਹਾਸਾ'।
ਮਾਰਨ ਹੇਤੁ ਅਨੇਕ ਉਪਾਵਨ ਭੂਪ ਰਿਦੈ ਚਿਤਵੈ ਚਹੂੰ ਆਸਾ॥੨੪॥

ਭੀਮ ਚੰਦ ਨੇ ਚੰਗੀ ਤਰ੍ਹਾਂ ਵੇਖਿਆ ਕਿ ਥਾਂ ਬਹੁਤ ਉੱਚਾ ਹੈ। ਸੂਰਬੀਰਾਂ ਦਾ ਵੱਸ ਨਹੀਂ ਚਲਦਾ ਹੈ। ਜੰਗ ਵਿਚ ਸਾਹਮਣੇ ਲੜ ਕੇ ਉਸ ਦੇ ਸੂਰਬੀਰ ਨਾਸ਼ ਹੋ ਜਾਂਦੇ ਹਨ। ਬੜੇ ਦੁਖ ਨਾਲ ਵੇਖ ਕੇ ਰੋਕਿਆ ਤੇ ਕਿਹਾ, "ਰਣਖੇਤਰ ਵਿਚ ਕਿਉਂ ਨਹੀਂ ਖਲੋਂਦੇ, ਲੋਕ ਤੁਹਾਡੇ ਉੱਤੇ ਹੱਸ ਰਹੇ ਹਨ।" ਮਾਰਨ ਵਾਸਤੇ ਅਨੇਕ ਉਪਾਅ ਚਾਰੀਂ ਪਾਸੀਂ ਰਾਜੇ ਹਿਰਦੇ ਵਿਚ ਵਿਚਾਰ ਰਹੇ ਹਨ॥ ੨੪॥

ਕੋਪ ਕੈ ਆਪ ਕਹਲੂਰਪਤੀ ਹਨੁਮਾਨ ਕੋ ਮੰਤ੍ਰ ਜਪਯੋ ਮੁਖ ਮਾਂਹੀ।
ਔਰ ਹੁਤੇ ਗਿਰਨਾਥ ਸਹਾਇਕ ਤੂਰਨ ਕੀਨਿ ਹਕਾਰਨ ਤਾਂਹੀ।
ਭੂਪ ਪ੍ਰਿਥੀਸਿਸਿ ਔ ਜਸਰੋਟੀਆ ਔ ਜਸਵਾਰੀਆ ਸਾਥ ਸਿਪਾਹੀ।
ਲੈ ਉਮਡਯੋ ਹਿਤ ਬ੍ਾਰਿ ਕੇ ਮਾਰਨ ਸੰਮੁਖ ਹੋਹਿ ਹਟੇ ਪਗ ਨਾਂਹੀ॥ ੨੫ ॥

ਆਪ ਗੁੱਸੇ ਵਿਚ ਆ ਕੇ ਕਹਿਲੂਰ ਦੇ ਰਾਜੇ ਨੇ ਮੂੰਹ ਵਿਚ ਹਨੂੰਮਾਨ ਮੰਤਰ ਦਾ ਜਾਪ ਕੀਤਾ। ਜਿਹੜੇ ਹੋਰ ਪਹਾੜੀ ਰਾਜੇ ਨਾਲ ਸਨ ਉਨ੍ਹਾਂ ਨੂੰ ਵੀ ਤੁਰਤ ਆਪਣੇ ਪਾਸ ਬੁਲਾਇਆ। ਰਾਜਾ ਪ੍ਰਿਥੀ ਚੰਦ, ਜਸਰੋਟੀਆ, ਜਸਵਾਰੀਆ ਆਪਣੇ ਸਿਪਾਹੀ ਨਾਲ ਲੈ ਕੇ ਆਏ, ਉਨ੍ਹਾਂ ਨੂੰ ਲੈ ਕੇ ਭੀਮ ਚੰਦ ਉਮਡ ਕੇ ਪੈ ਗਿਆ ਤੇ ਮਾਰਨ ਵਾਸਤੇ ਸਾਹਮਣੇ ਹੋ ਗਿਆ, ਇਕ ਪੈਰ ਵੀ ਪਿੱਛੇ ਨਾ ਹਟਿਆ॥ ੨੫॥

ਨਾਂਹਿ ਚਲਯੋ ਬਸ, ਚਿਤ ਲਯੋ ਗੁਸਿ, ਸ੍ਰੀ ਗੁਰ ਕੋ ਸਿਮਰਯੋ ਤਿਸ ਕਾਲਾ।
ਏਕ ਸਊਰ ਸੁ ਤੂਰਨ ਹੀ ਪਠਿ:- 'ਜਾਹੁ ਪ੍ਰਭੂ ਢਿਗ ਥਾਨ ਉਤਾਲਾ।
ਸ੍ਰੀ ਮੁਖ ਤੇ ਬਰ ਦੀਨਿ ਬਿਜੈ ਕਹੁ, ਸੋ ਅਬਿ ਸਾਚ ਕਰਹੁ ਬਲ ਨਾਲਾ।
ਹੌਂ ਸ਼ਰਨਾਗਤਿ ਰਾਵਰ ਕੀ ਜਸੁ ਦੇਹੁ ਸਹਾਇਕ ਹ੍ਵੈ ਰਿਪੁ ਕਾਲਾ' ॥ ੨੬ ॥

ਪਰ ਵੱਸ ਨਾ ਚਲਿਆ, ਜਦ ਚਿੱਤ ਗੁੱਸਿਆ ਗਿਆ ਤਾਂ ਉਸ ਸਮੇਂ ਗੁਰੂ ਜੀ ਨੂੰ ਯਾਦ ਕੀਤਾ। ਇਕ ਸਵਾਰ ਨੂੰ ਤੁਰਤ ਭੇਜਿਆ, "ਗੁਰੂ ਜੀ ਵਾਲੇ ਸਥਾਨ ਤੇ ਤੁਰਤ ਜਾਵੇ, ਉਨ੍ਹਾਂ ਨੇ ਵਿਜੇ ਦਾ ਵਰ ਦਿੱਤਾ ਹੈ, ਉਹ ਹੁਣ ਬਲ ਨਾਲ ਆਪਣਾ ਵਰ ਸੱਚਾ ਕਰਨ, ਮੈਂ ਆਪ ਜੀ ਦੀ ਸ਼ਰਨ ਵਿਚ ਹਾਂ, ਵੈਰੀ ਨੂੰ ਮਾਰ ਕੇ ਮੈਨੂੰ ਹੁਣ ਜੱਸ ਦਵਾਉਣ" ॥ ੨੬॥

ਆਨਿ ਤਬੈ ਅਸਵਾਰ ਪ੍ਰਭੂ ਢਿਗ ਬੇਨਤਿ ਕੀਨਿ ਉਚਾਰਨ ਕੌ।
'ਭੂਪਤਿ ਹੋਇ ਲਚਾਰ ਰਹਯੋ, ਰਨ ਬੀਚ ਜੁਟਯੋ ਰਿਪੁ ਮਾਰਨ ਕੌ।
ਆਪਕੀ ਸ਼ਾਮ ਗਹੀਕਰਿ ਭਾਵ ਬਿਜੈ ਹਿਤ ਕੀਨਿ ਹਕਾਰਨ ਕੌ।
ਆਯੁਧ ਧਾਰਿ ਚਲੋ ਅਗਵਾਰਿ ਮਹਾਂ ਬਲਿ ! ਬਾਰਿ ਪ੍ਰਹਾਰਨ ਕੌ' ॥ ੨੭ ॥

ਅਸਵਾਰ ਨੇ ਆ ਕੇ ਫਿਰ ਗੁਰੂ ਜੀ ਪਾਸ ਰਾਜੇ ਭੀਮ ਚੰਦ ਦੀ ਬੇਨਤੀ ਨੂੰ ਉਚਾਰਨ ਕੀਤਾ, "ਰਾਜਾ ਬਹੁਤ ਲਾਚਾਰ ਹੋ ਗਿਆ ਹੈ, ਰਣਖੇਤਰ ਵਿਚ ਵੈਰੀ ਨੂੰ ਮਾਰਨ ਲਈ ਜੁਝ ਰਿਹਾ ਹੈ। ਬੜਾ ਪ੍ਰੇਮ ਕਰਕੇ ਆਪ ਜੀ ਦੀ ਸ਼ਰਨ ਫੜੀ ਹੈ, ਹੁਣ ਵਿਜੇ ਪ੍ਰਾਪਤ ਕਰਨ ਵਾਸਤੇ ਆਪ ਜੀ ਨੂੰ ਬੁਲਾਇਆ ਹੈ। ਸ਼ਸਤਰ ਧਾਰ ਕੇ ਹੁਣ ਅੱਗੇ ਚਲੋ, ਮਹਾਂ ਸ਼ਕਤੀਸ਼ਾਲੀ ਵਾੜੇ ਨੂੰ ਦੂਰ ਕਰੋ" ॥ ੨੭॥

ਸ੍ਰੀ ਗੁਰ ਤੇਗ ਬਹਾਦਰ ਨੰਦਨ ਤੇਗ ਬਹਾਦਰ ਯੌਂ ਸੁਧ ਪਾਈ।
'ਥਾਨ ਉਤੰਗ ਪੈ ਜੰਗ ਪਰਯੋ, ਭਟ ਭੰਗ ਭਏ ਬਡਿ ਮਾਰ ਮਚਾਈ'।
ਆਯੁਧ ਧਾਰਿ ਲਿਯੇ ਤਤਕਾਲ ਭਏ ਅਸਵਾਰ ਗਏ ਸਮੁਦਾਈ।
ਤੁੰਦ ਤੁਰੰਗਮ ਕੀਨਿ ਤਬੈ ਰਣ ਰੰਗ ਬਿਖੈ ਹੁਇ ਕੈ ਸਮੁਹਾਈ॥ ੨੮ ॥

ਸ੍ਰੀ ਗੁਰੂ ਤੇਗ ਬਹਾਦਰ ਦੇ ਪੁੱਤਰ ਤੇਗ ਦੇ ਬਹਾਦਰ ਗੁਰੂ ਜੀ ਨੇ ਇਉਂ ਖ਼ਬਰ ਸੁਣੀ, "ਉੱਚੇ ਥਾਂ ਜੰਗ ਲੜਨੀ ਪਈ ਹੈ, ਬਹੁਤ ਸੂਰਬੀਰ ਮਰ ਗਏ ਹਨ, ਵੈਰੀ ਨੇ ਵੱਡੀ ਮਾਰ ਮਚਾਈ ਹੈ।" ਗੁਰੂ ਜੀ ਨੇ ਤੁਰਤ ਸ਼ਸਤਰ ਧਾਰਨ ਕਰ ਲਏ, ਤੇ ਘੋੜੇ ਤੇ ਸਵਾਰ ਹੋ ਕੇ ਤੁਰਤ ਸਾਰਿਆਂ ਦੇ ਨਾਲ ਚਲ ਪਏ। ਘੋੜੇ ਨੂੰ ਫਿਰ ਬਹੁਤ ਤੇਜ਼ ਭਜਾਇਆ ਤੇ ਰਣਖੇਤਰ ਵਿਚ ਸਾਹਮਣੇ ਹੋ ਗਏ॥ ੨੮॥

ਸ੍ਰੀ ਪ੍ਰਭੁ ਕੋ ਨ੍ਰਿਪ ਆਵਤਿ ਦੇਖਿ ਪਠਾਇ ਸਊਰ ਬਿਨੰਤਿ ਉਚਾਰੀ।
'ਆਪ ਬਹਾਦਰ ਧੀਰ ਬਡੇ ਸਗਰੇ ਦਲ ਕੇ ਅਬਿ ਹੋਇ ਅਗਾਰੀ।
ਹੇਲ ਕਰਾਵਹੁ ਆਯੁਧ ਘਾਵਹੁ, ਬੀਰ ਚਲੈਂ ਗਨ ਆਨਿ ਪਿਛਾਰੀ।
ਲੇਹੁ ਬਿਜੈ ਕਰਿ, ਕ੍ਵੈ ਨ ਰਹੈ ਅਰ, ਜੈ ਲਛਮੀ ਛਬਿ ਪਾਇ ਤਿਹਾਰੀ' ॥ ੨੯ ॥

ਗੁਰੂ ਜੀ ਨੂੰ ਆਉਂਦੇ ਵੇਖ ਕੇ ਰਾਜੇ ਨੇ ਸਵਾਰ ਭੇਜ ਕੇ ਬੇਨਤੀ ਕੀਤੀ, "ਆਪ ਵੱਡੇ ਬਹਾਦਰ ਅਤੇ ਧੀਰਜਵਾਨ ਹੋ, ਹੁਣ ਸਾਰੇ ਦਲ ਦੇ ਅੱਗੇ ਹੋ ਜਾਵੋ। ਹੱਲਾ ਕਰਾਵੋ ਅਤੇ ਹਥਿਆਰ ਚਲਾਵੋ, ਬਹੁਤ ਸੂਰਬੀਰ ਤੁਹਾਡੇ ਪਿੱਛੇ ਚਲਣਗੇ। ਸਾਰਿਆਂ ਨੂੰ ਜਿੱਤ ਲਵੋ, ਕੋਈ ਨਾ ਅੱਗੇ ਅੜਿਆ ਰਹੇ, ਵਿਜੇ ਲਛਮੀ ਨੂੰ ਆਪਣੀ ਛਵੀ ਲਾ ਦੇਵੋ" ॥੨੯॥

ਸ੍ਰੀ ਕਲਗੀਧਰ ਬੇਨਤਿ ਕੋ ਸੁਨਿ ਦੇਖਿ ਮਚ੍ਯੋ ਬਡ ਜੰਗ ਕਰਾਲਾ।
ਜ੍ਯੋਂ ਰਸ ਬੀਰ ਹੁਤੋ ਸੁਪਤ੍ਯੋ ਤਤਕਾਲ ਹੀ ਜਾਗ ਉਠ੍ਯੋ ਬਲਵਾਲਾ।
ਸ੍ਰੀ ਮੁਖ ਪੈ ਉਤਸਾਹਿ ਸੁਹਾਵਤਿ ਜ੍ਯੋਂ ਅਰਣੋਦਯ ਕੋ ਰੰਗ ਲਾਲਾ।
ਹੇਲ ਕਰ੍ਯੋ ਹੁਇ ਸੰਮੁਖ ਬਾਰਿ ਸੁ, ਪੇਲ ਦਏ ਭਟ ਭੀਮ ਬਿਸਾਲਾ ॥ ੩੦ ॥

ਸ੍ਰੀ ਕਲਗੀਧਰ ਸਤਿਗੁਰੂ ਜੀ ਨੇ ਬੇਨਤੀ ਸੁਣ ਕੇ, ਵੇਖ ਕੇ ਵੱਡਾ ਵਿਕਰਾਲ ਜੰਗ ਮਚ ਉਠਿਆ। ਜਿਵੇਂ ਬੀਰ ਰਸ ਸੁੱਤਾ ਹੋਇਆ ਸੀ, ਉਹ ਬਲਵਾਨ ਹੋ ਕੇ ਤੁਰਤ ਜਾਗ ਉੱਠਿਆ ਹੋਵੇ। ਗੁਰੂ ਜੀ ਦੇ ਮੁਖ ਉੱਤੇ ਉਤਸ਼ਾਹ ਸ਼ੋਭਦਾ ਸੀ, ਜਿਵੇਂ ਸੂਰਜ ਚੜ੍ਹਨ ਸਮੇਂ ਦੀ ਲਾਲੀ ਦਾ ਰੰਗ ਲਾਲ ਹੁੰਦਾ ਹੈ। ਗੁਰੂ ਜੀ ਨੇ ਵਾੜੇ ਦੇ ਸਾਹਮਣੇ ਹੋ ਕੇ ਹੱਲਾ ਬੋਲਿਆ ਤੇ ਭੀਮ ਚੰਦ ਦੇ ਸਾਰੇ ਸੂਰਮਿਆਂ ਨੂੰ ਪ੍ਰੇਰ ਦਿੱਤਾ ॥੩੦॥

*ਭੁਯੰਗ ਪ੍ਰਯਾਤ ਛੰਦ*-ਤੁਫੰਗੈ ਕਸੀ ਪਾਇ ਬਾਰੂਦ ਗੋਰੀ। ਛਣੰਕੇ ਦਣੰਕੇ ਭਏ ਦੋਨ ਓਰੀ।
ਕਲਾ ਪੈ ਜੜੇ ਮੋੜ ਤੋੜੇ ਧੁਖੰਤੇ। ਧਰੇ ਹਾਥ ਪੈ ਸ਼ੱਤ੍ਰੁ ਸੌਂਹੀ ਡਭੰਤੇ ॥ ੩੧ ॥

ਬਾਰੂਦ ਗੋਲੀਆਂ ਪਾ ਕੇ ਬੰਦੂਕਾਂ ਕੱਸੀਆਂ, ਦੋਵਾਂ ਪਾਸਿਆਂ ਦੇ ਗਜ ਛਣਕੇ, ਕਲਾ ਮੋੜ ਕੇ ਵਿਚ ਜੜੇ, ਤੋੜੇ ਧੁਖਦੇ ਹਨ। ਵੈਰੀ ਦੇ ਸਾਹਮਣੇ ਧਰ ਕੇ ਤੋੜੇ ਨੂੰ ਅੱਗ ਲਾਈ ॥੩੧॥

ਪਲੀਤੇ ਉਠੇ ਨਾਦ ਊਚੇ ਭੜਾਕੇ। ਦਿਪੀ ਜ੍ਵਾਲਮਾਲਾ ਸੁ ਗੋਰੀ ਸੜਾਕੇ।
ਲਗੇ ਬੀਰ ਅੰਗਾਨਿ ਬਗੰ ਬਿਸਾਲਾ। ਰਿਦੈ ਮੁੰਡ ਫੋਰੇ ਪ੍ਰਚੰਡੇ ਕਰਾਲਾ ॥੩੨ ॥

ਪਲੀਤੇ ਉੱਠਣ ਨਾਲ ਬਹੁਤ ਉੱਚੀ ਖੜਾਕ ਦਾ ਨਾਦ ਗੂੰਜਿਆ। ਗੋਲੀਆਂ ਬਹੁਤ ਛੇਤੀ-ਛੇਤੀ ਸੂਰਬੀਰਾਂ ਦੇ ਅੰਗਾਂ ਨੂੰ ਲੱਗੀਆਂ। ਭਿਆਨਕ ਤੇਜ਼ੀ ਨਾਲ ਹਿਰਦੇ, ਸਿਰ ਤੋੜ ਦਿੱਤੇ ॥੩੨॥

ਛੁਟ੍ਯੋ ਸ਼੍ਰੋਣ ਘਾਯੰ ਭਕਾਭੱਕ ਬੋਲੈਂ। ਧਕਾਧੱਕ ਬੀਰੰ ਇਤੈ ਉੱਤ ਡੋਲੈਂ।
ਝੱਟਾਪੱਟ ਜੁੱਟੇ ਲਟਾਪੱਟ ਹੋਏ। ਸਟਾਪੱਟ ਸੌਹੇ ਕੱਟਾਕੱਟ ਸੋਏ ॥ ੩੩ ॥

ਅੰਗਾਂ ਵਿਚ ਖੂਨ ਨਿਕਲਣ ਨਾਲ ਭਕਾਭੱਕ ਦੀ ਆਵਾਜ਼ ਆਉਂਦੀ ਸੀ। ਧਕਾਧੱਕ ਸੂਰਬੀਰ ਏਧਰ ਓਧਰ ਡੋਲਦੇ ਫਿਰਦੇ ਸਨ। ਛੇਤੀ-ਛੇਤੀ ਜੁੱਟ ਕੇ ਆਪਸ ਵਿਚ ਲਿਪਟ ਗਏ। ਗੁਰੂ ਜੀ ਦੇ ਪਾਸੇ ਦੇ ਸਿਪਾਹੀ ਕੱਟਦੇ ਕਟਾਉਂਦੇ ਛੇਤੀ ਹੀ ਵੈਰੀ ਦੇ ਸਾਹਮਣੇ ਜਾ ਪਹੁੰਚੇ ॥੩੩॥

ਕਰੀ ਦੌਇ ਢੂਕੇ ਗੁਰੂ ਕੇ ਸਹਾਈ। ਹੁਤੇ ਬਾਹਿਰੇ ਬੀਰ ਦੀਨੇ ਭਜਾਈ।
ਬਰੇ ਬਾਰਿ ਮੈਂ ਬਾਰ ਬਾਰੀ ਬਿਲੋਕੇਂ। ਢੁਕੇ ਨੇਰ ਪਾਯੋ ਨਹੀਂ ਜਾਇ ਰੋਕੇ ॥੩੪ ॥

ਗੁਰੂ ਜੀ ਦੇ ਸਹਾਇਕਾਂ ਨੇ ਹੱਲਾ ਜਾ ਕੀਤਾ, ਜਿਹੜੇ ਸੂਰਮੇ ਵਾੜੇ ਤੋਂ ਬਾਹਰ ਸਨ, ਉਨ੍ਹਾਂ ਨੂੰ ਭਜਾ ਦਿੱਤਾ। ਵਾੜੇ ਵਿਚ ਵੜਕੇ ਵਾਰ-ਵਾਰ ਤੱਕਦੇ ਸਨ ਕਿ ਵੈਰੀ ਢੁੱਕ ਕੇ ਨੇੜੇ ਆ ਗਏ ਹਨ, ਸਾਥੋਂ ਰੋਕੇ ਨਹੀਂ ਜਾ ਰਹੇ॥੩੪॥

ਤੜਾਤਾੜ ਗੋਰੀਨ ਕੀ ਮਾਰ ਮਾਚੀ। ਮਿਲੀ ਜੋਗਨੀ ਸ੍ਰੋਣ ਪੀਵੈਂ ਸੁ ਨਾਚੀ।
ਨਭੰ ਗੀਧ ਆਈ ਭ੍ਰਮੈਂ ਬਾਰ ਬਾਰੀ। ਭਖੈਂ ਮਾਸ ਕੌ ਚੀਂਕ ਉਚੈ ਪੁਕਾਰੀ॥ ੩੫ ॥

ਤੜਾ-ਤੜ ਗੋਲੀਆਂ ਦੀ ਮਾਰ ਮੱਚ ਗਈ, ਮਿਲ ਕੇ ਜੋਗਨੀਆਂ ਖ਼ੂਨ ਪੀਂਦੀਆਂ ਸਨ ਤੇ ਖ਼ੁਸ਼ੀ ਵਿਚ ਨੱਚਦੀਆਂ ਸਨ। ਅਕਾਸ਼ ਤੋਂ ਗਿਰਝਾਂ ਆਈਆਂ ਤੇ ਬਾਰ-ਬਾਰ ਭੌਂ ਰਹੀਆਂ ਸਨ, ਮਾਸ ਖਾਂਦੀਆਂ ਸਨ ਤੇ ਚੀਖ ਪੁਕਾਰ ਕਰਦੀਆਂ ਸਨ॥ ੩੫॥

ਰਿਦੇ ਕੋਪ ਧਾਰੇ ਮਹਾਂ ਬੀਰ ਢੂਕੇ। ਚਹੈਂ ਬਾਰ ਕੌ ਬਾਰਿਬੇ ਜਯੋਂ ਭਭੂਕੇ।
ਲਿਯੇ ਚਾਂਪ ਚੌਂਪੇ ਚਲੇ ਤੁੰਗ ਊਚੇ। ਚਲਾ ਚਾਲ ਹੋਈ ਚਪੇ ਲਾਜ ਮੂਚੇ॥ ੩੬ ॥

ਹਿਰਦੇ ਵਿਚ ਕ੍ਰੋਧ ਧਾਰ ਕੇ ਗੁਰੂ ਜੀ ਦੇ ਸਾਥੀ ਮਹਾਂਬੀਰ ਪਹੁੰਚ ਗਏ। ਉਹ ਵਾੜ ਨੂੰ ਭਭੂਕੇ ਵਾਂਗ ਸਾੜਨਾ ਚਾਹੁੰਦੇ ਸਨ। ਬੜੇ ਚਾਅ ਨਾਲ ਧਨੁੱਖ ਬਾਣ ਲੈ ਕੇ ਉੱਚੇ ਥਾਵਾਂ 'ਤੇ ਚਲੇ ਗਏ। ਵੈਰੀ ਵਿਚ ਪਿੱਛੇ ਹੱਟਣ ਦੀ ਹਿਲ-ਜੁਲ ਹੋਈ ਤੇ ਸ਼ਰਮ ਨਾਲ ਬਹੁਤ ਖਿੱਝ ਗਏ॥੩੬॥

ਛੁਟੇ ਤੀਰ ਤੀਖੇ ਬਡੇ ਬੇਗ ਵਾਰੇ। ਲਗੇ ਅੰਗ ਮੈਂ ਫੋਰਿ ਪ੍ਰਾਨੈ ਨਿਕਾਰੇ।
ਸਟਾਸੱਟ ਸੇਲੇ ਭਈ ਰੇਲ ਪੇਲਾ। ਫਿਰੈਂ ਆਲਬਾਲੇ ਬਡੋ ਘਾਲਿ ਹੇਲਾ॥ ੩੭ ॥

ਵੱਡੀ ਤੇਜ਼ੀ ਵਾਲੇ ਤਿੱਖੇ ਤੀਰ ਚਲੇ, "ਵੈਰੀ ਦੇ ਅੰਗਾਂ ਨੂੰ ਲੱਗ ਕੇ ਪ੍ਰਾਣ ਕੱਢ ਦਿੰਦੇ ਸਨ। ਸਟਾਸੱਟ ਭਾਲਿਆਂ ਦੀ ਧਕਾਧੱਕ ਪੈ ਗਈ, ਭਾਰੀ ਹੱਲਾ ਕਰਕੇ ਵੱਡੇ ਆਲਬਾਲ ਹੋਏ ਫਿਰਦੇ ਸਨ॥੩੭॥

ਕਿਤੇ ਮੂਰਛਾ ਖਾਇ ਬੰਕੇ ਸਿਪਾਹੀ। ਕਿਤੇ ਘੂਮ ਝੂਮੇ ਘਨੇ ਘਾਵ ਖਾਹੀ।
ਭਈ ਲੋਥ ਪੋਥਾਨ ਦੀਹੰ ਕਰਾਲਾ। ਭਖੈਂ ਮਾਸ ਕੌ ਸਜਾਲ ਬੋਲੈਂ ਬਿਸਾਲਾ॥ ੩੮ ॥

ਕਿਤੇ ਬਾਂਕੇ ਸਿਪਾਹੀ ਬੇਹੋਸ਼ ਹੋਏ ਪਏ ਸਨ, ਕਿਤੇ ਬਹੁਤ ਜ਼ਿਆਦਾ ਜ਼ਖਮੀ ਹੋ ਕੇ ਘੁੰਮ ਘੁੰਮ ਕੇ ਝੂਮਦੇ ਸਨ। ਵੱਡੇ ਵਿਕਰਾਲ ਲੋਥਾਂ ਦੇ ਢੇਰ ਲੱਗ ਗਏ। ਮਾਸ ਖਾਂਦੇ ਹੋਏ ਗਿੱਦੜ ਬਹੁਤ ਬੋਲਦੇ ਸਨ॥੩੮॥

ਡਕੀ ਡਾਕਣੀ ਡਾਰ ਡੋਲੈਂ ਡਕਾਰੈ। ਪਲੰ ਹੇਤੁ ਲੇਤੀ ਕਿਤੇ ਦੇਹਿ ਫਾਰੈਂ।
ਭਈ ਭੀਮ ਭੂਮੀ ਭਯੰ ਭੂਰ ਭ੍ਰਾਂਤੇ। ਨਚੈਂ ਭੂਤ ਪੇਤੰ ਫਿਰੈਂ ਮਾਸ ਖਾਤੇ॥ ੩੯ ॥

ਚੁੜੇਲਾਂ ਅਤੇ ਡਾਇਣਾਂ ਮਾਸ ਨਾਲ ਰੱਜ ਕੇ ਡਕਾਰ ਮਾਰਦੀਆਂ ਡੋਲਦੀਆਂ ਫਿਰਦੀਆਂ ਸਨ। ਮਾਸ ਖਾਣ ਦੇ ਵਾਸਤੇ ਕਈ ਦੇਹਾਂ ਲੈ ਕੇ ਪਾੜਦੀਆਂ ਸਨ। ਧਰਤੀ ਭੈਅ ਦੇਣ ਵਾਲੀ ਬੜੀ ਭਿਆਨਕ ਹੋ ਗਈ। ਭੂਤ ਪ੍ਰੇਤ ਮਾਸ ਖਾਂਦੇ ਹੋਏ ਨੱਚਦੇ ਫਿਰਦੇ ਸਨ॥੩੯॥

ਗੁਰੂ ਸੰਗ ਹੋਏ ਮਚਯੋ ਜੰਗ ਭਾਰਾ। ਭਟੰ ਅੰਗ ਭੰਗੇ ਸੁਰੰਗੇ ਅਖਾਰਾ।
ਇਸੀ ਰੀਤਿ ਘੇਰਯੋ ਜਬੈ ਬਾਰਿ ਜਾਈ। ਢੁਕੇ ਕੋਪ ਕੈ ਦੀਹ ਮਾਚੀ ਲਰਾਈ॥੪੦॥

ਜਦ ਤੋਂ ਗੁਰੂ ਜੀ ਨਾਲ ਹੋਏ ਹਨ, ਤਦ ਤੋਂ ਭਾਰੀ ਜੰਗ ਮੱਚਿਆ ਹੈ। ਸੂਰਬੀਰਾਂ ਦੇ ਅੰਗ ਕੱਟੇ ਗਏ ਸਨ ਤੇ ਰਣਖੇਤਰ ਲਾਲ ਰੰਗ ਨਾਲ ਰੰਗਿਆ ਗਿਆ ਸੀ। ਇਸ ਪ੍ਰਕਾਰ ਜਦ ਜਾ ਕੇ ਵਾੜੇ ਨੂੰ ਘੇਰ ਲਿਆ ਤਾਂ ਸੂਰਮੇ ਬਹੁਤ ਗੁੱਸੇ ਵਿਚ ਢੁੱਕ ਪਏ ਤੇ ਵੱਡੀ ਲੜਾਈ ਮੱਚ ਗਈ॥੪੦॥

ਦੋਹਰਾ- ਜੇ ਗਿਰੇਸ਼ ਬਿਚ ਬਾਰਿ ਕੇ ਬੀਰ ਧੀਰ ਕੌ ਧਾਰਿ।
ਢਕੇ ਨਿਕਟ ਰਿਪ ਜਾਨਿ ਕੈ ਕੇਤਿਕ ਪਿਖੇ ਸੁਮਾਰਿ॥ ੪੧ ॥

ਜਿਹੜੇ ਪਹਾੜੀ ਰਾਜੇ ਕ੍ਰਿਪਾਲ ਦੇ ਪੱਖੀ ਸੂਰਮੇ ਵਾੜ ਦੇ ਵਿਚ ਸਨ, ਉਨ੍ਹਾਂ ਧੀਰਜ ਧਾਰ ਕੇ ਆਪਣੇ ਜ਼ਖਮੀ ਹੋਏ ਸੂਰਮਿਆਂ ਨੂੰ ਵੇਖਿਆ॥੪੧॥

ਲਖੀ ਪਰਾਜਯ ਆਪਨੀ 'ਲਾਜ ਬੰਸ ਕੀ ਜਾਤਿ'।
ਆਪਸ ਮਹਿਂ ਮਿਲਿ ਕਹਤਿ ਭੇ 'ਇਮ ਹੋਵਹਿਂ ਸਭਿ ਘਾਤ॥ ੪੨॥

ਉਨ੍ਹਾਂ ਜਦ ਆਪਣੀ ਹਾਰ ਹੁੰਦੀ ਵੇਖੀ ਤਾਂ ਉਹ ਸਮਝ ਗਏ ਕਿ "ਵੰਸ਼ ਦੀ ਲਾਜ ਜਾਂਦੀ ਹੈ" ਤੇ ਉਹ ਆਪਸ ਵਿਚ ਮਿਲ ਕੇ ਕਹਿਣ ਲੱਗੇ, "ਇਸ ਤਰ੍ਹਾਂ ਸਾਰੇ ਮਾਰੇ ਜਾਵਾਂਗੇ॥੪੨॥

ਬਲ ਸੰਭਾਰੋ ਆਪਨੋਂ ਨਿਕਸਿ ਲਰੋ ਬਰ ਬੀਰ !'।
ਮੰਤ੍ਰ ਪਕਾ ਇਵ ਜੰਗ ਕੋ ਪੁਨ ਉਮਡੇ ਧਰਿ ਧੀਰ॥ ੪੩॥

ਆਪਣਾ ਬਲ ਸੰਭਾਲੋ ਤੇ ਵਾੜ ਵਿਚੋਂ ਬਾਹਰ ਹੋ ਕੇ ਲੜੋ।" ਇਸ ਪ੍ਰਕਾਰ ਜੰਗ ਦੀ ਪੱਕੀ ਸਲਾਹ ਕਰਕੇ ਫਿਰ ਧੀਰਜ ਧਾਰ ਕੇ ਉਮਡ ਪਏ॥੪੩॥

*ਦੂਸਰੀ ਰੁੱਤ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥*

## *ਅਧਿਆਇ ਇਕਤਾਲੀਵਾਂ*

*ਬਿੱਝੜ ਵਾਲੀਆ ਦਿਆਲ ਬੱਧ*

*ਦੋਹਰਾ-* ਬਿੱਝੜਵਾਲੀਆ ਗਿਰਪਤੀ ਬੀਰ ਸੁ ਬਲੀ ਬਿਸਾਲ।
ਜੰਗ ਘਾਤ ਜਾਨੈ ਅਨਿਕ ਨਾਮ ਕਹੈਂ ਤਿਸ ਦਜਾਲ॥ ੧॥

ਬਿੱਝੜਵਾਲੀਆ ਪਹਾੜੀ ਰਾਜਾ ਬੜਾ ਬਲਵਾਨ ਸੂਰਬੀਰ ਸੀ। ਜੰਗ ਦੇ ਅਨੇਕਾਂ ਦਾਅ ਪੇਚ ਜਾਣਦਾ ਸੀ, ਉਸ ਦਾ ਨਾਮ ਦਿਆਲ ਕਹਿੰਦੇ ਸਨ॥੧॥

*ਭੁਜੰਗ ਛੰਦ-*ਮਿਲਯੋ ਸੋ ਕਟੋਚੀ ਕ੍ਰਿਪਾਲੰ ਕਿ ਸਾਥਾ। ਕਹੇ ਬਾਕ ਤਾਂਕੋ 'ਲਖੋ ਜੰਗ ਗਾਥਾ।
ਗੁਰੂ ਸੰਗ ਆਨਯੋ ਕਲੂਰੀ ਭੁਵਾਲੇ। ਢੁਕੇ ਬਾਰਿ ਨੇਰੇ ਭਏ ਆਲ ਬਾਲੇ॥੨॥

ਉਹ ਕ੍ਰਿਪਾਲ ਕਟੋਚੀਏ ਨੂੰ ਮਿਲਿਆ ਤੇ ਉਸ ਨੂੰ ਕਿਹਾ, "ਜੰਗ ਦੀ ਗਾਥਾ ਸਮਝੋ। ਗੁਰੂ ਜੀ ਨਾਲ ਕਹਿਲੂਰੀ ਸੂਰਬੀਰ ਆਏ ਹਨ। ਉਨ੍ਹਾਂ ਨੇ ਨੇੜੇ ਹੋ ਕੇ ਸਾਡੇ ਸੂਰਬੀਰਾਂ ਨੂੰ ਘੇਰਾ ਪਾ ਲਿਆ ਹੈ॥੨॥

ਤਜੈਂ ਓਜ ਤੇ ਨਾਂਹਿਨੈ ਨੀਕ ਬਾਤੀ। ਸਵਾਧਾਨ ਹੂਜੇ ਬਨੋ ਸ਼ੱਤ੍ਰ ਘਾਤੀ।
ਪਰਾਜੈ ਕਰੈ ਭੀਮਚੰਦੰ ਜਿ ਈਹਾਂ। ਹਸੈਂ ਭੂਪ ਸਾਰੇ ਮਿਲੈਂ ਜਾਇ ਕੀਹਾਂ॥੩॥

ਵੈਰੀ ਦੇ ਬਲ ਕਰਕੇ ਜੇ ਹੁਣ ਵਾੜਾ ਛੱਡ ਦੇਈਏ ਤਾਂ ਇਹ ਗੱਲ ਚੰਗੀ ਨਹੀਂ। ਸਾਵਧਾਨ ਹੋ ਜਾਵੋ ਤੇ ਵੈਰੀ ਨੂੰ ਮਾਰਨ ਵਾਲੇ ਬਣੋ। ਜੇ ਭੀਮ ਚੰਦ ਏਥੇ ਸਾਨੂੰ ਜਿੱਤ ਲਵੇ ਤਾਂ ਜਿੱਥੇ ਵੀ ਕਿਤੇ ਮੇਲ ਹੋਵੇਗਾ, ਸਾਰੇ ਪਹਾੜੀ ਰਾਜੇ ਸਾਡੇ ਉੱਤੇ ਹੱਸਣਗੇ॥੩॥

ਅਬੈ ਦੇਖਿ ਮੋ ਕੌ ਕਰੌਂ ਜੁੱਧ ਭਾਰੀ। ਚਲੇ ਆਇਂ ਜੋਊ ਸਭੈਦਜੋਂ ਨਿਵਾਰੀ'।
ਕ੍ਰਿਪਾਲੰ ਕਹਜੋਂ 'ਮੈਂ ਰਹੌਂ ਤੋਹਿ ਸੰਗਾ। ਹਤੈਂ ਭੀਮਚੰਦੰ ਭਟੰ ਅੰਗ ਭੰਗਾ' ॥ ੪ ॥

ਹੁਣ ਮੈਨੂੰ ਵੇਖੋ, ਮੈਂ ਭਾਰੀ ਜੰਗ ਕਰ ਰਿਹਾ ਹਾਂ, ਜਿਹੜਾ ਵੀ ਚਲ ਕੇ ਆਉਂਦਾ ਹੈ, ਸਾਰਿਆਂ ਨੂੰ ਦੂਰ ਕਰ ਦਿੰਦਾ ਹਾਂ।" ਇਹ ਸੁਣ ਕੇ ਕ੍ਰਿਪਾਲ ਨੇ ਕਿਹਾ, "ਮੈਂ ਤੇਰੇ ਨਾਲ ਰਹਾਂਗਾ ਤੇ ਭੀਮ ਚੰਦ ਦੇ ਯੋਧਿਆਂ ਨੂੰ ਮਾਰ ਕੇ ਉਨ੍ਹਾਂ ਦੇ ਅੰਗ ਭੰਗ ਕਰਾਂਗਾ" ॥੪॥

ਦੂਹੂੰ ਭੂਪ ਐਸੇ ਜਬੈ ਮੰਤ੍ਰ ਕੀਨਾ। ਬਡੋ ਜੰਗ ਮਾਚਜੋ ਨਿਜੰ ਹੀਨ ਚੀਨਾ।
ਧਰੇ ਚਾਂਪ ਆਪੇ ਨਿਕਾਸੇ ਖਤੰਗਾ। ਹਕਾਰੇ ਮਹਾਂ ਬੀਰ ਲੇ ਆਪ ਸੰਗਾ ॥ ੫ ॥

ਦੋਵਾਂ ਰਾਜਿਆਂ ਨੇ ਜਦ ਇਸ ਤਰ੍ਹਾਂ ਸਲਾਹ ਕੀਤੀ ਤਾਂ ਆਪਣੀ ਹੀਣਤਾ ਵੇਖ ਕੇ ਵੱਡਾ ਜੰਗ ਕੀਤਾ। ਆਪਣੇ ਧਨੁੱਖ ਉੱਤੇ ਤੀਰ ਧਰ ਕੇ ਚਲਾਉਂਦੇ ਸਨ। ਉਨ੍ਹਾਂ ਨੇ ਮਹਾਨ ਸੂਰਬੀਰਾਂ ਨੂੰ ਆਪਣੇ ਪਾਸ ਬੁਲਾਇਆ॥੫॥

ਗਹੇ ਬ੍ਰਿੰਦ ਸੇਲੇ ਤੁਫੰਗੈਂ ਸੰਭਾਰੀ। ਬਰੂਦੈਂ ਕਸੀ ਠੋਕਿ ਗੋਰੀ ਦੁ ਡਾਰੀ।
ਭ੍ਰਮਾਏ ਉਤੰਗੇ ਧਰੇ ਹਾਥ ਨੇਜੇ। ਹਤੈਂ ਸ਼ੱਤ੍ਰ ਸੌਹੈਂ ਜਮੰ ਧਾਮ ਭੇਜੇ॥ ੬ ॥

ਬਹੁਤ ਭਾਲੇ ਫੜੇ ਤੇ ਆਪਣੀਆਂ ਬੰਦੂਕਾਂ ਸੰਭਾਲੀਆਂ, ਬਰੂਦ ਕੱਸ ਕੇ ਗੋਲੀਆਂ ਪਾਈਆਂ। ਆਪਣੇ ਹੱਥਾਂ ਵਿਚ ਫੜੇ ਹੋਏ ਨੇਜਿਆਂ ਨੂੰ ਉੱਚੇ ਚੁੱਕ ਕੇ ਭੰਵਾਉਂਦੇ ਸਨ। ਵੈਰੀ ਨੂੰ ਮਾਰ ਕੇ ਜਮਾਂ ਦੇ ਘਰ ਭੇਜਦੇ ਸਨ॥੬॥

ਚਲੇ ਬਾਰ ਛੋਰਜੋ ਤਬੈ ਬਾਝ ਲਜਾਏ। ਬਕੈਂ 'ਮਾਰ ਮਾਰੰ' ਖਤੰਗੈਂ ਚਲਾਏ।
ਰਿਦੇ ਕੋਪ ਹ੍ਵੈ ਕੈ ਕਟੋਚੀ ਕ੍ਰਿਪਾਲੰ। ਚਲਜੋ ਜੰਗ ਕੋ ਬਾਦ ਬਾਜੇ ਬਿਸਾਲੰ ॥੭॥

ਫਿਰ ਉਨ੍ਹਾਂ ਟਾਕਰਾ ਕਰਨ ਵਾਸਤੇ ਵਾੜੇ ਨੂੰ ਛੱਡ ਦਿੱਤਾ ਤੇ ਆਪਣੀ ਸੈਨਾ ਸਮੇਤ ਬਾਹਰ ਆ ਗਏ। ਕ੍ਰਿਪਾਲ ਕਟੋਚੀਏ ਨੇ ਆਪਣੇ ਹਿਰਦੇ ਵਿਚ ਬਹੁਤ ਕ੍ਰੋਧ ਧਾਰਨ ਕੀਤਾ, ਜਦ ਜੰਗ ਕਰਨ ਵਾਸਤੇ ਚਲਿਆ ਤਾਂ ਬਹੁਤ ਵਾਜੇ ਵੱਜੇ॥੭॥

ਲਗੇ ਢੋਲ ਡੰਕੇ ਸੁ ਧੌਂਸੇ ਧੁੰਕਾਰੇ। ਮਿਲੇ ਆਪ ਮਾਂਹੀ ਬਕੈਂ ਮਾਰ ਮਾਰੇ।
ਕਰਾਚੋਲ ਕਾਢੇ ਖਿਮੰਕੇ ਕਰਾਲੇ। ਕਟੇ ਅੰਗ ਬੀਰੰ ਘਨੇ ਘਾਵ ਡਾਲੇ॥ ੮ ॥

ਢੋਲਾਂ 'ਤੇ ਡੱਗੇ ਲੱਗੇ ਤੇ ਧੌਂਸਿਆਂ ਦੀ ਧੁੰਕਾਰ ਗੂੰਜੀ, ਆਪਸ ਵਿਚ ਮਿਲ ਕੇ 'ਮਾਰੋ ਮਾਰੋ' ਕਹਿੰਦੇ ਸਨ। ਜਦ ਤਲਵਾਰਾਂ ਕੱਢੀਆਂ ਤਾਂ ਉਹ ਵਿਕਰਾਲ ਚਮਕੀਆਂ। ਸੂਰਬੀਰਾਂ ਦੇ ਅੰਗ ਕੱਟ ਕੇ, ਬਹੁਤ ਘਾਇਲ ਕੀਤੇ॥੮॥

ਭਏ ਛਿੰਨ ਭਿੰਨਾਂ ਛਿਦੇ ਛਿੱਪ੍ਰ ਬੀਰੰ। ਕਿਸੂ ਹਾਥ ਕਾਟੇ ਕਿਸੂ ਕੰਧ ਚੀਰੰ।
ਕਿਤੇ ਪਾਂਵ ਕਾਟੇ, ਕਰਾਹੈਂ ਕਰਾਲਾ। ਕਟੇ ਮੁੰਡ ਕਾਂ ਕੇ ਪਰੇ ਰੁੰਡ ਮਾਲਾ॥ ੯ ॥

ਸੂਰਮੇ ਕੱਟੇ ਵੱਢੇ ਗਏ ਤੇ ਜ਼ਖਮੀ ਹੋ ਗਏ, ਕਿਸੇ ਦਾ ਹੱਥ ਕੱਟਿਆ ਗਿਆ ਤੇ ਕਿਸੇ ਦਾ ਮੋਢਾ ਚੀਰਿਆ ਗਿਆ। ਕਿਸੇ ਦੇ ਪੈਰ ਕੱਟੇ ਸਨ ਤੇ ਵਿਕਰਾਲ ਰੂਪ ਵਿਚ ਕਰਾਹ ਰਿਹਾ ਸੀ। ਕਿਸੇ ਦਾ ਸਿਰ ਕੱਟਿਆ ਗਿਆ ਸੀ ਤੇ ਧੜਾਂ ਦੀਆਂ ਲਾਇਨਾਂ ਲੱਗੀਆਂ ਹੋਈਆਂ ਸਨ॥੯॥

ਜਥਾ ਭਾਠ ਮੈਂ ਧਾਨ ਭੁੰਜੰਤਿ ਕੋਈ। ਤੁਫੰਗੈਂ ਛੁਟੀ ਕੋ ਤਥਾ ਨਾਦ ਹੋਈ।
ਪਲੀਤੇ ਧੁਖੇ ਦੋਨ ਓਰੀ ਸਮੂਹਾ। ਜੁਟੇ ਆਪ ਮਾਂਹੀ ਦਈ ਦੀਹ ਹੂਹਾ॥੧੦॥

ਜਿਵੇਂ ਭੱਠੀ ਵਿਚ ਚਾਵਲ ਭੁੱਜਦੇ ਹਨ, ਬੰਦੂਕਾਂ ਚਲਣ ਉੱਤੇ ਐਸੀ ਆਵਾਜ਼ ਪੈਦਾ ਹੁੰਦੀ ਸੀ। ਦੋਵੀਂ ਪਾਸੀਂ ਸਮੂਹ ਪਲੀਤੇ ਧੁੱਖਦੇ ਸਨ। ਆਪਸ ਵਿਚ ਜੁੱਟੇ ਹੋਏ ਸਨ ਤੇ ਵਿਕਰਾਲ ਰੌਲਾ ਮਚਿਆ ਹੋਇਆ ਸੀ॥੧੦॥

ਚਲੇ ਤੀਰ ਤੀਖੇ ਕਮਾਨੈਂ ਕੜੰਕੀ। ਭਏ ਹੱਥਵੱਥੰ ਕ੍ਰਿਪਾਨੈ ਸੜੰਕੀ।
ਛੁਟਯੋ ਸ੍ਰੋਣ ਘਾਵੰ ਭਏ ਲਾਲ ਬਾਗੇ। ਅਪਾਤੰ ਪਲਾਸੀ ਮਨੋ ਫੂਲ ਲਾਗੇ ॥੧੧॥

ਕਮਾਨਾਂ ਕੜਕੀਆਂ ਤੇ ਤਿੱਖੇ ਤੀਰ ਚਲੇ, ਹੱਥੋਂ-ਹੱਥੀ ਹੋ ਪਏ ਤੇ ਕ੍ਰਿਪਾਨਾਂ ਸਰਕੀਆਂ। ਜ਼ਖਮਾਂ ਵਿਚੋਂ ਖੂਨ ਵਹਿ ਤੁਰਿਆ ਤੇ ਲਾਲ ਰੰਗ ਵਿਚ ਰੰਗੇ ਗਏ, ਮਾਨੋ ਪੱਤਿਆਂ ਬਿਨਾਂ ਛਿਛਰੇ ਨੂੰ ਲਾਲ ਫੁੱਲ ਲੱਗੇ ਹੋਏ ਸਨ॥ ੧੧॥

ਕਟੋਚੀ ਕ੍ਰਿਪਾਲੰ ਕੁਪੰਜੋ ਕ੍ਰੂਰ ਤੁੰਡੰ। ਪ੍ਰਹਾਰੇ ਕ੍ਰਿਪਾਨੰ ਕਿਦੇ ਰੁੰਡ ਮੁੰਡੰ।
ਭਏ ਸਾਮੁਹੇ ਤੁੰਦ ਤਾਜੀ ਤ੍ਰਪਾਯੋ। ਕੁਦੰਡੰ ਸਰੰ ਸੰਧਿ ਬ੍ਰਿੰਦੰ ਚਲਾਯੋ॥ ੧੨॥

ਕ੍ਰਿਪਾਲ ਕਟੋਚੀਆ ਕਰੜਾ ਮੁਖ ਬਣਾ ਕੇ ਗੁੱਸੇ ਵਿਚ ਆਇਆ ਤੇ ਉਸ ਕ੍ਰਿਪਾਨਾਂ ਚਲਾ ਕੇ ਕਈਆਂ ਦੇ ਸਿਰ ਕੱਟ ਦਿੱਤੇ। ਸਾਹਮਣੇ ਹੋ ਕੇ ਘੋੜੇ ਨੂੰ ਚਾਬਕ ਮਾਰ ਕੇ ਡਰਾ ਕੇ ਤੇਜ਼ ਭਜਾਇਆ ਤੇ ਫਿਰ ਤੀਰ ਧਨੁੱਖ ਵਿਚ ਰੱਖ ਕੇ ਬਹੁਤ ਚਲਾਏ॥ ੧੨॥

ਮਰੇ ਬੀਰ ਘੂਮੈ ਪਰੀ ਲੋਥ ਭੂਮੈ। ਚਲੈਂ ਬਾਨ ਗੋਰੀ ਭਟੰ ਪ੍ਰਾਨ ਹੂ ਮੈਂ।
ਰੁਪੇ ਬੀਰ ਧੀਰੰਖਰੇ ਘਾਵ ਖਾਏ। ਕਟੇ ਕੋਪ ਕੈ ਕੈ ਤਜੀ ਪੈ ਨ ਥਾਏ॥ ੧੩॥

ਮਰੇ ਹੋਏ ਸੂਰਬੀਰ ਧਰਤੀ 'ਤੇ ਪਏ ਘੁੰਮ ਰਹੇ ਸਨ। ਤੀਰ ਅਤੇ ਗੋਲੀਆਂ ਚਲਦੀਆਂ ਸਨ ਤੇ ਸੂਰਮੇ ਆਪਣੇ ਪ੍ਰਾਣ ਤਿਆਗਦੇ ਸਨ। ਧੀਰਜਵਾਨ ਸੂਰਬੀਰ ਜ਼ਖਮੀ ਹੋ ਕੇ ਕ੍ਰੋਧ ਵਿਚ ਆ ਗਏ। ਕ੍ਰੋਧ ਧਾਰ ਧਾਰ ਕੇ ਕੱਟੇ ਗਏ, ਪਰ ਆਪਣੇ ਪੈਰਾਂ ਵਾਲੇ ਸਥਾਨ ਨੂੰ ਨਾ ਛੱਡਿਆ॥ ੧੩॥

ਉਤੈ ਬਿੱਝੜੰ ਵਾਲੀਆ ਨਾਮ ਦਜਾਲੰ। ਘਨੇ ਵਾਰ ਕੀਨੇ ਬਿਸਾਲੇ ਕਰਾਲੰ।
ਲਈ ਸੈਨ ਸਾਰੀ ਮਹਾਂ ਰੌਰ ਪਾਏ। ਬਕੈਂ 'ਮਾਰ ਮਾਰੇ' ਹੁਤੇ ਅੱਗ੍ਰ ਆਏ॥ ੧੪॥

ਓਧਰ ਬਿੱਝੜ ਵਾਲੀਆ ਜਿਸ ਦਾ ਨਾਮ ਦਿਆਲ ਹੈ, ਉਸ ਨੇ ਬਹੁਤ ਵਿਕਰਾਲ ਵਾਰ ਕੀਤੇ। ਸਾਰੀ ਸੈਨਾ ਲੈ ਕੇ ਬਹੁਤ ਰੌਲਾ ਪਾਇਆ 'ਮਾਰ ਲਵੋ ਮਾਰ ਲਵੋ' ਅੱਗੇ ਆ ਕੇ ਬੋਲਦੇ ਸਨ॥ ੧੪॥

ਚਲਾਕੀ ਕਰੈਂ ਸ਼ੀਘ੍ਰਤਾ ਮਾਰਿਬੇ ਕੀ। ਕਰੈ ਹੇਲ ਸ਼ੱਤ੍ਰੁਨਿ ਕੋ ਟਾਰਿਬੇ ਕੀ।
ਹਟੇ ਪੈਰ ਪਾਛੇ ਪਿਖੇ ਭੀਮਚੰਦੰ। ਪ੍ਰਿਥੀਚੰਦ ਬੋਲਯੋ 'ਬੇਲੀ ਤੂੰ ਬਿਲੰਦੰ॥੧੫॥

ਛੇਤੀ ਮਾਰਨ ਦੀ ਚਲਾਕੀ ਕਰਦੇ ਸਨ ਤੇ ਵੈਰੀਆਂ ਨੂੰ ਟਾਲਣ ਵਾਸਤੇ ਹੱਲਾ ਬੋਲਦੇ ਸਨ। ਜਦ ਭੀਮ ਚੰਦ ਨੇ ਆਪਣੀ ਸੈਨਾਂ ਦੇ ਪੈਰ ਪਿੱਛੇ ਹਟਦੇ ਵੇਖੇ ਤਾਂ ਭੀਮ ਚੰਦ, ਪ੍ਰਿਥੀ ਚੰਦ ਨੂੰ ਕਹਿਣ ਲੱਗਾ॥ ੧੫॥

ਕਰੋ ਧੀਰ ਬੀਰਾਨ ਕੌ ਹੋਇ ਆਗੇ। ਪਰਯੋ ਜੋਰ ਜੁੱਧੰ ਨਹੀਂ ਜਾਇਂ ਭਾਗੇ।
ਕ੍ਰਿਪਾਲੰ ਸੁ ਦਜਾਲੰ ਕਰਯੋ ਹੇਲ ਆਏ। ਹਮਾਰੇ ਵਧੇ ਸੂਰ ਪਾਛੇ ਹਟਾਏ' ॥੧੬॥

ਅੱਗੇ ਹੋ ਕੇ ਸੂਰਬੀਰਾਂ ਨੂੰ ਧੀਰਜ ਦੇਵੋ, ਯੁੱਧ ਦਾ ਜ਼ੋਰ ਪਿਆ ਹੈ ਕਿਤੇ ਭੱਜ ਨਾ ਜਾਣ। ਕ੍ਰਿਪਾਲ ਅਤੇ ਦਿਆਲ ਹੱਲਾ ਕਰਕੇ ਆਏ ਹਨ, ਸਾਡੇ ਅੱਗੇ ਵਧੇ ਹੋਏ ਸੂਰਬੀਰਾਂ ਨੂੰ ਪਿੱਛੇ ਹਟਾਇਆ ਹੈ" ॥ ੧੬॥

ਸੁਨਯੋ ਡੱਢਵਾਲੰ ਪ੍ਰਿਥੀਚੰਦ ਗਾਜਾ। 'ਕਰੌਂ ਜੁੱਧ ਕ੍ਰੁੱਧੰ ਪਿਖੋ ਆਪ ਰਾਜਾ !'।
ਦਈ ਧੀਰ ਐਸੇ ਗਯੋ ਆਪ ਆਗੇ। ਬਿੰਗਾਰੇਂ ਸਭੇ 'ਜੰਗ ਕਯੋਂ ਤਯਾਗ ਭਾਗੇ ? ॥੧੭॥

ਹੇ ਰਾਜਾ ਜੀ ! ਹੁਣ ਤੁਸੀਂ ਵੇਖੋ ਕ੍ਰੋਧ ਵਿਚ ਆ ਕੇ ਐਸਾ ਯੁੱਧ ਕਰਾਂਗਾ।" ਇਸ ਤਰ੍ਹਾਂ ਧੀਰਜ ਦਿੱਤਾ ਤੇ ਆਪ ਅੱਗੇ ਗਿਆ ਤੇ ਸਾਰਿਆਂ ਨੂੰ ਜਾ ਕੇ ਵੰਗਾਰਿਆ, "ਕਿਉਂ ਜੰਗ ਛੱਡ ਕੇ ਭੱਜ ਚਲੇ ਹੋ? ॥ ੧੭॥

ਥਿਰੋ ਬੀਰ ! ਮਾਰੋ ਧਰੋ ਧੀਰ ਆਛੈ। ਬਿਗਾਰੈ ਦੁਹੂੰ ਲੋਕ ਕੋ ਹੋਤਿ ਪਾਛੈ।
ਰਜੌਤੀ ਨਿਬਾਹੋ ਕਲੰ ਕੇਰ ਲਾਜਾ। ਜਸੰ ਪਾਇ ਲੀਜੈ ਕਰੇ ਕਾਜ ਰਾਜਾ' ॥੧੮॥

ਹੇ ਸੂਰਬੀਰੋ ! ਠਹਿਰੋ, ਧੀਰਜ ਧਾਰ ਕੇ ਵੈਰੀਆਂ ਨੂੰ ਮਾਰੋ, ਪਿੱਛੇ ਹਟ ਕੇ ਤੁਸੀਂ ਆਪਣੇ ਦੋਵੇਂ ਲੋਕ ਵਿਗਾੜ ਰਹੇ ਹੋ। ਆਪਣਾ ਰਾਜਪੂਤਪਨ ਨਿਬਾਹੋ ਤੇ ਆਪਣੀ ਕੁਲ ਦੀ ਲਾਜ ਰੱਖੋ ਤੇ ਰਾਜੇ ਦਾ ਕਾਰਜ ਕਰਕੇ ਜੱਸ ਪ੍ਰਾਪਤ ਕਰੋ" ॥੧੮॥

**ਪ੍ਰਿਥੀਚੰਦ ਕੇ ਬਾਕ ਕੋਂ ਸ੍ਰਯ ਬੀਰੰ। ਫਿਰੇ ਫੇਰ ਪਾਛੇ ਸਹੇ ਅੰਗ ਤੀਰੰ।**
**ਮਨੋ ਬਾਯੁ ਪ੍ਰੇਰੇ ਚਲੇ ਮੇਘ ਆਏ। ਸਰੰ ਬਿੰਦ ਗੋਰੀਨ ਵੁੱਠੇ ਸਬਾਏ ॥ ੧੯ ॥**

ਪ੍ਰਿਥੀ ਚੰਦ ਦੀ ਗੱਲ ਨੂੰ ਸੁਣ ਕੇ ਸੂਰਬੀਰ ਵਾਪਸ ਮੁੜ ਪਏ ਤੇ ਆਪਣੇ ਅੰਗਾਂ 'ਤੇ ਉਨ੍ਹਾਂ ਤੀਰ ਸਹਿਣ ਕੀਤੇ, ਮਾਨੋ ਹਵਾ ਦੇ ਪ੍ਰੇਰੇ ਹੋਏ ਬੱਦਲ ਆਏ ਹੋਣ, ਸਾਰੇ ਸੂਰਬੀਰਾਂ ਰੂਪੀ ਬਦਲਾਂ ਨੇ ਤੀਰਾਂ ਤੇ ਗੋਲੀਆਂ ਦੀ ਵਰਖਾ ਕੀਤੀ॥੧੯॥

**ਹਟੇ ਹੇਲੇ ਘਾਲੇ ਮਹਾਂ ਬੀਰ ਢੂਕੇ। ਬਕੈਂ 'ਮਾਰ ਮਾਰੰ' ਇਕੰ ਬਾਰ ਕੂਕੇ।**
**ਬਜੇ ਢੋਲ ਧੌਸੇ ਸੁ ਭੇਰੀ ਭੁੰਕਾਰੇ। ਭਿਰੈਂ ਹੋਇ ਸੌਹੇ ਬਿਸਾਲੰ ਬਿੰਗਾਰੇ ॥ ੨੦ ॥**

ਭੀਮ ਚੰਦ ਦੇ ਸੂਰਬੀਰਾਂ ਨੇ ਪਿੱਛੇ ਮੁੜ ਕੇ ਹਮਲਾ ਕੀਤਾ, 'ਮਾਰ ਲਵੋ ਮਾਰ ਲਵੋ' ਉਹ ਇਕ ਵਾਰ ਪੁਕਾਰ ਉੱਠੇ। ਢੋਲ ਨਗਾਰੇ ਵੱਜੇ ਤੇ ਭੇਰੀਆਂ ਗੂੰਜੀਆਂ, ਚੰਗੀ ਤਰ੍ਹਾਂ ਵੰਗਾਰ ਕੇ ਭਿੜਦੇ ਹੋਏ ਵਿਸ਼ਾਲ ਸ਼ੋਭ ਰਹੇ ਸਨ॥੨੦॥

**ਬਡੋ ਸੂਰ ਦਯਾਲੰ ਹੁਤੋ ਬਿੱਭੜ ਵਾਰਾ। ਪਲਾਏ, ਮਰੇ, ਹੇਲ ਕੀਨੋ ਨਿਹਾਰਾ।**
**ਤਬੈ ਕੋਪ ਕੈਕੈ ਸੁ ਊਚੇ ਪੁਕਾਰਯੋ। 'ਕਟੋਚੀ ਕ੍ਰਿਪਾਲੰ ਮਹਾਂ ਹੇਲ ਡਾਰਯੋ ॥੨੧ ॥**

ਬਿੱਭੜ ਵਾਲਾ ਦਿਆਲ ਵੱਡਾ ਸੂਰਬੀਰ ਸੀ। ਉਸ ਵੇਖਿਆ ਕਿ ਵੈਰੀ ਨੇ ਫਿਰ ਹਮਲਾ ਕੀਤਾ ਹੈ ਤੇ ਸਾਡੇ ਆਦਮੀ ਮਰ ਰਹੇ ਹਨ ਤੇ ਭੱਜ ਰਹੇ ਹਨ। ਤਦ ਉਹ ਗੁੱਸੇ ਵਿਚ ਆ ਕੇ ਬਹੁਤ ਉੱਚੀ ਬੋਲਿਆ, "ਹੇ ਕ੍ਰਿਪਾਲ ਕਟੋਚੀਏ ! ਵੱਡਾ ਹਮਲਾ ਕਰੋ" ॥੨੧॥

**ਉਤੈ ਬੀਰ ਸਾਰੇ ਸਕੇਲੇ ਬਿਸਾਲਾ। ਪ੍ਰਹਾਰੋ ਤੁਫੰਗਾਨਿ ਤੀਰਾਨਿ ਜਾਲਾ।**
**ਖਿਰੋ ਧੀਰ ਧਾਰੋ ਭਟੰ ਬੀਚ ਆਪੇ। ਜਮੇ ਪੈਰ ਰਾਖੋ ਸਭੀ ਥਾਨਥਾਪੇ ॥ ੨੨ ॥**

ਓਧਰ ਉਨ੍ਹਾਂ ਨੇ ਬਹੁਤ ਸੂਰਬੀਰ ਇਕੱਠੇ ਕੀਤੇ ਹਨ, ਬੰਦੂਕਾਂ ਅਤੇ ਤੀਰਾਂ ਦੇ ਬਹੁਤ ਵਾਰ ਕਰੋ। ਸੂਰਮਿਆਂ ਵਿਚ ਆਪ ਖਲੋ ਕੇ ਧੀਰਜ ਧਾਰਨ ਕਰੋ। ਜਮ ਕੇ ਪੈਰ ਟਿਕਾ ਕੇ ਰੱਖੋ॥੨੨॥

**ਪਿਖੋ ਓਰ ਮੋਰੀ ਹਤੌਂ ਬ੍ਰਿੰਦਬਾਨਾ। ਬਧੈਂ ਸ਼ੱਤ੍ਰੂ ਕੋ ਅੰਗ ਆਗੇ ਨਿਸ਼ਾਨਾ'।**
**ਕ੍ਰਿਪਾਲੰ ਸੁਨਯੋ ਤੇਜ ਤਾਜੀ ਤੁਪਾਏ। ਭਏ ਸਾਮੁਹੇ ਚਾਂਪੁ ਐਚੰ ਚਲਾਏ ॥ ੨੩ ॥**

ਮੇਰੀ ਵਲ ਵੇਖੋ ਮੈਂ ਤੀਰ ਮਾਰ ਮਾਰ ਕੇ ਮਾਰਾਂਗਾ, ਵਧ ਰਹੇ ਵੈਰੀਆਂ ਦੇ ਅੰਗਾਂ ਤੇ ਨਿਸ਼ਾਨਾ ਲਾਵਾਂਗਾ।" ਜਦ ਕ੍ਰਿਪਾਲ ਨੇ ਸੁਣਿਆ ਤਾਂ ਆਪਣੇ ਘੋੜੇ ਨੂੰ ਛੇੜ ਕੇ ਤੇਜ ਕੀਤਾ ਤੇ ਸਾਹਮਣੇ ਹੋ ਕੇ ਧਨੁੱਖ ਖਿੱਚ-ਖਿੱਚ ਕੇ ਤੀਰ ਚਲਾਏ॥੨੩॥

**ਦਿਸ਼ਾ ਦੋਨ ਤੇ ਸਾਮੁਹ ਭੇੜ ਐਸੇ। ਮਹਾਂ ਜੁੱਧ ਕੀਨੋ ਖਿਰੇ ਥੰਭ ਜੈਸੇ।**
**ਛੁਟੇ ਬਾਨ ਗੋਰੀ ਫਟੇ ਅੰਗ ਸੂਰੇ। ਕੜਾਕਾੜ ਮਾਚੀ ਰਿਦੇ ਰੋਸ ਪੂਰੇ ॥ ੨੪ ॥**

ਦੋਵਾਂ ਪਾਸਿਆਂ ਤੋਂ ਸਾਹਮਣੇ ਹੋ ਕੇ ਐਸਾ ਭੇੜ ਹੋਇਆ ਕਿ ਖੰਭੇ ਵਾਂਗ ਖਲੋ ਕੇ ਵੱਡਾ ਯੁੱਧ ਕੀਤਾ। ਗੋਲੀਆਂ ਅਤੇ ਬਾਣ ਸੂਰਮਿਆਂ ਦੇ ਅੰਗਾਂ ਨੂੰ ਪਾੜ ਰਹੀਆਂ ਸਨ। ਹਿਰਦੇ ਵਿਚ ਕ੍ਰੋਧ ਕਰਕੇ ਕੜਾਕਾੜ ਮੱਚੀ ਹੋਈ ਸੀ॥੨੪॥

**ਪ੍ਰਿਥੀ ਚੰਦ ਆਗੇ ਜਬੈ ਬੀਰ ਲੀਨੇ। ਕ੍ਰਿਪਾਨੈਂ ਨਿਕਾਸੀ ਰਣੰ ਰੰਗੁ ਭੀਨੇ।**
**ਮਹਾਂ ਓਰੜੇ ਸੇਲ ਸਾਂਗੰ ਚਲਾਏ। ਹਲਾਹਾਲ ਬੋਲੈਂ ਚਹੈਂ ਸੋ ਹਲਾਏ ॥ ੨੫ ॥**

ਪ੍ਰਿਥੀ ਚੰਦ ਨੇ ਜਦ ਸੂਰਮਿਆਂ ਨੂੰ ਅੱਗੇ ਲਿਆ ਤਾਂ ਕ੍ਰਿਪਾਨਾਂ ਕੱਢ ਕੇ ਸਾਰੇ ਯੁੱਧ ਦੇ ਰੰਗ ਵਿਚ ਭਿੱਜ ਗਏ। ਅੱਗੇ ਵਧ ਕੇ ਉਨ੍ਹਾਂ ਨੇਜ਼ੇ ਅਤੇ ਬਰਛੇ ਚਲਾਏ। ਹਲਾਹਾਲ ਬੋਲਦੇ ਸਨ ਤੇ ਵੈਰੀ ਦੇ ਪੈਰ ਹਿਲਾ ਦੇਣਾ ਚਾਹੁੰਦੇ ਸਨ॥੨੫॥

ਦੁ ਚੋਬੈਂ ਲਗੀ ਦੁੰਦਭੀ ਊਚ ਬਾਜੇ। ਉਛੱਲੇ ਛਲੰਗੀ ਛੁਭੇ ਛਾਲ ਗਾਜੇ।
ਹੱਥਾਹੱਥ ਹੋਏ ਗਿਰੇ ਜੰਗ ਕੇਤੰ। ਪਰੇ ਹੂਹ ਦੈ ਓਜ ਤੇ ਜੀਤ ਖੇਤੰ॥ ੨੬॥

ਨਗਾਰੇ ਉੱਤੇ ਦੂਹਰਾ ਡੱਗਾ ਲੱਗਣ ਨਾਲ ਬਹੁਤ ਉੱਚੀ ਆਵਾਜ਼ ਉੱਠੀ। ਸੋਹਣੇ ਸੂਰਮੇ ਉੱਛਲ ਕੇ ਛਾਲਾਂ ਮਾਰ ਕੇ ਗੱਜ ਉੱਠੇ। ਕਈ ਹੱਥੋਂ-ਹੱਥ ਹੋਏ ਰਣਖੇਤਰ ਵਿਚ ਡਿੱਗ ਪਏ। ਹੱਲਾ ਕਰਕੇ ਪੈ ਗਏ, ਯੁੱਧ ਨੂੰ ਜਿੱਤਣਾ ਚਾਹੁੰਦੇ ਸਨ॥੨੬॥

ਕਟੋਚੀ ਕ੍ਰਿਪਾਲੰ ਜਮੇ ਪਾਇ ਹਾਲੇ। ਪਿਖਯੋ ਦਯਾਲ ਨੇ ਤੀਰ ਤੀਖੇ ਸੰਭਾਲੇ।
ਤਜੇ, ਚਾਂਪ ਐਂਚੇ ਅਰੀ ਜਾਇ ਲਾਗੇ। ਸਭੈ ਸੂਰ ਰੋਕੇ ਕਹਾਂ ਜਾਇੰ ਭਾਗੇ॥ ੨੭॥

ਕ੍ਰਿਪਾਲ ਕਟੋਚੀਏ ਦੇ ਜੰਮੇ ਹੋਏ ਪੈਰ ਹਿੱਲ ਗਏ। ਜਦ ਦਿਆਲ ਨੇ ਇਹ ਵੇਖਿਆ ਤਾਂ ਉਸ ਤਿੱਖੇ ਤੀਰਾਂ ਨੂੰ ਸੰਭਾਲਿਆ। ਧਨੁੱਖ ਖਿੱਚ ਕੇ ਤੀਰਾਂ ਨੂੰ ਚਲਾਇਆ ਜਿਹੜੇ ਵੈਰੀ ਨੂੰ ਜਾ ਕੇ ਲੱਗੇ ਤੇ ਸਾਰੇ ਸੂਰਮਿਆਂ ਨੂੰ ਰੋਕ ਲਿਆ ਤੇ ਕਿਹਾ ਕਿ ਕਿੱਥੇ ਭੱਜ ਕੇ ਜਾ ਰਹੇ ਹੋ॥੨੭॥

ਜਿਤੇ ਓਰੜੇ ਮਾਰਿ ਦੀਨੇ ਹਟਾਈ। ਖਰੋ ਊਚ ਗਾਜਯੋ ਮਨੋਂ ਜੀਤ ਪਾਈ।
ਪਿਖਯੋ ਭੀਮਚੰਦੰ ਅਰਯੋ ਸੂਰ ਦਯਾਲੰ। ਗੁਰੂ ਪਾਸ ਆਯੋ ਕਹਯੋ ਤਾਂਹਿ ਕਾਲੰ॥੨੮॥

ਜਿੰਨੇ ਵੀ ਅੱਗੇ ਵੱਧ ਕੇ ਆਏ ਸਨ, ਉਨ੍ਹਾਂ ਨੂੰ ਮਾਰ ਕੇ ਹਟਾ ਦਿੱਤਾ। ਖੜਾ ਹੋ ਕੇ ਉੱਚੀ ਆਵਾਜ਼ ਵਿਚ ਗੱਜਿਆ, ਮਾਨੋ ਜਿੱਤ ਪ੍ਰਾਪਤ ਕਰ ਲਈ ਹੋਵੇ। ਭੀਮ ਚੰਦ ਨੇ ਫਿਰ ਵੇਖਿਆ ਕਿ ਦਿਆਲ ਸੂਰਮਾ ਅੜ ਗਿਆ ਹੈ, ਫਿਰ ਉਹ ਗੁਰੂ ਜੀ ਪਾਸ ਆਇਆ ਤੇ ਉਨ੍ਹਾਂ ਨੂੰ ਉਸ ਸਮੇਂ ਕਿਹਾ॥੨੮॥

ਫਤੇ ਕਯੋਂ ਨ ਲੇਤੇ ਕਰੋ ਆਪ ਟਾਰਾ। ਅਰਯੋ ਏਕ ਬੀਰੰ ਇਸੇ ਲੇਹੁ ਮਾਰਾ।
ਰਖੋ ਲਾਜ ਮੋਰੀ ਲਖੋ ਆਪਨੋਈ। ਅਹੋ ਬੀਚ ਠਾਂਢੇ ਤੁਮੈ ਨਾਮ ਜੋਈ॥੨੯॥

ਆਪ ਫ਼ਤਹਿ ਪ੍ਰਾਪਤ ਕਿਉਂ ਨਹੀਂ ਕਰਦੇ, ਆਪ ਟਾਲਾ ਕਰ ਰਹੇ ਹੋ। ਇਕ ਸੂਰਮਾਂ ਅੜਿਆ ਹੈ, ਇਸ ਨੂੰ ਮਾਰ ਲਵੋ। ਮੇਰੀ ਲਾਜ ਰੱਖੋ, ਜੰਗ ਵਿਚ ਆਪ ਖੜੇ ਹੋ, ਜਿੱਤ ਹਾਰ ਵਿਚ ਆਪ ਜੀ ਦਾ ਹੀ ਨਾਮ ਜੁੜਨਾ ਹੈ॥੨੯॥

ਸੁਨੀ ਬੇਨਤੀ ਸ੍ਰੀ ਗੁਰੂ ਬੀਰ ਭਾਰੀ। ਲਈ ਦਾਸ ਤੇ ਸੋ ਤੁਫੰਗੈਂ ਸੰਭਾਰੀ।
ਕਸੀ ਪਾਇ ਬਾਰੂਦ ਗੋਰੀ ਸੁ ਡਾਰੀ। ਗਹਯੋ ਮੋੜ ਤੋੜਾ ਕਲਾ ਪੈ ਸੁਧਾਰੀ॥੩੦॥

ਵੱਡੇ ਭਾਰੀ ਸੂਰਬੀਰ ਗੁਰੂ ਜੀ ਨੇ ਭੀਮ ਚੰਦ ਦੀ ਬੇਨਤੀ ਸੁਣੀ। ਸੇਵਕ ਤੋਂ ਲੈ ਕੇ ਬੰਦੂਕ ਸੰਭਾਲੀ। ਬਾਰੂਦ ਪਾ ਕੇ ਕੱਸੀ ਤੇ ਉਸ ਵਿਚ ਗੋਲੀ ਪਾਈ। ਤੋੜਾ ਫੜਕੇ ਮੋੜ ਕੇ ਕਲਾ ਉੱਤੇ ਧਰਿਆ॥੩੦॥

ਪਲੀਤਾ ਜਮਾਯੋ ਭਲੀ ਭਾਂਤਿ ਆਪੇ। ਕਰੀ ਤਯਾਰ ਨੀਕੇ ਰਿਪੂ ਹੇਤੁ ਖਾਪੇ।
ਲਖਯੋ ਜੰਗ ਥੰਭਾ ਇਹੀ ਬੀਰ ਠਾਂਢੋ। ਪਲਾਵੈ ਨਹੀਂ, ਮਾਰਤੋ ਤੀਰ ਗਾਢੋ॥੩੧॥

ਭਲੀ ਪ੍ਰਕਾਰ ਆਪੇ ਪਲੀਤੇ ਨੂੰ ਜਮਾਇਆ ਤੇ ਵੈਰੀ ਨੂੰ ਮਾਰਨ ਵਾਸਤੇ ਚੰਗੀ ਤਰ੍ਹਾਂ ਤਿਆਰ ਕੀਤੀ। ਵੇਖਿਆ ਕਿ ਜੰਗ ਵਿਚ ਇਹੀ ਸੂਰਮਾ ਥੰਭੇ ਵਾਂਗ ਖੜਾ ਹੈ, ਭੱਜਦਾ ਨਹੀਂ ਹੈ, ਬੜੇ ਜ਼ੋਰ ਨਾਲ ਤੀਰ ਮਾਰ ਰਿਹਾ ਹੈ॥੩੧॥

ਹਤੇ ਯਾਂਹਿ ਕੇ ਹ੍ਵੈ ਫਤੇ ਫੇਰ ਸਾਰੀ। ਪ੍ਰਭੂ ਹੇਰਿ ਨੀਕੇ ਰਿਦੇ ਯੌਂ ਬਿਚਾਰੀ।
ਕਰਯੋ ਤੇਜ ਘੋਰਾ ਇਤੈ ਉੱਤ ਫੇਰਾ। ਨਿਸ਼ਾਨੋ ਮਹਾਨੋ ਤਕਯੋ ਨੀਕ ਹੇਰਾ॥੩੨॥

ਇਸ ਨੂੰ ਮਾਰ ਕੇ ਫਿਰ ਸਾਡੀ ਫ਼ਤਹਿ ਹੋ ਜਾਵੇਗੀ। ਗੁਰੂ ਜੀ ਨੇ ਚੰਗੀ ਤਰ੍ਹਾਂ ਵੇਖ ਕੇ ਇਸ ਤਰ੍ਹਾਂ ਵਿਚਾਰ ਕੀਤੀ। ਘੋੜੇ ਨੂੰ ਤੇਜ਼ ਕਰਕੇ ਏਧਰ ਓਧਰ ਫੇਰਿਆ ਤੇ ਮਹਾਨ ਨਿਸ਼ਾਨੇ ਨੂੰ ਚੰਗੀ ਤਰ੍ਹਾਂ ਵੇਖਿਆ॥੩੨॥

ਕਰਜੋ ਨੇਰ ਜਾਈ ਫਿਰੇ ਜੰਗ ਮਾਂਹੀਂ। ਚਲੈਂ ਬਾਨ ਗੋਰੀ ਰਿਸੇ ਬੀਰ ਜਾਂਹੀ।
ਵਧਾਯੋ ਤੁਰੰਗੈ ਸੰਭਾਰੀ ਤੁਫੰਗਾ। 'ਸਵਾਧਾਨ ਹੂਜੇ' ਬਿੰਗਾਰ੍ਯੋ ਉਤੰਗਾ ॥ ੩੩ ॥

ਉਸ ਦੇ ਨੇੜੇ ਜਾ ਕੇ ਜੰਗ ਦੇ ਮੈਦਾਨ ਵਿਚ ਫਿਰੇ, ਜਿੱਥੇ ਸੂਰਬੀਰ ਗੁੱਸੇ ਵਿਚ ਆ ਕੇ ਗੋਲੀਆਂ ਅਤੇ ਤੀਰ ਚਲਾਉਂਦੇ ਸਨ। ਘੋੜੇ ਨੂੰ ਅੱਗੇ ਵਧਾ ਕੇ ਬੰਦੂਕ ਨੂੰ ਸੰਭਾਲਿਆ ਤੇ ਉੱਚੇ ਖੜੇ ਨੂੰ ਵੰਗਾਰਿਆ, "ਸਾਵਧਾਨ ਹੋ ਜਾ॥੩੩॥

'ਘਨੇ ਬੀਰ ਮਾਰੇ ਅਰਜੋ ਕੋ ਨ ਆਗੇ। ਅਬੈ ਤੋਹਿ ਮਾਰੌਂ ਇਕੰ ਵਾਰ ਲਾਗੇ'।
ਸੁਨੀ ਦਜਾਲ ਨੇ ਤੀਰ ਤੀਖੇ ਚਲਾਏ। ਪ੍ਰਭੂ ਫੇਰ ਘੋਰਾ ਸਭੇ ਹੀ ਬਚਾਏ ॥ ੩੪ ॥

ਬਹੁਤ ਸੂਰਬੀਰ ਮਾਰੇ ਹਨ, ਕੋਈ ਵੀ ਤੇਰੇ ਅੱਗੇ ਅੜਿਆ ਨਹੀਂ ਹੈ ਹੁਣ ਤੈਨੂੰ ਮਾਰਨ ਵਿਚ ਇਕੋ ਵਾਰ ਲਗੇਗਾ।" ਜਦ ਦਿਆਲ ਨੇ ਇਹ ਸੁਣਿਆ ਤਾਂ ਤਿੱਖੇ ਤੀਰ ਚਲਾਏ। ਗੁਰੂ ਜੀ ਨੇ ਘੋੜਾ ਫੇਰ ਕੇ ਸਾਰੇ ਵਾਰ ਬਚਾ ਲਏ॥੩੪॥

'ਸਹੋ ਮੋਰ ਤੀਰੰ, ਬਚੋ ਆਪ ਨਾਂਹੀ'। ਕਰਜੋ ਬੋਲ ਊਚੇ ਗਜਜੋ ਜੰਗ ਮਾਂਹੀ।
ਗੁਰੂ ਸ੍ਰਉ ਕੈ ਬੇਗ ਤਜਾਰੀ ਤੁਫੰਗਾ। ਚਲੀ ਸ਼ੂਕਿ ਗੋਰੀ ਲਗੀ ਜਾਇ ਅੰਗਾ ॥ ੩੫ ॥

"ਮੇਰਾ ਤੀਰ ਸਹੋ, ਤੁਸੀਂ ਬਚੋਗੇ ਨਹੀਂ।" ਦਿਆਲ ਬੜੀ ਉੱਚੀ ਬੋਲ ਕੇ ਜੰਗ ਵਿਚ ਗੱਜਿਆ। ਗੁਰੂ ਜੀ ਨੇ ਇਹ ਸੁਣ ਕੇ ਤੁਰਤ ਗੋਲੀ ਚਲਾਈ। ਗੋਲੀ ਸ਼ੂਕਦੀ ਹੋਈ ਚਲੀ ਗਈ ਅਤੇ ਦਿਆਲ ਦੇ ਅੰਗ ਨੂੰ ਜਾ ਕੇ ਲੱਗੀ॥੩੫॥

ਗਿਰਜੋ ਭੂਮ ਬੀਚੰ ਮਹਾਂ ਰੋਸ ਰਾਚਾ। ਰਿਦੈ ਫੋਰ ਡਾਰਜੋ ਨਹੀਂ ਪਾਨ ਜਾਚਾ।
ਮਨੋ ਬ੍ਰਿਛ ਟੂਟਜੋ ਬਡੀ ਬਾਇ-ਸੰਗਾ। ਖਿੰਡੇ ਹਾਥ ਪੈਰੰ ਕਰੇ ਪ੍ਰਾਨ ਭੰਗਾ ॥ ੩੬ ॥

ਰੋਸ ਨਾਲ ਭਰਿਆ ਹੋਇਆ ਧਰਤੀ ਤੇ ਡਿੱਗ ਪਿਆ, ਹਿਰਦਾ ਪਾੜ ਦਿੱਤਾ ਤੇ ਉਸ ਪਾਣੀ ਵੀ ਨਾ ਮੰਗਿਆ। ਮਾਨੋ ਹਨੇਰੀ ਦੇ ਵੇਗ ਨਾਲ ਬ੍ਰਿੱਛ ਟੁੱਟ ਗਿਆ ਹੋਵੇ। ਹੱਥ ਪੈਰ ਖਿੰਡ ਗਏ ਤੇ ਪ੍ਰਾਣ ਦੂਰ ਹੋ ਗਏ॥੩੬॥

ਪਰਜੋ ਤੁੰਡ ਬਾਯੋ ਭਯੋ ਸੀਸ ਨੰਗਾ। ਪ੍ਰਿਥੀ ਸ਼੍ਰੋਨ ਫੈਲਜੋ ਭੰਗੇ ਤਾਂਹਿ ਅੰਗਾ।
ਗਤੀ ਸੂਰਮੇ ਕੀ ਲਹੀ ਦੇਵ ਲੋਕੰ। ਮਿਲੀ ਆਨਿ ਦੇਵੰਬਧੂ ਕੈ ਅਸ਼ੋਕੰ ॥ ੩੭ ॥

ਮੂੰਹ ਅੱਡਿਆ ਰਹਿ ਗਿਆ ਤੇ ਸਿਰ ਨੰਗਾ ਸੀ, ਧਰਤੀ 'ਤੇ ਲਹੂ ਫੈਲ ਗਿਆ ਤੇ ਉਸਦੇ ਸਰੀਰ ਦੇ ਅੰਗ ਭੰਗ ਹੋ ਗਏ। ਸਵਰਗਾਂ ਵਿਚ ਉਸ ਦੀ ਗਤੀ ਸੂਰਮਿਆਂ ਵਾਲੀ ਵੇਖੀ ਗਈ ਤੇ ਅਨੰਦ ਮੰਗਲ ਕਰਕੇ ਦੇਵਤਿਆਂ ਦੀਆਂ ਇਸਤਰੀਆਂ ਆ ਕੇ ਮਿਲੀਆਂ॥੩੭॥

ਮਰਜੋ ਮਾਰ ਮਾਰੰ ਬਕੰਤੰ ਸਰੋਸੰ। ਦਿਯੋ ਪ੍ਰਾਨ ਸੌਂਹੰ ਮਿਟੇ ਪਾਪ ਦੋਸ਼ੰ।
ਜਬੈ ਦਜਾਲ ਮਾਰਜੋ ਪਿਖੀ ਸੈਨ ਸਾਰੀ। ਲਰੈਂ ਬੀਰ ਠਾਂਢੇ ਤਊ ਧੀਰ ਹਾਰੀ ॥ ੩੮ ॥

'ਮਾਰ ਲਵੋ ਮਾਰ ਲਵੋ' ਕਹਿੰਦਾ ਮਰ ਗਿਆ, ਬੜੀ ਖੁਸ਼ੀ ਨਾਲ ਪ੍ਰਾਣ ਦਿੱਤੇ ਜਿਸ ਕਰਕੇ ਸਾਰੇ ਪਾਪ ਅਤੇ ਦੋਸ਼ ਖਤਮ ਹੋ ਗਏ। ਜਦ ਦਿਆਲ ਮਾਰਿਆ ਗਿਆ ਤਾਂ ਸਾਰੀ ਸੈਨਾ ਨੇ ਵੇਖਿਆ, ਜਿਹੜੇ ਸੂਰਬੀਰ ਖੜੇ ਹੋ ਕੇ ਲੜ ਰਹੇ ਸਨ, ਉਹ ਧੀਰਜ ਹਾਰ ਗਏ॥੩੮॥

ਕਟੋਚੀ ਕ੍ਰਿਪਾਲੰ ਬਿਲੋਕਜੋ ਦਯਾਲਾ। ਹੁਤੇ ਔਰ ਸੈਲੰ ਪਤੀ ਧੀਰ ਹਾਲਾ।
ਮਨੋ ਜੰਗ ਕੇ ਤੋਰ ਡਾਰੇ ਕਪਾਟੰ। ਕਿਧੌਂ ਥੰਭ ਗਾਡਜੋ ਪ੍ਰਭੂ ਨੇ ਉਪਾਟੰ ॥ ੩੯ ॥

ਕ੍ਰਿਪਾਲ ਕਟੋਚੀਏ ਨੇ ਦਿਆਲ ਨੂੰ ਮਰਿਆ ਹੋਇਆ ਵੇਖਿਆ। ਹੋਰ ਪਹਾੜੀ ਰਾਜੇ ਵੀ ਧੀਰਜ ਧਾਰ ਕੇ ਖੜੇ ਸਨ। ਮਾਨੋ ਜੰਗ ਦਾ ਤਖਤਾ ਤੋੜ ਦਿੱਤਾ ਹੋਵੇ ਜਾਂ ਪ੍ਰਭੂ ਨੇ ਗੱਡੇ ਹੋਏ ਖੰਭੇ ਨੂੰ ਹੀ ਪੁੱਟ ਦਿੱਤਾ ਹੋਵੇ॥੩੯॥

ਭਯੋ ਸ਼ੋਕ ਸ਼ੱਤ੍ਰਾਨ ਕੇ ਬੀਚ ਸਾਰੇ। ਹੁਤੀ ਕੋਟ ਕੀ ਓਟ ਮਾਨੋ ਬਿਦਾਰੇ।
ਪਿਖਯੋ ਭੀਮਚੰਦੰ ਬਡੰ ਜੰਗ ਮਾਨੀ। ਹਤਯੋ ਸ੍ਰੀਗੁਰੂ ਨੈ ਫਤੇ ਲੀਨਿ ਜਾਨੀ ॥੪੦॥

ਵੈਰੀਆਂ ਵਿਚ ਸਾਰੇ ਸੋਗ ਫੈਲ ਗਿਆ, ਮਾਨੋ ਕਿਲ੍ਹੇ ਦੀ ਓਟ ਸੀ ਜੋ ਢਹਿ ਗਈ ਸੀ। ਭੀਮ ਚੰਦ ਨੇ ਉਸ ਨੂੰ ਵੇਖ ਕੇ ਜੰਗ ਦਾ ਗੌਰਵ ਸਮਝਿਆ। ਗੁਰੂ ਜੀ ਵਲੋਂ ਉਸ ਨੂੰ ਮਾਰਿਆ ਵੇਖ ਕ੍ਰੇ ਫਤਹਿ ਪ੍ਰਾਪਤ ਕਰ ਲਈ ਜਾਣੀ॥੪੦॥

ਪ੍ਰਿਥੀਚੰਦ ਆਦੰ ਅਨੰਦੇ ਬਿਲੰਦੇ। ਅਬੈ ਹੈਂ ਨ ਠਾਂਢੇ ਡਰੈਂ ਸ਼ੱਤ੍ਰ ਮੰਦੇ।
ਚਲਾਈ ਤੁਫੰਗੈਂ ਕੜਾਕਾੜ ਛੋਰੀ। ਮਨੋ ਮੇਘ ਓਰੇ ਪਰੇ ਪੁੰਜ ਗੋਰੀ॥ ੪੧॥

ਪ੍ਰਿਥੀਚੰਦ ਆਦਿ ਬਹੁਤ ਪ੍ਰਸੰਨ ਹੋਏ। ਹੁਣ ਮਾੜੇ ਵੈਰੀ ਡਰ ਜਾਣਗੇ ਤੇ ਸਾਹਮਣੇ ਖੜੇ ਨਹੀਂ ਹੋਣਗੇ। ਬੰਦੂਕਾਂ ਚਲਾ ਕੇ ਕੜਾਕਾੜ ਛੱਡ ਦਿੱਤੀਆਂ, ਮਾਨੋ ਗੜ੍ਹੇ ਰੂਪੀ ਗੋਲੀਆਂ ਵਰ੍ਹ ਰਹੀਆਂ ਸਨ॥੪੧॥

ਬਲੰ ਆਪਨੋ ਓਜ ਦੋਨੋ ਲਗਾਏ। ਖਿੰਚੈਂ ਚਾਂਪ ਕੋ ਤੀਰ ਤੀਖੇ ਚਲਾਏ।
ਖਰੰ ਸੇਲ ਠੇਲੇ ਭਈ ਰੇਲ ਪੇਲਾ। ਮਿਲੇ ਤੁੰਡ ਬੈਰੀਨ ਕੇ ਹੇਲ ਝੇਲਾ॥ ੪੨॥

ਆਪਣਾ ਬਲ ਅਤੇ ਸ਼ਕਤੀ ਦੋਵਾਂ ਨੇ ਲਾਏ, ਧਨੁੱਖ ਖਿੱਚ ਖਿੱਚ ਕੇ ਤਿੱਖੇ ਤੀਰ ਚਲਾਏ। ਤਿੱਖੇ ਨੇਜ਼ੇ ਅੱਗੇ ਕਰਕੇ ਉਲਟਾ ਦਿੱਤੇ। ਸਾਰਿਆਂ ਮਿਲ ਕੇ ਵੈਰੀ ਦਾ ਹੱਲਾ ਝਲਿਆ॥੪੨॥

ਇਸੀ ਰੀਤਿ ਮਾਚਯੋ ਮਹਾਂ ਜੰਗ ਰੌਰਾ। ਲਹੂ ਮਾਸ ਤੇ ਦਾਰੁਨੰ ਭੂਰ ਠੌਰਾ।
ਮਰੇ ਪੁੰਜ ਬਾਜੀ, ਪਰੇ ਖੇਤ ਮਾਂਹੀ। ਲਗੇ ਘਾਇ ਘੂਮੇ ਘਨੇ ਧੂਮ ਤਾਂਹੀ॥ ੪੩॥

ਇਸੇ ਰੀਤੀ ਨਾਲ ਜੰਗ ਦਾ ਮਹਾਨ ਰੌਲਾ ਮੱਚਿਆ, ਲਹੂ ਮਾਸ ਨਾਲ ਸਾਰੀ ਥਾਂ ਬਹੁਤ ਭਿਆਨਕ ਹੋ ਗਈ। ਬਹੁਤ ਘੋੜੇ ਮਰ ਕੇ ਰਣਖੇਤਰ ਵਿਚ ਡਿੱਗੇ ਹੋਏ ਸਨ, ਉਸ ਹਮਲੇ ਵਿਚ ਬਹੁਤ ਸੈਨਕ ਜ਼ਖਮੀ ਹੋ ਕੇ ਘੁੰਮ ਰਹੇ ਸਨ॥੪੩॥

*ਦੂਸਰੀ ਰੁੱਤ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

## ਅਧਿਆਇ ਬਤਾਲ੍ਹੀਵਾਂ

*ਜੰਗ ਜਿੱਤਣਾ, ਅਲਫ ਖਾਂ ਦਾ ਰਾਤੀਂ ਨੱਸਣਾ*

*ਦੋਹਰਾ-* ਕਛੁਕ ਧੀਰ ਧਰਿ ਅਰ ਰਹੇ ਲਖਿ ਸ੍ਰੀ ਗੋਬਿੰਦ ਸਿੰਘ।
ਦੀਨ ਤੁਫੰਗ ਸੁ ਦਾਸ ਕੌ ਗਰਜੇ ਸ੍ਰੀ ਰਣ ਸਿੰਘ॥ ੧॥

ਵੈਰੀ ਕੁਝ ਧੀਰਜ ਧਾਰ ਕੇ ਅੜੇ ਰਹੇ, ਭੱਜੇ ਨਹੀਂ, ਇਹ ਗੱਲ ਜਾਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਸੇਵਕ ਨੂੰ ਦੇ ਦਿੱਤੀ ਤੇ ਸਤਿਗੁਰੂ ਜੀ ਯੁੱਧ ਵਿਚ ਸ਼ੇਰ ਵਾਂਗ ਗੱਜੇ॥੧॥

*ਪਾਧੜੀ ਛੰਦ-* ਧਰਿ ਚਾਂਪ ਹਾਥ ਹਯ ਕੋ ਫੰਧਾਇ। ਰਿਪੁ ਸਮੁਖ ਹੋਇ ਕਰਿ ਜੀਤ ਚਾਇ।
ਬਡ ਬੇਗ ਸਾਥ ਭਾਥਾ ਮਝਾਰ। ਕਾਢਯੋ ਖਤੰਗ ਖਰ ਮਨੋ ਮਾਰ॥ ੨॥

ਹੱਥ ਵਿਚ ਧਨੁੱਖ ਲੈ ਕੇ ਘੋੜੇ ਨੂੰ ਟਪਾਇਆ, ਵੈਰੀ ਦੇ ਸਾਹਮਣੇ ਹੋ ਕੇ ਜਿੱਤ ਚਾਹੀ। ਬੜੀ ਤੇਜ਼ੀ ਨਾਲ ਫਿਰ ਭੱਥੇ ਵਿਚੋਂ ਸੱਪ ਵਰਗਾ ਤੀਰ ਕੱਢਿਆ॥੨॥

ਗੁਨ ਬਿਖੈ ਸੰਧਿ ਕਰਿ ਤਾਨ ਤਾਨ। ਰਿਸ ਧਰਿ ਬਿਸਾਲ ਮੁਚਕੰਤਿ ਬਾਨ।
ਭਬਿ ਗਯੋ ਸੂਕ ਕਰਿ ਬੇਗ ਭੂਰ। ਜਿਸ ਪੇਖਿ ਭਏ ਭੈ ਭੀਤ ਸੂਰ॥ ੩॥

ਚਿੱਲੇ ਵਿਚੋਂ ਸੰਨ ਕੇ ਤੇ ਜ਼ੋਰ ਨਾਲ ਖਿੱਚ ਕੇ ਤੇ ਵਿਸ਼ਾਲ ਕ੍ਰੋਧ ਧਾਰ ਕੇ ਤੀਰ ਛੱਡ ਦਿੱਤਾ। ਤਦ ਤੀਰ ਸ਼ੂਕਦਾ ਹੋਇਆ ਬੜੀ ਤੇਜ਼ੀ ਨਾਲ ਗਿਆ, ਜਿਸ ਨੂੰ ਵੇਖ ਕੇ ਸੂਰਬੀਰ ਭੈਭੀਤ ਹੋ ਗਏ॥੩॥

ਸ਼ੱਤ੍ਰੁਨਿ ਬੀਚ ਕਰਿ ਰੌਰ ਡਾਰ। ਇਤ ਉਤ ਤਕਾਹਿ ਉਰ ਧੀਰ ਹਾਰ।
ਪੁਨ ਅਪਰ ਤੀਰ ਸਤਿਗੁਰ ਨਿਕਾਸਿ। ਧਰ ਜੇਹ ਜੋਰਿ ਕਰ ਜੋਰ ਤਾਸ॥ ੪॥

ਵੈਰੀਆਂ ਵਿਚ ਰੌਲਾ ਮੱਚ ਗਿਆ, ਹਿਰਦੇ ਵਿਚੋਂ ਧੀਰਜ ਹਾਰ ਕੇ ਏਧਰ ਓਧਰ ਤੱਕਦੇ ਸਨ। ਫਿਰ ਸਤਿਗੁਰੂ ਜੀ ਨੇ ਹੋਰ ਤੀਰ ਕੱਢਿਆ ਤੇ ਹੱਥ ਦੇ ਜ਼ੋਰ ਨਾਲ ਉਸ ਤੀਰ ਨੂੰ ਚਿੱਲੇ ਵਿਚ ਜੋੜਿਆ॥੪॥

ਚਰੜੰਤਿ ਚਾਂਪ ਬਰਖੰਤਿ ਤੀਰ। ਸਰੜੰਤਿ ਜਾਤਿ ਬਰੜੰਤਿ ਬੀਰ।
ਤਕਯੰਤਿ ਸ਼ੱਤ੍ਰੁ ਹਤਯੰਤਿ ਜੰਗ। ਅਤਿਯੰਤਿ ਤ੍ਰਾਸਿ ਥਰਰੰਤਿ ਅੰਗ॥ ੫॥

ਧਨੁੱਖ ਨੇ ਫਿਰ ਚਿਰੜ ਚਿਰੜ ਕੀਤੀ ਤੇ ਤੀਰ ਚਲ ਗਿਆ। ਸ਼ੂਕਦੇ ਹੋਏ ਤੀਰ ਸੂਰਮਿਆਂ ਦੇ ਸਰੀਰਾਂ ਵਿਚ ਜਾ ਵੜਦੇ ਹਨ। ਗੁਰੂ ਜੀ ਤੱਕ ਕੇ ਵੈਰੀਆਂ ਨੂੰ ਮਾਰਦੇ ਹਨ। ਵੈਰੀਆਂ ਦੇ ਅਤੀ ਡਰ ਨਾਲ ਅੰਗ ਕੰਬਦੇ ਹਨ॥੫॥

ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ। ਖਿਚਯੰਤਿ ਚਾਂਪ ਲਗਯੰਤਿ ਕਾਨਿ।
ਮੁਚਕੰਤਿ ਜਾਤਿ, ਬਰਿਯੰਤਿ ਧਾਇ। ਗਿਰਯੰਤਿ ਬੀਰ ਬਕਯੰਤਿ 'ਹਾਇ'॥ ੬॥

ਗੁਰੂ ਜੀ ਹੋਰ ਤੀਰ ਬੜੀ ਛੇਤੀ ਕੱਢਦੇ ਹਨ ਤੇ ਧਨੁੱਖ ਨੂੰ ਕੰਨ ਤਕ ਖਿੱਚਦੇ ਹਨ ਤੇ ਤੀਰ ਵੈਰੀ ਦੇ ਸਰੀਰ ਵਿਚ ਜਾ ਜਾ ਪ੍ਰਵੇਸ਼ ਕਰਦਾ ਹੈ। ਸੂਰਬੀਰ ਧਰਤੀ 'ਤੇ ਡਿੱਗ ਕੇ 'ਹਾਇ ਹਾਇ' ਕਰਦੇ ਹਨ॥੬॥

ਇਮ ਚਾਰ ਬਾਨ ਦਾਏਂ ਸੁ ਹਾਥ। ਖਿਚ ਸ਼ੱਤ੍ਰੁਨਿ ਮਾਰੇ ਕੋਪ ਸਾਥਿ।
ਪੁਨ ਬਾਮ ਹਾਥ ਤੇ ਐਂਚਿ ਚਾਪ। ਬਿੱਦਯਾ ਪ੍ਰਬੀਨ ਧਨੁ ਬਾਨ ਆਪ॥ ੭॥

ਇਸ ਤਰ੍ਹਾਂ ਗੁਰੂ ਜੀ ਨੇ ਕ੍ਰੋਧ ਵਿਚ ਆ ਕੇ ਚਾਰ ਤੀਰ ਸੱਜੇ ਹੱਥ ਨਾਲ ਮਾਰੇ। ਫਿਰ ਧਨੁੱਖ ਵਿਦਿਆ ਵਿਚ ਨਿਪੁੰਨ ਗੁਰੂ ਜੀ ਨੇ ਖੱਬੇ ਹੱਥ ਨਾਲ ਤੀਰ ਕਮਾਨ ਖਿੱਚਿਆ॥ ੭॥

ਛੋਰੇ ਖਤੰਗ ਭਟ ਅੰਗ ਭੰਗ। ਮੁਖ ਰਕਤ ਮਨੋ ਰਸ ਬੀਰ ਰੰਗ।
ਦਲ ਅਰਿਨਿ ਸਮੁਖ ਕਰਿਕੈ ਪਯਾਨ। ਚਪਲਾਇ ਤੁਰੰਗਮ ਕੋ ਮਹਾਨ॥ ੮॥

ਤੀਰ ਛੱਡ ਕੇ ਸੂਰਮਿਆਂ ਦੇ ਅੰਗ ਭੰਗ ਕੀਤੇ। ਮੂੰਹ ਵਿਚੋਂ ਲਹੂ ਨਿਕਲ ਰਿਹਾ ਸੀ, ਮਾਨੋ ਬੀਰ ਰਸ ਦਾ ਰੰਗ ਚੜ੍ਹਿਆ ਸੀ। ਫਿਰ ਗੁਰੂ ਜੀ ਵੈਰੀਆਂ ਦੇ ਦਲ ਦੇ ਸਾਹਮਣੇ ਹੋ ਗਏ। ਉਨ੍ਹਾਂ ਫਿਰ ਘੋੜੇ ਨੂੰ ਬਹੁਤ ਚੰਚਲ ਕੀਤਾ॥ ੮॥

ਬਡ ਹੇਲ ਘਾਲਿ ਕਰਿ ਧੂਮ ਧਾਮ। ਪਹੁਚੇ ਸਮੀਪ ਨਹਿਂ ਦੈ ਅਰਾਮ।
ਧੀਰਜ ਛੁਰਾਇ ਦਲ ਕੋ ਭਜਾਇ। ਕਰ ਬਾਮ ਬਾਨ ਤ੍ਰੈ ਕੋ ਚਲਾਇ॥ ੯॥

ਧੂਮ-ਧਾਮ ਨਾਲ ਵੱਡਾ ਹੱਲਾ ਕੀਤਾ, ਵੈਰੀ ਦੇ ਕੋਲ ਪਹੁੰਚ ਕੇ ਉਸ ਨੂੰ ਆਰਾਮ ਨਹੀਂ ਕਰਨ ਦਿੱਤਾ। ਧੀਰਜ ਛੁਡਵਾ ਕੇ ਵੈਰੀ ਦਲ ਨੂੰ ਭਜਾਇਆ ਤੇ ਖੱਬੇ ਹੱਥ ਨਾਲ ਗੁਰੂ ਜੀ ਨੇ ਤਿੰਨ ਤੀਰ ਚਲਾਏ॥ ੯॥

ਗੁਰ ਕੀ ਸਹਾਇ ਲੈ ਭੀਮਚੰਦ। ਬੀਰਨਿ ਬਿੰਗਾਰ ਧੀਰਜ ਬਿਲੰਦ।
ਘੋਰਨਿ ਚਲਾਇ ਮੋਰਨਿ ਮਨਿੰਦ। ਕਹਿ 'ਮਾਰ ਮਾਰ' ਉਮਡੇ ਨਰਿੰਦ॥੧੦॥

ਰਾਜੇ ਭੀਮ ਚੰਦ ਨੇ ਗੁਰੂ ਜੀ ਦੀ ਸਹਾਇਤਾ ਲੈ ਕੇ ਵੱਡੇ ਧੀਰਜ ਨਾਲ ਸੂਰਬੀਰਾਂ ਨੂੰ ਵੰਗਾਰਿਆ। ਮੋਰਾਂ ਵਾਂਗ ਘੋੜਿਆਂ ਨੂੰ ਚਲਾਇਆ ਤੇ 'ਮਾਰ ਲਵੋ ਮਾਰ ਲਵੋ' ਕਰਦਾ ਰਾਜਾ ਉਮਡ ਪਿਆ॥ ੧੦॥

ਜੇ ਹੁਤੇ ਕਟੋਚ ਕ੍ਰਿਪਾਲ ਆਦਿ। ਹਲਿ ਗਏ ਪਾਇ ਪਾਛੇ ਬਿਬਾਦਿ।
ਭਟ ਬਲੀ ਗਯੋ ਮਰਿ ਭਿਰਹਿ ਕੋਇ। ਗੁਰੁ ਕੋ ਪ੍ਰਤਾਪ ਨਹਿ ਸਹਹਿਂ ਸੋਇ॥੧੧॥

ਜਿਹੜੇ ਕ੍ਰਿਪਾਲ ਕਟੋਚ ਆਦਿ ਸਨ, ਉਹ ਲੜਦੇ-ਲੜਦੇ ਪਿੱਛੇ ਹਟ ਗਏ। ਵੱਡਾ ਸੂਰਬੀਰ ਮਰ ਗਿਆ ਸੀ, ਹੁਣ ਕੌਣ ਭਿੜੇ। ਉਹ ਗੁਰੂ ਜੀ ਦੇ ਪ੍ਰਤਾਪ ਨੂੰ ਸਹਾਰ ਨਹੀਂ ਸੀ ਸਕਦੇ॥ ੧੧॥

ਤਜਿ ਖੇਤ, ਬਾਰ ਕੀ ਕਰਿ ਸੰਭਾਰ। ਹਤਿ ਸਨੇ ਸਨੇ ਲਰਤੇ ਜੁਝਾਰ।
ਕਠ ਗੜ੍ਹ ਉਤੰਗ ਥਲ ਗਾਢਿ ਜੋਇ। ਤਹਿਂ ਭਾਜਿ ਪ੍ਰਵੇਸ਼ੇ ਜਾਇ ਸੋਇ॥੧੨॥

ਰਣਖੇਤਰ ਨੂੰ ਛੱਡ ਕੇ ਲੱਕੜਾਂ ਦੇ ਵਾੜੇ ਵਿਚ ਚਲੇ ਗਏ। ਹੌਲੀ-ਹੌਲੀ ਸੂਰਬੀਰ ਲੜਦੇ ਵਾਰ ਕਰ ਰਹੇ ਸਨ। ਕਾਠ ਦੇ ਵਾੜੇ ਵਿਚ ਜਿਹੜਾ ਉੱਚਾ ਸਥਾਨ ਸੀ ਭੱਜ ਕੇ ਜਾ ਕੇ ਓਥੇ ਪ੍ਰਵੇਸ਼ ਕਰ ਗਏ॥ ੧੨॥

ਕੇਤਿਕ ਥਿਰੰਤਿ ਬਾਹਿਰ ਸੁਭੱਟ। ਪਿਖਿ ਹਿਲੇ ਪਾਇ ਤਿਨ ਕੋ ਦਬੱਟ।
ਇਕ ਬਾਰ ਕੜਾਕੜ ਛੁਟਿ ਤੁਫੰਗ। ਗੁਲਕਾਨਿ ਲਗਤਿ ਕਰਿ ਅੰਗ ਭੰਗ॥੧੩॥

ਕਈ ਸੂਰਮੇ ਬਾਹਰ ਖੜੇ ਸਨ, ਉਨ੍ਹਾਂ ਨੂੰ ਦਬਾਉਣ ਵਾਸਤੇ ਪੈਰ ਹਿਲੇ। ਇਕ ਵਾਰ ਕੜਕੜ ਕਰਦੀਆਂ ਗੋਲੀਆਂ ਚਲੀਆਂ ਜਿਹੜੀਆਂ ਵੈਰੀਆਂ ਨੂੰ ਲੱਗ ਕੇ ਅੰਗ ਵਿੰਨ੍ਹ ਦਿੰਦੀਆਂ ਸਨ॥ ੧੩॥

ਕਾਢੇ ਕ੍ਰਿਪਾਨ ਕਾਟੇ ਸਰੀਰ। ਬਾਢੇ ਉਮੰਗ ਲਖਿ ਜੀਤ ਬੀਰ।
ਬਹੁ ਬਜਨ ਬਾਜ ਉਤਸਾਹ ਹੇਤੁ। ਸਭਿ ਵਧੇ ਅੱਗ੍ਰ ਲਿਯ ਜੁੱਧ ਖੇਤ॥੧੪॥

ਕ੍ਰਿਪਾਨਾਂ ਕੱਢ ਕੇ ਸਰੀਰ ਕੱਟ ਦਿੱਤੇ, ਸੂਰਮੇ ਜਿੱਤ ਨੂੰ ਵੇਖ ਕੇ ਬਹੁਤ ਉਤਸ਼ਾਹਿਤ ਹੋ ਗਏ। ਉਤਸ਼ਾਹ ਵਾਸਤੇ ਬਹੁਤ ਵਾਜੇ ਵੱਜੇ। ਸਾਰੇ ਯੁੱਧ ਜਿੱਤਣ ਵਾਸਤੇ ਅੱਗੇ ਵਧੇ॥ ੧੪॥

ਬਹੁ ਭਈ ਲੋਥ ਪੋਥਨ ਕਰਾਲ। ਗਨ ਮਾਸ ਖਾਤਿ ਕੂਕਰ ਸ਼੍ਰਿੰਗਾਲ।
ਗਨ ਗਿੱਧ ਬ੍ਰਿੱਧ ਭਰਮਤਿ ਅਕਾਸ਼। ਭਰਿ ਚੋਂਚ ਮਾਸ ਕੇ ਕਰਤਿ ਗ੍ਰਾਸ॥੧੫॥

ਵਿਕਰਾਲ ਰੂਪ ਵਿਚ ਬਹੁਤ ਲੋਥਾਂ ਉੱਤੇ ਲੋਥਾਂ ਚੜ੍ਹ ਗਈਆਂ। ਬਹੁਤ ਗਿਰਝਾਂ ਅਕਾਸ਼ ਵਿਚ ਭੌਂ ਰਹੀਆਂ ਸਨ ਤੇ ਚੁੰਝਾਂ ਭਰ ਭਰ ਮਾਸ ਖਾ ਰਹੀਆਂ ਸਨ॥ ੧੫॥

ਮਿਲਿ ਕੰਕ ਬੰਕ ਅਰੁ ਕਾਕ ਚੂਕ। ਕੂਕਰ ਕਰਾਲ ਢਿਗ ਢੂਕ ਢੂਕਿ।
ਬਹੁ ਕਰਤਿ ਜੋਗਨੀ ਸ਼੍ਰੋਨ ਪਾਨ। ਨਾਚੰਤਿ ਫਿਰਤਿ ਮੁਖ ਕਰਤਿ ਗਾਨ।੧੬॥

ਛੋਟੀਆਂ ਇਲਾਂ ਅਤੇ ਕਾਂ ਕੂਕਦੇ ਸਨ। ਭਿਆਨਕ ਕੁੱਤੇ ਲੋਥਾਂ ਦੇ ਨੇੜੇ ਢੁੱਕਦੇ ਸਨ। ਜੋਗਨੀਆਂ ਬਹੁਤ ਲਹੂ ਪੀ ਰਹੀਆਂ ਸਨ, ਨੱਚਦੀਆਂ ਫਿਰਦੀਆਂ ਮੁਖ ਤੋਂ ਗੀਤ ਗਾਉਂਦੀਆਂ ਸਨ॥ ੧੬॥

ਲੀਨੇ ਧਕਾਇ ਕਰਿ ਨੇਰ ਨੇਰ। ਤਹਿਂ ਅਰੇ ਬੀਰ ਲਰਿ ਫੇਰ ਫੇਰ।
ਚਹੁੰ ਦਿਸ਼ਿਨਿ ਬਿਖੈ ਰਿਪੁ ਘੇਰ ਘੇਰ। ਗੁਲਕਾਨਿ ਬਾਨ ਹਤਿ ਹੇਰਿ ਹੇਰਿ॥੧੭॥

ਇਹ ਧੱਕੇ ਦੇ ਕੇ ਨੇੜੇ ਹੀ ਨੇੜੇ ਕਰਦੇ ਆਉਂਦੇ ਸਨ, ਓਥੇ ਸੂਰਮੇ ਫਿਰ ਫਿਰ ਲੜ ਕੇ ਅੜ ਗਏ। ਚਾਰੇ [illegible]ਆਂ ਤੋਂ ਵੈਰੀ ਨੂੰ ਘੇਰ ਘੇਰ ਕੇ ਤੇ ਵੇਖ ਵੇਖ ਕੇ ਤੀਰ ਅਤੇ ਗੋਲੀਆਂ ਮਾਰਦੇ ਸਨ॥ ੧੭॥

Sri Satguru Jagjit Singh Ji eLlibrary NamdhariElibrary@gmail.com

ਕਰਤੇ ਪ੍ਰਹਾਰ ਭਟ ਦੌਰਿ ਦੌਰਿ। ਤ੍ਰਾਸਹਿਂ ਉਪਾਇ ਫਿਰਿ ਠੌਰ ਠੌਰ।
ਸ਼ਸਤ੍ਰਨਿ ਪ੍ਰਹਾਰਿ ਬਹੁ ਮਾਰਿ ਮਾਰਿ। ਜੋ ਅਰੇ ਸ਼ਤ੍ਰੁ ਤਿਨ ਟਾਰਿ ਟਾਰਿ॥੧੮॥

ਸੂਰਬੀਰ ਭੱਜ ਭੱਜ ਕੇ ਵਾਰ ਕਰਦੇ ਸਨ, ਥਾਂ ਥਾਂ ਫਿਰ ਕੇ ਡਰ ਉਤਪੰਨ ਕਰਦੇ ਸਨ। ਮਾਰ ਮਾਰ ਕੇ ਸ਼ਸਤਰਾਂ ਦੇ ਬਹੁਤ ਵਾਰ ਕਰਦੇ ਸਨ, ਜਿਹੜਾ ਵੈਰੀ ਅੜਦਾ ਸੀ ਉਸਨੂੰ ਹਟਾ ਹਟਾ ਕੇ ਮਾਰਦੇ ਸਨ॥ ੧੮॥

ਪ੍ਰਭੁ ਸਪਤ ਬਾਨ ਤੇ ਜੀਤ ਜੁੱਧ। ਪ੍ਰਵਿਸ਼ਾਇ ਦੀਏ ਬਿਚ ਬਾਰਿ ਕ੍ਰੁੱਧ।
ਨਹਿਂ ਥਿਰਯੋ ਗਯੋ ਬਾਹਿਰ ਬਿਸਾਲ। ਕਠਗੜੇ ਬਿਖੈ ਬੜਿਗੇ ਉਤਾਲ॥੧੯॥

ਸਤਿਗੁਰੂ ਜੀ ਨੇ ਸਤਾਂ ਤੀਰਾਂ ਨਾਲ ਯੁੱਧ ਜਿੱਤ ਕੇ ਵੈਰੀਆਂ ਨੂੰ ਕ੍ਰੋਧ ਕਰਕੇ ਲੱਕੜਾਂ ਦੇ ਵਾੜੇ ਵਿਚ ਧੱਕ ਦਿੱਤਾ। ਉਨ੍ਹਾਂ ਪਾਸੋਂ ਬਾਹਰ ਨਾ ਖਲੋਤਾ ਗਿਆ। ਲੱਕੜਾਂ ਦੀ ਗੜ੍ਹੀ ਵਿਚ ਉਤਾਵਲੇ ਹੋ ਕੇ ਜਾ ਦਾਖ਼ਲ ਹੋਏ॥ ੧੯॥

ਬਿਚ ਬਰੇ ਬਾਰਿ ਪਿਖਿ ਬਾਰਿ ਬਾਰਿ। ਅਰ ਰਹੇ ਓਜ ਅਰਿ ਧਾਰਿ ਧਾਰਿ।
ਛੂਟੇ ਤੁਫੰਗ ਬੁੰਗੇਰ ਫੇਰ। ਬਿਚ ਥਿਰ ਕਟੋਚੀਆ ਲੀਨਿ ਘੇਰ॥ ੨੦॥

ਵਾੜੇ ਵਿਚ ਵੜੇ ਹੋਏ ਫਿਰ ਬਾਰ-ਬਾਰ ਵੇਖਦੇ ਸਨ। ਫਿਰ ਕਾਠ ਦੀ ਗੜ੍ਹੀ ਵਲ ਗੋਲੀਆਂ ਚਲਾਈਆਂ ਤੇ ਗੜ੍ਹੀ ਵਿਚ ਟਿਕੇ ਕਟੋਚੀਏ ਨੂੰ ਘੇਰ ਲਿਆ॥ ੨੦॥

ਪੁਨ ਭਯੋ ਜੁੱਧ ਕ੍ਰੁੱਧਤਿ ਕਰਾਰ। ਛੁਟਕੰਤਿ ਬਾਨ ਗੋਰੀ ਹਜ਼ਾਰ।
ਥਿਰ ਭਏ ਬੀਚ ਸ਼ੱਤ੍ਰੁਨਿ ਬਿਲੋਕਿ। ਤਬਿ ਸੁਭਟ ਆਪਨੇ ਲੀਨਿ ਰੋਕ॥ ੨੧॥

ਫਿਰ ਬੜਾ ਕ੍ਰੋਧ ਧਾਰ ਕੇ ਕਰਾਰਾ ਯੁੱਧ ਹੋਇਆ, ਹਜ਼ਾਰਾਂ ਗੋਲੀਆਂ ਅਤੇ ਬਾਣ ਚੱਲੇ। ਵੈਰੀ ਨੂੰ ਲੱਕੜ ਦੇ ਵਾੜੇ ਵਿਚ ਘਿਰੇ ਵੇਖ ਕੇ ਫਿਰ ਸਤਿਗੁਰੂ ਜੀ ਨੇ ਆਪਣੇ ਸੂਰਮਿਆਂ ਨੂੰ ਰੋਕ ਲਿਆ॥ ੨੧॥

ਅਬਿ ਗਏ ਹਾਰ, ਬਿਚ ਹੋਇ ਗਾਢ। ਨਿਕਸਹਿਂ ਨ ਵਹਿਰ ਬਡ ਤ੍ਰਾਸਿ ਬਾਢਿ।
ਇਮ ਫਤੇ ਲੀਨਿ ਪ੍ਰਭੁ ਰਨ ਮਝਾਰ। ਦੁਇ ਦਿਸ਼ਨਿ ਬੀਰ ਲਖਿ ਕੈ ਉਦਾਰ॥੨੨॥

ਹੁਣ ਹਾਰ ਗਏ ਹਨ ਤੇ ਕਾਠ ਦੀ ਗੜ੍ਹੀ ਵਿਚ ਟਿਕ ਗਏ ਹਨ। ਇਨ੍ਹਾਂ ਦਾ ਡਰ ਬਹੁਤ ਵਧਿਆ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਰਣਖੇਤਰ ਵਿਚ ਜਿੱਤ ਪ੍ਰਾਪਤ ਕੀਤੀ। ਦੋਵਾਂ ਪਾਸਿਆਂ ਦੇ ਸੂਰਮਿਆਂ ਨੇ ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝਿਆ॥ ੨੨॥

ਨਹਿਂ ਰਿਦੇ ਤ੍ਰਾਸ ਜਿਨ ਕੇ ਕਦਾਪਿ। ਰਿਪੁ ਕੋ ਪਲਾਇ ਹਤਿ ਤੀਰ ਆਪ।
'ਜਿਮ ਪ੍ਰਥਮ ਪਾਂਵਟਾ ਜੀਤ ਜੰਗ। ਗਨ ਸੈਲਪਤੀ ਕਰਿ ਤ੍ਰਾਸ ਸੰਗ॥ ੨੩॥

ਜਿਨ੍ਹਾਂ ਦੇ ਹਿਰਦੇ ਵਿਚ ਕਦੀ ਵੀ ਡਰ ਨਹੀਂ ਉਪਜਿਆ ਹੈ, ਆਪ ਤੀਰ ਮਾਰ ਕੇ ਵੈਰੀ ਨੂੰ ਭਜਾਇਆ। "ਜਿਵੇਂ ਪਹਿਲਾਂ ਪਾਉਂਟੇ ਦੀ ਜੰਗ ਜਿੱਤੀ ਸੀ, ਸਮੂਹ ਪਹਾੜੀ ਰਾਜਿਆਂ ਨੂੰ ਡਰਾਇਆ ਸੀ॥ ੨੩॥

ਅਬਿ ਤਿਸੀ ਰੀਤਿ ਇਹ ਜੀਤ ਪਾਇ। ਗੁਰ ਬੀਰ ਬਹਾਦੁਰ ਬਹੁ ਬਡਾਇ'।
ਇਮ ਕਰਤਿ ਕੀਰਤੀ ਸੁਭਟ ਬ੍ਰਿੰਦ। ਹਟਿ ਪਰੇ ਸਿਵਰ ਨਿਜ, ਕਰਿ ਅਨੰਦ॥੨੪॥

ਹੁਣ ਓਸੇ ਰੀਤੀ ਨਾਲ ਇਹ ਜਿੱਤ ਪ੍ਰਾਪਤ ਕੀਤੀ ਹੈ, ਗੁਰੂ ਜੀ ਬਹੁਤ ਵੱਡੇ ਸੂਰਬੀਰ ਅਤੇ ਬਹਾਦਰ ਹਨ।" ਸਾਰੇ ਸੂਰਮੇ ਗੁਰੂ ਜੀ ਦੀ ਇਸ ਤਰ੍ਹਾਂ ਕੀਰਤੀ ਕਰਦੇ ਹੋਏ ਪਿੱਛੇ ਹਟ ਕੇ ਆਪਣੇ ਡੇਰਿਆਂ ਵਿਚ ਜਾ ਕੇ ਅਨੰਦ ਕਰਨ ਲੱਗੇ॥ ੨੪॥

ਸ਼ੱਤ੍ਰੁਨਿ ਭਜਾਇ ਬਿਚ ਬਾਰ ਬਾਰਿ। ਤਬਿ ਆਨਿ ਕਰਯੋ ਡੇਰਾ ਸੁਧਾਰਿ।
ਦੁੰਦਭਿ ਬਜਾਇ ਹਰਖੰਤਿ ਬੀਰ। ਸਭਿ ਉਤਰ ਪਰੇ ਨਿਜ ਲੇ ਬਿਹੀਰ॥ ੨੫॥

ਵੈਰੀਆਂ ਨੂੰ ਭਜਾ ਕੇ ਵਾੜ ਵਿਚ ਧੱਕ ਦਿੱਤਾ ਤੇ ਫਿਰ ਆ ਕੇ ਸੁਧਾਰ ਕੇ ਡੇਰਾ ਕੀਤਾ। ਨਗਾਰੇ ਵਜਾ ਕੇ ਸੂਰਬੀਰ ਪ੍ਰਸੰਨ ਹੁੰਦੇ ਸਨ। ਸਾਰੇ ਆਪਣੀ-ਆਪਣੀ ਵਹੀਰ ਲੈ ਕੇ ਉੱਤਰ ਪਏ॥ ੨੫॥

ਸਤਿਗੁਰੂ ਸਿਵਰ ਆਪਨਿ ਲਗਾਇ। ਉਤ ਭੀਮਚੰਦ ਕੁਛ ਦੂਰ ਜਾਇ।
ਡੇਰਾ ਉਤਾਰਿ ਆਨੰਦ ਧਾਰਿ। ਬਿੱਸ੍ਰਾਮ ਕੀਨਿ ਨਿਸ ਤਮ ਗੁਜ਼ਾਰਿ॥ ੨੬॥

ਸਤਿਗੁਰੂ ਜੀ ਨੇ ਆਪਣਾ ਤੰਬੂ ਲਗਵਾਇਆ। ਓਧਰ ਭੀਮ ਚੰਦ ਨੇ ਕੁਝ ਦੂਰ ਜਾ ਕੇ ਅਨੰਦ ਧਾਰ ਕੇ ਡੇਰਾ ਲਾਇਆ। ਹਨੇਰੀ ਰਾਤ ਗੁਜ਼ਾਰ ਕੇ ਵਿਸ਼ਰਾਮ ਕੀਤਾ॥ ੨੬॥

ਨਹਿਂ ਦਿਸਹਿ ਨਿਕਟ ਤੇ ਜਾਤਿ ਕੋਇ। ਸਭਿ ਖਾਨ ਪਾਨ ਕਰਿ ਅਰਧ ਸੋਇ।
ਤਬਿ ਅਲਫਖਾਨ ਕਾਟੋਚ ਸੰਗ। ਮਿਲਿ ਮੰਤ੍ਰ ਕੀਨਿ 'ਨਹਿਂ ਬਨਹਿ ਜੰਗ॥ ੨੭॥

ਕੋਈ ਨੇੜੇ ਜਾਂਦਾ ਵੀ ਦਿਖਾਈ ਨਹੀਂ ਸੀ ਦਿੰਦਾ। ਸਭ ਕੁਝ ਖਾ ਪੀ ਕੇ ਅੱਧੇ ਸੌਂ ਗਏ। ਤਦ ਅਲਫਖਾਨ ਨੇ ਕਟੋਚ ਨਾਲ ਮਿਲ ਕੇ ਸਲਾਹ ਕੀਤੀ, "ਜੰਗ ਕਰਨੀ ਨਹੀਂ ਬਣਦੀ ਹੈ॥ ੨੭॥

ਤਜਿ ਬਾਰਿ ਚਲਹੁ ਇਸ ਬਾਰ ਆਪ। ਮਰਿ ਬਿਝੜਵਾਲੀਆ, ਸੁਭਟ ਖਾਪ।
ਗੁਰ ਬਡੋ ਬੀਰ ਇਨ ਕੋ ਸਹਾਇ। ਹਤਿ ਇਕ ਤੁਫੰਗ ਤੇ ਜੀਤ ਪਾਇ॥ ੨੮॥

ਵਾੜ ਛੱਡ ਕੇ ਇਸ ਵਾਰੀ ਚਲੇ ਜਾਵੋ। ਬਹੁਤ ਸੂਰਮੇ ਖਪ ਗਏ ਹਨ ਤੇ ਬਿਝੜਵਾਲੀਆ ਸੂਰਮਾ ਮਾਰਿਆ ਗਿਆ ਹੈ। ਵੱਡੇ ਸੂਰਬੀਰ ਗੁਰੂ ਜੀ ਇਨ੍ਹਾਂ ਦੇ ਸਹਾਇਕ ਬਣੇ ਹਨ, ਇਕ ਗੋਲੀ ਮਾਰ ਕੇ ਜਿੱਤ ਪ੍ਰਾਪਤ ਕਰ ਲਈ ਹੈ॥ ੨੮॥

ਜਬਿ ਹੋਇ ਪ੍ਰਾਤਿ ਘਮਸਾਨ ਘੋਰ। ਰਿਪੁ ਪਰਹਿਂ ਆਨ ਚਹੂੰ ਓਰ ਜੋਰ।
ਲਰਿ ਮ੍ਰਿਤੁ ਪਾਇ ਨ੍ਰਿਪ ਕੈ ਸੁਭੱਟ। ਬਿਨ ਦਯਾਲ ਭਿਰੈ ਤਹਿਂ ਕੌ ਦਬੱਟ?॥ ੨੯॥

ਜਦ ਸਵੇਰ ਹੋਈ ਤਾਂ ਫਿਰ ਘਮਸਾਨ ਦਾ ਯੁੱਧ ਹੋਵੇਗਾ, ਵੈਰੀ ਬੜੇ ਜ਼ੋਰ ਨਾਲ ਚਾਰੇ ਪਾਸਿਆਂ ਤੋਂ ਆ ਪਵੇਗਾ। ਰਾਜੇ ਦੇ ਸੂਰਮੇ ਲੜ ਕੇ ਮਰ ਜਾਣਗੇ। ਦਿਆਲ ਤੋਂ ਬਗੈਰ ਦਬਾਉਣ ਵਾਲਾ ਓਥੇ ਕੌਣ ਭਿੜੇਗਾ?॥ ੨੯॥

ਗੁਰ ਬਰੇ ਬੀਚ ਕਰਿ ਰੇਲ ਪੇਲ। ਹੁਇ ਖਰੋ ਕੌਨ ਤਿਨ ਹੇਲ ਝੇਲ।
ਨਾਹਕ ਮਰੰਤਿ, ਤਜਿ ਦੇਹੁ ਜੁੱਧ। ਗੁਰ ਬਿਨਾ ਇਨਹੁਂ ਪਰ ਪੁਨਹ ਕ੍ਰੁੱਧ॥ ੩੦॥

ਗੁਰੂ ਜੀ ਰੇਲ ਪੇਲ ਕਰਦੇ ਵਿਚ ਆ ਜਾਣਗੇ। ਉਨ੍ਹਾਂ ਦੇ ਹੱਲੇ ਨੂੰ ਕੌਣ ਖੜਾ ਹੋ ਕੇ ਝੱਲੇਗਾ। ਖਾਹਮਖਾਹ ਮਰਾਂਗੇ, ਇਸ ਕਰਕੇ ਯੁੱਧ ਛੱਡ ਦੇਵੋ। ਜਦੋਂ ਇਹ ਗੁਰੂ ਜੀ ਤੋਂ ਬਿਨਾਂ ਹੋਣਗੇ, ਉਸ ਸਮੇਂ ਇਨ੍ਹਾਂ ਨਾਲ ਲੜਾਂਗੇ॥ ੩੦॥

ਕਰਿ ਮਹਾਂ ਜੰਗ ਜੀਤੈਂ ਨਿਸੰਗ। ਇਕ ਰੰਗ ਸਦਾ ਹਮ ਤੋਹਿ ਸੰਗ'।
ਇਮ ਚਲਤਿ ਬਾਤਿ ਸੁਨਿ ਅਲਫਖਾਨ। ਮਨ ਜਾਨਿ ਮਾਨਿ ਸਨਮਾਨ ਠਾਨਿ॥ ੩੧॥

ਫਿਰ ਨਿਸੰਗ ਹੋ ਕੇ ਵੱਡਾ ਜੰਗ ਜਿੱਤਾਂਗੇ, ਅਸੀਂ ਸਦਾ ਤੇਰਾ ਸਾਥ ਦੇਵਾਂਗੇ।" ਜਦ ਇਸ ਤਰ੍ਹਾਂ ਚਲਣ ਦੀ ਗੱਲ ਅਲਫ ਖਾਨ ਨੇ ਸੁਣੀ ਤਾਂ ਮਨ ਵਿਚ ਚੰਗੀ ਗੱਲ ਮੰਨ ਕੇ ਸਨਮਾਨ ਧਾਰਨ ਕੀਤਾ॥ ੩੧॥

'ਨੀਕੀ ਭਨੰਤਿ ਹਮ ਆਇਂ ਫੇਰ। ਬਹੁ ਦੇਇਂ ਦੰਡ ਇਨ ਘੇਰਿ ਘੇਰਿ'।
ਇਮ ਮੰਤ੍ਰ ਠਾਨਿ ਸਵਧਾਨ ਹੋਇ। ਬਨਿ ਸ਼ੀਘ੍ਰ ਤਯਾਰ ਇਸ ਰੀਤਿ ਸੋਇ॥ ੩੨॥

ਤੂੰ ਚੰਗੀ ਗੱਲ ਕਹੀ ਹੈ ਅਸੀਂ ਫਿਰ ਆਵਾਂਗੇ, ਇਨ੍ਹਾਂ ਨੂੰ ਫਿਰ ਘੇਰ ਘੇਰ ਕੇ ਸਜ਼ਾ ਦੇਵਾਂਗੇ।" ਇਹ ਸਲਾਹ ਮੰਨ ਕੇ ਸਾਵਧਾਨ ਹੋ ਗਿਆ। ਇਸ ਰੀਤੀ ਨਾਲ ਛੇਤੀ ਹੀ ਤਿਆਰੀ ਕਰ ਲਈ॥ ੩੨॥

ਇਕ ਨਰ ਬਿਠਾਇ ਊਚੇ ਸਥਾਨ। ਤਿਸ ਅੱਗ੍ਰ ਧਰਜੋ ਦੁੰਦਭਿ ਮਹਾਨ।
'ਸਭਿ ਨਿਸਾ ਬਜਾਵਤਿ ਰਹੋ ਏਹੁ। ਜਬਿ ਲਖਹਿਂ ਪ੍ਰਾਤਿ ਉਠਿ ਤਜਾਗ ਦੇਹੁ ॥੩੩॥

ਇਕ ਮਨੁੱਖ ਨੂੰ ਉਚੇ ਸਥਾਨ 'ਤੇ ਬਿਠਾ ਦਿੱਤਾ ਤੇ ਉਸਦੇ ਅੱਗੇ ਵੱਡਾ ਨਗਾਰਾ ਧਰ ਦਿੱਤਾ ਤੇ ਉਸ ਨੂੰ ਕਿਹਾ, "ਸਾਰੀ ਰਾਤ ਏਥੇ ਵਜਾਉਂਦੇ ਰਹੋ। ਜਦ ਇਹ ਵੇਖੋ ਕਿ ਸਵੇਰ ਹੋ ਗਈ ਹੈ ਤਾਂ ਇਹ ਸਥਾਨ ਛੱਡ ਦੇਵੋ॥ ੩੩॥

ਚਲਿ ਆਉ ਭਾਜਾ' ਸਮੁਝਾਇ ਤਾਂਹਿ। ਚਢਿ ਹਯਨਿ ਪਯਾਨੇ ਸ਼ੀਘ੍ਰ ਮਾਂਹਿ।
ਤਸਕਰਨਿ ਗਤੀ ਸਭਿ ਅਪਨ ਧਾਰਿ। ਕਰਿ ਮੋਨ ਵਹਿਰ ਨਿਕਸੇ ਪਧਾਰਿ ॥੩੪॥

ਫਿਰ ਚਲ ਕੇ ਭੱਜ ਆਵੋ", ਇਸ ਤਰ੍ਹਾਂ ਉਸ ਨੂੰ ਸਮਝਾਇਆ ਤੇ ਘੋੜਿਆਂ ਉੱਤੇ ਚੜ੍ਹ ਕੇ ਤੁਰਤ ਚਲੇ ਗਏ। ਸਾਰਿਆਂ ਨੇ ਚੋਰਾਂ ਵਾਲੀ ਗਤੀ ਧਾਰਨ ਕੀਤੀ, ਚੁਪ ਧਾਰ ਕੇ ਬਾਹਰ ਨਿਕਲ ਆਏ॥ ੩੪॥

ਨਹਿਂ ਲਖੇ ਜਾਤਿ ਗਮਨੇ ਸੁ ਧਾਮ। ਗੁਰੁ ਆਦਿ ਇਨਹੁ ਸਭਿ ਕਰਿ ਅਰਾਮ।
ਜਬਿ ਭਈ ਭੋਰੁ ਦੁੰਦਭਿ ਸੁਨੰਤਿ। 'ਬਿਚ ਹੈਂ ਮਵਾਸ' ਸਗਰੇ ਭਨੰਤਿ॥ ੩੫॥

ਕਿਸੇ ਨੇ ਵੀ ਜਾਂਦੇ ਨਾ ਵੇਖੇ, ਘਰਾਂ ਨੂੰ ਚਲੇ ਗਏ। ਗੁਰੂ ਜੀ ਆਦਿ ਇਕ ਪਾਸੇ ਆਰਾਮ ਕਰ ਰਹੇ ਸਨ। ਜਦ ਸਵੇਰ ਹੋਈ ਤਾਂ ਨਗਾਰੇ ਦੀ ਆਵਾਜ਼ ਸੁਣੀ। ਸਾਰੇ ਕਹਿੰਦੇ ਸਨ, "ਪਨਾਹ ਵਾਲੇ ਸਥਾਨ ਦੇ ਵਿਚ ਹੀ ਮੌਜੂਦ ਹਨ"॥ ੩੫॥

ਤਬਿ ਗਯੋ ਬਜਾਵਨਹਾਰ ਭਾਜਿ। ਅਵਿਲੋਕ ਲੀਨਿ ਸੂਨੋ ਸਮਾਜ।
ਰਿਪੁ ਗਏ ਭਾਗ ਤਜਿ ਲਾਜ ਦੀਨਿ। ਗਾ ਅਲਫਖਾਨ ਖਾਨਨਿ ਲੀਨ॥ ੩੬॥

ਫਿਰ ਨਗਾਰਾ ਵਜਾਉਣ ਵਾਲਾ ਭੱਜ ਗਿਆ। ਖ਼ਾਲੀ ਸਥਾਨ ਵੇਖ ਲਿਆ। ਵੈਰੀ ਸ਼ਰਮ ਛੱਡ ਕੇ ਭੱਜ ਗਿਆ ਹੈ। ਅਲਫ ਖਾਨ ਆਪਣੇ ਪਠਾਣਾਂ ਨੂੰ ਲੈ ਕੇ ਚਲਾ ਗਿਆ ਹੈ॥ ੩੬॥

ਨਹਿਂ ਥਿਰ ਕਟੋਚੀਆ ਧੀਰ ਧਾਰਿ। ਨਹਿਂ ਅਰੇ ਮੂਢ ਗੀਦੀ ਗਵਾਰ।
ਤਬਿ ਸਰਬ ਬਾਹਿਨੀ ਕੇਰ ਬੀਰ। ਹੁਇ ਸਨਧਬੱਧ ਗੇ ਬਾਰਿ ਤੀਰ॥ ੩੭॥

ਕਟੋਚੀਆ ਵੀ ਧੀਰਜ ਧਾਰ ਕੇ ਖੜਾ ਨਹੀਂ ਹੋਇਆ ਹੈ, ਮੂਰਖ ਕਾਇਰ ਗਵਾਰ ਅੱਗੇ ਅੜੇ ਨਹੀਂ ਹਨ। ਤਦ ਸਾਰੀ ਸੈਨਾ ਦੇ ਸੂਰਬੀਰ ਸ਼ਸਤਰ ਧਾਰ ਕੇ ਵਾੜੇ ਦੇ ਪਾਸ ਗਏ॥ ੩੭॥

ਸਭਿਹੂੰਨ ਜਾਇ ਲੀਨੋ ਨਿਹਾਰ। ਉਰ ਭੀਰੁ ਭੂਰ ਭਾਜੇ ਬਿਚਾਰ।
ਮਨ ਹਰਖ ਧਾਰਿ ਕਰਿ ਜੀਤਿ ਬਾਤਿ। ਸੁਨਿ ਭੀਮਚੰਦ ਆਨੰਦ ਗਾਤਿ॥ ੩੮॥

ਸਾਰਿਆਂ ਨੇ ਜਾ ਕੇ ਵੇਖ ਲਿਆ, ਦਿਲ ਦੇ ਵੱਡੇ ਕਾਇਰ ਡਰਦੇ ਭੱਜ ਗਏ ਹਨ। ਮਨ ਵਿਚ ਪ੍ਰਸੰਨਤਾ ਧਾਰ ਕੇ ਜਿੱਤ ਦੀਆਂ ਗੱਲਾਂ ਕਰਦੇ ਹਨ। ਇਹ ਸੁਣ ਕੇ ਭੀਮ ਚੰਦ ਬਹੁਤ ਪ੍ਰਸੰਨ ਹੋਇਆ॥ ੩੮॥

ਤਬਿ ਨਿਕਟ ਨਦੌਣ ਡੇਰਾ ਸੁ ਡਾਰਿ। ਨਿਸ਼ਚਿੰਤ ਹੋਇ ਲਹਿ ਜੀਤ ਸਾਰਿ।
ਸੁੰਦਰ ਤੁਰੰਗ ਸਰਿਤਾ ਬਿਲੋਕਿ। ਜਲ ਬਿਮਲ ਬਿਪਾਸਾ ਚਲਿ ਅਰੋਕ॥ ੩੯॥

ਤਦ ਨਦੌਣ ਦੇ ਨੇੜੇ ਡੇਰਾ ਕਰ ਲਿਆ ਤੇ ਜਿੱਤ ਦੀ ਸਾਰ ਲੈ ਕੇ ਨਿਸ਼ਚਿੰਤ ਹੋ ਗਏ। ਸੁੰਦਰ ਨਦੀ ਵੇਖ ਕੇ ਜਿੱਥੇ ਬਿਆਸਾ ਨਦੀ ਦਾ ਅਰੋਕ ਜਲ ਚਲ ਰਿਹਾ ਸੀ॥ ੩੯॥

ਤਿਸ ਤੀਰ ਧੀਰ ਗੁਰ ਥਾਨ ਨੀਕ। ਪਿਖਿ ਸਿਵਰ ਕੀਨਿ ਉਤਰੀ ਅਨੀਕ।
ਜਸੁ ਕਰੈਂ ਸਕਲ ਪ੍ਰਭੁ ਕੋ ਬਿਸਾਲ। 'ਸੇਵਕ ਨਿਵਾਜ ਰਿਪੁ ਕੋ ਕਰਾਲ' ॥੪੦॥

ਉਸ ਦੇ ਕਿਨਾਰੇ ਗੁਰੂ ਜੀ ਨੇ ਸੁੰਦਰ ਸਥਾਨ ਵੇਖ ਕੇ ਸਾਰੀ ਸੈਨਾ ਨੇ ਉੱਤਰ ਕੇ ਡੇਰਾ ਕਰ ਲਿਆ। ਸਾਰੇ ਗੁਰੂ ਜੀ ਦਾ ਵੱਡਾ ਜੱਸ ਕਰ ਰਹੇ ਸਨ "ਆਪਣੇ ਸੇਵਕਾਂ ਨੂੰ ਨਿਵਾਜਦੇ ਹਨ ਤੇ ਵੈਰੀ ਵਾਸਤੇ ਵਿਕਰਾਲ ਰੂਪ ਹਨ" ॥ ੪੦ ॥

ਇਕ ਦਿਨ ਬਿਤਾਇ ਕਰਿ ਖਾਨ ਪਾਨ। ਸਤਿਗੁਰ ਬਿਰਾਜਿ ਊਚੇ ਸਥਾਨ।
ਬਹੁ ਖਰੇ ਤਰੋਵਰ ਸਹਿਤ ਸੈਲ। ਸਲਿਤਾ ਸਬੇਗ ਕੀ ਕਰਤਿ ਸੈਲ ॥ ੪੧ ॥

ਇਕ ਦਿਨ ਬਤੀਤ ਕਰਕੇ ਓਥੇ ਖਾਣ ਪੀਣ ਕੀਤਾ ਤੇ ਸਤਿਗੁਰੂ ਜੀ ਫਿਰ ਉੱਚੇ ਸਥਾਨ ਤੇ ਬਿਰਾਜ ਗਏ। ਦਰੱਖਤਾਂ ਸਹਿਤ ਬਹੁਤ ਪਹਾੜ ਖੜੇ ਸਨ, ਨਦੀ ਦੇ ਪ੍ਰਵਾਹ ਦੀ ਸੈਲ ਕਰਦੇ ਸਨ ॥ ੪੧ ॥

ਦਿਨ ਕਿਤਿਕ ਕੀਨਿ ਡੇਰਾ ਮੁਕਾਮ। ਰਾਜਨ ਦਿਖਾਇ ਅਪਨੇ ਸੁ ਧਾਮ।
ਪ੍ਰਭੁ ਕੋਂ ਪ੍ਰਸੰਨ ਸਭਿ ਭਾਂਤਿ ਕੀਨਿ। ਬਹੁ ਸੁਜਸੁ ਕਹੈਂ ਬਨਿ ਅੱਗ੍ਰ ਦੀਨ ॥ ੪੨ ॥

ਕਈ ਦਿਨ ਡੇਰਾ ਕਰਕੇ ਓਥੇ ਮੁਕਾਮ ਕੀਤਾ। ਰਾਜਿਆਂ ਨੇ ਆਪਣੇ ਘਰ ਵਿਖਾਏ। ਗੁਰੂ ਜੀ ਨੂੰ ਸਭ ਪ੍ਰਕਾਰ ਪ੍ਰਸੰਨ ਕੀਤਾ। ਅੱਗੇ ਦੀਨ ਬਣ ਕੇ ਬਹੁਤ ਜੱਸ ਕਰਦੇ ਸਨ ॥ ੪੨ ॥

'ਰਿਪੁ ਬ੍ਰਿੰਦ ਸਰਬ ਭੈ ਭੀਤ ਹੋਇ। ਤੁਮਰੇ ਪ੍ਰਤਾਪ ਭਾਗੇ ਸੁ ਜੋਇ'।
ਇਸ ਰੀਤਿ ਦਜੌਸ ਕੇਤਿਕ ਬਿਤਾਇ। ਗੁਰ ਕਰਤਿ ਅਨੰਦ ਜਲ ਤਟ ਸੁਹਾਇ ॥ ੪੩ ॥

ਸਾਰੇਂ ਵੈਰੀ ਭੈਭੀਤ ਹੋ ਗਏ ਹਨ, ਤੁਹਾਡਾ ਪ੍ਰਤਾਪ ਕਰਕੇ ਭੱਜ ਗਏ ਹਨ।" ਇਸ ਰੀਤੀ ਨਾਲ ਕਈ ਦਿਨ ਬਤੀਤ ਕੀਤੇ। ਗੁਰੂ ਜੀ ਜਲ ਦੇ ਕਿਨਾਰੇ ਸ਼ਸ਼ੋਭਿਤ ਹੋ ਕੇ ਅਨੰਦ ਕਰਦੇ ਸਨ ॥ ੪੩ ॥

*ਦੂਸਰੀ ਰੁੱਤ ਦਾ ਬਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ ॥ ੪੨ ॥*

## ਅਧਿਆਇ ਤਰਤਾਲ੍ਹੀਵਾਂ

*ਆਲਸੂਨ ਮਾਰਨਾ*

ਦੋਹਰਾ- ਦ੍ਵੈ ਬਿੰਸਤ ਗਿਨਤੀ ਬਿਖੈ ਧਾਰਿ ਪਹਾਰਨਿ ਕੇਰਿ।
ਮਹਾਂ ਬਹਾਦਰ ਬਿਦਤ ਭੇ ਸਤਿਗੁਰ ਬੀਰ ਬਡੇਰ ॥ ੧ ॥

ਬਾਈ ਧਾਰ ਪਹਾੜੀ ਰਾਜਿਆਂ ਵਿਚ ਸਤਿਗੁਰੂ ਜੀ ਵੱਡੇ ਬੀਰ ਬਹਾਦਰ ਪ੍ਰਗਟ ਹੋਏ ॥ ੧ ॥

*ਸੈਯਾ ਛੰਦ*-ਸ਼ੱਤ੍ਰ ਮਿੱਤ੍ਰ ਗਿਰਪਤੀ, ਪਹਾਰੀ ਸਭਾ ਲਗਾਹਿਂ ਬੀਰ ਜਿਸ ਥਾਨ।
ਜਹਿਂ ਸੰਗ੍ਰਾਮ ਬਾਰਤਾ ਹੋਵਹਿ ਸ਼ਸਤ੍ਰ ਪ੍ਰਹਾਰਨਿ ਕਰਹਿਂ ਬਖਾਨ।
ਤਹਾਂ ਪ੍ਰਥਮ ਗਿਨਤੀ ਮਹਿਂ ਸਗਰੇ ਕਲਗੀਧਰ ਕੋ ਗਿਨਹਿਂ ਮਹਾਨ।
'ਜੁੱਧ ਪ੍ਰਬਿਰਤੇ ਨਾਮ ਜਿ ਸਿਮਰਹਿਂ ਸੋ ਭੀ ਬਿਜੈ ਪਾਇਂ ਰਿਪੁ ਹਾਨਿ ॥ ੨ ॥

ਸ੍ਰੀ ਗੁਰੂ ਜੀ ਦੇ ਮਿੱਤਰ ਅਤੇ ਵੈਰੀ ਪਹਾੜੀ ਰਾਜੇ ਤੇ ਪਹਾੜੀ ਸੂਰਮੇ ਜਿੱਥੇ ਸਭਾ ਲਾ ਕੇ ਬੈਠਦੇ ਹਨ, ਜਿੱਥੇ ਯੁੱਧ ਬਾਰੇ ਕੋਈ ਵਾਰਤਾ ਚਲਦੀ ਸੀ ਤੇ ਜਿੱਥੇ ਸ਼ਸਤਰਾਂ ਦੇ ਵਾਰ ਕਰਨ ਦਾ ਜ਼ਿਕਰ ਚਲਦਾ ਸੀ, ਓਥੇ ਕਲਗੀਧਰ ਸਤਿਗੁਰੂ ਜੀ ਨੂੰ

ਪਹਿਲੇ ਸਥਾਨ ਤੇ ਮਹਾਨ ਯੋਧਾ ਗਿਣਦੇ ਸਨ। ਇਸ ਤਰ੍ਹਾਂ ਕਹਿੰਦੇ ਸਨ ਕਿ ਯੁੱਧ ਕਰਦੇ ਸਮੇਂ ਜੇ ਕੋਈ ਕਲਗੀਧਰ ਦਾ ਨਾਮ ਵੀ ਯਾਦ ਕਰ ਲਵੇਗਾ ਤਾਂ ਉਹ ਵੀ ਵੈਰੀ ਨੂੰ ਨਾਸ਼ ਕਰਕੇ ਜਿੱਤ ਪ੍ਰਾਪਤ ਕਰ ਲਵੇਗਾ॥ ੨॥

ਬ੍ਰਿੰਦ ਸ਼ੱਤ੍ਰ ਹੁਇਂ, ਗਿਨਹਿਂ ਨ ਮਨ ਮਹਿਂ, ਥੋਰਨਿ ਸਾਥ ਹਤਹਿਂ ਹਥੀਆਰ।
ਨਿਰਭੈ ਹੋਇ ਪ੍ਰਵੇਸ਼ਤਿ ਰਨ ਮਹਿਂ, ਅਰਹਿ ਬੀਰ ਤਿਸ ਮਾਰਹਿਂ ਡਾਰ।
ਰਿਪੁ ਨਹਿਂ ਠਹਿਰਹਿਂ ਭੈ ਧਰਿ ਭਾਜਹਿਂ, ਬਿਜੈ ਲੱਛਮੀ ਲੇਤਿ ਉਦਾਰ।
ਇੱਤਜਾਦਿਕ ਬਹੁ ਕਰਹਿਂ ਸੁਜਸੁ ਕੋ, ਦਰਸਹਿਂ ਬੰਦਹਿਂ ਆਨੰਦ ਧਾਰਿ॥ ੩॥

ਕਿੰਨੀ ਗਿਣਤੀ ਵਿਚ ਵੀ ਵੈਰੀ ਹੋਣ, ਗੁਰੂ ਜੀ ਮਨ ਵਿਚ ਨਹੀਂ ਗਿਣਦੇ ਹਨ, ਥੋੜ੍ਹਿਆਂ ਨਾਲ ਹੀ ਹਥਿਆਰ ਚਲਾਉਂਦੇ ਹਨ। ਨਿਰਭੈਅ ਹੋ ਕੇ ਰਣਖੇਤਰ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਜਿਹੜਾ ਸੂਰਬੀਰ ਅੱਗੋਂ ਅੜਦਾ ਹੈ, ਉਸ ਨੂੰ ਮਾਰ ਦਿੰਦੇ ਹਨ। ਵੈਰੀ ਅੱਗੇ ਠਹਿਰਦਾ ਨਹੀਂ ਹੈ, ਡਰ ਕੇ ਭੱਜ ਜਾਂਦਾ ਹੈ ਤੇ ਗੁਰੂ ਜੀ ਉੱਤਮ ਵਿਜੇ ਪ੍ਰਾਪਤ ਕਰਦੇ ਹਨ।'' ਇਸ ਪ੍ਰਕਾਰ ਦਾ ਬਹੁਤ ਜੱਸ ਕਰਦੇ ਸਨ ਤੇ ਬੰਦਨਾ ਕਰਕੇ ਦਰਸ਼ਨ ਕਰਕੇ ਅਨੰਦ ਧਾਰਨ ਕਰਦੇ ਸਨ॥ ੩॥

ਪੁਰਿ ਨਦੌਣ ਮਹਿਂ ਭੌਨ ਚੁਕੋਨੇ ਚੂਨੇ ਸੰਗ ਚਿਨਹਿ ਬਹੁ ਭਾਇ।
ਸੁੰਦਰ ਦਰ ਬਰ ਬ੍ਰਿੰਦ ਬਨੇ ਜਿਨ ਊਚੇ ਪੌਰ ਕੌਰ ਛਬਿ ਛਾਇ।
ਥਲ ਭੀ ਤੁੰਗ ਬੰਗਲੇ ਸ਼ੋਭਤਿ ਊਪਰ ਕਲਸ ਰਖੇ ਦਿਪਤਾਇ।
ਚਿੱਤ੍ਰਿਤ ਬਹੁਤ ਬਚਿੱਤ੍ਰ ਬਨਾਏ ਬਿਸਦ ਬੈਠਕਾ ਬਿਸਤਰ ਥਾਇਂ॥ ੪॥

ਨਦੌਣ ਸ਼ਹਿਰ ਵਿਚ ਬਹੁਤ ਭਾਂਤ ਦੇ ਚੁਕੋਨੇ ਮਕਾਨ ਚੂਨੇ ਨਾਲ ਚਿਣੇ ਹੋਏ ਸਨ। ਸੁੰਦਰ ਸ੍ਰੇਸ਼ਟ ਬਣੇ ਸਨ ਜਿਨ੍ਹਾਂ ਦੇ ਉੱਚੇ ਦਰਵਾਜ਼ਿਆਂ ਦੀ ਬੜੀ ਛਵੀ ਛਾਈ ਸੀ। ਧਰਤੀ 'ਤੇ ਉੱਚੇ ਬੰਗਲੇ ਸ਼ੋਭ ਰਹੇ ਸਨ, ਜਿਨ੍ਹਾਂ ਉਪਰ ਲੱਗੇ ਹੋਏ ਕਲਸ ਬਹੁਤ ਪ੍ਰਕਾਸ਼ਦੇ ਸਨ। ਬਹੁਤ ਵਚਿੱਤਰ ਚਿੱਤਰ ਬਣਾਏ ਹੋਏ ਸਨ। ਖੁਲ੍ਹੇ ਸਥਾਨ ਵਿਚ ਰੰਗ ਦੇ ਬੈਠਣ ਵਾਲੇ ਸਥਾਨ ਬਣਾਏ ਸਨ॥ ੪॥

ਨਦੀ ਬਿਪਾਸਾ ਕੇ ਤਟ ਸੁੰਦਰ ਮੰਦਿਰ ਬਨੇ ਅਨੇਕ ਪ੍ਰਕਾਰ।
ਜਿਤੇ ਗਿਰੇਸ਼ੁਰ ਪ੍ਰਭੁ ਕੋ ਸਾਦਰ ਹੇਤੁ ਦਿਖਾਵਨ ਬਿਨਤੀ ਧਾਰਿ।
ਲੇ ਕਰਿ ਸੰਗ ਆਇ ਨਿਜ ਘਰ ਮਹਿਂ ਫਿਰ ਫਿਰ ਊਚੇ ਥਾਇਂ ਨਿਹਾਰ।
ਹਰਖਾਵਤਿ ਹੈਂ ਸਕਲ ਪਛਾਨਹਿਂ ਮਾਨਹਿਂ ਦੇਤਿ ਅਕੋਰ ਉਦਾਰ॥ ੫॥

ਬਿਆਸਾ ਨਦੀ ਦਾ ਤਟ ਬੜਾ ਸੁੰਦਰ ਸੀ, ਜਿੱਥੇ ਅਨੇਕ ਪ੍ਰਕਾਰ ਦੇ ਘਰ ਬਣੇ ਸਨ। ਜਿੱਤੇ ਹੋਏ ਪਹਾੜੀ ਰਾਜਿਆਂ ਨੇ ਗੁਰੂ ਜੀ ਦੇ ਆਦਰ ਵਾਸਤੇ ਉਨ੍ਹਾਂ ਨੂੰ ਆਪਣੇ ਘਰ ਦਿਖਾਉਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੂੰ ਨਾਲ ਲੈ ਕੇ ਆਪਣੇ ਘਰਾਂ ਵਿਚ ਆਏ ਤੇ ਫਿਰ ਫਿਰ ਕੇ ਉੱਚੇ ਸਥਾਨ ਵਿਖਾਏ ਸਨ। ਪ੍ਰਸੰਨ ਹੋਏ ਸਾਰੇ ਪਛਾਣਦੇ ਸਨ, ਤੇ ਗੁਰੂ ਜੀ ਨੂੰ ਉੱਤਮ ਉਪਹਾਰ ਭੇਟ ਕਰਦੇ ਸਨ॥ ੫॥

ਅਸ਼ਟ ਦਿਵਸ ਲੌਂ ਪ੍ਰਭੁ ਮੁਕਾਮ ਕਰਿ ਰਹੇ ਹੇਰਿ ਕਰਿ ਥਲ ਰਮਣੀਕ।
ਬਰ ਮੰਦਰ ਅਰੁ ਸੁੰਦਰ ਸੈਲਨ ਕਰੈਂ ਸੈਲ ਜਿਤ ਕਿਤ ਬਿਧਿ ਨੀਕ।
ਕਲ ਸਲਿਤਾ ਸੁੰਦਰ ਜਲ ਚਲਤਾ ਊਪਰ ਥਲ ਊਚੇ ਕਿਤ ਹੀਕ।
ਨਾਦਤਿ ਮਗ ਤੇ ਉਰ ਅਹਿਲਾਦਤਿ, ਅਵਲੋਕਤਿ ਗੁਰ ਥਿਰਹਿਂ ਨਜੀਕ॥ ੬॥

ਗੁਰੂ ਜੀ ਨੇ ਰਮਣੀਕ ਸਥਾਨ ਵੇਖ ਕੇ, ਉਥੇ ਅੱਠ ਦਿਨ ਮੁਕਾਮ ਕੀਤਾ। ਸ੍ਰੇਸ਼ਟ ਘਰਾਂ ਅਤੇ ਸੁੰਦਰ ਪਹਾੜਾਂ ਦੀ ਜਿੱਥੇ -ਕਿੱਥੇ ਗੁਰ ਜੀ ਚੰਗੀ ਵਿਧੀ ਨਾਲ ਸੈਰ ਕਰਦੇ ਸਨ। ਸੁੰਦਰ ਨਦੀ ਦਾ ਸੁੰਦਰ ਨਿਰਮਲ ਜਲ ਚਲਦਾ ਸੀ ਤੇ ਕਿੰਨੀ ਹੀ ਦੂਰੀ

ਤਕ ਉੱਚੇ-ਉੱਚੇ ਸਥਾਨ ਸਨ। ਜਲ ਦੇ ਚਲਣ ਨਾਲ ਜਿਹੜਾ ਸੁੰਦਰ ਨਾਦ ਪੈਦਾ ਹੁੰਦਾ ਹੈ, ਉਸ ਨੂੰ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ, ਗੁਰੂ ਜੀ ਵੇਖ ਕੇ ਨਜ਼ਦੀਕ ਖੜੇ ਹੋ ਜਾਂਦੇ ਸਨ॥ ੬॥

ਗਿਰਵਰ ਪਰ ਤਰੁਵਰ ਬਹੁ ਪੁਸ਼ਪਤਿ, ਕਰਤਿ ਸੈਲ ਬਹੁ ਦਿਵਸ ਬਿਤਾਇ।
ਭੀਮਚੰਦ ਨ੍ਰਿਪ ਸੰਗ ਕਟੋਚੀ ਸੰਧਿ ਕਰਨ ਕੋ ਨਰਨ ਪਠਾਇ।
ਇਕ ਦੁਇ ਬਾਰ ਫਿਰੇ ਜੁਗ ਅੰਤਰ ਸਰਬ ਅੰਤਰੋ ਨਿਕਸ ਬਿਲਾਇ।
ਠਹਿਰਜੋ ਮੇਲ ਪਰਸਪਰ ਕਰਨੋ, ਹਰਨੋ ਦ੍ਵੈਸ਼ ਰਿਦੇ ਹਰਖਾਇ॥ ੭॥

ਪਹਾੜਾਂ ਉਪਰ ਬ੍ਰਿਛ ਫੁੱਲਾਂ ਨਾਲ ਭਰੇ ਹੋਏ ਸਨ, ਓਥੇ ਸੈਲ ਕਰਦਿਆਂ ਗੁਰੂ ਜੀ ਨੇ ਬਹੁਤ ਦਿਨ ਬਤੀਤ ਕੀਤੇ। ਰਾਜੇ ਭੀਮ ਚੰਦ ਨਾਲ ਸੰਧੀ ਕਰਨ ਵਾਸਤੇ ਰਾਜੇ ਕਟੋਚੀਏ ਨੇ ਕੁਝ ਮਨੁੱਖ ਭੇਜੇ। ਕਟੋਚੀਏ ਦੇ ਆਦਮੀ ਇਕ ਦੋ ਵਾਰ ਦੋਵਾਂ ਪਾਸ ਗਏ ਤੇ ਸਾਰਾ ਫਰਕ ਦੂਰ ਹੋ ਗਿਆ। ਆਪਸ ਵਿਚ ਮਿਲ ਕੇ ਸੰਧੀ ਹੋ ਗਈ ਤੇ ਪ੍ਰਸੰਨ ਹੋ ਕੇ ਵੈਰ ਭਾਵ ਨੂੰ ਛੱਡ ਦਿੱਤਾ॥ ੭॥

ਰਣ ਪ੍ਰਿਯ ਸਤਿਗੁਰ ਕੋ ਨਹਿਂ ਬੂਝਜੋ ਜਿਨਹੁ ਬਿਜੈ ਲੈ ਦਈ ਮਹਾਨ।
ਕੇਤਿਕ ਦਿਨ ਮੈਂ ਸੁਨੀ ਸ਼੍ਰੋਨ ਸੁਧਿ 'ਮਿਲਨਿ ਗਿਰੇਸ਼ਨ ਠਹਿਰੰਜੋ ਆਨ'।
ਮਹਾਰਾਜ ਤਬਿ ਕੁਛ ਉਰ ਰਿਸ ਧਰਿ ਬੇਮੁਖ ਭਾ ਪਹਾਰੀਆ ਜਾਨਿ।
ਗੀਦੀ ਡਰਤਿ ਜੰਗ ਤੇ ਮਿਲਿਗੇ ਹਮਤੇ ਭੇਦ ਰਾਖਿਬੋ ਠਾਨਿ॥ ੮॥

ਯੁੱਧ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਜੀ ਨੂੰ ਨਾ ਪੁੱਛਿਆ, ਜਿਨ੍ਹਾਂ ਨੇ ਮਹਾਨ ਜਿੱਤ ਲੈ ਕੇ ਦਿੱਤੀ ਸੀ। ਕਈਆਂ ਦਿਨਾਂ ਵਿਚ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ, "ਪਹਾੜੀ ਰਾਜਿਆਂ ਦਾ ਮੇਲ ਹੋ ਗਿਆ ਹੈ।" ਸਤਿਗੁਰੂ ਜੀ ਨੇ ਦਿਲ ਵਿਚ ਗੁੱਸਾ ਧਾਰ ਕੇ ਪਹਾੜੀਆਂ ਨੂੰ ਬੇਮੁੱਖ ਜਾਣਿਆ। ਕਾਇਰ ਜੰਗ ਤੋਂ ਡਰਦੇ ਮਿਲ ਗਏ ਹਨ ਤੇ ਸਾਡੇ ਪਾਸੋਂ ਭੇਦ ਗੁਪਤ ਰੱਖਿਆ ਹੈ॥ ੮॥

ਤਯਾਰੀ ਕੂਚ ਕਰਨਿ ਕੀ ਕੀਨਸਿ, ਬਜਜੋ ਦਮਾਮਾ ਤਬਿ ਰਣਜੀਤ।
ਸਭਿ ਰਾਜਨ ਕੇ ਸ਼੍ਰੋਣ ਪਰੀ ਧੁਨਿ 'ਕੈਸੇ ਬਾਜਜੋ?' ਸੰਸੈ ਚੀਤ।
'ਪਰਿ ਬਿਗਾਰ ਹਿਤ ਰਨ ਕੇ ਹੋਯੋ ਕੈ ਨਿਜ ਪਰਿ ਚਾਲਨ ਹਿਤ ਕੀਤਿ?
ਪ੍ਰਥਮ ਨ ਸੁਨੀ, ਅਚਾਨਕ ਕਿਮ ਭਾ? ਭੀਮਚੰਦ ਸੋਂ ਬਿਰਸ ਲਖੀਤਿ' ॥ ੯॥

ਫਿਰ ਗੁਰੂ ਜੀ ਨੇ ਕੂਚ ਕਰਨ ਦੀ ਤਿਆਰੀ ਕੀਤੀ, ਤਦ ਰਣਜੀਤ ਨਗਾਰਾ ਵੱਜਿਆ। ਸਾਰੇ ਰਾਜਿਆਂ ਦੇ ਕੰਨਾਂ ਵਿਚ ਨਗਾਰੇ ਦੀ ਧੁਨੀ ਪਈ। ਕਿਵੇਂ ਵੱਜਿਆ ਹੈ, ਸਾਰਿਆਂ ਨੇ ਸ਼ੰਕਾ ਧਾਰਨ ਕੀਤੀ। "ਵਿਗਾੜ ਪੈਣ ਤੇ ਯੁੱਧ ਵਾਸਤੇ ਨਗਾਰਾ ਵੱਜਿਆ ਹੈ ਜਾਂ ਚੱਲਣ ਦੀ ਤਿਆਰੀ ਕੀਤੀ ਹੈ ? ਪਹਿਲਾਂ ਨਹੀਂ ਸੁਣਿਆ ਹੈ ਅਚਾਨਕ ਕਿਵੇਂ ਵੱਜਿਆ ਹੈ, ਭੀਮ ਚੰਦ ਨਾਲ ਬੇਰਸੀ ਜਾਣ ਪੈਂਦੀ ਹੈ" ॥ ੯॥

ਸੁਨਿ ਕਹਿਲੂਰਪਤੀ ਕਰਿ ਤੂਰਨ ਪਠਜੋ ਆਪਨੋ ਤਬਹਿ ਵਜ਼ੀਰ।
'ਸ੍ਰੀ ਪ੍ਰਭੁ ਸੋਂ ਬੂਝੋ ਸਭਿ ਕਾਰਨ ਕਿਮ ਧੁਨਿ ਕੀਨਿ ਨਿਸ਼ਾਨ ਗੰਭੀਰ'।
ਧਾਇ ਉਤਾਇਲ ਆਇਸਿ ਤਤਛਿਨ, ਮਿਲਜੋ ਨਮੋ ਕਰਿ ਚਰਨਨਿ ਧੀਰ।
'ਭੀਮਚੰਦ ਸੈਲੇਂਦ੍ਰ ਬੰਦਨਾ ਕਰੀ ਆਪਕੋ ਪਠਿ ਮੁਝ ਤੀਰ॥ ੧੦॥

ਇਹ ਸੁਣ ਕੇ ਕਹਿਲੂਰ ਦੇ ਰਾਜੇ ਨੇ ਤੁਰਤ ਤਦੋਂ ਆਪਣੇ ਵਜ਼ੀਰ ਨੂੰ ਭੇਜਿਆ ਤੇ ਕਿਹਾ, "ਗੁਰੂ ਜੀ ਨੂੰ ਪੁੱਛੋ ਕਿ ਕਿਵੇਂ ਨਗਾਰੇ ਦੀ ਉੱਚੀ ਧੁਨੀ ਵਜਾਈ ਹੈ।" ਵਜ਼ੀਰ ਤੁਰਤ ਸੁਣ ਕੇ ਗਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕਰਕੇ ਮਿਲਿਆ ਤੇ ਕਿਹਾ, "ਰਾਜੇ ਭੀਮ ਚੰਦ ਨੇ ਬੰਦਨਾ ਕੀਤੀ ਹੈ ਤੇ ਮੈਨੂੰ ਆਪ ਜੀ ਦੇ ਪਾਸ ਭੇਜਿਆ ਹੈ॥ ੧੦॥

ਸੰਸ਼ਯ ਭਯੋ ਕੀਨ ਧੁਨਿ ਕੈਸੇ ਹਿਤ ਬੂਝਨਿ ਕੇ ਤੂਰਨ ਆਇ'।
ਸ਼੍ਰੀ ਕਲਗ਼ੀਧਰ ਕਹ੍ਯੋ ਕੋਪ ਕਰਿ 'ਹਮ ਕਿਹ ਹਿਤ ਆਨ੍ਯੋਂ ਸਹਿਸਾਇ।
ਫਤੇ ਭਈ ਲਖਿ ਗਰਬ੍ਯੋ ਮਾਨੀ, ਪ੍ਰਥਮ ਬਾਰਤਾ ਕੋ ਬਿਸਰਾਇ।
ਹਮ ਕੋ ਸੁਧਿ ਭੀ ਕਰੀ ਨਹੀਂ ਕਿਮ, ਸ਼ੱਤ੍ਰੁਨਿ ਸੰਗ ਸੰਧਿ ਠਹਿਰਾਇ॥ ੧੧॥

ਉਸ ਨੇ ਸੰਸਾ ਕੀਤਾ ਹੈ ਕਿ ਨਗਾਰੇ ਦੀ ਧੁਨੀ ਕਿਉਂ ਵੱਜੀ ਹੈ, ਇਸ ਕਰਕੇ ਮੈਨੂੰ ਤੁਰਤ ਪੁੱਛਣ ਵਾਸਤੇ ਭੇਜਿਆ ਹੈ।" ਸ੍ਰੀ ਕਲਗੀਧਰ ਨੇ ਗੁੱਸੇ ਵਿਚ ਆ ਕੇ ਕਿਹਾ, "ਸਾਨੂੰ ਕਾਹਦੇ ਵਾਸਤੇ ਐਡੀ ਛੇਤੀ ਮੰਗਵਾਇਆ ਸੀ। ਫ਼ਤਹਿ ਪ੍ਰਾਪਤ ਹੋਈ ਵੇਖ ਕੇ ਅਭਿਮਾਨੀ ਹੰਕਾਰ ਵਿਚ ਆ ਗਿਆ ਹੈ ਤੇ ਪਹਿਲੀ ਵਾਰਤਾ ਨੂੰ ਵਿਸਾਰ ਦਿੱਤਾ ਹੈ। ਸਾਨੂੰ ਕਿਸੇ ਤਰ੍ਹਾਂ ਖ਼ਬਰ ਵੀ ਨਹੀਂ ਦਿੱਤੀ ਹੈ ਤੇ ਵੈਰੀ ਨਾਲ ਸੰਧੀ ਕਰ ਲਈ ਹੈ॥ ੧੧॥

ਅਬਿ ਅਰੂਢ ਕਰਿ ਗਮਨਹਿਂ ਹਮ ਪੁਰਿ, ਨਾਹਕ ਕ੍ਯੋਂ ਬੈਠਹਿਂ ਇਸ ਥਾਇਂ।
ਰਹ੍ਯੋ ਨ ਕਾਜ ਨਰੇਸ਼ੁਰ ਕੋ ਅਬਿ, ਕਰ੍ਯੋ ਸਪੂਰਨ ਜਿਸ ਹਿਤ ਆਇ'।
ਸੁਨਿ ਵਜ਼ੀਰ ਕਰਿ ਬੰਦਨ ਗਮਨ੍ਯੋ ਕਹ੍ਯੋ ਜਾਇ ਰਾਜੇ ਸਮੁਝਾਇ।
'ਕਲਗ਼ੀਧਰ ਰਿਸ ਕਰਿ ਕੁਛ ਚਿਤ ਮਹਿਂ ਚਹਤਿ ਅਨੰਦਪੁਰਿ ਕੋ ਅਬਿ ਜਾਇ' ॥੧੨॥

ਹੁਣ ਘੋੜ ਸਵਾਰ ਹੋ ਕੇ ਅਸੀਂ ਆਪਣੇ ਨਗਰ ਜਾਵਾਂਗੇ, ਫਜ਼ੂਲ ਵਿਚ ਇਸ ਥਾਂ ਵਿਖੇ ਕਿਉਂ ਬੈਠਾਂਗੇ। ਹੁਣ ਰਾਜੇ ਦਾ ਕੋਈ ਕੰਮ ਵੀ ਨਹੀਂ ਰਿਹਾ ਹੈ, ਜਿਸ ਕੰਮ ਵਾਸਤੇ ਆਏ ਸੀ, ਉਹ ਪੂਰਾ ਕਰ ਦਿੱਤਾ ਹੈ।" ਇਹ ਸੁਣ ਕੇ ਵਜ਼ੀਰ ਬੰਦਨਾ ਕਰਕੇ ਚਲਾ ਗਿਆ ਤੇ ਜਾ ਕੇ ਰਾਜੇ ਨੂੰ ਸਮਝਾਇਆ, "ਗੁਰੂ ਜੀ ਕੁਝ ਗੁੱਸਾ ਧਾਰ ਕੇ ਹੁਣ ਅਨੰਦਪੁਰ ਜਾਣਾ ਚਾਹੁੰਦੇ ਹਨ" ॥ ੧੨॥

ਸੁਨਿ ਰਾਜੇ ਕਹਿ ਬਿਨੈ ਪਠਾਈ 'ਹਮ ਤੇ ਭੂਲ ਚੂਕ ਹੁਇ ਜਾਇ।
ਠਹਿਰਹੁ ਗਮਨਹਿਂ ਸੰਗ ਸਰਬ ਹੀ ਬਖਸ਼ਹੁ ਆਪ ਖ਼ਤਾ ਜੁ ਕਰਾਇ'।
ਆਨਿ ਕਹ੍ਯੋ ਜਬਿ ਗੁਰੂ ਨ ਮਾਨੀ 'ਹਮਰੋ ਠਹਿਰਨਿ ਨਹਿਂ ਕਿਸ ਭਾਇ'।
ਜਬਿ ਨਿਸ਼ਚੇ ਚਿਤ ਲਖ੍ਯੋ ਨ ਟਿਕਹੈਂ ਭੀਮਚੰਦ ਆਯੋ ਉਤਲਾਇ॥ ੧੩॥

ਇਹ ਸੁਣ ਕੇ ਰਾਜੇ ਨੇ ਬੇਨਤੀ ਕਰਕੇ ਭੇਜੀ, "ਸਾਡੇ ਪਾਸੋਂ ਭੁੱਲ ਚੁੱਕ ਹੋ ਜਾਵੇ, ਤੁਸੀਂ ਠਹਿਰੋ, ਅਸੀਂ ਸਾਰੇ ਤੁਹਾਡੇ ਨਾਲ ਜਾਵਾਂਗੇ, ਮੇਰੀ ਗ਼ਲਤੀ ਨੂੰ ਬਖਸ਼ ਦੇਵੋ, ਜਿਹੜੀ ਮੈਂ ਕੀਤੀ ਹੈ।" ਉਸ ਨੇ ਆ ਕੇ ਕਿਹਾ, ਪਰ ਗੁਰੂ ਜੀ ਨਾ ਮੰਨੇ, "ਸਾਡਾ ਕਿਸੇ ਪ੍ਰਕਾਰ ਵੀ ਹੁਣ ਠਹਿਰਨਾ ਨਹੀਂ ਬਣਦਾ ਹੈ।" ਜਦ ਗੁਰੂ ਜੀ ਦੇ ਪੱਕੇ ਨਿਸ਼ਚੇ ਨੂੰ ਜਾਣਿਆ ਕਿ ਗੁਰੂ ਜੀ ਨਹੀਂ ਠਹਿਰਨਗੇ ਤਾਂ ਭੀਮ ਚੰਦ ਬੜਾ ਉਤਾਵਲਾ ਹੋ ਕੇ ਆਇਆ॥ ੧੩॥

ਪਦ ਅਰਬਿੰਦ ਬੰਦਨਾ ਠਾਨੀ ਅਰਪਨਿ ਕੀਨਿ ਅਕੋਰ ਤੁਰੰਗ।
ਸੁੰਦਰ ਜ਼ੀਨ ਸੁ ਚਾਮੀਕਰ ਕੋ ਛਾਦ੍ਯੋ ਬਸਨ ਰੇਸ਼ਮੀ ਸੰਗ।
ਬਸਤ੍ਰ ਦਿਯੋ ਪਸ਼ਮੰਬਰ ਨੀਕੋ ਰੁਖ਼ਸਦ ਭਏ ਪ੍ਰਭੂ ਨਹਿਂ ਰੰਗ।
ਹਯ ਅਰੂਢ ਕਰਿ ਗਮਨੇ ਮਾਰਗ, ਬਜਤਿ ਨਗਾਰੋ ਧੁਨੀ ਉਤੰਗ॥ ੧੪॥

ਉਸ ਆ ਕੇ ਗੁਰੂ ਜੀ ਦੇ ਚਰਨਕੰਵਲਾਂ ਤੇ ਬੰਦਨਾ ਕੀਤੀ ਤੇ ਉਪਹਾਰ ਦੇ ਤੌਰ ਤੇ ਇਕ ਘੋੜਾ ਅਰਪਣ ਕੀਤਾ, ਸੁੰਦਰ ਕਾਠੀ ਜਿਹੜੀ ਸੋਨੇ ਨਾਲ ਮੜ੍ਹੀ ਹੋਈ ਸੀ ਤੇ ਰੇਸ਼ਮੀ ਵਸਤਰ ਨਾਲ ਸਨ। ਕੋਮਲ ਪਸ਼ਮੀਨੇ ਦੇ ਵਸਤਰ ਦਿੱਤੇ, ਗੁਰੂ ਜੀ ਰੁਖ਼ਸਤ ਹੋ ਗਏ, ਪਰ ਦਿਲੋਂ ਪ੍ਰਸੰਨ ਨਹੀਂ ਸਨ। ਘੋੜੇ 'ਤੇ ਚੜ੍ਹ ਕੇ ਰਾਹੇ-ਰਾਹ ਚਲ ਪਏ ਤੇ ਰਾਹ ਦੇ ਵਿਚ ਨਗਾਰੇ ਬਹੁਤ ਉੱਚੀ ਧੁਨੀ ਵਿਚ ਵੱਜਦੇ ਜਾਂਦੇ ਸਨ॥ ੧੪॥

Sri Satguru Jagjit Singh Ji eLlibrary NamdhariElibrary@gmail.com

ਚਢੀ ਬਾਹਿਨੀ ਸੰਗ ਸੂਰਮੇ ਮਾਰ ਬਕਾਰਾ ਕਰਤੇ ਚਾਲ।
'ਕਾਚੀ ਮਤਿ ਪਹਾਰੀਏ ਕਾਚੇ, ਹੈਂ ਮਤਲਬ ਕੇ ਮੀਤ ਬਿਸਾਲ।
ਪ੍ਰਭੁ ਜੀ ਇਨ ਸੋ ਕਹਾਂ ਮਿੱਤ੍ਰਤਾ ਜੇ ਨਹਿਂ ਰਾਖਹਿਂ ਧਰਮ ਸੰਭਾਲਿ'।
ਦਯਾਰਾਮ ਜਬਿ ਇਸ ਬਿਧਿ ਭਾਖੀ ਨੰਦਚੰਦ ਬੋਲਯੋ ਗੁਰ ਨਾਲ॥ ੧੫॥

ਨਾਲ ਸੂਰਬੀਰਾਂ ਦੀ ਸੈਨਾ ਘੋੜਿਆਂ 'ਤੇ ਸਵਾਰ ਹੋ ਕੇ ਲਲਕਾਰਾ ਮਾਰ ਕੇ ਚਲ ਪਈ। "ਕੱਚੀ ਮੱਤ ਵਾਲੇ ਪਹਾੜੀਏ ਕੱਚੇ, ਇਹ ਕੇਵਲ ਮਤਲਬੀ ਮਿੱਤਰ ਹਨ। ਹੇ ਸਤਿਗੁਰੂ ਜੀ ! ਇਨ੍ਹਾਂ ਨਾਲ ਕਾਹਦੀ ਮਿੱਤਰਤਾ ਹੈ, ਜਿਹੜੇ ਆਪਣਾ ਧਰਮ ਸੰਭਾਲ ਕੇ ਨਹੀਂ ਰੱਖਦੇ ਹਨ।" ਜਦ ਪ੍ਰੋਹਿਤ ਦਇਆ ਰਾਮ ਨੇ ਇਸ ਤਰ੍ਹਾਂ ਕਿਹਾ ਤੇ ਦੀਵਾਨ ਨੰਦ ਚੰਦ ਗੁਰੂ ਜੀ ਨੂੰ ਕਹਿਣ ਲੱਗਾ॥ ੧੫॥

'ਗਏ ਬਯਾਹ ਮਹਿਂ ਕਰਨਿ ਭਲੇਰੋ ਸਵਾਲਾਖ ਤੰਬੋਲ ਬਡੇਰ।
ਭੇ ਬਿਪਰੀਤ ਹੇਤ ਬੁਰਿਆਈ, ਕੁਟਿਲ ਮੂਢ ਬਾਂਛਤਿ ਲੇ ਘੇਰ।
ਰਾਵਰ ਕੀ ਸਹਾਇਤਾ ਹੁਇ ਜਹਿਂ ਕੌਨ ਸ਼ੱਤ੍ਰ ਹੁਇ ਸਾਕਹਿ ਨੇਰ।
ਕਰਿ ਬਲ ਘਾਟਾ ਆਨਿ ਛੁਰਾਯੋ ਉਲਟੇ ਸਭਿ ਸੁਖੇਨ ਹੀ ਫੇਰ॥ ੧੬॥

"ਅਸੀਂ ਵਿਆਹ ਵਿਚ ਭਲਾ ਕਰਨ ਗਏ ਸੀ, ਸਵਾ ਲੱਖ ਦਾ ਵੱਡਾ ਤੰਬੋਲ ਖੜਿਆ ਸੀ। ਪਰ ਬੁਰਿਆਈ ਕਰਨ ਵਾਸਤੇ ਉਲਟ ਹੋ ਗਏ, ਮੂਰਖ ਘੋਰ ਕੁਟਲਤਾ ਕਰਨੀ ਚਾਹੁੰਦੇ ਸਨ। ਜਿੱਥੇ ਆਪ ਜੀ ਦੀ ਸਹਾਇਤਾ ਹੋਵੇ, ਉਥੇ ਕਿਹੜਾ ਵੈਰੀ ਨੇੜੇ ਆ ਸਕਦਾ ਹੈ। ਅਸੀਂ ਬਲ ਕਰਕੇ ਘਾਟਾ ਆ ਕੇ ਛੁਡਵਾ ਲਿਆ ਤੇ ਸੌਖੇ ਢੰਗ ਨਾਲ ਹੀ ਅਸੀਂ ਸਾਰੇ ਪਰਤ ਆਏ॥ ੧੬॥

ਦੇਖਹੁ ਫਤੇਸ਼ਾਹਿ ਕਯਾ ਕੀਨਸਿ ਕਹੇ ਸਬੰਧਿਨਿ ਕੇ ਮਤਿ ਹੀਨ।
ਭਿਰਯੋ ਆਪ ਕੇ ਸੰਗ ਜੰਗ ਮਹਿਂ, ਪਾਇ ਪਰਾਜਯ ਅਪਜਸ ਲੀਨਿ।
ਰਹਯੋ ਬਿਸੂਰਤ, ਸਰਯੋ ਨਹੀਂ ਕਛੁ ਤੁਮਰੀ ਮਹਿਮਾ ਲਖੀ ਨ ਪੀਨ।
ਭੀਮਚੰਦ ਅਬਿ ਮਨ ਬਿਲੰਦ ਛਲ, ਸੰਧਿ ਆਪ ਹੀ ਰਿਪੁ ਸੋਂ ਕੀਨਿ॥ ੧੭॥

ਵੇਖੋ ਬੁੱਧੀਹੀਣ ਫ਼ਤਹਿ ਸ਼ਾਹ ਨੇ ਆਪਣੇ ਸੰਬੰਧੀਆਂ ਦੇ ਆਖੇ ਲੱਗ ਕੇ ਕੀ ਕੀਤਾ। ਤੁਹਾਡੇ ਨਾਲ ਜੰਗ ਵਿਚ ਆ ਭਿੜਿਆ ਤੇ ਹਾਰ ਖਾ ਕੇ ਅਪਜਸ ਲਿਆ। ਮੁਰਝਾ ਕੇ ਰਹਿ ਗਿਆ ਕੁਝ ਸਰਿਆ ਨਹੀਂ, ਤੁਹਾਡੀ ਮਹਿਮਾ ਨਹੀਂ ਜਾਣੀ ਹੈ। ਭੀਮ ਚੰਦ ਨੇ ਹੁਣ ਵੱਡਾ ਛਲ ਕਰਕੇ ਆਪਣੇ ਵੈਰੀ ਨਾਲ ਆਪ ਹੀ ਸੰਧੀ ਕਰ ਲਈ ਹੈ॥ ੧੭॥

ਜੌ ਕਰਿ ਨਹੀਂ ਸੰਘਾਰਹੁ ਦਯਾਲਹਿ ਤੌ ਇਹ ਹਾਰ ਪਾਇ ਬਿਚ ਜੰਗ।
ਬ੍ਰਿੰਦ ਦਰਬ ਦੇਹੈ ਹਿਤ ਦੰਡਹਿ ਅਲਫ ਖਾਨ ਲੇਤੋ ਬਲਿ ਸੰਗ।
ਕਰਿ ਸਹਾਇ ਕੌ ਰਖਿ ਬਚਾਇ ਕਰਿ, ਪੀਛੇ ਰਾਖਯੋ ਇਸ ਬਿਧਿ ਰੰਗ।
ਬਿਨ ਰਾਵਰ ਕੀ ਮਰਜ਼ੀ ਪੂਛੇ ਕਰੀ ਬਾਰਤਾ ਅਬਹਿ ਕੁਢੰਗ'॥ ੧੮॥

ਜੇ ਤੁਸੀਂ ਦਿਆਲ ਨੂੰ ਨਾ ਮਾਰਦੇ ਤਾਂ ਇਹ ਜੰਗ ਵਿਚ ਹਾਰ ਜਾਂਦਾ। ਫਿਰ ਦੰਡ ਦੇ ਰੂਪ ਵਿਚ ਬਹੁਤ ਧਨ ਦਿੰਦਾ ਤੇ ਅਲਫ ਖਾਨ ਬਲ ਨਾਲ ਧਨ ਵਸੂਲ ਕਰਦਾ। ਤੁਸੀਂ ਇਸ ਦੀ ਸਹਾਇਤਾ ਕਰਕੇ ਇਸ ਨੂੰ ਪਿੱਛੇ ਰੱਖਿਆ, ਇਸ ਵਿਧੀ ਨਾਲ ਉਸ ਨਾਲ ਮਿਲਾਪ ਰੱਖਿਆ। ਆਪ ਜੀ ਦੀ ਮਰਜ਼ੀ ਬਗੈਰ, ਪੁੱਛਣ ਤੋਂ ਬਿਨਾਂ ਹੀ ਕਟੋਚੀਏ ਨਾਲ ਭੈੜੇ ਢੰਗ ਨਾਲ ਸੁਲਾਹ ਕਰ ਲਈ ਹੈ"॥ ੧੮॥

ਸੁਨਿ ਕੈ ਸ੍ਰੀ ਮੁਖ ਤੇ ਫੁਰਮਾਯੋ 'ਪਰਬਤ ਬਾਸੀ ਨਰ ਸਮੁਦਾਇ।
ਪਾਥਰ ਪੂਜਕ ਪਾਥਰ ਬੁੱਧੀ, ਜਲ ਮਹਿਂ ਪਾਥਰ ਰਹੈ ਸਦਾਇ।
ਨਹਿਂ ਭੀਜਹਿ ਅਤਿ ਧਰਹਿ ਨਿਠੁਰਤਾ, ਤਜੌਂ ਮਨਮੁਖ ਇਹ ਜਾਨੇ ਜਾਇਂ।
ਬਿਨ ਮਤਲਬ ਇਹ ਮੀਤ ਨ ਕਿਸ ਕੇ, ਬਿਨਸੇ ਕੂਰੇ ਸਹਿਜ ਸੁਭਾਇ' ॥੧੯॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਫੁਰਮਾਇਆ "ਪਰਬਤ ਵਾਸੀ ਸਾਰੇ ਮਨੁੱਖ ਪੱਥਰ ਪੂਜ, ਪੱਥਰ ਬੁੱਧੀ ਵਾਲੇ, ਜਿਵੇਂ ਜਲ ਵਿਚ ਸਦਾ ਪੱਥਰ ਰਹਿੰਦਾ ਹੈ ਤਾਂ ਨਾ ਹੀ ਉਹ ਭਿੱਜਦਾ ਹੈ ਤੇ ਨਾ ਹੀ ਕਠੋਰਤਾ ਛੱਡਦਾ ਹੈ, ਉਸ ਤਰ੍ਹਾਂ ਇਹ ਮਨਮੁਖ ਜਾਣੇ ਜਾਂਦੇ ਹਨ। ਮਤਲਬ ਤੋਂ ਬਗ਼ੈਰ ਇਹ ਕਿਸੇ ਦੇ ਮਿੱਤਰ ਨਹੀਂ ਹਨ। ਇਹ ਝੂਠੇ ਸਹਿਜ ਸੁਭਾਅ ਹੀ ਨਾਸ਼ ਹੋ ਜਾਣਗੇ" ॥ ੧੯ ॥

ਇਸ ਬਿਧਿ ਕਰਤਿ ਬਾਰਤਾਲਾਪਹਿ ਚਲੇ ਆਇਂ ਸਤਿਗੁਰ ਭਗਵਾਨ।
ਆਲਸੂਨ ਇਕ ਗ੍ਰਾਮ ਨਿਹਾਰਯੋ ਹੁਤੋ ਪੰਥ ਮਹਿਂ ਬਸੈ ਮਹਾਨ।
ਦੁੰਦਭਿ ਬਜਤਿ ਲੋਕ ਨਿਕਸੇ ਸੁਨਿ ਬਾਲਿਕ ਬੂਢੇ ਜੇਤਿਕ ਜੁਆਨ।
ਊਚੇ ਥਾਨ ਥਿਰੇ ਅਵਿਲੋਕਤਿ ਅਸਵਾਰੀ ਪ੍ਰਭੁ ਕੀ ਦੁਤਿਖਾਨ॥ ੨੦॥

ਇਸ ਪ੍ਰਕਾਰ ਵਾਰਤਾਲਾਪ ਕਰਦੇ ਸਤਿਗੁਰੂ ਭਗਵਾਨ ਜੀ ਚਲੇ ਆ ਰਹੇ ਸਨ। ਆਲਸੂਨ ਨਾਂ ਦਾ ਇਕ ਪਿੰਡ ਵੇਖਿਆ, ਉਹ ਰਾਹ ਦੇ ਵਿਚ ਬੜਾ ਵੱਡਾ ਪਿੰਡ ਵੱਸ ਰਿਹਾ ਸੀ। ਨਗਾਰਾ ਵੱਜਦਾ ਸੁਣ ਕੇ, ਬਾਲਕ, ਬੁੱਢੇ ਜਵਾਨ ਸਾਰੇ ਬਾਹਰ ਨਿਕਲੇ, ਉੱਚੇ ਥਾਵਾਂ ਤੇ ਖਲੋ ਕੇ ਵੇਖਦੇ ਸਨ। ਗੁਰੂ ਜੀ ਦੀ ਸਵਾਰੀ ਵੱਡੀ ਸ਼ੋਭਾ ਦੀ ਖਾਣ ਨਾ ਵੇਖੀ॥ ੨੦॥

ਆਨ ਅਕੋਰ ਨ ਆਗੇ ਅਰਪੀ, ਨਮੋ ਨ ਕੀਨੀ ਜੋਰੇ ਹਾਥ।
ਮਤਿ ਮੂਰਖ ਨਿਜ ਰਾਜੇ ਕੇ ਬਲ ਮਦ ਕਰਿ ਨਹਿਂ ਪ੍ਰਤਾਪ ਲਖਿ ਨਾਥ।
ਹੁਤੋ ਹੁਤਾਸਨ ਕੋਪ ਅੱਗ੍ਰ ਕਿਛ ਗਿਰਪਤਿ ਭੀਮ ਚੰਦ ਕੇ ਸਾਥ।
ਮਨੋ ਅਹੂਤੀ ਪਰੀ ਦਿਪਤ ਹਿਤ ਨਹਿਂ ਗ੍ਰਾਮੀਨ ਨਿਮਾਯੋ ਮਾਥ॥ ੨੧॥

ਉਨ੍ਹਾਂ ਨੇ ਆ ਕੇ ਗੁਰੂ ਜੀ ਦੇ ਅੱਗੇ ਉਪਹਾਰ ਅਰਪਣ ਨਾ ਕੀਤੇ ਤੇ ਹੱਥ ਜੋੜ ਕੇ ਨਮਸਕਾਰ ਨਾ ਕੀਤੀ। ਮੂਰਖ ਮੱਤ ਵਾਲਿਆਂ ਆਪਣੇ ਰਾਜੇ ਦੀ ਸ਼ਕਤੀ ਦਾ ਨਸ਼ਾ ਕਰਕੇ ਗੁਰੂ ਜੀ ਦਾ ਪ੍ਰਤਾਪ ਨਾ ਜਾਣਿਆ। ਗੁਰੂ ਜੀ ਵਿਚ ਪਹਿਲਾਂ ਹੀ ਕ੍ਰੋਧ ਰੂਪੀ ਅਗਨੀ ਰਾਜਾ ਭੀਮ ਚੰਦ ਦੇ ਬਾਰੇ ਧੁਖ ਰਹੀ ਸੀ, ਮਾਨੋ ਅੱਗ ਨੂੰ ਬਾਲਣ ਵਾਸਤੇ ਆਹੂਤੀ ਪੈ ਗਈ। ਜਦ ਪਿੰਡ ਵਾਲਿਆਂ ਨੇ ਮੱਥਾ ਨਾ ਨਿਵਾਇਆ॥ ੨੧॥

ਆਲਸੂਨ ਕੀ ਦਿਸ਼ਿ ਅਵਲੋਕਯੋ, ਗੁਰੂ ਪ੍ਰਤਾਪੀ ਆਇਸੁ ਦੀਨ।
'ਨੰਦਚੰਦ ਲੇ ਬ੍ਰਿੰਦ ਬਾਹਿਨੀ ਲੂਟਹੁ ਗ੍ਰਾਮ ਵਸਤੁ ਲਿਹੁ ਛੀਨ।
ਅਰਹਿ ਪ੍ਰਹਾਰਹੁ, ਵਹਿਰ ਨਿਕਾਰਹੁ, ਦੇਹੁ ਤਿਦਾਰਕ ਕੁਮਤਿ ਮਲੀਨ।
ਰਾਜਾ ਮੂਢ ਪ੍ਰਜਾ ਜੁਤਿ ਜਾਨਹਿਂ ਸਹਹਿਂ ਅਵੱਗਜਾ ਕੋ ਦੁਖ ਪੀਨ' ॥ ੨੨॥

ਫਿਰ ਗੁਰੂ ਜੀ ਨੇ ਆਲਸੂਨ ਪਿੰਡ ਵਲ ਵੇਖਿਆ ਤੇ ਗੁਰੂ ਪ੍ਰਤਾਪ ਨਾਲ ਆਗਿਆ ਕੀਤੀ, "ਹੇ ਨੰਦ ਚੰਦ ਬਹੁਤ ਸੈਨਕ ਲੈ ਕੇ ਇਸ ਪਿੰਡ ਨੂੰ ਲੁੱਟ ਲਵੋ ਤੇ ਸਾਰੀਆਂ ਵਸਤਾਂ ਖੋਹ ਲਵੋ। ਜਿਹੜਾ ਅੜੇ ਉਸ ਉੱਤੇ ਵਾਰ ਕਰੋ, ਬਾਹਰ ਕੱਢੋ ਤੇ ਮਲੀਨ ਬੁੱਧੀ ਵਾਲਿਆਂ ਨੂੰ ਸਜ਼ਾ ਦੇਵੋ। ਮੂਰਖ ਰਾਜਾ ਪਰਜਾ ਸਹਿਤ ਜਾਣੇ ਤੇ ਇਹ ਅਵੱਗਿਆ ਦਾ ਵੱਡਾ ਦੁਖ ਪਾਉਣ" ॥ ੨੨ ॥

ਸੁਨਿ ਦਿਵਾਨ ਰਿਸ ਠਾਨਿ ਮਹਾਨੀ ਮਾਨ ਹੁਕਮ ਲੈ ਸੁਭਟਨ ਜਾਲ।
ਭਯੋ ਪ੍ਰਵੇਸ਼ ਬਖਾਨਯੋਂ ਊਚੇ 'ਲੂਟ ਲੇਹੁ ਇਨ ਕੌ ਧਨ ਮਾਲ'।
ਸੁਨਿ ਜੋਧਾ ਤਬਿ ਧਾਮ ਧਰੇ ਸਭਿ ਬਾਸਨ ਬਸਨ ਸਮਾਜ ਬਿਸਾਲ।
ਬਸਤ੍ਰ ਬਿਭੂਖਨ ਮਹਿਖਿ ਤੁਰੰਗਨਿ ਛੀਨ ਲੀਨਿ ਸਭਿ ਬਲ ਕੇ ਨਾਲ॥੨੩॥

ਇਹ ਸੁਣ ਕੇ ਦਿਵਾਨ ਨੇ ਮਹਾਨ ਕ੍ਰੋਧ ਧਾਰਨ ਕੀਤਾ, ਹੁਕਮ ਮੰਨ ਕੇ ਸਾਰੇ ਸੂਰਬੀਰਾਂ ਨੂੰ ਲੈ ਕੇ ਚਲੇ ਗਿਆ। ਨਗਰ ਵਿਚ ਪ੍ਰਵੇਸ਼ ਕਰਕੇ ਉੱਚੀ ਆਵਾਜ਼ ਵਿਚ ਕਿਹਾ, "ਇਨ੍ਹਾਂ ਦਾ ਧਨ ਮਾਲ ਲੁੱਟ ਲਵੋ।" ਇਹ ਸੁਣ ਕੇ ਯੋਧੇ ਘਰਾਂ ਵਿਚ ਵੱਜ ਗਏ, ਤੇ ਕੱਪੜੇ, ਬਰਤਨ ਅਤੇ ਸਾਜ਼ੋ-ਸਮਾਨ ਲੁੱਟ ਲਿਆ। ਵਸਤਰ, ਗਹਿਣੇ, ਮੱਝਾਂ, ਘੋੜੇ ਵੱਡੀ ਤਾਕਤ ਧਾਰ ਕੇ ਖੋਹ ਲਏ॥ ੨੩॥

ਜੋ ਅਰ ਪਰੇ ਸੁ ਅਰਿ ਕਰਿ ਮਾਰੇ ਕਾਤੁਰ ਕਟੇ ਤਰਜਨਾ ਸੰਗ।
ਕੇਤਿਕ ਡਰ ਕਰਿ ਘਰ ਮਹਿਂ ਦੁਰ ਕਰਿ ਦਬਕ ਰਹੇ ਉਸਕੇ ਨਹਿਂ ਅੰਗ।
ਕੋ ਦੂਰ ਦੂਰ ਕਰਿ ਗਏ ਭਾਜ ਕਰਿ ਬਹੁਰ ਨ ਮੁਰੇ ਮਹਾਂ ਦੁਖ ਢੰਗ।
ਕੋ ਘਾਇਲ ਹ੍ਵੈ ਤਰਫਤਿ ਮੁਰਛਤਿ, ਕੋ ਸ਼੍ਰੋਣਤ ਕਰਿ ਭਏ ਸੁਰੰਗ॥ ੨੪॥

ਜਿਹੜੇ ਅੜ ਪਏ ਉਹ ਵੈਰੀ ਜਾਣ ਕੇ ਮਾਰੇ ਤੇ ਕਾਇਰਾਂ ਨੂੰ ਤਾੜਨਾ ਕੀਤੀ। ਕਈ ਡਰਦੇ ਮਾਰੇ ਘਰਾਂ ਵਿਚ ਲੁਕ ਗਏ, ਦਬਕੇ ਰਹੇ ਤੇ ਅੰਗ ਨਾ ਹਿਲਾਏ। ਕਈ ਲੁਕ ਲੁਕ ਕੇ ਭੱਜ ਗਏ, ਮਹਾਂ ਦੁਖ ਮੰਨ ਕੇ ਫਿਰ ਨਾ ਮੁੜੇ। ਕਈ ਘਾਇਲ ਹੋ ਕੇ ਤੜਫਦੇ ਸਨ ਜਾਂ ਬੇਹੋਸ਼ ਹੋ ਗਏ ਸਨ, ਕਈ ਲਹੂ ਨਾਲ ਭਿੱਜ ਕੇ ਲਾਲ ਸੁਰਖ ਹੋ ਗਏ ਸਨ॥ ੨੪॥

ਕਿਤਿਕ ਸਮੁਖ ਹੁਇ ਪ੍ਰਾਨਨ ਕੋ ਤਜਿ ਮਰਿ ਸ਼ਸਤ੍ਰਨ ਤੇ ਹ੍ਵੈ ਕਰਿ ਘਾਤਿ।
ਛੋਰਿ ਸਦਨ ਚਹੂੰ ਓਰ ਪਲਾਏ ਜਮ ਸਮ ਜਾਨਿ ਰਿਦੈ ਡਰਪਾਤਿ।
ਲੂਟਯੋ ਦਲ ਨੇ ਗ੍ਰਾਮ ਵਸਤੁ ਸਭਿ ਕਰਿ ਉਜਾਰ ਕੀ ਸਮ ਮਗ ਜਾਤਿ।
ਫਤੇ ਕੀਨਿ ਰਿਪੁ ਹਤੇ ਜਿਤੇ ਤਹਿਂ, ਦੁੰਦਭਿ ਬਜੇ ਸੁਨਤਿ ਥਰਕਾਤਿ॥ ੨੫॥

ਕਈ ਸਾਹਮਣੇ ਹੋ ਕੇ ਪ੍ਰਾਣ ਛੱਡ ਕੇ ਸ਼ਸਤਰਾਂ ਨਾਲ ਕੱਟ ਵੱਢ ਕੇ ਮਰ ਗਏ। ਘਰ ਛੱਡ ਕੇ ਚਾਰੇ ਪਾਸੇ ਭੱਜ ਗਏ। ਜਮ ਵਾਂਗ ਜਾਣ ਕੇ ਹਿਰਦੇ ਵਿਚ ਡਰ ਪਾਇਆ। ਸੈਨਾ ਦਲ ਨੇ ਪਿੰਡ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ। ਤੇ ਪਿੰਡ ਨੂੰ ਉਜਾੜ ਵਾਂਗ ਕਰਕੇ ਰਾਹੇ ਤੁਰ ਪਏ। ਫਤਹਿ ਪਾਈ, ਵੈਰੀ ਮਾਰੇ, ਨਗਾਰੇ ਦੀ ਆਵਾਜ਼ ਸੁਣ ਕੇ ਕੰਬਦੇ ਸਨ॥ ੨੫॥

ਸ਼੍ਰੀ ਸਤਿਗੁਰ ਕੌ ਇਮ ਪ੍ਰਤਾਪ ਲਖਿ ਨਿਕਟ ਨਿਕਟ ਕੇ ਗ੍ਰਾਮ ਜਿ ਬ੍ਰਿੰਦ।
ਤ੍ਰਾਸ ਧਾਰਿ ਹੰਕਾਰ ਤਯਾਗ ਕਰਿ ਦੇ ਦੇ ਮਿਲਹਿਂ ਅਕੋਰ ਬਿਲੰਦ।
ਪ੍ਰਭੁ ਕੇ ਕ੍ਰੋਧ ਬਚੇ ਨਹਿਂ ਕਯੋਂ ਹੂੰ, ਨਹਿਂ ਸਹਾਇਤਾ ਹੋਇ ਨਰਿੰਦ।
ਦੁਗਧ ਦਧੀ ਸਿਖ ਲੇਤਿ ਸਭਿਨ ਤੇ ਸਮੁਖ ਨ ਬੋਲਹਿਂ ਕਰਹਿਂ ਨਿਕੰਦ॥੨੬॥

ਸਤਿਗੁਰੂ ਜੀ ਦਾ ਇਸ ਤਰ੍ਹਾਂ ਪ੍ਰਤਾਪ ਸਮਝ ਕੇ, ਜਿਹੜੇ ਨੇੜੇ-ਨੇੜੇ ਦੇ ਬਹੁਤ ਪਿੰਡ ਸਨ, ਉਹ ਡਰ ਮੰਨ ਕੇ ਹੰਕਾਰ ਛੱਡ ਕੇ, ਬਹੁਤ ਉਪਹਾਰ ਲੈ ਕੇ ਆ ਮਿਲੇ। ਪ੍ਰਭੂ ਜੀ ਦੇ ਕ੍ਰੋਧ ਤੋਂ ਕਿਉਂ ਨਾ ਬਚਦੇ, ਰਾਜੇ ਦੀ ਸਹਾਇਤਾ ਨਹੀਂ ਸੀ ਮਿਲਦੀ। ਸਿੱਖ ਦੁੱਧ ਦਹੀਂ ਸਾਰਿਆਂ ਤੋਂ ਲੈਂਦੇ ਸਨ, ਸਾਹਮਣੇ ਨਹੀਂ ਸੀ ਬੋਲਦੇ ਤਾਂਕਿ ਮਾਰ ਨਾ ਦੇਣ॥ ੨੬॥

ਦੋਹਰਾ- ਮਾਰਿ ਗ੍ਰਾਮ ਕੌ ਲੇ ਫਤੇ ਧਰਤਿ ਅਨੰਦ ਬਿਲੰਦ।
ਪ੍ਰਵਿਸ਼ੇ ਸ਼੍ਰੀ ਆਨੰਦਪੁਰਿ ਤੇਗ ਬਹਾਦਰ ਨੰਦ॥ ੨੭॥

ਪਿੰਡ ਨੂੰ ਮਾਰ ਕੇ ਤੇ ਯੁੱਧ ਵਿਚ ਫ਼ਤਹਿ ਪ੍ਰਾਪਤ ਕਰਕੇ ਗੁਰੂ ਜੀ ਨੇ ਬੜਾ ਅਨੰਦ ਧਾਰਨ ਕੀਤਾ ਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ॥ ੨੭॥

*ਦੂਸਰੀ ਰੁੱਤ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੩॥*

## *ਅਧਿਆਇ ਚੁਤਾਲ਼ੀਵਾਂ*

*ਆਨੰਦ ਪੁਰ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ*

ਦੋਹਰਾ- ਸੁਨਿ ਸਤਿਗੁਰ ਆਗਵਨ ਕੌ ਪੁਰਿ ਜਨ ਉਰ ਹਰਖਾਇ।
ਨਿਕਸੇ ਆਗੂ ਲੇਨਿ ਹਿਤ ਸਾਦਰ ਮਿਲੇ ਸੁ ਆਇ॥ ੧॥

ਗੁਰੂ ਜੀ ਦਾ ਆਉਣਾ ਸੁਣ ਕੇ, ਨਗਰ ਦੇ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੂੰ ਅੱਗੇ ਹੋ ਕੇ ਲੈਣ ਵਾਸਤੇ ਬੜੇ ਆਦਰ ਨਾਲ ਆ ਕੇ ਮਿਲੇ॥ ੧॥

*ਨਿਸ਼ਾਨੀ ਛੰਦ-* ਲੇ ਲੇ ਅਨਿਕ ਅਕੋਰ ਕੋ ਕਰਿ ਗੁਰ ਸੌਂ ਮੇਲਾ।
ਦਰਸ਼ਨ ਕੌ ਆਨੰਦ ਲੇ ਕਰਿ ਜਨਮ ਸੁਹੇਲਾ।
ਧੁਨਿ ਦੁੰਦਭਿ ਰਣਜੀਤ ਕੀ ਸੁਨਿ ਸੁਨਿ ਗਨ ਆਵਹਿਂ।
ਦੌਰ ਦੌਰ ਪੁਰਿ ਪੌਰ ਤਜਿ ਦਲ ਯੁਤਿ ਦਰਸਾਵੈਂ॥ ੨॥

ਅਨੇਕਾਂ ਉਪਹਾਰ ਲੈ ਲੈ ਕੇ ਗੁਰੂ ਜੀ ਨੂੰ ਆ ਕੇ ਮਿਲਦੇ ਸਨ। ਦਰਸ਼ਨਾਂ ਦਾ ਆਨੰਦ ਪ੍ਰਾਪਤ ਕਰਕੇ ਆਪਣਾ ਜਨਮ ਸਕਾਰਥ ਕਰਦੇ ਸਨ। ਰਣਜੀਤ ਨਗਾਰੇ ਦੀ ਆਵਾਜ਼ ਸੁਣ ਕੇ ਬਹੁਤ ਲੋਕ ਆਉਂਦੇ ਸਨ। ਦੌੜ ਦੌੜ ਕੇ ਆਪਣੇ ਘਰਾਂ ਦੇ ਦਰਵਾਜ਼ੇ ਛੱਡ ਕੇ ਸੈਨਾ ਸਹਿਤ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੨॥

ਮੰਗਲ ਅਨਿਕ ਪ੍ਰਕਾਰ ਕੇ ਪੁਰਿ ਬਿਖੈ ਰਚੰਤੀ।
ਪੌਰ ਪੌਰ ਪਰ ਸਸਿਮੁਖੀ ਥਿਰ ਹੁਇ ਦਰਸੰਤੀ।
ਪ੍ਰਵਿਸ਼ੇ ਪ੍ਰਭੂ ਬਜ਼ਾਰ ਮਹਿਂ ਦੇਖਤਿ ਨਰ ਨਾਰੀ।
ਗਨ ਚਕੋਰ ਜਨੁ ਚੰਦ ਕੋ ਆਗਮਨ ਬਿਚਾਰੀ॥ ੩॥

ਨਗਰ ਵਿਚ ਅਨੇਕ ਪ੍ਰਕਾਰ ਦੇ ਮੰਗਲਾਂ ਦੀ ਰਚਨਾ ਕਰਦੇ ਸਨ। ਆਪਣੇ ਘਰਾਂ ਦੇ ਦਰਵਾਜ਼ਿਆਂ 'ਤੇ ਖੜੀਆਂ ਹੋ ਕੇ ਚੰਦ੍ਰ ਮੁਖੀ ਇਸਤਰੀਆਂ ਦਰਸ਼ਨ ਕਰ ਰਹੀਆਂ ਸਨ। ਜਦ ਗੁਰੂ ਜੀ ਬਾਜ਼ਾਰ ਵਿਚ ਪ੍ਰਵੇਸ਼ ਹੋਏ ਤਾਂ ਇਸਤਰੀ ਪੁਰਸ਼ ਦਰਸ਼ਨ ਕਰਨ ਲੱਗੇ। ਮਾਨੋ ਚਕੋਰਾਂ ਚੰਦ ਦੇ ਆਉਣ ਬਾਰੇ ਵਿਚਾਰ ਰਹੀਆਂ ਹਨ॥ ੩॥

ਪ੍ਰਸ਼ਪਨ ਕਉ ਬਰਖਾਵਹੀਂ ਗੁੰਦਤਿ ਦੈਂ ਮਾਲਾ।
ਗ੍ਰਹਨ ਕਰਤਿ ਲਖਿ ਭਾਵ ਕਉ ਹੁਇ ਹਰਖ ਬਿਸਾਲਾ।
ਚਖ ਬਿਸਤਿਰਤਿ ਸਰੋਜ ਤੇ ਸਭਿ ਕੀ ਦਿਸ਼ਿ ਦੇਖੈਂ।
ਕੁਸ਼ਲ ਪ੍ਰਸ਼ਨ ਸਭਿ ਸੌਂ ਕਰਹਿਂ ਦੇ ਮੋਦ ਬਿਸ਼ੇਖੈਂ॥ ੪॥

ਫੁੱਲਾਂ ਦੀ ਵਰਖਾ ਕਰਦੀਆਂ ਸਨ ਤੇ ਹਾਰ ਪਰੋਂਦੀਆਂ ਸਨ। ਗੁਰੂ ਜੀ ਦਾ ਘਰ ਪ੍ਰਵੇਸ਼ ਸਮਝ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੀਆਂ ਸਨ। ਖਿੜੇ ਹੋਏ ਕੰਵਲ ਵਰਗੇ ਨੇਤਰਾਂ ਨਾਲ ਗੁਰੂ ਜੀ ਸਾਰਿਆਂ ਵਲ ਵੇਖਦੇ ਸਨ। ਗੁਰੂ ਜੀ ਸਾਰਿਆਂ ਪਾਸੋ ਸੁਖ-ਸਾਂਦ ਪੁੱਛ ਕੇ ਬਹੁਤ ਪ੍ਰਸੰਨਤਾ ਦੇ ਰਹੇ ਸਨ॥ ੪॥

ਭਾਟ ਨਕੀਬ ਪੁਕਾਰਤੇ ਸਭਿ ਅੱਗ੍ਰ ਚਲੰਤੇ।
ਸੁਜਸੁ ਬਖਾਨਤਿ ਪ੍ਰਭੂ ਕਉ ਸਭਿਹੂੰਨ ਸੁਨੰਤੇ।
ਪ੍ਰਵਿਸ਼ਹਿਂ ਸਤਿਗੁਰ ਦੁਰਗ ਮਹਿਂ ਜੋ ਬਨ੍ਯੋ ਨਵੀਨਾ।
ਭਾਂਤ ਭਾਂਤ ਕੇ ਗ੍ਰਿਹ ਰਚੇ ਸੁਖਦਾ ਦੁਤਿ ਭੀਨਾ॥ ੫॥

ਭੱਟ ਨਕੀਬ ਪੁਕਾਰਦੇ ਹੋਏ ਅੱਗੇ-ਅੱਗੇ ਚਲਦੇ ਸਨ, ਗੁਰੂ ਜੀ ਦਾ ਸ੍ਰੇਸ਼ਟ ਜੱਸ ਸੁਣਾਉਂਦੇ ਸਨ ਤੇ ਸਾਰੇ ਸੁਣਦੇ ਸਨ। ਗੁਰੂ ਜੀ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ ਜੋ ਹੁਣ ਨਵਾਂ ਹੀ ਬਣਿਆ ਸੀ। ਕਈ ਪ੍ਰਕਾਰ ਦੇ ਘਰ ਬਣੇ ਸਨ, ਜਿਨ੍ਹਾਂ ਦੀ ਸ਼ੋਭਾ ਬੜੀ ਸੁਖਦਾਈ ਸੀ॥ ੫॥

ਉਤਰਿ ਤੁਰੰਗਮ ਤੇ ਗਏ ਸੁੰਦਰ ਘਰ ਮਾਂਹੀ।
ਪੀਠ ਪਲੰਘ ਕੀ ਪਰ ਥਿਰੇ ਧਰਿ ਆਯੁਧ ਪਾਹੀ।
ਨੰਦ ਚੰਦ ਪ੍ਰੋਹਤ ਦੁਤੀ ਅਰੁ ਤੀਨਹੁਂ ਭ੍ਰਾਤਾ।
ਆਇਸੁ ਤੇ ਨਿਜ ਨਿਜ ਸਿਵਰ ਉਤਰੇ ਸੁਖਦਾਤਾ॥ ੬॥

ਗੁਰੂ ਜੀ ਘੋੜੇ ਤੋਂ ਉੱਤਰ ਕੇ ਸੁੰਦਰ ਘਰ ਦੇ ਅੰਦਰ ਚਲੇ ਗਏ ਤੇ ਆਪਣੇ ਸ਼ਸਤਰ ਪਾਸ ਰੱਖ ਕੇ ਪਲੰਘ ਉੱਤੇ ਬਿਰਾਜ ਗਏ। ਨੰਦ ਚੰਦ ਦਿਵਾਨ, ਦਇਆ ਰਾਮ ਪ੍ਰੋਹਿਤ ਤੇ ਭੂਆ ਜੀ ਦੇ ਪੁੱਤਰ ਤਿੰਨੇ ਭਰਾ ਆਗਿਆ ਪਾ ਕੇ ਸੁਖਦਾਤੇ ਆਪਣੇ-ਆਪਣੇ ਡੇਰਿਆਂ ਵਾਲੇ ਸਥਾਨ 'ਤੇ ਉੱਤਰ ਗਏ॥ ੬॥

ਸਭਿ ਸੈਨਾ ਕੇ ਸੂਰਮੇ ਆਇ ਸੁ ਲੂਟ ਲਜਾਏ।
ਵਸਤੁ ਸੰਭਾਰ ਉਤਾਰ ਕਰਿ ਨਿਜ ਸਿਵਰ ਸੁਹਾਏ।
ਖਾਨ ਪਾਨ ਕਰਿ ਜਾਮਨੀ ਹੁਇ ਸੁਪਤ ਬਿਤਾਈ।
ਟਿਕੇ ਸਕਲ ਸੁਖ ਪਾਇ ਕਰਿ ਜੋਧਾ ਸਮੁਦਾਈ॥ ੭॥

ਸੈਨਾ ਦੇ ਸਾਰੇ ਸੂਰਮੇ ਆਏ ਜਿਹੜੇ ਪਿੰਡ ਨੂੰ ਲੁੱਟ ਕੇ ਲਿਆਏ ਸਨ, ਉਹ ਸਾਰੀਆਂ ਵਸਤਾਂ ਸੰਭਾਲ ਕੇ ਉਤਾਰ ਕੇ ਆਪਣੇ ਡੇਰਿਆਂ ਨੂੰ ਚਲੇ ਗਏ। ਖਾ ਪੀ ਕੇ ਰਾਤ ਹੋਣ ਤੇ ਸੌਂ ਗਏ ਸਾਰੇ ਯੋਧੇ ਸੁਖ ਪਾ ਕੇ ਟਿਕ ਗਏ॥ ੭॥

ਭਈ ਪ੍ਰਾਤਿ ਜਾਗੇ ਪ੍ਰਭੁ ਕਰਿ ਸੌਚ ਸ਼ਨਾਨਾ।
ਚਾਰ ਘਰੀ ਦਿਨ ਚਰੇ ਤੇ ਨਿਜ ਲਾਇ ਦਿਵਾਨਾ।
ਚਹੁੰਦਿਸ਼ਿ ਕੀ ਗਨ ਸੰਗਤਾਂ ਇਕਠੀ ਪੁਰਿ ਹੋਈ।
ਕਰ੍ਯੋ ਹੁਕਮ 'ਅਬਿ ਆਇਕੈ ਦਰਸਹਿਂ ਸਭਿ ਕੋਈ' ॥ ੮॥

ਸਵੇਰ ਹੋਈ ਗੁਰੂ ਜੀ ਜਾਗ ਪਏ ਤੇ ਸੌਚ ਇਸ਼ਨਾਨ ਕੀਤਾ, ਫਿਰ ਚਾਰ ਘੜੀ ਦਿਨ ਚੜ੍ਹਨ 'ਤੇ ਦੀਵਾਨ ਲਾਇਆ। ਚਾਰੇ ਪਾਸੇ ਦੀਆਂ ਬਹੁਤ ਸੰਗਤਾਂ ਨਗਰ ਵਿਚ ਇਕੱਠੀਆਂ ਹੋਈਆਂ ਸਨ। ਉਨ੍ਹਾਂ ਨੂੰ ਹੁਕਮ ਕੀਤਾ, "ਹੁਣ ਸਾਰੇ ਆ ਕੇ ਦਰਸ਼ਨ ਕਰ ਲੈਣ"॥ ੮॥

ਗਯੋ ਮੇਵਰਾ ਸਭਿਨਿ ਪਹਿ ਗੁਰ ਆਇਸੁ ਗਾਈ।
ਸੁਨਿ ਸ਼੍ਰੌਨਨ ਮਹਿਂ ਅਨੰਦ ਭਾ ਤੂਰਨ ਸਮੁਦਾਈ।
ਨਾਨਾ ਲੀਨਿ ਅਕੋਰ ਕਉ ਉਤਲਾਵਤਿ ਆਏ।
ਮਨੋ ਤ੍ਰਿਖਾਤੁਰ ਤਾਲ ਕੀ ਸੁਧਿ ਸੁਨਿ ਕਰਿ ਧਾਏ॥ ੯॥

ਮੇਵੜਾ ਸੰਗਤਾਂ ਦੇ ਪਾਸ ਗਿਆ ਤੇ ਗੁਰੂ ਜੀ ਦਾ ਹੁਕਮ ਸੁਣਾਇਆ। ਕੰਨਾਂ ਨਾਲ ਸੁਣ ਕੇ ਸਾਰੀ ਸੰਗਤ ਵਿਚ ਅਨੰਦ ਭਰ ਗਿਆ। ਕਈ ਪ੍ਰਕਾਰ ਦੇ ਉਨ੍ਹਾਂ ਉਪਹਾਰ ਲਏ ਤੇ ਉਤਾਵਲੇ ਹੋ ਕੇ ਆ ਗਏ, ਮਾਨੋ ਤਾਲਾਬ ਦੀ ਖ਼ਬਰ ਸੁਣ ਕੇ ਪਿਆਏ ਭੱਜ ਕੇ ਆਉਂਦੇ ਹਨ॥ ੯॥

ਚਮਰ ਚਲਾਚਲ ਚਾਰੁ ਹੈ ਜਨੁ ਕਿਰਨ ਸਕੇਲੀ।
ਝੂਲਤਿ ਕਲਗ਼ੀ ਸੀਸ ਪਰ ਦਮਕਤਿ ਦੁਤਿ ਮੇਲੀ।
ਰੰਗਦਾਰ ਦਸਤਾਰ ਕੋ ਬੰਧੇਜ ਅਨੂਠੋ।
ਜਿਗਾ ਜਵਾਹਰ ਜਗਮਗੈ ਜ਼ਾਹਰ ਛਬਿ ਵੂਠੋ॥ ੧੦॥

ਸੁੰਦਰ ਚੌਰ ਇਸ ਤਰ੍ਹਾਂ ਫਿਰ ਰਿਹਾ ਸੀ, [illegible] ਇਕੱਠੀਆਂ ਕੀਤੀਆਂ ਸਨ। ਸਿਰ ਉੱਤੇ ਕਲਗੀ ਝੂਲਦੀ ਹੈ ਤੇ ਉਸ ਦੀ ਚਮਕ ਮੇਲ ਕੇ ਚਮਕਦੀ ਹੈ। ਰੰਗਦਾਰ ਦਸਤਾਰ ਨੂੰ ਅਨੂਠੇ ਢੰਗ ਨਾਲ ਬੰਨ੍ਹਿਆ ਹੈ। ਜਵਾਹਰ ਜਿਗਾ ਜਗਮਗਾਉਂਦੀ ਹੈ, ਜਿਸਦੀ ਛਵੀ ਪ੍ਰਗਟ ਰੂਪ ਵਿਚ ਵੱਸ ਰਹੀ ਹੈ॥ ੧੦॥

ਬਦਨ ਚੰਦ ਅਹਿਲਾਦ ਕਰਿ ਮੰਡਲ ਬਡ ਰੂਰਾ।
ਕੁੰਡਲ ਡੋਲਤਿ ਕਰਨ ਯੁਗ ਸ਼ੋਭਤਿ ਗੁਰ ਸੂਰਾ।
ਕਮਲ ਪਾਂਖਰੀ ਆਂਖ ਜੁਗ ਪੈਨੀ ਜੁਗ ਕੋਰ੍ਹਾ।
ਲਾਜ ਜਹਾਜ ਕ੍ਰਿਪਾ ਭਰੇ ਦੇਖਤਿ ਸਿਖ ਓਰਾ॥ ੧੧॥

ਚੰਦ ਮੁਖੜਾ ਅਨੰਦ ਦੇਣ ਵਾਲਾ ਹੈ ਤੇ ਮੁਖ ਮੰਡਲ ਬਹੁਤ ਸੁੰਦਰ ਹੈ। ਦੋਵਾਂ ਕੰਨਾਂ ਵਿਚ ਕੁੰਡਲ ਸ਼ੋਭ ਰਹੇ ਹਨ ਤੇ ਇਸ ਤਰ੍ਹਾਂ ਸੂਰਬੀਰ ਗੁਰੂ ਜੀ ਬਹੁਤ ਸ਼ੋਭ ਰਹੇ ਹਨ। ਕਮਲ ਦੇ ਪੱਤਿਆਂ ਵਰਗੀਆਂ ਦੋਵੇਂ ਅੱਖਾਂ ਦੋਵਾਂ ਕੋਨਿਆਂ ਤੋਂ ਸ਼ੋਭ ਰਹੀਆਂ ਹਨ। ਲਾਜ ਦੇ ਜਹਾਜ਼ ਕਿਰਪਾ ਦੇ ਭਰੇ ਹੋਏ ਸਿੱਖਾਂ ਵਲ ਵੇਖ ਰਹੇ ਹਨ॥ ੧੧॥

ਸ਼ਮਸ ਸਜਾਮ ਸੁੰਦਰ ਗਿਰਦ ਲਘੁ ਲਘੁ ਸਮੁਦਾਈ।
ਸਹਿਜ ਸੁ ਚਿੱਕ੍ਰਨ ਕੇਸ਼ ਸ਼ੁਭ ਅਸ ਉਪਮਾ ਗਾਈ।
ਰਤਨ ਉਡਗ, ਮੁਖ ਚੰਦ ਢਿਗ, ਪਸਰਯੋ ਤਮ ਜਾਲਾ।
ਦਿਪਤਿ ਦਸਨ ਮੁਸ਼ਕਜਾਨ ਜੁਤਿ ਦੁਤਿ ਚਾਰੁ ਬਿਸਾਲਾ॥੧੨॥

ਕਾਲੀ ਛੋਟੀ-ਛੋਟੀ ਦਾੜ੍ਹੀ ਸਾਰੇ ਚਿਹਰੇ 'ਤੇ ਛਾਈ ਹੋਈ ਹੈ। ਸਹਿਜ ਕੋਮਲ ਕੇਸਾਂ ਨੇ ਸ਼ੁਭ ਉਪਮਾ ਪਾਈ ਹੈ। ਰਤਨ ਤਾਰੇ ਹਨ, ਚੰਦ੍ਰਮਾਂ ਮੁਖੜਾ ਹੈ, ਦਾੜ੍ਹਾ ਹਨੇਰਾ ਹੈ, ਦਸਾਂ ਪਾਸਿਆਂ ਵਿਚ ਮੁਸਕਾਣ ਸਹਿਤ ਵਿਸ਼ਾਲ ਸੁੰਦਰ ਸ਼ੋਭਾ ਪ੍ਰਕਾਸ਼ ਰਹੀ ਹੈ॥ ੧੨॥

ਮਨਹੁਂ ਸੁਰਨਿ ਕੀ ਸਭਾ ਮਹਿਂ ਕਮਲਾਸਨ ਬੈਸੇ।
ਸਿਖ ਸੰਗਤਿ ਕੇ ਬੀਚ ਪ੍ਰਭੁ ਸ਼ੋਭਤਿ ਦੁਤਿ ਐਸੇ।
ਦਰਸ਼ਨ ਕਰਿ ਕਰਿ ਬੰਦਨਾ ਗਨ ਅਰਪਿ ਅਕੋਰੈਂ।
ਬੈਠਤਿ ਹੈਂ ਚਹੁੰਦਿਸ਼ਾ ਮਹਿਂ ਦੋਨਹੁ ਕਰ ਜੋਰੈਂ॥ ੧੩॥

ਮਾਨੋ ਦੇਵਤਿਆਂ ਦੀ ਸਭਾ ਵਿਚ ਵਿਸ਼ਨੂੰ ਬੈਠੇ ਹੋਣ, ਸਿੱਖ ਸੰਗਤ ਵਿਚ ਬੈਠੇ ਗੁਰੂ ਜੀ ਇਸ ਤਰ੍ਹਾਂ ਸ਼ੋਭਾ ਪਾ ਰਹੇ ਹਨ। ਦਰਸ਼ਨ ਕਰ ਕਰ ਬੰਦਨਾਂ ਕਰਕੇ ਉਪਹਾਰ ਅਰਪਣ ਕਰਦੇ ਹਨ। ਸਿੱਖ ਸੰਗਤਾਂ ਚਾਰੇ ਪਾਸੇ ਦੋਵੇਂ ਹੱਥ ਜੋੜ ਕੇ ਬੈਠੀਆਂ ਹਨ॥ ੧੩॥

ਜਸ ਜਸ ਧਰਿ ਧਰਿ ਭਾਵਨਾ ਸਤਿਗੁਰੁ ਦਰਸੰਤੇ।
ਤਸ ਤਸ ਪੂਰਵਤਿ ਸੰਗਤਾਂ ਅਰਦਾਸ ਕਰੰਤੇ।
ਕ੍ਰਿਪਾ ਦ੍ਰਿਸ਼ਟਿ ਸਭਿਹੂੰਨ ਪਰ ਡਾਰਤਿ ਦਿਸ਼ਿ ਚਾਰੇ।
ਮਨਹੁਂ ਸ੍ਰਿਸ਼ਟ ਕਰ ਉਤਪਤੀ ਬਿਧ ਤਿਨਹੁ ਨਿਹਾਰੇ॥੧੪॥

ਜਿਵੇਂ-ਜਿਵੇਂ ਭਾਵਨਾਵਾਂ ਧਰ ਧਰ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਨ, ਉਸ ਤਰ੍ਹਾਂ ਹੀ ਸੰਗਤਾਂ ਦੀਆਂ ਬੇਨਤੀਆਂ ਨੂੰ ਪੂਰਾ ਕਰਦੇ ਹਨ। ਚਾਰੇ ਪਾਸੇ ਸਾਰਿਆਂ ਉੱਤੇ ਕ੍ਰਿਪਾ-ਦ੍ਰਿਸ਼ਟੀ ਪਾਉਂਦੇ ਹਨ। ਮਾਨੋ ਸ੍ਰਿਸ਼ਟੀ ਦੀ ਉਤਪਤੀ ਕਰਕੇ ਬ੍ਰਹਮਾ ਜੀ ਵੇਖ ਰਹੇ ਹਨ॥ ੧੪॥

ਜਾਮ ਥਿਰੇ ਬਿਚ ਸਭਾ ਕੇ ਦਰਸ਼ਨ ਕੋ ਦੀਨਾ।
ਕਰਿ ਨਿਹਾਲ ਤਬਿ ਸੰਗਤਾਂ ਉਠਿਬੇ ਮਨ ਕੀਨਾ।
ਅਪਨ ਸਦਨ ਮਹਿਂ ਪੁਨ ਗਏ ਬੈਠੇ ਗੁਨਖਾਨੀ।
ਭੋਜਨ ਥਾਰ ਪਰੋਸਯੋ ਆਨਯੋਂ ਤਿਹ ਥਾਨੀ॥ ੧੫॥

ਇਕ ਪਹਿਰ ਸਭਾ ਵਿਚ ਬੈਠ ਕੇ ਦਰਸ਼ਨ ਦਿੱਤੇ, ਸੰਗਤਾਂ ਨੂੰ ਨਿਹਾਲ ਕਰਕੇ ਫਿਰ ਉੱਠਣ ਵਾਸਤੇ ਮਨ ਕੀਤਾ। ਫਿਰ ਗੁਰੂ ਜੀ ਉਠ ਕੇ ਆਪਣੇ ਘਰ ਵਿਚ ਚਲੇ ਗਏ। ਭੋਜਨ ਦਾ ਪਰੋਸਿਆ ਹੋਇਆ ਥਾਲ ਓਥੇ ਪਹੁੰਚ ਗਿਆ॥ ੧੫॥

ਅਚਜੋ ਸ੍ਵਾਦ ਮਨਭਾਵਤੇ ਛੁਧਤੇ ਤ੍ਰਿਪਤਾਏ।
ਢਰੇ ਦੁਪਹਿਰੇ ਸਤਿਗੁਰੂ ਲੋਚਨ ਅਲਸਾਏ।
ਪੌਢੇ ਮ੍ਰਿਦੁਲ ਪ੍ਰਯੰਕ ਪਰ ਕੁਛ ਕੀਨਿ ਅਰਾਮੂ।
ਸਵਾ ਜਾਮ ਦਿਨ ਕੇ ਰਹੇ ਜਾਗੇ ਸੁਖ ਧਾਮੂ॥ ੧੬॥

ਮਨ-ਭਾਉਂਦਾ ਸਵਾਦੀ ਭੋਜਨ ਛਕ ਕੇ ਤ੍ਰਿਪਤ ਹੋ ਗਏ। ਦੁਪਹਿਰ ਢੱਲਣ 'ਤੇ ਸਤਿਗੁਰੂ ਜੀ ਦੇ ਨੈਣ ਅਲਸਾ ਗਏ। ਫਿਰ ਕੋਮਲ ਪਲੰਘ ਉੱਤੇ ਲੇਟ ਕੇ ਆਰਾਮ ਕੀਤਾ। ਫਿਰ ਸਵਾ ਪਹਿਰ ਦਿਨ ਰਹੇ ਗੁਰੂ ਜੀ ਜਾਗ ਪਏ॥ ੧੬॥

ਗਰੀ ਬਦਾਮਨ ਆਦਿ ਗਨ ਰਗੜੀ ਸ਼ਰਦਾਈ।
ਬਿਜੀਆ ਆਦਿਕ ਜਿਹ ਅਧਿਕ ਤਿਸ ਬੀਚ ਘੁਟਾਈ।
ਆਨੀ ਦਾਸਨ ਤਯਾਰ ਕਰਿ ਪਿਖਿ ਹੁਕਮ ਬਖਾਨਾ।
'ਹੁਤੀ ਅਫੀਮ ਬਿਦੇਸ਼ ਕੀ ਜਿਸ ਅਮਲ ਮਹਾਨਾ॥ ੧੭॥

ਉਪਰੋਕਤ ਸੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਬਹੁ ਤਰੀਫ ਸਿਖ ਨੇ ਕਰੀ ਸੋ ਕੌਸ਼ ਮਝਾਰਾ।
ਆਨੋ ਇਹਾਂ ਨਿਕਾਸ ਕਰਿ ਜਿਸ ਅਮਲ ਕਰਾਰਾ।
ਕੋਸ਼ਪ ਢਿਗ ਸੇਵਕ ਗਯੋ ਸਭਿ ਬਾਤਿ ਜਨਾਈ।
ਕਹਿ ਕਰਿ ਪਤੇ ਬਿਦੇਸ਼ ਕੇ ਤਿਸ ਛਿਨ ਨਿਕਸਾਈ ॥੧੮॥

ਉਪਰੋਕਤ ਸੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਆਨੀ ਤੁਰਤ ਸਮੀਪ ਗੁਰ ਕਰ ਧਰੀ ਨਿਹਾਰੀ।
ਦ੍ਵੈ ਰੰਚਕ ਪਰਮਾਨ ਸਮ ਅੰਗੁਰੀਨ ਸੁਧਾਰੀ।
ਕਰਿ ਗੁਲਕਾ ਕਰ ਤਰ ਧਰੀ ਲੇ ਬਹੁਰ ਕਟੋਰਾ।
ਕਰਜੋ ਪਾਨ ਸੁੱਖਾ ਤਬੈ, ਹਿਤ ਮਾਦਕ ਜੋਰਾ॥ ੧੯॥

ਉਪਰੋਕਤ ਸੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਮਾਵਾ ਖਾਇ ਅਫੀਮ ਕੋ ਪੁਨ ਸੌਚ. ਸ਼ਨਾਨੇ।
ਤਬਿ ਕੇ ਲਾਗੇ ਖਾਨ ਨਿਤ ਦਿਨਪ੍ਰਤਿ ਅਧਿਕਾਨੇ।
ਕਿਤਿਕ ਦਯੋਸ ਬੀਤੇ ਜਬਹਿ ਇਕ ਦਿਨ ਤਬਿ ਆਈ।
ਪਤਿਬਰਤਾ ਜੀਤੋ ਸੁ ਬ੍ਰਿਤ ਲੱਜਾ ਅਧਿਕਾਈ॥ ੨੦॥

ਉਪਰੋਕਤ ਸੈਯੇ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪਤਿ ਕਉ ਪਾਇ ਇਕੰਤ ਮੈਂ ਕਰ ਜੋਰਿ ਖਰੀ ਹੈ।
ਅਵਨੀ ਖਨਤਿ ਅੰਗੂਠ ਪਗ ਤਰ ਦ੍ਰਿਸ਼ਟਿ ਕਰੀ ਹੈ।
ਚਿਤ ਮਹਿਂ ਦ੍ਰਿੜ੍ਹ ਮੂਰਤਿ ਬਸੈ ਨਹਿਂ ਸਮੁਖ ਬਿਲੋਕੈ।
ਐਚਿ ਪ੍ਰੇਮ ਕੀ ਏਕ ਦਿਸ਼ਿ ਦੂਜੇ ਲਜ ਰੋਕੈ॥ ੨੧॥

ਸ੍ਰੀ ਜੀਤੋ ਜੀ ਆਪਣੇ ਪਤੀ ਜੀ ਨੂੰ ਇਕਾਂਤ ਵਿਚ ਵੇਖ ਕੇ ਹੱਥ ਜੋੜ ਕੇ ਖੜੇ ਹੋ ਗਏ। ਧਰਤੀ 'ਤੇ ਖੜੇ ਹੋ ਕੇ ਨੀਵੀਂ ਨਜ਼ਰ ਕੀਤੀ ਹੋਈ ਹੈ। ਚਿੱਤ ਵਿਚ ਗੁਰੂ ਜੀ ਦੀ ਦ੍ਰਿੜ੍ਹ ਮੂਰਤ ਵੱਸਦੀ ਹੈ, ਸਾਹਮਣੇ ਨਹੀਂ ਵੇਖਦੇ ਹਨ। ਇਕ ਪਾਸੇ ਪ੍ਰੇਮ ਦੀ ਖਿੱਚ ਹੈ, ਦੂਜੇ ਪਾਸੇ ਲਜਿਆ ਰੋਕਦੀ ਹੈ॥ ੨੧॥

ਬਡਭਾਗਣ ਜਗ ਮਾਤਿ ਇਮ ਗੁਰ ਕੀ ਪਟਰਾਨੀ।
ਮ੍ਰਿਦੁਲ ਸੁਸ਼ੀਲਾ ਗੁਣ ਨਿਧਾ ਸ਼ੁਭ ਮਤਿ ਮੈਂ ਸਜਾਨੀ।
ਪ੍ਰਭੁ ਕ੍ਰਿਪਾਲ ਬਿਲੋਕਿ ਕਰਿ ਥਿਰ ਨੰਮ੍ਰਿ ਬਿਸਾਲਾ।
ਜਾਨਿ ਕਾਮਨਾਵਾਨ ਮਨ ਬੋਲੇ ਤਿਸ ਕਾਲਾ॥ ੨੨॥

ਗੁਰੂ ਜੀ ਦੀ ਪਟਰਾਣੀ ਜਗਤ ਮਾਤਾ ਜੀਤੋ ਜੀ ਵੱਡੇ ਭਾਗਾਂ ਵਾਲੇ ਹਨ। ਕੋਮਲ ਸੁਸ਼ੀਲ, ਗੁਣਾਂ ਦੇ ਖਜ਼ਾਨੇ ਅਤੇ ਸ਼ੁਭ ਮਤ ਵਿਚ ਬਹੁਤ ਸਮਝਦਾਰ ਹਨ। ਗੁਰੂ ਜੀ ਨੇ ਵਿਸ਼ਾਲ ਸਨਿਮਰ ਹੋ ਕੇ ਖੜੇ ਹੋਇਆਂ ਨੂੰ ਵੇਖਿਆ। ਮਨ ਵਿਚ ਕਾਮਨਾ ਸਹਿਤ ਜਾਣ ਕੇ ਉਸ ਸਮੇਂ ਬੋਲੇ॥ ੨੨॥

'ਘਰਵਾਲਨ ਕੀ ਸੁਧ ਕਹਾਂ, ਅਭਿਲਾਖਾ ਕੋ ਹੈ?।
ਕਹੋ ਮਨੋਰਥ ਆਪਨੋ ਅਬਿ ਬਾਂਛਤਿ ਜੋ ਹੈ।
ਜਿਸ ਹਿਤ ਕਰਿ ਆਗਵਨ ਕੋ ਥਿਰ ਭਈ ਸਲਾਜਾ।
ਕਹੁ ਸੁਮੱਧਮੇ ! ਬਾਰਤਾ ਜਿਸ ਬਿਧਿ ਕੋ ਕਾਜਾ॥ ੨੩॥

ਘਰ ਵਾਲਿਆਂ ਦਾ ਕੀ ਹਾਲ ਹੈ, ਆਪ ਦੀ ਕੀ ਅਭਿਲਾਸ਼ਾ ਹੈ। ਆਪਣਾ ਮਨੋਰਥ ਦੱਸੋ, ਹੁਣ ਜੋ ਵੀ ਚਾਹੁੰਦੇ ਹੋ। ਜਿਸ ਵਾਸਤੇ ਆਏ ਹੋ ਤੇ ਹੁਣ ਲਾਜ ਸਹਿਤ ਖੜੇ ਹੋ। ਹੇ ਸੁਪਤਨੀ ! ਉਹ ਗੱਲ ਕਹੋ ਜਿਸ ਪ੍ਰਕਾਰ ਤੁਹਾਨੂੰ ਕੰਮ ਹੈ'॥ ੨੩॥

ਹਾਥ ਬੰਦਿ ਬੰਦਤਿ ਬਦਤਿ 'ਪ੍ਰਭੁ ਅੰਤਰਜਾਮੀ !।
ਜਗਤ ਗੁਰੂ ਜਾਨੋ ਸਕਲ ਘਟਿ ਘਟਿ ਕੇ ਸ੍ਵਾਮੀ।
ਚਾਰੋਂ ਚੱਕਨਿ ਸੰਗਤਾਂ ਚਾਹਤਿ ਚਿਤ ਪਾਵੈਂ।
ਸਾਗਰਾਂਤਿ ਅਵਨੀ ਜਿਤਿਕ ਤੁਮ ਚਰਨ ਮਨਾਵੈਂ॥ ੨੪॥

ਮਾਤਾ ਜੀਤੋ ਜੀ ਨੇ ਹੱਥ ਜੋੜ ਕੇ ਬੰਦਨਾ ਕਰਕੇ ਕਿਹਾ, "ਹੇ ਪ੍ਰਭੂ ਅੰਤਰਜਾਮੀ ! ਤੁਸੀਂ ਜਗਤ ਗੁਰੂ ਹੋ ਤੇ ਸਭ ਦੇ ਦਿਲਾਂ ਦੀਆਂ ਜਾਣਦੇ ਹੋ। ਚਾਰੇ ਚੱਕਾਂ ਦੀਆਂ ਸੰਗਤਾਂ ਚਿੱਤ ਵਿਚ ਜੋ ਵੀ ਚਾਹੁੰਦੀਆਂ ਹਨ, ਪਾਉਂਦੀਆਂ ਹਨ। ਸਮੁੰਦਰ ਦੇ ਅੰਤ ਤਕ ਜਿੰਨੀ ਵੀ ਧਰਤੀ ਹੈ ਸਾਰੇ ਤੁਹਾਡੇ ਚਰਨਾਂ ਨੂੰ ਪੂਜਦੇ ਹਨ॥ ੨੪॥

ਪੂਰਵਹੁ ਸਭਿ ਕੀ ਕਾਮਨਾ ਨਹਿਂ ਊਨ ਖਜ਼ਾਨਾ।
ਹੇਰੋ ਜਸ ਜਸ ਭਾਵਨਾ ਦਿਹੁ ਫਲ ਤਿਮ ਨਾਨਾ।
ਤ੍ਰਿਯ ਸਰੀਰ ਕੀ ਮਤ ਗਤੀ ਜਿਮ ਹੁਇ ਤਿਮ ਜਾਨੋ।
ਤੁਮ ਤੇ ਸੁਤ ਸਪਤਨਿ ਲਹਜੋ ਦੁਤਿਵਾਨ ਮਹਾਨੋ॥ ੨੫॥

ਤੁਸੀਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ, ਤੁਹਾਡਾ ਖਜ਼ਾਨਾ ਊਣਾ ਨਹੀਂ ਹੁੰਦਾ ਹੈ, ਜਿਵੇਂ-ਜਿਵੇਂ ਭਾਵਨਾ ਵੇਖਦੇ ਹੋ, ਉਸ ਤਰ੍ਹਾਂ ਹੀ ਉਨ੍ਹਾਂ ਨੂੰ ਭਿੰਨ-ਭਿੰਨ ਪ੍ਰਕਾਰ ਦੇ ਫਲ ਦਿੰਦੇ ਹੋ। ਇਸਤਰੀ ਦੇ ਸਰੀਰ ਦੀ ਹਾਲਤ ਜਿਵੇਂ ਹੋਵੇ ਉਸ ਤਰ੍ਹਾਂ ਹੀ ਜਾਣਦੇ ਹੋ। ਤੁਹਾਡੇ ਪਾਸੋਂ ਤੁਹਾਡੀ ਦੂਸਰੀ ਪਤਨੀ ਨੇ ਮਹਾਨ ਸੁੰਦਰ ਪੁੱਤਰ ਲਿਆ ਹੈ॥ ੨੫॥

ਬਿਨ ਨੰਦਨ ਆਨੰਦ ਨਹਿਂ ਘਰ ਸੂੰਨ ਸਮਾਨਾ।
ਦੀਪਕ ਕਥਾ ਪ੍ਰਕਾਸ਼ ਕਰਿ ਤਿਮ ਕਹਿਂ ਮਤਿਵਾਨਾ।
ਪੂਖਨ ਕਰੇ ਪ੍ਰਕਾਸ਼ ਦਿਨ ਸਭਿ ਜਗ ਸੁਖ ਪਾਵੈ।
ਨਿਸ ਕਾ ਦੀਪਕ ਚੰਦ ਹੈ ਤਮ ਦੂਖ ਨਸਾਵੈ'॥ ੨੬॥

ਬਿਨਾਂ ਪੁੱਤਰ ਦੇ ਆਨੰਦ ਨਹੀਂ ਹੈ, ਘਰ ਸੁੰਞ ਸਮਾਨ ਹੈ, ਪੁੱਤਰ ਜਿਵੇਂ ਦੀਵੇ ਦਾ ਪ੍ਰਕਾਸ਼ ਹੁੰਦਾ ਹੈ, ਇਸ ਤਰ੍ਹਾਂ ਬੁੱਧੀਵਾਨ ਕਹਿੰਦੇ ਹਨ। ਸੂਰਜ ਦਿਨ ਸਮੇਂ ਪ੍ਰਕਾਸ਼ ਕਰਦਾ ਹੈ ਤਾਂ ਸਾਰਾ ਜਗ ਸੁਖ ਪਾਉਂਦਾ ਹੈ। ਰਾਤ ਦਾ ਦੀਪਕ ਚੰਦ ਹੈ ਹਨੇਰੇ ਅਤੇ ਦੁਖ ਨੂੰ ਦੂਰ ਕਰਦਾ ਹੈ"॥ ੨੬॥

ਭਾਖਜੋ ਕ੍ਰਿਪਾਨਿਧਾਨ 'ਕਰਿ ਸਿਖ ਸੰਤਨਿ ਸੇਵਾ।
ਭੋਜਨ ਨਾਨਾ ਭਾਂਤਿ ਕੇ ਦੇ ਬਿਨ ਅਹੰਮੇਵਾ।
ਪ੍ਰਾਪਤਿ ਹੁਇ ਸਭਿ ਕਾਮਨਾ ਸਤਿਸੰਗਤ ਪਾਸੀ।
ਲਹੈਂ ਅਨੰਦ ਜੁਗ ਲੋਕ ਕੋ ਜੇ ਕਰਹਿਂ ਹੁਲਾਸੀ'॥ ੨੭॥

ਕਿਰਪਾ-ਨਿਧਾਨ ਗੁਰੂ ਜੀ ਨੇ ਕਿਹਾ, "ਸਿੱਖ ਸੰਤਾਂ ਦੀ ਸੇਵਾ ਕਰੋ ਤੇ ਅਹੰਕਾਰ ਛੱਡ ਕੇ ਕਈ ਪ੍ਰਕਾਰ ਦੇ ਭੋਜਨ ਦੇਵੋ। ਸਤਿਸੰਗਤ ਪਾਸੋਂ ਸਭ ਕਾਮਨਾਵਾਂ ਪੂਰੀਆਂ ਹੋ ਜਾਣਗੀਆਂ। ਦੋ ਲੋਕਾਂ ਦੇ ਅਨੰਦ ਪ੍ਰਾਪਤ ਕਰੋਗੇ ਜੇ ਖ਼ੁਸ਼ੀ ਨਾਲ ਸੇਵਾ ਕਰੋਗੇ"॥ ੨੭॥

ਸੁਨਿ ਕ਼ਰਿ ਮਾਨਜੋਂ ਹੁਕਮ ਕੋ ਕਰਿ ਨਮੋ ਸਿਧਾਰੀ।
ਹਿਤ ਅਹਾਰ ਬਹੁ ਭਾਂਤਿ ਕੇ ਕਰਿਵਾਇਸੁ ਤਜਾਰੀ।
ਅਥਿਤ ਸੰਤ ਸਿਖ ਜੇ ਹੁਤੇ ਤਿਨ ਕੌ ਤ੍ਰਿਪਤਾਵੈ।
ਮਨ ਮਹਿਂ ਧਰਿ ਸੁਤਕਾਮਨਾ ਸਤਿਗੁਰੂ ਰਿਝਾਵੈ॥ ੨੮॥

ਇਹ ਸੁਣ ਕੇ ਗੁਰੂ ਜੀ ਦਾ ਹੁਕਮ ਮੰਨ ਲਿਆ ਤੇ ਨਮਸਕਾਰ ਕਰਕੇ ਚਲੇ ਗਏ। ਭੋਜਨ ਵਾਸਤੇ ਬਹੁਤ ਪ੍ਰਕਾਰ ਦੀ ਤਿਆਰੀ ਕਰਵਾਈ। ਜਿਹੜੇ ਵੀ ਸੰਤ ਸਿੱਖ ਗੁਰੂ ਜੀ ਪਾਸ ਆ ਕੇ ਰਹਿੰਦੇ ਸਨ, ਉਨ੍ਹਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕਰਦੇ ਸਨ ਤੇ ਮਨ ਵਿਚ ਪੁੱਤਰ ਦੀ ਕਾਮਨਾ ਧਰ ਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਸਨ॥ ੨੮॥

ਨਿਤ ਨਵੀਨ ਅਨਵਾਇ ਕਰਿ ਤਿਨ ਚਰਨ ਪਖਾਰੇ।
ਲੇ ਕਰਿ ਬਿਜਨਾ ਹਾਥ ਮੈਂ ਸੁਖ ਪੌਨ ਝੁਲਾਰੇ।
ਇੱਤਜਾਦਿਕ ਸੇਵਾ ਅਧਿਕ ਕਿਯ ਜੀਤੋ ਰਾਨੀ।
ਪ੍ਰਭੁ ਮਨ ਪਰਮ ਪ੍ਰਸੰਨ ਭੇ ਸਗਰੇ ਸੁਖਦਾਨੀ॥ ੨੯॥

ਨਿਤ ਨਵੀਂ ਸਿੱਖ ਸੰਗਤ ਮੰਗਵਾ ਕੇ ਉਨ੍ਹਾਂ ਦੇ ਚਰਨ ਧੋਂਦੇ ਸਨ ਤੇ ਹੱਥ ਵਿਚ ਪੱਖਾ ਲੈ ਕੇ ਉਨ੍ਹਾਂ ਨੂੰ ਸੁਖ ਦੇਣ ਵਾਸਤੇ ਹਵਾ ਝੱਲਦੇ ਸਨ। ਇਸ ਪ੍ਰਕਾਰ ਦੀ ਮਾਤਾ ਜੀਤੋ ਜੀ ਨੇ ਬਹੁਤ ਸੇਵਾ ਕੀਤੀ। ਸਾਰੇ ਸੁੱਖਾਂ ਨੂੰ ਦੇਣ ਵਾਲੇ ਸਤਿਗੁਰੂ ਜੀ ਇਹ ਵੇਖ ਕੇ ਬਹੁਤ ਪ੍ਰਸੰਨ ਹੋਏ॥ ੨੯॥

ਬੀਤਯੋ ਆਦਿਤਵਾਰ ਜਬਿ ਨਿਸ ਬਿਖੈ ਗੁਸਾਈਂ।
ਬਸੇ ਮਹਿਲ ਹਿਤ ਪੁੱਤ੍ਰ ਕੇ, ਬਸਿ ਪ੍ਰੇਮ ਸਦਾਈ।
ਸ੍ਰੀ ਜੀਤੋ ਕੀ ਕਾਮਨਾ ਤਬਿ ਪੂਰਨ ਕੀਨੀ।
ਧਰਯੋ ਗਰਭ ਹਰਖਤਿ ਭਈ ਪਤਿ ਸੇਵ ਪ੍ਰਬੀਨੀ॥ ੩੦॥

ਜਦ ਐਤਵਾਰ ਬੀਤਿਆਂ ਤਾਂ ਰਾਤ ਦੇ ਸਮੇਂ ਪੁੱਤਰ ਵਾਸਤੇ ਮਹਿਲ ਵਿਚ ਠਹਿਰੇ, ਜਿਹੜੇ ਗੁਰੂ ਜੀ ਸਦਾ ਹੀ ਪ੍ਰੇਮ ਦੇ ਵੱਸ ਵਿਚ ਰਹਿੰਦੇ ਹਨ। ਸ੍ਰੀ ਜੀਤੋ ਜੀ ਦੀ ਫਿਰ ਉਨ੍ਹਾਂ ਕਾਮਨਾ ਪੂਰੀ ਕੀਤੀ। ਗਰਭ ਧਾਰਨ ਕਰਕੇ ਬਹੁਤ ਪ੍ਰਸੰਨ ਹੋਏ, ਪਤੀਦੇਵ ਦੀ ਸੇਵਾ ਸਫਲ ਹੋਈ॥ ੩੦॥

ਬਡਭਾਗਨ ਅਨੁਰਾਗਨੀ ਉਰ ਕੰਤ ਬਸਾਯੋ।
ਨਿਸ ਬਾਸੁਰ ਚਿਤਵਤਿ ਸੁਮਤਿ ਅਤਿ ਪ੍ਰੇਮ ਵਧਾਯੋ।
ਦਿਨਪ੍ਰਤਿ ਬ੍ਰਿੱਧਾ ਗਰਭ ਕੀ ਦੁਤਿ ਹੈ ਅਧਿਕਾਈ।
ਮਨੋ ਦੂਜ ਤੇ ਚੰਦ੍ਰਮਾ ਪੂਰਵਤਿ ਸੁਖਦਾਈ॥ ੩੧॥

ਵੱਡੇ ਭਾਗਾਂ ਵਾਲੀ ਪ੍ਰੇਮਣ ਨੇ ਪਤੀ ਨੂੰ ਹਿਰਦੇ ਵਿਚ ਵਸਾਇਆ। ਰਾਤ ਦਿਨ ਯਾਦ ਕਰਦੀ ਸੀ, ਸ੍ਰੇਸ਼ਟ ਬੁੱਧੀ ਵਾਲੀ ਨੇ ਬਹੁਤ ਪ੍ਰੇਮ ਵਧਾਇਆ। ਪ੍ਰਤੀ ਦਿਨ ਗਰਭ ਦੀ ਸ਼ੋਭਾ ਵਧਦੀ ਜਾਂਦੀ ਸੀ, ਮਾਨੋ ਦੂਜ ਦਾ ਸੁਖਦਾਈ ਚੰਦ ਪੂਰਨ ਹੋ ਰਿਹਾ ਹੈ॥ ੩੧॥

ਜਿਸ ਮੰਦਰ ਮਹਿਂ ਮੁਦਿਤ ਚਿਤ ਥਿਰਤਾ ਕੋ ਧਾਰੈ।
ਅਧਿਕ ਲਹੈ ਸ਼ੋਭਾ ਤਬਹਿ ਬਡਿ ਕਰ ਉਜਿਯਾਰੈ।
ਬੀਤ ਗਏ ਨਵ ਮਾਸ ਇਮ ਹਰਖਤਿ ਪਰਿਵਾਰਾ।
ਸਹਿਤ ਪੁੱਤ੍ਰ ਪਰਤੀਖਨਾ ਉਤਸਵ ਹੁਇ ਭਾਰਾ॥ ੩੨॥

ਜਿਸ ਘਰ ਵਿਚ ਪ੍ਰਸੰਨ ਹੋ ਕੇ ਸਥਿਰਤਾ ਨੂੰ ਧਾਰਨ ਕਰਦਾ ਹੈ, ਬਹੁਤ ਸ਼ੋਭਾ ਪ੍ਰਾਪਤ ਕਰਦਾ ਹੈ ਤੇ ਵਧ ਕੇ ਬਹੁਤ ਰੌਸ਼ਨੀ ਦਿੰਦਾ ਹੈ। ਇਸ ਪ੍ਰਕਾਰ ਪ੍ਰਸੰਨ ਚਿੱਤ ਰਹਿ ਕੇ ਨੌਂ ਮਹੀਨੇ ਪੂਰੇ ਹੋ ਗਏ, ਪਰਿਵਾਰ ਬਹੁਤ ਪ੍ਰਸੰਨ ਹੋਇਆ। ਪੁੱਤਰ ਸਹਿਤ ਇੰਤਜ਼ਾਰ ਕਰਦਿਆਂ ਭਾਰੀ ਉਤਸਵ ਹੋਇਆ॥ ੩੨॥

ਚੇਤ ਸੁਦੀ ਥਿਤ ਸਪਤਮੀ ਕੁਜ ਬਾਸੁਰ ਆਵਾ।
ਸੱਤ੍ਰਾਂ ਸੈ ਸੰਤਾਲੀਏ ਸੰਮਤ ਮੁਦ ਛਾਵਾ।
ਭਲੇ ਲਗਨ ਗ੍ਰਹ ਊਚ ਕਛੁ ਜਨਮਯੋ ਸੁਖ ਪਾਏ।
ਸੇਬਜ਼ਮਾਨ ਗਨ ਧਾਇ ਤੇ ਬਹੁ ਦੀਪ ਜਗਾਏ॥ ੩੩॥

ਚੇਤ ਸੁਦੀ ਸਤਵੀਂ ਥਿਤ ਨੂੰ ਮੰਗਲਵਾਰ ਆਇਆ, ਸਤਾਰਾਂ ਸੌ ਸੰਤਾਲੀ ਸੰਮਤ ਨੂੰ ਅਨੰਦ ਛਾ ਗਿਆ। ਭਲੇ ਲਗਨ ਤੇ ਉੱਚੇ ਗ੍ਰਹਿ ਸਹਿਤ ਸੁਖ ਪਾ ਕੇ ਪੁੱਤਰ ਜੰਮਿਆ। ਬਹੁਤ ਦਾਈਆਂ ਆਈਆਂ ਤੇ ਬਹੁਤ ਦੀਪ ਜਗਾਏ॥ ੩੩॥

ਮੰਗਲ ਮੰਗਲਵਾਰ ਮੈਂ ਬਜਿ ਉਠੀ ਬਧਾਈ।
ਬਾਦਿਤ ਅਨਿਕ ਪ੍ਰਕਾਰ ਕੇ ਦਰ ਪਰ ਸਮੁਦਾਈ।
ਸ੍ਰੀ ਗੁਜਰੀ ਬਹੁ ਭਾਂਤਿ ਕਰਿ ਉਤਸਵ ਕੋ ਠਾਨਾ।
ਮੰਗਤਿ ਗਨ ਜਨ ਸੁਨਤਿ ਹੀ ਦੌਰੇ ਹਿਤ ਦਾਨਾ॥ ੩੪॥

ਮੰਗਲਵਾਰ ਵਾਲੇ ਦਿਨ ਅਨੰਦ ਮੰਗਲ ਦੀਆਂ ਵਧਾਈਆਂ ਵੱਜ ਉੱਠੀਆਂ, ਗੁਰੂ ਘਰ ਦੇ ਦਰਵਾਜ਼ੇ ਉੱਤੇ ਬਹੁਤ ਵਾਜੇ ਵੱਜ ਉਠੇ। ਮਾਤਾ ਗੁਜਰੀ ਜੀ ਨੇ ਬਹੁਤ ਪ੍ਰਕਾਰ ਉਤਸਵ ਮਨਾਇਆ। ਬਹੁਤ ਮੰਗਤੇ ਸੁਣਦਿਆਂ ਹੀ ਦਾਨ ਲੈਣ ਵਾਸਤੇ ਦੌੜੇ ਆਏ॥ ੩੪॥

ਭਈ ਭੀਰ ਬਡ ਪੌਰ ਪਰ ਧਨ ਪਾਇਂ ਉਦਾਰਾ।
'ਚਿਰੰਜੀਵ ਗੁਰ ਪੁੱਤ੍ਰ ਹੁਇ' ਸਭਿ ਬਾਕ ਉਚਾਰਾ।
ਇਤ ਕਲਗੀਧਰ ਕੇ ਨਿਕਟ ਪਾਵਹਿਂ ਮਨ ਭਾਯੋ।
ਆਸ਼ਿਖ ਕੀਰਤਿ ਕੇ ਸਹਿਤ ਸਭਿ ਕਹਤਿ ਸੁਨਾਯੋ॥ ੩੫॥

ਦਰਵਾਜ਼ੇ ਉੱਤੇ ਵੱਡੀ ਭੀੜ ਲੱਗ ਗਈ ਤੇ ਮੰਗਤੇ ਬਹੁਤ ਧਨ ਪਾ ਰਹੇ ਸਨ। "ਗੁਰੂ ਜੀ ਦਾ ਪੁੱਤਰ ਚਿਰੰਜੀਵ ਹੋਵੇ" ਸਾਰੇ ਉਚਾਰ ਕੇ ਕਹਿੰਦੇ ਸਨ। ਏਧਰ ਕਲਗੀਧਰ ਜੀ ਪਾਸੋਂ ਮਨ-ਭਾਉਂਦਾ ਧਨ ਪਾਉਂਦੇ ਸਨ। ਅਸੀਸ ਕੀਰਤੀ ਸਹਿਤ ਸਭ ਕਹਿਕੇ ਸੁਣਾਉਂਦੇ ਸਨ॥ ੩੫॥

ਇਕ ਗੁਜਰੀ ਕੇ ਜਾਇਂ ਢਿਗ ਬਹੁ ਦੇਤਿ ਬਧਾਈ।
ਹਰਿਤ ਦੂਰਬਾ ਅਰਪਿ ਕਰਿ ਪ੍ਰਾਪਤਿ ਮਨ ਭਾਈ।
ਫੂਲਨਿ ਮਾਲ ਬਿਸਾਲ ਕੌ ਅਰੁ ਬੰਦਨਵਾਲਾਂ।
ਸਭਿ ਦਰ ਪਰ ਬੰਧਨਿ ਕਰੀ ਦਲ ਹਰਿਤ ਬਿਸਾਲਾ॥ ੩੬॥

ਕਈ ਮਾਤਾ ਗੁਜਰੀ ਜੀ ਪਾਸ ਜਾ ਕੇ ਬਹੁਤ ਵਧਾਈਆਂ ਦਿੰਦੇ ਸਨ। ਹਰਿਆ ਘਾਹ ਅਰਪਣ ਕਰਕੇ ਮਨੋਕਾਮਨਾ ਪ੍ਰਾਪਤ ਕਰਦੇ ਸਨ। ਬਹੁਤ ਫੁੱਲਾਂ ਦੇ ਹਾਰ ਅਤੇ ਬੰਦਨਵਾਲ ਲਿਆਉਂਦੇ ਸਨ। ਸਾਰੇ ਦਰਵਾਜ਼ਿਆਂ ਉੱਤੇ ਬਹੁਤ ਹਰੇ ਪੱਤੇ ਬੰਨ੍ਹ ਦਿੱਤੇ॥ ੩੬॥

ਮੁਕਤਾ ਲਰੀਅਨ ਪੋਇ ਕਰਿ ਵਿਚ ਕੰਚਨ ਸੂਤਾ।
ਬਾਂਧੀ ਦ੍ਵਾਰੇ ਚਾਰੁ ਪਰ ਜਹਿਂ ਜਨਮ ਸਪੂਤਾ।
ਸੋਢਿਬੰਸ ਕੀ ਰੀਤਿ ਸਭਿ ਕਹਿ ਕਰਿ ਕਰਿਵਾਈ।
ਪੌਤ੍ਰ ਜਨਮ ਤੇ ਮੋਦ ਮਨ ਗੁਜਰੀ ਸੁਖ ਪਾਈ॥ ੩੭॥

ਸੋਨੇ ਦੀਆਂ ਤਾਰਾਂ ਵਿਚ ਮੋਤੀ ਪਰੋ ਕੇ, ਸੁੰਦਰ ਦਰਵਾਜ਼ੇ ਉੱਤੇ ਬੰਨ੍ਹ ਦਿੱਤੇ, ਜਿੱਥੇ ਸਪੁੱਤਰ ਨੇ ਜਨਮ ਲਿਆ ਸੀ। ਸੋਢੀ ਵੰਸ਼ ਦੀ ਸਾਰੀ ਰੀਤੀ ਕਹਿ ਕੇ ਕਰਵਾਈ। ਪੋਤਰੇ ਦੇ ਜਨਮ ਦੀ ਖੁਸ਼ੀ ਵਿਚ ਮਾਤਾ ਗੁਜਰੀ ਜੀ ਨੇ ਬਹੁਤ ਸੁਖ ਪਾਇਆ॥ ੩੭॥

ਦੂਸਰ ਜੰਗ ਨਦੌਣ ਕੋ ਜਯ ਲੈ ਕਰਿ ਆਏ।
ਜਨਮ ਪੁੱਤ੍ਰ ਭਾ ਦੂਸਰੇ ਬਹੁ ਬਜੇ ਵਧਾਏ।
ਰਿਦੈ ਬਿਚਾਰਯੋ ਸਤਿਗੁਰੂ ਧਰਿਬੇ ਹਿਤ ਨਾਮੂ।
'ਜੁਝਾਰ ਸਿੰਘ' ਤਬਿ ਕਹਯੋ ਬਿਦਤਯੋ ਸੁਖ ਧਾਮੂ॥ ੩੮॥

ਨਦੌਣ ਦੀ ਦੂਸਰੀ ਜੰਗ ਵਿਚ ਗੁਰੂ ਜੀ ਵਿਜੇ ਪ੍ਰਾਪਤ ਕਰਕੇ ਆਏ ਸਨ, ਫਿਰ ਦੂਸਰੇ ਪੁੱਤਰ ਦਾ ਜਨਮ ਹੋਇਆ ਤੇ ਸਹਾਕ ਵਾਜੇ ਵਜਾਏ। ਗੁਰੂ ਜੀ ਨੇ ਫਿਰ ਪੁੱਤਰ ਦਾ ਨਾਮ ਰੱਖਣ ਬਾਰੇ ਵਿਚਾਰ ਕੀਤੀ। ਫਿਰ ਗੁਰੂ ਜੀ 'ਜੁਝਾਰ ਸਿੰਘ' ਕਿਹਾ

ਜਿਹੜਾ ਸੁਖਾਂ ਦੇ ਘਰ ਵਿਚ ਪ੍ਰਸਿੱਧ ਹੋ ਗਿਆ॥ ੩੮॥

*ਨੋਟ - ਹੁਣ ਤਕ ਸਿੱਖ ਇਤਿਹਾਸ ਦੇ ਜਿੰਨੇ ਵੀ ਪ੍ਰਮਾਣੀਕ ਗ੍ਰੰਥ ਹਨ, ਉਨ੍ਹਾਂ ਸਭ ਨੇ ਦੂਸਰੇ ਪੁੱਤਰ ਦਾ ਨਾਮ ਜੁਝਾਰ ਸਿੰਘ ਦਿੱਤਾ ਹੈ। ਮਹਿਮਾ ਪ੍ਰਕਾਸ਼ ਵਾਰਤਕ ਸੰਮਤ ੧੮੯੮ ਵਿਚ ਲਿਖਿਆ ਗਿਆ ਸੀ। ਉਸ ਵਿਚ ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਵੇਰਵਾ ਹੇਠਲੇ ਕ੍ਰਮ ਅੰਕ ਅਨੁਸਾਰ ਦਿੱਤਾ ਹੈ, ਇਸ ਕ੍ਰਮ ਨੂੰ ਸਹੀ ਮੰਨਣਾ ਉਚਿਤ ਹੈ।*

*1. ਬਾਬਾ ਅਜੀਤ ਸਿੰਘ ਜੀ, 2. ਬਾਬਾ ਜੁਝਾਰ ਸਿੰਘ ਜੀ, 3. ਬਾਬਾ ਜ਼ੋਰਾਵਰ ਸਿੰਘ ਜੀ, 4. ਬਾਬਾ ਫਤਹਿ ਸਿੰਘ ਜੀ।*

*ਦੂਸਰੀ ਰੁੱਤ ਦਾ ਚੁਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੪॥*

# ਅਧਿਆਇ ਪੰਜਤਾਲੀਵਾਂ

## ਸ੍ਰੀ ਗੁਰੂ ਜੀ ਦਾ ਪ੍ਰਤਾਪ

ਦੋਹਰਾ- ਜੁਝਾਰ ਸਿੰਘ ਨਾਮ ਧਰਿ ਸੁਨਿ ਹਰਖਜੋ ਪਰਵਾਰ।
ਉਤ ਅਜੀਤ ਸਿੰਘ ਖੇਲਤੇ ਭੂਖਨ ਸ਼ਬਦ ਸੁ ਧਾਰਿ॥ ੧॥

ਜੁਝਾਰ ਸਿੰਘ ਨਾਮ ਧਰ ਕੇ ਪਰਿਵਾਰ ਬਹੁਤ ਪ੍ਰਸੰਨ ਹੋਇਆ। ਓਧਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਖੇਡਦੇ ਸਨ ਤਾਂ ਉਨ੍ਹਾਂ ਦੇ ਪਾਏ ਹੋਏ ਗਹਿਣੇ ਖੜਕਦੇ ਸਨ॥ ੧॥

ਚੌਪਈ- ਸਤਿਗੁਰ ਘਰ ਜੁਗ ਸਾਹਿਬਜ਼ਾਦੇ। ਮਾਤ ਬਿਲੋਕਤਿ ਚਿਤ ਅਹਿਲਾਦੇ।
ਬਸਨ ਬਿਭੂਖਨ ਪਾਇ ਨਵੀਨੇ। ਡੀਠ ਨ ਲਗਹਿ ਦਿਠੌਨਾ ਦੀਨੇ॥੨॥

ਸਤਿਗੁਰੂ ਜੀ ਦੇ ਘਰ ਵਿਚ ਦੋ ਸਾਹਿਬਜ਼ਾਦਿਆਂ ਨੂੰ ਮਾਤਾ ਗੁਜਰੀ ਜੀ ਚਿੱਤ ਵਿਚ ਪ੍ਰਸੰਨ ਹੋ ਕੇ ਵੇਖਦੇ ਸਨ। ਵਸਤਰ ਅਤੇ ਗਹਿਣੇ ਨਵੇਂ ਪਾਏ, ਨਜ਼ਰ ਨਾ ਲੱਗੇ ਇਸ ਕਰਕੇ ਕਾਲਾ ਦਾਗ ਲਾਇਆ॥ ੨॥

ਕਰਹਿ ਦੁਲਾਰਨ ਦਾਈ ਦਾਏ। ਪੁਰਿ ਨਰ ਨਾਰਿ ਹੇਰਿ ਹਰਖਾਏ।
ਸੰਗਤਿ ਸਹਿਤ ਮਸੰਦਨਿ ਬ੍ਰਿੰਦ। ਸੁਨਹਿਂ ਜਨਮ ਗੁਰ ਨੰਦ ਅਨੰਦ॥੩॥

ਦਾਈ ਅਤੇ ਖਿਡਾਵਾ ਦੁਲਾਰਦੇ ਸਨ, ਨਗਰ ਦੇ ਇਸਤਰੀ ਪੁਰਸ਼ ਵੇਖ ਕੇ ਬਹੁਤ ਪ੍ਰਸੰਨ ਹੋਏ। ਸੰਗਤ ਸਹਿਤ ਬਹੁਤ ਮਸੰਦ ਜਦ ਗੁਰੂ ਜੀ ਦੇ ਘਰ ਪੁੱਤਰ ਦੇ ਜਨਮ ਬਾਰੇ ਸੁਣਦੇ ਸਨ ਤਾਂ ਬਹੁਤ ਪ੍ਰਸੰਨ ਹੁੰਦੇ ਸਨ॥ ੩॥

ਅਲੰਕਾਰ ਰਚਨਾ ਬਿਧਿ ਨਾਨਾ। ਸੁਧਰਾਵਹਿਂ ਦੇ ਦਰਬ ਮਹਾਨਾ।
ਭਾਂਤਿ ਭਾਂਤਿ ਕੇ ਬਸਨ ਬਨਾਵਹਿਂ। ਗੁਰੂ ਰਿਝਾਵਨਿ ਕਾਰਨ ਲਜਾਵਹਿਂ॥ ੪॥

ਕਈ ਵਿਧੀਆਂ ਅਨੁਸਾਰ ਸਾਹਿਬਜ਼ਾਦਿਆਂ ਦੇ ਗਹਿਣੇ ਬਹੁਤ ਧਨ ਖਰਚ ਕੇ ਬਣਾਉਂਦੇ ਸਨ। ਕਈ ਪ੍ਰਕਾਰ ਦੇ ਵਸਤਰ ਤਿਆਰ ਕਰਵਾਉਂਦੇ ਸਨ ਤੇ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਲਿਆਉਂਦੇ ਸਨ॥ ੪॥

ਕਲਗੀਧਰ ਘਰ ਉਤਸਵ ਘਨੇ। ਦਿਨ ਪ੍ਰਤਿ ਹੋਤਿ ਅਨੰਦ ਕੋ ਜਨੇ।
ਦਿਵਸ ਬਸੋਏ ਕੋ ਬਡ ਮੇਲਾ। ਚਹੁੰ ਦਿਸ਼ਿ ਤੇ ਨਰ ਨਾਰਿ ਸਕੇਲਾ॥ ੫॥

ਕਲਗੀਧਰ ਸਤਿਗੁਰੂ ਜੀ ਦੇ ਘਰ ਬਹੁਤ ਉਤਸਵ ਹੋ ਰਹੇ ਸਨ, ਦਿਨ ਪ੍ਰਤੀ ਦਿਨ ਬਹੁਤ ਅਨੰਦ ਹੋ ਰਹੇ ਸਨ। ਫਿਰ ਵਿਸਾਖੀ ਦਾ ਵੱਡਾ ਮੇਲਾ ਆ ਗਿਆ। ਚਾਰੇ ਪਾਸਿਆਂ ਤੋਂ ਇਸਤਰੀ ਪੁਰਸ਼ ਇਕੱਠੇ ਹੋ ਕੇ ਆਏ॥ ੫॥

ਸ਼ਸਤ੍ਰ ਸਜਾਇ ਊਚ ਥਲ ਬੈਸੇ। ਬੀਚ ਸਭਾ ਕੇ ਰਘੁਵਰ ਜੈਸੇ।
ਵਸਤੁ ਅਜਾਇਬ ਪੁੰਜ ਅਕੋਰ। ਅਰਪਤਿ ਆਨਿ ਦੁਊ ਕਰ ਜੋਰਿ॥ ੬॥

ਗੁਰੂ ਜੀ ਸ਼ਸਤਰ ਸਜਾ ਕੇ ਉੱਚੇ ਸਥਾਨ 'ਤੇ ਬੈਠ ਗਏ, ਉਹ ਇੰਝ ਲਗ ਰਹੇ ਸਨ ਜਿਵੇਂ ਰਾਮਚੰਦਰ ਜੀ ਸਭਾ ਵਿਚ ਬੈਠੇ ਹੋਣ। ਸਿੱਖ ਦੋਵੇਂ ਹੱਥ ਜੋੜ ਕੇ ਅਜੀਬ ਵਸਤਾਂ ਅਤੇ ਉਪਹਾਰ ਆ ਆ ਕੇ ਗੁਰੂ ਜੀ ਅੱਗੇ ਅਰਪਣ ਕਰ ਰਹੇ ਸਨ॥ ੬॥

ਜੁਗ ਲੋਕਨਿ ਕੀ ਚਹਿਂ ਕੱਲਜਾਨਾ। ਦਰਸ਼ਨ ਦਰਸਹਿਂ ਭਾਵ ਮਹਾਨਾ।
ਸੁਤ ਬਿਤ ਆਦਿ ਰਿਦੇ ਕਰਿ ਆਸ। ਖਰੇ ਹੋਇ ਭਾਖਤਿ ਅਰਦਾਸ॥ ੭॥

ਸਿੱਖ ਦੋਵਾਂ ਲੋਕਾਂ ਦਾ ਕਲਿਆਣ ਚਾਹੁੰਦੇ ਸਨ, ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਪੁੱਤਰ ਪਤਨੀ ਦੀ ਹਿਰਦੇ ਵਿਚ ਆਸ ਕਰਦੇ ਸਨ, ਖੜੇ ਹੋ ਕੇ ਅਰਦਾਸ ਕਰਦੇ ਸਨ॥ ੭॥

ਤਨ ਅਰੋਗਤਾ ਜਾਚਤਿ ਸੋਈ। ਭਗਤਿ ਗਯਾਨ ਚਹਿਂ ਸੇਵਤਿ ਕੋਈ।
ਲੋਕ ਹਜ਼ਾਰਹੁਂ ਦਰਸ਼ਨ ਕਰਿ ਕਰਿ। ਲਹੈਂ ਕਾਮਨਾ ਮੁਦ ਉਰ ਧਰਿ ਧਰਿ॥ ੮॥

ਕੋਈ ਤਨ ਅਰੋਗਤਾ ਮੰਗਦਾ ਸੀ। ਕੋਈ ਭਗਤੀ ਗਿਆਨ ਚਾਹੁੰਦਾ ਸੀ। ਹਜ਼ਾਰਾਂ ਲੋਕ ਦਰਸ਼ਨ ਕਰ ਕਰ ਕਾਮਨਾ ਪ੍ਰਾਪਤ ਕਰਕੇ ਹਿਰਦੇ ਵਿਚ ਖੁਸ਼ੀ ਧਾਰਦੇ ਸਨ॥ ੮॥

ਆਪ ਆਪਨੇ ਸਦਨ ਸਿਧਾਰੈਂ। ਚਹੁਂ ਦਿਸ਼ਿ ਮਹਿਂ ਸ਼ੁਭ ਸੁਜਸੁ ਪਸਾਰੈਂ।
ਕੇਚਿਤ ਰਹੈਂ ਸਮੀਪ ਗੁਸਾਈਂ। ਸੇਵਤਿ ਚਰਨ ਕਮਲ ਸੁਖਦਾਈ॥ ੯॥

ਆਪ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ ਤੇ ਚਾਰੇ ਪਾਸੇ ਸ਼ੁਭ ਸ੍ਰੇਸ਼ਟ ਜੱਸ ਪਸਾਰਦੇ ਸਨ। ਕਈ ਗੁਰੂ ਜੀ ਦੇ ਪਾਸ ਹੀ ਰਹਿੰਦੇ ਸਨ, ਉਹ ਗੁਰੂ ਜੀ ਦੇ ਸੁਖਦਾਈ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ॥ ੯॥

ਸਾਹਿਬਜ਼ਾਦਨ ਕੌ ਦਰਸੰਤੇ। ਕਰਹਿਂ ਦੁਲਾਰਨਿ ਅਨੰਦ ਵਧੰਤੇ।
ਪੌਤ੍ਰਨ ਕੋ ਪ੍ਰਤਿਪਾਰਨ ਆਛੇ। ਸ੍ਰੀ ਗੁਜਰੀ ਨਿਤ ਸ਼੍ਰੇਯਹਿ ਬਾਛੇ॥ ੧੦॥

ਸਿੱਖ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਦੇ ਸਨ ਤੇ ਦੁਲਾਰ ਕੇ ਅਨੰਦ ਵਧਾਉਂਦੇ ਸਨ। ਮਾਤਾ ਗੁਜਰੀ ਜੀ ਪੋਤਿਆਂ ਦੀ ਪਾਲਣਾ ਕਰਦੇ ਸਨ ਤੇ ਸਦਾ ਉਨ੍ਹਾਂ ਦੀ ਸੁਖ ਮੰਗਦੇ ਸਨ॥ ੧੦॥

ਧਰਹਿ ਪ੍ਰੇਮ ਨਿਜ ਅੰਕ ਬਿਠਾਰਹਿ। ਬਾਰਿ ਬਾਰਿ ਮੁਖ ਕਮਲ ਨਿਹਾਰਹਿ।
ਸੁਤ ਕੋ ਬੰਸ ਬ੍ਰਿੱਧਤਾ ਪਾਵਹਿ। ਰਿਦੈ ਬਿਚਾਰਤਿ ਮੋਦ ਉਪਾਵਹਿ॥ ੧੧॥

ਪ੍ਰੇਮ ਧਾਰ ਕੇ ਗੋਦ ਵਿਚ ਬਿਠਾ ਲੈਂਦੇ ਸਨ ਤੇ ਬਾਰ-ਬਾਰ ਪੋਤਿਆਂ ਦੇ ਕੰਵਲ ਮੁਖੜਿਆਂ ਨੂੰ ਵੇਖਦੇ ਸਨ। ਆਪਣੇ ਪੁੱਤਰ ਦਾ ਵੰਸ਼ ਵਧੇਗਾ, ਹਿਰਦੇ ਵਿਚ ਵਿਚਾਰ ਕੇ ਪ੍ਰਸੰਨਤਾ ਧਾਰਨ ਕਰਦੇ ਸਨ॥ ੧੧॥

ਸ੍ਰੀ ਅਜੀਤ ਸਿੰਘ ਆਂਗਨ ਮਾਂਹੀ। ਪਾਇ ਬਿਭੂਖਨ ਸ਼ਬਦ ਉਠਾਹੀਂ।
ਕਰਹਿਂ ਹਕਾਰਨ ਨਿਕਟ ਬਿਠਾਵਹਿਂ। ਤਊ ਦੌਰਿ ਖੇਲਨਿ ਹਿਤ ਜਾਂਵਹਿਂ॥੧੨॥

ਸ੍ਰੀ ਅਜੀਤ ਸਿੰਘ ਵਿਹੜੇ ਵਿਚ ਗਹਿਣੇ ਪਹਿਨ ਕੇ ਜਦ ਫਿਰਦੇ ਸਨ ਤਾਂ ਗਹਿਣੇ ਖੜਕਦੇ ਸਨ। ਉਨ੍ਹਾਂ ਨੂੰ ਬੁਲਾ ਕੇ ਪਾਸ ਬਿਠਾ ਲੈਂਦੇ ਸਨ, ਫਿਰ ਵੀ ਉਹ ਦੌੜ ਕੇ ਖੇਡਣ ਚਲੇ ਜਾਂਦੇ ਸਨ॥ ੧੨॥

ਮਾਤ ਸੁੰਦਰੀ ਸੁੰਦਰ ਨੰਦਨ। ਅਵਿਲੋਕਤਿ ਕਰਤਾ ਅਭਿਬੰਦਨ।
ਰੱਛਾ ਠਾਨਤਿ ਅਨਿਕ ਪ੍ਰਕਾਰਨਿ। ਦਧਿ ਓਦਨ ਅਚਵਾਇ ਅਹਾਰਨਿ ॥੧੩॥

ਮਾਤਾ ਸੁੰਦਰੀ ਜੀ ਦੇ ਸੁੰਦਰ ਪੁੱਤਰ ਨੂੰ ਵੇਖਣ ਵਾਲੇ ਦਰਸ਼ਨ ਕਰਕੇ ਨਮਸਕਾਰ ਕਰਦੇ ਸਨ। ਅਨੇਕ ਪ੍ਰਕਾਰ ਦੀ ਰੱਖਿਆ ਕਰਦੇ ਸਨ, ਦੁੱਧ ਦਹੀਂ ਦਾ ਭੋਜਨ ਖਵਾਉਂਦੇ ਸਨ॥ ੧੩॥

ਪਿਤਾ ਸਮੀਪ ਜਾਤਿ ਜਿਹ ਸਮੇਂ। ਦੇਖਿ ਅਪਰ ਕੋ ਠਾਨਤਿ ਨਮੋ।
ਬਾਲਿਕ ਲੀਲਾ ਕਰਤਿ ਦਿਖਾਵਤਿ। ਸਭਿਹਿਨ ਕੇ ਮਨ ਮੋਦ ਉਪਾਵਤਿ ॥੧੪॥

ਜਿਸ ਸਮੇਂ ਪਿਤਾ ਜੀ ਪਾਸ ਜਾਂਦੇ ਸਨ ਤੇ ਦੂਸਰੇ ਸਿੱਖਾਂ ਨੂੰ ਨਮਸਕਾਰ ਕਰਦਿਆਂ ਵੇਖ ਕੇ ਗੁਰੂ ਜੀ ਨੂੰ ਨਮਸਕਾਰ ਕਰਦੇ ਸਨ। ਬਾਲਕ ਲੀਲ੍ਹਾ ਕਰਕੇ ਵਿਖਾਉਂਦੇ ਸਨ, ਸਾਰਿਆਂ ਦੇ ਮਨ ਵਿਚ ਖ਼ੁਸ਼ੀ ਪੈਦਾ ਕਰਦੇ ਸਨ॥ ੧੪॥

ਸ੍ਰੀ ਜੁਝਾਰ ਸਿੰਘ ਲਘੁ ਬਯ ਮੈਂ। ਰਹੈਂ ਸਦਨ ਮਹਿਂ ਬ੍ਰਿੰਦਨ ਤ੍ਰਿਯ ਮੈਂ।
ਵਧਤਿ ਦੇਹਿ ਨਿਸ ਦਿਨ ਪ੍ਰਤਿਪਾਰਹਿਂ। ਦਾਸੀ ਦੇਤਿ ਦਿਲਾਸ ਉਚਾਰਹਿਂ ॥੧੫॥

ਸ੍ਰੀ ਜੁਝਾਰ ਸਿੰਘ ਦੀ ਉਮਰ ਹਾਲੇ ਛੋਟੀ ਸੀ, ਉਹ ਘਰ ਵਿਚ ਹੀ ਬਹੁਤ ਇਸਤਰੀਆਂ ਪਾਸ ਰਹਿੰਦੇ ਸਨ। ਸਰੀਰ ਵਧ ਰਿਹਾ ਸੀ, ਦਿਨ-ਰਾਤ ਪਾਲਣਾ ਕਰਦੇ ਸਨ, ਦਾਸੀਆਂ ਬੋਲ ਕੇ ਦਿਲਾਸਾ ਦਿੰਦੀਆਂ ਸਨ॥ ੧੫॥

ਇਸ ਬਿਧਿ ਦ੍ਵੈ ਕਲਗੀਧਰ ਨੰਦਨ। ਦਰਸ਼ਨ ਦੇਤਿ ਕਰਤਿ ਅਭਿਬੰਦਨ।
ਹਸਤਿ ਹਸਾਵਤਿ ਲੀਲਾ ਠਾਨਤਿ। ਦਾਸ ਅਨੇਕ ਸਾਥ ਅਨੁਮਾਨਤਿ ॥੧੬॥

ਇਸ ਵਿਧੀ ਨਾਲ ਗੁਰੂ ਜੀ ਦੇ ਦੋਵੇਂ ਪੁੱਤਰਾਂ ਦੇ ਸੰਗਤਾਂ ਦਰਸ਼ਨ ਕਰਨ ਤੇ ਬੰਦਨਾ ਕਰਦੀਆਂ ਸਨ। ਹੱਸਦੇ ਹਸਾਉਂਦੇ ਲੀਲ੍ਹਾ ਕਰਦੇ ਸਨ। ਨਾਲ ਦੇ ਦਾਸ ਅਨੇਕ ਤਰ੍ਹਾਂ ਨਾਲ ਸਤਿਕਾਰ ਕਰਦੇ ਸਨ॥ ੧੬॥

ਜਬਿ ਸਤਿਗੁਰ ਅਲਸੂਨ ਉਜਾਰਾ। ਪਰੀ ਧਾਂਕ ਤਬਿ ਬਾਇਸ ਧਾਰਾ।
ਸਰਬ ਧਾਰ ਤੇ ਤ੍ਰਾਸਤਿ ਰਿਦੇ। 'ਛੀਨਹਿ ਰਾਜ ਗੁਰੂ ਜ਼ਦ ਕਦੇ' ॥ ੧੭॥

ਜਦ ਸਤਿਗੁਰੂ ਜੀ ਨੇ ਅਲਸੂਨ ਪਿੰਡ ਨੂੰ ਉਜਾੜਿਆ ਸੀ ਤਦ ਬਾਈ ਧਾਰ ਰਾਜਿਆਂ ਵਿਚ ਉਨ੍ਹਾਂ ਦੀ ਧਾਂਕ ਪੈ ਗਈ। ਸਾਰੇ ਹਿਰਦੇ ਵਿਚ ਡਰ ਧਾਰਨ ਕਰਦੇ ਸਨ। "ਗੁਰੂ ਜੀ ਕਿਸੇ ਸਮੇਂ ਵੀ ਰਾਜ ਖੋਹ ਲੈਣਗੇ"॥ ੧੭॥

ਕੇਤਿਕ ਸੰਧਿ ਕਰੀ ਮਿਲਿ ਗਏ। ਸਾਹਿਬ ਕਰਾਮਾਤ ਲਖਿ ਲਏ।
ਪਠਹਿਂ ਮੁਸਾਹਿਬ ਕੈ ਚਲਿ ਆਪ। ਦਰਸਹਿਂ ਬਦਨ ਪਾਪ ਗਨਖਾਪ ॥੧੮॥

ਕਈ ਸੰਧੀ ਕਰਕੇ ਮਿਲ ਗਏ, ਕਰਾਮਾਤ ਦੇ ਸਾਹਿਬ ਸਮਝ ਲਏ। ਕਈਆਂ ਨੇ ਆਪ ਦੂਤ ਭੇਜੇ, ਕਈ ਆਪ ਚਲ ਕੇ ਆ ਗਏ, ਮੁਖ ਦੇ ਦਰਸ਼ਨ ਕਰਕੇ ਪਾਪ ਦੂਰ ਕਰਦੇ ਸਨ॥ ੧੮॥

ਅਨਿਕ ਪ੍ਰਕਾਰ ਉਪਾਇਨ ਆਛੇ। ਪਠਤਿ ਰਹੇ ਗੁਰ ਸੋਂ ਰਸ ਬਾਂਛੇ।
ਜੋ ਸੈਲਨ ਕੀ ਵਸਤੁ ਅਜਾਇਬ। ਬਾਰਿ ਬਾਰਿ ਭੇਜਹਿਂ ਢਿਗ ਸਾਹਿਬ ॥੧੯॥

ਅਨੇਕ ਪ੍ਰਕਾਰ ਦੇ ਚੰਗੇ ਉਪਹਾਰ ਭੇਜਦੇ ਰਹੇ, ਗੁਰੂ ਜੀ ਨਾਲ ਚੰਗਾ ਰਸ ਰੱਖਣਾ ਚਾਹੁੰਦੇ ਸਨ। ਜਿਹੜੀਆਂ ਪਹਾੜਾਂ ਦੀਆਂ ਅਜੀਬ ਵਸਤਾਂ ਸਨ, ਉਹ ਬਾਰ-ਬਾਰ ਗੁਰੂ ਜੀ ਪਾਸ ਭੇਜਦੇ ਸਨ॥ ੧੯॥

ਤਿਨਕੇ ਸੰਗ ਤਿਸੀ ਹੀ ਰੀਤ। ਕਲਗ਼ੀਧਰ ਵਰਤਹਿਂ ਹਿਤ ਚੀਤ।
ਕ੍ਰਿਪਾ ਦ੍ਰਿਸ਼ਟਿ ਕੌ ਧਾਰਨ ਕਰੈਂ। ਰਾਜਨੀਤ ਕੇ ਬਚੋਂਤ ਉਚਰੈਂ॥ ੨੦॥

ਉਨ੍ਹਾਂ ਨਾਲ ਵੈਸੀ ਰੀਤੀ ਅਨੁਸਾਰ ਹੀ ਚਿੱਤ ਵਿਚ ਹਿਤ ਰੱਖ ਕੇ ਗੁਰੂ ਜੀ ਵਰਤਾਰਾ ਕਰਦੇ ਸਨ। ਕਿਰਪਾ-ਦ੍ਰਿਸ਼ਟੀ ਨੂੰ ਧਾਰਨ ਕਰਦੇ ਸਨ ਤੇ ਰਾਜਨੀਤੀ ਦੀ ਵਿਉਂਤ ਉਚਾਰਨ ਕਰਦੇ ਸਨ॥ ੨੦॥

ਕੇਤਿਕ ਧਰਹਿਂ ਦੁਸ਼ਟਤਾ ਮੰਦੇ। ਤੇ ਨਿਤ ਰਹਿਂ ਸਵਧਾਨ ਬਿਲੰਦੇ।
ਦੇ ਬੀਰਨਿ ਕੋ ਜੰਗ ਸਮਾਜੂ। ਰਾਖਹਿਂ ਤਯਾਰ ਹੋਹਿਂ ਕਬਿ ਕਾਜੂ॥ ੨੧॥

ਕਈ ਮਾੜੀ ਮਤ ਵਾਲੇ ਦੁਸ਼ਟਤਾ ਧਾਰਨ ਕਰਦੇ ਸਨ। ਗੁਰੂ ਜੀ ਸਦਾ ਪੂਰੀ ਤਰ੍ਹਾਂ ਸਾਵਧਾਨ ਰਹਿੰਦੇ ਸਨ। ਸੂਰਬੀਰਾਂ ਨੂੰ ਉਹ ਜੰਗ ਕਰਨ ਦਾ ਸਾਮਾਨ ਦਿੰਦੇ ਸਨ ਤੇ ਸਦਾ ਤਿਆਰ ਰੱਖਦੇ ਸਨ, ਪਤਾ ਨਹੀਂ ਕਿਸ ਸਮੇਂ ਜੰਗ ਕਰਨ ਦੀ ਲੋੜ ਪੈ ਜਾਣੀ ਸੀ॥ ੨੧॥

ਨਰ ਅਨੰਦ ਪੁਰਿ ਬੇਮੁਖ ਜੇਈ। ਗੁਰ ਮਹਿਮਾਂ ਕੋ ਲਖੈਂ ਨ ਤੇਈ।
ਉਰ ਮਹਿਂ ਡਰ ਧਰਿ ਕੁਮਤਿ ਗਵਾਰੇ। ਛੋਰਿ ਸ਼ਹਿਰ ਕੋ ਭਾਜਿ ਸਿਧਾਰੇ॥ ੨੨॥

ਅਨੰਦਪੁਰ ਵਿਚ ਜਿਹੜੇ ਵੀ ਮਨੁੱਖ ਬੇਮੁਖ ਹੁੰਦੇ ਸਨ, ਉਹ ਗੁਰੂ ਜੀ ਦੀ ਮਹਿਮਾ ਨੂੰ ਨਹੀਂ ਜਾਣਦੇ ਸਨ। ਹਿਰਦੇ ਵਿਚ ਡਰ ਧਾਰ ਕੇ ਗਵਾਰ ਭੈੜੀ ਮੱਤ ਧਾਰਨ ਕਰਦੇ ਸੀ ਤੇ ਸ਼ਹਿਰ ਨੂੰ ਛੱਡ ਕੇ ਭੱਜ ਜਾਂਦੇ ਸਨ॥ ੨੨॥

ਅਪਰ ਗ੍ਰਾਮ ਪੁਰਿ ਮਹਿਂ ਚਲਿ ਬਾਸੇ। ਦੇਖਤਿ ਲੋਕ ਕਰਹਿਂ ਸਭਿ ਹਾਸੇ।
ਕਹੂੰ ਜੀਵਕਾ ਹਾਥ ਨ ਆਈ। ਹਾਰੇ ਕਰਿ ਕਰਿ ਅਨਿਕ ਉਪਾਈ॥ ੨੩॥

ਹੋਰ ਪਿੰਡਾਂ ਜਾਂ ਸ਼ਹਿਰਾਂ ਵਿਚ ਜਾ ਕੇ ਵੱਸ ਗਏ, ਉਨ੍ਹਾਂ ਨੂੰ ਵੇਖ ਕੇ ਲੋਕ ਬਹੁਤ ਹੱਸਦੇ ਸਨ। ਕਿਤੇ ਵੀ ਰੋਜ਼ੀ ਹੱਥ ਨਾ ਆਈ। ਅਨੇਕ ਉਪਾਅ ਕਰ-ਕਰ ਹਾਰ ਗਏ॥ ੨੩॥

ਜਿਨ ਪਰ ਕੋਪ ਗੁਰਨਿ ਕੋ ਹੋਵੈ। ਲੋਕ ਪ੍ਰਲੋਕ ਤਿਨਹੁਂ ਕੋ ਖੋਵੈ।
ਇਹਾਂ ਸਦਾ ਦਾਰਿਦ ਬਸਿ ਰਹੈਂ। ਮਾਂਗਹਿ ਨਹਿਂ ਬਿਰਾਟਕਾ ਲਹੈਂ॥ ੨੪॥

ਜਿਸ ਉੱਤੇ ਵੀ ਗੁਰੂ ਜੀ ਦੀ ਕਰੋਪੀ ਹੁੰਦੀ ਸੀ, ਉਹ ਲੋਕ ਪਰਲੋਕ ਨੂੰ ਖੋਹ ਲੈਂਦੇ ਸਨ। ਏਥੇ ਸਦਾ ਗ਼ਰੀਬੀ ਵਿਚ ਵੱਸਦੇ ਸਨ, ਮੰਗਣ ਨਾਲ ਕੌਡੀ ਵੀ ਪ੍ਰਾਪਤ ਨਹੀਂ ਸੀ ਕਰਦੇ॥ ੨੪॥

ਤਜੈਂ ਪ੍ਰਾਨ ਜਮਦੂਤ ਹਰੰਤੇ। ਨਰਕ ਜਾਤਨਾ ਘਨੀ ਸਹੰਤੇ।
ਜਿਨ ਤੇ ਲੇਹਿਂ ਗੁਰੂ ਮੁਖ ਫੇਰੀ। ਪ੍ਰਥਮ ਮਿੱਤ੍ਰ ਤਿਨ ਬਨਿ ਹੈਂ ਬੈਰੀ॥ ੨੫॥

ਜਮਦੂਤ ਉਨ੍ਹਾਂ ਨੂੰ ਫੜ ਲੈਂਦੇ ਸਨ ਤੇ ਨਰਕਾਂ ਦੀ ਭਾਰੀ ਤਾੜਨਾ ਸਹਿੰਦੇ ਸਨ। ਜਿਨ੍ਹਾਂ ਤੋਂ ਗੁਰੂ ਜੀ ਮੁਖ ਫੇਰ ਲੈਂਦੇ ਸਨ, ਪਹਿਲਾਂ ਤਾਂ ਉਨ੍ਹਾਂ ਦੇ ਮਿੱਤਰ ਹੀ ਵੈਰੀ ਬਣ ਜਾਂਦੇ ਹਨ॥ ੨੫॥

ਜਹਾਂ ਜੇਵਰੀ ਪਿਖਿ ਕਰ ਘਾਲਹਿ। ਤਹਿਂ ਤੂਰਨ ਦਾਰੁਨ ਹ੍ਵੈ ਬਜਾਲਹਿ।
ਜਹਾਂ ਲੇਨਿ ਹਿਤ ਕੰਚਨ ਤਾਕਹਿਂ। ਤਹਿਂ ਤਤਕਾਲ ਮੂਠ ਹ੍ਵੈ ਖਾਕਹਿ॥ ੨੬॥

ਜਿੱਥੇ ਰੱਸੀ ਵੇਖ ਕੇ ਹੱਥ ਪਾਉਂਦੇ ਸਨ, ਓਥੇ ਤੁਰਤ ਭਿਆਨਕ ਸੱਪ ਬਣ ਜਾਂਦਾ ਸੀ। ਜਿਥੇ ਸੋਨਾ ਲੈਣ ਵਾਸਤੇ ਤੱਕਦੇ ਸਨ ਉਥੇ ਤੁਰਤ ਮਿੱਟੀ ਦੀ ਮੁੱਠੀ ਬਣ ਜਾਂਦੀ ਸੀ॥ ੨੬॥

ਦੌਰਗਤਿ ਇਹਾਂ ਲਖਹਿਂ ਮੁਦ ਲੈਹੈਂ। ਅਨਿਕ ਭਾਂਤਿ ਤਹਿਂ ਸਾਸਨ ਪੈਹੈਂ।
ਦੂਖ ਦਾਇਕ ਹ੍ਵੈ ਹੈਂ ਸੁਰ ਸਾਰੇ। ਜਥਾ ਚੋਰ ਕੋ ਚਹਿਂ ਸਭਿ ਮਾਰੇ॥ ੨੭॥

ਜਿੱਥੇ ਦੌੜ ਕੇ ਜਾਂਦੇ ਸਨ ਕਿ ਖ਼ੁਸ਼ੀ ਪ੍ਰਾਪਤ ਕਰਾਂਗੇ, ਅਨੇਕ ਪ੍ਰਕਾਰ ਦੀ ਓਥੇ ਸਜ਼ਾ ਪ੍ਰਾਪਤ ਕਰਦੇ ਹਨ। ਸਾਰੇ ਟਿਕਾਣੇ ਹੀ ਦੁਖਦਾਇਕ ਹੋ ਜਾਂਦੇ ਹਨ, ਜਿਵੇਂ ਚੋਰ ਨੂੰ ਸਾਰੇ ਹੀ ਮਾਰਨਾ ਚਾਹੁੰਦੇ ਹਨ॥ ੨੭॥

ਛੋਰਿ ਅਨੰਦਪੁਰਿ ਕੋ ਜੋ ਗਏ। ਤਿਨ ਕੋ ਦੁਖਦ ਸਕਲ ਥਲ ਭਏ।
ਨਹਿਂ ਕਿਨਹੂੰ ਕੀਨੋ ਸਨਮਾਨੂ। ਦੁਖਤਿ ਛੁਧਤਿ ਸੇ ਭਏ ਮਹਾਨੂੰ॥ ੨੮॥

ਜਿਹੜੇ ਅਨੰਦਪੁਰ ਨੂੰ ਛੱਡ ਕੇ ਚਲੇ ਗਏ ਸਨ, ਉਨ੍ਹਾਂ ਨੂੰ ਸਭ ਥਾਵਾਂ ਤੇ ਦੁਖ ਹੀ ਪ੍ਰਾਪਤ ਹੋਇਆ। ਕਿਸੇ ਨੇ ਵੀ ਉਨ੍ਹਾਂ ਦਾ ਸਨਮਾਨ ਨਾ ਕੀਤਾ, ਉਹ ਭੁੱਖੇ ਪਿਆਸੇ ਰਹਿ ਕੇ ਬਹੁਤ ਦੁਖੀ ਹੋਏ॥ ੨੮॥

ਥਕਤਿ ਹੋਇ ਥਿਰ ਕੈ ਜਹਿਂ ਕਹਾਂ। ਚਿੰਤਾਤੁਰ ਵ੍ਯਾਕੁਲ ਮਨ ਮਹਾਂ।
ਬਹੁਰ ਅਨੰਦਪੁਰਿ ਕੋ ਚਲਿ ਆਇ। ਪਰੀ ਬਿਪਤ ਦੀਰਘ ਡਰਪਾਏ॥ ੨੯॥

ਜਿੱਥੇ ਕਿੱਥੇ ਜਾ ਕੇ ਥੱਕ ਗਏ, ਮਨ ਵਿਚ ਮਹਾਨ ਚਿੰਤਾਤੁਰ ਅਤੇ ਵਿਆਕੁਲ ਹੋ ਗਏ। ਫਿਰ ਚਲ ਕੇ ਅਨੰਦਪੁਰ ਨੂੰ ਆ ਗਏ, ਬਿਪਤਾ ਪੈਣ ਨਾਲ ਬਹੁਤ ਡਰ ਗਏ॥ ੨੯॥

ਹੁਇ ਨਿਰਲਾਜ ਬਸੇ ਹਿਤ ਜੀਵਾ। ਲਾਗੇ ਕਰਨ ਅਹਾਰ ਸਦੀਵਾ।
ਕਿਤਿਕ ਬਰਖ ਇਸ ਭਾਂਤਿ ਬਿਤਾਏ। ਚੁਨਿ ਚੁਨਿ ਚੋਰ ਸਭੈ ਗਹਿ ਘਾਏ॥ ੩੦॥

ਫਿਰ ਲਾਜ ਰਹਿਤ ਰੁਜ਼ਗਾਰ ਵਾਸਤੇ ਅਨੰਦਪੁਰ ਵਿਚ ਵੱਸ ਗਏ ਤੇ ਫਿਰ ਸਦਾ ਭੋਜਨ ਛਕਣ ਲੱਗੇ। ਕਈ ਸਾਲ ਇਸ ਪ੍ਰਕਾਰ ਬਤੀਤ ਕੀਤੇ, ਚੁਣ-ਚੁਣ ਸਭ ਚੋਰ ਮਾਰ ਦਿੱਤੇ॥ ੩੦॥

ਜੇਤਿਕ ਭਾਜ ਸ਼ਹਿਰ ਤੇ ਗਏ। ਭੂਖ ਮਰਤਿ ਫਿਰ ਆਵਤਿ ਭਏ।
ਦਿਨ ਪ੍ਰਤਿ ਅਧਿਕ ਅਧਿਕ ਪਰਤਾਪਾ। ਵਧੈ ਗੁਰਨਿ ਕੋ ਦੁਸ਼ਟਨਿ ਖਾਪਾ॥ ੩੧॥

ਜਿਹੜੇ ਸ਼ਹਿਰ ਤੋਂ ਭੱਜ ਗਏ ਸਨ, ਉਹ ਭੁੱਖੇ ਮਰਦੇ ਦੁਬਾਰਾ ਆ ਗਏ। ਦਿਨ ਪ੍ਰਤੀ ਦਿਨ ਗੁਰੂ ਜੀ ਦਾ ਬਹੁਤ-ਬਹੁਤ ਪ੍ਰਤਾਪ ਵਧਦਾ ਗਿਆ ਤੇ ਗੁਰੂ ਜੀ ਦੇ ਦੋਸ਼ੀਆਂ ਦਾ ਨਾਸ਼ ਹੋ ਗਿਆ॥ ੩੧॥

ਕਬਹੂੰ ਘਨੀ ਸੈਨ ਹੁਇ ਜਾਵੈ। ਰਹੈਂ ਨਿਕਟ ਚਹੁੰ ਦਿਸ਼ਿ ਸਿਖ ਆਵੈਂ।
ਕਬਹੂੰ ਅਪਨੇ ਸਦਨ ਸਿਧਾਰਹਿਂ। ਸੁਤ ਬਨਿਤਾ ਕੋ ਨੇਹ ਸੰਭਾਰਹਿਂ॥ ੩੨॥

ਕਦੀ ਸੈਨਾ ਬਹੁਤ ਵਧ ਜਾਂਦੀ ਸੀ, ਗੁਰੂ ਜੀ ਦੇ ਪਾਸ ਰਹਿੰਦੇ ਸਨ ਤੇ ਚਾਰੇ ਪਾਸਿਆਂ ਤੋਂ ਸਿੱਖ ਆਉਂਦੇ ਸਨ। ਕਦੀ ਸਿੱਖ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਆਪਣੇ ਬੀਵੀ ਬੱਚਿਆਂ ਨੂੰ ਸੰਭਾਲਦੇ ਸਨ॥ ੩੨॥

ਚਾਕਰ ਕਬਹੁੰ ਘਨੇ ਹੁਇ ਜਾਇਂ। ਕਬਹੁੰ ਦਰਬ ਲੇ ਘਰਹੁੰ ਸਿਧਾਇਂ।
ਗੁਰ ਕੇ ਸੰਗ ਜੰਗ ਕਬਿ ਹੋਇ। ਕਬਹੂੰ ਕਰਹਿਂ ਸੰਧਿ ਰਿਪੁ ਜੋਇ॥ ੩੩॥

ਕਦੀ ਵਾਰ ਬਹੁਤ ਸਿੱਖ ਨੌਕਰ ਹੋ ਜਾਂਦੇ ਸਨ, ਕਦੀ ਪੈਸੇ ਲੈ ਕੇ ਘਰਾਂ ਨੂੰ ਚਲੇ ਜਾਂਦੇ ਸਨ। ਗੁਰੂ ਜੀ ਨਾਲ ਕਦੀ ਜੰਗ ਹੁੰਦੀ ਸੀ। ਕਦੀ ਵਾਰ ਵੈਰੀ ਸੰਧੀ ਕਰ ਲੈਂਦੇ ਸਨ॥ ੩੩॥

ਕਬਹੁੰ ਅਖੇਰ ਬ੍ਰਿਤ ਕੋ ਕਰੈਂ। ਦੁੰਦਭਿ ਬਜਹਿ ਸੁਭਟ ਸੰਗ ਚਰੈਂ।
ਮਨ ਭਾਵਤਿ ਬਿਚਰਤਿ ਬਹੁ ਕਾਨਨ। ਸ਼ੱਤ੍ਰੁਨਿ ਤ੍ਰਾਸ ਨਾਦ ਸੁਨਿ ਕਾਨਨਿ॥ ੩੪॥

ਕਦੀ ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਸਨ, ਨਗਾਰੇ ਵਜਾ ਕੇ ਨਾਲ ਸੂਰਬੀਰ ਚੜ੍ਹ ਜਾਂਦੇ ਸਨ। ਮਨ-ਭਾਉਂਦਾ ਜੰਗਲਾਂ ਵਿਚ ਵਿਚਰਦੇ ਸਨ ਤੇ ਵੈਰੀ ਨਗਾਰੇ ਦੀ ਆਵਾਜ਼ ਸੁਣ ਕੇ ਡਰ ਜਾਂਦੇ ਸਨ॥ ੩੪॥

Sri Satguru Jagjit Singh Ji eLlibrary NamdhariElibrary@gmail.com

ਗ੍ਰਾਮ ਨਗਰ ਜੋ ਮਗ ਮਹਿਂ ਆਵੈ। ਮਿਲਹਿ ਭੇਟ ਦੇ ਸੀਸ ਨਿਵਾਵੈ।
ਸੋ ਅਪਨੀ ਰੱਛਜਾ ਕਰਿ ਲੇਤਿ। ਤਿਹ ਕੋ ਸੁਭਟ ਤ੍ਰਾਸ ਨਹਿਂ ਦੇਤਿ॥ ੩੫॥

ਪਿੰਡ ਸ਼ਹਿਰ ਜਿਹੜਾ ਵੀ ਰਾਹ ਵਿਚ ਆਉਂਦਾ ਸੀ, ਉਹ ਭੇਟਾ ਦੇ ਕੇ ਮਿਲਦੇ ਸਨ ਤੇ ਸੀਸ ਨਿਵਾਉਂਦੇ ਸਨ। ਉਹ ਆਪਣੀ ਰੱਖਿਆ ਕਰ ਲੈਂਦੇ ਸਨ, ਉਨ੍ਹਾਂ ਨੂੰ ਸੂਰਬੀਰ ਡਰਾਉਂਦੇ ਨਹੀਂ ਸਨ॥ ੩੫॥

ਅਕਰੈ ਅਹੰਕਾਰ ਤੇ ਜੋਇ। ਆਗੇ ਨਿਕਸ ਨ ਨਰਮੀ ਹੋਇਂ।
ਤਿਨ ਘਰ ਤੇ ਦਧਿ ਦੁਗਧ ਨਿਕਾਰੈਂ। ਗਹੈਂ ਛਾਗ ਜੇਤਿਕ ਹੁਇਂ, ਮਾਰੈਂ॥ ੩੬॥

ਜਿਹੜੇ ਹੰਕਾਰ ਕਰਕੇ ਆਕੜਦੇ ਸਨ, ਅੱਗੇ ਨਿਕਲ ਕੇ ਫਿਰ ਨਰਮ ਨਹੀਂ ਸੀ ਹੁੰਦੇ। ਉਨ੍ਹਾਂ ਦੇ ਘਰਾਂ ਵਿਚੋਂ ਫਿਰ ਦੁੱਧ ਦਹੀਂ ਕੱਢ ਲੈਂਦੇ ਸਨ, ਬੱਕਰਿਆਂ ਨੂੰ ਫੜ ਲੈਂਦੇ ਸਨ ਤੇ ਜਿੰਨੇ ਵੀ ਹੁੰਦੇ ਸੀ, ਮਾਰ ਲੈਂਦੇ ਸਨ॥ ੩੬॥

ਕਾਸ਼ਟ ਘਾਸ ਜਿ ਸੰਚਜੋ ਹੋਇ। ਛੀਨ ਲੇਤਿ ਬਸ ਚਲੈ ਨ ਕੋਇ।
ਕਰਤੇ ਰਹੈਂ ਉਤੰਗ ਪੁਕਾਰ। ਬੋਲੈ ਬਹੁਤ, ਖਾਹਿ ਸੋ ਮਾਰ॥ ੩੭॥

ਲੱਕੜੀ ਜਾਂ ਘਾਹ ਜਿਹੜਾ ਇਕੱਠਾ ਕੀਤਾ ਹੁੰਦਾ ਸੀ, ਖੋਹ ਲੈਂਦੇ ਸਨ ਤੇ ਉਨ੍ਹਾਂ ਦਾ ਕੋਈ ਵੀ ਵੱਸ ਨਹੀਂ ਸੀ ਚਲਦਾ। ਬੜੀ ਉੱਚੀ-ਉੱਚੀ ਪੁਕਾਰ ਕਰਦੇ ਰਹਿੰਦੇ ਸਨ, ਜਿਹੜੇ ਬਹੁਤ ਬੋਲਦੇ ਸਨ, ਉਹ ਮਾਰ ਖਾਂਦੇ ਸਨ॥ ੩੭॥

ਇਸ ਪ੍ਰਕਾਰ ਨਿਜ ਤੇਜ ਟਿਕਾਯੋ। ਸਭਿ ਰਾਜਨਿ ਮਨ ਤ੍ਰਾਸ ਉਪਾਯੋ।
ਸਿਖ ਸੰਗਤਿ ਨਿਤ ਵਧਹਿ ਬਿਸਾਲਾ। ਸਤਿਗੁਰ ਦਰਸ਼ਨ ਕਰਹਿਂ ਸੁਖਾਲਾ॥ ੩੮॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੇ ਤੇਜ ਨੂੰ ਟਿਕਾਇਆ। ਸਾਰੇ ਰਾਜਿਆਂ ਦੇ ਮਨ ਵਿਚ ਡਰ ਉਤਪੰਨ ਹੋਇਆ। ਸਿੱਖ ਸੰਗਤ ਸਦਾ ਬਹੁਤ ਵਧਦੀ ਜਾਂਦੀ ਸੀ, ਸਤਿਗੁਰੂ ਜੀ ਦੇ ਉਹ ਸੁਖਦਾਇਕ ਦਰਸ਼ਨ ਕਰਦੇ ਸਨ॥ ੩੮॥

ਦੀਪਮਾਲ ਵੈਸਾਖੀ ਜੋਇ। ਦਿਨ ਇੱਤਜਾਦਿ ਪੁਰਬ ਕੋ ਹੋਇ।
ਚਹੁੰ ਦਿਸ਼ਿਨਿ ਤੇ ਚਲਿਚਲਿ ਆਵਹਿਂ। ਕਰਿ ਦਰਸ਼ਨ ਬਾਂਛਤਿ ਕੋ ਪਾਵਹਿਂ॥ ੩੯॥

ਦੀਵਾਲੀ ਵੈਸਾਖੀ ਦੇ ਜਿਹੜੇ ਦਿਨ ਸਨ, ਇਸ ਪ੍ਰਕਾਰ ਜਿਹੜੇ ਪੁਰਬ ਹੁੰਦੇ ਸਨ। ਚਾਰੇ ਪਾਸਿਆਂ ਤੋਂ ਸਿੱਖ ਸੰਗਤਾਂ ਚੱਲ ਕੇ ਆਉਂਦੀਆਂ ਸਨ ਤੇ ਦਰਸ਼ਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥ ੩੯॥

ਬਸਨ ਬਿਭੂਖਨ ਦਰਬ ਬਿਸਾਲਾ। ਹਯ ਹੱਥਜਾਰ ਆਦਿ ਵਥੁ ਜਾਲਾ।
ਅਰਪਹਿਂ ਗੁਰ ਪਗ ਪੰਕਜ ਪਾਸ। ਅਨਿਕ ਬਿਧਿਨਿ ਕੀ ਕਰਿ ਅਰਦਾਸ॥ ੪੦॥

ਬਸਤਰ, ਗਹਿਣੇ, ਧਨ, ਘੋੜੇ, ਹਥਿਆਰ ਆਦਿ ਬਹੁਤ ਵਸਤਾਂ ਲਿਆਉਂਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਪਾਸ ਅਰਪਣ ਕਰਦੇ ਸਨ ਤੇ ਅਨੇਕ ਵਿਧੀਆਂ ਦੀ ਅਰਦਾਸ ਕਰਦੇ ਸਨ॥ ੪੦॥

ਕੋ ਤੂਸ਼ਨ ਹੀ ਮਨ ਕਰਿ ਜਾਚੇ। ਕੋ ਕਰ ਜੋਰਤਿ ਬਾਕ ਉਬਾਚੇ।
ਸਗਰੇ ਪਾਇਂ ਕਾਮਨਾ ਗੁਰ ਤੇ। ਕਰਹਿਂ ਪ੍ਰੇਮ ਪਦ ਪੰਕਜ ਉਰ ਤੇ॥ ੪੧॥

ਕਈ ਚੁਪ ਰਹਿ ਕੇ ਹੀ ਮਨ ਵਿਚ ਮੰਗਦੇ ਸਨ, ਕਈ ਹੱਥ ਜੋੜ ਬੋਲ ਕੇ ਬੇਨਤੀ ਕਰਦੇ ਸਨ। ਸਾਰੇ ਸਿੱਖ, ਗੁਰੂ ਜੀ ਪਾਸੋਂ ਕਾਮਨਾ ਪਾਉਂਦੇ ਸਨ ਤੇ ਪ੍ਰੇਮ ਕਰਕੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ॥ ੪੧॥

ਕੇਤਿਕ ਸੁਮਤਿ ਭਗਤਿ ਕੋ ਪਾਵੈਂ। ਸਤਿ ਸੰਗਤਿ ਮਿਲਿ ਦਿਵਸ ਬਿਤਾਵੈਂ।
ਕੇਚਿਤ ਕਰਤਿ ਪ੍ਰੇਮ ਤੇ ਸੇਵਾ। ਜਿਸ ਤੇ ਰੀਝਹਿਂ ਸ਼੍ਰੀ ਗੁਰਦੇਵਾ॥ ੪੨॥

ਕਈ ਸ੍ਰੇਸ਼ਟ ਬੁੱਧੀ ਵਾਲੇ ਭਗਤੀ ਪਾਉਂਦੇ ਸਨ ਤੇ ਸਤਿਸੰਗਤ ਵਿਚ ਮਿਲ ਕੇ ਦਿਨ ਬਤੀਤ ਕਰਦੇ ਸਨ। ਕਈ ਪ੍ਰੇਮ ਨਾਲ ਸੇਵਾ ਕਰਦੇ ਸਨ, ਜਿਸ ਨਾਲ ਗੁਰਦੇਵ ਜੀ ਪ੍ਰਸੰਨ ਹੋ ਜਾਂਦੇ ਸਨ॥ ੪੨॥

ਕਰਾਮਾਤਿ ਆਦਿਕ ਸਭਿ ਪਾਇ। ਬ੍ਰਹਮ ਗਜਾਨ ਮਹਿਂ ਰਹਿਂ ਲਿਵਲਾਇ।
ਸ਼ੱਤ੍ਰੁਮਿੱਤ੍ਰ ਮਹਿਂ ਬ੍ਰਿਤੀ ਸਮਾਨਾ। ਰਾਚੇ ਏਕ ਰੰਗ ਤਜਿ ਨਾਨਾ॥ ੪੩॥

ਕਰਾਮਾਤਾਂ ਆਦਿ ਸਭ ਕੁਝ ਪਾਉਂਦੇ ਸਨ ਤੇ ਬ੍ਰਹਮ-ਗਿਆਨ ਵਿਚ ਉਨ੍ਹਾਂ ਦੀ ਲਿਵ ਲੱਗੀ ਰਹਿੰਦੀ ਸੀ। ਵੈਰੀ ਮਿੱਤਰ ਵਿਚ ਉਨ੍ਹਾਂ ਦੀ ਬ੍ਰਿਤੀ ਸਮਾਨ ਰਹਿੰਦੀ ਸੀ, ਕਈ ਅਨੇਕਾਂ ਰੰਗਾਂ ਨੂੰ ਛੱਡ ਕੇ ਇਕ ਰੰਗ ਵਿਚ ਰੰਗੇ ਜਾਂਦੇ ਸਨ॥ ੪੩॥

ਕੋ ਕੋ 'ਗਿਨੀਅਹਿ, ਤਰੇ ਅਨੇਕ। ਭਉਜਲ ਉਬਰੇ ਪਾਇ ਬਿਬੇਕ।
ਸਿੱਧਾਂ ਸਰਬ ਪਾਇ ਆਨੰਦੇ। ਗੁਰ ਸੇਵੇ ਜਿਨ, ਭਾਗ ਬਿਲੰਦੇ॥ ੪੪॥

ਕੌਣ-ਕੌਣ ਗਿਣੀਏ, ਅਨੇਕਾਂ ਹੀ ਤਰ ਗਏ, ਭਉਜਲ ਪਾਰ ਕਰਕੇ ਉਨ੍ਹਾਂ ਬਿਬੇਕ ਪ੍ਰਾਪਤ ਕਰ ਲਿਆ। ਸਿੱਧਾਂ ਵਾਂਗ ਅਨੰਦ ਪਾਉਂਦੇ ਸਨ। ਜਿਹੜੇ ਗੁਰੂ ਜੀ ਦੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ॥ ੪੪॥

*ਦੂਸਰੀ ਰੁੱਤ ਦਾ ਪੰਜਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

# *ਅਧਿਆਇ ਛਤਾਲ੍ਹੀਵਾਂ*

## *ਦਿਲਾਵਰ ਖਾਂ ਦੇ ਪੁੱਤਰ ਦੀ ਚੜ੍ਹਾਈ*

*ਦੋਹਰਾ-* ਸ੍ਰੀ ਜੀਤੋ ਸਤਿਸੰਗ ਕੋ ਸੇਵਹਿ ਤਿਸਹਿ ਪ੍ਰਕਾਰ।
ਅਸਨ ਬਸਨ ਕੌ ਦੇਤਿ ਹੈ ਕਰਿ ਉਰ ਭਾਵ ਉਦਾਰ॥ ੧॥

ਜਿਸ ਪ੍ਰਕਾਰ ਮਾਤਾ ਜੀਤੋ ਜੀ ਸਤਿਸੰਗ ਦੀ ਸੇਵਾ ਕਰਦੀ ਸੀ, ਓਸ ਪ੍ਰਕਾਰ ਹੀ ਸਿੱਖ ਸੰਗਤ ਨੂੰ ਵੱਡੀ ਭਾਵਨਾ ਧਾਰ ਕੇ ਭੋਜਨ ਬਸਤਰ ਦਿੰਦੇ ਸਨ॥ ੧॥

*ਚੌਪਈ-* ਮਧੁਰ ਸਲਵਨ ਤੁਰਸ਼ ਯੁਤਿ ਸ੍ਵਾਦ। ਕਰਵਹਿਂ ਬਿੰਜਨ ਚਾਵਰ ਆਦਿ।
ਪਾਇਸ ਬਨਹਿ ਪਾਇ ਬਿਚ ਮੇਵੇ। ਅਥਿਤਨ ਕੌ ਹਕਾਰਿ ਬਹੁ ਦੇਵੇ॥੨॥

ਮਿੱਠੇ, ਲੂਣ ਵਾਲੇ, ਖੱਟੇ ਸਵਾਦ ਸਹਿਤ ਬਣੇ ਹੋਏ ਚਾਵਲ ਸਬਜ਼ੀ ਸਹਿਤ ਦਿੰਦੇ ਸਨ। ਵਿਚ ਮੇਵੇ ਪਾ ਕੇ ਪਵਿੱਤਰ ਕਰ ਦਿੰਦੇ ਸਨ, ਫਿਰ ਆਈ ਹੋਈ ਸਿੱਖ ਸੰਗਤ ਨੂੰ ਭੋਜਨ ਛਕਾਉਂਦੇ ਸਨ॥ ੨॥

ਚਾਹਤਿ ਚਿਤ ਪ੍ਰਸੰਨਤਾ ਪਤਿ ਕੀ। ਨਿੰਮ੍ਰੀ ਰਹੈ ਸਦਾ ਗਤਿ ਮਨ ਕੀ।
ਪਿਖਹਿ ਨਗਨ ਕੋ ਬਸਨ ਉਢਾਵਹਿ। ਇਮ ਸੰਤਨਿ ਸਿਖ ਸੇਵ ਕਮਾਵਹਿ॥੩॥

ਆਪਣੇ ਚਿੱਤ ਵਿਚ ਪਤੀ ਦੀ ਪ੍ਰਸੰਨਤਾ ਚਾਹੁੰਦੇ ਸਨ ਤੇ ਸਦਾ ਆਪਣੇ ਮਨ ਦੀ ਗਤੀ ਨੂੰ ਸਨਿਮਰ ਰੱਖਦੇ ਸਨ। ਨੰਗਿਆਂ ਨੂੰ ਵੇਖ ਕੇ ਵਸਤਰ ਦਿੰਦੇ ਸਨ, ਇਸ ਤਰ੍ਹਾਂ ਸਿੱਖ ਸੰਗਤਾਂ ਦੀ ਸੇਵਾ ਕਰਦੇ ਸਨ॥ ੩॥

Sri Satguru Jagjit Singh Ji eLlibrary NamdhariElibrary@gmail.com

ਪਤਿ ਮੂਰਤਿ ਉਰ ਮਹਿਂ ਦ੍ਰਿੜ੍ਹ ਵਾਸੀ। ਨਿਸ ਦਿਨ ਪ੍ਰੇਮ ਵਧਯੋ ਅਬਿਨਾਸ਼ੀ।
ਅਧਿਕ ਰਹੈ ਦਰਸ਼ਨ ਕੀ ਲਾਲਸ। ਸੇਵਾ ਕਰਤਿ ਨ ਠਾਨਹਿਂ ਆਲਸ॥ ੪॥

ਪਤੀਦੇਵ ਜੀ ਦੀ ਮੂਰਤੀ ਸਦਾ ਹਿਰਦੇ ਵਿਚ ਦ੍ਰਿੜ੍ਹ ਤੌਰ ਤੇ ਵੱਸਦੀ ਸੀ। ਦਿਨ ਰਾਤ ਸਤਿਗੁਰੂ ਜੀ ਨਾਲ ਪ੍ਰੇਮ ਵਧਿਆ ਸੀ। ਗੁਰੂ ਜੀ ਦੇ ਦਰਸ਼ਨਾਂ ਦੀ ਲਾਲਸਾ ਬਹੁਤ ਰਹਿੰਦੀ ਸੀ ਤੇ ਮਾਤਾ ਜੀ ਸੇਵਾ ਕਰਦੇ ਕਿਸੇ ਪ੍ਰਕਾਰ ਆਲਸ ਨਹੀਂ ਕਰਦੇ ਸਨ॥ ੪॥

ਇਮ ਸ੍ਰੀ ਜੀਤੋ ਕੋ ਲਖਿ ਭਾਊ। ਬਸੀ ਪ੍ਰੇਮ ਗੁਰ ਸਹਿਜ ਸੁਭਾਊ।
ਮੰਦਿਰ ਤਿਸ ਕੇ ਚਲਿ ਕਰਿ ਆਏ। ਅਭਿਲਾਖਾ ਪੂਰਨ ਸਮੁਦਾਏ॥ ੫॥

ਇਸ ਪ੍ਰਕਾਰ ਗੁਰੂ ਜੀ ਨੇ ਆਪਣੀ ਪਟਰਾਣੀ ਦਾ ਪ੍ਰੇਮ ਵੇਖਿਆ ਤਾਂ ਉਹ ਸਹਿਜ-ਸੁਭਾਅ ਹੀ ਪ੍ਰੇਮ ਦੇ ਵੱਸ ਹੋ ਗਏ। ਉਨ੍ਹਾਂ ਦੇ ਘਰ ਵਿਚ ਉਹ ਚਲ ਕੇ ਆਏ ਤੇ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਕੀਤੀਆਂ॥ ੫॥

ਤਿਥ ਨਵਮੀ ਤਬਿ ਸੁਰ ਗੁਰ ਵਾਰ। ਬਸੇ ਨਿਸਾ ਮਹਿਂ ਕਰੁਨਾ ਧਾਰਿ।
ਸੰਤਤਿ ਕੇਰ ਕਾਮਨਾ ਜਾਨੀ। ਪ੍ਰੇਮ ਬਸੀ ਹੁਇ ਪੂਰਨ ਠਾਨੀ॥ ੬॥

ਨੌਵੀਂ ਤਿਥੀ ਤੇ ਵੀਰਵਾਰ ਵਾਲੇ ਦਿਨ ਰਾਤ ਨੂੰ ਗੁਰੂ ਜੀ ਕਿਰਪਾ ਧਾਰ ਕੇ ਉਨ੍ਹਾਂ ਦੇ ਘਰ ਵਿਚ ਠਹਿਰੇ। ਸੰਤਾਨ ਵਾਸਤੇ ਕਾਮਨਾ ਜਾਣੀ ਪ੍ਰੇਮ ਦੇ ਵੱਸ ਵਿਚ ਹੋ ਕੇ ਕਾਮਨਾ ਪੂਰਨ ਕੀਤੀ॥ ੬॥

ਦੀਨ ਰਿਦੇ ਤਿਹ ਮੋਦ ਘਨੇਰਾ। ਸਫਲ ਮਨੋਰਥ ਕਰਿ ਤਿਸ ਬੇਰਾ।
ਸਕਲ ਜਾਮਨੀ ਮਹਿਲ ਬਿਤਾਈ। ਆਏ ਵਹਿਰ ਹੋਤਿ ਅਰੁਣਾਈ॥ ੭॥

ਮਾਤਾ ਜੀਤੋ ਜੀ ਨੂੰ ਬਹੁਤ ਪ੍ਰਸੰਨਤਾ ਬਖਸ਼ੀ ਤੇ ਉਸ ਸਮੇਂ ਉਨ੍ਹਾਂ ਦਾ ਮਨੋਰਥ ਸਫਲ ਕਰ ਦਿੱਤਾ। ਸਾਰੀ ਰਾਤ ਉਨ੍ਹਾਂ ਦੇ ਮਹਿਲਾਂ ਵਿਚ ਬਤੀਤ ਕੀਤੀ ਤੇ ਸਵੇਰ ਹੋਣ 'ਤੇ ਬਾਹਰ ਆਏ॥ ੭॥

ਸੌਚ ਸ਼ਨਾਨ ਠਾਨਿ ਗੁਰ ਪੂਰੇ। ਬੈਠੇ ਦੇ ਦਰਸ਼ਨ ਮੁਖ ਰੂਰੇ।
ਭਈ ਸਗਰਭਾ ਦੂਜੀ ਵਾਰ। ਸ਼੍ਰੀ ਜੀਤੋ ਮਨ ਅਨੰਦ ਉਦਾਰ॥ ੮॥

ਪੂਰਨ ਗੁਰੂ ਜੀ ਨੇ ਫਿਰ ਸੌਚ ਇਸ਼ਨਾਨ ਕੀਤਾ ਤੇ ਬੈਠ ਕੇ ਸੁੰਦਰ ਮੁਖ ਦੇ ਦਰਸ਼ਨ ਦਿੱਤੇ। ਮਾਤਾ ਜੀਤੋ ਜੀ ਦੂਸਰੀ ਵਾਰ ਗਰਭਵਤੀ ਹੋ ਗਈ ਤੇ ਉਨ੍ਹਾਂ ਨੇ ਮਨ ਵਿਚ ਉੱਤਮ ਅਨੰਦ ਧਾਰਨ ਕੀਤਾ॥ ੮॥

ਜੁਝਾਰ ਸਿੰਘ ਸੁੰਦਰ ਸੋਹੇ। ਖੇਲਤਿ ਬਿਚਰਤਿ ਪਗ ਬਲ ਹੋਹੇ।
ਜ਼ੇਵਰ ਜ਼ੇਬ ਜਵਾਹਰ ਜਰੇ। ਦੌਰਤਿ ਅੰਗਨਿ ਨਾਦਤਿ ਖਰੇ॥ ੯॥

ਜੁਝਾਰ ਸਿੰਘ ਬੜੇ ਸੁੰਦਰ ਸ਼ੋਭਦੇ ਸਨ। ਪੈਰਾਂ ਦੇ ਬਲ ਪਾ ਕੇ ਖੇਡਦੇ ਫਿਰਦੇ ਸਨ। ਜਵਾਹਰ ਜੜੇ ਜੜਾਊ ਗਹਿਣੇ ਪਾਉਂਦੇ ਸਨ। ਜਦ ਵਿਹੜੇ ਵਿਚ ਦੌੜਦੇ ਸਨ, ਤਾਂ ਗਹਿਣੇ ਚੰਗੀ ਤਰ੍ਹਾਂ ਸ਼ਬਦ ਕਰਦੇ ਸਨ॥੯॥

ਦੁਤੀ ਅਜੀਤ ਸਿੰਘ ਬਿਚਰੰਤੇ। ਦਾਸੀ ਦਾਸ ਸਾਥ ਰਖਿਯੰਤੇ।
ਮਿਲ ਦ੍ਵੈ ਭ੍ਰਾਤਾ ਖੇਲਤਿ ਕਬੈ। ਸੁੰਦਰਤਾ ਸਰੀਰ ਮੈਂ ਸਬੈ॥ ੧੦॥

ਦੂਸਰੇ ਅਜੀਤ ਸਿੰਘ ਖੇਡਦੇ ਫਿਰਦੇ ਸਨ, ਦਾਸ ਦਾਸੀਆਂ ਨੂੰ ਨਾਲ ਰੱਖਦੇ ਸਨ। ਕਦੀ-ਕਦੀ ਦੋਵੇਂ ਭਰਾ ਮਿਲ ਕੇ ਖੇਡਦੇ ਸਨ। ਸਾਰਾ ਸਰੀਰ ਸੁੰਦਰਤਾ ਭਰਪੂਰ ਸੀ॥ ੧੦॥

ਪਿਖਹਿਂ ਸੰਗਤਾਂ ਹਰਖਹਿਂ ਬੰਦਹਿਂ। ਸੁੰਦਰ ਸਤਿਗੁਰ ਬੰਸ ਬਿਲੰਦਹਿ।
ਜਹਿਂ ਕਹਿਂ ਦੇਸ਼ ਬਿਦੇਸ਼ਨਿ ਬਿਖੈ। ਕਰਹਿਂ ਸਰਾਹਨ ਪੁਨ ਪੁਨ ਪਿਖੈਂ॥ ੧੧॥

ਸੰਗਤਾਂ ਵੇਖ ਕੇ ਪ੍ਰਸੰਨ ਹੋ ਕੇ ਬੰਦਨਾ ਕਰਦੀਆਂ ਸਨ, ਸਤਿਗੁਰੂ ਜੀ ਦਾ ਵੰਸ਼ ਬਹੁਤ ਸੁੰਦਰ ਸੀ। ਜਿੱਥੇ ਕਿੱਥੇ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਫਿਰ ਵੇਖ ਕੇ ਸ਼ਲਾਘਾ ਕਰਦੇ ਸਨ॥ ੧੧॥

ਸ੍ਰੀ ਗੁਜਰੀ ਜੁਗ ਪੌਤ੍ਰ ਹਕਾਰੈ। ਬਾਰਿ ਬਾਰਿ ਕਰਿ ਪਾਸਿ ਬਿਠਾਰੈ।
ਬਸਨ ਬਿਭੂਖਨ ਅੰਗ ਸੁਧਾਰਹਿ। ਹੇਰਿ ਹੇਰਿ ਕਰਿ ਆਨੰਦ ਧਾਰਹਿ॥ ੧੨॥

ਮਾਤਾ ਗੁਜਰੀ ਜੀ ਆਪਣੇ ਦੋਵਾਂ ਪੋਤਰਿਆਂ ਨੂੰ ਬੁਲਾਉਂਦੀ ਸੀ, ਬਲਿਹਾਰ-ਬਲਿਹਾਰ ਹੋ ਕੇ ਆਪਣੇ ਪਾਸ ਬਿਠਾਉਂਦੀ ਸੀ। ਅੰਗ ਉੱਤੇ ਪਾਏ ਹੋਏ ਵਸਤਰਾਂ ਅਤੇ ਗਹਿਣਿਆਂ ਨੂੰ ਸੁਧਾਰਦੀ ਸੀ ਤੇ ਪੋਤਰਿਆਂ ਨੂੰ ਵੇਖ-ਵੇਖ ਕੇ ਆਨੰਦ ਧਾਰਨ ਕਰਦੀ ਸੀ॥ ੧੨॥

ਨਿਜ ਹਾਥਨਿ ਅਚਵਾਇ ਅਹਾਰਾ। ਕਰਹਿ ਸਪ੍ਰੇਮ ਪੌਤ੍ਰ ਪ੍ਰਤਿਪਾਰਾ।
ਦੋਨਹੁੰ ਬਿਚਰਤਿ ਕਬਿ ਚਲਿ ਆਵੈਂ। ਸਾਥ ਅਦਾਬ਼ ਪਿਤਹਿ ਸਿਰ ਨਜਾਵੈਂ॥੧੩॥

ਆਪਣੇ ਹੱਥਾਂ ਨਾਲ ਭੋਜਨ ਖਵਾਉਂਦੀ ਸੀ, ਬੜੇ ਪ੍ਰੇਮ ਨਾਲ ਪੋਤਰਿਆਂ ਦੀ ਪਾਲਣਾ ਕਰਦੀ ਸੀ। ਦੋਵੇਂ ਫਿਰਦੇ-ਫਿਰਦੇ ਕਦੀ ਗੁਰੂ ਜੀ ਪਾਸ ਚਲ ਕੇ ਆ ਜਾਂਦੇ ਸਨ, ਫਿਰ ਬੜੇ ਅਦਬ ਨਾਲ ਆਪਣੇ ਪਿਤਾ ਜੀ ਅੱਗੇ ਸਿਰ ਨਿਵਾਉਂਦੇ ਸਨ॥ ੧੩॥

ਨਿਕਟ ਬਿਠਾਇ ਕਹੈਂ ਗੁਰ ਪੂਰੇ। 'ਹੋਹਿਂ ਸ਼ਸਤ੍ਰ ਧਾਰੀ ਜੁਗ ਸੂਰੇ।
ਤੁਰਕ ਰਿਪੁਨ ਕੌ ਦੈਹੈਂ ਤ੍ਰਾਸਾ। ਰਣ ਠਾਨਹਿਂ ਬਹੁ ਕਰਹਿਂ ਬਿਨਾਸ਼ਾ' ॥ ੧੪॥

ਪਾਸ ਬਿਠਾ ਕੇ ਗੁਰੂ ਜੀ ਕਹਿੰਦੇ ਸਨ, "ਦੋਵੇਂ ਸ਼ਸਤਰਧਾਰੀ ਵੱਡੇ ਸੂਰਬੀਰ ਹੋਣਗੇ। ਤੁਰਕ ਵੈਰੀਆਂ ਵਿਚ ਡਰ ਉਤਪੰਨ ਕਰਨਗੇ, ਯੁੱਧ ਕਰਕੇ ਬਹੁਤ ਵੈਰੀਆਂ ਦਾ ਨਾਸ਼ ਕਰਨਗੇ" ॥ ੧੪॥

ਇਸ ਪ੍ਰਕਾਰ ਜੁਗ ਸਾਹਿਬਜ਼ਾਦੇ। ਬਧਹਿ ਸ਼ਰੀਰ ਹੋਹਿਂ ਅਹਿਲਾਦੇ।
ਸ੍ਰੀ ਕਲਗ਼ੀਧਰ ਸੈਨ ਸਮੇਤਾ। ਚਢਹਿਂ ਅਖੇਰ ਬ੍ਰਿਤ ਕੇ ਹੇਤਾ॥ ੧੫॥

ਇਸ ਪ੍ਰਕਾਰ ਦੋਵੇਂ ਸਾਹਿਬਜ਼ਾਦਿਆਂ ਦੇ ਵਧਦੇ ਸਰੀਰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਸ੍ਰੀ ਕਲਗ਼ੀਧਰ ਜੀ ਸੈਨਾ ਸਮੇਤ ਸ਼ਿਕਾਰ ਖੇਡਣ ਵਾਸਤੇ ਜਾਂਦੇ ਸਨ॥ ੧੫॥

ਬੇਮੁਖ ਹੋਹਿਂ ਲੂਟ ਤਿਹ ਲੇਹੀ। ਰੱਛਹਿਂ, ਮਿਲਹਿ ਆਨਿ ਕਰਿ ਜੇਹੀ।
ਦੂਰ ਦੂਰ ਲੌ ਤੇਜ ਬਿਸਾਲਾ। ਬਿਦਤ ਭਯੋ ਸਭਿ ਮਹਿ ਤਿਸ ਕਾਲਾ॥ ੧੬॥

ਜਿਹੜੇ ਬੇਮੁਖ ਹੁੰਦੇ ਸਨ, ਉਨ੍ਹਾਂ ਨੂੰ ਲੁੱਟ ਲੈਂਦੇ ਸਨ, ਜਿਹੜੇ ਆ ਕੇ ਮਿਲਦੇ ਸਨ, ਉਨ੍ਹਾਂ ਦੀ ਰੱਖਿਆ ਕਰਦੇ ਸਨ। ਦੂਰ-ਦੂਰ ਤਕ ਉਸ ਸਮੇਂ ਸਾਰਿਆਂ ਵਿਚ ਵਿਸ਼ਾਲ ਤੇਜ ਫੈਲਿਆ ਹੋਇਆ ਸੀ॥ ੧੬॥

'ਭੀਮਚੰਦ ਕੀ ਕਰੀ ਸਹਾਇ। ਅਲਫ ਖਾਨ ਕੋ ਦੀਨਿ ਭਜਾਇ'।
ਤਿਸ ਕੋ ਤੁਰਕ ਬਿਚਾਰਤਿ ਰਹੇ। ਲਰਨਿ ਗੁਰੂ ਸੰਗ ਕੋ ਚਿਤ ਚਹੇ॥ ੧੭॥

ਸਾਰੇ ਕਹਿੰਦੇ ਸਨ, "ਭੀਮ ਚੰਦ ਦੀ ਇਨ੍ਹਾਂ ਸਹਾਇਤਾ ਕੀਤੀ ਹੈ ਤੇ ਅਲਫ ਖਾਨ ਨੂੰ ਭਜਾ ਦਿੱਤਾ ਹੈ।" ਇਸ ਗੱਲ ਨੂੰ ਤੁਰਕ ਵਿਚਾਰਦੇ ਰਹੇ ਤੇ ਗੁਰੂ ਜੀ ਨਾਲ ਉਹ ਲੜਾਈ ਕਰਨੀ ਚਾਹੁੰਦੇ ਸਨ॥ ੧੭॥

ਮਹਾਂਬੀਰ ਬਰ ਜਾਨਹਿਂ ਮਨ ਮਾਹਿਂ। ਦੇਤਿ ਨ ਅਰਨ ਅਰਿਨਿ ਕੋ ਰਨ ਮਾਹਿਂ।
ਹੁਤੋ ਦਿਲਾਵਰ ਖਾਨ ਪਠਾਨ। ਪੰਚ ਹਜ਼ਾਰੀ ਮਨਸਬਵਾਨ॥ ੧੮॥

ਮਨ ਵਿਚ ਮਹਾਨ ਸੂਰਬੀਰ ਜਾਣਦੇ ਸਨ, ਵੈਰੀਆਂ ਨੂੰ ਰਣਖੇਤਰ ਵਿਚ ਅੜਨ ਨਹੀਂ ਦਿੰਦੇ ਹਨ। ਇਕ ਦਿਲਾਵਰ ਖਾਨ ਪਠਾਣ ਸੀ, ਉਹ ਪੰਜ ਹਜ਼ਾਰੀ ਅਹੁਦੇ ਵਾਲਾ ਸੀ॥ ੧੮॥

ਸੁਨਿ ਗੁਰ ਜਸੁ ਕੋ ਤਿਸਹਿ ਨ ਸਹਯੋ। 'ਪਠੌਂ ਬਾਹਿਨੀ ਮੈਂ' ਤਬਿ ਕਹਯੋ।
ਇਮ ਕਹਿ ਤਯਾਰੀ ਕੀਨਿ ਬਿਲੰਦ। ਬਹੁ ਸਮੁਝਾਇ ਪਠਾਯੋ ਨੰਦ॥ ੧੯॥

ਗੁਰੂ ਜੀ ਦੇ ਜੱਸ ਨੂੰ ਸੁਣ ਕੇ ਉਹ ਬਰਦਾਸ਼ਤ ਨਾ ਕਰ ਸਕਿਆ। ਤਦ ਉਸ ਕਿਹਾ, "ਮੈਂ ਫੌਜ ਭੇਜਾਂਗਾ।" ਇਸ ਤਰ੍ਹਾਂ ਕਹਿ ਕੇ ਬਹੁਤ ਤਿਆਰੀ ਕੀਤੀ। ਬਹੁਤ ਸਮਝਾ ਕੇ ਆਪਣੇ ਪੁੱਤਰ ਨੂੰ ਭੇਜਿਆ॥ ੧੯॥

'ਜਾਹੁ ਸੈਨ ਲੈ ਸੁਭਟ ਹਜ਼ਾਰ। ਲਰਿ ਕਰਿ ਲੇਹੁ ਅਨੰਦਪੁਰਿ ਮਾਰਿ।
ਜੇ ਕਰਿ ਦੈਹੈਂ ਦਰਬ ਘਨੇਰੇ। ਲੈ ਕਰਿ ਤਜਿ ਆਵਹੁ ਤਿਸ ਬੇਰੇ॥ ੨੦॥

"ਹਜ਼ਾਰ ਸੂਰਬੀਰਾਂ ਦੀ ਸੈਨਾ ਲੈ ਕੇ ਜਾਵੇ ਤੇ ਲੜਾਈ ਕਰਕੇ ਅਨੰਦਪੁਰ ਨੂੰ ਮਾਰ ਲਵੋ। ਜੇ ਉਹ ਬਹੁਤ ਧਨ ਦੇਣ ਤਾਂ ਧਨ ਲੈ ਕੇ ਉਸ ਸਮੇਂ ਛੱਡ ਕੇ ਆ ਜਾਵੋ॥ ੨੦॥

ਨਤੁ ਸੰਗ੍ਰਾਮ ਕੀਜੀਅਹਿ ਭਾਰੀ'। ਸੁਨਿ ਪਿਤ ਤੇ ਹੋਯੋ ਤਬਿ ਤਯਾਰੀ।
ਗੁਲਕਾਂ ਗਨ ਬਰੂਦ ਬਰਤਾਈ। ਬੀਨ ਬੀਨ ਜੋਧਾ ਸਮੁਦਾਈ॥ ੨੧॥

ਨਹੀਂ ਤਾਂ ਭਾਰੀ ਯੁੱਧ ਕਰੋ।" ਆਪਣੇ ਪਿਤਾ ਪਾਸੋਂ ਸੁਣ ਕੇ ਖਾਨਜ਼ਾਦਾ ਤਿਆਰ ਹੋ ਗਿਆ। ਉਸ ਨੇ ਆਪਣੀ ਸੈਨਾ ਵਿਚ ਬਹੁਤ ਗੋਲੀ ਬਾਰੂਦ ਵਰਤਾਇਆ ਤੇ ਚੁਣ ਚੁਣ ਕੇ ਯੋਧੇ ਇਕੱਠੇ ਕੀਤੇ॥ ੨੧॥

ਦੁੰਦਭਿ ਕੋ ਬਜਾਇ ਤਬਿ ਚਾਲਾ। ਮਗ ਅਨੰਦ ਪੁਰਿ ਕੇ ਪਗ ਘਾਲਾ।
ਸਭਿ ਗਿਰਪਤਿ ਤੇ ਧਨ ਕੋ ਲੈਨਾ। ਆਦਿ ਦਿਲਾਵਰ ਖਾਂ ਬਡ ਸੈਨਾ॥੨੨॥

ਨਗਾਰੇ ਵਜਾਉਂਦਾ ਫਿਰ ਚਲ ਪਿਆ ਤੇ ਅਨੰਦਪੁਰ ਵਾਲੇ ਰਾਹ ਵਿਚ ਆਪਣੇ ਪੈਰ ਧਰੇ। ਭਾਵ ਉਸ ਪਾਸੇ ਚਲ ਪਿਆ। ਦਿਲਾਵਰ ਖਾਂ ਵੱਡੀ ਸੈਨਾ ਲੈ ਕੇ ਆਇਆ, ਕਹਿੰਦਾ ਸੀ ਸਾਰੇ ਪਹਾੜੀ ਰਾਜਿਆਂ ਪਾਸੋਂ ਧਨ ਲੈਣਾ ਹੈ॥ ੨੨॥

ਗੁਰ ਦਿਸ਼ਿ ਪਠਯੋ ਪੁੱਤ੍ਰ ਕੋ ਪਹਿਲੇ। 'ਇਤ ਤੇ ਜ਼ੋਰ ਸਰਬ ਕੋ ਲਹਿ ਲੇ'।
ਇਹ ਬਿਧਿ ਉਰ ਮਹਿਂ ਧਾਰਿ ਗੁਮਾਨੀ। ਭੇਜਯੋ ਨੰਦਨ ਕਰਿ ਅਗੁਵਾਨੀ॥੨੩॥

ਗੁਰੂ ਜੀ ਵਲ ਪਹਿਲਾਂ ਆਪਣੇ ਪੁੱਤਰ ਨੂੰ ਭੇਜਿਆ। ਏਧਰੋਂ ਭਾਵ ਗੁਰੂ ਜੀ ਵਲੋਂ ਸਾਰਿਆਂ ਦੇ ਜ਼ੋਰ ਦਾ ਪਤਾ ਲੱਗ ਜਾਵੇਗਾ। ਇਸ ਪ੍ਰਕਾਰ ਦਿਲ ਵਿਚ ਹੰਕਾਰ ਧਾਰਨ ਕੀਤਾ, ਆਪਣੇ ਪੁੱਤਰ ਨੂੰ ਪਹਿਲਾਂ ਭੇਜਿਆ॥ ੨੩॥

'ਜਾਇ ਅਨੰਦ ਪੁਰਿ ਨਿਸ ਮਹਿਂ ਲਰਿਈ। ਸਭਿ ਇਕ ਬਾਰਿ ਹੇਲ ਕੋ ਕਰਿਈ'।
ਇਹ ਮਸਲਤ ਕਰਿ ਪੂਤ ਪਠਾਨ। ਭਯੋ ਅਰੂਢਨਿ ਸੈਨ ਮਹਾਨ॥ ੨੪॥

ਅਨੰਦਪੁਰ ਜਾ ਕੇ ਰਾਤ ਸਮੇਂ ਲੜਾਈ ਕਰੋ, ਸਾਰੇ ਇਕੋ ਵਾਰ ਹਮਲਾ ਕਰੋ। ਇਹ ਸਲਾਹ ਕਰਕੇ ਪਠਾਣ ਪੁੱਤਰ, ਮਹਾਨ ਸੈਨਾ ਲੈ ਕੇ ਘੋੜੇ 'ਤੇ ਸਵਾਰ ਹੋ ਗਿਆ॥ ੨੪॥

ਸਰਿਤਾ ਪਾਰ ਹੁਤੋ ਤਿਸ ਡੇਰਾ। ਭਈ ਜਾਮਨੀ ਤਿਮਰ ਘਨੇਰਾ।
ਦ੍ਵੈਕ ਘਰੀ ਬੀਤੀ ਜਬਿ ਜਾਨੀ। ਸ਼ੀਘ੍ਰ ਤਯਾਰ ਭੀ ਚਮੂੰ ਮਹਾਨੀ॥ ੨੫॥

ਨਦੀ ਤੋਂ ਪਾਰ ਉਸ ਦਾ ਡੇਰਾ ਸੀ, ਰਾਤ ਪੈ ਗਈ ਤਾਂ ਬਹੁਤ ਹਨੇਰਾ ਛਾ ਗਿਆ ਦੋ ਕੁ ਘੜੀਆਂ ਜਦ ਬੀਤੀਆਂ ਜਾਣੀਆਂ, ਤੁਰਤ ਹੀ ਫਿਰ ਸਾਰੀ ਸੈਨਾ ਤਿਆਰ ਕਰ ਲਈ॥ ੨੫॥

ਚਲਿ ਕਰ ਸਰਿਤਾ ਕੇ ਤਟ ਆਏ। ਸੀਤ ਕਾਲ ਠਰਿਗੇ ਕਰ ਪਾਏ।
ਕੋ ਨਰ ਹੇਰਿ ਅਨੰਦ ਪੁਰਿ ਆਯੋ। ਪਹੁੰਚਯੋ ਜਹਿਂ ਗੁਰ ਪੌਰ ਸੁਹਾਯੋ॥ ੨੬॥

ਚਲ ਕੇ ਨਦੀ ਦੇ ਕਿਨਾਰੇ ਆ ਗਿਆ। ਠੰਡ ਹੋਣ ਕਰਕੇ ਹੱਥ ਪੈਰ ਠਰ ਗਏ। ਕੋਈ ਮਨੁੱਖ ਵੇਖ ਕੇ ਅਨੰਦਪੁਰ ਆਇਆ ਤੇ ਓਥੇ ਪਹੁੰਚ ਗਿਆ ਜਿੱਥੇ ਗੁਰੂ ਜੀ ਦਾ ਦਰਵਾਜ਼ਾ ਸ਼ੋਭ ਰਿਹਾ ਸੀ॥ ੨੬॥

ਚਹੂੰ ਦਿਸ਼ਨਿ ਮਹਿਂ ਬਹੁ ਤਕਰਾਈ। ਚੌਕੀ ਦੇਤਿ ਬੀਰ ਸਮੁਦਾਈ।
ਦ੍ਵਾਰਪਾਲ ਆਲਮ ਤਹਿਂ ਖ਼ਰਜੋ। ਤਿਹ ਕੇ ਸੰਗ ਜਸੂਸ ਉਚਰਜੋ॥ ੨੭॥

ਚਾਰੇ ਪਾਸੇ ਬਹੁਤ ਤਕੜਾਈ ਸੀ, ਸੂਰਬੀਰ ਇਕੱਠੇ ਹੋ ਕੇ ਪਹਿਰਾ ਦੇ ਰਹੇ ਸਨ। ਦਵਾਰਪਾਲ ਆਲਮ ਓਥੇ ਖੜਾ ਸੀ। ਉਸ ਦੇ ਨਾਲ ਜਸੂਸ ਕਹਿਣ ਲੱਗਾ॥ ੨੭॥

'ਕਹਾਂ ਪਰੇ ਹੋ ਸੁਪਤਿ ਸੁਖਾਰੇ? ਆਯੋ ਤੁਰਕਨ ਦਲ ਬਲ ਭਾਰੇ।
ਸੁਧਿ ਹਜ਼ੂਰ ਕੌ ਦਿਹੁ ਇਸ ਕਾਲਾ। ਬਨੈਂ ਸੁਚੇਤ ਸਮੇਂ ਨ ਬਿਸਾਲਾ' ॥ ੨੮॥

"ਕਿੱਥੇ ਆਰਾਮ ਨਾਲ ਸੁੱਤੇ ਪਏ ਹੋ? ਤੁਰਕਾਂ ਦਾ ਭਾਰੀ ਦਲ ਆਇਆ ਹੈ। ਏਸੇ ਸਮੇਂ ਹਜ਼ੂਰ ਸਤਿਗੁਰੂ ਜੀ ਨੂੰ ਖ਼ਬਰ ਕਰੋ, ਉਹ ਸੁਚੇਤ ਹੋਣ ਕਿਉਂਕਿ ਹੁਣ ਜ਼ਿਆਦਾ ਸਮਾਂ ਨਹੀਂ ਹੈ"॥ ੨੮॥

ਸੁਨਿ ਆਲਮ ਦਲ ਕੋ ਆਗਵਨੂ। ਤੂਰਨ ਪ੍ਰਵਿਸ਼ਜੋ ਅੰਤਰ ਭਵਨੂ।
ਕਰੁਨਾ ਸਿੰਧੁ ਪ੍ਰਯੰਕ ਸੁਹਾਏ। ਹੁਤੇ ਮਹਾਂ ਸੁਖ ਮੈਂ ਸੁਪਤਾਏ॥ ੨੯॥

ਤੁਰਕ ਦਲ ਦੇ ਆਉਣ ਬਾਰੇ ਸੁਣ ਕੇ, ਆਲਮ ਤੁਰਤ ਕਿਲ੍ਹੇ ਦੇ ਅੰਦਰ ਦਾਖਲ ਹੋਇਆ। ਕਿਰਪਾ ਦੇ ਸਾਗਰ ਸਤਿਗੁਰੂ ਜੀ ਉਸ ਸਮੇਂ ਪਲੰਘ ਤੇ ਸ਼ੋਭ ਰਹੇ ਸਨ ਤੇ ਮਹਾਨ ਸੁਖ ਪਾ ਕੇ ਸੁੱਤੇ ਹੋਏ ਸਨ॥ ੨੯॥

ਚਰਨ ਕਮਲ ਸੁੰਦਰ ਜੁਗ ਦਰਸੇ। ਮਰਦਤਿ ਸਨੇ ਸਨੇ ਕਰ ਪਰਸੇ।
ਭਏ ਪ੍ਰਬੋਧਤਿ ਅੰਗ ਹਿਲਾਏ। ਬੂਝਜੋ 'ਕਵਨ ਚਰਨ ਕਰ ਲਾਏ?' ॥ ੩੦॥

ਆਲਮ ਨੇ ਦੋਵਾਂ ਸੁੰਦਰ ਚਰਨ ਕੰਵਲਾਂ ਦੇ ਦਰਸ਼ਨ ਕੀਤੇ, ਮਲ ਕੇ ਹੌਲੀ-ਹੌਲੀ ਉਨ੍ਹਾਂ ਨੂੰ ਪਰਸਿਆ। ਗੁਰੂ ਜੀ ਸਾਵਧਾਨ ਹੋ ਕੇ ਜਾਗ ਕੇ ਅੰਗ ਹਿਲਾਏ ਤੇ ਪੁਛਿਆ, "ਚਰਨਾਂ ਨੂੰ ਹੱਥ ਕਿਉਂ ਲਾਏ ਹਨ?"॥ ੩੦॥

ਹ੍ਵੈ ਠਾਂਢੋ ਕਰਿ ਜੋਰਿ ਅਲਾਯੋ। 'ਪ੍ਰਭੂ ਜੀ ਤੁਰਕਨ ਕੋ ਦਲ ਆਯੋ।
ਚਹਤਿ ਅਨੰਦਪੁਰਿ ਬਿਖੈ ਪ੍ਰਵੇਸ਼ਾ। ਠਾਂਢੇ ਸਰਿਤਾ ਪਾਰ ਅਸ਼ੇਸ਼ਾ॥ ੩੧॥

ਆਲਮ ਨੇ ਖੜੇ ਹੋ ਕੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ ! ਤੁਰਕਾਂ ਦਾ ਦਲ ਆਇਆ ਹੈ। ਉਹ ਅਨੰਦਪੁਰ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਹਨ, ਸਾਰੇ ਨਦੀ ਦੇ ਪਾਰ ਖੜੇ ਹਨ॥ ੩੧॥

ਹੁਕਮ ਆਪਨੋ ਸੁਭਟਨ ਦੀਜੈ। ਬਨਹਿਂ ਸੁਚੇਤ ਹੇਤ ਰਣ ਕੀਜੈ'।
ਸ੍ਰੀ ਮੁਖ ਤੇ ਤਤਛਿਨ ਫੁਰਮਾਯੋ। 'ਨਰ ਗਨ ਪਠਿ ਸਭਿ ਦੇਹੁ ਜਗਾਯੋ' ॥ ੩੨॥

ਆਪਣੇ ਸੂਰਬੀਰਾਂ ਨੂੰ ਹੁਕਮ ਦੇਵੋ ਤਾਂਕਿ ਉਹ ਯੁੱਧ ਕਰਨ ਵਾਸਤੇ ਸੁਚੇਤ ਹੋ ਜਾਣ।" ਸਤਿਗੁਰੂ ਜੀ ਨੇ ਤੁਰਤ ਮੁਖ ਤੋਂ ਫੁਰਮਾਇਆ, "ਕੁਝ ਮਨੁੱਖਾਂ ਨੂੰ ਭੇਜ ਕੇ ਸਾਰਿਆਂ ਨੂੰ ਜਗਾ ਦੇਵੋ"॥ ੩੨॥

ਸੁਨਿ ਕਰਿ ਆਲਮ ਤੂਰਨ ਧਰਿ ਕੈ। ਚਮੂੰ ਬਿਲੰਦ ਜਗਾਵਨ ਕਰਿ ਕੈ।
ਬਾਜ ਉਠਜੋ ਰਣਜੀਤ ਨਗਾਰਾ। ਪਰਜੋ ਸ਼ੋਰ ਪੁਰਿ ਮੈਂ ਤਬਿ ਭਾਰਾ॥ ੩੩॥

ਇਹ ਸੁਣ ਕੇ ਆਲਮ ਨੇ ਸ਼ੀਘਰਤਾ ਕਰਕੇ, ਸਾਰੀ ਸੈਨਾ ਨੂੰ ਜਗਾ ਦਿੱਤਾ। ਰਣਜੀਤ ਨਗਾਰਾ ਵੱਜ ਉਠਿਆ, ਤਦ ਸਾਰੇ ਨਗਰ ਵਿਚ ਭਾਰੀ ਸ਼ੋਰ ਮੱਚ ਗਿਆ॥ ੩੩॥

ਨੰਦਚੰਦ ਤੇ ਆਦਿਕ ਜੋਧਾ। ਤਤਛਿਨ ਸਾਜੀ ਹੁਇ ਧਰਿ ਕ੍ਰੋਧਾ।
ਦਯਾਰਾਮ ਪ੍ਰੋਹਤ ਜੁਤਿ ਆਯੋ। ਕਲਗ਼ੀਧਰ ਢਿਗ ਸੀਸ ਨਿਵਾਯੋ॥ ੩੪॥

ਨੰਦਚੰਦ ਤੇ ਆਦਿ ਯੋਧਿਆਂ ਨੇ ਤੁਰਤ ਕ੍ਰੋਧ ਧਾਰ ਕੇ ਆਪਣੀ ਸੈਨਾ ਨੂੰ ਤਿਆਰ ਕੀਤਾ। ਦਇਆ ਰਾਮ ਸਹਿਤ ਆਇਆ ਤੇ ਕਲਗ਼ੀਧਰ ਪਾਸ ਸਿਰ ਨਿਵਾਇਆ॥ ੩੪॥

ਦੇਖਤਿ ਹੁਕਮ ਕੀਨਿ ਗੁਰ ਪੂਰੇ। 'ਗਮਹੁ ਅੱਗੂ ਲੈ ਕਰਿ ਸਭਿ ਸੂਰੇ।
ਮਾਰਹੁ ਦੁਸ਼ਟਨਿ ਸਮੁਖ ਤੁਫੰਗੇ। ਤੀਨੋ ਤਹਾਂ ਭਾਨਜੇ ਸੰਗੇ'॥ ੩੫॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, "ਸਭ ਸੂਰਬੀਰ ਲੈ ਕੇ ਅੱਗੇ ਜਾਉ। ਦੁਸ਼ਟਾਂ ਦੇ ਸਾਹਮਣੇ ਬੰਦੂਕਾਂ ਚਲਾਓ। ਮੇਰੇ ਤਿੰਨਾਂ ਭੂਆ ਜੀ ਦੇ ਪੁੱਤਰਾਂ ਨੂੰ ਵੀ ਨਾਲ ਲੈ ਜਾਵੋ"॥ ੩੫॥

ਅਪਰ ਮੁਖੀ ਜੋਧਾ ਸਭਿ ਚਾਲੇ। ਬਾਜੇ ਦੁੰਦਭਿ ਨਾਦ ਬਿਸਾਲੇ।
ਸ਼ਲਖੈਂ ਛੁਟੀ ਤੁਫੰਗਨ ਕੇਰੀ। ਤੜਭੜ ਭੀ ਇਕ ਬਾਰ ਘਨੇਰੀ॥ ੩੬॥

ਹੋਰ ਮੁੱਖੀ ਯੋਧੇ ਸਭ ਚਲ ਪਏ, ਰਣਜੀਤ ਨਗਾਰਾ ਬਹੁਤ ਉੱਚੀ-ਉੱਚੀ ਵੱਜ ਰਿਹਾ ਸੀ। ਬੰਦੂਕਾਂ ਦੀਆਂ ਸ਼ਲਖਾਂ ਚਲੀਆਂ ਤੇ ਇਕ ਵਾਰ ਵੱਡੀ ਤੜ-ਤੜ ਹੋ ਗਈ॥ ੩੬॥

ਗਰਜੇ ਜੋਧਾ ਸ਼ਬਦ ਉਤੰਗਾ। ਪਰਜੋ ਸ਼ੋਰ ਭਾਰੋ ਇਕ ਸੰਗਾ।
ਨਿਕਸੇ ਵਹਿਰ ਨਗਰ ਤੇ ਤਬੈ। ਸ਼ਲਖ ਤੁਫੰਗਨ ਕੀ ਕਰਿ ਸਬੈ॥ ੩੭॥

ਯੋਧਿਆਂ ਨੇ ਬੜੀ ਉੱਚੀ ਲਲਕਾਰਾ ਮਾਰਿਆ ਤੇ ਇਕੱਠਾ ਹੀ ਬਹੁਤ ਉੱਚੀ ਸ਼ੋਰ ਉੱਠਿਆ। ਤਦ ਨਗਰ ਤੋਂ ਸਾਰੇ ਬਾਹਰ ਨਿਕਲ ਗਏ। ਸਾਰਿਆਂ ਨੇ ਬੰਦੂਕਾਂ ਦੀਆਂ ਸ਼ਲਖਾਂ ਕੱਸ ਲਈਆਂ॥ ੩੭॥

ਸ਼੍ਰੀ ਪ੍ਰਭੁ ਮਾਨਵ ਅਪਰ ਪਠਾਯੋ। ਸਕਲ ਬਾਹਿਨੀ ਕੌ ਸਮੁਝਾਯੋ।
ਰੋਕਹੁ ਦੁਸ਼ਟਨ ਕੋ ਚਲਿ ਆਗਾ। ਹਤੋ ਤੁਫੰਗ ਜੰਗ ਬਡ ਜਾਗਾ॥ ੩੮॥

ਸ੍ਰੀ ਗੁਰੂ ਜੀ ਨੇ ਇਕ ਹੋਰ ਮਨੁੱਖ ਨੂੰ ਭੇਜਿਆ ਤੇ ਸਾਰੀ ਸੈਨਾ ਨੂੰ ਸਮਝਾਇਆ। ਦੁਸ਼ਟਾਂ ਨੂੰ ਅੱਗੇ ਚਲ ਕੇ ਰੋਕੋ, ਗੋਲੀਆਂ ਮਾਰੋ ਤੇ ਜੰਗ ਵੱਡੇ ਥਾਂ ਤੇ ਮਚਾਓ, ਭਾਵ ਸ਼ਹਿਰੋਂ ਬਾਹਰ ਦੂਰ ਅੱਗੇ ਚਲੇ ਜਾਓ॥ ੩੮॥

ਸੁਨਿ ਸੁਨਿ ਬੀਰ ਚੌਪ ਕਰਿ ਭਲੇ। ਸਵਾਧਾਨ ਬਨਿ ਆਗੇ ਚਲੇ।
ਬਾਜੇ ਭੇਰਿਨਿ ਕੇ ਭੁੰਕਾਰਾ। ਊਚੇ ਧੌਂਸਨਿ ਕੇ ਧੁੰਕਾਰਾ॥ ੩੯॥

ਸੁਣ ਸੁਣ ਕੇ ਸੂਰਬੀਰ ਭਲੀ ਪ੍ਰਕਾਰ ਸ਼ੌਕ ਧਾਰ ਕੇ, ਸਾਵਧਾਨ ਬਣ ਕੇ ਅੱਗੇ ਚਲ ਪਏ। ਭੇਰੀਆਂ ਦੇ ਭੂੰਕਾਰੇ ਵੱਜ ਪਏ ਤੇ ਨਗਾਰੇ ਬਹੁਤ ਉੱਚੀ ਗੂੰਜ ਉੱਠੇ॥ ੩੯॥

ਬੀਰ ਬ੍ਰਿੰਦ ਕੇ ਬੋਲ ਬਕਾਰਾ। ਉਠੇ ਤੁਰੰਗਨ ਕੇ ਹਿਣਕਾਰਾ।
ਤੁਪਕ ਅਵਾਜ਼ ਉਠੇ ਇਕ ਵਾਰਾ। ਉਠਜੋ ਨਾਦ ਸਰਿਤਾ ਕੌ ਪਾਰਾ॥ ੪੦॥

ਸੂਰਮਿਆਂ ਨੇ ਉਤਸ਼ਾਹ ਵਿਚ ਭਰ ਕੇ ਲਲਕਾਰੇ ਮਾਰੇ ਤੇ ਘੋੜਿਆਂ ਦੇ ਹਿਣਕਣ ਦੀ ਆਵਾਜ਼ ਵੀ ਨਾਲ ਉੱਠ ਪਈ। ਇਕ ਵਾਰ ਬੰਦੂਕਾਂ ਦੇ ਚਲਣ ਦੀ ਆਵਾਜ਼ ਆਈ ਤੇ ਨਦੀ ਦੇ ਪਾਰ ਬੜੀ ਉੱਚੀ ਨਾਦ ਗੂੰਜਿਆ॥ ੪੦॥

ਇਕ ਤੌ ਸੀਤ ਕਾਲ ਬਡ ਪਾਰਾ। ਭਏ ਪਿੰਗ ਸਮ ਥਿਰ ਜਲ ਪਾਰਾ।
ਹਾਥ ਪਾਵ ਜੜ੍ਹ ਸਮ ਹੁਇ ਗਏ। ਸ਼ਸਤ੍ਰ ਉਠਾਇ ਸਕੇ ਨਹਿਂ ਲਏ॥ ੪੧॥

ਇਕ ਠੰਡ ਦਾ ਸਮਾਂ ਸੀ ਤੇ ਵੱਡਾ ਪਾਲਾ ਪੈ ਰਿਹਾ ਸੀ, ਜਲ ਦੇ ਪਾਸ ਖੜੇ ਵੈਰੀ ਪਿੰਗਲਿਆਂ ਵਾਂਗ ਹੋ ਰਹੇ ਸਨ। ਉਨ੍ਹਾਂ ਦੇ ਹੱਥ ਪੈਰ ਸੁੰਨ ਹੋ ਕੇ ਬੇਜਾਨ ਹੋ ਗਏ ਸਨ। ਸ਼ਸਤਰ ਉਠਾ ਕੇ ਹੱਥਾਂ ਵਿਚ ਫੜ ਨਹੀਂ ਸਕਦੇ ਸਨ॥ ੪੧॥

ਦੁਤੀਏ ਗੁਰ ਦਲ ਕੌ ਬਡ ਸ਼ੋਰ। ਏਕੈ ਬਾਰਿ ਭਯੋ ਬਡ ਜ਼ੋਰ।
ਹੁਇ ਭੈ ਭੀਤ ਜੀਤ ਨਹਿੰ ਜਾਨੀ। 'ਨਾਹਕ ਹੋਇ ਸਭਿਨਿ ਕੀ ਹਾਨੀ'॥ ੪੨॥

ਦੂਸਰਾ ਗੁਰੂ ਜੀ ਦੇ ਦਲ ਦਾ ਵੱਡਾ ਸ਼ੋਰ ਮੱਚਿਆ ਸੀ, ਇਕੋ ਵਾਰ ਵੱਡਾ ਜ਼ੋਰ ਪੈ ਗਿਆ। ਭੈਭੀਤ ਹੋ ਕੇ ਜਿੱਤ ਹੁੰਦੀ ਨਾ ਸਮਝੀ। ਫਜ਼ੂਲ ਵਿਚ ਸਾਰਿਆਂ ਦਾ ਨੁਕਸਾਨ ਹੋ ਜਾਵੇਗਾ॥ ੪੨॥

ਖਾਨ ਦਿਲਾਵਰ ਸੁਤ ਕੇ ਪਾਸ। ਅਸ ਮਸਲਤ ਬੋਲੇ ਧਰਿ ਤ੍ਰਾਸ।
'ਗੁਰ ਕੇ ਸੰਗ ਜੰਗ ਕੋ ਕਰਨੋ। ਨਹਿੰ ਆਛੀ ਲਖਿ ਹੁਇ ਅਬਿ ਮਰਨੋ॥ ੪੩॥

ਦਿਲਾਵਰ ਖਾਨ ਦੇ ਪੁੱਤਰ ਪਾਸ, ਇਸ ਤਰ੍ਹਾਂ ਡਰ ਕੇ ਸਲਾਹ ਦੇਣ ਵਾਸਤੇ ਬੋਲੇ। ਗੁਰੂ ਜੀ ਨਾਲ ਜੰਗ ਕਰਨਾ ਚੰਗਾ ਨਹੀਂ, ਹੁਣ ਇੰਝ ਪਤਾ ਲਗਦਾ ਹੈ ਕਿ ਹੁਣ ਮਰਨਾ ਪਵੇਗਾ॥ ੪੩॥

ਸੂੰਨ ਭਏ ਤਨ ਪਾਰੇ ਪਰੇ। ਸ਼ਸਤ੍ਰ ਨ ਉਠਹਿੰ ਊਚ ਕਰ ਕਰੇ।
ਸਰਿਤਾ ਬਿਖੈ ਬਰਹਿੰ ਜਿਸ ਕਾਲ। ਬਿਨ ਹੀ ਮਾਰੇ ਹੁਇੰ ਭਟ ਕਾਲ॥ ੪੪॥

ਪਾਲੇ ਨਾਲ ਸਰੀਰ ਸੁੰਨ ਹੋਏ ਹਨ, ਉੱਚੇ ਕਰਕੇ ਸ਼ਸਤਰ ਵੀ ਨਹੀਂ ਉੱਠਦੇ ਹਨ। ਜਿਸ ਸਮੇਂ ਨਦੀ ਵਿਚ ਵੜਾਂਗੇ, ਮਾਰਨ ਤੋਂ ਬਿਨਾਂ ਹੀ ਸਾਰੇ ਸੂਰਬੀਰ ਮਰ ਜਾਣਗੇ॥ ੪੪॥

ਕਜੋਂ ਨਾਹਕ ਦੇਤੇ ਹੋ ਪ੍ਰਾਨ। ਉਤ ਤੇ ਪਹੁੰਚੀ ਸੈਨ ਮਹਾਨ।
ਜਿਸ ਮਹਿੰ ਊਚੀ ਪਰੀ ਪੁਕਾਰ। ਕੋ ਜਾਨਹਿੰ ਹੁਇੰ ਕਿਤਿਕ ਹਜ਼ਾਰ॥ ੪੫॥

ਫਜ਼ੂਲ ਵਿਚ ਕਿਉਂ ਪ੍ਰਾਣ ਦਿੰਦੇ ਹੋ, ਓਧਰੋਂ ਮਹਾਨ ਸੈਨਾ ਪਹੁੰਚ ਗਈ ਹੈ। ਜਿਹੜੇ ਬੜੀ ਉੱਚੀ-ਉੱਚੀ ਪੁਕਾਰ ਰਹੇ ਹਨ। ਕੌਣ ਜਾਣਦਾ ਹੈ ਕਿ ਉਨ੍ਹਾਂ ਦੀ ਗਿਣਤੀ ਕਿੰਨੇ ਹਜ਼ਾਰ ਹੈ॥ ੪੫॥

ਛੀਨ ਲੇਹਿੰਗੇ ਲਖ ਹਥਿਯਾਰ। ਕਰੋ ਸਮੁਖ ਸੋ ਲੈਹੈਂ ਮਾਰ।
ਤੁਝ ਕੋ ਭਾਖਹਿੰ ਸਭਿ ਅਨਜਾਨ। ਨਾਹਕ ਦਏ ਜਾਇ ਜਿਸ ਪ੍ਰਾਨ'॥ ੪੬॥

ਸਾਡੇ ਹਥਿਆਰ ਖੋਹ ਲੈਣਗੇ, ਜੇ ਸਾਹਮਣਾ ਕਰੋਗੇ ਤਾਂ ਮਾਰ ਲੈਣਗੇ। ਤੈਨੂੰ ਫਿਰ ਸਾਰੇ ਅਣਜਾਣ ਕਹਿਣਗੇ, ਜਿਹੜੇ ਫਜ਼ੂਲ ਵਿਚ ਆਪਣੇ ਪ੍ਰਾਣ ਦੇ ਦੇਣਗੇ"॥ ੪੬॥

ਮਿਲਿ ਖਾਨਨਿ ਸਮੁਝਾਵਨਿ ਕਰਜੋ। ਲਖਿ ਗੁਰ ਬੀਰ ਬਲੀ ਉਰ ਡਰਜੋ।
ਰਹਜੋ ਠਟਕ ਤਬਿ ਨਦੀ ਕਿਨਾਰੇ। ਨਹੀਂ ਪਾਵ ਕੋ ਜਲ ਮਹਿੰ ਡਾਰੇ॥ ੪੭॥

ਖਾਨਾਂ ਨੇ ਮਿਲ ਕੇ ਦਿਲਾਵਰ ਖਾਨ ਦੇ ਪੁੱਤਰ ਨੂੰ ਸਮਝਾਇਆ, ਉਹ ਗੁਰੂ ਜੀ ਨੂੰ ਵੱਡਾ ਸੂਰਬੀਰ ਸਮਝ ਕੇ ਦਿਲ ਵਿਚ ਡਰ ਗਿਆ। ਫਿਰ ਨਦੀ ਦੇ ਕਿਨਾਰੇ ਹੀ ਖੜ੍ਹਾ ਰਿਹਾ ਤੇ ਆਪਣੇ ਪੈਰਾਂ ਨੂੰ ਜਲ ਵਿਚ ਨਾ ਪਾਇਆ॥ ੪੭॥

*ਦੂਸਰੀ ਰੁੱਤ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥*

☆☆☆

# ਅਧਿਆਇ ਸੰਤਾਲੀਵਾਂ

## ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ

ਦੋਹਰਾ- ਪੁੱਤ੍ਰ ਦਿਲਾਵਰ ਕੋ ਤਬੈ ਬਨਿ ਕਾਤੁਰ ਭੈਭੀਤ।
ਗੁਰ ਪ੍ਰਤਾਪ ਦੀਰਘ ਲਖ੍ਯੋ, ਤਜੀ, ਆਸ ਨਹਿੰ ਜੀਤ॥ ੧॥

ਦਿਲਾਵਰ ਦਾ ਪੁੱਤਰ ਫਿਰ ਕਾਇਰ ਬਣ ਕੇ ਭੈਭੀਤ ਹੋ ਗਿਆ। ਗੁਰੂ ਜੀ ਦੇ ਵੱਡੇ ਪ੍ਰਤਾਪ ਨੂੰ ਸਮਝਿਆ, ਲੜਾਈ ਛੱਡ ਦਿੱਤੀ ਕਿ ਜਿੱਤ ਦੀ ਕੋਈ ਆਸ ਨਹੀਂ ਹੈ॥ ੧॥

ਭੁਜੰਗ ਪ੍ਰਯਾਤ ਛੰਦ-ਪਰ੍ਯੋ ਭੂਰ ਪਾਰੋ ਸੁ ਪਿੰਗੰ ਸਮਾਨੰ। ਸੁਨ੍ਯੋਂ ਸ਼ੋਰ ਦੂਜੇ ਚਮੂੰ ਕੇ ਮਹਾਨੰ।
ਬਿਨਾ ਜੰਗ ਤੇ ਤ੍ਰਾਸ ਕੋ ਭੂਰ ਧਾਰੇ। ਮਿਲੇ ਸੂਮ ਸੋਫੀ ਸਿਪਾਹੀ ਡਰਾਰੇ॥੨॥

ਬਹੁਤ ਪਾਲਾ ਪਿਆ ਤੇ ਤੁਰਕਾਂ ਦੀ ਸੈਨਾ ਪਿੰਗਲਿਆਂ ਵਾਂਗ ਹੋ ਗਈ। ਦੂਸਰਾ ਵੱਡੀ ਸੈਨਾ ਦਾ ਰੌਲਾ ਸੁਣਿਆ। ਲੜਾਈ ਤੋਂ ਬਗੈਰ ਹੀ ਬਹੁਤ ਡਰ ਧਾਰਨ ਕੀਤਾ। ਸੂਮ ਸੋਫੀਆਂ ਵਾਂਗ ਮਿਲ ਕੇ ਸਿਪਾਹੀ ਬਹੁਤ ਡਰ ਗਏ॥ ੨॥

ਬਿਨਾ ਸ਼ਸਤ੍ਰ ਝਾਰੇ ਭਏ ਏਣ ਜੈਸੇ। ਮਹਾਂ ਮੂੜ੍ਹ ਗੀਦੀ ਚਲੇ ਭਾਜਿ ਤੈਸੇ।
'ਗੁਰੂ ਜੰਗ ਬੀਚੰ ਜਬੈ ਆਪ ਆਵੈ। ਕਹੋ ਕੌਨ ਜੋਧਾ ਸੁ ਬੀਰੰ ਥਿਰਾਵੈ॥੩॥

ਸ਼ਸਤਰ ਚਲਾਉਣ ਤੋਂ ਬਗੈਰ ਹੀ ਹਿਰਨਾਂ ਵਾਂਗ ਡਰਾਕਲ ਬਣ ਗਏ, ਮਹਾਂ ਮੂਰਖ ਕਾਇਰ ਹਿਰਨਾਂ ਵਾਂਗ ਭੱਜ ਚਲੇ। ਗੁਰੂ ਜੀ ਜੰਗ ਵਿਚ ਜਦ ਆਪ ਆਉਣਗੇ ਤਾਂ ਦੱਸੋ ਐਸਾ ਕਿਹੜਾ ਯੋਧਾ ਹੈ ਜਿਹੜਾ ਬੀਰਤਾ ਧਾਰ ਕੇ ਖੜਾ ਰਹੇ॥ ੩॥

ਪਰਾਜੈ ਕਰੈ ਛੋਰਿ ਤੀਖੇ ਸੁ ਤੀਰੰ'। ਇਮੈਂ ਬੋਲਤੇ ਜਾਤਿ ਭਾਜੇ ਸੁ ਬੀਰੰ।
ਯਥਾ ਸ਼ੇਰ ਸੂਤੇ ਉਠਹਿ ਜਾਗ ਸੋਈ। ਕਰੀ ਬ੍ਰਿੰਦ ਭਾਗੈਂ ਬਿਨਾ ਲਾਜ ਹੋਈ॥੪॥

ਤਿੱਖੇ ਤੀਰ ਛੱਡ ਕੇ ਸਾਨੂੰ ਜਿੱਤ ਲੈਣਗੇ।" ਤੁਰਕਾਂ ਦੇ ਸੂਰਮੇ ਇਸ ਤਰ੍ਹਾਂ ਬੋਲਦੇ ਭੱਜੇ ਜਾਂਦੇ ਸਨ। ਮਾਨੋ ਸੁੱਤਾ ਹੋਇਆ ਸ਼ੇਰ ਜਾਗ ਪਿਆ ਹੋਵੇ ਤੇ ਹਾਥੀਆਂ ਦਾ ਸਮੂਹ ਲਾਜ ਛੱਡ ਕੇ ਭੱਜਾ ਜਾਂਦਾ ਹੋਵੇ।

ਦੋਹਰਾ-ਚਲਤਿ ਪੰਥ ਮੈਂ ਆਇਗੋ ਬਰਵਾ ਗ੍ਰਾਮ ਸੁ ਨਾਮ।
ਕਰਿ ਮਸਲਤ ਲੂਟ੍ਯੋ ਤਬੈ ਸਬਹਿੰ ਜਿਤਿਕ ਤਹਿੰ ਧਾਮ॥ ੫॥

ਰਾਹ ਵਿਚ ਚਲਦੇ ਉਥੇ ਆ ਗਏ, ਜਿੱਥੇ ਬਰਵਾ ਨਾਮ ਦਾ ਪਿੰਡ ਵੱਸਦਾ ਸੀ। ਫਿਰ ਸਲਾਹ ਕਰਕੇ ਪਿੰਡ ਵਿਚ ਜਿੰਨੇ ਵੀ ਘਰ ਸਨ, ਸਾਰੇ ਲੁੱਟ ਲਏ॥ ੫॥

ਭੁਜੰਗ ਪ੍ਰਯਾਤ ਛੰਦ-ਨਹੀਂ ਲੋਕ ਜਾਨੈ ਭਜੇ ਭੀਰੁ ਹ੍ਵੈ ਕੈ। ਲੁਟ੍ਯੋ ਗ੍ਰਾਮ ਕੋ ਜੋਰ ਮੂਢੰ ਜਨੈਕੈ।
ਗੁਰੂ ਊਪਰੇ ਓਜ ਲਾਗ੍ਯੋ ਨ ਕੋਈ। ਬਲੰ ਹੀਨ ਜਾਨ੍ਯੋ ਲੁਟ੍ਯੋ ਗ੍ਰਾਮ ਸੋਈ॥ ੬॥

ਲੋਕ ਨਹੀਂ ਸੀ ਜਾਣਦੇ ਕਿ ਇਹ ਕਾਇਰ ਹੋ ਕੇ ਭੱਜੇ ਹਨ। ਮੂਰਖਾਂ ਨੇ ਪਿੰਡ ਨੂੰ ਜ਼ੋਰ ਜਣਾਕੇ ਲੁੱਟ ਲਿਆ। ਗੁਰੂ ਜੀ ਉਪਰ ਕਿਸੇ ਪ੍ਰਕਾਰ ਵੀ ਜ਼ੋਰ ਨਾ ਲਾਇਆ, ਪਿੰਡ ਨੂੰ ਬਲਹੀਣ ਜਾਣ ਕੇ ਲੁੱਟ ਲਿਆ॥ ੬॥

ਜਥਾ ਬਾਨੀਓ ਮਾਸ ਕੋ ਨਾਂਹਿ ਖਾਵੈ। ਚਹੇ ਸ੍ਵਾਦ ਕੌ ਰੋਰ ਕੋ ਰਿੰਧ ਖਾਵੈ।
ਤਥਾ ਮੂਢ ਕੀਨੀ ਉਜਾਰ੍ਯੋ ਸੁ ਗ੍ਰਾਮੰ। ਲਹ੍ਯੋ ਅੰਨ ਆਦਿਕ ਜਿਤੀ ਸੌਜ ਧਾਮੰ॥੭॥

ਜਿਵੇਂ ਬਾਣੀਆਂ ਮਾਸ ਨਹੀਂ ਖਾਂਦਾ ਹੈ, ਜੇ ਮਾਸ ਦਾ ਸਵਾਦ ਲੈਣਾ ਚਾਹੁੰਦਾ ਹੈ ਤਾਂ ਰੋੜਾਂ ਨੂੰ ਰਿੰਨ੍ਹ ਕੇ ਖਾਂਦਾ ਹੈ। ਉਸ ਤਰ੍ਹਾਂ ਮੂਰਖਤਾ ਕਰਕੇ, ਉਸ ਪਿੰਡ ਨੂੰ ਉਜਾੜ ਦਿੱਤਾ। ਅਨਾਜ ਆਦਿ ਲੁੱਟ ਲਿਆ, ਜਿੰਨੀ ਵੀ ਘਰਾਂ ਵਿਚ ਸਮੱਗਰੀ ਸੀ॥ ੭॥

ਜਥਾ ਮੱਤ ਹਾਥੀ ਡਰੇ ਸ਼ੇਰ ਹੇਰੇ। ਮ੍ਰਿਗੀ ਔਰ ਪੈਂ ਜ਼ੋਰ ਘਾਲੈ ਘਨੇਰੇ।
ਦਰੈ ਪਾਇ ਸੰਗਾ, ਤਥਾ ਗ੍ਰਾਮ ਮਾਰਾ। ਗੁਰੂ ਸਾਵਧਾਨੀ ਪਿਖੀ ਤ੍ਰਾਸ ਧਾਰਾ॥ ੮॥

ਜਿਵੇਂ ਸ਼ੇਰ ਨੂੰ ਵੇਖ ਕੇ ਡਰਿਆ ਹੋਇਆ ਹਾਥੀ, ਹਿਰਨਾਂ ਉੱਤੇ ਬਹੁਤ ਜ਼ੋਰ ਪਾਵੇ ਪੈਰਾਂ ਨਾਲ ਦਲ ਦੇਵੇ। ਗੁਰੂ ਜੀ ਦੀ ਸਾਵਧਾਨੀ ਵੇਖ ਕੇ ਬਹੁਤ ਡਰ ਧਾਰਨ ਕੀਤਾ॥ ੮॥

ਨਰਾਜ ਛੰਦ- ਭਲਾਨ ਆਨ ਗ੍ਰਾਮ ਕੌ ਬਿਲੋਕਿ ਡੇਰ ਕੀਨਿਓ।
ਗੁਰੂ ਗੁਬਿੰਦ ਸਿੰਘ ਕੀ ਨ ਓਰ ਡੀਠ ਦੀਨਿਓ।
ਕ੍ਰਿਪਾ ਨਿਕੇਤ ਕੀ ਕ੍ਰਿਪਾ ਕ੍ਰਿਪਾਨ ਕੇਤੁ ਜਾਂਹਿਕੇ।
ਕਹੋ ਸੁ ਕੌਨ ਦੂਸਰੋ ਬਿਗਾਰ ਕਾਜ ਤਾਂਹਿ ਕੇ॥ ੯॥

ਇਕ ਹੋਰ ਭਲਾਨ ਪਿੰਡ ਨੂੰ ਆ ਕੇ ਵੇਖ ਕੇ ਲੁੱਟਣ ਵਿਚ ਦੇਰ ਨਾ ਕੀਤੀ, ਪਰ ਗੁਰੂ ਗੋਬਿੰਦ ਸਿੰਘ ਜੀ ਵਲ ਵੇਖਿਆ ਵੀ ਨਹੀਂ। ਜਿਸ ਦੇ ਝੰਡੇ ਵਿਚ ਕ੍ਰਿਪਾਨ ਦਾ ਨਿਸ਼ਾਨ ਹੈ, ਉਸ ਕਲਗੀਧਰ ਉੱਤੇ ਕਿਰਪਾਂ ਦੇ ਘਰ ਭਾਵ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੈ। ਉਨ੍ਹਾਂ ਦਾ ਕੋਈ ਦੂਸਰਾ ਕੀ ਵਿਗਾੜ ਸਕਦਾ ਹੈ॥ ੯॥

ਭਲਾਨ ਗ੍ਰਾਮ ਮੈਂ ਮੁਕਾਮ ਏਕ ਦੋਇ ਕੀਨਿਯਾਂ।
ਪਲਾਇ ਫੇਰ ਮੂਢ ਗੇ ਸੁ ਧੀਰ ਛੋਰਿ ਦੀਨਿਯਾਂ।
ਪਿਤਾ ਸਮੀਪ ਜਾਇਕੈ ਨਿਵਾਇ ਸੀਸ ਬੈਠਿਓ।
ਨ ਬਾਕ ਆਇ ਤੁੰਡ ਤੇ ਸਲਾਜ ਧਾਮ ਪੈਠਿਓ॥ ੧੦॥

ਭਲਾਨ ਪਿੰਡ ਵਿਚ ਇਕ ਦੋ ਦਿਨ ਮੁਕਾਮ ਕੀਤਾ, ਫਿਰ ਮੂਰਖ ਧੀਰਜ ਛੱਡ ਕੇ ਭੱਜ ਕੇ ਚਲੇ ਗਏ। ਪਿਤਾ ਦੇ ਪਾਸ ਜਾ ਕੇ ਸਿਰ ਨਿਵਾ ਕੇ ਬੈਠ ਗਿਆ, ਮੂੰਹ ਵਿਚੋਂ ਗੱਲ ਨਹੀਂ ਸੀ ਨਿਕਲਦੀ ਤੇ ਲੱਜਿਆ ਸਹਿਤ ਘਰ ਦੇ ਵਿਚ ਜਾ ਵੜਿਆ॥ ੧੦॥

ਸਭਾ ਮਝਾਰ ਖਾਨ ਕੀ ਜਬੈ ਨ ਬੈਨ ਪ੍ਰਾਹਿ ਕੋ।
ਗੁਲਾਮ ਧਾਮ ਤੌਨ ਕੇ ਹੁਸੈਨ ਨਾਮ ਤਾਹਿੰ ਕੋ।
ਦਿਲਾਵਰੰ ਪਠਾਨ ਪਾਸ ਓਜ ਆਪ ਤੋਲਿਓ।
ਹੰਕਾਰ ਧਾਰਿ ਭੂਰ ਕੋ ਗ਼ਰੂਰ ਸੰਗ ਬੋਲਿਓ॥ ੧੧॥

ਖਾਨਾਂ ਦੀ ਸਭਾ ਵਿਚ ਵੀ ਕੁਝ ਨਾ ਬੋਲਿਆ। ਉਨ੍ਹਾਂ ਦੇ ਘਰ ਇਕ ਹੁਸੈਨ ਨਾਮ ਦਾ ਇਕ ਗੁਲਾਮ ਰਹਿੰਦਾ ਸੀ। ਉਹ ਦਿਲਾਵਰ ਪਠਾਣ ਦੇ ਪਾਸ ਆਪਣੀ ਸ਼ਕਤੀ ਦੀਆਂ ਡੀਂਗਾਂ ਮਾਰਨ ਲੱਗਾ। ਉਹ ਬਹੁਤ ਹੰਕਾਰ ਨੂੰ ਧਾਰ ਕੇ ਸ਼ੇਖੀ ਮਾਰ ਕੇ ਬੋਲਿਆ॥ ੧੧॥

'ਗੁਰੂ ਗੁਬਿੰਦ ਸਿੰਘ ਪੈ ਪੁਰੇ ਅਨੰਦ ਜਾਇ ਹੌਂ।
ਬਰੌਂ ਸੁ ਦੂਣ ਤਾਂਹਿ ਮਾਰਿ ਦੂਨ ਦ੍ਰਬ ਲਜਾਇ ਹੌਂ।
ਕਰੌਂ ਸੁ ਜੀਤ ਜ਼ੋਰ ਮੈਂ ਬਿਲੰਦ ਦੰਡ ਦੇਇ ਹੈ।
ਨਹੀਂ ਤ ਲੋਹ ਕ੍ਰੋਹ ਕੋ ਸੁ ਸੀਸ ਆਪ ਲੇਇ ਹੈ॥ ੧੨॥

ਗੁਰੂ ਗੋਬਿੰਦ ਸਿੰਘ ਉੱਤੇ ਹਮਲਾ ਕਰਨ ਵਾਸਤੇ ਮੈਂ ਅਨੰਦਪੁਰ ਜਾਵਾਂਗਾ। ਉਸ ਨਗਰੀ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਨੂੰ ਦੂਣਾ ਮਾਰ ਕੇ, ਦੂਣਾ ਧਨ ਪ੍ਰਾਪਤ ਕਰਕੇ ਲਿਆਵਾਂਗਾ। ਮੈਂ ਉਨ੍ਹਾਂ ਨੂੰ ਜਿੱਤ ਕੇ ਅਧੀਨ ਕਰਾਂਗਾ ਤਾਂ ਦੰਡ ਦਾ ਬਹੁਤ ਧਨ ਦੇਣਗੇ, ਨਹੀਂ ਤਾਂ ਸ਼ਸਤਰਾਂ ਦਾ ਕ੍ਰੋਧ ਆਪਣੇ ਸਿਰ ਤੇ ਲੈਣਗੇ॥ ੧੨॥

ਸੁ ਦੇਇ ਮੋਹਿ ਆਗਿਆ ਸਮੇਤ ਬ੍ਰਿੰਦ ਬਾਹਿਨੀ।
ਸਿਧਾਇ ਸ਼ੀਘ੍ਰ ਜੀਤ ਹੌਂ ਫਰੰਕ ਬਾਹਿ ਦਾਹਨੀ'।
ਦਿਲਾਵਰਾ ਪਠਾਨ 'ਸਾਧ ਸਾਧ' ਤਾਂਹਿ ਭਾਖਿਯੋ।
ਉਛਾਹਿ ਕੋ ਬਿਸਾਲ ਧਾਰਿ ਜੰਗ ਕੋ ਭਿਲਾਖਯੋ॥ ੧੩॥

ਇਸ ਕਰਕੇ ਮੈਨੂੰ ਆਗਿਆ ਦੇਵੋ, ਮੈਂ ਸੈਨਾ ਸਮੇਤ ਜਾਵਾਂਗਾ, ਜਾ ਕੇ ਛੇਤੀ ਹੀ ਜਿੱਤ ਕੇ ਆ ਜਾਵਾਂਗਾ, ਮੇਰੀ ਸੱਜੀ ਬਾਂਹ ਫਰਕਦੀ ਹੈ।'' ਦਿਲਾਵਰ ਪਠਾਣ ਨੇ ਉਸ ਨੂੰ 'ਸ਼ਾਬਾਸ਼ ਸ਼ਾਬਾਸ਼' ਕਿਹਾ। ਵੱਡਾ ਉਤਸ਼ਾਹ ਧਾਰ ਕੇ, ਉਸ ਨੇ ਜੰਗ ਦੀ ਅਭਿਲਾਸ਼ਾ ਕੀਤੀ॥ ੧੩॥

ਸਮੂਹ ਸੈਨ ਤਜਾਰ ਦ੍ਵੈ ਹਜ਼ਾਰ ਸੰਗ ਦੀਨਿਯਾਂ।
ਬਰੂਦ ਬ੍ਰਿੰਦ ਗੋਰੀਯਾਂ, ਖਤੰਗ, ਚਾਂਪ ਚੀਨਿਯਾਂ।
ਗ਼ਰੂਰ ਭੂਰ ਸੂਰਮਾਨ ਬੀਨ ਬੀਨ ਲੀਨਿਯੋਂ।
ਤੁਰੰਗ ਜ਼ੀਨ ਤੰਗ ਐਂਚਿ ਐਂਚਿ ਤਜਾਰ ਕੀਨਿਯੋ॥ ੧੪॥

ਸਮੂਹ ਸੈਨਾ ਤਿਆਰ ਕਰਕੇ ਉਸ ਨੂੰ ਦੋ ਹਜ਼ਾਰ ਸੈਨਿਕ ਦਿੱਤੇ, ਬਹੁਤ ਗੋਲੀ ਬਾਰੂਦ, ਤੀਰ ਅਤੇ ਧਨੁੱਖ ਬਾਣ ਵੇਖ ਕੇ ਲਏ। ਬਹੁਤ ਹੰਕਾਰੀ ਸੂਰਮੇ ਚੁਣ ਚੁਣ ਕੇ ਲਏ, ਘੋੜਿਆਂ 'ਤੇ ਕਾਠੀਆਂ ਪਾ ਕੇ ਤੰਗ ਖਿੱਚ ਖਿੱਚ ਕੇ ਤਿਆਰ ਕੀਤੇ॥ ੧੪॥

ਅਰੂਢ ਹ੍ਵੈ ਬਜਾਇ ਦੁੰਦਭਾਨ ਬ੍ਰਿੰਦ ਚਾਲਿਯੋ।
ਪੁਰੇ ਅਨੰਦ ਸ਼੍ਰੀ ਗੁਰੂ ਅਨੰਦ ਮੈਂ ਬਿਸ਼ਾਲਯੋ।
ਜਬੈ ਪਠਾਨ ਪੂਤ ਸ੍ਰੂਯ ਸ਼ੋਰ ਕੋ ਮਹਾਨਯੋ।
ਅਧੀਰ ਹੋਇ ਭੀਰੁ ਭੇ ਭਲਾਨ ਕੌ ਪਲਾਨਯੋਂ॥ ੧੫॥

ਘੋੜਿਆਂ ਤੇ ਸਵਾਰ ਹੋ ਕੇ ਨਗਾਰੇ ਵਜਾ ਕੇ ਚਲ ਪਿਆ। ਅਨੰਦਪੁਰ ਵਿਚ ਸ੍ਰੀ ਗੁਰੂ ਜੀ ਵਿਸ਼ਾਲ ਅਨੰਦ ਵਿਚ ਰਹਿ ਰਹੇ ਸਨ। ਜਦ ਪਠਾਣ ਪੁੱਤਰ ਨੇ ਭਾਵ ਦਿਲਾਵਰ ਦੇ ਪੁੱਤਰ ਬੜਾ ਉੱਚੀ ਹੋ ਰਿਹਾ ਮਹਾਨ ਸ਼ੋਰ ਸੁਣਿਆ ਸੀ ਤਾਂ ਉਹ ਕਾਇਰ ਹੋ ਕੇ ਭਲਾਨ ਪਿੰਡ ਵਲ ਭੱਜ ਗਿਆ ਸੀ॥ ੧੫॥

ਬਿਲੋਕਿ ਦੂਰ ਦੂਰ ਲੌ ਦਿਵਾਨ ਨੰਦ ਚੰਦ ਹੀ।
ਖਿਰੇ ਲਰੰਨ ਹੇਤੁ ਸੋ ਲਏ ਚਮੂੰ ਬਿਲੰਦ ਹੀ।
ਉਡੀਕ ਕੀਨਿ ਸ਼ੱਤ੍ਰੂ ਕੀ ਬਚਿੱਤ੍ਰ ਜੰਗ ਦੇਨ ਕੋ।
ਪਰਾ ਬਨਾਇ ਸੈਨ ਕੋ ਅਗਾਊ ਆਇ ਲੈਨ ਕੋ॥ ੧੬॥

ਦੂਰ ਦੂਰ ਤਕ ਵੇਖ ਕੇ ਦਿਵਾਨ ਨੰਦ ਚੰਦ ਬਹੁਤ ਸੈਨਾ ਲੈ ਕੇ ਯੁੱਧ ਵਾਸਤੇ ਖੜਾ ਹੋ ਗਿਆ ਸੀ। ਸੋਹਣੀ ਜੰਗ ਦੇਣ ਵਾਸਤੇ ਵੈਰੀ ਦੀ ਬਹੁਤ ਉਡੀਕ ਕੀਤੀ ਸੀ। ਸੈਨਾਂ ਦੀਆਂ ਲਾਇਨਾਂ ਬਣਾ ਕੇ ਵੈਰੀ ਨੂੰ ਅਗਾਊਂ ਲੈਣ ਗਏ ਸਨ॥ ੧੬॥

ਸੁਨਯੋ ਜਬੈ ਪਲਾਇਗੋ ਬਿਜੈ ਲਈ ਮਹਾਨ ਕੋ।
ਅਨੰਦ ਹ੍ਵੈ ਸੁ ਜੀਤ ਕੋ ਬਜਾਇ ਕੈ ਨਿਸ਼ਾਨ ਕੋ।

ਤੁਫੰਗ ਬ੍ਰਿੰਦ ਛੋਰਿਯਾਂ ਅਵਾਜ਼ ਦੂਰ ਦੂਰ ਮੇਂ।
ਗ਼ਰੂਰ ਭੂਰ ਪੂਰ ਕੈ ਗਰੂਰ ਨੂਰ ਸੂਰਮੇ॥ ੧੭॥

ਜਦ ਇਹ ਸੁਣਿਆ ਕਿ ਪਠਾਣ ਭੱਜ ਗਏ ਹਨ ਤਦ ਮਹਾਨ ਵਿਜੇ ਪ੍ਰਾਪਤ ਕੀਤੀ ਤੇ ਨਗਾਰੇ ਵਜਾ ਕੇ ਜਿੱਤ ਦਾ ਅਨੰਦ ਲਿਆ। ਬਹੁਤ ਬੰਦੂਕਾਂ ਛੱਡੀਆਂ, ਜਿਨ੍ਹਾਂ ਦੀ ਆਵਾਜ਼ ਬਹੁਤ ਦੂਰ-ਦੂਰ ਤਕ ਗਈ। ਰਣਖੇਤਰ ਦੇ ਵੱਡੇ ਬਲਵਾਨ ਸੂਰਮੇ, ਭਾਰੀ ਹੰਕਾਰ ਨਾਲ ਭਰ ਗਏ॥ ੧੭॥

ਸਮਾਜ ਪੁੰਜ ਗਾਜ ਕੈ ਪੁਰੇ ਅਨੰਦ ਕੌ ਮੁਰੇ।
ਧਰੇ ਅਨੰਦ ਕੋ ਸਬੈ ਜੈਕਾਰ ਦੀਹ ਕੋ ਕਰੈਂ।
ਪ੍ਰਵੇਸ਼ ਹ੍ਵੈ ਅਸ਼ੇਸ਼ ਹੀ ਵਿਸ਼ੇਸ਼ ਜੀਤ ਪਾਇਕੈ।
ਤੁਰੰਗ ਆਪ ਆਪਨੇ ਸੁ ਥਾਨ ਮੈਂ ਟਿਕਾਇ ਕੈ॥ ੧੮॥

ਫਿਰ ਸਾਰੇ ਬਹੁਤ ਗੱਜਦੇ ਹੋਏ, ਅਨੰਦਪੁਰ ਨੂੰ ਵਾਪਸ ਆ ਗਏ। ਸਾਰੇ ਹੀ ਅਨੰਦ ਦੇ ਭਰੇ, ਬਹੁਤ ਉੱਚੀ-ਉੱਚੀ ਜੈਕਾਰੇ ਛੱਡ ਰਹੇ ਸਨ ਫਿਰ ਵਿਸ਼ੇਸ਼ ਜਿੱਤ ਪ੍ਰਾਪਤ ਕਰਕੇ ਅਨੰਦਪੁਰ ਦੇ ਕਿਲ੍ਹੇ ਵਿਚ ਪ੍ਰਵੇਸ਼ ਕਰ ਗਏ। ਆਪਣੇ ਘੋੜਿਆਂ ਨੂੰ ਉਨ੍ਹਾਂ ਦੇ ਸਥਾਨਾਂ ਤੇ ਟਿਕਾ ਦਿੱਤਾ॥ ੧੮॥

ਰਹੀ ਸੁ ਜਾਮ ਜਾਮਨੀ ਕ੍ਰਿਪਾ ਨਿਕੇਤ ਜਾਨਿ ਕੈ।
ਤਬੈ ਸੁ ਤਜਾਗਿ ਨੀਂਦ ਕੋ ਸ਼ਨਾਨ ਸੌਚ ਠਾਨਿ ਕੈ।
ਧਰੇ ਸ਼ਰੀਰ ਚੀਰ ਕੋ ਸੁ ਬੀਰ ਦੇਹਿ ਧੀਰਜੰ।
ਸਜਾਇ ਆਯੁਧਾਨ ਕੌ ਬਿਸਾਲ ਜਾਂਹਿ ਬੀਰਜੰ॥ ੧੯॥

ਜਦ ਪਹਿਰ ਰਾਤ ਰਹਿ ਗਈ ਤਾਂ ਕਿਰਪਾ ਦੇ ਘਰ ਭਾਵ ਗੁਰੂ ਜੀ ਨੇ ਤਦ ਨੀਂਦ ਨੂੰ ਛੱਡ ਕੇ ਸੌਚ ਇਸ਼ਨਾਨ ਕੀਤਾ। ਸਰੀਰ ਉੱਤੇ ਕੱਪੜੇ ਧਾਰਨ ਕੀਤੇ, ਜਿਹੜੀ ਧੀਰਜਵਾਨ ਸੂਰਬੀਰ ਦੇਹੀ ਸੀ। ਸਰੀਰ ਉੱਤੇ ਸ਼ਸਤਰ ਸਜਾਏ, ਜਿਸ ਵਿਚ ਮਹਾਨ ਸੂਰਬੀਰਤਾ ਭਰੀ ਪਈ ਹੈ॥ ੧੯॥

ਪ੍ਰਤੀਖਤੰ ਨਿਜੰ ਦਲੰ ਬਲੰ ਬਿਲੰਦ ਜੰਗ ਕੋ।
ਪ੍ਰਭਾਤਿ ਲੌ ਪ੍ਰਭੂ ਖਿਰੇ ਨ ਜਾਨ ਕੌਨ ਢੰਗ ਕੋ।
ਅਰੂਢਿ ਮਾਰਤੰਡ ਤੇ ਪ੍ਰਚੰਡ ਸੂਰ ਆਇਕੈ।
ਅਨੰਦ ਨੰਦ ਚੰਦ ਆਦਿ ਬੰਦਨਾ ਸੁ ਗਾਇਕੈ॥ ੨੦॥

ਆਪਣੇ ਦਲ ਨੂੰ ਉਡੀਕਦੇ ਹਨ, ਜਿਸ ਦਾ ਬਲ ਜੰਗ ਲਈ ਬਹੁਤ ਵੱਡਾ ਹੈ। ਪ੍ਰਭਾਤ ਤਕ ਪ੍ਰਭੂ ਜੀ ਬੈਠੇ ਰਹੇ, ਕੋਈ ਨਹੀਂ ਜਾਣਦਾ ਕਿ ਕਿਸ ਕਾਰਨ ਟਿਕੇ ਰਹੇ। ਸੂਰਜ ਚੜ੍ਹਨ ਉੱਤੇ ਪ੍ਰਚੰਡ ਤੇਜ ਵਾਲੇ ਸੂਰਮੇ ਨੰਦ ਚੰਦ ਆਦਿ ਨੇ ਆ ਕੇ ਅਨੰਦ ਨਾਲ ਭਰ ਕੇ ਬੰਦਨਾ ਕੀਤੀ॥ ੨੦॥

ਸੁਨਾਇ ਜੰਗ ਬਾਰਤਾ 'ਉਡੀਕ ਸ਼ੱਤ੍ਰੂ ਕੀਨਿਯਾ।
ਭਯੋ ਨ ਆਇ ਸਾਮੁਹੇ ਬਿਸਾਲ ਤ੍ਰਾਸ ਭੀਨਿਯਾ।
ਪ੍ਰਤਾਪੁ ਦੀਹ ਆਪਕੋ ਸਕੈ ਨ ਆਇ ਤੀਰ ਕੋ।
ਪ੍ਰਸਿੱਧ ਦੇਸ਼ ਬ੍ਰਿੰਦ ਮੈਂ, ਸਹੈ ਸੁ ਕੌਨ ਤੀਰ ਕੋ॥ ੨੧॥

ਜੰਗ ਦੀ ਵਾਰਤਾ ਸੁਣਾਉਂਦੇ ਸਨ, "ਵੈਰੀ ਦੀ ਉਡੀਕ ਕੀਤੀ, ਸਾਹਮਣੇ ਨਹੀਂ ਆਏ ਹਨ, ਬਹੁਤ ਡਰ ਮੰਨਿਆ ਹੈ। ਆਪ ਜੀ ਦਾ ਵੱਡਾ ਪ੍ਰਤਾਪ ਸਮਝਿਆ ਹੈ ਤੇ ਪਾਸ ਨਹੀਂ ਆਏ ਹਨ। ਕਈ ਦੇਸ਼ਾਂ ਵਿਚ ਪ੍ਰਸਿੱਧ ਹੈ ਕਿ ਆਪ ਜੀ ਦੇ ਤੀਰ ਨੂੰ ਕੌਣ ਬਰਦਾਸ਼ਤ ਕਰ ਸਕਦਾ ਹੈ॥ ੨੧॥

ਨਦੀ ਕਿਨਾਰ ਪਾਰ ਕੋ, ਨ ਪਾਇ ਨੀਰ ਬੋਰਿਓ।
ਅਧੀਰ ਭੀਰੁ ਭੂਰ ਹੈ ਉਛਾਹਿ ਜੁੱਧ ਛੋਰਜੋ।
ਕ੍ਰਿਪਾ ਨਿਧਾਨ ਸ਼੍ਰਯ ਕਾਨ ਬੈਨ ਕੋ ਬਖਾਨਿਓ।
'ਸਹਾਇ ਸ਼੍ਰੀ ਅਕਾਲ ਕੀ ਬਿਸ਼ਾਲ ਤੇ ਪਲਾਨਿਓ॥ ੨੨॥

ਨਦੀ ਪਾਰਲੇ ਕਿਨਾਰੇ ਤੇ ਹੀ ਰਹੇ ਹਨ ਤੇ ਨਦੀ ਵਿਚ ਪੈਰ ਨਹੀਂ ਪਾਇਆ ਹੈ। ਕਾਇਰ ਬਹੁਤ ਧੀਰਜ ਰਹਿਤ ਹੋ ਗਏ ਸਨ ਤੇ ਯੁੱਧ ਦੇ ਉਤਸ਼ਾਹ ਨੂੰ ਛੱਡ ਦਿੱਤਾ।" ਕਿਰਪਾ ਨਿਧਾਨ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣ ਕੇ ਕਿਹਾ, "ਸ੍ਰੀ ਅਕਾਲ ਪੁਰਖ ਦੀ ਭਾਰੀ ਸਹਾਇਤਾ ਕਰਕੇ ਭੱਜ ਗਏ ਹਨ॥ ੨੨॥

ਮਹਾਨ ਮਾਨ ਹਾਨਿਯੇ ਕ੍ਰਿਪਾਨ ਬਾਨ ਸੰਗ ਹੀ।
ਬਹੋਰ ਸ਼ੱਤ੍ਰੂ ਆਇ ਹੈਂ ਮਚਾਇ ਦਾਇ ਜੰਗ ਹੀ।
ਸਮੇਤ ਬ੍ਰਿੰਦ ਸੈਨ ਸਾਵਧਾਨ ਹੀ ਰਹੀਜਿਯੇ।
ਤੁਰੰਗ ਆਯੁਧਾਨ ਕੋ ਭਟਾਨ ਬਾਂਟ ਦੀਜਿਯੇ'॥ ੨੩॥

ਕ੍ਰਿਪਾਨ ਤੇ ਬਾਣ ਨਾਲ ਹੀ ਵੈਰੀ ਦੇ ਹੰਕਾਰ ਨੂੰ ਨਾਸ਼ ਕਰਨਾ ਹੈ। ਵੈਰੀ ਦੀ ਸੈਨਾ ਵਾਪਸ ਆਵੇਗੀ ਤੇ ਦਾਅ ਲਾ ਕੇ ਜੰਗ ਮਚਾਉਣਗੇ, ਇਸ ਕਰਕੇ ਸਾਰੀ ਸੈਨਾ ਸਹਿਤ ਸਾਵਧਾਨ ਰਹੋ ਤੇ ਘੋੜੇ ਅਤੇ ਸ਼ਸਤਰ ਸੂਰਮਿਆਂ ਵਿਚ ਵੰਡ ਦੇਵੋ"॥ ੨੩॥

ਪੁਰੇ ਅਨੰਦ ਮੈਂ ਅਨੰਦ ਯੌਂ ਬਿਲੰਦ ਹੋਇਓ।
ਦਿਵਾਨ ਮੈਂ ਦਿਵਾਨ ਸਾਥ ਯੌਂ ਪ੍ਰਭੂ ਪ੍ਰਬੋਇਓ।
ਉਤੇ ਪਠਾਨ ਕੋ ਗੁਲਾਮ ਜ਼ੋਰ ਸੈਨ ਆਇਓ।
ਹੁਸੈਨ ਨਾਮ ਜਾਸਕੋ ਪ੍ਰਤਾਪ ਕੋ ਜਨਾਇਓ॥ ੨੪॥

ਅਨੰਦਪੁਰ ਵਿਚ ਇਸ ਤਰ੍ਹਾਂ ਵੱਡਾ ਅਨੰਦ ਹੋਇਆ, ਦੀਵਾਨ ਵਿਚ ਦਿਵਾਨ ਨੂੰ ਪ੍ਰਭੂ ਜੀ ਨੇ ਇਸ ਤਰ੍ਹਾਂ ਸਮਝਾਇਆ। ਓਧਰ ਪਠਾਣ ਦਿਲਾਵਰ ਦਾ ਗੁਲਾਮ ਸੈਨਾ ਜੋੜ ਕੇ ਆ ਰਿਹਾ ਹੈ। ਜਿਸ ਦਾ ਨਾਮ ਹੁਸੈਨ ਹੈ ਤੇ ਉਸ ਆਪਣੇ ਵੱਡੇ ਪ੍ਰਤਾਪ ਨੂੰ ਜਣਾਇਆ ਹੈ॥ ੨੪॥

ਪੁਰਾ ਪਯਾਨਿ ਆਨਿ ਕੈ ਅਵਾਨ ਗ੍ਰਾਮ ਲੂਟਿਓ।
ਭਯੋ ਜੁ ਕੋਇ ਸਾਮੁਹੇ ਸੁ ਠਾਨਿ ਜੰਗ ਕੂਟਿਓ।
ਸਮਾਜ ਗ੍ਰਾਮ ਧਾਮ ਕੋ ਸੁ ਛੀਨ ਛੀਨ ਲੀਨਿਓ।
ਜਨਾਇ ਜ਼ੋਰ ਆਪਨੋ ਹੰਕਾਰ ਪੀਨ ਕੀਨਿਓ॥ ੨੫॥

ਪਹਿਲਾਂ ਚਲ ਕੇ ਅਵਾਨ ਪਿੰਡ ਲੁੱਟਿਆ, ਕੋਈ ਵੀ ਸਾਹਮਣੇ ਨਾ ਹੋਇਆ ਤਾਂ ਜੰਗ ਕਰਕੇ ਸਭ ਨੂੰ ਕੁੱਟਿਆ। ਪਿੰਡ ਦੇ ਸਾਰੇ ਘਰਾਂ ਦਾ ਸਾਮਾਨ ਖੋਹ ਲਿਆ, ਬਹੁਤ ਹੰਕਾਰ ਕਰਕੇ ਆਪਣੀ ਤਾਕਤ ਨੂੰ ਜਣਾਇਆ॥ ੨੫॥

ਬਹੋਰ ਡੱਢਵਾਰਿਯਾ ਸੰਗ੍ਰਾਮ ਘਾਲਿ ਜੀਤਿਓ।
ਸੁ ਦੰਡ ਲੀਨ ਦਰਬ ਕੋ ਕੁਨੀਤਿ ਮੈਂ ਪ੍ਰਤੀਤਯੋ।

ਕਿਤੇਕ ਸੈਲਰਾਜ ਮੇਲ ਹੇਤੁ ਪਾਸ ਆਵਹੀਂ।
ਸਮੂਹ ਤੇ ਸੁ ਲੇਤਿ ਦਾਮ ਦੰਡ ਕੋ ਚੁਕਾਵਹੀ॥ ੨੬॥

ਫਿਰ ਡਢਵਾਲੀਏ ਨੂੰ ਯੁੱਧ ਕਰਕੇ ਜਿੱਤਿਆ। ਫਿਰ ਹੁਸੈਨੀ ਭੈੜੀ ਨੀਤੀ ਕਰਕੇ ਜ਼ੁਲਮ ਕਰਨ ਲੱਗਾ। ਕਈ ਪਹਾੜੀ ਰਾਜੇ ਮੇਲ ਵਾਸਤੇ ਪਾਸ ਆਉਂਦੇ ਸਨ, ਸਾਰਿਆਂ ਪਾਸੋਂ ਧਨ ਲੈ ਕੇ ਦੰਡ ਵਸੂਲ ਕਰਦਾ ਸੀ॥ ੨੬॥

ਕਿਤੇਕ ਸੈਲਪਾਲ ਕੇ ਸੁ ਨੰਦ ਬੰਦ ਮੈਂ ਕਿਯੇ।
'ਬਿਲੰਦ ਦਰਬ ਦੇਹਿੰਗੇ ਤ ਛੋਰਿਹੈਂ' ਸੁਨੈ ਦਿਏ।
ਕਟੋਚੀਆ ਕ੍ਰਿਪਾਲ ਭੀਮਚੰਦ ਜੋ ਕਲੂਰਿਯਾ।
ਮਿਲੇ ਅਕੋਰ ਦੇਇ ਦੇਇ ਹੇਰਿ ਓਜ ਪੂਰਿਯਾ॥ ੨੭॥

ਕਈ ਪਹਾੜੀ ਰਾਜਿਆਂ ਦੇ ਪੁੱਤਰ ਕੈਦ ਕੀਤੇ, "ਬਹੁਤ ਧਨ ਦੇਵੋਗੇ ਤਾਂ ਛੱਡਾਂਗਾ" ਉਨ੍ਹਾਂ ਨੂੰ ਸੁਣਾ ਦਿੱਤਾ। ਕ੍ਰਿਪਾਲ ਕਟੋਚੀਆ ਤੇ ਭੀਮ ਚੰਦ ਕਹਿਲੂਰੀਆ, ਉਸ ਨੂੰ ਵੱਡਾ ਤਾਕਤਵਰ ਸਮਝ ਕੇ ਉਪਹਾਰ ਦੇ ਦੇ ਕੇ ਮਿਲੇ॥ ੨੭॥

ਬਿਸਾਲ ਦੂਨ ਮੈਂ ਪ੍ਰਵੇਸ਼ ਲੂਟ ਲੂਟ ਲੀਨਿਓਂ।
ਸਤ੍ਰਾਸ ਭੀਰ ਭੂਰ ਹ੍ਵੈ ਕਿਸੂ ਨ ਜੰਗ ਕੀਨਿਓਂ।
ਮਹਾਨ ਅੰਨ ਛੀਨ ਛੀਨ ਸੈਨ ਬਾਂਟ ਦੀਨਿਯੰ।
ਰਿਦੇ ਗੁਰੂ ਪੂਰੇਨ ਕੌ ਪ੍ਰਭਾਵ ਨਾਹਿ ਚੀਨਿਯੰ॥ ੨੮॥

ਵਿਸ਼ਾਲ ਦੂਨ ਦੇ ਵਿਚ ਪ੍ਰਵੇਸ਼ ਕਰਕੇ ਬਹੁਤ ਲੁਟਮਾਰ ਕੀਤੀ, ਸਾਰੇ ਕਾਇਰ ਬਹੁਤ ਡਰ ਗਏ ਤੇ ਕਿਸੇ ਨੇ ਵੀ ਜੰਗ ਨਾ ਕੀਤੀ। ਬਹੁਤ ਅਨਾਜ ਖੋਹ ਖੋਹ ਕੇ ਸੈਨਾ ਵਿਚ ਵੰਡ ਦਿੱਤਾ। ਪਰ ਹਿਰਦੇ ਵਿਚ ਪੂਰਨ ਗੁਰੂ ਜੀ ਦਾ ਪ੍ਰਭਾਵ ਨਾ ਸਮਝਿਆ॥ ੨੮॥

ਕਰੰਤਿ ਕਾਜ ਖੋਟ ਕੌ ਬਿਚਾਰ ਕੌ ਨ ਠਾਨਿਯੰ।
ਬਿਸਾਲ ਮੂਢ ਆਤਮਾ ਗ਼ੁਲਾਮ ਬੁੱਧਿਵਾਨਯੰ।
ਨਿਵੇਸ ਘਾਲਿ ਦੂਨ ਮੈਂ ਜਨਾਇ ਜੋਰ ਆਪਨੋ।
ਖਸੋਟ ਲੇਤਿ ਕਾਹੁੰ ਕੌ ਮਹਾਨ ਦੇਤਿ ਤਾਪਨੋ॥ ੨੯॥

ਜਿਹੜਾ ਖੋਟਾ ਕਾਰਜ ਕਰਦਾ ਸੀ, ਉਸ ਨੂੰ ਵਿਚਾਰ ਕੇ ਨਾ ਵੇਖਿਆ, ਵਿਸ਼ਾਲ ਮੂਰਖ ਆਤਮਾ ਗੁਲਾਮਾਂ ਦੀ ਬੁੱਧੀ ਰੱਖਣ ਵਾਲਾ ਸੀ। ਦੂਨ ਵਿਚ ਬਹੁਤ ਜ਼ੁਲਮ ਕਰਕੇ ਆਪਣੇ ਬਲ ਨੂੰ ਜਣਾਇਆ। ਵੱਡੀਆਂ ਸਜ਼ਾਵਾਂ ਦੇ ਕੇ ਮਾਲ ਧਨ ਖੋਹ ਲੈਂਦਾ ਸੀ॥ ੨੯॥

ਬਿਨਾਇ ਦ੍ਵੈਸ਼ ਕੇਤਨੰ ਕਰੰਤਿ ਓਤਪਾਤਿ ਕੌ।
ਸਤ੍ਰਾਸ ਹੋਇ ਦੂਣ ਮੈਂ ਨ ਕੋਪ ਧਾਰਿ ਘਾਤ ਕੌ।
ਮਿਲੈਂ ਅਨੇਕ ਆਨਿਕੈ ਅਕੋਰ ਹਾਥ ਜੋਰਿ ਕੈ।
ਕਿਤੇਕ ਭਾਜਿ ਜਾਤਿ ਹੈਂ, ਕਿਤੇਕ ਲੈਂ ਨਿਹੋਰਿ ਕੈ॥ ੩੦॥

ਬਿਨਾਂ ਈਰਖਾ ਕਰਨ ਦੇ ਵੀ ਕਈਆਂ ਨਾਲ ਉਪੱਦਰ ਕੀਤੇ। ਕਿਸੇ ਵੀ ਪਹਾੜੀਏ ਨੂੰ ਉਨ੍ਹਾਂ ਨੂੰ ਮਾਰਨ ਲਈ ਕ੍ਰੋਧ ਨਾ ਆਇਆ। ਅਨੇਕਾਂ ਹੀ ਹੱਥ ਵਿਚ ਉਪਹਾਰ ਲੈ ਕੇ ਉਸ ਨੂੰ ਆ ਕੇ ਹੱਥ ਜੋੜ ਕੇ ਮਿਲੇ। ਕਈ ਭੱਜ ਜਾਂਦੇ ਸਨ ਤੇ ਕਈ ਬੇਨਤੀ ਕਰਕੇ ਭੇਟਾ ਲੈ ਕੇ ਮਿਲਦੇ ਸਨ॥ ੩੦॥

ਦੋਹਰਾ- ਇਸ ਪ੍ਰਕਾਰ ਸਭਿ ਦੂਣ ਮਹਿਂ ਘਾਲਜੋ ਜੋਰ ਸੁਜੋਰ।
ਅਭਿਲਾਖਤਿ ਮੂਰਖ ਰਿਦੇ ਚਲੌਂ ਅਨਦਪੁਰਿ ਓਰ॥ ੩੧॥

ਇਸ ਪ੍ਰਕਾਰ ਉਸ ਦੂਨ ਵਿਚ ਬਹੁਤ ਜ਼ੋਰ ਪਾਇਆ। ਹਿਰਦੇ ਵਿਚ ਅਭਿਲਾਸ਼ਾ ਕਰਦਾ ਸੀ, ਹੁਣ ਅਨੰਦਪੁਰ ਵਲ ਚੱਲਾਂਗਾ॥ ੩੧॥

*ਦੂਸਰੀ ਰੁੱਤ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

## *ਅਧਿਆਇ ਅਠਤਾਲੀਵਾਂ*

*ਗੁਪਾਲ ਤੇ ਹੁਸੈਨੀ ਦੀ ਸੁਲ੍ਹਾ ਲਈ ਸੰਗਤੀਆ ਸਿੰਘ ਆਇਆ*

ਦੋਹਰਾ- ਭੂਪ ਕ੍ਰਿਪਾਲ ਕਟੋਚੀਆ ਭੀਮਚੰਦ ਤੇ ਆਦਿ।
ਮਿਲੇ ਸੁ ਰਾਖਹਿਂ ਨਿਕਟ ਤਿਸ ਕਹਿ ਸਾਦਰ ਸੰਬਾਦ॥ ੧॥

ਰਾਜਾ ਕ੍ਰਿਪਾਲ ਕਟੋਚੀਆ ਤੇ ਭੀਮ ਚੰਦ ਆਦਿ ਜੋ ਵੀ ਉਨ੍ਹਾਂ ਨਾਲ ਮੇਲ ਕਰਦਾ ਹੈ, ਉਸ ਨੂੰ ਆਦਰ ਨਾਲ ਪਾਸ ਰੱਖਦੇ ਤੇ ਗੁਰੂ ਜੀ ਨਾਲ ਝਗੜੇ ਦੀ ਗੱਲ ਦੱਸਦੇ ਹਨ॥ ੧॥

ਚੌਪਈ- ਇਕਠੀ ਸੈਨ ਕਰਤਿ ਸਮੁਦਾਯਾ। ਚਹੈ ਅਨੰਦ ਪੁਰਿ ਗੁਰੂ ਢਿਗ ਆਯਾ।
ਸੰਘਰ ਘਾਲ ਘਨੋ ਘਮਸਾਨਾ। ਕਰੋਂ ਪਰਾਜਯ, ਕੈ ਹੁਇ ਹਾਨਾ॥ ੨॥

ਸਾਰੀ ਸੈਨਾ ਇਕੱਠੀ ਕਰਕੇ, ਅਨੰਦਪੁਰ ਵਿਚ ਗੁਰੂ ਜੀ ਪਾਸ ਆਉਣਾ ਚਾਹੁੰਦਾ ਹੈ। ਸੰਘਰਸ਼ ਘਾਲ ਵੱਡਾ ਯੁੱਧ ਕਰਨਾ ਚਾਹੁੰਦਾ ਹੈ। ਕਹਿੰਦਾ ਹੈ ਜਿੱਤ ਲਵਾਂਗਾ ਜਾਂ ਮਾਰਿਆ ਜਾਵਾਂਗਾ॥ ੨॥

ਦੇਉਂ ਚਮੂੰ ਕੋ ਜ਼ੋਰ ਬਡੇਰਾ। ਮਿਲਹਿਂ ਤ ਲੈਹੋਂ ਦਰਬ ਘਨੇਰਾ।
ਭੇਜਜੋ ਪੁੱਤ੍ਰ ਦਿਲਾਵਰ ਖਾਨ। ਜਿਨ ਤੇ ਡਰ ਹਟਿ ਗਯੋ ਨਿਦਾਨ॥ ੩॥

ਸੈਨਾ ਦਾ ਬਹੁਤ ਵੱਡਾ ਜ਼ੋਰ ਦੇਵਾਂਗਾ, ਜੇ ਆ ਕੇ ਮਿਲ ਪੈਣਗੇ ਤਾਂ ਬਹੁਤ ਧਨ ਲਵਾਂਗਾ। ਦਿਲਾਵਰ ਖਾਨ ਨੇ ਆਪਣਾ ਪੁੱਤਰ ਭੇਜਿਆ ਸੀ, ਜਿਨ੍ਹਾਂ ਤੋਂ ਮੂਰਖ ਡਰ ਕੇ ਵਾਪਸ ਚਲਾ ਗਿਆ॥ ੩॥

ਤਿਸ ਕਾਰਨ ਤੇ ਮੈਂ ਚਢਿ ਆਯੋ। ਸੰਚਿ ਘਨੋ ਦਲ ਸੰਗ ਪਠਾਯੋ।
ਨਹੀਂ ਅਨੰਦਪੁਰਿ ਮਾਰੌਂ ਜਾਵਦ। ਬਨੈ ਨ ਹਟਿ ਕਰਿ ਜੈਬੋ ਤਾਵਦ॥ ੪॥

ਉਸ ਕਾਰਨ ਹੁਣ ਮੈਂ ਚੜ੍ਹ ਕੇ ਆਇਆ ਹਾਂ, ਬਹੁਤ ਵੱਡਾ ਦਲ ਇਕੱਠਾ ਕਰਕੇ ਨਾਲ ਭੇਜਿਆ ਹੈ। ਜਦ ਤਕ ਮੈਂ ਅਨੰਦਪੁਰ ਨਹੀਂ ਮਾਰਾਂਗਾ, ਤਦ ਤਕ ਹੱਟ ਕੇ ਜਾਣਾ ਬਣਦਾ ਨਹੀਂ ਹੈ॥ ੪॥

ਲਰਿਬੇ ਕੋ ਬਲ ਕੇਤਿਕ ਧਰੈਂ। ਦੇਖੋਂ ਅਬਿ ਜੇਤੋ ਰਣ ਕਰੈਂ।
ਇਮ ਗਿਨਿ ਗਿਨਿ ਮਨ ਠਾਨਹਿ ਤਯਾਰੀ। ਦਿਨ ਪ੍ਰਤਿ ਮੇਲ ਕਿਯੋ ਦਲ ਭਾਰੀ॥੫॥

ਲੜਾਈ ਵਾਸਤੇ ਉਨ੍ਹਾਂ ਬਹੁਤ ਬਲ ਧਾਰਨ ਕੀਤਾ ਹੈ, ਹੁਣ ਵੇਖਾਂਗਾ ਕੈਸਾ ਯੁੱਧ ਕਰਦੇ ਹਨ। ਇਸ ਤਰ੍ਹਾਂ ਗਿਣ ਗਿਣ ਕੇ ਮਨ ਵਿਚ ਤਿਆਰੀ ਕਰਦਾ ਸੀ। ਪਤੀ ਦਿਨ ਬਹਤ ਦਲ ਇਕੱਠਾ ਕਰਦਾ ਸੀ॥ ੫॥

ਤਜੋਂ ਤਜੋਂ ਕਰਿ ਹੰਕਾਰ ਘਨੇਰਾ। ਚਹੈਂ ਅਨੰਦਪੁਰਿ ਪਾਵਨ ਘੇਰਾ।
ਨੰਦਚੰਦ ਤੇ ਆਦਿ ਮਸੰਦ। ਸ੍ਰੀ ਗੁਜਰੀ ਯੁਤਿ ਦੁਖਿਤਿ ਬਿਲੰਦ॥ ੬॥

ਤਿਵੇਂ-ਤਿਵੇਂ ਵੱਡਾ ਹੰਕਾਰ ਕਰਕੇ, ਅਨੰਦਪੁਰ ਨੂੰ ਘੇਰਾ ਪਾਉਣਾ ਚਾਹੁੰਦਾ ਸੀ। ਨੰਦ ਚੰਦ ਤੇ ਹੋਰ ਮਸੰਦ ਸ੍ਰੀ ਗੁਜਰੀ ਸਹਿਤ ਬਹੁਤ ਦੁਖੀ ਹੁੰਦੇ ਸਨ॥ ੬॥

ਤੀਨ ਭਾਨਜੇ ਪ੍ਰੋਹਿਤ ਔਰ। ਸਮੁਝਾਵਹਿਂ ਸੋਢੀ ਕੁਲ ਮੌਰ।
'ਮਹਾਰਾਜ ! ਤੁਮ ਅਹੋ ਨਿਚਿੰਤ। ਪਰਜੋ ਨੇਰ ਸ਼ਤ੍ਰੂ ਬਲਵੰਤ॥ ੭॥

ਗੁਰੂ ਤੇਗ ਬਹਾਦਰ ਜੀ ਦੇ ਤਿੰਨ ਭਾਣਜੇ ਅਤੇ ਦਇਆ ਰਾਮ ਪ੍ਰੋਹਿਤ ਸੋਢੀ ਕੁਲ ਦੇ ਸ਼ਿਰੋਮਣੀ ਨੂੰ ਸਮਝਾਉਂਦੇ ਸਨ, "ਮਹਾਰਾਜ ਤੁਸੀਂ ਨਿਸ਼ਚਿੰਤ ਬੈਠੇ ਹੋ, ਵੱਡਾ ਬਲਵਾਨ ਵੈਰੀ ਨੇੜੇ ਆਇਆ ਹੈ॥ ੭॥

ਤੁਮ ਸੋਂ ਚਾਹਤਿ ਕਰਯੋ ਲਰਾਈ। ਆਜ ਕਾਲ ਮੈਂ ਦੇਰ ਨ ਕਾਈ।
ਸਭਿ ਗਿਰਪਤਿ ਦੈ ਦੈ ਬਹੁ ਧਨ ਕੋ। ਮਿਲੇ ਜਾਤਿ ਹਤਿ ਧੀਰਜ ਮਨ ਕੋ॥ ੮॥

ਉਹ ਤੁਹਾਡੇ ਨਾਲ ਯੁੱਧ ਕਰਨਾ ਚਾਹੁੰਦਾ ਹੈ, ਅਜਕਲ ਆ ਜਾਵੇਗਾ ਕੋਈ ਦੇਰ ਨਹੀਂ ਹੈ। ਸਾਰੇ ਪਹਾੜੀ ਰਾਜੇ ਬਹੁਤ ਧਨ ਦੇ ਦੇ ਕੇ, ਮਨ ਨੂੰ ਧੀਰਜ ਦੇਣ ਵਾਸਤੇ ਮਿਲਦੇ ਜਾਂਦੇ ਹਨ॥ ੮॥

ਕਯੋਂ ਨ ਕਰੋ ਅਪਨੀ ਤਕਰਾਈ। ਕੈ ਮਸੰਦ ਦਿਹੁ ਅੱਗ੍ਰ ਪਠਾਈ।
ਸੰਧਿ ਕਰਹੁ ਨਹਿਂ ਬੈਰ ਵਧਾਵਹੁ। ਜਯੋਂ ਕਯੋਂ ਕਰਿ ਇਤ ਤੇ ਉਲਟਾਵਹੁ॥ ੯॥

ਤੁਸੀਂ ਆਪਣੀ ਤਕੜਾਈ ਕਿਉਂ ਨਹੀਂ ਕਰਵਾਉਂਦੇ ਹੋ, ਜਾਂ ਮਸੰਦਾਂ ਨੂੰ ਅੱਗੇ ਭੇਜ ਦੇਵੋ। ਉਸ ਨਾਲ ਸੁਲ੍ਹਾ ਕਰ ਲਵੋ ਤੇ ਵੈਰ ਨਾ ਵਧਾਵੋ, ਜਿਵੇਂ ਕਿਵੇਂ ਕਰਕੇ ਏਥੋਂ ਵਾਪਸ ਭੇਜ ਦੇਵੋ॥ ੯॥

ਸੈਨ ਘਨੀ ਸੰਗ, ਕਰੋ ਨ ਰਨ ਕੋ। ਫੇਰ ਦੇਹੁ ਕੁਛ ਦੇ ਕਰਿ ਧਨ ਕੋ'।
ਗੁਜਰੀ ਆਦਿਕ ਜਬਿ ਇਮ ਕਹਯੋ। ਮਿਲਨਿ ਹੇਤੁ ਸਭਿਹਿਨਿ ਕਹਿ ਲਹਯੋ॥੧੦॥

ਉਸ ਦੇ ਨਾਲ ਬਹੁਤ ਸੈਨਾ ਹੈ, ਇਸ ਕਰਕੇ ਯੁੱਧ ਨਾ ਕਰੋ ਤੇ ਕੁਝ ਧਨ ਦੇ ਕੇ ਮੋੜ ਦੇਵੋ।" ਮਾਤਾ ਗੁਜਰੀ ਆਦਿ ਨੇ ਜਦ ਇਸ ਤਰ੍ਹਾਂ ਕਿਹਾ ਤੇ ਮਿਲਣ ਵਾਸਤੇ ਸਭ ਨੇ ਕਹਿ ਲਿਆ॥ ੧੦॥

ਗਰਜੇ ਸਭਾ ਬੀਚ ਬਲ ਭਾਰੀ। 'ਹਮ ਇਨ ਕੀ ਜੜ ਦੇਇਂ ਉਖਾਰੀ।
ਰਾਜ ਪ੍ਰਤਾਪ ਦੂਰ ਸਭਿ ਜੈ ਹੈ। ਨਹੀਂ ਨਗਾਰਬੰਦ ਕੋ ਹ੍ਵੈ ਹੈ॥ ੧੧॥

ਫਿਰ ਗੁਰੂ ਜੀ ਭਾਰੀ ਬਲ ਨਾਲ ਸਭਾ ਵਿਚ ਗਰਜੇ, "ਮੈਂ ਇਨ੍ਹਾਂ ਦੀ ਜੜ੍ਹ ਉਖੇੜ ਦੇਵਾਂਗਾ। ਇਨ੍ਹਾਂ ਦਾ ਸਾਰਾ ਰਾਜ ਪ੍ਰਤਾਪ ਦੂਰ ਹੋ ਜਾਵੇਗਾ, ਇਨ੍ਹਾਂ ਦਾ ਕੋਈ ਨਗਾਰਚੀ ਵੀ ਨਹੀਂ ਰਹੇਗਾ॥ ੧੧॥

ਧਨ ਗਨ ਛੀਨਹਿਂ ਰੰਕ ਬਨਾਵਹਿਂ। ਨਿਜ ਦਾਸਨ ਕੋ ਰਾਜ ਵਧਾਵਹਿਂ।
ਜੇ ਗ਼ੁਲਾਮ ਲੇ ਦਲ ਸਮੁਦਾਈ। ਆਇ ਕਰੈ ਹਮ ਸੰਗ ਲਰਾਈ॥ ੧੨॥

ਸਾਰਾ ਧਨ ਖੋਹ ਕੇ ਗ਼ਰੀਬ ਬਣਾ ਦੇਵਾਂਗਾ ਤੇ ਆਪਣੇ ਸੇਵਕਾਂ ਦਾ ਰਾਜ ਵਧਾਵਾਂਗਾ। ਜੇ ਗ਼ੁਲਾਮ ਸਾਰੀ ਸੈਨਾ ਲੈ ਕੇ ਆ ਕੇ ਸਾਡੇ ਨਾਲ ਲੜਾਈ ਕਰੇਗਾ॥ ੧੨॥

ਇਮ ਰਣ ਕਰਹਿਂ ਉਪਾਵਹਿਂ ਤ੍ਰਾਸਾ। ਹੱਥਜਾਰਨ ਤੇ ਹੋਇ ਬਿਨਾਸ਼ਾ।
ਖੜਗਕੇਤੁ ਕੋ ਕੌਤਕ ਪਿਖੋ। ਕਹਾਂ ਕਰਤਿ ਹੈ ਸੁਖ ਸੋਂ ਲਖੋ॥ ੧੩॥

ਇਸ ਤਰ੍ਹਾਂ ਯੁੱਧ ਕਰਕੇ ਡਰ ਉਤਪੰਨ ਕਰਾਂਗੇ ਕਿ ਹਥਿਆਰਾਂ ਨਾਲ ਵਿਨਾਸ਼ ਹੋ ਜਾਵੇਗਾ। ਅਕਾਲ ਪੁਰਖ ਦਾ ਕੌਤਕ ਵੇਖੋ, ਕੀ ਕਰਦਾ ਹੈ, ਸੁਖ ਨਾਲ ਸਮਝੋ॥ ੧੩॥

**ਅਪਰ ਥਾਨ ਹੀ ਮਰਿ ਕਰਿ ਰਹੇ। ਹਮਰੀ ਨਹਿਂ ਸਮੀਪਤਾ ਲਹੇ।**
**ਘਟਾ ਸਮਾਨ ਬਨਾਵਤਿ ਆਵੈ। ਕਾਲ ਕਰਮ ਕੋ ਮਰਮੁ ਨ ਪਾਵੈ॥ ੧੪॥**

ਕਿਸੇ ਹੋਰ ਥਾਂ ਹੀ ਮਰ ਕੇ ਰਹਿ ਜਾਵੇਗਾ, ਸਾਡੇ ਉਹ ਨੇੜੇ ਨਹੀਂ ਆਵੇਗਾ। ਘਟਾ ਸਮਾਨ ਉਹ ਬਣਾਉਂਦਾ ਆਵੇਗਾ, ਪਰ ਕਾਲ ਕਰਮ ਦਾ ਭੇਦ ਨਹੀਂ ਪਾ ਸਕੇਗਾ॥ ੧੪॥

**ਬਾਯੁ ਮਨਿੰਦ ਉਡਾਇ ਖਪਾਵੈ। ਪਿਖਿਨਿ ਰਹੇ ਕਿਤ ਸੁਨਿਯ ਨ ਜਾਵੈ।**
**ਤਊ ਨੰਦ ਚੰਦ ਸੁਨੀਯਹਿ ਕਾਨ। ਰਨ ਸਮਾਜ ਕਰਿ ਬਨਿ ਸਵਧਾਨ॥ ੧੫॥**

ਪ੍ਰਭੂ ਹਵਾ ਵਾਂਗ ਉਡਾ ਕੇ ਖਪਾ ਦੇਣਗੇ। ਵੇਖਣਾ ਤਾਂ ਕਿਤੇ ਰਿਹਾ, ਕਿਤੇ ਸੁਣਿਆ ਵੀ ਨਹੀਂ ਜਾਵੇਗਾ। ਫਿਰ ਵੀ ਨੰਦ ਚੰਦ ਕੰਨਾਂ ਨਾਲ ਸੁਣੋ। ਯੁੱਧ ਦਾ ਸਾਮਾਨ ਇਕੱਠਾ ਕਰਕੇ, ਸਾਵਧਾਨ ਬਣ ਜਾ॥ ੧੫॥

**ਗੁਲਕਾਂ ਗਨ ਬਰੂਦ ਬਰਤਾਵੋ। ਸੁਧਿ ਕੋ ਰਖੋ ਜਸੂਸ ਪਠਾਵੋ।**
**ਸਰਬ ਪ੍ਰਕਾਰ ਧਾਰਿ ਤਕਰਾਈ। ਆਵਹਿ ਰਣ ਕਰਿ ਹੈਂ ਅਗਵਾਈ॥ ੧੬॥**

ਬਹੁਤ ਗੋਲੀਆਂ ਅਤੇ ਬਰੂਦ ਵਰਤਾਵੋ, ਪੂਰੀ ਖ਼ਬਰ ਰੱਖੋ ਤੇ ਜਸੂਸ ਭੇਜੋ। ਸਰਬ ਪ੍ਰਕਾਰ ਧਾਰ ਕੇ ਤਕੜਾਈ ਕਰੋ, ਜੇ ਆ ਕੇ ਯੁੱਧ ਕਰੇ ਤਾਂ ਅੱਗੇ ਹੋ ਕੇ ਮਿਲਾਂਗੇ"॥ ੧੬॥

**ਇਸਿ ਬਿਧਿ ਕਥਾ ਅਨੰਦਪੁਰਿ ਕੇਰੀ। ਦ੍ਰਿੜ੍ਹਤਾ ਕਰਹਿ ਦਿਵਾਨ ਬਡੇਰੀ।**
**ਚਮੂੰ ਬਿੰਦ ਕੋ ਰਾਖਿ ਬਟੋਰੀ। ਬਿਚਰਤਿ ਹੈਂ ਅਰੂਢਿ ਚਹੂੰ ਓਰੀ॥ ੧੭॥**

ਇਸ ਪ੍ਰਕਾਰ ਅਨੰਦਪੁਰ ਦੀ ਕਥਾ ਹੈ, ਦਿਵਾਨ ਨੰਦ ਚੰਦ ਬੜੀ ਦ੍ਰਿੜ੍ਹਤਾ ਕਰ ਰਿਹਾ ਸੀ। ਸਾਰੀ ਸੈਨਾ ਇਕੱਠੀ ਕਰਕੇ ਰੱਖ ਲਈ, ਘੋੜਿਆਂ ਤੇ ਸਵਾਰ ਹੋ ਕੇ ਚਾਰੇ ਪਾਸੇ ਫਿਰਦੇ ਸਨ॥ ੧੭॥

**ਉਤੇ ਹੁਸੈਨ ਖਾਨ ਹੰਕਾਰੀ। ਕਰੇ ਬਟੋਰਨ ਭਾ ਦਲ ਭਾਰੀ।**
**ਭਯੋ ਸੁ ਤਯਾਰ ਅਨੰਦ ਪੁਰਿ ਆਵਨ। ਤਬਿ ਗੁਪਾਲ ਨਰ ਕੀਨਿ ਪਠਾਵਨ॥ ੧੮॥**

ਓਧਰ ਹੁਸੈਨ ਖਾਨ ਬਹੁਤ ਹੰਕਾਰੀ ਹੈ, ਉਸ ਨੇ ਬਹੁਤ ਵੱਡਾ ਦਲ ਇਕੱਠਾ ਕੀਤਾ ਹੈ। ਉਹ ਅਨੰਦਪੁਰ ਨੂੰ ਆਉਣ ਵਾਸਤੇ ਤਿਆਰ ਹੋ ਗਿਆ। ਤਦ ਰਾਜਾ ਗੁਪਾਲ ਨੇ ਆਪਣੇ ਇਕ ਮਨੁੱਖ ਨੂੰ ਹੁਸੈਨੀ ਪਾਸ ਭੇਜਿਆ॥ ੧੮॥

**'ਤ੍ਰਾਸ ਗੁਲੇਰੀਆਨ ਕੇ ਮਨ ਕੋ। ਮਿਲਜੋ ਚਹਿਤ ਦੇ ਕਰਿ ਕੁਛ ਧਨ ਕੋ'।**
**ਸੁਨਿ ਹੁਸੈਨ ਤਿਨ ਨਿਕਟ ਹਕਾਰਾ। 'ਮਿਲਹੁ ਮੋਹਿ ਕੋ ਬਿਨਾ ਅਵਾਰਾ॥ ੧੯॥**

ਉਸ ਕਿਹਾ, "ਗੁਲੇਰੀਦੇ ਮਨ ਵਿਚ ਡਰ ਮੰਨ ਕੇ, ਕੁਝ ਧਨ ਦੇ ਕੇ ਤੁਹਾਨੂੰ ਮਿਲਣਾ ਚਾਹੁੰਦਾ ਹੈ।" ਹੁਸੈਨੀ ਨੇ ਸੁਣ ਕੇ ਉਸ ਨੂੰ ਆਪਣੇ ਪਾਸ ਬੁਲਾਇਆ, "ਮੈਨੂੰ ਕਿਸੇ ਦੇਰ ਤੋਂ ਬਗ਼ੈਰ ਮਿਲੋ॥ ੧੯॥

**ਜਥਾ ਅਪਰ ਨ੍ਰਿਪ ਦੀਨਸਿ ਦਰਬਾ। ਤਿਮ ਇਹ ਦੇਹਿ ਮਿਲਹੁ ਸੰਗ ਸਰਬਾ।**
**ਸੈਨ ਸਮੇਤ ਕਟੋਚੀ ਜੈਸੇ। ਭੀਮਚੰਦ ਕਹਿਲੂਰੀ ਤੈਸੇ॥ ੨੦॥**

ਜਿਵੇਂ ਹੋਰ ਰਾਜਿਆਂ ਨੇ ਧਨ ਦਿੱਤਾ ਹੈ, ਉਸ ਤਰ੍ਹਾਂ ਤੁਸੀਂ ਸਭ ਪ੍ਰਕਾਰ ਦਾ ਧਨ ਲੈ ਕੇ ਮਿਲੋ। ਸੈਨਾ ਸਮੇਤ ਜਿਵੇਂ ਕਟੋਚੀਆ ਅਤੇ ਭੀਮ ਚੰਦ ਕਹਿਲੂਰੀਆ ਮਿਲਿਆ ਹੈ, ਉਸ ਤਰ੍ਹਾਂ ਮੈਨੂੰ ਆ ਕੇ ਮਿਲੋ॥ ੨੦॥

ਤਥਾ ਗੁਪਾਲ ਗੁਲੇਰੀ ਆਇ। ਰਹੈ ਸੰਗ ਮਮ ਜਿਤ ਚਢਿ ਜਾਇ'।
ਇਮ ਸੁਨਿ ਦੂਤ ਗਯੋ ਨ੍ਰਿਪ ਤੀਰ। ਕਥ ਹੁਸੈਨ ਕੀ ਕਹੀ ਸੁ ਧੀਰ॥ ੨੧॥

ਉਸ ਤਰ੍ਹਾਂ ਹੀ ਗੁਪਾਲ ਗੁਲੇਰੀਆ ਆਵੇ, ਮੇਰੇ ਨਾਲ ਰਹੇ ਜਿਧਰ ਵੀ ਮੈਂ ਚੜ੍ਹ ਕੇ ਜਾਵਾਂ'' ਇਸ ਤਰ੍ਹਾਂ ਸੁਣ ਕੇ ਦੂਤ ਰਾਜੇ ਦੇ ਪਾਸ ਗਿਆ ਤੇ ਧੀਰਜ ਨਾਲ ਹੁਸੈਨੀ ਦੀ ਗੱਲ ਕਹੀ॥ ੨੧॥

ਸੁਨਿ ਗੋਪਾਲ ਲੀਨਿ ਕੁਛ ਦਰਬ। ਚਢਿ ਕਰਿ ਚਲਜੋ ਸੰਗ ਲੇ ਸਰਬ।
ਰਾਮ ਸਿੰਘ ਇਕ ਸੈਲਪ ਆਨ। ਚਲਜੋ ਗੁਪਾਲ ਸੰਗ ਹਿਤ ਠਾਨਿ॥ ੨੨॥

ਇਹ ਸੁਣ ਕੇ ਗੋਪਾਲ ਨੇ ਕੁਝ ਧਨ ਲਿਆ ਤੇ ਘੋੜੇ ਤੇ ਚੜ੍ਹ ਕੇ ਸਾਰਾ ਧਨ ਲੈ ਕੇ ਚਲ ਪਿਆ। ਰਾਮ ਸਿੰਘ ਇਕ ਹੋਰ ਪਹਾੜੀ ਰਾਜਾ ਸੀ, ਉਹ ਵੀ ਹਿੱਤ ਧਾਰ ਕੇ ਗੁਪਾਲ ਦੇ ਨਾਲ ਚਲ ਪਿਆ॥ ੨੨॥

ਜੇ ਕਰਿ ਇਹ ਨਹਿਂ ਹੋਤਿ ਬਖੇਰਾ। ਖਾਨ ਹੁਸੈਨ ਗੁਮਾਨ ਘਨੇਰਾ।
ਤੌ ਦਿਨ ਦੌ ਇਕ ਮੈਂ ਕਰਿ ਤਜਾਰੀ। ਹੁਤੋ ਸਕੇਲਜੋ ਦਲ ਭਟ ਭਾਰੀ॥ ੨੩॥

ਕਵੀ ਜੀ ਕਹਿੰਦੇ ਹਨ ਕਿ ਜੇ ਇਹ ਬਿਖੇੜਾ ਨਾ ਹੁੰਦਾ ਤਾਂ ਹੁਸੈਨੀ ਖਾਨ ਨੇ ਵੱਡਾ ਹੰਕਾਰ ਧਾਰਨ ਕੀਤਾ ਸੀ, ਫਿਰ ਵੀ ਉਸ ਇਕ ਦੋ ਦਿਨਾਂ ਵਿਚ ਤਿਆਰੀ ਕਰਕੇ ਬਹੁਤ ਸੂਰਬੀਰ ਇਕੱਠੇ ਕਰ ਲਏ॥ ੨੩॥

ਆਇ ਅਨੰਦਪੁਰਿ ਘਾਲਤਿ ਘੋਰ। ਲੇ ਗਿਰਪਤਿ ਸਭਿ ਅਪਨੀ ਓਰ।
ਹੋਤਿ ਘੋਰ ਘਮਸਾਨ ਘਨੇਰਾ। ਲਸ਼ਕਰ ਜਿਸ ਕੇ ਸੰਗ ਬਡੇਰਾ॥ ੨੪॥

ਅਨੰਦਪੁਰ ਆ ਕੇ ਸਾਰੇ ਪਹਾੜੀ ਰਾਜੇ ਆਪਣੇ ਨਾਲ ਕਰਕੇ ਵੱਡਾ ਯੁੱਧ ਅਰੰਭ ਕਰਦਾ, ਜਿਸ ਦੇ ਨਾਲ ਆਪਣਾ ਹੀ ਬਹੁਤ ਵੱਡਾ ਲਸ਼ਕਰ ਸੀ॥ ੨੪॥

ਹੋਇ ਪਰਤ ਜਿਮ ਸਤਿਗੁਰ ਕਰਤੇ। ਕਿਯ ਸਹਾਇ ਅਬਿ ਅਸਿਧੁਜ ਕਰਤੇ।
ਭਾ ਪਹਾਰੀਅਨਿ ਸੰਗ ਬਖੇਰਾ। ਪਰਜੋ ਗਰੇ ਤਿਨ ਜੰਗ ਬਡੇਰਾ॥ ੨੫॥

ਪਰ ਹੁੰਦਾ ਉਸ ਤਰ੍ਹਾਂ ਹੀ ਸੀ, ਜਿਵੇਂ ਸਤਿਗੁਰੂ ਜੀ ਕਰਨਾ ਚਾਹੁੰਦੇ ਸਨ। ਅਕਾਲ ਪੁਰਖ ਕਰਤਾ ਪੁਰਖ ਜੀ ਨੇ ਗੁਰੂ ਜੀ ਦੀ ਸਹਾਇਤਾ ਕੀਤੀ। ਪਹਾੜੀਆਂ ਨਾਲ ਹੀ ਝਗੜਾ ਖੜਾ ਹੋ ਗਿਆ ਤੇ ਉਨ੍ਹਾਂ ਦੇ ਹੀ ਗਲ ਵੱਡਾ ਜੰਗ ਪੈ ਗਿਆ॥ ੨੫॥

ਕਾਲ ਕਰਮ ਸੋ ਪ੍ਰੇਰਨ ਕਰੇ। ਆਪਸ ਬਿਖੈ ਸਪਰਧਾ ਧਰੇ।
ਰਾਮ ਸਿੰਘ ਕੇ ਸਹਿਤ ਗੁਪਾਲ। ਆਨਿ ਪਹੂੰਚਜੋ ਤਹਿਂ ਜਿਸ ਕਾਲ॥ ੨੬॥

ਕਾਲ ਕਰਮ ਜਿਵੇਂ ਪ੍ਰੇਰ ਕੇ ਕਰਦਾ ਹੈ, ਆਪਸ ਵਿਚ ਹੀ ਉਨ੍ਹਾਂ ਨੇ ਈਰਖਾ ਧਾਰਨ ਕਰ ਲਈ। ਰਾਮ ਸਿੰਘ ਉਸ ਸਮੇਂ ਗੁਪਾਲ ਸਮੇਤ ਓਥੇ ਆ ਪਹੁੰਚਿਆ॥ ੨੬॥

ਬਾਸੁਰ ਜਾਮ ਰਹਜੋ ਤਬਿ ਆਯੋ। ਪਿਖਿ ਹੁਸੈਨ ਮਨ ਬਹੁ ਗਰਬਾਯੋ।
ਭੀਮਚੰਦ ਜਿਹ ਸੰਗ ਕਹਲੂਰੀ। ਅਰੁ ਕਟੋਚ ਸੰਗ ਸੈਨਾ ਭੂਰੀ॥ ੨੭॥

ਪਹਿਰ ਦਿਨ ਰਹਿੰਦਿਆ ਜਦ ਉਹ ਆਇਆ ਤਾਂ ਹੁਸੈਨੀ ਵੇਖ ਕੇ ਮਨ ਵਿਚ ਬਹੁਤ ਹੰਕਾਰ ਵਿਚ ਆ ਗਿਆ। ਜਿਸ ਦੇ ਨਾਲ ਭੀਮ ਚੰਦ ਕਹਿਲੂਰੀਆ ਅਤੇ ਕ੍ਰਿਪਾਲ ਕਟੋਚੀਆ ਵੱਡੀ ਸੈਨਾ ਸਹਿਤ ਸਨ॥ ੨੭॥

ਲਖੈ ਕਿ ਮਹਿ ਮਹਿਂ ਮੋ ਸਮ ਔਰ ਨ। ਭਯੋ ਤ੍ਰਾਸ ਮੋ ਤੇ ਸਭਿ ਠੌਰਨ।
ਚਹੌਂ ਰਾਜ ਜਿਹ ਛੀਨ ਨਿਕਾਰੌਂ। ਜਿਹਕੋ ਚਹੌਂ ਬਾਂਧਿ ਕਰਿ ਡਾਰੌਂ॥ ੨੮॥

ਇਹ ਸਮਝਦਾ ਸੀ ਕਿ ਮੇਰੇ ਵਰਗਾ ਧਰਤੀ ਉੱਤੇ ਹੋਰ ਕੋਈ ਨਹੀਂ ਹੈ ਮੇਰੇ ਪਾਸੋਂ ਸਭ ਪਾਸੇ ਦੇ ਰਾਜੇ ਡਰਦੇ ਹਨ। ਜੇ ਮੈਂ ਚਾਹਾਂ ਤਾਂ ਰਾਜ ਖੋਹ ਕੇ ਇਨ੍ਹਾਂ ਨੂੰ ਕੱਢ ਦੇਵਾਂ, ਜਿਸ ਨੂੰ ਚਾਹਾਂ ਬੰਨ੍ਹ ਕੇ ਕੈਦ ਵਿਚ ਪਾ ਦੇਵਾਂ॥ ੨੮॥

**ਦਰਬ ਦੰਡ ਕੋ ਪੂਰਬ ਲੈਕੈ। ਦਲ ਜੁਤਿ ਪੁਨ ਗੁਪਾਲ ਸੰਗ ਕੈ ਕੈ।**
**ਲਰਿ ਹੌਂ ਸ੍ਰੀ ਗੁਬਿੰਦ ਸਿੰਘ ਸੰਗ। ਬਡ ਲਸ਼ਕਰ ਤੇ ਘਾਲਹੁ ਜੰਗ॥ ੨੯॥**

ਦੰਡ ਦਾ ਧਨ ਪਹਿਲਾਂ ਲੈ ਕੇ, ਦਲ ਸਹਿਤ ਫਿਰ ਗੁਪਾਲ ਨੂੰ ਨਾਲ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਜੰਗ ਲੜਾਂਗਾ ਤੇ ਵੱਡੇ ਲਸ਼ਕਰ ਨਾਲ ਜੰਗ ਦਾ ਭੇੜ ਕਰਾਂਗਾ॥ ੨੯॥

**ਛੀਨ ਅਨੰਦ ਪੁਰਿ ਵਹਿਰ ਨਿਕਾਰੋਂ। ਨਿਜ ਸ੍ਵਾਮੀ ਕੀ ਕਾਰ ਸੁਧਾਰੋਂ।**
**ਨਿਜ ਮੰਤ੍ਰੀਨ ਸੰਗ ਇਮ ਕਹੈ। ਲਰਨਿ ਗੁਰੂ ਸੰਗ ਨਿਸ ਦਿਨ ਚਹੈ॥ ੩੦॥**

ਅਨੰਦਪੁਰ ਖੋਹ ਕੇ ਗੁਰੂ ਜੀ ਨੂੰ ਬਾਹਰ ਕੱਢ ਦੇਵਾਂਗਾ ਤੇ ਆਪਣੇ ਮਾਲਕ ਦਾ ਕਾਰਜ ਪੂਰਾ ਕਰਾਂਗਾ। ਆਪਣੇ ਸਲਾਹਕਾਰਾਂ ਨੂੰ ਇਸ ਤਰ੍ਹਾਂ ਕਹਿੰਦਾ ਸੀ। ਗੁਰੂ ਜੀ ਨਾਲ ਲੜਾਈ ਕਰਨੀ ਦਿਨ ਰਾਤ ਚਾਹੁੰਦਾ ਸੀ॥ ੩੦॥

**ਮਿਲਜੋ ਗੁਪਾਲ ਹੁਸੈਨੀ ਸਾਥ। ਦੇਨਿ ਲਗਜੋ ਧਨ ਲਜਾਇ ਜੁ ਹਾਥ।**
**ਗਰਬਤਿ ਕੇ ਪਸੰਦ ਨਹਿਂ ਆਵਾ। ਕਹਤਿ ਭਯੋ 'ਇਹ ਥੋਰੋ ਲਜਾਵਾ॥ ੩੧॥**

ਗੁਪਾਲ ਹੁਸੈਨੀ ਦੇ ਨਾਲ ਮਿਲ ਪਿਆ, ਜਿਹੜਾ ਧਨ ਹੱਥ ਨਾਲ ਲਿਆਕੇ ਦੇਣ ਲੱਗਾ, ਉਹ ਹੰਕਾਰੀ ਹੁਸੈਨੀ ਦੇ ਪਸੰਦ ਨਾ ਆਇਆ, ਕਹਿਣ ਲੱਗਾ, "ਇਹ ਧਨ ਥੋੜਾ ਲਿਆਇਆ ਹੈਂ॥ ੩੧॥

**ਇਸ ਦੇ ਦੂਗਨ ਆਨਿ ਜਬਿ ਦੀਜੈ। ਪੀਛੇ ਮੇਲ ਮੋਹਿ ਸੰਗ ਕੀਜੈ।**
**ਜੇ ਨਹਿਂ ਦੇਹੁ ਤੋਹਿ ਰਜਧਾਨੀ। ਛੀਨੌਂ ਜਾਨਿ ਕਰੌਂ ਸਭਿ ਹਾਨੀ' ॥ ੩੨॥**

ਜਦ ਇਸ ਤੋਂ ਦੂਣਾ ਲਿਆ ਕੇ ਦੇਵੇਂਗਾ, ਫਿਰ ਮੇਰੇ ਨਾਲ ਆ ਕੇ ਮੇਲ ਕਰੋ। ਜੇ ਨਹੀਂ ਦੇਵੇਂਗਾ ਤਾਂ ਤੇਰੀ ਰਾਜਧਾਨੀ ਖੋਹ ਲਵਾਂਗਾ ਤੇ ਇਹ ਚੰਗੀ ਤਰ੍ਹਾਂ ਜਾਣ ਲਵੇ, ਸਾਰੀ ਬਰਬਾਦ ਵੀ ਕਰ ਦੇਵਾਂਗਾ"॥ ੩੨॥

**ਸੁਨਿ ਗੁਪਾਲ ਨ੍ਰਿਪ ਸੋ ਨਹਿਂ ਮਾਨੀ। ਕਪਟ ਠਾਨਿ ਕਰਿ ਗਿਰਾ ਬਖਾਨੀ।**
**'ਆਨੌਂ ਜਾਇ ਸਦਨ ਕਉ ਹੇਰਿ। ਲੇ ਧਨ ਮਿਲਹੁਂ ਪਹੁੰਚ ਕਰਿ ਫੇਰ' ॥ ੩੩॥**

ਇਹ ਸੁਣ ਕੇ ਰਾਜਾ ਗੁਪਾਲ ਨਾ ਮੰਨਿਆ ਤੇ ਕਪਟ ਧਾਰ ਕੇ ਕਹਿਣ ਲੱਗਾ, "ਮੈਂ ਘਰ ਜਾ ਕੇ ਵੇਖ ਕੇ ਲਿਆਉਂਦਾ ਹਾਂ, ਧਨ ਲੈ ਕੇ ਮੈਂ ਦੁਬਾਰਾ ਆਪ ਨੂੰ ਮਿਲਾਂਗਾ"॥ ੩੩॥

**ਰਿਪੁ ਤੇ ਦੂਰ ਨਿਕਸ ਜਬਿ ਗਯੋ। ਸਭਿ ਧਨ ਸਾਂਭ ਪਯਾਨਾ ਕਿਯੋ।**
**ਕਹਤਿ ਭਯੋ, 'ਇਹ ਭੀ ਨਹਿਂ ਦੈਹੈਂ। ਸਮੁਖ ਹੋਇ ਕਰਿ ਲੋਹ ਬਜੈ ਹੈਂ' ॥ ੩੪॥**

ਜਦ ਵੈਰੀ ਪਾਸੋਂ ਦੂਰ ਨਿਕਲ ਗਿਆ ਤਾਂ ਦੇਣ ਵਾਲਾ ਸਾਰਾ ਧਨ ਲੈ ਕੇ ਚਲਾ ਗਿਆ ਤੇ ਫਿਰ ਕਹਿਣ ਲੱਗਾ, "ਇਹ ਵੀ ਨਹੀਂ ਦੇਵਾਂਗਾ, ਹੁਣ ਆਹਮੋ ਸਾਹਮਣੇ ਲੋਹਾ ਖੜਕੇਗਾ"॥ ੩੪॥

**ਇਮ ਕਹਿ ਪਹੁੰਚਜੋ ਜਾਇ ਗੁਲੇਰ। ਤਕਰਾਈ ਬਹੁ ਕਰਿ ਤਿਸ ਬੇਰ।**
**ਲਖਜੋ ਹੁਸੈਨਖਾਨ ਜਬਿ ਐਸੇ। ਜਗਜੋ ਕ੍ਰੋਧ ਹੁਇ ਪਾਵਕ ਜੈਸੇ॥ ੩੫॥**

ਇਸ ਤਰ੍ਹਾਂ ਕਹਿ ਕੇ ਗੁਲੇਰ ਪਹੁੰਚ ਗਿਆ ਤੇ ਉਸ ਸਮੇਂ ਬਹੁਤ ਤਕੜਾਈ ਕਰ ਦਿੱਤੀ। ਜਦ ਹੁਸੈਨੀ ਨੇ ਇਸ ਤਰ੍ਹਾਂ ਦਾ ਵੇਖਿਆ ਤਾਂ ਉਸ ਵਿਚ ਅੱਗ ਵਰਗਾ ਕ੍ਰੋਧ ਜਾਗ ਪਿਆ॥ ੩੫॥

ਲੋਚਨ ਬਦਨ ਲਾਲ ਹੁਇ ਗਯੋ। ਭਲਾ ਬੁਰਾ ਕਛੁ ਲਖਤਿ ਨ ਭਯੋ।
ਕਹਯੋ 'ਤੁਰਤ ਦੁੰਦਭਿ ਬਜਵਾਇ। ਸਕਲ ਅਰੂਢਹੁ ਬਿਲਮ ਬਿਹਾਇ' ॥ ੩੬ ॥

ਚਿਹਰਾ ਤੇ ਅੱਖਾਂ ਲਾਲ ਹੋ ਗਈਆਂ, ਭਲਾ ਬੁਰਾ ਕੁਝ ਵੀ ਵੇਖਦਾ ਨਹੀਂ ਸੀ। ਉਸ ਕਿਹਾ, "ਤੁਰਤ ਨਗਾਰਾ ਵਜਾਓ ਤੇ ਸਾਰੀ ਸੈਨਾ ਘੋੜਿਆਂ ਉੱਤੇ ਸਵਾਰ ਹੋ ਜਾਵੇ" ॥ ੩੬ ॥

ਚਢਯੋ ਚਮੂੰ ਲੈ ਬਜਯੋ ਨਗਾਰਾ। ਜਾਇ ਤਹਾਂ ਪੁਰਿ ਘੇਰੋ ਡਾਰਾ।
ਵਸਤੁ ਵਹਿਰ ਤੇ ਪਹੁਂਚਤਿ ਅੰਤਰ। ਰਾਖੀ ਸਗਰੀ ਬਰਜਿ ਨਿਰੰਤਰ ॥ ੩੭ ॥

ਜਦ ਨਗਾਰਾ ਵਜਾ ਸਾਰੀ ਸੈਨਾ ਘੋੜਿਆਂ ਉੱਤੇ ਸਵਾਰ ਹੋ ਗਈ ਤੇ ਜਿੱਥੇ ਕਿੱਥੇ ਜਾ ਕੇ ਨਗਰ ਨੂੰ ਘੇਰਾ ਪਾ ਲਿਆ, ਬਾਹਰ ਤੋਂ ਕੋਈ ਵੀ ਵਸਤੂ ਅੰਦਰ ਪਹੁੰਚਣ ਤੋਂ ਰੋਕ ਦਿੱਤੀ ॥ ੩੭ ॥

ਤ੍ਰਿਣ ਅੰਨਾਦਿਕ ਸਕਲ ਹਟਾਯੋ। 'ਹਤੋ ਹੇਲ ਕਰਿ' ਭਾਖਿ ਪਠਾਯੋ।
ਜਬਿ ਕਛੁ ਪਹੁਂਚਨਿ ਦਿਯੋ ਨ ਅੰਤਰ। ਸੂਰ ਸਮੂਹ ਰਿਸਾਇ ਨਿਰੰਤਰ ॥ ੩੮ ॥

ਘਾਹ ਅਨਾਜ ਸਾਰਾ ਬੰਦ ਕਰ ਦਿੱਤਾ, "ਹੱਲਾ ਕਰਕੇ ਮਾਰ ਦੇਵੋ ਸੈਨਕਾਂ ਨੂੰ ਕਹਿ ਕੇ ਭੇਜਿਆ। ਜਦ ਕੁਝ ਵੀ ਅੰਦਰ ਨਾ ਪਹੁੰਚਣ ਦਿੱਤਾ ਤਾਂ ਸਾਰੇ ਸੂਰਮੇ ਬਹੁਤ ਗੁੱਸੇ ਵਿਚ ਆ ਗਏ ॥ ੩੮ ॥

ਕਹਯੋ ਗੁਪਾਲ ਸੰਗ 'ਰਣ ਕਰੈਂ। ਨਿਕਸਿ ਵਹਿਰ ਹਮ ਹਤਿ ਹਤਿ ਲਰੈਂ'।
ਨ੍ਰਿਪ ਸੁਨਿ 'ਧੀਰਜ' ਭਟਨਿ ਅਲਾਯੋ। ਸੰਧਿ ਕਰਨਿ ਕੋ ਦੂਤ ਪਠਾਯੋ ॥ ੩੯ ॥

ਗੁਪਾਲ ਨੂੰ ਕਹਿਣ ਲੱਗੇ, "ਅਸੀਂ ਯੁੱਧ ਕਰਾਂਗੇ, ਬਾਹਰ ਨਿਕਲ ਕੇ ਅਸੀਂ ਸ਼ਸਤਰ ਮਾਰ ਮਾਰ ਕੇ ਲੜਾਂਗੇ।" ਰਾਜੇ ਨੇ ਸੁਣ ਕੇ ਸੂਰਮਿਆਂ ਨੂੰ ਧੀਰਜ ਦੇਣ ਵਾਸਤੇ ਕਿਹਾ ਤੇ ਸੁਲਾਹ ਕਰਨ ਵਾਸਤੇ ਆਪਣਾ ਦੂਤ ਭੇਜਿਆ ॥ ੩੯ ॥

ਹੁਤੋ ਗ਼ੁਲਾਮ ਦਿਲਾਵਰ ਖਾਨਾ। ਹੇਰਿ ਹੁਸੈਨ ਖਾਨ ਗਰਬਾਨਾ।
ਸੈਨ ਪਠਾਨੀ ਜਾਨ ਮਹਾਨੀ। 'ਲਰਿ ਕਰਿ ਮਾਰੋ' ਮਸਲਤ ਠਾਨੀ ॥ ੪੦ ॥

ਹੁਸੈਨੀ ਦਿਲਾਵਰ ਖਾਨ ਦਾ ਇਕ ਗ਼ੁਲਾਮ ਹੀ ਸੀ, ਹੁਸੈਨ ਖਾਨ ਦੂਤ ਨੂੰ ਵੇਖ ਕੇ ਵੱਡੇ ਹੰਕਾਰ ਨਾਲ ਭਰ ਗਿਆ। ਪਠਾਣਾਂ ਦੀ ਵੱਡੀ ਸੈਨਾ ਜਾਣੀ, "ਲੜ ਕੇ ਮਾਰਾਂਗਾ", ਉਸ ਸਲਾਹ ਕੀਤੀ ॥ ੪੦ ॥

ਦੂਤ ਆਨਿ ਜਬਿ ਬਾਤ ਸੁਨਾਈ। ਨਹਿਂ ਮਾਨੀ ਰਿਸ ਧਾਰਿ ਅਲਾਈ।
'ਦਸ ਹਜ਼ਾਰ ਅਬਿ ਧਨ ਗਿਨ ਲੈਹੌਂ। ਤੌ ਗੁਪਾਲ ਕੋ ਰਸ ਰਖਵੈਹੌਂ ॥ ੪੧ ॥

ਦੂਤ ਨੇ ਆ ਕੇ ਜਦ ਗੱਲ ਸੁਣਾਈ, ਤਾਂ ਹੁਸੈਨੀ ਨੇ ਉਸ ਦੀ ਗੱਲ ਨਾ ਮੰਨੀ ਤੇ ਗੁੱਸਾ ਕਰਕੇ ਬੋਲਿਆ, "ਦਸ ਹਜ਼ਾਰ ਹੁਣ ਧਨ ਗਿਣ ਕੇ ਲਵਾਂਗਾ, ਫਿਰ ਹੀ ਗੁਪਾਲ ਨਾਲ ਸੁਲਹਾ ਰੱਖਾਂਗਾ ॥ ੪੧ ॥

ਨਾਂਹਿ ਤ ਲਰ ਕਰਿ ਛੀਨੌਂ ਰਾਜ। ਲੂਟ ਲੇਇ ਹੌਂ ਸਕਲ ਸਮਾਜ'।
ਇਸ ਪ੍ਰਕਾਰ ਜਬਿ ਫਿਰੇ ਦੁਬਾਰੇ। ਸ੍ਰੀਗੁਰ ਕੇ ਭਟ ਕਿਤਿਕ ਹਕਾਰੇ ॥ ੪੨ ॥

ਨਹੀਂ ਤਾਂ ਲੜਾਈ ਕਰਕੇ ਰਾਜ ਖੋਹ ਲਵਾਂਗਾ ਤੇ ਸਾਰਾ ਧਨ ਦੌਲਤ ਅਤੇ ਸਾਜ਼ੋ ਸਾਮਾਨ ਲੁੱਟ ਲਵਾਂਗਾ।" ਇਸ ਪ੍ਰਕਾਰ ਜਦ ਦੂਤ ਦੁਬਾਰਾ ਵਾਪਸ ਆ ਗਿਆ ਤਾਂ ਗੁਪਾਲ ਨੇ ਗੁਰੂ ਜੀ ਦੇ ਕੁਝ ਸੂਰਬੀਰ ਬੁਲਾਏ ॥ ੪੨ ॥

ਆਨਿ ਬੇਨਤੀ ਜਬਹਿ ਉਚਾਰੀ। 'ਨ੍ਰਿਪ ਗੁਪਾਲ ਹੈ ਸ਼ਰਣ ਤੁਹਾਰੀ।
ਪਠੋ ਦਾਸ ਪਰਧਾਨ ਜੁ ਹੋਇ। ਤੁਰਕਨਿ ਸੰਗ ਮਿਲਾਵਹਿ ਸੋਇ' ॥ ੪੩ ॥

ਗੁਪਾਲ ਦੇ ਬੰਦਿਆਂ ਨੇ ਜਦ ਬੇਨਤੀ ਕੀਤੀ, "ਰਾਜਾ ਗੁਪਾਲ ਤੁਹਾਡੀ ਸ਼ਰਨ ਵਿਚ ਹੈ। ਕੋਈ ਐਸਾ ਸੇਵਕ ਭੇਜੋ ਜਿਹੜਾ ਮੁੱਖੀ ਹੋਵੇ, ਜਿਹੜਾ ਤੁਰਕਾਂ ਨਾਲ ਸਾਡਾ ਮੇਲ ਕਰਵਾ ਦੇਵੇ" ॥ ੪੩॥

**ਸ੍ਰੀ ਕਲਗ਼ੀਧਰ ਸੁਨਤਿ ਬਿਚਾਰਾ। ਸੰਗਤੀਆ ਸਿੰਘ ਨਿਕਟ ਹਕਾਰਾ।**
**ਸਪਤ ਸਊਰ ਤਾਂਹਿ ਸੰਗ ਕੀਨੇ। 'ਗਮਨਹੁ ਨ੍ਰਿਪ ਗੁਪਾਲ ਢਿਗ ਚੀਨੇ॥ ੪੪॥**

ਸ੍ਰੀ ਕਲਗੀਧਰ ਜੀ ਨੇ ਸੁਣ ਕੇ ਵਿਚਾਰ ਕੀਤੀ ਤੇ ਸੰਗਤੀਆ ਸਿੰਘ ਨੂੰ ਆਪਣੇ ਪਾਸ ਬੁਲਾਇਆ। ਸੱਤ ਸਵਾਰ ਉਸ ਦੇ ਨਾਲ ਦਿੱਤੇ ਤੇ ਕਿਹਾ, "ਜਾਓ ਰਾਜੇ ਗੁਪਾਲ ਦੇ ਪਾਸ ਪਹੁੰਚੋ॥ ੪੪॥

**ਜਿਮ ਗੁਲੇਰੀਏ ਕੋ ਹੁਇ ਭਲੋ। ਤਿਮ ਸਭਿ ਕਰੋ, ਤਾਂਹਿ ਸੰਗ ਮਿਲੋ'।**
**ਪ੍ਰਭੁ ਤੇ ਰੁਖਸਦ ਹੁਇ ਕਰਿ ਗਯੋ। ਤਿਸੀ ਸੈਨ ਮਹਿੰ ਮਿਲਤੋ ਭਯੋ॥ ੪੫॥**

ਜਿਵੇਂ ਵੀ ਗੁਲੇਰੀਏ ਦਾ ਭਲਾ ਹੋ ਜਾਵੇ, ਉਸ ਤਰ੍ਹਾਂ ਹੀ ਉਸ ਨਾਲ ਮਿਲ ਕੇ ਸਭ ਕਰੋ" ਪ੍ਰਭੂ ਜੀ ਪਾਸੋਂ ਆਗਿਆ ਲੈ ਕੇ ਚਲੇ ਗਏ ਤੇ ਹੁਸੈਨੀ ਦੀ ਸੈਨਾ ਵਿਚ ਜਾ ਮਿਲੇ॥ ੪੫॥

**ਭੀਮਚੰਦ ਅਰੁ ਦੁਤੀ ਕ੍ਰਿਪਾਲ। ਮੇਲ ਕਰਾਵਨਿ ਚਹਜੋ ਗੁਪਾਲ।**
**ਸੰਗਤੀਆ ਸਿੰਘ ਦੁਹਨ ਹਕਾਰਾ। ਪਠਨਿ ਹੇਤੁ ਕਹੁ ਬਾਕ ਉਚਾਰਾ॥ ੪੬॥**

ਭੀਮ ਚੰਦ ਅਤੇ ਦੂਸਰਾ ਕ੍ਰਿਪਾਲ ਦਾ ਰਾਜੇ ਗੁਪਾਲ ਨਾਲ ਮੇਲ ਕਰਵਾਉਣਾ ਚਾਹਿਆ। ਸੰਗਤੀਆਂ ਸਿੰਘ ਨੇ ਦੋਹਾਂ ਨੂੰ ਬੁਲਾਇਆ ਤੇ ਭੇਜਣ ਦੇ ਵਾਸਤੇ ਬਚਨ ਕੀਤਾ॥ ੪੬॥

**'ਦੇ ਕਰਿ ਧਰਮੁ ਲਜਾਉ ਤੂੰ ਜਾਇ। ਸੰਗ ਹੁਸੈਨ ਸੁ ਦੇਹੁ ਮਿਲਾਇ।**
**ਗੁਰ ਕੋ ਦਾਸ ਪਤੰਜਾਵਹਿ ਤੋਹੀ। ਕਰਹਿ ਕਾਜ ਇਮ ਸ਼ਾਂਤਿ ਸੁ ਹੋਹੀ॥ ੪੭॥**

ਧਰਮ ਦੀ ਸੌਂਹ ਦੇ ਕੇ ਉਸ ਨੂੰ ਲਿਆਵੇ ਤੇ ਹੁਸੈਨ ਦੇ ਨਾਲ ਮਿਲਾ ਦੇਵੋ। ਤੂੰ ਗੁਰੂ ਦਾ ਦਾਸ ਹੈਂ, ਇਸ ਕਰਕੇ ਗੁਪਾਲ ਤੇਰੇ ਤੇ ਭਰੋਸਾ ਕਰੇਗਾ। ਇਸ ਤਰ੍ਹਾਂ ਕਾਰਜ ਕਰਨ ਨਾਲ ਸ਼ਾਂਤੀ ਹੋ ਜਾਵੇਗੀ॥ ੪੭॥

**ਦੋਹਰਾ-ਕਹੌ ਸਕਲ ਕੇ ਧਰਮ ਕਰਿ ਆਛੀ ਰੀਤਿ ਪਕਾਇ'।**
**ਸੰਗਤੀਆ ਸਿੰਘ ਤਬਿ ਗਯੋ ਜਹਿੰ ਗੁਪਾਲ ਗਿਰਰਾਇ॥ ੪੮॥**

ਸਾਰਿਆਂ ਨੂੰ ਧਰਮ ਦੀ ਸੌਂਹ ਦੇ ਕੇ ਚੰਗੀ ਤਰ੍ਹਾਂ ਨਾਲ ਪੱਕਾ ਕਰਕੇ ਕਹੋ।" ਸੰਗਤੀਆ ਸਿੰਘ ਫਿਰ ਉਥੇ ਗਿਆ, ਜਿੱਥੇ ਪਹਾੜੀ ਰਾਜਾ ਗੁਪਾਲ ਬੈਠਾ ਸੀ॥ ੪੮॥

*ਦੂਸਰੀ ਰੁੱਤ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

## *ਅਧਿਆਇ ਉਣੰਜਵਾਂ*

### *ਹੁਸੈਨੀ ਬੱਧ, ਗੁਪਾਲ ਦੀ ਫ਼ਤਹਿ, ਜ਼ੋਰਾਵਰ ਸਿੰਘ ਜਨਮ*

**ਦੋਹਰਾ- ਭੇਜਜੋ ਸਭਿਹਿਨਿ ਕੋ ਜਬੈ ਮਿਲਜੋ ਗੁਪਾਲਹਿ ਜਾਇ।**
**ਆਸ਼ੈ ਕਹਜੋ ਸੁਨਾਇ ਕਰਿ 'ਚਲਹੁ ਮਿਲਹੁ ਗਿਰਰਾਇ॥ ੧॥**

ਜਦ ਸਾਰਿਆਂ ਦਾ ਭੇਜਿਆ ਸੰਗਤੀਆ ਸਿੰਘ ਗੁਪਾਲ ਨੂੰ ਜਾ ਕੇ ਮਿਲਿਆ ਤਾਂ ਸਾਰਾ ਆਸ਼ਾ ਕਹਿ ਕੇ ਸੁਣਾਇਆ, "ਹੇ ਰਾਜਾ ਜੀ ! ਚਲੋ ਚਲ ਕੇ ਮਿਲੋ॥ ੧॥

*ਚੌਪਈ-* ਤੋਹਿ ਭਲੇ ਹਿਤ ਮੋਹਿ ਪਠਾਯੋ। ਯਾਂਤੇ ਧਰਮ ਹੇਤੁ ਕਰਿ ਆਯੋ।
ਨਹਿਂ ਬਿਗਰਹਿਂਗੇ ਸੰਗ ਤਿਹਾਰੇ। ਕਰੀ ਬਾਤ ਮੈਂ ਅਨਿਕ ਪ੍ਰਕਾਰੇ॥੨॥

ਤੁਹਾਡੇ ਭਲੇ ਵਾਸਤੇ ਮੈਨੂੰ ਭੇਜਿਆ ਹੈ, ਇਸ ਕਰਕੇ ਮੈਂ ਧਰਮ ਨੂੰ ਵਿਚ ਜਾਮਨੀ ਦੇ ਕੇ ਆਇਆ ਹਾਂ। ਉਹ ਤੁਹਾਡੇ ਨਾਲ ਨਹੀਂ ਵਿਗੜਨਗੇ, ਮੈਂ ਅਨੇਕ ਪ੍ਰਕਾਰ ਗੱਲ ਕੀਤੀ ਹੈ॥ ੨॥

ਜੇ ਕਰਿ ਧਰਮ ਜਾਹਿਂਗੇ ਹਾਰ। ਸ਼੍ਰੀ ਸਤਿਗੁਰ ਮੈਂ ਦੀਨਿ ਮਝਾਰ।
ਤਉ ਫਤੇ ਤੇਰੀ ਤਬਿ ਹੋਇ। ਧਰਮ ਹੀਨ ਰਿਪੁ ਹਾਰਹਿਂ ਸੋਇ'॥ ੩॥

ਜੇ ਆਪਣੇ ਧਰਮ ਤੋਂ ਫਿਰ ਜਾਣਗੇ ਤਾਂ ਮੈਂ ਸਤਿਗੁਰੂ ਜੀ ਨੂੰ ਵਿਚ ਕੀਤਾ ਹੈ। ਫਿਰ ਵੀ ਜਿੱਤ ਤੁਹਾਡੀ ਹੋਵੇਗੀ। ਜਿਹੜਾ ਧਰਮ ਹੀਣ ਵੈਰੀ ਹੋਵੇਗਾ, ਉਹ ਹਾਰ ਜਾਵੇਗਾ"॥ ੩॥

ਇੱਤਯਾਦਿਕ ਨ੍ਰਿਪ ਕੋ ਸਮੁਝਾਯੋ। ਗੁਰ ਕੋ ਨਾਮ ਸੁਨਤਿ ਹੁਲਸਾਯੋ।
ਕਹਤਿ ਭਯੋ 'ਜੇ ਪ੍ਰਭੁ ਬਿਚ ਆਏ। ਤੌ ਸੰਦੇਹ ਨਹਿਂ ਮੁਝ ਬਨਿ ਆਏ'॥ ੪॥

ਇਸ ਪ੍ਰਕਾਰ ਰਾਜੇ ਨੂੰ ਸਮਝਾਇਆ, ਗੁਰੂ ਜੀ ਦਾ ਨਾਮ ਸੁਣ ਕੇ ਉਹ ਪ੍ਰਸੰਨ ਹੋ ਗਿਆ। ਕਹਿਣ ਲੱਗਾ, "ਜੇ ਗੁਰੂ ਜੀ ਵਿਚ ਆਏ ਹਨ ਤਾਂ ਮੈਨੂੰ ਸ਼ੰਕਾ ਕਰਨਾ ਨਹੀਂ ਬਣਦਾ ਹੈ"॥ ੪॥

ਸੰਗਤੀਆ ਸਿੰਘ ਕੇ ਸੰਗ ਭਯੋ। ਵਹਿਰ ਨਿਕਸਿ ਗਨ ਦਲ ਯੁਤਿ ਅਯੋ।
ਭੀਮਚੰਦ ਅਰੁ ਜਹਾਂ ਕ੍ਰਿਪਾਲ। ਤਹਾਂ ਆਨਿ ਕਰਿ ਮਿਲਯੋ ਗੁਪਾਲ॥ ੫॥

ਸੰਗਤੀਆਂ ਸਿੰਘ ਦੇ ਨਾਲ ਹੋ ਗਿਆ, ਬਾਹਰ ਨਿਕਲ ਕੇ ਕਾਫ਼ੀ ਸੈਨਾ ਸਹਿਤ ਆਇਆ। ਭੀਮ ਚੰਦ ਅਤੇ ਜਿੱਥੇ ਰਾਜਾ ਕ੍ਰਿਪਾਲ ਸੀ, ਉਥੇ ਆ ਕੇ ਗੁਪਾਲ ਮਿਲਿਆ॥ ੫॥

ਬੈਠੇ ਸਭਿ ਮਸਲਤ ਕੌ ਕੀਨਿ। ਖਾਨ ਹੁਸੈਨ ਸੰਗ ਬਡ ਲੀਨਿ।
'ਦਸ ਹਜ਼ਾਰ ਦੀਜੈ ਧਨ ਆਨਿ। ਤੌ ਮੇਲਹਿਂ ਇਹ ਨਿਸ਼ਚੈ ਜਾਨਿ'॥ ੬॥

ਸਾਰਿਆਂ ਨੇ ਬੈਠ ਕੇ ਸਲਾਹ ਕੀਤੀ, ਹੁਸੈਨੀ ਨੂੰ ਵੀ ਨਾਲ ਲੈ ਲਿਆ ਤੇ ਕਿਹਾ, "ਦਸ ਹਜ਼ਾਰ ਧਨ ਲਿਆ ਕੇ ਦੇਵੋ, ਤਾਂ ਇਹ ਮਿਲ ਪਵੇਗਾ ਇਸ ਗੱਲ ਨੂੰ ਨਿਸ਼ਚੇ ਜਾਣੋਂ"॥ ੬॥

ਸੁਨਿ ਗੁਪਾਲ ਬੋਲਯੋ 'ਧਨ ਦੇਤੋ। ਹੌਂ ਨਹਿਂ ਦੇਤਿ ਲਰੈ ਰਿਪੁ ਕੇਤੋ'।
ਜਬਿ ਕ੍ਰਿਪਾਲ ਹੁਇ ਬੈਠਯਿ ਨਯਾਰੋ। ਭੀਮਚੰਦ ਕੇ ਸੰਗ ਬਿਚਾਰੋ॥ ੭॥

ਇਹ ਸੁਣ ਕੇ ਗੁਪਾਲ ਨੇ ਕਿਹਾ, "ਦੇਣਾ ਧਨ ਮੈਂ ਕਦੇ ਨਹੀਂ ਦੇਵਾਂਗਾ, ਭਾਵੇਂ ਵੈਰੀ ਕਿੰਨਾ ਵੀ ਲੜੇ।" ਜਦ ਕ੍ਰਿਪਾਲ ਵੱਖਰਾ ਹੋ ਕੇ ਬੈਠ ਗਿਆ ਤਾਂ ਰਾਜੇ ਭੀਮ ਚੰਦ ਨਾਲ ਉਸ ਵਿਚਾਰ ਕੀਤੀ॥ ੭॥

'ਐਸ ਘਾਤਿ ਫਿਰਿ ਹਾਥ ਨ ਐਹੈ। ਸਭਿਹੂੰ ਫੇਰਿ ਸਮੋਂ ਛਲਿ ਜੈਹੈ।
ਗੋਪਾਲੈ ਸੁ ਅਬੈ ਗਹਿ ਲੀਜੈ। ਕੈਦ ਕੀਜੀਐ ਕੈ ਬਧ ਕੀਜੈ'॥ ੮॥

"ਐਸਾ ਦਾਅ ਫਿਰ ਹੱਥ ਨਹੀਂ ਆਉਣਾ ਹੈ, ਇਹ ਸਮਾਂ ਆਉਣ 'ਤੇ ਫਿਰ ਛਲ ਜਾਵੇਗਾ। ਗੁਪਾਲੇ ਨੂੰ ਹੁਣ ਫੜ ਲਵੋ, ਕੈਦ ਕਰ ਲਵੋ ਜਾਂ ਮਾਰ ਦੇਵੋ"॥ ੮॥

ਤਿਨ ਸੁਧਿ ਜਬਹਿ ਤਨਕ ਸੁਨਿ ਪਾਈ। ਨਿਜ ਦਲ ਬਿਖੇ ਗਯੋ ਨ੍ਰਿਪ ਧਾਈ।
ਲਖ੍ਯੋ ਕ੍ਰਿਪਾਲ 'ਭਾਜਿ ਇਹ ਚਾਲਾ'। ਕੋਪ੍ਯੋ ਹਿੰਮਤ ਸਹਿਤ ਬਿਸਾਲਾ ॥੯॥

ਜਦ ਗੁਪਾਲ ਨੇ ਮਾੜੀ ਜੇਹੀ ਅਜਿਹੀ ਖਬਰ ਸੁਣੀ ਤਾਂ ਉਹ ਦੌੜ ਕੇ ਆਪਣੇ ਦਲ ਵਿਚ ਚਲਾ ਗਿਆ। ਰਾਜੇ ਕ੍ਰਿਪਾਲ ਨੇ ਜਦ ਵੇਖਿਆ ਕਿ ਇਹ ਭੱਜ ਚਲਿਆ ਹੈ ਤਾਂ ਹਿੰਮਤ ਸਹਿਤ ਬਹੁਤ ਗੁੱਸੇ ਵਿਚ ਆ ਗਿਆ॥ ੯॥

ਖਾਨ ਹੁਸੈਨ ਘਾਲਿ ਘਮਸਾਨਾ। ਲਰੇ ਸਰਬ ਹੀ ਬਜੇ ਨਿਸ਼ਾਨਾ।
ਇਤ ਨ੍ਰਿਪ ਦੂਇ ਜਸਵਾਲ ਗੁਪਾਲ। ਸਨਮੁਖ ਲੋਹਾ ਲੀਨਿ ਕਰਾਲ ॥੧੦॥

ਹੁਸੈਨ ਖਾਨ ਨੇ ਯੁੱਧ ਆਰੰਭ ਕਰ ਦਿੱਤਾ, ਨਗਾਰੇ ਵਜਾ ਕੇ ਸਾਰੇ ਲੜਾਈ ਵਾਸਤੇ ਤਿਆਰ ਹੋ ਗਏ। ਇਕ ਪਾਸੇ ਦੋ ਰਾਜੇ ਸਨ, ਰਾਜਾ ਰਾਮ ਸਿੰਘ ਜਸਵਾਲ ਤੇ ਰਾਜਾ ਗੁਪਾਲ, ਜਿਹੜੇ ਸਾਹਮਣੇ ਹੋ ਕੇ ਵਿਕਰਾਲ ਲੋਹਾ ਲੈਣ ਲੱਗੇ॥ ੧੦॥

ਉਤ ਤੀਨਹੁੰ, ਇਕ ਖਾਨ ਹੁਸੈਨ। ਭੀਮਚੰਦ ਦੂਸਰ ਬਡ ਸੈਨ।
ਤ੍ਰਿਤੀਆ ਬਡੋ ਕ੍ਰਿਪਾਲ ਕਟੋਚ। ਬਰਛੀ ਗੁਲਕਾਂ ਬਾਨਨ ਮੋਚ॥ ੧੧॥

ਦੂਸਰੇ ਪਾਸੇ ਤਿੰਨ ਸਨ, ਇਕ ਹੁਸੈਨ ਖਾਨ, ਦੂਸਰਾ ਭੀਮ ਚੰਦ ਸੀ, ਜਿਸ ਦੀ ਵੱਡੀ ਸੈਨਾ ਸੀ, ਤੀਸਰਾ ਵੱਡਾ ਕ੍ਰਿਪਾਲ ਕਟੋਚੀਆ ਸੀ। ਬਰਛੀਆਂ, ਗੋਲੀਆਂ ਅਤੇ ਤੀਰ ਚਲਣ ਲੱਗੇ॥ ੧੧॥

ਦਾਰੁਨ ਜੰਗ ਭਯੋ ਇਨ ਕੇਰਾ। ਕਾਰਚੋਲ ਚਮਕੇ ਤਿਸ ਬੇਰਾ।
ਹਥਾਵੱਥ ਮਿਲਿਗੇ ਇਕ ਵਾਰੀ। ਮਰੇ ਛਿਨਕ ਮਹਿਂ ਗਨ ਭਟ ਭਾਰੀ ॥੧੨॥

ਇਨ੍ਹਾਂ ਦੇ ਵਿਚ ਭਿਆਨਕ ਜੰਗ ਛਿੜ ਗਿਆ, ਉਸ ਸਮੇਂ ਤਲਵਾਰਾਂ ਚਮਕ ਉੱਠੀਆਂ। ਇਕ ਵਾਰੀ ਸਾਰੇ ਹੱਥੋ-ਹੱਥੀ ਪੈ ਗਏ, ਬਹੁਤ ਸੂਰਬੀਰ ਇਕ ਛਿਣ ਵਿਚ ਮਾਰੇ ਗਏ॥ ੧੨॥

ਸਭਿ ਰਣ ਗੁਰ ਗੁਬਿੰਦ ਸਿੰਘ ਕਹ੍ਯੋ। ਬੀਚ ਬਚਿੱਤ੍ਰ ਨਾਟਕੇ ਲਹ੍ਯੋ।
ਸਪਤ ਸਊਰਨ ਸਹਿਤ ਸੁ ਲਰ੍ਯੋ। ਸੰਗਤੀਆ ਸਿੰਘ ਰਣ ਮਹਿਂ ਮਰ੍ਯੋ ॥੧੩॥

ਇਸ ਯੁੱਧ ਬਾਰੇ ਸਾਰਾ ਹਾਲ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ। ਗੁਰੂ ਜੀ ਦੇ ਸਤ ਸਵਾਰ ਵੀ ਨਾਲ ਲੜੇ ਜਿਨ੍ਹਾਂ ਵਿਚ ਸੰਗਤੀਆ ਸਿੰਘ ਰਣ ਖੇਤਰ ਵਿਚ ਮਾਰਿਆ ਗਿਆ॥ ੧੩॥

ਜੰਗ ਹੁਸੈਨੀ ਘਾਲ੍ਯੋ ਘਨੋ। ਲਰਤਿ ਬਿਸਾਲ ਤਹਾਂ ਹੀ ਹਨੋ।
ਪੁਨ ਕਟੋਚੀਆ ਬਲੀ ਕ੍ਰਿਪਾਲ। ਪੁਰਸ਼ਾਰਥ ਜਿਨ ਕੀਨਿ ਬਿਸਾਲ॥ ੧੪॥

ਹੁਸੈਨੀ ਨੇ ਵੱਡਾ ਯੁੱਧ ਕੀਤਾ, ਲੜਦਾ ਹੋਇਆ ਉਥੇ ਹੀ ਮਾਰਿਆ ਗਿਆ। ਫਿਰ ਬਲਵਾਨ ਕ੍ਰਿਪਾਲ ਕਟੋਚੀਆ, ਜਿਸ ਨੇ ਵੱਡਾ ਉੱਦਮ ਕੀਤਾ॥ ੧੪॥

ਸੋ ਭੀ ਮਾਰਿ ਲੀਨਿ ਰਣ ਮਾਂਹੀ। ਕਟ੍ਯੋ ਕ੍ਰਿਪਾਨ ਸੰਗ ਸਿਰ ਜਾਂਹੀ।
ਹਿੰਮਤ ਕਿੰਮਤ ਸਹਿਤ ਸੰਘਾਰਾ। ਤੀਨੋਂ ਜਬਿ ਮਾਰੇ ਸਰਦਾਰਾ॥ ੧੫॥

ਉਸ ਨੂੰ ਵੀ ਰਣਖੇਤਰ ਵਿਚ ਮਾਰ ਲਿਆ, ਜਿਸ ਦਾ ਕ੍ਰਿਪਾਨ ਨਾਲ ਸਿਰ ਕੱਢ ਦਿੱਤਾ। ਹੁਸੈਨੀ ਤੋਂ ਵਖਰੇ ਇਹ ਤਿੰਨ ਸੂਰਬੀਰ ਸਰਦਾਰ, ਰਾਜਾ ਕ੍ਰਿਪਾਲ, ਹਿੰਮਤ ਅਤੇ ਕਿੰਮਤ ਜਦ ਮਾਰੇ ਗਏ॥ ੧੫॥

ਤਬਿ ਗੁਲੇਰੀਆ ਹੇਰਿ ਕ੍ਰਿਪਾਲ। ਲੇ ਰਣ ਕੀ ਜੈ ਹਰਖ ਬਿਸਾਲ।
ਬਜੇ ਫਤੇ ਕੇ ਊਚ ਨਗਾਰੇ। ਰਿਪੁ ਦਲ ਭਾਜਿ ਚਲ੍ਯੋ ਬਿਨ ਮਾਰੇ॥ ੧੬॥

ਤਦ ਕ੍ਰਿਪਾਲ ਕਟੋਚੀਏ ਨੂੰ ਮਰਿਆ ਵੇਖ ਕੇ, ਗੁਪਾਲ ਨੇ ਪ੍ਰਸੰਨ ਹੋ ਕੇ ਵਿਸ਼ਾਲ ਜਿੱਤ ਪ੍ਰਾਪਤ ਕੀਤੀ। ਫਿਰ ਫ਼ਤਹਿ ਦਾ ਨਗਾਰਾ ਬਹੁਤ ਉੱਚੀ ਵੱਜ ਉਠਿਆ, ਵੈਰੀ ਦਾ ਦਲ ਬਿਨ ਮਾਰਿਆਂ ਹੀ ਭੱਜ ਚਲਿਆ॥ ੧੬॥

ਬਿਨ ਸਰਦਾਰ ਲਰੈ ਕੋ ਰਨ ਮੈਂ। ਦਾਰੁਨ ਮਾਰੇ ਧੀਰ ਨ ਮਨ ਮੈਂ।
ਆਪ ਆਪਨੇ ਥਾਨ ਸਿਧਾਰੇ। ਮਿਲਯੁ ਜੁ ਬਹੁ ਦਲ, ਭਯੋ ਕਿਨਾਰੇ॥ ੧੭॥

ਸਰਦਾਰ ਤੋਂ ਬਗੈਰ ਰਣਖੇਤਰ ਵਿਚ ਕੌਣ ਲੜਾਈ ਕਰੇ, ਭਿਆਨਕ ਯੁੱਧ ਮਚਿਆ ਤੇ ਕੋਈ ਵੀ ਮਨ ਵਿਚ ਧੀਰਜ ਧਾਰਨ ਨਹੀਂ ਸੀ ਕਰਦਾ। ਆਪਣੇ ਆਪਣੇ ਟਿਕਾਣਿਆਂ ਨੂੰ ਚਲੇ ਗਏ, ਜਿਹੜਾ ਬਹੁਤ ਦਲ ਮਿਲ ਕੇ ਇਕੱਠਾ ਹੋਇਆ ਸੀ, ਕਿਨਾਰੇ ਹੋ ਗਿਆ॥ ੧੭॥

ਸ਼੍ਰੀ ਸਤਿਗੁਰ ਪਰ ਰਿਪੁ ਚਢਿ ਆਯੋ। ਚਾਹਤਿ ਪੁਰਿ ਅਨੰਦ ਛੁਰਵਾਯੋ।
ਲਸ਼ਕਰ ਘਨੋ ਬਟੋਰਤਿ ਆਨਯੋ। ਕਰਤਾ ਪੁਰਖ ਸੁ ਤਤਛਿਨ ਹਾਨਯੋ॥ ੧੮॥

ਸਤਿਗੁਰੂ ਜੀ ਉੱਤੇ ਵੈਰੀ ਚੜ੍ਹ ਕੇ ਆਉਣਾ ਚਾਹੁੰਦਾ ਸੀ ਤੇ ਅਨੰਦਪੁਰ ਨਗਰੀ ਨੂੰ ਛੁਡਵਾਉਣਾ ਚਾਹੁੰਦਾ ਸੀ। ਬਹੁਤ ਵੱਡਾ ਲਸ਼ਕਰ ਇਕੱਠਾ ਕਰਕੇ ਲਿਆਇਆ ਸੀ, ਕਰਤਾ ਪੁਰਖ ਨੇ ਉਸ ਨੂੰ ਤੁਰਤ ਮਾਰ ਦਿੱਤਾ॥ ੧੮॥

ਰਾਖਿ ਲੀਓ ਗੁਰ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ।
ਕਰਿ ਹੰਕਾਰ ਜੁ ਦਲ ਬਲ ਕੇਰਾ। ਸ਼੍ਰੀ ਪ੍ਰਭੁ ਸਨ ਚਹਿ ਕਰਨ ਬਖੇਰਾ॥ ੧੯॥

ਜਗਤ ਦੇ ਮਾਲਕ ਗੁਰੂ ਜੀ ਨੂੰ ਰੱਖ ਲਿਆ ਤੇ ਸ਼ਸਤਰਾਂ ਦੀ ਘਟਾ ਹੋਰ ਸਥਾਨ 'ਤੇ ਵੱਸ ਗਈ। ਜਿਹੜਾ ਦਲ ਦੇ ਬਲ ਦਾ ਵੱਡਾ ਹੰਕਾਰ ਕਰਦਾ ਸੀ ਤੇ ਸ੍ਰੀ ਗੁਰੂ ਜੀ ਨਾਲ ਝਗੜਾ ਕਰਨਾ ਚਾਹੁੰਦਾ ਸੀ॥ ੧੯॥

ਸੋ ਪੂਰਾ ਉਤਰਹਿ ਕਿਮ ਨਾਂਹੀ। ਮਰਿ ਪਚ ਜਾਹਿ ਬਾਦ ਜਗ ਮਾਂਹੀ।
ਕਰਯੋ ਧਰਮ ਨਿਬਹਯੋ ਨ ਕ੍ਰਿਪਾਲ। ਸੋ ਰਣ ਮਹਿਂ ਹਤਿ ਦਿਯੋ ਗੁਪਾਲ॥ ੨੦॥

ਉਹ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਉੱਤਰ ਸਕਦਾ ਹੈ, ਉਹ ਜਗਤ ਵਿਚ ਵਿਅਰਥ ਮਰ ਖਪ ਜਾਂਦਾ ਹੈ। ਕ੍ਰਿਪਾਲ ਕਟੋਚੀਏ ਨੇ ਕੀਤੇ ਹੋਏ ਧਰਮ ਨੂੰ ਨਾ ਨਿਬਾਹਿਆ, ਉਸ ਨੂੰ ਗੁਪਾਲ ਨੇ ਰਣਖੇਤਰ ਵਿਚ ਮਾਰ ਦਿੱਤਾ॥ ੨੦॥

ਫਤੇ ਪਾਇ ਕਰਿ ਗੁਰ ਢਿਗ ਗਯੋ। ਡੇਰਾ ਪੁਰਿ ਅਨੰਦ ਕਰਿ ਦਯੋ।
ਸਭਾ ਸਥਾਨ ਪ੍ਰਭੁ ਚਲਿ ਆਏ। ਸੁਭਟ ਮਸੰਦ ਥਿਰੇ ਸਮੁਦਾਏ॥ ੨੧॥

ਫਤਹਿ ਪ੍ਰਾਪਤ ਕਰਕੇ ਗੁਰੂ ਜੀ ਪਾਸ ਗਿਆ ਤੇ ਅਨੰਦਪੁਰ ਵਿਚ ਡੇਰਾ ਕਰ ਲਿਆ। ਫਿਰ ਸਭਾ ਵਾਲੇ ਸਥਾਨ 'ਤੇ ਗੁਰੂ ਜੀ ਚਲ ਕੇ ਆਏ, ਜਿੱਥੇ ਸਾਰੇ ਸੂਰਬੀਰ ਅਤੇ ਮਸੰਦ ਬੈਠੇ ਹੋਏ ਸਨ॥ ੨੧॥

ਚਮਰ ਚਰਾਚਰ ਸਿਰ ਪਰ ਢੋਰਤਿ। ਚਹੁੰ ਓਰ ਸਭਿ ਚਰਨ ਨਿਹੋਰਤਿ।
ਤਬਿ ਗੁਲੇਰੀਆ ਗੁਰੂ ਬੁਲਾਯੋ। ਹਿਤ ਦਰਸ਼ਨ ਕੇ ਹਰਖਤਿ ਆਯੋ॥ ੨੨॥

ਚੰਚਲ ਚੌਰ ਸਿਰ ਉੱਤੇ ਫਿਰ ਰਿਹਾ ਸੀ, ਸਾਰੇ ਪਾਸਿਆਂ ਤੋਂ ਸਾਰੇ ਚਰਨਾਂ ਦੇ ਦਰਸ਼ਨ ਕਰ ਰਹੇ ਸਨ। ਤਦ ਗੁਰੂ ਜੀ ਨੇ ਗੁਪਾਲ ਗੁਲੇਰੀਏ ਨੂੰ ਬੁਲਾਇਆ, ਦਰਸ਼ਨ ਕਰਨ ਵਾਸਤੇ ਬੜਾ ਪ੍ਰਸੰਨ ਹੋ ਕੇ ਆਇਆ॥ ੨੨॥

ਧਰਿ ਅਕੋਰ ਕਰ ਜੋਰਿ ਪ੍ਰਨਾਮੂ। ਮੁਸਕਾਵਤਿ ਸ਼੍ਰੀ ਪ੍ਰਭੁ ਅਭਿਰਾਮੂ।
'ਆਵਹੁ ਬਡ ਜੈਤਾ ਬਰ ਬੀਰ। ਦੁਸ਼ਮਨ ਨਾਸ਼ ਕਰੇ ਧਰਿ ਧੀਰ'॥ ੨੩॥

ਉਪਹਾਰ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ, ਅਨੰਦਦਾਇਕ ਪ੍ਰਭੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਵੱਡੇ ਜੇਤੂ ਸ੍ਰੇਸ਼ਟ ਸੂਰਬੀਰ ਆਵੋ ਤੁਸੀਂ ਧੀਰਜ ਧਾਰ ਕੇ ਦੁਸ਼ਮਣ ਦਾ ਨਾਸ਼ ਕੀਤਾ ਹੈ"॥ ੨੩॥

ਆਇਸੁ ਪਾਇ ਸੁ ਬੈਠਯੋ ਪਾਸ। ਸਰਬ ਬਾਰਤਾ ਕਰੀ ਪ੍ਰਗਾਸ।
'ਦਗ਼ਾ ਕਰਤਿ ਮੋ ਕੌ ਚਹਿ ਗਹਯੋ। ਸੋ ਫਲ ਤਾਤਕਾਲ ਹੀ ਲਹਯੋ॥ ੨੪॥

ਆਗਿਆ ਪਾ ਕੇ ਰਾਜਾ ਪਾਸ ਬੈਠ ਗਿਆ ਤੇ ਸਾਰੀ ਵਾਰਤਾ ਕਹਿ ਕੇ ਸੁਣਾਈ, "ਕ੍ਰਿਪਾਲ ਕਟੋਚੀਆ ਦਗ਼ਾ ਕਰਕੇ ਮੈਨੂੰ ਫੜਨਾ ਚਾਹੁੰਦਾ ਸੀ, ਉਹ ਫਲ ਉਸ ਨੇ ਤੁਰਤ ਪਾ ਲਿਆ ਹੈ॥ ੨੪॥

ਰਾਵਰ ਕੀ ਸਹਾਇਤਾ ਪਾਇ। ਹਤੇ ਸ਼ੱਤ੍ਰੁ ਗਨ ਖੜਗ ਚਲਾਇ।
ਤਜੀ ਨ ਥਾਉਂ ਕਟੇ ਗਿਰ ਮਰੇ। ਭੀਮ ਭੂਰ ਸੰਘਰ ਕੌ ਕਰੇ॥ ੨੫॥

ਆਪ ਜੀ ਦੀ ਸਹਾਇਤਾ ਪਾ ਕੇ, ਬਹੁਤ ਵੈਰੀ ਤਲਵਾਰ ਚਲਾ ਕੇ ਮਾਰੇ ਹਨ। ਆਪ ਜੀ ਵਲੋਂ ਭੇਜੇ ਹੋਏ ਸੰਗਤੀਆ ਸਿੰਘ ਅਤੇ ਹੋਰ ਸਾਥੀਆਂ ਨੇ ਥਾਂ ਨਹੀਂ ਛੱਡੀ ਹੈ, ਕੱਟ ਕੇ ਡਿੱਗ ਪਏ ਹਨ, ਸੂਰਬੀਰ ਵੱਡਾ ਸੰਘਰਸ਼ ਕਰਦੇ ਸਨ॥ ੨੫॥

ਆਗਯਾ ਦੇਹੁ ਅਬੈ ਪੁਰਿ ਜਾਵੌਂ। ਘਾਇਲ ਭਟਨ ਸੇਵ ਕਰਿਵਾਵੌਂ'।
ਤਬਿ ਸਤਿਗੁਰ ਦੇ ਕਰਿ ਸਿਰੁਪਾਉ। ਰੁਖਸਦ ਕਰਯੋ ਚਢਯੋ ਹਰਖਾਉ॥ ੨੬॥

ਹੁਣ ਆਗਿਆ ਦੇਵੋ ਨਗਰ ਨੂੰ ਜਾਵਾਂ, ਘਾਇਲ ਸੂਰਮਿਆਂ ਦੀ ਸੇਵਾ ਕਰਵਾਵਾਂ।" ਤਦ ਸਤਿਗੁਰੂ ਜੀ ਨੇ ਸਿਰੋਪਾ ਦਿੱਤਾ। ਜਦ ਰੁਖ਼ਸਤ ਕੀਤਾ ਤਾਂ ਘੋੜੇ ਉੱਤੇ ਅਸਵਾਰ ਹੋ ਕੇ ਚਲੇ ਗਿਆ॥ ੨੭॥

ਇਮ ਕਲਗ਼ੀਧਰ ਆਨੰਦ ਧਾਰੇ। ਦਾਸ ਉਬਾਰਿ ਸ਼ੱਤ੍ਰੁ ਨਿਰਵਾਰੇ।
ਮਾਘ ਮਾਸ ਪਾਛਲ ਪਖ ਆਯੋ। ਬਾਸੁਰ ਆਦਿਤਵਾਰ ਸੁਹਾਯੋ॥ ੨੭॥

ਇਸ ਪ੍ਰਕਾਰ ਕਲਗ਼ੀਧਰ ਜੀ ਨੇ ਆਨੰਦ ਧਾਰਨ ਕੀਤਾ, ਸੇਵਕਾਂ ਨੂੰ ਬਚਾ ਕੇ ਵੈਰੀਆਂ ਦਾ ਨਾਸ਼ ਕੀਤਾ। ਫਿਰ ਮਾਘ ਮਹੀਨੇ ਦਾ ਪਿਛਲਾ ਪੱਖ ਆਇਆ, ਐਤਵਾਰ ਵਾਲੇ ਦਿਨ ਨੇ ਬਹੁਤ ਸ਼ੋਭਾ ਪਾਈ॥ ੨੭॥

ਏਕਮ ਥਿਤ ਨਿਜ ਦੋਇ ਘਟੀ ਜਬਿ। ਸ੍ਰੀ ਜੀਤੋ ਤੇ ਪੁੱਤ੍ਰ ਭਯੋ ਤਬਿ।
ਸੇਬਯਮਾਨਿ ਧਾਇਨ ਤੇ ਹੋਏ। ਸੁਨਿ ਉਤਸਾਹਿ ਹਰਖਿ ਸਭਿ ਕੋਏ॥ ੨੮॥

ਏਕਮ ਦੀ ਥਿੱਤ ਦੀਆਂ ਜਦ ਦੋ ਘੜੀਆਂ ਰਹਿ ਗਈਆਂ ਤਦ ਮਾਤਾ ਜੀਤੋ ਜੀ ਦੇ ਗ੍ਰਿਹ ਪੁੱਤਰ ਨੇ ਜਨਮ ਲਿਆ। ਸੇਵਾ ਕਰਨ ਯੋਗ ਦਾਈਆਂ ਨੇ ਜਦ ਸੁਣਿਆ, ਤਾਂ ਪ੍ਰਸੰਨ ਹੋ ਕੇ ਬਹੁਤ ਉਤਸ਼ਾਹਿਤ ਹੋਈਆਂ॥ ੨੮॥

ਬਾਜ ਉਠੇ ਦਰ ਪਰ ਸ਼ਦਿਯਾਨੇ। ਤੋਪ ਬੰਦੂਕਨਿ ਸ਼ਲਖ ਮਹਾਨੇ।
ਭਯੋ ਕੁਲਾਹਲ ਆਨੰਦਪੁਰਿ ਮੈਂ। ਆਨੰਦ ਭਾ ਨਰ ਨਾਰਿਨ ਉਰ ਮੈਂ॥ ੨੯॥

ਫਿਰ ਸਾਰੇ ਖ਼ੁਸ਼ੀਆਂ ਦੇ ਵਾਜੇ ਵੱਜ ਉੱਠੇ, ਤੋਪਾਂ ਅਤੇ ਬੰਦੂਕਾਂ ਆਦਿ ਬਹੁਤ ਸ਼ਲਖਾਂ ਚਲੀਆਂ। ਅਨੰਦਪੁਰ ਵਿਚ ਵੱਡਾ ਰੌਲਾ ਮੱਚ ਗਿਆ, ਇਸਤਰੀ ਪੁਰਸ਼ਾਂ ਦੇ ਮਨ ਵਿਚ ਅਨੰਦ ਛਾ ਗਿਆ॥ ੨੯॥

ਗਾਵਤਿ ਗੀਤ ਬ੍ਰਿੰਦ ਪਿਕਬੈਨੀ। ਮਿਲਿ ਆਨਿ ਗੁਰ ਘਰ ਮ੍ਰਿਗ ਨੈਨੀ।
ਸ੍ਰੀ ਗੁਜਰੀ ਕੌ ਦੇਤਿ ਬਧਾਈ। ਮਾਨਹਿ ਮਾਨ ਸਹਿਤ ਮੁਦ ਪਾਈ॥ ੩੦॥

ਇਸਤਰੀਆਂ ਬਹੁਤ ਗੀਤ ਗਾਉਂਦੀਆਂ ਸਨ, ਹਿਰਨੀਆਂ ਵਰਗੇ ਨੈਣਾਂ ਵਾਲੀਆਂ, ਗੁਰੂ ਜੀ ਦੇ ਘਰ ਵਿਚ ਆ ਇਕੱਠੀਆਂ ਹੋਈਆਂ। ਮਾਤਾ ਗੁਜਰੀ ਜੀ ਨੂੰ ਵਧਾਈਆਂ ਦਿੰਦੀਆਂ ਸਨ, ਬੜੇ ਮਾਣ ਸਹਿਤ ਅਨੰਦ ਪ੍ਰਾਪਤ ਕੀਤਾ ਸੀ॥ ੩੦॥

ਮੰਗਲ ਵਸਤੁ ਅਨੇਕ ਪ੍ਰਕਾਰਨਿ। ਸਭਿ ਹੀ ਕਰਤਿ ਦਿਖਾਇ ਸੁ ਨਾਰਨਿ।
ਹਰਖਤਿ ਇਮ ਪ੍ਰਭਾਤਿ ਹੁਇ ਆਈ। ਭਈ ਦਿਵਸ ਮਹਿਂ ਦੁਗਨ ਬਧਾਈ॥ ੩੧॥

ਅਨੰਦ ਮੰਗਲ ਕਰਨ ਵਾਲੀਆਂ ਅਨੇਕ ਚੀਜ਼ਾਂ, ਇਸਤਰੀਆਂ ਸਭ ਨੂੰ ਵਿਖਾ-ਵਿਖਾ ਕਰਦੀਆਂ ਸਨ। ਇਸ ਤਰ੍ਹਾਂ ਖ਼ੁਸ਼ੀ ਮਨਾਉਂਦਿਆਂ ਹੀ ਸਵੇਰ ਹੋ ਗਈ ਤੇ ਦਿਨ ਦੇ ਸਮੇਂ ਵਧਾਈ ਦੂਣੀ ਹੋ ਗਈ॥ ੩੧॥

ਜਾਚਕ ਭੀਰ ਆਇ ਦਰ ਹੋਈ। ਦਰਬ ਪਟਾਦਿ ਪਾਇ ਸਭਿ ਕੋਈ।
'ਚਿਰੰਜੀਵ ਹੁਇ' ਆਸ਼ਿਖ ਦੇਤਿ। ਕੀਰਤਿ ਕਰਤਿ ਜਾਤਿ ਧਨ ਲੇਤਿ॥ ੩੨॥

ਮੰਗਤਿਆਂ ਦੀ ਦਰਵਾਜ਼ੇ 'ਤੇ ਭੀੜ ਲੱਗ ਗਈ, ਧਨ ਅਤੇ ਕੱਪੜੇ ਸਾਰੇ ਪਾਉਂਦੇ ਸਨ 'ਚਿਰੰਜੀਵ ਹੋਣਾ' ਸਾਰੇ ਬਾਲਕ ਨੂੰ ਅਸੀਸ ਦਿੰਦੇ ਸਨ ਤੇ ਉਪਮਾ ਕਰਦੇ ਜਾਂਦੇ ਅਸੀਸਾਂ ਲੈਂਦੇ ਸਨ॥ ੩੨॥

ਆਨ ਹੀਜ ਦ੍ਵੈ ਹਾਥਨਿ ਤਾਲੀ। ਢੋਲਕ ਟਲਕਾ ਬਜਤਿ ਬਿਸਾਲੀ।
ਗਾਵਤਿ ਨਾਚਤਿ ਲੇਤਿ ਭਵਾਲੀ। ਤਾਲ ਮਿਲਾਇ ਘੁੰਗਰੂ ਨਾਲੀ॥ ੩੩॥

ਖੁਸਰੇ ਆ ਕੇ ਦੋ ਹੱਥਾਂ ਨਾਲ ਤਾਲੀਆਂ ਵਜਾਉਂਦੇ ਸਨ, ਢੋਲ ਅਤੇ ਟੱਲੀਆਂ ਬਹੁਤ ਵੱਜਦੀਆਂ ਸਨ। ਗਾ ਕੇ ਨੱਚ ਕੇ ਭੁਆਟਣੀ ਲੈਂਦੇ ਸਨ। ਤਾਲ ਮਿਲਾ ਕੇ ਘੁੰਗਰੂਆਂ ਦੀ ਆਵਾਜ਼ ਨਾਲ ਰਲਾਉਂਦੇ ਸਨ॥ ੩੩॥

ਇੱਤਜਾਦਿਕ ਉਛਾਹਿ ਬਡ ਹੋਵਾ। ਮਿਲਿ ਮਿਲਿ ਮੇਲ ਸਿਭਿਨਿਹੂੰ ਜੋਵਾ।
ਨਿਜ ਕੁਲ ਰੀਤਿ ਕੀਨਿ ਬਡ ਮਾਤਾ। ਮਿਲੀ ਆਨਿ ਗਨ ਨਾਗਰਿ ਕਾਂਤਾ॥ ੩੪॥

ਇਸ ਪ੍ਰਕਾਰ ਬਹੁਤ ਉਤਸ਼ਾਹ ਹੋਇਆ, ਮਿਲ ਮਿਲ ਕੇ ਮੇਲ ਸਾਰਿਆਂ ਨੇ ਵੇਖਿਆ। ਮਾਤਾ ਜੀ ਨੇ ਕੁਲ ਦੀਆਂ ਸਾਰੀਆਂ ਰੀਤੀਆਂ ਕੀਤੀਆਂ। ਨਗਰ ਦੀਆਂ ਬਹੁਤ ਇਸਤਰੀਆਂ ਆ ਕੇ ਮਿਲੀਆਂ॥ ੩੪॥

ਸ੍ਰੀ ਸਤਿਗੁਰ ਤਬਿ ਨਾਮ ਬਿਚਾਰਾ। ਰਿਪੁ ਦਲ ਸਕਲ ਦੂਰ ਹੀ ਟਾਰਾ।
ਨਿਕਟ ਨ ਆਇ ਅਪਰ ਹੀ ਮਾਰਜੋ। ਇਮ 'ਜ਼ੋਰਾਵਰ ਸਿੰਘ' ਨਾਮ ਉਚਾਰਜੋ॥ ੩੫॥

ਸ੍ਰੀ ਸਤਿਗੁਰੂ ਜੀ ਨੇ ਫਿਰ ਬਾਲਕ ਦੇ ਨਾਮ ਬਾਰੇ ਵਿਚਾਰ ਕੀਤੀ, ਵੈਰੀ ਦਾ ਸਾਰਾ ਦਲ ਦੂਰ ਹੀ ਟਾਲ ਦਿੱਤਾ ਭਾਵ ਹਮਲਾ ਕਰਨ ਆਏ ਹੁਸੈਨੀ ਨੂੰ ਦੂਰੋਂ ਹੀ ਟਾਲ ਦਿੱਤਾ ਸੀ ਤੇ ਕਿਸੇ ਹੋਰ ਨੇ ਹੀ ਉਸ ਨੂੰ ਮਾਰ ਦਿੱਤਾ ਸੀ, ਇਸ ਤਰ੍ਹਾਂ ਨਾਮ ਜ਼ੋਰਾਵਰ ਸਿੰਘ ਉਚਾਰਨ ਕੀਤਾ॥ ੩੫॥

ਸੁਨਿ ਪਰਵਾਰ ਅਨੰਦਤਿ ਹੋਵਾ। ਤੀਨੋ ਗੁਰੁ ਨੰਦਨ ਕੋ ਜੋਵਾ।
ਬਿਚਰਹਿਂ ਅਜਰ ਬਿਖੈ ਹਰਖੰਤੇ। ਧਾਵਤਿ ਭੂਖਨ ਸ਼ਬਦ ਉਠੰਤੇ॥ ੩੬॥

ਇਹ ਸੁਣ ਕੇ ਪਰਿਵਾਰ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਤਿੰਨਾਂ ਪੁੱਤਰਾਂ ਨੂੰ ਵੇਖਿਆ। ਦੋ ਪੁੱਤਰ ਵਿਹੜੇ ਵਿਚ ਬੜੇ ਪ੍ਰਸੰਨ ਹੋ ਕੇ ਫਿਰਦੇ ਸਨ। ਜਦ ਭੱਜਦੇ ਸਨ ਤਾਂ ਗਹਿਣਿਆਂ ਦੇ ਖੜਕਣ ਦੀ ਸੁੰਦਰ ਆਵਾਜ਼ ਉੱਠਦੀ ਸੀ॥ ੩੬॥

ਸ੍ਰੀ ਅਜੀਤ ਸਿੰਘ ਚਢਹਿਂ ਤੁਰੰਗਮ। ਸੇਵਕ ਹੁਇਂ ਸੰਬੂਹ ਤਬਿ ਸੰਗਮ।
ਤਿਮ ਜੁਝਾਰ ਸਿੰਘ ਮੁਖ ਸੁੰਦਰ। ਬਿਚਰਤਿ ਬਾਹਰ ਅੰਦਰ ਮੰਦਰ॥ ੩੭॥

ਸ੍ਰੀ ਅਜੀਤ ਸਿੰਘ ਘੋੜੇ ਦੀ ਸਵਾਰੀ ਕਰਦੇ ਸਨ, ਸਾਰੇ ਸੇਵਕਾਂ ਦਾ ਫਿਰ ਇਕੱਠ ਹੁੰਦਾ ਸੀ। ਉਸ ਤਰ੍ਹਾਂ ਹੀ ਜੁਝਾਰ ਸਿੰਘ ਦਾ ਮੁਖ ਬਹੁਤ ਸੁੰਦਰ ਸੀ, ਉਹ ਘਰ ਵਿਚ ਬਾਹਰ ਅੰਦਰ ਫਿਰਦਾ ਸੀ॥ ੩੭॥

ਬਹੁ ਜ਼ੋਰਾਵਰ ਸਿੰਘ ਕੋ ਦੁਲਰਾਵੈਂ। ਦਾਈ ਦਾਯਾ ਅੰਕ ਉਠਾਵੈਂ।
ਅਨਿਕ ਬਰਨ ਕੇ ਬਸਨ ਬਨਾਵਤਿ। ਗੋਟਾ ਦਮਕਤਿ ਦੁਤਿ ਚਿਤ ਭਾਵਤਿ॥ ੩੮॥

ਫਿਰ ਜ਼ੋਰਾਵਰ ਸਿੰਘ ਨੂੰ ਬਹੁਤ ਦੁਲਾਰਦੇ ਸਨ, ਦਾਈ ਤੇ ਖਿਡਾਵਾ ਗੋਦੀ ਵਿਚ ਚੁੱਕ ਲੈਂਦੇ ਸਨ। ਅਨੇਕਾਂ ਰੰਗਾਂ ਦੇ ਵਸਤਰ ਬਣਾਉਂਦੇ ਹਨ। ਗੋਟਾ ਚਮਕਦਾ ਹੈ ਜਿਸ ਦੀ ਚਮਕ ਚਿੱਤ ਨੂੰ ਭਾਉਂਦੀ ਹੈ॥ ੩੮॥

ਤੀਨਹੁੰ ਕੇ ਸਰੀਰ ਬਿਰਧੰਤੇ। ਜਨੁ ਤ੍ਰੈ ਬਿਧਿ ਪਾਵਕ ਲਖਿਯੰਤੇ।
ਤੁਰਕ ਤਰੁਨਿ ਕੀ ਜਰ ਕੌ ਜਾਰਨਿ। ਨਿਜ ਸਿੱਖਨ ਕੇ ਸੁਖ ਕੋ ਕਾਰਨ॥ ੩੯॥

ਤਿੰਨਾਂ ਦੇ ਸਰੀਰ ਵਧ ਰਹੇ ਹਨ, ਮਾਨੋ ਤਿੰਨ ਪ੍ਰਕਾਰ ਦੀਆਂ ਅਗਨੀਆਂ ਦਿਖਾਈ ਦਿੰਦੀਆਂ ਹਨ। ਆਪਣੇ ਸਿੱਖਾਂ ਨੂੰ ਸੁਖ ਦੇਣ ਵਾਸਤੇ ਤੁਰਕਾਂ ਰੂਪੀ ਬ੍ਰਿਛ ਦੀ ਜੜ੍ਹ ਨੂੰ ਸਾੜਨਗੇ॥ ੩੯॥

ਜੋਧਾ ਬਲੀ ਹੋਹਿੰਗੇ ਰਨ ਮੈਂ। ਪ੍ਰਾਨ ਤਜਨ ਲੌ ਧੀਰਜ ਮਨ ਮੈਂ।
ਗੁਰ ਨੰਦਨ ਅਬਿ ਬੰਦਨ ਜੋਗ। ਸਿਖ ਪਰਵਾਰ ਆਦਿ ਸਭਿ ਲੋਗ॥ ੪੦॥

ਰਣਖੇਤਰ ਵਿਚ ਵੱਡੇ ਬਲਵਾਨ ਯੋਧੇ ਹੋਣਗੇ, ਪ੍ਰਾਣ ਤੱਜਣ ਤਕ ਮਨ ਵਿਚ ਧੀਰਜ ਹੋਵੇਗਾ। ਗੁਰੂ ਜੀ ਦੇ ਪੁੱਤਰ ਹੁਣ ਬੰਦਨਾ ਯੋਗ ਹਨ, ਸਿਖ ਪਰਿਵਾਰ ਸਭ ਲੋਕ ਉਨ੍ਹਾਂ ਅੱਗੇ ਸਿਰ ਨਿਵਾਉਂਦੇ ਹਨ॥ ੪੦॥

ਸ੍ਰੀ ਗੁਜਰੀ ਕੋ ਅਧਿਕ ਸਨੇਹੂ। ਪ੍ਰਤਿਪਾਰਨ ਪੌਤ੍ਰਾਨਿ ਅਛੇਹੂ।
ਕਰਿ ਇਕਠੇ ਨਿਜ ਨਿਕਟਿ ਬਿਠਾਵਹਿ। ਪਰਚਾਵਤਿ ਭੋਜਨ ਅਚਵਾਵਹਿ॥ ੪੧॥

ਮਾਤਾ ਗੁਜਰੀ ਜੀ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਹਨ, ਉਹ ਆਪਣੇ ਪੋਤਿਆਂ ਦੀ ਚੰਗੀ ਤਰ੍ਹਾਂ ਪਾਲਣਾ ਕਰਦੇ ਹਨ। ਉਨ੍ਹਾਂ ਨੂੰ ਇਕੱਠਿਆਂ ਕਰਕੇ ਆਪਣੇ ਪਾਸ ਬਿਠਾਉਂਦੇ ਹਨ ਤੇ ਪਰਚਾ ਕੇ ਭੋਜਨ ਖਵਾਉਂਦੇ ਹਨ॥ ੪੧॥

*ਦੂਸਰੀ ਰੁੱਤ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯॥*

## *ਅਧਿਆਇ ਪੰਜਾਹਵਾਂ*

### *ਕਵੀਆਂ ਦੀ ਕਦਰ, ਬਾਬਾ ਫ਼ਤਹਿ ਸਿੰਘ ਜਨਮ*

*ਦੋਹਰਾ-* ਸ੍ਰੀ ਕਲਗੀਧਰ ਅਨੰਦਪੁਰ ਬਿਲਸਤਿ ਬਹੁਤ ਬਿਲਾਸ।
ਜਿਤਕਿਤ ਤੇ ਬਹੁ ਗੁਨੀ ਨਰ ਸੁਨਿ ਜਸੁ ਆਵਤਿ ਪਾਸ॥ ੧॥

ਸ੍ਰੀ ਕਲਗੀਧਰ ਜੀ ਅਨੰਦਪੁਰ ਵਿਚ ਰਹਿੰਦੇ ਬਹੁਤ ਅਨੰਦ ਵਿਲਾਸ ਕਰਦੇ ਸਨ। ਜਿੱਥੋਂ ਕਿੱਥੋਂ ਬਹੁਤ ਗੁਣੀ ਲੋਕ ਗੁਰੂ ਜੀ ਦਾ ਜੱਸ ਸੁਣ ਸੁਣ ਪਾਸ ਆ ਰਹੇ ਸਨ॥ ੧॥

*ਚੌਪਈ-* ਚਹੁੰ ਕੂੰਟਨ ਤੇ ਦੂਰ ਕਿ ਨੇਰੇ। ਹੋਇ ਕਿਸੂ ਗੁਨ ਬਿਖੈ ਬਡੇਰੇ।
ਇਕ ਤੌ ਦਰਬ ਲਾਲਸਾ ਧਰੈਂ। ਦੁਤੀਏ ਗੁਰ ਦਰਸ਼ਨ ਮੁਦ ਧਰੈਂ॥ ੨॥

ਚਾਰੇ ਕੂਟਾਂ ਤੋਂ ਦੂਰੋਂ ਜਾਂ ਨੇੜੇ ਤੋਂ, ਜਿਸ ਵਿਚ ਵੀ ਕੋਈ ਵਿਲੱਖਣ ਗੁਣ ਹੁੰਦਾ ਸੀ, ਇਕ ਤਾਂ ਉਹ ਧਨ ਦੀ ਲਾਲਸਾ ਧਾਰਨ ਕਰਦਾ, ਦੂਸਰਾ ਗੁਰੂ ਜੀ ਦੇ ਦਰਸ਼ਨ ਕਰਨ ਦੀ ਪ੍ਰਸੰਨਤਾ ਧਾਰਨ ਕਰਦਾ ਸੀ॥ ੨॥

ਪਾਵਹਿ ਸੌਜ ਪਸਾਰਹਿ ਜਸੁ ਕੌ। ਤਜੋਂ ਤਜੋਂ ਆਇ ਸੁਨਾਵਹਿ ਰਸ ਕੌ।
ਪੂਰਬ ਦੱਛਨ ਪੱਛਮ ਉੱਤਰ। ਪੰਡਤ ਕਰਤਿ ਪ੍ਰਸ਼ਨ ਦੈ ਉੱਤਰ॥ ੩॥

ਸਾਜ਼ੋ ਸਾਮਾਨ ਪਾਉਂਦੇ ਸਨ ਤੇ ਗੁਰੂ ਜੀ ਦਾ ਜੱਸ ਪਸਾਰਦੇ ਸਨ, ਤਿਵੇਂ-ਤਿਵੇਂ ਆ ਕੇ ਕਵਿਤਾ ਵਿਚ ਰਚੇ ਰਸਾਂ ਨੂੰ ਸੁਣਾਉਂਦੇ ਸਨ। ਪੂਰਬ, ਦੱਖਣ, ਪੱਛਮ ਅਤੇ ਉੱਤਰ ਵਿਚ ਵੱਸਦੇ ਪੰਡਿਤ ਪ੍ਰਸ਼ਨ ਕਰਦੇ ਸਨ ਤੇ ਗੁਰੂ ਜੀ ਉੱਤਰ ਦਿੰਦੇ ਸਨ॥ ੩॥

ਕਵਿਤਾ ਕਾਵ੍ਯ ਬਨਾਵਹਿਂ ਜੋਈ। ਨਵ ਰਸ ਸਹਿਤ ਬਿਭੂਖਨ ਕੋਈ।
ਸੋ ਆਏ ਚਲਿ ਸਤਿਗੁਰ ਦ੍ਵਾਰੇ। ਰੁਚਿਰ ਕਵਿੱਤ ਬਨਾਇ ਉਚਾਰੇਂ॥ ੪॥

ਜਿਹੜਾ ਵੀ ਕਵਿਤਾ ਵਿਚ ਕਾਵਿ ਗ੍ਰੰਥ ਬਣਾਉਂਦਾ ਸੀ, ਨੌਂ ਰਸਾਂ ਸਹਿਤ ਜਿਹੜੀ ਅਲੰਕਾਰਾਂ ਨਾਲ ਢੱਕੀ ਹੁੰਦੀ ਸੀ, ਉਹ ਸਤਿਗੁਰੂ ਜੀ ਦੇ ਦਵਾਰੇ ਚਲ ਕੇ ਆਉਂਦਾ ਸੀ, ਤੇ ਸੁੰਦਰ ਕਵਿਤਾ ਬਣਾ ਕੇ ਸੁਣਾਉਂਦਾ ਸੀ॥ ੪॥

ਸੁਨਿ ਪ੍ਰਸੰਨ ਹ੍ਵੈ ਦੈਂ ਧਨ ਰਾਸ। ਸਾਦਰ ਨਿਤ ਰਾਖਤਿ ਗੁਰ ਪਾਸਿ।
ਕੇਸ਼ਵ ਦਾਸ ਹੁਤੋ ਕਵਿ ਜੋਇ। ਭਯੋ ਬੁੰਦੇਲ ਖੰਡ ਮਹਿਂ ਸੋਇ॥ ੫॥

ਗੁਰੂ ਜੀ ਪ੍ਰਸੰਨ ਹੋ ਕੇ ਬਹੁਤ ਧਨ ਦਿੰਦੇ ਸਨ, ਫਿਰ ਬੜੇ ਆਦਰ ਨਾਲ ਗੁਰੂ ਜੀ ਉਸ ਨੂੰ ਪਾਸ ਰੱਖ ਲੈਂਦੇ ਸਨ। ਜਿਹੜਾ ਕੇਸ਼ਵ ਦਾਸ ਕਵੀ ਸੀ, ਉਹ ਬੁੰਦੇਲ ਖੰਡ ਵਿਚ ਪੈਦਾ ਹੋਇਆ ਸੀ॥ ੫॥

ਤਿਸ ਕੋ ਪੁੱਤ੍ਰ ਕੁਵਰ ਹੈ ਨਾਮੂ। ਸੋ ਪੀ ਰਚਤਿ ਗਿਰਾ ਅਭਿਰਾਮੂ।
ਤੁਰਕ ਕਰਨ ਨਵਰੰਗ ਚਿਤ ਚਹ੍ਯੋ। ਗੁਨੀ ਅਧਿਕ ਹਿੰਦੂਨਿ ਮਹਿਂ ਲਹ੍ਯੋ॥੬॥

ਉਸ ਦੇ ਪੁੱਤਰ ਦਾ ਨਾਮ ਕੁਵਰ ਸੀ, ਉਹ ਵੀ ਸੁੰਦਰ ਕਵਿਤਾ ਦੀ ਰਚਨਾ ਕਰਦਾ ਸੀ। ਬਾਦਸ਼ਾਹ ਨੌਰੰਗਾ ਉਸ ਨੂੰ ਤੁਰਕ ਬਣਾਉਣਾ ਚਾਹੁੰਦਾ ਸੀ। ਉਸ ਨੂੰ ਹਿੰਦੂਆਂ ਵਿਚ ਵੱਡਾ ਗੁਣੀ ਜਾਣਿਆ॥ ੬॥

ਜਬਹਿ ਕੁਵਰ ਸੁਧ ਇਸ ਬਿਧਿ ਪਾਈ। ਤਜਿਗਿ ਦੇਸ਼ ਘਰ ਗਯੋ ਪਲਾਈ।
ਰਿਦੇ ਬਿਚਾਰ੍ਯੋ ਬਸਨ ਸਥਾਨ। ਨਹਿਂ ਪ੍ਰਾਪਤਿ ਭਾ ਬੀਚ ਜਹਾਨ॥ ੭॥

ਜਦ ਕੁਵਰ ਨੇ ਇਸ ਪ੍ਰਕਾਰ ਦੀ ਖ਼ਬਰ ਸੁਣੀ ਤਾਂ ਉਹ ਘਰ ਅਤੇ ਦੇਸ਼ ਛੱਡ ਕੇ ਚਲਾ ਗਿਆ। ਆਪਣੇ ਹਿਰਦੇ ਵਿਚ ਰਹਿਣ ਵਾਲੇ ਸਥਾਨ ਬਾਰੇ ਵਿਚਾਰ ਕੀਤੀ। ਪਰ ਜਹਾਨ ਵਿਚ ਐਸਾ ਕੋਈ ਵੀ ਥਾਂ ਪ੍ਰਾਪਤ ਨਾ ਹੋਇਆ॥ ੭॥

ਸੁਨੀ ਹੁਤੀ ਸੁਧਿ ਸ੍ਰੀ ਗੁਰ ਕੇਰੀ। ਇਕ ਸਮ ਨਿਬਹੈ ਸ਼ਕਤਿ ਘਨੇਰੀ।
ਦੂਰਿ ਕਰਿ ਦੂਰ ਦੂਰ ਨਿਤ ਚਲਿ ਕਰਿ। ਪਹੁੰਚ੍ਯੋ ਆਨਿ ਅਨੰਦਪੁਰਿ ਹਿਤ ਕਰਿ॥੮॥

ਉਸ ਨੇ ਗੁਰੂ ਗੋਬਿੰਦ ਸਿੰਘ ਬਾਰੇ ਖ਼ਬਰ ਸੁਣੀ ਸੀ। ਇਕ ਗੁਰੂ ਜੀ ਹੀ ਨੁਰੰਗੇ ਵਾਂਗ ਬਹੁਤ ਸ਼ਕਤੀ ਵਾਲੇ ਹਨ, ਉਹ ਮੇਰਾ ਧਰਮ ਨਿਬਾਹੁਣਗੇ। ਲੁਕ ਕੇ ਨਿਤ ਲੰਮਾ ਲੰਮਾ ਪੈਂਡਾ ਕਰਕੇ, ਅਤੇ ਆਮ ਰਸਤਿਆਂ ਤੋਂ ਦੁਰੇਡੇ ਚਲ ਕੇ ਆਪਣਾ ਹਿਤ ਧਾਰ ਅਨੰਦਪੁਰ ਵਿਚ ਆ ਪੁੱਜਾ॥ ੮॥

ਰੁਚਿਰ ਕਵਿੱਤ ਕਿਤ੍ਰਕੇ ਕਰਿ ਕੈ। ਮਿਲ੍ਯੋ ਗੁਰੂ ਸਨ ਤਬਹਿ ਉਚਰਿਕੈ।
'ਬਿਨਾ ਆਸਰੇ ਗਹ੍ਯੋ ਅਲੰਬ। ਜਗਤ ਗੁਰੂ ! ਗੁਨ ਧਰਹੁ ਕਦੰਬ॥ ੯॥

ਕੀਰਤੀ ਦੀ ਸੁੰਦਰ ਕਵਿਤਾ ਰਚ ਕੇ, ਉਸ ਤਰ੍ਹਾਂ ਉਚਾਰਨ ਕਰਕੇ ਗੁਰੂ ਜੀ ਨੂੰ ਮਿਲਿਆ, "ਹੇ ਜਗਤ ਗੁਰੂ ਜੀ ! ਆਸਰਾ ਰਹਿਤ ਹੋਣ ਕਰਕੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ, ਤੁਸੀਂ ਸਮੂਹ ਗੁਣਾਂ ਨੂੰ ਧਾਰਨ ਵਾਲੇ ਹੋ॥ ੯॥

ਸੁਨਾ ਨਿਥਾਵਨ ਕੇ ਤੁਮ ਥਾਨ। ਸਦਾ ਨਿਮਾਨਨ ਕੇ ਬਡ ਮਾਨ।
ਅਹੋ ਨਿਤਾਨਨ ਕੇ ਤੁਮ ਤ੍ਰਾਨ। ਅਸ ਸ਼ੋਭਾ ਕੋ ਕਥਹਿ ਜਹਾਨ॥ ੧੦॥

ਮੈਂ ਸੁਣਿਆ ਹੈ ਤੁਸੀਂ ਨਿਥਾਵਿਆਂ ਦਾ ਥਾਂ ਹੋ ਤੇ ਸਦਾ ਨਿਮਾਣਿਆਂ ਦਾ ਵੱਡਾ ਮਾਣ ਹੋ, ਨਿਤਾਣਿਆਂ ਦਾ ਤੁਸੀਂ ਤਾਣ ਹੋ, ਐਸੀ ਤੁਹਾਡੀ ਸ਼ੋਭਾ ਜਗਤ ਵਾਲੇ ਕਥਨ ਕਰਦੇ ਹਨ॥" ੧੦॥

ਸੁਨਿ ਸ੍ਰੀ ਪ੍ਰਭੁ ਸਾਦਰ ਬੈਠਾਯੋ। ਨਿਜ ਪ੍ਰਸੰਗ ਤਬਿ ਬਿੱਪ੍ਰ ਸੁਨਾਯੋ।
'ਤੁਰਕ ਤੇਜ ਤੇ ਬਿਨ ਬਲ ਹਿੰਦੂ। ਧਰਮ ਬਿਨਾਸਤਿ ਮੇਲਤਿ ਬਿੰਦੂ॥ ੧੧॥

ਇਹ ਸੁਣ ਕੇ ਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਇਆ। ਫਿਰ ਬ੍ਰਾਹਮਣ ਨੇ ਆਪਣਾ ਪ੍ਰਸੰਗ ਸੁਣਾਇਆ। "ਤੁਰਕਾਂ ਦਾ ਤੇਜ ਕਰਕੇ ਹਿੰਦੂ ਬਲਹੀਣ ਹੋਏ ਹਨ। ਬਹੁਤਿਆਂ ਦਾ ਧਰਮ ਨਾਸ਼ ਕਰਕੇ ਆਪਣੇ ਮਜ਼ਹਬ ਵਿਚ ਮਿਲਾ ਲੈਂਦਾ ਹੈ॥ ੧੧॥

ਮਹਾਂ ਤ੍ਰਾਸ ਤੇ ਮੈਂ ਚਲਿ ਆਯੋ। ਚਹਤਿ ਆਪਨੋ ਧਰਮ ਬਚਾਯੋ'।
ਸੁਨਿ ਸ਼੍ਰੀ ਸਤਿਗੁਰ ਧੀਰਜ ਦੀਨਾ। ਰੋਜ ਰਜਤਪਣ ਪੰਚ ਸੁ ਕੀਨਾ॥ ੧੨॥

ਬਹੁਤ ਡਰ ਕੇ ਮੈਂ ਏਥੇ ਚਲ ਕੇ ਆਇਆ ਹਾਂ, ਮੈਂ ਆਪਣਾ ਧਰਮ ਬਚਾਉਣਾ ਚਾਹੁੰਦਾ ਹਾਂ।" ਸਤਿਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ। ਉਸ ਦੀ ਰੋਜ਼ ਦੀ ਪੰਜ ਰੁਪਏ ਤਨਖਾਹ ਮਿੱਥ ਦਿੱਤੀ॥ ੧੨॥

ਕਹਜੋ 'ਤੋਹਿ ਪਿਤ ਕਵੀ ਬਿਸਾਲਾ। ਰਚੀ ਆਦਿ ਕਵਿਪ੍ਰਿਯਾ ਰਸਾਲਾ।
ਗ੍ਰੰਥ ਮਹਾਂਭਾਰਤ ਮਨ ਭਾਵੈ। ਕਵਿ ਗਨ ਤੇ ਭਾਖਾ ਬਨਵਾਵੈਂ'॥ ੧੩॥

ਉਸ ਨੂੰ ਕਿਹਾ, "ਤੇਰੇ ਪਿਤਾ ਜੀ ਵੱਡੇ ਕਵੀ ਹਨ, ਉਨ੍ਹਾਂ ਪਹਿਲਾਂ ਰੌਚਕ 'ਕਵਿਪ੍ਰਿਯਾ' ਗ੍ਰੰਥ ਦੀ ਰਚਨਾ ਕੀਤੀ ਹੈ। ਮਹਾਂਭਾਰਤ ਗ੍ਰੰਥ ਦਿਲ ਨੂੰ ਚੰਗਾ ਲਗਣ ਵਾਲਾ ਹੈ। ਕਈਆਂ ਕਵੀਆਂ ਪਾਸੋਂ ਬ੍ਰਿਜਭਾਸ਼ਾ ਵਿਚ ਬਣਵਾਵਾਂਗੇ"॥ ੧੩॥

ਇਮ ਕਹਿ ਰਾਖਜੋ ਨਿਕਟ ਹਮੇਸ਼ਾ। ਸੁਨਿ ਕਵਿ ਆਵਨਿ ਲਗੇ ਵਿਸ਼ੇਸ਼ਾ।
ਦਰਬ ਬ੍ਰਿੰਦ ਦੇ ਰਾਖਹਿਂ ਤੀਰ। ਪਰਚਹਿਂ ਤਿਨ ਕੇ ਸੰਗ ਸਧੀਰ॥ ੧੪॥

ਇਸ ਤਰ੍ਹਾਂ ਕਹਿ ਕੇ ਸਦਾ ਆਪਣੇ ਪਾਸ ਰੱਖਿਆ, ਉਸ ਬਾਰੇ ਸੁਣ ਕੇ ਵਿਸ਼ੇਸ਼ ਕਵੀ ਆਉਣ ਲੱਗੇ। ਬਹੁਤ ਧਨ ਦੇ ਕੇ ਪਾਸ ਰੱਖਦੇ ਸਨ। ਧੀਰਜਵਾਨ ਗੁਰੂ ਜੀ ਉਨ੍ਹਾਂ ਨਾਲ ਪਰਚੇ ਰਹਿੰਦੇ ਸਨ॥ ੧੪॥

ਬਾਨੀ ਸ਼੍ਰੀ ਗੁਰ ਆਪ ਬਨਾਵੈਂ। ਚੰਡਿ ਚਰਿੱਤ੍ਰ ਆਦਿ ਗਨ ਭਾਵੈਂ।
ਰਿਦੇ ਬਿਚਾਰਹਿਂ ਬਹੁਤ ਕ੍ਰਿਪਾਲਾ। ਚਹੈਂ ਰਚਨਿ ਕੋ ਪੰਥ ਬਿਸਾਲਾ॥ ੧੫॥

ਗੁਰੂ ਜੀ ਆਪ ਬਾਣੀ ਬਣਾਉਂਦੇ ਸਨ, ਚੰਡੀ ਚੱਰਿਤ੍ਰ ਆਦਿ ਮਨ ਨੂੰ ਭਾਉਂਦੇ ਸਨ। ਕ੍ਰਿਪਾਲੂ ਗੁਰੂ ਜੀ ਹਿਰਦੇ ਵਿਚ ਬਹੁਤ ਵਿਚਾਰ ਕਰਦੇ ਸਨ। ਕਿਸੇ ਵੱਡੇ ਪੰਥ ਦੀ ਰਚਨਾ ਕਰਨਾ ਚਾਹੁੰਦੇ ਸਨ॥ ੧੫॥

ਸੁਨਿ ਅੱਨਜਾਇ ਤੁਰਕ ਕੋ ਭਾਰੀ। ਦੇਤਿ ਜਗਤ ਕੌ ਦੁਖ ਬੁਰਿਆਰੀ।
ਰਾਜ ਤੇਜ ਜਿਮ ਸਰਬ ਬਿਨਾਸੈ। ਪੰਥ ਖਾਲਸਾ ਸੁਖਦ ਪ੍ਰਕਾਸ਼ੈ। ੧੬॥

ਤੁਰਕਾਂ ਦੇ ਵੱਡੇ ਅਨਿਆਂ ਬਾਰੇ ਸੁਣ ਕੇ, ਜਗਤ ਨੂੰ ਬਹੁਤ ਭਾਰੀ ਦੁਖ ਦਿੰਦਾ ਹੈ। ਇਸ ਦਾ ਰਾਜ ਤੇਜ ਸਾਰਾ ਖਤਮ ਹੋ ਜਾਵੇਗਾ ਜਦ ਸੁਖਦਾਇਕ ਪੰਥ ਖਾਲਸੇ ਦਾ ਪ੍ਰਕਾਸ਼ ਹੋਵੇਗਾ॥ ੧੬॥

ਰਕਤਬੀਜ ਕੋ ਜੁੱਧ ਕਰਾਲਾ। ਸਿਮਰਨ ਕੀਨਸਿ ਭਲੋ ਸੁ ਕਾਲਾ।
ਜਗਤ ਮਾਤ ਕੌ ਬਰ ਤਿਹ ਸਮੌਂ। ਪੰਥ ਕਰਨ ਕੋ ਦੀਨਸਿ ਹਮੌਂ॥ ੧੭॥

ਰਕਤ ਬੀਜ ਦੇ ਵਿਕਰਾਲ ਯੁੱਧ ਬਾਰੇ ਉਸ ਸਮੇਂ ਭਲੀ ਪ੍ਰਕਾਰ ਯਾਦ ਕੀਤਾ। ਜਗਤ ਮਾਤਾ ਨੇ ਉਸ ਸਮੇਂ ਨਵਾਂ ਪੰਥ ਚਲਾਉਣ ਦਾ ਵਰ ਦਿੱਤਾ॥ ੧੭॥

ਬਿਦਤ ਹੋਇ ਕਰਿ ਬਰ ਤਬਿ ਦੇਊ। ਸੋ ਅਬਿ ਸਮਾ ਭਯੋ ਬਿਧਿ ਤੇਊ।
ਹੋਇ ਬਿੱਪ੍ਰ ਬਰ ਅਸ ਕਿਸ ਦੇਸ਼। ਪੂਜਹਿਂ, ਹੋਮ ਕਰਾਇ ਵਿਸ਼ੇਸ਼॥ ੧੮॥

ਤਦ ਦੋਵੇਂ ਵਰ ਪ੍ਰਗਟ ਹੋਏ, ਉਹ ਹੁਣ ਉਸ ਵਿਧੀ ਅਨੁਸਾਰ ਸਮਾਂ ਆ ਗਿਆ ਹੈ। ਸ੍ਰੇਸ਼ਟ ਬ੍ਰਾਹਮਣ ਕਿਸੇ ਦੇਸ਼ ਦਾ ਹੋਵੇਗਾ, ਅਸੀਂ ਪੂਜਾ ਕਰਾਂਗੇ ਤੇ ਵਿਸ਼ੇਸ਼ ਤੌਰ ਤੇ ਹੋਮ ਕਰਾਵਾਂਗੇ॥ ੧੮॥

ਜਥਾ ਜੋਗ ਬਿਧ ਤੇ ਕਰਿਵਾਵਹਿਂ। ਕਲੀ ਕਾਲ ਦੇਵੀ ਬਿਦਤਾਵਹਿਂ।
ਕਰਿ ਦਰਸ਼ਨ ਪੂਰਬ ਬਰ ਲੈਹੈਂ। ਪੀਛੇ ਪੰਥ ਖਾਲਸਾ ਕੈਹੈਂ॥ ੧੯॥

ਯਥਾਯੋਗ ਵਿਧੀ ਨਾਲ ਕਰਵਾਵਾਂਗੇ, ਕਲਜੁਗ ਵਿਚ ਦੇਵੀ ਪ੍ਰਗਟ ਕਰਵਾਵਾਂਗੇ। ਦਰਸ਼ਨ ਕਰਕੇ ਪਹਿਲਾਂ ਵਰ ਲਵਾਂਗੇ, ਬਾਅਦ ਵਿਚ ਪੰਥ ਕਰਾਂਗੇ॥ ੧੯॥

*ਨੋਟ :- ਕਵੀ ਜੀ ਆਪ ਰੁੱਤ ੨ ਦੇ ਅਧਿਆਇ ੨੪ ਵਿਚ ਲਿਖ ਆਏ ਹਨ 'ਬ੍ਰਾਹਮਾਦਿਕ ਸਨਕਾਦਿਕ ਸਾਰੇ। ਸ਼ੇਸ਼ ਸਾਰਦਾ ਪਾਇ ਨ ਪਾਰੇ। ਜੇ ਸਾਰਦਾ ਅਤੇ ਸ਼ੇਸ਼ਨਾਗ ਆਦਿ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕ ਹਨ ਤਾਂ ਫਿਰ ਗੁਰੂ ਜੀ ਨੂੰ ਆਪਣੇ ਸੇਵਕਾਂ ਵਿਚੋਂ ਕਿਸੇ ਇਕ ਦੀ ਪੂਜਾ ਦੀ ਕੀ ਲੋੜ ਹੈ ? ਇਸ ਕਰਕੇ ਦੇਵੀ ਪੂਜਾ ਅਤੇ ਦੇਵੀ ਵਰ ਦੀ ਕਥਾ ਮਨਘੜਤ ਹੈ। ਕਵੀ ਜੀ ਬ੍ਰਾਹਮਣਵਾਦ ਦਾ ਪ੍ਰਭਾਵ ਕਰਕੇ ਲਿਖ ਰਹੇ ਹਨ।*

ਰੱਛਕ ਹਿੰਦੂ ਧਰਮ ਕੇ ਬਨੈਂ। ਦੁਸ਼ਟ ਅਰਿਸ਼ਟਿ ਪ੍ਰਬਲ ਕੌ ਹਨੈਂ।
ਇੱਤਜਾਦਿਕ ਪ੍ਰਭੁ ਚਿਤਵਤਿ ਰਹੈਂ। ਬਿੱਪ੍ਰ ਖੋਜਿਬੇ ਹਿਤ ਕਬਿ ਕਹੈਂ॥ ੨੦॥

ਹਿੰਦੂ ਧਰਮ ਦੇ ਰਖਵਾਲੇ ਬਣਨਗੇ, ਦੁਸ਼ਟਾਂ ਅਤੇ ਉਪੱਦਰ ਕਰਨ ਵਾਲਿਆਂ ਨੂੰ ਮਾਰਨਗੇ। ਇਸ ਪ੍ਰਕਾਰ ਪ੍ਰਭੂ ਜੀ ਵਿਚਾਰ ਕਰਦੇ ਰਹਿੰਦੇ ਸਨ, ਕਈ ਵਾਰ ਬ੍ਰਾਹਮਣ ਦੀ ਖੋਜ ਕਰਨ ਵਾਸਤੇ ਕਹਿੰਦੇ ਸਨ॥ ੨੦॥

ਚਹੂੰ ਕੂੰਟਨਿ ਤੇ ਨਰ ਗਨ ਆਵੈਂ। ਅਨਿਕ ਅਕੋਰਨਿ ਕੋ ਅਰਪਾਵੈਂ।
ਬਸਨ ਬਿਭੂਖਨ ਹਯ ਹੱਥਜਾਰ। ਵਸਤੁ ਅਜਾਇਬ ਦਰਬ ਉਦਾਰ॥ ੨੧॥

ਚਾਰੇ ਕੂਟਾਂ ਤੋਂ ਬਹੁਤ ਮਨੁੱਖ ਆਉਂਦੇ ਸਨ, ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਵਸਤਰ, ਗਹਿਣੇ, ਘੋੜੇ ਅਤੇ ਹਥਿਆਰ ਲਿਆਉਂਦੇ ਸਨ। ਅਜੀਬ ਵਸਤਾਂ ਅਤੇ ਖੁਲ੍ਹਾ ਧਨ ਦਿੰਦੇ ਸਨ॥ ੨੧॥

ਮਨੋਕਾਮਨਾ ਪਾਇ ਸਿਧਾਰੈਂ। ਕੀਰਤਿ ਚਾਰੋਂ ਬਰਨ ਉਚਾਰੈਂ।
ਪੀਰ ਅਜ਼ਮਤੀ ਆਇਂ ਅਨੇਕੈਂ। ਬਪੁ ਖ਼ੁਦਾਇ ਲਖਿ ਮਸਤਕ ਟੇਕੈਂ॥ ੨੨॥

ਆਪਣੀਆਂ ਮਨੋਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ, ਚਾਰੇ ਵਰਨਾਂ ਦੇ ਲੋਕ ਗੁਰੂ ਜੀ ਦੀ ਕੀਰਤੀ ਦਾ ਉਚਾਰਨ ਕਰਦੇ ਸਨ। ਅਨੇਕਾਂ ਕਰਾਮਾਤੀ ਫਕੀਰ ਆਉਂਦੇ ਸਨ। ਖ਼ੁਦਾ ਦਾ ਅਵਤਾਰ ਜਾਣ ਕੇ ਮੱਥਾ ਟੇਕਦੇ ਸਨ॥ ੨੨॥

ਪ੍ਰਸ਼ਨੋਤਰ ਕਰਿ ਉਰ ਹਰਖਾਵੈਂ। ਕਿਤਿਕ ਨਿਕਟ ਰਹਿ ਸੇਵ ਕਮਾਵੈਂ।
ਤਿਮਹੀ ਬਹੁ ਜੋਗੀ ਸੰਨਜਾਸੀ। ਦਿਪਤਿ ਤੇਜ ਤੇ ਆਵਹਿਂ ਪਾਸੀ॥ ੨੩॥

ਸਵਾਲ ਜਵਾਬ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ, ਕਈ ਪਾਸ ਰਹਿ ਕੇ ਸੇਵਾ ਕਰਦੇ ਸਨ। ਉਸ ਤਰ੍ਹਾਂ ਹੀ ਬਹੁਤ ਜੋਗੀ ਅਤੇ ਸੰਨਿਆਸੀ ਆਉਂਦੇ ਸਨ, ਪ੍ਰਕਾਸ਼ਮਈ ਤੇਜ ਵੇਖ ਕੇ ਪਾਸ ਆਉਂਦੇ ਸਨ॥ ੨੩॥

ਜਪੀ ਤਪੀ ਭੇਖ ਵਿਰਾਗੀ। ਦਰਸਹਿਂ ਪ੍ਰਭੁ ਕੋ ਜੋ ਬਡਭਾਗੀ।
ਰਚਹਿਂ ਅਨਿਕ ਛੰਦਨ ਕੀ ਬਾਨੀ। ਸੁੰਦਰ ਰਸ ਸ਼ਿੰਗਾਰ ਕੇ ਸਾਨੀ॥ ੨੪॥

ਜਪੀ, ਤਪੀ ਅਤੇ ਵਿਰਾਗੀ ਭੇਸ ਵਾਲੇ ਜਿਹੜੇ ਵੱਡੇ ਭਾਗਾਂ ਵਾਲੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਅਨੇਕ ਛੰਦਾਂ ਦੀ ਬਾਣੀ ਰਚਦੇ ਸਨ, ਜਿਹੜੀ ਸੁੰਦਰ ਸ਼ਿੰਗਾਰ ਰਸ ਵਿਚ ਰੰਗੀ ਹੁੰਦੀ ਸੀ॥ ੨੪॥

ਬਰਣਨ ਕਰੈਂ ਬਹੁਤ ਰਸਬੀਰ। ਬਿਚ ਸੰਗ੍ਰਾਮ ਧਰਨ ਭਟ ਧੀਰ।
ਅਧਿਕ ਰੌਦ੍ਰ ਪੁਰਖਾਰਥ ਜੋਧਾ। ਲਗਹਿ ਸ਼ਸਤ੍ਰ ਜਿਮ ਬਢ ਹੈ ਕ੍ਰੋਧਾ॥ ੨੫॥

ਬਹੁਤ ਬੀਰ ਰਸ ਵਰਣਨ ਕਰਦੇ ਸਨ, ਸੁਣ ਕੇ ਯੁੱਧ ਵਿਚ ਸੂਰਮੇ ਧੀਰਜ ਧਾਰਨ ਕਰਦੇ ਸਨ। ਰੌਦ੍ਰਰਸ ਨਾਲ ਯੋਧਿਆਂ ਵਿਚ ਉੱਦਮ ਵਧਦਾ ਸੀ ਜਿਵੇਂ ਸ਼ਸਤਰ ਲਗਣ ਨਾਲ ਕ੍ਰੋਧ ਵਧਦਾ ਹੈ॥ ੨੫॥

**ਜਿਸਤੇ ਬਕਤਾ ਅਰੁ ਸ਼੍ਰੋਤਾਨ। ਵਧੈ ਬੀਰਤਾ ਮਨ ਮਹਿਂ ਆਨ।**
**ਕੋ ਅਸ ਕਾਇਰ ਹ੍ਵੈ ਜਗ ਮਾਂਹੀ। ਸੁਨਿ ਪਠਿ ਹ੍ਵੈ ਉਤਸਾਹ ਨ ਜਾਂਹੀ॥ ੨੬॥**

ਜਿਸ ਨਾਲ ਵਕਤਾ ਅਤੇ ਸ੍ਰੋਤੇ ਦੇ ਮਨ ਵਿਚ ਬੀਰਤਾ ਆ ਕੇ ਵਧਦੀ ਹੈ। ਜਗਤ ਵਿਚ ਕਈ ਐਸੇ ਕਾਇਰ ਹੁੰਦੇ ਹਨ, ਜਿਨ੍ਹਾਂ ਵਿਚ ਪੜ੍ਹ ਸੁਣ ਕੇ ਉਤਸ਼ਾਹ ਨਹੀਂ ਪੈਦਾ ਹੁੰਦਾ ਹੈ॥ ੨੬॥

**ਰਣ ਮਹਿਮਾ ਕੋ ਕਹੈਂ ਮਹਾਨੀ। ਚਹਿਬੋ ਸਭਿ ਨਰ ਆਯੁਧ ਪਾਨੀ।**
**ਆਨ ਕਵੀ ਬਹੁ ਪਾਸ ਥਿਰੇ ਹੈਂ। ਅਨਿਕ ਭਾਂਤਿ ਕੀ ਗਿਰਾ ਕਰੇ ਹੈਂ॥ ੨੭॥**

ਰਣਖੇਤਰ ਦੀ ਮਹਾਨ ਮਹਿਮਾ ਕਹਿੰਦੇ ਹਨ, ਫਿਰ ਸਾਰੇ ਮਨੁੱਖ ਹਥਿਆਰ ਧਾਰਨ ਕਰਨੇ ਚਾਹੁੰਦੇ ਹਨ। ਗੁਰੂ ਜੀ ਪਾਸ ਬਹੁਤ ਕਵੀ ਆ ਕੇ ਰਹਿੰਦੇ ਹਨ, ਉਹ ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਹਨ॥ ੨੭॥

**ਮਨ ਭਾਵਤ ਬਹੁ ਲਹੈਂ ਪਦਾਰਥ। ਦਰਬ ਦੀਹ ਲੇ ਪੁਰਵਹਿਂ ਸ੍ਵਾਰਥ।**
**ਭਾਰਤ ਕੇ ਗਨ ਪਰਬ ਉਦਾਰਾ। ਜਿਨ ਮਹਿਂ ਬਰਨਜੋਂ ਜੰਗ ਅਖਾਰਾ॥ ੨੮॥**

ਮਨ-ਭਾਉਂਦੇ ਪਦਾਰਥ ਪ੍ਰਾਪਤ ਕਰਦੇ ਹਨ, ਬਹੁਤ ਧਨ ਲੈ ਕੇ ਆਪਣਾ ਸਵਾਰਥ ਪੂਰਾ ਕਰਦੇ ਹਨ। ਮਹਾਂਭਾਰਤ ਗ੍ਰੰਥ ਦੇ ਸਾਰੇ ਅਧਿਆਇ, ਜਿਨ੍ਹਾਂ ਵਿਚ ਜੰਗ ਦੇ ਅਖਾੜਿਆਂ ਬਾਰੇ ਵਰਣਨ ਕੀਤਾ ਹੈ॥ ੨੮॥

**ਸੋ ਕਵੀਅਨਿ ਤੇ ਕਹਿ ਬਨਵਾਏ। ਅਨਿਕ ਛੰਦ ਸੁੰਦਰ ਬਿਧਿ ਗਾਏ।**
**ਸ਼੍ਰੀ ਅਜੀਤ ਸਿੰਘ ਅਨੰਦ ਬਿਲੰਦ। ਬੈਠਹਿਂ ਨਿਕਟ ਪਿਤਾ ਸੁਖਕੰਦ॥ ੨੯॥**

ਉਹ ਕਵੀਆਂ ਪਾਸੋਂ ਕਹਿ ਕੇ ਬਣਵਾਏ, ਅਨੇਕਾਂ ਛੰਦ ਸੁੰਦਰ ਵਿਧੀ ਨਾਲ ਬਣਾਏ ਹਨ। ਸਾਹਿਬਜ਼ਾਦਾ ਅਜੀਤ ਸਿੰਘ ਬਹੁਤ ਪ੍ਰਸੰਨ ਹੋ ਕੇ ਆਪਣੇ ਸੁਖਦਾਤੇ ਪਿਤਾ ਜੀ ਪਾਸ ਬੈਠਦੇ ਹਨ॥ ੨੯॥

**ਖੇਲਤਿ ਸ਼੍ਰੀ ਜੁਝਾਰ ਸਿੰਘ ਆਵੈਂ। ਪਿਤਾ ਸਮੀਪ ਥਿਰਹਿਂ ਹਰਖਾਵੈਂ।**
**ਅੰਕ ਬਿਖੈ ਦਾਯਾ ਲੇ ਆਵਹਿ। ਸ਼੍ਰੀ ਜ਼ੋਰਾਵਰ ਸਿੰਘ ਸੁਹਾਵਹਿਂ॥ ੩੦॥**

ਖੇਡਦੇ ਹੋਏ ਸ੍ਰੀ ਜੁਝਾਰ ਸਿੰਘ ਆਉਂਦੇ ਹਨ, ਪਿਤਾ ਜੀ ਪਾਸ ਬੈਠ ਕੇ ਪ੍ਰਸੰਨ ਹੁੰਦੇ ਹਨ। ਖਿਡਾਵਾ ਆਪਣੀ ਗੋਦ ਵਿਚ ਚੁੱਕ ਕੇ ਲੈ ਆਉਂਦਾ ਹੈ ਤੇ ਸ੍ਰੀ ਜ਼ੋਰਾਵਰ ਸਿੰਘ ਬਹੁਤ ਸ਼ੋਭਦੇ ਹਨ॥ ੩੦॥

**ਹੇਰਿ ਹੇਰਿ ਹੋਵਤਿ ਬਲਿਹਾਰੀ। ਕਰਹਿਂ ਸਰਾਹਨਿ ਬਹੁ ਨਰ ਨਾਰੀ।**
**ਜ਼ੇਵਰ ਜਬਰ ਜੋਤਿ ਜਿਨ ਜ਼ਾਹਰ। ਜਗਮਗ ਜ਼ਾਹਰ ਜਰੇ ਜਵਾਹਰ॥ ੩੧॥**

ਵੇਖ ਵੇਖ ਕੇ ਬਲਿਹਾਰ ਜਾਂਦੇ ਹਨ, ਬਹੁਤ ਇਸਤਰੀ ਪੁਰਸ਼ ਸ਼ਲਾਘਾ ਕਰਦੇ ਹਨ। ਜੜਾਊ ਗਹਿਣਿਆਂ ਦੀ ਜੋਤੀ ਪ੍ਰਗਟ ਰੂਪ ਵਿਚ ਪ੍ਰਕਾਸ਼ਦੀ ਹੈ ਤੇ ਜੜੇ ਹੋਏ ਜਵਾਹਰ ਜਗਮਗ ਜਗਮਗ ਕਰਦੇ ਹਨ॥ ੩੧॥

**ਸ਼੍ਰੀ ਜੀਤੋ ਕੀ ਬਹੁ ਅਭਿਲਾਖਾ। ਗੁਰ ਪਤਿ ਬਿਖੈ ਭਾਵ ਨਿਤ ਰਾਖਾ।**
**ਮਾਨਹਿ ਸਦਾ ਜਥਾ ਪ੍ਰਭੁ ਕਹੈਂ। ਤਿਮ ਸੇਵਤਿ ਸਤਿ ਸੰਗਤਿ ਰਹੈ॥ ੩੨॥**

ਮਾਤਾ ਜੀਤੋ ਜੀ ਦੀ ਬਹੁਤ ਅਭਿਲਾਸ਼ਾ ਹੈ, ਗੁਰੂ ਪਤੀ ਵਿਖੇ ਨਿਤ ਭਾਵਨਾ ਰੱਖਦੀ ਹੈ। ਜਿਵੇਂ ਵੀ ਗੁਰੂ ਜੀ ਕਹਿੰਦੇ ਹਨ, ਉਸ ਤਰ੍ਹਾਂ ਹੀ ਮੰਨਦੀ ਹੈ ਤੇ ਉਸ ਤਰ੍ਹਾਂ ਹੀ ਸਤਿਸੰਗਤ ਦੀ ਸੇਵਾ ਕਰਦੀ ਰਹਿੰਦੀ ਹੈ॥ ੩੨॥

**ਪਤਿ ਮੂਰਤਿ ਕੋ ਰਿਦੇ ਬਸਾਵੈ। ਥਿਰ ਕਰਿ ਮਨ ਕੋ ਮੋਦ ਉਪਾਵੈ।**
**ਬਹੁ ਅਭਿਲਾਖਾ ਲਖਿ ਕਰਿ ਸ੍ਵਾਮੀ। ਤਿਸਕੇ ਮੰਦਿਰ ਅੰਤਰਜਾਮੀ॥ ੩੩॥**

ਆਪਣੇ ਪਤੀਦੇਵ ਦੀ ਮੂਰਤੀ ਨੂੰ ਸਦਾ ਹਿਰਦੇ ਵਿਚ ਵਸਾਉਂਦੀ ਹੈ। ਬੈਠ ਕੇ ਮਨ ਦੀ ਪ੍ਰਸੰਨਤਾ ਨੂੰ ਵਧਾਉਂਦੀ ਹੈ। ਸਵਾਮੀ ਗੁਰੂ ਜੀ ਨੇ ਉਸ ਦੀ ਬਹੁਤ ਅਭਿਲਾਸ਼ਾ ਵੇਖ, ਅੰਤਰਜਾਮੀ ਗੁਰੂ ਜੀ ਉਸ ਦੇ ਮਹਿਲਾਂ ਵਿਚ ਚਲੇ ਗਏ॥ ੩੩॥

**ਵਾਰ ਸਨਿਸ਼ਚਰ ਕੀ ਨਿਸ ਜਬੈ। ਬਸੇ ਜਾਇ ਜੀਤੋ ਗ੍ਰਿਹ ਤਬੈ।**
**ਕਰਿ ਕੈ ਮੰਗਲ ਅਨਿਕ ਪ੍ਰਕਾਰੇ। ਸੇਵਹਿ ਚਰਨ ਕਮਲ ਹਿਤ ਧਾਰੇ॥ ੩੪॥**

ਸ਼ਨਿਚਰਵਾਰ ਦੀ ਜਦ ਰਾਤ ਪਈ ਤਦ ਗੁਰੂ ਆਪਣੀ ਸੁਪਤਨੀ ਜੀਤੋ ਜੀ ਦੇ ਘਰ ਠਹਿਰੇ। ਅਨੇਕ ਪ੍ਰਕਾਰ ਦੇ ਮੰਗਲ ਕਰਕੇ, ਉਹ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ॥ ੩੪॥

**ਚੌਥੀ ਵਾਰ ਨੰਦ ਚੌਥੇ ਹਿਤ। ਨਿਜ ਘਰ ਬਸੇ ਅਨੰਦ ਦੈਬੇ ਹਿਤ।**
**ਪੰਚਮ ਬੇਰਿ ਨ ਬਸੇ ਗੁਸਾਈਂ। ਬ੍ਰਹਮਚਰਜ ਧਰਿ ਬੈਸ ਬਿਤਾਈ॥ ੩੫॥**

ਚੌਥੀ ਵਾਰ ਚੌਥੇ ਪੁੱਤਰ ਵਾਸਤੇ, ਅਨੰਦ ਦੇਣ ਵਾਸਤੇ ਆਪਣੇ ਘਰ ਵਸੇ। ਪੰਜਵੀਂ ਵਾਰ ਮਾਲਕ ਜੀ ਨਾ ਵਸੇ, ਫਿਰ ਉਨ੍ਹਾਂ ਨੇ ਸਾਰੀ ਉਮਰ ਬ੍ਰਹਮਚਾਰ ਧਾਰ ਕੇ ਬਤੀਤ ਕੀਤੀ॥੩੫॥

**ਇਕ ਸੀਤਾ ਬਿਨ ਜਿਮ ਰਘੁਬੀਰ। ਸਰਬ ਆਰਬਲ ਰਾਖੀ ਧੀਰ।**
**ਪ੍ਰਾਤਿ ਆਇ ਕਰਿ ਸੌਚ ਸ਼ਨਾਨੇ। ਜੀਤੋ ਗਰਭ ਧਰਜੋ ਸਭਿ ਜਾਨੇ॥ ੩੬॥**

ਇਕ ਸੀਤਾ ਬਗੈਰ ਜਿਵੇਂ ਰਾਮ ਚੰਦਰ ਨੇ ਸਾਰੀ ਉਮਰ ਧੀਰਜ ਰੱਖਿਆ। ਸਵੇਰੇ ਆ ਕੇ ਸੌਚ ਇਸ਼ਨਾਨ ਕੀਤਾ। ਮਾਤਾ ਜੀਤੋ ਜੀ ਨੇ ਗਰਭ ਧਾਰਨ ਕੀਤਾ ਸੀ, ਇਹ ਸਾਰੇ ਜਾਣ ਗਏ॥ ੩੬॥

**ਕਰੇ ਬਿਤਾਵਨ ਨਵਮ ਮਹੀਨੇ। ਫਾਗਨ ਸੁਦਿ ਬੁਧਵਾਰ ਸੁ ਚੀਨੇ।**
**ਸੰਮਤ ਹੁਤੋ ਸਤਾਰਾਂ ਸੈਯਾ। ਪਚਵੰਜਾ ਊਪਰ ਬਿਤ ਵੈਯਾ॥ ੩੭॥**

ਨੌਂ ਮਹੀਨੇ ਬਤੀਤ ਕੀਤੇ। ਫੱਗਣ ਸੁਦੀ ਦਾ ਬੁਧਵਾਰ ਵੇਖਿਆ ਉਸ ਸਮੇਂ ਸੰਮਤ ੧੭੫੫ ਬਿਕਰਮੀ ਬੀਤ ਰਹੀ ਸੀ॥ ੩੭॥

**ਚਤੁਰਥ ਪੁੱਤ੍ਰ ਜਨਮ ਕੋ ਲੀਨਾ। ਬਜੀ ਵਧਾਈ ਉਮਰਾ ਨਵੀਨਾ।**
**ਤਿਥ ਇਕਾਦਸ਼ੀ ਉਤਸਵ ਕਿਤੋ। ਤਬਿ ਨਖੱਤ੍ਰ ਅਨੁਰਾਧਾ ਹੁਤੋ॥ ੩੮॥**

ਗੁਰੂ ਜੀ ਦੇ ਚੌਥੇ ਪੁੱਤਰ ਨੇ ਜਨਮ ਲਿਆ, ਫਿਰ ਨਵੇਂ ਬਾਲਕ ਦੀ ਵਧਾਈ ਵੱਜੀ। ਇਕਾਦਸ਼ੀ ਦੀ ਥਿਤ ਵੱਡਾ ਉਤਸਵ ਕੀਤਾ, ਉਸ ਸਮੇਂ ਨਖੱਤ੍ਰ ਅਨੁਰਾਧਾ ਸੀ।

**ਤੀਨ ਪੁੱਤ੍ਰ ਸ਼੍ਰੀ ਜੀਤੋ ਕੇਰੇ। ਤੀਨ ਅਗਨਿ ਤਨ ਦਿਪਤਿ ਬਡੇਰੇ।**
**ਇਕ ਦਖਣਾਤਜ, ਗ੍ਰਹਿਪਤਜ ਬੀਜੀ। ਮਹਾਂ ਪ੍ਰਸਥ ਅਵਤਰੀ ਸੁ ਤੀਜੀ॥੩੯॥**

ਤਿੰਨ ਪੁੱਤਰ ਮਾਤਾ ਜੀਤੋ ਜੀ ਦੇ ਸਨ, ਤਿੰਨਾਂ ਅਗਨੀਆਂ ਦਾ ਰੂਪ ਬਹੁਤ ਪ੍ਰਕਾਸ਼ਦਾ ਸੀ। ਕਰਮ-ਕਾਂਡ ਨੇ ਛੇ ਅਗਨੀਆਂ ਮੰਨੀਆਂ ਹਨ- ਗਾਰ੍ਹਪਤੇ, ਆਹਵਨੀ, ਦਕਸ਼ਨਾਗਨੀ, ਸਭਆਗਨੀ, ਆਵਸਥ ਅਤੇ ਔਪਾਸਨਾਗਨੀ। ਇਨ੍ਹਾਂ ਵਿਚੋਂ ਪਹਿਲੀਆਂ ਤਿੰਨ ਮੁਖ ਹਨ। ਗਾਰ੍ਹਪਤੀ ਉਹ ਅਗਨੀ ਹੈ ਜਿਸ ਨਾਲ ਜੱਗ ਦੇ ਭਾਂਡੇ ਗਰਮ ਕੀਤੇ ਜਾਂਦੇ ਹਨ। ਜੱਗ ਲਈ ਰੋਟੀ ਪਕਾਉਣ ਤੋਂ ਲੈ ਕੇ ਸੰਸਕਾਰ ਤਕ ਸਾਰੀ ਕ੍ਰਿਤ ਏਸੇ ਅਗਨੀ ਨਾਲ ਕਰਦੇ ਹਨ। ਦਕਸ਼ਨਾਗਨੀ ਉਹ ਅੱਗ ਹੈ ਜੋ ਜੱਗ ਦੇ ਮੰਡਪ ਵਿਚ ਗਾਰ੍ਹਪਤੀ ਅਗਨੀ ਦੇ ਦੱਖਣ ਵਿਚ ਰੱਖੀ ਜਾਂਦੀ ਹੈ। ਆਹਵਨੀ ਅਗਨੀ ਉਹ ਹੈ ਜੋ ਗਾਰ੍ਹਪਤੀ ਅਗਨੀ ਵਿਚੋਂ ਲੈ ਕੇ ਮੰਡਪ ਵਿਚ ਪੂਰਬ ਦੇ ਪਾਸੇ ਸਥਾਪਤ ਕੀਤੀ ਜਾਂਦੀ ਹੈ। ਹਵਨ ਇਸ ਨਾਲ ਹੁੰਦਾ ਹੈ ਕਵੀ ਨੇ ਇਸ ਨੂੰ ਮਹਾਂ ਪ੍ਰਸਤ ਲਿਖਿਆ ਹੈ। ਮਹਾਂ ਪ੍ਰਸਤ ਅਗਨੀ ਤੀਜੀ ਪ੍ਰਗਟ ਹੋਈ॥ ੩੯॥

ਤੁਰਕਨਿ ਤੇਜ ਮਹਿਦ ਬਨ ਜੋਵਾ। ਇਨ ਅਪਰਾਧ ਦਗਧ ਸੋ ਹੋਵਾ।
ਸਿੰਘਨ ਕੇ ਦਾਰਿਦ ਬਡ ਸੀਤ। ਇਨ ਤੇ ਸ਼ੀਘ੍ਰ ਗਯੋ ਬਹੁ ਬੀਤ॥ ੪੦॥

ਤੁਰਕਾਂ ਦਾ ਤੇਜ ਜਿਹੜਾ ਬਹੁਤ ਵੱਡਾ ਬਣ ਗਿਆ ਹੈ, ਉਹ ਸਾਹਿਬਜ਼ਾਦਿਆਂ ਦਾ ਅਪਰਾਧ ਕਰਨ ਤੇ ਉਨ੍ਹਾਂ ਦਾ ਤੇਜ ਸੜ ਗਿਆ ਭਾਵ ਉਨ੍ਹਾਂ ਨੂੰ ਮਾਰਨਾ ਤੁਰਕਾਂ ਲਈ ਤਿੰਨ ਹੋਮ ਅਗਨੀਆਂ ਬਾਲਣੀਆਂ ਸਨ, ਜਿਨ੍ਹਾਂ ਵਿਚ ਉਨ੍ਹਾਂ ਦਾ ਰਾਜ ਤੇਜ ਸੜ ਗਿਆ॥ ੪੦॥

ਮਾਤ ਸੁੰਦਰੀ ਕੋ ਸੁਤ ਸੂਰਾ। ਸ਼ਸਤ੍ਰਨਿ ਕੀ ਬਿੱਦਜਾ ਮਹਿਂ ਪੂਰਾ।
ਰਣ ਮਹਿਂ ਅਨਗਨ ਤੁਰਕ ਪ੍ਰਹਾਰੇ। ਨਹਿਂ ਠਹਿਰਨ ਕੋ ਦੀਨਿ ਅਗਾਰੇ॥ ੪੧॥

ਮਾਤਾ ਸੁੰਦਰੀ ਜੀ ਦਾ ਸੂਰਬੀਰ ਪੁੱਤਰ ਸ਼ਸਤਰ ਵਿਦਿਆ ਵਿਚ ਨਿਪੁੰਨ ਸੀ। ਰਣਖੇਤਰ ਵਿਚ ਉਸ ਤੁਰਕ ਮਾਰੇ, ਕਿਸੇ ਨੂੰ ਵੀ ਉਹ ਅੱਗੇ ਖੜਾ ਨਹੀਂ ਸੀ ਹੋਣ ਦਿੰਦਾ॥ ੪੧॥

ਚਾਰਹੁਂ ਕੇ ਸਰੂਪ ਦੁਤਿ ਚਾਰੂ। ਚਤੁਰ ਸੁਮਤਿ ਕੇ ਮਨਹੁਂ ਪਹਾਰੂ।
ਦਿਨ ਪ੍ਰਤਿ ਸ਼ਸਤ੍ਰਨਿ ਕੋ ਅੱਭ੍ਯਾਸਾ। ਪਿਤ ਕੀ ਆਇਸੁ ਮੈਂ ਜਿਮ ਦਾਸਾ॥੪੨॥

ਚਾਰਾਂ ਦੇ ਸੁੰਦਰ ਸਰੂਪ ਸਨ, ਚਤੁਰ ਬੁੱਧੀ ਦੇ ਮਾਨੋ ਪਹਾੜ ਸਨ। ਪ੍ਰਤੀ ਦਿਨ ਸ਼ਸਤਰਾਂ ਦਾ ਅਭਿਆਸ ਕਰਦੇ ਸਨ ਤੇ ਆਪਣੇ ਪਿਤਾ ਜੀ ਦੀ ਆਗਿਆ ਵਿਚ ਸੇਵਕਾਂ ਵਾਂਗ ਰਹਿੰਦੇ ਸਨ॥ ੪੨॥

ਰੁਤਿ ਦੂਜੀ ਅਬਿ ਪੂਰਨ ਹੋਈ। ਕਹੌਂ ਕਥਾ ਪੁਨ ਆਗਲ ਜੋਈ।
ਦਸਹੁਂ ਗੁਰਨ ਕੇ ਚਰਨ ਮਨਾਇ। ਜਥਾ ਸ਼ਕਤਿ ਸਭਿ ਦੇਉਂ ਸੁਨਾਇ॥ ੪੩॥

ਦੂਸਰੀ ਰੁੱਤ ਹੁਣ ਪੂਰੀ ਹੋ ਗਈ ਹੈ, ਹੁਣ ਫਿਰ ਅੱਗੇ ਜਾ ਕੇ ਕਥਾ ਕਹਾਂਗਾ। ਦਸਾਂ ਗੁਰੂ ਸਾਹਿਬਾਨ ਦੇ ਚਰਨ ਮਨਾਵਾਂਗਾ ਤੇ ਯਥਾ ਸ਼ਕਤੀ ਸਾਰੀ ਕਥਾ ਸੁਣਾ ਦੇਵਾਂਗਾ॥ ੪੩॥

*ਕਬਿੱਤ*- ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ, ਰਮਜੋਂ ਨਿਤ ਪਾਪਨਿ ਮੋਂ, ਮਿਲਜੋ ਕਬਿ ਧੀਰ ਨਾ।
ਧੀਰ ਨਾ ਧਰਤਿ ਕਾਮ ਲੰਪਟ ਕਠੋਰ, ਕੂਰ ਬੋਰਜੋ ਮੈਂ ਬਿਕਾਰਨ ਮੈਂ, ਭਯੋ ਮਨ ਤੀਰ ਨਾ।
ਤੀਰ ਨਾ ਪਛਾਨਜੋ ਤੁਮੈਂ, ਦੂਰ ਕਰਿ ਜਾਨਜੋ ਪ੍ਰਭੂ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ॥ ੪੪॥

ਹੇ ਪ੍ਰਭੂ ! ਮੈਂ ਸੰਤੋਖ ਸਿੰਘ ਨੇ ਸਤਿਸੰਗਤ ਨਾਲ ਕੋਈ ਮੇਲ ਨਹੀਂ ਰੱਖਿਆ ਤੇ ਸਦਾ ਕੁਸੰਗਤ ਵਿਚ ਮੇਲ ਰੱਖਿਆ ਹੈ। ਪਾਪਾਂ ਵਿਚ ਮੈਂ ਨਿਤ ਗਲਤਾਨ ਰਿਹਾ ਹਾਂ ਤੇ ਮੈਨੂੰ ਕਦੀ ਵੀ ਧੀਰਜ ਪ੍ਰਾਪਤ ਨਹੀਂ ਹੋਇਆ ਹੈ। ਹਾਂ, ਮੇਰਾ ਮਨ ਧੀਰਜ ਨਹੀਂ ਧਾਰਦਾ ਹੈ, ਇਹ ਕਠੋਰ ਕਾਮ ਵਿਚ ਲੰਪਟ ਹੈ। ਮੈਨੂੰ ਝੂਠੇ ਵਿਕਾਰਾਂ ਵਿਚ ਡੋਬ ਰਿਹਾ ਹੈ। ਕਿਸੇ ਉਪਾਅ ਨਾਲ ਵੀ ਇਹ ਮਨ ਸਿੱਧਾ ਨਹੀਂ ਹੋਇਆ ਹੈ। ਹੇ ਪ੍ਰਭੂ ! ਤੈਨੂੰ ਮੈਂ ਕਦੀ ਨੇੜੇ ਨਹੀਂ ਜਾਣਿਆ ਹੈ, ਸਦਾ ਦੂਰ ਕਰਕੇ ਹੀ ਜਾਣਦਾ ਰਿਹਾ ਹਾਂ ਜਿਵੇਂ ਉਹ ਤਰਖਾਣ ਪੁੱਤਰ ਨਾ ਤਾਂ ਸੂਰਮਾ ਸੀ ਤੇ ਨਾ ਤੇਰਾ ਅਰੰਭ ਤੋਂ ਭਗਤ ਸੀ ਕੇਵਲ ਇਸਤਰੀ ਵਾਸਤੇ ਉਸ ਨੇ ਵਿਸ਼ਨੂ ਦਾ ਭੇਸ ਧਾਰਨ ਕੀਤਾ ਤੇ ਹੇ ਪ੍ਰਭੂ ! ਤੂੰ ਉਸ ਦੀ ਵੀ ਪੈਜ ਰੱਖ ਲਈ, ਉਸ ਤਰ੍ਹਾਂ ਹੀ ਮੇਰਾ ਕੋਈ ਕਸੂਰ ਨਾ ਸਮਝੋ ਤੇ ਪੈਜ ਰੱਖ ਕੇ ਮੈਨੂੰ ਬਖਸ਼ ਲਵੋ॥ ੪੪॥

*'ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ'*

ਇਸ ਕਬਿਤ ਦੀ ਚੌਥੀ ਸਤਰ ਵਿਚ ਜਿਹੜੀ ਕਹਾਣੀ ਆਈ ਹੈ, ਉਹ ਇਸ ਪ੍ਰਕਾਰ ਹੈ :-

ਇਕ ਰਾਜ ਕੰਨਿਆਂ ਨੇ ਵਿਸ਼ਨੂੰ ਜੀ ਦਾ ਜੱਸ, ਸਰੂਪ ਅਤੇ ਸ਼ਕਤੀ ਬਾਰੇ ਸੁਣ ਕੇ ਇਹ ਪ੍ਰਣ ਕੀਤਾ ਕਿ ਉਹ ਵਿਸ਼ਨੂੰ

ਤੋਂ ਬਗੈਰ ਹੋਰ ਕਿਸੇ ਨਾਲ ਵਿਆਹ ਨਹੀਂ ਕਰਾਵੇਗੀ। ਇਕ ਤਰਖਾਣ ਲੜਕੇ ਨੂੰ ਰਾਜ ਕੰਨਿਆਂ ਦੇ ਪ੍ਰਣ ਦਾ ਪਤਾ ਲੱਗਾ, ਉਹ ਰਾਜ ਕੰਨਿਆ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਉਸ ਲੜਕੇ ਨੇ ਆਪਣੀ ਤਰਖਾਣ ਵਿਦਿਆ ਨਾਲ ਇਕ ਲੱਕੜ ਦਾ ਗਰੜ ਬਣਾਇਆ ਜਿਹੜਾ ਹਵਾ ਵਿਚ ਉੱਡ ਸਕਦਾ ਸੀ। ਫਿਰ ਉਸ ਨੇ ਵਿਸ਼ਨੂੰ ਵਾਲਾ ਲਿਬਾਸ ਪਾ ਕੇ ਤੇ ਗਰੜ ਉੱਤੇ ਸਵਾਰ ਹੋ ਕੇ ਰਾਜ ਕੰਨਿਆ ਪਾਸ ਪਹੁੰਚ ਗਿਆ। ਉਸ ਨੇ ਰਾਜ ਕੰਨਿਆ ਨੂੰ ਦੱਸਿਆ ਕਿ ਉਹ ਉਸਦਾ ਪ੍ਰਣ ਵੇਖ ਕੇ ਮਨੁੱਖੀ ਰੂਪ ਧਾਰ ਕੇ ਆਇਆ ਹੈ ਤੇ ਉਸ ਜੀਉਂਦੇ ਜੀਅ ਉਸ ਦੇ ਪਾਸ ਹੀ ਰਹੇਗਾ। ਰਾਜੇ ਨੂੰ ਜਦ ਭਰੋਸਾ ਹੋ ਗਿਆ ਤਾਂ ਉਸ ਦੋਵਾਂ ਦਾ ਵਿਆਹ ਕਰ ਦਿੱਤਾ। ਪਰ ਇਕ ਦਿਨ ਅਚਾਨਕ ਇਕ ਦੂਸਰੇ ਰਾਜੇ ਨੇ ਰਾਜ ਕੰਨਿਆ ਦੇ ਪਿਤਾ ਤੇ ਹਮਲਾ ਕਰ ਦਿੱਤਾ। ਰਾਜੇ ਦੇ ਵਜ਼ੀਰ ਅਤੇ ਦਰਬਾਰੀ ਬਹੁਤ ਡਰ ਗਏ। ਉਹ ਦੌੜੇ-ਦੌੜੇ ਤਰਖਾਣ ਮੁੰਡੇ ਪਾਸ ਆਏ ਅਤੇ ਬੇਨਤੀ ਕਰਨ ਲੱਗੇ ਕਿ ਸਾਨੂੰ ਜਿੱਤ ਦਵਾਓ। ਤਰਖਾਣ ਮੁੰਡੇ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਉਹ ਕੱਲ੍ਹ ਨੂੰ ਉਨ੍ਹਾਂ ਨੂੰ ਜਿੱਤ ਦਵਾ ਦੇਵੇਗਾ। ਪਰ ਨਕਲੀ ਵਿਸ਼ਨੂੰ ਹੋਣ ਕਰਕੇ ਉਹ ਬਹੁਤ ਡਰ ਗਿਆ ਤੇ ਪ੍ਰਭੂ ਪਾਸ ਬੇਨਤੀਆਂ ਕਰਨ ਲੱਗਾ। ਬੇਨਤੀਆਂ ਕਰਦੇ ਦੇ ਉਸ ਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਜੁੜ ਗਈ ਤੇ ਅਗਲੇ ਦਿਨ ਯੁੱਧ ਵਿਚ ਇਕ ਗੈਬੀ ਸ਼ਕਤੀ ਆਈ ਤੇ ਯੁੱਧ ਫਤਹਿ ਹੋ ਗਿਆ। ਇਹ ਪ੍ਰਮਾਣ ਦੇ ਕੇ ਕਵੀ ਜੀ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ, "ਹੇ ਪ੍ਰਭੂ ਜੀ ! ਆਪ ਪਾਪੀਆਂ ਦੀ ਅਰਦਾਸ ਵੀ ਸੁਣ ਲੈਂਦੇ ਹੋ, ਇਸ ਕਰਕੇ ਮੇਰੇ ਗੁਨਾਹਾਂ ਵਲ ਨਾ ਵੇਖੋ ਤੇ ਮੇਰੇ ਉੱਤੇ ਕਿਰਪਾ ਕਰਕੇ ਇਸ ਕਾਰਜ ਨੂੰ ਪੂਰਾ ਕਰਵਾਓ।

*ਦੂਸਰੀ ਰੁੱਤ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥*

## *ਦੂਸਰੀ ਰੁੱਤ ਸਮਾਪਤ ਹੋਈ॥*

★★★

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਤੀਸਰੀ ਰੁੱਤ

# ਅਧਿਆਇ ਪਹਿਲਾ

## ਮੰਗਲਾਚਰਨ, ਬ੍ਰਾਹਮਣਾਂ ਦੀ ਪ੍ਰੀਖਿਆ

### ੧. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਦੋਹਰਾ- ਸਾਰਦ ਬਾਰਦ ਨਾਰਦਹਿ ਪਾਰਦ ਇੰਦ ਮਨਿੰਦ।
ਬਰਣ ਰੂਪ ਕੋ ਬਰਣ ਬਰ ਨਮੋ ਚਰਣ ਅਰਬਿੰਦ॥ ੧ ॥

ਜਿਸ ਸਰਸਵਤੀ ਦਾ ਰੰਗ ਰੂਪ ਸਰਦ ਰੁੱਤ ਦੇ ਬਦਲ, ਨਾਰਦ, ਪਾਰੇ ਅਤੇ ਚੰਦਰਮਾ ਵਰਗਾ ਸ੍ਰੇਸ਼ਟ ਵਰਣਨ ਕੀਤਾ ਜਾਂਦਾ ਹੈ, ਉਸ ਸਰਸਵਤੀ ਦੇ ਚਰਨ ਕੰਵਲਾਂ ਉਪਰ ਮੇਰੀ ਬੰਦਨਾ ਹੈ॥ ੧ ॥

### ੨. ਇਸ਼ਟ ਗੁਰੂ-ਦਸ ਗੁਰੂ ਸਾਹਿਬਾਨ ਦਾ ਮੰਗਲ

ਸ੍ਰੀ ਨਾਨਕ, ਅੰਗਦ, ਅਮਰ, ਰਾਮਦਾਸ, ਅਰਜੰਨ।
ਹਰਿ ਗੋਬਿੰਦ, ਹਰਿਰਾਇ ਗੁਰ, ਹਰੀਕ੍ਰਿਸ਼ਨ ਪਗ ਮੰਨ॥ ੨ ॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਮੈਂ ਚਰਨਾਂ ਨੂੰ ਮਨਾਉਂਦਾ ਹਾਂ॥ ੨ ॥

ਤੇਗ ਬਹਾਦਰ, ਦਸਮ ਗੁਰ, ਸਭਿਕੇ ਚਰਨ ਮਨਾਇ।
ਰੁਤ ਬਰਨੌਂ ਅਬਿ ਤੀਸਰੀ ਜਿਮ ਦੇਵੀ ਬਿਦਤਾਇ॥ ੩ ॥

ਸ੍ਰੀ ਗੁਰੂ ਤੇਗ ਬਹਾਦਰ, ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਮਨਾ ਕੇ ਹੁਣ ਮੈਂ ਤੀਸਰੀ ਰੁੱਤ ਵਰਣਨ ਕਰਦਾ ਹਾਂ ਜਿਵੇਂ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਸੀ॥ ੩ ॥

ਦਿਜ ਖੋਜਨ ਹਿਤ ਸਤਿਗੁਰੂ ਚਿਤਵੰਤਿ ਅਨਿਕ ਉਪਾਇ।
ਮਖ ਮਿਸ ਕਰਿ ਬਹੁ ਦੇਸ਼ ਤੇ ਲੀਨੇ ਬ੍ਰਿੰਦ ਬੁਲਾਇ॥ ੪ ॥

ਬ੍ਰਾਹਮਣ ਲਭਣ ਵਾਸਤੇ ਸਤਿਗੁਰੂ ਜੀ ਅਨੇਕ ਉਪਾਅ ਵਿਚਾਰ ਰਹੇ ਸਨ। ਯੱਗ ਦਾ ਬਹਾਨਾ ਕਰਕੇ ਦੇਸ਼ ਵਿਚੋਂ ਬ੍ਰਾਹਮਣ ਬੁਲਾ ਲਏ॥ ੪ ॥

ਤੋਟਕ ਛੰਦ-'ਧਨ ਦੇਹਿਂ ਘਨੋ' ਸਭਿ ਸੰਗ ਭਨਜੋ। ਇਮ ਦੇਸ਼ ਬਿਦੇਸ਼ ਮਝਾਰ ਸੁਨਜੋਂ।
ਦ੍ਵਿਜ ਆਗਮ ਬੇਦ ਸ਼੍ਰੁਤੀ ਬਿਤ ਜੇ। ਬਿਤ ਭੇਦ ਖੜੰਗਨ ਕੇ ਜਿਤ ਜੇ॥੫ ॥

ਗੁਰੂ ਜੀ ਨੇ ਫਿਰ ਸਭ ਨੂੰ ਕਿਹਾ, "ਬਹੁਤ ਧਨ ਦੇਵਾਂਗਾ" ਇਸ ਤਰ੍ਹਾਂ ਦੇਸ਼ ਵਿਦੇਸ਼ਾਂ ਵਿਚ ਸੁਣਿਆ ਗਿਆ। ਜਿਹੜੇ ਬ੍ਰਾਹਮਣ ਸ਼ਾਸਤਰਾਂ ਤੇ ਵੇਦਾਂ ਦੀਆਂ ਸ਼੍ਰੁਤੀਆਂ ਵਿਚ ਨਿਪੁੰਨ ਸਨ ਅਤੇ ਜਿਹੜੇ ਵੇਦ ਦੇ ਛੇ ਅੰਗਾਂ ਦੇ ਭੇਦ ਜਾਣਨ ਵਾਲਿਆਂ ਨੂੰ ਵੀ ਜਿੱਤ ਲੈਣ ਵਾਲੇ ਸਨ॥ ੫ ॥

ਸਭਿ ਬੇਦ ਸੁ ਮੰਤ੍ਰਨਿ ਗਜਾਤ ਧਰੈਂ। ਜਿਨ ਕੋ ਪਠਿ ਦੇਵ ਪ੍ਰਸੰਨ ਕਰੈਂ।
ਹਵਨਾਦਿਕ ਰੀਤਿ ਪਛਾਨਤਿ ਹੈਂ। ਸਭਿ ਪੂਜਨ ਕੀ ਬਿਧਿ ਜਾਨਤਿ ਹੈਂ॥ ੬॥

ਸਭ ਵੇਦ ਮੰਤ੍ਰਾਂ ਦਾ ਜੋ ਗਿਆਨ ਰੱਖਦੇ ਸਨ, ਜਿਨ੍ਹਾਂ ਨੂੰ ਪੜ੍ਹ ਕੇ ਦੇਵਤਿਆਂ ਨੂੰ ਪ੍ਰਸੰਨ ਕਰਦੇ ਸਨ, ਜਿਹੜੇ ਹਵਨ ਆਦਿ ਦੀਆਂ ਰੀਤੀਆਂ ਨੂੰ ਜਾਣਦੇ ਸਨ ਅਤੇ ਜਿਹੜੇ ਪੂਜਾ ਦੀਆਂ ਸਾਰੀਆਂ ਵਿਧੀਆਂ ਦਾ ਗਿਆਨ ਰੱਖਦੇ ਸਨ॥ ੬॥

ਪੁਰਿ ਗ੍ਰਾਮਨ ਮਾਨਵ ਭੇਜਿ ਦਿਯੇ। ਨਿਜ ਨੇਰ ਕਿ ਦੂਰਹਿ ਜਾਨਿ ਲਿਯੇ।
ਸਭਿ ਕੋ ਬੁਲਿਵਾਇ ਅਨੰਦਪੁਰੇ। ਬਹੁ ਆਵਤਿ ਭੇ ਬਡ ਮੇਲ ਕਰੇ॥ ੭॥

ਸਾਰੇ ਨਗਰਾਂ ਸ਼ਹਿਰਾਂ ਵਿਚ ਮਨੁੱਖ ਭੇਜ ਦਿੱਤੇ, ਆਪਣੇ ਨੇੜੇ ਅਤੇ ਦੂਰ ਵਾਲਿਆਂ ਬਾਰੇ ਵੀ ਜਾਣ ਲਿਆ। ਸਾਰਿਆਂ ਨੂੰ ਅਨੰਦਪੁਰ ਬੁਲਾ ਲਿਆ, ਬਹੁਤ ਆ ਆ ਕੇ ਮਿਲਦੇ ਸਨ॥ ੭॥

ਦਿਸ਼ ਪੂਰਬ ਕੇ ਪੁਰਿ ਕੌਨ ਗਨੇ। ਸ਼ਿਵ ਕੋ ਪੁਰਿ ਔ ਮਥਰਾਦਿ ਘਨੇ।
ਪੁਨ ਔਧ, ਪ੍ਰਯਾਗ, ਦਿਲੀ ਜੁ ਭਲੇ। ਸੁਨਿ ਕੈ ਗੁਰ ਕੋ ਮੁਖ ਆਇਂ ਚਲੇ॥ ੮॥

ਪੂਰਬ ਵਾਲੇ ਪਾਸੇ ਦੇ ਨਗਰਾਂ ਦੀ ਕੌਣ ਗਿਣਤੀ ਕਰੇ। ਸ਼ਿਵਜੀ ਦੀ ਨਗਰੀ ਬਨਾਰਸ ਤੇ ਮਥਰਾ ਆਦਿ ਬਹੁਤ ਨਗਰ ਹਨ। ਫਿਰ ਔਵਧ, ਪ੍ਰਯਾਗ, ਦਿੱਲੀ ਆਦਿ ਜਿਹੜੇ ਭਲੇ ਨਗਰ ਹਨ। ਉਹ ਸਾਰੇ ਗੁਰੂ ਜੀ ਦੇ ਮੁਖ ਤੋਂ ਸੁਣ ਕੇ ਚਲੇ ਆਏ॥ ੮॥

ਕਸ਼ਮੀਰ, ਲਹੌਰ ਜਿ ਔਰ ਘਨੇ। ਬਹੁ ਥਾਵਨਿ ਕੇ ਨਹਿਂ ਸੋਇ ਗਨੇ।
ਬਿਤ ਬੇਦਨ ਕੇ ਦਿਜ ਆਵਤਿ ਹੈਂ। ਪੁਰਿਆਨੰਦ ਮਾਨਹਿ ਪਾਵਤਿ ਹੈਂ॥ ੯॥

ਕਸ਼ਮੀਰ, ਲਾਹੌਰ ਜਿਹੜੇ ਹੋਰ ਵੱਡੇ ਸ਼ਹਿਰ ਹਨ, ਬਹੁਤ ਥਾਵਾਂ ਤੋਂ ਬ੍ਰਾਹਮਣ ਆਏ ਜਿਹੜੇ ਕਿ ਗਿਣੇ ਨਹੀਂ ਜਾਂਦੇ। ਵੇਦ ਵੇਤਾ ਬ੍ਰਾਹਮਣ ਆਉਂਦੇ ਹਨ ਤੇ ਅਨੰਦਪੁਰ ਵਿਚ ਆਦਰ-ਮਾਣ ਪਾਉਂਦੇ ਹਨ॥ ੯॥

ਦੋਹਰਾ- ਬੇਤਾ ਬਿੱਦਯਾ ਸਕਲ ਕੇ ਸੋ ਆਵਤਿ ਚਿਤ ਚਾਇ।
ਕਦਰ ਸ਼ਨਾਸੀ ਸਤਿਗੁਰੂ ਦੇਹਿਂ ਦਰਬ ਸਮੁਦਾਇ॥ ੧੦॥

ਜਿਹੜੇ ਹਰ ਪ੍ਰਕਾਰ ਦੀ ਵਿਦਿਆ ਜਾਣਨ ਵਾਲੇ ਸਨ, ਉਹ ਚਿੱਤ ਵਿਚ ਬੜਾ ਚਾਅ ਭਰ ਕੇ ਆਉਂਦੇ ਸਨ। ਕਦਰ ਪਛਾਣਨ ਵਾਲੇ ਸਤਿਗੁਰੂ ਜੀ ਬਹੁਤ ਧਨ ਦਿੰਦੇ ਹਨ॥ ੧੦॥

*ਤੋਟਕ ਛੰਦ*-ਕਿਹ ਲੌ ਗਨੀਅਹਿ ਦਿਜ ਆਇ ਗਏ। ਪੁਰਿ ਆਨੰਦ ਮੈਂ ਬਿਸਰਾਮ ਕਿਏ।
ਸਭਿ ਚਾਵਰ ਚੂਨ ਘ੍ਰਿਤਾਦਿ ਲਹੈਂ। ਕਰਿ ਭੋਜਨ ਕੋ ਦਰਸੰਨ ਚਹੈਂ॥੧੧॥

ਕਿਥੋਂ ਤਕ ਗਿਣੀਏ ਜਿਹੜੇ ਬ੍ਰਾਹਮਣ ਆ ਕੇ ਅਨੰਦਪੁਰ ਵਿਚ ਵਿਸ਼ਰਾਮ ਕਰਦੇ ਸਨ। ਸਾਰੇ ਚਾਵਲ, ਆਟਾ ਅਤੇ ਘਿਉ ਲੈਂਦੇ ਸਨ ਤੇ ਭੋਜਨ ਕਰਕੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਦਿਜ ਪੁੰਜਹਿ ਪੁੰਜ ਸੁ ਡੇਰ ਕਿਯੇ। ਬਿਨ ਬਿੱਦਜ ਸਬਿੱਦਜ ਮਿਲੰਤਿ ਭਏ।
ਪਰਖੈਂ ਇਨ ਕੋ ਇਮ ਠਾਨਿ ਮਨੰ। ਗੁਰ ਆਇਸੁ ਦੀਨਿ ਮਹਾਨ ਜਨੰ॥੧੨॥

ਬ੍ਰਾਹਮਣਾਂ ਦੇ ਝੁੰਡਾਂ ਦੇ ਝੁੰਡ ਡੇਰੇ ਲਾ ਕੇ ਬੈਠ ਗਏ। ਵਿਦਿਆ ਤੋਂ ਬਿਨਾਂ ਤੇ ਵਿਦਵਾਨ ਇਕੱਠੇ ਹੋਕੇ ਇਕ ਦੂਸਰੇ ਨੂੰ ਮਿਲਦੇ ਸਨ। ਇਨ੍ਹਾਂ ਦੀ ਪਰਖ ਕਰਦੇ ਹਾਂ, ਗੁਰੂ ਜੀ ਨੇ ਇਸ ਤਰ੍ਹਾਂ ਮਨ ਵਿਚ ਧਾਰ ਲਿਆ। ਗੁਰੂ ਜੀ ਨੇ ਵੱਡੇ ਸੇਵਕਾਂ ਨੂੰ ਆਗਿਆ ਕੀਤੀ॥ ੧੨॥

'ਗਨ ਭੋਜਨ ਪਾਕ ਅਨੇਕ ਕਰੋ। ਮਿਸ਼ਟਾਨ ਸਲੋਨਹਿ ਸ੍ਵਾਦ ਧਰੋ'।
ਸੁਨਿ ਆਇਸੁ ਬ੍ਰਿੰਦ ਮਸੰਦ ਲਗੇ। ਨਿਸ ਬਾਸੁਰ ਮੈਂ ਚਿਰਕਾਲ ਜਗੇ॥੧੩॥

"ਬਹੁਤ ਭੋਜਨ ਅਤੇ ਪਕਵਾਨ ਤਿਆਰ ਕਰੋ, ਮਿੱਠੇ ਅਤੇ ਲੂਣ ਵਾਲੇ ਸਵਾਦੀ ਪਦਾਰਥ ਤਿਆਰ ਕਰੋ।" ਇਹ ਸੁਣ ਕੇ ਬਹਤੁ ਮਸੰਦ ਲੱਗ ਗਏ। ਰਾਤ ਦਿਨ ਲੰਮੇ ਸਮੇਂ ਤਕ ਭੋਜਨ ਤਿਆਰ ਕਰਦੇ ਰਹੇ॥ ੧੩॥

ਕਰਿ ਭੋਜਨ ਤਯਾਰ ਅਨੇਕ ਬਿਧੀ। ਧਰਿ ਲਾਇ ਅੰਬਾਰ ਬਨੰਤਿ ਸਿਧੀ।
ਭਰਿ ਕੋਸ਼ਠ ਮੋਦਕ ਸੰਗ ਘਨੇ। ਗਨ ਪੂਪਨਿ ਪਾਕ ਸੁ ਕੌਨ ਗਨੇ॥ ੧੪॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਕੇ ਢੇਰਾਂ ਦੇ ਢੇਰ ਲਾ ਦਿੱਤੇ। ਲੱਡੂਆਂ ਨਾਲ ਕਈ ਕੋਠੇ ਭਰ ਗਏ। ਪੂੜੇ ਆਦਿ ਸਾਰੇ ਪਕਵਾਨ ਤਿਆਰ ਕੀਤੇ ਉਨ੍ਹਾਂ ਦੀ ਕੌਣ ਗਿਣਤੀ ਕਰੇ॥ ੧੪॥

ਬਰ ਪੂਰ ਕਚੌਰ ਮਸਾਲਨ ਤੇ। ਕਰਿ ਲੀਨਿ, ਬਰੇ ਦਧੀ ਡਾਲਨ ਤੇ।
ਮਿਰਚਾਂ ਗਨ ਜੀਰਕ ਤੇ ਧਨੀਆਂ। ਘ੍ਰਿਤ ਤੇ ਸਭਿ ਪਾਕ ਭਲੋ ਬਨੀਆਂ॥੧੫॥

ਪੂਰੀਆਂ ਕਚੋਰੀਆਂ ਪੀਠੀ ਲੂਣ ਮਸਾਲੇ ਆਦਿ ਪਾ ਕੇ ਭਰ ਲਈਆਂ ਤੇ ਦਹੀਂ ਵਿਚ ਪਾਉਣ ਵਾਸਤੇ ਵੜੇ ਤਿਆਰ ਕਰ ਲਏ। ਬਹੁਤ ਮਿਰਚਾਂ, ਜ਼ੀਰਾ ਅਤੇ ਧਨੀਆ ਪਾਇਆ ਗਿਆ, ਘਿਉ ਵਿਚ ਭੁੰਨ ਕੇ ਸਭ ਭਲੀ ਪ੍ਰਕਾਰ ਪਵਿੱਤਰ ਬਣੀਆਂ॥ ੧੫॥

ਨਰ ਸੈਂਕਰਿ ਨੀਤ ਬਨਾਵਤਿ ਹੈਂ। ਕਰਿ ਕੋਸ਼ਠ ਪੂਰ ਟਿਕਾਵਤਿ ਹੈਂ।
ਬਹੁ ਕੀਨਿ ਤਿਹਾਵਲ ਤਯਾਰ ਜਬੈ। ਸਭਿ ਕੋ ਬੁਲਵਾਇ ਸੁ ਲੀਨਿ ਤਬੈ॥੧੬॥

ਸੈਂਕੜੇ ਮਨੁੱਖ ਨਿਤ ਬਣਾਉਂਦੇ ਸਨ ਤੇ ਇਕੱਠੇ ਕਰਕੇ ਕੋਠੜੀਆਂ ਵਿਚ ਟਿਕਾ ਦਿੰਦੇ ਸਨ। ਜਦ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤਦ ਸਾਰਿਆਂ ਬ੍ਰਾਹਮਣਾਂ ਨੂੰ ਆਪਣੇ ਪਾਸ ਬੁਲਾ ਲਿਆ॥ ੧੬॥

*ਸ੍ਵੈਯਾ ਛੰਦ-* ਪਠਜੋ ਮੇਵੜਾ ਸ਼੍ਰੀ ਕਲਗੀਧਰ ਤਿਸ ਨੇ ਊਚੇ ਭਨਜੋਂ ਸੁਨਾਇ।
'ਹੁਕਮ ਕਰਜੋ ਸ਼੍ਰੀ ਸਤਿਗੁਰ ਪੂਰੇ, ਸੁਨਿਬੇ ਜੋਗ ਬਿੱਪ੍ਰ ਸਮੁਦਾਇ।
ਖੀਰ ਖੰਡ ਜੋ ਖਾਇ ਅਹਾਰੇ ਪੰਜ ਰਜਤਪਣ ਸੋ ਅਬਿ ਪਾਇ।
ਆਮਿਖ ਅਚਵੈ ਪੰਚ ਅਸ਼ਰਫੀ ਗੁਰ ਢਿਗ ਤੇ ਲੇ ਸਦਨ ਸਿਧਾਇ'॥੧੭॥

ਗੁਰੂ ਜੀ ਨੇ ਮੇਵੜੇ ਨੂੰ ਭੇਜਿਆ, ਉਸ ਨੇ ਸਭ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਪੂਰੇ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ, ਜਿਹੜਾ ਸਾਰੇ ਬ੍ਰਾਹਮਣਾਂ ਦੇ ਸੁਣਨ ਯੋਗ ਹੈ। ਜਿਹੜਾ ਖੀਰ ਖੰਡ ਦਾ ਭੋਜਨ ਖਾਵੇਗਾ, ਉਹ ਗੁਰੂ ਜੀ ਪਾਸੋਂ ਪੰਜ ਰੁਪਏ ਲਵੇਗਾ। ਜਿਹੜਾ ਮਾਸ ਖਾਵੇ, ਉਹ ਗੁਰੂ ਜੀ ਪਾਸੋਂ ਪੰਜ ਸੋਨੇ ਦੀਆਂ ਅਸ਼ਰਫੀਆਂ ਲੈ ਕੇ ਆਪਣੇ ਘਰ ਨੂੰ ਜਾਵੇ"॥ ੧੭॥

ਬਹੁਤ ਬਾਰਿ ਸਭਿਹੂੰਨ ਸੁਨਾਯੋ ਦ੍ਵੈ ਪੰਕਤਿ ਭਰਿ ਦੀਨਿ ਬਿਠਾਇ।
ਲੋਭ ਗ੍ਰਸੇ ਬਹੁ ਬਿੱਪ੍ਰ ਹਰੀ ਮਤਿ ਮਾਸ ਅਸਨ ਕੋ ਮਨ ਲਲਚਾਇ।
ਧਰਮ ਛੋਰਿ ਕਰਿ ਥਿਰੇ ਆਨਿ ਤਹਿਂ ਜਹਾਂ ਮੁਹਰ ਕੋ ਪੰਚ ਅਲਾਇ।
ਖੀਰ ਖਾਨ ਹਿਤ ਰਹੇ ਅਲਪ ਹੀ ਜਾਨਯੋ ਜਿਨਹੁੰ ਪ੍ਰਲੋਕ ਗਵਾਇ॥੧੮॥

ਬਹੁਤ ਵਾਰ ਸਾਰਿਆਂ ਨੂੰ ਸੁਣਾਇਆ ਤੇ ਦੋ ਲਾਇਨਾਂ ਵਿਚ ਸਾਰੇ ਬਿਠਾ ਦਿੱਤੇ। ਲੋਭ ਵੱਸ ਹੋ ਕੇ ਬਹੁਤ ਬ੍ਰਾਹਮਣਾਂ ਦੀ ਮੱਤ ਮਾਰੀ ਗਈ ਤੇ ਉਨ੍ਹਾਂ ਦਾ ਮਨ ਮਾਸ ਖਾਣ ਵਾਸਤੇ ਲਲਚਾਇਆ। ਧਰਮ ਛੱਡ ਕੇ ਓਥੇ ਆ ਬੈਠੇ, ਜਿੱਥੇ ਪੰਜ ਅਸ਼ਰਫੀਆਂ ਦੇਣ ਵਾਸਤੇ ਕਿਹਾ ਸੀ। ਖੀਰ ਖਾਣ ਵਾਸਤੇ ਬਹੁਤ ਥੋੜੇ ਰਹਿ ਗਏ ਜਿਨ੍ਹਾਂ ਨੇ ਇਹ ਜਾਣ ਲਿਆ ਕਿ ਪਰਲੋਕ ਗਵਾ ਲਵਾਂਗੇ॥ ੧੮॥

ਆਮਿਖਹਾਰੀ ਭਏ ਹਜ਼ਾਰੋਂ ਥਿਰ ਪੰਕਤਿ ਕਰਿ ਕੈ ਬਰਤਾਇ।
ਇਕ ਦਿਸ਼ਿ ਗਨ ਪਕਵਾਨ ਪਰੋਸੇ ਜੇ ਬਹੁ ਦਿਨ ਕੇ ਰਖੇ ਬਨਾਇ।
ਦੋਨਹੁਂ ਪੰਕਤਿ ਕੋ ਮਨਭਾਵਤਿ ਦੀਨਿ ਅਸਨ ਆਛੇ ਤ੍ਰਿਪਤਾਇ।
ਜੇਤਿਕ ਚਹ੍ਯੋ ਅਰਪ ਸਭਿਹਿਨਿ ਕੌ ਜਲ ਤੇ ਚੁਰਾ ਕਰ੍ਯੋ ਸਮੁਦਾਇ ॥ ੧੯ ॥

ਮਾਸ ਖਾਣ ਵਾਲੇ ਬ੍ਰਾਹਮਣ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ, ਉਨ੍ਹਾਂ ਨੂੰ ਇਕ ਪੰਕਤੀ ਵਿਚ ਬਿਠਾ ਕੇ ਮਾਸ ਵਰਤਾ ਦਿੱਤਾ। ਇਕ ਪਾਸੇ ਬਹੁਤ ਪਕਵਾਨ ਪਰੋਸੇ ਗਏ, ਜਿਹੜੇ ਬਹੁਤ ਦਿਨਾਂ ਤੋਂ ਬਣਾ ਕੇ ਰੱਖੇ ਸਨ। ਦੋਵਾਂ ਪੰਗਤੀਆਂ ਨੂੰ ਮਨ-ਭਾਉਂਦਾ ਭੋਜਨ ਖਵਾ ਕੇ ਚੰਗੀ ਤਰ੍ਹਾਂ ਤ੍ਰਿਪਤ ਕਰ ਦਿੱਤਾ। ਜਿੰਨਾ ਵੀ ਕਿਸੇ ਨੇ ਚਾਹਿਆ, ਓਨਾ ਹੀ ਦੇ ਦਿੱਤਾ, ਫਿਰ ਸਾਰਿਆਂ ਨੇ ਜਲ ਲੈ ਕੇ ਚੂਲ਼ੀ ਕੀਤੀ॥ ੧੯ ॥

ਪ੍ਰਭੁ ਸੋਂ ਭਨ੍ਯੋ 'ਸੁਨਹੁਂ ਸ਼੍ਰੀ ਸਤਿਗੁਰ ਆਮਿਖ ਹਾਰੀ ਦਿਜ ਸਮੁਦਾਇ।
ਤਿਨ ਤੇ ਅਲਪ ਅਚ੍ਯੋ ਪਕਵਾਨਹਿਂ, ਅਬਿ ਦਛਨਾ ਕੋ ਥਿਰੇ ਸਬਾਇ'।
ਉਠਿ ਕਰਿ ਗਏ ਬਿਲੋਕਨ ਕੀਨੇ ਜਿਨਹੁਂ ਲੋਭ ਤੇ ਧਰਮ ਗਵਾਇ।
ਬਾਰਹਿ ਬਾਰ ਉਚਾਰ ਧਿਕਾਰਹਿਂ 'ਨਹੀਂ ਬਿੱਪ੍ਰ ਤੁਮ ਦੰਭ ਕਮਾਇ ॥ ੨੦ ॥

ਗੁਰੂ ਜੀ ਨੂੰ ਫਿਰ ਕਿਹਾ, "ਹੇ ਸਤਿਗੁਰੂ ਜੀ ! ਸੁਣੋ, ਸਾਰੇ ਬ੍ਰਾਹਮਣ ਮਾਸਾਹਾਰੀ ਹਨ। ਉਨ੍ਹਾਂ ਵਿਚੋਂ ਬਹੁਤ ਥੋੜਿਆਂ ਨੇ ਪਕਵਾਨ ਖਾਧੇ ਹਨ, ਹੁਣ ਦੱਛਣਾ ਲੈਣ ਵਾਸਤੇ ਸਾਰੇ ਖੜੇ ਹਨ।" ਗੁਰੂ ਜੀ ਉੱਠ ਕੇ ਗਏ ਤੇ ਉਨ੍ਹਾਂ ਸਾਰਿਆਂ ਨੂੰ ਵੇਖਿਆ ਜਿਨ੍ਹਾਂ ਨੇ ਲੋਭ ਕਰਕੇ ਆਪਣਾ ਧਰਮ ਗਵਾ ਲਿਆ ਸੀ। ਗੁਰੂ ਜੀ ਨੇ ਬਾਰ-ਬਾਰ ਉਚਾਰਨ ਕਰਕੇ ਉਨ੍ਹਾਂ ਨੂੰ ਫਿਟਕਾਰਿਆ, "ਤੁਸੀਂ ਬ੍ਰਾਹਮਣ ਨਹੀਂ ਹੋ, ਪਖੰਡ ਕਮਾਉਂਦੇ ਹੋ॥ ੨੦ ॥

ਅਪਕਰਮੀ ਨਿਜ ਧਰਮਹਿਂ ਭ੍ਰਿਸ਼ਟੀ, ਬਿਗਰੇ ਆਪ ਬਿਗਾਰਹਿਂ ਔਰ।
ਉਚਿਤ ਸਜ਼ਾਇ ਦੇਨਿ ਕੇ ਤੁਮ ਸਭਿ, ਦੇਹਿਂ ਅਬਹਿ, ਬਡ ਮਾਚਹਿ ਰੌਰ।
ਪ੍ਰਥਮ ਬੁਲਾਇ ਦੰਡ ਗੁਰ ਦੀਨੋ ਭਲੋ ਬੁਰੋ ਭਾਖੈਂ ਸਭਿ ਠੌਰ।
ਯਾਂਤੇ ਛਿਮਾਧਰੀ ਮਨ ਜਾਨਹੁਂ, ਨਹਿਂ ਪ੍ਰਲੋਕ ਜਾਨ੍ਯੋ ਮਤਿ ਬੌਰ' ॥ ੨੧ ॥

ਕੁਕਰਮੀਓ ! ਆਪਣਾ ਧਰਮ ਹੀ ਭ੍ਰਿਸ਼ਟ ਕਰ ਲਿਆ ਹੈ, ਆਪ ਵਿਗੜੇ ਹੋ ਤੇ ਹੋਰਨਾਂ ਨੂੰ ਵੀ ਵਿਗਾੜੋਗੇ। ਤੁਸੀਂ ਸਾਰੇ ਸਜ਼ਾ ਦੇਣ ਦੇ ਉਚਿਤ ਹੋ। ਹੁਣੇ ਦੇਵਾਂਗੇ ਤੇ ਵੱਡਾ ਰੌਲਾ ਮੱਚ ਜਾਵੇਗਾ, ਫਿਰ ਕਹੋਗੇ ਗੁਰੂ ਜੀ ਨੇ ਪਹਿਲਾਂ ਬੁਲਾ ਕੇ ਫਿਰ ਦੰਡ ਦਿੱਤਾ ਹੈ। ਸਭ ਥਾਂ ਜਾ ਕੇ ਭਲਾ ਬੁਰਾ ਕਹੋਗੇ, ਇਸ ਕਰਕੇ ਮਨ ਵਿਚ ਜਾਣ ਲਵੋ, ਅਸੀਂ ਮੁਆਫ ਕੀਤਾ ਹੈ। ਪਰ ਤੁਸੀਂ ਮਤ ਦੇ ਪਾਗਲਾਂ ਨੇ ਆਪਣੇ ਪਰਲੋਕ ਦਾ ਖਿਆਲ ਵੀ ਨਹੀਂ ਕੀਤਾ ਹੈ" ॥ ੨੧ ॥

ਇੱਤਜਾਦਿਕ ਬਹੁ ਕਹ੍ਯੋ ਧਿਕਾਰੇ ਬਹੁਰ ਦੱਛਨਾ ਹਿਤ ਫੁਰਮਾਇ।
'ਪੰਚ ਪੰਚ ਇਨ ਦੇਹੁ ਰਜਤਪਣ ਨਹਿਂ ਛੂਛੇ ਨਿਜ ਸਦਨ ਸਿਧਾਇਂ।
ਪੁਨ ਪੰਕਤਿ ਦੂਜੀ ਮਹਿਂ ਗਮਨੇ 'ਸਾਧ ਸਾਧ' ਸ਼੍ਰੀ ਬਦਨ ਅਲਾਇ।
'ਧਰਿ ਸੰਤੋਸ਼ ਧਰਮ ਨਹਿਂ ਛੋਰ੍ਯੋ ਜੋ ਪ੍ਰਲੋਕ ਮਹਿਂ ਕਰਹਿ ਸਹਾਇ' ॥ ੨੨ ॥

ਇਸ ਤਰ੍ਹਾਂ ਕਹਿ ਕੇ ਬਹੁਤ ਫਿਟਕਾਰਿਆ ਫਿਰ ਦੱਛਣਾ ਦੇਣ ਬਾਰੇ ਫੁਰਮਾਇਆ, "ਇਨ੍ਹਾਂ ਨੂੰ ਪੰਜ ਪੰਜ ਚਾਂਦੀ ਦੇ ਰੁਪਏ ਦੇਵੋ, ਖਾਲੀ ਹੱਥ ਆਪਣੇ ਘਰ ਨੂੰ ਨਾ ਜਾਣ। ਫਿਰ ਗੁਰੂ ਜੀ ਦੂਸਰੀ ਪੰਗਤੀ ਵਿਚ ਗਏ, 'ਸ਼ਾਬਾਸ਼ ਸ਼ਾਬਾਸ਼' ਉਨ੍ਹਾਂ ਨੇ ਆਪਣੇ ਮੁਖ ਤੋਂ ਕਿਹਾ, "ਤੁਸੀਂ ਸੰਤੋਖ ਧਾਰਨ ਕਰਕੇ ਆਪਣਾ ਧਰਮ ਨਹੀਂ ਛੱਡਿਆ ਹੈ, ਜਿਹੜਾ ਪਰਲੋਕ ਵਿਚ ਤੁਹਾਡੀ ਸਹਾਇਤਾ ਕਰੇਗਾ" ॥ ੨੨ ॥

ਪੰਚ ਪੰਚ ਦੀਨਾਰ ਦੀਨਿ ਤਿਨ ਸਿਵਰ ਕਰਾਯਹੁ ਪੁਨ ਸਨਮਾਨ।
ਆਮਿਖਹਾਰੀ ਰੁਖਸਦ ਕੀਨੇ ਪਹੁੰਚੇ ਆਪ ਆਪਨੇ ਥਾਨ।
ਪਛੁਤਾਵਤਿ ਬਹੁ ਹਾਸ ਹੁਯੋ ਤਿਨ, ਸਰਜੋ ਨ ਕਾਰਜ ਸੰਕਟ ਮਾਨਿ।
ਧਰਮ ਸਹਿਤ ਜੋ ਭਏ ਪ੍ਰਫੁਲਤ, ਰਖਿ ਪ੍ਰਲੋਕ ਪਾਯੋ ਧਨ ਪਾਨ॥ ੨੩॥

ਉਨ੍ਹਾਂ ਨੂੰ ਪੰਜ ਪੰਜ ਸੋਨੇ ਦੀਆਂ ਅਸ਼ਰਫੀਆਂ ਦਿੱਤੀਆਂ ਤੇ ਫਿਰ ਸਨਮਾਨ ਕਰਕੇ ਉਨ੍ਹਾਂ ਦਾ ਡੇਰਾ ਕਰਵਾਇਆ। ਮਾਸ ਖਾਣ ਵਾਲਿਆਂ ਨੂੰ ਰੁਖਸਤ ਕਰ ਦਿੱਤਾ ਤੇ ਉਹ ਆਪਣੇ ਆਪਣੇ ਸਥਾਨਾਂ 'ਤੇ ਪਹੁੰਚ ਗਏ। ਉਹ ਬਹੁਤ ਪਛਤਾਉਂਦੇ ਸਨ ਕਿ ਉਨ੍ਹਾਂ ਦਾ ਬਹੁਤ ਹਾਸਾ ਉਡਿਆ ਹੈ, ਕਾਰਜ ਵੀ ਨਾ ਸਰਿਆ ਬੜਾ ਦੁਖ ਮੰਨਦੇ ਸਨ। ਜਿਹੜੇ ਧਰਮ ਸਹਿਤ ਰਹੇ, ਉਹ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਆਪਣਾ ਪਰਲੋਕ ਵੀ ਰੱਖ ਲਿਆ ਤੇ ਧਨ ਵੀ ਪ੍ਰਾਪਤ ਕੀਤਾ॥ ੨੩॥

ਕਲਗੀਧਰ ਕੋ ਕੌਤਕ ਐਸੋ ਬਿਦਤ ਭਯੋ ਤਬਿ ਸਕਲ ਜਹਾਨ।
ਇਮ ਪਰਖਨ ਕਰਿ ਦਿਜਬਰ ਰਾਖੇ ਸੁਧਿ ਤਿਨ ਕੀ ਲੇ ਖਾਨ ਰੁ ਪਾਨ।
ਦਿਨ ਪ੍ਰਤਿ ਕਰਹਿਂ ਦਿਵਾਵਨ ਨੀਕੇ ਕੌਤਿਕ ਸਮੈਂ ਬਿਤਜੋ ਮਨ ਜਾਨਿ।
ਬਸੇ ਅਨੰਦਪੁਰਿ ਉਰ ਅਨੰਦ ਕਰਿ ਗੁਰ ਜਸੁ ਉਚਰਤਿ ਰਹੇ ਮਹਾਨ॥ ੨੪॥

ਸਤਿਗੁਰੂ ਜੀ ਦਾ ਅਜਿਹਾ ਕੌਤਕ ਸਾਰੇ ਜਹਾਨ ਵਿਚ ਪ੍ਰਗਟ ਹੋ ਗਿਆ। ਇਸ ਤਰ੍ਹਾਂ ਪਰਖ ਕਰਕੇ ਬ੍ਰਾਹਮਣ ਰੱਖ ਲਏ ਤੇ ਉਨ੍ਹਾਂ ਦੇ ਖਾਣ ਪੀਣ ਦੀ ਖਬਰ ਸਾਰ ਲੈਂਦੇ ਸਨ। ਪ੍ਰਤੀ ਦਿਨ ਉਨ੍ਹਾਂ ਨੂੰ ਚੰਗਾ ਭੋਜਨ ਦਵਾਉਂਦੇ ਸਨ, ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਅਨੰਦਪੁਰ ਵਿਚ ਬੜੇ ਅਨੰਦ ਨਾਲ ਰਹੇ ਤੇ ਗੁਰੂ ਜੀ ਦਾ ਮਹਾਨ ਜੱਸ ਉਚਾਰਨ ਕਰਦੇ ਰਹੇ॥ ੨੪॥

ਕਰੇ ਅਵਾਹਨ ਇਕ ਦਿਨ ਦਿਜਬਰ ਸਰਬ ਪੁਰਿਨਿ ਕੇ ਬਹੁ ਬੁਧਿਵੰਤ।
ਸਾਦਰ ਕੀਨਿ ਬਿਠਾਵਨਿ ਤਿਨ ਕੋ ਕਰਿ ਆਸ਼ਿਖ ਪ੍ਰਭੁ ਕੋ ਸੁਖਵੰਤ।
'ਚਿਰ ਜੀਵਹੁ ਤੁਮ ਗੰਗ ਜਮੁਨ ਲਗਿ ਤੇਜ ਪ੍ਰਤਾਪ ਬਢੈ ਅਤਿਯੰਤ।
ਅਸ਼ਟਹੁੰ ਦਿਗਪਾਲਨ ਕੇ ਸਮ ਤੁਮ ਰਾਜ ਸਾਜ ਮਹਿਂ ਬਡ ਬਲਵੰਤ' ॥ ੨੫॥

ਸਾਰੇ ਨਗਰਾਂ ਦੇ ਜਿਹੜੇ ਬਹੁਤ ਬੁੱਧੀਵਾਨ ਬ੍ਰਾਹਮਣ ਸਨ, ਉਨ੍ਹਾਂ ਨੂੰ ਇਕ ਦਿਨ ਗੁਰੂ ਜੀ ਨੇ ਬੁਲਾਇਆ। ਜਦ ਗੁਰੂ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਬਿਠਾਇਆ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਸੁਖ ਵਾਲੀ ਅਸ਼ੀਰਵਾਦ ਦਿੱਤੀ। ਚਿਰ ਜੀਵੋ, ਜਦ ਤਕ ਗੰਗਾ-ਜਮਨਾ ਚਲਦੇ ਹਨ ਤੇ ਅਤਿਅੰਤ ਤੇਜ ਪ੍ਰਤਾਪ ਵਧੇ। ਤੁਸੀਂ ਅਠਾਂ ਦਿਗਪਾਲਕਾਂ ਦੇ ਬਰਾਬਰ, ਰਾਜ ਸਾਜ ਵਿਚ ਵੱਡੇ ਬਲਵਾਨ ਹੋ"॥ ੨੫॥

ਸਭਿ ਸੋਂ ਪ੍ਰਸ਼ਨ ਕਰਜੋ ਕਲਗੀਧਰ 'ਸੁਨਹੁ ਬਿੱਪ੍ਰ ਬਰ ਬਿੱਦਜਾਵੰਤ।
ਸ਼੍ਰੀ ਜਗਮਾਤ ਚੰਡਕਾ ਕਾਲੀ ਤਿਸ ਪੂਜਨ ਕੋ ਹਮ ਚਿਤਵੰਤਿ।
ਜਥਾ ਪ੍ਰਯੋਗ ਮੰਤ੍ਰ ਜਪ ਦੇ ਬਲਿ ਆਗਮ ਨਿਗਮ ਬਿਖੈ ਲਖਿਯੰਤਿ।
ਤਥਾ ਭਨਹੁ ਹਮ ਸੰਗ ਸਰਬ ਹੀ ਜਿਮ ਜਾਨਤਿ ਹੋ ਸਕਲ ਮਤੰਤ' ॥ ੨੬॥

ਸਤਿਗੁਰੂ ਜੀ ਨੇ ਸਾਰਿਆਂ ਨੂੰ ਪ੍ਰਸ਼ਨ ਕੀਤਾ, "ਹੇ ਸ੍ਰੇਸ਼ਟ ਵਿਦਿਆਵਾਨ ਬ੍ਰਾਹਮਣੋ ! ਸੁਣੋ, ਸ੍ਰੀ ਜਗਤਮਾਤਾ ਚੰਡਕਾ ਕਾਲੀ, ਉਸ ਦੀ ਪੂਜਾ ਕਰਨ ਬਾਰੇ ਮੇਰਾ ਵਿਚਾਰ ਹੈ। ਜਿਵੇਂ ਮੰਤਰ ਜਾਪ ਕਰਨਾ ਹੈ ਅਤੇ ਬਲੀਆਂ ਦੇਣੀਆਂ ਹਨ, ਜਿਵੇਂ ਵੇਦਾਂ ਦਾ ਮੰਤਰ ਭਾਗ ਭਵਿੱਖ ਬਾਰੇ ਦੱਸਿਆ ਹੈ। ਉਸ ਤਰ੍ਹਾਂ ਹੀ ਸਾਰੇ ਸਾਡੇ ਪਾਸ ਕਹੋ ਜਿਸ ਬਾਰੇ ਤੁਸੀਂ ਸਾਰੇ ਬੁੱਧੀਵਾਨ ਜਾਣਦੇ ਹੋ"॥ ੨੬॥

ਮੁੱਖਜ ਬਿੱਪ੍ਰ ਬਰ ਬਹੁ ਬਿਚਾਰ ਕਰਿ ਸਤਿਗੁਰ ਸੰਗ ਸੁਨਾਵਨ ਕੀਨਿ।
'ਬਰਨੀ ਕਰਨਿ, ਪ੍ਰਯੋਗ ਮੰਤ੍ਰ ਕੋ ਨਿਜ ਕਾਰਜ ਸਾਧਿਕ ਬਿਧਿ ਪੀਨ।
ਇਸ ਪ੍ਰਕਾਰ ਕੇ ਅਬਿ ਅਨੇਕ ਦਿਜ ਖੋਜਹੁ ਪ੍ਰਾਪਤਿ ਹੋਇਂ ਪ੍ਰਬੀਨ।
ਦੁਗਨ ਚੌਗੁਨੀ ਪੂਜਾ ਕਰਿਬੇ ਕਾਰਜ ਸਧਹਿ, ਆਪ ਲਿਹੁ ਚੀਨ॥ ੨੭॥

ਮੁੱਖੀ ਬ੍ਰਾਹਮਣ ਨੇ ਬਹੁਤ ਵਿਚਾਰ ਕਰਕੇ ਸਤਿਗੁਰੂ ਜੀ ਨੂੰ ਸੁਣਾਇਆ, "ਸਾਧਨ, ਉਪਚਾਰ, ਵਰਨੀਆਂ ਕਰਕੇ ਤੇ ਮੰਤਰ ਦੇ ਪ੍ਰਯੋਗ ਕਰਕੇ ਤੇ ਆਪਣੇ ਕਾਰਜ ਨੂੰ ਚੰਗੀ ਵਿਧੀ ਨਾਲ ਸਿਰੇ ਚਾੜ੍ਹ ਦੇਣ ਵਾਲੇ ਅਨੇਕਾਂ ਬ੍ਰਾਹਮਣ ਹਨ ਜਿਹੜੇ ਲਭਣ ਨਾਲ ਮਿਲ ਜਾਂਦੇ ਹਨ। ਦੁਗਣੀ ਚੌਗੁਣੀ ਪੂਜਾ ਕਰਨ ਨਾਲ ਕਾਰਜ ਸਿੱਧ ਹੋ ਜਾਂਦਾ ਹੈ, ਇਹ ਆਪ ਸਮਝ ਲਵੋ॥ ੨੭॥

ਪ੍ਰੋਖ ਦੇਤਿ ਬਰ ਕਾਰਜ ਹੋਵਤਿ, ਇਹ ਤੌ ਬਾਤਿ ਸਰਬ ਬਨਿ ਆਇ।
ਕਰਨਿ ਪ੍ਰਤੱਖ ਪਾਵਨੋ ਦਰਸ਼ਨ, ਇਹ ਦੁਰਲਭ, ਕਿਮ ਹੈ ਨ ਉਪਾਇ।
ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ ਮ੍ਰਿੱਤੁਲੋਕ ਨਹਿਂ ਬਿਦਤ ਦਿਖਾਇ।
ਅਬਿਤੋ ਕਲਜੁਗ ਕਹਾਂ ਸਧਹਿ ਬਿਧਿ, ਹਮਰੇ ਮਨ ਮਹਿਂ ਇਸ ਬਿਧਿ ਆਇ॥੨੮॥

ਦੇਵੀ ਲੁਕ ਕੇ ਵਰ ਦਿੰਦੀ ਹੈ ਤਾਂ ਕਾਰਜ ਹੋ ਜਾਂਦਾ ਹੈ, ਇਹ ਸਾਰੀ ਗੱਲ ਬਣ ਜਾਂਦੀ ਹੈ। ਪ੍ਰਤੱਖ ਕਰਕੇ ਦਰਸ਼ਨ ਪਾਉਣਾ, ਇਹ ਦੁਰਲਭ ਹੈ, ਇਸ ਦਾ ਕਿਸੇ ਤਰ੍ਹਾਂ ਵੀ ਕੋਈ ਉਪਾਅ ਨਹੀਂ ਹੈ। ਸਤਿਜੁਗ ਤ੍ਰੇਤਾ ਅਤੇ ਦਵਾਪੁਰ ਵਿਚ, ਇਸ ਧਰਤੀ ਤੇ ਪ੍ਰਗਟ ਰੂਪ ਵਿਚ ਕਿਸੇ ਨਹੀਂ ਵਿਖਾਇਆ ਹੈ। ਹੁਣ ਤਾਂ ਕਲਜੁਗ ਹੈ, ਕਿਵੇਂ ਅਤੇ ਕਿਸ ਵਿਧੀ ਨਾਲ ਸਿੱਧ ਹੋ ਸਕਦੀ ਹੈ, ਸਾਡੇ ਮਨ ਵਿਚ ਤਾਂ ਇਸ ਤਰ੍ਹਾਂ ਆਉਂਦਾ ਹੈ॥ ੨੮॥

ਆਪ ਸਰਬ ਹੀ ਸਮਰਥ ਧਰਤੇ, ਕਹਹੁ ਚਹਹੁ ਦੁਰਲਭ ਭੀ ਪਾਇ।
ਪੂਜਨਿ, ਮੰਤ੍ਰ ਪਠਨਿ, ਆਰਾਧਨਿ, ਇਕ ਕਾਸ਼ੀ ਮੈਂ ਹੈ ਦਿਜਰਾਇ।
ਕੇਸ਼ੋਦਾਸ ਨਾਮ ਜਿਸ ਬਿਦਤਜੋ ਅਪਰ ਨ ਸਮਸਰ ਤਿਸ ਕੇ ਕਾਇ।
ਸੋ ਆਵਹਿ ਧਨ ਅਨਗਨ ਪਾਵਹਿ ਕਰਿਵਾਵਹਿ ਬਿਧਿ ਜਿਮ ਬਨਿ ਆਇ॥੨੯॥

ਆਪ ਸਾਰੀਆਂ ਤਾਕਤਾਂ ਧਾਰਨ ਵਾਲੇ ਹੋ ਜੇ ਕਹਿ ਕੇ ਚਾਹੋਗੇ ਤਾਂ ਦੁਰਲਭ ਵੀ ਪਾ ਲਵੋਗੇ। ਪੂਜਾ ਕਰਨ, ਮੰਤਰ ਪੜ੍ਹਨ ਅਤੇ ਆਰਾਧਣ ਕਰਨ ਵਿਚ ਮਾਹਰ ਕਾਂਸ਼ੀ ਵਿਚ ਇਕ ਸ੍ਰੇਸ਼ਟ ਬ੍ਰਾਹਮਣ ਹੈ। ਕੇਸ਼ੋਦਾਸ ਜਿਸ ਦਾ ਪ੍ਰਗਟ ਰੂਪ ਵਿਚ ਨਾਮ ਹੈ, ਉਸ ਦੇ ਬਰਾਬਰ ਹੋਰ ਕੋਈ ਨਹੀਂ ਹੈ। ਉਹ ਆਵੇ ਤਾਂ ਅਣਗਿਣਤ ਧਨ ਪਾਵੇਗਾ ਤੇ ਜਿਹੜੀ ਵਿਧੀ ਬਣਦੀ ਹੋਵੇਗੀ, ਉਸ ਤਰ੍ਹਾਂ ਕਰਵਾਵੇਗਾ॥ ੨੯॥

ਜੇ ਰਾਵਰ ਕੇ ਹੈ ਬਹੁ ਲਾਲਸ ਜਜੋਂ ਕਜੋਂ ਕਰਿ ਦਿਜ ਲੇਹੁ ਬੁਲਾਇ।
ਤੁਮ ਸਮਰੱਥ ਅਕਰਨ ਭਿ ਕਰਿ ਲਿਹੁ ਅਪਰ ਜਿ ਪੰਡਿਤ ਕੈ ਨਰਰਾਇ।
ਕਰਿਬੋ ਕਹੂੰ ਰਹਜੋ ਤਿਨਹੂੰ ਤੇ ਨਹੀਂ ਨਾਮ ਲੇ ਸਕਹਿਂ, ਲਜਾਇ'।
ਸ੍ਰੀ ਕਲਗੀਧਰ ਸੁਨਿ ਦਿਜ ਗਨ ਤੇ, ਲੋਕ ਰੀਤਿ ਜਿਮ ਭੇ ਹਰਖਾਇ॥ ੩੦॥

ਜੇ ਆਪ ਜੀ ਨੂੰ ਬਹੁਤ ਲਾਲਸਾ ਹੈ ਤਾਂ ਜਿਉਂ ਕਿਉਂ ਕਰਕੇ ਉਸ ਨੂੰ ਬੁਲਾ ਲਵੋ। ਤੁਸੀਂ ਸਮਰੱਥ ਹੋ, ਨਾ ਕਰਨ ਵਾਲਾ ਵੀ ਕਰ ਲਵੋਗੇ। ਹੋਰ ਜਿਹੜੇ ਪੰਡਿਤ ਜਾਂ ਰਾਜੇ ਹਨ, ਇਸ ਤਰ੍ਹਾਂ ਦਾ ਕੰਮ ਕਰਨਾ ਤਾਂ ਉਨ੍ਹਾਂ ਤੋਂ ਕਿਤੇ ਰਿਹਾ ਨਾਮ ਵੀ ਨਹੀਂ ਲੈ ਸਕਦੇ, ਸਗੋਂ ਨਾਮ ਲੈਣ ਤੋਂ ਵੀ ਸ਼ਰਮ ਕਰਦੇ ਹਨ।" ਸ੍ਰੀ ਸਤਿਗੁਰੂ ਜੀ ਬ੍ਰਾਹਮਣਾਂ ਪਾਸੋਂ ਸੁਣ ਕੇ ਲੋਕ ਰੀਤੀ ਰੱਖਣ ਲਈ ਪ੍ਰਸੰਨ ਹੋਏ, ਪਰ ਅੰਦਰੋਂ ਉਹ ਖੁਸ਼ ਨਹੀਂ ਸਨ॥ ੩੦॥

ਦੋਹਰਾ- ਊਠੇ ਪ੍ਰਭੁ ਮਜਲਸ ਤਜੀ ਮੰਦਿਰ ਪ੍ਰਵਿਸ਼ੇ ਜਾਇ।
ਨਿਜ ਨਿਜ ਥਲ ਸਿਖ ਦਾਸ ਦਿਜ ਪਹੁਚੇ ਬਹੁ ਜਸੁ ਗਾਇ॥ ੩੧॥

ਗੁਰੂ ਜੀ ਬ੍ਰਾਹਮਣਾਂ ਦੀ ਮਜਲਸ ਨੂੰ ਛੱਡ ਕੇ ਉੱਠ ਪਏ ਤੇ ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਏ, ਆਪਣੇ ਆਪਣੇ ਸਥਾਨਾਂ 'ਤੇ ਸਿੱਖ, ਦਾਸ ਅਤੇ ਬ੍ਰਾਹਮਣ ਪਹੁੰਚ ਗਏ ਤੇ ਉਨ੍ਹਾਂ ਨੇ ਗੁਰੂ ਜੀ ਦਾ ਬਹੁਤ ਜੱਸ ਕੀਤਾ॥ ੩੧॥

*ਤੀਸਰੀ ਰੁੱਤ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

## ਅਧਿਆਇ ਦੂਸਰਾ

*ਸੰਗਤਾਂ ਦੇ ਮੇਲੇ ਤੇ ਚਾਅ, ਹੋਲੀ ਦਾ ਉਤਸ਼ਾਹ*

ਦੋਹਰਾ- ਮਾਸ ਬਿਤੇ ਕੇਤਿਕ ਜਬਹਿ ਦਿਨਪ੍ਰਤਿ ਚਹਤਿ ਵਿਸ਼ੇਸ਼।
ਬਿਦਤਹਿ ਦੇਵੀ ਚੰਡਕਾ ਉਪਜਹਿ ਪੰਥ ਅਸ਼ੇਸ਼॥ ੧॥

ਜਦ ਕਈ ਮਹੀਨੇ ਬੀਤ ਗਏ ਤਾਂ ਗੁਰੂ ਜੀ ਪ੍ਰਤੀ ਦਿਨ ਵਿਸ਼ੇਸ਼ ਤੌਰ ਤੇ ਦੇਵੀ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ ਤਾਂਕਿ ਨਵਾਂ ਪੰਥ ਪੈਦਾ ਹੋਵੇ॥ ੧॥

ਚੌਪਈ- ਆਯੋ ਫਾਗੁਨ ਮਾਸ ਸੁਹਾਵਤਿ। ਗਾਵਤਿ ਰਿਦੈ ਪ੍ਰਮੋਦ ਬਧਾਵਤਿ।
ਸਭਿ ਮਹਿਂ ਕਰਿ ਬਸੰਤ ਪਰਧਾਨ। ਅਪਰ ਰਾਗ ਸਭਿ ਗਾਇਂ ਸੁਜਾਨ॥੨॥

ਫੱਗਣ ਦਾ ਸੁਹਾਵਣਾ ਮਹੀਨਾ ਆਇਆ, ਸਾਰੇ ਖ਼ੁਸ਼ੀ ਵਧਾ ਕੇ ਹਿਰਦੇ ਵਿਚ ਗਾਉਂਦੇ ਸਨ। ਸਾਰਿਆਂ ਵਿਚ ਬਸੰਤ ਰਾਗ ਪ੍ਰਧਾਨ ਕਰਕੇ ਚਤੁਰ ਲੋਕ ਹੋਰ ਰਾਗ ਗਾਉਂਦੇ ਸਨ॥ ੨॥

ਪੂਰਿ ਅਨੰਦ ਆਨੰਦ ਬਿਲੰਦਜੋ। ਜਹਿਂ ਕਹਿਂ ਗਾਵਹਿਂ ਗੁਰ ਪਦ ਬੰਦਜੋ।
ਚਲਿ ਆਯਹੁ ਹੋਲੇ ਕਉ ਮੇਲਾ। ਚਹੁੰ ਦਿਸ਼ਿ ਤੇ ਨਰ ਭਏ ਸਕੇਲਾ॥੩॥

ਅਨੰਦਪੁਰ ਵਿਚ ਵੱਡਾ ਅਨੰਦ ਛਾ ਗਿਆ, ਜਿੱਥੇ ਕਿੱਥੇ ਗੁਰੂ ਜੀ ਦੇ ਚਰਨਾਂ ਦੀ ਬੰਦਨਾ ਦੇ ਗੀਤ ਗਾ ਰਹੇ ਸਨ। ਹੋਲੇ ਦਾ ਮੇਲਾ ਚਲ ਕੇ ਆ ਗਿਆ। ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋ ਕੇ ਆ ਗਏ॥ ੩॥

ਚਾਰਹੁ ਬਰਨ ਸਿੱਖ ਗੁਰ ਕੇਰੇ। ਦਰਸ਼ਨ ਚਾਹਤਿ ਆਇਂ ਘਨੇਰੇ।
ਪੂਰਬ ਜਗੰਨਾਥ ਲਗਿ ਸੰਗਤਿ। ਅਪਰ ਟਾਪੂਅਨਿ ਕੀ ਮਿਲਿ ਪੰਗਤਿ॥੪॥

ਚਾਰੇ ਵਰਨ ਗੁਰੂ ਜੀ ਦੇ ਸਿੱਖ ਸਨ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਚਲ ਕੇ ਆਏ। ਪੂਰਬ ਵਲੋਂ ਜਗਨਨਾਥ ਤਕ ਸੰਗਤ ਆਈ, ਹੋਰ ਟਾਪੂਆਂ ਦੀ ਵੀ ਸੰਗਤ ਇਕੱਠੀ ਹੋ ਕੇ ਆਈ॥ ੪॥

ਦੱਖਣ ਮਹਿਂ ਦੁਵਾਰਕਾ ਤਾਂਈ। ਪਹੁਚੇ ਸਿੱਖ ਆਨਿ ਸਮੁਦਾਈ।
ਪਸ਼ਚਮ ਬਲਖ ਬੁਖਾਰਾ ਆਦਿ। ਆਵਹਿ ਸਿੱਖ ਧਰਹਿਂ ਅਹਿਲਾਦ॥੫॥

ਦੱਖਣ ਵਾਲੇ ਪਾਸੇ ਦਵਾਰਕਾ ਤਕ ਦੇ ਸਿੱਖ ਇਕੱਠੇ ਹੋ ਕੇ ਪਹੁੰਚੇ। ਪੱਛਮ ਵਾਲੇ ਪਾਸੇ ਬਲਖ ਬੁਖਾਰੇ ਤਕ ਦੇ ਸਿੱਖ ਵੱਡਾ ਅਨੰਦ ਧਾਰ ਕੇ ਆਏ ਸਨ॥ ੫॥

ਤਿਮ ਹੀ ਉੱਤਰ ਦਿਸ਼ਾ ਬਹੀਰਾ। ਆਇਂ ਕਮਾਊਂ ਅਰੁ ਕਸ਼ਮੀਰਾ।
ਕਹਿਂ ਲੌ ਦੇਸ਼ ਨਗਰ ਕੌ ਗਿਨੀਅਹਿ। ਕਹਿਂ ਲੌ ਸੰਗਤਿ ਨਾਮ ਸੁ ਭਨੀਅਹਿ ॥੬॥

ਉਸ ਤਰ੍ਹਾਂ ਹੀ ਉੱਤਰ ਵਾਲੇ ਪਾਸੇ ਤੋਂ ਕਮਾਊਂ ਅਤੇ ਕਸ਼ਮੀਰ ਤੋਂ ਸਿੱਖ ਵਹੀਰਾਂ ਘੱਤ ਕੇ ਆਉਂਦੇ ਸਨ। ਕਿਥੋਂ ਤਕ ਦੇਸ਼ਾਂ ਅਤੇ ਨਗਰਾਂ ਨੂੰ ਗਿਣੀਦੇ ਤੇ ਕਿਥੋਂ ਤਕ ਸੰਗਤ ਦਾ ਨਾਮ ਕਹੀਏ॥ ੬॥

ਦਸਮੇ ਪਾਤਸ਼ਾਹੁ ਜਸੁ ਦੂਨਾ। ਸੁਨਹਿਂ ਚਗੂੰਨ ਕਹੂੰ ਦਸ ਗੂਨਾ।
ਉਪਜਹਿ ਦਰਸ਼ਨ ਕੀ ਅਭਿਲਾਖਾ। ਆਵਹਿਂ ਚਲੇ ਭਾਉ ਬਡ ਰਾਖਾ॥ ੭॥

ਦਸਵੇਂ ਪਾਤਸ਼ਾਹ ਦਾ ਜੱਸ ਦੂਣਾ, ਚੌਗੁਣਾ ਤੇ ਕਿਤੇ ਦਸ ਗੁਣਾ ਵੱਧ ਗਿਆ ਸੀ। ਦਰਸ਼ਨ ਕਰਨ ਦੀ ਅਭਿਲਾਸ਼ਾ ਪੈਦਾ ਹੁੰਦੀ ਸੀ ਤਾਂ ਵੱਡੀ ਪ੍ਰੇਮ ਭਾਵਨਾ ਰੱਖ ਕੇ ਚਲੇ ਆਉਂਦੇ ਸਨ॥ ੭॥

ਜਥਾ ਸ਼ਕਤਿ ਲੇ ਲੇ ਉਪਹਾਰ। ਚਹੈਂ ਸੁ ਅਰਪਨਿ ਗੁਰ ਦਰਬਾਰ।
ਦਿਨ ਹੋਲੀ ਕੋ ਕਰਹਿਂ ਉਦੇਸ਼। ਚਲਹਿਂ ਘਰਨਿ ਤੇ ਸਿੱਖ ਅਸ਼ੇਸ਼॥ ੮॥

ਯਥਾ ਸ਼ਕਤੀ ਉਪਹਾਰ ਲੈ ਲੈ ਕੇ, ਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰਨਾ ਚਾਹੁੰਦੇ ਸਨ। ਹੋਲੀ ਦੇ ਦਿਨ ਨਿਯਤ ਕਰਦੇ ਹਨ। ਸਾਰੇ ਸਿੱਖ ਘਰਾਂ ਤੋਂ ਚਲ ਪੈਂਦੇ ਸਨ॥ ੮॥

ਆਨਿ ਅਨੰਦ ਪੁਰਿ ਮੈਂ ਕਿਯ ਡੇਰਾ। ਜਹਿਂ ਮੰਗਲ ਨਿਤ ਹੋਤਿ ਘਨੇਰਾ।
ਸ਼ਬਦ ਕੀਰਤਨ ਕੀ ਧੁਨਿ ਉਠੇ। ਜਨੁ ਇਕ ਸਮ ਘਨ ਅੰਮ੍ਰਿਤੁ ਵੁਠੇ॥ ੯॥

ਅਨੰਦਪੁਰ ਵਿਚ ਆ ਕੇ ਡੇਰਾ ਕਰਦੇ ਸਨ, ਜਿੱਥੇ ਸਦਾ ਹੀ ਵੱਡਾ ਅਨੰਦ ਮੰਗਲ ਹੁੰਦਾ ਸੀ। ਸ਼ਬਦ ਕੀਰਤਨ ਦੀ ਧੁਨ ਉਠਦੀ ਸੀ, ਮਾਨੋ ਇਕ ਸਮਾਨ ਅੰਮ੍ਰਿਤ ਦੀ ਘਟਾ ਵਰਸ਼ ਰਹੀ ਸੀ॥ ੯॥

ਹੋਤਿ ਕੁਲਾਹਲ ਜਹਿਂ ਤਹਿਂ ਭਾਰੋ। ਬਜਤਿ ਮ੍ਰਿਦੰਗ ਰਬਾਬ ਉਦਾਰੋ।
ਚਾਰੁ ਸਿਤਾਰ, ਦੁਤਾਰ, ਸਿਰੰਦਾ। ਬਜਹਿ ਤਾਲ ਮਿਲਿ ਦੇਤਿ ਅਨੰਦਾ॥੧੦॥

ਜਿੱਥੇ ਕਿੱਥੇ ਭਾਰੀ ਰੌਲਾ ਮਚਿਆ ਸੀ, ਨਗਾਰੇ ਅਤੇ ਰਬਾਬਾਂ ਬਹੁਤ ਉੱਚੀ-ਉੱਚੀ ਵੱਜ ਰਹੀਆਂ ਸਨ। ਸੁੰਦਰ ਸਿਤਾਰ, ਦੋ ਤਾਰਾ ਅਤੇ ਸਿਰੰਦਾ ਤਾਲ ਵਿਚ ਮਿਲ ਕੇ ਵੱਜ ਰਿਹਾ ਸੀ ਤੇ ਬੜਾ ਅਨੰਦ ਦੇ ਰਿਹਾ ਸੀ॥ ੧੦॥

ਸ੍ਰੀ ਗੁਰ ਤੇਗਬਹਾਦਰ ਕੇਰਾ। ਜਹਿਂ ਸ਼ੋਭਤਿ ਦਰਬਾਰ ਬਡੇਰਾ।
ਤਹਿਂ ਸੰਗਤ ਕੋ ਮੇਲ ਉਦਾਰਾ। ਗਾਵਹਿਂ ਨਟ, ਸਾਰੰਗ, ਮਲਾਰਾ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਿੱਥੇ ਵੱਡਾ ਦਰਬਾਰ ਸ਼ੋਭਦਾ ਸੀ, ਉੱਥੇ ਸੰਗਤਾਂ ਦਾ ਵੱਡਾ ਮੇਲ ਲੱਗਾ। ਨਟ ਰਾਗ ਸਾਰੰਗ ਤੇ ਮਲਾਰ ਗਾਉਂਦੇ ਸਨ॥ ੧੧॥

ਜੈਤਸਿਰੀ, ਸ੍ਰੀ ਰਾਗ, ਧਮਾਰ। ਗੌੜੀ, ਮਾਝ, ਬਿਭਾਸ, ਬਹਾਰ।
ਸੂਹੀ, ਸੋਰਠ, ਦੇਵਗੰਧਾਰ। ਆਸਾ, ਰਾਮਕਲੀ, ਬੈਰਾਰ॥ ੧੨॥

ਜੈਤਸਿਰੀ, ਸ੍ਰੀ ਰਾਗ ਤੇ ਹੋਲੀ ਵਿਚ ਗਾਉਣ ਵਾਲਾ ਇਕ ਗੀਤ ਗਾਇਆ ਜਾ ਰਿਹਾ ਸੀ। ਗੌੜੀ, ਮਾਝ, ਬਿਭਾਸ ਅਤੇ ਮਲਾਰ ਰਾਗ ਗਾ ਰਹੇ ਸਨ। ਸੂਹੀ, ਸੋਰਠ, ਦੇਵਗੰਧਾਰੀ, ਆਸਾ, ਰਾਮਕਲੀ ਅਤੇ ਰਾਗ ਬੈਰਾਰੀ ਵੱਜ ਰਿਹਾ ਸੀ॥ ੧੨॥

ਲਲਿਤ, ਬਿਲਾਵਲ, ਜੈਜਾਵੰਤੀ। ਗੁਜਰੀ, ਅਰੁ ਕਿਮਾਚ ਧਨਵੰਤੀ।
ਦੀਪਕ, ਭੈਰਉ, ਸ਼ੁਭ ਹਿੰਡੋਲ। ਗਾਵਤਿ ਪਰਜ, ਤਿਲੰਗ ਕਲੋਲ॥ ੧੩॥

ਲਲਿਤ, ਬਿਲਾਵਲ, ਜੈਜਾਵੰਤੀ, ਗੂਜਰੀ ਅਤੇ ਧੰਨਤਾ ਜੋਗ ਕਿਮਾਰ ਰਾਗ ਗੂੰਜ ਰਿਹਾ ਸੀ। ਦੀਪਕ ਭੈਰਉ ਤੇ ਸ਼ੁਭ ਹਿੰਡੋਲ ਪਰਜ ਤੇ ਤਲੰਗ ਰਾਗ ਤਾਨਾਂ ਸਹਿਤ ਗਾ ਰਹੇ ਸਨ॥ ੧੩॥

ਮਾਲਕੌਂਸ, ਕਲਿਯਾਨ, ਕਿਦਾਰਾ। ਗੌਂਡ, ਤੁਖਾਰੀ, ਮੇਘ ਉਦਾਰਾ।
ਮਾਲਸਿਰੀ, ਸੁ ਬਸੰਤ, ਬਿਹਾਗ। ਅਰੁ ਸੁਘਰਈ ਰਾਗ ਅਨੁਰਾਗ॥ ੧੪॥

ਮਾਨਕੌਂਸ, ਕਲਿਆਨ, ਕਿਦਾਰਾ, ਗੌਂਡ, ਤੁਖਾਰੀ, ਉੱਤਮ ਮੇਘ ਰਾਗ ਮਾਲਸਿਰੀ, ਬਸੰਤ, ਬਿਹਾਗੜਾ ਅਤੇ ਸੁਘਰਾਈ ਰਾਗ ਬੜੇ ਪ੍ਰੇਮ ਨਾਲ ਗਾ ਰਹੇ ਸਨ॥ ੧੪॥

ਇੱਤਯਾਦਿਕ ਰਾਗਨਿ ਕੋ ਗਾਵੈਂ। ਮਿਲਿ ਮਿਲਿ ਗੁਨੀਮੋਦ ਉਪਜਾਵੈਂ।
ਜਹਾਂ ਜਹਾਂ ਬੈਠਨਿ ਗੁਰ ਥਾਨ। ਤਹਾਂ ਲਾਇ ਕੈ ਅਧਿਕ ਦਿਵਾਨ॥ ੧੫॥

ਇਸ ਪ੍ਰਕਾਰ ਦੇ ਰਾਗਾਂ ਨੂੰ ਗਾ ਰਹੇ ਸਨ, ਮਿਲ ਮਿਲ ਕੇ ਗੁਣੀ ਲੋਕ ਪ੍ਰਸੰਨਤਾ ਧਾਰ ਰਹੇ ਸਨ। ਜਿੱਥੇ ਜਿੱਥੇ ਗੁਰੂ ਜੀ ਦੇ ਬੈਠਣ ਦੇ ਸਥਾਨ ਸਨ ਓਥੇ ਵੱਡਾ ਦੀਵਾਨ ਲਾ ਕੇ ਬੈਠ ਗਏ॥ ੧੫॥

ਸੰਗਤਿ ਘਨੀ ਭਈ ਤਬਿ ਆਇ। ਬਜਹਿਂ ਮ੍ਰਿਦੰਗਨ ਧੁਨੀ ਸੁਹਾਇ।
ਦਰਸ਼ਨ ਕਹੁ ਚਾਹਤਿ ਕਿਯ ਡੇਰੇ। ਭੀਰ ਅਨੰਦਪੁਰਿ ਭਈ ਘਨੇਰੇ॥ ੧੬॥

ਫਿਰ ਬਹੁਤ ਸੰਗਤ ਆਈ, ਮ੍ਰਿਦੰਗ ਦੀ ਵੱਜਦੀ ਧੁਨੀ ਸ਼ੋਭਾ ਪਾ ਰਹੀ ਸੀ। ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ, ਇਸ ਲਈ ਡੇਰੇ ਲਾਏ ਸਨ। ਅਨੰਦਪੁਰ ਵਿਚ ਬਹੁਤ ਵੱਡੀ ਭੀੜ ਹੋ ਗਈ॥ ੧੬॥

ਮਹਾਂ ਕੁਲਾਹਲ ਜਹਿਂ ਕਹਿਂ ਹੋਵਤਿ। ਸੰਗਤਿ ਮਿਲਹਿ ਪਰਸਪਰ ਜੋਵਤਿ।
ਬੰਦੈਂ ਕੁਸ਼ਲ ਪ੍ਰਸ਼ਨ ਕੋ ਕਰੈਂ। ਦੂਰਿ ਦੂਰਿ ਕੇ ਮਿਲਿ ਹਿਤ ਧਰੈਂ॥ ੧੭॥

ਜਿੱਥੇ ਕਿੱਥੇ ਮਹਾਨ ਸ਼ੋਰ ਹੋ ਰਿਹਾ ਸੀ, ਸੰਗਤ ਆਪਸ ਵਿਚ ਮਿਲ ਰਹੀ ਸੀ। ਬੰਦਨਾਂ ਕਰਕੇ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛਦੇ ਸਨ। ਦੂਰ-ਦੂਰ ਦੇ ਆਪਸ ਵਿਚ ਮਿਲ ਕੇ ਹਿਤ ਧਾਰਨ ਕਰਦੇ ਸਨ॥ ੧੭॥

ਸਾਚੋ ਸਾਕ ਜਾਨ ਗੁਰਭਾਈ। ਬੈਠਿ ਪਰਸਪਰ ਪ੍ਰੀਤਿ ਵਧਾਈ।
ਨਿਕਸਹਿਂ ਵੇਹਿਰ ਪ੍ਰਤੀਖਤਿ ਗੁਰ ਕੋ। ਦਰਸ਼ਨ ਕਰਨਿ ਮਨੋਰਥ ਉਰ ਕੋ॥੧੮॥

ਇਕ ਗੁਰਭਾਈ ਨੂੰ ਆਪਣਾ ਸੱਚਾ ਰਿਸ਼ਤੇਦਾਰ ਜਾਣਦੇ ਸਨ, ਆਪਸ ਵਿਚ ਬੈਠ ਕੇ ਪ੍ਰੀਤ ਵਧਾਉਂਦੇ ਸਨ। ਬਾਹਰ ਨਿਕਲ ਕੇ ਗੁਰੂ ਜੀ ਦੀ ਉਡੀਕ ਕਰਦੇ ਸਨ। ਹਿਰਦੇ ਵਿਚ ਦਰਸ਼ਨ ਕਰਨ ਦਾ ਮਨੋਰਥ ਧਾਰਨ ਕੀਤਾ ਸੀ॥ ੧੮॥

ਕੇਤਿਕ ਕਰਤਿ ਪਾਠ ਗੁਰਬਾਨੀ। ਕੇਚਿਤ ਅਰਥਨਿ ਕਰਤਿ ਵਖਾਨੀ।
ਕੇਚਿਤ ਸੁਨਹਿਂ, ਕਮਾਵਹਿਂ ਕੇਈ। ਕੇਚਿਤ ਸੱਤਿਨਾਮ ਸਿਮਰੇਈਂ॥ ੧੯॥

ਕਈ ਗੁਰਬਾਣੀ ਦਾ ਪਾਠ ਕਰਦੇ ਸਨ, ਕਈ ਅਰਥਾਂ ਦੀ ਵਿਆਖਿਆ ਕਰਦੇ ਸਨ। ਕਈ ਸੁਣ ਕੇ ਕਮਾਉਂਦੇ ਸਨ, ਕਈ ਸਤਿਨਾਮ ਦਾ ਸਿਮਰਨ ਕਰਦੇ ਸਨ॥ ੧੯॥

ਕੇਚਿਤ ਅਰਥਨਿ ਪਠਿ ਸੰਬਾਦਹਿਂ। ਕਿਤਿਕ ਸਰਾਹਤਿ ਪ੍ਰਾਪਤਿ ਸਾਦਹਿਂ।
ਅਧਿਕ ਰੰਗ ਸੰਗਤਿ ਮਹਿਂ ਹੋਤਿ। ਕਰਿ ਕਰਿ ਪੰਗਤ ਅਨੰਦ ਉਦੋਤਿ॥੨੦॥

ਕਈ ਅਰਥ ਪੜ੍ਹ ਕੇ ਸੰਵਾਦ ਕਰਦੇ ਸਨ, ਕਈ ਬਾਣੀ ਪੜ੍ਹਨ ਦਾ ਜੋ ਸਵਾਦ ਪੈਦਾ ਹੁੰਦਾ ਹੈ, ਉਸ ਦੀ ਸ਼ਲਾਘਾ ਕਰਦੇ ਸਨ। ਸੰਗਤ ਵਿਚ ਬੜਾ ਰੰਗ ਬੱਝਾ ਹੋਇਆ ਸੀ, ਪੰਗਤਾਂ ਬਣਾ ਬਣਾ ਅਨੰਦ ਪ੍ਰਗਟ ਹੋ ਰਿਹਾ ਸੀ॥ ੨੦॥

ਕਰਹਿਂ ਤਿਹਾਵਲ ਬਹੁ ਧਨ ਕੇਰਾ। ਗੁਰ ਅਰਦਾਸ ਉਚਰਿ ਤਿਸ ਬੇਰਾ।
ਸਿੱਖ ਜੋਰਿ ਕਰ ਹੁਇ ਸਮੁਦਾਈ। ਇਕ ਸਮ ਬਾਂਟ ਬੰਟ ਕਰਿ ਖਾਈਂ॥ ੨੧॥

ਬਹੁਤ ਧਨ ਦਾ ਕੜਾਹ ਪ੍ਰਸ਼ਾਦਿ ਕਰਵਾਉਂਦੇ ਸਨ, ਉਸ ਸਮੇਂ ਗੁਰੂ ਜੀ ਪਾਸ ਅਰਦਾਸ ਕਰਦੇ ਸਨ, ਹੱਥ ਜੋੜ ਕੇ ਇਕੱਠੇ ਹੋ ਜਾਂਦੇ ਸਨ ਤੇ ਇਕ ਸਮਾਨ ਵੰਡ ਕੇ ਖਾਂਦੇ ਸਨ॥ ੨੧॥

ਕਹੂੰ ਪੁਰਾਨਨ ਕੀ ਹੁਇ ਕਥਾ। ਪ੍ਰਥਮ ਭਟਨ ਕੇ ਰਨ ਭੇ ਜਥਾ।
ਮਿਲੇ ਕਵੀ ਗਨ ਕਾਵਜ ਬਨਾਵਹਿਂ। ਧਨ ਸਮੁਦਾਇ ਰੋਜ਼ ਕੋ ਪਾਵਹਿਂ॥ ੨੨॥

ਕਿਤੇ ਪੁਰਾਣਾਂ ਦੀ ਕਥਾ ਹੁੰਦੀ ਸੀ, ਪਹਿਲਾਂ ਸੂਰਮਿਆਂ ਦੇ ਜਿਵੇਂ ਜੰਗ ਹੋਏ ਸਨ। ਕਵੀ ਜਨ ਮਿਲ ਕੇ ਕਵਿਤਾ ਬਣਾਉਂਦੇ ਸਨ। ਬਹੁਤ ਧਨ ਅਤੇ ਰੋਜ਼ੀ ਪਾਉਂਦੇ ਸਨ॥ ੨੨॥

ਗੁਨੀ ਲੁਹਾਰ ਲੋਹ ਕੋ ਘਰਤੇ। ਸ਼ਸਤ੍ਰ ਅਜਾਇਬ ਬਹੁ ਬਿਧਿ ਕਰਤੇ।
ਤੋਮਰ, ਤੀਰ, ਤੁਪਕ, ਤਰਵਾਰ। ਘਰਿ ਘਰਿ ਅਰਪਤਿ ਹੈਂ ਹੱਥਜਾਰ॥ ੨੩॥

ਗੁਣੀ ਲੁਹਾਰ ਲੋਹੇ ਨੂੰ ਘੜਦੇ ਸਨ ਤੇ ਬਹੁਤ ਵਿਧੀਆਂ ਨਾਲ ਅਜੀਬ ਸ਼ਸਤਰ ਬਣਾਉਂਦੇ ਸਨ। ਨੇਜ਼ੇ, ਤੀਰ, ਬੰਦੂਕ ਅਤੇ ਤਲਵਾਰ, ਘੜ ਘੜ ਕੇ ਹਥਿਆਰ ਅਰਪਣ ਕਰਦੇ ਸਨ॥ ੨੩॥

ਜਿਤਿਕ ਜਗਤ ਮਹਿਂ ਗੁਨੀ ਜਿ ਨਾਨਾ। ਨਿਜ ਨਿਜ ਬਿੱਦਜਾ ਕਰਹਿਂ ਮਹਾਨਾ।
ਅਰਪਨਿ ਕਰਿ ਕਰਿ ਗੁਰੂ ਰਿਝਾਵੈਂ। ਮਨ ਭਾਵਤਿ ਧਨ ਗਨ ਕੋ ਪਾਵੈਂ॥ ੨੪॥

ਜਗਤ ਵਿਚ ਜਿੰਨੇ ਵੀ ਕਈ ਪ੍ਰਕਾਰ ਦੇ ਗੁਣੀ ਲੋਕ ਹਨ, ਉਹ ਆਪਣੀ-ਆਪਣੀ ਮਹਾਨ ਵਿਦਿਆ ਕਰਦੇ ਸਨ। ਗੁਰੂ ਜੀ ਨੂੰ ਹਥਿਆਰ ਅਰਪਣ ਕਰਕੇ ਪ੍ਰਸੰਨ ਕਰਦੇ ਸਨ ਤੇ ਮਨ-ਭਾਉਂਦਾ ਬਹੁਤ ਧਨ ਪ੍ਰਾਪਤ ਕਰਦੇ ਸਨ॥ ੨੪॥

ਸੁਨਿ ਜਸੁ ਦੂਰ ਦੂਰ ਤੇ ਆਇ। ਬਨਹਿਂ ਧਨਾਢਿ ਨਿਕੇਤ ਸਿਧਾਇਂ।
ਸਭਿ ਮਿਲਿ ਫਾਗਨ ਮਾਸ ਬਿਤਾਯੋ। ਖੇਲਤਿ ਫਾਗ ਅਨੰਦ ਉਪਾਯੋ॥ ੨੫॥

ਗੁਰੂ ਜੀ ਦਾ ਜੱਸ ਸੁਣ ਕੇ ਦੂਰ-ਦੂਰ ਤੋਂ ਆਉਂਦੇ ਸਨ ਤੇ ਧਨਾਢ ਬਣ ਕੇ ਘਰਾਂ ਨੂੰ ਚਲੇ ਜਾਂਦੇ ਸਨ। ਸਾਰਿਆਂ ਨੇ ਮਿਲ ਕੇ ਫੱਗਣ ਦਾ ਮਹੀਨਾ ਬਤੀਤ ਕੀਤਾ ਤੇ ਹੋਲੀ ਖੇਡ ਕੇ ਵੱਡਾ ਅਨੰਦ ਪ੍ਰਾਪਤ ਕੀਤਾ॥ ੨੫॥

ਅਲਤਾ ਗਨ ਅੰਬੀਰ ਗੁਲਾਲ। ਲਾਲ ਪੀਤ ਭਰਿ ਰੰਗ ਬਿਸਾਲ।
ਮਿਲਤਿ ਖੁਸ਼ੀ ਹੁਇ ਊਪਰ ਡਾਰਹਿਂ। ਨਾਨਾ ਰੰਗ ਬਸਤ੍ਰ ਕੇ ਧਾਰਹਿਂ॥ ੨੬॥

ਲਾਖ ਤੋਂ ਬਣਿਆ ਲਾਲ ਅਲਤਾ ਅਤੇ ਲਾਲ ਗੁਲਾਲ ਅਤੇ ਲਾਲ ਪੀਲਾ ਰੰਗ ਲੈ ਕੇ ਇਕ ਦੂਸਰੇ ਨੂੰ ਖੁਸ਼ੀ-ਖੁਸ਼ੀ ਮਿਲਦੇ ਸਨ ਤੇ ਰੰਗ ਨੂੰ ਇਕ ਦੂਸਰੇ ਦੇ ਉੱਪਰ ਪਾਉਂਦੇ ਸਨ। ਪਾਏ ਹੋਏ ਵਸਤਰ ਕਈ ਪ੍ਰਕਾਰ ਦੇ ਰੰਗ ਧਾਰ ਲੈਂਦੇ ਸਨ॥ ੨੬॥

ਜਮਹਿ ਸਭਿਨਿ ਕੇ ਬਦਨ ਗੁਲਾਲ। ਪਰਹਿਂ ਪਛਾਨਹਿਂ ਨਹਿਂ ਤਿਸ ਕਾਲ।
ਇਕ ਸਮ ਹੋਇ ਫਿਰਹਿਂ ਜਨੁ ਮਾਤੇ। ਗਾਇਂ ਸ਼ਬਦ ਮੁਖ ਪ੍ਰੇਮ ਸੁ ਰਾਤੇ॥ ੨੭॥

ਸਾਰਿਆਂ ਦੇ ਮੁਖੜਿਆਂ ਤੇ ਲਾਲ ਗੁਲਾਲ ਜੰਮ ਗਿਆ, ਉਸ ਸਮੇਂ ਪਛਾਣੇ ਨਹੀਂ ਸੀ ਜਾਂਦੇ। ਮਤਵਾਲਿਆਂ ਵਾਂਗ ਇਕੋ ਜੇਹੇ ਹੋਏ ਫਿਰ ਰਹੇ ਸਨ ਤੇ ਪ੍ਰੇਮ ਨਾਲ ਰੰਗੇ ਹੋਏ ਸ਼ਬਦ ਗਾਇਨ ਕਰਦੇ ਸਨ॥ ੨੭॥

ਗਰੀ ਗਰੀ ਆਨੰਦਪੁਰਿ ਕੇਰੀ। ਇਕ ਸਮ ਲਾਲ ਭਈ ਤਿਸੁ ਬੇਰੀ।
ਮਾਨੋ ਘਟਾ ਧਰਯੋ ਰੰਗ ਲਾਲ। ਉਡਤਿ ਬਿਲੰਦਹਿ ਬ੍ਰਿੰਦ ਗੁਲਾਲ॥ ੨੮॥

ਅਨੰਦਪੁਰ ਦੀ ਗਲੀ ਗਲੀ, ਉਸ ਸਮੇਂ ਇਕ ਸਮਾਨ ਲਾਲ ਹੋ ਗਈ। ਮਾਨੋ ਘਟਾ ਨੇ ਹੀ ਲਾਲ ਰੰਗ ਧਾਰਨ ਕਰ ਲਿਆ ਸੀ, ਬਹੁਤ ਗੁਲਾਲ ਇਸ ਤਰ੍ਹਾਂ ਉੱਡ ਰਿਹਾ ਸੀ॥ ੨੮॥

ਗਹਿ ਗਹਿ ਮਾਰਤਿ ਹੈਂ ਪਿਚਕਾਰੀ। ਨਾਨਾ ਰੰਗ ਮਹਾਂ ਛਬਿ ਧਾਰੀ।
ਇਕ ਸਨਮੁਖ ਹੁਇ ਊਪਰ ਡਾਲਹਿਂ। ਬਿਨਾ ਓਟ ਇਕ ਮੁਖ ਪਰ ਝਾਲਹਿਂ॥੨੯॥

ਫੜ ਫੜ ਕੇ ਪਿਚਕਾਰੀਆਂ ਮਾਰਦੇ ਸਨ, ਕਈ ਪ੍ਰਕਾਰ ਦੇ ਰੰਗਾਂ ਨੇ ਸ਼ੋਭਾ ਧਾਰਨ ਕੀਤੀ ਸੀ। ਕਈ ਸਾਹਮਣੇ ਹੋ ਕੇ ਮੁਖ 'ਤੇ ਰੰਗ ਪਾਉਂਦੇ ਸਨ, ਕਈ ਬਿਨਾ ਓਟ ਮੁਖ ਤੇ ਝੱਲ ਲੈਂਦੇ ਸਨ॥ ੨੯॥

ਇਸ ਪ੍ਰਕਾਰ ਸਿਖ ਸੰਗਤਿ ਬਾਹਰ। ਚਾਚਰਿ ਖੇਲਤਿ ਮਿਲਿ ਮਿਲਿ ਜ਼ਾਹਰ।
ਦਰਸ਼ਨ ਦੇਨਿ ਹੇਤੁ ਗੁਰ ਪੂਰੇ। ਬੋਲੇ ਬਾਕਨਿ ਸ੍ਰੀ ਮੁਖ ਰੂਰੇ॥ ੩੦॥

ਇਸ ਪ੍ਰਕਾਰ ਸਿੱਖ ਸੰਗਤ ਬਾਹਰ ਹੋ ਕੇ ਮਿਲ ਮਿਲ ਕੇ ਸਭ ਦੇ ਸਾਹਮਣੇ ਹੋਲੀ ਖੇਡਦੇ ਸਨ। ਦਰਸ਼ਨ ਦੇਣ ਵਾਸਤੇ ਪੂਰੇ ਗੁਰੂ ਜੀ ਆਪਣੇ ਮੁਖ ਤੋਂ ਸੁੰਦਰ ਬਚਨ ਬੋਲੇ॥ ੩੦॥

'ਅਧਿਕ ਉਤੰਗ ਦਮਦਮਾਂ ਜਹਾਂ। ਰਚਹੁ ਫਰਸ਼ ਕੋ ਅਦਭੁਤ ਤਹਾਂ।
ਅਪਰ ਸਕਲ ਹੀ ਕੀਜਹਿ ਤਜਾਰੀ। ਰੰਗ ਅਨਿਕ ਬਿਧਿ ਲੇਹੁ ਨਿਕਾਰੀ॥੩੧॥

ਜਿੱਥੇ ਬਹੁਤ ਉੱਚਾ ਦਮਦਮਾ ਬਣਾਇਆ ਹੈ, ਓਥੇ ਦਰੀਆਂ ਗਲੀਚੇ ਵਿਛਾ ਕੇ ਅਦਭੁਤ ਫਰਸ਼ ਤਿਆਰ ਕਰੋ, ਹੋਰ ਸਭ ਦੀ ਤਿਆਰੀ ਕਰੋ ਤੇ ਅਨੇਕ ਵਿਧੀਆਂ ਨਾਲ ਰੰਗ ਕੱਢ ਲਵੋ॥ ੩੧॥

ਅਨਗਨ ਅਲਤਾ ਕਰਹੁ ਗੁਲਾਲ। ਤਹਿਂ ਹੀ ਧਰੀਐ ਲਜਾਇ ਉਤਾਲ।
ਸਭਿ ਸੰਗਤਿ ਕੇ ਗਮਨਹਿਂ ਡੇਰੇ। ਸੁਧ ਦਰਸ਼ਨ ਕੀ ਕਹਿ ਇਸ ਬੇਰੇ॥ ੩੨॥

ਅਣਗਿਣਤ ਅਲਤਾ ਅਤੇ ਗੁਲਾਲ ਓਥੇ ਲਿਆ ਕੇ ਛੇਤੀ ਹੀ ਧਰ ਦੇਵੋ। ਸਾਰੀ ਸੰਗਤ ਦੇ ਡੇਰਿਆਂ ਵਿਚ ਜਾਵਾਂਗੇ, ਇਸ ਸਮੇਂ ਦਰਸ਼ਨਾਂ ਦੀ ਖ਼ਬਰ ਕਹਿ ਦਿੱਤੀ॥ ੩੨॥

ਕਰਹਿ ਮੇਵਰਾ ਇਹ ਸਭਿ ਕਾਰ। ਕੀਜਹਿ ਸਕਲ ਸਮਾਜ ਤਯਾਰ'।
ਸੁਨਿ ਕਰਿ ਦਾਸ ਹੁਕਮ ਗੁਰ ਕੇਰੇ। ਗਏ ਦਮਦਮੇ ਊਚ ਬਡੇਰੇ॥ ੩੩॥

ਮੇਵੜਾ ਇਹ ਸਾਰੀ ਕਾਰ ਕਰਦਾ ਸੀ, ਸਾਰਾ ਸਾਮਾਨ ਤਿਆਰ ਕਰੋ" ਗੁਰੂ ਜੀ ਦਾ ਹੁਕਮ ਸੁਣ ਕੇ, ਸਾਰੇ ਉੱਚੇ ਦਮਦਮੇ ਵਿਖੇ ਪਹੁੰਚ ਗਏ॥ ੩੩॥

ਜੋ ਜੋ ਆਇਸੁ ਤਤਛਿਨ ਕਰੀ। ਖੇਲਹਿਂ ਫਾਗ ਸੌਜ ਸਭਿ ਧਰੀ।
ਸਭਿ ਸੰਗਤਿ ਕੌ ਸੁਧਿ ਤਬਿ ਹੋਈ। ਭਏ ਅਨੰਦ ਆਇ ਸਭਿ ਕੋਈ॥ ੩੪॥

ਜਿਹੜੀ ਜਿਹੜੀ ਵੀ ਆਗਿਆ ਹੋਈ ਸੀ, ਤੁਰਤ ਕੀਤੀ, ਸਾਰੀ ਸਮੱਗਰੀ ਧਰ ਕੇ ਹੋਲੀ ਖੇਡਦੇ ਸਨ। ਸਭ ਸੰਗਤ ਨੂੰ ਫਿਰ ਖਬਰ ਹੋਈ, ਸਾਰੇ ਹੀ ਅਨੰਦ ਨਾਲ ਭਰ ਗਏ॥ ੩੪॥

ਅਪਨੀ ਅਪਨੀ ਲੀਨਿ ਅਕੋਰੀ। ਪੁਨ ਸਮਾਜ ਖੇਲਨ ਕੋ ਹੋਰੀ।
ਸੇਤ ਪੁਸ਼ਾਕ ਸਕਲ ਗੁਰ ਪਹਿਰੀ। ਅਦਭੁਤ ਦੁਤਿ ਸਭਿ ਤਨ ਪਰ ਠਹਿਰੀ॥੩੫॥

ਆਪਣਾ-ਆਪਣਾ ਉਪਹਾਰ ਲੈ ਲਿਆ, ਫਿਰ ਹੋਲੀ ਖੇਡਣ ਦਾ ਸਾਮਾਨ ਲੈ ਲਿਆ। ਗੁਰੂ ਜੀ ਨੇ ਸਫੇਦ ਪੁਸ਼ਾਕ ਪਹਿਨੀ ਹੋਈ ਸੀ, ਸਾਰੇ ਸਰੀਰ ਉੱਤੇ ਅਦਭੁਤ ਸ਼ੋਭਾ ਛਾ ਰਹੀ ਸੀ॥ ੩੫॥

Sri Satguru Jagjit Singh Ji eLlibrary NamdhariElibrary@gmail.com

ਮੁਕਤਾ ਹੀਰੇ ਲਗੇ ਜਵਾਹਰ। ਅਲੰਕਾਰ ਪਹਿਰੇ ਦੁਤਿ ਜ਼ਾਹਰ।
ਨਿਕਸੇ ਮੰਦਰ ਤੇ ਚਲਿ ਆਏ। ਭਾਟ ਨਕੀਬ ਬੋਲਿ ਅਗਵਾਏ॥ ੩੬॥

ਮੋਤੀ ਹੀਰੇ ਅਤੇ ਜਵਾਹਰ ਲੱਗੇ ਸਨ, ਸੁੰਦਰ ਗਹਿਣੇ ਪਾਏ ਸਨ ਜਿਨ੍ਹਾਂ ਦੀ ਚਮਕ ਜ਼ਾਹਰ ਹੋ ਰਹੀ ਸੀ। ਗੁਰੂ ਜੀ ਆਪਣੇ ਘਰ ਤੋਂ ਨਿਕਲ ਕੇ ਆ ਗਏ, ਅੱਗੇ-ਅੱਗੇ ਭੱਟ ਅਤੇ ਨਕੀਬ ਬੋਲਦੇ ਆਉਂਦੇ ਸਨ॥ ੩੬॥

ਸਿਰ ਪਰ ਚਵਰ ਢੁਰਤਿ ਬਡ ਸ਼ੋਭਾ। ਪਿਖਿ ਪ੍ਰਭੁ ਪ੍ਰਭਾ ਕੌਨ ਨਹਿਂ ਲੋਭਾ।
ਮੰਦ ਮੰਦ ਤਹਿਂ ਕੋ ਚਲਿ ਆਏ। ਜਹਾਂ ਦਮਦਮਾ ਊਚ ਸੁਹਾਏ॥ ੩੭॥

ਸਿਰ ਉੱਤੇ ਚੌਰ ਫਿਰਦਾ ਬੜੀ ਸ਼ੋਭਾ ਪਾ ਰਿਹਾ ਸੀ, ਗੁਰੂ ਜੀ ਦੀ ਪ੍ਰਭੁਤਾ ਵੇਖ ਕੇ ਕੌਣ ਲੁਭਾਇਮਾਨ ਨਹੀਂ ਸੀ ਹੋ ਰਿਹਾ। ਹੌਲੀ-ਹੌਲੀ ਉਥੇ ਚਲ ਕੇ ਆ ਗਏ, ਜਿੱਥੇ ਉੱਚਾ ਦਮਦਮਾ ਸ਼ੋਭ ਰਿਹਾ ਸੀ॥ ੩੭॥

ਊਪਰ ਚਢੇ ਸੁਪਾਨ ਘਨੇਰੀ। ਪਾਛੇ ਗਮਨਤਿ ਸਿਖ ਤਿਸ ਬੇਰੀ।
ਸੂਰਨ ਸਿੰਘਾਸਨ ਡਾਸਜੋ ਰੂਰੇ। ਊਪਰ ਬੈਠਿ ਗਏ ਗੁਰ ਪੂਰੇ॥ ੩੮॥

ਗੁਰੂ ਜੀ ਪੌੜੀਆਂ ਰਾਹੀਂ ਉੱਪਰ ਚੜ੍ਹ ਗਏ, ਉਸ ਸਮੇਂ ਪਿੱਛੇ-ਪਿੱਛੇ ਸਿੱਖ ਜਾ ਰਹੇ ਸਨ। ਸੁੰਦਰ ਸੋਨੇ ਦਾ ਸਿੰਘਾਸਣ ਡਾਹਿਆ ਸੀ। ਪੂਰਨ ਗੁਰੂ ਜੀ ਉਸ ਦੇ ਉੱਪਰ ਬੈਠ ਗਏ॥ ੩੮॥

ਚਮਰਦਾਰ ਪਾਛੇ ਹੁਇ ਖਰਜੋ। ਬਾਰਿ ਬਾਰਿ ਢੋਰਨਿ ਕੋ ਕਰਜੋ।
ਸਿਖ ਮਸੰਦ ਸਮੀਪੀ ਆਏ। ਚਹੁੰ ਦਿਸ਼ਿ ਬੈਠੇ ਬੀਚ ਸੁਹਾਏ॥ ੩੯॥

ਚੌਰ-ਬਰਦਾਰ ਪਿੱਛੇ ਹੋ ਕੇ ਖੜਾ ਹੋ ਗਿਆ, ਬਾਰ-ਬਾਰ ਚੌਰ ਨੂੰ ਫੇਰ ਰਿਹਾ ਸੀ। ਸਿੱਖ ਮਸੰਦ ਗੁਰੂ ਜੀ ਦੇ ਪਾਸ ਆ ਗਏ। ਚਾਰੇ ਪਾਸੇ ਸਿੱਖ ਬੈਠ ਗਏ ਤੇ ਗੁਰੂ ਜੀ ਵਿਚਕਾਰ ਬੈਠੇ ਸ਼ੋਭ ਰਹੇ ਸਨ॥ ੩੯॥

ਸੰਗਤਿ ਬ੍ਰਿੰਦ ਆਵਨੇ ਲਾਗੀ। ਦੇਤਿ ਦਰਸ ਪ੍ਰਭੁ ਲਖਿ ਅਨੁਰਾਗੀ।
ਅਰਪਨ ਲਗੇ ਅਨੇਕ ਅਕੋਰ। ਬਾਰਿ ਬਾਰਿ ਬੰਦਹਿਂ ਕਰਿ ਜੋਰ॥ ੪੦॥

ਬਹੁਤ ਸੰਗਤ ਫਿਰ ਆਉਣ ਲੱਗੀ, ਗੁਰੂ ਜੀ ਨੂੰ ਦਰਸ਼ਨ ਦਿੰਦੇ ਵੇਖ ਕੇ ਪ੍ਰੇਮ ਨਾਲ ਭਰ ਗਈ। ਅਨੇਕਾਂ ਉਪਹਾਰ ਅਰਪਣ ਕਰਨ ਲੱਗੇ। ਹੱਥ ਜੋੜ ਕੇ ਬਾਰ-ਬਾਰ ਬੰਦਨਾ ਕਰਦੇ ਸਨ॥ ੪੦॥

ਪੁਨ ਪ੍ਰਭੁ ਪਰ ਗੁਲਾਲ ਛਿਰਕਾਏ। ਅਲਤਾ ਗਨ ਸੁਗੰਧ ਮਹਿਂ ਪਾਏ।
ਆਪਸ ਮਹਿਂ ਸਿਖ ਖੇਲਨਿ ਲਾਗੇ। ਰੰਗ ਅਨੇਕਨ ਮਹਿਂ ਪਟ ਪਾਗੇ॥ ੪੧॥

ਫਿਰ ਗੁਰੂ ਜੀ ਉੱਤੇ ਗੁਲਾਲ ਦਾ ਛਿੜਕਾਅ ਕਰਦੇ ਸਨ, ਬਹੁਤ ਸੁਗੰਧੀ ਵਾਲਾ ਅਲਤਾ ਪਾਉਂਦੇ ਸਨ। ਫਿਰ ਸਿੱਖ ਆਪਸ ਵਿਚ ਖੇਡਣ ਲੱਗ ਗਏ, ਅਨੇਕਾਂ ਰੰਗਾਂ ਵਿਚ ਵਸਤਰ ਰੰਗੇ ਗਏ॥ ੪੧॥

ਕਹੌਂ ਕਹਾਂ ਲਗਿ ਕੌਤਕ ਘਨੇ। ਰਿਦੈ ਅਨੰਦ ਬਿਲੰਦੈ ਸਨੇ।
ਕਰੀ ਕਾਮਨਾ ਪੂਰਨ ਉਰ ਕੀ। ਜੋ ਜੋ ਚਹਤਿ ਹੁਤੇ, ਢਿਗ ਗੁਰ ਕੀ॥ ੪੨॥

ਕਿੱਥੇ ਤਕ ਇਸ ਕੌਤਕ ਬਾਰੇ ਕਹਾਂ, ਸਾਰਿਆਂ ਦੇ ਹਿਰਦੇ ਬੜੇ ਅਨੰਦ ਨਾਲ ਭਰੇ ਹੋਏ ਸਨ। ਆਪਣੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਜੋ ਵੀ ਗੁਰੂ ਜੀ ਪਾਸੋਂ ਚਾਹੁੰਦੇ ਸਨ॥ ੪੨॥

ਦਰਸ਼ਨ ਬਦਨ ਚੰਦ ਕੋ ਕਰੈਂ। ਬ੍ਰਿੰਦ ਚਕੋਰ ਤ੍ਰਿਪਤਿ ਨਹਿਂ ਧਰੈਂ।
ਮੋਹਤਿ ਮਨ ਕੌ ਸੁੰਦਰਤਾਈ। ਕੋ ਅਸ ਮੰਦ ਜੁ ਨਹਿਂ ਬਿਰਮਾਈ॥ ੪੩॥

ਗੁਰੂ ਜੀ ਦੇ ਚੰਦ ਮੁਖੜੇ ਦੇ ਦਰਸ਼ਨ ਕਰਦੇ ਸਨ, ਸਾਰੇ ਚਕੋਰਾਂ ਵਾਂਗ ਵੇਖ ਵੇਖ ਕੇ ਤ੍ਰਿਪਤ ਨਹੀਂ ਸੀ ਹੁੰਦੇ। ਗੁਰੂ ਜੀ ਦੀ ਸੁੰਦਰਤਾਈ ਮਨ ਨੂੰ ਮੋਹਿਤ ਕਰ ਰਹੀ ਸੀ, ਕੌਣ ਐਸਾ ਮੰਦ-ਭਾਗਾ ਸੀ ਜਿਹੜਾ ਮੋਹਿਤ ਨਾ ਹੋਇਆ ਹੋਵੇ॥ ੪੩॥

ਬਡ ਉਤਸਵ ਕਰਿ ਖੇਲਨ ਫਾਗ। ਦੇਖਿ ਬਧੇ ਸਿੱਖਨਿ ਅਨੁਰਾਗ।
ਆਛੀ ਰੀਤਿ ਦਰਸ ਕੋ ਦੀਨਿ। ਪੁਨ ਉਠਿਬੇ ਚਿਤ ਸਤਿਗੁਰ ਕੀਨਿ॥ ੪੪॥

ਬੜਾ ਉਤਸਵ ਕਰਕੇ ਹੋਲੀ ਖੇਡਦੇ ਸਨ, ਵੇਖ ਕੇ ਸਿੱਖਾਂ ਵਿਚ ਪ੍ਰੇਮ ਵਧਦਾ ਸੀ। ਚੰਗੀ ਰੀਤੀ ਨਾਲ ਗੁਰੂ ਜੀ ਨੇ ਦਰਸ਼ਨ ਦਿੱਤੇ, ਫਿਰ ਸਤਿਗੁਰੂ ਜੀ ਦਾ ਉੱਠਣ ਨੂੰ ਚਿੱਤ ਕੀਤਾ॥ ੪੪॥

ਮੰਦਿਰ ਅਪਨੇ ਜਾਇ ਸੁਹਾਏ। ਸਿਤ ਘਨ ਮਹਿਂ ਜਿਮ ਸਸਿ ਪ੍ਰਵਿਸਾਏ।
ਸੰਗਤਿ ਗਈ ਸਕਲ ਨਿਜ ਡੇਰੇ। ਗੁਨ ਗਨ ਬਰਨਨਿ ਕਰਤਿ ਬਡੇਰੇ॥ ੪੫॥

ਫਿਰ ਗੁਰੂ ਜੀ ਨੇ ਆਪਣੇ ਘਰ ਵਿਚ ਜਾ ਕੇ ਸ਼ੋਭਾ ਪਾਈ। ਸਫੇਦ ਬੱਦਲ ਵਿਚ ਜਿਵੇਂ ਚੰਦ ਪ੍ਰਵੇਸ਼ ਕਰ ਜਾਂਦਾ ਹੈ। ਸਾਰੀ ਸੰਗਤ ਆਪਣੇ-ਆਪਣੇ ਡੇਰੇ ਵਿਚ ਚਲੀ ਗਈ, ਓਥੇ ਜਾ ਕੇ ਗੁਰੂ ਜੀ ਦੇ ਗੁਣਾਂ ਦਾ ਵਰਣਨ ਕਰਦੇ ਸਨ॥ ੪੫॥

*ਤੀਸਰੀ ਰੁੱਤ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥*

## *ਅਧਿਆਇ ਤੀਸਰਾ*

*ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ*

*ਦੋਹਰਾ-* ਸਤਿਗੁਰ ਕ੍ਰਿਪਾਨਿਧਾਨ ਜੀ ਕਰਤਿ ਅਨੇਕ ਬਿਲਾਸ।
ਚਾਹਤਿ ਧਰਮ ਸਥਾਪਨੇ ਦੁਸ਼ਟਨਿ ਕਰਨ ਬਿਨਾਸ਼॥ ੧॥

ਕ੍ਰਿਪਾ ਨਿਧਾਨ ਸਤਿਗੁਰੂ ਜੀ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ, ਦੁਸ਼ਟਾਂ ਦਾ ਨਾਸ ਕਰਕੇ ਉਹ ਧਰਮ ਸਥਾਪਿਤ ਕਰਨਾ ਚਾਹੁੰਦੇ ਸਨ॥ ੧॥

*ਚੌਪਈ-* ਜਬਹਿ ਬਸੋਏ ਕੋ ਦਿਨ ਆਵੈ। ਚਹੁੰ ਦਿਸ਼ਿ ਤੇ ਸੰਗਤਿ ਉਮਡਾਵੈ।
ਜਿਮ ਗ੍ਰੀਖਮ ਬੀਤੇ ਜਿਸ ਕਾਲ। ਚਹੁੰ ਦਿਸ਼ਿ ਉਮਡਹਿਂ ਘਟਾ ਬਿਸਾਲ॥੨॥

ਜਦ ਵੈਸਾਖੀ ਦਾ ਦਿਨ ਆਉਂਦਾ ਸੀ ਤਾਂ ਚਾਰ ਪਾਸਿਆਂ ਤੋਂ ਸੰਗਤ ਉਮਡ ਕੇ ਆ ਜਾਂਦੀ ਸੀ। ਜਿਵੇਂ ਜਦ ਗਰਮ ਰੁੱਤ ਦਾ ਸਮਾਂ ਬੀਤ ਜਾਂਦਾ ਹੈ ਤਾਂ ਚਾਰੇ ਪਾਸਿਆਂ ਤੋਂ ਘਟਾਵਾਂ ਉਮਡ ਕੇ ਆ ਜਾਂਦੀਆਂ ਹਨ॥ ੨॥

ਪ੍ਰੇਮ ਧਰੇ ਆਨੰਦਪੁਰਿ ਆਵਤਿ। ਸ਼ਬਦ ਅਖੰਡ ਕੀਰਤਨ ਗਾਵਤਿ।
ਜਨੁ ਚਾਖਤਿ ਹੈਂ ਅੰਮ੍ਰਿਤਧਾਰਾ। ਦਰਸ਼ਨ ਕਰਹਿਂ ਅਨੰਦ ਉਦਾਰਾ॥੩॥

ਪ੍ਰੇਮ ਧਾਰ ਕੇ ਅਨੰਦਪੁਰ ਆਉਂਦੇ ਸਨ ਤੇ ਅਖੰਡ ਕੀਰਤਨ ਦੇ ਸ਼ਬਦ ਗਾਉਂਦੇ ਸਨ, ਮਾਨੋ ਅੰਮ੍ਰਿਤਧਾਰਾ ਚੱਖਦੇ ਸਨ। ਦਰਸ਼ਨ ਕਰਕੇ ਵਿਸ਼ਾਲ ਅਨੰਦ ਪ੍ਰਾਪਤ ਕਰਦੇ ਸਨ॥ ੩॥

ਧੰਨੀ ਘੇਪ ਸੁ ਝੰਗ ਸਿਆਲਾ। ਆਵਤਿ ਲੰਮੇ ਦੇਸ਼ ਬਿਸਾਲਾ।
ਪੁਨਿ ਮੁਲਤਾਨ ਦੇਸ਼ ਮਨਕੇਰਾ। ਨਰ ਪਸ਼ੌਰ ਕੇ ਪ੍ਰੇਮ ਘਨੇਰਾ॥ ੪॥

ਧੰਨ ਘੇਪ, ਪੋਠੋਹਾਰ, ਝੰਗ ਸਿਆਲ ਅਤੇ ਲੰਮੇ ਦੇਸ਼ ਦੇ ਇਲਾਕੇ ਵਿਚੋਂ ਬਹੁਤ ਸਿੱਖ ਸੰਗਤ ਆਉਂਦੀ ਸੀ। ਮੁਲਤਾਨ, ਮਨਕੇਰਾ, ਪਸ਼ਾਵਰ ਵਿਚੋਂ ਵੀ ਮਨੁੱਖ ਬੜਾ ਪ੍ਰੇਮ ਧਾਰ ਕੇ ਆਉਂਦੇ ਸਨ॥ ੪॥

**ਕਾਬਲ, ਖੁਰਾਸਾਨ, ਕੰਧਾਰਾ। ਬਲਖ, ਬੁਖਾਰਾ ਆਇ ਹਜ਼ਾਰਾ।**
**ਕਹਿੰ ਲਗਿ ਗਿਨੀਅਹਿ ਪਸ਼ਚਮ ਬਾਸੀ। ਆਇਂ ਸੰਗਤਾਂ ਹੋਤਿ ਹੁਲਾਸੀ॥੫॥**

ਕਾਬਲ, ਖੁਰਾਸਾਨ, ਕੰਧਾਰ, ਬਲਖ ਅਤੇ ਬੁਖਾਰਾ ਵਿਚੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਆਉਂਦੀ ਸੀ। ਕਿੱਥੋਂ ਤਕ ਗਿਣਤੀ ਕਰੀਏ। ਪੱਛਮ ਵਾਸੀ ਸੰਗਤਾਂ ਵੀ ਆ ਕੇ ਬਹੁਤ ਪ੍ਰਸੰਨ ਹੁੰਦੀਆਂ ਸਨ॥ ੫॥

**ਸਫਲ ਜਨਮ ਦਰਸ਼ਨ ਕਰਿ ਜਾਨਹਿਂ। ਬਹੁ ਮੋਲੀ ਭੇਟਾ ਗਨ ਆਨਹਿਂ।**
**ਸੁਤ ਬਨਿਤਾ ਕੋ ਲੇ ਕਰਿ ਸਾਥ। ਪਰਮ ਪੁਨੀਤ ਹੋਇ ਪਿਖਿ ਨਾਥ॥੬॥**

ਦਰਸ਼ਨ ਕਰਕੇ ਆਪਣਾ ਜਨਮ ਸਫਲ ਹੋਇਆ ਜਾਣਦੇ ਸਨ। ਬਹੁਤ ਕੀਮਤੀ ਭੇਟਾਵਾਂ ਲੈ ਲੈ ਕੇ ਆਉਂਦੇ ਸਨ। ਪੁੱਤਰ ਅਤੇ ਪਤਨੀ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਪਰਮ ਪੁਨੀਤ ਹੋ ਜਾਂਦੇ ਸਨ॥ ੬॥

**ਚਲੀ ਸੰਬੂਹ ਸੰਗਤਾਂ ਆਵੈਂ। ਹਿੰਦੂ ਤੁਰਕ ਉਰ ਕਿਸ ਨਹਿਂ ਭਾਵੈਂ।**
**ਜੋ ਸਿਰ ਤੇ ਗੰਜਾ ਹੁਇ ਲਾਲ। ਤਿਸਹਿ ਸੁਹਾਇਂ ਨ ਕੇਸ ਬਿਸਾਲ॥੭॥**

ਸਮੂਹ ਸੰਗਤ ਚਲੀ ਆਉਂਦੀ ਸੀ, ਪਰ ਹਿੰਦੂਆਂ ਅਤੇ ਤੁਰਕਾਂ ਨੂੰ ਸੰਗਤ ਆਉਂਦੀ ਚੰਗੀ ਨਹੀਂ ਸੀ ਲੱਗਦੀ। ਗੰਜ ਦੀ ਬਿਮਾਰੀ ਨਾਲ ਜਿਸ ਦਾ ਸਿਰ ਘੋਨਾ ਮੋਨਾ ਹੋ ਗਿਆ ਹੋਵੇ, ਉਸ ਨੂੰ ਲੰਮੇ ਕੇਸ ਚੰਗੇ ਨਹੀਂ ਲੱਗਦੇ ਹਨ॥ ੭॥

**ਕਿਸ ਬਿਧਿ ਕਰਿ ਜੋ ਕਾਨੋ ਹੋਇ। ਤਿਸ ਨ ਸੁਖਾਵੈ ਸੁਠਿ ਦ੍ਰਿਗ ਜੋਇ।**
**ਜਹਿਂ ਨਕਟੇ ਹੋਵਹਿਂ ਸਮੁਦਾਇ। ਸੁੰਦਰ ਨਾਕ ਨ ਤਹਾਂ ਸੁਹਾਇ॥੮॥**

ਕਿਸੇ ਵਿਧੀ ਨਾਲ ਜੇ ਕੋਈ ਕਾਣਾ ਹੋ ਗਿਆ ਹੋਵੇ ਤਾਂ ਉਸ ਨੂੰ ਸਹੀ ਸਲਾਮਤ ਸੋਹਣੇ ਨੇਤਰਾਂ ਵਾਲੇ ਸੁਖਾਵੇਂ ਨਹੀਂ ਲੱਗਦੇ ਹਨ। ਜਿੱਥੇ ਸਾਰਿਆਂ ਦੇ ਨੱਕ ਵੱਢੇ ਹੋਣ, ਓਥੇ ਸੁੰਦਰ ਨੱਕ ਸ਼ੋਭਦਾ ਨਹੀਂ ਹੈ॥ ੮॥

**ਤਿਮ ਸ੍ਰੀ ਸਤਿਗੁਰ ਕੀ ਸ਼ੁਭ ਸੰਗਤਿ। ਦਿਨਪ੍ਰਤਿ ਨਿਕਸਤਿ ਨਈ ਸੁ ਰੰਗਤ।**
**ਗਾਵਤਿ, ਭਜਨ ਕਰਤਿ ਗੁਰ ਆਵੈਂ। ਤੁਰਕ ਮੁਲਖ ਪਤਿ ਕੋ ਨਹਿਂ ਭਾਵੈਂ॥੯॥**

ਉਸ ਤਰ੍ਹਾਂ ਸਤਿਗੁਰੂ ਜੀ ਦੀ ਸ਼ੁਭ ਸੰਗਤ ਨਵੇਂ ਰੰਗ ਵਿਚ ਰੰਗੀ ਹੋਈ ਨਿਕਲਦੀ ਸੀ। ਗੁਰੂ ਜੀ ਦੇ ਸਿੱਖ ਭਜਨ ਗਾਉਂਦੇ ਆਉਂਦੇ ਸਨ, ਤੁਰਕ ਬਾਦਸ਼ਾਹ ਨੂੰ ਉਹ ਚੰਗੇ ਨਹੀਂ ਸਨ ਲੱਗਦੇ॥ ੯॥

**ਦੇਖਤਿ ਹਿੰਦੂ ਨਕਲ ਬਨਾਵਤਿ। ਕਰਿ ਕਰਿ ਆਪਸ ਮਹਿਂ ਹਰਖਾਵਤਿ।**
**ਜਿਸ ਕਿਸ ਬਿਧਿ ਤੇ ਤੁਰਕ ਬਿਸਾਦ। ਪਿਖਿ ਸਿੱਖੀ ਕੋ ਬਾਦਤਿ ਬਾਦ॥੧੦॥**

ਹਿੰਦੂ ਵੇਖ ਕੇ ਸਿੱਖਾਂ ਦੀ ਨਕਲ ਬਣਾਉਂਦੇ ਸਨ ਤੇ ਆਪਸ ਵਿਚ ਨਕਲ ਕਰ ਕਰ ਕੇ ਪ੍ਰਸੰਨ ਹੁੰਦੇ ਸਨ। ਜਿਸ ਕਿਸ ਵਿਧੀ ਨਾਲ ਤੁਰਕ ਝਗੜਾ ਕਰਦੇ ਸਨ। ਸਿੱਖਾਂ ਨੂੰ ਵੇਖ ਕੇ ਵਿਅਰਥ ਵਿਚ ਬਖੇੜਾ ਕਰਦੇ ਸਨ॥ ੧੦॥

**ਇਮ ਪਿਖਿ ਸੰਗਤਿ ਜਾਨੀ ਮਨ ਮੈਂ। 'ਦ੍ਵੈ ਰਿਪੁ, ਦੇਖਿ ਹਰਖ ਨਹਿਂ ਇਨ ਮੈਂ।**
**ਜਰੇ ਜਾਹਿਂ ਪਿਖਿ ਜਰੈਂ ਨ ਏਹੀ। ਜਨੁ ਐਸ਼੍ਵਰਜੁ ਇਨਹੁਂ ਕੋ ਲੇਹੀ' ॥੧੧॥**

ਇਸ ਤਰ੍ਹਾਂ ਤੁਰਕਾਂ ਨੂੰ ਝਗੜਾ ਅਤੇ ਹਿੰਦੂਆਂ ਨੂੰ ਮਖੌਲ ਕਰਦਿਆਂ ਵੇਖ ਕੇ ਸੰਗਤ ਨੇ ਮਨ ਵਿਚ ਜਾਣਿਆ ਕਿ ਸਾਡੇ ਦੋਵੇਂ ਦੁਸ਼ਮਣ ਹਨ। ਸਾਨੂੰ ਵੇਖ ਕੇ ਇਨ੍ਹਾਂ ਵਿਚ ਖੁਸ਼ੀ ਨਹੀਂ ਰਹਿੰਦੀ। ਇਹ ਸੰਗਤ ਨੂੰ ਵੇਖ ਕੇ ਸੜ ਜਾਂਦੇ ਹਨ ਤੇ ਬਰਦਾਸ਼ਤ ਨਹੀਂ ਕਰਦੇ। ਮਾਨੋ ਸਿੱਖ ਇਨ੍ਹਾਂ ਦਾ ਧਨ ਦੌਲਤ ਖੋਹ ਰਹੇ ਹਨ॥ ੧੧॥

ਗੁਰ ਢਿਗ ਸਗਰੀ ਸੰਗਤਿ ਆਈ। ਦਰਸਤਿ ਦ੍ਰਿਗ ਭਰਿ ਅਭਿਮਤਿ ਪਾਈ।
ਪੁਨ ਕਰ ਜੋਰਿ ਕਰੀ ਅਰਦਾਸ। ਸ਼੍ਰੀ ਸਤਿਗੁਰ ਸਾਹਿਬ ਕੇ ਪਾਸ॥ ੧੨॥

ਗੁਰੂ ਜੀ ਪਾਸ ਸਾਰੀ ਸੰਗਤ ਆਈ, ਗੁਰੂ ਜੀ ਦੇ ਦਰਸ਼ਨ ਕਰਕੇ ਮਨ ਦੀ ਅਭਿਲਾਖਾ ਪਾਈ। ਫਿਰ ਹੱਥ ਜੋੜ ਕੇ ਸਤਿਗੁਰੂ ਸਾਹਿਬ ਦੇ ਪਾਸ ਬੇਨਤੀ ਕੀਤੀ॥ ੧੨॥

'ਹਿੰਦੁ ਤੁਰਕ ਆਵਤਿ ਕੋ ਹੇਰੈਂ। ਬਿਨ ਕਾਰਨ ਤੇ ਖਿਝਹਿਂ ਘਨੇਰੈ।
ਕਿਸ ਕੇ ਸੰਗ ਨ ਬੈਰ ਹਮਾਰੇ। ਆਵਤਿ ਜਾਤਿ ਤੂਸ਼ਨੀ ਧਾਰੇਂ॥ ੧੩॥

"ਹਿੰਦੂ ਤੁਰਕ ਸਾਨੂੰ ਆਉਂਦਿਆਂ ਨੂੰ ਵੇਖਦੇ ਹਨ ਤੇ ਕਿਸੇ ਕਾਰਨ ਤੋਂ ਬਗੈਰ ਬਹੁਤ ਖਿਝਦੇ ਹਨ। ਸਾਡਾ ਕਿਸੇ ਨਾਲ ਵੀ ਕੋਈ ਵੈਰ ਨਹੀਂ ਹੈ, ਆਉਂਦੇ ਜਾਂਦੇ ਚੁੱਪ ਧਾਰਨ ਕਰਦੇ ਹਾਂ॥ ੧੩॥

ਟਰਹਿਂ ਹੇਰਿ ਹਮ, ਕਰੈਂ ਨ ਕੈਸੇ। ਸੋ ਦੁਖ ਪਾਇਂ ਸ਼ੱਤ੍ਰ ਹੈਂ ਜੈਸੇ।
ਆਵਨ ਜਾਨਿ ਖੇਦ ਕਰਿ ਹੋਵਤਿ। ਹਿੰਦੂ ਤੁਰਕ ਬਿਪਰਜੈ ਹੋਵਤਿ॥ ੧੪॥

ਸਾਨੂੰ ਵੇਖ ਕੇ ਦੂਰ ਹੋ ਜਾਂਦੇ ਹਨ, ਕਿਸੇ ਤਰ੍ਹਾਂ ਵੀ ਠਹਿਰਦੇ ਨਹੀਂ ਹਨ, ਉਹ ਇਸ ਤਰ੍ਹਾਂ ਦੁਖੀ ਹੁੰਦੇ ਹਨ, ਜਿਵੇਂ ਵੈਰੀ ਹੁੰਦੇ ਹਨ। ਆਉਣ ਜਾਣ ਨਾਲ ਦੁਖ ਹੁੰਦਾ ਹੈ, ਹਿੰਦੂ ਤੁਰਕ ਦੋਵੇਂ ਵੇਖ ਕੇ ਖਿਲਾਫ ਹੋ ਜਾਂਦੇ ਹਨ॥ ੧੪॥

ਬਿਨ ਕਾਰਨ ਦ੍ਰੋਹੀ ਮਦ ਮੱਤੇ। ਹਸਹਿਂ ਸੰਗ ਤਿਨ ਆਪ ਕੁਪੱਤੇ।
ਪ੍ਰਭੁ ਕੋ ਸਿਮਰਨ ਕਰਜੋ ਨ ਭਾਵੈ। ਅਪਨੋ ਲੋਕ ਪ੍ਰਲੋਕ ਗਵਾਵੈਂ॥ ੧੫॥

ਮਾੜੀ ਮੱਤ ਵਾਲੇ ਬਿਨਾਂ ਕਾਰਨ ਧ੍ਰੋਹ ਕਰਦੇ ਹਨ, ਕੁਪੱਤੇ ਸੰਗਤ ਨੂੰ ਵੇਖ ਕੇ ਹੱਸਦੇ ਹਨ। ਪ੍ਰਭੂ ਦਾ ਸਿਮਰਨ ਇਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਹੈ, ਆਪਣਾ ਲੋਕ ਪਰਲੋਕ ਗਵਾਉਂਦੇ ਹਨ"॥ ੧੫॥

ਸੁਨਿ ਕਲਗੀਧਰ ਬਚਨ ਬਖਾਨੇ। 'ਤੁਮ ਗੁਰਮੁਖ ਸਿਖ ਸੁਨਹੁ ਸਿਆਨੇ।
ਮਗ ਮਹੁਂ ਚਲਤਿ ਸ਼ਸਤ੍ਰ ਤੇ ਹੀਨ। ਮਹਾਂਬਲੀ ਭੀ ਦੀਖਤਿ ਦੀਨ॥ ੧੬॥

ਇਹ ਸੁਣ ਕੇ ਕਲਗੀਧਰ ਜੀ ਨੇ ਬਚਨ ਕੀਤਾ, "ਤੁਸੀਂ ਗੁਰਮੁਖ ਸਿਆਣੇ ਸਿੱਖ ਹੋ, ਮੇਰੀ ਗੱਲ ਸੁਣੋ, ਤੁਸੀਂ ਰਸਤੇ ਵਿਚ ਸ਼ਸਤਰਾਂ ਤੋਂ ਬਗੈਰ ਚਲਦੇ ਹੋ। ਸ਼ਸਤਰਾਂ ਤੋਂ ਬਗੈਰ ਮਹਾਂਬਲੀ ਵੀ ਦੀਨ ਦਿਖਾਈ ਦਿੰਦਾ ਹੈ॥ ੧੬॥

ਗਮਨ ਬਿਦੇਸ਼ ਸ਼ਸਤ੍ਰ ਨਹਿਂ ਰਾਖਹੁ। ਜਿਹਬਾ ਬਿਨ ਜਬਾਬ ਕ੍ਰਿਮ ਭਾਖਹੁ।
ਸ਼ਸਤ੍ਰ ਸਮੇਤ ਸ਼ੱਤ੍ਰ ਜੋ ਹੇਰਹਿ। ਸ਼ਕਤਿ ਬਿਨਾ ਨ ਪ੍ਰਹਾਰ ਬਡੇਰਹਿ॥ ੧੭॥

ਬਿਦੇਸ਼ ਜਾਂਦੇ ਹੋ ਤੇ ਸ਼ਸਤਰ ਨਹੀਂ ਰੱਖਦੇ ਹੋ। ਜ਼ਬਾਨ ਤੋਂ ਬਗੈਰ ਜਵਾਬ ਕਿਵੇਂ ਦੇਵੋਗੇ। ਸ਼ਸਤਰਾਂ ਸਮੇਤ ਤੁਹਾਨੂੰ ਵੇਖਕੇ ਵੈਰੀ ਦੀ ਤਾਕਤ ਨਹੀਂ ਕਿ ਤੁਹਾਡੇ ਉੱਪਰ ਵੱਡਾ ਵਾਰ ਕਰ ਸਕੇ॥ ੧੭॥

ਜੇ ਪ੍ਰਹਾਰ ਹੁਇ, ਕਰਹੁ ਲਰਾਈ। ਲੇਹੁ ਬਿਜੈ, ਗੁਰ ਹੋਇਂ ਸਹਾਈ।
ਅਬਿ ਕੇ ਮੇਲੇ ਦਰਸ਼ਨ ਆਵਹੁ। ਅਪਨੇ ਅੰਗਨਿ ਸ਼ਸਤ੍ਰ ਲਗਾਵਹੁ॥ ੧੮॥

ਜੇ ਵਾਰ ਹੋਵੇ ਤਾਂ ਲੜਾਈ ਕਰੋ, ਜਿੱਤ ਪ੍ਰਾਪਤ ਕਰੋ, ਗੁਰੂ ਜੀ ਤੁਹਾਡੀ ਸਹਾਇਤਾ ਕਰਨਗੇ। ਹੁਣ ਦੇ ਮੇਲੇ ਵਿਚ ਜਦ ਦਰਸ਼ਨ ਕਰਨ ਆਵੋ ਤਾਂ ਆਪਣੇ ਅੰਗਾਂ 'ਤੇ ਸ਼ਸਤਰ ਪਹਿਣ ਕੇ ਆਵੋ॥ ੧੮॥

ਸਭਿ ਜੁਗ ਮਹਿਮਾ ਸ਼ਸਤ੍ਰ ਮਹਾਨ। ਕਲਿ ਮੈਂ ਅਤਿਸ਼ੈ ਖੜਗ ਪ੍ਰਧਾਨ।
ਪਿਖਹਿਂ ਪਤਾਪ ਦਬਕ ਰਿਪ ਜਾਵਹਿ। ਮਿੱਤ੍ਰ ਸ਼ੱਤ੍ਰ ਸਭਿ ਮਿਲਿ ਹਰਖਾਵਹਿਂ॥੧੯॥

ਸਾਰੇ ਜੁਗਾਂ ਵਿਚ ਸ਼ਸਤਰਾਂ ਦੀ ਮਹਾਨ ਮਹਿਮਾ ਰਹੀ ਹੈ, ਕਲਜੁਗ ਵਿਚ ਤਲਵਾਰ ਬਹੁਤ ਪ੍ਰਧਾਨ ਹੈ। ਪ੍ਰਤਾਪ ਵੇਖ ਕੇ ਵੈਰੀ ਦੱਬ ਜਾਵੇਗਾ। ਵੈਰੀ ਮਿੱਤਰ ਸਾਰੇ ਮਿਲ ਕੇ ਵੇਖ ਕੇ ਪ੍ਰਸੰਨ ਹੋਣਗੇ॥ ੧੯॥

ਨਿਤਪ੍ਰਤਿ ਸ਼ਸਤ੍ਰ ਕਰਹੁ ਅੱਭਯਾਸ। ਦੋਨਹੁਂ ਲੋਕ ਦੇਤਿ ਸੁਖ ਰਾਸ।
ਸਮੁਖ ਮਰੇ ਤੇ ਸੁਰਗ ਸਿਧਾਵੈਂ। ਸੁਖ ਕੋ ਅਨਿਕ ਪ੍ਰਕਾਰ ਬਿਹਾਵੈ॥ ੨੦॥

ਨਿਤਾਪ੍ਰਤੀ ਸ਼ਸਤਰਾਂ ਦਾ ਅਭਿਆਸ ਕਰੋ। ਇਹ ਦੋਵਾਂ ਲੋਕਾਂ ਵਿਚ ਬਹੁਤ ਸੁਖ ਦਿੰਦੇ ਹਨ। ਜਿਹੜਾ ਸਾਹਮਣੇ ਲੜ ਕੇ ਮਰਦਾ ਹੈ, ਉਹ ਸਵਰਗਾਂ ਵਿਚ ਜਾਂਦਾ ਹੈ ਤੇ ਅਨੇਕ ਪ੍ਰਕਾਰ ਦੇ ਸੁਖ ਭੋਗਦਾ ਹੈ॥ ੨੦॥

ਜੀਵਤ ਜੀਤਹਿ ਸ਼ੱਤ੍ਰ ਬਡੇਰੇ। ਮਹਿ ਮਹਿਂ ਸੁਖ ਕੇ ਭੋਗ ਘਨੇਰੇ।
ਸ਼ਸਤ੍ਰ ਮਹਾਤਮ ਮਹਾਂ ਮਹਾਨੋ। ਯਾਂਤੇ ਸ਼ਸਤ੍ਰ ਗਹਿਨ ਕੋ ਠਾਨੋ॥ ੨੧॥

ਜੀਉਂਦਾ ਹੋਇਆ ਵੱਡੇ-ਵੱਡੇ ਵੈਰੀਆਂ ਨੂੰ ਜਿੱਤਦਾ ਹੈ। ਧਰਤੀ ਉੱਤੇ ਬਹੁਤ ਸੁਖ ਭੋਗਦਾ ਹੈ। ਸ਼ਸਤਰਾਂ ਦਾ ਮਹਾਨ ਮਹਾਤਮ ਹੈ, ਇਸ ਕਰਕੇ ਸ਼ਸਤਰਾਂ ਨੂੰ ਫੜ ਕੇ ਧਾਰਨ ਕਰੋ"॥ ੨੧॥

ਸੁਨਿ ਕਰਿ ਸ੍ਰੀ ਸਤਿਗੁਰ ਉਪਦੇਸ਼। ਭਈ ਸੰਗਤਾਂ ਬਿਦਾ ਅਸ਼ੇਸ਼।
ਅਪਨੇ ਸਦਨ ਗਏ ਸੁਖ ਪਾਇ। ਪੁਨ ਸੰਚੇ ਹੱਥਜਾਰ ਕਰਾਇ॥ ੨੨॥

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਸਾਰੀ ਸੰਗਤ ਵਿਦਾ ਹੋ ਗਈ, ਆਪਣੇ ਘਰਾਂ ਵਿਚ ਜਾ ਕੇ ਸੁਖ ਪਾਇਆ, ਫਿਰ ਹਥਿਆਰ ਇਕੱਠੇ ਕੀਤੇ॥ ੨੨॥

ਕਿਤਿਕ ਮਾਸ ਕੇ ਬਿਤੇ ਪਿਛਾਰੀ। ਗੁਰ ਦਰਸ਼ਨ ਕੀ ਕੀਯਸਿ ਤਯਾਰੀ।
ਨਿਜ ਨਿਜ ਅੰਗਨਿ ਸ਼ਸਤ੍ਰ ਲਗਾਏ। ਖੜਗ ਗਾਤਰੇ, ਸਿਪਰ ਉਠਾਏ॥ ੨੩॥

ਕਈ ਮਹੀਨੇ ਬੀਤ ਜਾਣ ਦੇ ਬਾਅਦ, ਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕੀਤੀ। ਆਪਣੇ-ਆਪਣੇ ਅੰਗਾਂ 'ਤੇ ਸ਼ਸਤਰ ਪਹਿਣੇ। ਗਾਤਰੇ ਵਿਚ ਤਲਵਾਰ ਪਾਈ ਤੇ ਢਾਲ ਮੋਢੇ ਤੇ ਚੁੱਕ ਲਈ॥ ੨੩॥

ਕਿਨਹੂੰ ਤਰਕਸ਼ ਗਹੀ ਕਮਾਨ। ਪੇਸ਼ਕਬਜ਼, ਜਮਦਾੜ੍ਹ ਮਹਾਨ।
ਸਮ ਸੈਨਾ ਕੇ ਸੰਗਤਿ ਹੋਈ। ਗਮਨੀ ਮਗ ਦੇਖਤਿ ਸਭਿ ਕੋਈ॥ ੨੪॥

ਕਿਸੇ ਨੇ ਤੀਰ ਕਮਾਨ ਫੜ ਲਿਆ, ਕਿਸੇ ਨੇ ਮਹਾਨ ਕਟਾਰ ਜਮਧਰ ਫੜ ਲਈ। ਸਾਰੀ ਸੰਗਤ ਸੈਨਾਂ ਵਾਂਗ ਹੋ ਗਈ। ਉਨ੍ਹਾਂ ਨੂੰ ਰਾਹੇ-ਰਾਹ ਜਾਂਦਿਆਂ ਨੂੰ ਸਾਰੇ ਵੇਖਦੇ ਸਨ॥ ੨੪॥

ਹਿੰਦੂ ਤੁਰਕ ਅਲਪ ਜੇ ਹੇਰੈਂ। ਤ੍ਰਾਸਤਿ ਹੋਇ ਸਕਹਿਂ ਨਹਿਂ ਨੇਰੈ।
ਜਿਸ ਥਲ ਬਿੰਦ ਹਿੰਦੁ ਕੈ ਤੁਰਕਾ। ਤਹਿਂ ਰਣ ਕਰਹਿਂ ਧਾਰਿ ਬਲ ਗੁਰ ਕਾ॥੨੫॥

ਘੱਟ ਸੰਖਿਆ ਵਿਚ ਜਿਹੜੇ ਹਿੰਦੂ ਤੁਰਕ ਵੇਖਦੇ ਸਨ, ਉਹ ਡਰਦੇ ਮਾਰੇ ਨੇੜੇ ਨਹੀਂ ਸੀ ਆਉਂਦੇ। ਜਿਸ ਥਾਂ ਹਿੰਦੂ ਤੁਰਕ ਵੱਡੀ ਗਿਣਤੀ ਵਿਚ ਹੁੰਦੇ ਸਨ ਤਾਂ ਓਥੇ ਗੁਰੂ ਜੀ ਦਾ ਬਲ ਧਾਰ ਕੇ ਲੜਾਈ ਕਰਦੇ ਸਨ॥ ੨੫॥

ਕੇਤਿਕ ਸਿੱਖਜ ਮਰੇ ਲਰਿ ਤਹਾਂ। ਹਿੰਦੂ ਤੁਰਕ ਹਤੇ ਨਰ ਜਹਾਂ।
ਕੇਤਿਕ ਘਾਇਲ ਗ੍ਰਾਮਨ ਛੋਰੇ। ਬਚੇ ਸੁ ਆਏ ਸ੍ਰੀ ਗੁਰ ਓਰੇ॥ ੨੬॥

ਓਥੇ ਕਈ ਸਿੱਖ ਲੜ ਕੇ ਮਰ ਗਏ, ਜਿੱਥੇ ਹਿੰਦੂ ਤੁਰਕ ਮਨੁੱਖ ਮਾਰੇ ਸਨ। ਕਈ ਜ਼ਖ਼ਮੀ ਪਿੰਡਾਂ ਵਿਚ ਛੱਡ ਦਿੱਤੇ, ਜਿਹੜੇ ਬਚੇ ਉਹ ਗੁਰੂ ਜੀ ਵਲ ਆਏ॥ ੨੬॥

ਪਹੁੰਚੇ ਪੁਰਿ ਅਨੰਦ ਗੁਰ ਦਰਸੇ। ਧਰੇ ਹਰਖ ਪਗ ਪੰਕਜ ਪਰਸੇ।
ਜਿਮ ਮਾਰਗ ਮਹਿਂ ਮਚੀ ਲਰਾਈ। ਸਗਰੀ ਸਤਿਗੁਰ ਨਿਕਟ ਸੁਨਾਈ॥ ੨੭॥

ਅਨੰਦਪੁਰ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪਹੁੰਚ ਗਏ ਤੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਿਆ। ਜਿਵੇਂ ਰਾਹ ਦੇ ਵਿਚ ਲੜਾਈ ਹੋਈ ਸੀ, ਉਹ ਸਾਰੀ ਸਤਿਗੁਰੂ ਜੀ ਨੂੰ ਸੁਣਾਈ॥ ੨੭॥

ਸੁਨਿ ਸ੍ਰੀ ਕਲਗੀਧਰ ਹਰਖਾਏ। ਸਿੱਖਨ ਕੇ ਉਤਸਾਹ ਬਧਾਏ।
'ਇਮ ਹੀ ਸ਼ੱਤ੍ਰਨ ਸੋਂ ਬਨਿ ਆਵੈ। ਡਰਹਿਂ, ਬਹੁਰ ਨਹਿਂ ਨੇਰ ਕਰਾਵੈਂ॥ ੨੮॥

ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸਿੱਖਾਂ ਦਾ ਉਤਸ਼ਾਹ ਵਧਾਉਣ ਲਈ ਬਚਨ ਕੀਤਾ, "ਵੈਰੀ ਨਾਲ ਇਸ ਤਰ੍ਹਾਂ ਹੀ ਨਜਿਠਣਾ ਬਣਦਾ ਹੈ, ਉਹ ਹੁਣ ਡਰਨਗੇ, ਦੁਬਾਰਾ ਨੇੜੇ ਨਹੀਂ ਆਉਣਗੇ॥ ੨੮॥

ਅਪਨੋ ਦਾਉ ਘਾਉ ਸੰਭਾਰਹੁ। ਕਰਹਿਂ ਬਧੀਕੀ ਸ਼ਸਤ੍ਰ ਪ੍ਰਹਾਰਹੁ'।
ਸੁਨਿ ਸਤਿਗੁਰ ਤੇ ਸਿੱਖਜਾ ਸਾਰੇ। ਸਭਿਨਿ ਸਿੱਖਜ ਗਨ ਸ਼ਸਤ੍ਰ ਸੰਭਾਰੇ॥ ੨੯॥

ਆਪਣਾ ਦਾਅ ਘਾਅ ਸੰਭਾਲੋ, ਜੇ ਵਧੀਕੀ ਕਰਨ ਤਾਂ ਸ਼ਸਤਰਾਂ ਦਾ ਵਾਰ ਕਰੋ।" ਸਤਿਗੁਰੂ ਜੀ ਪਾਸੋਂ ਸਿੱਖਿਆ ਸੁਣ ਕੇ ਸਾਰੇ ਸਿੱਖਾਂ ਨੇ ਸ਼ਸਤਰ ਸੰਭਾਲ ਲਏ॥ ੨੯॥

ਆਵਹਿਂ ਦਰਸ਼ਨ ਕੀ ਕਰਿ ਆਸਾ। ਨਹੀਂ ਕਾਲ ਕੋ ਧਾਰਹਿ ਤ੍ਰਾਸਾ।
ਅਪਰ ਤੀਨ ਦਿਸ਼ ਕੇ ਨਰ ਆਏ। ਸੈਨਾ ਕੇ ਸਮ ਸ਼ਸਤ੍ਰ ਸਜਾਏ॥ ੩੦॥

ਦਰਸ਼ਨਾਂ ਦੀ ਆਸ ਕਰਕੇ ਆਉਂਦੇ ਸਨ ਤੇ ਕਾਲ ਤੋਂ ਡਰ ਨਹੀਂ ਸੀ ਧਾਰਨ ਕਰਦੇ। ਹੋਰ ਤਿੰਨਾਂ ਪਾਸਿਆਂ ਤੋਂ ਮਨੁੱਖ ਆਏ, ਸੈਨਾ ਵਾਂਗ ਸਾਰਿਆਂ ਨੇ ਸ਼ਸਤਰ ਸਜਾਏ ਸਨ॥ ੩੦॥

ਭੇ ਇਕੱਤ੍ਰ ਸਿਖ ਪਸ਼ਚਮ ਵਾਸੀ। ਖੜਗ ਸਿਪਰ ਰਾਖਹਿਂ ਨਿਜ ਪਾਸੀ।
ਬ੍ਰਿੰਦ ਬ੍ਰਿੰਦ ਹੁਇ ਆਵਤਿ ਮਗ ਮੈਂ। ਸਿੱਖਜ ਸੂਰਮੇ ਬਿਦਤੇ ਜਗ ਮੈਂ॥ ੩੧॥

ਪੱਛਮ ਵਾਸੀ ਸਿੱਖ ਵੀ ਇਕੱਠੇ ਹੋਏ, ਉਹ ਤਲਵਾਰਾਂ ਢਾਲਾਂ ਨੂੰ ਆਪਣੇ ਪਾਸ ਰੱਖਦੇ ਸਨ। ਇਕੱਠੇ ਹੋ ਹੋ ਕੇ ਰਾਹ ਵਿਚ ਆਉਂਦੇ ਸਨ। ਸਿੱਖ ਸੂਰਮੇ ਜੱਗ ਵਿਚ ਪ੍ਰਗਟ ਹੋਏ॥ ੩੧॥

ਕਰਤਿ ਭਜਨ ਕੋ ਪ੍ਰੇਮ ਵਧਾਵੈਂ। ਚਾਂਪੈਂ ਪਗ, ਜੋ ਮਗ ਥਕ ਜਾਵੈ।
ਭਾਉ ਪਰਸਪਰ ਭਾ ਅਧਿਕਾਈ। ਨਿਜ ਕਰ ਸਿਖ ਸਿਖ ਕੇ ਮੁਖ ਪਾਈ॥ ੩੨॥

ਭਜਨ ਕਰਕੇ ਪ੍ਰੇਮ ਵਧਾਉਂਦੇ ਸਨ, ਜਿਹੜਾ ਰਾਹ ਵਿਚ ਥੱਕ ਜਾਂਦਾ ਸੀ, ਉਸ ਦੇ ਪੈਰਾਂ ਦੀ ਮੁੱਠੀ ਚਾਪੀ ਕਰਦੇ ਸਨ। ਆਪਸ ਵਿਚ ਬਹੁਤ ਪ੍ਰੇਮ ਵਧਾਉਂਦੇ ਸਨ। ਆਪਣੇ ਹੱਥੀ ਸਿੱਖ ਸਿੱਖ ਦੇ ਮੂੰਹ ਵਿਚ ਅੰਨ ਪਾਉਂਦੇ ਸਨ॥ ੩੨॥

ਆਪਸ ਮਹਿਂ ਮਰਦਤਿ ਹੈਂ ਅੰਗ। ਮੱਜਨ ਕਰਿਵਾਵਹਿਂ ਹਿਤ ਸੰਗ।
ਸਿਖ ਕੇ ਲੈ ਸਿਖ ਬਸਤ੍ਰ ਪਖਾਰੈ। ਹਸ ਕਰਿ ਮਿਲਹਿਂ ਪ੍ਰੇਮ ਉਰ ਧਾਰੈਂ॥ ੩੩॥

ਥਕਾਨ ਵੇਲੇ ਇਕ ਦੂਸਰੇ ਦੀ ਮਾਲਸ਼ ਕਰਦੇ ਸਨ, ਬੜੇ ਪਿਆਰ ਨਾਲ ਇਸ਼ਨਾਨ ਕਰਵਾਉਂਦੇ ਸਨ। ਸਿੱਖ ਦੇ ਸਿੱਖ ਬਸਤਰ ਲੈ ਕੇ ਧੋਂਦੇ ਸਨ, ਹੱਸ ਕੇ ਮਿਲਦੇ ਸਨ ਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਦੇ ਸਨ॥ ੩੩॥

ਭੋਜਨ ਇਕ ਸਥਾਨ ਸਭਿ ਕਰਿਹੀਂ। ਕਰਿ ਅਰਦਾਸ ਧਜਾਨ ਕੋ ਧਰਿਹੀਂ।
ਉਠੈ ਪ੍ਰਾਤਿ ਬਡ ਕਰੈਂ ਸ਼ਨਾਨ। ਬਸਤ੍ਰ ਸ਼ਬਤ੍ਰ ਤੇ ਹੁਇ ਸਵਧਾਨ॥ ੩੪॥

ਸਾਰੇ ਇਕ ਸਥਾਨ 'ਤੇ ਬੈਠ ਕੇ ਭੋਜਨ ਛਕਦੇ ਸਨ ਤੇ ਅਰਦਾਸ ਕਰਕੇ ਧਿਆਨ ਧਾਰਨ ਕਰਦੇ ਸਨ। ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰਦੇ ਸਨ, ਬਸਤਰ ਸ਼ਸਤਰ ਧਾਰ ਕੇ ਸਾਵਧਾਨ ਹੋ ਜਾਂਦੇ ਸਨ॥ ੩੪॥

ਇਮ ਸੁਚੇਤ ਹੁਇਂ ਮਗ ਮਹੁਂ ਚਲੈਂ। ਜਹਾਂ ਸਿੱਖ ਕਰਿ ਭਾਉ ਸੁ ਮਿਲੈਂ।
ਚਲਤਿ ਪੰਜਾਬ ਦੇਸ਼ ਮੋਂ ਆਏ। ਦੇਖਿ ਬ੍ਰਿੰਦ ਸਿਖ, ਤੁਰਕ ਰਿਸਾਏ॥ ੩੫॥

ਇਸ ਤਰ੍ਹਾਂ ਸੁਚੇਤ ਹੋ ਕੇ ਰਾਹ ਵਿਚ ਚਲਦੇ ਸਨ। ਜਿੱਥੇ ਸਿੱਖ ਪ੍ਰੇਮ ਕਰਕੇ ਮਿਲਦੇ ਸਨ। ਚਲਦੇ ਹੋਏ ਪੰਜਾਬ ਦੇਸ਼ ਵਿਚ ਆ ਗਏ, ਸਿੱਖਾਂ ਦੀ ਵੱਡੀ ਗਿਣਤੀ ਵੇਖ ਕੇ, ਤੁਰਕ ਗੁੱਸੇ ਵਿਚ ਆ ਗਏ॥ ੩੫॥

ਹਿੰਦੂ ਮਿਲਿ ਮਿਲਿ ਹਾਸੀ ਠਾਨਹਿਂ। ਬਹੁ ਪ੍ਰਕਾਰ ਕੀ ਨਕਲ ਬਖਾਨਹਿਂ।
ਖਿਝਹਿਂ ਤੁਰਕ ਸਿੱਖਨ ਗਨ ਜੋਈ। ਹੋਨਹਾਰ ਹੋਵਤਿ ਹੈ ਸੋਈ॥ ੩੬॥

ਹਿੰਦੂ ਮਿਲ ਮਿਲ ਹੱਸਦੇ ਸਨ ਤੇ ਬਹੁਤ ਪ੍ਰਕਾਰ ਦੀਆਂ ਨਕਲਾਂ ਲਾਹ ਕੇ ਮਖੌਲ ਕਰਦੇ ਸਨ। ਬਹੁਤ ਸਿੱਖਾਂ ਨੂੰ ਵੇਖ ਕੇ ਤੁਰਕ ਖਿਝਦੇ ਸਨ। ਜੋ ਹੋਣਾ ਹੁੰਦਾ ਹੈ, ਉਹ ਹੀ ਹੁੰਦਾ ਹੈ॥ ੩੬॥

ਕਿਸ ਮਾਨਸ ਕੇ ਬਸਿ ਮਹਿਂ ਨਾਂਹਿ। ਹੋਇ ਅਵੱਸਜ ਜੁ ਭਾਵੀ ਆਹਿ।
ਕਿਤ ਕਿਤ ਨੋਕ ਚੋਕ ਮਗ ਭਈ। ਸੁਲਗਤਿ ਅਗਨਿ ਅਧਿਕ ਹੁਇ ਗਈ॥੩੭॥

ਕਿਸੇ ਮਨੁੱਖ ਦੇ ਵੱਸ ਵਿਚ ਕੁਝ ਨਹੀਂ ਹੈ, ਜੋ ਭਾਵੀ ਨੂੰ ਮਨਜ਼ੂਰ ਹੁੰਦਾ ਹੈ, ਉਹ ਅਵੱਸ਼ ਹੁੰਦਾ ਹੈ। ਕਿਤੇ-ਕਿਤੇ ਰਾਹ ਵਿਚ ਨੋਕ ਝੋਕ ਹੋਈ ਤੇ ਧੁਖਦੀ ਅੱਗ ਵਧ ਗਈ॥ ੩੭॥

ਚਲੇ ਸ਼ਸਤ੍ਰ ਕੀਨਸਿ ਘਮਸਾਨਾ। ਕਾਟੇ ਗਨ ਸ਼ੱਤ੍ਰ ਬਲਵਾਨਾ।
ਗੁਰ ਸਹਾਇਤਾ ਐਸੀ ਕਰੀ। ਜਿਸਤੇ ਚਮੂੰ ਬੈਰੀਯਨਿ ਦਰੀ॥ ੩੮॥

ਸ਼ਸਤਰ ਚੱਲੇ ਤੇ ਘਮਸਾਨ ਦਾ ਯੁੱਧ ਹੋਇਆ, ਬਲਵਾਨ ਵੈਰੀ ਵੱਡੀ ਗਿਣਤੀ ਵਿਚ ਕੱਟ ਕੱਟ ਕੇ ਸੁੱਟ ਦਿੱਤੇ। ਗੁਰੂ ਜੀ ਨੇ ਐਸੀ ਸਹਾਇਤਾ ਕੀਤੀ ਜਿਸ ਨਾਲ ਵੈਰੀਆਂ ਦੀ ਸੈਨਾ ਡਰ ਗਈ॥ ੩੮॥

ਸਿਰ ਧਰ ਕਰ ਕੈ ਧਰਨਿ ਗਿਰਾਏ। ਦੇਖਿ ਤੇਜ ਪੁਨ ਚਲੇ ਪਲਾਏ।
ਬਹੁਰ ਤ੍ਰਾਸ ਧਰਿ ਨੇਰ ਨ ਕਰੈਂ। ਮਰੇ ਹੇਰਿ ਬਹੁ ਹਿਰਦੈ ਡਰੈਂ॥ ੩੯॥

ਸਿਰ, ਧੜ, ਹੱਥ ਵੱਖ-ਵੱਖ ਕਰਕੇ ਧਰਤੀ 'ਤੇ ਡੇਗ ਦਿੱਤੇ, ਫਿਰ ਵੱਡਾ ਤੇਜ ਵੇਖ ਕੇ ਭੱਜ ਗਏ। ਫਿਰ ਡਰ ਮੰਨ ਕੇ ਨੇੜੇ ਨਹੀਂ ਸੀ ਆਉਂਦੇ, ਬਹੁਤ ਮਰੇ ਵੇਖ ਕੇ ਹਿਰਦੇ ਵਿਚ ਡਰਦੇ ਸਨ॥ ੩੯॥

ਦੁਇ ਤ੍ਰੈ ਵਾਰ ਜੁੱਧ ਕਰਿ ਕ੍ਰੋਧਾ। ਬਢਤਿ ਬਢਤਿ ਬਹੁ ਬਢਜੋ ਬਿਰੋਧਾ।
ਪਿਖਿ ਸਮੂਹ ਕੋ ਸੰਗਤਿ ਅਰੀ। ਨਹਿਂ ਰੋਕਹਿਂ ਧਰਿ ਕਰਿ ਉਰ ਅਰੀ॥ ੪੦॥

ਦੋ ਤਿੰਨ ਵਾਰ ਕ੍ਰੋਧ ਕਰਕੇ ਯੁੱਧ ਕੀਤਾ, ਵਧਦਿਆਂ-ਵਧਦਿਆਂ ਬਹੁਤ ਵਿਰੋਧ ਵੱਧ ਗਿਆ। ਬਹੁਤ ਵਿਰੋਧੀਆਂ ਨੂੰ ਵੇਖ ਕੇ ਵੀ ਸੰਗਤ ਅੜ ਖਲੋਂਦੀ ਸੀ॥ ੪੦॥

ਕੀਰਤਨ ਕਰਤਿ ਅਨੰਦਤਿ ਉਰ ਮੈਂ। ਸੰਗਤਿ ਪਹੁਚੀ ਆਨੰਦਪੁਰਿ ਮੈਂ।
ਸ੍ਰੀ ਸਤਿਗੁਰ ਕੋ ਪੂਜਨ ਕਰਜੋ। ਤਨ ਮਨ ਧਨ ਅਰਪਨ ਸਭਿ ਕਰਜੋ॥ ੪੧॥

ਕੀਰਤਨ ਕਰਕੇ ਹਿਰਦੇ ਵਿਚ ਬੜਾ ਅਨੰਦ ਧਾਰ ਕੇ ਸੰਗਤ ਅਨੰਦਪੁਰ ਪਹੁੰਚ ਗਈ। ਸ੍ਰੀ ਸਤਿਗੁਰੂ ਜੀ ਦੀ ਪੂਜਾ ਕੀਤੀ, ਧਨ ਮਨ, ਧਨ ਸਭ ਅਰਪਣ ਕਰ ਦਿੱਤਾ॥ ੪੧॥

ਖੁਸ਼ੀ ਕਰੀ ਸਤਿਗੁਰ ਬਿਗਸਾਏ। 'ਤੁਮ ਨਿਹਾਲ ਭੇ' ਬਾਕ ਅਲਾਏ।
ਬੂਝਜੋ 'ਮਗ ਬ੍ਰਿਤੰਤੁ ਕਿਮ ਭਯੋ ?' ਜਿਮ ਬੀਤਜੋ ਸਿੱਖਨ ਕਹਿ ਦਯੋ ॥ ੪੨ ॥

ਖੁਸ਼ੀ ਕੀਤੀ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕਹੇ, "ਤੁਸੀਂ ਨਿਹਾਲ ਹੋ ਗਏ ਹੋ।" ਫਿਰ ਪੁਛਿਆ, "ਰਾਹ ਵਿਚ ਕਿਵੇਂ ਬ੍ਰਿਤਾਂਤ ਹੋਇਆ। ਜਿਵੇਂ ਬੀਤਿਆ ਸੀ, ਸਿੱਖਾਂ ਨੇ ਕਹਿ ਕੇ ਸੁਣਾਇਆ॥੪੨॥

'ਬਡੀ ਸਪਰਧਾ ਬਢੀ ਗੁਸਾਈਂ ! ਤੁਮ ਬਿਨੁ ਹਮਰੋ ਕੋ ਨ ਸਹਾਈ।
ਆਵਨਿ ਜਾਨਿ ਕਠਨ ਬਡ ਭਯੋ। ਹਿੰਦੂ ਤੁਰਕ ਬੈਰ ਬਧਿ ਗਯੋ॥ ੪੩ ॥

"ਹੇ ਸਵਾਮੀ ! ਈਰਖਾ ਬਹੁਤ ਵਧੀ ਹੈ, ਤੁਹਾਡੇ ਬਗੈਰ ਸਾਡਾ ਕੋਈ ਸਹਾਇਕ ਨਹੀਂ ਹੈ। ਆਉਣਾ ਜਾਣਾ ਬੜਾ ਕਠਨ ਹੋ ਗਿਆ ਹੈ। ਹਿੰਦੂਆਂ ਤੁਰਕਾਂ ਨਾਲ ਵੈਰ ਵਧ ਗਿਆ ਹੈ॥੪੩॥

ਕੋ ਸਿਖ ਮਰੇ ਲਰਾਈ ਲਰਿ ਕੈ। ਰਾਵਰਿ ਚਰਨ ਧਜਾਨ ਉਰ ਧਰਿ ਕੈ।
ਕੇਤਿਕ ਘਾਇਲ ਗ੍ਰਾਮਨਿ ਛੋਰੇ। ਹੋਇ ਅਬ੍ਰਿਣ ਆਵਹਿਂ ਤੁਮ ਓਰੇ॥ ੪੪ ॥

ਕਈ ਸਿੱਖ ਆਪਣੇ ਹਿਰਦੇ ਵਿਚ ਤੁਹਾਡੇ ਚਰਨਾਂ ਦਾ ਧਿਆਨ ਧਾਰ ਕੇ ਲੜਾਈ ਲੜ ਕੇ ਮਰ ਗਏ ਹਨ। ਕਈ ਜ਼ਖਮੀਆਂ ਨੂੰ ਪਿੰਡਾਂ ਵਿਚ ਛੱਡ ਦਿੱਤਾ ਹੈ, ਰਾਜ਼ੀ ਹੋ ਕੇ ਤੁਹਾਡੇ ਪਾਸ ਆਉਣਗੇ॥੪੪॥

ਕਿਸਹੁਂ ਨ ਜਾਨਹਿਂ, ਹਮ ਪਰਦੇਸੀ। ਹਿੰਦੁ ਤੁਰਕ ਰਿਪੁ ਵਧੇ ਵਿਸ਼ੇਸ਼ੀ।
ਤੁਮ ਸਿੱਖਨ ਕੇ ਹੋਹੁ ਸੁਆਮੀ। ਜਾਨਤਿ ਸਭਿ ਕੀ, ਅੰਤਰਜਾਮੀ॥ ੪੫ ॥

ਕਿਸੇ ਨੇ ਵੀ ਇਹ ਨਹੀਂ ਜਾਣਿਆ ਕਿ ਅਸੀਂ ਪਰਦੇਸ਼ੀ ਹਾਂ। ਹਿੰਦੂ ਤੁਰਕ ਵੈਰੀ ਬਹੁਤ ਵਧ ਗਏ ਹਨ। ਤੁਸੀਂ ਸਿੱਖਾਂ ਦੇ ਸਵਾਮੀ ਹੋ, ਹੇ ਅੰਤਰਜਾਮੀ ! ਤੁਸੀਂ ਸਾਰਿਆਂ ਦੇ ਦਿਲਾਂ ਦੀਆਂ ਜਾਣਦੇ ਹੋ॥੪੫॥

ਰੱਛਾ ਕਰਹੁ ਆਪ ਦੇ ਹਾਥ। ਤੁਮ ਅਲੰਬ ਇਕ ਸਿੱਖਜਨਿ ਸਾਥ।
ਬਨਹੁ ਸਹਾਇਕ ਤੌ ਇਹ ਰਹੇਂ। ਅਪਰ ਉਪਾਵ ਨ ਕੋਊ ਲਹੇਂ॥ ੪੬ ॥

ਆਪ ਜੀ ਹੱਥ ਦੇ ਕੇ ਰੱਖਿਆ ਕਰੋ, ਤੁਸੀਂ ਸਿੱਖਾਂ ਦਾ ਇਕ ਆਸਰਾ ਹੋ, ਸਹਾਇਕ ਬਣੋਗੇ ਤਾਂ ਇਹ ਰਹਿਣਗੇ। ਹੋਰ ਕੋਈ ਉਪਾਅ ਦਿਖਾਈ ਨਹੀਂ ਦਿੰਦਾ ਹੈ"॥੪੬॥

ਸਿੱਖਜਨ ਕੋ ਦੁਖ ਸੁਨਿ ਕਰਿ ਨਾਥ। ਚਿਤ ਮਹਿਂ ਚਿਤਵਹਿਂ ਚਿੰਤਾ ਸਾਥ।
ਦ੍ਵੈ ਘਟਿਕਾ ਲਗਿ ਧਾਰੀ ਮੌਨ। ਭਰੀ ਸਭਾ ਨਹਿਂ ਬੋਲਜੋ ਕੌਨ॥ ੪੭ ॥

ਗੁਰੂ ਜੀ ਸਿੱਖਾਂ ਦਾ ਦੁਖ ਸੁਣ ਕੇ ਚਿੱਤ ਵਿਚ ਚਿੰਤਾ ਸਹਿਤ ਵਿਚਾਰਨ ਲੱਗੇ। ਦੋ ਘੜੀਆਂ ਤਕ ਮੋਨ ਧਾਰਨ ਕੀਤੀ ਭਰੀ ਸਭਾ ਵਿਚ ਕੋਈ ਵੀ ਨਾ ਬੋਲਿਆ॥੪੭॥

ਪੁਨ ਪ੍ਰਯੰਕ ਪਰ ਪੌਢੇ ਦਜਾਲ। ਸਿੱਖਜਨਿ ਰੱਛਜਾ ਚਿਤਹਿਂ ਬਿਸਾਲ।
ਅਜ਼ਮਤਿ ਕੋ ਬਲ ਕਰਨੋ ਨਾਂਹੀ। ਇਸ ਬਿਨ ਸਿੱਧ ਕਾਜ ਨਹਿਂ ਆਹੀ॥ ੪੮ ॥

ਫਿਰ ਗੁਰੂ ਜੀ ਪਲੰਘ ਤੇ ਲੇਟ ਗਏ, ਸਿੱਖਾਂ ਦੀ ਵਿਸ਼ਾਲ ਰੱਖਿਆ ਕਰਨ ਬਾਰੇ ਵਿਚਾਰ ਕਰਨ ਲੱਗੇ। ਕਰਾਮਾਤ ਦੀ ਸ਼ਕਤੀ ਵਰਤਣੀ ਨਹੀਂ ਹੈ ਤੇ ਇਸ ਦੇ ਬਗੈਰ ਕਾਰਜ ਸਿੱਧ ਨਹੀਂ ਹੋਣਾ ਹੈ॥ ੪੮ ॥

ਕੋ ਬਿਧ ਕਰਹਿਂ ? ਬਿਚਾਰਤਿ ਦੇਵ। ਪੰਥ ਸ਼ਸਤ੍ਰ ਧਰਿ ਚਹਿਂ ਗੁਰਦੇਵ।
ਕਰਾਮਾਤ ਬਲ ਬਨਹਿਂ ਨ ਕਰਿਬੋ। ਸ਼ਸਤ੍ਰ ਪ੍ਰਹਾਰਨਿ ਇੱਛਾ ਧਰਿਬੋ॥ ੪੯ ॥

ਕਿਹੜੀ ਵਿਧੀ ਕਰੀਏ ? ਇਸ ਤਰ੍ਹਾਂ ਵਿਚਾਰਦੇ ਹਨ। ਰਾਹ ਵਿਚ ਸ਼ਸਤਰ ਧਾਰ ਕੇ ਜਾਣਾ ਚਾਹੁੰਦੇ ਸਨ। ਕਰਾਮਾਤ ਦਾ ਬਲ ਕਰਨਾ ਬਣਦਾ ਨਹੀਂ ਹੈ। ਸ਼ਸਤਰਾਂ ਦਾ ਵਾਰ ਕਰਨ ਦੀ ਇੱਛਾ ਧਾਰਨ ਕੀਤੀ॥ ੪੯ ॥

ਜਿਮ ਸ੍ਰੀ ਰਾਮਚੰਦ ਰਣ ਕਰਜੋ। ਅਜ਼ਮਤਿ ਬਿਨ ਸ਼ਸਤ੍ਰਨਿ ਸੰਗ ਲਰਜੋ।
ਜਿਮ ਸ੍ਰੀ ਕ੍ਰਿਸ਼ਨ ਲਰੇ ਬਹੁ ਬਾਰੀ। ਬਲ ਧਰਿ ਕੀਨੇ ਸ਼ੱਤ੍ਰ ਪ੍ਰਹਾਰੀ॥ ੫੦॥

ਜਿਵੇਂ ਸ੍ਰੀ ਰਾਮਚੰਦ ਜੀ ਨੇ ਯੁੱਧ ਕੀਤਾ ਸੀ, ਕਰਾਮਾਤ ਬਗੈਰ ਹਥਿਆਰਾਂ ਨਾਲ ਲੜਿਆ ਸੀ। ਜਿਵੇਂ ਕ੍ਰਿਸ਼ਨ ਬਹੁਤ ਵਾਰ ਲੜੇ ਸਨ, ਬਲ ਧਾਰ ਕੇ ਸ਼ਸਤਰਾਂ ਦੇ ਵਾਰ ਕੀਤੇ ਸਨ॥ ੫੦॥

ਸੋ ਮਿਰਜਾਦਾ ਰਖਿਬੇ ਚਾਹਤਿ। ਹਤੌਂ ਤੁਰਕ ਰਣ ਹੇਤ ਉਮਾਹਤਿ।
ਬਹੁਤ ਬਿਚਾਰਤਿ ਪੁਨ ਚਿਤ ਆਈ। ਸ਼ਸਤ੍ਰਨਧਾਰੀ ਚੰਡਿ ਮਨਾਈ॥ ੫੧॥

ਉਹ ਮਰਯਾਦਾ ਗੁਰੂ ਜੀ ਰੱਖਣੀ ਚਾਹੁੰਦੇ ਸਨ, ਬੜੇ ਉਤਸ਼ਾਹ ਨਾਲ ਤੁਰਕਾਂ ਨੂੰ ਰਣਖੇਤਰ ਵਿਚ ਮਾਰਾਂ। ਬਹੁਤ ਵਿਚਾਰ ਕੇ ਫਿਰ ਚਿਤ ਵਿਚ ਆਇਆ ਕਿ ਸ਼ਸਤਰਧਾਰੀਆਂ ਨੇ ਚੰਡੀ ਹੀ ਮਨਾਈ ਹੈ॥ ੫੧॥

ਸੁਭਟ ਸ਼ਿਰੋਮਨਿ ਸ਼ਕਤਿ ਮਹਾਨੀ। ਮਹਾਂ ਜੋਗਮਾਯਾ ਜਗ ਰਾਨੀ।
ਬਨੈ ਅਰਾਧਨ ਤਿਸ ਕੋ ਅਬੈ। ਰਣ ਕੇ ਕਾਜ ਕਰਹਿ ਸਿਧ ਸਬੈ॥ ੫੨॥

ਉਹ ਸ਼ਿਰੋਮਣੀ ਸੂਰਬੀਰ ਅਤੇ ਮਹਾਨ ਸ਼ਕਤੀ ਹੈ। ਉਹ ਜਗਤ ਰਾਣੀ ਮਹਾਨ ਈਸ਼ਵਰ ਦੀ ਸ਼ਕਤੀ ਹੈ। ਉਸ ਦੀ ਹੁਣ ਅਰਾਧਣਾ ਕਰਨੀ ਬਣਦੀ ਹੈ। ਰਣਖੇਤਰ ਦੇ ਸਾਰੇ ਕਾਰਜ ਉਹ ਸਿਧ ਕਰੇਗੀ॥ ੫੨॥

ਦੁਰਗਾ ਜਿਨ ਕੇ ਭਈ ਸਹਾਇ। ਰਣ ਤੇ ਬਿਜੈ ਲਈ ਤਿਨ ਪਾਇ।
ਹਮਰੇ ਮਾਤ ਪਿਤਾ ਇਹ ਦੋਊ। ਪੁਰਖ ਅਕਾਲ ਚੰਡਿਕਾ ਜੋਊ॥ ੫੩॥

ਦੁਰਗਾ ਨੇ ਜਿਨ੍ਹਾਂ ਦੀ ਸਹਾਇਤਾ ਕੀਤੀ ਹੈ, ਉਨ੍ਹਾਂ ਨੇ ਯੁੱਧ ਵਿਚ ਵਿਜੇ ਪ੍ਰਾਪਤ ਕਰ ਲਈ ਹੈ। ਸਾਡੇ ਇਹ ਦੋਵੇਂ ਮਾਤਾ ਪਿਤਾ ਹਨ, ਅਕਾਲ ਪੁਰਖ ਤੇ ਜਿਹੜੀ ਚੰਡੀ ਮਾਤਾ ਹੈ॥ ੫੩॥

ਇਨ ਕੀ ਹਮਹੁ ਉਪਾਸਨ ਭਾਵੈ। ਅਪਰਨਿ ਤੇ ਕਯਾ ਕਰ ਮਹਿਂ ਪਾਵੈਂ।
ਕਰਾਮਾਤ ਜੇ ਜਗ ਬਿਦਤਾਵੌਂ। ਇਕ ਦਿਨ ਗਨ ਤੁਰਕਨਿ ਬਿਨਸਾਵੌਂ॥ ੫੪॥

ਇਨ੍ਹਾਂ ਦੀ ਪੂਜਾ ਸਾਨੂੰ ਚੰਗੀ ਲੱਗਦੀ ਹੈ, ਹੋਰਨਾਂ ਪਾਸੋਂ ਅਸੀਂ ਕੀ ਲੈਣਾ ਹੈ। ਜੇ ਜੱਗ ਵਿਚ ਕਰਾਮਾਤ ਪ੍ਰਗਟ ਕਰਾਂਗੇ ਤਾਂ ਇਕ ਦਿਨ ਸਾਰੇ ਤੁਰਕਾਂ ਦਾ ਨਾਸ਼ ਕਰ ਦੇਵਾਂਗਾ॥ ੫੪॥

ਹਿੰਦੂ ਜਬਰ ਜ਼ੋਰ ਕਰਿ ਲੇਊਂ। ਸਕਲ ਰਾਜ ਸਿੱਖਜਨ ਕੋ ਦੇਊਂ।
ਅਜ਼ਮਤ ਬਿਦਤਹਿ ਬ੍ਰਿਤ ਹੁਇ ਨਾਸ਼। ਯਾਂਤੇ ਨਾਂਹਿਨ ਬਨੈ ਪ੍ਰਕਾਸ਼॥ ੫੫॥

ਜ਼ੋਰਵਾਣੇ ਹਿੰਦੂਆਂ ਨੂੰ ਅਧੀਨ ਕਰ ਲਵਾਂਗਾ ਤੇ ਸਾਰਾ ਰਾਜ ਸਿੱਖਾਂ ਨੂੰ ਦੇ ਦੇਵਾਂਗਾ। ਕਰਾਮਾਤ ਪ੍ਰਗਟ ਕਰਨ ਨਾਲ ਕਰਾਮਾਤ ਨਾ ਕਰਨ ਦਾ ਨਿਯਮ ਖਤਮ ਹੋ ਜਾਵੇਗਾ, ਇਸ ਕਰਕੇ ਕਰਾਮਾਤ ਪ੍ਰਕਾਸ਼ ਕਰਨੀ ਨਹੀਂ ਬਣਦੀ ਹੈ॥ ੫੫॥

ਜਗ ਕਾਰਨ ਤਾਰਨ ਜਗ ਮਾਤਾ। ਸੰਤ ਸਹਾਇ ਸਦਾ ਸੁਖਦਾਤਾ।
ਖੜਗ ਜੁੱਧ ਜਗ ਮਹਿਂ ਬਿਦਤਾਵੌਂ। ਸਨੇ ਸਨੇ ਕਰਿ ਸਭਿਨਿ ਖਪਾਵੌਂ॥ ੫੬॥

ਜਗਤ ਮਾਤ ਜੱਗ ਨੂੰ ਬਣਾਉਣ ਅਤੇ ਤਾਰਨ ਵਾਲੀ ਹੈ। ਸੁਖਦਾਤੀ ਸੰਤਾਂ ਦੀ ਸਦਾ ਸਹਾਇਤਾ ਕਰਦੀ ਹੈ। ਜਗਤ ਵਿਚ ਤਲਵਾਰ ਦਾ ਯੁੱਧ ਪ੍ਰਗਟ ਕਰਾਂਗਾ, ਹੌਲੀ-ਹੌਲੀ ਸਾਰਿਆਂ ਨੂੰ ਖਪਾ ਦੇਵਾਂਗਾ॥ ੫੬॥

*ਨੋਟ :- ਗੁਰੂ ਜੀ ਦੇਵੀ ਦੇ ਪੁਜਾਰੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਦੇਵੀ ਦੀ ਪੂਜਾ ਕਰਕੇ ਉਸ ਨੂੰ ਪ੍ਰਗਟ ਕੀਤਾ ਹੈ। ਇਹ ਕਵੀ ਜੀ ਨੂੰ ਇਕ ਸਨਕ ਚੜ੍ਹਿਆ ਹੈ ਕਿ ਉਹ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਤਿਜੁਗ, ਤ੍ਰੇਤੇ ਅਤੇ ਦਵਾਪਰ ਵਿਚ ਕੋਈ ਦੇਵੀ ਪ੍ਰਗਟ ਨਹੀਂ ਕਰ ਸਕਿਆ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਲਿਜੁਗ ਵਿਚ ਪ੍ਰਗਟ ਕਰ ਦਿੱਤੀ। ਉਨ੍ਹਾਂ ਦੇ ਇਸ ਤੱਥ ਨਾਲ ਗੁਰੂ ਜੀ ਦੀ ਮਹਾਨਤਾ ਨਹੀਂ ਵਧਦੀ ਹੈ, ਬਲਕਿ ਉਹ ਇਕ ਦੇਵੀ ਦੇ ਭਗਤ ਬਣ ਜਾਂਦੇ ਹਨ, ਪਰ ਜਿਵੇਂ ਦਸਮ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤੋ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਕੇਵਲ ਇਕ ਅਕਾਲ ਪੁਰਖ ਨੂੰ ਮੰਨਦੇ ਸਨ।*

Sri Satguru Jagjit Singh Ji eLlibrary NamdhariElibrary@gmail.com

ਛਿਤ ਛੱਤ੍ਰੀ ਧ੍ਰਮ ਹੁਇ ਪਰਕਾਸ਼। ਸਭਿ ਦੁਰਬੁੱਧਿ ਮਲੇਛ ਬਿਨਾਸ਼੍ਹ।
ਇਮ ਬਿਚਾਰਿ ਕਰਵਟ ਲੇ ਉਠੇ। ਸਿੱਖਜਨ ਸੋਂ ਬੋਲੇ ਉਰ ਤੁਠੇ॥ ੫੭॥

ਇਸ ਧਰਤੀ 'ਤੇ ਖੱਤਰੀ ਧਰਮ ਦਾ ਪ੍ਰਕਾਸ਼ ਹੋਵੇਗਾ, ਮਾੜੀ ਬੁੱਧੀ ਵਾਲੇ ਸਾਰੇ ਮਲੇਛ ਖਤਮ ਹੋ ਜਾਣਗੇ। ਇਸ ਤਰ੍ਹਾਂ ਵਿਚਾਰ ਕੇ ਕਰਵਟ ਲੈ ਕੇ ਉੱਠ ਪਏ, ਫਿਰ ਹਿਰਦੇ ਵਿਚ ਦਿਆਲੂ ਹੋ ਕੇ ਸਿੱਖਾਂ ਨੂੰ ਕਹਿਣ ਲੱਗੇ॥੫੭॥

'ਤੁਮਰੇ ਹਿਤ ਜਗ ਮਾਤ ਮਨਾਵੋਂ। ਪੂਜ ਮਹਾਂ ਕਲਿ ਮਹਿਂ ਬਿਦਤਾਵੋਂ।
ਰਣ ਕਰਤੇ ਨਿਤ ਬਨਹਿਂ ਸਹਾਈ। ਸ਼ੱਤ੍ਰਨਿ ਸਗਰੇ ਦੇਹਿ ਖਪਾਈ'॥ ੫੮॥

ਤੁਹਾਡੇ ਵਾਸਤੇ ਮੈ ਜਗਤ ਮਾਤਾ ਨੂੰ ਮਨਾਵਾਂਗਾ, ਕਲਯੁਗ ਵਿਚ ਮਹਾਨ ਪੂਜਾ ਪ੍ਰਗਟ ਕਰਾਂਗਾ। ਯੁੱਧ ਕਰਦਿਆਂ ਦੀ ਸਦਾ ਸਹਾਇਕ ਬਣੇਗੀ, ਵੈਰੀ ਸਾਰੇ ਖਤਮ ਕਰ ਦੇਵੇਗੀ"॥੫੮॥

ਇੱਤਯਾਦਿਕ ਕਹਿ ਧੀਰਜ ਦੀਨਾ। ਸਿੱਖਜਨ ਕੋ ਮਨ ਆਨੰਦ ਭੀਨਾ।
ਆਪ ਪੂਜਿਬੇ ਉੱਦਮ ਕੀਨਾ। ਸ਼੍ਰੀ ਕਲਗੀਧਰ ਗੁਰੂ ਪ੍ਰਬੀਨਾ॥ ੫੯॥

ਇਸ ਪ੍ਰਕਾਰ ਕਹਿ ਕੇ ਸਿੱਖਾਂ ਨੂੰ ਧੀਰਜ ਦਿੱਤਾ। ਸਿੱਖਾਂ ਦੇ ਮਨ ਆਨੰਦ ਨਾਲ ਭਰ ਗਏ। ਆਪ ਦੇਵੀ ਪੂਜਣ ਦਾ ਉੱਦਮ ਕੀਤਾ। ਸ੍ਰੀ ਕਲਗੀਧਰ ਜੀ ਨਿਪੁੰਨ ਗੁਰੂ ਦੇਵ ਹਨ॥੫੯॥

*ਤੀਸਰੀ ਰੁੱਤ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥*

## *ਅਧਿਆਇ ਚੌਥਾ*

### *ਕੇਸ਼ਵ ਦਾਸ ਮਿਲਣਾ*

*ਦੋਹਰਾ-* ਚਿਤਵਤ ਬਿਦਤਨਿ ਚੰਡਕਾ ਸ਼੍ਰੀ ਸਤਿਗੁਰ ਮਹਾਰਾਜ।
ਸੁਪਤਿ ਜਥਾ ਸੁਖ ਨਿਸ ਬਿਖੈ ਬਡੇ ਗ਼ਰੀਬ ਨਿਵਾਜ॥ ੧॥

ਸਤਿਗੁਰੂ ਮਹਾਰਾਜ ਜੀ ਚਿੱਤ ਵਿਚ ਚੰਡਕਾ ਪ੍ਰਗਟ ਕਰਨ ਦਾ ਵਿਚਾਰ ਬਣਾ ਰਹੇ ਸਨ। ਵੱਡੇ ਗ਼ਰੀਬ ਨਿਵਾਜ਼ ਰਾਤ ਨੂੰ ਸੁੱਖ ਸਹਿਤ ਸੌਂ ਗਏ॥੧॥

*ਪਾਧੜੀ ਛੰਦ-* ਉਠਿਯੰਤਿ ਤੇਜ ਤੇ ਤੇਜ ਰੂਪ। ਖੁਲਿਯੰਤਿ ਪਲਕ ਲੋਚਨ ਅਨੂਪ।
ਪਢਿਯੰਤਿ ਸ਼ਬਦ ਚਹੁੰ ਓਰ ਜੋਰ। ਧੁਨਿ ਰਾਗ ਸੁ ਮਧੁਰ ਮ੍ਰਿਦੰਗ ਘੋਰ॥੨॥

ਤੇਜ ਦਾ ਹੀ ਤੇਜ ਰੂਪ ਗੁਰੂ ਜੀ ਜਾਗੇ। ਅਨੂਪਮ ਨੇਤਰਾਂ ਦੀਆਂ ਪਲਕਾਂ ਖੁਲ੍ਹ ਗਈਆਂ। ਚਾਰੇ ਪਾਸੇ ਉੱਚੀ-ਉੱਚੀ ਸ਼ਬਦ ਪੜ੍ਹ ਰਹੇ ਸਨ। ਰਾਗ ਦੀ ਮਿੱਠੀ ਧੁਨੀ ਵੱਜ ਰਹੀ ਸੀ ਤੇ ਮ੍ਰਿਦੰਗ ਬੜੀ ਉੱਚੀ ਗੂੰਜ ਰਹੀ ਸੀ॥੨੨॥

ਝਰਣੰਤਿ ਤਾਰ ਬਾਜੰਤਿ ਬੈਨ। ਗਾਵੰਤਿ ਗਜਾਨ ਦਾ ਗੁਰਨਿ ਬੈਨ।
ਧਰਿਯੰਤਿ ਰਿਦੈ ਜਿਨਕੋ ਬਿਚਾਰ। ਨਸ਼ਟੰਤਿ ਕਾਮ ਆਦਿਕ ਬਿਕਾਰ॥੩॥

ਸਾਜ਼ਾਂ ਦੀਆਂ ਤਾਰਾਂ ਦੀ ਝਰਨਾਟ ਪੈਂਦੀ ਹੈ ਤੇ ਸਾਜ਼ਾਂ ਵਿਚੋਂ ਬੋਲ ਵੱਜਦੇ ਹਨ। ਗਿਆਨ ਦੇਣ ਵਾਲੀ ਗੁਰਬਾਣੀ ਦਾ ਗਾਇਨ ਕਰਦੇ ਹਨ। ਜਿਸ ਦੇ ਵਿਚਾਰ ਹਿਰਦੇ ਵਿਚ ਧਾਰਨ ਕਰਦੇ ਹਨ, ਜਿਹੜੀ ਕਾਮ ਆਦਿ ਵਿਕਾਰਾਂ ਦਾ ਨਾਸ਼ ਕਰਦੀ ਹੈ॥੩॥

ਝੜਿਯੰਤਿ ਡੰਕ ਨੌਬਤ ਬਜੰਤਿ। ਤ੍ਰਸਿਯੰਤਿ ਸ਼ਤ੍ਰੂ ਸ਼੍ਰੌਨੇ ਸੁਨੰਤਿ।
ਬੋਲਤਿ ਨਕੀਬ ਸਤਿਗੁਰ ਪ੍ਰਤਾਪ। ਜਹਿਂ ਕਹਾਂ ਹੋਤਿ ਕਰਤਾਰ ਜਾਪ॥ ੪॥

ਡੱਗੇ ਮਾਰਨ ਨਾਲ ਧੌਂਸੇ ਵੱਜ ਰਹੇ ਹਨ, ਵੈਰੀ ਕੰਨੀ ਸੁਣ ਕੇ ਡਰਦੇ ਹਨ। ਨਕੀਬ ਸਤਿਗੁਰੂ ਜੀ ਦੇ ਪ੍ਰਤਾਪ ਬਾਰੇ ਬੋਲਦੇ ਹਨ। ਜਿੱਥੇ ਕਿੱਥੇ ਕਰਤਾਰ ਦਾ ਜਾਪ ਹੋ ਰਿਹਾ ਹੈ॥ ੪॥

ਡੰਕੇ ਰਣੰਕ, ਖੜਕੈਂ ਘੜਿਯਾਲ। ਦਰ ਪਢਹਿਂ ਭਾਟ ਕੀਰਤਿ ਬਿਸਾਲ।
ਬਜਿਯੰਤਿ ਸੰਖ ਤੁਰਰੀ ਅਨੇਕ। ਸੁਨਿ ਉਠਤਿ ਸਿੱਖ ਧਾਰਤਿ ਬਿਬੇਕ॥ ੫॥

ਡੰਕੇ ਵੱਜਦੇ ਹਨ, ਘੜਿਆਲ ਖੜਕਦੇ ਹਨ, ਦਰਵਾਜ਼ੇ 'ਤੇ ਭੱਟ ਵਿਸ਼ਾਲ ਕੀਰਤੀ ਪੜ੍ਹਦੇ ਹਨ। ਸੰਖ ਅਤੇ ਅਨੇਕਾਂ ਤੁਰੀਆਂ ਵੱਜਦੀਆਂ ਹਨ। ਸੁਣ ਕੇ ਸਿੱਖ ਉੱਠ ਕੇ ਹੁਸ਼ਿਆਰ ਹੋ ਜਾਂਦੇ ਹਨ॥ ੫॥

ਮੰਗਲ ਮਹਾਨ ਮੰਦਰ ਸੁ ਪੌਰ। ਤਜਾਗੰਤਿ ਨੀਂਦ ਹਿੰਦਵਾਨ ਮੌਰ।
ਤਿਸ ਕਾਲ ਅਲੰਕ੍ਰਿਤ ਆਇ ਦਾਸ। ਲੇ ਸ਼ਾਤਕੁੰਭ ਕੋ ਕੁੰਭਪਾਸ॥ ੬॥

ਘਰ ਦੇ ਦਰਵਾਜ਼ੇ 'ਤੇ ਮਹਾਨ ਮੰਗਲ ਹੁੰਦਾ ਹੈ, ਫਿਰ ਗੁਰੂ ਜੀ ਨੀਂਦ ਛੱਡ ਦਿੰਦੇ ਹਨ। ਉਸ ਸਮੇਂ ਵਰਦੀ ਆਦਿ ਨਾਲ ਸੱਜਿਆ ਹੋਇਆ ਸੇਵਕ ਆਉਂਦਾ ਹੈ। ਉਹ ਸੋਨੇ ਦਾ ਘੜਾ ਨਾਲ ਲੈ ਕੇ ਗੁਰੂ ਜੀ ਪਾਸ ਆਉਂਦਾ ਹੈ॥ ੬॥

ਅਧਿਕੈ ਸੁਗੰਧਿ ਮਹਿਕਾਰ ਸੰਗ। ਬਹੁ ਰਗੜ ਬਿਦਾਮਨਿ ਸਹਿਤ ਭੰਗ।
ਏਲਾ ਲਵੰਗੁ ਮਿਰਚਾਂ ਨਿਕਾਰਿ। ਮੇਲਜੋ ਗੁਲਾਬ ਬਿਚ ਸਰਦ ਬਾਰਿ॥ ੭॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ੍ਰੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਜੁਤਿ ਛੱਤ੍ਰਧਾਰਿ ਸਤਿਗੁਰ ਛਕਾਇ। ਪੁਨ ਸੌਚ ਨਾਨ ਕਰਿਤੇ ਬਨਾਇ।
ਬਹੁ ਦੂਰ ਦੇਸ਼ ਕੇ ਬਸਤ੍ਰ ਆਇ। ਸੂਖਮ ਬਿਸਾਲ ਮੁਲ ਕੋ ਮੰਗਾਇ॥ ੮॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਸ੍ਰੈਯੇ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪੋਸ਼ਿਸ਼ ਨਵੀਨ ਪਹਿਰੇ ਪ੍ਰਭਾਤਿ। ਪੁਨ ਅਲੰਕਾਰ ਸ਼ੋਭੰਤਿ ਗਾਤਿ।
ਦਿਨ ਚਰਜੋ ਸਿੰਘਾਸਨ ਪਰ ਬਿਰੰਤਿ। ਜੁਤਿ ਬਸਤ੍ਰ ਸ਼ਸਤ੍ਰ ਅਤਿਸ਼ੈ ਸੁਭੰਤਿ॥ ੯॥

ਗੁਰੂ ਜੀ ਨੇ ਉਸ ਸਮੇਂ ਨਵੇਂ ਕੱਪੜੇ ਪਹਿਣ ਲਏ, ਫਿਰ ਭੂਸ਼ਣ ਗਹਿਣੇ ਆਦਿ ਪਹਿਣ ਕੇ ਸ਼ੋਭਾ ਪਾਈ। ਦਿਨ ਚੜ੍ਹਨ 'ਤੇ ਸਿੰਘਾਸਣ ਤੇ ਬਿਰਾਜ ਗਏ। ਬਸਤਰਾਂ ਸ਼ਸਤਰਾਂ ਸਹਿਤ ਬਹੁਤ ਸ਼ੋਭ ਰਹੇ ਸਨ॥ ੯॥

ਤਬਿ ਏਕ ਸਿੱਖ ਗੁਰ ਨਿਕਟ ਆਇ। ਕਰਿ ਜੋਰਿ ਅਰਜ਼ ਐਸੇ ਸੁਨਾਇ।
'ਗੁਰ ਪਾਤਿਸ਼ਾਹ ! ਦਿਜ ਜਹਿਂ ਸਰਾਹਿ। ਰਾਵਰਿ ਸਮੀਪ ਕਹਿ ਗਾਥ ਜਾਹਿ॥੧੦॥

ਤਦ ਇਕ ਸਿੱਖ ਗੁਰੂ ਜੀ ਪਾਸ ਆਇਆ, ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਹੇ ਸਤਿਗੁਰੂ ਪਾਤਸ਼ਾਹ ! ਜਿਸ ਬ੍ਰਾਹਮਣ ਦੀ ਤੁਸੀਂ ਸ਼ਲਾਘਾ ਕਰਦੇ ਹੋ, ਆਪ ਜੀ ਦੇ ਪਾਸ ਜਿਸ ਦੀ ਗੱਲ ਚਲਦੀ ਹੈ॥ ੧੦॥

ਪੁਰਿ ਮਹਾਂਦੇਵ ਕੇ ਬਸਤਿ ਜੋਇ। ਚਲਿ ਆਇ ਬਾਗ ਮਹਿਂ ਉਤਰ ਸੋਇ।
ਕਹਿਂ ਜਾਂਹਿ ਸੁ ਕੇਸ਼ਵ ਦਾਸ ਨਾਮ। ਬਿਧਿ ਚੰਡ ਪੂਜਿਬੇ ਗੁਨਨ ਧਾਮ॥ ੧੧॥

ਸ਼ਿਵਜੀ ਦੀ ਨਗਰੀ ਕਾਂਸ਼ੀ ਵਿਚ ਜਿਹੜਾ ਰਹਿੰਦਾ ਹੈ, ਉਹ ਚਲ ਕੇ ਆ ਗਿਆ ਹੈ ਤੇ ਉਸ ਬਾਗ ਵਿਚ ਆਪਣਾ ਉਤਾਰਾ ਕੀਤਾ ਹੈ। ਜਿਸ ਦਾ ਨਾਮ ਕੇਸ਼ਵ ਦਾਸ ਹੈ ਅਤੇ ਜਿਹੜਾ ਵਿਧੀ ਨਾਲ ਚੰਡੀ ਨੂੰ ਪੂਜਣ ਵਿਚ ਗੁਣਾਂ ਦਾ ਘਰ ਹੈ॥ ੧੧॥

ਜਿਹ ਸੰਗ ਬ੍ਰਿੰਦ ਨਰ ਜੁਤਿ ਪ੍ਰਤਾਪ। ਜਗਮਾਤ ਸੁ ਜਾਤ੍ਰਾ ਜਾਤਿ ਆਪ।
ਮੁਝ ਕੋ ਬੁਲਾਇ ਬੂਝਯੋ ਬ੍ਰਿਤੰਤ। ਮੈਂ ਕਹਯੋ ਆਪਕੋ ਸਭਿ ਮਤੰਤ॥ ੧੨॥

ਜਿਸ ਦੇ ਨਾਲ ਬਹੁਤ ਮਨੁੱਖ ਪ੍ਰਤਾਪ ਸਹਿਤ ਹਨ, ਜਵਾਲਾ ਜੀ ਦੀ ਯਾਤਰਾ ਲਈ ਆਪ ਜਾਂਦਾ ਹੈ। ਮੈਨੂੰ ਬੁਲਾ ਕੇ ਬ੍ਰਿਤਾਂਤ ਪੁੱਛਿਆ ਹੈ, ਮੈਂ ਉਸ ਨੂੰ ਆਪ ਦੀ ਸਲਾਹ ਬਾਰੇ ਦੱਸਿਆ ਹੈ॥ ੧੨॥

ਸੁਨਿ ਅਨੰਦ ਧਾਰਿ ਪੁਨ ਪੁਨ ਬੁਝੇਇ। ਚਿਤ ਚਹਤਿ ਕਿ ਗੁਰੂ ਬੁਲਾਇ ਲੇਇਂ।
ਕਰਿ ਦਰਸ ਪ੍ਰਭੂ ਕੋ ਜਾਉਂ ਫੇਰ। ਇਹੁ ਆਸ਼ੈ ਪਰਖਯੋ ਤਾਂਹਿ ਹੇਰਿ॥ ੧੩॥

ਇਹ ਸੁਣ ਕੇ ਅਨੰਦ ਧਾਰ ਕੇ ਬਾਰ-ਬਾਰ ਪੁੱਛਦਾ ਸੀ, ਚਿੱਤ ਵਿਚ ਇਹ ਚਾਹੁੰਦਾ ਹੈ ਕਿ ਗੁਰੂ ਜੀ ਬੁਲਾ ਲੈਣ। ਗੁਰੂ ਜੀ ਦੇ ਦਰਸ਼ਨ ਕਰਕੇ ਫਿਰ ਜਾਵਾਂਗਾ, ਇਹ ਆਸ਼ਾ ਉਸ ਦਾ ਪਰਖ ਕੇ ਵੇਖਿਆ ਹੈ॥ ੧੩॥

ਚਲਿ ਆਇ ਆਪ ਤੇ ਲਖਿਯ ਨਾਂਹਿ। ਚਿਤ ਚਹਤਿ ਅਧਿਕ ਹੁਇ ਮੇਲ ਪਾਹਿ।
ਪ੍ਰਭੁ ਭੂਮ ਸਮੱਥ ਮਨ ਫੇਰ ਲੀਨਿ। ਬਾਂਛਤਿ ਜੁ ਰਿਦੈ ਆਗਵਨ ਕੀਨਿ॥੧੪॥

ਇਹ ਪਤਾ ਨਹੀਂ ਲੱਗਦਾ ਹੈ ਕਿ ਸੱਦੇ ਬਿਨਾਂ ਆਪ ਕਿਵੇਂ ਚਲ ਕੇ ਆ ਗਿਆ ਹੈ। ਪਰ ਚਿੱਤ ਵਿਚ ਬਹੁਤ ਚਾਹੁੰਦਾ ਹੈ ਕਿ ਸਤਿਗੁਰੂ ਨਾਲ ਮੇਰਾ ਮੇਲ ਹੋਵੇ। ਜਿਸ ਨੂੰ ਆਪ ਬੁਲਾਉਣਾ ਚਾਹੁੰਦੇ ਸੀ, ਉਹ ਆਪ ਹੀ ਆ ਗਿਆ ਹੈ"॥ ੧੪॥

ਸੁਨਿ ਸ਼੍ਰੌਨ ਬੈਨ ਗੁਰ ਹਰਖ ਧਾਰਿ। 'ਧੰਨ ਧੰਨ ਖੜਗ ਕੇਤੈਂ' ਉਚਾਰਿ।
'ਨਿਜ ਸੇਵਕਾਨ ਕੇ ਕਰਤਿ ਕਾਜ। ਘਟ ਘਟ ਬਿਆਪ ਰਾਜਾਨਿਰਾਜ'॥੧੫॥

ਉਸ ਸੇਵਕ ਦੀ ਗੱਲ ਸੁਣ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਚਾਰਨ ਕੀਤਾ, "ਧੰਨ ਧੰਨ ਖੜਗ ਕੇਤ" ਆਪਣੇ ਸੇਵਕ ਦੇ ਕੰਮ ਕਰਦੇ ਹੋ। ਰਾਜਿਆਂ ਦੇ ਰਾਜੇ ਘਟ-ਘਟ ਵਿਚ ਵਿਆਪ ਰਹੇ ਹਨ' ॥ ੧੫॥

ਤਬਿ ਦਯਾਰਾਮ ਅਰ ਨੰਦ ਚੰਦ। ਨਿਜ ਢਿਗ ਹਕਾਰ ਕਰਿ, ਕਹਿਂ ਮੁਕੰਦ।
'ਉਪਬਨਹਿ ਬਿਖੈ ਬਰ ਬਿੱਪ੍ਰ ਆਇ। ਸਨਮਾਨ ਕਰਹੁ ਤਿਸ ਨਿਕਟ ਜਾਇ॥੧੬॥

ਤਦ ਦਇਆ ਰਾਮ ਅਤੇ ਨੰਦ ਚੰਦ ਨੂੰ ਆਪਣੇ ਪਾਸ ਬੁਲਾ ਕੇ ਮੁਕਤੀ ਦਾਤੇ ਗੁਰੂ ਜੀ ਨੇ ਕਿਹਾ, "ਬਾਗ਼ ਦੇ ਵਿਚ ਸ੍ਰੇਸ਼ਟ ਬ੍ਰਾਹਮਣ ਆਇਆ ਹੈ, ਉਸ ਦੇ ਪਾਸ ਜਾ ਕੇ ਉਸ ਦਾ ਸਨਮਾਨ ਕਰੋ॥ ੧੬॥

ਸਭਿ ਖਾਨ ਪਾਨ ਤ੍ਰਿਣ ਲਗਿ ਜਿਤੇਕ। ਗੁਰ ਦੇਗ ਭਾਖਿ ਦੀਜੈ ਤਿਤੇਕ।
ਬਿਨ ਮਿਲੇ ਅੱਗ੍ਰ ਨਹਿਂ ਉਚਿਤ ਜਾਨ। ਕਿਤ ਕੋ ਪਯਾਨ ? ਸਭਿ ਲੇਹੁ ਜਾਨ'॥੧੭॥

ਖਾਣ-ਪੀਣ ਵਾਸਤੇ ਘਾਹ ਤਕ ਸਭ ਕੁਝ ਦੇਵੋ, ਜਿੰਨਾ ਚਾਹੀਦਾ ਹੋਵੇ, ਓਨਾ ਗੁਰੂ ਦੇ ਲੰਗਰ ਵਿਚ ਕਹਿ ਦੇਵੋ। ਸਾਨੂੰ ਮਿਲੇ ਬਿਨਾਂ ਉਸ ਦਾ ਅੱਗੇ ਜਾਣਾ ਉਚਿਤ ਨਹੀਂ। ਕਿੱਥੇ ਚਲਿਆ ਹੈ ? ਇਹ ਸਭ ਜਾਣ ਲਵੋ"॥ ੧੭॥

ਸੁਨਿ ਦੂਊ ਸੁਮਤਿ ਗਮਨੇ ਸ਼ਿਤਾਬ। ਜਹਿਂ ਆਬ ਸਹਿਤ ਉਪਬਨ ਅਜਾਬ।
ਤਹਿਂ ਪਿਖਯੋ ਬਿੱਪ੍ਰ ਬੈਠਯੋ ਸਮਾਨ। ਤਰੁ ਤਰੇ ਸਥੰਡਲ ਸ਼ੁਭ ਮਹਾਨ॥ ੧੮॥

ਇਹ ਸੁਣ ਕੇ ਦੋਵੇਂ ਬੁੱਧੀਵਾਨ ਤੁਰਤ ਚਲੇ ਗਏ, ਜਿੱਥੇ ਪਾਣੀ ਸਹਿਤ ਅਜੀਬ ਬਾਗ ਸਥਿਤ ਹੈ, ਉਥੇ ਜਾ ਕੇ ਵੇਖਿਆ ਕਿ ਬਾਹਮਣ ਸਹਿਜ ਸੁਭਾਅ ਹੀ ਬੈਠਾ ਸੀ, ਭਾਵ ਉਸ ਨੇ ਕੋਈ ਆਸਨ ਜਾਂ ਸਿਰਹਾਣਾ ਨਹੀਂ ਲਾਇਆ ਸੀ॥ ੧੮॥

Sri Satguru Jagjit Singh Ji eLlibrary NamdhariElibrary@gmail.com

ਮਣ ਪੰਚ ਮੋਦਕ ਧਰਿ ਅੱਗ੍ਰ ਤਾਂਹਿ। ਕਰ ਬੰਦਿ ਬੰਦਨਾ ਬੈਠਿ ਪਾਹਿ।
'ਦਿਜ ਜੂ ! ਗੁਰੂ ਕੀ ਦੇਗ਼ ਲੇਹੁ। ਸਭਿ ਰੰਕ ਰਾਵ ਲੇ ਖਾਤਿ ਏਹੁ॥ ੧੯॥

ਪੰਜ ਮਣ ਲੱਡੂ ਉਸ ਦੇ ਅੱਗੇ ਧਰ ਕੇ, ਹੱਥ ਜੋੜ ਕੇ ਬੰਦਨਾ ਕਰਕੇ ਬੈਠ ਗਏ। ਕਹਿਣ ਲੱਗੇ, "ਬ੍ਰਾਹਮਣ ਜੀ ! ਗੁਰੂ ਜੀ ਦਾ ਲੰਗਰ ਲਵੋ। ਸਭ ਅਮੀਰ ਗ਼ਰੀਬ ਇਹ ਲੈ ਕੇ ਖਾਂਦੇ ਹਨ॥੧੯॥

ਪ੍ਰਭੁ ਪਠਜੋ ਹਮਹਿ ਤੁਮ ਕਰਨਿ ਮਾਨ। ਕਿਸ ਦੇਸ਼ ਅੱਗ੍ਰ ਕਰਿ ਹੌ ਪਯਾਨ ?।
ਕਿਸ ਨੱਗ੍ਰ ਦੇਸ਼ ਰਾਵਰਿ ਨਿਕੇਤ ? ਪ੍ਰਸਥਾਨ ਕਰਨਿ ਕੌ ਕੌਨ ਹੇਤੁ ?' ॥੨੦॥

ਗੁਰੂ ਜੀ ਨੇ ਸਾਨੂੰ ਤੁਹਾਡਾ ਮਾਣ ਕਰਨ ਵਾਸਤੇ ਭੇਜਿਆ ਹੈ, ਕਿਹੜੇ ਦੇਸ਼ ਵਿਚ ਅੱਗੇ ਜਾ ਰਹੇ ਹੋ ? ਕਿਸ ਨਗਰ ਦੇਸ਼ ਵਿਚ ਆਪ ਜੀ ਦਾ ਘਰ ਹੈ ? ਕਿਸ ਕਾਰਨ ਚਲ ਕੇ ਆਏ ਹੋ ?" ॥੨੦॥

ਸੁਨਿ ਬਿੱਪ੍ਰ ਭਨਜੋਂ 'ਸ਼ਿਵ ਨਗਰ ਬੀਚ। ਘਰ ਤਹਾਂ, ਮੋਖ ਜਹਿਂ ਊਚ ਨੀਚ।
ਚਿਰਕਾਲ ਬਿਤਜੋ ਚਿਤ ਚਹਤਿ ਭੂਰ। ਜ੍ਵਾਲਾਸੁਮੁਖੀ ਪਰਸਨਿ ਜ਼ਰੂਰ॥ ੨੧॥

ਇਹ ਸੁਣ ਕੇ ਬ੍ਰਾਹਮਣ ਨੇ ਕਿਹਾ, "ਸ਼ਿਵ ਦੀ ਨਗਰੀ ਕਾਂਸ਼ੀ ਵਿਚ ਮੈਂ ਰਹਿੰਦਾ ਹਾਂ, ਉਥੇ ਮੇਰਾ ਘਰ ਹੈ ਜਿੱਥੇ ਊਚ-ਨੀਚ ਸਭ ਨੂੰ ਮੁਕਤੀ ਮਿਲਦੀ ਹੈ। ਬਹੁਤ ਸਮਾਂ ਬੀਤ ਗਿਆ ਹੈ, ਮੇਰਾ ਚਿੱਤ ਚਾਹੁੰਦਾ ਹੈ ਕਿ ਮੈਂ ਜਵਾਲਾਮੁਖੀ ਦੇ ਜ਼ਰੂਰ ਦਰਸ਼ਨ ਪਰਸਨ ਕਰਾਂ॥੨੧॥

ਔਚਕ ਸੁ ਭਈ ਅਬਿਕੇ ਬਿਸਾਲ। ਬਿਨ ਇੱਛ ਤਜਾਰ ਭੇ ਲੋਕ ਜਾਲ।
ਮਹਿਮਾ ਹਮਹਿਂ ਸੁ ਗੁਰ ਕੀ ਸੁਨੰਤਿ। ਨਿਤ ਦੇਤਿ ਦਾਨ ਕੀਰਤਿ ਲਹੰਤਿ॥੨੨॥

ਹੁਣ ਤਾਂ ਅਚਾਨਕ ਹੀ ਇੱਛਾ ਤੋਂ ਬਗ਼ੈਰ ਹੀ ਬਹੁਤ ਲੋਕ ਤਿਆਰ ਹੋ ਗਏ ਹਨ। ਅਸੀਂ ਗੁਰੂ ਜੀ ਦੀ ਮਹਿਮਾਂ ਸੁਣੀ ਹੈ, ਨਿਤ ਦਾਨ ਦੇ ਕੇ ਕੀਰਤੀ ਲੈਂਦੇ ਹਨ॥੨੨॥

ਅਬਿ ਆਨਿ ਭਯੋ ਤਿਨ ਨਗਰ ਡੇਰ। ਮਿਲਿ ਕਰਿ ਕ੍ਰਿਪਾਲ ਗਮਨੈਂ ਸੁ ਫੇਰ।
ਹਮਰੋ ਬਖਾਨ ਆਸ਼ੀਰ ਬਾਦ। ਪ੍ਰਭੁ ਮਿਲਊਂ ਆਨਿ, ਜਬਿ ਕਰਹਿਂ ਯਾਦ' ॥੨੩॥

ਹੁਣ ਆ ਕੇ ਉਨ੍ਹਾਂ ਦੇ ਨਗਰ ਵਿਚ ਡੇਰਾ ਕਰ ਲਿਆ ਹੈ, ਕ੍ਰਿਪਾਲੂ ਗੁਰੂ ਜੀ ਨੂੰ ਮਿਲ ਕੇ ਅੱਗੇ ਜਾਵਾਂਗੇ। ਸਾਡਾ ਉਨ੍ਹਾਂ ਨੂੰ ਅਸ਼ੀਰਵਾਦ ਦੇਵੋ ਤੇ ਕਹੋ ਕਿ ਜਦ ਵੀ ਯਾਦ ਕਰੋਗੇ, ਗੁਰੂ ਜੀ ਅਸੀਂ ਆ ਮਿਲਾਂਗੇ" ॥੨੩॥

ਸੁਨਿ ਦਯਾਰਾਮ ਅਰੁ ਨੰਦਚੰਦ। ਸਭਿ ਭਨੀ ਗਾਥ, ਢਿਗ ਗੇ ਮੁਕੰਦ।
ਗੁਰ ਕਹਜੋ ਫੇਰ 'ਸੁਧਿ ਲੇਹੁ ਸਰਬ। ਸਹਿ ਬਿੱਦਜ ਗੁਨੀ ਕੈ ਹੋਤਿ ਗਰਬ' ॥੨੪॥

ਦਇਆ ਰਾਮ ਅਤੇ ਨੰਦ ਚੰਦ ਕੋਲੋਂ ਸੁਣ ਕੇ ਸਾਰੀ ਗੱਲਬਾਤ ਗੁਰੂ ਜੀ ਦੇ ਪਾਸ ਜਾ ਕੇ ਸੁਣਾਈ। ਗੁਰੂ ਜੀ ਨੇ ਕਿਹਾ, ਉਸ ਦੀ ਖ਼ਬਰ ਲੈਂਦੇ ਰਹੋ, ਕਿਉਂਕਿ ਵਿਦਿਆ ਵਾਲਾ ਗੁਣੀ ਬੰਦਾ ਹੰਕਾਰੀ ਹੁੰਦਾ ਹੈ" ॥੨੪॥

ਸੁਨਿਕੈ ਦਿਵਾਨ ਸਭਿ ਕਿਛ ਪੁਚਾਇ। ਬਾਂਛਿਤ ਜਿ ਵਸਤੁ ਜੋ ਜੋ ਬਤਾਇ।
ਦਿਨ ਗਯੋ ਬੀਤ ਰਹਿ ਜਾਮ ਏਕ। ਕੁਛ ਕਰਿ ਅਰਾਮ ਸਾਗਰ ਬਿਬੇਕ॥੨੫॥

ਇਹ ਸੁਣ ਕੇ ਦਿਵਾਨ ਨੇ ਸਭ ਕੁਝ ਪਹੁੰਚਾਇਆ ਜੋ ਜੋ ਵਸਤਾ ਉਸ ਮੰਗੀਆਂ ਅਤੇ ਦੱਸੀਆਂ ਸਨ। ਜਦ ਸਾਰਾ ਦਿਨ ਬੀਤ ਗਿਆ ਤੇ ਇਕ ਪਹਿਰ ਬਾਕੀ ਰਹਿ ਗਿਆ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਕੁਝ ਦੇਰ ਆਰਾਮ ਕੀਤਾ॥੨੫॥

ਸੁੱਖਾ ਅਫੀਮੁ ਛਕਿ ਸੌਚ ਠਾਨਿ। ਤਿਸ ਕਾਲ ਬਹੁਰ ਕਰਿਕੈ ਸ਼ਨਾਨ।
ਤਨ ਬਸਤ੍ਰ ਸ਼ਸਤ੍ਰ ਕੋ ਪਹਿਰ ਲੀਨ। ਕਲਗ਼ੀ ਸ ਜਿਗਾ ਸਿਰ ਧਰਨਿ ਕੀਨਿ॥੨੬॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

**ਮੰਦਿਰ ਸੁਵਰਨ ਮੁਕਰਨਿ ਜਰਾਇ। ਤਿਹ ਹੇਮ ਸਿੰਘਾਸਨ ਕੋ ਡਸਾਇ।**
**ਸਿਤ ਆਸਤਰਨ ਬੰਧਾਨ ਕੀਨਿ। ਰੇਸ਼ਮ ਸੁ ਡੋਰ ਗੁੰਫਾਨਿ ਪੀਨ॥ ੨੭॥**

ਸੋਨੇ ਦੇ ਘਰ ਵਿਚ ਸ਼ੀਸ਼ੇ ਜੜੇ ਹੋਏ ਸਨ, ਉਥੇ ਸੋਨੇ ਦੇ ਸਿੰਘਾਸਣ ਨੂੰ ਡਾਹਿਆ। ਜਿਸਨੂੰ ਸਫੇਦ ਆਸਤਰ ਬੰਨ੍ਹੇ ਹੋਏ ਸਨ। ਰੇਸ਼ਮ ਦੀਆਂ ਡੋਰਾ ਗੁੰਦੇ ਕੱਸ ਕੇ ਬੰਨ੍ਹੇ ਹੋਏ ਸਨ॥ ੨੭॥

**ਤਿਸ ਪਰ ਬਿਰਾਜਿ ਕਰੁਨਾ ਨਿਧਾਨ। ਸਭਿ ਖਿਰੇ ਸਮੀਪੀ ਨਿਕਟ ਆਨਿ।**
**ਗੁਣਵਾਨ ਚਤੁਰ ਕਵਿ ਬੁੱਧਿਵੰਤ। ਜੋ ਲਖਹਿਂ ਭੇਦ ਬਡ ਗਜਾਤਵੰਤ॥ ੨੮॥**

ਉਸ ਉੱਤੇ ਕਿਰਪਾ ਨਿਧਾਨ ਗੁਰੂ ਜੀ ਬਿਰਾਜ ਗਏ, ਸਾਰੇ ਉਨ੍ਹਾਂ ਦੇ ਪਾਸ ਆ ਕੇ ਬੈਠ ਗਏ। ਗੁਣਵਾਨ ਅਤੇ ਬੁੱਧੀਵਾਨ ਚਤੁਰ ਕਵੀ ਜਿਹੜੇ ਵੱਡੇ ਗਿਆਨਵਾਨ ਸਾਰੇ ਭੇਦਾਂ ਨੂੰ ਜਾਣਦੇ ਸਨ॥ ੨੮॥

**ਤਬਿ ਦਯਾਰਾਮ ਕੋ ਢਿਗ ਬੁਲਾਇ। 'ਦਿਜ ਲਯਾਉ ਜਾਉ, ਨਹਿਂ ਬਿਲਮ ਲਾਇ'।**
**ਸੁਨਿ ਹੁਕਮ ਗਯੋ ਅਸਵਾਰ ਹੋਇ। ਤਿਸ ਨਿਕਟ ਜਾਇ ਕਹਿ ਬਾਕ ਸੋਇ॥ ੨੯॥**

ਤਦ ਦਇਆ ਰਾਮ ਨੂੰ ਪਾਸ ਬੁਲਾਇਆ ਤੇ ਕਿਹਾ, "ਬ੍ਰਾਹਮਣ ਨੂੰ ਬੁਲਾ ਕੇ ਲਿਆਓ ਦੇਰ ਨਾ ਲਾਵੋ।" ਇਹ ਸੁਣ ਕੇ ਦਇਆ ਰਾਮ ਘੋੜੇ ਤੇ ਸਵਾਰ ਹੋ ਕੇ ਗਿਆ ਤੇ ਬ੍ਰਾਹਮਣ ਦੇ ਪਾਸ ਜਾ ਕੇ ਉਸ ਬਚਨ ਕਹੇ॥ ੨੯॥

**'ਗੁਰ ਕਰਤਿ ਯਾਦ, ਚਲੀਅਹਿ ਹਜ਼ੂਰ'। ਤਤਕਾਲ ਚਢਯੋ ਸੁਨਿ ਬਹਿਲ ਰੂਰ।**
**ਆਯੋ ਸਮੀਪ ਨਰ ਕਿਤਿਕ ਸਾਥ। ਪਠਿ ਆਸ਼ਿਖ ਸ੍ਰੀ ਫਲ ਲੀਨਿ ਹਾਥ॥ ੩੦॥**

"ਗੁਰੂ ਜੀ ਯਾਦ ਕਰਦੇ ਹਨ, ਇਸ ਲਈ ਹਜ਼ੂਰ ਚਲੀਏ।" ਇਹ ਸੁਣ ਕੇ ਬ੍ਰਾਹਮਣ ਤੁਰਤ ਸੁੰਦਰ ਬਹਿਲ ਵਿਚ ਚੜ੍ਹ ਕੇ ਚਲ ਪਿਆ। ਕਈ ਮਨੁੱਖਾਂ ਦੇ ਨਾਲ ਗੁਰੂ ਜੀ ਪਾਸ ਆਇਆ, ਅਸੀਸ ਬੋਲ ਕੇ ਹੱਥ ਵਿਚ ਨਾਰੀਅਲ ਲਿਆ॥ ੩੦॥

**ਗੁਰ ਅੱਗ੍ਰ ਅਰਪਿ ਕਰਿ ਦਰਸ ਕੀਨਿ। ਤਬਿ ਚੌਕੀ ਦਾਸ ਡਸਾਇ ਦੀਨਿ।**
**ਬਰ ਬ੍ਰਿੱਪ ਬੈਠਿ ਅਵਿਲੋਕਿ ਰੂਪ। ਮਨ ਮੋਹਨ ਕ੍ਰਿਸ਼ਨ ਕਿ ਤਨ ਅਨੂਪ॥ ੩੧॥**

ਗੁਰੂ ਜੀ ਅੱਗੇ ਅਰਪਣ ਕਰਕੇ ਦਰਸ਼ਨ ਕੀਤੇ, ਤਦ ਦਾਸ ਨੇ ਇਕ ਚੌਕੀ ਡਾਹ ਦਿੱਤੀ। ਸ੍ਰੇਸ਼ਟ ਬ੍ਰਾਹਮਣ ਬੈਠ ਕੇ ਗੁਰੂ ਜੀ ਦਾ ਸਰੂਪ ਵੇਖਣ ਲੱਗਾ। ਮਨ ਮੋਹਨ ਕ੍ਰਿਸ਼ਨ ਵਰਗਾ ਅਨੂਪਮ ਸਰੀਰ ਸੀ॥ ੩੧॥

**ਜਿਮ ਕਹਯੋ ਪੁਰਾਨਨਿ ਮਹਿਂ ਸੁਭਾਇ। ਤਿਮ ਸੁੰਦਰ ਤਨ ਗੁਨ ਜੁਤਿ ਸੁਹਾਇ।**
**ਆਕਰਖ ਸੁ ਚਿਤ ਬਰਬਸਹਿਂ ਲੇਤਿ। ਗੁਰ ਕੋ ਸਮਰਥ ਲਖਿ ਬਲ ਨਿਕੇਤ॥ ੩੨॥**

ਜਿਵੇਂ ਪੁਰਾਣਾਂ ਵਿਚ ਵਰਣਨ ਕੀਤਾ ਗਿਆ ਹੈ ਉਸ ਤਰ੍ਹਾਂ ਸੁੰਦਰ ਤਨ ਗੁਣਾਂ ਸਹਿਤ ਸ਼ੋਭ ਰਿਹਾ ਹੈ। ਮੱਲੋਮੱਲੀ ਚਿੱਤ ਨੂੰ ਖਿੱਚ ਲੈਂਦੇ ਹਨ। ਗੁਰੂ ਜੀ ਨੂੰ ਸਮਰੱਥ ਸ਼ਕਤੀ ਦਾ ਘਰ ਸਮਝਿਆ॥ ੩੨॥

**ਤਬਿ ਦਯਾਸਿੰਧੁ ਬੂਝਯੋ ਸੁ ਤੌਨ। 'ਦਿਜ ਜੂ ! ਕਹਹੁ ਤੁਮ ਇਸ਼ਟ ਕੌਨ?।**
**ਕਿਹ ਕੋ ਅਰਾਧ ਸੇਵਤਿ ਮਹਾਨ?। ਕਿਸ ਨਿਕਟ ਚਹਤਿ ਆਪਨ ਕਲਯਾਨ?'॥ ੩੩॥**

ਤਦ ਦਈਆ ਦੇ ਸਾਗਰ ਭਾਵ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਹੇ ਬ੍ਰਾਹਮਣ ! ਤੁਸੀਂ ਦੱਸੋ, ਤੁਹਾਡਾ ਇਸ਼ਟ ਕੌਣ ਹੈ ? ਕਿਸ ਦੀ ਆਰਾਧਨਾ ਕਰਕੇ ਮਹਾਨ ਸੇਵਾ ਕਰਦੇ ਹੋ, ਕਿਸ ਦੇ ਪਾਸੋਂ ਆਪਣਾ ਕਲਿਆਣ ਚਾਹੁੰਦੇ ਹੋ ?" ॥ ੩੩ ॥

**ਦਿਜ ਕਹੈ ਸੁ ਕੇਸ਼ਵ ਦਾਸ ਫੇਰ। 'ਹਮ ਇਸ਼ਟ ਚੰਡਿਕਾ ਸਭਿ ਬਡੇਰ।**
**ਜਿਹ ਨਿਕਟ ਜਾਚਤੇ ਦੇਵ ਸਰਬ। ਜਿਹ ਖੰਡ ਕੀਨਿ ਸ਼ੱਤ੍ਰੁਨਿ ਗਰਬ ॥ ੩੪ ॥**

ਕੇਸ਼ਵ ਦਾਸ ਬ੍ਰਾਹਮਣ ਫਿਰ ਕਹਿਣ ਲੱਗਾ, "ਸਾਡਾ ਇਸ਼ਟ ਸਭ ਤੋਂ ਵੱਡੀ ਚੰਡਿਕਾ ਹੈ। ਜਿਸ ਦੀ ਨੇੜਤਾ ਸਾਰੇ ਦੇਵਤੇ ਚਾਹੁੰਦੇ ਹਨ, ਜਿਸ ਨੇ ਵੈਰੀਆਂ ਦੇ ਗਰਬ ਨੂੰ ਖੰਡ-ਖੰਡ ਕੀਤਾ ਸੀ ॥ ੩੪ ॥

**ਤਿਸ ਜਗਤ ਮਾਤ ਕੋ ਮੁੱਖਜ ਥਾਨ। ਜ੍ਵਾਲਾਮੁਖੀ ਸੁ ਬਿਦਤਜੋ ਜਹਾਨ।**
**ਤਿਸ ਦਰਸ ਪਰਸਿਬੇ ਹਰਸ਼ ਧਾਰਿ। ਘਰ ਦੇਸ਼ ਦੂਰ ਤਜਿਕੈ ਪਧਾਰਿ ॥ ੩੫ ॥**

ਉਸ ਜਗਤ ਮਾਤਾ ਦਾ ਮੁੱਖ ਸਥਾਨ ਜਵਾਲਾਮੁਖੀ ਵਿਖੇ ਹੈ, ਜਿਹੜਾ ਸਾਰੇ ਜਹਾਨ ਵਿਚ ਪ੍ਰਗਟ ਹੈ। ਉਸ ਦੇ ਦਰਸ਼ਨ ਅਸੀਂ ਬੜੀ ਪ੍ਰਸੰਨਤਾ ਧਾਰ ਕੇ ਕਰਦੇ ਹਾਂ, ਘਰ ਦੇਸ਼ ਛੱਡ ਕੇ ਬਹੁਤ ਦੂਰ ਜਾਂਦੇ ਹਾਂ ॥ ੩੫ ॥

**ਸਭਿ ਆਦਿ ਸ਼ਕਤਿ ਦੇਵਾਨ ਦੇਵ। ਬ੍ਰਹਮਾਦਿ ਜਾਂਹਿ ਕੀ ਕਰਤਿ ਸੇਵ।**
**ਲਿਵ ਲਗੀ ਸਦਾ ਤਿਸ ਨਾਮ ਕੇਰ। ਮੈਂ ਕਰੌਂ ਧਜਾਨ ਪੂਜਾ ਘਨੇਰ ॥ ੩੬ ॥**

ਸਭ ਆਦਿ ਸ਼ਕਤੀ ਦੇਵਤਿਆਂ ਦਾ ਦੇਵਤਾ ਹੈ, ਬ੍ਰਹਮਾ ਆਦਿ ਜਿਸ ਦੀ ਸੇਵਾ ਕਰਦੇ ਹਨ। ਉਸ ਦੇ ਨਾਮ ਦੀ ਸਦਾ ਲਿਵ ਲੱਗੀ ਰਹਿੰਦੀ ਹੈ, ਮੈਂ ਉਸ ਦਾ ਧਿਆਨ ਧਾਰ ਕੇ ਬਹੁਤ ਪੂਜਾ ਕਰਦਾ ਹਾਂ" ॥ ੩੬ ॥

**ਸੁਨਿ ਗੁਰੂ ਬੂਝਨਾ ਕੀਨਿ ਤਾਂਹਿ। 'ਜਗ ਮਾਤ ਪੂਜਿਬੇ ਹਮਹਿਂ ਚਾਹਿ।**
**ਜਿਸ ਤੇ ਪ੍ਰਤੱਛ ਹੁਇ ਦਰਸ ਦੇਹਿ। ਹਮ ਹੇਰਿ ਰੂਪ ਬਰ ਮਾਂਗ ਲੇਹਿਂ ॥ ੩੭ ॥**

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਅਸੀਂ ਵੀ ਜਗਤ ਮਾਤਾ ਦੀ ਪੂਜਾ ਕਰਨਾ ਚਾਹੁੰਦੇ ਹਾਂ, ਜਿਸ ਨਾਲ ਪ੍ਰਤੱਖ ਹੋ ਕੇ ਦਰਸ਼ਨ ਦੇਵੇ, ਅਸੀਂ ਉਸ ਦਾ ਰੂਪ ਵੇਖ ਕੇ ਵਰ ਮੰਗ ਲਈਏ ॥ ੩੭ ॥

*ਨੋਟ :- ਇਹ ਵਾਕ ਦਸਮ ਸਤਿਗੁਰੂ ਦੇ ਨਹੀਂ ਜਾਪਦੇ ਹਨ, ਕਿਉਂਕਿ ਆਪ ਸ੍ਰੀ ਅਕਾਲ ਪੁਰਖ ਨੂੰ ਸਨਮੁਖ ਕਰਕੇ ਆਖ ਰਹੇ ਹਨ, "ਤੁਮਹਿ ਛਾਡ ਕੋਈ ਅਵਰ ਨ ਧਿਆਊਂ ॥ ਜੋ ਬਰ ਚਹੌਂ ਸੁ ਤੁਮ ਤੇ ਪਾਊਂ ॥"*

**ਤੁਮ ਪੈ ਬਿਧਾਨ ਇਹ ਸਕਲ ਆਇ। ਕੀਜੈ ਪ੍ਰਯੋਗ ਸਭਿ ਬਿਧਿ ਬਨਾਇ।**
**ਚਹੀਏ ਸਮਿੱਗ੍ਰੀ ਤਬਿ ਜਿਤੇਕ। ਜੋ ਦੁਲਭ ਹੋਇ ਕਹੀਯਹਿ ਤਿਤੇਕ ॥ ੩੮ ॥**

ਤੁਹਾਨੂੰ ਇਸ ਪੂਜਾ ਦੀਆਂ ਸਾਰੀਆਂ ਵਿਧੀਆਂ ਆਉਂਦੀਆਂ ਹਨ, ਸਾਰੀਆਂ ਵਿਧੀਆਂ ਬਣਾ ਕੇ ਪ੍ਰਯੋਗ ਕਰੋ। ਉਸ ਸਮੇਂ ਜਿੰਨੀ ਸਮੱਗਰੀ ਚਾਹੀਦੀ ਹੈ, ਜਿਹੜੀ ਦੁਰਲੱਭ ਹੋਵੇ ਉਹ ਵੀ ਕਹਿ ਦੇਵੋ ॥ ੩੮ ॥

**ਜਿਮ ਮੰਤ੍ਰ ਪਾਠ ਅਰੁ ਹਮਨ ਹੋਇ। ਰਹਿ ਕਿਤਿਕ ਕਾਲ ਲਗਿ; ਕਹਹੁ ਸੋਇ।**
**ਗਨ ਦਿਜਨ ਭਈ ਮਹਿਮਾ ਤੁਮਾਰ। ਬਿਧਿ ਚੰਡਿ ਪੂਜਿਬੇ ਮਹਿਂ ਉਦਾਰ ॥ ੩੯ ॥**

ਜਿਵੇਂ ਮੰਤਰ ਪਾਠ ਅਤੇ ਹਮਨ ਹੋਵੇ, ਕਿੰਨੇ ਸਮੇਂ ਤੱਕ ਰਹੇਗਾ ਉਹ ਵੀ ਕਹੋ। ਬਹੁਤ ਬ੍ਰਾਹਮਣਾਂ ਵਿਚ ਤੁਹਾਡੀ ਮਹਿਮਾਂ ਹੋਈ ਹੈ, ਚੰਡੀ ਪੂਜਣ ਦੀ ਵਿਧੀ ਵਿਚ ਤੁਸੀਂ ਉੱਤਮ ਅਤੇ ਮਹਾਨ ਹੋ ॥ ੩੯ ॥

ਦੋਹਰਾ- ਪ੍ਰਾਪਤਿ ਹੋਇਓ ਆਨ ਕਰਿ ਹੈ ਜਿ ਬਿਧਾਨ ਪ੍ਰਬੀਨ।
ਕਰਹੁ ਬਿਦਤਿ ਸ੍ਰੀ ਚੰਡਿਕਾ ਤੇਜ ਤੁਰਕ ਹਿਤ ਹੀਨ॥ ੪੦॥

ਵਿਧੀ ਵਿਦ ਪ੍ਰਬੀਨ ਤਰੀਕਾ ਜਿਹੜਾ ਤੁਹਾਨੂੰ ਪ੍ਰਾਪਤ ਹੋਇਆ ਹੈ, ਸ੍ਰੀ ਚੰਡਿਕਾ ਦੇ ਤੇਜ ਨੂੰ ਪ੍ਰਗਟ ਕਰੋ ਤਾਂਕਿ ਤੁਰਕਾਂ ਦਾ ਤੇਜ ਖਤਮ ਹੋਵੇ'॥ ੪੦॥

ਸ੍ਰੀ ਕਲਗ਼ੀਧਰ ਕੇ ਬਚਨ ਸੁਨਿ ਕਰਿ ਸਭਿ ਦਿਜ ਰਾਇ।
ਕੇਤਿਕ ਸਮੈਂ ਬਿਚਾਰ ਕਰਿ ਬੋਲਨ ਚਾਹਿ ਉਠਾਇ॥ ੪੧॥

ਸ੍ਰੀ ਕਲਗ਼ੀਧਰ ਗੁਰੂ ਜੀ ਦੇ ਬਚਨ ਸੁਣ ਸਾਰਿਆਂ ਬ੍ਰਾਹਮਣਾਂ ਵਿਚ ਰਾਜਾ ਭਾਵ ਕੇਸ਼ਵ ਦਾਸ ਕਾਫੀ ਸਮਾਂ ਵਿਚਾਰ ਕਰਕੇ ਬੋਲਣਾ ਚਾਹੁੰਦਾ ਸੀ॥ ੪੧॥

*ਤੀਸਰੀ ਰੁੱਤ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

## *ਅਧਿਆਇ ਪੰਜਵਾਂ*

### *ਸਮੱਗ੍ਰੀ ਮੰਗਾਉਣੀ*

ਦੋਹਰਾ- 'ਸ੍ਰੀ ਸਤਿਗੁਰ ਮਹਾਂਰਾਜ ਪ੍ਰਭੁ! ਸੁਨਿਯਹਿ ਹੇਤੁ ਜਿਤੇਕ।
ਹਮਨ ਕਰਨਿ ਅਰੁ ਬਲੀ ਮਹਿਂ ਸੰਚਹਿ ਬਨਹਿ ਤਿਤੇਕ॥ ੧॥

ਕੇਸ਼ਵ ਦਾਸ ਬ੍ਰਾਹਮਣ ਨੇ ਫਿਰ ਕਿਹਾ, "ਹੇ ਪ੍ਰਭੂ ਸਤਿਗੁਰੂ ਜੀ ਮਹਾਰਾਜ! ਹਮਨ ਕਰਨ ਅਤੇ ਬਲੀ ਆਦਿ ਦੇਣ ਵਾਸਤੇ ਜਿੰਨੀ ਵੀ ਸਮੱਗਰੀ ਇਕੱਠੀ ਕਰਨੀ ਬਣਦੀ ਹੈ, ਓਨੀ ਕੁ ਲੈ ਲੈਣੀ ਬਣਦੀ ਹੈ॥ ੧॥

ਚੌਪਈ- ਪ੍ਰਥਮੈ ਘਨੋ ਦਰਬ ਹੀ ਚਹੀਯਹਿ। ਜਿਸ ਤੇ ਸਭਿ ਕਾਰਜ ਨਿਰਬਹੀਯਹਿ।
ਲਾਖ ਅਹੂਤੀ ਦੈਬੇ ਹੇਤੁ। ਮੋਲ ਸਮੱਗ੍ਰੀ ਲੇ ਧਨ ਦੇਤਿ॥ ੨॥

ਪਹਿਲਾਂ ਬਹੁਤ ਧਨ ਚਾਹੀਦਾ ਹੈ, ਜਿਸ ਨਾਲ ਇਹ ਸਾਰੇ ਕਾਰਜ ਪੂਰੇ ਹੋ ਜਾਣ। ਲੱਖ ਅਹੂਤੀ ਦੇਣ ਵਾਸਤੇ, ਧਨ ਦੇ ਕੇ ਸਮੱਗ੍ਰੀ ਮੁਲ ਲੈ ਲਵੋ॥ ੨॥

ਲਾਖਹੁ ਕੀ ਗਿਨਤੀ ਤਬਿ ਹੋਇ। ਸਧਹਿ ਹਜ਼ਾਰਨਿ ਤੇ ਨਹਿਂ ਸੋਇ।
ਪੁਨ ਛੱਤ੍ਰੀ ਸੁਧ ਸਭਿ ਬਿਧਿ ਜਾਨੋ। ਨ੍ਰਿਭੈ ਆਦਿ ਗੁਣ ਮੈਂ ਜਿਸ ਮਾਨੋ॥ ੩॥

ਫਿਰ ਲੱਖਾਂ ਦੀ ਗਿਣਤੀ ਹੋਵੇਗੀ, ਹਜ਼ਾਰਾਂ ਰੁਪਈਆਂ ਨਾਲ ਉਹ ਕਾਰਜ ਸਿੱਧ ਨਹੀਂ ਹੋਵੇਗਾ, ਫਿਰ ਖੱਤਰੀ, ਜਿਸ ਨੂੰ ਸਾਰੀਆਂ ਵਿਧੀਆਂ ਨਾਲ ਸ਼ੁਧ ਜਾਣੋ, ਨਿਰਭੈਅ ਆਦਿ ਦੇ ਗੁਣ ਜਿਸ ਵਿਚ ਮੰਨੋ॥ ੩॥

ਜਬਿ ਤੇ ਹਮਨ ਕਰਨਿ ਲਗਿ ਪਰੈਂ। ਤਬਿ ਤੇ ਨੇਮ ਬਿਖਮ ਸਭਿ ਧਰੈ।
ਬ੍ਰਹਮਚਰਜ ਤੇ ਆਦਿਕ ਜੇਈ। ਮਨ ਦ੍ਰਿੜ ਰਾਖਿ, ਨ ਡੋਲਨਿ ਦੇਈ॥ ੪॥

ਜਦ ਤੋਂ ਅਸੀਂ ਹਮਨ ਕਰਨ ਲੱਗ ਜਾਈਏ, ਤਦ ਤੋਂ ਉਹ ਖੱਤਰੀ ਸਖਤ ਨੇਮ ਧਾਰਨ ਕਰੇ। ਬ੍ਰਾਹਮਚਰਜ ਆਦਿਕ ਜਿਹੜੇ ਨੇਮ ਹਨ ਮਨ ਵਿਚ ਦ੍ਰਿੜ੍ਹਤਾ ਨਾਲ ਪਾਲਣ ਕਰੇ ਤੇ ਡੋਲਣ ਨਾ ਦੇਵੇ॥ ੪॥

ਸਰਬ ਰਿਖੀਕ ਜੀਤ ਕਰਿ ਰਹੈ। ਸੁਨਹਿਂ ਨ ਬਹੁ ਕਿਛ ਮੁਖ ਨਹਿਂ ਕਹੈ।
ਸੰਜਮ ਮਹਿਂ ਤਨ ਮਨ ਕੋ ਰਾਖੈ। ਏਕ ਅਰਾਧਨ ਮੈਂ ਅਭਿਲਾਖੈ॥ ੫॥

ਸਾਰੀਆਂ ਇੰਦਰੀਆਂ ਨੂੰ ਜਿੱਤ ਕੇ ਰਹੇ, ਨਾ ਬਹੁਤ ਕੁਝ ਸੁਣੇ ਤੇ ਨਾ ਬਹੁਤ ਕੁਝ ਆਪਣੇ ਮੁਖ ਤੋਂ ਕਹੇ। ਆਪਣੇ ਤਨ ਤੇ ਮਨ ਨੂੰ ਸੰਜਮ ਵਿਚ ਰੱਖੇ, ਇਕ ਪ੍ਰਭੂ ਦੀ ਆਰਧਨਾ ਵਿਚ ਉਸ ਦਾ ਮਨ ਅਭਿਲਾਸ਼ਾ ਕਰੇ॥ ੫॥

ਅਬਿ ਕਲਜੁਗ ਕੌ ਕਾਲ ਕਰਾਲਾ। ਨਹਿਂ ਮਨ ਸੁਧਰਹਿ ਧਰਹਿ ਬਿਕਾਲਾ।
ਪੂਜਾ ਕਰਨਿ ਕਰਾਵਨਹਾਰੇ। ਦੋਨਹੁੰ ਨੇਮ ਨ੍ਰਿਬਾਹਹਿਂ ਸਾਰੇ॥ ੬॥

ਹੁਣ ਕਲਜੁਗ ਦਾ ਵਿਕਰਾਲ ਕਾਲ ਚਲ ਰਿਹਾ ਹੈ, ਮਨ ਸੁਧਰਦਾ ਨਹੀਂ ਹੈ, ਵਿਕਾਰਾਂ ਨੂੰ ਧਾਰਨ ਕਰਦਾ ਹੈ। ਪੂਜਾ ਕਰਨ ਵਾਲੇ ਅਤੇ ਕਰਾਵਣਹਾਰੇ, ਦੋਵੇਂ ਸਾਰੇ ਨੇਮਾਂ ਦਾ ਨ੍ਰਿਬਾਹ ਕਰਨ॥ ੬॥

ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ। ਸੁਗਮ ਚੰਡਿਕਾ ਦਰਸ਼ਨ ਨਾਂਹੀ।
ਅਬਿ ਕਲਿਕਾਲ ਪ੍ਰਬਿਰਤਜੋ ਭਾਰੀ। ਭਈ ਭ੍ਰਿਸ਼ਟ ਬਹੁ ਸ੍ਰਿਸ਼ਟੀ ਸਾਰੀ॥ ੭॥

ਸਤਿਜੁਗ ਤ੍ਰੇਤੇ, ਦਵਾਪਰ ਵਿਚ ਚੰਡਕਾ ਦੇ ਆਸਾਨੀ ਨਾਲ ਦਰਸ਼ਨ ਨਹੀਂ ਹੋਏ ਹਨ। ਹੁਣ ਭਾਰੀ ਕਲਿਜੁਗ ਦਾ ਵਰਤਾਰਾ ਹੈ, ਸਾਰੀ ਸ੍ਰਿਸ਼ਟੀ ਬਹੁਤ ਭ੍ਰਿਸ਼ਟ ਹੋ ਗਈ ਹੈ॥ ੭॥

ਤਜਿ ਤਜਿ ਮ੍ਰਿਤੁ ਲੋਕ ਸੁਰ ਸਾਰੇ। ਮੇਰੁ ਆਦਿ ਗਿਰ ਬਿਖੈ ਪਧਾਰੇ।
ਗੋਰਖ ਆਦਿ ਸਿੱਧ ਜਗ ਫਿਰਤੇ। ਪਿਖਿ ਅਧਰਮ ਕੋ ਅਬਿ ਨ ਬਿਚਰਤੇ॥ ੮॥

ਸਾਰੇ ਦੇਵਤੇ ਮਾਤ-ਲੋਕ ਨੂੰ ਛੱਡ-ਛੱਡ ਕੇ ਸੁਮੇਰ ਪਰਬਤ ਆਦਿ ਸਥਾਨਾਂ ਤੇ ਚਲੇ ਗਏ ਹਨ। ਗੋਰਖ ਆਦਿ ਸਿੱਧ ਜਿਹੜੇ ਜਗਤ ਵਿਚ ਫਿਰਦੇ ਸਨ, ਉਹ ਅਧਰਮ ਨੂੰ ਵੇਖ ਕੇ ਹੁਣ ਨਹੀਂ ਵਿਚਰਦੇ ਹਨ॥ ੮॥

ਯਾਂਤੇ ਬਹੁ ਦੁਹਸਾਧਜਾ ਦੇਵੀ। ਦਰਸ ਪ੍ਰਤੱਛ ਦਿਖਾਇ ਅਭੇਵੀ।
ਧਨ ਕੀ ਸੁਨਹੁ ਕਹਾਂ ਤੇ ਆਵੈ। ਨਹੀ ਰਸਾਇਨ ਕੋ ਜੁ ਬਨਾਵੈ॥ ੯॥

ਇਸ ਕਰਕੇ ਦੇਵੀ ਬੜੀ ਕਠਨਤਾ ਨਾਲ ਸਾਧੀ ਜਾਣ ਵਾਲੀ ਪ੍ਰਤੱਖ ਦਰਸ਼ਨ ਵਿਖਾਉਣ ਦੇ ਭੇਦ ਨੂੰ ਨਾ ਦੇਣ ਵਾਲੀ ਹੈ। ਧਨ ਬਾਰੇ ਸੁਣੋ ਕਿਥੋਂ ਆਵੇ, ਜਿਹੜੇ ਰਸਾਇਣ ਨਾਲ ਧਨ ਨੂੰ ਬਣਾਉਂਦੇ ਹਨ॥ ੯॥

ਤੁਮ ਢਿਗ ਰਾਜ ਨ ਅਵਨੀ ਕੇਰਾ। ਜਿਸ ਕਰਿ ਆਵੈ ਦਰਬ ਘਨੇਰਾ।
ਤੁਰਕ ਤੇਜ ਤਪ ਰਹਜੋ ਬਿਸਾਲਾ। ਕਰਹਿ ਕਰਾਵਹਿ ਪਾਪ ਕੁਚਾਲਾ॥ ੧੦॥

ਤੁਹਾਡੇ ਪਾਸ ਧਰਤੀ ਦਾ ਰਾਜ ਨਹੀਂ ਹੈ, ਜਿਸ ਕਰਕੇ ਬਹੁਤ ਧਨ ਆਉਂਦਾ ਹੋਵੇ। ਤੁਰਕ ਦਾ ਤੇਜ ਬਹੁਤ ਤਪ ਰਿਹਾ ਹੈ, ਉਹ ਆਪੇ ਹੀ ਪਾਪ ਤੇ ਭੈੜੇ ਚਾਲੇ ਕਰਦਾ ਅਤੇ ਕਰਵਾਉਂਦਾ ਹੈ॥ ੧੦॥

ਇਸ ਬਿਧਿ ਬਹੁਤ ਬਿਖਮ ਹੀ ਜਾਨੋ। ਸ਼ਕਤਿ ਧਰਹੁ ਤੁਮ ਚਹਹੁ ਜਿ ਠਾਨੋ।
ਸੁਨਿ ਕਰਿ ਦਯਾਰਾਮ ਤਬਿ ਬੋਲਾ। 'ਪ੍ਰਭੁ ਦਿਸ਼ਿ ਤੇ ਚਿਤ ਰਖਹੁ ਅਡੋਲਾ॥੧੧॥

ਇਸ ਵਿਧੀ ਨਾਲ ਬਹੁਤ ਮੁਸ਼ਕਲ ਹੀ ਜਾਣੋ, ਜੇ ਤੁਸੀਂ ਸ਼ਕਤੀ ਧਾਰਨ ਕਰੋ ਤਾਂ ਜੋ ਚਾਹੋ ਕਰਵਾ ਸਕਦੇ ਹੋ।'' ਇਹ ਸੁਣ ਕੇ ਦਇਆ ਰਾਮ ਤਦ ਬੋਲਿਆ, "ਗੁਰੂ ਜੀ ਵਾਲੇ ਪਾਸੇ ਤੋਂ ਆਪਣੇ ਮਨ ਨੂੰ ਅਡੋਲ ਰੱਖੋ॥ ੧੧॥

ਧਨ ਕੀ ਕਮੀ ਨ ਇਨ ਕੋ ਕੋਈ। ਜਿਨ ਕੋ ਕਰ ਪਾਰਸ ਹੀ ਹੋਈ।
ਛੱਤ੍ਰੀ ਸ਼ੁੱਧ ਮਹਾਨ ਮਹਾਨੇ। ਪ੍ਰਥਮ ਜੁਗਨਿ ਨਹਿਂ ਇਨਹਿਂ ਸਮਾਨੇ॥ ੧੨॥

ਇਨ੍ਹਾਂ ਨੂੰ ਧਨ ਦੀ ਕੋਈ ਕਮੀ ਨਹੀਂ ਹੈ, ਜਿਨ੍ਹਾਂ ਦੇ ਹੱਥ ਹੀ ਪਾਰਸ ਹਨ। ਇਹ ਮਹਾਨਾਂ ਦੇ ਮਹਾਨ ਸ਼ੁੱਧ ਖੱਤਰੀ ਹਨ, ਪਹਿਲੇ ਜੁੱਗਾਂ ਦੇ ਖੱਤਰੀ ਇਨ੍ਹਾਂ ਵਰਗੇ ਨਹੀਂ ਹੋਏ ਹਨ॥ ੧੨॥

ਸੂਰਜਬੰਸ ਬਿਖੈ ਜਨਮਏ। ਜਿਸ ਮਹਿਂ ਮਹਾਂ ਧਨੁਰ ਧਰ ਥਿਏ।
ਰਾਮਚੰਦ ਆਦਿਕ ਬਲਵੰਤੇ। ਰਘੁ, ਦਿਲੀਪ, ਨ੍ਰਿਪ ਸਗਰ ਭਨੰਤੇ॥ ੧੩॥

ਇਨ੍ਹਾਂ ਦਾ ਜਨਮ ਸੂਰਜ ਬੰਸ ਵਿਚ ਹੋਇਆ ਹੈ, ਜਿਨ੍ਹਾਂ ਵਿਚ ਮਹਾਂ ਧਨੁੱਖਧਾਰੀ ਹੋਏ ਹਨ। ਰਾਮਚੰਦਰ ਆਦਿ ਵੱਡੇ ਬਲਵਾਨ ਸਨ। ਰਘੂ, ਦਿਲੀਪ ਰਾਜਿਆਂ ਬਾਰੇ ਸਾਰੇ ਕਹਿੰਦੇ ਹਨ॥ ੧੩॥

ਇੰਦ੍ਰੈਜਿਤ ਇਨ ਕੋ ਨ ਸਮਾਨਾ। ਗਿਨੀਐ ਕੌਨ ਮਹਾਨ ਮਹਾਨਾ।
ਚਤੁਰਪੁੱਤ੍ਰ ਹਿਤ ਚਾਰਹੁਬਾਰੀ। ਬ੍ਰਹਮਚਰਜ ਬੀਤੀ ਬਯ ਸਾਰੀ॥ ੧੪॥

ਇੰਦਰੀਆਂ ਜਿੱਤਣ ਵਾਲਾ ਇਨ੍ਹਾਂ ਵਰਗਾ ਕੋਈ ਨਹੀਂ ਹੈ, ਇਨ੍ਹਾਂ ਦੀ ਕੀ ਉਪਮਾ ਕਰੀਏ ਇਹ ਵੱਡਿਆਂ ਤੋਂ ਵੱਡੇ ਮਹਾਨ ਹਨ। ਚਾਰੇ ਪੁੱਤਰਾਂ ਵਾਸਤੇ ਕੇਵਲ ਚਾਰ ਬਾਰ ਗ੍ਰਿਹਸਥ ਕੀਤਾ ਹੈ। ਬ੍ਰਹਮਚਰਜ ਤੌਰ ਤੇ ਹੀ ਸਾਰੀ ਉਮਰ ਬਤੀਤ ਕੀਤੀ ਹੈ॥ ੧੪॥

ਜਿਸ ਕੋ ਬਚਨ ਕਰਹਿਂ ਇਕ ਬਾਰੇ। ਤਿਸ ਕੋ ਮਨ ਟਿਕ ਜਾਹਿ ਸੁਖਾਰੇ।
ਨਿਜ ਮਨ ਬਸ ਕਰਿਬੇ ਕਯਾ ਕਹੀਯਹਿ। ਜਨਕ ਸਮਾਨ ਬ੍ਰਿਤੀ ਜਿਨ ਲਹੀਯਹਿ॥੧੫॥

ਜਿਸ ਨੂੰ ਇਕ ਵਾਰ ਬਚਨ ਕਰਦੇ ਹਨ, ਉਸ ਦਾ ਮਨ ਸੁਖਾਲਾ ਹੀ ਟਿਕ ਜਾਂਦਾ ਹੈ, ਆਪਣਾ ਮਨ ਵੱਸ ਕਰਨ ਬਾਰੇ ਕੀ ਕਹੀਏ। ਰਾਜੇ ਜਨਕ ਸਮਾਨ ਜਿਨ੍ਹਾਂ ਨੇ ਬ੍ਰਿਤੀ ਪਾਈ ਹੈ॥ ੧੫॥

ਸਤਿਗੁਰ ਦਿਸ਼ਿ ਤੇ ਰਖਹੁ ਭਰੋਸਾ। ਜਿਨ ਮਹਿਂ ਲਖਹੁ ਆਦਿ ਸੰਤੋਸ਼ਾ।
ਆਪ ਕਰੋ ਕੇਤਿਕ ਦਿਨ ਡੇਰਾ। ਕਹਯੋ ਨ ਮਾਨਹੁਂ ਲਿਹੁ ਦ੍ਰਿਗ ਹੇਰਾ" ॥੧੬॥

ਸਤਿਗੁਰੂ ਜੀ ਦੇ ਪਾਸੇ ਵਲੋਂ ਭਰੋਸਾ ਰੱਖੋ, ਜਿਨ੍ਹਾਂ ਵਿਚ ਸੰਤੋਖ ਆਦਿ ਵੱਡੇ ਗੁਣ ਹਨ। ਆਪ ਕੁਝ ਦਿਨ ਡੇਰਾ ਕਰੋ ਜੇ ਸਾਡਾ ਕਿਹਾ ਨਹੀਂ ਮੰਨਦੇ ਤਾਂ ਆਪਣੀਆਂ ਅੱਖਾਂ ਨਾਲ ਵੇਖ ਲਵੋ" ॥ ੧੬॥

ਇਮ ਸਤਿਗੁਰ ਕੇ ਰੁਖ ਕੋ ਜਾਨਿ। ਦਯਾਰਾਮ ਨੇ ਕੀਨਿ ਬਖਾਨ।
ਸ਼੍ਰੀ ਪ੍ਰਭੁ ਕਹਯੋ 'ਸਿਵਰ ਕੋ ਘਾਲਹੁ। ਤੁਰਕਨਿ ਛੈ ਕੌ ਕਾਜ ਬਿਸਾਲਹੁ॥੧੭॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਰੁੱਖ ਨੂੰ ਜਾਣ ਕੇ, ਦਇਆ ਰਾਮ ਨੇ ਕਹਿ ਕੇ ਸੁਣਾਇਆ। ਫਿਰ ਗੁਰੂ ਜੀ ਨੇ ਕਿਹਾ, "ਤੰਬੂ ਆਦਿ ਲਵਾ ਕੇ ਡੇਰਾ ਲਵਾਓ, ਤੁਰਕਾਂ ਦਾ ਨਾਸ਼ ਕਰਨ ਵਾਸਤੇ ਇਹ ਬਹੁਤ ਵੱਡਾ ਕਾਰਜ ਹੈ॥ ੧੭॥

ਜੋ ਤੁਮ ਕਾਂਖਹੁ ਭਾਖਹੁ ਜੈਸੇ। ਤੂਰਨ ਸਭਿ ਤਯਾਰੀ ਹੁਇ ਤੈਸੇ।
ਹੋਤਿ ਪ੍ਰਾਤਿ ਧਨ ਤੁਮਹਿਂ ਦਿਖਾਵਹਿਂ। ਸਕਲ ਸੌਂਜ ਤਤਕਾਲ ਅਨਾਵਹਿਂ॥੧੮॥

ਜੋ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਕਹੋ, ਜਿਵੇਂ ਤੁਰਤ ਹੀ ਸਾਰੀ ਤਿਆਰੀ ਹੋਵੇ। ਸਵੇਰ ਹੁੰਦਿਆਂ ਹੀ ਤੁਹਾਨੂੰ ਸਾਰਾ ਧਨ ਵਿਖਾਵਾਂਗੇ ਤੇ ਸਾਰੀ ਸਮੱਗਰੀ ਤੁਰਤ ਹੀ ਮੰਗਵਾ ਲਵਾਂਗੇ॥ ੧੮॥

ਅਪਰ ਕਹਾਂ ਕਹਿਯੈ ਤੁਮ ਤਾਂਈ। ਰਹਹੁ ਪਰਖਿਯੋ ਲਖੋ ਸੁ ਜਾਈਂ।
ਕੇਸ਼ਵਦਾਸ ਸੁਨਤਿ ਪੁਨ ਕਹਯੋ। 'ਅਤਿ ਦੁਹੁ ਸਾਧ ਕਰਮ ਸਭਿ ਲਹਯੋ॥੧੯॥

ਹੋਰ ਤੁਹਾਨੂੰ ਹੁਣ ਕੀ ਕਹੀਏ, ਰਹਿ ਕੇ ਪਰਖ ਕਰੋ, ਆਪੇ ਸਭ ਕੁਝ ਜਾਣ ਲਵੋਗੇ।" ਕੇਸ਼ਵ ਦਾਸ ਨੇ ਸੁਣ ਕੇ ਫਿਰ ਕਿਹਾ, "ਅਤਿ ਮੁਸ਼ਕਲ ਨਾਲ ਸਾਧਣ ਕਰਨ ਵਾਲਾ ਕਰਮ ਵੇਖਿਆ ਹੈ॥ ੧੯॥

ਤੁਮ ਸਮਰਥ ਤੇ ਸਭਿ ਬਨਿ ਆਵੈ। ਕਰਹੁ ਅਕਰਨ ਜਥਾ ਮਨ ਭਾਵੈ।
ਆਛੀ ਬਾਤ, ਕਰੌਂ ਮੈਂ ਡੇਰਾ। ਕਾਜ ਸਿੱਧ ਇਹੁ ਪੁੰਨ ਬਡੇਰਾ॥ ੨੦॥

ਤੁਸੀਂ ਸਮਰੱਥ ਹੋ, ਤੁਹਾਡੇ ਪਾਸੋਂ ਸਭ ਕੁਝ ਹੋ ਸਕਦਾ ਹੈ, ਜਿਹੜਾ ਕਾਰਜ ਕਰਨਾ ਅਸੰਭਵ ਹੈ, ਉਸ ਨੂੰ ਵੀ ਜਿਵੇਂ ਮਨ ਵਿਚ ਚਾਹੋ ਕਰ ਸਕਦੇ ਹੋ। ਚੰਗੀ ਗੱਲ ਹੈ, ਮੈਂ ਆਪਣਾ ਡੇਰਾ ਕਰਦਾ ਹਾਂ, ਜੇ ਕਾਰਜ ਸਿੱਧ ਹੋ ਜਾਵੇ ਤਾਂ ਇਹ ਵੱਡਾ ਪੁੰਨ ਹੈ॥ ੨੦॥

ਬਿਦਤਿ ਹੋਇ ਤੁਮ ਕੋ ਜਗਮਾਤਾ। ਜਗ ਤੁਰਕਾਨ ਤੇਜ ਪੁਨ ਹਾਤਾ।
ਹਿੰਦੁ ਧਰਮ ਕੋ ਹੈ ਇਹ ਬਾਰਾ। ਨਾਂਹਿਤ ਜਾਤਿ ਨਸ਼ਟ ਹ੍ਵੈ ਸਾਰਾ"॥ ੨੧॥

ਜਗਮਾਤਾ ਤੁਹਾਡੇ ਸਾਹਮਣੇ ਪ੍ਰਗਟ ਹੋਵੇਗੀ ਤੇ ਜਗਤ ਵਿਚ ਤੁਰਕਾਂ ਦੇ ਤੇਜ ਦਾ ਨਾਸ਼ ਕਰ ਦੇਵੇਗੀ। ਇਹ ਗੁਰਸਿੱਖੀ ਦਾ ਮੰਡਲ ਹਿੰਦੂ ਧਰਮ ਦਾ ਰੱਖਵਾਲਾ ਹੈ, ਨਹੀਂ ਤਾਂ ਇਹ ਧਰਮ ਸਾਰਾ ਹੀ ਨਸ਼ਟ ਹੋ ਜਾਂਦਾ"॥ ੨੧॥

ਇਮ ਕਹਿ ਬਿੱਪ੍ਰ ਬਾਗ ਮਹਿਂ ਆਯੋ। ਡੇਰਾ ਕਰਿ ਮੁਕਾਮ ਹਰਖਾਯੋ।
ਉਤ ਸਤਿਗੁਰ ਚਾਹਤਿ ਕ੍ਰਿਤ ਕੀਨਾ। ਸਿੱਧ ਮਨੋਰਥ ਹ੍ਵੈ ਹਿਤ ਭੀਨਾ॥ ੨੨॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਬਾਗ਼ ਵਿਚ ਆ ਗਿਆ ਤੇ ਆਪਣੇ ਡੇਰੇ ਵਿਚ ਮੁਕਾਮ ਕਰਕੇ ਬਹੁਤ ਪ੍ਰਸੰਨ ਹੋਇਆ। ਓਧਰ ਸਤਿਗੁਰੂ ਜੀ ਕਾਰਜ ਕਰਨਾ ਚਾਹੁੰਦੇ ਸਨ, ਮਨੋਰਥ ਸਿੱਧ ਕਰਨ ਵਿਚ ਉਨ੍ਹਾਂ ਦਾ ਮਨ ਭਿੱਜਾ ਸੀ॥ ੨੨॥

ਪਰੀ ਨਿਸਾ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।
ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਪਹਿਰੇ ਬਸਤ੍ਰ ਸ਼ਸਤ੍ਰ ਦੁਤਿਵਾਨੇ॥ ੨੩॥

ਰਾਤ ਪੈਣ 'ਤੇ ਗੁਰੂ ਜੀ ਨੇ ਖਾਣ ਪੀਣ ਕੀਤਾ ਤੇ ਕ੍ਰਿਪਾ ਨਿਧਾਨ ਸਤਿਗੁਰੂ ਜੀ ਸੁਖ ਨਾਲ ਸੌਂ ਗਏ। ਵੱਡੀ ਸਵੇਰ ਹੋਣ 'ਤੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਸੁੰਦਰ ਵਸਤਰ ਸ਼ਸਤਰ ਪਹਿਨ ਲਏ॥ ੨੩॥

ਦਿਨਪਤਿ ਉਦੇ ਭਯੋ ਹਰਖਾਏ। ਸਿੱਖ ਮਸੰਦ ਦਾਸ ਭਟ ਆਏ।
ਕਰਿ ਪਗ ਬੰਦਨ ਪਾਸ ਥਿਰੇ ਹੈਂ। ਸ੍ਰੀ ਕਲਗ਼ੀਧਰ ਹੁਕਮ ਕਰੇ ਹੈਂ॥ ੨੪॥

ਜਦ ਸੂਰਜ ਚੜ੍ਹਿਆਂ ਤਾਂ ਬਹੁਤ ਪ੍ਰਸੰਨ ਹੋਏ ਤੇ ਸਿੱਖ, ਮਸੰਦ, ਦਾਸ ਅਤੇ ਸੂਰਬੀਰ ਆਏ। ਚਰਨ ਕੰਵਲਾਂ 'ਤੇ ਬੰਦਨ ਕਰਕੇ ਪਾਸ ਬੈਠ ਗਏ ਤੇ ਸ੍ਰੀ ਕਲਗੀਧਰ ਸਤਿਗੁਰੂ ਜੀ ਨੇ ਹੁਕਮ ਕੀਤਾ॥ ੨੪॥

'ਕਾਰਦਾਰ ਗੁਰ ਘਰ ਕੇ ਜੇਤੇ। ਇਕ ਥਲ ਮਿਲਿ ਕਰਿ ਅਬਿ ਤੁਮ ਤੇਤੇ।
ਪਰਸੋਂ ਜੇਤਿਕ ਚਢੀ ਅਕੋਰ। ਸਭਿ ਕੋ ਕਰੋ ਏਕ ਥਲ ਜੋਰ॥ ੨੫॥

"ਗੁਰੂ ਘਰ ਦੇ ਜਿੰਨੇ ਵੀ ਕਰਿੰਦੇ ਹੋ, ਹੁਣ ਤੁਸੀਂ ਸਾਰੇ ਇਕ ਥਾਂ ਮਿਲ ਕੇ ਇਕੱਠੇ ਹੋ ਜਾਵੋ। ਪਰਸੋਂ ਜਿੰਨੇ ਵੀ ਉਪਹਾਰ ਚੜ੍ਹੇ ਸਨ, ਸਾਰਿਆਂ ਨੂੰ ਜੋੜ ਕੇ ਇਕ ਥਾਂ ਇਕੱਠੇ ਕਰੋ॥ ੨੫॥

ਆਨ ਸੁਨਾਵਹੁ ਧਨ ਹ੍ਵੈ ਕੇਤਾ। ਅਬਿ ਕੇ ਮੇਲੇ ਆਯਹੁ ਜੇਤਾ।
ਸੁਨਿ ਕਰਿ ਹੁਕਮ ਮਿਲੇ ਤਬਿ ਸਾਰੇ। ਸਭਿ ਅਕੋਰ ਕੋ ਕੀਨਿ ਸ਼ੁਮਾਰੇ॥ ੨੬॥

ਜਿੰਨਾ ਧਨ ਹੋਇਆ ਹੈ, ਉਹ ਆ ਕੇ ਸੁਣਾਵੋ, ਹੁਣ ਦੇ ਮੇਲੇ ਵਿਚ ਜਿੰਨਾ ਵੀ ਆਇਆ ਸੀ। ਇਹ ਸੁਣ ਕੇ ਸਾਰੇ ਮਿਲ ਕੇ ਇਕੱਠੇ ਹੋਏ ਤੇ ਸਾਰੇ ਧਨ ਦੀ ਗਿਣਤੀ ਕੀਤੀ॥ ੨੬॥

ਧਨ ਨੌ ਲਾਖ ਕਰੀ ਮਿਲਿ ਗਿਨਤੀ। ਪ੍ਰਭੁ ਢਿਗ ਭਨੀ ਜੋਰਿ ਕਰ ਬਿਨਤੀ।
ਸ੍ਰੀ ਮੁਖ ਹੁਕਮ ਕਰਜੋ ਸੁਨਿ ਲੀਜੈ। 'ਸਕਲ ਕੋਸ਼ ਮਹਿਂ ਜਮਾ ਕਰੀਜੈ॥ ੨੭॥

ਨੌਂ ਲੱਖ ਧਨ ਦੀ ਮਿਲ ਕੇ ਗਿਣਤੀ ਕੀਤੀ ਤੇ ਪ੍ਰਭੂ ਦੇ ਪਾਸ ਹੱਥ ਜੋੜ ਕੇ ਬੇਨਤੀ ਕਹੀ। ਸ੍ਰੀ ਗੁਰੂ ਜੀ ਨੇ ਹੁਕਮ ਕੀਤਾ ਸੁਣ ਲਵੋ, "ਸਾਰਾ ਧਨ ਖਜ਼ਾਨੇ ਵਿਚ ਜਮ੍ਹਾਂ ਕਰ ਦੇਵੋ॥ ੨੭॥

ਸੰਗਤਿ ਅਰੁ ਮਸੰਦ ਜਿਸੁ ਦੇਸ਼। ਨਹਿਂ ਆਏ ਸੋ ਲਖਹੁ ਅਸ਼ੇਸ਼ੁ।
ਲਿਖਹੁ ਹੁਕਮਨਾਮੇ ਤਿਨ ਤਾਂਈਂ। ਗੁਰ ਧਨ ਸਗਰੇ ਦੇਹੁ ਪੁਚਾਈ॥ ੨੮॥

ਜਿਸ ਦੇਸ਼ ਦੀ ਸੰਗਤ ਅਤੇ ਮਸੰਦ ਨਹੀਂ ਆਏ ਹਨ, ਉਨ੍ਹਾਂ ਸਾਰਿਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਉਨ੍ਹਾਂ ਵਲ ਹੁਕਮਨਾਮੇ ਲਿਖੋ ਕਿ ਉਹ ਸਾਰੇ ਗੁਰੂ ਜੀ ਦਾ ਧਨ ਪਹੁੰਚਾ ਦੇਣ॥ ੨੮॥

ਜੇਤਿਕ ਸਿਖ ਸੰਗਤਿ ਅਬਿ ਆਏ। ਕਰਹੁ ਬਿਸਰਜਨ ਦੇ ਸਿਰੁਪਾਏ।
ਸੁਭਟਨਿ ਕੌ ਦੀਜੈ ਦਰਮਾਹਾਂ। ਰੁਖਸਦ ਕਰਹੁ ਜਾਹਿਂ ਘਰ ਮਾਹਾਂ॥ ੨੯॥

ਜਿੰਨੀ ਸਿੱਖ ਸੰਗਤ ਹੁਣ ਆਵੇ, ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕਰੋ। ਸੂਰਬੀਰਾਂ ਨੂੰ ਮਾਸਕ ਤਨਖਾਹ ਦੇਵੋ ਤੇ ਉਨ੍ਹਾਂ ਨੂੰ ਰੁਖਸਤ ਕਰੋ ਕਿ ਆਪਣੇ ਘਰਾਂ ਨੂੰ ਜਾਣ॥ ੨੯॥

*ਨੋਟ :- ਰਾਜਸੀ ਠਾਠ ਬਾਠ ਨੂੰ ਵਿਖਾਉਣ ਵਾਸਤੇ, ਗੁਰੂ ਜੀ ਆਪਣੀ ਰਾਜਧਾਨੀ ਨੂੰ ਸੂਰਮਿਆਂ ਤੋਂ ਖਾਲੀ ਕਰ ਲੈਂਦੇ, ਇਹ ਗੁਰੂ ਜੀ ਕਦੀ ਵੀ ਨਹੀਂ ਸਨ ਕਰ ਸਕਦੇ। ਗੁਰੂ ਜੀ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ, ਉਨ੍ਹਾਂ ਦਾ ਜਾਹੋ-ਜਲਾਲ ਰਾਜਿਆਂ ਮਹਾਰਾਜਿਆਂ ਨਾਲੋਂ ਵੀ ਵੱਡਾ ਸੀ, ਕੇਸ਼ੋਦਾਸ ਨੂੰ ਵਿਸ਼ੇਸ਼ ਤੌਰ ਤੇ ਇਹ ਜਲਾਲ ਵਿਖਾਉਣ ਦੀ ਕੋਈ ਲੋੜ ਨਹੀਂ ਸੀ।*

ਕੇਤਿਕ ਸਮੈਂ ਬਸਹਿ ਪੁਨ ਆਵੈਂ। ਨਿਜ ਕੁਟੰਬ ਮਹਿ ਬੈਸ ਬਿਤਾਵੈਂ।
ਸਚਿਵ, ਮਸੰਦ, ਖਵਾਸ, ਦਿਵਾਨ। ਸੁਨਿ ਗੁਰੁ ਕਾਜ ਭਏ ਸਵਧਾਨ॥ ੩੦॥

ਕੁਝ ਸਮਾਂ ਆਪਣੇ ਘਰਾਂ ਵਿਚ ਰਹਿਣ ਫਿਰ ਵਾਪਸ ਆ ਜਾਣ ਆਪਣੇ ਪਰਿਵਾਰ ਵਿਚ ਰਹਿ ਕੇ ਸਮਾਂ ਬਤੀਤ ਕਰਨ।'' ਸਚਿਵ, ਮਸੰਦ, ਵਿਸ਼ੇਸ਼ ਸੇਵਕ ਅਤੇ ਦਿਵਾਨ, ਗੁਰੂ ਜੀ ਦੇ ਕਾਰਜ ਬਾਰੇ ਸੁਣ ਕੇ ਸਾਵਧਾਨ ਹੋ ਗਏ॥ ੩੦॥

ਜਥਾ ਜੋਗ ਮਿਲਿ ਸਭਿਹਿਨਿ ਕੀਨਾ। ਦੇਨਿ ਲੇਨਿ ਜਿਸ ਬਿਧਿ ਕੋ ਚੀਨਾ।
ਰੁਖਸਦ ਕਰੇ ਦਏ ਸਿਰੁਪਾਊ। ਲੇ ਕਰਿ ਗਮਨੇ ਸਿਖ ਸਮੁਦਾਊ॥ ੩੧॥

ਯਥਾਯੋਗ ਸਾਰਿਆਂ ਨੇ ਮਿਲ ਕੇ ਕੀਤਾ, ਦੇਣਾ ਲੈਣਾ ਜਿਸ ਵਿਧੀ ਨਾਲ ਸਮਝਿਆ। ਸੰਗਤਾਂ ਨੂੰ ਸਿਰੋਪੇ ਦੇ ਕੇ ਰੁਖਸਤ ਕਰ ਦਿੱਤਾ, ਸਾਰੇ ਸਿੱਖ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ॥ ੩੧॥

ਜੇਤਿਕ ਚਹੀਅਹਿ ਕਾਰਜ ਹੇਤੁ। ਕਹਿ ਸਤਿਗੁਰ ਸੋ ਰਖੇ ਨਿਕੇਤ।
ਸਭਿ ਬਿਧਿ ਸੁਚਿਤ ਹੋਇ ਗੋਸਾਈਂ। ਪਠਯੋ ਸਿੱਖ ਦਿਜ ਲੀਨਿ ਬੁਲਾਈ॥ ੩੨॥

ਜਿੰਨੇ ਕਾਰਜ ਕਰਨ ਵਾਸਤੇ ਚਾਹੀਦੇ ਸਨ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਕਹਿ ਕੇ ਆਪਣੇ ਪਾਸ ਘਰ ਵਿਚ ਰੱਖਿਆ। ਗੁਰੂ ਜੀ ਸਭ ਪ੍ਰਕਾਰ ਸੁਚੇਤ ਹੋ ਗਏ ਤੇ ਇਕ ਸਿੱਖ ਨੂੰ ਭੇਜ ਕੇ ਬ੍ਰਾਹਮਣ ਨੂੰ ਬੁਲਾ ਲਿਆ॥ ੩੨॥

ਆਸ਼ਿਖਬਾਦ ਆਨਿ ਕਰਿ ਦੀਯਸ। 'ਅਵਨਿ ਸਿੰਧੁ ਬਿਚ ਜੇਤਿਕ ਲੀਯਸ।
ਤਿਸ ਮਹਿਂ ਤਪਹੁ ਤੇਜ ਅਤਿ ਤੇ ਕੈ। ਜਿਮ ਬ੍ਰਿਖ ਰਾਸ਼ਿ ਬਿਖੈ ਰਵਿ ਐਕੈ' ॥੩੩॥

ਬ੍ਰਾਹਮਣ ਨੇ ਆ ਕੇ ਅਸ਼ੀਰਵਾਦ ਦਿੱਤਾ ਤੇ ਕਿਹਾ, 'ਸਮੁੰਦਰ ਨੇ ਜਿੰਨੀ ਧਰਤੀ ਆਪਣੇ ਵਿਚ ਲਈ ਹੋਈ ਹੈ ਭਾਵ ਸਾਰੀ ਧਰਤੀ ਉੱਤੇ ਆਪ ਦਾ ਵੱਧ ਤੋਂ ਵੱਧ ਤੇਜ ਤਪੇ, ਜਿਵੇਂ ਬ੍ਰਿਖ ਰਾਸੀ ਵਿਚ ਆ ਕੇ ਸੂਰਜ ਦਾ ਤੇਜ ਬਹੁਤ ਵੱਧ ਜਾਂਦਾ ਹੈ'॥ ੩੩॥

ਬੈਠਯੋ ਨਿਕਟ ਬਿੱਪ੍ਰ ਬਰ ਗੁਰ ਕੇ। ਉਚਰੇ ਤਬਹਿ ਮਨੋਰਥ ਉਰ ਕੇ।
'ਦਿਜ ਜੂ ! ਸੌਜ ਲਿਖਾਵਹੁ ਸਾਰੀ। ਹਮਨ ਕਰਨ ਕੀ ਆਹੁਤਵਾਰੀ॥ ੩੪॥

ਸ੍ਰੇਸ਼ਟ ਬ੍ਰਾਹਮਣ ਗੁਰੂ ਜੀ ਦੇ ਪਾਸ ਬੈਠ ਗਿਆ, ਤਦ ਗੁਰੂ ਜੀ ਨੇ ਆਪਣੇ ਹਿਰਦੇ ਦਾ ਮਨੋਰਥ ਉਚਾਰਨ ਕੀਤਾ, "ਹੇ ਬ੍ਰਾਹਮਣ ! ਸਾਰੀ ਸਮੱਗਰੀ ਲਿਖਾਵੋ, ਹਮਨ ਕਰਨ ਲਈ ਅਹੂਤੀਆਂ ਵਾਲੀ ਸਮਗਰੀ ਬਾਰੇ ਦੱਸੋ॥ ੩੪॥

ਬਾਂਛਤਿ ਜਿਤਿਕ ਤਾਂਹਿ ਤੇ ਦੂਨੀ। ਕਿਸੂ ਵਸਤੁ ਤੇ ਹੋਇ ਨ ਊਨੀ।
ਸਰਫੇ ਸਾਥ ਕਹਹੁ ਕਿਛੁ ਨਾਂਹੀ। ਕੋਸ਼ ਅਤੁਟ ਦੀਨਸਿ ਗੁਰ ਪਾਹੀ' ॥ ੩੫ ॥

ਜਿੰਨੀ ਸਮੱਗਰੀ ਤੁਸੀਂ ਚਾਹੁੰਦੇ ਸੀ ਉਸ ਨਾਲੋਂ ਦੂਣੀ ਲਿਆਵੇ, ਕੋਈ ਵਸਤੂ ਵੀ ਊਣੀ ਨਾ ਰਹਿ ਜਾਵੇ। ਸਰਫੇ ਨਾਲ ਕੁਝ ਵੀ ਨਹੀਂ ਕਹਿਣਾ ਹੈ, ਗੁਰੂ ਜੀ ਦੇ ਪਾਸ ਜਿਹੜਾ ਅਤੁਟ ਖਜ਼ਾਨਾ ਹੈ, ਉਹ ਤੈਨੂੰ ਦਿੰਦੇ ਹਾਂ" ॥ ੩੫ ॥

ਕੇਸ਼ੋਦਾਸ ਬਿਚਾਰੀ ਤਬੈ। ਜਿਤਿਕ ਪ੍ਰਮਾਣ ਅਹੂਤੀ ਸਬੈ।
ਤਿਸ ਅਨੁਸਾਰ ਘ੍ਰਿਤ ਜਵ ਤਿਲੈ। ਤੰਦੁਲ, ਮੇਵਾ, ਖੰਡ ਸੁ ਮਿਲੈ ॥ ੩੬ ॥

ਕੇਸ਼ੋਦਾਸ ਨੇ ਫਿਰ ਵਿਚਾਰ ਕੀਤੀ, ਜਿੰਨਾ ਸਾਰੀਆਂ ਅਹੂਤੀਆਂ ਦਾ ਅੰਦਾਜ਼ਾ ਸੀ, ਉਸ ਅਨੁਸਾਰ ਘਿਉ, ਜੌਂ, ਤਿਲ, ਚਾਵਲ, ਮੇਵਾ ਅਤੇ ਖੰਡ ਮਿਲ ਜਾਵੇ ॥ ੩੬ ॥

ਪਿਸਤਾ, ਗਰੀ, ਬਿਦਾਮ, ਸੁਪਾਰੀ। ਖਾਰਕ ਖੋਪਾ, ਦਾਖ ਸੁਧਾਰੀ।
ਧੂਪ ਧੁਖਾਵਨਿ ਕੇ ਹਿਤ ਘਨੀ। ਅਨਿਕ ਸੁਗੰਧੈਂ ਚੰਦਨ ਸਨੀ ॥ ੩੭ ॥

ਪਿਸਤਾ, ਗਿਰੀ, ਬਦਾਮ, ਸੁਪਾਰੀ, ਛੁਹਾਰੇ, ਖੋਪੇ ਅਤੇ ਸਧਾਰੇ ਹੋਏ ਮਨੱਕੇ ਮਿਲ ਜਾਣ। ਧੁਖਾਉਣ ਵਾਸਤੇ ਧੂਪ ਬਹੁਤ ਚਾਹੀਦੀ ਹੈ ਅਤੇ ਚੰਦਨ ਸਮੇਤ ਅਨੇਕਾਂ ਸੁਗੰਧੀਆਂ ਦੀ ਲੋੜ ਹੈ ॥ ੩੭ ॥

ਸੀਸੇ ਭਰੇ ਗੁਲਾਬ ਸੁ ਕੇਰੇ। ਅਪਰ ਗੰਧ ਘਨਸਾਰ ਘਨੇਰੇ।
ਸਭਿਹਿਨਿ ਕੋ ਪ੍ਰਮਾਨ ਲਿਖਿ ਕਰਿ ਕੇ। ਦਯੋ ਬਿੱਪ੍ਰ ਬਰ ਕਰ ਸਤਿਗੁਰ ਕੇ ॥੩੮ ॥

ਗੁਲਾਬ ਦੇ ਅਰਕ ਦੀਆਂ ਭਰੀਆਂ ਹੋਈਆਂ ਸ਼ੀਸ਼ੀਆਂ ਹੋਰ ਕਪੂਰ ਦੀ ਬਹੁਤ ਸੁਗੰਧੀ ਚਾਹੀਦੀ ਹੈ। ਸਾਰਿਆਂ ਦਾ ਅੰਦਾਜ਼ਾ ਬ੍ਰਾਹਮਣ ਨੇ ਲਿਖ ਕੇ ਸਤਿਗੁਰੂ ਜੀ ਦੇ ਸ੍ਰੇਸ਼ਟ ਹੱਥ ਵਿਚ ਦਿੱਤਾ ॥ ੩੮ ॥

ਅਪਰ ਬਾਰਤਾ ਕਹੀ ਕਹਾਈ। ਜਿਸ ਪ੍ਰਕਾਰ ਬਿਦਤਹਿ ਜਗ ਮਾਈ।
ਖਾਤਰ ਜਮਾ ਬਿੱਪ੍ਰ ਕੀ ਹੋਈ। 'ਗੁਰ ਸਮਰਥ ਕਰਿ ਸਕਹੈਂ ਸੋਈ' ॥ ੩੯ ॥

ਹੋਰ ਵਾਰਤਾ ਕਹੀ ਅਤੇ ਕਹਾਈ, ਜਿਸ ਪ੍ਰਕਾਰ ਜਗਤ ਮਾਤਾ ਪ੍ਰਗਟ ਹੋ ਸਕੇ। ਇਸ ਪ੍ਰਕਾਰ ਬ੍ਰਾਹਮਣ ਦੀ ਤਸੱਲੀ ਹੋ ਗਈ। ਉਹ ਸਮਝ ਗਿਆ ਕਿ ਸਮਰੱਥ ਗੁਰੂ ਜੀ ਸਭ ਕੁਝ ਕਰ ਸਕਦੇ ਹਨ ॥ ੩੯ ॥

ਸਰਬ ਰੀਤਿ ਮਨ ਅਪਨ ਜਮਾਯਹੁ। ਜਿਮ ਨਿਸ਼ਚੈ ਚਾਹਤਿ ਤਿਮ ਪਾਯਹੁ।
ਉਰ ਧਰਿ ਹਰਖ ਕਹਤਿ 'ਪ੍ਰਭੁ ਸੁਨੀਅਹਿ। ਅਤਿ ਉੱਤਮ ਬਿਧਿ ਚਿਤ ਮਹਿਂ ਗੁਨੀਅਹਿ ॥੪੦ ॥

ਸਭ ਰੀਤੀਆਂ ਨਾਲ ਆਪਣੇ ਮਨ ਵਿਚ ਤਸੱਲੀ ਕਰ ਲਈ, ਜਿਵੇਂ ਨਿਸ਼ਚਾ ਕਰਨਾ ਚਾਹੁੰਦਾ ਸੀ, ਉਸ ਤਰ੍ਹਾਂ ਹੀ ਪ੍ਰਾਪਤ ਕਰ ਲਿਆ। ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਕੇ ਕਹਿਣ ਲੱਗਾ, "ਹੇ ਪ੍ਰਭੂ ਜੀ ! ਸੁਣੋ, ਅਤਿ ਉੱਤਮ ਵਿਧੀ ਚਿੱਤ ਵਿਚ ਜਾਣੋ ॥ ੪੦ ॥

ਬੇਦ ਉਕਤਿ ਸ਼ਾਸਤ੍ਰੋਕਤਿ ਸਾਰ। ਮੈਂ ਸਭਿ ਖੋਜਿ ਧਰੀ ਨਿਰਧਾਰਿ।
ਤੰਤ੍ਰ ਸ਼ਾਸਤ੍ਰ ਮੈਂ ਬਿਧਾਂ ਹਜ਼ਾਰੇ। ਲਾਖਹੁਂ ਪਢੇ ਸ਼ਲੋਕ ਬਿਚਾਰੇ ॥ ੪੧ ॥

ਵੇਦ ਉੱਕਤੀ ਤੇ ਸ਼ਾਸਤਰ ਉੱਕਤੀ ਦਾ ਜੋ ਸਾਰ ਹੈ, ਮੈਂ ਖੋਜ ਕਰਕੇ ਸਾਰੀ ਵਿਧੀ ਨਿਰਧਾਰਿਤ ਕੀਤੀ ਹੈ। ਤੰਤਰ ਸ਼ਾਸਤਰ ਵਿਚ ਹਜ਼ਾਰਾਂ ਵਿਧੀਆਂ ਹਨ, ਲੱਖਾਂ ਸਲੋਕ ਪੜ੍ਹ ਕੇ ਮੈਂ ਵਿਚਾਰੇ ਹਨ ॥ ੪੧ ॥

ਅਗਨੀ ਆਦਿ ਦੇਵਤਾ ਜੇਈ। ਪਢਿ ਕਰਿ ਬਿਦਤਾਵਨਿ ਕਰਿ ਸੇਈ।
ਅਬਿ ਕਰਤਾ ਦੁਰਲਭ ਜਗ ਹੋਯੋ। ਯਾਂਤੇ ਮੰਤ੍ਰ ਫੁਰਤਿ ਨਹਿਂ ਕੋਯੋ ॥ ੪੨ ॥

ਅਗਨੀ ਆਦਿ ਜਿਹੜੇ ਦੇਵਤੇ ਹਨ, ਪੜ੍ਹ ਕੇ ਉਨ੍ਹਾਂ ਨੂੰ ਹੀ ਪ੍ਰਗਟ ਕਰਦੇ ਹਨ, ਪ੍ਰਗਟ ਕਰਵਾਉਣ ਵਾਲੇ ਜੈਸੇ ਆਪ

ਹੋ ਵੈਸਾ ਜਗ ਤੇ ਕੋਈ ਨਹੀਂ ਹੈ, ਇਸ ਕਰਕੇ ਕੋਈ ਵੀ ਮੰਤਰ ਫੁਰਦਾ ਨਹੀਂ ਹੈ॥ ੪੨॥

ਅਬਿ ਜਗਮਾਤਿ ਕ੍ਰਿਪਾ ਜੇ ਕਰੈ। ਤੁਮ ਸਰੀਰ ਤੇ ਪੂਰੀ ਪਰੈ।
ਸਿੱਧ ਹੋਇ ਸੰਕਲਪ ਤੁਮਾਰਾ। ਇਹ ਗਜਾਨੀ ਕੋ ਲੱਛਣ ਸਾਰਾ" ॥ ੪੩ ॥

ਹੁਣ ਜਗਤ ਮਾਤਾ ਜੇ ਕ੍ਰਿਪਾ ਕਰੇ ਤਾਂ ਦੇਵੀ ਪ੍ਰਗਟ ਹੋਵੇ ਤਦ ਤੁਹਾਡਾ ਸੰਕਲਪ ਸਿੱਧ ਹੋਵੇ, ਗਿਆਨੀ ਦਾ ਇਹ ਲੱਛਣ ਸਾਰ ਹੈ ਭਾਵ ਗਿਆਨੀ ਜੋ ਸੰਕਲਪ ਕਰਦਾ ਹੈ, ਉਹ ਪੂਰਾ ਹੋ ਜਾਂਦਾ ਹੈ" ॥ ੪੩ ॥

ਸਤਿਗੁਰ ਕਹਜੋ 'ਮਿਸਰ ਜੂ ! ਐਸੇ। ਹੁਇ ਹੈ ਸਚ ਅਬਿ ਭਾਖਤਿ ਜੈਸੇ।
ਸਮਾ ਸਮਾਜ ਮਿਲਜੋ ਸਭਿ ਆਈ। ਕਜੋਂ ਨ ਕਾਜ ਪੂਰਨ ਹੁਇ ਜਾਈ' ॥ ੪੪ ॥

ਸਤਿਗੁਰੂ ਜੀ ਨੇ ਕਿਹਾ, "ਹੇ ਬ੍ਰਾਹਮਣ ! ਇਸ ਤਰ੍ਹਾਂ ਹੀ ਹੋਵੇਗਾ, ਜਿਵੇਂ ਆਪ ਸੱਚ ਕਹਿ ਰਹੇ ਹੋ। ਸਮਾਂ ਸਮਾਜ ਸਭ ਆ ਮਿਲਿਆ ਹੈ ਫਿਰ ਕਾਰਜ ਕਿਉਂ ਨਹੀਂ ਪੂਰਾ ਹੋਵੇਗਾ" ॥ ੪੪ ॥

ਹੁਕਮ ਪਾਇ ਦਿਜਬਰ ਨਿਜ ਡੇਰੇ। ਗਮਨਜੋਂ ਚਿਤਵਤਿ ਚਿਤ ਬਹੁਤੇਰੇ।
ਮਹਾਰਾਜ ਨਰ ਮੁੱਖਜ ਬੁਲਾਏ। ਲਜਾਵਨ ਹੇਤੁ ਸੌਜ ਸਮੁਦਾਏ॥ ੪੫ ॥

ਹੁਕਮ ਪਾ ਕੇ ਬ੍ਰਾਹਮਣ ਆਪਣੇ ਡੇਰੇ ਚਲਾ ਗਿਆ, ਜਾਂਦਾ ਹੋਇਆ ਚਿੱਤ ਵਿਚ ਬਹੁਤ ਵਿਚਾਰਾਂ ਕਰਦਾ ਸੀ। ਸਤਿਗੁਰੂ ਜੀ ਨੇ ਮੁੱਖੀ ਆਦਮੀ ਬੁਲਾਏ ਤੇ ਸਾਰਿਆਂ ਨੂੰ ਸਮੱਗਰੀ ਲੈਣ ਵਾਸਤੇ ਭੇਜ ਦਿੱਤਾ॥ ੪੫॥

ਧਨ ਕੀ ਹੁੰਡੀ ਨਗਰਨਿ ਮਹੀਆ। ਤਤਛਿਨੁ ਦੇ ਕਰਿ ਪਠਿ ਜਹਿਂ ਕਹੀਆ।
ਤੂਰਨ ਪਠੇ ਸਕਟ ਭਰਿ ਲਜਾਯੋ। ਮੇਵਾ ਘ੍ਰਿਤ ਆਦਿਕ ਸਮੁਦਾਯੋ॥ ੪੬ ॥

ਧਨ ਦੀ ਹੁੰਡੀ ਦੇ ਕੇ ਤੁਰਤ ਨਗਰ ਵਿਚ ਜਿੱਥੇ ਕਿੱਥੇ ਭੇਜ ਦਿੱਤੇ। ਤੁਰਤ ਗੱਡੇ ਭਰ ਕੇ ਲੈ ਆਵੋ, ਮੇਵੇ ਘਿਉ ਆਦਿ ਸਭ ਲਿਆਉ॥ ੪੬॥

ਚਤੁਰ ਬਨਜ ਮਹਿਂ ਗਮਨੇ ਸੋਈ। ਕਰੇ ਖਰੀਦਨ ਜਹਿਂ ਜਹਿਂ ਹੋਈ।
ਸੰਚੇ ਸਕਲ ਵਸਤੁ ਕੋ ਆਏ। ਨਗਰ ਸਮੂਹਨ ਮਹਿਂ ਫਿਰ ਲਜਾਏ॥ ੪੭ ॥

ਵਿਹਾਰ ਵਿਚ ਸਿਆਣੇ ਸਨ ਉਹ ਚਲੇ ਗਏ, ਜੋ ਜੋ ਵੀ ਖਰੀਦਣਾ ਸੀ, ਉਹ ਜਾ ਜਾ ਕੇ ਖਰੀਦ ਲਿਆ। ਸਾਰੀਆਂ ਵਸਤਾਂ ਆ ਕੇ ਇਕੱਠੀਆਂ ਕੀਤੀਆਂ, ਫਿਰ ਸਾਰੀਆਂ ਵਸਤਾਂ ਨਗਰ ਵਿਚ ਲੈ ਆਏ॥ ੪੭॥

*ਤੀਸਰੀ ਰੁੱਤ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥ ੫॥*

## *ਅਧਿਆਇ ਛੇਵਾਂ*

### *ਨੈਣੇ ਦਾ ਟਿੱਲਾ*

ਦੋਹਰਾ- ਕੇਸਰ, ਏਲਾ ਜੁਗਮ ਬਿਧਿ, ਖਾਰਕ, ਦਾਖਨਿ ਬ੍ਰਿੰਦ।
ਖੋਪਾ, ਗਰੀ, ਬਿਦਾਮ ਕੀ ਆਨੇ ਸਕਟ ਬਿਲੰਦ॥ ੧॥

ਕੇਸਰ, ਦੋ ਤਰ੍ਹਾਂ ਦੀਆਂ ਇਲਾਚੀਆਂ (ਛੋਟੀਆਂ ਵੱਡੀਆਂ) ਛਵਾਰੇ ਅਤੇ ਮੇਵੇ ਬਹੁਤ ਲਿਆਏ। ਨਾਰੀਅਲ ਅਤੇ ਬਦਾਮ ਦੀਆਂ ਗਿਰੀਆਂ ਲਿਆਏ, ਵੱਡੇ-ਵੱਡੇ ਗੱਡੇ ਭਰ ਕੇ ਲਿਆਏ॥ ੧॥

ਚੌਪਈ- ਜਹਿਂ ਕਹਿਂ ਤੇ ਘ੍ਰਿਤ ਸੈਂਕਰ ਮਨੇ। ਤਿਲ, ਜਵ, ਤੰਦੁਲ ਲੇ ਕਰਿ ਘਨੇ।
ਸੰਚੇ ਭਯੋ ਅਨੰਦਪੁਰਿ ਆਇ। ਚਹੈਂ ਸੁ ਵਸਤੂ ਸਕਲ ਅਨਾਇ॥ ੨॥

ਜਿੱਥੋਂ ਕਿੱਥੋਂ ਸੈਂਕੜੇ ਮਣ ਘਿਉ ਇਕੱਠਾ ਕੀਤਾ, ਤਿਲ ਜੌਂ ਅਤੇ ਚਾਵਲ ਬਹੁਤ ਲਿਆਏ। ਅਨੰਦਪੁਰ ਵਿਚ ਆ ਕੇ ਇਕੱਠੇ ਕਰ ਲਏ, ਜਿਹੜੀਆਂ ਵੀ ਵਸਤਾਂ ਚਾਹੁੰਦੇ ਸੀ, ਸਾਰੀਆਂ ਲੈ ਕੇ ਆਏ॥ ੨॥

ਸਰਬ ਸਮਿੱਗ੍ਰੀ ਹੋਯਸਿ ਤਯਾਰੀ। ਲਿਯੋ ਬਿੱਪ੍ਰ ਕੋ ਨਿਕਟ ਹਕਾਰੀ।
ਆਸ਼ਿਖ ਦੇ ਕਰਿ ਬੈਠਯੋ ਪਾਸੀ। ਸ੍ਰੀ ਕਲਗੀਧਰ ਗਿਰਾ ਪ੍ਰਕਾਸ਼ੀ॥ ੩॥

ਸਾਰੀ ਸਮੱਗਰੀ ਤਿਆਰ ਹੋ ਗਈ। ਫਿਰ ਗੁਰੂ ਜੀ ਨੇ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ। ਉਹ ਅਸੀਸ ਦੇ ਕੇ ਗੁਰੂ ਜੀ ਦੇ ਪਾਸ ਬੈਠ ਗਿਆ, ਫਿਰ ਕਲਗੀਧਰ ਸਤਿਗੁਰੂ ਜੀ ਨੇ ਬਚਨ ਕੀਤਾ॥ ੩॥

'ਦਿਜਬਰ ! ਸੁਨੋ ਜੁ ਆਇਸੁ ਦਈ। ਸਕਲ ਵਸਤੁ ਇਕਠੀ ਹੁਇ ਗਈ।
ਹਮਨਿ ਕਰਨਿ ਪਠਿ ਮੰਤ੍ਰਨਿ ਸੰਗ। ਤਿਥ ਸ਼ੁਭ ਪਿਖਿ ਤੁਮ ਕਰਹੁ ਅਭੰਗ' ॥੪॥

"ਹੇ ਬ੍ਰਾਹਮਣ ! ਸੁਣੋ, ਜੋ ਤੂੰ ਕਿਹਾ ਸੀ, ਸਾਰੀ ਸਮੱਗਰੀ ਇਕੱਠੀ ਹੋ ਗਈ ਹੈ। ਮੰਤਰ ਪੜ੍ਹ ਕੇ ਜਿਹੜਾ ਹਵਨ ਕਰਨਾ ਹੈ, ਸ਼ੁਭ ਤਿਥੀ ਵੇਖ ਕੇ ਤੁਸੀਂ ਉਸਦਾ ਆਰੰਭ ਕਰੋ" ॥ ੪॥

ਕੇਸ਼ਵ ਕਹਯੋ 'ਬਿਧਾਨ ਕਰੈਹੌਂ। ਲਾਖ ਦਰਬ ਕੀ ਦਛਨਾ ਲੈਹੌਂ।
ਜੇਤਿਕ ਬਿਧਿ ਬੇਦੋਕਤਿ ਅਹੈ। ਤੰਤ੍ਰੋਕਤਿ ਸ਼ਾਸਤ੍ਰ ਮਹਿਂ ਕਹੈ॥ ੫॥

ਕੇਸ਼ਵ ਨੇ ਕਿਹਾ, "ਸਭ ਕੁਝ ਵਿਧੀ ਸਹਿਤ ਕਰਾਂਗਾ, ਪਰ ਇਕ ਲੱਖ ਧਨ ਦੀ ਦਛਨਾ ਲਵਾਂਗੇ। ਜਿੰਨੀਆਂ ਵਿਧੀਆਂ ਵੇਦਾਂ ਵਿਚ ਹਨ ਤੇ ਤਾਂਤ੍ਰਿਕ ਸ਼ਾਸ਼ਤਰ ਵਿਚ ਕਹੀਆਂ ਗਈਆਂ ਹਨ॥ ੫॥

ਜਥਾ ਕਰਮ ਸਗਰੀ ਕਰਿਵਾਵੌਂ। ਮਹਾਂ ਅਰੰਭ ਸਰਬ ਪੁਰਵਾਵੌਂ।
ਬਿਦਤਿ ਹੋਨਿ ਕੈਧੋਂ ਹੁਇ ਨਾਹੀ। ਇਹ ਸਭਿ ਸ਼ਕਤਿ ਆਪ ਕੇ ਪਾਹੀ॥ ੬॥

ਯਥਾ ਕਰਮ ਸਾਰੀਆਂ ਵਿਧੀਆਂ ਕਰਵਾਵਾਂਗਾ, ਮਹਾਂ ਅਰੰਭ ਸਰਬ ਪੂਰਾ ਕਰਾਂਗਾ। ਪ੍ਰਗਟ ਹੋਵੇਗੀ ਕਿ ਨਹੀਂ ਹੋਵੇਗੀ ਇਹ ਸਾਰੀ ਸ਼ਕਤੀ ਆਪ ਜੀ ਦੇ ਪਾਸ ਹੈ॥ ੬॥

ਇਸ ਮਹਿਂ ਭਲਾ ਬੁਰਾ ਜੋ ਕਰਮ। ਸਰਬ ਤੁਮਾਰੇ ਕਰ, ਬਿਨ ਭਰਮ।
ਮੈਂ ਤੌ ਹਮਨ ਕਰਾਵਨ ਪਰ ਹੌਂ। ਬਿਧੀ ਬਤਾਵਨਿ ਕ੍ਰਮ ਤੇ ਕਰਿਹੌਂ॥ ੭॥

ਇਸ ਵਿਚ ਭਲਾ ਬੁਰਾ ਜਿਹੜਾ ਕਰਮ ਹੈ, ਇਹ ਨਿਸਚੇ ਹੀ ਸਭ ਕੁਝ ਆਪ ਜੀ ਦੇ ਹੱਥ ਵਿਚ ਹੈ। ਮੈਂ ਤਾਂ ਕੇਵਲ ਹਵਨ ਕਰਾਵਾਂਗਾ, ਵਿਧੀ ਦੱਸਣ ਦੇ ਕ੍ਰਮ ਤੇ ਕਰਾਂਗਾ॥ ੭॥

ਇਕ ਮਨ ਹੋਇ ਮੰਤ੍ਰ ਕੋ ਪਠਨੌਂ। ਬਿਨ ਸੰਕਲਪ ਧਯਾਨ ਕੋ ਠਟਨੌਂ।
ਤਨ ਮਨ ਤੇ ਸ਼ੁਧ ਰਹਨਿ ਹਮੇਸ਼ਾ। ਤੁਮ ਅਧੀਨ ਇੱਤਜਾਦਿ ਅਸ਼ੇਸ਼ਾ॥ ੮॥

ਇਕ ਮਨ ਹੋ ਕੇ ਮੰਤਰ ਪੜ੍ਹਾਂਗਾ, ਬਿਨਾ ਸੰਕਲਪ ਧਿਆਨ ਨੂੰ ਦ੍ਰਿੜ੍ਹ ਕਰਾਂਗਾ। ਤਨ ਮਨ ਤੇ ਸਦਾ ਸ਼ੁੱਧ ਰਹਾਂਗਾ, ਤੁਹਾਡੇ ਅਧੀਨ ਸਾਰੇ ਇਸ ਤਰ੍ਹਾਂ ਦੇ ਕਾਰਜ ਕਰਾਂਗਾ॥ ੮॥

ਅਸ਼ਟ ਪ੍ਰਕਾਰ ਕਾਮ ਕੋ ਤਜਾਗਨ। ਬ੍ਰਹਮਚਰਜ ਹੁਇ ਇਕ ਲਿਵਲਾਗਨ'।
ਸੁਨਿ ਸ੍ਰੀ ਮੁਖ ਤੇ ਧੀਰਜ ਕੈਹੈਂ। 'ਸੇਵਾ ਲੱਛ ਦੱਛਣ ਹਮ ਦੈਹੈਂ॥ ੯॥

ਅਠ ਪ੍ਰਕਾਰ ਕਾਮ ਨੂੰ ਛੱਡਣਾ ਹੈ, ਬ੍ਰਹਮਚਰਜ ਹੋ ਕੇ ਇਕ ਨਾਲ ਲਿਵ ਲਾਉਣੀ ਹੈ।" ਇਹ ਸੁਣ ਗੁਰੂ ਜੀ ਮੁਖ ਤੋਂ ਧੀਰਜ ਦਿੰਦੇ ਹਨ, "ਸਵਾ ਲੱਖ ਰੁਪਏ ਦੱਛਣਾ ਅਸੀਂ ਦੇਵਾਂਗੇ॥ ੯॥

ਅਪਰ ਕਰਮ ਜੇਤਿਕ ਤੁਮ ਭਨੇ। ਹਮ ਸੰਚੈ ਕਿਯ, ਮਨ ਗੁਨ ਘਨੇ।
ਇਤ ਦਿਸ਼ਿ ਕੀ ਚਿੰਤਾ ਨ ਕਰੀਜੈ। ਸਰਬ ਕਾਜ ਪਰ ਉਰ ਪਰਖੀਜੈ॥ ੧੦॥

ਹੋਰ ਕਰਮ ਜਿੰਨੇ ਵੀ ਤੂੰ ਕਹੇ ਹਨ, ਅਸੀਂ ਮਨ ਵਿਚ ਜਾਣ ਲਿਆ ਹੈ, ਜਿਹੜੇ ਅਸੀਂ ਆਪਣੇ ਵਿਚ ਪਹਿਲਾਂ ਹੀ ਇਕੱਠੇ ਕੀਤੇ ਹੋਏ ਹਨ। ਇਸ ਪਾਸੇ ਦੀ ਚਿੰਤਾ ਨਾ ਕਰੋ, ਸਾਡੇ ਸਾਰੇ ਕੰਮਾਂ ਬਾਰੇ ਜਾਂਚ ਕਰਕੇ ਹਿਰਦੇ ਵਿਚ ਤਸੱਲੀ ਕਰ ਲੈਣੀ॥ ੧੦॥

ਨਿਜ ਕ੍ਰਿਤ ਪਰ ਤੁਮ ਬਨਹੁ ਸੁਚੇਤ। ਕਰਹੁ ਸਕਲ ਬਿਦਤਨ ਕੇ ਹੇਤ।
ਨੀਕੋ ਦਿਨ ਅਬਿ ਲੇਹੁ ਬਿਚਾਰ। ਪ੍ਰਥਮ ਅਰੰਭ ਲਗਹਿ ਜਬਿ ਕਾਰ॥ ੧੧॥

ਆਪਣੇ ਕੰਮ ਬਾਰੇ ਤੁਸੀਂ ਸੁਚੇਤ ਬਣੋ, ਸਾਰਾ ਕਾਰਜ ਪ੍ਰਗਟ ਕਰਨ ਵਾਸਤੇ ਕਰੋ। ਹੁਣ ਚੰਗਾ ਦਿਨ ਵਿਚਾਰ ਲਵੋ, ਪਹਿਲਾਂ ਜਿਸ ਦਿਨ ਅਰੰਭ ਹੋਵੇ ਤੇ ਜਿਸ ਦਿਨ ਇਸ ਕਾਰ ਵਿਚ ਲਗੀਏ॥ ੧੧॥

ਹਮਨ ਵਸਤੁ ਕੀ ਕਮੀ ਨ ਕਾਈ। ਆਨਤਿ ਰਹੈਂ ਸਿੱਖ ਸਮੁਦਾਈ'।
ਲਖਿ ਉਦਾਰਤਾ ਪ੍ਰਭੁ ਕੀ ਘਨੀ। ਕੇਸ਼ਵ ਅਨੰਦ ਰਿਦੈ ਭਰਿ ਭਨੀ॥ ੧੨॥

ਹਮਨ ਦੀਆਂ ਵਸਤਾਂ ਦੀ ਕੋਈ ਕਮੀ ਨਹੀਂ ਹੈ, ਸਾਰੇ ਸਿੱਖ ਲਿਆਉਂਦੇ ਰਹਿਣਗੇ।" ਗੁਰੂ ਜੀ ਦੀ ਵੱਡੀ ਉਦਾਰਤਾ ਵੇਖ ਕੇ ਕੇਸ਼ਵ ਦਾਸ ਹਿਰਦੇ ਵਿਚ ਅਨੰਦ ਧਾਰ ਕੇ ਬੋਲਿਆ॥ ੧੨॥

'ਧੰਨਿ ਗੁਰੂ ਕਲਿ ਕਾਲ ਮਝਾਰਾ। ਦੇਵਿ ਅਰਾਧਨ ਉੱਦਮ ਧਾਰਾ।
ਤੁਰਕ ਤੇਜ ਛੈ, ਹਿੰਦੂ ਉਬਾਰਨਿ। ਕਰਹੁ ਕ੍ਰਿਤੀ ਉਪਕਾਰ ਕਿ ਕਾਰਨ॥ ੧੩॥

"ਧੰਨ ਗੁਰੂ ਜੀ, ਕਲਿਜੁਗ ਦੇ ਵਿਚ, ਦੇਵੀ ਦੀ ਅਰਾਧਣਾ ਕਰਨ ਦਾ ਉੱਦਮ ਧਾਰਨ ਕੀਤਾ ਹੈ। ਤੁਰਕਾਂ ਦਾ ਨਾਸ਼ ਕਰਕੇ ਹਿੰਦੂਆਂ ਨੂੰ ਬਚਾਉਣ ਲੱਗੇ ਹੋ, ਇਹ ਵੱਡੀ ਕ੍ਰਿਤ ਉਪਕਾਰ ਵਾਸਤੇ ਕਰਨ ਲੱਗੇ ਹੋ॥ ੧੩॥

ਨਿਸ ਦਿਨ ਰਹਿਬੋ ਬਨੈ ਸੁਚੇਤ। ਮਮ ਕਹਿਨੋ ਸਭਿ ਤੁਮਰੇ ਹੇਤ।
ਅਲਪ ਅਹਾਰ ਘ੍ਰਿਤ ਤਿਲੁ ਕੇਰਾ। ਅਲਸਾਵਹੁ ਨਹਿਂ, ਜਾਗ ਘਨੇਰਾ' ॥੧੪॥

ਦਿਨ ਰਾਤ ਸੁਚੇਤ ਰਹਿਣਾ ਬਣਦਾ ਹੈ, ਮੇਰਾ ਕਹਿਣਾ ਸਭ ਤੁਹਾਡੇ ਵਾਸਤੇ ਹੈ। ਘਿਉ ਅਤੇ ਤਿਲਾਂ ਦਾ ਥੋੜ੍ਹਾ ਭੋਜਨ ਕਰਨਾ ਹੈ। ਬਹੁਤਾ ਜਾਗ ਕੇ ਆਲਸੀ ਨਾ ਬਣੋ"॥ ੧੪॥

ਇਮ ਕਹਿ ਪੱਤ੍ਰਾ ਬਿੱਪ੍ਰ ਨਿਕਾਰਾ। ਭਲੋ ਮਹੂਰਤ ਹੇਰਿ ਬਿਚਾਰਾ।
ਮਾਸ ਮਾਧਵਾ ਪੂਰਨਮਾਸ਼ੀ। ਪੁਖ ਨਿਛੱਤ੍ਰ ਨੰਦਾ ਤਿਥ ਭਾਸੀ॥ ੧੫॥

ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਨੇ ਪੱਤਰੀ ਕੱਢੀ ਤੇ ਭਲਾ ਮਹੂਰਤ ਵੇਖ ਕੇ ਵਿਚਾਰਿਆ। ਪੰਡਿਤ ਨੂੰ ਵਿਸਾਖ ਮਹੀਨੇ ਦੀ ਪੱਖ ਨਛੱਤ੍ਰ ਪੂਰਨਮਾਸ਼ੀ ਸੁਭਾਗੀ ਥਿੱਤ ਲੱਗੀ॥ ੧੫॥

'ਹੈ ਗੁਰਵਾਰ ਗੁਰੂ ਸਮ ਜਾਨੋ। ਪ੍ਰਥਮ ਅਰੰਭ ਤਿਸੀ ਦਿਨ ਠਾਨੋ।
ਰਹੇ ਕਿਤਿਕ ਦਿਨ ਕੀਜਹਿ ਤਜਾਰੀ। ਥਲ ਇਕਾਂਤ ਕੋ ਲੇਹੁ ਬਿਚਾਰੀ॥੧੬॥

"ਦਿਨ ਵੀਰਵਾਰ ਹੈ, ਜਿਸ ਨੂੰ ਗੁਰੂ ਸਮਾਨ ਜਾਣੋ, ਹਮਨ ਦਾ ਆਰੰਭ ਉਸੇ ਦਿਨ ਕਰੋ। ਕੁਝ ਦਿਨ ਰਹਿ ਗਏ ਹਨ, ਉਸ ਦੀ ਤਿਆਰੀ ਕਰੋ ਕੋਈ ਇਕਾਂਤ ਵਾਲਾ ਸਥਾਨ ਵਿਚਾਰ ਲਵੋ॥ ੧੬॥

Sri Satguru Jagjit Singh Ji eLlibrary NamdhariElibrary@gmail.com

ਸੋ ਸੁਧਰਾਇ ਸੌਜ ਧਰਿਵਾਵਹੁ। ਪਾਵਨ ਥਾਨ ਜੁ ਮੋਹਿ ਬਤਾਵਹੁ'।
ਸੁਨਿ ਦਿਜ ਤੇ ਸਤਿਗੁਰੂ ਬਿਚਾਰਾ। 'ਗਿਰ ਪਰ ਥਾਨ', ਪ੍ਰਸੰਗ ਉਚਾਰਾ॥ ੧੭॥

ਸਮੱਗਰੀ ਨੂੰ ਸੋਧ ਕੇ ਧਰਵਾਹੋ, ਜਿਹੜਾ ਪਵਿੱਤਰ ਸਥਾਨ ਹੈ, ਉਹ ਮੈਨੂੰ ਦੱਸੋ।" ਬ੍ਰਾਹਮਣ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਵਿਚਾਰ ਕੀਤੀ ਤੇ ਉਚਾਰਨ ਕੀਤਾ, "ਪਹਾੜ ਉੱਤੇ ਸਥਾਨ ਹੈ"॥ ੧੭॥

'ਕੁਛਕ ਸੈਲਪਰ ਰਾਹਕ ਰਹੈਂ। ਫਿਰ ਤਹਿਂ ਪਸੂ ਚਰਾਵਤਿ ਅਹੈਂ।
ਏਕ ਧੇਨੁ ਸੁੰਦਰ ਸਰਬੰਗ। ਪਾਵਨ ਬਹੁ ਕਪਲਾ ਤਿਸ ਰੰਗ॥ ੧੮॥

ਪਹਾੜ ਉੱਤੇ ਕੁਝ ਕੁ ਕਿਸਾਨ ਰਹਿੰਦੇ ਸਨ, ਉਥੇ ਫਿਰਦੇ ਪਸ਼ੂ ਚਾਰਦੇ ਰਹਿੰਦੇ ਸੀ। ਇਕ ਗਾਂ ਸਰਬ ਅੰਗਾਂ ਕਰਕੇ ਬੜੀ ਸੁੰਦਰ ਸੀ। ਬਹੁਤ ਪਵਿੱਤਰ ਕਪਲਾ ਗਾਂ ਵਰਗਾ ਉਸ ਦਾ ਚਿੱਟਾ ਰੰਗ ਸੀ॥ ੧੮॥

ਹਰਿਤ ਹਰਿਤ ਤ੍ਰਿਣ ਚਰਤਿ ਉਚੇਰੇ। ਗਿਰ ਕੇ ਸ਼ਿਖਰ ਜਾਇ ਇਕ ਬੇਰੇ।
ਸਭਿ ਥਲ ਪਰ ਥਿਰ ਹ੍ਵੈ ਕਰਿ ਰਹੈ। ਦੁਗਧ ਸ੍ਰਵਤਿ ਅਸਥਨ ਤੇ ਅਹੈ॥ ੧੯॥

ਉਹ ਉੱਚੇ ਉੱਚੇ ਥਾਵਾਂ ਤੇ ਚੜ੍ਹ ਕੇ ਹਰਿਆ ਹਰਿਆ ਘਾਹ ਚਰਦੀ ਸੀ। ਇਕ ਵਾਰ ਉਹ ਗਾਂ ਪਹਾੜ ਦੀ ਚੋਟੀ ਉੱਤੇ ਚੜ੍ਹ ਗਈ। ਸਭ ਥਾਵਾਂ ਤੇ ਸਥਿਰ ਹੋ ਕੇ ਰਹਿੰਦੀ ਸੀ, ਉਸ ਦੇ ਥਣਾਂ ਵਿਚੋਂ ਦੁੱਧ ਚੋਂਦਾ ਰਿਹਾ॥ ੧੯॥

ਜੇਤਿਕ ਪੈ ਹੋਵਤਿ ਤਿਸ ਕੇਰਾ। ਸੀਂਚਤ ਹੈ ਸੋ ਥਾਨ ਭਲੇਰਾ।
ਬਹੁਰ ਮਿਲੈ ਸਭਿ ਧੇਨੁਨਿ ਸੰਗ। ਹ੍ਵੈ ਸੰਧਜਾ ਤਜਿ ਸੈਲ ਉਤੰਗ॥ ੨੦॥

ਜਿੱਥੇ ਜਿੱਥੇ ਉਹ ਫਿਰਦੀ ਸੀ, ਉਸ ਥਾਂ ਨੂੰ ਉਹ ਭਲੀ ਪ੍ਰਕਾਰ ਆਪਣੇ ਦੁੱਧ ਨਾਲ ਸਿੰਜ ਦਿੰਦੀ ਸੀ। ਫਿਰ ਸਾਰੀਆਂ ਗਾਵਾਂ ਨਾਲ ਜਾ ਮਿਲਦੀ ਸੀ। ਜਦ ਸ਼ਾਮ ਹੁੰਦੀ ਸੀ ਤਾਂ ਉੱਚੇ ਪਹਾੜਾ ਨੂੰ ਛੱਡ ਦਿੰਦੀ ਸੀ॥ ੨੦॥

ਚਲਿ ਆਵਤਿ ਪੁਨ ਅਪਨੇ ਧਾਮੂ। ਜਿਸ ਢਿਗ ਧੇਨੁ ਸੁ ਨੈਨਾ ਨਾਮੂ।
ਚੋਵਨਿ ਲਗੇ ਬੈਠਿ ਕਰਿਤਰੇ। ਅਸਥਨਿ ਛੂਛੇ ਹੇਰਨਿ ਕਰੇ॥ ੨੧॥

ਫਿਰ ਚਲ ਕੇ ਆਪਣੇ ਘਰ ਆ ਜਾਂਦੀ ਸੀ, ਜਿਸ ਪਾਸ ਇਹ ਗਾਂ ਰਹਿੰਦੀ ਸੀ, ਉਸ ਦਾ ਨਾਮ ਨੈਨਾ ਸੀ। ਉਹ ਗਾਂ ਦੇ ਥੱਲੇ ਬੈਠ ਕੇ ਜਦ ਚੋਣ ਲੱਗਦਾ ਸੀ ਤਾਂ ਗਾਂ ਦੇ ਥਣਾਂ ਨੂੰ ਦੁੱਧ ਤੋਂ ਬਗੈਰ ਖਾਲੀ ਵੇਖਦਾ ਸੀ॥ ੨੧॥

ਕਾਰਨ ਕੋਇ ਨ ਮਨ ਮੈ ਪਾਯੋ। ਕਿਨਹੁਂ ਨਿਕਾਸਜੋ ਪੈ? ਬਿਸਮਾਯੋ।
ਦਿਵਸ ਆਗਲੇ ਤਿਮਹੀ ਹੋਈ। ਨੈਨੇ ਛੀਰ ਨ ਪਾਯੋ ਕੋਈ॥ ੨੨॥

ਉਸ ਕੋਈ ਵੀ ਕਾਰਨ ਮਨ ਵਿਚ ਨਾ ਪਾਇਆ, ਕਿਸ ਨੇ ਦੁੱਧ ਚੋ ਲਿਆ ਹੈ? ਬੜਾ ਹੈਰਾਨ ਹੋਇਆ। ਅਗਲੇ ਦਿਨ ਵੀ ਉਸ ਤਰ੍ਹਾਂ ਹੀ ਹੋਇਆ। ਨੈਣਾ ਕਿਸੇ ਪ੍ਰਕਾਰ ਵੀ ਦੁੱਧ ਨਾ ਪਾ ਸਕਿਆ॥ ੨੨॥

ਬੂਝ ਰਹਜੋ ਕਿਨਹੂੰ ਨ ਬਤਾਜੋ। ਖੋਜਿ ਰਹਜੋ ਕਿਛ ਭੇਵ ਨ ਪਾਯੋ।
ਛੋਰੀ ਧੇਨੁ ਪ੍ਰਭਾਤੀ ਕਾਲ। ਛਪਿ ਕੈ ਚਲਜੋ ਪਿਖਿਨਿ ਹਿਤ ਨਾਲ॥ ੨੩॥

ਲੋਕਾਂ ਨੂੰ ਪੁੱਛ ਰਿਹਾ, ਪਰ ਕਿਸੇ ਵੀ ਨਾ ਦੱਸਿਆ, ਖੋਜ ਰਿਹਾ, ਪਰ ਕੁਝ ਵੀ ਭੇਦ ਨਾ ਪਾਇਆ। ਉਸ ਸਵੇਰੇ ਗਾਂ ਨੂੰ ਛੱਡਿਆ ਤੇ ਛੁੱਪ ਕੇ ਉਸ ਗਾਂ ਨੂੰ ਵੇਖਣ ਵਾਸਤੇ ਚਲ ਪਿਆ॥ ੨੩॥

ਦੂਰ ਦੂਰ ਸੋਂ ਦੇਖਤਿ ਰਹਜੋ। ਤੀਨ ਪਹਿਰ ਲਗਿ ਨਹਿਂ ਕੁਛ ਲਹਜੋ।
ਚਾਰ ਘਰੀ ਦਿਨ ਜਬਹੂੰ ਜਾਨਾ। ਪਹੁੰਚੀ ਸੁਰਭੀ ਤਾਂਹਿ ਸਥਾਨਾ॥ ੨੪॥

ਦੂਰ-ਦੂਰ ਤੋਂ ਵੇਖਦਾ ਰਿਹਾ, ਤਿੰਨ ਪਹਿਰ ਤਕ ਉਸ ਕਿਸੇ ਨੂੰ ਵੀ ਨਾ ਵੇਖਿਆ। ਜਦ ਚਾਰ ਘੜੀ ਦਿਨ ਰਹਿ ਗਿਆ ਜਾਣਿਆ ਤਾਂ ਗਾਂ ਆਪਣੇ ਉੱਚੇ ਸਥਾਨ ਤੇ ਪਹੁੰਚ ਗਈ॥ ੨੪॥

**ਊਪਰ ਖਰੀ ਸ੍ਰਵੇ ਥਨ ਤਬੈ। ਨਿਕਸ੍ਯੋ ਦੁਗਧ ਸੀਂਚ ਥਲ ਸਬੈ।**
**ਤੀਨ ਪ੍ਰਕ੍ਰਮਾ ਫਿਰ ਕਰਿ ਕਰੀ। ਸੀਸ ਨਿਵਾਇ ਸਦਨ ਕੌ ਫਿਰੀ॥ ੨੫॥**

ਜਦ ਉੱਚੇ ਥਾਂ ਉਪਰ ਖੜੀ ਹੋਈ ਤੇ ਥਣ ਪਸਮ ਪਏ ਤੇ ਉਨ੍ਹਾਂ ਵਿਚੋਂ ਦੁੱਧ ਨਿਕਲਿਆਂ ਜਿਸ ਨੇ ਸਾਰੇ ਥਾਂ ਨੂੰ ਸਿੰਜ ਦਿੱਤਾ। ਫਿਰ ਤਿੰਨ ਪਰਿਕਰਮਾਂ ਫਿਰ ਕੇ ਕੀਤੀਆਂ ਤੇ ਸਿਰ ਨਿਵਾ ਕੇ ਘਰ ਵਲ ਮੁੜ ਪਈ॥ ੨੫॥

**ਪੁਨ ਨੈਣਾ ਗਮਨ੍ਯੋ ਤਿਸ ਥਾਨਾ। ਅਵਿਲੋਕਤਿ ਮਨ ਭਯੋ ਹਿਰਾਨਾ।**
**ਨਮੋ ਕੀਨਿ ਘਰ ਕੋ ਚਲਿ ਆਯੋ। ਬੁਧਿਵੰਤਨਿ ਕੇ ਨਿਕਟਿ ਬਤਾਯੋ॥ ੨੬॥**

ਫਿਰ ਨੈਣਾ ਉਸ ਥਾਂ ਗਿਆ, ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ। ਨਮਸਕਾਰ ਕਰਕੇ ਘਰ ਨੂੰ ਚਲ ਆਇਆ ਤੇ ਬੁੱਧੀਵਾਨ ਲੋਕਾਂ ਪਾਸ ਸਾਰੀ ਗੱਲ ਦੱਸੀ॥ ੨੬॥

**ਸ਼ਕਤਿਵੰਤਿ ਸੋ ਥਾਨ ਪਛਾਨਾ। ਨੈਣੇ ਤਬੈ ਸੁਧਾਰਨਿ ਠਾਨਾ।**
**ਜਾਨਿ ਚੰਡਿਕਾ ਤਹਾਂ ਮਨਾਈ। ਪੂਜਨ ਲਗੇ ਲੋਕ ਸਮੁਦਾਈ॥ ੨੭॥**

ਵੱਡੀ ਸ਼ਕਤੀਵਾਲਾ ਉਹ ਥਾਂ ਪਛਾਣਿਆ, ਨੈਣੇ ਨੇ ਫਿਰ ਉਸ ਥਾਂ ਸੁਧਾਰ ਕੀਤਾ। ਚੰਡਕਾ ਜਾਣ ਕੇ ਉਥੇ ਪੂਜਾ ਕੀਤੀ, ਉਸ ਨੂੰ ਵੇਖ ਕੇ ਉਹ ਸਾਰੇ ਲੋਕ ਵੀ ਪੂਜਣ ਲੱਗ ਗਏ॥ ੨੭॥

*ਨੋਟ :- ਕਵੀ ਜੀ ਨੇ ਇਹ ਨੈਣਾ ਦੇਵੀ ਵਾਲੇ ਟਿੱਲੇ ਦੀ ਮਸ਼ਹੂਰੀ ਦਾ ਮੂਲ ਦੱਸਿਆ ਹੈ। ਨੈਣੇ ਨਾਮ ਦੇ ਮਨੁੱਖ ਦੀ ਗਾਂ, ਜਿਸ ਦਾ ਦੁੱਧ ਆਪੇ ਚੋਅ ਜਾਂਦਾ ਸੀ, ਉਸ ਸਥਾਨ ਨੂੰ ਉਸ ਆਪੇ ਸਮਝ ਲਿਆ ਕਿ ਇਹ ਚੰਡਕਾ ਦਾ ਸਥਾਨ ਹੈ, ਨੈਣੇ ਦੇ ਨਾਮ ਤੋਂ ਨੈਣਾ ਦੇਵੀ ਦਾ ਨਾਮ ਬਣ ਗਿਆ, ਇਥੇ ਇਹ ਵੀ ਸਿੱਧ ਹੁੰਦਾ ਹੈ ਕਿ ਏਥੇ ਕੋਈ ਮੰਦਰ ਨਹੀਂ ਹੈ, ਕੇਵਲ ਗੁਜਰ ਨੈਣੇ ਦਾ ਨਾਮ ਕਰਕੇ ਨੈਣਾ ਦੇਵੀ ਟਿੱਲੇ ਦਾ ਨਾਮ ਪਿਆ ਹੈ।*

**ਜਨਨ ਕਾਮਨਾ ਪੂਰਨ ਕਰੈ। ਜਥਾ ਭਾਵਨਾ ਤਿਸ ਥਲ ਧਰੈ।**
**ਗਿਰਿਨਿ ਬ੍ਰਿੰਦ ਮਹਿ ਗਿਰ ਸੇ ਊਚੇ। ਬਿਖਮ ਪੰਥ ਤੇ ਹ੍ਵੈ ਨ ਪਹੂਚੇ॥ ੨੮॥**

ਦਾਸਾਂ ਦੀ ਕਾਮਨ ਪੂਰੀ ਕਰਦੀ ਸੀ, ਜਿਸ ਤਰ੍ਹਾਂ ਦੀ ਭਾਵਨਾ ਉਸ ਥਾਂ ਲੈ ਕੇ ਜਾਂਦੇ ਸਨ, ਪੂਰੀ ਹੁੰਦੀ ਸੀ। ਬਹੁਤ ਉੱਚੇ ਪਹਾੜਾਂ ਵਿਚ ਉੱਚੇ ਪਹਾੜ ਹਨ, ਔਖਾ ਰਾਹ ਹੋਣ ਕਰਕੇ ਪਹੁੰਚਿਆ ਨਹੀਂ ਸੀ ਜਾਂਦਾ॥ ੨੮॥

**ਪਾਵਨ ਮਹਾਂ ਇਕੰਤ ਭਲੇਰਾ। ਇਸ ਕਾਰਜ ਕੌ ਨੀਕੋ ਹੇਰਾ।**
**ਚਲੋ ਪ੍ਰਾਤਿ ਕੋ ਹੇਰਨਿ ਕਰੀਅਹਿ। ਪੁਨ ਸੁਧਾਰਿਬੇ ਹੇਤੁ ਉਚਰੀਅਹਿ' ॥੨੯॥**

ਇਕਾਂਤ ਵਿਚ ਮਹਾਂ ਪਵਿੱਤਰ ਭਲਾ ਸਥਾਨ ਜਾਣ ਕੇ, ਇਸ ਸਥਾਨ ਨੂੰ ਚੰਗਾ ਜਾਣਿਆ ਹੈ। ਚਲੋ ਸ਼ਾਮ ਨੂੰ ਜਾ ਕੇ ਉਸ ਸਥਾਨ ਨੂੰ ਵੇਖੀਏ, ਫਿਰ ਉਸ ਥਾਂ ਦਾ ਸੁਧਾਰ ਕਰਨ ਵਾਸਤੇ ਉਚਾਰਨ ਕਰੀਏ'॥ ੨੯॥

**ਸੁਨਿ ਕੇਸ਼ਵ ਨੀਕੇ ਮਨ ਮਾਨੀ। 'ਭਲੀ ਬਾਤ' ਇਮ ਕਹਿ ਕਰਿ ਬਾਨੀ।**
**ਆਇਸੁ ਪਾਇ ਗਯੋ ਨਿਜ ਡੇਰੇ। ਚਿਤਵਤਿ ਦੇਵੀ ਕਾਜ ਬਡੇਰੇ॥ ੩੦॥**

ਇਹ ਸੁਣ ਕੇ ਕੇਸ਼ਵ ਨੇ ਮਨ ਵਿਚ ਚੰਗੀ ਗੱਲ ਮੰਨੀ। 'ਭਲੀ ਬਾਤ' ਇੰਞ ਕਹਿ ਕੇ ਆਗਿਆ ਲੈ ਕੇ ਆਪਣੇ ਡੇਰੇ ਵਿਖੇ ਚਲੇ ਗਿਆ। ਸੋਚਦਾ ਸੀ ਕਿ ਦੇਵੀ ਪ੍ਰਗਟ ਕਰਨ ਵਾਲਾ ਕੰਮ ਬਹੁਤ ਵੱਡਾ ਹੈ॥ ੩੦॥

**ਅਗਲੀ ਪ੍ਰਾਤਿ ਭਈ ਜਬਿ ਆਇ। ਗਏ ਗੁਰੂ ਦਿਜ ਲੀਨਿ ਬੁਲਾਇ।**
**ਸਨੇ ਸਨੇ ਪਰਬਤ ਪਰ ਚਢੇ। ਸਥਾਨ ਦੇਖਿ ਉਰ ਆਨੰਦ ਬਢੇ॥ ੩੧॥**

ਅਗਲੀ ਸਵੇਰ ਜਦ ਹੋ ਗਈ, ਗੁਰੂ ਜੀ ਉਸ ਸਥਾਨ ਵਲ ਗਏ ਤੇ ਬ੍ਰਾਹਮਣ ਨੂੰ ਵੀ ਬੁਲਾ ਲਿਆ। ਹੌਲੀ-ਹੌਲੀ ਪਰਬੱਤ ਦੇ ਉੱਤੇ ਚੜ੍ਹ ਗਏ, ਉਸ ਸਥਾਨ ਨੂੰ ਵੇਖ ਕੇ ਦਿਲ ਵਿਚ ਬਹੁਤ ਅਨੰਦ ਵਧਿਆ॥ ੩੧॥

ਕਰਿ ਪਸੰਦ ਸੋ ਥਾਨ ਮਹਾਨਾ। ਹਰਖਤਿ ਕੇਸ਼ੋ ਦਾਸ ਬਖਾਨਾ।
'ਭਲੋ ਸਥਲ ਹੋਮਨ ਕੋ ਪਾਯੋ। ਜਿਸ ਤੇ ਮਮ ਅਸ ਨਿਸ਼ਚੇ ਆਯੋ॥ ੩੨॥

ਉਸ ਮਹਾਨ ਸਥਾਨ ਨੂੰ ਪਸੰਦ ਕਰ ਲਿਆ ਤੇ ਕੇਸ਼ੋਦਾਸ ਨੇ ਪ੍ਰਸੰਨ ਹੋ ਕੇ ਕਿਹਾ, "ਹੋਮ ਵਾਸਤੇ ਤੁਸੀਂ ਭਲਾ ਸਥਾਨ ਲਭਿਆ ਹੈ ਜਿਸ ਨੂੰ ਵੇਖ ਕੇ ਮੈਨੂੰ ਐਸਾ ਨਿਸ਼ਚਾ ਆਇਆ ਹੈ॥ ੩੨॥

ਹੋਇ ਬਿਦਤ ਜਗਦੰਬਾ ਜੈਸੇ। ਸਕਲ ਸਮਾਜ ਮਿਲਤਿ ਹੈ ਐਸੇ।
ਅਚਲ ਅਨਾਸੀ ਸੁਜਸੁ ਤੁਮਾਰਾ। ਪਸਰਹਿਗੋ ਸਭਿ ਜਗਤ ਮਝਾਰਾ॥ ੩੩॥

ਜਿਵੇਂ ਜਗਦੰਬਾ ਪ੍ਰਗਟ ਹੋ ਜਾਵੇਗੀ, ਸਾਰਾ ਸਾਮਾਨ ਇਸ ਤਰ੍ਹਾਂ ਆਪੇ ਮਿਲ ਗਿਆ ਹੈ। ਅਚਲ ਅਬਿਨਾਸ਼ੀ ਤੁਹਾਡਾ ਜੱਸ ਹੈ ਜਿਹੜਾ ਸਾਰੇ ਜਗਤ ਵਿਚ ਪਸਰ ਜਾਵੇਗਾ॥ ੩੩॥

ਚੱਕ੍ਰਵਰਤਿ ਭੂਪਤਿ ਬਹੁ ਭਏ। ਧਰਤਾ ਸਰਬ ਸ਼ਕਤਿ ਉਪਜਏ।
ਕਿਸ ਤੇ ਕਾਜ ਨ ਐਸੇ ਸਰਜੇ। ਜਸ ਉਤਸਾਹ ਆਪ ਨੇ ਧਰਜੇ॥ ੩੪॥

ਚੱਕ੍ਰਵਰਤੀ ਰਾਜੇ ਬਹੁਤ ਹੋਏ ਹਨ, ਸਰਬ ਸ਼ਕਤੀਆਂ ਸਹਿਤ ਪੈਦਾ ਹੋਏ ਹਨ। ਕਿਸੇ ਪਾਸੋਂ ਵੀ ਐਸਾ ਕਾਰਜ ਨਹੀਂ ਸਰਿਆ ਹੈ, ਜਿਸ ਤਰ੍ਹਾਂ ਆਪ ਨੇ ਉਤਸ਼ਾਹ ਧਾਰਨ ਕੀਤਾ ਹੈ॥ ੩੪॥

ਆਦਿ ਸ਼ਕਤਿ, ਮਧੁਕੈਟਭ ਮਰਦਨ। ਰਕਤਬੀਜ ਸੁੰਭਾਦਿਕ ਅਰਦਨ।
ਬਿਸ਼ੈ ਬਿਲੋਚਨ ਕੇ ਸੋ ਕਰਨੀ। ਕੌਨ ਸਕੈ ਕਰਿ ਐਸੀ ਕਰਨੀ'॥ ੩੫॥

ਆਦਿ ਸ਼ਕਤੀ ਮਧੁਕੈਟਭ ਨੂੰ ਮਾਰਨ ਵਾਲੀ, ਰਕਤਬੀਜ ਤੇ ਸ਼ੁੰਭ ਆਦਿ ਨੂੰ ਵੀ ਜਿਸ ਮਾਰਿਆ। ਤੁਸੀਂ ਦੇਵੀ ਦੇ ਪ੍ਰਤੱਖ ਦਰਸ਼ਨ ਕਰਨੇ ਹਨ, ਕੌਣ ਅਜਿਹੀ ਕਰਨੀ ਕਰ ਸਕਦਾ ਹੈ"॥ ੩੫॥

ਤਬਿ ਸਿੱਖਨਿ ਸੋਂ ਗੁਰੂ ਬਖਾਨਾ। 'ਕਰਹੁ ਸੁਧਾਰਨਿ ਭਲੇ ਸਥਾਨਾ।
ਸੁੰਦਰ ਮੰਦਿਰ ਦਿਹੁ ਬਨਵਾਇ। ਜਹਾਂ ਸਮਿੱਗ੍ਰੀ ਦੇਹਿਂ ਟਿਕਾਇ॥ ੩੬॥

ਤਦ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਉਸ ਭਲੇ ਸਥਾਨ ਦਾ ਸੁਧਾਰ ਕਰੋ। ਉਥੇ ਸੁੰਦਰ ਇਮਾਰਤ ਬਣਾ ਦੇਵੋ ਜਿਸ ਵਿਚ ਸਾਰੀ ਸਮੱਗਰੀ ਟਿਕਾ ਦੇਈਏ॥ ੩੬॥

ਹਮਨਿ ਕੁੰਡ ਕੋ ਜਥਾ ਅਕਾਰਾ। ਕਾਰੀਗਰ ਸੋਂ ਬਿੱਪ੍ਰ ਉਚਾਰਾ।
ਦੂਰ ਉਰੇ ਚੌਕੀ ਨਰ ਥਿਰੈ। ਜੇ ਸਭਿ ਰੀਤਿ ਸੁਚੇਤੀ ਧਰੈਂ॥ ੩੭॥

ਹਵਨ ਕੁੰਡ ਦਾ ਜਿੰਨਾ ਅਕਾਰ ਰਖਣਾ ਸੀ, ਉਸ ਤਰ੍ਹਾਂ ਬ੍ਰਾਹਮਣ ਨੇ ਕਾਰੀਗਰ ਨੂੰ ਉਚਾਰ ਕੇ ਕਿਹਾ। ਦੂਰ ਉਰੇ ਕੁਝ ਮਨੁੱਖ ਚੌਕਸੀ ਧਾਰ ਕੇ ਖੜੇ ਹੋਣਗੇ, ਜਿਹੜੇ ਸਭ ਰੀਤੀਆਂ ਨਾਲ ਸਾਵਧਾਨ ਰਹਿਣਗੇ॥ ੩੭॥

ਰਚਹੁ ਸਥਲ' ਇੱਤਜਾਦ ਬਤਾਇ। ਆਏ ਪੁਰਿ ਗੁਰ ਬਿੱਪ੍ਰ ਮਿਲਾਇ।
ਤੂਰਨ ਤਜਾਰੀ ਸਭਿ ਕਰਿਵਾਈ। ਹਮਨ ਸਮਿੱਗ੍ਰੀ ਤਹਾਂ ਪੁਚਾਈ॥ ੩੮॥

ਇਸ ਤਰ੍ਹਾਂ ਦੱਸ ਕੇ ਉਸ ਸਥਾਨ ਨੂੰ ਬਣਾਉਣ ਵਾਸਤੇ ਕਿਹਾ, ਨਗਰ ਵਿਚ ਆ ਕੇ ਬ੍ਰਾਹਮਣ ਗੁਰੂ ਜੀ ਨੂੰ ਮਿਲਿਆ ਤੇ ਸਾਰੀ ਹਵਨ ਸਮੱਗਰੀ ਉਥੇ ਪਹੁੰਚਾ ਦਿੱਤੀ॥ ੩੮॥

ਦਿਵਸ ਪ੍ਰਤੀਖਨਿ ਲਗੇ ਕ੍ਰਿਪਾਲਾ। ਕਰਹਿਂ ਅਰੰਭ ਪ੍ਰਥਮ ਜਿਸ ਕਾਲਾ।
ਨਿਤ ਪ੍ਰਤਿ ਦਿਜਬਰ ਪਹੁਚੇ ਪਾਸ। ਕਰਹਿਂ ਬਾਰਤਾਲਾਪ ਪ੍ਰਕਾਸ਼॥ ੩੯॥

ਕ੍ਰਿਪਾਲੂ ਸਤਿਗੁਰੂ ਜੀ ਉਸ ਦਿਨ ਦੀ ਉਡੀਕ ਕਰਨ ਲੱਗੇ, ਜਿਸ ਸਮੇਂ ਹਵਨ ਦਾ ਆਰੰਭ ਕਰਨ। ਨਿਤਾਪ੍ਰਤੀ ਬ੍ਰਾਹਮਣ ਗੁਰੂ ਜੀ ਦੇ ਪਾਸ ਪਹੁੰਚਦਾ ਸੀ ਤੇ ਆਪਸ ਵਿਚ ਗੱਲਬਾਤ ਕਰਦੇ ਸਨ॥ ੩੯॥

ਪੂਜਨਿ ਹਮਨ ਕਰਨਿ ਬਿਧਿ ਸਾਰੀ। ਕਹਿ ਕਹਿ ਸਭਿ ਕਿਛੁ ਠਾਨਿਸ ਤਯਾਰੀ।
ਸੈਂਕਰ ਮਨ ਮੇਵਾ ਮਿਸ਼ਟਾਨ। ਤਿਲ ਘ੍ਰਿਤ, ਜਵ ਤੰਦੁਲ ਸਭਿ ਆਨਿ॥ ੪੦॥

ਹਮਨ ਦੀ ਪੂਜਾ ਸਭ ਵਿਧੀਆਂ ਨਾਲ ਕਰਨੀ ਹੈ, ਕਹਿ ਕਹਿ ਕੇ ਸਭ ਪ੍ਰਕਾਰ ਤਿਆਰੀ ਧਾਰਨ ਕੀਤੀ। ਸੈਂਕੜੇ ਮਨ ਮੇਵੇ, ਮਿੱਠਾ,ਤਿਲ, ਘਿਉ, ਜੌਂ, ਚਾਵਲ ਸਭ ਉਥੇ ਲੈ ਆਏ॥ ੪੦॥

ਕਹਿ ਕਹਿ ਪ੍ਰਭੁ ਸੋ ਤਹਾਂ ਪੁਚਾਏ। ਥਾਨ ਸੁਧਾਰਜੋ ਨੀਕ ਬਨਾਏ।
ਹਮਨ ਕੁੰਡ ਜਿਸ ਜੁਗਤਿ ਬਤਾਯੋ। ਸੋਭੀ ਭਲੀ ਭਾਂਤਿ ਕਰਿਵਾਯੋ॥ ੪੧॥

ਗੁਰੂ ਜੀ ਨੇ ਕਹਿ ਕੇ ਉਥੇ ਪਹੁੰਚਾ ਦਿੱਤੇ ਤਾਂ ਥਾਂ ਨੂੰ ਸੁਧਾਰ ਕੇ ਬਹੁਤ ਸੁੰਦਰ ਬਣਾ ਦਿੱਤਾ। ਹਮਨ ਕੁੰਡ ਜਿਸ ਜੁਗਤੀ ਨਾਲ ਦੱਸਿਆ ਸੀ, ਉਹ ਵੀ ਭਲੀ ਭਾਂਤ ਕਰਵਾਇਆ॥ ੪੧॥

*ਤੀਸਰੀ ਰੁੱਤ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥*

## *ਅਧਿਆਇ ਸਤਵਾਂ*

### *ਹਮਨ ਆਰੰਭ*

*ਦੋਹਰਾ-* ਪੂਰਨਮਾ ਵੈਸਾਖ ਕੀ ਜਬਿ ਦਿਨ ਆਯੋ ਸੋਇ।
ਮੰਗਲ ਕਰੇ ਅਨੇਕ ਬਿਧਿ ਹਰਖਤਿ ਭੇ ਸਭਿ ਕੋਇ॥ ੧॥

ਜਦ ਵੈਸਾਖ ਦੀ ਪੂਰਨਮਾਸ਼ੀ ਦਾ ਦਿਨ ਆ ਗਿਆ ਤਾਂ ਅਨੇਕ ਪ੍ਰਕਾਰ ਦੇ ਮੰਗਲ ਕੀਤੇ ਤੇ ਹਰ ਕੋਈ ਪ੍ਰਸੰਨ ਹੋ ਗਿਆ॥ ੧॥

*ਚੌਪਈ-* ਨੌਬਤ ਬਾਜਤਿ ਪ੍ਰਭੁ ਦਰਬਾਰਾ। ਲਘੁ ਦੁੰਦਭਿ ਕੋ ਸ਼ਬਦ ਉਦਾਰਾ।
ਸੰਖ ਨਫੀਰਨ ਫੂਕ ਭਰੀ ਹੈ। ਧੁਨੀ ਉਠਾਵਨਿ ਊਚ ਕਰੀ ਹੈ॥ ੨॥

ਗੁਰੂ ਜੀ ਦੇ ਦਰਬਾਰ ਵਿਚ ਨੌਬਤ ਵੱਜ ਰਹੀ ਸੀ ਤੇ ਛੋਟੀਆਂ ਢੋਲਕੀਆਂ ਦੇ ਵੀ ਸ਼ਬਦ ਉੱਠ ਰਹੇ ਸਨ। ਸੰਖ ਅਤੇ ਨਫੀਰੀਆਂ ਵਿਚ ਫੂਕਾਂ ਭਰ ਕੇ ਵਜਾਉਂਦੇ ਸਨ, ਬਹੁਤ ਉੱਚੀ ਧੁਨੀਆਂ ਚੁੱਕਦੇ ਸਨ॥ ੨॥

ਪਣਵ ਪਟਹਿ ਅਰੁ ਢੋਲ ਬਿਸਾਲੇ। ਮੁਰਲੀ ਗੋਮੁਖ ਸ਼ਬਦ ਉਠਾਲੇ।
'ਜੈ ਜਗਦੰਬਾ' ਊਚ ਉਚਾਰੇ। ਰੰਕਨ ਗਨ ਦੇ ਦਰਬ ਉਦਾਰੇ॥ ੩॥

ਪਣਵ ਅਤੇ ਢੋਲ ਵਿਸ਼ਾਲ ਵੱਜ ਰਹੇ ਸਨ ਤੇ ਮੁਰਲੀਆਂ ਅਤੇ ਨਿਰਸਿੰਗਿਆਂ ਦੇ ਸ਼ਬਦ ਵੀ ਉੱਠ ਰਹੇ ਸਨ। "ਜੈ ਜਗਦੰਬਾ" ਉੱਚੀ-ਉੱਚੀ ਉਚਾਰਨ ਕਰਦੇ ਸਨ ਤੇ ਗ਼ਰੀਬਾਂ ਨੂੰ ਬਹੁਤ ਧਨ ਵੰਡ ਰਹੇ ਸਨ॥ ੩॥

ਸਭਿਹੂੰ 'ਜੈ ਗੁਰ' ਬਾਕ ਸੁਨਾਯਹੁ। ਬਾਰਹਿ ਬਾਰ ਪ੍ਰਸ਼ਾਦ ਬ੍ਰਿਤਾਯਹੁ।
ਧੂਪ ਧੁਖਾਵਤਿ ਫੂਲਨ ਮਾਲਾ। ਚੰਦਨ ਆਦਿ ਸੁਗੰਧਤਿ ਸਾਲਾ॥ ੪॥

ਸਾਰਿਆਂ ਨੇ 'ਜੈ ਗੁਰੂ ਜੀ' ਵਾਕ ਸੁਣਾਇਆ ਤੇ ਬਾਰਾਂ ਵਾਰ ਪ੍ਰਸ਼ਾਦ ਵਰਤਾਇਆ। ਧੂਪ ਧੁਖਾਉਂਦੇ ਸਨ ਅਤੇ ਫੁੱਲਾਂ ਦੇ ਹਾਰ ਬਣਾਉਂਦੇ ਸਨ, ਚੰਦਨ ਆਦਿ ਸੁਗੰਧੀਆਂ ਨਾਲ ਉਹ ਥਾਂ ਸੁਗੰਧਿਤ ਕਰ ਦਿੱਤੀ॥ ੪॥

ਸਮਾ ਜਾਨਿ ਦਿਜ ਕੇਸ਼ਵ ਆਯਹੁ। ਆਸ਼ਿਖ 'ਤਪਤਹਿ ਤੇਜ' ਸੁਨਾਯੋ।
ਅਪਰ ਬਿੱਪ੍ਰ ਜੇ ਸਤਿਗੁਰ ਪਾਸ। ਬੇਦ ਘੋਖ ਕੇ ਕਰਤਿ ਪ੍ਰਕਾਸ਼॥ ੫॥

ਸਮਾਂ ਜਾਣ ਕੇ ਕੇਸ਼ਵ ਪੰਡਿਤ ਆਇਆ, "ਆਪ ਜੀ ਦਾ ਤੇਜ਼ ਪ੍ਰਕਾਸ਼ ਹੋਵੇ", ਅਸੀਸ ਦਿੱਤੀ ਹੋਰ ਜਿਹੜੇ ਬ੍ਰਾਹਮਣ ਸਤਿਗੁਰੂ ਜੀ ਦੇ ਪਾਸ ਸਨ, ਉਹ ਵੇਦ ਪੜ੍ਹ ਕੇ ਉਸ ਦੀ ਸਿਖਿਆ ਪ੍ਰਕਾਸ਼ ਕਰ ਰਹੇ ਸਨ॥ ੫॥

ਸਭਿ ਹਿੰਦੁਵਾਇਨ ਸਿਰ ਕੋ ਮੌਰ। ਖਰੇ ਕਰੇ ਦਿਜ ਪੂਰਨ ਪੌਰ।
ਭਯੋ ਕੁਲਾਹਲ ਅਨਿਕ ਪ੍ਰਕਾਰਾ। ਕੇਸ਼ਵ ਕਹੈ ਸੁ ਕੀਨੀ ਕਾਰਾ॥ ੬॥

ਸਾਰੇ ਹਿੰਦੂਆਂ ਦੇ ਸਿਰਮੌਰ ਨੇ ਸਾਰੇ ਬ੍ਰਾਹਮਣ ਡਿਉੜੀ ਵਿਚ ਖੜੇ ਕੀਤੇ। ਅਨੇਕ ਪ੍ਰਕਾਰ ਦਾ ਸ਼ੋਰ ਮੱਚਿਆ, ਜੋ ਵੀ ਕੇਸ਼ਵ ਕਹਿੰਦਾ ਸੀ, ਉਹ ਹੀ ਕੰਮ ਕਰਦੇ ਸਨ॥ ੬॥

ਗਮਨੇ ਪੁਨ ਪ੍ਰਭੁ ਦਿਜ ਸੰਗ ਲੀਨੇ। ਆਸ਼ਿਖ ਬਾਦ ਮਾਤ ਮਿਲਿ ਦੀਨੇ।
'ਪੂਰੋ ਮਨੋਰਥ ਨੌ ਗੁਰ ਆਇ। ਜਗ ਮਾਤਾ ਤੁਮ ਹੋਹਿ ਸਹਾਇ॥ ੭॥

ਫਿਰ ਬ੍ਰਾਹਮਣਾਂ ਨੂੰ ਨਾਲ ਲੈ ਕੇ ਗੁਰੂ ਜੀ ਚਲ ਪਏ, ਗੁਰੂ ਜੀ ਦੇ ਮਾਤਾ ਜੀ ਨੇ ਮਿਲ ਕੇ ਅਸ਼ੀਰਵਾਦ ਦਿੱਤਾ ਤੇ ਅਰਦਾਸ ਕੀਤੀ, ਹੇ ਨੌਂ ਗੁਰੂ ਸਾਹਿਬਾਨ ਜੀ ! ਆ ਕੇ ਮੇਰੇ ਪੁੱਤਰ ਦਾ ਮਨੋਰਥ ਪੂਰਾ ਕਰੋ, ਹੇ ਜਗਮਾਤਾ ! ਤੁਸੀਂ ਵੀ ਸਹਾਇਕ ਬਣੋ॥ ੭॥

ਸਫਲੋ ਕ੍ਰਿੱਤ ਕਰਜੋ ਜੋ ਚਾਹਤਿ। ਕਾਰਨ ਪਰਉਪਕਾਰ ਉਮਾਹਤਿ'।
ਧੁਖਤਿ ਧੂਪ ਚਾਲਤਿ ਗੁਰ ਆਗੇ। ਪੁਸ਼ਪਨਿ ਬਰਖਾ ਮੋਚਨਿ ਲਾਗੇ॥ ੮॥

ਜੋ ਚਾਹੁੰਦੇ ਹਨ ਉਹ ਕ੍ਰਿੱਤ ਸਫਲ ਕਰੋ, ਪਰਉਪਕਾਰ ਕਰਨ ਵਾਸਤੇ ਉਤਸ਼ਾਹ ਧਾਰਨ ਕੀਤਾ ਹੈ।" ਧੂਪ ਦੇ ਧੁੱਖਦਿਆਂ, ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ, ਫੁੱਲਾਂ ਦੀ ਵਰਖਾ ਹੋ ਰਹੀ ਸੀ॥ ੮॥

ਨੇਮ ਸਮੇਤ ਬਿੱਪ੍ਰ ਲੈ ਨਾਲ। ਗਮਨੇ ਮੰਗਲ ਹੋਤਿ ਕ੍ਰਿਪਾਲ।
ਸਿੱਖ ਮਸੰਦ ਹਜ਼ਾਰਹੁੰ ਸੰਗ। ਦਿਜਬਰ ਗੁਨੀ ਸੁ ਪਾਵਨ ਅੰਗ॥ ੯॥

ਨੇਮ ਸਹਿਤ ਬ੍ਰਾਹਮਣ ਨੂੰ ਨਾਲ ਲਿਆ ਤੇ ਕ੍ਰਿਪਾਲੂ ਗੁਰੂ ਜੀ ਮੰਗਲ ਕਰਦੇ ਅੱਗੇ ਜਾ ਰਹੇ ਸਨ। ਸਿੱਖ ਅਤੇ ਮਸੰਦ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਸਨ, ਪਵਿੱਤਰ ਅੰਗਾਂ ਵਾਲਾ ਗੁਣੀ ਪੰਡਿਤ ਵੀ ਨਾਲ ਸੀ॥ ੯॥

ਗਿਰ ਕੇ ਨਿਕਟ ਪਹੂਚੇ ਜਾਇ। ਖਰੇ ਭਏ ਨਰ ਜੁਤਿ ਸਮੁਦਾਇ।
ਜਥਾਜੋਗ ਸਭਿਹਿਨਿ ਸੋਂ ਕਰਿ ਕਰਿ। ਦੈਕੈ ਹੁਕਮ ਕਰੇ ਤਹਿਂ ਇਸਥਿਰ॥੧੦॥

ਪਹਾੜ ਦੇ ਨੇੜੇ ਜਾ ਪਹੁੰਚੇ, ਸਾਰੇ ਮਨੁੱਖਾਂ ਸਹਿਤ ਖੜੇ ਹੋ ਗਏ। ਯਥਾਯੋਗ ਸਾਰਿਆਂ ਨੂੰ ਕਰਕੇ, ਦੇ ਕੇ ਹੁਕਮ ਇਕ ਥਾਂ ਸਥਿਤ ਕਰ ਦਿੱਤੇ॥ ੧੦॥

ਹਯ ਆਰੂਢਿ ਅਰੂਢਤਿ ਸੈਲ। ਗਮਨੇ ਗੁਰੂ ਬਿਖਮ ਬਡ ਗੈਲ।
ਕੁਛ ਜੋਧੇ ਤਹਿਂ ਕਰੇ ਟਿਕਾਵਨ। 'ਆਵਹਿ ਕੋਇ ਤ ਕਰਤਿ ਹਟਾਵਨਿ' ॥੧੧॥

ਘੋੜੇ ਤੇ ਚੜ੍ਹ ਕੇ ਪਹਾੜ ਉੱਤੇ ਚੜ੍ਹੇ, ਰਾਹ ਬੜਾ ਔਖਾ ਸੀ, ਜਿਸ ਉੱਤੇ ਗੁਰੂ ਜੀ ਅੱਗੇ-ਅੱਗੇ ਜਾ ਰਹੇ ਸਨ। ਕੁਝ ਯੋਧਿਆਂ ਨੂੰ ਉਥੇ ਟਿਕਾ ਦਿੱਤਾ ਤੇ ਇਹ ਹਦਾਇਤ ਕਰ ਦਿੱਤੀ, "ਹਵਨ ਕਰਦਿਆਂ ਨੂੰ ਕੋਈ ਹਟਾਉਣ ਨਾ ਆਵੇ" ॥ ੧੧॥

ਗਿਰ ਪਰ ਚਢੇ ਤੁਰੰਗ ਉਤੰਗ। ਦਿਜ ਕੇਸ਼ਵ ਪਿਖਿ ਅਚਰਜ ਸੰਗ।
ਨਰ ਭੀ ਨੀਠ ਨੀਠ ਧਰਿ ਪਾਇ। ਗਹਿ ਗਹਿ ਤ੍ਰਿਣਨਿ ਨੀਠ ਹੀ ਜਾਇਂ ॥੧੨॥

ਘੋੜੇ ਸਹਿਤ ਪਹਾੜ ਦੀ ਉੱਚੀ ਚੋਟੀ ਤੇ ਚੜ੍ਹ ਗਏ। ਕੇਸ਼ਵ ਬ੍ਰਾਹਮਣ ਵੇਖ ਕੇ ਬਹੁਤ ਹੈਰਾਨ ਹੋਇਆ। ਦੂਸਰੇ ਮਨੁੱਖ ਵੀ ਮਸਾਂ-ਮਸਾਂ ਪੈਰ ਧਰ ਕੇ, ਘਾਹ ਨੂੰ ਫੜ ਕੇ ਉਪਰ ਜਾਂਦੇ ਸਨ॥ ੧੨॥

ਹਯ ਪਰ ਚਢਿ ਗਮਨੇ ਤਹਿਂ ਕੋਇ। ਇਕ ਕਲਗੀਧਰ ਹੀ ਇਮ ਹੋਇ।
ਸ਼ਿਖਰ ਸੈਲ ਕੇ ਪਹੁਚੇ ਜਾਇ। ਉਤਰੇ ਹਯ ਪਰ ਤੇ ਸੁਖਦਾਇ॥ ੧੩॥

ਘੋੜੇ ਉੱਤੇ ਚੜ੍ਹ ਕੇ ਉਥੇ ਕੋਈ-ਕੋਈ ਹੀ ਪਹੁੰਚ ਸਕਦਾ ਹੈ, ਇਕ ਕਲਗੀਧਰ ਹੀ ਇਸ ਤਰ੍ਹਾਂ ਕਰ ਸਕਦੇ ਹਨ। ਪਹਾੜ ਦੀ ਚੋਟੀ ਉੱਤੇ ਜਾ ਪਹੁੰਚੇ ਤੇ ਫਿਰ ਸੁਖਾਂ ਦੇ ਦਾਤੇ ਘੋੜੇ ਤੋਂ ਉੱਤਰ ਪਏ॥ ੧੩॥

ਪਹੁੰਚਯੋ ਬਿੱਪ੍ਰ ਜਾਇ ਤਿਸ ਥਾਨ। ਕਰੀ ਬਤਾਵਨ ਹਮਨ ਬਿਧਾਨ।
ਸਕਲ ਸਮਿੱਗ੍ਰੀ ਲੇ ਸਮੁਦਾਈ। ਗਨ ਦਾਸਨਿ ਪ੍ਰਭੁ ਢਿਗ ਪਹੁਚਾਈ॥ ੧੪॥

ਬ੍ਰਾਹਮਣ ਫਿਰ ਉਸ ਥਾਂ ਜਾ ਪਹੁੰਚਿਆ ਤੇ ਉਸ ਨੇ ਜਾ ਕੇ ਹਵਨ ਦੇ ਵਿਧਾਨ ਬਾਰੇ ਦੱਸਿਆ। ਸਾਰੀ ਸਮੱਗਰੀ ਇਕੱਠੀ ਕਰਕੇ ਸਾਰੇ ਸੇਵਕਾਂ ਨੇ ਪ੍ਰਭੂ ਜੀ ਪਾਸ ਪਹੁੰਚਾ ਦਿੱਤੀ॥ ੧੪॥

ਹਮਨ ਕੁੰਡ ਕੀ ਪਸ਼ਚਮ ਦਿਸ਼ਿ ਮੈ। ਦੱਖਨ ਦਿਸ਼ਿ ਦਿਜ ਥਿਰ ਉਰ ਬਿਸਮੈਂ।
ਕਰ ਪਗ ਕਰੇ ਪਖਾਰਨਿ ਦੋਇਨ। ਬਰਜੇ ਅਪਰ, ਰਹਯੋ ਤਹਿਂ ਕੋਇ ਨ ॥੧੫॥

ਸਾਰੀ ਸਮੱਗਰੀ ਹਵਨ ਕੁੰਡ ਦੇ ਪੱਛਮ ਵਾਲੇ ਪਾਸੇ ਟਿਕਾ ਦਿੱਤੀ। ਦੱਖਣ ਵਾਲੇ ਪਾਸੇ ਬ੍ਰਾਹਮਣ ਬੈਠ ਕੇ ਹੈਰਾਨ ਹੋਇਆ। ਹੱਥ ਪੈਰ ਦੋਵੇਂ ਧੋਤੇ, ਹੋਰਨਾਂ ਸੇਵਕਾਂ ਨੂੰ ਮਨ੍ਹਾਂ ਕਰ ਦਿੱਤਾ, ਉਥੇ ਕੋਈ ਨਾ ਰਿਹਾ॥ ੧੫॥

ਸੋਲਹਿ ਅੱਖਰ ਮੰਤ੍ਰ ਬਤਾਯੋ। 'ਇਕ ਮਨ ਹੁਇ ਪਠੀਯਹਿ' ਸਿਖਰਾਯੋ।
'ਸ੍ਵਾਹਾ ਕਹੌ ਮੰਤ੍ਰ ਪਠਿ ਜਬੈ। ਅਗਨਿ ਅਹੂਤੀ ਪਾਵਹੁ ਤਬੈ' ॥ ੧੬॥

ਸੋਲ੍ਹਾਂ ਅੱਖਰਾਂ ਦਾ ਮੰਤਰ ਦੱਸਿਆ, "ਇਕ ਮਨ ਹੋ ਕੇ ਪੜ੍ਹੀਏ" ਸਿਖਾਇਆ। "ਮੰਤਰ ਪੜ੍ਹ ਕੇ ਜਦ ਸ੍ਵਾਹਾ ਕਹੋ ਤਾਂ ਤਦ ਅਗਨੀ ਉੱਤੇ ਅਹੂਤੀ ਪਾਵੋ" ॥ ੧੬॥

ਇੱਤਯਾਦਿਕ ਬਿਧਿ ਅਪਰ ਬਤਾਈ। ਬਿੱਪ੍ਰ ਹੁਤਾਸਨ ਕੁੰਡ ਜਗਾਈ।
ਸ਼ੁੱਧ ਮਹਾਂ ਸੁਰ ਮੰਤ੍ਰ ਉਚਾਰੇ। 'ਸ੍ਵਾਹਾ' ਕਹਿ ਆਹੁਤਿ ਕੋ ਡਾਰੇ॥ ੧੭॥

ਇਸ ਪ੍ਰਕਾਰ ਦੀਆਂ ਹੋਰ ਵਿਧੀਆਂ ਦੱਸੀਆਂ। ਬ੍ਰਾਹਮਣ ਨੇ ਕੁੰਡ ਦੀ ਅਗਨੀ ਜਗਾਈ ਤੇ ਉੱਚੀ ਸੁਰ ਨਾਲ ਸ਼ੁੱਧ ਮੰਤਰ ਉਚਾਰੇ ਤੇ 'ਸ੍ਵਾਹਾ' ਕਹਿ ਕੇ ਆਹੂਤੀ ਪਾਈ॥ ੧੭॥

ਸੁਮਨਸੁ ਅਰਪਤਿ ਧੂਪ ਧੁਖਾਵਤਿ। ਘ੍ਰਿਤ ਕੇ ਦੀਪਕ ਕਿਤਿਕ ਜਗਾਵਤਿ।
ਚੰਦਨ ਚਰਚਹਿਂ ਛਿਰਕਿ ਗੁਲਾਬ। ਚਹੁਂ ਦਿਸ਼ਿ ਮਹਿਕਤਿ ਗੰਧਿ ਸ਼ਿਤਾਬ ॥੧੮॥

ਫੁੱਲ ਅਰਪਣ ਕਰਕੇ ਧੂਪ ਧੁਖਾਇਆ ਤੇ ਘਿਉ ਦੇ ਕਈ ਦੀਵੇ ਜਗਾਏ। ਚੰਦਨ ਰਗੜ ਕੇ ਗੁਲਾਬ ਦਾ ਛਿੜਕਾ ਕੀਤਾ, ਚਾਰੇ ਪਾਸੇ ਬਹੁਤ ਸੁਗੰਧੀ ਮਹਿਕ ਗਈ॥ ੧੮॥

ਧੂਮ ਹੋਮ ਕੋ ਉਠਯੋ ਉਚੇਰੇ। ਧਾਰ ਗਗਨ ਪਹੁਚੀ ਸੁਰ ਨੇਰੇ।
ਮੰਤ੍ਰ ਪਾਠ ਕੋ ਭਾਖਤਿ ਜਯੋਂ ਜਯੋਂ। ਆਹੁਤਿ ਪਰਹਿ ਹੁਤਾਸਨ ਤਯੋਂ ਤਯੋਂ ॥੧੯॥

ਹਵਨ ਦਾ ਧੂੰਆਂ ਬਹੁਤ ਉੱਚਾ ਉਠਿਆ। ਧੂਏਂ ਦੀ ਧਾਰ ਅਕਾਸ਼ ਵਿਚ ਦੇਵਤਿਆਂ ਦੇ ਨੇੜੇ ਪਹੁੰਚ ਗਈ। ਜਿਵੇਂ-ਜਿਵੇਂ ਮੰਤਰ ਪਾਠ ਪੜ੍ਹਦਾ ਸੀ ਤੇ ਆਹੂਤੀ ਪੈਣ ਨਾਲ ਤਿਵੇਂ-ਤਿਵੇਂ ਅਗਨੀ ਬਲ ਉੱਠਦੀ ਸੀ॥ ੧੯॥

ਆਦਿ ਸ਼ਕਤਿ ਕੋ ਧਾਰਤਿ ਧਜਾਨਾ। ਇਕ ਤੋ ਚਤੁਰਭੁਜੀ ਬਲਵਾਨਾ।
ਚੰਦ੍ਰਸ਼ੇਖਰੀ, ਆਯੁਧ ਧਰਨੀ। ਉੱਗ੍ਰ ਤੇਜ ਦੁਸ਼ਟਨ ਕੋ ਦਰਨੀ॥ ੨੦॥

ਆਦਿ ਸ਼ਕਤੀ ਦਾ ਧਿਆਨ ਧਾਰਨ ਕੀਤਾ। ਇਕ ਤਾਂ ਚਾਰ ਬਾਹਾਂ ਵਾਲੀ ਬਲਵਾਨ, ਮੱਥੇ ਤੇ ਚੰਦ੍ਰਮਾ ਵਾਲੇ ਸ਼ਿਵ ਦੀ ਸ਼ਕਤੀ ਵਾਲੀ ਸ਼ਸਤਰ ਧਾਰਨ ਵਾਲੀ, ਵੱਡੇ ਤੇਜ਼ ਵਾਲੀ, ਦੁਸ਼ਟਾਂ ਦਾ ਨਾਸ਼ ਕਰਨ ਵਾਲੀ॥ ੨੦॥

ਕ੍ਰਿਪਾ ਠਾਨਿ ਦਾਸਨ ਕੀ ਰੱਖਜਕ। ਕ੍ਰੋਧ ਭੂਰ ਤੇ ਦੁਰਜਨ ਭੱਖਜਕ।
ਤਿਸ ਤੇ ਅੱਸ਼ਟਭੁਜੀ ਕੋ ਧਜਾਨਾ। ਜ੍ਵਾਲਾਮੁਖ ਤੇ ਬਮਤਿ ਮਹਾਨਾ॥ ੨੧॥

ਕਿਰਪਾ ਧਾਰ ਕੇ ਦਾਸਾਂ ਦੀ ਰੱਖਿਆ ਕਰਨ ਵਾਲੀ, ਵੱਡਾ ਕ੍ਰੋਧ ਧਾਰ ਕੇ ਦੁਸ਼ਟਾਂ ਨੂੰ ਖਾਣ ਵਾਲੀ ਦੁਰਗਾ ਮਾਤਾ ਸੀ। ਉਸ ਤੋਂ ਬਾਅਦ ਅਠਾਂ ਬਾਹਾਂ ਵਾਲੀ, ਜਿਹੜੀ ਮੂੰਹ ਵਿਚੋਂ ਵਿਸ਼ਾਲ ਅੱਗ ਕੱਢਦੀ ਹੈ॥ ੨੧॥

ਲਾਲ ਬਿਲੋਚਨ ਮੁੰਡਨ ਮਾਲੀ। ਛੂਟੇ ਬਾਲ ਕਰਾਲ ਬਿਸਾਲੀ।
ਦਾਰੁਣ ਤੁੰਡਾ ਚੰਡਿ ਕਪਾਲੀ। ਅੰਗ ਦਿਗੰਬਰ ਭੀਖਨ ਕਾਲੀ॥ ੨੨॥

ਲਾਲ ਅੱਖਾਂ ਵਾਲੀ, ਗਲ ਵਿਚ ਸਿਰਾਂ ਦੀ ਮਾਲਾ ਧਾਰਨ ਵਾਲੀ, ਜਿਸ ਦੇ ਵਿਕਰਾਲ ਲੰਮੇ ਵਾਲ ਖੁਲ੍ਹੇ ਹਨ। ਭਿਆਨਕ ਮੂੰਹ ਹੈ ਤੇ ਹੱਥ ਵਿਚ ਖੱਪਰ ਰੱਖਣ ਵਾਲੀ ਹੈ, ਅੰਗ ਬਹੁਤ ਵੱਡੇ-ਵੱਡੇ ਹਨ ਤੇ ਭਿਆਨਕ ਕਾਲੀ ਹੈ॥ ੨੨॥

ਦਾੜ੍ਹਨ ਦੀਰਘ ਪੰਕਤਿ ਵਾਲੀ। ਸਰਪ ਫੁੰਕਾਰੇ ਹਾਥ ਕਰਾਲੀ।
ਚਰਮੰ ਸ਼ੁਸ਼ਕਾ ਨਖਨ ਬਿਸਾਲੀ। ਅਧਿਕ ਉਗਾਲਤਿ ਜ੍ਵਾਲਾ ਮਾਲੀ॥ ੨੩॥

ਵੱਡੀਆਂ-ਵੱਡੀਆਂ ਦਾੜ੍ਹਾਂ ਵਾਲੀ ਹੈ, ਹੱਥ ਵਿਚ ਭਿਆਨਕ ਸੱਪ ਫੁੰਕਾਰੇ ਮਾਰਦਾ ਹੈ। ਚਮੜਾ ਖੁਸ਼ਕ ਹੈ ਤੇ ਵੱਡੇ-ਵੱਡੇ ਨਹੁੰਆਂ ਵਾਲੀ ਹੈ, ਮੂੰਹ ਵਿਚੋਂ ਅੱਗਾਂ ਬਹੁਤ ਲਾਟਾਂ ਕੱਢਣ ਵਾਲੀ ਹੈ॥ ੨੩॥

ਇੱਤਜਾਦਿਕ ਧਰਿ ਧਜਾਨ ਦੁਹਨ ਕੋ। ਥਿਰਤਾ ਦੇ ਕਰਿ ਚੰਚਲ ਮਨ ਕੋ।
ਹਮਨ ਕਰਤਿ ਉਠਿ ਲਾਟ ਉਚੇਰੀ। ਸੌਜ ਘ੍ਰਿਤਾਦਿਕ ਪਰਤਿ ਘਨੇਰੀ॥ ੨੪॥

ਇਸ ਪ੍ਰਕਾਰ ਦੋਵਾਂ ਦੇਵੀਆਂ ਦਾ ਧਿਆਨ ਧਾਰਨ ਕੀਤਾ ਤੇ ਚੰਚਲ ਮਨ ਨੂੰ ਸਥਿਰ ਕੀਤਾ। ਹਵਨ ਕਰਦਿਆਂ ਬਹੁਤ ਉੱਚੀ ਲਾਟਾਂ ਉਠਦੀਆਂ ਸਨ। ਘਿਉ ਆਦਿ ਦੀ ਸਮੱਗਰੀ ਬਹੁਤ ਪੈਂਦੀ ਸੀ॥ ੨੪॥

ਪ੍ਰਥਮ ਦਿਵਸ ਬੈਠੇ ਇਕ ਆਸਨ। ਏਕ ਆਸ ਬਿਨ ਦੂਜੀ ਆਸ ਨ।
ਪਾਂਚ ਪਹਿਰ ਲਗਿ ਇਕ ਸ਼੍ਰਮ ਕੀਨੋ। ਹੋਤਿ ਨਿਰੰਤਰ ਹੋਮ ਪ੍ਰਬੀਨੋ॥ ੨੫॥

ਪਹਿਲੇ ਦਿਨ ਇਕ ਆਸਣ 'ਤੇ ਬੈਠੇ, ਇਕ ਆਸ ਤੋਂ ਬਿਨਾਂ ਜਿਨ੍ਹਾਂ ਨੂੰ ਕੋਈ ਦੂਸਰੀ ਆਸ ਨਹੀਂ ਸੀ। ਪੰਜ ਪਹਿਰ ਤੱਕ ਇਹ ਕੰਮ ਕੀਤਾ, ਲਗਾਤਾਰ ਪ੍ਰਬੀਨ ਹਵਨ ਹੁੰਦਾ ਰਿਹਾ॥ ੨੫॥

ਸਹਿਤ ਮੰਤ੍ਰ ਕੇ ਜੇਤਿਕ ਭਯੋ। ਤੇਤਕਿ ਸੌਜ ਹਮਨ ਕਰਿ ਦਯੋ।
ਬਿੱਪ੍ਰ ਸਮੇਤ ਉਠੇ ਪ੍ਰਭੁ ਫੇਰ। ਕਰਿ ਅਰਾਮ ਨਿਸ ਭਈ ਸਬੇਰ॥ ੨੬॥

ਮੰਤਰਾਂ ਸਹਿਤ ਜਿੰਨਾ ਹਵਨ ਹੋਇਆ, ਓਨੀ ਸਮੱਗਰੀ ਹਵਨ ਕਰ ਦਿੱਤੀ। ਫਿਰ ਬ੍ਰਾਹਮਣ ਸਹਿਤ ਪ੍ਰਭੁ ਜੀ ਉੱਠੇ ਤੇ ਆਰਾਮ ਕੀਤਾ ਤੇ ਫਿਰ ਰਾਤ ਤੋਂ ਸਵੇਰ ਹੋ ਗਈ॥ ੨੬॥

ਸੌਚ ਸ਼ਨਾਨ ਠਾਨਿ ਗੁਰ ਤਹਾਂ। ਤਿਮਹੀ ਬਿੱਪ੍ਰ ਕਰੀ ਸੁਧ ਮਹਾਂ।
ਬਹੁਰ ਬੈਠਿ ਕਰਿ ਤਿਸ ਹੀ ਆਸਨ। ਕਰਨਿ ਲਗੇ ਸ੍ਰੀ ਚੰਡਿ ਉਪਾਸਨ ॥੨੭॥

ਉਥੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ, ਉਸ ਤਰ੍ਹਾਂ ਹੀ ਬ੍ਰਾਹਮਣ ਨੇ ਆਪਣੇ ਆਪ ਨੂੰ ਸ਼ੁਧ ਕੀਤਾ। ਫਿਰ ਉਸੇ ਹੀ ਆਸਣ ਤੇ ਬੈਠ ਗਏ ਤੇ ਚੰਡੀ ਦੀ ਪੂਜਾ ਕਰਨ ਲੱਗੇ॥ ੨੭॥

ਮੰਤ੍ਰਨਿ ਕੋ ਉਚਾਰ ਬਹੁ ਬਾਰੀ। ਕਰ ਪੰਕਜ ਤੇ ਆਹੁਤਿ ਡਾਰੀ।
ਉਠਤਿ ਧੂਮ ਬਹੁ ਚਢਯੋ ਅਕਾਸ਼ਾ। ਤਿਲ ਘ੍ਰਿਤ ਪਰੇ ਸੁ ਲਾਟ ਪ੍ਰਕਾਸ਼ਾ ॥੨੮॥

ਮੰਤਰਾਂ ਨੂੰ ਬਹੁਤ ਵਾਰ ਉਚਾਰ ਕੇ, ਕਰ ਕੰਵਲਾਂ ਨਾਲ ਅਹੂਤੀ ਪਾਈ। ਬਹੁਤ ਧੂਆਂ ਉੱਠ ਕੇ ਅਕਾਸ਼ 'ਤੇ ਚੜ੍ਹ ਗਿਆ, ਤਿਲ ਅਤੇ ਘਿਉ ਪੈਣ ਨਾਲ ਵੱਡੀ ਲਾਟ ਪ੍ਰਕਾਸ਼ ਕਰਦੀ ਸੀ॥ ੨੮॥

ਕੇਸ਼ਵ ਦਾਸ ਪਠਹਿ ਮੁਖ ਜਯੋਂ ਜਯੋਂ। ਪਾਇਂ ਅਹੂਤੀ ਸ੍ਰੀ ਪ੍ਰਭੁ ਤਯੋਂ ਤਯੋਂ।
ਆਸਨ ਸਾਧਿ ਏਕ ਰਸੁ ਬੈਸੇ। ਚੰਡਿ ਪਰਾਯਨ ਕਰਿ ਮਨ ਤੈਸੇ॥ ੨੯॥

ਕੇਸ਼ਵ ਦਾਸ ਮੂੰਹ ਵਿਚੋਂ ਜਿਵੇਂ-ਜਿਵੇਂ ਪੜ੍ਹਦਾ ਸੀ, ਤਿਵੇਂ-ਤਿਵੇਂ ਗੁਰੂ ਜੀ ਅਹੂਤੀ ਪਾਈ ਜਾਂਦੇ ਸਨ। ਆਸਣ ਲਾ ਕੇ ਜਿਵੇਂ ਇਕ ਰਸ ਬੈਠ ਗਏ, ਤਿਵੇਂ ਚੰਡੀ ਆਸਰੇ ਮਨ ਨੂੰ ਕਰਦੇ ਸਨ॥ ੨੯॥

ਨਿੰਦ੍ਰਾ, ਛੁਧਾ, ਗਿਰਾ ਨਿਜ ਜੀਤ। ਆਸਨ ਬੈਠੇ ਪਰਮ ਪੁਨੀਤ।
ਪ੍ਰਥਮ ਦਿਵਸ ਜਿਵ ਦੂਸਰ ਦਿਨ ਕੋ। ਕਰੀ ਸੁ ਕ੍ਰਿੱਤ ਸਥਿਰ ਕਰਿ ਮਨ ਕੋ ॥੩੦॥

ਨੀਂਦ, ਭੁੱਖ ਅਤੇ ਆਪਣੇ ਬੋਲਾਂ ਨੂੰ ਜਿੱਤ ਕੇ ਪਰਮ ਪੁਨੀਤ ਸਤਿਗੁਰੂ ਜੀ ਆਸਣ ਉੱਤੇ ਬੈਠੇ ਸਨ। ਪਹਿਲੇ ਦਿਨ ਵਾਂਗ ਦੂਸਰੇ ਦਿਨ ਵੀ ਮਨ ਨੂੰ ਸਥਿਰ ਕਰਕੇ ਕ੍ਰਿਤ ਕੀਤੀ॥ ੩੦॥

ਪੰਚ ਜਾਮ ਲੌ ਹੋਮ ਅਰੰਭਾ। ਦਾਸ ਬਿਲੋਕਤਿ ਭਏ ਅਚੰਭਾ।
ਸੁਖੀ ਆਰਬਲ ਸਕਲ ਬਿਤਾਈ। ਕਠਨ ਕ੍ਰਿਆ ਇਕ ਬਾਰਿ ਉਠਾਈ॥ ੩੧॥

ਪੰਜ ਪਹਿਰ ਤਕ ਹਵਨ ਕੀਤਾ, ਸੇਵਕ ਵੇਖ ਕੇ ਹੈਰਾਨ ਰਹਿ ਗਏ। ਸਾਰੀ ਉਮਰ ਸੁੱਖਾਂ ਨਾਲ ਬਤੀਤ ਕੀਤੀ ਹੈ, ਕਠਨ ਕ੍ਰਿਆ ਇਸ ਸਮੇਂ ਕਰ ਰਹੇ ਹਨ॥ ੩੧॥

ਭੂਮ ਸੇਜ ਕਰਿ, ਭੋਜਨ ਬਰਜਯੋ। ਪੰਚ ਪਹਿਰ ਲਗਿ ਬੈਠਨ ਸਿਰਜਯੋ।
ਏਕ ਜਾਮੁ ਜਬਿ ਨਿਸਾ ਬਿਤਾਈ। ਕਰਨਿ ਅਰਾਮ ਉਠੇ ਗੋਸਾਈਂ॥ ੩੨॥

ਭੁੰਜੇ ਸੌਂਦੇ ਹਨ, ਭੋਜਨ ਖਾਣਾ ਮਨ੍ਹਾਂ ਕੀਤਾ ਹੈ, ਪੰਜ ਪਹਿਰ ਤਕ ਲਗਾਤਾਰ ਬੈਠਦੇ ਹਨ। ਇਕ ਪਹਿਰ ਜਦ ਰਾਤ ਬਤੀਤ ਕੀਤੀ ਤਾਂ ਆਰਾਮ ਕਰਨ ਵਾਸਤੇ ਗੁਰੂ ਜੀ ਉੱਠੇ॥ ੩੨॥

ਕੁਛ ਫਿਰ ਕਰਿ ਇਤ ਉਤ ਤਿਸ ਥਾਨ। ਪੌਢੇ ਬਿਨਾ ਨੀਂਦ ਭਗਵਾਨ।
ਦੇਵੀ ਰੂਪ ਬਿਖੈ ਲਿਵ ਲਾਗੀ। ਛੁਧਾ ਪਿਪਾਸਾ ਨਿੰਦ੍ਰਾ ਤਯਾਗੀ॥ ੩੩॥

ਏਧਰ ਓਧਰ ਕੁਝ ਥਾਵਾਂ ਤੇ ਫਿਰ ਕੇ, ਗੁਰੂ ਜੀ ਬਿਨਾਂ ਨੀਂਦ ਤੋਂ ਲੰਮੇ ਪੈ ਗਏ। ਦੇਵੀ ਰੂਪ ਵਿਚ ਲਿਵ ਲੱਗੀ ਸੀ, ਭੁੱਖ ਪਿਆਸ ਤੇ ਨੀਂਦ ਛੱਡ ਦਿੱਤੀ ਸੀ॥ ੩੩॥

ਪੁਨ ਪ੍ਰਭਾਤਿ ਉਠਿ ਸੌਚ ਸ਼ਨਾਨੇ। ਬੈਠਿ ਹਮਨ ਕੀ ਕ੍ਰਿਤ ਕੋ ਠਾਨੇ।
ਦਿਜਬਰ ਤੇ ਕ੍ਰਿਤ ਹੋਇ ਨ ਏਤੀ। ਕਰਤਿ ਹਮਨ ਪ੍ਰਭੁ ਪਠਿ ਕਰਿ ਤੇਤੀ ॥੩੪॥

ਫਿਰ ਸਵੇਰੇ ਉੱਠ ਕੇ ਸੌਚ ਇਸ਼ਨਾਨ ਕੀਤਾ। ਫਿਰ ਬੈਠ ਕੇ ਹਵਨ ਦੀ ਕ੍ਰਿਤ ਕਰਨ ਲੱਗ ਗਏ। ਬ੍ਰਾਹਮਣ ਪਾਸੋਂ ਏਨੀ ਕ੍ਰਿਤ ਹੁੰਦੀ ਨਹੀਂ ਸੀ। ਹਵਨ ਕਰਦੇ ਹੋਏ ਗੁਰੂ ਜੀ ਆਪ ਮੰਤਰ ਪੜ੍ਹ ਦਿੰਦੇ ਸਨ॥ ੩੪॥

*ਨੋਟ :- ਜੇ ਬ੍ਰਾਹਮਣ ਵਿਚ ਤਪੱਸਿਆ ਕਰਨ ਦਾ ਬਲ ਹੀ ਮੌਜੂਦ ਨਹੀਂ ਸੀ ਤਾਂ ਉਹ ਪਹਿਲਾਂ ਦੇਵੀ ਪ੍ਰਗਟ ਕਰਨ ਦਾ ਮਾਣ ਕਿਸ ਗੱਲ ਤੇ ਕਰਦਾ ਸੀ ਤੇ ਸਵਾ ਲੱਖ ਰੁਪਏ ਉਹ ਮਿਹਨਤਾਨੇ ਦੇ ਤੌਰ ਤੇ ਮੰਗਦਾ ਸੀ।*

**ਇਸੀ ਪ੍ਰਕਾਰ ਕਿਤਿਕ ਦਿਨ ਕਰਨੀ। ਕਰੀ ਬਿਖਮ ਤਪ ਤੇ ਜਿਮ ਬਰਨੀ।**
**ਹਮਨ ਵਸਤੁ ਸਗਰੀ ਚਲਿ ਆਵੈ। ਧਰੇ ਮੌਨ ਸੇਵਕ ਧਰਿ ਜਾਵੈ॥ ੩੫॥**

ਇਸ ਪ੍ਰਕਾਰ ਕਈ ਦਿਨ ਹਵਨ ਕੀਤਾ। ਜਿਵੇਂ ਵਰਣਨ ਕੀਤਾ ਹੈ, ਕਈ ਦਿਨ ਕਠਨ ਤਪੱਸਿਆ ਨਾਲ ਕ੍ਰਿਤ ਕਰਨੀ ਹੈ। ਹਵਨ ਦੀਆਂ ਵਸਤਾਂ ਸਭ ਚਲੀਆਂ ਆਉਂਦੀਆਂ ਸਨ। ਸੇਵਕ ਮੌਨ ਧਾਰ ਕੇ ਰੱਖ ਜਾਂਦੇ ਸਨ॥ ੩੫॥

**ਘ੍ਰਿਤ ਸੈਂਕਰੇ ਮਨ ਪਹੁਚੈ ਹੈ। ਤਿਲ, ਜਵ, ਮੇਵਾ, ਤੰਦੁਲ ਲਜੈਹੈਂ।**
**ਬਹੁ ਸਰਕਰਾ ਆਨਿ ਕਰਿ ਧਰੈਂ। ਬਿੱਪ੍ਰ ਹੁਕਮ ਤੇ ਮੇਲਨਿ ਕਰੈਂ॥ ੩੬॥**

ਸੈਂਕੜੇ ਮਣ ਘਿਉ ਪਹੁੰਚਦਾ ਹੈ, ਤਿਲ, ਜੌਂ, ਮੇਵੇ ਅਤੇ ਚਾਵਲ ਲੈਂਦੇ ਹਨ। ਬਹੁਤ ਖੰਡ ਲਿਆ ਕੇ ਧਰਦੇ ਹਨ। ਪੰਡਿਤ ਦਾ ਹੁਕਮ ਸੁਣ ਕੇ ਵਸਤਾਂ ਪਹੁੰਚਾ ਦਿੰਦੇ ਸਨ॥ ੩੬॥

**ਬਾਸਨ ਭਰੇ ਉਠਾਵੈਂ ਦੋਊ। ਜਾਇ ਟਿਕਾਵੈਂ ਗੁਰ ਢਿਗ ਸੋਊ।**
**ਪਰਹਿ ਅਹੂਤੀ ਹੋਇ ਸੁ ਰੀਤੇ। ਤਿਮ ਹੀ ਭਰੈਂ ਸੌਜ ਜਿਮ ਕੀਤੇ॥ ੩੭॥**

ਦੋ ਸੇਵਕ ਭਰੇ ਹੋਏ ਬਰਤਨ ਚੁਕਦੇ ਸਨ ਤੇ ਗੁਰੂ ਜੀ ਪਾਸ ਜਾ ਕੇ ਟਿਕਾ ਦਿੰਦੇ ਸਨ। ਪਦਾਰਥ ਅਹੂਤੀ ਵਿਚ ਪੈ ਜਾਂਦੇ ਸਨ ਤੇ ਬਰਤਨ ਖਾਲੀ ਹੋ ਜਾਂਦੇ ਸਨ, ਫਿਰ ਸਮੱਗਰੀ ਨਾਲ ਉਸ ਤਰ੍ਹਾਂ ਹੀ ਭਰ ਦਿੰਦੇ ਹਨ ਜਿਵੇਂ ਕਿ ਖਾਲੀ ਕੀਤਾ ਸੀ॥ ੩੭॥

**ਜਿਤਿਕ ਪ੍ਰਮਾਣ ਅਹੂਤੀ ਕੇਰਾ। ਲੇਹਿਂ ਤਿਤਿਕ ਨਹਿਂ ਘਾਟ ਘਨੇਰਾ।**
**ਮੁਖ ਤੇ ਪੜਹਿਂ ਮੰਤ੍ਰ ਕੋ ਜਬੈ। ਅੰਤ੍ਰ ਅਹੂਤੀ ਡਾਰੈਂ ਤਬੈ॥ ੩੮॥**

ਜਿੰਨਾ ਅਹੂਤੀ ਦਾ ਅੰਦਾਜ਼ਾ ਹੁੰਦਾ ਸੀ, ਓਨਾ ਲੈ ਲੈਂਦੇ ਸਨ, ਘੱਟ ਨਹੀਂ ਸੀ ਦਿੰਦੇ। ਜਦ ਮੁਖ ਤੋਂ ਮੰਤਰ ਪੜ੍ਹਦੇ ਸਨ ਤਾਂ ਅੰਤ ਕੁੰਡ ਵਿਚ ਅਹੂਤੀ ਪਾਉਂਦੇ ਸਨ॥ ੩੮॥

**ਇਸੀ ਰੀਤਿ ਕਰਤੇ ਪ੍ਰਭੁ ਰਹੇ। ਬਿਦਤਿ ਜਗਤ ਮਹਿਂ ਜਿਤ ਕਿਤ ਲਹੇ।**
**ਜਿਤਿਕ ਬਿੱਪ੍ਰ ਤੇ ਬੈਠਜੋ ਜਾਇ। ਤਿਤਿਕ ਕਰਾਇ ਬਹੁਰ ਉਠਿ ਜਾਇ॥ ੩੯॥**

ਇਸ ਪ੍ਰਕਾਰ ਗੁਰੂ ਜੀ ਕਰਦੇ ਰਹੇ, ਜਿੱਥੇ ਕਿੱਥੇ ਜਗਤ ਵਿਚ ਪ੍ਰਗਟ ਹੋ ਗਿਆ। ਜਿੰਨਾ ਚਿਰ ਪੰਡਿਤ ਪਾਸੋਂ ਬੈਠਾ ਜਾਂਦਾ ਸੀ ਬੈਠਦਾ ਸੀ, ਓਨਾਂ ਚਿਰ ਹੋਮ ਕਰਵਾਉਂਦਾ ਸੀ, ਫਿਰ ਉੱਠ ਜਾਂਦਾ ਸੀ॥ ੩੯॥

*ਨੋਟ : ਏਥੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬ੍ਰਾਹਮਣ ਵਿਚ ਦੇਵੀ ਪ੍ਰਗਟ ਕਰਨ ਦਾ ਕੋਈ ਉਤਸ਼ਾਹ ਨਹੀਂ ਸੀ, ਉਸ ਨੂੰ ਤਾਂ ਕੇਵਲ ਦੱਛਣਾ ਲੈਣ ਦਾ ਹੀ ਸ਼ੌਕ ਸੀ।*

**ਪ੍ਰਭੁ ਇਕ ਆਸਨ ਪ੍ਰਾਤੀ ਬੈਸੇ। ਜਾਮ ਰਾਤਿ ਲੌ ਇਸਥਿਰੁ ਤੈਸੇ।**
**ਪਠਨਿ ਹਮਨ, ਮਨ ਕਰਿਬੋ ਧ੍ਯਾਨ। ਏਕਲ ਕਰਤੇ ਗੁਰ ਭਗਵਾਨ॥ ੪੦॥**

ਗੁਰੂ ਜੀ ਇਕ ਆਸਣ ਤੇ ਬੈਠੇ ਰਹਿੰਦੇ ਸਨ, ਇਕ ਪਹਿਰ ਰਾਤ ਤਕ ਉਸ ਤਰ੍ਹਾਂ ਹੀ ਸਥਿਤ ਰਹਿੰਦੇ ਸਨ। ਮੰਤਰ ਪੜ੍ਹ ਕੇ ਮਨ ਨੂੰ ਧਿਆਨ ਵਿਚ ਲਾਉਂਦੇ ਸਨ, ਗੁਰੂ ਭਗਵਾਨ ਜੀ ਇਕੱਲੇ ਹੀ ਕਰਦੇ ਸਨ॥ ੪੦॥

ਦੋਹਰਾ- ਏਕ ਅਰਾਧਨ ਚੰਡਿਕਾ ਭਏ ਪਰਾਯਨ ਧੀਰ।
ਬਿਦਤਹਿ ਦੈਬੇ ਹੇਤੁ ਬਰ ਪੰਥ ਕਰਨ ਕੋ ਬੀਰ॥ ੪੧॥

ਸਤਿਗੁਰੂ ਧੀਰਜਵਾਨ ਜੀ ਇਕ ਚੰਡੀ ਦੀ ਅਰਾਧਣਾ ਦੇ ਆਸਰੇ ਹੋ ਗਏ। ਸੂਰਬੀਰ ਪੰਥ ਦੀ ਰਚਣਾ ਕਰਨ ਵਾਸਤੇ ਪ੍ਰਗਟ ਕਰਕੇ ਦੇਵੀ ਪਾਸੋਂ ਵਰ ਲੈਣਾ ਚਾਹੁੰਦੇ ਹਨ॥ ੪੧॥

*ਤੀਸਰੀ ਰੁੱਤ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥*

## ਅਧਿਆਇ ਅਠਵਾਂ

*ਸ਼ਿਕਾਰ, ਹਮਨ*

ਦੋਹਰਾ-ਪੰਚ ਪਹਿਰ ਲੌ ਕਿਤਿਕ ਦਿਨ ਕਰਿ ਕੈ ਹਮਨ ਪ੍ਰਕਾਰ।
ਸਵਾ ਪਹਿਰ ਕੋ ਨੇਮ ਪੁਨ ਕੀਨਿਸਿ ਬਿੱਪ੍ਰ ਉਚਾਰਿ॥ ੧॥

ਪੰਜ ਪਹਿਰ ਤਕ ਕਈ ਦਿਨ ਉਸੇ ਪ੍ਰਕਾਰ ਹਵਨ ਚਲਦਾ ਰਿਹਾ। ਫਿਰ ਸਵਾ ਪਹਿਰ ਦਾ ਨੇਮ, ਬ੍ਰਾਹਮਣ ਨੇ ਉਚਾਰਨ ਕਰਕੇ ਕਿਹਾ॥ ੧॥

ਚੌਪਈ- 'ਸ੍ਰੀ ਪ੍ਰਭੁ ! ਕਿਰਤ ਘਨੀ ਇਹ ਜਾਨੋ। ਲਾਖਹੁੰ ਪਰੈਂ ਅਹੂਤੀ ਮਾਨੋ।
ਇਤੋ ਬਿਖਮ ਤਪੁ ਕਰੀਅਹਿ ਨਾਹਿ ਨ। ਸਨੇ ਸਨੇ ਪੁਰਵਹੁ ਨਿਜ ਚਾਹਿਨ ॥੨॥

"ਹੇ ਗੁਰੂ ਜੀ ! ਇਹ ਕਿਰਤ ਬਹੁਤ ਵੱਡੀ ਜਾਣੋ, ਇਸ ਵਿਚ ਅਹੂਤੀਆਂ ਪੈਣੀਆਂ ਹਨ। ਏਨਾ ਔਖਾ ਤੱਪ ਨਾ ਕਰੀਏ, ਹੌਲੀ-ਹੌਲੀ ਆਪਣੀ ਚਾਹਿਤ ਪੂਰੀ ਕਰੋ" ॥ ੨॥

*ਨੋਟ :- ਬ੍ਰਾਹਮਣ ਆਪੇ ਪਹਿਲਾਂ ਅਹੂਤੀ ਕਰਨ ਦਾ ਇਕ ਨੇਮ ਬਣਾਉਂਦਾ ਹੈ, ਬਾਅਦ ਵਿਚ ਆਪੇ ਉਸ ਨੇਮ ਨੂੰ ਤੋੜਨਾ ਚਾਹੁੰਦਾ ਹੈ, ਜਿਸ ਤੋਂ ਇਹ ਸਪਸ਼ਟ ਹੈ ਕਿ ਬ੍ਰਾਹਮਣ ਨੂੰ ਦੇਵੀ ਪ੍ਰਗਟ ਕਰਨ ਨਾਲ ਕੋਈ ਦਿਲਚਸਪੀ ਨਹੀਂ।*

ਪੁਨ ਸਤਿਗੁਰ ਕਰਿ ਸੌਚ ਸ਼ਨਾਨ। ਸਵਾ ਪਹਿਰ ਬੈਠੈਂ ਇਕ ਥਾਨ।
ਪਰੈ ਅਹੂਤੀ ਜੇਤਿਕ ਜਬੈ। ਮੰਤ੍ਰ ਪਠਨ ਕਰਿ ਹੋਮਹਿਂ ਤਬੈ॥ ੩॥

ਫਿਰ ਸਤਿਗੁਰੂ ਜੀ ਸੌਚ ਇਸ਼ਨਾਨ ਕਰਕੇ ਸਵਾ ਪਹਿਰ ਇਕ ਸਥਾਨ ਤੇ ਬੈਠਦੇ ਹਨ। ਜਦ ਅਹੂਤੀ ਪੈਂਦੀ ਸੀ ਤਾਂ ਮੰਤਰ ਪੜ੍ਹ ਕੇ ਹਵਨ ਕਰਦੇ ਸਨ॥ ੩॥

ਅਲਪ ਅਹਾਰ ਕਰਹਿਂ ਪ੍ਰਭੁ ਨੀਤ। ਪਾਇਸੁ ਆਦਿ ਸ਼ਾਂਤਕੀ ਚੀਤ।
ਨਹਿਂ ਬਹੁ ਬੋਲੈਂ ਨਿਸ ਦਿਨ ਮਾਂਹੀ। ਚਿਤਵੈਂ ਚੰਡੀ ਚਿਤ,ਅਨ ਨਾਂਹੀ॥੪॥

ਪ੍ਰਭੂ ਜੀ ਨਿਤ ਬਹੁਤ ਥੋੜ੍ਹਾ ਭੋਜਨ ਛੱਕਦੇ ਸਨ। ਚਿੱਤ ਨੂੰ ਸਤੋਗੁਣ ਰੱਖਣ ਵਾਲੀ ਖੀਰ ਆਦਿ ਸੂਖਮ ਭੋਜਨ ਛਕਦੇ ਸਨ। ਦਿਨ ਰਾਤ ਬਹੁਤ ਘੱਟ ਬੋਲਦੇ ਸਨ, ਚਿੱਤ ਵਿਚ ਚੰਡੀ ਨੂੰ ਚਿਤਾਰਦੇ ਸਨ, ਹੋਰ ਕਿਸੇ ਨੂੰ ਨਹੀਂ॥ ੪॥

ਇਕ ਦਿਨ ਪ੍ਰਭੂ ਪਾਛਲੇ ਜਾਮੂ। ਸੁੱਖਾ ਛਕਿ ਅਫੀਮ ਸੁਖ ਧਾਮੂ।
ਸੌਚ ਸ਼ਨਾਨ ਠਾਨਿ ਕਰਿ ਚਹਜੋ। ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹਜੋ॥੫॥

ਉਪਰੋਕਤ ਚੌਪਦੀ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਦੀ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

**'ਹਯ ਪਰ ਜ਼ੀਨ ਪਾਇ ਤਤਕਾਲਹਿ। ਆਨਹੁੰ ਨਿਕਟ ਅਖੇਰਹਿ ਚਾਲਹਿਂ'।**
**ਸੁਨਤਿ ਦਾਸ ਆਨਜੋ ਕਰਿ ਤਜਾਰ। ਤਤਛਿਨ ਭਏ ਪ੍ਰਭੁ ਅਸਵਾਰ॥ ੬॥**

ਗੁਰੂ ਜੀ ਨੇ ਕਿਹਾ, "ਘੋੜੇ ਉੱਤੇ ਤੁਰਤ ਕਾਠੀ ਪਾਵੋ, ਮੇਰੇ ਪਾਸ ਲਿਆਵੋ ਸ਼ਿਕਾਰ ਖੇਡਣ ਚਲਾਂਗੇ।" ਇਹ ਸੁਣ ਕੇ ਸੇਵਕ ਘੋੜਾ ਤਿਆਰ ਕਰਕੇ ਲੈ ਆਇਆ ਤੇ ਪ੍ਰਭੂ ਜੀ ਤੁਰਤ ਘੋੜੇ 'ਤੇ ਸਵਾਰ ਹੋ ਗਏ॥ ੬॥

**ਗਏ ਬਿਪਨ ਕੋ ਗਹਿਵਰ ਜਬੈ। ਜੋਧਾ ਸੰਗ ਹਯਨ ਚਢਿ ਤਬੈ।**
**ਕਰੀ ਅਖੇਰ ਬ੍ਰਿੱਤ ਮ੍ਰਿਗ ਮਾਰੇ। ਜਾਤਿ ਪਲਾਏ ਤੀਰ ਪ੍ਰਹਾਰੇ॥ ੭॥**

ਜਦ ਸੰਘਣੇ ਜੰਗਲ ਵਿਚ ਚਲੇ ਗਏ ਤਾਂ ਕਈ ਯੋਧੇ ਵੀ ਘੋੜਿਆਂ ਤੇ ਸਵਾਰ ਹੋ ਕੇ ਨਾਲ ਚਲ ਪਏ। ਸ਼ਿਕਾਰ ਖੇਡ ਕੇ ਕਈ ਹਿਰਨ ਮਾਰੇ, ਘੋੜਿਆਂ ਨੂੰ ਭਜਾ ਕੇ ਤੀਰ ਮਾਰੇ॥ ੭॥

**ਕਾਨਨ ਕੋ ਅਵਿਗਾਹਿਨ ਕਰਿਕੈ। ਜੁਰਰੇ ਬਾਜ ਉਡਾਏ ਧਰਿਕੈ।**
**ਲਗਰ, ਝਗਰ, ਬਾਸ਼ੇ ਅਰੁ ਸ੍ਵਾਨ। ਚੀਤਨ ਕੇ ਕਰਿ ਖੇਲ ਮਹਾਨ॥ ੮॥**

ਜੰਗਲ ਨੂੰ ਗਾਹ ਕੇ, ਜੁਰਰੇ ਬਾਜ ਉਡਾਏ, ਹੋਰ ਸ਼ਿਕਾਰੀ ਪੰਛੀ ਲਗਰ, ਝਗਰ, ਬਾਸ਼ੇ ਅਤੇ ਕੁੱਤੇ ਛੱਡੇ। ਚੀਤਿਆਂ ਦੀਆਂ ਮਹਾਨ ਖੇਡਾਂ ਖੇਡੀਆਂ॥ ੮॥

**ਘਟਿਕਾ ਦਿਵਸ ਰਹੇ ਤਬਿ ਆਏ। ਆਨੰਦ ਪੁਰਿ ਆਨੰਦ ਉਪਜਾਏ।**
**ਕਰੇ ਬਿਲੋਕਨਿ ਕੇਸ਼ਵ ਦਾਸ। ਗਨ ਜੀਵਨ ਕੋ ਕੀਨਿ ਬਿਨਾਸ਼॥ ੯॥**

ਜਦ ਇਕ ਘੜੀ ਦਿਨ ਰਹਿੰਦਾ ਸੀ, ਤਦ ਸ਼ਿਕਾਰ ਖੇਡ ਕੇ ਵਾਪਸ ਆਏ। ਆਨੰਦਪੁਰ ਵਿਚ ਆਨੰਦ ਉਪਜਾਇਆ। ਫਿਰ ਕੇਸ਼ਵ ਦਾਸ ਨੇ ਉਨ੍ਹਾਂ ਨੂੰ ਵੇਖਿਆ, ਬਹੁਤ ਜੀਵਾਂ ਦਾ ਵਿਨਾਸ਼ ਕੀਤਾ ਹੈ॥ ੯॥

**ਕੋਲ ਸਸੇ ਇੱਤਜਾਦਿਕ ਮਾਰੇ। ਤੀਤਰ, ਲਵੇ, ਬਟੇਰ ਪ੍ਰਹਾਰੇ।**
**ਬੰਧ ਮਤੰਗਨਿ ਪਰ ਲਟਕਾਏ। ਹਯਨਿ ਕੁੰਜ ਕੇ ਭਟ ਗਨ ਲਜਾਏ॥ ੧੦॥**

ਸੂਰ, ਸਹੇ ਇਸ ਪ੍ਰਕਾਰ ਮਾਰੇ ਹਨ, ਤਿੱਤਰ, ਲਵੇ ਅਤੇ ਬਟੇਰੇ ਖਤਮ ਕੀਤੇ ਹਨ। ਬੰਨ੍ਹ ਕੇ ਹਾਥੀਆਂ ਨਾਲ ਲਟਕਾਏ ਸਨ। ਘੋੜਿਆਂ ਦੀਆ ਕਾਠੀਆਂ ਦੇ ਕੁੰਡਿਆਂ ਨਾਲ ਸੂਰਬੀਰਾਂ ਨੇ ਲਟਕਾਏ ਸਨ॥ ੧੦॥

**ਬ੍ਰਿੰਦ ਜੀਵ ਮ੍ਰਿਤੁ ਪੇਖੇ ਜਬੈ। ਕ੍ਰਿਪਾ ਅਧੀਨ ਭਯੋ ਦਿਜ ਤਬੈ।**
**ਦਰਸ਼ਨ ਕਰਨ ਸਮਾ ਨਿਜ ਜਾਨੇ। ਚਲਿ ਆਯੋ ਸਤਿਗੁਰ ਜਿਸ ਥਾਨੇ॥ ੧੧॥**

ਜਦ ਬ੍ਰਾਹਮਣ ਨੇ ਬਹੁਤ ਜੀਵਾਂ ਨੂੰ ਮਰੇ ਵੇਖਿਆ ਤਾਂ ਬ੍ਰਾਹਮਣ ਕਿਰਪਾ ਅਧੀਨ ਹੋ ਗਿਆ। ਦਰਸ਼ਨ ਕਰਨ ਦਾ ਆਪਣਾ ਸਮਾਂ ਜਾਣ ਕੇ, ਉਥੇ ਚਲ ਕੇ ਆ ਗਿਆ ਜਿੱਥੇ ਸਤਿਗੁਰੂ ਜੀ ਮੌਜੂਦ ਸਨ॥ ੧੧॥

**ਆਸ਼ਿਖ ਬਾਦ ਉਚਾਰਨਿ ਕਰਜੋ। ਹੁਕਮ ਪਾਇ ਚੌਂਕੀ ਪਰ ਥਿਰਜੋ।**
**ਲਖਿ ਅਵਸਰ ਕੋ ਬਾਕ ਬਖਾਨਾ। 'ਨ੍ਰਿਪ ਕੋ ਸੇਵਨ ਕਠਨ ਮਹਾਨਾ॥ ੧੨॥**

ਬ੍ਰਾਹਮਣ ਨੇ ਅਸੀਸ ਦੇਣ ਬਾਅਦ ਉਚਾਰਨ ਕੀਤਾ। ਹੁਕਮ ਪਾ ਕੇ ਚੌਂਕੀ ਤੇ ਬੈਠ ਗਿਆ, ਮੌਕਾ ਸਮਝ ਕੇ ਬੋਲਿਆ "ਰਾਜੇ ਦੀ ਨੌਕਰੀ ਕਰਨੀ ਬੜੀ ਕਠਨ ਹੈ॥ ੧੨॥

ਤਊ ਜਿ ਕੁਛ ਬੂਝਜੋ ਨ੍ਰਿਪ ਚਹੈ। ਮਤਿ ਅਨੁਸਾਰ ਸੁਮਤਿ ਤਬਿ ਕਹੈ।
ਬਿਨਾ ਬੂਝਿਬੇ ਕਹਨ ਨ ਬਨੈ। ਨਹਿਂ ਸਨਮਾਨਹਿ, ਜੇ ਇਮ ਭਨੈ ॥੧੩॥

ਫਿਰ ਵੀ ਰਾਜਾ ਜੇ ਕੁਝ ਪੁੱਛਣਾ ਚਾਹੇ, ਆਪਣੀ ਮੱਤ ਅਨੁਸਾਰ ਫਿਰ ਸ੍ਰੇਸ਼ਟ ਸਲਾਹ ਦਿਆਂਗੇ। ਪੁੱਛਣ ਤੋਂ ਬਗੈਰ ਕਹਿਣਾ ਨਹੀਂ ਬਣਦਾ ਹੈ, ਜੇ ਇਸ ਤਰ੍ਹਾਂ ਕਹਿ ਦੇਵਾਂਗੇ ਤਾਂ ਸਨਮਾਨ ਨਹੀਂ ਹੋਵੇਗਾ॥ ੧੩॥

ਧੀਰ ਪੁਰਸ਼ ਕੀ ਹੈ ਅਸ ਚਾਲ। ਤਊ ਜਿ ਹੁਇ ਉਪਕਾਰ ਬਿਸਾਲ।
ਬਿਨਾ ਬੂਝਿਬੇ ਬੁੱਧਿਜਨ ਕਹੈਂ। ਮਾਨਹਿ ਨ੍ਰਿਪ ਕੈਧੌਂ ਨਹਿਂ ਚਹੈ॥ ੧੪॥

ਧੀਰਜਵਾਨ ਪੁਰਸ਼ ਦੀ ਐਸੀ ਚਾਲ ਹੈ। ਫਿਰ ਵੀ ਵੱਡਾ ਉਪਕਾਰ ਹੋਵੇ ਬਿਨਾਂ ਪੁੱਛੇ ਤੋਂ ਬੁੱਧੀਮਾਨ ਪੁਰਖ ਕਹਿ ਦਿੰਦੇ ਹਨ। ਰਾਜਾ ਮੰਨੇ ਜਾਂ ਨਾ ਚਾਹੇ॥ ੧੪॥

ਮਹਾਂ ਪ੍ਰਯੋਗ ਬਨੇ ਤੁਮ ਕਰਤਾ। ਬਿਘਨ ਨ ਪਰੈ, ਚਹੌਂ ਗਨ ਹਰਤਾ।
ਮੰਗਲ ਆਦਿ ਪੁੰਨ ਬਹੁ ਦਾਨ। ਕਰਿਬੇ ਬਨਹਿਂ ਕਾਜ ਸਿਧ ਠਾਨਿ॥ ੧੫॥

ਤੁਸੀਂ ਮਹਾਂ ਪ੍ਰਯੋਗ ਕਰ ਰਹੇ ਹੋ, ਮੈਂ ਚਾਹੁੰਦਾ ਹਾਂ ਕਿ ਸਾਰੇ ਵਿਘਨ ਨਾਸ਼ ਹੋਣ। ਪੁੰਨ ਦਾਨ ਕਰਨ ਦੇ ਬਹੁਤ ਮੰਗਲ ਆਦਿ ਹਨ। ਸਾਨੂੰ ਆਪਣਾ ਕਾਰਜ ਸਿੱਧ ਕਰਨਾ ਬਣਦਾ ਹੈ॥ ੧੫॥

ਤੁਮ ਗਨ ਮ੍ਰਿਗਨਿ ਪੰਛੀਅਨਿ ਘਾਯੋ। ਨਾਹਕ ਹਿੰਸਾ ਕਰਮ ਕਮਾਯੋ।
ਬਡ ਬੁਧਿਵੰਤਨ ਕੇ ਸਿਰਮੌਰ। ਰਿਦੇ ਬਿਚਾਰਹੁ ਹਰਿ ਸਿਰਮੌਰ॥ ੧੬॥

ਤੁਸੀਂ ਬਹੁਤ ਹਿਰਨਾਂ ਅਤੇ ਪੰਛੀਆਂ ਨੂੰ ਮਾਰਿਆ ਹੈ, ਵਿਅਰਥ ਹਿੰਸਾ ਦਾ ਕਰਮ ਕਮਾਇਆ ਹੈ, ਵੱਡੇ ਬੁਧੀਵਾਨਾਂ ਦੇ ਸਿਰਮੌਰ ਹੋ। ਹੇ ਸਾਰਿਆਂ ਦੇ ਸ਼ਿਰੋਮਣੀ ਹਰੀ ਜੀ! ਆਪਣੇ ਹਿਰਦੇ ਵਿਚ ਵਿਚਾਰ ਕਰੋ॥ ੧੬॥

ਸਭਿ ਜੀਵਨ ਮਹਿਂ ਬਜਾਪਜੋ ਸੋਇ। ਜਿਤਿਕ ਜਗਤ ਦੀਖਤਿ ਸਭਿ ਕੋਇ।
ਹਿੰਸਾ ਕਰਨੀ ਨਾਹਿਨ ਨੀਕੀ। ਜੋ ਤੁਮ ਕਰੀ ਖਗਨਿ ਮ੍ਰਿਗ ਜੀ ਕੀ॥ ੧੭॥

ਸਭ ਜੀਵਾਂ ਵਿਚ ਉਹ ਵਿਆਪਕ ਹੈ, ਜਿੰਨਾਂ ਸਾਰਾ ਇਹ ਜਗਤ ਵੇਖਦੇ ਹੋ। ਹਿੰਸਾ ਕਰਨੀ ਚੰਗੀ ਨਹੀਂ ਹੈ, ਜੋ ਤੁਸੀਂ ਪੰਛੀਆਂ ਅਤੇ ਹਿਰਨਾਂ ਨੂੰ ਮਾਰ ਕੇ ਕੀਤਾ ਹੈ॥ ੧੭॥

ਮੈਂ ਚਾਹੌਂ ਹੁਇ ਪੂਰ ਪ੍ਰਯੋਗ। ਨਾਂਹਿ ਤ ਕਰੈਂ ਹਾਸ ਸਭਿ ਲੋਗ।
ਦੇਵਿ ਅਰਾਧਨ ਤਤਪਰ ਰਹੀਅਹਿ। ਜਿਸ ਤੇ ਬਿਦਤਹਿ ਤਿਮ ਤੁਮ ਚਹੀਯਹਿ॥੧੮॥

ਮੈਂ ਚਾਹੁੰਦਾ ਹਾਂ ਆਪਣਾ ਪ੍ਰਯੋਗ ਪੂਰਾ ਹੋਵੇ, ਨਹੀਂ ਤਾਂ ਸਾਰੇ ਲੋਕ ਹਾਸਾ ਕਰਨਗੇ। ਕੇਵਲ ਦੇਵੀ ਦੀ ਅਰਾਧਣਾ ਵਿਚ ਤਤਪਰ ਰਹੋ, ਜਿਸ ਨੂੰ ਪ੍ਰਗਟ ਕਰਨਾ ਤੁਸੀਂ ਚਾਹੁੰਦੇ ਹੋ॥ ੧੮॥

ਹਿੰਸਾ ਕੇ ਸਮ ਦੋਸ਼ ਨ ਕੋਈ। ਆਗੇ ਜਯੋਂ ਰਾਵਰਿ ਇਛ ਹੋਈ।
ਤਥਾ ਕਰਹੁ ਮਨ, ਸਮੁਝਿ ਬਿਚਾਰਹੁ। ਮਮ ਬਚ ਭਲੋ ਬੁਰੋ ਨਿਰਧਾਰਹੁ ॥੧੯॥

ਹਿੰਸਾ ਵਰਗਾ ਹੋਰ ਕੋਈ ਪਾਪ ਨਹੀਂ ਹੈ, ਅੱਗੇ ਜਿਵੇਂ ਆਪ ਜੀ ਦੀ ਮਰਜ਼ੀ ਹੋਵੇ। ਉਸ ਤਰ੍ਹਾਂ ਮਨ ਵਿਚ ਕਰੋ, ਪਰ ਸਮਝ ਕੇ ਵਿਚਾਰੋ, ਮੇਰਾ ਬਚਨ ਭਲਾ ਜਾਂ ਬੁਰਾ ਹੈ, ਦਿਲ ਵਿਚ ਨਿਰਨਾ ਕਰੋ"॥ ੧੯॥

*ਨੋਟ : ਕਾਲੀ ਦੇਵੀ ਜਿਸ ਦੀ ਅਰਾਧਣਾ ਕਰ ਰਹੇ ਹਨ, ਉਹ ਰਾਖਸ਼ਾਂ ਨੂੰ ਖਾਣ ਵਾਲੀ ਹੈ, ਇਸ ਦੀ ਮੂਰਤੀ ਅੱਗੇ ਸੰਢੇ, ਬੱਕਰੇ ਰੋਜ਼ ਭੇਟ ਕਰਦੇ ਹਨ। ਜਵਾਲਾ ਜੀ ਵਿਖੇ ਬੱਕਰਿਆਂ ਦਾ ਭੋਗ ਲੱਗਦਾ ਹੈ। ਯੁੱਧਾ ਜੰਗਾਂ ਵਿਚ ਵੀ ਦੇਵੀ ਨੂੰ ਲਹੂ ਅਰਪਣ ਕਰਦੇ ਹਨ, ਗੁਰੂ ਜੀ ਵਲੋਂ ਦੇਵੀ ਪ੍ਰਗਟ ਹੋਣ ਸਮੇਂ ਲਹੂ ਦੀ ਭੇਟ ਲੈਂਦੀ ਹੈ। ਕੇਸ਼ਵ ਦਾਸ ਤਾਂ ਇੰਝ ਦੱਸਦੇ ਹਨ ਜਿਵੇਂ ਦੇਵੀ ਕੋਈ ਜੈਨੀਆਂ ਦੀ ਦੇਵੀ ਹੁੰਦੀ ਹੈ। ਦੇਵੀ ਨੂੰ ਸ਼ਿਕਾਰ ਤਕ ਕੇ ਖੁਸ਼ ਹੋਣਾ ਚਾਹੀਦਾ ਹੈ।*

**ਸੁਨਿ ਕਰਿ ਦਿਜਬਰ ਕੇ ਅਸ ਬੈਨ। ਮਨ ਮੁਰਝਾਨੋ ਕਰੁਨਾ ਨੈਨ।**
**ਸਭਿ ਸੁਭਟਨ ਸੋਂ ਬਚਨ ਬਖਾਨਾ। 'ਕਰ ਦਿਹੁ ਮ੍ਰਿਗ ਖਗ ਬੰਧਨ ਹਾਨਾ ॥੨੦॥**

ਬ੍ਰਾਹਮਣ ਦੇ ਅਜਿਹੇ ਬਚਨ ਸੁਣ ਕੇ, ਕ੍ਰਿਪਾਲੂ ਗੁਰੂ ਜੀ ਨੇ ਬ੍ਰਾਹਮਣ ਦਾ ਮਨ ਮੁਰਝਾਇਆ ਵੇਖਿਆ। ਫਿਰ ਉਨ੍ਹਾਂ ਸਭ ਸੂਰਮਿਆਂ ਨੂੰ ਬਚਨ ਕੀਤਾ, "ਸਾਰੇ ਮਿਰਗਾਂ ਅਤੇ ਪੰਛੀਆਂ ਨੂੰ ਛੱਡ ਦੇਵੋ"॥ ੨੦॥

**ਪੰਡਤ ਕੋ ਪ੍ਰਮੋਦ ਹਮ ਰਾਖਨਿ। ਕਹ੍ਯੋ ਮਾਨੀਐ ਕਰਿ ਅਭਿਲਾਖਨਾ।**
**ਤਤਛਿਨ ਭਟਨਿ ਛੋਰਿ ਜਬਿ ਦੀਏ। ਮਰੇ ਹੁਤੇ ਸਮੁਦਾਇ ਸੁ ਜੀਏ॥ ੨੧॥**

ਪੰਡਿਤ ਦੀ ਖੁਸ਼ੀ ਨੂੰ ਅਸੀਂ ਰੱਖਣਾ ਹੈ, ਅਭਿਲਾਸ਼ਾ ਕਰਕੇ ਕਿਹਾ ਮੰਨੋ। ਜਦ ਸੂਰਮਿਆਂ ਨੇ ਤੁਰਤ ਛੱਡ ਦਿੱਤੇ, ਜਿਹੜੇ ਜੀਵ ਮਰੇ ਹੋਏ ਸਨ, ਉਹ ਸਾਰੇ ਜ਼ਿੰਦਾ ਹੋ ਗਏ॥ ੨੧॥

**ਕੋ ਉਡਿ ਚਢੇ ਅਕਾਸ਼ ਮਝਾਰਾ। ਕੋ ਦੌਰੇ ਭੂ ਪਰ ਡਰ ਧਾਰਾ।**
**ਕੇਚਿਤ ਬਾਂਏ ਕੇਚਿਤ ਦਾਂਏ। ਧਾਏ ਜਨੁ ਜੀਵਤ ਗਹਿ ਲ੍ਯਾਏ॥ ੨੨॥**

ਕਈ ਉੱਡ ਕੇ ਅਕਾਸ਼ ਵਿਚ ਚਲੇ ਗਏ, ਕਈ ਡਰ ਧਾਰ ਕੇ ਧਰਤੀ ਉੱਤੇ ਦੌੜ ਪਏ। ਕਈ ਖੱਬੇ ਪਾਸੇ ਗਏ, ਕਈ ਸੱਜੇ ਪਾਸੇ ਚਲੇ ਗਏ। ਇਸ ਤਰ੍ਹਾਂ ਭੱਜ ਗਏ, ਜਿਵੇਂ ਜੀਉਂਦੇ ਫੜ ਕੇ ਲਿਆਏ ਹੋਣ॥ ੨੨॥

**ਕੇਸ਼ਵ ਅਵਿਲੋਕਤ ਬਿਸਮਾਯੋ। 'ਧੰਨ ਧੰਨਾ' ਕਹਿ ਜਸੁ ਬਿਰਧਾਯੋ।**
**'ਪੂਰਨ ਪੁਰਖ ਅਹੋ ਸਮਰੱਥ। ਮਾਰਨ ਜੀਵਾਲਨਿ ਤੁਮ ਹੱਥ॥ ੨੩॥**

ਕੇਸ਼ੋ ਵੇਖ ਕੇ ਬਹੁਤ ਹੈਰਾਨ ਹੋਇਆ, "ਧੰਨ ਧੰਨਾ" ਕਹਿ ਕੇ ਜੱਸ ਕੀਤਾ, "ਤੁਸੀਂ ਪੂਰਨ ਪੁਰਖ ਸਮਰੱਥ ਹੋ, ਮਾਰਨਾ ਜੀਵਾਲਣਾਂ ਸਭ ਤੁਹਾਡੇ ਹੱਥ ਵਿਚ ਹੈ॥ ੨੩॥

**ਮੈਂ ਨਹਿਂ ਜਾਨਿ ਸਕ੍ਯੋ ਅਸ ਭੇਵ। ਜਗਤ ਈਸ਼ ਤੁਮ ਦੇਵਨ ਦੇਵ।**
**ਜਥਾ ਜੋਗ ਰਾਵਰਿ ਗੁਰਿਆਈ। ਮਾਨਹਿਂ ਬੈਨ ਦਾਸ ਸਮੁਦਾਈ॥ ੨੪॥**

ਮੈਂ ਐਸੇ ਭੇਦ ਨੂੰ ਜਾਣ ਨਹੀਂ ਸਕਿਆ, ਜਗਤ ਦੇ ਈਸ਼ਵਰ ਤੁਸੀਂ ਦੇਵਤਿਆਂ ਦੇ ਸਵਾਮੀ ਹੋ। ਯਥਾ ਯੋਗ ਆਪ ਜੀ ਦੀ ਗੁਰਿਆਈ ਹੈ ਭਾਵ ਆਪ ਜੀ ਗੁਰਿਆਈ ਦੇ ਲਾਇਕ ਹੋ, ਸਾਰੇ ਦਾਸ ਤੁਹਾਡੇ ਬਚਨ ਮੰਨਦੇ ਹਨ॥ ੨੪॥

**ਕ੍ਯੋਂ ਨਹਿਂ ਸਿਖ ਕੋ ਕਸ਼ਟ ਮਿਟਾਵਹੁ। ਅੰਤਕ ਦੁਖ ਤੇ ਅੰਤ ਬਚਾਵਹੁ।**
**ਪੁੰਨ ਪਾਪ ਕੋ ਲਗਹਿ ਨ ਲੇਸੂ। ਨਰ ਲੀਲਾ ਠਾਨਹੁ ਜਗਤੇਸੂ !॥ ੨੫॥**

ਸਿੱਖਾਂ ਦੇ ਕਸ਼ਟ ਕਿਉਂ ਨਹੀਂ ਮਿਟਾਵੋਗੇ, ਜਮ ਦੇ ਦੁਖ ਤੋਂ ਅੰਤ ਸਮੇਂ ਬਚਾਵੋਗੇ। ਫਿਰ ਲੇਸ਼ ਮਾਤਰ ਵੀ ਪਾਪ ਨਹੀਂ ਲਗੇਗਾ। ਹੇ ਜਗਤ ਦੇ ਈਸ਼ਵਰ ! ਮਨੁੱਖੀ ਰੂਪ ਧਾਰ ਕੇ ਤੁਸੀਂ ਆਪਣੀ ਲੀਲ੍ਹਾ ਕਰ ਰਹੇ ਹੋ॥ ੨੫॥

ਜਿਸ ਪਰ ਕ੍ਰਿਪਾ ਆਪ ਕੀ ਹੋਇ। ਪ੍ਰਭੁ ਸਰੂਪ ਤੁਮ ਜਾਨਹਿ ਸੋਇ।
ਅਬਿ ਨਿਸ਼ਚਾ ਮੇਰੇ ਮਨ ਆਯੋ। ਧਰਮ ਹੇਤੁ ਤਨ ਕੋ ਤੁਮ ਪਾਯੋ ॥ ੨੬ ॥

ਜਿਸ ਉੱਤੇ ਵੀ ਆਪ ਜੀ ਦੀ ਕ੍ਰਿਪਾ ਹੁੰਦੀ ਹੈ, ਉਹ ਤੁਹਾਨੂੰ ਪ੍ਰਭੂ ਸਰੂਪ ਸਮਝਦਾ ਹੈ। ਹੁਣ ਮੇਰੇ ਮਨ ਵਿਚ ਨਿਸ਼ਚਾ ਆ ਗਿਆ ਹੈ, ਧਰਮ ਨੂੰ ਬਚਾਉਣ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ" ॥ ੨੬ ॥

ਸੁਨਿ ਪ੍ਰਭੁ ਕਹਯੋ 'ਤੁਮਹਿ ਅਨੁਸਾਰੇ। ਕਰਮ ਕਰਨਿ ਸਭਿ ਹਮ ਉਰ ਧਾਰੇ।
ਜੇ ਤੁਮ ਕਹੁ ਇਹ ਲਗਹਿ ਨ ਆਛੇ। ਨਹੀ ਕਦਾਚਿਤ ਹਮ ਕਹੁ ਬਾਂਛੇ' ॥੨੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਤੁਹਾਡੇ ਅਨੁਸਾਰ ਅਸੀਂ ਸਾਰੇ ਕਰਮ ਕਰਨ ਬਾਰੇ ਦਿਲ ਵਿਚ ਧਾਰਿਆ ਹੈ। ਜੇ ਤੁਹਾਨੂੰ ਜੀਵ ਹੱਤਿਆ ਚੰਗੀ ਨਹੀਂ ਲੱਗਦੀ ਹੈ ਤਾਂ ਅਸੀਂ ਵੀ ਇਸ ਨੂੰ ਕਦੀ ਨਹੀਂ ਕਰਾਂਗੇ" ॥ ੨੭ ॥

ਸੁਨਿ ਹਰਖਾਇ ਗਯੋ ਨਿਜ ਡੇਰੇ। ਰਿਦੈ ਬਿਚਾਰ ਕਰਤਿ ਬਹੁਤੇਰੇ।
ਇਸ ਜਗ ਮਹਿ ਧਨ ਪਾਵਨ ਆਦਿ। ਇਨ ਤੇ ਬਨਹਿ ਮੋਹਿ ਅਹਿਲਾਦ ॥੨੮॥

ਇਹ ਸੁਣ ਕੇ ਕੇਸ਼ੋ ਦਾਸ ਬਹੁਤ ਪ੍ਰਸੰਨ ਹੋਇਆ ਤੇ ਫਿਰ ਆਪਣੇ ਡੇਰੇ ਚਲਾ ਗਿਆ। ਹਿਰਦੇ ਵਿਚ ਬਹੁਤ ਵਿਚਾਰਾਂ ਕਰਦਾ ਸੀ। ਇਸ ਜਗ ਵਿਚ ਧਨ ਆਦਿ ਪਾਉਣਾ ਤਾਂ ਕਿਤੇ ਰਿਹਾ, ਇਨ੍ਹਾਂ ਪਾਸੋਂ ਮੈਨੂੰ ਪਰਮ ਆਨੰਦ ਵੀ ਪ੍ਰਾਪਤ ਹੋ ਸਕਦਾ ਹੈ॥ ੨੮॥

ਦੁਤੀਏ ਜਸੁ ਪਾਵੋ ਅਬਿਨਾਸ਼ੀ। ਜਿਤ ਕਿਤ ਜਗ ਮਹਿਂ ਗੁਰਸਿਖ ਰਾਸੀ।
ਤ੍ਰਿਤੀਏ ਇਨ ਸੰਗ ਨਾਮ ਜੁ ਮੇਰਾ। ਰਹੇ ਸਦਾ ਥਿਰ ਜਗਤ ਬਡੇਰਾ ॥ ੨੯ ॥

ਦੂਸਰਾ ਅਮਰ ਜੱਸ ਪਾਵਾਂਗਾ, ਜਿੱਥੇ ਕਿੱਥੇ ਜਗਤ ਵਿਚ ਬਹੁਤ ਗੁਰਸਿੱਖ ਰਹਿੰਦੇ ਹਨ। ਤੀਸਰਾ ਇਨ੍ਹਾਂ ਦੇ ਨਾਲ ਮੇਰਾ ਨਾਂ ਸਦਾ ਜਗਤ ਵਿਚ ਸਥਿਰ ਰਹੇਗਾ॥ ੨੯ ॥

ਇਨ ਕੀ ਕਥਾ ਕਰਹਿਂ ਕਵਿ ਜੇਈ। ਜਗਦੰਬਾ ਜਗ ਮਹਿਂ ਬਿਦਤੇਈ।
ਤਹਾਂ ਨਾਮ ਮੇਰੋ ਬਰਨੈਂਗੇ। ਲੋਕ ਹਜ਼ਾਰਹੁਂ ਸੁਨਹਿ ਭਨੈਂਗੇ॥ ੩੦॥

ਜਿਹੜਾ ਵੀ ਕਵੀ ਇਨ੍ਹਾਂ ਦੀ ਕਥਾ ਕਰੇਗਾ ਕਿ ਇਨ੍ਹਾਂ ਜਗਤ ਵਿਚ ਦੇਵੀ ਪ੍ਰਗਟ ਕੀਤੀ ਸੀ, ਉਥੇ ਮੇਰਾ ਨਾਮ ਵਰਣਨ ਕਰਨਗੇ, ਹਜ਼ਾਰਾਂ ਲੋਕ ਸੁਣਨਗੇ ਅਤੇ ਕਹਿਣਗੇ॥ ੩੦॥

ਨਿਸ਼ਚੈ ਅਸਿਧੁਜ ਕੋ ਗੁਰਨੰਦ। ਸੁਜਸੁ ਬਿਦਤ ਜਿਮ ਪੂਰਨ ਚੰਦ।
ਪੁਨ ਪਰਲੋਕ ਬਿਖੈ ਸੁਖ ਪਾਇ। ਸਕਲ ਰੀਤਿ ਕੀ ਕਰਹਿਂ ਸਹਾਇ॥ ੩੧॥

ਨਿਸ਼ਚੇ ਰੂਪ ਵਿਚ ਇਹ ਅਕਾਲ ਪੁਰਖ ਦੇ ਪੁੱਤਰ ਹਨ, ਇਨ੍ਹਾਂ ਦਾ ਪੂਰਨਮਾਸ਼ੀ ਦੇ ਚੰਦ ਵਾਂਗ ਜੱਸ ਪ੍ਰਗਟ ਹੈ। ਫਿਰ ਪਰਲੋਕ ਵਿਚ ਸੁਖ ਪਾਵਾਂਗਾ। ਸਾਰੀਆਂ ਰੀਤੀਆਂ ਨਾਲ ਇਹ ਸਹਾਇਤਾ ਕਰਨਗੇ॥ ੩੧॥

ਦੀਰਘ ਹੁਤੇ ਭਾਗ ਮਮ ਪੂਰਬ। ਮਿਲਯੋ ਅਚਾਨਕ ਪ੍ਰਭੁ ਅਪੂਰਬ।
ਜਗਦੰਬਾ ਕੇ ਬਿਦਤਨ ਮਾਂਹੀ। ਅਬਿ ਸੰਦੇਹ ਬਨੈ ਕਿਮ ਨਾਂਹੀ॥ ੩੨॥

ਮੇਰੇ ਪਿਛਲੇ ਭਾਗ ਚੰਗੇ ਹਨ, ਅਚਾਨਕ ਪ੍ਰਭੂ ਮਿਲ ਗਿਆ ਹੈ। ਜਗਦੰਬਾ ਦੇ ਪ੍ਰਗਟ ਹੋਣ ਵਿਚ ਹੁਣ ਕਿਸੇ ਤਰ੍ਹਾਂ ਦਾ ਸ਼ੰਕਾ ਬਾਕੀ ਨਹੀਂ ਰਿਹਾ ਹੈ॥ ੩੨॥

ਨਰ ਲੀਲਾ ਕੇ ਹੁਇ ਅਨੁਸਾਰੀ। ਮੁਹਿ ਜਸੁ ਦੈਨ ਆਦਿ ਕ੍ਰਿਤ ਕਾਰੀ।
ਇਮ ਦਿਜਿੰਦ੍ਰ ਆਨੰਦ ਬਿਲੰਦ। ਕਰਤਿ ਬਿਚਾਰਨਿ ਕਿੱਤ ਮੁਕੰਦ॥ ੩੩॥

ਮਨੁੱਖੀ ਲੀਲ੍ਹਾ ਦੇ ਅਨੁਸਾਰੀ ਹੋਏ ਹਨ, ਮੈਨੂੰ ਜੱਸ ਦੇਣ ਵਾਸਤੇ ਕ੍ਰਿਤ ਕਰ ਰਹੇ ਹਨ। ਇਸ ਤਰ੍ਹਾਂ ਬ੍ਰਾਹਮਣ ਨੇ ਬੜਾ ਅਨੰਦ ਧਾਰਨ ਕੀਤਾ, ਮੁਕਤੀ ਦਾਤੇ ਗੁਰੂ ਜੀ ਦੀ ਕੀਰਤੀ ਵਿਚਾਰਦਾ ਹੈ॥ ੩੩॥

*ਨੋਟ :- ਜੇ ਕਿਸੇ ਨੂੰ ਜੱਸ ਦੇਣ ਵਾਸਤੇ ਇਹ ਜਗਤ ਲੀਲ੍ਹਾ ਕਰਨ ਲਈ, ਇਹ ਸਾਰਾ ਕੁਝ ਕਰ ਰਹੇ ਹਨ ਤਾਂ ਇਹ ਸਪੱਸ਼ਟ ਹੋ ਗਿਆ ਕਿ ਆਪ ਜੀ ਨੂੰ ਦੇਵੀ ਪ੍ਰਗਟਾਉਣ ਦੀ ਲੋੜ ਨਹੀਂ ਸੀ, ਇਹ ਇਕ ਚੋਜ ਹੀ ਸੀ।*

**ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨ।**
**ਜਾਮ ਜਾਮਨੀ ਤੇ ਉਠਿ ਜਾਗੇ। ਸੌਚ ਸ਼ਨਾਨ ਕਰਨ ਤਬਿ ਲਾਗੇ॥ ੩੪॥**

ਰਾਤ ਪੈ ਜਾਣ 'ਤੇ ਗੁਰੂ ਜੀ ਨੇ ਖਾਣ ਪੀਣ ਕੀਤਾ ਤੇ ਕਿਰਪਾ ਨਿਧਾਨ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੌਚ ਇਸ਼ਨਾਨ ਕਰਨ ਲੱਗੇ॥ ੩੪॥

**ਸੁੱਖਾ ਅਰੁ ਅਫੀਮ ਛਕਿ ਕਰਕੈ। ਬਸਤ੍ਰ ਦੁਤਿਵੰਤ ਪਹਿਰਿ ਕੈ।**
**ਬਿੱਪ੍ਰ ਹਕਾਰਜੋ ਸੰਗ ਮਿਲਾਇ। ਚਢਿ ਤੁਰੰਗ ਗਮਨੇ ਸੁਖਦਾਇ॥ ੩੫॥**

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

**ਕੇਸ਼ੋ ਦਾਸ ਅਰੂਢਿ ਝੰਪਾਨ। ਨੈਨਾਦੇਵੀ ਕੀਨਿ ਪਯਾਨ।**
**ਸੌਜ ਸਮਾਜ ਹਮਨ ਕੋ ਸਾਰਾ। ਰਾਖਜੋ ਦਾਸਨ ਬਹੁ ਕਰਿ ਤਜਾਰਾ॥ ੩੬॥**

ਕੇਸ਼ੋ ਦਾਸ ਪਾਲਕੀ ਵਿਚ ਸਵਾਰ ਹੋ ਗਿਆ ਤੇ ਨੈਣੇ ਦੇ ਟਿੱਲੇ ਵਲ ਚਲ ਪਿਆ। ਹਮਨ ਦਾ ਸਾਰਾ ਸੌਜ ਸਾਮਾਨ, ਸੇਵਕਾਂ ਨੇ ਤਿਆਰ ਕਰਕੇ ਰੱਖਿਆ ਸੀ॥ ੩੬॥

**ਉਤਲਾਵਤਿ ਪਹੁੰਚੇ ਗੋਸਾਈਂ। ਦਿਵਸ ਚਢੇ ਲਗਿ ਥਿਰੇ ਸਥਾਈ।**
**ਸਵਾ ਪਹਿਰ ਕੋ ਹਮਨ ਕਰੰਨ। ਨੇਮ ਸਹਿਤ ਸੋ ਮੰਤ੍ਰ ਪਠੰਨ॥ ੩੭॥**

ਬੜੇ ਉਤਸ਼ਾਹ ਨਾਲ ਗੁਰੂ ਜੀ ਉਥੇ ਪਹੁੰਚੇ, ਦਿਨ ਚੜ੍ਹਨ ਤਕ ਗੁਰੂ ਜੀ ਉਸ ਥਾਂ ਤੇ ਟਿਕੇ। ਸਵਾ ਪਹਿਰ ਦਾ ਹਮਨ ਕੀਤਾ, ਨੇਮ ਸਹਿਤ ਮੰਤਰ ਪੜ੍ਹਦੇ ਸਨ॥ ੩੭॥

**ਦੁਹਿਦਿਸ਼ਿ ਹਮਨ ਕੁੰਡ ਕੇ ਆਸਨ। ਏਕ ਬਿਨਾ ਜਿਨ ਦੂਜੀ ਆਸ ਨ।**
**ਬੈਠੇ ਦਿਜ ਸਮੇਤ ਬਿਧਿ ਸੰਗ। ਸੁਚ ਹ੍ਵੈ ਕਰਿ ਜਲ ਤੇ ਸਰਬੰਗ॥ ੩੮॥**

ਹਵਨ ਕੁੰਡ ਦੇ ਦੋਵੀਂ ਪਾਸੀ ਆਸਣ ਬਣਿਆ ਸੀ, ਇਕ ਬਗੈਰ ਜਿਨ੍ਹਾਂ ਨੂੰ ਦੂਜੀ ਆਸ ਨਹੀਂ ਸੀ। ਬ੍ਰਾਹਮਣ ਸਮੇਤ ਉਹ ਵਿਧੀ ਅਨੁਸਾਰ ਬੈਠ ਗਏ ਤੇ ਜਲ ਨਾਲ ਸਾਰੇ ਅੰਗਾਂ ਤੇ ਸੁੱਚਮ ਧਾਰਨ ਕੀਤੀ॥ ੩੮॥

**ਧਜਾਨ ਭਗਵਤੀ ਕੋ ਤਬਿ ਠਾਨਾ। ਦੁਹਿਨ ਬਦਨ ਤੇ ਮੰਤ੍ਰ ਬਖਾਨਾ।**
**ਪਾਵਕ ਬਿਖੈ ਅਹੁਤਿ ਕਰਿ ਪਾਵਨ। ਕੀਨਿ ਹੁਤਾਸਨ ਲਾਟ ਉਠਾਵਨਿ॥ ੩੯॥**

ਫਿਰ ਭਗਵਤੀ ਵਿਚ ਧਿਆਨ ਲਾਇਆ, ਦੋਵਾਂ ਨੇ ਆਪਣੇ ਮੁਖ ਨਾਲ ਮੰਤਰ ਪੜ੍ਹਿਆ ਤੇ ਅੱਗ ਵਿਚ ਅਹੂਤੀ ਪਾਈ ਤੇ ਅੱਗ ਦੀ ਬੜੀ ਉੱਚੀ ਲਾਟ ਉੱਠੀ॥ ੩੯॥

ਵਹਿਰ ਕੁੰਡ ਤੇ ਚਰੂ ਨ ਪਰੈ। ਬਿਧਿ ਸੋਂ ਗੁਰੂ ਪਾਇਬੋ ਕਰੈਂ।
ਹਮਨ ਸੁ ਲੱਛਨ ਹੋਵਤਿ ਜਜੋਂ ਜਜੋਂ। ਬਿੱਪ੍ਰ ਅਨੰਦ ਧਰਤਿ ਹੈ ਤਜੋਂ ਤਜੋਂ॥੪੦॥

ਅਹੂਤੀ ਦੇਣ ਵਾਸਤੇ ਤਿਆਰ ਕੀਤਾ ਅਨਾਜ ਕੁੰਡ ਤੋਂ ਬਾਹਰ ਨਹੀਂ ਸੀ ਡਿੱਗਦਾ। ਬੜੀ ਵਿਧੀ ਨਾਲ ਗੁਰੂ ਜੀ ਅਹੂਤੀ ਨੂੰ ਪਾਉਂਦੇ ਸਨ। ਜਿਵੇਂ-ਜਿਵੇਂ ਸ੍ਰੇਸ਼ਟ ਲੱਛਣਾਂ ਵਾਲਾ ਹਵਨ ਹੋ ਰਿਹਾ ਸੀ, ਤਿਵੇਂ-ਤਿਵੇਂ ਪੰਡਿਤ ਅਨੰਦ ਧਾਰਦਾ ਜਾਂਦਾ ਸੀ॥ ੪੦॥

ਪਠਿਨਿ ਮੰਤ੍ਰ ਕੋ ਨੇਮ ਜਿਤੇਕ। ਬਿਧਿ ਸੋਂ ਹੋਮਤਿ ਪਠਜੋ ਤਿਤੇਕ।
ਬਹੁਰ ਉਠੇ ਪ੍ਰਭੁ ਪੁਰਿ ਕੋ ਆਏ। ਮੰਗਲ ਮੋਦ ਹੋਤਿ ਸਮੁਦਾਏ॥ ੪੧॥

ਮੰਤਰ ਪੜ੍ਹਨ ਦੇ ਜਿੰਨੇ ਨੇਮ ਹਨ, ਉਸੇ ਵਿਧੀ ਅਨੁਸਾਰ ਹਵਨ ਦੇ ਮੰਤਰ ਪੜ੍ਹੇ ਗਏ। ਫਿਰ ਗੁਰੂ ਜੀ ਉੱਠ ਕੇ ਨਗਰ ਵਲ ਆਏ ਸਾਰੇ ਮਿਲ ਕੇ ਬਹੁਤ ਅਨੰਦ ਪ੍ਰਸੰਨ ਹੋਏ॥ ੪੧॥

ਅਲਪ ਅਹਾਰ ਕਰੈਂ ਪ੍ਰਭੁ ਤਬੈ। ਅਲਪ ਬੋਲਿਬੋ ਸੁਨਿਬੋ ਸਬੈ।
ਨਿੰਦ੍ਰਾ ਅਲਪ, ਸੁ ਜਾਗਤਿ ਰਹੈਂ। ਦੇਵੀ ਬਿਦਤਿਨਿ ਕੋ ਚਿਤ ਚਹੈਂ॥ ੪੨॥

ਤਦ ਵੀ ਗੁਰੂ ਜੀ ਅਲਪ ਅਹਾਰ ਕਰਦੇ ਸਨ, ਘਟ ਬੋਲਦੇ ਅਤੇ ਘਟ ਸੁਣਦੇ ਸਨ। ਥੋੜ੍ਹੀ ਨੀਂਦ ਲੈਂਦੇ ਸਨ, ਜ਼ਿਆਦਾ ਦੇਰ ਜਾਗਦੇ ਸਨ। ਚਿੱਤ ਵਿਚ ਦੇਵੀ ਪ੍ਰਗਟ ਕਰਨੀ ਚਾਹੁੰਦੇ ਸਨ॥ ੪੨॥

*ਤੀਸਰੀ ਰੁੱਤ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥*

## *ਅਧਿਆਇ ਨੌਵਾਂ*

*ਸੁਪਨ ਦਰਸ਼ਨ*

*ਦੋਹਰਾ-* ਕਰਤੇ ਹਮਨ ਬਿਧਾਨ ਕੋ ਬੀਤ ਗਏ ਪੰਚ ਮਾਸ।
ਸੌਂਜ ਹਜ਼ਾਰਹੁੰ ਮਣ ਪਰੀ ਪਾਵਕ ਭਏ ਪ੍ਰਕਾਸ਼॥ ੧॥

ਹਵਨ ਦੀਆਂ ਵਿਧੀਆਂ ਕਰਦਿਆਂ ਪੰਜ ਮਹੀਨੇ ਬੀਤ ਗਏ। ਹਜ਼ਾਰਾਂ ਮਣ ਸਮੱਗਰੀ ਪੈ ਕੇ ਅੱਗ ਦਾ ਪ੍ਰਕਾਸ਼ ਹੋਇਆ॥ ੧॥

*ਚੌਪਈ-* ਮਾਸ ਅਸੌਜ ਸੁਕਲ ਪਖ ਆਯੋ। ਨੌਮੀ ਦਜੋਸ ਅਨੰਦ ਉਪਾਯੋ।
ਸਰਬ ਠੌਰ ਤੇ ਪੂਜ ਬਡੇਰੀ। ਹਮਨ ਸੁ ਮੰਤ੍ਰ ਕੀਨ ਬਹੁ ਬੇਰੀ॥ ੨॥

ਅੱਸੂ ਮਹੀਨੇ ਦਾ ਚੰਗਾ ਪੱਖ ਆਇਆ, ਨੌਮੀ ਵਾਲੇ ਦਿਨ ਅਨੰਦ ਉਤਪੰਨ ਹੋਇਆ। ਸਰਬ ਥਾਵਾਂ ਤੇ ਦੇਵੀ ਬਹੁਤ ਪੂਜੀ ਜਾਂਦੀ ਹੈ। ਬਹੁਤ ਵਾਰ ਮੰਤਰ ਪੜ੍ਹ ਕੇ ਹਵਨ ਕਰਦੇ ਹਨ॥ ੨॥

ਪੰਚ ਪਹਿਰ ਕੋ, ਨਉ ਦਿਨ ਹੋਵਾ। ਨਿਸ ਮਹਿਂ ਦੇਵੀ ਦਰਸ਼ਨ ਜੋਵਾ।
ਸੁਪਨ ਬਿਖੇ ਮਿਲਿ ਕਰਿ ਜਗਮਾਈ। ਨਿਜ ਆਵਨਿ ਕੋ ਦਿਯੋ ਬਤਾਈ॥ ੩॥

ਨੌਮੀ ਥਿੱਤ ਵਾਲੇ ਦਿਨ ਪੰਜ ਪਹਿਰ ਰੋਜ਼ ਪੂਜਾ ਕਰਦਿਆਂ ਨੌਂ ਦਿਨ ਹੋ ਗਏ ਸਨ। ਰਾਤ ਸਮੇਂ ਦੇਵੀ ਦੇ ਦਰਸ਼ਨ ਹੋਏ। ਸੁਪਨੇ ਵਿਚ ਮਿਲ ਕੇ ਜਗਮਾਤਾ ਨੇ ਆਪਣੇ ਆਉਣ ਬਾਰੇ ਦੱਸ ਦਿੱਤਾ॥ ੩॥

'ਹੇ ਸੁਤ ! ਹੋਮਹੁ ਮੰਤ੍ਰ ਸਮੇਤਾ। ਧਰਹੁ ਧ੍ਯਾਨ ਮੁਝ ਆਵਨਿ ਹੇਤਾ।
ਸਮੋ ਹੋਇ ਦਰਸ਼ਨ ਕੋ ਜਬੈ। ਏਕ ਵਾਰ ਆਵੌਂ ਚਲਿ ਤਬੈ॥ ੪॥

ਕਹਿਣ ਲੱਗੀ, "ਹੇ ਪੁੱਤਰ ! ਮੰਤਰ ਸਮੇਤ ਹਵਨ ਕਰੋ, ਮੇਰੇ ਆਉਣ ਬਾਰੇ ਧਿਆਨ ਧਾਰਨ ਕਰੋ। ਜਦ ਦਰਸ਼ਨ ਦੇਣ ਦਾ ਸਮਾਂ ਆਵੇਗਾ ਤਾਂ ਮੈਂ ਇਕ ਵਾਰ ਚਲ ਕੇ ਆਵਾਂਗੀ॥ ੪॥

ਸਫਲ ਮਨੋਰਥ ਕਰਹੁਂ ਤੁਹਾਰਾ। ਦੈਹੌਂ ਬਰ ਜਿਮ ਰਿਦੈ ਮਝਾਰਾ'।
ਸੁਪਤਹਿਂ ਸਵਾ ਜਾਮ ਕੈ ਜਾਮੂ। ਉਠੇ ਸ੍ਵਪਨ ਜਾਨਜੋ ਅਭਿਰਾਮੂ॥ ੫॥

ਤੁਹਾਡਾ ਮਨੋਰਥ ਸਫਲ ਕਰਾਂਗੀ, ਵੈਸਾ ਹੀ ਵਰ ਦੇਵਾਂਗੀ ਜਿਵੇਂ ਹਿਰਦੇ ਵਿਚ ਧਾਰਨ ਕੀਤਾ ਹੈ। ਜਦ ਸਵਾ ਪਹਿਰ ਰਾਤ ਰਹਿੰਦੀ ਸੀ ਤਾਂ ਗੁਰੂ ਜੀ ਉਸ ਸਮੇਂ ਸੁੱਤੇ ਹੋਏ ਸਨ ਤੇ ਸੁੰਦਰ ਸੁਪਨਾ ਜਾਣ ਕੇ ਉੱਠ ਪਏ॥ ੫॥

ਸੌਚ ਸ਼ਨਾਨੇ ਅਨੰਦ ਮਹਾਨਾ। ਬਸਤ੍ਰ ਸ਼ਸਤ੍ਰ ਬੈਠੇ ਸਵਧਾਨਾ।
ਦਿਜਬਰ ਮਿਲਜੋ ਆਨਿ ਥਿਰ ਹੋਵਾ। ਕਹਜੋ ਗੁਰੂ ਜਿਮ ਸੁਪਨਾ ਜੋਵਾ॥ ੬॥

ਸੋਚ ਇਸ਼ਨਾਨ ਕਰਕੇ ਮਹਾਨ ਅਨੰਦ ਧਾਰਨ ਕੀਤਾ ਤੇ ਬਸਤਰ ਸ਼ਸਤਰ ਪਹਿਣ ਕੇ ਸਾਵਧਾਨ ਹੋ ਗਏ। ਪੰਡਿਤ ਮਿਲਿਆ ਤੇ ਆ ਕੇ ਖੜਾ ਹੋ ਗਿਆ। ਗੁਰੂ ਜੀ ਨੇ ਕਿਹਾ ਜਿਵੇਂ ਸੁਪਨਾ ਵੇਖਿਆ ਸੀ॥ ੬॥

ਸੁਨਿ ਕਰਿ ਕੇਸ਼ਵਦਾਸ ਅਨੰਦਜੋ। 'ਜੈ ਜਗਦੰਬਾ' ਕਹਿ ਕਹਿ ਬੰਦਜੋ।
'ਸਫਲਹਿਗੀ ਸਭਿ ਕ੍ਰਿਤ ਹਮਾਰੀ। ਜਿਸ ਦਿਨ ਦਰਸ ਲੇਹੁ ਇਕ ਬਾਰੀ॥ ੭॥

ਇਹ ਸੁਣ ਕੇ ਕੇਸ਼ਵਦਾਸ ਬਹੁਤ ਪ੍ਰਸੰਨ ਹੋਇਆ, "ਜੈ ਜਗਦੰਬਾ" ਕਹਿ-ਕਹਿ ਬੰਦਨਾ ਕੀਤੀ, "ਸਾਡੀ ਸਾਰੀ ਕ੍ਰਿਤ ਸਫਲ ਹੋਵੇਗੀ, ਜਿਸ ਦਿਨ ਇਕ ਵਾਰ ਦਰਸ਼ਨ ਪਾ ਲਵਾਂਗੇ॥ ੭॥

ਸੁਨਹੁ ਗੁਰੂ ਜੀ ਅਧ ਕ੍ਰਿਤ ਹੋਈ। ਬਿਦਤਹਿ ਜਿਸ ਦਿਨ ਪੂਰਨ ਸੋਈ।
ਨੇਮ ਸਮੇਤ ਹਮਨ ਕੋ ਕਰਹੁ। ਧ੍ਯਾਨ ਜਥਾਵਤ ਨਿਤਪ੍ਰਤਿ ਧਰਹੁ॥ ੮॥

ਹੇ ਗੁਰੂ ਜੀ ! ਸੁਣੋ, ਅੱਧੀ ਕਾਰ ਹੋ ਗਈ ਹੈ, ਜਿਸ ਦਿਨ ਪ੍ਰਗਟ ਹੋਵੇਗੀ ਉਸ ਦਿਨ ਪੂਰਨ ਹੋ ਜਾਵੇਗੀ। ਨੇਮ ਸਹਿਤ ਹਵਨ ਕਰੋ, ਜਿਵੇਂ ਨਿਤਾਪ੍ਰਤੀ ਯਥਾ ਯੋਗ ਧਿਆਨ ਧਾਰਨ ਕਰਦੇ ਹੋ॥ ੮॥

ਪਠਿ ਪਠਿ ਮੰਤ੍ਰ ਹੋਮ ਹੁਇ ਜੇਤਾ। ਕਾਰਜ ਬਨਜੋਂ ਜਾਨੀਐ ਤੇਤਾ'।
ਸੁਨਿ ਦਿਜ ਤੇ ਸਤਿਗੁਰ ਚਿਰਕਾਲਾ। ਲਗੇ ਬੈਠਿਬੇ ਤਬਹਿ ਬਿਸਾਲਾ॥ ੯॥

ਪੜ੍ਹ-ਪੜ੍ਹ ਮੰਤਰ ਜਿੰਨਾ ਵੀ ਹਵਨ ਹੋਵੇ, ਉਨਾ ਹੀ ਕਾਰਜ ਬਣਿਆ ਜਾਣੀਏ।" ਬ੍ਰਾਹਮਣ ਪਾਸੋਂ ਸੁਣ ਕੇ ਸਤਿਗੁਰੂ ਜੀ ਤਦ ਬੜੀ ਦੇਰ ਤਕ ਬੈਠਣ ਲੱਗੇ॥ ੯॥

ਦ੍ਵਾਦਸ਼ ਜਾਮਹਿ ਕੋ ਇਕ ਆਸਨ। ਹੋਮ ਕਰਹਿਂ ਬਡ ਲਾਟ ਪ੍ਰਕਾਸ਼ਨਿ।
ਅੰਮ੍ਰਿਤ ਵੇਲੇ ਬੈਠਨਿ ਕਰੇ। ਸੰਧ੍ਯਾ ਲਗਿ ਇਕ ਸਮ ਹੀ ਥਿਰੇ॥ ੧੦॥

ਬਾਰ੍ਹਾਂ ਪਹਿਰ ਦਾ ਇਕ ਆਸਣ ਕਰਦੇ ਸਨ, ਜਦ ਹਵਨ ਕਰਦੇ ਸਨ ਤਾਂ ਬੜੀ ਉੱਚੀ ਅੱਗ ਦੀ ਲਾਟ ਪ੍ਰਕਾਸ਼ਿਤ ਹੁੰਦੀ ਸੀ। ਅੰਮ੍ਰਿਤ ਵੇਲੇ ਬੈਠ ਜਾਂਦੇ ਸਨ, ਸ਼ਾਮ ਤਕ ਇਕ ਸਮਾਨ ਹੀ ਬੈਠੇ ਰਹਿੰਦੇ ਸਨ॥ ੧੦॥

Sri Satguru Jagjit Singh Ji eLlibrary NamdhariElibrary@gmail.com

ਸਰਬ ਨਿਸਾ ਪੁਨ ਪਠਤੇ ਰਹੈਂ। ਅਗਲੇ ਦਿਵਸ ਹਮਨ ਹੀ ਚਹੈਂ।
ਸੰਧਜਾ ਦੂਤੀ ਹੋਇ ਤਬ ਹਟੈਂ। ਦ੍ਵਾਦਸ਼ ਪਹਿਰ ਮੰਤ੍ਰ ਹੀ ਰਟੈਂ॥ ੧੧॥

ਫਿਰ ਸਾਰੀ ਰਾਤ ਮੰਤਰ ਪੜ੍ਹਦੇ ਰਹਿੰਦੇ ਸਨ, ਅਗਲੇ ਦਿਨ ਵੀ ਹਵਨ ਹੀ ਕਰਨਾ ਚਾਹੁੰਦੇ ਸਨ। ਦੂਸਰੀ ਸ਼ਾਮ ਹੁੰਦੀ ਸੀ ਫਿਰ ਹਟਦੇ ਸਨ, ਬਾਰ੍ਹਾਂ ਪਹਿਰ ਮੰਤਰ ਹੀ ਪੜ੍ਹਦੇ ਰਹਿੰਦੇ ਸਨ॥ ੧੧॥

*ਨੋਟ : ਬਾਰ੍ਹਾਂ ਪਹਿਰ ਦਾ ਇਕ ਆਸਣ, ਬਿਨਾਂ ਨੀਂਦ ਅਤੇ ਜਲ ਦੇ ਗੁਰੂ ਜੀ ਵਾਸਤੇ ਸੰਭਵ ਤਾਂ ਹੈ, ਪਰ ਮੁਸ਼ਕਲ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਕਿਸੇ ਗੁਰੂ ਸਾਹਿਬ ਨੇ ਹਠੀ ਤਪ ਕਰਨ ਬਾਰੇ ਨਹੀਂ ਕਿਹਾ ਹੈ। ਗੁਰੂ ਜੀ ਜਿਹੜੇ ਆਪ ਪ੍ਰਭੂ ਦਾ ਅਵਤਾਰ ਸਨ ਉਨ੍ਹਾਂ ਨੂੰ ਅਜਿਹਾ ਤਪ ਕਰਨ ਦੀ ਕੀ ਲੋੜ ਸੀ।*

ਤਬਿ ਕਿਛ ਖਾਨ ਪਾਨ ਕੋ ਕਰੈਂ। ਨਿੰਦ੍ਰਾ ਅਲਪ ਭੂਮ ਪਰ ਥਿਰੈਂ।
ਚਤੁਰ ਪਹਿਰ ਬਿਸਰਾਮ ਕਰੰਤੇ। ਅੰਮ੍ਰਿਤ ਵੇਲੇ ਉਠਤਿ ਪਠੰਤੇ॥ ੧੨॥

ਤਦ ਕੁਝ ਖਾਂਦੇ ਪੀਂਦੇ ਸਨ, ਬਹੁਤ ਘੱਟ ਸੌਂਦੇ ਸਨ ਤੇ ਧਰਤੀ ਉੱਤੇ ਹੀ ਲੇਟਦੇ ਸਨ। ਚਾਰ ਪਹਿਰ ਵਿਸ਼ਰਾਮ ਕਰਦੇ ਸਨ ਤੇ ਅੰਮ੍ਰਿਤ ਵੇਲੇ ਉੱਠ ਕੇ ਮੰਤਰ ਪੜ੍ਹਦੇ ਸਨ॥ ੧੨॥

ਤਿਮ ਹੀ ਹਮਨ ਅਗਨਿ ਮਧ ਕਰੈਂ। ਚਰੂ ਸੁ ਕਰ ਪੰਕਜ ਮਹੁ ਧਰੈਂ।
ਦ੍ਵਾਦਸ਼ ਪਹਿਰ ਹੋਮ ਆਰੰਭਾ। ਸਕਲ ਬਿਲੋਕਤਿ ਭਏ ਅਚੰਭਾ॥ ੧੩॥

ਤਿਵੇਂ ਹੀ ਹਵਨ ਅੱਗ ਵਿਚ ਕਰਦੇ ਸਨ, ਪਦਾਰਥਾਂ ਨੂੰ ਕਰ ਕੰਵਲਾਂ ਵਿਚ ਫੜਦੇ ਸਨ। ਬਾਰ੍ਹਾਂ ਪਹਿਰ ਤਕ ਹਵਨ ਕਰਦੇ ਸਨ, ਸਾਰੇ ਵੇਖ ਕੇ ਹੈਰਾਨ ਹੁੰਦੇ ਸਨ॥ ੧੩॥

ਮਹਾਂ ਉੱਗ੍ਰ ਤਪ ਤਾਪਨ ਕਰਿਹੀਂ। ਰੈਨ ਦਿਨਾ ਮਨ ਧਜਾਨ ਸੁ ਧਰਿਹੀਂ।
ਚਤਰਭੁਜੀ ਮਹਿਂ ਬ੍ਰਿਤਿ ਠਹਿਰਾਈ। ਭੇ ਇਕ ਰੂਪ ਨ ਅੰਤਰ ਰਾਈ॥ ੧੪॥

ਮਹਾਨ ਵਿਕਰਾਲ ਤਪ ਤਾਪਦੇ ਸਨ, ਦਿਨ ਰਾਤ ਮਨ ਵਿਚ ਧਿਆਨ ਧਾਰਨ ਕਰਦੇ ਸਨ। ਚਾਰ ਬਾਹਾਂ ਵਾਲੀ ਵਿਚ ਬ੍ਰਿਤੀ ਠਹਿਰਾਈ ਸੀ, ਇਕ ਰੂਪ ਹੋ ਗਏ ਸਨ, ਕੋਈ ਅੰਤਰ ਨਹੀਂ ਸੀ ਰਿਹਾ॥ ੧੪॥

ਕੇਤਿਕ ਦਿਨ ਇਸ ਬਿਧਿ ਕੋ ਕਰਿਕੈ। ਕਰਤਿ ਪ੍ਰਸੰਨ ਚੰਡਿ ਹਿਤ ਧਰਿਕੈ।
ਪੁਨ ਗੁਰ ਅਪਰ ਨੇਮ ਕੋ ਲਾਗੇ। ਸਵਾ ਜਾਮ ਜਾਮਨਿ ਤੇ ਜਾਗੇ॥ ੧੫॥

ਕਈ ਦਿਨ ਇਸ ਵਿਧੀ ਨਾਲ ਕਰਕੇ ਹਿੱਤ ਧਾਰ ਕੇ ਚੰਡੀ ਪ੍ਰਸੰਨ ਕਰਦੇ ਸਨ। ਫਿਰ ਗੁਰੂ ਜੀ ਹੋਰ ਨੇਮ ਕਰਨ ਲੱਗੇ ਸਵਾ ਪਹਿਰ ਰਾਤ ਰਹਿੰਦਿਆਂ ਜਾਗਦੇ ਸਨ॥ ੧੫॥

ਦ੍ਵੈ ਘਟਿਕਾ ਮਹਿਂ ਸੌਚ ਸ਼ਨਾਨੈ। ਜਾਮ ਰਹੀ ਤੇ ਹੋਮਨਿ ਠਾਨੈਂ।
ਸਵਾਜਾਮ ਦਿਨ ਆਵਹਿ ਜਾਵਦ। ਬੈਠੇ ਰਹੈਂ ਏਕ ਰਸ ਤਾਵਦ॥ ੧੬॥

ਦੋ ਘੜੀਆਂ ਵਿਚ ਸੌਚ ਇਸ਼ਨਾਨ ਕਰਦੇ ਸਨ, ਪਹਿਰ ਰਾਤ ਰਹਿੰਦਿਆਂ ਹਵਨ ਕਰਨ ਲੱਗ ਜਾਂਦੇ ਸਨ। ਸਵਾ ਪਹਿਰ ਜਦ ਦਿਨ ਚੜ੍ਹ ਕੇ ਆ ਜਾਂਦਾ ਸੀ ਤਦ ਤਕ ਇਕ ਰਸ ਬੈਠੇ ਰਹਿੰਦੇ ਸਨ॥ ੧੬॥

ਗਿਰ ਪਰ ਹੀ ਬਾਸਾ ਬਹੁ ਕਰੈਂ। ਆਇਂ ਕਦਾਚਿਤ ਆਨੰਦਪੁਰੇ।
ਪੂਰਬ ਦੇਸ਼ ਆਦਿ ਬੰਗਾਲਾ। ਉਤ ਕੀ ਸੰਗਤਿ ਮੇਲ ਬਿਸਾਲਾ॥ ੧੭॥

ਜ਼ਿਆਦਾ ਪਹਾੜ ਉੱਤੇ ਹੀ ਵਾਸਾ ਕਰਦੇ ਸਨ, ਕਦੀ-ਕਦੀ ਅਨੰਦਪੁਰ ਆਉਂਦੇ ਸਨ। ਪੂਰਬ ਦੇਸ਼ ਬੰਗਾਲ ਆਦਿ ਓਧਰ ਦੀ ਬਹੁਤ ਸੰਗਤ ਆ ਕੇ ਮਿਲਦੀ ਸੀ॥ ੧੭॥

ਬ੍ਰਹਮਪੁੱਤ੍ਰ ਲਗਿ ਢਾਕਾ ਆਦਿ। ਪਟਣਾ ਅਰੁ ਮਖਸੂਦਾਵਾਦ।
ਦਰਸ਼ਨ ਹੇਤੁ ਅਨੰਦਪੁਰਿ ਆਏ। ਅਨਿਕ ਅਕੋਰਨਿ ਅਰਪਨਿ ਲਜਾਏ ॥੧੮॥

ਬ੍ਰਹਮ ਪੁੱਤਰ ਤਕ ਢਾਕਾਆਦਿ, ਪਟਣਾ ਅਤੇ ਮਖਸੂਦਾਬਾਦ ਦੀ ਸੰਗਤ ਦਰਸ਼ਨ ਵਾਸਤੇ ਅਨੰਦਪੁਰ ਆਈ, ਬਹੁਤ ਉਪਹਾਰ ਅਰਪਣ ਕਰਨ ਵਾਸਤੇ ਲਿਆਏ॥ ੧੮॥

ਆਨਿ ਅਨੰਦਪੁਰਿ ਡੇਰਾ ਕੀਨਾ। ਸਿੱਖ ਹਜ਼ਾਰਹੁੰ ਬਡੇ ਪ੍ਰਬੀਨਾ।
ਸੁਨਜੋਂ ਸਭਿਨਿ 'ਸਤਿਗੁਰ ਗਿਰ ਪਰ ਹੈਂ। ਜਗਦੰਬਾ ਕੋ ਪੂਜਨਿ ਕਰਿਹੈਂ' ॥੧੯॥

ਅਨੰਦਪੁਰ ਆ ਡੇਰਾ ਕੀਤਾ, ਹਜ਼ਾਰਾਂ ਸਿੱਖ ਜਿਹੜੇ ਵੱਡੇ ਪ੍ਰਬੀਨ ਸਨ। ਸਾਰਿਆਂ ਨੇ ਸੁਣਿਆ, "ਸਤਿਗੁਰੂ ਜੀ ਪਹਾੜ ਉੱਤੇ ਹਨ ਤੇ ਜਗਦੰਬਾ ਦੀ ਪੂਜਾ ਕਰ ਰਹੇ ਹਨ" ॥ ੧੯॥

ਲਯੋ ਮਸੰਦ ਸੰਗ ਤਬਿ ਸੰਗਤਿ। ਦਰਸ਼ਨ ਚਹੈਂ ਪ੍ਰੇਮ ਮਨ ਰੰਗਤਿ।
ਗਏ ਸਕਲ ਚਲਿਕੈ ਤਿਸ ਥਾਨਾ। ਜਹਾਂ ਬਿਰਾਜਤਿ ਕ੍ਰਿਪਾਨਿਧਾਨਾ॥ ੨੦॥

ਤਦ ਸੰਗਤ ਨੇ ਮਸੰਦ ਨੂੰ ਆਪਣੇ ਨਾਲ ਲਿਆ, ਦਰਸ਼ਨ ਕਰਨਾ ਚਾਹੁੰਦੇ ਸਨ, ਮਨ ਵਿਚ ਪ੍ਰੇਮ ਦਾ ਰੰਗ ਚੜ੍ਹਿਆ ਸੀ। ਸਾਰੇ ਚਲ ਕੇ ਉਸ ਸਥਾਨ 'ਤੇ ਗਏ, ਜਿੱਥੇ ਕਿਰਪਾ ਨਿਧਾਨ ਬਿਰਾਜ ਰਹੇ ਸਨ॥ ੨੦॥

ਮੰਤ੍ਰ ਪਾਠ ਕਰਿ ਲੀਨਿ ਹਮਨ ਜਬਿ। ਉਠੇ ਭਵਨ ਤੇ ਆਨਿ ਪ੍ਰਭੂ ਤਬਿ।
ਨਾਨਾ ਚਿੱਤ੍ਰਤਿ ਫਰਸ਼ ਮਹਾਨਾ। ਬੈਠਿ ਬਿਰਾਜਤਿ ਭੇ ਤਿਸ ਥਾਨਾ॥ ੨੧॥

ਜਦ ਮੰਤਰ ਪੜ੍ਹ ਕੇ ਹਵਨ ਕਰ ਲਿਆ ਤਦ ਪ੍ਰਭੂ ਜੀ ਭਵਨ ਤੋਂ ਉੱਠ ਪਏ। ਜਿੱਥੇ ਨਾਨਾ ਪ੍ਰਕਾਰ ਦੇ ਰੰਗ ਵਾਲਾ ਫਰਸ਼ ਵਿਛਿਆ ਹੋਇਆ ਸੀ, ਉਸ ਥਾਂ ਗੁਰੂ ਜੀ ਬੈਠੇ ਬਿਰਾਜ ਰਹੇ ਸਨ॥ ੨੧॥

ਹੁਕਮ ਭਯੋ 'ਸੰਗਤਿ ਅਬਿ ਆਵੈ। ਮਨੋ ਕਾਮਨਾ ਦਰਸ਼ਨ ਪਾਵੈ'।
ਜਾਇ ਮੇਵਰੇ ਤੁਰਤ ਹਕਾਰੇ। ਸਹਿਤ ਮਸੰਦਨ ਸਿੱਖ ਹਜ਼ਾਰੇ॥ ੨੨॥

ਹੁਕਮ ਹੋਇਆ, "ਹੁਣ ਸੰਗਤ ਆਵੇ, ਮਨੋ ਕਾਮਨਾ ਧਾਰ ਕੇ ਦਰਸ਼ਨ ਪਾਉਣ।" ਮੇਵੜੇ ਨੇ ਜਾ ਕੇ ਤੁਰਤ ਬੁਲਾ ਲਏ ਮਸੰਦਾਂ ਸਹਿਤ ਹਜ਼ਾਰਾਂ ਸਿੱਖ ਆਏ॥ ੨੨॥

ਹਰਖਤਿ ਹੁਇ ਕਰਿ ਅਨਿਕ ਅਕੋਰ। ਆਏ ਸ਼ੀਘ੍ਰ ਦਰਸ਼ ਕੀ ਲੋਰ।
ਜੋਰਿ ਜੋਰਿ ਕਰ,ਪਗ ਸਿਰ ਧਰਿ ਧਰਿ। ਅਰਪਹਿਂ ਅੱਗ੍ਰ ਬੇਨਤੀ ਕਰਿ ਕਰਿ ॥੨੩॥

ਪ੍ਰਸੰਨ ਹੋ ਕੇ ਅਨੇਕਾਂ ਉਪਹਾਰ ਲੈ ਕੇ ਦਰਸ਼ਨਾਂ ਦੀ ਲਾਲਸਾ ਲੈ ਕੇ ਤੁਰਤ ਆ ਗਏ। ਹੱਥ ਜੋੜ-ਜੋੜ ਪੈਰਾਂ 'ਤੇ ਸਿਰ ਧਰ-ਧਰ ਬੇਨਤੀ ਕਰ-ਕਰ ਉਪਹਾਰ ਅਰਪਣ ਕਰਦੇ ਸਨ॥ ੨੩॥

ਇਕ ਮਾਲੀ ਪਟਨੇ ਬਸਕੀਨ॥ ਬੰਦਤਿ ਚਰਨ ਦਰਸ ਕੋ ਕੀਨਿ।
ਤਿਸ ਕੋ ਦੇਖਤਿ ਪ੍ਰਭੁ ਬਖਾਨਾ। 'ਕਜਾ ਤੁਵ ਨਿਕਟ ਭੇਟ ਹਿਤ ਆਨਾ ?' ॥੨੪॥

ਇਕ ਮਾਲੀ ਪਟਣੇ ਦਾ ਰਹਿਣ ਵਾਲਾ ਸੀ, ਉਸ ਨੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਦਰਸ਼ਨ ਕੀਤੇ। ਉਸ ਨੂੰ ਵੇਖ ਕੇ ਪ੍ਰਭੂ ਜੀ ਨੇ ਕਿਹਾ, "ਤੂੰ ਭੇਟਾ ਵਾਸਤੇ ਕੀ ਲੈ ਕੇ ਆਇਆ ਹੈਂ?" ॥ ੨੪॥

'ਮਹਾਰਾਜ ਮੈਂ ਬਾਗ ਲਗਾਯੋ। ਹਿਤ ਰਾਵਰ ਕੇ ਤਰੁਵਰ ਲਜਾਯੋ।
ਉੱਤਮ ਬਡ ਰਸਾਲ ਕੋ ਅਹੈ। ਲਗਹਿ ਤਹਾਂ ਜਿਹਠਾਂ ਪ੍ਰਭੁ ਕਹੈਂ ॥ ੨੫॥

ਮਾਲੀ ਨੇ ਕਿਹਾ, "ਮਹਾਰਾਜ ਮੈਂ ਬਾਗ ਲਾਇਆ ਹੈ, ਆਪ ਜੀ ਦੀ ਭੇਟਾ ਵਾਸਤੇ ਇਕ ਬ੍ਰਿਛ ਲਿਆਇਆ ਹਾਂ। ਬ੍ਰਿਛ ਬੜਾ ਉੱਤਮ ਅਤੇ ਰਸੀਲਾ ਹੈ, ਉਥੇ ਲਾਵਾਂਗਾ ਜਿੱਥੇ ਆਪ ਕਹੋਗੇ"॥ ੨੫॥

**ਸੁਨਿ ਸਤਿਗੁਰ ਨਿਜ ਧਨੁਖ ਸੰਭਾਰਾ। ਖੈਂਚਤਿ ਤਬਹਿ ਬਾਨ ਕੋ ਮਾਰਾ।**
**ਸਵਾ ਕੋਸ ਪਰ ਉਤਰਜੋ ਜਾਈ। ਤਿਤ ਦਿਸ਼ਿ ਤਿਸ ਕੋ ਦੀਨਿ ਬਤਾਈ॥੨੬॥**

ਸਤਿਗੁਰੂ ਜੀ ਨੇ ਸੁਣ ਕੇ ਆਪਣਾ ਧਨੁੱਖ ਸੰਭਾਲਿਆ, ਉਸ ਨੂੰ ਖਿੱਚ ਕੇ ਇਕ ਤੀਰ ਚੱਲਾਇਆ। ਉਹ ਤੀਰ ਸਵਾ ਕੋਹ, ਤੇ ਜਾ ਕੇ ਥੱਲੇ ਡਿੱਗਾ, ਉਸ ਪਾਸੇ ਵਲ ਮਾਲੀ ਨੂੰ ਦੱਸ ਦਿੱਤਾ॥ ੨੬॥

**ਸੇਵਕ ਲੇ ਕਰਿ ਸੰਗ ਸਿਧਾਏ। ਗਡਜੋ ਤੀਰ ਜਹਿਂ ਬਾਨ ਦਿਖਾਏ।**
**ਤਹਾਂ ਅਰੋਪਨਿ ਕੀਨਸਿ ਮਾਲੀ। ਪ੍ਰਤਿਪਾਲਾ ਪੁਨ ਭਈ ਬਿਸਾਲੀ॥ ੨੭॥**

ਸੇਵਕ ਮਾਲੀ ਨੂੰ ਲੈ ਕੇ ਨਾਲ ਚਲੇ ਗਏ ਤੇ ਜਿੱਥੇ ਤੀਰ ਜਾ ਕੇ ਗੱਡਿਆ ਗਿਆ ਸੀ, ਉਹ ਸਥਾਨ ਵਿਖਾਇਆ। ਉਥੇ ਮਾਲੀ ਨੇ ਉਹ ਬ੍ਰਿਛ ਲਾ ਦਿੱਤਾ, ਉਸ ਦੀ ਫਿਰ ਬਹੁਤ ਪ੍ਰਤਿਪਾਲਣਾ ਹੋਈ॥ ੨੭॥

**ਅਬਿਲੌ ਖਰਜੋ ਸੁਨਜੋ ਹਮ ਜੋਇ। ਨਹਿਂ ਲੋਚਨ ਤੇ ਦੇਖਜੋ ਸੋਇ।**
**ਸਭਿ ਸੰਗਤਿ ਕੋ ਖੁਸ਼ੀ ਬਿਸਾਲਾ। ਸਤਿਗੁਰ ਕਰਤਿ ਭਏ ਤਿਸ ਕਾਲਾ॥੨੮॥**

ਕਵੀ ਜੀ ਕਹਿੰਦੇ ਹਨ ਕਿ ਅਸੀਂ ਕੰਨ ਨਾਲ ਸੁਣਿਆ ਹੈ ਕਿ ਉਹ ਬ੍ਰਿਛ ਹਾਲੇ ਤੱਕ ਖੜਾ ਹੈ, ਪਰ ਅਸੀਂ ਅੱਖਾਂ ਨਾਲ ਨਹੀਂ ਵੇਖਿਆ ਹੈ। ਸਾਰੀ ਸੰਗਤ ਨੂੰ ਸਤਿਗੁਰੂ ਜੀ ਉਸ ਸਮੇਂ ਵਿਸ਼ਾਲ ਖੁਸ਼ੀਆਂ ਬਖਸ਼ ਰਹੇ ਸਨ॥ ੨੮॥

**ਜਥਾਜੋਗ ਦੈ ਦੈ ਸਿਰੁਪਾਊ। ਪੁਰਹਿਂ ਕਾਮਨਾ ਭਏ ਬਿਦਾਊ।**
**ਹੋਇ ਨਿਹਾਲ ਸੁਜਸੁ ਕੋ ਕਰਿਤੇ। ਦੂਣ ਚਊਣ ਭਾਉ ਕੋ ਧਰਿਤੇ॥ ੨੯॥**

ਯਥਾ ਯੋਗ ਸਿਰੋਪੇ ਦੇ ਕੇ ਸੰਗਤ ਦੀ ਕਾਮਨਾ ਪੂਰੀ ਕਰਕੇ ਵਿਦਾ ਕਰਦੇ ਸਨ। ਸਾਰੇ ਨਿਹਾਲ ਹੋ ਕੇ ਸ੍ਰੇਸ਼ਟ ਜੱਸ ਕਰਦੇ ਸਨ ਤੇ ਦੂਣਾ ਚੌਣਾ ਪ੍ਰੇਮ ਧਾਰਨ ਕਰਦੇ ਸਨ॥ ੨੯॥

**ਅਧਿਕ ਅਨੰਦਤਿ ਸਦਨ ਸਿਧਾਰੇ। ਜਹਿਂ ਕਹਿਂ ਗੁਰੂ ਬ੍ਰਿਤੰਤ ਉਚਾਰੇ।**
**'ਰਾਖਹਿਂ ਪੈਜ ਹਿੰਦੂਅਨਿ ਕੇਰੀ। ਤੁਰਕ ਰਾਜ ਕੀ ਜਰਾਂ ਉਖੇਰੀ॥ ੩੦॥**

ਬਹੁਤ ਅਨੰਦ ਮਈ ਹੋ ਕੇ ਘਰਾਂ ਨੂੰ ਜਾਂਦੇ ਸਨ ਤੇ ਜਿੱਥੇ ਕਿੱਥੇ ਗੁਰੂ ਜੀ ਦਾ ਬ੍ਰਿਤਾਂਤ ਉਚਾਰਨ ਕਰਦੇ ਸਨ, ਹਿੰਦੂਆਂ ਦੀ ਪੈਜ ਰੱਖਣਗੇ ਤੁਰਕ ਰਾਜ ਦੀਆਂ ਜੜ੍ਹਾਂ ਉਖੇੜ ਦੇਣਗੇ॥ ੩੦॥

**ਕਠਨ ਅਧਿਕ ਤਪ ਤਨ ਮਹਿਂ ਧਾਰਜੋ। ਨਿੰਦ੍ਰਾ ਅਸਨ ਅਲਪ ਨਿਰਧਾਰਜੋ'।**
**ਬ੍ਰਹਮ ਪੁੱਤ੍ਰ ਲਗਿ ਇਹੀ ਪ੍ਰਸੰਗਾ। ਉਚਰਤਿ ਗਮਨੇ ਲੋਕ ਨਿਸੰਗਾ॥ ੩੧॥**

ਕਠਨ ਤਪ ਤਨ ਉੱਤੇ ਧਾਰਨ ਕੀਤਾ ਹੈ, ਨੀਂਦ ਅਤੇ ਭੋਜਨ ਬਹੁਤ ਥੋੜ੍ਹਾ ਨਿਰਧਾਰਿਤ ਕੀਤਾ ਹੈ। ਬ੍ਰਹਮ ਪੁੱਤਰ ਤਕ ਇਹ ਹੀ ਪ੍ਰਸੰਗ ਚਲਦਾ ਸੀ, ਲੋਕ ਨਿਸ਼ੰਗ ਹੋ ਕੇ ਕਹਿੰਦੇ ਜਾਂਦੇ ਸਨ॥ ੩੧॥

**ਇਤ ਸਤਿਗੁਰ ਨਿਤ ਪਾਠ ਕਰੰਤੇ। ਡਾਰਿ ਅਹੂਤੀ 'ਜੈ' ਉਚਰੰਤੇ।**
**ਪਾਨੀ ਪੀਵਨ ਅਸਨ ਅਚਨ ਕੋ। ਸੰਜਮ ਬਿਖਮ ਰੋਕ ਰਖਿ ਮਨ ਕੋ॥ ੩੨॥**

ਏਧਰ ਸਤਿਗੁਰੂ ਜੀ ਨਿਤ ਮੰਤ੍ਰਾਂ ਦਾ ਪਾਠ ਕਰਦੇ ਸਨ ਤੇ ਅਹੂਤੀ ਪਾ ਕੇ ਜੈ ਕਹਿੰਦੇ ਸਨ। ਪਾਣੀ ਪੀਣਾ ਅਤੇ ਭੋਜਨ ਛੱਕਣਾ, ਬਿਖਮ ਸੰਜਮ ਰੱਖ ਕੇ ਮਨ ਨੂੰ ਰੋਕ ਰੱਖਦੇ ਸਨ॥ ੩੨॥

ਘਾਮ ਸੀਤ ਝਾਲਹਿਂ ਬਹੁ ਤਨ ਪਰ। ਨਾਨਾ ਭਾਂਤਿਨ ਕੇ ਸੁਖ ਪਰਹਰਿ।
ਭੂਖ ਪਜਾਸ ਤੇ ਡੋਲਤਿ ਨਾਂਹੀ। ਭਏ ਜਿਤੇਂਦ੍ਰੀ ਏਕੋ ਚਾਹੀ॥ ੩੩॥

ਬਹੁਤ ਗਰਮੀ ਅਤੇ ਠੰਡ ਸਿਰ ਉੱਤੇ ਝੱਲਦੇ ਹਨ, ਕਈ ਪ੍ਰਕਾਰ ਦੇ ਸੁਖ ਛੱਡ ਦਿੱਤੇ ਹਨ। ਭੁੱਖ ਪਿਆਸ ਕਾਰਨ ਡੋਲਦੇ ਨਹੀਂ ਹਨ। ਇੰਦਰੀਆਂ ਨੂੰ ਜਿੱਤ ਕੇ ਹੁਣ ਇਕੋ ਹੀ ਚਾਹ ਹੈ॥ ੩੩॥

ਗਿਰ ਪਰ ਬਾਸਾ ਕਰਹਿਂ ਘਨੇਰੇ। ਇਕ ਲਿਵਲਾਗੀ ਵਧਹਿਂ ਵਧੇਰੇ।
ਸੁਰਤਿ ਸੰਕੋਚਿ, ਦ੍ਵਾਰ ਦਸ ਸ੍ਵਾਸ। ਕਰਹਿਂ ਟਿਕਾਵਨਿ ਧਜਾਨ ਪ੍ਰਕਾਸ਼॥ ੩੪॥

ਜ਼ਿਆਦਾ ਸਮਾਂ ਪਹਾੜ ਉੱਤੇ ਹੀ ਵਾਸਾ ਕਰਦੇ ਹਨ, ਇਕੋ ਲਿਵ ਲੱਗੀ ਹੈ, ਜਿਹੜੀ ਹੋਰ ਵਧਦੀ ਜਾਂਦੀ ਹੈ। ਸੁਰਤ ਸੰਕੋਚ ਕੇ ਸਵਾਸ ਦਸਵੇਂ ਦਵਾਰ ਟਿਕਾਉਂਦੇ ਹਨ ਤੇ ਧਿਆਨ ਦਾ ਪ੍ਰਕਾਸ਼ ਹੁੰਦਾ ਹੈ॥ ੩੪॥

ਏਕ ਰੂਪ ਹੁਇ ਅੰਤਰ ਹਰਜੋ। ਸੁਰਨਿ ਬਿਖੈ ਖਰਭਰ ਤਬਿ ਪਰਜੋ।
ਸ਼ਕਤਿ ਇੰਦ੍ਰਾਣੀ ਆਦਿਕ ਜੇਈ। ਆਇ ਅਗਾਰੀ ਥਿਰ ਹ੍ਵੈ ਤੇਈ॥ ੩੫॥

ਇਕ ਰੂਪ ਹੋ ਕੇ ਵਿਰਲਾ ਭੇਦ ਦੂਰ ਕੀਤਾ ਤਦ ਦੇਵਤਿਆਂ ਵਿਚ ਖਲਬਲੀ ਮੱਚ ਗਈ। ਇੰਦਰ ਆਦਿ ਜਿਹੜੀਆਂ ਸ਼ਕਤੀਆਂ ਹਨ, ਉਹ ਆ ਕੇ ਗੁਰੂ ਜੀ ਦੇ ਅੱਗੇ ਖੜੀਆਂ ਹੋ ਗਈਆਂ॥ ੩੫॥

ਨਿਜ ਪ੍ਰਭਾਵ ਕੋ ਕਰਤਿ ਬਖਾਨੀ। 'ਹਮਰੋ ਦਰਸ ਦੁਲਭ ਲਿਹੁ ਮਾਨੀ'।
ਧਨਦ ਸ਼ਕਤਿ ਨਿਜ ਕਹੈਂ ਪ੍ਰਭਾਊ। 'ਨਵ ਨਿੱਧਨ ਹਮ ਤੇ ਲਿਹੁ ਪਾਊ' ॥੩੬॥

ਉਹ ਆਪਣੇ ਪ੍ਰਭਾਵ ਨੂੰ ਬਿਆਨ ਕਰਦੀਆਂ ਸਨ, "ਅਸੀਂ ਤਾਂ ਆਪਣੇ ਦਰਸ਼ਨਾਂ ਨੂੰ ਦੁਰਲਭ ਮੰਨਿਆ ਸੀ।" ਕੁਬੇਰ ਦੀ ਸ਼ਕਤੀ ਆਪਣਾ ਪ੍ਰਭਾਵ ਕਹਿੰਦੀ ਸੀ, "ਸਾਡੇ ਪਾਸੋਂ ਨੌਂ ਨਿਧੀਆਂ ਲੈ ਲਵੋ"॥ ੩੬॥

ਸਿੱਧ ਅਸ਼ਟ ਦਸ਼ ਕਰਹਿਂ ਉਚਾਰੀ। 'ਕਜੋਂ ਤੁਮ ਤਾਪ ਤਪਹੁ ਤਨ ਭਾਰੀ।
ਹਮ ਸਗਰੀ ਰਾਵਰਿ ਅਨੁਸਾਰੀ। ਚਹਹੁ ਸੁ ਕਰਹਿਂ ਨ ਲਾਗ ਅਵਾਰੀ' ॥੩੭॥

ਅਠਾਰਾਂ ਸਿੱਧੀਆਂ ਉਚਾਰਨ ਕਰਦੀਆਂ ਸਨ, "ਤੁਸੀਂ ਆਪਣੇ ਸਰੀਰ ਉੱਤੇ ਕਿਉਂ ਏਨਾ ਤਪ ਤਾਪਦੇ ਹੋ। ਅਸੀਂ ਸਾਰੇ ਆਪ ਜੀ ਦੀ ਆਗਿਆ ਅਨੁਸਾਰ ਹਾਂ, ਜੋ ਚਾਹੋ ਸੋ ਕਰਦੇ ਹਾਂ, ਕੁਝ ਵੀ ਦੇਰ ਨਹੀਂ ਲੱਗੇਗੀ"॥ ੩੭॥

ਕੌਨ ਕੌਨ ਗਿਨੀਅਹਿ ਸਭਿ ਆਈ। ਤਿਨ ਦਿਸ਼ਿ ਨਹਿਂ ਗੁਰ ਦ੍ਰਿਸ਼ਟਿ ਚਲਾਈ।
ਮਨ ਅਡੋਲ ਰਾਖਜੋ ਤਿਸ ਬੇਰਾ। ਚਲੇ ਪੌਨ ਜਿਮ ਅਚਲ ਸੁਮੇਰਾ॥ ੩੮॥

ਕਿਹੜੀ-ਕਿਹੜੀ ਸ਼ਕਤੀ ਗਿਣੀਏ, ਸਭ ਸ਼ਕਤੀਆਂ ਆਈਆਂ, ਪਰ ਗੁਰੂ ਜੀ ਨੇ ਉਨ੍ਹਾਂ ਵਲ ਨਾ ਵੇਖਿਆ। ਉਸ ਸਮੇਂ ਮਨ ਨੂੰ ਅਡੋਲ ਰੱਖਿਆ। ਜਿਵੇਂ ਪੌਣ ਚਲਣ ਨਾਲ ਅਚਲ ਸੁਮੇਰ ਪਰਬਤ ਨਹੀਂ ਹਿਲਦਾ ਹੈ॥ ੩੮॥

ਜੋ ਪ੍ਰਮੇਸ਼ੁਰੀ ਆਦਿ ਸ਼ਕਤਿ ਹੈ। ਤਿਸੀ ਧਜਾਨ ਮਹਿਂ ਚਿਤ ਅਸ਼ਕਤ ਹੈ।
ਜਿਸਹਿ ਅਰਾਧਹਿਂ ਸ਼ਿਵ, ਬਿਧਿ, ਬਿਸ਼ਨੁ। ਬਰਨ, ਕੁਬੇਰ, ਸੂਰ, ਸਸਿ, ਜਿਸ਼ਨੁ॥੩੯॥

ਜੋ ਮਹਾਂ ਮਾਇਆ ਆਦਿ ਸ਼ਕਤੀ ਹੈ, ਉਸੇ ਦੇ ਧਿਆਨ ਵਿਚ ਚਿੱਤ ਮਗਨ ਹੈ। ਜਿਸ ਦੀ ਅਰਾਧਨਾ ਸ਼ਿਵਜੀ, ਬ੍ਰਹਮਾ ਅਤੇ ਵਿਸ਼ਨੂੰ ਕਰਦੇ ਹਨ, ਵਰੁਣ, ਕਬੇਰ, ਸੂਰਜ, ਚੰਦ ਅਤੇ ਸ਼ੇਸ਼ਨਾਗ ਜਿਸ ਨੂੰ ਪੂਜਦੇ ਹਨ॥ ੩੯॥

ਸਭਿ ਸੁਰ ਰੱਛਕ, ਭੱਛਕ ਦੁਸ਼ਟਨਿ। ਜਨ ਕੇ ਸੁਖਦਾ, ਕਟਹਿਂ ਅਰਿਸ਼ਟਨਿ।
ਸ਼ੇਖਸ਼ਾਇ ਮਹਿਂ ਜੋ ਲੈ ਭਈ। ਬਿਧਿ ਕੀ ਰੱਛਜਾ ਹਿਤ ਨਿਕਸਈ॥ ੪੦॥

ਸਾਰੇ ਦੇਵਤਿਆਂ ਦੀ ਜਿਹੜੀ ਰੱਖਿਅਕ ਹੈ ਅਤੇ ਸਭ ਦੁਸ਼ਟਾਂ ਨੂੰ ਖਾ ਜਾਣ ਵਾਲੀ ਹੈ। ਗਰੀਬਾਂ ਨੂੰ ਸੁਖ ਦਿੰਦੀ ਹੈ ਅਤੇ ਉਨ੍ਹਾਂ ਦੇ ਕਸ਼ਟਾਂ ਨੂੰ ਖਤਮ ਕਰਦੀ ਹੈ। ਸ਼ੇਸਨਾਗ ਉੱਪਰ ਸੌਣ ਵਾਲੀ ਵਿਸ਼ਨੂੰ ਵਿਚ ਜਿਹੜੀ ਲੀਨ ਹੋਈ ਹੈ, ਜਿਹੜੀ ਬ੍ਰਹਮਾ ਦੀ ਰੱਖਿਆ ਵਾਸਤੇ ਨਿਕਲੀ ਸੀ॥ ੪੦॥

**ਮਧੁਕੈਟਭ ਕੀ ਮਰਦਨ ਕਰਤਾ। ਪੁਨ ਮਹਿਖਾਸੁਰ ਕੀ ਰਣ ਦਰਤਾ।**
**ਧੂੰਮ੍ਰਨੈਣ ਕੀ ਪ੍ਰਾਨਨਿ ਹਰਤਾ। ਚੰਡਮੁੰਡ ਕੀ ਓਜ ਨਿਵਰਤਾ॥ ੪੧॥**

ਮਧ ਕੈਟਭ ਦੈਂਤਾਂ ਨੂੰ ਜੋ ਮਾਰਨ ਵਾਲੀ ਹੈ, ਫਿਰ ਉਸ ਨੇ ਮਹਿਖਾਸੁਰ ਦੈਂਤ ਨੂੰ ਰਣ ਵਿਚ ਮਾਰਿਆ ਸੀ। ਧੂਮ੍ਰਨੈਣ ਦੈਂਤ ਦੇ ਪ੍ਰਾਣ ਕੱਢੇ ਸਨ ਤੇ ਚੰਡ ਮੁੰਡ ਦੈਂਤਾਂ ਦੀ ਸ਼ਕਤੀ ਦੂਰ ਕੀਤੀ ਸੀ॥ ੪੧॥

**ਸੁੰਭ ਨਿਸੁੰਭ ਸੰਘਾਰਨ ਕਾਲੀ। ਨਾਸੇ ਅਨਗਨ ਦੁਸ਼ਟ ਕੁਚਾਲੀ।**
**ਜਗ ਕਰਤਾ ਪ੍ਰਿਤਪਾਲ ਬਿਸਾਲੀ। ਸਭਿ ਸੰਘਾਰਨਿ ਪ੍ਰਲੈ ਕਰਾਲੀ॥ ੪੨॥**

ਸੁੰਭ ਨਿਸੁੰਭ ਦੈਂਤਾਂ ਨੂੰ ਕਾਲੀ ਨੇ ਮਾਰਿਆ ਸੀ। ਅਣਗਿਣਤ, ਦੁਸ਼ਟ, ਭੈੜੇ ਚਾਲਿਆਂ ਵਾਲੇ ਫਿਰ ਨੱਸ ਗਏ ਸਨ। ਜਗਤ ਦੀ ਰਚਨਾ ਕਰਨ ਵਾਲੀ ਵਿਸ਼ਾਲ ਪ੍ਰਤਿਪਾਲਣਾ ਕਰਦੀ ਹੈ। ਸਾਰਿਆਂ ਨੂੰ ਮਾਰਨ ਵਾਲੀ ਭਿਆਨਕ ਪ੍ਰਲੈ ਕਰਨ ਵਾਲੀ ਹੈ॥ ੪੨॥

*ਨੋਟ :- ਏਥੇ ਦੇਵੀ ਨੂੰ ਅਕਾਲ ਪੁਰਖ ਦੇ ਲੱਛਣ ਦੇ ਦਿੱਤੇ ਹਨ। ਉਸ ਨੂੰ ਜਗਤ ਕਰਤਾ, ਪ੍ਰਤਿਪਾਲਕ ਮਾਰਨ ਵਾਲੀ ਆਦਿ ਅੰਤ ਤੋਂ ਰਹਿਤ ਅਤੇ ਪਰਮ ਜੋਤ ਪ੍ਰਕਾਸ਼ ਰੂਪ ਕਿਹਾ ਹੈ। ਇਸ ਕਰਕੇ ਜਿਸ ਨੂੰ ਅਪਾਰ ਅਤੇ ਬੇਅੰਤ ਕਿਹਾ ਹੈ, ਉਹ ਇਕ ਅਕਾਲ ਪੁਰਖ ਹੀ ਹੋ ਸਕਦਾ ਹੈ, ਦੋ ਨੂੰ ਅਪਾਰ ਅਤੇ ਬੇਅੰਤ ਕਹਿਣਾ ਦੋਹਾਂ ਪਾਰ ਵਾਲੇ ਅਤੇ ਅੰਤ ਵਾਲੇ ਕਹਿਣ ਬਰਾਬਰ ਹੈ। ਇਸ ਲਈ ਜੇ ਦੇਵੀ ਅਤੇ ਅਕਾਲ ਪੁਰਖ ਦੋਵੇਂ ਅਪਾਰ ਅਤੇ ਬੇਅੰਤ ਹਨ ਤਾਂ ਇਹ ਇਕੋ ਰੂਪ ਹੀ ਹਨ ਦੋ ਨਹੀਂ ਹੋ ਸਕਦੇ ਜੇ ਦੋ ਹਨ ਤਾਂ ਦੋਵੇਂ ਅਪਾਰ ਅਤੇ ਬੇਅੰਤ ਨਹੀਂ ਹੋ ਸਕਦੇ, ਦੇਵੀ ਨੂੰ ਫਿਰ ਵਿਸ਼ਨੂੰ, ਬ੍ਰਹਮਾ ਅਤੇ ਸ਼ਿਵਜੀ ਵਾਂਗ ਇਕ ਸਥਾਪਿਤ ਕੀਤੀ ਹੋਈ ਹਸਤੀ ਮੰਨਣਾ ਪਵੇਗਾ। ਇਸ ਲਈ ਕਵੀ ਜੀ ਆਪ ਹੀ ਭਰਮ-ਭੁਲੇਖਿਆਂ ਵਿਚ ਉਲਝ ਗਏ ਹਨ। ਉਹ ਦੇਵੀ ਨੂੰ ਚਾਰ ਬਾਹਾਂ ਵਾਲੀ ਅਤੇ ਕਰੂਪ ਰੂਪ ਵਾਲੀ ਵੀ ਕਹਿੰਦੇ ਹਨ। ਭਾਵ ਦੇਵੀ ਵੀ ਇਕ ਨਹੀਂ ਦੋ ਦੇਵੀਆਂ ਹਨ, ਇਹ ਦੇਵੀਆਂ ਇਕ ਅਕਾਲ ਪੁਰਖ ਰੂਪ ਕਿਵੇਂ ਹੋ ਸਕਦੀਆਂ ਹਨ। ਗੁਰੂ ਜੀ ਤਾਂ ਇਕ ਅਕਾਲ ਪੁਰਖ ਦੇ ਪੁਜਾਰੀ ਹਨ, ਉਹ ਅਜਿਹੀਆਂ ਦੇਵੀਆਂ ਦੀ ਕਿਵੇਂ ਅਰਾਧਨਾ ਕਰ ਸਕਦੇ ਹਨ। ਇਸ ਲਈ ਇਸ ਤੱਥ ਵਿਚ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨੇ ਦੇਵੀ ਪ੍ਰਗਟ ਕਰਨ ਵਾਸਤੇ ਉਸ ਦੀ ਪੂਜਾ ਨਹੀਂ ਕੀਤੀ ਸੀ।*

**ਜਿਸ ਕੋ ਆਦਿ ਨ ਅੰਤ ਕਦਾਈ। ਕਿਸ ਤੇ ਪਾਰ ਨ ਪਾਯੋ ਜਾਈ।**
**ਪਰਮ ਜੋਤਿ ਕੀ ਜੋਤਿ ਮਹਾਨੀ। ਸਿਮਰੇ ਜਹਾਂ ਕਹਾਂ ਬਰ ਦਾਨੀ॥ ੪੩॥**

ਜਿਸ ਦਾ ਨਾ ਕਦੀ ਆਦਿ ਹੈ ਅਤੇ ਨਾ ਹੀ ਕਦੀ ਅੰਤ ਹੈ, ਜੋ ਅਪਾਰ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ ਸਕਦਾ। ਪਰਮ ਜੋਤ ਦੀ ਮਹਾਨ ਜੋਤ ਸਰੂਪ ਹੈ। ਇਸ ਵਰ ਦਾਤੀ ਦਾ ਜਿੱਥੇ ਕਿੱਥੇ ਸਿਮਰਨ ਕਰਦੇ ਹਨ॥ ੪੩॥

**ਤਾਂਹਿ ਅਰਾਧਨਿ ਤਤਪਰ ਹੋਇ। ਤਪਹਿਂ ਤਪਨਿ, ਜਾਵਦ ਨਹਿਂ ਜੋਇ।**
**ਧਯਾਨ ਪਰਾਯਨ ਕਰਨਿ ਪ੍ਰਤੱਛ। ਦਰਸ ਬਿਲੋਚਨ ਗੋਚਰ ਸੁੱਛ॥ ੪੪॥**

ਗੁਰੂ ਜੀ ਉਸ ਦੀ ਅਰਾਧਣਾ ਕਰਨ ਵਾਸਤੇ ਉਤਾਵਲੇ ਹੋਏ ਹਨ, ਜਦ ਤਕ ਦਰਸ਼ਨ ਨਹੀਂ ਹੁੰਦੇ, ਤਦ ਤਕ ਅਰਾਧਣਾ ਕਰਦੇ ਰਹਿਣਗੇ। ਪ੍ਰਤੱਖ ਕਰਨ ਦੇ ਧਿਆਨ ਪਰਾਇਣ ਹੋਏ ਹਨ, ਆਪਣੇ ਨੇਤਰਾਂ ਨਾਲ ਉਸ ਦੇ ਪ੍ਰਤੱਖ ਦਰਸ਼ਨ ਕਰਨਾ ਚਾਹੁੰਦੇ ਹਨ॥ ੪੪॥

*ਤੀਸਰੀ ਰੁੱਤ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥*

★★★

# ਅਧਿਆਇ ਦਸਵਾਂ

## ਪ੍ਰਗਟ ਹੋਣ ਦੇ ਚਿੰਨ੍ਹ

ਦੋਹਰਾ- ਮੰਤ੍ਰ ਪਢਤਿ ਕਰਤੇ ਹਮਨ ਕਰਤਿ ਧਜਾਨ ਦਿਨ ਰੈਨ।
ਕਰਨਿ ਪ੍ਰਸ਼ੰਸ਼ਾ, ਗੁਨ ਕਥਨਿ, ਕਹਹਿਂ ਸੁਨੈ ਨਹਿਂ ਬੈਨ॥ ੧॥

ਮੰਤਰ ਪੜ੍ਹ ਕੇ ਹਵਨ ਕਰਦੇ ਸਨ ਤੇ ਦਿਨ ਰਾਤ ਧਿਆਨ ਲਾਉਂਦੇ ਸਨ। ਪ੍ਰਸੰਸਾ ਕਰਦੇ ਸਨ, ਗੁਣ ਕਥਨ ਕਰਦੇ ਸਨ ਅਤੇ ਨਾ ਬੋਲਦੇ ਸਨ ਅਤੇ ਨਾ ਹੀ ਕਿਸੇ ਦੀ ਗੱਲ ਸੁਣਦੇ ਸਨ॥ ੧॥

ਚੌਪਈ- ਕਰਤਿ ਸੁ ਬਿਧਿ ਪ੍ਰਯੋਗ ਗੁਰ ਪੂਰੇ। ਸਰਬ ਪ੍ਰਕਾਰ ਤਪੇ ਤਪ ਰੂਰੇ।
ਬੀਤ ਗਏ ਨਉ ਮਾਸ ਕਰੰਤੇ। ਦਸਵੇਂ ਬਿਖੈ ਅਧਿਕ ਥਿਤਵੰਤੇ॥ ੨॥

ਗੁਰੂ ਜੀ ਵਿਧੀ ਅਨੁਸਾਰ ਪ੍ਰਯੋਗ ਕਰਦੇ ਹਨ, ਸਰਬ ਪ੍ਰਕਾਰ ਸੁੰਦਰ ਤਪ ਤਾਪਦੇ ਹਨ। ਇਸ ਤਰ੍ਹਾਂ ਕਰਦਿਆਂ ਨੌਂ ਮਹੀਨੇ ਬੀਤ ਗਏ। ਦਸਵੇਂ ਮਹੀਨੇ ਬਹੁਤ ਜ਼ਿਆਦਾ ਬੈਠਣ ਲੱਗੇ॥ ੨॥

ਫਾਗਨ ਮਾਸ ਤਥਾ ਬਿਧਿ ਕਰੈਂ। ਹੋਮਤਿ ਚਰੂ ਮੰਤ੍ਰ ਕੋ ਰਰੈਂ।
ਨਿਸ ਦਿਨ ਬਾਸ ਸੈਲ ਪਰ ਕੈ ਕੈ। ਖਾਨ ਪਾਨ ਕੋ ਸੰਜਮ ਪੈ ਕੈ॥ ੩॥

ਫਗਣ ਮਹੀਨੇ ਵਿਚ ਵੀ ਉਸੇ ਵਿਧੀ ਨਾਲ ਕਰਦੇ ਸਨ। ਮੰਤਰ ਪੜ੍ਹ ਕੇ ਸਮੱਗਰੀ ਨੂੰ ਹਵਨ ਵਿਚ ਸੁੱਟਦੇ ਸਨ। ਦਿਨ ਰਾਤ ਪਹਾੜ ਉੱਤੇ ਵਾਸਾ ਕਰਕੇ ਅਤੇ ਖਾਣ ਪੀਣ ਦਾ ਸੰਜਮ ਰੱਖਦੇ ਸਨ॥ ੩॥

ਜਾਗਤਿ ਰਹੈਂ ਨੀਂਦ ਤਜਿ ਦੀਨੀ। ਏਕ ਅਰਾਧਨ ਪਰ ਮਤਿ ਭੀਨੀ।
ਉਸਤਤਿ ਕਰਤਿ ਅਨੇਕ ਪ੍ਰਕਾਰਾ। ਬ੍ਰਹਮ ਕਵਚ ਕੋ ਜਾਪ ਉਚਾਰਾ॥ ੪॥

ਜਾਗਦੇ ਰਹਿੰਦੇ ਸਨ, ਨੀਂਦ ਛੱਡ ਦਿੱਤੀ ਸੀ, ਇਕ ਅਰਾਧਨਾ ਵਿਚ ਮੱਤ ਭਿੱਜੀ ਸੀ। ਅਨੇਕ ਪ੍ਰਕਾਰ ਉਸਤਤਿ ਕਰਦੇ ਸਨ। ਦੁਰਗਾ ਦੇ ਨਾਵਾਂ ਦਾ ਮੰਤਰ ਉਚਾਰਨ ਕਰਦੇ ਸਨ॥ ੪॥

ਚੰਡੀ ਪਾਠ ਜਪਹਿਂ ਬਹੁ ਬਾਰੀ। ਨਾਮ ਹਜ਼ਾਰਹੁ ਕਰਹਿਂ ਉਚਾਰੀ।
ਛੰਦ ਅਚਕੜੇ ਗ੍ਰੰਥ ਮਝਾਰਾ। ਆਦਿ ਮੋਹਿਨੀ ਛੰਦ ਉਚਾਰਾ॥ ੫॥

ਬਹੁਤ ਵਾਰੀ ਚੰਡੀ ਦਾ ਪਾਠ ਕਰਦੇ ਸਨ, ਚੰਡੀ ਦੇ ਹਜ਼ਾਰਾਂ ਨਾਮ ਲੈਂਦੇ ਸਨ। ਪਾਰਸ ਨਾਥ ਗ੍ਰੰਥ ਵਿਚ ਜਿੱਥੇ ਅਚਕੜੇ ਛੰਦ ਦੇਵੀ ਦੇ ਨਾਮ ਆਏ ਹਨ ਅਤੇ ਮੋਹਨ ਆਦਿ ਛੰਦ ਉਚਾਰਨ ਕੀਤਾ ਹੈ॥ ੫॥

ਤਿਨ ਮਹਿਂ ਭਨਹਿਂ ਨਾਮ ਜੇ ਬ੍ਰਿੰਦਾ। ਗੁਰ ਕਵਿਤਾ ਮਹਿਂ ਬਨੇ ਬਿਲੰਦਾ।
ਸੋ ਸਭਿ ਨਾਮ ਰਟਹਿਂ ਬਹੁ ਬਾਰੀ। ਨਮੋ ਕਰਨਿ ਤਿਨ ਸੰਗ ਉਚਾਰੀ॥ ੬॥

ਉਸ ਵਿਚ ਦੇਵੀ ਦੇ ਜਿਹੜੇ ਬਹੁਤ ਨਾਮ ਕਹੇ ਗਏ ਹਨ, ਗੁਰੂ ਜੀ ਕਵਿਤਾ ਵਿਚ ਬਹੁਤ ਬਣਾਉਂਦੇ ਸਨ। ਉਹ ਸਾਰੇ ਨਾਮ ਗੁਰੂ ਜੀ ਬਹੁਤ ਵਾਰ ਰੱਟਦੇ ਸਨ ਤੇ ਉਨ੍ਹਾਂ ਨਾਵਾਂ ਦੇ ਨਾਲ ਹੀ ਨਮੋ ਉਚਾਰਨ ਕਰਦੇ ਸਨ॥ ੬॥

ਜਾਨੀ ਪਰੀ ਬਿਦਤ ਅਬਿ ਹੁਇ ਹੈ। ਸਫਲ ਕਰੇਗੀ ਕ੍ਰਿਤ ਸਭਿ ਕੁਇ ਹੈ।
ਇਮ ਹੀ ਫਾਗਣ ਮਾਸ ਬਿਤਾਯੋ। ਚਢਜੋ ਚੇਤ ਸੁੰਦਰ ਦਰਸਾਯੋ॥ ੭॥

Sri Satguru Jagjit Singh Ji eLlibrary NamdhariElibrary@gmail.com

ਜਦ ਇਹ ਪਤਾ ਲੱਗ ਗਿਆ ਕਿ ਹੁਣ ਪ੍ਰਗਟ ਹੋਵੇਗੀ ਤੇ ਸਾਰੀ ਕ੍ਰਿਤ ਨੂੰ ਸਫਲ ਕਰੇਗੀ। ਇਸ ਤਰ੍ਹਾਂ ਹੀ ਫਗਣ ਦਾ ਮਹੀਨਾ ਬਤੀਤ ਕੀਤਾ। ਚੇਤ ਦਾ ਮਹੀਨਾ ਚੜ੍ਹਿਆ ਸਾਰੇ ਸੁੰਦਰਤਾ ਫੈਲ ਗਈ॥ ੭॥

ਕੁਸਮਤਿ ਕਾਨਨ ਭੇ ਸਭਿ ਥਾਈਂ। ਭੌਰ ਗੁੰਜਾਰਤਿ ਹੈਂ ਸਮੁਦਾਈ।
ਫੂਲ ਪ੍ਰਫੁੱਲਜਤਿ ਬਰਨ ਬਰਨ ਕੇ। ਭਾਸਤਿ ਚਾਰੁ ਅਕਾਰ ਤਰਨਿ ਕੇ॥ ੮॥

ਜੰਗਲ ਵਿਚ ਸਭ ਥਾਈਂ ਫੁੱਲ ਖਿੜ ਉੱਠੇ। ਸਾਰੇ ਹੀ ਭੌਰ ਗੂੰਜਦੇ ਸਨ। ਰੰਗ ਬਰੰਗੇ ਫੁੱਲ ਖਿੜੇ ਸਨ। ਬ੍ਰਿਛਾਂ ਦੇ ਨਜ਼ਾਰੇ ਬੜੇ ਸੁੰਦਰ ਲੱਗਦੇ ਸਨ॥ ੮॥

ਊਚੇ ਗਿਰ ਕੇ ਸ਼ਿਖਰ ਸਥਿਰ ਹੈਂ। ਅਵਿਲੋਕਤਿ ਤਰੁਵਰ ਤਰ ਤਰ ਹੈਂ।
ਮਾਸ ਇਕਾਦਸ਼ਮੋ ਤਬਿ ਆਯੋ। ਚਾਹਤਿ ਸ੍ਰੀ ਚੰਡੀ ਬਿਦਤਾਯੋ॥ ੯॥

ਉੱਚੇ ਪਹਾੜ ਦੀ ਚੋਟੀ 'ਤੇ ਬੈਠੇ ਸਨ, ਬ੍ਰਿਛਾਂ ਨੂੰ ਹੇਠਾਂ ਵਲ ਵੇਖਦੇ ਹਨ, ਜਿਹੜੇ ਵੱਡੀ ਗਿਣਤੀ ਵਿਚ ਵਿਖਾਈ ਦਿੰਦੇ ਹਨ। ਜਦ ਮਹੀਨੇ ਦੀ ਇਕਾਦਸ਼ੀ ਵਾਲਾ ਦਿਨ ਆਇਆ, ਗੁਰੂ ਜੀ ਫਿਰ ਚੰਡੀ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ॥ ੯॥

ਹਮਨ ਕਰਿਨਿ ਲਾਗੇ ਪੁਨ ਘਨੋ। ਮੇਵਾ ਅਧਿਕ ਘ੍ਰਿਤ ਕੇ ਸਨੋ।
ਸਗਨ ਹੋਨਿ ਲਾਗੇ ਸ਼ੁਭ ਸਾਰੇ। ਲਾਟ ਦਾਹਨੀ ਦਿਸ਼ਾ ਉਸਾਰੇ॥ ੧੦॥

ਬਹੁਤ ਜ਼ਿਆਦਾ ਹਵਨ ਕਰਨ ਲੱਗੇ, ਘਿਉ ਸਹਿਤ ਬਹੁਤ ਮੇਵੇ ਅਗਨੀ ਵਿਚ ਸੁੱਟਦੇ ਸਨ। ਫਿਰ ਸ਼ੁਭ ਸ਼ਗਨ ਹੋਣ ਲੱਗੇ। ਲਾਟ ਸੱਜੇ ਪਾਸੇ ਨਿਕਲਣ ਲੱਗੀ॥ ੧੦॥

ਆਹੁਤਿ ਜੋ ਕਰ ਕਮਲ ਮਝਾਰੇ। ਸਮੁਖ ਆਇ ਹਿਤ ਲੇਨਿ ਅਹਾਰੇ।
ਇੱਤਜਾਦਿਕ ਪਿਖਿ ਬਿੱਪ੍ਰ ਪ੍ਰਬੀਨੋ। 'ਹੁਇ ਹੈ ਬਿਦਤਾ' ਰਿਦੈ ਇਮ ਚੀਨੋ॥੧੧॥

ਜਿਹੜੀ ਅਹੂਤੀ ਆਪਣੇ ਕਰ ਕੰਵਲਾਂ ਵਿਚ ਲੈਂਦੇ ਹਨ, ਉਸ ਨੂੰ ਲਾਟ ਆਪ ਸਾਹਮਣੇ ਆ ਕੇ ਲੈਂਦੀ ਹੈ। ਇਸ ਪ੍ਰਕਾਰ ਦੇ ਸ਼ਗਨ ਵੇਖ ਕੇ ਪ੍ਰਬੀਨ ਬ੍ਰਾਹਮਣ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਹੁਣ ਦੇਵੀ ਪ੍ਰਗਟ ਹੋਵੇਗੀ"॥ ੧੧॥

ਪ੍ਰਭੁ ਸੋਂ ਕਰੀ ਜਨਾਵਨ ਸੋਈ। 'ਕਾਜ ਸਿੱਧ ਭਾ ਬਿਲਮ ਨ ਕੋਈ।
ਆਪ ਸੁਚੇਤ ਬਨਹੁ ਸਭਿ ਭਾਂਤੀ। ਬਿਦਤਹਿ ਮਾਸ ਦਿਵਸ ਕੈ ਰਾਤੀ॥੧੨॥

ਉਹ ਗੱਲ ਗੁਰੂ ਜੀ ਨੂੰ ਦੱਸ ਦਿੱਤੀ, "ਕਾਰਜ ਸਿੱਧ ਹੋਣ ਵਿਚ ਹੁਣ ਕੋਈ ਦੇਰ ਨਹੀਂ ਹੈ। ਆਪ ਸਭ ਪ੍ਰਕਾਰ ਸੁਚੇਤ ਹੋ ਜਾਵੋ। ਮਹੀਨੇ, ਦਿਨ ਜਾਂ ਰਾਤ ਪ੍ਰਗਟ ਹੋਵੇਗੀ॥ ੧੨॥

ਅੱਗ੍ਰ ਥਿਰਹੁ ਧੀਰਜ ਉਰ ਧਰਨੀ। ਹਾਥਨਿ ਜੋਰਿ ਪ੍ਰਸ਼ੰਸ਼ਾ ਕਰਨੀ।
ਬਰ ਜਾਚਹੁ ਜਬਿ ਮਾਤਾ ਕਹੈ। ਕਰੋ ਮਨੋਰਥ ਜੋ ਅਬਿ ਅਹੈ॥ ੧੩॥

ਅੱਗੇ ਧੀਰਜ ਧਾਰ ਕੇ ਖਲੋ ਜਾਵੋ ਤੇ ਹੱਥ ਜੋੜ ਕੇ ਪ੍ਰਸੰਸਾ ਕਰੋ। ਜਦ ਮਾਤਾ ਕਹੇ ਤਾਂ ਵਰ ਮੰਗੋ। ਜਿਹੜਾ ਹੁਣ ਮਨੋਰਥ ਹੈ ਉਸ ਤਰ੍ਹਾਂ ਕਰੋ॥ ੧੩॥

ਅਰਪਨ ਕਰਹੁ ਭੇਟ ਜੋ ਤਬੈ। ਤਯਾਰੀ ਕਰਿ ਰਾਖਹੁ ਅਬਿ ਸਬੈ'।
ਸੁਨਿ ਸਤਿਗੁਰੂ ਅਨੰਦ ਉਪਾਯੋ। ਪੁਨ ਕੇਸ਼ਵ ਕੋ ਬਾਕ ਸੁਨਾਯੋ॥ ੧੪॥

ਤਦ ਜਿਹੜੀ ਭੇਟ ਅਰਪਣ ਕਰਨੀ ਹੈ, ਉਸ ਦੀ ਸਾਰੀ ਤਿਆਰੀ ਹੁਣ ਕਰ ਰੱਖੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਅਨੰਦ ਪ੍ਰਾਪਤ ਕੀਤਾ, ਫਿਰ ਬ੍ਰਾਹਮਣ ਕੇਸ਼ਵ ਨੂੰ ਕਿਹਾ॥ ੧੪॥

'ਤੁਮ ਹੀ ਹੋ ਇਕ ਓਟ ਹਮਾਰੀ। ਨਿਜ ਛੱਤ੍ਰੀ ਕੇ ਦਿਜ ਰਖਵਾਰੀ।
ਪਿਤਾ ਸਮਾਨ ਸਦਾ ਹੀ ਕਰੰਤੇ। ਬਿੱਪ੍ਰ ਸਾਰਸੁਤ ਸਭਿ ਇਮ ਧਰਤੇ॥ ੧੫॥

"ਤੂੰ ਹੀ ਇਕ ਸਾਡਾ ਆਸਰਾ ਹੈਂ, ਆਪਣੇ ਖੱਤਰੀ ਦੀ ਬ੍ਰਾਹਮਣ ਰਖਵਾਲੀ ਕਰਦੇ ਹਨ। ਪਿਤਾ ਸਮਾਨ ਸਦਾ ਹੀ ਰਾਖੀ ਕਰਦੇ ਹਨ। ਸਰਸਵਤੀ ਬ੍ਰਾਹਮਣ ਸਦਾ ਇਸ ਤਰ੍ਹਾਂ ਧਾਰਨ ਕਰਦੇ ਹਨ॥ ੧੫॥

*ਨੋਟ :- ਗੁਰੂ ਜੀ ਇਕ ਬ੍ਰਾਹਮਣ ਨੂੰ ਕਿਵੇਂ ਕਹਿ ਸਕਦੇ ਹਨ ਕਿ ਤੂੰ ਹੀ ਇਕ ਸਾਡਾ ਆਸਰਾ ਹੈਂ, ਜਿਨ੍ਹਾਂ ਨੇ ਆਪਣੀ ਬਾਣੀ ਵਿਚ ਕਿਹਾ, "ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥" ਉਹ ਇਕ ਮਨੁੱਖ ਨੂੰ ਆਪਣਾ ਆਸਰਾ ਕਿਵੇਂ ਕਹਿ ਸਕਦੇ ਹਨ। ਕੇਸ਼ਵ ਦਾਸ ਨੇ ਆਪ ਉਨ੍ਹਾਂ ਨੂੰ ਅਵਤਾਰ ਅਤੇ ਵਾਹਿਗੁਰੂ ਦਾ ਪੁੱਤਰ ਮੰਨਿਆ ਹੈ। ਕੇਸ਼ੋ ਦਾਸ ਕਿਹੜੀ ਗੱਲ ਕਰਕੇ ਏਨੀ ਵਡਿਆਈ ਦਾ ਹੱਕਦਾਰ ਹੈ। ਇਸ ਕਰਕੇ ਇਸ ਨੂੰ ਗੁਰੂ ਜੀ ਦੇ ਬਚਨ ਨਹੀਂ ਸਮਝਣਾ ਚਾਹੀਦਾ।*

ਭੇਟ ਦੇਨ ਤੇ ਆਦਿਕ ਕਰਿਬੋ। ਸਭਿ ਤੁਮ ਹੀ ਤੇ ਕਾਰਜ ਸਰਬੋ'।
ਸੁਨਿ ਦਿਜਬਰ ਬਹੁ ਪ੍ਰੇਮ ਉਪਾਯੋ। 'ਧੰਨ ਧੰਨ ਗੁਰ' ਬੈਨ ਸੁਨਾਯੋ॥ ੧੬॥

ਭੇਟ ਦੇਣਾ ਆਦਿ ਜੋ ਕੁਝ ਵੀ ਕਰਨਾ ਹੈ, ਉਹ ਸਾਰੇ ਕਾਰਜ ਤੁਸੀਂ ਹੀ ਪੂਰੇ ਕਰਨੇ ਹਨ।" ਇਹ ਸੁਣ ਕੇ ਬ੍ਰਾਹਮਣ ਵਿਚ ਬੜਾ ਪ੍ਰੇਮ ਉਤਪੰਨ ਹੋਇਆ ਤੇ ਉਹ ਬੋਲਿਆ, "ਧੰਨ ਧੰਨ ਗੁਰੂ ਜੀ॥ ੧੬॥

ਤੁਰਕਨਿ ਜਰਾਂ ਉਖਾਰਨਿ ਹੇਤੁ। ਚੰਡਿ ਅਰਾਧੀ ਹੋਇ ਸੁਚੇਤ।
ਇਮ ਹੀ ਕਰਤਿ ਅਮੱਸਜਾ ਆਈ। ਤਬਿ ਤੇ ਪੂਜਾ ਗੁਰੂ ਵਧਾਈ॥ ੧੭॥

ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ, ਤੁਸੀਂ ਚੰਡੀ ਦੀ ਸੁਚੇਤ ਹੋ ਕੇ ਅਰਾਧਣਾ ਕੀਤੀ ਹੈ। ਇੰਞ ਕਰਦਿਆਂ ਹੀ ਮੌਸਿਆ ਆ ਗਈ ਹੈ। ਤਦ ਤੋਂ ਗੁਰੂ ਜੀ ਨੇ ਪੂਜਾ ਵਧਾ ਦਿੱਤੀ ਹੈ॥ ੧੭॥

ਪਾਂਚ ਪਹਿਰ ਲੌ ਹਮਨ ਕਰੰਤੇ। ਤੀਨ ਪਹਿਰ ਬਿੱਸ੍ਰਾਮ ਧਰੰਤੇ।
ਪਾਛਲ ਪਖ ਨੌਰਾਤ੍ਰੇ ਆਏ। ਧਰਜੋ ਬਰਤ ਕੁਛ ਪੀਯ ਨ ਖਾਏ॥ ੧੮॥

ਪੰਜ ਪਹਿਰ ਤਕ ਹਵਨ ਕਰਦੇ ਹਨ, ਤਿੰਨ ਪਹਿਰ ਵਿਸ਼ਰਾਮ ਕਰਦੇ ਹਨ। ਪਿੱਛਲੇ ਪੱਖ ਦੇ ਨੌਰਾਤਰੇ ਆ ਗਏ, ਵਰਤ ਧਾਰਨ ਕਰ ਲਿਆ ਕੁਝ ਵੀ ਖਾਂਦੇ ਪੀਂਦੇ ਨਹੀਂ ਸਨ॥ ੧੮॥

*ਨੋਟ :- ਸਤਿਗੁਰਾਂ ਨੇ ਸਿੱਖਾਂ ਨੂੰ ਬਿਪਰਵਾਦ ਵਿਚੋਂ ਬਾਹਰ ਕੱਢਿਆ ਸੀ, ਪਰ ਕਵੀ ਜੀ ਉਨ੍ਹਾਂ ਨੂੰ ਬਿਪਰਵਾਦ ਦੇ ਅਧੀਨ ਕਰ ਰਹੇ ਹਨ। ਕਿਸੇ ਵੀ ਵਰਤ ਆਦਿ ਨੂੰ ਸਿੱਖ ਨਹੀਂ ਮੰਨਦੇ ਹਨ।*

ਇਕ ਆਸਨ ਪਰ ਦਿਵਸ ਬਿਤਾਵੈਂ। ਮੰਤ੍ਰ ਸਮੇਤ ਅਹੂਤੀ ਪਾਵੈਂ।
'ਜੈ ਦੇਵੀ ! ਜੈ ਚੰਡ ਕਰਾਲੀ ! ਜੈ ਜੈ ਅੰਬੇ ਬਾਹੁ ਬਿਸਾਲੀ॥ ੧੯॥

ਇਕ ਆਸਣ ਉੱਤੇ ਦਿਨ ਬਤੀਤ ਕਰਦੇ ਹਨ ਤੇ ਮੰਤਰ ਸਹਿਤ ਅਹੂਤੀ ਪਾਉਂਦੇ ਹਨ ਤੇ ਨਾਲ ਬੋਲਦੇ ਹਨ, "ਜੈ ਦੇਵੀ ! ਜੈ ਚੰਡ ਕਰਾਲੀ ! ਜੈ ਜੈ ਅੰਬੇ ਮਾਤਾ ਲੰਮੀਆਂ ਬਾਹਾਂ ਵਾਲੀ !॥ ੧੯॥

ਧਰਨੀ ਮਹਿਂ ਜਸੁ ਉੱਤਮ ਕਰਨੀ। ਕਰਨੀ ਸਮ ਰਿਪੁਤਰੁ ਕੋ ਹਰਨੀ।
ਹਰਨੀ ਸਮ ਦ੍ਰਿਗ, ਕੰਚਨ ਬਰਨੀ। ਬਰਨੀ ਬੇਦਨਿ ਆਯੁਧ ਧਰਨੀ॥ ੨੦॥

ਧਰਤੀ ਉੱਤੇ ਤੇਰਾ ਉੱਤਮ ਜੱਸ ਹੋ ਰਿਹਾ ਹੈ, ਤੂੰ ਵੈਰੀ ਰੂਪੀ ਬ੍ਰਿਛ ਨੂੰ ਹੱਥਣੀ ਵਾਂਗ ਨਾਸ਼ ਕਰਨ ਵਾਲੀ ਹੈਂ। ਹਰਨੀ ਵਰਗੇ ਤੇਰੇ ਨੈਣ ਹਨ, ਸੋਨੇ ਵਰਗਾ ਤੇਰਾ ਰੰਗ ਹੈ। ਵੇਦਾਂ ਵਿਚ ਤੈਨੂੰ ਸ਼ਸਤਰਧਾਰੀ ਕਿਹਾ ਗਿਆ ਹੈ॥ ੨੦॥

ਭਰਨੀ ਜਗਤ ਸਦਾ ਬਯ ਤਰਨੀ। ਤਰਨੀ ਸਮ ਜਗ ਕਾਰਜ ਕਰਨੀ।
ਕਰ ਨੀਰਜ ਤੇ ਦੁਸ਼ਟਨਿ ਵਰਨੀ। ਵਰਨੀ ਬੱਕ੍ਰ, ਸ਼ੁਭਤਿ ਆਭਰਨੀ॥ ੨੧॥

ਜਗਤ ਨੂੰ ਪਾਲਣ ਵਾਲੀ ਹੈਂ ਤੇ ਸਦਾ ਜਵਾਨ ਰਹਿੰਦੀ ਹੈਂ ਯੁਵਕਾਂ ਵਾਂਗ ਤੂੰ ਜਗਤ ਦੇ ਕਾਰਜ ਕਰਦੀ ਹੈਂ। ਆਪਣੇ ਕਰ ਕੰਵਲਾਂ ਨਾਲ ਦੁਸ਼ਟਾਂ ਦਾ ਨਾਸ਼ ਕਰਨ ਵਾਲੀ ਹੈਂ। ਤੇਰੀਆਂ ਭਿਮਣੀਆਂ ਟੇਢੀਆਂ ਹਨ, ਗਹਿਣੇ ਸ਼ੋਭਦੇ ਹਨ॥ ੨੧॥

ਨਮੋ ਨਮੋ ਤੁਵ ਪਦ ਅਰਬਿੰਦਾ। ਨਮੋ ਨਮੋ ਕੋ ਹ੍ਵੈ ਨ ਮਨਿੰਦਾ।
ਨਮੋ ਨਮੋ ਮਧੁ ਕੈਟਭ ਮਾਰਨਿ। ਨਮੋ ਨਮੋ ਪਿੰਗਾਛ ਪ੍ਰਹਾਰਨਿ॥ ੨੨॥

ਤੇਰੇ ਚਰਨ ਕੰਵਲਾਂ 'ਤੇ ਨਮਸਕਾਰ ਹੈ। ਮਧੁ ਕੈਟਭ ਦੈਂਤਾਂ ਨੂੰ ਮਾਰਨ ਵਾਲੀ ਨੂੰ ਨਮਸਕਾਰ ਹੈ, ਪਿੰਗਾਛ ਦੈਂਤ ਨੂੰ ਮਾਰਨ ਵਾਲੀ ਨੂੰ ਮੇਰੀ ਨਮਸਕਾਰ ਹੈ॥ ੨੨॥

ਨਮੋ ਨਮੋ ਹੇ ਰਾਮ ਸਰੂਪਾ। ਨਮੋ ਨਮੋ ਸ੍ਰੀ ਕ੍ਰਿਸ਼ਨ ਅਨੂਪਾ।
ਨਮੋ ਨਮੋ ਜਨ ਕੋ ਬਰਦਾਨੀ। ਨਮੋ ਨਮੋ ਦੁਰਗੇਯ ਭਵਾਨੀ॥ ੨੩॥

ਰਾਮ ਚੰਦਰ ਸਰੂਪ ਨੂੰ ਮੇਰੀ ਨਮਸਕਾਰ ਹੈ, ਸ੍ਰੀ ਕ੍ਰਿਸ਼ਨ ਵਰਗੇ ਅਨੂਪਮ ਰੂਪ ਨੂੰ ਮੇਰੀ ਨਮਸਕਾਰ ਹੈ। ਗ਼ਰੀਬਾਂ ਨੂੰ ਵਰ ਦੇਣ ਵਾਲੀ ਨੂੰ ਮੇਰੀ ਨਮਸਕਾਰ ਹੈ, ਦੁਰਗਾ ਭਵਾਨੀ ਨੂੰ ਮੇਰੀ ਨਮਸਕਾਰ ਹੈ"॥ ੨੩॥

*ਨੋਟ :-ਰਾਮ ਅਤੇ ਕ੍ਰਿਸ਼ਨ ਸਰੂਪ ਕਹਿਣ ਤੋਂ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਕੇਵਲ ਵਿਸ਼ਨੂੰ ਜੀ ਨੂੰ ਹੀ ਇਸਤਰੀ ਲਿੰਗ ਵਰਣਨ ਕਰਨਾ ਹੈ।*

ਜੈ ਜੈ ਲੋਚਨ ਲੋਹਿਤ ਕਾਲੀ। ਜੈ ਦਿਗੰਬਰਾ, ਆਨਨ ਜ੍ਵਾਲੀ।
ਜੈ ਜੈ ਅਸ਼ਟ ਭੁਜਾ ਬਲਵਾਲੀ। ਜੈ ਜੈ ਭੀਮਾ ਮੁੰਡਨਿ ਮਾਲੀ॥ ੨੪॥

ਹੇ ਕਾਲੀ ਲਾਲ ਰੰਗ ਦੇ ਨੇਤਰਾਂ ਵਾਲੀ ਦੀ ਜੈ ਹੋਵੇ, ਮੂੰਹ ਵਿਚੋਂ ਅੱਗ ਕੱਢਣ ਵਾਲੀ ਦਿਗੰਬਰਾਂ ਦੀ ਜੈ ਹੋਵੇ। ਅੱਠਾਂ ਬਾਹਾਂ ਵਾਲੀ ਦੀ ਜੈ ਹੋਵੇ। ਗਲ ਵਿਚ ਡਰਾਉਣੇ ਸਿਰਾਂ ਦੀ ਮਾਲਾ ਵਾਲੀ ਦੀ ਜੈ ਹੋਵੇ॥ ੨੪॥

ਜੈ ਜੈ ਭੱਦ੍ਰਾ ਲਘੁ ਸਸਿ ਭਾਲੀ। ਭਵਾ ਭੈਹਰਾ ਭੂਰ ਕ੍ਰਿਪਾਲੀ।
ਛੂਟੇ ਸਿਰ ਪਰ ਬਾਲ ਬਿਸਾਲੀ। ਜੈ ਜੈ ਰਣ ਮਹਿਂ ਰੂਪ ਕਰਾਲੀ"॥ ੨੫॥

ਜਿਸ ਦੇ ਮੱਥੇ ਵਿਚ ਕਲਿਆਣ ਰੂਪੀ ਛੋਟਾ ਚੰਦਰਮਾ ਹੈ, ਉਸ ਦੀ ਜੈ ਹੋਵੇ। ਕਲਿਆਣ ਰੂਪ ਤੇ ਭੈ ਦੂਰ ਕਰਨ ਵਾਲੀ ਦੀ ਜੈ ਹੋਵੇ। ਜਿਸ ਦਾ ਰਣਖੇਤਰ ਵਿਚ ਵਿਕਰਾਲ ਰੂਪ ਹੈ, ਉਸ ਦੀ ਜੈ ਹੋਵੇ"॥ ੨੫॥

ਕਹਿਂ ਲਗਿ ਕਹੌਂ ਨਾਮ ਜਗ ਮਾਤਾ। ਸਿਮਰਤਿ ਗੁਰ ਏਕੋ ਰੰਗ ਰਾਤਾ।
ਭੂਖ ਪਿਆਸਾ ਲਖੈਂ ਨ ਦੋਈ। ਇਸ ਬਿਧਿ ਪ੍ਰੇਮ ਪਰਾਇਣ ਹੋਈ॥ ੨੬॥

ਜਗਮਾਤਾ ਦਾ ਨਾਮ ਕਿਥੋਂ ਤਕ ਕਹਾਂ, ਗੁਰੂ ਜੀ ਸਿਮਰਨ ਕਰਦੇ ਇਕੋ ਰੰਗ ਵਿਚ ਰੰਗੇ ਗਏ ਸਨ। ਭੁੱਖ ਪਿਆਸ ਵੇਖਦੇ ਨਹੀਂ ਸੀ, ਇਸ ਵਿਧੀ ਨਾਲ ਪ੍ਰੇਮ ਪਰਾਇਣ ਹੋਇਆ॥ ੨੬॥

ਉਚਰਹਿਂ ਉਸਤਤਿ ਅਨਿਕ ਪ੍ਰਕਾਰੀ। ਗੁਨ ਗਨ ਸਿਮਰਤਿ ਪਰਉਪਕਾਰੀ।
ਹਮਨ ਕਰਤਿ ਹੈਂ ਮੰਤ੍ਰ ਉਚਾਰਤਿ। ਨਿਸ ਦਿਨ ਧਜਾਨ ਚੰਡਿ ਕੋ ਧਾਰਤਿ॥੨੭॥

ਅਨੇਕ ਪ੍ਰਕਾਰ ਉਸਤਤਿ ਉਚਾਰਨ ਕਰਦੇ ਸਨ, ਪਰਉਪਕਾਰ ਵਾਸਤੇ ਅਨੇਕਾਂ ਗੁਣਾਂ ਦਾ ਸਿਮਰਨ ਕਰਦੇ ਸਨ। ਮੰਤਰਾਂ ਦਾ ਉਚਾਰਨ ਕਰਦੇ ਹਵਨ ਕਰਦੇ ਹਨ। ਰਾਤ ਦਿਨ ਚੰਡੀ ਦਾ ਧਿਆਨ ਧਾਰਨ ਕਰਦੇ ਹਨ॥ ੨੭॥

ਦਿਵਸ ਅਸ਼ਟਮੀ ਕੋ ਜਬਿ ਆਵਾ। ਬਾਰਿ ਬਾਰਿ ਭੂਚਾਲ ਜਨਾਵਾ।
ਜੇਤਿਕ ਦਾਸ ਨਿਕਟ ਹਿਤ ਸੇਵਾ। ਸ਼ਾਰਤ ਕਰੀ ਤਿਨਹਿਂ ਗੁਰਦੇਵਾ॥੨੮॥

ਜਦ ਅਸ਼ਟਮੀ ਦਾ ਦਿਨ ਆਇਆ ਤਾਂ ਬਾਰ-ਬਾਰ ਭੁਚਾਲ ਆ ਰਿਹਾ ਸੀ। ਜਿੰਨੇ ਵੀ ਦਾਸ ਸੇਵਾ ਵਾਸਤੇ ਪਾਸ ਮੌਜੂਦ ਸਨ, ਉਨ੍ਹਾਂ ਨੂੰ ਗੁਰੂ ਜੀ ਨੇ ਇਸ਼ਾਰਾ ਕੀਤਾ॥ ੨੮॥

ਪ੍ਰਭੁ ਰੁਖ ਲਖਿ ਕਰਿ ਤੁਰਤ ਸਿਧਾਰੇ। ਗਿਰਵਰ ਤੇ ਉਤਰੇ ਤਬਿ ਸਾਰੇ।
ਇਕ ਦਿਜ ਦੂਜੇ ਆਪ ਗੁਸਾਈਂ। ਲੱਛਨ ਬਿਦਤਨ ਕੇ ਸਮੁਦਾਈ॥ ੨੯॥

ਉਹ ਸੇਵਕ ਪ੍ਰਭੂ ਦਾ ਰੁੱਖ ਵੇਖ ਕੇ ਤੁਰਤ ਚਲੇ ਗਏ, ਤਦ ਸਾਰੇ ਪਹਾੜ ਤੋਂ ਉੱਤਰ ਗਏ। ਇਕ ਬ੍ਰਾਹਮਣ ਤੇ ਦੂਸਰੇ ਆਪ ਮਾਲਕ ਪ੍ਰਗਟ ਹੋਣ ਦੇ ਸਾਰੇ ਲੱਛਣ ਜਾਣ ਗਏ॥ ੨੯॥

ਲਖਿ ਕਰਿ ਬਿੱਪ੍ਰ ਧੀਰ ਉਰ ਹਾਲਾ। ਨਿਜ ਜੀਵਨ ਕੋ ਤ੍ਰਾਸ ਬਿਸਾਲਾ।
ਮਨ ਮਹਿਂ ਗਿਨ ਕਰਿ ਗਣੀ ਅਨੇਕੂ। ਬੋਲਯੋ 'ਸੁਨੀਐ ਜਲਧਿ ਬਿਬੇਕੂ !॥੩੦॥

ਬ੍ਰਾਹਮਣ ਇਹ ਜਾਣ ਕੇ ਆਪਣੇ ਹਿਰਦੇ ਦਾ ਧੀਰਜ ਗਵਾ ਬੈਠਾ, ਆਪਣੇ ਜੀਵਨ ਨੂੰ ਉਸ ਵੱਡਾ ਖਤਰਾ ਸਮਝਿਆ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣ ਕੇ ਬੋਲਿਆ, "ਹੇ ਗਿਆਨ ਦੇ ਸਾਗਰ ! ਸੁਣੋ॥ ੩੦॥

ਅਬਿ ਬਿਦਤਨ ਮਹਿਂ ਬਿਲਮ ਨ ਜਾਨੋ। ਜਬਿ ਸਨਮੁਖ ਹੁਇ ਰੂਪ ਭਯਾਨੋ।
ਮਾਂਗਹਿ ਭੇਟ ਪ੍ਰਸੰਨ ਬਹੁ ਹੋਇ। ਦੇਨੀ ਚਹਿਯਤਿ ਹਮ ਕੋ ਸੋਇ॥ ੩੧॥

ਹੁਣ ਪ੍ਰਗਟ ਹੋਣ ਵਿਚ ਕੋਈ ਦੇਰ ਨਹੀਂ ਹੈ, ਜਦ ਸਾਹਮਣੇ ਭਿਆਨਕ ਰੂਪ ਪ੍ਰਗਟ ਹੋਵੇਗਾ। ਉਹ ਬਹੁਤ ਪ੍ਰਸੰਨ ਹੋ ਕੇ ਭੇਟ ਮੰਗਣਗੇ ਉਹ ਭੇਟ ਸਾਨੂੰ ਦੇਣੀ ਚਾਹੀਦੀ ਹੈ॥ ੩੧॥

ਯਾਂਤੇ ਕਹੌਂ ਮਨੋਰਥ ਅਪਨਾ। ਜਾਗ੍ਰਤ ਹੀ ਮੁਝ ਆਯੋ ਸੁਪਨਾ।
ਆਨਹੁ ਭੇਟ ਜਾਇ ਕਰਿ ਸੋਊ। ਜਿਸਤੇ ਸਿੱਧ ਕਾਜ ਸਭਿ ਹੋਊ॥ ੩੨॥

ਇਸ ਕਰਕੇ ਮੈਂ ਆਪਣਾ ਮਨੋਰਥ ਕਹਿੰਦਾ ਹਾਂ, ਜਾਗਦਿਆਂ ਹੀ ਮੈਨੂੰ ਸੁਪਨਾ ਆਇਆ ਹੈ। ਮੈਂ ਜਾ ਕੇ ਉਹ ਭੇਟ ਲਿਆਉਂਦਾ ਹਾਂ, ਜਿਸ ਨਾਲ ਸਾਰਾ ਕਾਰਜ ਸਿੱਧ ਹੋ ਜਾਵੇਗਾ॥ ੩੨॥

ਸੰਧਯਾ ਆਜ ਹੋਇ ਹੈਂ ਦਰਸ਼ਨ। ਕੈਧੋਂ ਹੋਇਂ ਪ੍ਰਭਾਤੇ ਪਰਸੰਨ।
ਇਸ ਬਿਧਿ ਭਾਖਿ ਬਾਕ ਤਿਸ ਠੌਰਾ। ਚਲਯੋ ਮਿਸਰ ਕਛੁ ਮਨ ਭਯੋ ਥੋਰਾ॥੩੩॥

ਅੱਜ ਸ਼ਾਮ ਨੂੰ ਦਰਸ਼ਨ ਹੋ ਜਾਣਗੇ, ਜਾਂ ਸਵੇਰ ਵੇਲੇ, 'ਦੇਵੀ ਦਰਸ਼ਨ ਦੇਵੇਗੀ।" ਇਸ ਪ੍ਰਕਾਰ ਉਥੇ ਕਹਿ ਕੇ ਬ੍ਰਾਹਮਣ ਕੁਝ ਥੋੜ੍ਹ ਦਿਲਾ ਹੋਣ ਕਰਕੇ ਚਲਾ ਗਿਆ॥ ੩੩॥

ਕਰਤਿ ਉਤਾਇਲ ਉਲੰਘਤਿ ਗੈਲ। ਤਤਛਿਨ ਉਤਰਿ ਆਇ ਸਭਿ ਸੈਲ।
ਇਕ ਸ਼੍ਰੀ ਸਤਿਗੁਰ ਆਪੇ ਰਹੇ। ਅਪਰ ਨ ਖਗ ਮਿਗ ਕੋ ਤਹਿਂ ਲਹੇ॥ ੩੪॥

ਬਹੁਤ ਉਤਾਵਲਾ ਹੋ ਕੇ ਨਾਲ-ਨਾਲ ਲੰਘ ਆਇਆ ਤੇ ਤੁਰਤ ਸਾਰੇ ਪਹਾੜ ਉੱਤਰ ਆਇਆ। ਇਕ ਸਤਿਗੁਰੂ ਜੀ ਹੀ ਉਥੇ ਇਕੱਲੇ ਰਹੇ, ਹੋਰ ਕੋਈ ਪੰਛੀ ਜਾਂ ਸਰੀਰ ਉਥੇ ਨਹੀਂ ਸੀ ਵੇਖਦਾ॥ ੩੪॥

ਬੀਤਯੋ ਦਿਵਸ ਪ੍ਰਭੁ ਅਨੁਰਾਗੇ। ਪਰੀ ਜਾਮਨੀ ਏਕਲ ਜਾਗੇ।
ਪੰਚ ਕੋਸ ਲਗਿ ਜੀਵ ਨ ਕੋਊ। ਬਿਦਤਨਿ ਰਿਦੈ ਪ੍ਰਤੀਖਤਿ ਸੋਊ॥ ੩੫॥

ਜਦ ਦਿਨ ਬੀਤ ਗਿਆ ਤਾਂ ਪ੍ਰਭੂ ਜੀ ਬੜੇ ਪ੍ਰੇਮ ਵਿਚ ਆ ਗਏ ਰਾਤ ਪੈ ਗਈ ਤਾਂ ਇਕੱਲੇ ਜਾਗਦੇ ਰਹੇ। ਪੰਜ ਕੋਹ ਤਕ ਕੋਈ ਜੀਵ ਨਹੀਂ ਸੀ, ਹਿਰਦੇ ਵਿਚ ਪ੍ਰਗਟ ਹੋਣ ਦੀ ਉਡੀਕ ਕਰ ਰਹੇ ਸਨ॥ ੩੫॥

*ਨੋਟ :- ਜਦ ਦੇਵੀ ਪ੍ਰਗਟ ਹੋਈ ਤਾਂ ਪੰਜ ਕੋਹ ਤਕ ਗੁਰੂ ਜੀ ਤੋਂ ਬਗੈਰ ਹੋਰ ਕੋਈ ਜੀਵ ਓਥੇ ਨਹੀਂ ਸੀ। ਜੇ ਦੇਵੀ ਪ੍ਰਗਟ ਹੋਈ ਹੁੰਦੀ ਤਾਂ ਗੁਰੂ ਜੀ ਆਪਣੇ ਕਿਸੇ ਗ੍ਰੰਥ ਵਿਚ ਲਿਖਦੇ, ਪਰ ਗੁਰੂ ਜੀ ਨੇ ਇਸ ਬਾਰੇ ਕੁਝ ਨਹੀਂ ਕਿਹਾ ਹੈ, ਫਿਰ ਕਵੀ ਕਿਸ ਆਧਾਰ 'ਤੇ ਕਹਿੰਦੇ ਹਨ ਕਿ ਗੁਰੂ ਜੀ ਨੇ ਦੇਵੀ ਪ੍ਰਗਟ ਕੀਤੀ ਸੀ, ਜਦ ਗੁਰੂ ਜੀ ਤੋਂ ਬਗੈਰ, ਓਥੇ ਹੋਰ ਕੋਈ ਮੌਜੂਦ ਹੀ ਨਹੀਂ ਸੀ।*

ਮੰਤ੍ਰ ਪਠਤਿ ਹੈਂ ਹਮਨ ਕਰੰਤੇ। ਇਕ ਆਸਨ ਪਰ ਸੁਚਿਤ ਥਿਰੰਤੇ।
ਬਹੁਰ ਪ੍ਰਭਾਤਿ ਭਈ ਜਬਿ ਆਇ। ਆਦਿਤ ਵਾਰ ਅਦਿਤ ਉਦਤਾਇ॥੩੬॥

ਮੰਤਰ ਪੜ੍ਹਦੇ ਸਨ ਤੇ ਹਵਨ ਕਰਦੇ ਸਨ, ਇਕ ਆਸਣ ਉੱਤੇ ਚਿੱਤ ਲਾ ਕੇ ਬੈਠੇ ਸਨ। ਫਿਰ ਜਦ ਸਵੇਰ ਹੋ ਗਈ ਤਾਂ ਐਤਵਾਰ ਨੂੰ ਸੂਰਜ ਉਦੇ ਹੋਇਆ॥ ੩੬॥

ਭਯੋ ਪ੍ਰਕਾਸ਼ ਅਪੂਰਬ ਹੇਰਾ। ਗਰਜਯੋ ਸ਼ਬਦ ਅਕਾਸ਼ ਬਡੇਰਾ।
ਤੜਿਤਾ ਸਮ ਥਰਕਤਿ ਦਰਸਾਵੈ। ਬਾਰਿ ਬਾਰਿ ਭੂ ਕੰਪਨ ਆਵੈਂ॥ ੩੭॥

ਜਦ ਪ੍ਰਕਾਸ਼ ਹੋਇਆ ਤਾਂ ਇਕ ਅਦਭੁਤ ਨਜ਼ਾਰਾ ਵੇਖਿਆ। ਅਕਾਸ਼ ਵਿਚ ਇਕ ਬੜੀ ਉੱਚੀ ਆਵਾਜ਼ ਦੀ ਗਰਜ ਪੈਦਾ ਹੋਈ। ਬਿਜਲੀ ਦੇ ਕੜਕਣ ਵਾਂਗ ਥਰਥਰਾਹਟ ਦਿਖਾਈ ਦਿੱਤੀ ਤੇ ਬਾਰ-ਬਾਰ ਧਰਤੀ ਕੰਬਣ ਲੱਗੀ॥ ੩੭॥

ਪੌਨ ਪ੍ਰਚੰਡ ਬਿਸਾਲੇ ਚਾਲਾ। ਗਰਜਤਿ ਘਨ ਕੀ ਘਟਾ ਕਰਾਲਾ।
ਤੁਰਤ ਅਕਾਸ਼ ਬਿਮਲ ਹੁਇ ਗਯੋ। ਅਧਿਕ ਪ੍ਰਕਾਸ਼ ਦਸੋ ਦਿਸ਼ ਭਯੋ॥ ੩੮॥

ਪ੍ਰਚੰਡ ਪੌਣ ਬਹੁਤ ਤੇਜ ਚਲ ਪਈ, ਗੱਜਦੇ ਬੱਦਲਾਂ ਦੀਆਂ ਵਿਕਰਾਲ ਘਟਾਵਾਂ ਛਾ ਗਈਆਂ। ਤੁਰਤ ਅਕਾਸ਼ ਸਾਫ ਹੋ ਗਿਆ ਤੇ ਬਹੁਤ ਵੱਡਾ ਪ੍ਰਕਾਸ਼ ਦਸੀਂ ਪਾਸੀਂ ਛਾ ਗਿਆ॥ ੩੮॥

ਇਕ ਸਮ ਬੈਠੇ ਧੀਰਜ ਧਾਰੀ। ਪਠਤਿ ਮੰਤ੍ਰ ਅਰੁ ਆਹੁਤਿ ਡਾਰੀ।
ਕਈ ਬਾਰ ਦਾਮਨ ਸੀ ਦਮਕਤਿ। ਗਿਰ ਕੇ ਸ਼ਿਖਰ ਨਿਕਟ ਹ੍ਵੈ ਚਮਕਤਿ॥੩੯॥

ਗੁਰੂ ਜੀ ਇਕ ਸਮਾਨ ਧੀਰਜ ਧਾਰ ਕੇ ਬੈਠੇ ਸਨ, ਮੰਤਰ ਪੜ੍ਹਦੇ ਸਨ ਤੇ ਆਹੂਤੀ ਪਾਉਂਦੇ ਸਨ। ਕਈ ਵਾਰ ਬਿਜਲੀ ਲਿਸ਼ਕਦੀ ਸੀ ਜਿਹੜੀ ਪਹਾੜ ਦੀ ਚੋਟੀ ਦੇ ਨੇੜੇ ਹੋ ਕੇ ਚਮਕਦੀ ਸੀ॥ ੩੯॥

ਕਈ ਬਾਰਿ ਘਟ ਸਮ ਬਨ ਜਾਇ। ਕੜ ਕੜ ਭੈਰਵ ਨਾਦ ਉਠਾਇ।
ਕਈ ਬਾਰਿ ਸਭਿ ਕਿਛ ਹ੍ਵੈ ਸ਼ਾਂਤਿ। ਅਵਨੀ ਸੁੰਦਰ ਨਭ ਜਿਸ ਭਾਂਤਿ॥੪੦॥

ਕਈ ਵਾਂਗ ਘਟਾ ਵਾਂਗ ਬਣ ਜਾਂਦੀ ਸੀ ਤੇ ਕੜ-ਕੜ ਕਰਕੇ ਭਿਆਨਕ ਨਾਦ ਚੁਕਦੀ ਸੀ। ਕਈ ਵਾਰ ਸਭ ਕੁਝ ਸ਼ਾਂਤ ਹੋ ਜਾਂਦਾ ਸੀ,, ਧਰਤੀ ਅਕਾਸ਼ ਸੁੰਦਰ ਬਣ ਜਾਂਦੇ ਸਨ॥ ੪੦॥

ਰਹੇ ਅਡੋਲ, ਉਠੇ ਨਹਿੰ ਕੈਸੇ। ਹੋਮਹਿਂ ਪਠਤਿ ਮੰਤ੍ਰ ਕੋ ਤੈਸੇ।
ਅਬਿ ਪ੍ਰਗਟਹਿਗੀ ਧਰਤਿ ਉਡੀਕੀ। 'ਦਰਸ਼ਨ ਕਰਹਿਂ ਦੇਵਿ ਬਿਧਿ ਨੀਕੀ' ॥੪੧॥

ਗੁਰੂ ਜੀ ਅਡੋਲ ਰਹੇ, ਕਿਸੇ ਤਰ੍ਹਾਂ ਵੀ ਉੱਠੇ ਨਹੀਂ, ਉਹ ਉਸੇ ਤਰ੍ਹਾਂ ਹੀ ਮੰਤਰ ਪੜ੍ਹ ਕੇ ਹਵਨ ਕਰਦੇ ਰਹੇ। ਹੁਣ ਪ੍ਰਗਟ ਹੋਵੇਗੀ, ਉਡੀਕ ਧਾਰਨ ਕੀਤੀ। "ਦੇਵੀ ਦੇ ਚੰਗੀ ਵਿਧੀ ਨਾਲ ਦਰਸ਼ਨ ਕਰਾਂਗੇ"॥ ੪੧॥

ਦੋਹਰਾ- ਢਰਯੋ ਦੁਪਹਿਰਾ ਇਮ ਜਬੈ ਇਕ ਰਸ ਰਹੇ ਕ੍ਰਿਪਾਲੁ।
ਹੋਤਿ ਭਯੋ ਤ੍ਰਿਤੀਓ ਪਹਿਰ ਬਹੁਰੋ ਆਇ ਭੁੰਚਾਲ॥ ੪੨॥

ਇਸ ਤਰ੍ਹਾਂ ਹੀ ਦੁਪਹਿਰ ਹੋ ਗਈ, ਕ੍ਰਿਪਾਲੂ ਗੁਰੂ ਜੀ ਇਕ ਰਸ ਬੈਠੇ ਰਹੇ। ਫਿਰ ਤੀਸਰਾ ਪਹਿਰ ਹੋ ਗਿਆ, ਫਿਰ ਭੁਚਾਲ ਆਇਆ॥ ੪੨॥

*ਤੀਸਰੀ ਰੁੱਤ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥*

# ਅਧਿਆਇ ਗਿਆਰ੍ਹਵਾਂ

## ਦੇਵੀ ਦਾ ਪ੍ਰਗਟ ਹੋਣਾ

ਦੋਹਰਾ- ਡੇਢ ਪਹਿਰ ਦਿਨ ਕੇ ਰਹੇ ਨੌਮੀ ਆਦਿਤਵਾਰ।
ਚੇਤ ਮਾਸ, ਪਖ ਸੁਕਲ ਮਹਿਂ ਬਿਦਤੀ ਜਗਤ ਅਧਾਰ॥ ੧॥

ਡੇਢ ਪਹਿਰ ਦਿਨ ਰਹਿੰਦਾ ਸੀ ਨੌਵੀਂ ਤਿਥੀ ਸੀ ਤੇ ਐਤਵਾਰ ਦਾ ਦਿਨ ਸੀ। ਚੇਤ ਮਹੀਨੇ ਦਾ ਸੁਕਲ ਦਾ ਪੱਖ ਸੀ, ਜਦ ਜਗਤ ਦਾ ਆਸਰਾ ਰੂਪ ਪ੍ਰਗਟ ਹੋਈ॥ ੧॥

ਸੈਯਾ- ਪੌਨ ਪ੍ਰਚੰਡ ਅਖੰਡ ਦਿਸ਼ਾ, ਮਹਿ ਮੰਡਲ ਮਹਿਂ ਬਡਧੂਲ ਉਡਾਈ।
ਘੋਰ ਘਟਾ ਚਹੂੰ ਓਰ ਘਲਾਘਨ ਘੋਖਤਿ ਘੋਖ ਘਨੋ ਘੁਮਡਾਈ।
ਦੀਰਘ ਦਾਰੁਣ ਨਾਦ ਦਸੋ ਦਿਸ਼ਿ ਯੌਂ ਕੜਕਜੋ ਤੜਿਤਾ ਤੜਫਾਈ।
ਏ ਸਭਿ ਲੱਛਣ ਬੀਚ ਅਕਾਸ਼ ਪ੍ਰਕਾਸ਼ ਭਏ ਡਰ ਦੇ ਸਮੁਦਾਈ॥ ੨॥

ਪੌਣ ਸਾਰੀਆਂ ਦਿਸ਼ਾਵਾਂ ਵਿਚ ਇਕੋ ਜੇਹੀ ਤੇਜ਼ ਹੋ ਗਈ ਤੇ ਅਕਾਲ ਮੰਡਲ ਵਿਚ ਬਹੁਤ ਧੂੜ ਉੱਡੀ। ਭਿਆਨਕ ਘਟਾਵਾਂ ਚਾਰੇ ਪਾਸਿਆਂ ਤੋਂ ਸੰਘਣੀਆਂ ਤੋਂ ਸੰਘਣੀਆਂ ਹੁੰਦੀਆਂ ਹੋਈਆਂ ਘੁੰਮ ਕੇ ਉਮਡੀਆਂ ਆ ਰਹੀਆਂ ਸਨ ਤੇ ਭਿਆਨਕ ਆਵਾਜ਼ ਨਾਲ ਗੱਜਦੀਆਂ ਸਨ। ਬਿਜਲੀ ਤੜਫ ਕੇ ਇੰਝ ਕੜਕੀ ਕਿ ਦਸੀਂ ਪਾਸੀਂ ਭਿਆਨਕ ਨਾਦ ਪੈਦਾ ਹੋਇਆ। ਇਹ ਸਾਰੇ ਡਰ ਦੇਣ ਵਾਲੇ ਲੱਛਣ ਅਕਾਸ਼ ਵਿਚ ਪ੍ਰਕਾਸ਼ਿਤ ਹੋਏ॥ ੨॥

ਭੂਮ ਬਿਖੈ ਭੁਵਚਾਲ ਬਿਸਾਲ ਕਰਾਲ ਭਯੋ ਭਯ ਦਾ ਸਮੁਦਾਈ।
ਡੋਲ ਡਗਾ ਮਗ ਭੇੜ ਪਹਾੜ ਦੜਾ ਦੜ ਸ਼੍ਰਿੰਗ ਟੂਟੇ ਅਧਿਕਾਈ।
ਸਿੰਧ ਨਦੀ ਉਛਲੈਂ ਛਲਿਕੈਂ ਮਛ ਕੱਛਪ ਰਾਛਸ ਯੌਂ ਡਰਪਾਈ।
ਕਾਨਨ ਤੇ ਉਖਰੇ ਤਰੁ ਦੀਰਘ ਮੂਲ ਮਹਾਂ ਦ੍ਰਿਢ ਕਾਂਡ ਬਡਾਈ॥ ੩॥

ਧਰਤੀ ਉੱਤੇ ਵੱਡਾ ਵਿਕਰਾਲ ਭੁਚਾਲ ਆਇਆ ਜਿਹੜਾ ਸਾਰਿਆਂ ਨੂੰ ਡਰਾ ਦੇਣ ਵਾਲਾ ਸੀ। ਪਹਾੜ ਡਗਮਗਾ ਕੇ ਡੋਲਦੇ ਸਨ, ਮਾਨੋ ਜੰਗ ਹੋ ਰਿਹਾ ਹੈ ਪਹਾੜਾਂ ਦੀਆਂ ਕਈ ਚੋਟੀਆਂ ਡਿੱਗ ਰਹੀਆਂ ਸਨ। ਸਮੁੰਦਰ ਅਤੇ ਨਦੀਆਂ ਉੱਛਲ ਉੱਛਲ ਕੇ ਛਲਕ ਰਹੀਆਂ ਸਨ, ਮੱਛੀਆਂ ਕੱਛੂ ਅਤੇ ਰਾਕਸ਼ ਇਸ ਤਰ੍ਹਾਂ ਡਰ ਰਹੇ ਸਨ। ਜੰਗਲ ਵਿਚ ਬਹੁਤ ਦਰੱਖਤ ਮੂਲੋਂ ਉੱਖੜ ਗਏ ਤੇ ਵੱਡੇ-ਵੱਡੇ ਟਾਹਣੇ ਟੁੱਟ ਗਏ॥ ੩॥

ਯੌਂ ਨਭ ਭੂਮ ਮੈਂ ਸ਼ੋਰ ਪਰਜੋ ਚਹੁੰ ਚੱਕਨ ਤ੍ਰਾਸ ਪ੍ਰਲੈ ਕਹੁ ਮਾਨਜੋ।
ਦੀਰਘ ਨਾਦ ਸੁਨਜੋਂ ਸਭਿ ਹੂੰ ਬਿਸਮੈ ਮਤਿ ਹੋਇ ਕਛੂ ਨਹਿਂ ਜਾਨਜੋਂ।
ਫੂਟ ਪਰੈ ਬ੍ਰਹਮੰਡ ਅਖੰਡ ਹੀ ? ਕੈ ਬਚ ਜਾਇ ? ਕਿਨੂੰ ਬਲ ਠਾਨਜੋ ?।
ਕੋ ਉਤਪਾਤ ਕੋ ਹੇਤੁ ਮਹਾਨ ਭਯਾਨ ਬਿਨਾਸ਼ ਸਮਾਨ ਪਛਾਨਜੋ॥ ੪॥

ਇਸ ਪ੍ਰਕਾਰ ਅਕਾਸ਼ ਅਤੇ ਧਰਤੀ ਉੱਤੇ ਸ਼ੋਰ ਮੱਚ ਗਿਆ, ਚਾਰੇ ਪਾਸੇ ਵੱਡਾ ਡਰ ਛਾ ਗਿਆ, ਲੋਕਾਂ ਜਾਣਿਆ ਕਿ ਪ੍ਰਲੈ

ਆ ਗਈ ਹੈ ਸਾਰਿਆਂ ਨੇ ਬਹੁਤ ਉੱਚੀ ਨਾਦ ਹੋਇਆ ਸੁਣਿਆ, ਸਾਰੇ ਬਹੁਤ ਹੈਰਾਨ ਹੋਏ, ਪਰ ਕੁਝ ਵੀ ਜਾਣ ਨਾ ਸਕੇ। ਅਖੰਡ ਬ੍ਰਹਮੰਡ ਹੀ ਪਾਟ ਜਾਵੇਗਾ ? ਜਾਂ ਬਚ ਜਾਵੇਗਾ ? ਕਿਸ ਨੇ ਸ਼ਕਤੀ ਧਾਰਨ ਕੀਤੀ ਹੈ ? ਕਿਸ ਮਹਾਨ ਉਪੱਦਰ ਦੇ ਵਾਸਤੇ ਭਿਆਨਕ ਪ੍ਰਲੈ ਆਈ ਵਾਂਗ ਪਛਾਣਿਆ ਜਾਂਦਾ ਸੀ॥ ੪॥

*ਤ੍ਰਿਭੰਗੀ ਛੰਦ-* ਪ੍ਰਗਟੀ ਜਗਰਾਨੀ, ਸਭਿ ਗੁਨ ਖਾਨੀ, ਜਨ ਬਰਦਾਨੀ, ਭੂਰ ਪ੍ਰਭਾ।
ਕਜਾ ਸੂਰਜ ਇੰਦੈ, ਹੈ ਨ ਮਨਿੰਦੈ, ਪਿਖਿ ਦ੍ਰਿਗ ਮੁੰਦੈ ਦੇਵ ਸਭਾ।
ਕਜਾ ਪਾਵਕ ਰਾਸੈ, ਤੜਿਤਾ ਭਾਸੈ, ਕਹਾਂ ਪ੍ਰਕਾਸੈ, ਹ੍ਵੈ ਸਮ ਨਾ।
ਕਿਹ ਨਦਰ ਨ ਠਹਿਰੈ, ਝਾਂਕਤਿ ਹਹਿਰੈ, ਅੰਗਨਿ ਥਹਿਰੈ, ਧ੍ਰਿਤ ਜਮ ਨਾ ॥੫॥

ਜਗਤ ਦੀ ਰਾਣੀ ਪ੍ਰਗਟ ਹੋਈ, ਜਿਹੜੀ ਸਭ ਗੁਣਾਂ ਦੀ ਖਾਣ ਹੈ, ਗਰੀਬਾਂ ਨੂੰ ਵਰ ਦੇਣ ਵਾਲੀ ਤੇ ਵੱਡੀ ਸ਼ੋਭਾ ਵਾਲੀ ਹੈ। ਸੂਰਜ ਚੰਦ ਕੀ ਹਨ, ਉਸ ਵਰਗੇ ਨਹੀਂ ਇੰਦਰ ਦੀ ਸਭਾ ਵੇਖ ਕੇ ਅੱਖਾਂ ਬੰਦ ਕਰ ਲੈਂਦੀ ਹੈ। ਸਾਰੀਆਂ ਅਗਨੀਆਂ ਕੀ ਹਨ? ਬਿਜਲੀ ਵੀ ਉਸ ਅੱਗੇ ਕੀ ਹੈ, ਉਸ ਵਿਚ ਉਸ ਵਰਗਾ ਪ੍ਰਕਾਸ਼ ਕਿੱਥੇ ਹੈ, ਕੋਈ ਵੀ ਉਸ ਦੇ ਬਰਾਬਰ ਨਹੀਂ ਹੈ। ਕਿਸੇ ਦੀ ਉਸ ਉੱਤੇ ਨਜ਼ਰ ਨਹੀਂ ਠਹਿਰਦੀ। ਤਕਦਿਆਂ ਕਾਂਬਾ ਛਿੜਦਾ ਹੈ ਅੰਗ ਥਿੜਕਦੇ ਹਨ, ਉਸ ਨੂੰ ਵੇਖਕੇ ਤਾਂ ਜਮ ਵੀ ਧੀਰਜ ਨਹੀਂ ਧਾਰ ਸਕਦਾ॥ ੫॥

ਜੁਗ ਚਰਨ ਬਿਸਾਲਾ, ਨਖਨ ਕਰਾਲਾ, ਜੰਘਨਿ ਤਾਲਾ ਤਰੂ ਜਥਾ।
ਕਟ ਮੈਂ ਅਲਬਾਲਾ ਹਾਡਿਨਿਮਾਲਾ ਪਿਖਿ ਭੈਹਾਲਾ ਉਦਰ ਤਥਾ।
ਪ੍ਰਿਸਟੀ ਪਰ ਬਾਲਾ ਲਟਕੇ ਜਾਲਾ ਦੀਰਘ ਕਾਲਾ ਰੰਗ ਸਜਾ।
ਤਰੁ ਕੇ ਜਨੁ ਡਾਲਾ, ਸੁੰਡ ਕਿ ਬਜਾਲਾ, ਕੈ ਬਡ ਬਜਾਲਾ ਅਸ਼ਟ ਭੁਜਾ ॥੬॥

ਦੋਵੇਂ ਚਰਨ ਬਹੁਤ ਵੱਡੇ ਹਨ, ਵਿਕਰਾਲ ਵੱਡੇ-ਵੱਡੇ ਨਹੁੰ ਹਨ ਤਾੜ ਬ੍ਰਿਛ ਵਰਗੀਆਂ ਜੰਘਾਂ ਹਨ। ਲੱਕ ਦੇ ਚਾਰੇ ਪਾਸੇ ਹੱਡਾਂ ਦੀ ਮਾਲਾ ਹੈ, ਉਸ ਤਰ੍ਹਾਂ ਹੀ ਪੇਟ ਵੀ ਬਹੁਤ ਭਿਆਨਕ ਦਿੱਸਦਾ ਹੈ। ਪਿੱਠ 'ਤੇ ਵਾਲ ਲਮਕਦੇ ਹਨ, ਜਿਨ੍ਹਾਂ ਦਾ ਕਾਲਾ ਰੰਗ ਬਹੁਤ ਸੱਜਦਾ ਹੈ। ਅੱਠ ਬਾਹਾਂ ਮਾਨੋ ਬ੍ਰਿੱਛ ਦੇ ਡਾਲ ਹਨ ਜਾਂ ਮਸਤ ਹਾਥੀਆਂ ਦੀਆਂ ਸੁੰਢਾਂ ਹਨ, ਜਾਂ ਵੱਡੇ-ਵੱਡੇ ਮਾਨੋ ਸੱਪ ਹਨ॥ ੬॥

ਗਰ ਮੈਂ ਧਰਿ ਮਾਲਾ ਮੁੰਡਨ ਜਾਲਾ ਬਹੁਤ ਕਰਾਲਾ ਦਾੜ੍ਹ ਬਡੀ।
ਦੰਤਨ ਕੀ ਪਾਲਾ ਖਰੀ ਕੁਦਾਲਾ, ਦੀਰਘ ਜ੍ਵਾਲਾ ਤੁੰਡ ਛਡੀ।
ਭ੍ਰਿਕੁਟੀ ਚਢਿ ਭਾਲਾ, ਲੋਚਨ ਲਾਲਾ, ਸੀਸ ਬਿਸਾਲਾ ਬਾਲਮਹਾਂ।
ਤਨ ਸਭਿ ਬਿੱਕ੍ਰਾਲਾ, ਦਿਸ਼ ਪਟਵਾਲਾ, ਕਰ ਕਰਵਾਲਾ ਲਾਹਲਹਾਂ ॥੭॥

ਗਲ ਵਿਚ ਬਹੁਤ ਸਿਰਾਂ ਦੀ ਮਾਲਾ ਧਾਰਨ ਕੀਤੀ ਹੋਈ ਹੈ, ਵਿਕਰਾਲ ਬਹੁਤ ਵੱਡੀਆਂ-ਵੱਡੀਆਂ ਦਾੜ੍ਹਾਂ ਹਨ, ਵੱਡੇ-ਵੱਡੇ ਦੰਦਾਂ ਦੀ ਪਾਲ ਖੜੀ ਹੈ, ਜਿਸ ਮੂੰਹ ਵਿਚ ਅੱਗ ਛੱਡ ਰਹੀ ਹੈ। ਮੱਥੇ ਦੀਆਂ ਭਵਾਂ ਚੜ੍ਹੀਆਂ ਹੋਈਆਂ ਹਨ, ਅੱਖਾਂ ਲਾਲ ਹਨ ਤੇ ਵੱਡੇ ਸਿਰ ਉੱਤੇ ਬਹੁਤ ਵਾਲ ਹਨ। ਸਾਰਾ ਤਨ ਵਿਕਰਾਲ ਹੈ ਦਿਸ਼ਾਂ ਹੀ ਵਸਤਰ ਹਨ ਭਾਵ ਨੰਗੀ ਹੈ ਤੇ ਹੱਥ ਵਿਚ ਤਲਵਾਰ ਚਮਕਦੀ ਹੈ॥ ੭॥

ਗਨ ਜੋਗਨਿ ਸੰਗਾ ਤਨ ਜਿਨ ਨੰਗਾ ਮਹਾਂ ਕੁਰੰਗਾ ਨਾਚਤਿ ਹੈਂ।
ਬਹੁ ਭੂਤ ਸੁ ਪ੍ਰੇਤਾ ਕੇਤਿਕ ਕੇਤਾ ਗਹਿ ਕਰ ਲੇਤਾ ਮਾਚਤਿ ਹੈਂ।
ਮੁਖ ਹੜ ਹੜ ਹਾਸੈਂ ਬਾਕ ਪ੍ਰਕਾਸ਼ੈਂ ਫਿਰ ਚਹੁੰ ਪਾਸੈ ਕ੍ਰੀੜ ਕਰੈਂ।
ਬਹੁ ਬੀਰ ਬਿਲਾਸੈਂ ਦੋਇ ਪਚਾਸੈ ਅੱਗ੍ਰ ਪ੍ਰਭਾਸੈਂ ਮੋਦ ਧਰੈਂ॥ ੮॥

ਬਹੁਤ ਜੋਗਨੀਆਂ ਨਾਲ ਹਨ, ਸਰੀਰ ਜਿਨ੍ਹਾਂ ਦੇ ਨੰਗੇ ਅਤੇ ਭੈੜੇ ਰੰਗ ਹਨ, ਨੱਚਦੀਆਂ ਹਨ। ਬਹੁਤ ਭੂਤ, ਪ੍ਰੇਤ ਨਾਲ ਹਨ, ਕਈਆਂ ਦੇ ਹੱਥਾਂ ਵਿਚ ਝੰਡੀਆਂ ਫੜੀਆਂ ਹਨ ਤੇ ਉਹ ਬਹੁਤ ਸ਼ੋਰ ਮਚਾਉਂਦੀਆਂ ਹਨ। ਮੂੰਹ ਵਿਚੋਂ ਹੜ-ਹੜ ਕਰਕੇ ਹੱਸ ਕੇ ਬੋਲਦੀਆਂ ਹਨ ਤੇ ਚਾਰੇ ਪਾਸੇ ਫਿਰ ਕੇ ਕ੍ਰੀੜਾ ਕਰਦੀਆਂ ਹਨ। ਬਵੰਜਾ ਬੀਰ ਅਨੰਦ ਬਿਲਾਸ ਕਰਦੇ ਹਨ ਤੇ ਅੱਗੇ ਪ੍ਰਕਾਸ਼ਦੇ ਹਨ ਤੇ ਪ੍ਰਸੰਨਤਾ ਧਾਰਨ ਕਰਦੇ ਹਨ॥ ੮॥

ਕਰਤੀ ਭੁਮਚਾਲਾ, ਸੈਲ ਬਿਸਾਲਾ ਸ੍ਰਿੰਗਉਤਾਲਾ ਫੋਰਤਿ ਹੈ।
ਗਰਜਤਿ ਰਵ ਭਾਰੀ ਭੀਖਨ ਕਾਰੀ ਗਣਨਿ ਅਗਾਰੀ ਤੋਰਤਿ ਹੈ।
ਜਿਤ ਕਿਤ ਦਮਕੰਤੀ, ਜ੍ਵਾਲ ਬਮੰਤੀ, ਭੈ ਬਰਧੰਤੀ ਆਵਤਿ ਹੈ।
ਕਿਲਕਿਤ ਕਿਲਕਾਰੀ ਡਾਕਨ ਡਾਰੀ ਬੇਗ ਜੁ ਧਾਰੀ ਪਾਵਤਿ ਹੈਂ॥ ੯॥

ਧਰਤੀ ਤੇ ਭੁਚਾਲ ਲਿਆਉਂਦੀਆਂ ਹਨ, ਪਹਾੜਾਂ ਦੀਆਂ ਉੱਚੀਆਂ ਚੋਟੀਆਂ ਨੂੰ ਤੋੜਦੀਆਂ ਹਨ। ਭਾਰੀ ਆਵਾਜ਼ ਨਾਲ ਗੱਜਦੀਆਂ ਹਨ। ਕਾਲੀ ਆਪਣੇ ਭਿਆਨਕ ਗਣਾਂ ਨੂੰ ਅੱਗੇ ਤੋਰਦੀ ਹੈ। ਜਿੱਥੇ-ਕਿੱਥੇ ਵੀ ਚਮਕਦੀ ਹੈ, ਓਥੇ ਮੂੰਹ ਵਿਚੋਂ ਅੱਗ ਕੱਢਦੀ ਹੈ ਤੇ ਭੈਅ ਵਧਾਉਂਦੀ ਆਉਂਦੀ ਹੈ। ਡੈਣਾਂ ਦੀ ਡਾਰ ਕਿਲਕਾਰੀਆਂ ਮਾਰ ਕੇ ਚੀਖਦੀ ਹੋਈ ਧਮਾਲਾਂ ਪਾਉਂਦੀ ਹੈ॥ ੯॥

ਦੋਹਰਾ- ਭੀਮ ਭੇਖ ਤੇ ਭੈ ਹਰਾ ਗਿਰ ਕੇ ਸਿਰ ਪਰ ਆਇ।
ਖਰੀ ਭਈ 'ਬਰੰ ਬ੍ਰਹਾ' ਬਚ ਊਚੇ ਕਹਜੈ ਸੁਨਾਇ॥ ੧੦॥

ਭਿਆਨਕ ਰੂਪ ਵਾਲੀ ਤੇ ਭੈਦਾਇਕ ਦੇਵੀ ਪਹਾੜ ਦੀ ਚੋਟੀ ਤੇ ਆ ਕੇ ਖੜੀ ਹੋ ਗਈ, "ਵਰ ਮੰਗੋ" ਬਹੁਤ ਉੱਚੀ ਆਵਾਜ਼ ਵਿਚ ਬਚਨ ਕਹਿ ਕੇ ਸੁਣਾਇਆ॥ ੧੦॥

ਚੌਪਈ- 'ਜੈ ਜਗਦੰਬਾ' ਕਹਿ ਗੁਰ ਖਰੇ। ਸਕਲ ਰੂਪ ਕੋ ਦੇਖਨਿ ਕਰੇ।
ਏਕ ਬਾਰ ਨਖ ਸ਼ਿਖ ਤੇ ਹੇਰਿ। ਨਮੋ ਕਰਤਿ ਚਖ ਮੀਚੇ ਫੇਰ॥ ੧੧॥

"ਜੈ ਜਗਦੰਬਾ" ਕਹਿ ਕੇ ਗੁਰੂ ਜੀ ਖੜੇ ਹੋ ਗਏ। ਦੇਵੀ ਦੇ ਸਾਰੇ ਸਰੂਪ ਨੂੰ ਵੇਖਿਆ। ਇਕ ਵਾਰ ਪੈਰਾਂ ਦੇ ਨੌਹਾਂ ਤੋਂ ਲੈਕੇ ਸਿਰ ਤਕ ਵੇਖ ਕੇ ਫਿਰ ਅੱਖਾਂ ਬੰਦ ਕਰ ਲਈਆਂ॥ ੧੧॥

ਹਾਥ ਜੋਰਿ ਸਨਮੁਖ ਹੀ ਰਹੇ। ਰਿਦੇ ਮਨੋਰਥ ਦੇਵੀ ਲਹੇ।
ਪਲਟਜੋ ਚਤਰਭੁਜੀ ਪੁਨ ਰੂਪ। ਕੰਚਨ ਬਰਨੀ ਭਈ ਅਨੂਪ॥ ੧੨॥

ਗੁਰੂ ਜੀ ਹੱਥ ਜੋੜ ਕੇ ਸਾਹਮਣੇ ਹੀ ਖੜੇ ਰਹੇ। ਦੇਵੀ ਨੇ ਗੁਰੂ ਜੀ ਦੇ ਮਨੋਰਥ ਨੂੰ ਜਾਣ ਲਿਆ। ਫਿਰ ਆਪਣਾ ਚਾਰ ਬਾਹਾਂ ਵਾਲਾ ਰੂਪ ਬਣਾ ਲਿਆ ਤੇ ਸਾਰਾ ਸਰੀਰ ਸੋਨੇ ਵਰਗਾ ਅਨੂਪਮ ਹੋ ਗਿਆ॥ ੧੨॥

ਚੜ੍ਹੀ ਸਿੰਘ ਪਰ ਆਯੁਧ ਧਰੇ। ਚਾਰ ਚੰਦ੍ਰ ਭਾਲਾ ਛਬਿ ਭਰੇ।
'ਮਾਂਗ ਪੁੱਤ੍ਰ ! ਦੇਵੋਂ ਅਬਿ ਤੋਹੀ। ਸੇਵਾ ਕਰਤਿ ਰਿਝਾਯੋ ਮੋਹੀ॥੧੩॥

ਸ਼ੇਰ ਉੱਤੇ ਚੜ੍ਹ ਕੇ ਸ਼ਸਤਰ ਧਾਰਨ ਕਰ ਲਏ, ਮੱਥੇ ਵਿਚ ਸੋਹਣਾ ਚੰਦ੍ਰਮਾ ਛਵੀ ਨੂੰ ਵਧਾ ਰਿਹਾ ਸੀ। ਹੇ ਪੁੱਤਰ ! ਮੰਗੋ, ਮੈਂ ਹੁਣ ਤੁਹਾਨੂੰ ਵਰ ਦੇਵਾਂਗੀ, ਤੁਸੀਂ ਮੇਰੀ ਸੇਵਾ ਕਰਕੇ ਮੈਨੂੰ ਪ੍ਰਸੰਨ ਕੀਤਾ ਹੈ॥ ੧੩॥

ਪ੍ਰਥਮ ਪ੍ਰਤੱਗਜਾ ਸਿਮਰੌਂ ਸੋਇ। ਚਹਹੁ ਸੁ ਕਹੌਂ ਸੰਪੂਰਨ ਹੋਇ'।
ਮ੍ਰਿਦੁ ਬਚ ਮੋਦ ਭਰੇ ਸੁਨਿ ਫੇਰਾ। ਖੋਲਿ ਬਿਲੋਚਨ ਦਰਸ਼ਨ ਹੇਰਾ॥੧੪॥

ਪਹਿਲੀ ਪ੍ਰਤੱਗਿਆ ਯਾਦ ਕਰਦੀ ਹਾਂ, ਜੋ ਚਾਹੁੰਦੇ ਹੋ ਕਹਾਂਗੀ ਤੇ ਸੰਪੂਰਨ ਹੋਵੇਗਾ।" ਗੁਰੂ ਜੀ ਨੇ ਮਿੱਠੇ ਪ੍ਰਸੰਨਤਾ ਭਰੇ ਸ਼ਬਦ ਸੁਣ ਕੇ ਆਪਣੀਆਂ ਅੱਖਾਂ ਖੋਲ੍ਹ ਕੇ ਦਰਸ਼ਨ ਕੀਤੇ॥ ੧੪॥

'ਦਿਹੁ ਬਰ ਮਾਤਾ ਪੰਥ ਉਪਾਵਉਂ। ਤੁਰਕ ਰਾਜ ਕੋ ਤੇਜ ਖਪਾਵਉਂ।
ਹਿੰਦੂ ਧਰਮ ਨਿਤ ਹੋਇ ਬਿਨਾਸ਼ੇ। ਜਿਹ ਬਚਾਇ ਪੁਨ ਕਰੌਂ ਪ੍ਰਕਾਸ਼ੇ॥ ੧੫॥

ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ ਮੈਨੂੰ ਵਰ ਦੇਵੋ, ਨਵਾਂ ਪੰਥ ਪੈਦਾ ਕਰਾਂ, ਤੁਰਕ ਰਾਜ ਦੇ ਤੇਜ ਨੂੰ ਖਤਮ ਕਰਾਂ। ਹਿੰਦੂ ਧਰਮ ਨਿਤ ਖਤਮ ਹੋ ਰਿਹਾ ਹੈ, ਜਿਸ ਨੂੰ ਬਚਾ ਕੇ ਫਿਰ ਪ੍ਰਕਾਸ਼ਿਤ ਕਰਾਂ॥ ੧੫॥

*ਨੋਟ :- ਏਥੇ ਕਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਮੁਖ ਵਾਕ ਦੇ ਉਲਟ ਲਿਖ ਰਹੇ ਹਨ। ਗੁਰੂ ਜੀ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ ਕਿ ਅਕਾਲ ਪੁਰਖ ਨੇ ਆਪ ਨੂੰ ਸਦ ਕੇ ਕਿਹਾ ਕਿ ਨਵਾਂ ਪੰਥ ਚਲਾਓ, "ਤਪ ਸਾਧਤ ਹਰਿ ਮੋਹਿ ਬੁਲਾਯੋ॥" ਤਪ ਕਰਦਿਆਂ ਨੂੰ ਅਕਾਲ ਪੁਰਖ ਨੇ ਮੈਨੂੰ ਬੁਲਾਇਆ ਤੇ ਕਿਹਾ, "ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਿਬੇ ਕਹੁ ਸਾਜਾ॥ ਇਹ ਸੁਣ ਕੇ ਸਤਿਗੁਰੂ ਜੀ ਨੇ ਬੇਨਤੀ ਕੀਤੀ ਕਿ ਆਪ ਸਹਾਇਤਾ ਕਰੋ ਤਾਂ ਪੰਥ ਚਲ ਸਕਦਾ ਹੈ। "ਠਾਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥ ੩੦॥ ਪਰ ਕਵੀ ਜੀ ਕਹਿੰਦੇ ਹਨ ਕਿ ਵਰ ਮੰਗਣ ਲਈ ਕਠਨ ਤਪ ਕਰਕੇ ਦੇਵੀ ਨੂੰ ਪ੍ਰਸੰਨ ਕੀਤਾ ਹੈ। ਇਸ ਨਾਲ ਬਚਿੱਤ੍ਰ ਨਾਟਕ ਵਿਚ ਕਹੇ ਦੇ ਉਲਟ ਹੋ ਜਾਂਦਾ ਹੈ। ਫਿਰ ਇਹ ਦੇਵੀ ਜੇ ਅਕਾਲ ਪੁਰਖ ਦੀ ਸ਼ਕਤੀ ਸੀ ਤਾਂ ਇਸ ਨੂੰ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਸੀ ਕਿ ਗੁਰੂ ਜੀ ਨੂੰ ਤਾਂ ਪਹਿਲਾਂ ਹੀ ਅਕਾਲ ਪੁਰਖ ਦਾ ਵਰ ਪ੍ਰਾਪਤ ਹੈ। ਇਸ ਕਰਕੇ ਏਥੇ ਦੱਸਿਆ ਪ੍ਰਸੰਗ ਗ਼ਲਤ ਹੈ। ਗੁਰੂ ਜੀ ਜਿਹੜੇ ਬਚਿਤ੍ਰ ਨਾਟਕ ਵਿਚ ਲਿਖ ਚੁੱਕੇ ਹਨ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਨੂੰ ਅਕਾਲ ਪੁਰਖ ਨੇ ਇਕ ਖਾਸ ਮਨੋਰਥ ਵਾਸਤੇ ਭੇਜਿਆ ਹੈ। ਉਨ੍ਹਾਂ ਨੂੰ ਕਿਸੇ ਹੋਰ ਪਾਸੋਂ ਵਰ ਮੰਗਣ ਦੀ ਲੋੜ ਨਹੀਂ ਸੀ।"*

ਤੁਮ ਕਰ ਤੇ ਅਸ ਆਯੁਧ ਪਾਵਉਂ। ਜਿਹ ਪਖਾਰਿ ਨਿਜ ਪੰਥ ਪਿਲਾਵੌਂ।
ਜਿਸ ਤੇ ਧਾਰਹਿ ਤੇਜ ਕਰਾਲਾ। ਜੀਤਹਿ ਸ਼ੱਤ੍ਰਨਿ ਬਲੀ ਬਿਸਾਲਾ॥ ੧੬॥

ਤੁਹਾਡੇ ਹੱਥ ਤੋਂ ਐਸਾ ਸ਼ਸਤਰ ਪਾਵਾਂ, ਜਿਸ ਨੂੰ ਧੋ ਕੇ ਪਿਲਾ ਕੇ ਲੋਕਾਂ ਨੂੰ ਆਪਣੇ ਪੰਥ ਵਿਚ ਰਲਾਵਾਂ। ਜਿਸ ਨਾਲ ਵਿਕਰਾਲ ਤੇਜ਼ ਧਾਰਨ ਕਰਨ ਤੇ ਬਲਵਾਨ ਵੈਰੀ ਨੂੰ ਵੀ ਜਿੱਤ ਲੈਣ॥ ੧੬॥

ਸਦਾ ਸਹਾਇ ਪੰਥ ਕੀ ਕੀਜੈ। ਦਿਨ ਪ੍ਰਤਿ ਵਧੈ ਇਹੀ ਬਰ ਦੀਜੈ।
ਤੋਹਿ ਚਰਿੱਤ੍ਰ ਬਸਹਿਂ ਮਨ ਮੇਰੇ। ਸਿਮਰੌਂ ਜਿਨ ਕੌ ਸੰਝ ਸਵੇਰੇ॥ ੧੭॥

ਮੇਰੇ ਪੰਥ ਦੀ ਸਦਾ ਸਹਾਇਤਾ ਕਰੋ, ਇਹ ਦਿਨ ਪ੍ਰਤਿ ਵਧੇ, ਇਹੋ ਵਰ ਦੇਵੋ। ਤੇਰਾ ਚਰਿੱਤਰ ਮੇਰੇ ਮਨ ਵਿਚ ਵਸੇ, ਜਿਸ ਦਾ ਸ਼ਾਮ ਸਵੇਰੇ ਸਿਮਰਨ ਕਰਾਂ॥ ੧੭॥

ਰਚਨ ਪੰਥ ਅਰੁ ਤੁਰਕਨਿ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ।
ਇਮ ਸੁਨਿ ਹਸੀ ਬਾਕ ਸ਼ੁਭ ਕੀਨੋ। 'ਪੰਥ ਸਕੇਸ ਪੁੱਤ੍ਰ ! ਮੈਂ ਦੀਨੋ॥ ੧੮॥

ਪੰਥ ਰਚਣ ਵਾਸਤੇ ਅਤੇ ਤੁਰਕਾਂ ਦਾ ਤੇਜ ਖੋਹਣ ਵਾਸਤੇ, ਮੇਰੇ ਉੱਤੇ ਕਿਰਪਾ ਕਰਕੇ, ਇਹ ਦੋਵੇਂ ਵਰ ਦੇਵੋ।" ਇਸ ਤਰ੍ਹਾਂ ਸੁਣ ਕੇ ਦੇਵੀ ਹੱਸ ਪਈ ਤੇ ਉਸ ਸ਼ੁਭ ਬਚਨ ਕੀਤੇ, "ਹੇ ਪੁੱਤਰ ! ਪੰਥ ਰਚਣ ਦਾ ਵਰ ਮੈਂ ਦਿੱਤਾ॥ ੧੮॥

ਇਸ ਮਹਿਂ ਭੇਦ ਇਤਿਕ ਰਹਿ ਗਇਊ। ਪ੍ਰਥਮ ਦਰਸ ਦ੍ਰਿਗ ਮੀਚਤਿ ਭਇਊ।
ਯਾਂਤੇ ਤੁਮ ਤਨ ਤਜਾਗਨ ਪਾਛੇ। ਚਾਲੀ ਬਰਸ ਬਿਤੈਂ ਜਬਿ ਆਛੇ॥ ੧੯॥

ਇਸ ਵਿਚ ਏਨਾ ਭੇਦ ਰਹਿ ਗਿਆ ਹੈ, ਤੁਸੀਂ ਮੇਰੇ ਦਰਸ਼ਨ ਕਰਦੇ ਸਮੇਂ ਨੈਣ ਬੰਦ ਕਰ ਲਏ ਸਨ। ਇਸ ਕਰਕੇ ਤੁਹਾਡਾ ਸਰੀਰ ਛੱਡਣ ਪਿੱਛੋਂ ਜਦ ਚਾਲੀ ਵਰਸ਼ ਬੀਤ ਜਾਣਗੇ॥ ੧੯॥

ਵਧਹਿ ਪੰਥ ਜਗ ਵਿਖੈ ਬਿਸਾਲਾ। ਤੇਜ ਤੁਰਕ ਤਬਿ ਹਤਹਿ ਕਰਾਲਾ।
ਪੂਰਨ ਹੁਇ ਅਭਿਲਾਖ ਤੁਮਾਰੀ। ਸਾਚ ਹੋਇ ਸਭਿ ਜਥਾ ਉਚਾਰੀ'॥ ੨੦॥

ਤਾਂ ਤੁਹਾਡਾ ਪੰਥ ਜਗ ਵਿਚ ਵਿਸ਼ਾਲ ਵਧੇਗਾ, ਤੁਰਕ ਦਾ ਤੇਜ ਫਿਰ ਵਿਕਰਾਲ ਰੂਪ ਵਿਚ ਖਤਮ ਹੋ ਜਾਵੇਗਾ। ਤੁਹਾਡੀ ਫਿਰ ਅਭਿਲਾਖਾ ਪਰੀ ਹੋਵੇਗੀ, ਜਿਵੇਂ ਮੈਂ ਉਚਾਰਨ ਕੀਤਾ ਸਭ ਸੱਚ ਹੋਵੇਗਾ॥ ੨੦॥

ਨਿਜ ਕਰ ਤੇ ਸਤਿਗੁਰ ਕੋ ਦਈ। ਯਾਂਤੇ ਕਰਦ ਨਾਮ ਬਿਦਤਈ।
'ਇਹ ਲੇ ਕਰਿ ਜਲ ਜੁਤਿ ਮਿਸ਼ਟਾਨ। ਫੇਰਨ ਕਰਹੁ ਆਪਨੇ ਪਾਨ॥ ੨੧ ॥

ਦੇਵੀ ਨੇ ਆਪਣੇ ਹੱਥਾਂ ਨਾਲ ਛੁਰੀ ਸਤਿਗੁਰੂ ਨੂੰ ਦਿੱਤੀ, ਇਸ ਕਰਕੇ ਇਹ ਨਾਮ ਕਰਦ ਪ੍ਰਗਟ ਹੋਇਆ। "ਇਹ ਲੈ ਕੇ ਜਲ ਸਹਿਤ ਮਿੱਠਾ ਲਵੋ ਤੇ ਇਸ ਨੂੰ ਪਾਣੀ ਵਿਚ ਫੇਰੋ॥ ੨੧॥

ਸੂਰ ਹੋਹਿਗਾ ਸਿਦਕ ਤੁਮਾਰਾ। ਹੇਰਿ ਸ਼ੱਤ੍ਰ ਭਾਜਹਿਂ ਡਰ ਧਾਰਾ।
ਅਬਿ ਦੀਜਹਿ ਕੁਛ ਭੇਟ ਹਮਾਰੀ। ਹੇ ਸੁਤ ! ਜਿਸ ਤੇ ਹੁਇ ਸੁਖ ਭਾਰੀ' ॥੨੨ ॥

ਤੁਹਾਡਾ ਪੰਥ ਸਿਦਕਵਾਨ ਅਤੇ ਸੂਰਮਾ ਹੋਵੇਗਾ, ਵੈਰੀ ਵੇਖ ਕੇ ਹੀ ਡਰ ਧਾਰ ਕੇ ਭੱਜ ਜਾਵੇਗਾ। ਹੁਣ ਕੁਝ ਸਾਡੀ ਭੇਟ ਦੇਵੋ। ਹੇ ਪੁੱਤਰ ! ਜਿਸ ਨਾਲ ਭਾਰੀ ਸੁਖ ਪ੍ਰਾਪਤ ਹੋਵੇ"॥ ੨੨॥

ਸੁਨਿ ਗੁਰ ਕਰਦ ਕਰੀ ਕਰ ਧਾਰਨ। ਹਤਿ ਨਿਜ ਤਨ ਕਿਯ ਰਕਤ ਨਿਕਾਰਨਿ।
ਸੋ ਲੇ ਕਰਿ ਜਗ ਮਾਤ ਪ੍ਰਸੰਨ। ਪੁਨ ਗੁਰ ਦੇਨਿ ਭੇਟ ਕਰ ਅੰਨ॥ ੨੩ ॥

ਇਹ ਸੁਣ ਕੇ ਗੁਰੂ ਜੀ ਨੇ ਕਟਾਰ ਆਪਣੇ ਹੱਥ ਵਿਚ ਧਾਰਨ ਕੀਤੀ ਤੇ ਆਪਣੇ ਸਰੀਰ ਨੂੰ ਮਾਰ ਕੇ ਖੂਨ ਕੱਢਿਆ। ਉਹ ਲੈ ਕੇ ਜਗ ਮਾਤਾ ਪ੍ਰਸੰਨ ਹੋ ਗਈ, ਫਿਰ ਗੁਰੂ ਜੀ ਨੇ ਦੂਜੀ ਭੇਟ ਅਰਪਣ ਕੀਤੀ॥ ੨੩॥

'ਸ਼ਸਤ੍ਰਨਿ ਸੋਂ ਹਤਿ ਹੁਇਂ ਬਿਚਬਾਦੇ। ਚਾਰਹੁੰ ਦੀਨੇ ਸਾਹਿਬਜ਼ਾਦੇ।
ਲਾਖਹੁਂ ਸਿੰਘ ਧਰਹਿਂ ਉਰ ਕ੍ਰੁੱਧ। ਹੁਇ ਤੁਮ ਭੇਟ ਮ੍ਰਿਤਕ ਬਿਚ ਜੁੱਧ' ॥ ੨੪ ॥

ਜੋ ਜੰਗ ਵਿਚ ਸਸ਼ਤਰਾਂ ਨਾਲ ਮਰਨਗੇ, ਚਾਰੇ ਸਾਹਿਬਜ਼ਾਦੇ ਦੇ ਦਿੱਤੇ। ਲੱਖਾਂ ਸਿੰਘ ਕ੍ਰੋਧ ਧਾਰਨਗੇ, ਯੁੱਧ ਵਿਚ ਮਰ ਕੇ ਤੁਹਾਡੇ ਭੇਟ ਹੋਣਗੇ" ॥ ੨੪॥

ਇਮ ਬਰ ਦੇਤਿ, ਲੇਤਿ ਨਿਜ ਭੇਟ। ਤਤਛਿਨ ਅਪਨਿ ਪ੍ਰਕਾਸ਼ ਸਮੇਟਿ।
ਅੰਤਰਧਜਾਨ ਭਈ ਜਗ ਮਾਈ। ਤਬਿ ਲੰਕੁੜੀਏ ਗਿਰਾ ਅਲਾਈ॥ ੨੫ ॥

ਇਸ ਤਰ੍ਹਾਂ ਵਰ ਦੇ ਕੇ ਆਪਣੀ ਭੇਟਾ ਪ੍ਰਾਪਤ ਕੀਤੀ ਅਤੇ ਤੁਰਤ ਆਪਣਾ ਪ੍ਰਕਾਸ਼ ਸਮੇਟ ਲਿਆ। ਜਗਤ ਮਾਤਾ ਅੰਤਰ-ਧਿਆਨ ਹੋ ਗਈ। ਤਦ ਦੇਵੀ ਦੇ ਚੋਬਦਾਰ ਨੇ ਕਿਹਾ॥ ੨੫॥

'ਮਮ ਬਾਨਾ ਕਛਨੀ ਇਹੁ ਲੀਜੈ। ਅਪਨੇ ਸਰਬ ਪੰਥ ਮੈਂ ਦੀਜੈਂ।
ਜੰਗ ਸਮੈਂ ਕੋ ਹੈ ਇਹ ਬਾਨਾ। ਯਾਂਤੇ ਹੁਇ ਹੈ ਤੇਜ ਮਹਾਨਾ॥ ੨੬ ॥

"ਮੇਰਾ ਇਹ ਬਾਣਾ ਲਵੋ, ਆਪਣੇ ਸਾਰੇ ਪੰਥ ਨੂੰ ਦੇ ਦੇਵੋ। ਜੰਗ ਸਮੇਂ ਜੋ ਵੀ ਇਹ ਬਾਣਾ ਧਾਰਨ ਕਰੇਗਾ ਤਾਂ ਉਸ ਦਾ ਮਹਾਨ ਤੇਜ ਹੋਵੇਗਾ॥ ੨੬॥

ਪੰਥ ਤੁਮਾਰੇ ਬਲ ਬਿਰਧਾਊਂ। ਜੁੱਧ ਸਹਾਇ ਹੇਤੁ ਮੈਂ ਆਊਂ'।
ਇਮ ਕਹਿ ਲੋਪ ਭਯੋ ਤਤਕਾਲਾ। ਕਰਦ ਹਾਥ ਧਰਿ ਥਿਰੇ ਕ੍ਰਿਪਾਲਾ॥ ੨੭ ॥

ਤੁਹਾਡੇ ਪੰਥ ਵਿਚ ਮੈਂ ਬਲ ਵਧਾਵਾਂਗਾ, ਯੁੱਧ ਵਿਚ ਤੁਹਾਡੀ ਸਹਾਇਤਾ ਕਰਨ ਵਾਸਤੇ ਆਵਾਂਗਾ।" ਇਸ ਤਰ੍ਹਾਂ ਕਹਿ ਕੇ ਤੁਰਤ ਅਲੋਪ ਹੋ ਗਿਆ। ਕਿਰਪਾਲੂ ਗੁਰੂ ਜੀ ਹੱਥ ਵਿਚ ਕਟਾਰ ਫੜ ਕੇ ਖੜੇ ਰਹੇ॥ ੨੭॥

ਬਰ ਲੈ ਕਰਿ ਬਹੁ ਮੁਖ ਪਰ ਲਾਲੀ। ਜਾਗਤਿ ਜੋਤਿ ਤੇਜ ਬਹੁ ਵਾਲੀ।
ਨੇਤ੍ਰ ਖੁਮਾਰੀ ਸੋਂ ਚਢਿ ਰਹੇ। ਰਿਦੇ ਪ੍ਰਮੋਦ ਅਧਿਕ ਹੀ ਲਹੇ॥ ੨੮ ॥

ਵਰ ਪ੍ਰਾਪਤ ਕਰਕੇ ਮੁਖ ਉੱਤੇ ਵੱਡੀ ਲਾਲੀ ਆ ਗਈ। ਜਗਦੀ ਹੋਈ ਜੋਤ ਬਹੁਤ ਤੇਜ ਵਾਲੀ ਹੋ ਗਈ। ਨੇਤਰਾਂ ਵਿਚ ਖੁਮਾਰੀ ਚੜ੍ਹ ਰਹੀ ਸੀ। ਹਿਰਦੇ ਵਿਚ ਬੜਾ ਅਨੰਦ ਪ੍ਰਾਪਤ ਕਰ ਰਹੇ ਸਨ॥ ੨੮॥

**ਕਮਰ ਕਸੇ ਜੁਤਿ ਤਰਕਸ਼ ਅਸੀ। ਹਾਥ ਕਮਾਨ ਕਠਨ ਅਤਿਲਸੀ।**
**ਕਰਿ ਇੱਛਾ ਪੂਰਨ ਉਠਿ ਚਲੇ। ਸਨੇ ਸਨੇ ਗਿਰਵਰ ਕੇ ਤਲੇ॥ ੨੯॥**

ਕਮਰਕੱਸੇ ਸਹਿਤ ਤੀਰਾਂ ਦਾ ਭੱਥਾ ਅਤੇ ਤਲਵਾਰ ਸੀ। ਹੱਥ ਵਿਚ ਕਠੋਰ ਕਮਾਨ ਚਮਕ ਰਹੀ ਸੀ ਇੱਛਾ ਧਾਰ ਕੇ ਪੂਰਨ ਗੁਰੂ ਜੀ ਉੱਠ ਕੇ ਚਲੇ ਗਏ। ਹੌਲੀ-ਹੌਲੀ ਪਹਾੜ ਦੇ ਥੱਲੇ ਚਲੇ ਗਏ॥ ੨੯॥

**ਭਏ ਸ਼ਬਦ ਭੁੰਚਾਲ ਘਨੇਰੇ। ਘਨੇ ਲੋਕ ਆਨੰਦਪੁਰਿ ਕੇਰੇ।**
**ਸੁਨਿ ਲਖਿ ਹਿਤ ਤਿਤ ਕੋ ਚਲਿ ਆਏ॥ ਸੈਲ ਤਰੇ ਥਿਰ ਭੇ ਸਮੁਦਾਏ॥ ੩੦॥**

ਜਿਹੜੀ ਬਹੁਤ ਉੱਚੀ ਆਵਾਜ਼ ਗੂੰਜੀ ਸੀ ਅਤੇ ਕਈ ਭੁਚਾਲ ਆਏ ਸਨ, ਅਨੰਦਪੁਰ ਦੇ ਬਹੁਤ ਲੋਕ ਸੁਣ ਕੇ ਸਮਝਣ ਵਾਸਤੇ ਉਧਰ ਚਲ ਕੇ ਆ ਗਏ ਤੇ ਸਾਰੇ ਪਹਾੜ ਦੇ ਥੱਲੇ ਇਕੱਠੇ ਹੋ ਗਏ॥ ੩੦॥

**ਧਰੇ ਸ਼ਸਤ੍ਰ ਬੈਠੇ ਭਟ ਜਹਾਂ। ਮਨੋ ਪੌਰ ਸੋ ਬਨ ਕਰਿ ਰਹਾ।**
**ਉਲੰਘ ਅਗਾਰੀ ਜਾਇ ਨ ਕੋਈ। ਸਭਿ ਕੋ ਰੋਕਤਿ ਹੈਂ ਤਹਿੰ ਸੋਈ॥ ੩੧॥**

ਸ਼ਸਤਰ ਧਾਰ ਕੇ ਜਿੱਥੇ ਸੂਰਬੀਰ ਬੈਠੇ ਸਨ, ਮਾਨੋ ਸਿੱਖ ਰੱਖਿਆ ਲਈ ਦਰਵਾਜ਼ਾ ਬਣ ਗਏ ਸਨ। ਕੋਈ ਵੀ ਉਲੰਘ ਕੇ ਅੱਗੇ ਨਹੀਂ ਜਾਂਦਾ ਸੀ। ਉਥੇ ਸਾਰਿਆਂ ਨੂੰ ਰੋਕਦੇ ਸਨ॥ ੩੧॥

**ਕੇਸ਼ਵਦਾਸ ਅਗਾਰੀ ਹੋਵਾ। ਲਾਲ ਗੁਲਾਲ ਦਰਸ ਕੋ ਜੋਵਾ।**
**ਦਈ ਅਸੀਸ 'ਸੁਖੀ ਨਿਤ ਰਹੀਅਹਿ। ਦੇਵੀ ਬਿਦਤ ਪ੍ਰਸੰਗ ਸੁ ਕਹੀਅਹਿ॥ ੩੨॥**

ਕੇਸ਼ਵਦਾਸ ਅੱਗੇ ਹੋਇਆ, ਗੁਰੂ ਜੀ ਦੇ ਗੁਲਾਲ ਵਰਗੇ ਲਾਲ ਚਿਹਰੇ ਦੇ ਦਰਸ਼ਨ ਕੀਤੇ। ਉਸ ਨੇ ਅਸੀਸ ਦਿੱਤੀ ਸਦਾ ਸੁਖੀ ਰਹੋ। ਦੇਵੀ ਕਿਵੇਂ ਪ੍ਰਗਟ ਹੋਈ ਉਹ ਪ੍ਰਸੰਗ ਕਹੀਏ॥ ੩੨॥

**ਮਨ ਬਾਂਛਤਿ ਜੈਸੇ ਬਰ ਲੀਨੋ। ਜਗਦੰਬਾ ਜਿਮ ਦਰਸ਼ਨ ਦੀਨੋ।**
**ਕਹਨਿ ਸੁਨਨ ਜਿਮ ਆਪਸ ਮਾਂਹੀ। ਕ੍ਰਿਪਾ ਕਰਹੁ ਭਾਖਹੁ ਮੁਝ ਪਾਹੀ' ॥੩੩॥**

ਮਨ ਚਾਹਿਆ ਜਿਵੇਂ ਤੁਸੀਂ ਵਰ ਪ੍ਰਾਪਤ ਕੀਤਾ ਹੈ, ਜਗਦੰਬਾ ਨੇ ਜਿਵੇਂ ਦਰਸ਼ਨ ਦਿੱਤੇ। ਆਪਸ ਵਿਚ ਜਿਵੇਂ ਕਹਿਣਾ ਸੁਣਨਾ ਹੋਇਆ, ਕਿਰਪਾ ਕਰਕੇ ਮੇਰੇ ਪਾਸ ਕਹੋ"॥ ੩੩॥

**ਸ੍ਰੀ ਮੁਖ ਤੇ ਤਬਿ ਸਰਬ ਸੁਨਾਯੋ। ਪ੍ਰਥਮ ਸਰੂਪ ਦਰਸ ਜਿਮ ਪਾਯੋ।**
**'ਬਰੰਬ੍ਰਹ ਸ੍ਰੀ ਬਦਨ ਉਬਾਚੇ। ਤਬਿ ਹਮ ਇੱਛਤ ਚਿਤ ਕੇ ਜਾਚੇ॥ ੩੪॥**

ਗੁਰੂ ਜੀ ਨੇ ਆਪਣੇ ਮੁਖ ਤੋਂ ਫਿਰ ਸਾਰਾ ਬ੍ਰਿਤਾਂਤ ਸੁਣਾਇਆ ਪਹਿਲੇ ਸਰੂਪ ਦਾ ਜਿਵੇਂ ਦਰਸ਼ਨ ਪਾਇਆ ਸੀ। ਗੁਰੂ ਜੀ ਨੇ ਕਿਹਾ "ਜਦ ਸ੍ਰੇਸ਼ਟ ਬਚਨ ਹੋਇਆ ਤਾਂ ਅਸੀਂ ਆਪਣੇ ਚਿੱਤ ਦੀ ਇੱਛਾ ਵਾਲਾ ਵਰ ਮੰਗਿਆ॥ ੩੪॥

**ਏਵ ਮਸਤੁ ਕਹਿ ਭੇਟ ਸੁ ਲੈ ਕੈ। ਅੰਤਰ ਧਯਾਨ ਭਈ ਬਰ ਦੈ ਕੈ।**
**ਲਘੁ ਕ੍ਰਿਪਾਨ ਇਹੁ ਕਰ ਤੇ ਦੀਨਿ। ਅਤਿ ਅਨੰਦ ਤੇ ਸਿਰ ਧਰਿ ਲੀਨਿ॥ ੩੫॥**

"ਇਸ ਤਰ੍ਹਾਂ ਹੀ ਹੋਵੇਗਾ" ਕਹਿ ਕੇ ਭੇਟ ਲੈ ਕੇ ਵਰ ਦੇ ਕੇ ਅੰਤਰ-ਧਿਆਨ ਹੋ ਗਈ। ਆਪਣੇ ਹੱਥ ਨਾਲ ਇਹ ਛੋਟੀ ਕਿਰਪਾਨ ਦਿੱਤੀ ਹੈ। ਅਸੀਂ ਅਨੰਦ ਧਾਰ ਕੇ ਸਿਰ 'ਤੇ ਧਰ ਲਈ ਸੀ॥ ੩੫॥

ਬਿੱਪ੍ਰ ਤੁਹਾਰੀ ਕਰੁਨਾ ਪਾਇ। ਕਾਰਜ ਸਿੱਧ ਭਏ ਸਮੁਦਾਇ'।
ਇੱਤਜਾਦਿਕ ਸਭਿ ਭਨਜੋ ਪ੍ਰਸੰਗ। ਸੁਨਿ ਕੇਸ਼ਵ ਚਿਤ ਆਨੰਦ ਸੰਗ॥ ੩੬॥

ਹੇ ਬ੍ਰਾਹਮਣ ਤੁਹਾਡੀ ਕਿਰਪਾ ਨਾਲ ਵਰ ਪਾਇਆ ਹੈ ਤੇ ਸਾਰੇ ਕਾਰਜ ਸਿਧ ਹੋ ਗਏ ਹਨ।'' ਇਸ ਪ੍ਰਕਾਰ ਸਾਰਾ ਪ੍ਰਸੰਗ ਵਰਣਨ ਕੀਤਾ, ਕੇਸ਼ਵ ਨੇ ਸੁਣ ਕੇ ਚਿੱਤ ਵਿਚ ਅਨੰਦ ਧਾਰਨ ਕੀਤਾ॥ ੩੬॥

*ਨੋਟ :- ਕਵੀ ਜੀ ਆਪ ਹੀ ਦੱਸਦੇ ਹਨ ਕਿ ਕੇਸ਼ੋਦਾਸ ਡਰਦਾ ਮਾਰਾ, ਪਹਿਲਾਂ ਹੀ ਪੱਜ ਲਾ ਕੇ ਭੱਜ ਆਇਆ ਸੀ, ਫਿਰ ਉਸ ਦੀ ਕਿਰਪਾ ਨਾਲ ਕਿਵੇਂ ਕਾਰਜ ਸਿੱਧ ਹੋਇਆ? ਗੁਰੂ ਜੀ ਨੂੰ ਤਾਂ ਉਸ ਨੂੰ ਮੂੰਹ ਹੀ ਨਹੀਂ ਸੀ ਲਾਉਣਾ ਚਾਹੀਦਾ।*

'ਧੰਨ ਧੰਨ ਤੁਮ ਸਤਿਗੁਰ ਪੂਰੇ। ਪਿਖਿ ਪ੍ਰਮੇਸਰੀ ਦਰਸ਼ਨ ਰੂਰੇ।
ਇਸ ਪ੍ਰਕਾਰ ਨਹਿਂ ਕਿਨਹੁਂ ਨਿਹਾਰੀ। ਭਏ ਸ਼ਕਤਿ ਜੁਤਿ ਬਡ ਅਵਤਾਰੀ॥ ੩੭॥

ਕੇਸ਼ਵ ਨੇ ਫਿਰ ਕਿਹਾ, ''ਹੇ ਪੂਰੇ ਸਤਿਗੁਰੂ ! ਤੁਸੀਂ ਧੰਨ ਹੋ, ਤੁਸੀਂ ਦੇਵੀ ਦੇ ਸੁੰਦਰ ਦਰਸ਼ਨ ਕੀਤੇ ਹਨ। ਇਸ ਪ੍ਰਕਾਰ ਕਿਸੇ ਨਹੀਂ ਵੇਖੀ ਹੈ, ਸ਼ਕਤੀ ਸਹਿਤ ਵੱਡੇ-ਵੱਡੇ ਅਵਤਾਰ ਹੋਏ ਹਨ॥ ੩੭॥

ਕਸ਼ਟ ਅਨਿਕ ਸਹਿ ਕੈ ਤਪ ਘਾਲਾ। ਹਮਨ ਜੱਗਜ ਜਿਨ ਕੀਏ ਬਿਸਾਲਾ।
ਜਪ ਕੋ ਜਾਪਤਿ ਬੈਸੁ ਬਿਤਾਈ। ਕਿਨਹੁਂ ਨ ਇਮ ਦੇਖੀ ਜਗ ਮਾਈ॥ ੩੮॥

ਅਨੇਕਾਂ ਕਸ਼ਟ ਸਹਿ ਕੇ ਤਪ ਘਾਲਿਆ ਹੈ, ਜਿਨ੍ਹਾਂ ਨੇ ਵਿਸ਼ਾਲ ਹਵਨ ਜੱਗਜ ਕੀਤਾ। ਜਪ ਨੂੰ ਜਪਦਿਆਂ ਉਮਰ ਬਤੀਤ ਕੀਤੀ, ਕਿਸੇ ਨੇ ਵੀ ਇਸ ਤਰ੍ਹਾਂ ਜਗਮਾਤਾ ਦੇ ਦਰਸ਼ਨ ਨਹੀਂ ਕੀਤੇ ਹਨ॥ ੩੮॥

ਕਲੀਕਾਲ ਮਹਿਂ ਦਰਸ਼ਨ ਭਯੋ। ਤੁਮ ਸਮ ਜਗ ਮਹਿਂ ਅਪਰ ਨ ਥਿਯੋ।
ਸੋਢਿਬੰਸ ਅਵਿਤੰਸ਼ ਬਿਸਾਲੇ। ਕੋ ਮਹਿਮਾ ਕਹੀਐ ਇਸ ਕਾਲੇ॥ ੩੯॥

ਕਲਿਜੁਗ ਵਿਚ ਦਰਸ਼ਨ ਹੋਏ ਹਨ, ਤੁਹਾਡੇ ਵਰਗਾ ਜਗ ਵਿਚ ਹੋਰ ਕੋਈ ਨਹੀਂ ਹੋਇਆ ਹੈ। ਸੋਢੀ ਵੰਸ਼ ਦੇ ਵਿਸ਼ਾਲ ਸ਼ਿਰੋਮਣੀ ਹੋ, ਇਸ ਸਮੇਂ ਆਪ ਜੀ ਦੀ ਕੀ ਮਹਿਮਾ ਕਹੀਏ॥ ੩੯॥

ਅਬਿ ਚਲਿ ਅਨੰਦ ਪੁਰੇ ਆਨੰਦ। ਦਿਜ ਦੀਨਨ ਦਿਹੁ ਦਾਨ ਬਿਲੰਦ।
ਪੂਰਨ ਭਈ ਸਗਲ ਅਭਿਲਾਖਾ'। ਮਹਾਂ ਮਹਾਤਮ ਇਮ ਦਿਜ ਭਾਖਾ॥ ੪੦॥

ਹੁਣ ਅਨੰਦਪੁਰ ਵਿਚ ਜਾ ਕੇ ਆਨੰਦ ਕਰੋ, ਗ਼ਰੀਬਾਂ ਅਤੇ ਬ੍ਰਾਹਮਣਾਂ ਨੂੰ ਵੱਡਾ ਦਾਨ ਦੇਵੋ। ਤੁਹਾਡੀ ਸਾਰੀ ਅਭਿਲਾਸ਼ਾ ਪੂਰਨ ਹੋਈ ਹੈ। ਇਸ ਤਰ੍ਹਾਂ ਬ੍ਰਾਹਮਣ ਨੇ ਮਹਾਂ ਮਹਾਤਮ ਕਿਹਾ॥ ੪੦॥

ਲੇ ਤਿਹ ਸਾਥ ਨਾਥ ਤਬਿ ਚਲੇ। ਗਿਰਵਰ ਕੇ ਉਤਰਤਿ ਭੇ ਤਲੇ।
ਬਦਨ ਬਿਸਾਲ ਲਾਲ ਹੁਇ ਰਹਜੋ। ਜੋ ਕਿਸ ਹੂੰ ਤੇ ਜਾਤਿ ਨ ਲਹਜੋ॥ ੪੧॥

ਉਸ ਨੂੰ ਲੈ ਕੇ ਫਿਰ ਸਤਿਗੁਰੂ ਜੀ ਚਲ ਪਏ, ਪਹਾੜ ਤੋਂ ਥੱਲੇ ਉੱਤਰਨ ਲੱਗੇ। ਮੁਖੜਾ ਬਹੁਤ ਲਾਲ ਹੋਇਆ ਸੀ, ਜਿਹੜਾ ਕਿਸੇ ਪਾਸੋਂ ਵੀ ਵੇਖਿਆ ਨਹੀਂ ਸੀ ਜਾਂਦਾ॥ ੪੧॥

*ਤੀਸਰੀ ਰੁੱਤ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

★★★

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਬਾਰ੍ਹਵਾਂ

### ਕੇਸ਼ੋ ਦਾਸ ਦਾ ਰੁੱਸਣਾ

ਦੋਹਰਾ- ਸਿਖ ਸੰਗਤਿ ਭਟ ਸ਼ਸਤ੍ਰ ਧਰਿ ਦਰਸ ਕਰਨਿ ਕੇ ਚਾਇ।
ਖਰੇ ਹੁਤੇ ਪਹੁਚੇ ਤਹਾਂ ਬਦਨ ਜੋਤਿ ਦਿਪਤਾਇ॥ ੧॥

ਸਿੱਖ ਸੰਗਤ, ਸੂਰਬੀਰ ਸ਼ਸਤਰ ਧਾਰ ਕੇ ਦਰਸ਼ਨ ਕਰਨ ਦੀ ਚਾਹਤ ਲੈਕੇ ਖੜੇ ਸਨ, ਉਥੇ ਆ ਪਹੁੰਚੇ ਜਿੱਥੇ ਗੁਰੂ ਜੀ ਦੇ ਚਿਹਰੇ ਦੀ ਜੋਤ ਜਗ ਰਹੀ ਸੀ॥ ੧॥

ਚੌਪਈ- ਧਾਇ ਧਾਇ ਹੁਇ ਕਰਿ ਅਗਵਾਏ। ਨਮੋ ਕਰਨ ਕੋ ਨਰ ਉਤਲਾਏ।
ਦਿਪਤ ਤੇਜ ਕੇ ਚਰਨਨ ਪਰੈਂ। ਦਰਸ ਅਪੂਰਬ ਗੁਰ ਕੇ ਕਰੈਂ॥ ੨॥

ਭੱਜ-ਭੱਜ ਕੇ ਅੱਗੇ ਹੋ ਕੇ ਆਉਂਦੇ ਸਨ, ਨਮਸਕਾਰ ਕਰਨ ਵਾਸਤੇ ਮਨੁੱਖ ਬਹੁਤ ਉਤਾਵਲੇ ਸਨ। ਜਗਦੇ ਤੇਜ ਦੇ ਚਰਨੀਂ ਪੈਂਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੨॥

ਉੱਗ੍ਰ ਤੇਰ ਗੁਰ ਕੌ ਤਬਿ ਦੇਖਾ। ਰਹੇ ਤੂਸ਼ਨੀ ਠਾਨਿ ਅਸ਼ੇਖਾ।
ਅਦਬ ਸਾਥ ਸੁਕਚਿਤ ਹੁਇ ਦੂਰ। ਪਾਛੇ ਗਮਨੈਂ ਸੰਗਤਿ ਭੂਰ॥ ੩॥

ਤਦ ਗੁਰੂ ਜੀ ਦੇ ਘੋਰ ਤੇਜ ਨੂੰ ਵੇਖਿਆ ਤੇ ਸਾਰੇ ਚੁੱਪ ਧਾਰ ਕੇ ਖੜੇ ਰਹੇ। ਅਦਬ ਨਾਲ ਸੁਕੜ ਕੇ ਦੂਰ ਹੋ ਗਏ ਤੇ ਸਾਰੀ ਸੰਗਤ ਪਿੱਛੇ ਚਲੀ ਗਈ॥ ੩॥

ਕੇਤਿਕ ਦਿਜ ਆਸ਼ਿਖ ਕੋ ਦੇਤੇ। ਭਨਹਿ ਬਧਾਈ ਮੰਗਲ ਕੇਤੇ।
ਭਏ ਤੁਰੰਗਮ ਪਰ ਅਸਵਾਰ। ਨਰ ਕਰਿ ਦਰਸ਼ਨ ਹੋਵਤਿ ਲਾਰ॥ ੪॥

ਕਈ ਬ੍ਰਾਹਮਣ ਅਸ਼ੀਰਵਾਦ ਦਿੰਦੇ ਸਨ, ਤੇ ਕਈ ਮੰਗਲ ਭਰਪੂਰ ਵਧਾਈ ਦਿੰਦੇ ਸਨ। ਗੁਰੂ ਜੀ ਘੋੜੇ ਉੱਤੇ ਸਵਾਰ ਹੋ ਗਏ। ਮਨੁੱਖ ਦਰਸ਼ਨ ਕਰਕੇ ਨਾਲ ਕਤਾਰ ਵਿਚ ਖੜੇ ਹੋ ਗਏ॥ ੪॥

ਸੰਧਯਾ ਸਮੈਂ ਹੋਤਿ ਲੌ ਆਏ। ਆਨੰਦਪੁਰਿ ਮੈਂ ਹੋਤਿ ਬਧਾਏ।
ਸ੍ਰੀ ਗੁਜਰੀ ਢਿਗ ਜਿਸ ਨਰ ਕਹ੍ਯੋ। ਚਿਤ ਮਹਿਂ ਚਹ੍ਯੋ ਪਦਾਰਥ ਲਹ੍ਯੋ॥੫॥

ਸ਼ਾਮ ਹੋਣ ਤਕ ਪਹੁੰਚ ਗਏ, ਅਨੰਦਪੁਰ ਵਿਚ ਵਧਾਈਆਂ ਹੋ ਰਹੀਆਂ ਸਨ। ਮਾਤਾ ਗੁਜਰੀ ਜੀ ਪਾਸ ਜਾਕੇ ਜਿਸ ਮਨੁੱਖ ਨੇ ਵੀ ਕਿਹਾ, ਉਸ ਨੇ ਜੋ ਚਿੱਤ ਵਿਚ ਚਾਹਿਆ ਉਹ ਹੀ ਪਦਾਰਥ ਪ੍ਰਾਪਤ ਕੀਤਾ॥ ੫॥

ਤਿਮ ਹੀ ਦੋਨਹੁ ਮਹਿਲ ਅਨੰਦੇ। ਧਨ ਭੂਖਨ ਦੇ ਬਸਤ੍ਰ ਬਿਲੰਦੇ।
ਪੁੱਤ੍ਰ ਅਜੀਤ ਸਿੰਘ ਹੁਇ ਆਗੇ। ਬਿਛਰੇ ਚਿਰਕੇ ਪਿਤ ਪਗ ਲਾਗੇ॥੬॥

ਉਸ ਤਰ੍ਹਾਂ ਹੀ ਗੁਰੂ ਜੀ ਦੇ ਦੋਵੇਂ ਮਹਿਲ ਅਨੰਦ ਪ੍ਰਸੰਨ ਸਨ। ਧਨ, ਗਹਿਣੇ ਅਤੇ ਵਸਤਰ ਵੰਡ ਰਹੇ ਸਨ। ਪੁੱਤਰ ਅਜੀਤ ਸਿੰਘ ਅੱਗੇ ਹੋਇਆ, ਵਿਛੜੇ ਹੋਏ ਪਿਤਾ ਜੀ ਦੇ ਚਰਨੀਂ ਲੱਗ ਗਿਆ॥ ੬॥

ਜਿਤ ਦੇਖਹਿਂ ਤਿਤ ਸਹਿਜ ਸੁਭਾਏ। ਲੋਕ ਹਜ਼ਾਰਹੁ ਸੀਸ ਨਿਵਾਏਂ।
ਜੁਝਾਰ ਸਿੰਘ ਤਬਿ ਚਲਿ ਆਏ। ਸੰਗ ਜ਼ੋਰਾਵਰ ਸਿੰਘ ਹਰਖਾਏ॥ ੭॥

ਜਿਧਰ ਵੀ ਵੇਖਦੇ ਸਨ, ਉਧਰ ਸਹਿਜ ਸੁਭਾਅ ਹੀ ਹਜ਼ਾਰਾਂ ਲੋਕ ਸੀਸ ਨਿਵਾਉਂਦੇ ਸਨ। ਫ਼ਿਰ ਜੁਝਾਰ ਸਿੰਘ ਚਲ ਕੇ ਆਇਆ, ਉਸ ਦੇ ਨਾਲ ਜ਼ੋਰਾਵਰ ਸਿੰਘ ਵੀ ਪ੍ਰਸੰਨ ਹੋਇਆ॥ ੭॥

ਬੰਦਨ ਕਰਤਿ ਸੰਗ ਹੀ ਚਲੇ। ਪੁਰਿ ਨਰ ਨਾਰਿਦਰਨ ਹ੍ਵੈ ਖਲੇ।
ਕਰ ਬੰਦਹਿਂ ਅਰੁ ਸੀਸ ਨਿਵਾਵਹਿਂ। ਔਰ ਤੌਰ ਪਰਖਹਿਂ ਬਿਸਮਾਵਹਿਂ॥ ੮॥

ਬੰਦਨਾ ਕਰਕੇ ਨਾਲ ਹੀ ਚਲ ਪਏ, ਨਗਰ ਵਿਚ ਇਸਤਰੀ ਪੁਰਸ਼ ਦਰਵਾਜ਼ਿਆਂ ਵਿਚ ਖੜੇ ਸਨ। ਹੱਥ ਜੋੜ ਕੇ ਬੰਦਨਾ ਕਰਦੇ ਸਨ ਤੇ ਸਿਰ ਨਿਵਾਉਂਦੇ ਸਨ। ਹੋਰ ਹੀ ਜਲੌ ਵੇਖ ਕੇ ਹੈਰਾਨ ਹੋ ਜਾਂਦੇ ਸਨ॥ ੮॥

ਕਹਨਿ ਸੁਨਨਿ ਕਿਹਸੋਂ ਨਹਿਂ ਕਰਿਹੀਂ। ਰਸ ਭਰਿ ਦ੍ਰਿਗ ਨਹਿਂ ਕਿਸਹੁਂ ਨਿਹਰਿਹੀਂ।
ਉਦਾਸੀਨ ਸਭਿ ਸੋਂ ਰਸੁ ਏਕ। ਤੇਜ ਉੱਗ੍ਰ ਭੇ ਜਲਧ ਬਿਬੇਕ॥ ੯॥

ਕਹਿਣ ਸੁਣਨ ਕਿਸੇ ਨਾਲ ਵੀ ਨਹੀਂ ਕਰਦੇ ਸਨ, ਨੇਤਰਾਂ ਵਿਚ ਰਸ ਭਰ ਕੇ ਕਿਸੇ ਨੂੰ ਵੀ ਨਹੀਂ ਵੇਖਦੇ ਸਨ। ਉਦਾਸੀਨ ਸਭ ਨਾਲ ਇਕੋ ਰਸ ਸੀ। ਗਿਆਨ ਦੇ ਸਾਗਰ ਦਾ ਘੋਰ ਤੇਜ ਜਗ ਰਿਹਾ ਸੀ॥ ੯॥

ਪੁਰਿ ਮਹਿਂ ਮੰਗਲ ਅਨਿਕ ਪ੍ਰਕਾਰਾ। ਗੁਰ ਆਗਮਨ ਜਲਦ ਜਨੁ ਭਾਰਾ।
ਜਲ ਪ੍ਰਮੋਦ ਕੋ ਬਹੁ ਬਰਖਾਯੋ। ਤਪਤ ਹੁਤੀ ਊਪਰ ਰਹਿ ਛਾਯੋ॥ ੧੦॥

ਨਗਰ ਵਿਚ ਅਨੇਕ ਪ੍ਰਕਾਰ ਦੇ ਮੰਗਲ ਹੋਏ, ਗੁਰੂ ਜੀ ਦਾ ਆਉਣਾ, ਜਿਵੇਂ ਭਾਰੀ ਬੱਦਲ ਦਾ ਆਉਣਾ ਹੋਇਆ ਹੋਵੇ ਜਿਸ ਨੇ ਆ ਕੇ ਖੁਸ਼ੀਆਂ ਦਾ ਮੀਂਹ ਵਰਸਾਇਆ ਹੋਵੇ ਤੇ ਤੱਪਸ਼ ਦੇ ਉੱਪਰ ਛਾ ਗਿਆ ਹੋਵੇ॥ ੧੦॥

ਮੰਦਿਰ ਸੁੰਦਰ ਅੰਦਰ ਗਏ। ਚਾਰੁ ਸਿੰਘਾਸਨ ਬੈਠਤਿ ਭਏ।
ਪੰਚਾਂਮ੍ਰਿਤ ਘਰਿ ਘਰਿ ਪ੍ਰਤਿ ਹੋਵਾ। ਅਤਿ ਪ੍ਰਿਯ ਗੁਰ ਕੋ ਦਰਸ਼ਨ ਜੋਵਾ॥੧੧॥

ਗੁਰੂ ਜੀ ਸੁੰਦਰ ਘਰ ਦੇ ਅੰਦਰ ਚਲੇ ਗਏ ਤੇ ਸੁੰਦਰ ਸਿੰਘਾਸਣ ਉੱਤੇ ਜਾ ਕੇ ਬਿਰਾਜ ਗਏ। ਘਰ-ਘਰ ਵਿਚ ਕੜਾਹ ਪ੍ਰਸ਼ਾਦਿ ਤਿਆਰ ਹੋਇਆ। ਅਤਿ ਪਿਆਰੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਆਨਿ ਕਰਾਵਤਿ ਸਿਖ ਅਰਦਾਸ। ਧਰਹਿਂ ਤੂਸ਼ਨੀ ਬੈਠਹਿਂ ਪਾਸ।
ਦੀਪਕਮਾਲਾ ਸਭਿਹਿਨ ਕਰੀ। ਘਰ ਘਰ ਕੇ ਸ਼ਿਖ਼ਰਨ ਪਰ ਧਰੀ॥ ੧੨॥

ਸਿੱਖ ਆ ਕੇ ਅਰਦਾਸ ਕਰਵਾਉਂਦੇ ਸਨ ਤੇ ਚੁੱਪ ਧਾਰ ਕੇ ਪਾਸ ਬੈਠ ਜਾਂਦੇ ਸਨ। ਸਾਰਿਆਂ ਨੇ ਦੀਪਮਾਲਾ ਕੀਤੀ, ਘਰ ਘਰ ਵਿਚ ਉੱਚੀਆਂ ਥਾਵਾਂ ਤੇ ਦੀਵੇ ਧਰੇ॥ ੧੨॥

ਨੌਬਤ ਬਾਜਤਿ ਦੀਰਘ ਪੌਰ। ਸੰਖ ਨਫੀਰਨਿ ਕੇ ਗਨ ਸ਼ੋਰ।
ਅਤਿ ਉਤਸਵ ਭਾ ਨਗਰ ਮਝਾਰੀ। 'ਜੈ ਸਤਿਗੁਰ ਕੀ' ਕਹਿਂ ਨਰ ਨਾਰੀ॥੧੩॥

ਡਿਉਢੀ ਵਿਚ ਵੱਡੀ ਨੌਬਤ ਵੱਜਦੀ ਸੀ, ਸੰਖ ਅਤੇ ਨਫੀਰੀਆਂ ਦਾ ਵੱਡਾ ਸ਼ੋਰ ਸੀ। ਨਗਰ ਦੇ ਵਿਚ ਵੱਡਾ ਉਤਸਵ ਹੋਇਆ। ਸਭ ਇਸਤਰੀ ਪੁਰਸ਼ "ਸਤਿਗੁਰੂ ਜੀ ਦੀ ਜੈ" ਕਹਿੰਦੇ ਸਨ॥ ੧੩॥

ਖਾਨ ਪਾਨ ਕਰਿ, ਕਰਿ ਗੁਰ ਬਾਤੀ। ਸਗਰੇ ਸੁਪਤਿ ਜਥਾ ਸੁਖ ਰਾਤੀ।
ਬਡੀ ਪ੍ਰਾਤਿ ਤੇ ਸਤਿਗੁਰ ਜਾਗੇ। ਸੌਚ ਸ਼ਨਾਨ ਕਰਨਿ ਪ੍ਰਭੁ ਲਾਗੇ॥ ੧੪॥

ਖਾ ਪੀ ਕੇ ਗੁਰੂ ਜੀ ਦੀਆਂ ਗੱਲਾਂ ਕਰਦੇ ਸਨ, ਸਾਰੇ ਫਿਰ ਸੁਖ ਨਾਲ ਰਾਤ ਨੂੰ ਸੌਂ ਗਏ। ਵੱਡੀ ਸਵੇਰ ਹੋਣ 'ਤੇ ਸਤਿਗੁਰੂ ਜੀ ਜਾਗ ਪਏ ਤੇ ਪ੍ਰਭੂ ਜੀ ਫਿਰ ਸੌਚ ਇਸ਼ਨਾਨ ਕਰਨ ਲੱਗੇ॥ ੧੪॥

ਬਸਤ੍ਰ ਸ਼ਸਤ੍ਰ ਸਭਿ ਅੰਗ ਸਜਾਏ। ਲੈਨਹਾਰ ਜੇ ਧਨ ਗਨ ਆਏ।
ਸਭਿ ਕੋ ਦੀਨਸਿ ਦਾਨ ਘਨੇਰੇ। ਲੇ ਕਰਿ ਸਭਿ ਕੇ ਅਨੰਦ ਘਨੇਰੇ॥ ੧੫॥

ਬਸਤਰ ਸ਼ਸਤਰ ਸਾਰੇ ਸਰੀਰ ਤੇ ਸਜਾਏ, ਫਿਰ ਧਨ ਲੈਣ ਵਾਸਤੇ ਬਹੁਤ ਮੰਗਤੇ ਆਏ। ਗੁਰੂ ਜੀ ਸਭ ਨੂੰ ਬਹੁਤ ਦਾਨ ਦਿੰਦੇ ਸਨ, ਧਨ ਲੈ ਕੇ ਸਾਰੇ ਬਹੁਤ ਅਨੰਦ ਪ੍ਰਾਪਤ ਕਰਦੇ ਸਨ॥ ੧੫॥

ਹੁਕਮ ਜੱਗਜ ਕਰਿਬੇ ਕਹੁ ਦਯੋ। ਅਨਿਕ ਅਹਾਰ ਸਨਿਗਧੈ ਭਯੋ।
ਪੂਪ ਪੂਰਕਾ ਬਹੁ ਪੰਚਾਂਮ੍ਰਿਤ। ਬਿੱਪ੍ਰ ਸਾਧ ਬੋਲੇ ਪਠਿ ਜਿਤ ਕਿਤ॥ ੧੬॥

ਫਿਰ ਗੁਰੂ ਜੀ ਨੇ ਯੱਗ ਕਰਨ ਦਾ ਹੁਕਮ ਦਿੱਤਾ, ਘਿਉ ਵਿਚ ਤਲੇ ਹੋਏ ਬਹੁਤ ਪਦਾਰਥ ਤਿਆਰ ਹੋਏ। ਮਾਲ ਪੂੜੇ, ਪੂੜੀਆਂ ਅਤੇ ਕੜਾਹ ਪ੍ਰਸ਼ਾਦਿ ਬਹੁਤ ਤਿਆਰ ਹੋਇਆ। ਬ੍ਰਾਹਮਣਾਂ ਸਾਧਾਂ ਨੂੰ ਜਿੱਥੋਂ ਕਿੱਥੋਂ ਸੱਦੇ ਭੇਜੇ॥ ੧੬॥

ਮਨ ਭਾਵਤਿ ਭੋਜਨ ਕੋ ਖਾਯਹੁ। ਅਧਿਕ ਦਾਨ ਸਭਿਹਿਨਿ ਕਹੁ ਪਾਯਹੁ।
ਪਿਖਿ ਉਦਾਰਤਾ ਗੁਰ ਉਰ ਕੇਰੀ। ਬਿਸਮ ਕੁਬੇਰ ਸੁਮੇਰ ਬਡੇਰੀ॥ ੧੭॥

ਉਨ੍ਹਾਂ ਮਨ-ਭਾਉਂਦਾ ਭੋਜਨ ਖਾਧਾ, ਬਹੁਤ ਦਾਨ ਸਾਰਿਆਂ ਨੇ ਪਾਇਆ। ਗੁਰੂ ਜੀ ਦੀ ਉਦਾਰਤਾ ਵੇਖ ਕੇ ਕੁਬੇਰ, ਸੁਮੇਰ ਬਹੁਤ ਹੈਰਾਨ ਹੋ ਕੇ ਕਹਿੰਦੇ ਸਨ॥ ੧੭॥

'ਜੇ ਰੁਖ ਕਰਿ ਇਤ ਕੋ ਬਲ ਧਰੈਂ। ਹਮ ਕੋ ਲਟ ਬਾਂਟਿਬੋ ਕਰੈਂ'।
ਬ੍ਰਿੰਦ ਅਸ਼ਰਫੀ ਘਨੇ ਰਜਤਪਨ। ਜਾਚਕ ਕਰੇ ਨਿਹਾਲ ਅਨਿਕ ਗਨ॥ ੧੮॥

"ਜੇ ਰੁਖ ਕਰਕੇ ਇਸ ਪਾਸੇ ਵਲ ਬਲ ਧਾਰਨ ਕਰਨ ਤਾਂ ਸਾਨੂੰ ਲੱਖਾਂ ਰੁਪਏ ਵੰਡ ਦੇਣ।" ਬਹੁਤ ਅਸਰਫੀਆਂ ਅਤੇ ਚਾਂਦੀ ਦੇ ਰੁਪਏ ਦੇ ਕੇ, ਅਨੇਕਾਂ ਮੰਗਤਿਆਂ ਦੇ ਸਮੂਹਾਂ ਨੂੰ ਨਿਹਾਲ ਕੀਤਾ॥ ੧੮॥

ਦਾਨ ਦੇਖਿ ਬਿਸਮਤਿ ਨਰ ਨਾਰੀ। ਭਯੋ ਕੁਲਾਹਲ ਪੁਰਿ ਮਹਿਂ ਭਾਰੀ।
ਦਿਜ ਕੇਸ਼ਵ ਤਬਿ ਨਹੀਂ ਬੁਲਾਯੋ। ਬਿਦਤਨ ਸਮੇ ਜੁ ਉਠਿ ਕਰਿ ਆਯੋ॥੧੯॥

ਦਾਨ ਵੇਖ ਕੇ ਸਭ ਇਸਤਰੀ ਪੁਰਸ਼ ਬਹੁਤ ਹੈਰਾਨ ਹੋਏ, ਸ਼ਹਿਰ ਵਿਚ ਭਾਰੀ ਰੌਲਾ ਮਚ ਗਿਆ। ਤਦ ਕੇਸ਼ਵ ਬ੍ਰਾਹਮਣ ਨੂੰ ਨਾ ਬੁਲਾਇਆ, ਪ੍ਰਗਟ ਹੋਣ ਦੇ ਸਮੇਂ ਜਿਹੜਾ ਉੱਠ ਕੇ ਆ ਗਿਆ ਸੀ॥ ੧੯॥

ਤਿਨ ਸੁਨਿ ਅਧਿਕ ਰੁਸਥੋ ਲੀਨਾ। 'ਮੁਹਿ ਨ ਹਕਾਰਯੋ ਇਹੁ ਕਜਾ ਕੀਨਾ'।
ਸ੍ਰੀ ਅੰਤਰਜਾਮੀ ਸਭਿ ਜਾਨੀ। ਨੰਦਚੰਦ ਸੋਂ ਗਿਰਾ ਬਖਾਨੀ॥ ੨੦॥

ਉਹ ਸੁਣ ਕੇ ਬਹੁਤ ਰੁੱਸ ਗਿਆ ਕਹਿਣ ਲੱਗਾ, "ਮੈਨੂੰ ਨਹੀਂ ਬੁਲਾਇਆ ਹੈ ਇਹ ਕੀ ਕੀਤਾ ਹੈ" ਸ੍ਰੀ ਅੰਤਰਜਾਮੀ ਗੁਰੂ ਜੀ ਸਾਰੀ ਗੱਲ ਜਾਣ ਗਏ ਤੇ ਫਿਰ ਨੰਦ ਚੰਦ ਨੂੰ ਕਹਿਣ ਲੱਗੇ॥ ੨੦॥

'ਅਬਿ ਪੰਡਤ ਕੋ ਆਨਿ ਹਕਾਰੀ। ਅਸ ਕਹੁ ਬਿਸਰ ਗਯੋ ਤਿਸ ਬਾਰੀ'।
ਸੁਨਿ ਕਰਿ ਹੁਕਮ ਗੁਰੂ ਕਹੁ ਐਸੋ। ਤਹਿਂ ਗਮਨਯੋ ਜਹਿਂ ਪੰਡਤ ਬੈਸੋ॥ ੨੧॥

"ਹੁਣ ਪੰਡਿਤਾਂ ਨੂੰ ਬੁਲਾ ਲਿਆਵੋ, ਇਸ ਤਰ੍ਹਾਂ ਕਹੋ, ਉਸ ਸਮੇਂ ਚੇਤਾ ਭੁੱਲ ਗਿਆ ਸੀ।" ਗੁਰੂ ਜੀ ਦਾ ਅਜਿਹਾ ਹੁਕਮ ਸੁਣ ਕੇ ਨੰਦ ਚੰਦ ਉਥੇ ਚਲੇ ਗਿਆ ਜਿੱਥੇ ਪੰਡਿਤ ਬੈਠੇ ਸਨ॥ ੨੧॥

'ਦਿਜ ਜੂ ! ਸਤਿਗੁਰ ਤੁਮਹਿਂ ਹਕਾਰਾ। ਸਹਿਤ ਦੱਛਨਾ ਲੇਹੁ ਅਹਾਰਾ'।
ਬਿੱਪ੍ਰ ਕਹਯੋ 'ਅਬਿ ਹੌਂ ਨਹਿਂ ਜਾਵੌਂ। ਨਹੀਂ ਸੁ ਭੋਜਨ ਮੁਖ ਮਹਿਂ ਪਾਵੌਂ॥ ੨੨॥

"ਹੇ ਦਿਜ ਜੀ ! ਸਤਿਗੁਰੂ ਜੀ ਨੇ ਆਪ ਨੂੰ ਬੁਲਾਇਆ ਹੈ, ਦੱਛਣਾ ਸਹਿਤ ਭੋਜਨ ਛਕੋ।" ਬ੍ਰਾਹਮਣ ਨੇ ਕਿਹਾ, "ਹੁਣ ਮੈਂ ਨਹੀਂ ਜਾਵਾਂਗਾ ਅਤੇ ਨਾ ਹੀ ਭੋਜਨ ਮੂੰਹ ਵਿਚ ਪਾਵਾਂਗਾ॥ ੨੨॥

**ਪ੍ਰਥਮ ਬਿੱਪ੍ਰ ਸਿਖ ਸਾਧ ਜਿਵਾਏ। ਪਾਛੇ ਤੇ ਮੁਝ ਬੋਲਿ ਪਠਾਏ।**
**ਸਹਿ ਨ ਜਾਇ ਬਿਪਰੀਤ ਬਡੇਰੀ। ਹੁਤੋ ਮੁੱਖਜ ਸੁਧਿ ਨਹਿਂ ਤਿਸ ਕੇਰੀ॥੨੩॥**

ਬ੍ਰਾਹਮਣਾਂ ਤੋਂ ਪਹਿਲਾਂ ਸਿੱਖਾਂ ਅਤੇ ਸਾਧਾਂ ਨੂੰ ਸੱਦਿਆ ਹੈ, ਬਾਅਦ ਵਿਚ ਮੈਨੂੰ ਬੋਲ ਕੇ ਬੁਲਾਇਆ ਹੈ। ਮੇਰੇ ਪਾਸੋਂ ਐਸੀ ਉਲਟੀ ਗੱਲ ਬਰਦਾਸ਼ਤ ਨਹੀਂ ਹੁੰਦੀ, ਮੈਂ ਮੁਖੀ ਸੀ, ਪਰ ਮੇਰੀ ਹੀ ਖ਼ਬਰ ਨਹੀਂ ਲਈ ਗਈ ਹੈ॥ ੨੩॥

**ਕਰਮ ਜਿ ਉੱਤਮ ਜਗਤ ਮਝਾਰੀ। ਸਰਬ ਬਿਖੈ ਹਮ ਰਹਤਿ ਅਗਾਰੀ।**
**ਅਬਿ ਪਸ਼ਚਾਤੀ ਕਿਮ ਨਹਿਂ ਜਾਊ। ਅਚਉਂ ਅਸਨ ਬ੍ਰਹਿਮੱਤ ਲਜਾਊਂ॥੨੪॥**

ਜਿਸ ਦਾ ਜਗਤ ਵਿਚ ਉੱਤਮ ਕਰਮ ਹੈ, ਸਾਰਿਆਂ ਦੇ ਵਿਚ ਅਸੀਂ ਸਭ ਤੋਂ ਅੱਗੇ ਸਾਡੀ ਪਹਿਲ ਹੁੰਦੀ ਹੈ ਹੁਣ ਬਾਅਦ ਵਿਚ ਮੈਂ ਕਿਸੇ ਤਰ੍ਹਾਂ ਵੀ ਨਹੀਂ ਜਾਵਾਂਗਾ। ਜੇ ਹੁਣ ਭੋਜਨ ਛਕਾਂਗਾ ਤਾਂ ਬ੍ਰਾਹਮਣਪੁਣੇ ਦੀ ਲਾਜ ਮਾਰਦੀ ਹੈ॥ ੨੪॥

**ਨਿਜ ਗੁਰ ਢਿਗ ਕਹੀਏ ਅਰਦਾਸਾ। ਦ੍ਵਿਜ ਨਹਿਂ ਆਇ ਤੁਮਾਰੇ ਪਾਸਾ।**
**ਸੁਨਿ ਕੈ ਨੰਦਚੰਦ ਕਹਿ ਬਾਨੀ। 'ਧੀਰਜ ਧਰੀਏ ਤੁਮ ਗੁਨਖਾਨੀ॥ ੨੫॥**

ਆਪਣੇ ਗੁਰੂ ਜੀ ਪਾਸ ਬੇਨਤੀ ਕਰੋ, ਹੁਣ ਬ੍ਰਾਹਮਣ ਤੁਹਾਡੇ ਪਾਸ ਨਹੀਂ ਆਉਣਗੇ।" ਇਹ ਸੁਣ ਕੇ ਨੰਦ ਚੰਦ ਨੇ ਕਿਹਾ, "ਧੀਰਜ ਧਾਰਨ ਕਰੋ ਤੁਸੀਂ ਤਾਂ ਗੁਣਾਂ ਦੀ ਖਾਣ ਹੋ॥ ੨੫॥

**ਤਜਹੁ ਕੋਪ ਤਬਿ ਰਹੇ ਨ ਯਾਦੂ। ਅਬਿ ਤੁਮ ਚਲਿ ਕੈ ਅਚਹੁ ਪ੍ਰਸਾਦੂ।**
**ਨਰ ਸਮਾਨ ਸਤਿਗੁਰੁ ਨ ਪਛਾਨਹੁ। ਜਗਤ ਈਸ਼ ਅਵਤਾਰ ਪ੍ਰਮਾਨਹੁ॥੨੬॥**

ਗੁੱਸੇ ਨੂੰ ਛੱਡੋ, ਉਸ ਸਮੇਂ ਯਾਦ ਨਹੀਂ ਰਿਹਾ ਹੈ, ਹੁਣ ਤੁਸੀਂ ਚਲ ਕੇ ਪ੍ਰਸ਼ਾਦਿ ਛੱਕੋ। ਇਕ ਆਮ ਵਿਅਕਤੀ ਵਾਂਗ ਸਤਿਗੁਰੂ ਜੀ ਨੂੰ ਨਾ ਪਛਾਣੋ। ਜਗਤ ਦਾ ਈਸ਼ਵਰ ਅਵਤਾਰ ਸਮਝੋ॥ ੨੬॥

**ਤਿਨ ਸੰਗ ਰੂਸਨਿ ਕਿਮ ਬਨਿ ਆਵੈ। ਤਸ ਕਰੀਐ ਜਸ ਉਨ ਮਨ ਭਾਵੈ।**
**ਜਾਤਿ ਹੰਕਾਰ ਕਰਹੁ ਸਭਿ ਨਾਸ਼ੀ। ਉਠਿ ਕਰਿ ਗਮਨਹੁ ਹਰਖਤਿ ਪਾਸੀ' ॥੨੭॥**

ਉਨ੍ਹਾਂ ਨਾਲ ਰੁੱਸਣਾ ਕਿਵੇਂ ਬਣਦਾ ਹੈ, ਉਸ ਤਰ੍ਹਾਂ ਕਰੋ ਜਿਵੇਂ ਉਨ੍ਹਾਂ ਦੇ ਮਨ ਨੂੰ ਭਾਉਂਦਾ ਹੈ। ਜਾਤੀ ਦੇ ਹੰਕਾਰ ਨੂੰ ਨਾਸ਼ ਕਰੋ, ਉੱਠ ਕੇ ਪ੍ਰਸੰਨ ਹੋ ਕੇ ਉਨ੍ਹਾਂ ਦੇ ਪਾਸ ਜਾਵੋ"॥ ੨੭॥

**ਸੁਨਿ ਬੋਲਜੋ ਦਿਜ 'ਇਮ ਨ ਉਚਰੀਅਹਿ। ਨਿਜ ਗੁਰ ਬਾਕ ਬਿਚਾਰਨਿ ਕਰੀਅਹਿ।**
**ਦੋਸ਼ ਲਗੇ, ਬੋਲਤਿ ਹਹੁ ਜੈਸੇ। ਕਲਗੀਧਰ ਬਰਨਜੋਂ ਨਿਯਜ ਐਸੇ॥ ੨੮॥**

ਇਹ ਸੁਣ ਕੇ ਬ੍ਰਾਹਮਣ ਬੋਲਿਆ, "ਇਸ ਤਰ੍ਹਾਂ ਨਾ ਕਹੋ, ਆਪਣੇ ਗੁਰੂ ਜੀ ਦੇ ਬਚਨਾਂ ਤੇ ਵਿਚਾਰ ਕਰੋ। ਜਿਵੇਂ ਬੋਲਦੇ ਹੋ, ਇਸ ਤਰ੍ਹਾਂ ਦੋਸ਼ ਲੱਗਦਾ ਹੈ, ਕਲਗੀਧਰ ਗੁਰੂ ਜੀ ਨੇ ਜਿਵੇਂ ਵਰਣਨ ਕੀਤਾ ਹੈ॥ ੨੮॥

*ਜੋ ਹਮ ਕੋ ਪਰਮੇਸਰ ਉਚਰਿ ਹੈ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈ॥*
*ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈਂ ਭੇਦੁ ਨ ਰੰਚ ਪਛਾਨੋ॥ ੩੨॥*

ਜਿਹੜਾ ਸਾਨੂੰ ਪ੍ਰਮੇਸ਼ਰ ਕਹੇਗਾ ਉਹ ਸਭ ਨਰਕ ਕੁੰਡ ਵਿਚ ਪੈਣਗੇ। ਮੈਨੂੰ ਉਨ੍ਹਾਂ ਦਾ ਦਾਸ ਜਾਣੋ, ਉਨ੍ਹਾਂ ਵਿਚ ਮੈਂ ਰਤੀ ਵੀ ਭੇਦ ਨਹੀਂ ਪਛਾਣਦਾ ਹਾਂ।

ਇਕ ਤੌ ਤਿਨ ਮੁਖ ਕੋ ਪਰਮਾਨਾ। ਦੂਜੇ ਔਰ ਸੁਨਹੁ ਦੇ ਕਾਨਾ।
ਜਬਿ ਪ੍ਰਗਟੀ ਚੰਡੀ ਖਲਖੰਡਾ। ਭੇਖ ਭਯਾਨ ਚਕਿਤ ਨਵਖੰਡਾ॥ ੨੯॥

ਇਕ ਤਾਂ ਉਨ੍ਹਾਂ ਦੇ ਮੁਖ ਤੋਂ ਕਹੇ ਦਾ ਸਬੂਤ ਹੈ, ਦੂਸਰਾ ਵੀ ਆਪਣੇ ਕੰਨਾਂ ਨਾਲ ਸੁਣੋ। ਜਦ ਵੈਰੀਆਂ ਨੂੰ ਖੰਡ-ਖੰਡ ਕਰਨ ਵਾਲੀ ਚੰਡੀ ਪ੍ਰਗਟ ਹੋਈ ਤਾਂ ਉਸ ਦਾ ਭਿਆਨਕ ਸਰੂਪ ਵੇਖ ਕੇ ਨੌਂ ਖੰਡ ਦੇ ਲੋਕ ਹੈਰਾਨ ਰਹਿ ਗਏ॥ ੨੯॥

ਤਬਿ ਧੀਰਜ ਉਰ ਰਹ੍ਯੋ ਨ ਕੋਈ। ਦੇਖਤਿ ਨੈਨ ਮੂੰਦ ਲਿਯ ਦੋਈ।
ਜੇ ਅਵਤਾਰ ਹੁਤੇ ਤਿਸ ਕਾਲਾ। ਧੀਰਜ ਧਾਰਤਿ ਰਿਦੈ ਬਿਸਾਲਾ॥ ੩੦॥

ਤਦ ਗੁਰੂ ਜੀ ਨੇ ਵੀ ਹਿਰਦੇ ਵਿਚ ਧੀਰਜ ਨਾ ਧਾਰਨ ਕੀਤਾ, ਵੇਖਦਿਆਂ ਹੀ ਦੋਵੇਂ ਨੈਣ ਬੰਦ ਕਰ ਲਏ, ਜੇ ਉਸ ਸਮੇਂ ਅਵਤਾਰ ਹੁੰਦੇ ਤਾਂ ਹਿਰਦੇ ਵਿਚ ਵਿਸ਼ਾਲ ਧੀਰਜ ਧਾਰਨ ਕਰਦੇ॥ ੩੦॥

ਯਾਂਤੇ ਮੋਹਿ ਪ੍ਰਤੀਤ ਨ ਆਵੈ। ਤੂੰ ਸਭਿ ਜਾਨੇ ਬਿਨਾਂ ਅਲਾਵੈਂ।
ਨੰਦ ਚੰਦ ਤਬਿ ਬਾਕ ਬਖਾਨਾ। 'ਸੁਨਹੁ ਬਿੱਪ੍ਰ ! ਤੁਮ ਭੇਵ ਨ ਜਾਨਾ॥ ੩੧॥

ਇਸ ਕਰਕੇ ਮੈਨੂੰ ਪ੍ਰਤੀਤ ਨਹੀਂ ਆਉਂਦੀ ਹੈ, ਤੂੰ ਸਭ ਕੁਝ ਜਾਣ ਲੈਣ ਤੋਂ ਬਗੈਰ ਕਹਿੰਦਾ ਹੈ।" ਨੰਦ ਚੰਦ ਨੇ ਫਿਰ ਕਿਹਾ, "ਹੇ ਬ੍ਰਾਹਮਣ ! ਸੁਣੋ, ਤੂੰ ਭੇਦ ਨਹੀਂ ਜਾਣਿਆ ਹੈ॥ ੩੧॥

ਤਿਸਹੀ ਤੇ ਸੰਸਾ ਉਰ ਤੋਰੇ। ਨਿਰਨੈ ਕਰਿ ਗੁਨੀਐ ਬਚ ਮੋਰੇ।
ਗੁਰੂ ਭਗਤਿ ਬਪੁ ਭੇ ਅਵਤਾਰਾ। ਪੂਰਬ ਰੂਪ ਨ ਕਰਹਿਂ ਉਚਾਰਾ॥ ੩੨॥

ਉਸ ਕਰਕੇ ਹੀ ਤੇਰੇ ਮਨ ਵਿਚ ਸ਼ੰਕਾ ਹੈ, ਮੇਰੇ ਬਚਨਾਂ ਦਾ ਨਿਰਨਾ ਕਰਕੇ ਗੁਣੀਏ। ਗੁਰੂ ਜੀ ਭਗਤੀ ਦਾ ਰੂਪ ਧਾਰ ਕੇ ਅਵਤਾਰ ਹੋਏ ਹਨ, ਇਸ ਕਰਕੇ ਆਪਣੇ ਪਹਿਲੇ ਪਰਮੇਸ਼ਰ ਰੂਪ ਦਾ ਨਾਮ ਨਹੀਂ ਲੈਂਦੇ ਹਨ॥ ੩੨॥

ਜ਼ਯੋਂ ਸ੍ਵਾਂਗੀ ਜਗ ਸ੍ਵਾਂਗ ਬਨਾਵੈ। ਤਸ ਕਿਰਿਆ ਕਰਿ ਤਥਾ ਅਲਾਵੈ।
ਸੂਕਰ ਰੂਪ ਧਰਾ ਗੁਨ ਖਾਨੀ। ਘੁਰ ਘੁਰ ਸ਼ਬਦ ਕ੍ਰਿਯਾ ਇਸ ਠਾਨੀ॥ ੩੩॥

ਜਿਵੇਂ ਸਵਾਂਗੀ ਜਗਤ ਵਿਚ ਸਵਾਂਗ ਬਣਾਉਂਦਾ ਹੈ ਤੇ ਉਹੋ ਜੇਹੀ ਕ੍ਰਿਆ ਕਰਕੇ ਬੋਲਦਾ ਹੈ। ਗੁਣਾਂ ਦੀ ਖਾਣ ਵਿਸ਼ਨੂੰ ਨੇ ਸੂਰ ਦਾ ਰੂਪ ਧਾਰਨ ਕੀਤਾ ਸੀ ਤਾਂ ਉਸ ਨੇ ਘੁਰ ਘੁਰ ਕਰਕੇ ਕ੍ਰਿਆ ਕੀਤੀ ਸੀ॥ ੩੩॥

ਨਰਸਿੰਘ ਰੂਪ ਬਨਾਇ ਬਹੋਰੀ। ਗਰਜ ਕ੍ਰਿਆ ਤਸ ਕਰੀ, ਨ ਔਰੀ।
ਤਿਸ ਬਿਧਿ ਲਖੀਅਹੁ ਗਤਿ ਇਨ ਕੇਰੀ। ਭਗਤਿ ਰੀਤਿ ਕੀ ਰਹਤਿ ਘਨੇਰੀ॥ ੩੪॥

ਫਿਰ ਉਨ੍ਹਾਂ ਨੇ ਨਰਸਿੰਘ ਦਾ ਰੂਪ ਧਾਰਨ ਕੀਤਾ ਤਾਂ ਗੱਜ ਕੇ ਕ੍ਰਿਆ ਕੀਤੀ, ਕੁਝ ਹੋਰ ਨਾ ਕੀਤਾ। ਇਨ੍ਹਾਂ ਦੀ ਵੀ ਉਸ ਅਨੁਸਾਰ ਕ੍ਰਿਆ ਸਮਝੋ। ਭਗਤੀ ਦੀ ਵੱਡੀ ਰੀਤੀ ਅਨੁਸਾਰ ਰਹਿੰਦੇ ਹਨ॥ ੩੪॥

ਰੂਪ ਵਾਸਤਵ ਨਹੀਂ ਲਖਾਯੋ। ਆਸ਼ੈ ਅਪਰ, ਸੁ ਨਹਿਂ ਤੁਮ ਪਾਯੋ।
ਬ੍ਰਹਮਾ ਵਿਸ਼ਨੁ ਰੁੱਦ੍ਰ ਮਹੀਆਨ। ਇਨ ਪਰ ਤਰਕ ਕਰੀ ਤਿਸ ਬਾਨ॥ ੩੫॥

ਵਾਸਤਵ ਰੂਪ ਨਹੀਂ ਵਿਖਾਇਆ ਹੈ, ਆਸ਼ਾ ਹੋਰ ਸੀ, ਉਹ ਤੂੰ ਨਹੀਂ ਸਮਝ ਪਾਇਆ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਜਿਹੜੇ ਵੱਡੇ ਹਨ, ਗੁਰੂ ਜੀ ਨੇ ਇਨ੍ਹਾਂ ਬਾਰੇ ਆਪਣੀ ਬਾਣੀ ਵਿਚ ਤਰਕ ਕੀਤਾ ਹੈ॥ ੩੫॥

ਤਹਾਂ ਆਪ ਕੋ ਨਹਿਂ ਇਮ ਕਹਿਤੇ। ਤੌ ਬਹੁ ਲੋਕ ਰਿਦੈ ਇਮ ਲਹਿਤੇ।
ਸਭਿ ਕੋ ਤਰਕਤਿ ਭੇ ਇਸ ਥਾਂਈ। ਪਰਮੇਸੁਰਤਾ ਅਪਨਿ ਜਨਾਈ॥ ੩੬॥

ਦਾਸ ਭਾਵ ਵਿਚ ਆਪ ਨੂੰ ਇਸ ਤਰ੍ਹਾਂ ਨਾ ਕਹਿੰਦੇ ਫਿਰ ਵੀ ਬਹੁਤ ਲੋਕ ਹਿਰਦੇ ਵਿਚ ਇਸ ਤਰ੍ਹਾਂ ਸਮਝਦੇ ਹਨ। ਇਸ ਥਾਂ ਸਭ ਨੂੰ ਤਰਕ ਕਰਦੇ ਹਨ, ਆਪਣੀ ਪਰਮੇਸ਼ੁਰਤਾ ਜਤਾਈ ਹੈ॥ ੩੬॥

ਇਮ ਬਿਚਾਰ ਕਰਿ ਤਹਾਂ ਬਖਾਨਾ। ਜੇ ਅਵਤਾਰ ਸੁ ਦਾਸੁ ਸਮਾਨਾ।
ਨਿਜ ਸਰੂਪ ਪਰਮੇਸ਼ੁਰ ਕੇਰਾ। ਧਯਾਵਤਿ ਰਹੇ ਸੁ ਸੰਝ ਸਵੇਰਾ॥ ੩੭॥

ਇਸ ਤਰ੍ਹਾਂ ਵਿਚਾਰ ਕਰਕੇ ਉਥੇ ਕਿਹਾ ਹੈ ਕਿ ਜਿਹੜਾ ਅਵਤਾਰ ਹੈ, ਉਹ ਦਾਸ ਵਰਗਾ ਹੈ। ਆਪਣਾ ਸਰੂਪ ਪਰਮੇਸ਼ੁਰ ਦਾ ਹੈ, ਜਿਸ ਨੂੰ ਸ਼ਾਮ ਸਵੇਰੇ ਧਿਆਉਂਦੇ ਰਹਿੰਦੇ ਹਨ॥ ੩੭॥

ਇਹ ਭੀ ਤਿਹ ਸਥਾਨ ਬਚ ਕਹਯੋ। ਜਿਸ ਤੇ ਆਸ਼ੇ ਬੁਧਿ ਜਨ ਲਹਯੋ।
ਇਹ ਬਿਧ ਕਰਤ ਤਪੱਸਯਾ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ ੩੮॥

ਇਹ ਵੀ ਉਸ ਸਥਾਨ ਤੇ ਬਚਨ ਕਿਹਾ ਹੈ, ਜਿਸ ਤੋਂ ਬੁਧੀਵਾਨ ਲੋਕ ਆਸ਼ੇ ਪਾਉਂਦੇ ਹਨ। ਇਸ ਵਿਧੀ ਨਾਲ ਅਕਾਲ ਪੁਰਖ ਦੀ ਤਪੱਸਿਆ ਕੀਤੀ ਕਿ ਦੋ ਤੋਂ ਇਕ ਸਰੂਪ ਹੋ ਗਿਆ॥ ੩੮॥

ਅਰੁ ਲੋਚਨ ਮੁੰਦਨ ਕੀ ਰੀਤਾ। ਸੋ ਸੁਨਿ ਧਰੀਅਹਿ ਚੀਤ ਪ੍ਰਤੀਤਾ।
ਪ੍ਰਗਟੀ ਜਬਿ ਜਗ ਮਾਤ ਅਗਾਰੀ। ਦਰਸ਼ਨਿ ਦੇਖਿ ਹਰਖ ਭਾ ਭਾਰੀ॥ ੩੯॥

ਅਤੇ ਜਿਹੜੀ ਅੱਖਾਂ ਬੰਦ ਕਰਨ ਦੀ ਰੀਤ ਹੈ, ਉਹ ਵੀ ਸੁਣ ਕੇ ਚਿੱਤ ਵਿਚ ਪ੍ਰਤੀਤ ਧਾਰਨ ਕਰੋ। ਜਦ ਜਗਤ ਮਾਤਾ ਅੱਗੇ ਪ੍ਰਗਟ ਹੋਈ ਤਾਂ ਉਸ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ॥ ੩੯॥

ਰਿਦੈ ਬਿਚਾਰਯੋ ਕਿਸ ਅਸ ਥਾਂਏ। ਉਚਿਤ ਅੰਗ ਜਹਿਂ ਰੂਪ ਬਸਾਏਂ।
ਸਭਿ ਤਨ ਮਹਿਂ ਪਾਵਨ ਹੈਂ ਨੈਨਾ। ਤਹਾਂ ਬਾਸ ਦੀਨਸਿ ਗੁਨ ਐਨਾ॥ ੪੦॥

ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਸਰੀਰ ਦੇ ਅੰਗਾਂ ਵਿਚ ਕਿਹੜਾ ਐਸਾ ਉਚਿਤ ਸਥਾਨ ਹੈ, ਜਿਥੇ ਦੇਵੀ ਦੇ ਸਰੂਪ ਨੂੰ ਵਸਾਈਏ। ਸਾਰੇ ਸਰੀਰ ਵਿਚ ਨੈਣ ਸਭ ਤੋਂ ਪਵਿੱਤਰ ਹਨ, ਉਥੇ ਗੁਰੂ ਜੀ ਨੇ ਦੇਵੀ ਨੂੰ ਵਸਾ ਲਿਆ॥ ੪੦॥

ਪੰਥ ਅਗਾਰੀ ਟਿਕੈ ਨ ਕੋਊ। ਜੋਤਿ ਤੇਜ ਲੋਚਨ ਧਰਿ ਸੋਊ।
ਰਹਿਤਵਾਨਿ ਸਿਖ ਸਿੰਘ ਜੁ ਮੇਰੇ। ਦੁਸ਼ਟੈਂ ਨਸ਼ਟੈਂ ਦ੍ਰਿਸ਼ਟਿ ਸੁ ਹੇਰੇ॥ ੪੧॥

ਗੁਰੂ ਜੀ ਵਿਚਾਰਦੇ ਹਨ ਕਿ ਉਸ ਜੋਤੀ ਦਾ ਤੇਜ ਪੰਥ ਨੇਤਰਾਂ ਵਿਚ ਧਾਰਨ ਕਰੇਗਾ। ਜਿਹੜੇ ਮੇਰੇ ਸਿੱਖ ਅਤੇ ਸਿੰਘ ਰਹਿਤਵਾਨ ਹੋਣਗੇ ਉਹ ਦ੍ਰਿਸ਼ਟੀ ਦੇ ਵੇਖਣ ਨਾਲ ਦੁਸ਼ਟਾਂ ਦਾ ਨਾਂਸ਼ ਕਰਨਗੇ॥ ੪੧॥

ਬਹੁ ਤੁਰਕਨਿ ਸੰਗ ਏਕ ਲਰਾਊਂ। ਅਸ ਪ੍ਰਤਾਪ ਜੁਤਿ ਪੰਥ ਚਲਾਊਂ।
ਇਹ ਕਾਰਨ ਦ੍ਰਿਗ ਕਰੇ ਮਿਲਾਵਨ। ਦੇਖਿ ਦੇਵਿ ਕੋ ਬਾਸਿ ਬਸਾਵਨ॥ ੪੨॥

ਬਹੁਤ ਤੁਰਕਾਂ ਦੇ ਨਾਲ ਮੈਂ ਇਕ ਸਿੰਘ ਨੂੰ ਲੜਾਵਾਂਗਾ ਇਸ ਤਰ੍ਹਾਂ ਪ੍ਰਤਾਪ ਸਹਿਤ ਪੰਥ ਚਲਾਵਾਂਗਾ। ਇਸ ਕਾਰਨ ਅੱਖਾਂ ਮਿਲਾਈਆਂ ਹਨ, ਦੇਵੀ ਨੂੰ ਵੇਖ ਕੇ ਅੱਖਾਂ ਵਿਚ ਵਸਾ ਲਿਆ ਹੈ"॥ ੪੨॥

ਇਸ ਬਿਧਿ ਨੰਦ ਚੰਦ ਬਹੁ ਭਾਂਤੀ। ਕਰੀ ਅਸ਼ਰਧਾ ਦਿਜ ਉਰ ਹਾਤੀ।
ਲੀਨਿ ਮਨਾਇ ਸੰਗ ਲੇ ਗਮਨਾ। ਜਹਾਂ ਬਿਰਾਜਤਿ ਸ੍ਰੀ ਗੁਰ ਭਵਨਾ॥ ੪੩॥

ਇਸ ਵਿਧੀ ਨਾਲ ਬਹੁਤ ਪ੍ਰਕਾਰ ਕਹਿ ਕੇ ਬ੍ਰਾਹਮਣ ਦੇ ਹਿਰਦੇ ਦੀ ਅਸ਼ਰਧਾ ਦੂਰ ਕੀਤੀ ਤੇ ਬ੍ਰਾਹਮਣ ਨੂੰ ਮਨਾ ਕੇ ਨਾਲ ਲੈ ਕੇ ਚਲ ਪਿਆ, ਜਿੱਥੇ ਗੁਰੂ ਜੀ ਬਿਰਾਜ ਰਹੇ ਸਨ॥ ੪੩॥

Sri Satguru Jagjit Singh Ji eLlibrary NamdhariElibrary@gmail.com

**ਕਲਗ਼ੀਧਰ ਬਡ ਆਦਰ ਦੀਨਾ। ਨਿਕਟਿ ਬਿਠਾਇ ਤੋਖ ਬਹੁ ਕੀਨਾ।**
**ਨੰਦਚੰਦ ਸਭਿ ਭਨਜੋਂ ਪ੍ਰਸੰਗਾ। ਬਾਨੀ ਛੰਦ ਸਵੈਯਨ ਸੰਗਾ॥ ੪੪॥**

ਗੁਰੂ ਜੀ ਨੇ ਬ੍ਰਾਹਮਣ ਦਾ ਬੜਾ ਆਦਰ ਕੀਤਾ ਤੇ ਨੇੜੇ ਬਿਠਾ ਕੇ ਬਹੁਤ ਪ੍ਰਸੰਨ ਕੀਤਾ। ਨੰਦ ਚੰਦ ਨੇ ਸਾਰਾ ਪ੍ਰਸੰਗ ਸੁਣਾਇਆ। ਬਾਨੀ ਛੰਦ ਸਵੈਯੇ ਸਹਿਤ ਕਿਹਾ॥ ੪੪॥

*ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥ ਸ੍ਵੈਯਾ॥*

*ਜੋ ਕਛੁ ਲੇਖ ਲਿਖਿਓ ਬਿਧਨਾ ਸੋਈ ਪਾਈਯਤ ਮਿਸ਼ਰਜੂ ਸੋਕ ਨਿਵਾਰੋ॥*
*ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲ ਨਹ ਕੋਪੁ ਚਿਤਾਰੋ॥*
*ਬਾਗੋ ਨਿਹਾਲੀ ਪਠੈ ਦੈਹੋ ਆਜੁ ਭਲੇ ਤੁਮ ਕੋ ਨਿਸ਼ਚੈ ਜੀਅ ਧਾਰੋ॥*
*ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥ ੧॥*
*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥*
*ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰੁ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ॥ ੨॥*
*ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ॥*
*ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥ ੩॥*
*ਦੋਹਰਾ॥ ਚਟਪਟਾਇ ਚਿਤ ਮੈ ਜਰਯੋ ਤ੍ਰਿਣ ਜਯੋਂ ਕ੍ਰੁੱਧਿਤਿ ਹੋਇ॥*
*ਖੋਜ ਰੋਜ ਕੇ ਹੇਤ ਲਗ ਦਯੋ ਮਿਸਰਜੂ ਰੋਇ॥ ੪॥*

ਹੇ ਮਿਸ਼ਰ ! ਵਿਧਾਤਾ ਜੋ ਲੇਖ ਲਿਖਦਾ ਹੈ, ਮਨੁੱਖ ਉਹੋ ਕੁਝ ਪ੍ਰਾਪਤ ਕਰਦਾ ਹੈ। ਇਸ ਲਈ ਤੁਸੀਂ ਆਪਣੇ ਦੁਖ ਨੂੰ ਤਿਆਗ ਦੇਵੋ। ਮੇਰਾ ਇਸ ਵਿਚ ਕੋਈ ਦੋਸ਼ ਨਹੀਂ ਹੈ, ਮੈਂ ਬ੍ਰਾਹਮਣਾਂ ਨੂੰ ਛਕਾਉਣ ਤੋਂ ਪਹਿਲਾਂ, ਇਨ੍ਹਾਂ ਸਿੱਖਾਂ ਨੂੰ ਭੋਜਨ ਛਕਾ ਦਿੱਤਾ ਹੈ। ਮੇਰੀ ਇਸ ਭੁੱਲ 'ਤੇ ਤੁਸੀਂ ਗੁੱਸੇ ਵਿਚ ਨਾ ਆਵੋ। ਦੱਛਣਾ ਵਿਚ ਜਿਹੜਾ ਪੁਸ਼ਾਕਾ ਅਤੇ ਬਿਸਤਰਾ ਮੈਂ ਤੁਹਾਨੂੰ ਦੇਣਾ ਹੈ, ਉਹ ਮੈਂ ਅੱਜ ਹੀ ਪਹੁੰਚਾ ਦੇਵਾਂਗਾ, ਤੁਸੀਂ ਇਸ ਬਾਰੇ ਬਿਲਕੁਲ ਬੇਫਿਕਰ ਰਹੋ। ਇਹ ਸਾਰੇ ਸਿੱਖ ਸ਼ਸਤਰ ਧਾਰਨ ਕਾਰਨ ਖੱਤਰੀ ਹਨ ਅਤੇ ਸ਼ੁਭ ਕਰਮਾਂ ਕਰਕੇ ਬ੍ਰਾਹਮਣ ਹਨ। ਇਨ੍ਹਾਂ ਨੂੰ ਹੁਣ ਕਿਰਪਾ ਦੀ ਨਜ਼ਰ ਨਾਲ ਵੇਖੋ॥ ੧॥ ਮੈਂ ਇਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਯੁੱਧ ਜਿੱਤੇ ਹਨ ਅਤੇ ਇਨ੍ਹਾਂ ਦੀ ਕਿਰਪਾ ਨਾਲ ਦਾਨ ਆਦਿ ਕੀਤੇ ਹਨ। ਇਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਪਾਪਾਂ ਦਾ ਨਾਸ਼ ਹੋਇਆ ਹੈ। ਇਨ੍ਹਾਂ ਦੀ ਕਿਰਪਾ ਨਾਲ ਹੀ ਮੈਂ ਵਿਦਿਆ ਪ੍ਰਾਪਤ ਕੀਤੀ ਹੈ ਅਤੇ ਇਨ੍ਹਾਂ ਦੀ ਕਿਰਪਾ ਨਾਲ ਹੀ ਸਾਰੇ ਵੈਰੀਆਂ ਨੂੰ ਖਤਮ ਕੀਤਾ ਹੈ। ਇਨ੍ਹਾਂ ਦੀ ਕਿਰਪਾ ਨਾਲ ਮੈਂ ਅਜ ਸ਼ੋਭਾ ਪਾ ਰਿਹਾ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਜੀਵ ਇਸ ਧਰਤੀ 'ਤੇ ਪਏ ਹਨ, ਅਤੇ ਉਨ੍ਹਾਂ ਨੂੰ ਕੋਈ ਪੁੱਛਦਾ ਤਕ ਨਹੀਂ॥ ੨॥

ਮੈਨੂੰ ਕੇਵਲ ਇਨ੍ਹਾਂ ਦੀ ਸੇਵਾ ਕਰਨੀ ਚੰਗੀ ਲੱਗਦੀ ਹੈ ਅਤੇ ਕਿਸੇ ਹੋਰ ਦੀ ਸੇਵਾ ਨਾਲ ਮੇਰਾ ਮਨ ਪ੍ਰਸੰਨ ਨਹੀਂ ਹੁੰਦਾ ਹੈ। ਇਨ੍ਹਾਂ ਨੂੰ ਹੀ ਦਿੱਤਾ ਹੋਇਆ ਦਾਨ ਮੈਨੂੰ ਚੰਗਾ ਲੱਗਦਾ ਹੈ, ਹੋਰ ਕਿਸੇ ਨੂੰ ਦਾਨ ਦੇਣਾ ਮੈਨੂੰ ਪਸੰਦ ਨਹੀਂ। ਇਨ੍ਹਾਂ ਨੂੰ ਹੀ ਦਿੱਤਾ ਹੋਇਆ ਦਾਨ ਅੱਗੇ ਪ੍ਰਫੁੱਲਤ ਹੋਵੇਗਾ, ਜਗ ਵਿਚ ਕਿਸੇ ਹੋਰ ਨੂੰ ਦਿੱਤਾ ਹੋਇਆ ਦਾਨ ਫਿੱਕਾ ਹੈ। ਮੇਰੇ ਘਰ ਵਿਚ ਮੇਰੇ ਮਨ ਤਨ ਅਤੇ ਧਨ ਤੋਂ ਲੈ ਕੇ ਮੇਰੇ ਸਿਰ ਤਕ ਸਭ ਕੁਝ ਹੀ ਇਨ੍ਹਾਂ ਦਾ ਹੀ ਹੈ॥ ੩॥

ਇਹ ਗੱਲ ਸੁਣਕੇ ਮਿਸਰ ਕ੍ਰੋਧ ਦੀ ਅੱਗ ਵਿਚ ਇੰਝ ਭੜਕ ਉੱਠਿਆ ਜਿਵੇਂ ਸੁੱਕੇ ਕੱਖਾਂ ਦੀ ਅੱਗ ਜੋਸ਼ ਵਿਚ ਆ ਕੇ ਮੱਚਦੀ ਹੈ। ਆਪਣੀ ਰੋਜ਼ੀ ਰੋਟੀ ਜਾਂਦੀ ਵੇਖ ਕੇ ਉਹ ਭੁੱਬਾਂ ਮਾਰ ਕੇ ਰੋ ਪਿਆ॥ ੪॥

*ਚੌਪਈ-* ਸਾਦਰ ਬਹੁਰ ਅਹਾਰ ਖਵੱਯਾ। ਦਖਨਾ ਲੱਛ ਸਵਾ ਸੁ ਰੁਪੱਯਾ।
ਦਰਬ ਪਠ੍ਯੋ ਸਭਿ ਅਪਨੇ ਧਾਮ। ਰਹ੍ਯੋ ਕੁਛਕ ਗੁਰ ਢਿਗ ਬਿਸ੍ਰਾਮ ॥੪੫॥

ਫਿਰ ਆਦਰ ਨਾਲ ਭੋਜਨ ਛਕਾਇਆ ਤੇ ਸਵਾ ਲੱਖ ਰੁਪਏ ਦੱਛਣਾ ਦਿੱਤੀ। ਧਨ ਉਸ ਨੇ ਸਾਰਾ ਆਪਣੇ ਘਰ ਭੇਜ ਦਿੱਤਾ ਤੇ ਕੁਝ ਦੇਰ ਗੁਰੂ ਜੀ ਪਾਸ ਰਹਿ ਕੇ ਵਿਸ਼ਰਾਮ ਕੀਤਾ॥ ੪੫॥

ਪੁਨ ਵਰ ਲੈਬੇ ਹੇਤੁ ਉਚਾਰਾ। 'ਸ੍ਰੀ ਗੁਰ ਜੀ ਹੁਇ ਪੰਥ ਤੁਮਾਰਾ।
ਕਰਹਿ ਜੰਗ ਤੁਰਕਨਿ ਕੌ ਮਾਰੈ। ਬਿਜੈ ਪਾਇ ਸਭਿ ਵਸਤੁ ਸੰਭਾਰੈ ॥੪੬॥

ਫਿਰ ਵਰ ਲੈਣ ਵਾਸਤੇ ਉਚਾਰਨ ਕੀਤਾ, "ਹੇ ਗੁਰੂ ਜੀ ! ਤੁਹਾਡਾ ਪੰਥ ਤਿਆਰ ਹੋਵੇਗਾ, ਉਹ ਜੰਗ ਕਰਕੇ ਤੁਰਕਾਂ ਨੂੰ ਮਾਰੇਗਾ ਤੇ ਜਿੱਤ ਪ੍ਰਾਪਤ ਕਰਕੇ ਵਸਤਾਂ ਸੰਭਾਲ ਲਵੇਗਾ॥ ੪੬॥

ਅਵਨੀ ਰਾਜ ਕਰਹਿ ਬਹੁਤੇਰਾ। ਤਿਨ ਮਹਿਂ ਜਨਮ ਹੋਇ ਪੁਨ ਮੇਰਾ'।
ਸੁਨਿ ਕਲਗੀਧਰ ਭਏ ਪ੍ਰਸੰਨ। 'ਸਿੰਘ ਬਨਨਿ ਚਾਹ੍ਯੋ ਤੂੰ ਧੰਨ ॥੪੭॥

ਧਰਤੀ ਉੱਤੇ ਬਹੁਤ ਰਾਜ ਕਰੇਗਾ, ਇਨ੍ਹਾਂ ਵਿਚ ਫਿਰ ਮੇਰਾ ਜਨਮ ਹੋਵੇਗਾ।" ਇਹ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋਏ, ਤੂੰ ਧੰਨ ਹੈਂ ਜਿਹੜਾ ਤੂੰ ਸਿੱਖ ਬਣਨਾ ਚਾਹਿਆ ਹੈ॥ ੪੭॥

*ਨੋਟ :- ਕਵੀ ਜੀ ਨੇ ਇਸ ਤੱਥ ਨੂੰ ਸੌ ਸਾਖੀ ਵਿਚੋਂ ਲਿਆ ਹੈ। ਸੌ ਸਾਖੀ ਵਿਚ ਇਸ ਨੂੰ ਤੀਸਰੇ ਜਨਮ ਲਾਹੌਰ ਦਾ ਮਾਲਕ ਹੋਣਾ ਅਤੇ ਰਣ ਸਿੰਘ (ਰਣਜੀਤ ਸਿੰਘ) ਨਾਮ ਵਾਲਾ ਹੋਣਾ ਲਿਖਿਆ ਹੈ॥ ੪੭॥*

ਤੀਨ ਵਾਰ ਹੁਇ ਪੰਥ ਮਝਾਰੀ। ਲੈ ਹੈਂ ਸਿੰਘਨ ਮਹਿਂ ਸਿਰਦਾਰੀ'।
ਇਹੁ ਬਰ ਪਾਇ ਹਰਖ ਕੋ ਧਰਿ ਕੈ। ਬਿੱਪ੍ਰ ਕਲੇਵਰ ਕੋ ਤਜਿ ਕਰਿ ਕੈ ॥੪੮॥

ਤਿੰਨ ਵਾਰ ਪੰਥ ਵਿਚ ਪੈਦਾ ਹੋਵੇਗਾ ਤੇ ਸਿੰਘਾਂ ਵਿਚ ਸਰਦਾਰੀ ਪ੍ਰਾਪਤ ਕਰੇਗਾ" ਇਹ ਵਰ ਪ੍ਰਾਪਤ ਕਰਕੇ ਤੇ ਪ੍ਰਸੰਨਤਾ ਧਾਰ ਕੇ, ਬ੍ਰਾਹਮਣ ਸਰੀਰ ਨੂੰ ਛੱਡ ਕੇ ਪਰਲੋਕ ਚਲਾ ਗਿਆ॥ ੪੮॥

ਭਯੋ ਖਾਲਸੇ ਮਹਿਂ ਸਰਦਾਰ। ਹਨੇ ਤੁਰਕ ਬਹੁ ਜੰਗ ਮਝਾਰ।
ਬਿੰਦ ਭੋਗ ਭੋਗੇ ਸੁਖ ਪਾਇ। ਕਥਾ ਬਿੱਪ੍ਰ ਕੀ ਭੀ ਇਸ ਭਾਇ ॥੪੯॥

ਖਾਲਸੇ ਵਿਚ ਵੱਡਾ ਸਰਦਾਰ ਹੋਇਆ ਤੇ ਜੰਗ ਦੇ ਵਿਚ ਬਹੁਤ ਤੁਰਕਾਂ ਨੂੰ ਮਾਰਿਆ। ਸੁਖ ਪਾ ਕੇ ਬਹੁਤ ਭੋਗ ਭੋਗੇ ਬ੍ਰਾਹਮਣ ਦੀ ਕਥਾ ਇਸ ਪ੍ਰਕਾਰ ਹੋਈ॥ ੪੯॥

*ਤੀਸਰੀ ਰੁੱਤ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

★★★

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੇਰ੍ਹਵਾਂ

## ਪਹਾੜੀ ਰਾਜਿਆਂ ਨੂੰ ਉਪਦੇਸ਼

ਦੋਹਰਾ- ਭੈਰਵ ਸ਼ਬਦ ਉਤੰਗ ਤੇ ਅਰੁ ਹੋਵਨਿ ਭੁਵਚਾਲ।
ਸੈਲਪਤੀ ਸਭਿਹੂੰ ਲਖ੍ਯੋ ਬਿਦਤਨਿ ਕਾਲੀ ਕਾਲ॥ ੧॥

ਬਹੁਤ ਉੱਚਾ ਨਾਦ ਹੋਣ 'ਤੇ ਅਤੇ ਭੁਚਾਲ ਦੇ ਆਉਣ ਕਰਕੇ, ਸਾਰੇ ਪਹਾੜੀ ਰਾਜੇ ਇਹ ਜਾਣ ਗਏ ਕਿ ਦੇਵੀ ਪ੍ਰਗਟ ਹੋਈ ਹੈ॥ ੧॥

ਚੌਪਈ- ਬਹੁਰ ਸੁਨ੍ਯੋਂ ਬਰ ਲੇ ਗੁਰ ਆਏ। ਅਦਭੁਤ ਲਖਿ ਕਰਿ ਉਰ ਬਿਸਮਾਏ।
ਭੀਮਚੰਦ ਤੇ ਆਦਿਕ ਜੇਈ। ਦਰਸ਼ਨ ਕਰਿਬੋ ਚਾਹਤਿ ਸੇਈ॥ ੨॥

ਫਿਰ ਸੁਣਿਆ ਕਿ ਗੁਰੂ ਜੀ ਵਰ ਲੈ ਕੇ ਆਏ ਹਨ, ਅਦਭੁਤ ਸਮਝ ਕੇ ਦਿਲ ਵਿਚ ਬਹੁਤ ਹੈਰਾਨ ਹੋਏ। ਭੀਮ ਚੰਦ ਆਦਿ ਜਿਹੜੇ ਪਹਾੜੀ ਰਾਜੇ ਸਨ, ਉਹ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੇ ਸਨ॥ ੨॥

ਪਠਿ ਪਠਿ ਕਰਿ ਬਹੁ ਬਿਧਿ ਉਪਹਾਰ। ਆਇ ਪਹੂਚੇ ਗੁਰ ਦਰਬਾਰ।
ਸਭਾ ਸਥਾਨ ਬਿਸਾਲ ਸੁਹਾਵਾ। ਅਨਿਕ ਰੰਗ ਕੋ ਫਰਸ਼ ਡਸਾਵਾ॥ ੩॥

ਬਹੁਤ ਵਿਧੀਆਂ ਨਾਲ ਭੇਟਾਵਾਂ ਭੇਜ ਭੇਜ ਕੇ ਪਹਾੜੀ ਰਾਜੇ ਗੁਰੂ ਜੀ ਦੇ ਦਰਬਾਰ ਵਿਚ ਆ ਪਹੁੰਚੇ। ਗੁਰੂ ਜੀ ਦੀ ਸਭਾ ਵਾਲਾ ਸਥਾਨ ਬਹੁਤ ਸ਼ੋਭ ਰਿਹਾ ਸੀ, ਅਨੇਕ ਰੰਗਾਂ ਦਾ ਫਰਸ਼ ਵਿਛਿਆ ਹੋਇਆ ਸੀ॥ ੩॥

ਬੀਚ ਸਿੰਘਾਸਨ ਸਤਿਗੁਰ ਕੇਰਾ। ਸੁਭਟ ਸਿੱਖ ਬੈਠੇ ਚਹੁੰ ਫੇਰਾਂ।
ਚੇਤੋ ਆਦਿਕ ਬਡੇ ਮਸੰਦ। ਥੂਲ ਦੇਹਿ ਅਰੁ ਧਨੀ ਬਿਲੰਦ॥ ੪॥

ਸਤਿਗੁਰੂ ਜੀ ਸਿੰਘਾਸਣ 'ਤੇ ਬੈਠੇ ਹੋਏ ਸਨ। ਚਾਰ ਪਾਸੇ ਸਿੱਖ ਸੂਰਬੀਰ ਬੈਠੇ ਸਨ। ਚੇਤੋ ਆਦਿ ਵੱਡੇ-ਵੱਡੇ ਮਸੰਦ ਬੈਠੇ ਸਨ, ਜਿਸ ਦਾ ਸਰੀਰ ਬਹੁਤ ਮੋਟਾ ਸੀ ਤੇ ਉਹ ਵੱਡਾ ਧਨੀ ਸੀ॥ ੪॥

ਕਵਿ ਗੁਨ ਜਨ ਸੋਂ ਸਭਾ ਸਪੂਰਨ। ਬੈਠੇ ਸ਼ੋਭਤਿ ਹੈਂ ਬਿਧਿ ਰੂਰਨ।
ਭੀਮਚੰਦ ਤੇ ਆਦਿਕ ਰਾਜੇ। ਪਹੁਚੇ ਪ੍ਰਭੁ ਮਿਲਿਨਿ ਕੇ ਕਾਜੇ॥ ੫॥

ਗੁਣੀ ਕਵੀਆਂ ਸਹਿਤ ਸੰਪੂਰਨ ਸਭਾ ਬੈਠੀ ਸੀ। ਗੁਰੂ ਜੀ ਸੁੰਦਰ ਵਿਧੀ ਅਨੁਸਾਰ ਬੈਠੇ ਸ਼ੋਭ ਰਹੇ ਸਨ। ਭੀਮ ਚੰਦ ਆਦਿ ਰਾਜੇ, ਗੁਰੂ ਜੀ ਨੂੰ ਮਿਲਣ ਵਾਸਤੇ ਪਹੁੰਚੇ ਸਨ॥ ੫॥

ਰਿਦੇ ਰਾਜ ਮਦ ਧਰੇ ਬਿਸਾਲਾ। ਸ਼ਸਤ੍ਰ ਬਿਭੂਖਨ ਜੁਤਿ ਭਟ ਜਾਲਾ।
ਕਰ ਬੰਦੇ ਬੰਦਨ ਕਹੁ ਕਰੀ। ਧਨ ਕੀ ਭੇਟ ਅੱਗ ਕਰਿ ਧਰੀ॥ ੬॥

ਸਾਰੇ ਰਾਜਿਆਂ ਨੇ ਹਿਰਦੇ ਵਿਚ ਰਾਜ ਦਾ ਨਸ਼ਾ ਧਾਰਨ ਕੀਤਾ ਹੋਇਆ ਸੀ। ਸ਼ਸਤਰ ਅਤੇ ਗਹਿਣੇ ਧਾਰੀ ਨਾਲ ਬਹੁਤ ਸੂਰਬੀਰ ਸਨ। ਸਾਰਿਆਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਧਨ ਦੀ ਭੇਟ ਗੁਰੂ ਜੀ ਅੱਗੇ ਧਰੀ॥ ੬॥

ਆਇਸੁ ਲੇ ਬੈਠੇ ਗੁਰ ਤੀਰ। ਖੜਗ ਸਿਪਰ ਕਹੁ ਧਰੇ ਸਰੀਰ।
ਦੇਵੀ ਬਿਦਤਨਿ ਤੇ ਬਿਸਮਾਏ। ਸਭਾ ਮਝਾਰ ਥਿਰੇ ਸਮੁਦਾਏ॥ ੭॥

ਆਗਿਆ ਲੈ ਕੇ ਗੁਰੂ ਜੀ ਪਾਸ ਬੈਠ ਗਏ, ਕਿਰਪਾਨ ਢਾਲ ਸਰੀਰ ਉੱਤੇ ਧਾਰਨ ਕੀਤੀ ਹੋਈ ਸੀ। ਦੇਵੀ ਪ੍ਰਗਟ ਹੋਣ ਤੇ ਹੈਰਾਨ ਹੋਏ ਸਨ, ਸਾਰੇ ਸਭਾ ਦੇ ਵਿਚ ਬੈਠ ਗਏ॥ ੭॥

ਲਾਲ ਗੁਲਾਲ ਗੁਰੂ ਕੋ ਰੰਗ। ਖੜਗ ਬਿਸਾਲ ਕਸੇ ਕਟ ਸੰਗ।
ਤੀਖਨ ਤੀਰਨਿ ਭਰਜੋ ਨਿਖੰਗ। ਧਨੁਖ ਦਰਾਜ਼ ਨਿਠੁਰ ਬਰ ਅੰਗ॥ ੮॥

ਗੁਰੂ ਜੀ ਦਾ ਗੁਲਾਲ ਵਾਂਗ ਲਾਲ ਰੰਗ ਹੋਇਆ ਸੀ ਤੇ ਕਮਰਕੱਸੇ ਨਾਲ ਵੱਡੀ ਕਿਰਪਾਨ ਪਹਿਨੀ ਹੋਈ ਸੀ। ਭੱਥਾ ਤਿੱਖੇ ਤੀਰਾਂ ਨਾਲ ਭਰਿਆ ਹੋਇਆ ਸੀ ਅਤੇ ਕਠੋਰ ਵੱਡਾ ਧਨੁਖ ਸ੍ਰੇਸ਼ਟ ਅੰਗਾਂ 'ਤੇ ਧਾਰਨ ਕੀਤਾ ਸੀ॥ ੮॥

ਢੁਰਤਿ ਚਮਰ ਸੁੰਦਰ ਬਹੁ ਬਾਰੀ। ਝੂਲਤਿ ਕਲਗ਼ੀ ਅਤਿ ਛਬਿ ਵਾਰੀ।
ਬਸਤ੍ਰ ਸ਼ਸਤ੍ਰ ਬਹੁ ਮੋਲ ਬਿਭੂਖਨ। ਸੁਭਹਿਂ ਸਿੰਘਾਸਨ ਪਰ ਬਿਨ ਦੂਖਨ॥ ੯॥

ਸਿਰ ਦੇ ਉੱਤੇ ਸੁੰਦਰ ਚੌਰ ਬਾਰ ਬਾਰ ਫਿਰ ਰਿਹਾ ਸੀ ਤੇ ਝੂਲਦੀ ਹੋਈ ਕਲਗ਼ੀ ਬਹੁਤ ਸ਼ੋਭ ਰਹੀ ਸੀ। ਸ਼ਸਤਰ ਵਸਤਰ ਅਤੇ ਬਹੁਤ ਕੀਮਤੀ ਗਹਿਣੇ ਧਾਰਨ ਕੀਤੇ ਹੋਏ ਸਨ। ਦੁਖ ਰਹਿਤ ਗੁਰੂ ਜੀ ਸਿੰਘਾਸਣ ਤੇ ਸ਼ੋਭ ਰਹੇ ਸਨ॥ ੯॥

ਕੁਸ਼ਲ ਪ੍ਰਸ਼ਨ ਰਾਜਨ ਸਨ ਕੀਨਾ। ਹਾਥ ਜੋਰਿ ਸਭਿਹਿਨਿ ਭਨਿ ਦੀਨਾ।
'ਮਹਾਰਾਜ ! ਦੇਵੀ ਬਿਦਤਾਈ। ਤੁਮਰੇ ਬਿਨ ਕਰਿ ਕੌਨ ਸਕਾਈ॥ ੧੦॥

ਗੁਰੂ ਜੀ ਨੇ ਸਾਰੇ ਰਾਜਿਆਂ ਨੂੰ ਸੁਖ ਸਾਂਦ ਪੁੱਛੀ ਤਾਂ ਹੱਥ ਜੋੜ ਕੇ ਸਾਰਿਆਂ ਨੇ ਉੱਤਰ ਦਿੱਤਾ, "ਮਹਾਰਾਜ ਤੁਸੀਂ ਦੇਵੀ ਪ੍ਰਗਟ ਕੀਤੀ ਹੈ, ਤੁਹਾਡੇ ਬਗੈਰ ਹੋਰ ਕੌਣ ਪ੍ਰਗਟ ਕਰ ਸਕਦਾ ਹੈ॥ ੧੦॥

ਦਰਸ਼ਨ ਕਰਿ ਬਾਂਛਿਤ ਬਰ ਲੀਨਾ। ਭੀਮ ਭੁਚਾਲ ਆਦਿ ਸਭਿ ਚੀਨਾ।
ਤੁਰਕ ਤੇਜ ਤਪਤਜੋ ਜਗ ਭਾਰੀ। ਬਿਨ ਰਾਵਰਿ ਕੋ ਕਰਿ ਨਿਰਵਾਰੀ ?॥੧੧॥

ਦਰਸ਼ਨ ਕਰਕੇ ਮੂੰਹ ਮੰਗਿਆ ਵਰ ਪ੍ਰਾਪਤ ਕੀਤਾ ਹੈ, ਭਾਰੀ ਭੂਚਾਲ ਆਦਿ ਆਇਆ ਸਾਰਿਆਂ ਨੇ ਵੇਖਿਆ ਹੈ। ਜਗ ਵਿਚ ਤੁਰਕਾਂ ਦਾ ਭਾਰੀ ਤੇਜ ਤਪ ਰਿਹਾ ਹੈ, ਆਪ ਤੋਂ ਬਗੈਰ ਇਸ ਨੂੰ ਕੌਣ ਦੂਰ ਕਰ ਸਕਦਾ ਹੈ ?॥ ੧੧॥

ਰਿਦੈ ਮਨੋਰਥ ਪੰਥ ਕਰਨਿ ਕੋ। ਸਫਲਹਿ ਜਬਿ ਦਿਹੁ ਰਾਜ ਧਰਨਿ ਕੋ'।
ਇੱਤਜਾਦਿਕ ਗਿਰਨਾਥ ਉਚਾਰੇ। ਸੁਨਿ ਗੁਰ ਭਏ ਪ੍ਰਸੰਨ ਉਦਾਰੇ॥ ੧੨॥

ਹਿਰਦੇ ਵਿਚ ਨਵਾਂ ਪੰਥ ਤਿਆਰ ਕਰਨ ਦਾ ਮਨੋਰਥ ਧਾਰਿਆ ਹੈ, ਸਫਲ ਹੋਣ ਤੇ ਉਸ ਨੂੰ ਧਰਤੀ ਦਾ ਰਾਜ ਦੇਵੋਗੇ।" ਇਸ ਪ੍ਰਕਾਰ ਪਹਾੜੀ ਰਾਜਿਆਂ ਨੇ ਉਚਾਰਨ ਕੀਤਾ। ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥ ੧੨॥

ਦੋਹਰਾ- 'ਸਿੱਖੀ ਗੁਰ ਕੀ ਗ੍ਰਹਨ ਤੁਮ ਕਰਹੁ ਸਕਲ ਮਿਲਿ ਆਪ।
ਪਾਹੁਲ ਖੰਡੇ ਕੀ ਲਵੋ ਵਧਿ ਹੈ ਅਧਿਕ ਪ੍ਰਤਾਪ॥ ੧੩॥

ਗੁਰੂ ਜੀ ਨੇ ਕਿਹਾ, "ਆਪ ਸਾਰੇ ਮਿਲ ਕੇ ਗੁਰੂ ਦੀ ਸਿੱਖੀ ਗ੍ਰਹਿਣ ਕਰੋ, ਖੰਡੇ ਦੀ ਪਾਹੁਲ ਲਵੋ, ਤੁਹਾਡਾ ਬਹੁਤ ਪ੍ਰਤਾਪ ਵਧੇਗਾ॥ ੧੩॥

ਚੌਪਈ- ਅਵਨੀ ਘਨੀ ਰਾਜ ਲੈ ਦੇਹੀਂ। ਅਪਰ ਨ੍ਰਿਪਤ ਸਭਿ ਸੇਵ ਕਰੇਹੀਂ।
ਦਿਨ ਪ੍ਰਤਿ ਐਸ਼੍ਵਰਜ ਵਧਹਿ ਬਿਸਾਲਾ। ਕਰਹੁ ਸਦਾ ਧ੍ਰਮ ਕੀ ਪ੍ਰਤਿਪਾਲਾ' ॥੧੪॥

ਧਰਤੀ ਦਾ ਬਹੁਤ ਰਾਜ ਲੈ ਦਵਾਂਗਾ, ਹੋਰ ਸਾਰੇ ਰਾਜੇ ਤੁਹਾਡੀ ਸੇਵਾ ਕਰਨਗੇ, ਦਿਨ ਪ੍ਰਤਿ ਬਹੁਤ ਧਨ ਦੌਲਤ ਵਧੇਗਾ, ਸਦਾ ਧਰਮ ਦੀ ਪ੍ਰਤਿਪਾਲਣਾ ਕਰੋ" ॥ ੧੪॥

ਸੁਨ ਰਾਜਨਿ ਮਿਲਿ ਕਿਯਸਿ ਬਿਚਾਰਾ। ਏਕ ਮਤੋ ਕਰਿ ਸਭਿਨਿ ਉਚਾਰਾ।
'ਲਾਂਗ ਉਪਵੀਤ ਸਿਖਾ ਚਿਹਨ ਰਹਿਨੀ। ਆਨ ਸਰਬ ਮਾਨਹਿਂ ਤੁਮ ਕਹਿਨੀ॥੧੫॥

ਇਹ ਸੁਣ ਕੇ ਰਾਜਿਆਂ ਨੇ ਵਿਚਾਰ ਕੀਤੀ ਤੇ ਇਕ ਮੱਤ ਹੋ ਕੇ ਸਾਰਿਆਂ ਨੇ ਉਚਾਰਨ ਕੀਤਾ, "ਧੋਤੀ ਦੀ ਲਾਂਗੜ, ਜੰਞੂ ਤੇ ਬੋਦੀ ਰਹਿਣ ਦੇਵੋ, ਹੋਰ ਸਾਰਾ ਤੁਹਾਡਾ ਕਹਿਣਾ ਮੰਨਾਂਗੇ॥ ੧੫॥

ਇਹ ਹਿੰਦੂ ਕੋ ਧਰਮ ਬਡੇਰਾ। ਸਰਹਿ ਨਹੀਂ ਇਸ ਬਿਨ ਕਿਸ ਬੇਰਾ।
ਪਾਤਕ ਬਿਖੈ ਭੱਦ੍ਰ ਭੀ ਕਰਨਾ। ਤਰਪਨਿ ਆਦਿ ਜਨੇਊ ਬਰਨਾ॥ ੧੬॥

ਇਹ ਹਿੰਦੂ ਧਰਮ ਬਹੁਤ ਵੱਡਾ ਹੈ, ਇਸ ਬਗੈਰ ਕਿਸੇ ਸਮੇਂ ਵੀ ਨਹੀਂ ਸਰੇਗਾ, ਕਿਸੇ ਦੇ ਮਰਨੇ ਉੱਪਰ ਸਿਰ ਵੀ ਮੁਨਵਾਉਣਾ ਹੈ। ਤਰਪਨ ਆਦਿ ਕ੍ਰਿਆ ਲਈ ਜਨੇਊ ਵੀ ਜ਼ਰੂਰੀ ਹੈ॥ ੧੬॥

ਜੇ ਨਹਿਂ ਧਰਹਿਂ ਧਰਮ ਨਹਿਂ ਰਹੈ। ਕਰਿ ਉਪਹਾਸ ਅਪਰ ਨਰ ਕਹੈਂ।
ਜਗਤ ਕਾਨ ਨਹਿਂ ਰਹੈ ਹਮਾਰੀ। ਜਿਸਕੇ ਬਰਤਹਿਂ ਹੁਇ ਅਨੁਸਾਰੀ॥ ੧੭॥

ਜੇ ਨਹੀਂ ਧਾਰਨ ਕਰਾਂਗੇ ਤਾਂ ਧਰਮ ਨਹੀਂ ਰਹੇਗਾ, ਹੋਰ ਮਨੁੱਖ ਸਾਡਾ ਮਜ਼ਾਕ ਉਡਾਉਣਗੇ। ਜਗਤ ਵਿਚ ਸਾਡੀ ਅਣਖ ਨਹੀਂ ਰਹੇਗੀ, ਜਿਸ ਦੇ ਵਰਤਣ ਨਾਲ ਆਗਿਆ ਅਨੁਸਾਰ ਹੁੰਦਾ ਹਾਂ॥ ੧੭॥

ਪਾਹੁਲ ਦੇਹੁ ਆਪ ਕੀ ਜੋਊ। ਬਨਹਿਂ ਸਿੱਖ ਤੁਮਰੇ ਸਭਿ ਕੋਊ।
ਰਾਵਰਿ ਰੀਤਿ ਬਤਾਵਹੁ ਜੈਸੇ। ਅੰਗੀਕਾਰ ਕਰਹਿਂ ਸਭਿ ਤੈਸੇ'॥ ੧੮॥

ਆਪ ਜਿਹੜੀ ਪਾਹੁਲ ਦੇਵੋਗੇ, ਉਸ ਨਾਲ ਸਾਰੇ ਤੁਹਾਡੇ ਸਿੱਖ ਬਣ ਜਾਣਗੇ। ਆਪ ਜਿਵੇਂ ਰੀਤੀ ਦੱਸੋਗੇ ਉਸ ਤਰ੍ਹਾਂ ਹੀ ਸਾਰੇ ਅੰਗੀਕਾਰ ਕਰ ਲੈਣਗੇ" ॥ ੧੮॥

ਕਲਗ਼ੀਧਰ ਬਿਗਸੇ ਸੁਨਿ ਬੈਨਾ। ਬੋਲੇ ਕ੍ਰਿਪਾ ਭਿਗੋਏ ਨੈਨਾ।
'ਖਟ ਦਰਸ਼ਨ ਤੇ ਆਦਿਕ ਅਪਰੇ। ਦੇਤਿ ਚਿੰਨ੍ਹ ਨਿਜ ਰੰਗਤਿ ਕਪਰੇ॥ ੧੯॥

ਸਤਿਗੁਰੂ ਜੀ ਉਨ੍ਹਾਂ ਦੇ ਬਚਨ ਸੁਣ ਕੇ ਮੁਸਕਰਾ ਪਏ ਫਿਰ ਕਿਰਪਾ ਵਿਚ ਭਿੱਜ ਕੇ ਬੋਲੇ, "ਖਟ ਦਰਸ਼ਨ ਵਾਲੇ ਤੇ ਹੋਰ ਮੱਤਾਂ ਦੇ ਸਾਧੂ ਆਪਣੇ ਚਿੰਨ੍ਹਾਂ ਵਾਲੇ ਰੰਗੇ ਹੋਏ ਕੱਪੜੇ ਦਿੰਦੇ ਹਨ॥ ੧੯॥

ਪੂਰਬਲੇ ਬ੍ਰਹਮੇ ਕੀ ਕਾਨ। ਸਕਲ ਮਿਟਾਇ ਦੇਤਿ ਮਤਿ ਆਨ।
ਹਮ ਤੌ ਤੁਮ ਕੌ ਰੀਤਿ ਭਲੇਰੀ। ਦੇਤੇ ਹੈਂ, ਸਭਿ ਲੇ ਤਿਨਿ ਹੇਰੀ॥ ੨੦॥

ਪਹਿਲੀ ਬ੍ਰਹਮੇ ਦੀ ਕਾਣ ਜਨੇਊ ਬੋਦੀ ਆਦਿ, ਹੋਰ ਮੱਤਾਂ ਵਾਲੇ ਸਭ ਕੁਝ ਖਤਮ ਕਰ ਦਿੰਦੇ ਹਨ। ਅਸੀਂ ਤਾਂ ਤੁਹਾਨੂੰ ਭਲੀ ਰੀਤੀ ਦਿੰਦੇ ਹਾਂ। ਇਹ ਸਾਰੀਆਂ ਰੀਤੀਆਂ ਵੇਖ ਲਵੋ॥ ੨੦॥

ਜੋ ਸਰੂਪ ਪਰਮੇਸ਼ੁਰ ਦੀਨਸਿ। ਰਾਖਹੁ ਕੇਸ਼ ਮੁਹਰ ਗੁਰ ਕੀਨਸਿ।
ਖੜਗ ਜਨੇਊ ਹਿਤ ਇਸ ਲੋਗ। ਹਨਹੁ ਦੁਸ਼ਟ ਭੋਗਹੁ ਛਿਤ ਭੋਗ॥ ੨੧॥

ਜਿਹੜਾ ਸਰੂਪ ਪਰਮੇਸ਼ਰ ਨੇ ਦਿੱਤਾ ਹੈ, ਕੇਸ ਰੱਖੋ: ਮੋਹਰ ਛਾਪ ਲਾਈ ਹੈ ਭਾਵ ਵਾਹਿਗੁਰੂ ਦੀ ਦਾਤ ਨੂੰ ਮੋਹਰ ਛਾਪ ਲਾਈ ਹੈ। ਇਸ ਲੋਕ ਵਿਚ ਖੜਗ ਰੂਪੀ ਜਨੇਊ ਦਿੱਤਾ ਹੈ ਦੁਸ਼ਟਾਂ ਨੂੰ ਮਾਰੋ ਤੇ ਧਰਤੀ ਦਾ ਰਾਜ ਭੋਗੋ॥ ੨੧॥

ਹਿਤ ਪ੍ਰਲੋਕ ਕੇ ਗ੍ਯਾਨ ਜਨੇਊ। ਪਹਿਰਹ ਪਾਇ ਸਰਬ ਸੁਖ ਜੇਊ।
ਸਿੰਘਾਨਾਮ ਧਰਵਾਇ ਸਪ੍ਰੀਤੀ। ਪਹਿਰਹੁ ਕਾਛ ਸੁ ਪੂਰਬ ਰੀਤੀ॥ ੨੨॥

ਪ੍ਰਲੋਕ ਵਾਸਤੇ ਗਿਆਨ ਰੂਪੀ ਜਨੇਊ ਹੈ, ਪਹਿਣ ਕੇ ਸਰਬ ਪ੍ਰਕਾਰ ਦਾ ਸੁਖ ਪਾਓ। ਪ੍ਰੀਤ ਨਾਲ ਸਿੰਘ ਨਾਮ ਧਰਵਾਓ ਤੇ ਕੱਛ ਪਹਿਣੋ ਜਿਹੜੀ ਪਿਛਲੀ ਰੀਤੀ ਹੈ॥ ੨੨॥

ਦ੍ਵੈ ਹਜ਼ਾਰ ਸੰਮਤਿ ਬਿਤ ਗਯੋ। ਤਬਿ ਇਕ ਨੰਦ ਨ੍ਰਿਪਤਿ ਜਗ ਭਯੋ।
ਤਿਨ ਬਿੱਪ੍ਰਨ ਤੇ ਭੈ ਕੁਛ ਮਾਨਾ। ਬਰਨੀ ਕਰਹਿਂ ਮੰਤ੍ਰ ਪਢਿ ਨਾਨਾ॥ ੨੩॥

ਦੋ ਹਜ਼ਾਰ ਸਾਲ ਬੀਤ ਗਏ ਹਨ, ਤਦ ਇਕ ਨੰਦ ਨਾਮੀ ਰਾਜਾ ਜਗ ਵਿਚ ਹੋਇਆ ਸੀ। ਉਸ ਨੇ ਬ੍ਰਾਹਮਣਾਂ ਤੋਂ ਕੁਝ ਡਰ ਮੰਨਿਆ ਕਿ ਬ੍ਰਾਹਮਣ ਕਈ ਪ੍ਰਕਾਰ ਦੇ ਮੰਤਰ ਪੜ੍ਹ ਕੇ ਬਰਨੀ ਕਰਦੇ ਹਨ॥ ੨੩॥

ਕਾਰਜ ਸਿੱਧ ਲੇਤਿ ਕਰਿ ਸੋਇ। ਮੋਹਿ ਬਿਗਾਰੈਂ ਅਸ ਨਹਿਂ ਹੋਇ।
ਬਰਨੀ ਕਰਹਿਂ ਰਾਜ ਉਲਟਾਵੈਂ। ਰਿਪੁ ਦਿਸ਼ਿ ਹੁਇ ਜਬਿ ਧਨ ਕਛੁ ਪਾਵੈਂ॥੨੪॥

ਬ੍ਰਾਹਮਣ ਆਪਣਾ ਕਾਰਜ ਸਿੱਧ ਕਰ ਲੈਂਦੇ ਹਨ, ਕਿਤੇ ਐਸਾ ਨਾ ਹੋਵੇ ਕਿ ਮੇਰਾ ਕੁਝ ਵਿਗਾੜ ਕਰ ਦੇਣ। ਬਰਨੀ ਕਰਕੇ ਮੇਰਾ ਰਾਜ ਹੀ ਉਲਟਾ ਦੇਣ। ਜਾਂ ਧਨ ਲੈ ਕੇ ਵੈਰੀ ਨਾਲ ਰਲ ਜਾਣ ਤੇ ਵਰਨੀ ਕਰਕੇ ਮੇਰਾ ਰਾਜ ਉਲਟਾ ਦੇਣ॥ ੨੪॥

ਇਮ ਬਿਚਾਰ ਤਿਨ ਬਿੱਪ੍ਰ ਬੁਲਾਏ। ਕੁਛੁ ਧਨ ਦੇਕਰਿ ਸਿਰ ਮੁੰਡਵਾਏ।
ਪੁਨ ਸ਼ਲੋਕ ਤਿਸ ਬਿਧਿ ਕੇ ਕਰੇ। ਧਰਮ ਸ਼ਾਸਤ੍ਰਨਿ ਮੈਂ ਲੇ ਧਰੇ॥ ੨੫॥

ਇਸ ਤਰ੍ਹਾਂ ਵਿਚਾਰ ਕਰਕੇ, ਉਸ ਬ੍ਰਾਹਮਣ ਬੁਲਾਏ, ਕੁਝ ਧਨ ਦੇ ਕੇ ਉਨ੍ਹਾਂ ਦੇ ਸਿਰ ਮੁਨਵਾ ਦਿੱਤੇ, ਫਿਰ ਸਲੋਕ ਉਸ ਵਿਧੀ ਦੇ ਬਣਾਏ ਤੇ ਧਰਮ ਸ਼ਾਸਤਰਾਂ ਵਿਚ ਧਰ ਦਿੱਤੇ॥ ੨੫॥

ਜਹਿਂ ਕਹਿਂ ਸਿਰ ਮੁੰਡਵਾਵਨਿ ਲਾਗੇ। ਰੀਤਿ ਬਿਪਰਜੈ ਇਮ ਭੀ ਆਗੇ।
ਐਸੇ ਭਰਮ ਤਜਹੁ, ਰਖਿ ਕੇਸ਼। ਪਹਿਰਹੁ ਕਾਛ ਸੁਭਟ ਬਰ ਬੇਸ॥ ੨੬॥

ਜਿੱਥੇ-ਕਿੱਥੇ ਸਿਰ ਮੁਨਵਾਉਣ ਲੱਗੇ, ਇਹ ਉਲਟੀ ਰੀਤੀ ਅੱਗੇ ਵੀ ਚਲ ਪਈ। ਐਸੇ ਭਰਮ ਛੱਡੋ ਤੇ ਕੇਸ ਰੱਖੋ ਤੇ ਕੱਛ ਪਹਿਣੋ, ਜਿਹੜੀ ਸ੍ਰੇਸ਼ਟ ਸੂਰਬੀਰਾਂ ਦਾ ਭੇਸ ਹੈ॥ ੨੬॥

ਜੇ ਅਸ ਨੀਕੋ ਬੇਖ ਨ ਭਾਵੈ। ਤਬਿ ਕਰੀਅਹੁ ਜਸ ਤੁਮ ਮਨ ਭਾਵੈ।
ਜੇ ਨਹਿਂ ਲੇਵਹੁ ਇਹੁ ਮਗ ਪਾਵਨ। ਹਮ ਤੋ ਨਿਸ਼ਚੈ ਪੰਥ ਚਲਾਵਨਿ॥ ੨੭॥

ਜੇ ਏਨਾ ਚੰਗਾ ਭੇਸ ਚੰਗਾ ਨਹੀਂ ਲੱਗਦਾ ਤਾਂ ਫਿਰ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ। ਜੇ ਇਹ ਪਵਿੱਤਰ ਮਾਰਗ ਨਹੀਂ ਲਵੋਗੇ, ਪਰ ਅਸੀਂ ਤਾਂ ਨਿਸ਼ਚੇ ਰੂਪ ਵਿਚ ਪੰਥ ਚਲਾਉਣਾ ਹੈ॥ ੨੭॥

*ਦੋਹਰਾ-* ਕਿਰਤ ਕਰਤਿ ਚਾਰਹੁ ਬਰਨ ਬਨਿ ਤੁਰਕਨ ਤੇ ਦੀਨ॥
ਤਿਨ ਕੋ ਪਾਹੁਲ ਦੇਹਿਂ ਹਮ ਛਿਤਪਤਿ ਕਰਹਿਂ ਪ੍ਰਬੀਨ॥ ੨੮॥

ਹੌਲੀ-ਹੌਲੀ ਚਾਰੇ ਵਰਨ ਤੁਰਕਾਂ ਤੋਂ ਨੀਵੇਂ ਬਣ ਗਏ ਹਨ। ਉਨ੍ਹਾਂ ਨੂੰ ਪਾਹੁਲ ਛਕਾ ਕੇ ਅਸੀਂ ਧਰਤੀ ਦੇ ਰਾਜੇ ਬਣਾ ਦੇਵਾਂਗੇ॥ ੨੮॥

*ਚੌਪਈ-* ਸ਼ੁਭ ਕ੍ਰਿਤ ਬਿਨ ਬਲ ਹੀਨ ਅਨਾਥਾ। ਹਮ ਧਰਿ ਤਿਨ ਮਾਥੇ ਪਰ ਹਾਥਾ।
ਤੁਰਕਨ ਕੋ ਦੇਂ ਤੁਰਤ ਤੁਰਾਈ। ਮੁਗ਼ਲ ਚਮੂੰ ਦੇਂ ਗਰਦ ਮਿਲਾਈ॥੨੯॥

ਸ਼ੁਭ ਕ੍ਰਿਤ ਬਗੈਰ ਬਲਹੀਣ ਅਨਾਥ ਬਣ ਜਾਣਗੇ, ਅਸੀਂ ਉਨ੍ਹਾਂ ਦੇ ਮੱਥੇ 'ਤੇ ਹੱਥ ਧਰਾਂਗੇ। ਤੁਰਕਾਂ ਨੂੰ ਤੁਰਤ ਖਤਮ ਕਰ ਦਿਆਂਗੇ ਤੇ ਮੁਗਲਾਂ ਦੀ ਸੈਨਾਂ ਨੂੰ ਮਿੱਟੀ ਵਿਚ ਮਿਲਾ ਦੇਵਾਂਗੇ॥ ੨੯॥

ਸਿਵਕਾ ਘੋਰੇ ਗਜ ਅੰਬਾਰੀ। ਤੰਬੂ, ਭੇਰਿ, ਦਮਾਮੇ ਭਾਰੀ।
ਰੁਪਾ, ਕੰਚਨ, ਬੱਜ੍ਰ ਖਜਾਨਾ। ਰਾਜ ਸਾਜ ਔਰੇ ਬਿਧਿ ਨਾਨਾ॥ ੩੦॥

ਹੁਕਮ ਚਲਤਿ ਹੈ ਜਹਿਂ ਕਹਿਂ ਜਿਨ ਕੋ। ਖੋਜਯੋ ਖੋਜ ਨ ਪਾਵਹਿ ਤਿਨ ਕੋ'।
ਭੀਮਚੰਦ ਸੁਨਿ ਮਾਨਿ ਅਚੰਭਾ। ਕਹਨਿ ਲਗਯੋ 'ਇਹ ਬਾਤ ਅਸੰਭਾ॥ ੩੧॥

ਜਿਨ੍ਹਾਂ ਦਾ ਜਿੱਥੇ ਕਿੱਥੇ ਹੁਕਮ ਚਲਦਾ ਹੈ, ਲਭਣ ਨਾਲ ਵੀ ਤੁਸੀਂ ਉਨ੍ਹਾਂ ਨੂੰ ਲੱਭ ਨਹੀਂ ਸਕੋਗੇ।" ਭੀਮ ਚੰਦ ਸੁਣ ਕੇ ਅਚੰਭਾ ਮੰਨਿਆ ਤੇ ਕਹਿਣ ਲੱਗਾ, "ਇਹ ਗੱਲ ਅਸੰਭਵ ਹੈ"॥ ੩੧॥

ਇਕ ਇਕ ਛਾਗ ਲੇਤਿ ਇਕ ਖਾਹੀ। ਵੇਤੇ ਸ਼ਸਤ੍ਰਨਿ ਵਿੱਦਯਾ ਮਾਂਹੀ।
ਬਲ ਦੀਰਘ ਅਰੁ ਬੁੱਧਿ ਮਹਾਨੇ। ਰਾਜ ਸਾਜ ਗਿਨਤੀ ਨਹਿਂ ਜਾਨੇ॥ ੩੨॥

ਇਕ ਇਕ ਤੁਰਕ ਇਕ-ਇਕ ਬੱਕਰਾ ਖਾ ਜਾਂਦਾ ਹੈ, ਸ਼ਸਤਰ ਵਿਦਿਆ ਵਿਚ ਜਿਹੜੇ ਹਰ ਪ੍ਰਕਾਰ ਨਿਪੁੰਨ ਹਨ। ਵੱਡੇ ਬਲਵਾਨ ਅਤੇ ਮਹਾਨ ਬੁੱਧੀਵਾਨ ਹਨ। ਤੁਰਕ ਰਾਜ ਸਾਜ ਦੀ ਗਿਣਤੀ ਤਾਂ ਜਾਣੀ ਹੀ ਨਹੀਂ ਜਾਂਦੀ॥ ੩੨॥

ਬਾਜ ਸਮਾਨ ਜੁੱਧ ਮਹਿਂ ਮਾਨੀ। ਚਤੁਰ ਬਰਨ ਚਟਕਾ ਸਮ ਜਾਨੀ।
ਤਿਨ ਤੇ ਸੋ ਕਿਮ ਦੇਹੁ ਤੁਰਾਈ ? ਇਹ ਨਿਸ਼ਚੈ ਹਮ ਮਨ ਨਹਿਂ ਆਈ' ॥੩੩॥

ਬਾਜ਼ਾਂ ਵਾਂਗ ਯੁੱਧ ਵਿਚ ਮੰਨੇ ਜਾਂਦੇ ਹਨ, ਚਾਰੇ ਵਰਗਾਂ ਨੂੰ ਉਹ ਚਿੜੀਆਂ ਵਾਂਗ ਜਾਣਦੇ ਹਨ। ਉਨ੍ਹਾਂ ਚਿੜੀਆਂ ਪਾਸੋਂ ਬਾਜ਼ ਕਿਵੇਂ ਤੁੜਵਾ ਦੇਵੋਗੇ ? ਇਹ ਨਿਸ਼ਚਾ ਸਾਡੇ ਮਨ ਵਿਚ ਨਹੀਂ ਆਉਂਦਾ ਹੈ"॥ ੩੩॥

ਸੁਨਿ ਰਾਜਨ ਤੇ ਪ੍ਰਭੁ ਬਤਾਵਹਿਂ। 'ਹਮ ਚਿਰੀਅਨਿ ਤੇ ਬਾਜ ਤੁਰਾਵਹਿਂ।
ਜਿਮ ਸ਼੍ਰੀ ਰਾਮਚੰਦ ਜਗ ਹੋਏ। ਕਥਾ ਲਖਹਿ ਤਿਨ ਕੀ ਸਭਿ ਕੋਏ॥ ੩੪॥

ਰਾਜੇ ਪਾਸੋਂ ਸੁਣ ਕੇ ਗੁਰੂ ਜੀ ਦੱਸਣ ਲੱਗੇ, "ਅਸੀਂ ਚਿੜੀਆਂ ਪਾਸੋਂ ਬਾਜ਼ ਤੁੜਵਾਵਾਂਗੇ। ਜਿਵੇਂ ਸ੍ਰੀ ਰਾਮ ਚੰਦਰ ਜੀ ਜਗ ਵਿਚ ਹੋਏ ਹਨ, ਉਨ੍ਹਾਂ ਦੀ ਕਥਾ ਸਾਰੇ ਸਮਝਦੇ ਹਨ॥ ੩੪॥

ਬਨਚਰ ਬਾਨਰ ਕਯਾ ਤੁਛ ਜਾਤੀ। ਸੇ ਬਟੋਰ ਕਰਿ ਅਧਿਕ ਜਮਾਤੀ।
ਤੀਨਲੋਕ ਪਤਿ ਰਾਵਨ ਭਾਰੇ। ਜਿਸ ਤੇ ਸਰਬ ਸੁਰਾਸੁਰ ਹਾਰੇ॥ ੩੫॥

ਜੰਗਲ ਵਿਚ ਰਹਿਣ ਵਾਲੀ ਬਾਂਦਰ ਇਕ ਤੁੱਛ ਜਾਤੀ ਹੈ, ਉਨ੍ਹਾਂ ਸਭ ਨੂੰ ਇਕੱਠੇ ਕਰਕੇ ਤਿੰਨਾਂ ਲੋਕਾਂ ਦਾ ਮਾਲਕ ਰਾਵਣ, ਜਿਸ ਨੇ ਦੇਵਤਿਆਂ ਦੇ ਰਾਜੇ ਇੰਦਰ ਨੂੰ ਜਿੱਤ ਲਿਆ ਸੀ॥ ੩੫॥

ਤਿਨ ਬਾਨਰ ਤੇ ਨਾਸ਼ ਕਰਾਯੋ। ਬਿਨਾ ਬਿਲਮ ਦਲ ਯੁਕਤ ਖਪਾਯੋ।
ਤਿਮ ਹਮ ਘਰਿ ਰੰਕਨ ਸਿਰ ਹਾਥਾ। ਪਾਹੁਲ ਦੇਹਿਂ ਤੇਜ ਕੇ ਸਾਥਾ॥ ੩੬॥

ਉਨ੍ਹਾਂ ਬਾਂਦਰਾਂ ਪਾਸੋਂ ਰਾਵਣ ਖਤਮ ਕਰਵਾਇਆ ਕਿਸੇ ਦੇਰ ਤੋਂ ਬਗੈਰ ਦਲ ਸਹਿਤ ਖਤਮ ਕਰ ਦਿੱਤਾ। ਉਸ ਤਰ੍ਹਾਂ ਹੀ ਅਸੀਂ ਗਰੀਬਾਂ ਦੇ ਸਿਰ 'ਤੇ ਹੱਥ ਰੱਖ ਕੇ, ਵੱਡੇ ਤੇਜ ਵਾਲੀ ਪਾਹੁਲ ਦੇਵਾਂਗੇ॥ ੩੬॥

ਸ਼ਸਤ੍ਰ ਗਹਾਇ ਅਨੇਕ ਪ੍ਰਕਾਰਾ। ਦੇਂ ਉਤਸਾਹ ਜੰਗ ਕੋ ਭਾਰਾ।
ਅਬਿ ਅਵਨੀ ਪਤਿ ਤੁਰਕ ਬਡੇਰਾ। ਤਿਸ ਕੇ ਸੰਗ ਬਧਾਵੇਂ ਬੈਰਾ॥ ੩੭॥

ਅਨੇਕ ਪ੍ਰਕਾਰ ਦੇ ਸ਼ਸਤਰ ਫੜਾਵਾਂਗੇ ਤੇ ਜੰਗ ਕਰਨ ਵਾਸਤੇ ਭਾਰੀ ਉਤਸ਼ਾਹ ਦੇਵਾਂਗਾ। ਹੁਣ ਤੁਰਕ ਇਸ ਧਰਤੀ ਦਾ ਵੱਡਾ ਮਾਲਕ ਹੈ, ਉਸ ਦੇ ਨਾਲ ਅਸੀਂ ਵੈਰ ਵਧਾਵਾਂਗੇ॥ ੩੭॥

ਲਰਹਿਂ ਮਰਹਿਂ ਮਾਰਹਿਂ ਤੁਰਕਾਨੇ। ਕੇਤਿਕ ਬਾਸੁਰ ਮਹਿਂ ਕਰਿ ਹਾਨੇ।
ਵਧਹਿ ਖਾਲਸਾ ਪਾਵਹਿ ਰਾਜੂ। ਹੁਇ ਅਵਨੀਸ਼ਨਿ ਕੇਰ ਸਮਾਜੂ॥ ੩੮॥

ਲੜਾਂਗੇ ਮਰਾਂਗੇ ਤੇ ਤੁਰਕ ਨੂੰ ਮਾਰਾਂਗੇ, ਕੁਝ ਦਿਨਾਂ ਵਿਚ ਖਤਮ ਕਰ ਦੇਵਾਂਗੇ। ਖਾਲਸਾ ਵਧ ਕੇ ਰਾਜ ਪਾਵੇਗਾ ਤੇ ਧਰਤੀ ਉੱਤੇ ਰਾਜਿਆਂ ਵਰਗਾ ਸਮਾਜ ਹੋਵੇਗਾ॥ ੩੮॥

**ਜੇ ਅਬਿ ਮਰਦ ਗਰਦ ਮਿਲ ਜੈ ਹੈਂ। ਸਿੰਘ ਸੂਰਮੇ ਜਗ ਬਿਦਤੈ ਹੈਂ।**
**ਤੁਮ ਭੀ ਤਿਨ ਕੇ ਬਨਹੁ ਅਧੀਨ। ਜੇ ਨ ਬਨਹੁ, ਅਵਨੀ ਲੇਂ ਛੀਨ' ॥ ੩੯॥**

ਜਿਹੜੇ ਹੁਣ ਮਰਦ ਹੰਨ, ਉਹ ਮਿੱਟੀ ਵਿਚ ਮਿਲ ਜਾਣਗੇ ਤੇ ਸਿੰਘ ਸੂਰਮੇ ਜਗਤ ਵਿਚ ਪ੍ਰਗਟ ਹੋਣਗੇ। ਤੁਸੀਂ ਵੀ ਉਨ੍ਹਾਂ ਦੇ ਅਧੀਨ ਬਣੋਗੇ ਜੇ ਨਹੀਂ ਬਣੋਗੇ ਤਾਂ ਧਰਤੀ ਖੋਹ ਲੈਣਗੇ" ॥ ੩੯॥

**ਭੀਮਚੰਦ ਆਦਿਕ ਸੁਨਿ ਕਰਿਕੈ। ਸਹਿ ਨ ਸਕਹਿਂ ਕਛੁ ਰਿਸ ਉਰ ਧਰਿ ਕੈ।**
**ਕਹਿਤ ਭਯੇ 'ਹਮ ਤੋ ਨਹਿਂ ਮਾਨੈਂ। ਬੇਸ ਸੁ ਕੇਸ਼ ਕਾਛ ਨਹਿਂ ਠਾਨੈਂ॥ ੪੦॥**

ਭੀਮ ਚੰਦ ਆਦਿ ਸੁਣ ਕੇ, ਹਿਰਦੇ ਵਿਚ ਕੁਝ ਧਾਰ ਕੇ ਸਹਿ ਨਾ ਸਕੇ। ਕਹਿਣ ਲੱਗੇ, "ਅਸੀਂ ਤਾਂ ਨਹੀਂ ਮੰਨਾਂਗੇ ਕੇਸ ਨਹੀਂ ਰਖਾਂਗੇ ਤੇ ਕੱਛ ਨਹੀਂ ਪਾਵਾਂਗੇ॥ ੪੦॥

**ਆਗੈ ਜਿਮ ਜਾਨਹੁ ਤਿਮ ਕਰਹੁ। ਚਤੁਰ ਬਰਨ ਪਰ ਨਿਜ ਕਰ ਧਰਹੁ'।**
**ਸੁਨਿ ਸਤਿਗੁਰ ਬੋਲੇ ਤਿਸ ਕਾਲਾ। 'ਤੁਮਹਿ ਰਾਜ ਕੋ ਮਦ ਗਿਰਪਾਲਾ॥ ੪੧॥**

ਅੱਗੇ ਤੁਸੀਂ ਜਿਸ ਤਰ੍ਹਾਂ ਜਾਣਦੇ ਹੋ ਕਰੋ, ਚਾਰੇ ਵਰਨਾਂ ਦੇ ਸਿਰ 'ਤੇ ਹੱਥ ਰੱਖੋ।" ਉਸ ਸਮੇਂ ਸਤਿਗੁਰੂ ਜੀ ਸੁਣ ਕੇ ਬੋਲੇ, "ਤੁਹਾਨੂੰ ਪਹਾੜੀ ਰਾਜਿਆਂ ਨੂੰ ਰਾਜ ਦਾ ਨਸ਼ਾ ਹੈ॥ ੪੧॥

**ਸਿਖ ਜੇ ਬਨਤਿ ਰਾਜ ਵਧ ਜਾਤੇ। ਬਲ ਕਰਿ ਲੀਨਿ ਕਹਤਿ ਗਰਬਾਤੇ।**
**ਦਯੋ ਗੁਰੂ ਕੋ ਜਾਨਤਿ ਨਾਂਹੀ। 'ਰਾਜ ਪੁਸ਼ਤ ਕੋ' ਮਦ ਚਿਤ ਮਾਂਹੀ॥ ੪੨॥**

ਜਿਹੜਾ ਸਿੱਖ ਬਣਦਾ ਹੈ, ਉਸ ਦਾ ਰਾਜ ਵੱਧ ਜਾਂਦਾ ਹੈ। ਅਸੀਂ ਬਲ ਕਰਕੇ ਰਾਜ ਲਿਆ ਹੈ, ਹੰਕਾਰ ਨਾਲ ਕਹਿੰਦੇ ਹੋ। ਗੁਰੂ ਦਾ ਦਿੱਤਾ ਜਾਣਦੇ ਨਹੀਂ, "ਪੁਸ਼ਤਾਂ ਤੋਂ ਰਾਜੇ ਹਾਂ" ਇਸ ਗੱਲ ਦਾ ਨਸ਼ਾ ਹੈ॥ ੪੨॥

**ਚਾਰਹੁ ਬਰਨ ਰੰਕ ਜੋ ਲੈ ਹੈਂ। ਸਭਿ ਬਿਧਿ ਕੋ ਸਮਾਜ ਬਿਰਧੈ ਹੈ।**
**ਜਾਨੈਂ ਕਹੈਂ ਗੁਰੂ ਇਹ ਦੀਨੋ। ਗੁਰ ਪ੍ਰਤਾਪ ਬਲ ਤੇ ਹਮ ਲੀਨੋ॥ ੪੩॥**

ਚਾਰੇ ਵਰਨ ਅਤੇ ਗਰੀਬਾਂ ਨੂੰ ਜੇ ਲਵਾਂਗੇ ਤਾਂ ਸਭ ਪ੍ਰਕਾਰ ਦਾ ਸਮਾਜ ਵੱਧ ਜਾਵੇਗਾ। ਜਾਣ ਕੇ ਕਹਿੰਦੇ ਹਨ ਇਹ ਗੁਰੂ ਨੇ ਦਿੱਤਾ, ਗੁਰੂ ਪ੍ਰਤਾਪ ਦੇ ਬਲ ਨਾਲ ਅਸੀਂ ਲਿਆ ਹੈ॥ ੪੩॥

**ਜਬਿ ਦੀਨਨਿ ਤੇ ਰਾਜ ਕਰਾਊਂ। ਦੀਨਬੰਧੁ ਗੁਰ ਤਦਿਨ ਕਹਾਊਂ।**
**ਰੰਕਨ ਕੇ ਸਿਰ ਪਰ ਕਰ ਧਾਰੋਂ। ਸ਼੍ਰੀ ਅਸਿਕੇਤੁ ਚਰਨ ਪਰ ਡਾਰੋਂ॥ ੪੪॥**

ਜਦ ਗਰੀਬਾਂ ਨੂੰ ਰਾਜ ਕਰਾਵਾਂਗਾ, ਤਦ ਹੀ ਮੈਂ ਦੀਨ ਬੰਧੂ ਗੁਰੂ ਕਹਾਵਾਂਗਾ। ਗਰੀਬਾਂ ਦੇ ਸਿਰ ਉੱਤੇ ਹੱਥ ਰਖਾਂਗਾ ਤੇ ਸ੍ਰੀ ਅਕਾਲ ਪੁਰਖ ਦੇ ਚਰਨਾਂ ਤੇ ਪਾਵਾਂਗਾ॥ ੪੪॥

**ਯਾਂਤੇ ਹੋਨਹਾਰ ਤੁਮ ਪ੍ਰੇਰੇ। ਭਲੋ ਆਪਨੋ ਨਾਂਹਿ ਨ ਹੇਰੇ।**
**ਲੇਹਿ ਖਾਲਸਾ ਰਾਜ ਤਿਹਾਰੋ। ਪਛੁਤੈਹਹੁ ਅਬਿ ਨਹੀਂ ਸੰਭਾਰੋ' ॥ ੪੫॥**

ਜਾਂ ਤਾਂ ਤੁਹਾਨੂੰ ਹੋਣੀ ਪ੍ਰੇਰ ਰਹੀ ਹੈ, ਆਪਣਾ ਭਲਾ ਨਹੀਂ ਵੇਖਦੇ ਹੋ। ਖਾਲਸਾ ਤੁਹਾਡਾ ਰਾਜ ਲੈ ਲਵੇਗਾ, ਪਛਤਾਵੋਗੇ ਹੁਣ ਆਪਣੇ ਆਪ ਨੂੰ ਨਹੀਂ ਸੰਭਾਲਦੇ ਹੋ" ॥ ੪੫॥

**ਇੱਤਜਾਦਿਕ ਕਹਿਬੋ ਅਰੁ ਸੁਨਿਬੋ। ਭਯੋ ਭਲੇ, ਤੱਦਜਪਿ ਨਹਿੰ ਮਨਿਬੋ।**
**ਕਿਤਿਕ ਸਮੈਂ ਦਰਸ਼ਨ ਕੌ ਕਰਜੋ। ਪੁਨ ਕਰ ਜੋਰਿ ਉਠਨਿ ਚਿਤ ਧਰਜੋ ॥੪੬ ॥**

ਇਸ ਪ੍ਰਕਾਰ ਕਿਹਾ ਅਤੇ ਸੁਣਿਆ, ਰਾਜਿਆਂ ਦਾ ਭਲਾ ਹੁੰਦਾ ਸੀ, ਫਿਰ ਵੀ ਨਾ ਮੰਨੇ। ਕਾਫੀ ਸਮਾਂ ਦਰਸ਼ਨ ਕਰਦੇ ਰਹੇ, ਫਿਰ ਹੱਥ ਜੋੜ ਕੇ ਉੱਠਣ ਵਾਸਤੇ ਚਿੱਤ ਚਾਹਿਆ॥ ੪੬ ॥

**ਬੰਦਨ ਕਰਿ ਗਮਨੇ ਨਿਜ ਡੇਰੇ। ਕਰਤ਼ਿ ਬਿਚਾਰਨਿ ਬਚਨ ਬਡੇਰੇ।**
**ਰੰਗ ਅਜਾਇਬ ਕੀ ਕਰਿ ਬਾਤਿ। ਭਯੋ ਗੁਰੂ ਕੁਛ ਔਰੇ ਭਾਂਤਿ॥ ੪੭ ॥**

ਬੰਦਨਾਂ ਕਰਕੇ ਆਪਣੇ ਡੇਰਿਆਂ ਵਲ ਚਲੇ ਗਏ, ਵਿਚਾਰਦੇ ਸਨ ਕਿ ਗੁਰੂ ਜੀ ਉੱਚੇ-ਉੱਚੇ ਬੋਲ ਬੋਲਦੇ ਹਨ ਤੇ ਅਸਚਰਜ ਰੰਗ ਦੀਆਂ ਗੱਲਾਂ ਕਰਦੇ ਹਨ। ਗੁਰੂ ਜੀ ਦਾ ਸੁਭਾਵ ਕੁਝ ਹੋਰ ਹੀ ਤਰ੍ਹਾਂ ਦਾ ਹੋ ਗਿਆ ਹੈ॥ ੪੭ ॥

*ਤੀਸਰੀ ਰੁੱਤ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩ ॥*

## *ਅਧਿਆਇ ਚੌਦ੍ਹਵਾਂ*

### *ਮਸੰਦਾਂ ਦੇ ਖੋਟ, ਚੇਤੋ*

*ਦੋਹਰਾ-* **ਜਥਾ ਧਨੀ ਨਿਜ ਦਰਬ ਕੋ ਸਾਧਨ ਸੋਧਨ ਕੀਨ।**
**ਘਾਟ ਬਾਢਕੋ ਸਮੁਝਿ ਕੈ ਕਹੂੰ ਲੀਨ ਕਹੂੰ ਦੀਨ॥ ੧॥**

ਜਿਵੇਂ ਧਨੀ ਆਪਣੇ ਧਨ ਨੂੰ ਏਧਰ ਓਧਰ ਸੋਧ ਸਾਧ ਕਰਦਾ ਹੈ ਤੇ ਘਾਟੇ ਵਾਧੇ ਨੂੰ ਸਮਝ ਕੇ ਕਿਤੇ ਲੈਂਦਾ ਹੈਂ ਅਤੇ ਕਿਤੇ ਧਨ ਦਿੰਦਾ ਹੈ॥ ੧ ॥

*ਚੌਪਈ-* **ਤਜੋਂ ਕਲਗੀਧਰ ਲਗਹਿੰ ਸੰਭਾਰਨਿ। ਸੰਗਤਿ ਚਹੁੰ ਦਿਸ਼ਿ ਕੀ ਜਿਸ ਪਾਰ ਨ।**
**ਕਾਰਦਾਰ ਲਖਿ ਬਡੇ ਮਸੰਦ। ਇਨ ਪੀਛੇ ਸਗਰੇ ਸਿਖ ਬ੍ਰਿੰਦ॥ ੨ ॥**

ਉਸ ਤਰ੍ਹਾਂ ਹੀ ਸਤਿਗੁਰੂ ਜੀ ਸੰਭਾਲ ਕਰਨ ਲੱਗੇ, ਚਾਰੇ ਪਾਸਿਆਂ ਤੋਂ ਸੰਗਤ ਆਉਂਦੀ ਸੀ, ਜਿਸ ਦਾ ਕੋਈ ਪਾਰਾਵਾਰ ਨਹੀਂ ਸੀ। ਵੱਡੇ ਮਸੰਦਾਂ ਦਾ ਆਚਰਨ ਵੇਖ ਕੇ ਕਿ ਇਨ੍ਹਾਂ ਦੇ ਪਿੱਛੇ ਬਹੁਤ ਸਿੱਖ ਸਮੂਹ ਹਨ॥ ੨ ॥

**ਲਿਖੇ ਹੁਕਮਨਾਮੇ ਸਭਿ ਥਾਨ। 'ਪੁਰਬ ਬਸੋਏ ਕੋ ਬਡ ਜਾਨਿ।**
**ਸਭਿ ਆਵਹਿੰ ਸਤਿਗੁਰ ਕੇ ਦਰਸ਼ਨ। ਸੰਗ ਸੰਗਤਾਂ ਲੈ ਮਸੰਦ ਗਨ' ॥੩ ॥**

ਸਭ ਸਥਾਨਾਂ 'ਤੇ ਹੁਕਮਨਾਮੇ ਲਿਖੇ, "ਵਿਸਾਖੀ ਦਾ ਤਿਉਹਾਰ ਵੱਡਾ ਜਾਣ ਕੇ, ਸਾਰੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਵੋ, ਸਾਰੇ ਮਸੰਦ ਸੰਗਤਾਂ ਲੈ ਕੇ ਆਵੋ" ॥ ੩ ॥

**ਦੇਸ਼ ਬਿਦੇਸ਼ਨਿ ਲਿਖੇ ਪਠਾਏ। ਸਭਿਹਿਨਿ ਕੌ ਗੁਰ ਹੁਕਮ ਸੁਨਾਏ।**
**ਸੁਨਿ ਸਿੱਖਨ ਕੈ ਹਰਖ ਸੁ ਹੋਏ। 'ਗੁਰ ਦਰਸ਼ਹਿੰ ਜਬਿ ਦਿਵਸ ਬਸੋਏ' ॥੪ ॥**

ਦੇਸ਼ਾਂ ਵਿਦੇਸ਼ਾਂ ਵਿਚ ਹੁਕਮਨਾਮੇ ਲਿਖ ਕੇ ਭੇਜੇ, ਸਾਰਿਆਂ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ। ਸੁਣ ਕੇ ਸਿੱਖ ਬਹੁਤ ਪ੍ਰਸੰਨ ਹੋਏ, ਵਿਸਾਖੀ ਵਾਲੇ ਦਿਨ ਗੁਰੂ ਜੀ ਦੇ ਦਰਸ਼ਨ ਕਰਾਂਗੇ" ॥ ੪ ॥

ਕਰਤਿ ਪ੍ਰਤੀਖਨਿ ਸੋ ਦਿਨ ਆਵਾ। ਚਲਿਬੇ ਹਿਤ ਸਭਿ ਮਨ ਲਲਚਾਵਾ।
ਨਿਜ ਨਿਜ ਸੰਗ ਸੰਗਤਾਂ ਬ੍ਰਿੰਦ। ਮਗ ਅਨੰਦਪੁਰਿ ਚਲੇ ਮਸੰਦ॥ ੫॥

ਇੰਤਜ਼ਾਰ ਕਰਦਿਆਂ ਉਹ ਦਿਨ ਆ ਗਿਆ। ਚਲਣ ਵਾਸਤੇ ਸਾਰਿਆਂ ਦਾ ਮਨ ਲਲਚਾਇਆ। ਮਸੰਦ ਆਪਣੇ-ਆਪਣੇ ਨਾਲ ਬਹੁਤ ਸੰਗਤਾਂ ਲੈ ਕੇ ਅਨੰਦਪੁਰ ਦੇ ਰਾਹ ਚਲ ਪਏ॥ ੫॥

ਅਧਿਕ ਦਰਬ ਨਿਜ ਗ੍ਰਿਹਿ ਪਹੁੰਚਾਏ। ਦੇਨਿ ਹੇਤੁ ਗੁਰ ਅਲਪ ਸੁ ਲਜਾਏ।
ਆਪਸ ਮਹਿਂ ਮਸੰਦ ਮਿਲਿ ਗਏ। ਚੋਰ ਚੋਰ ਸਭਿ ਇਕਠੇ ਭਏ॥ ੬॥

ਮਸੰਦਾਂ ਨੇ ਬਹੁਤਾ ਧਨ ਆਪਣੇ ਘਰੀਂ ਪਹੁੰਚਾ ਦਿੱਤਾ, ਗੁਰੂ ਜੀ ਨੂੰ ਦੇਣ ਵਾਸਤੇ ਬਹੁਤ ਥੋੜ੍ਹਾ ਧਨ ਲਿਆਏ। ਆਪਸ ਵਿਚ ਮਸੰਦ ਮਿਲ ਗਏ, ਚੋਰ-ਚੋਰ ਸਭ ਇਕੱਠੇ ਹੋ ਗਏ॥ ੬॥

ਨਹੀਂ ਤ੍ਰਾਸ ਗੁਰ ਕੋ ਉਰ ਧਰੈਂ। ਹਮਰੇ ਬਿਨ ਬੈਠੇ ਕਜਾ ਕਰੈਂ।
ਦਰਬ ਸਕੇਲਹਿਂ ਹਮ ਫਿਰਿ ਸਾਰੇ। ਅਰਪਹਿਂ ਗੁਰ ਕੇ ਜਾਇ ਅਗਾਰੇ॥ ੭॥

ਗੁਰੂ ਜੀ ਦਾ ਡਰ ਦਿਲ ਵਿਚ ਨਹੀਂ ਸੀ ਧਾਰਨ ਕਰਦੇ, ਸਾਡੇ ਬਗੈਰ ਗੱਦੀ 'ਤੇ ਬੈਠੇ ਕੀ ਕਰਨਗੇ। ਅਸੀਂ ਸਾਰੇ ਫਿਰ ਕੇ ਧਨ ਇਕੱਠਾ ਕਰਦੇ ਹਾਂ ਤੇ ਗੁਰੂ ਜੀ ਦੇ ਅੱਗੇ ਜਾ ਕੇ ਅਰਪਣ ਕਰਦੇ ਹਾਂ॥ ੭॥

ਮੋਹ ਮਹਾਂ ਮਨ ਧਾਰਜੋ ਭਰਮ। ਭਰਮ ਭਯੋ ਤਬਿ ਨਾਸ਼ਜੋ ਧਰਮ।
ਧਰਮ ਛੁਟੇ ਬੇਮੁਖ ਹੁਇ ਗਏ। ਲੋਕ ਪ੍ਰਲੋਕ ਨਾਸ਼ ਸੁਖ ਕਏ॥ ੮॥

ਮਹਾਂ ਮੋਹ ਧਾਰ ਕੇ ਮਨ ਵਿਚ ਭਰਮ ਧਾਰਿਆ, ਜਦ ਭਰਮ ਹੋ ਗਿਆ ਤਾਂ ਧਰਮ ਨਾਸ਼ ਹੋ ਗਿਆ। ਧਰਮ ਛੱਡ ਕੇ ਬੇਮੁੱਖ ਹੋ ਗਏ। ਲੋਕ-ਪ੍ਰਲੋਕ ਦੇ ਸੁਖ ਨਾਸ਼ ਕਰ ਲਏ॥ ੮॥

ਕਾਲ ਕਰਮ ਕੋ ਮੇਟ ਨ ਸਾਕੇ। ਆਨ ਨਰਨਿ ਜਿਮ ਗੁਰ ਕੋ ਤਾਕੇ।
ਅੰਤਰਯਾਮੀ ਨੇ ਸਭਿ ਜਾਨਜੋ। ਦਰਬ ਮਸੰਦਨਿ ਮਨ ਬਿਰਮਾਨਜੋਂ॥ ੯॥

ਕਾਲ ਕਰਮ ਨੂੰ ਮੇਟ ਨਾ ਸਕੇ, ਹੋਰਨਾਂ ਮਨੁੱਖਾਂ ਵਾਂਗ ਜਿਵੇਂ ਗੁਰੂ ਜੀ ਨੂੰ ਤੱਕਿਆ ਤਾਂ ਅੰਤਰਜਾਮੀ ਗੁਰੂ ਜੀ ਨੇ ਸਭ ਕੁਝ ਜਾਣ ਲਿਆ, ਧਨ ਨੇ ਮਸੰਦਾਂ ਦਾ ਮਨ ਭਰਮਾ ਦਿੱਤਾ ਹੈ॥ ੯॥

ਮਮ ਸੰਗਤਿ ਕੋ ਸੰਕਟ ਦੇਤਿ। ਜਜੋਂ ਕਜੋਂ ਕਰਿ ਧਨ ਕੋ ਹਿਰਿ ਲੇਤਿ।
ਮੋ ਬਿਨ ਰੱਛਕ ਤਿਨਹੁਂ ਨ ਕੋਈ। ਗਰਬ ਮਸੰਦਨਿ ਕੇ ਬਡ ਹੋਈ॥ ੧੦॥

ਮੇਰੀ ਸੰਗਤ ਨੂੰ ਦੁਖੀ ਕਰਦੇ ਹਨ, ਜਿਵੇਂ ਕਿਵੇਂ ਕਰਕੇ ਧਨ ਚੁਰਾ ਲੈਂਦੇ ਹਨ। ਮੇਰੇ ਬਗੈਰ ਇਨ੍ਹਾਂ ਦਾ ਕੋਈ ਰਖਵਾਲਾ ਨਹੀਂ ਹੈ। ਮਸੰਦਾਂ ਨੂੰ ਇਹ ਵੱਡਾ ਹੰਕਾਰ ਹੋ ਗਿਆ॥ ੧੦॥

ਸਭਿ ਸੰਗਤਿ ਇਨ ਕੇ ਅਨੁਸਾਰੀ। ਫੇਰ ਦੇਤਿ ਮਨ ਕੁਟਿਲ ਕੁਚਾਰੀ।
ਤਊ ਨ ਦੋਸ਼ ਸੰਗਤਾਂ ਕੇਰ। ਏ ਮੂਰਖ ਲੋਭੀ ਧਨ ਹੇਰਿ॥ ੧੧॥

ਸਾਰੀ ਸੰਗਤ ਇਨ੍ਹਾਂ ਦੀ ਆਗਿਆ ਅਨੁਸਾਰ ਹੈ, ਕੁਟਲ ਕੁਚਾਲਾਂ ਕਰਕੇ, ਉਨ੍ਹਾਂ ਦਾ ਮਨ ਫੇਰ ਦਿੰਦੇ ਹਨ। ਫਿਰ ਵੀ ਸੰਗਤਾਂ ਨੂੰ ਕੋਈ ਦੋਸ਼ ਨਹੀਂ ਸੀ, ਇਹ ਮੂਰਖ ਧਨ ਵੇਖ ਕੇ ਲੋਭੀ ਹੋ ਜਾਂਦੇ ਹਨ॥ ੧੧॥

ਬਾਕ ਕਰਜੋ ਸਪਤਮ ਪਤਿਸ਼ਾਹੂ। 'ਗੁਰ ਜਹਾਜ ਫੂਟਜੋ ਬਹੁ ਰਾਹੂ'।
ਸੋ ਅਬਿ ਬਚਨ ਬਿਦਤ ਹੀ ਭਯੋ। ਆਪ ਆਪ ਕੋ ਮਗ ਸਭਿ ਲਯੋ॥ ੧੨॥

ਸਤਵੇਂ ਪਾਤਿਸ਼ਾਹ ਜੀ ਨੇ ਬਚਨ ਕੀਤਾ ਸੀ, "ਗੁਰੂ ਦਾ ਜਹਾਜ਼ ਬਹੁਤ ਥਾਵਾਂ ਤੋਂ ਪਾਟ ਗਿਆ ਹੈ।" ਉਹ ਬਚਨ ਹੁਣ ਪ੍ਰਗਟ ਹੋ ਗਿਆ ਹੈ। ਆਪਣਾ-ਆਪਣਾ ਸਾਰਿਆਂ ਨੇ ਰਾਹ ਫੜਿਆ ਹੈ॥ ੧੨॥

ਸਗਰੀ ਸੰਗਤਿ ਹਮਰੇ ਸ਼ਰਨੀ। ਉਚਿਤ ਰੱਛ ਤਿਸ ਕੀ ਹਮ ਕਰਨੀ।
ਫੁਟਜੋ ਜਹਾਜ ਕਰੌਂ ਇਕ ਥਾਇੰ। ਦੁਰਬੁੱਧਨਿ ਕੋ ਦੇਉਂ ਸਜ਼ਾਇ॥ ੧੩॥

ਸਾਰੀ ਸੰਗਤ ਸਾਡੀ ਸ਼ਰਨ ਵਿਚ ਹੈ, ਉਸ ਦੀ ਅਸੀਂ ਉਚਿਤ ਰੱਖਿਆ ਕਰਨੀ ਹੈ। ਪਾਟੇ ਹੋਏ ਜਹਾਜ਼ ਨੂੰ ਹੁਣ ਇਕ ਥਾਂ ਕਰਾਂਗੇ। ਭੈੜੀ ਬੁੱਧੀ ਵਾਲਿਆਂ ਨੂੰ ਸਜ਼ਾ ਦੇਵਾਂਗੇ॥ ੧੩॥

ਨਹੀਂ ਅਵਸਥਾ ਮੇਰੀ ਜਾਨੈਂ। ਜਿਮ ਚਾਹਤਿ ਤਿਮ ਕਰੈਂ, ਬਖਾਨੈਂ।
ਗੁਰ ਕੋ ਭੈ ਤਜਿ ਕਰਹਿਂ ਅਨਾਦਰ। ਆਪ ਪੁਜਾਵਹਿਂ ਸੰਗਤਿ ਸਾਦਰ॥ ੧੪॥

ਮੇਰਾ ਵਾਸਤਵ ਰੂਪ ਨਹੀਂ ਜਾਣਦੇ ਹਨ, ਜਿਵੇਂ ਚਾਹੁੰਦੇ ਹਨ ਉਸ ਤਰ੍ਹਾਂ ਹੀ ਕਰਦੇ ਹਨ। ਗੁਰੂ ਦਾ ਭੈਅ ਛੱਡ ਕੇ ਅਨਾਦਰ ਕਰਦੇ ਹਨ ਤੇ ਸੰਗਤ ਪਾਸੋਂ ਆਪਣੀ ਆਦਰ ਸਹਿਤ ਪੂਜਾ ਕਰਵਾਉਂਦੇ ਹਨ॥ ੧੪॥

ਇੱਤਯਾਦਿਕ ਗੁਰ ਬਹੁਤ ਬਿਚਾਰੈਂ। ਬਧੇ ਮਸੰਦਨਿ ਗਰਬ ਪ੍ਰਹਾਰੈਂ।
ਪਾਤਿਸ਼ਾਹ ਜਿਮ ਛੋਟਾ ਹੋਇ। ਮੂਢ ਬਿਅਦਬੀ ਕਰਿ ਹੈਂ ਸੋਇ॥ ੧੫॥

ਇਸ ਪ੍ਰਕਾਰ ਗੁਰੂ ਜੀ ਨੇ ਬਹੁਤ ਵਿਚਾਰ ਕੀਤੀ। ਮਸੰਦਾਂ ਵਿਚ ਵਧੇ ਹੋਏ ਹੰਕਾਰ ਨੂੰ ਦੂਰ ਕਰਾਂਗੇ। ਜਿਵੇਂ ਛੋਟਾ ਪਾਤਿਸ਼ਾਹ ਹੁੰਦਾ ਹੈ, ਮੂਰਖ ਓਹੋ ਹੀ ਬੇਅਦਬੀ ਕਰਦਾ ਹੈ॥ ੧੫॥

ਦਰਬ ਲੋਭ ਤੇ ਰਿਦੇ ਹੰਕਾਰੇ। ਧਰਮ ਅਧਰਮ ਨ ਕਛੂ ਬਿਚਾਰੇਂ।
ਚਿਤ ਚਿਤਵਤਿ ਨਿਤ ਸਤਿਗੁਰ ਪੂਰੇ। ਇਹ ਕਰਨੋ ਹੈ ਕਾਜ ਜ਼ਰੂਰੇ॥ ੧੬॥

ਧਨ ਦਾ ਲਾਲਚ ਕਰਕੇ ਹਿਰਦੇ ਵਿਚ ਹੰਕਾਰ ਕਰਦੇ ਹਨ। ਧਰਮ ਅਧਰਮ ਬਾਰੇ ਕੁਝ ਵੀ ਵੀਚਾਰਦੇ ਨਹੀਂ ਹਨ। ਪੂਰੇ ਸਤਿਗੁਰੂ ਜੀ ਸਦਾ ਚਿੱਤ ਵਿਚ ਵੀਚਾਰਦੇ ਰਹਿੰਦੇ ਹਨ। ਇਹ ਕਾਰਜ ਜ਼ਰੂਰ ਕਰਨਾ ਹੈ॥ ੧੬॥

ਦਿਵਸ ਬਸੋਏ ਕੋ ਤਬਿ ਆਯੋ। ਪ੍ਰਭੁ ਵਹਿਰ ਦੀਵਾਨ ਲਗਾਯੋ।
ਸੁੰਦਰ ਬਹੁ ਬਿਧਿ ਫਰਸ਼ ਕਰਾਯਹੁ। ਗਿਲਮ ਗ਼ਲੀਚੇ ਬਹੁਤ ਡਸਾਯਹੁ॥੧੭॥

ਤਦ ਵਿਸਾਖੀ ਦਾ ਦਿਨ ਆ ਗਿਆ। ਗੁਰੂ ਜੀ ਨੇ ਬਾਹਰ ਦੀਵਾਨ ਲਾਇਆ। ਬਹੁਤ ਸੁੰਦਰ ਫਰਸ਼ ਵਿਛਵਾਇਆ ਗਿਲਮ ਗਲੀਚੇ ਬਹੁਤ ਵਿਛਵਾਏ॥ ੧੭॥

ਸ਼ਸਤ੍ਰ ਬਸਤ੍ਰ ਨਿਜ ਅੰਗ ਸਜਾਯਹੁ। ਚਾਰੁ ਬਿਭੂਖਨ ਕੋ ਦਿਪਤਾਯਹੁ।
ਕੰਚਨ ਰੁਚਿਰ ਪ੍ਰਯੰਕ ਡਸਾਯਹੁ। ਆਸਤਰਨ ਕੋਮਲ ਕਰਿ ਛਾਯਹੁ॥ ੧੮॥

ਆਪਣੇ ਸਰੀਰ 'ਤੇ ਸ਼ਸਤਰ ਸਜਾਏ, ਸੁੰਦਰ ਗਹਿਣੇ ਬਹੁਤ ਪ੍ਰਕਾਸ਼ ਰਹੇ ਸਨ। ਸੁੰਦਰ ਸੋਨੇ ਦਾ ਪਲੰਘ ਡੁਹਾਇਆ, ਉਸ ਉੱਤੇ ਕੋਮਲ ਕੱਪੜੇ ਵਿਛਵਾਏ॥ ੧੮॥

ਤਾਂ ਪੁਰ ਬੈਠੇ ਪ੍ਰਭੁ ਸੁਹਾਯਹੁ। ਚਾਰੁ ਚਮਰ ਦਿਸ਼ਿ ਦੋਨ ਢੁਰਾਯਹੁ।
ਆਨਿ ਆਨਿ ਸੰਗਤ ਦਰਸਾਯਹੁ। ਮਨ ਬਾਂਛਤਿ ਕੋ ਤਤਛਿਨ ਪਾਯਹੁ॥੧੯॥

ਉਸ ਉੱਤੇ ਬੈਠ ਕੇ ਗੁਰੂ ਜੀ ਨੇ ਸ਼ੋਭਾ ਪਾਈ, ਸੁੰਦਰ ਚੌਰ ਦੋਵੇਂ ਪਾਸੀਂ ਫਿਰ ਰਹੇ ਸਨ। ਸੰਗਤ ਆ ਆ ਕੇ ਦਰਸ਼ਨ ਕਰਦੀ ਸੀ ਤੇ ਮੂੰਹ ਮੰਗੀਆਂ ਮੁਰਾਦਾਂ ਤੁਰਤ ਪਾਉਂਦੀ ਸੀ॥ ੧੯॥

ਆਵਤਿ ਭਏ ਮਸੰਦ ਬਿਲੰਦ। ਮਹਾਂ ਅਨੰਦਤਿ ਗਰਬਤਿ ਬ੍ਰਿੰਦ।
ਜਿਨ ਕੇ ਸੰਗ ਸੰਗਤਾ ਗਨ ਹੈਂ। ਗੁਰ ਕੋ ਅਰਪਤਿ ਅਨਗਨ ਧਨ ਹੈਂ॥ ੨੦॥

ਵੱਡੇ-ਵੱਡੇ ਮਸੰਦ ਵੀ ਆ ਗਏ, ਜਿਹੜੇ ਹੰਕਾਰੇ ਹੋਏ ਬਹੁਤ ਪ੍ਰਸੰਨ ਹਨ। ਜਿਨ੍ਹਾਂ ਦੇ ਨਾਲ ਬਹੁਤ ਸੰਗਤ ਆਈ ਸੀ, ਜਿਹੜੇ ਗੁਰੂ ਜੀ ਲਈ ਅਣਗਿਣਤ ਧਨ ਅਰਪਣ ਕਰਦੇ ਸਨ॥ ੨੦॥

ਬਸਤ੍ਰ ਬਿਭੂਖਨ ਚਢੇ ਘਨੇਰੇ। ਸਭਿ ਕੀ ਪੂਜਾ ਲੇ ਤਿਸ ਬੇਰੇ।
ਸਕਲ ਉਪਾਇਨ ਕਰਿ ਇਕ ਥਾਈਂ। ਤਿਸ ਕੋ ਹੇਰਤਿ ਗੁਰ ਗੋਸਾਈਂ॥ ੨੧॥

ਵਸਤਰ ਗਹਿਣੇ ਬਹੁਤ ਚੜ੍ਹੇ, ਉਸ ਸਮੇਂ ਗੁਰੂ ਜੀ ਨੇ ਸਭ ਦੀ ਪੂਜਾ ਲੈ ਲਈ। ਸਾਰੇ ਉਪਹਾਰ ਇਕ ਇਕ ਥਾਂ ਇਕੱਠੇ ਕੀਤੇ ਉਨ੍ਹਾਂ ਉਪਹਾਰਾਂ ਵਲ ਗੁਰੂ ਜੀ ਵੇਖ ਰਹੇ ਸਨ॥ ੨੧॥

ਅਗਲੇ ਦਿਵਸ ਮਸੰਦ ਹਕਾਰੇ। ਸਭਿ ਬਿਠਾਇ ਕਰਿ ਬਾਕ ਉਚਾਰੇ।
'ਤੁਮ ਸਗਰੇ ਮੇਰੇ ਹਿਤਕਾਰੀ। ਮਮ ਸੰਗਤ ਤੁਮਰੇ ਅਨੁਸਾਰੀ॥ ੨੨॥

ਫਿਰ ਅਗਲੇ ਦਿਨ ਮਸੰਦਾਂ ਨੂੰ ਬੁਲਾਇਆ ਤੇ ਸਾਰਿਆਂ ਨੂੰ ਬਿਠਾ ਕੇ ਬਚਨ ਕੀਤਾ, "ਤੁਸੀਂ ਸਾਰੇ ਮੇਰੇ ਹਿਤੂ ਹੋ, ਮੇਰੀ ਸੰਗਤ ਤੁਹਾਡੀ ਆਗਿਆ ਅਨੁਸਾਰ ਹੈ॥ ੨੨॥

ਦਰਬ ਚਢ੍ਯੋ ਮਮ ਆਗੈ ਥੋਰਾ। ਕਹਹੁ ਕਵਨ ਬਿਧਿ ਕਿਨਹਿ ਬਹੋਰਾ।
ਕਿਮ ਪੂਜਾ ਮਹਿਂ ਅਟਕ ਪਰੀ ਹੈ। ਅਲਪ ਚਢੀ, ਨਹਿਂ ਸਮੁਝ ਪਰੀ ਹੈ॥ ੨੩॥

ਮੇਰੇ ਅੱਗੇ ਬਹੁਤ ਘਟ ਧਨ ਚੜ੍ਹਿਆ ਹੈ, ਦੱਸੋ ਕਿਸ ਵਿਧੀ ਨਾਲ ਕਿਸੇ ਨੇ ਧਨ ਰੋਕਿਆ ਹੈ। ਕਿਵੇਂ ਪੂਜਾ ਵਿਚ ਅਟਕਾ ਪਈ ਹੈ, ਪੂਜਾ ਬਹੁਤ ਥੋੜ੍ਹੀ ਚੜ੍ਹੀ ਹੈ, ਸਮਝ ਵਿਚ ਨਹੀਂ ਆਇਆ ਹੈ॥ ੨੩॥

ਕੋ ਕਾਰਨ ਭਾ ਇਸੇ ਮਝਾਰੀ? ਬੂਝਤਿ ਹੌਂ ਇਹ ਨਿਕਟ ਤੁਮਾਰੀ'।
ਸੁਨਤਿ ਮਸੰਦਨ ਅਰਜ਼ ਗੁਜ਼ਾਰੀ। ਮਿਲ ਕਰਿ ਜੇ ਸਭਿ ਹੁਤੇ ਅਗਾਰੀ॥ ੨੪॥

ਇਸ ਵਿਚ ਕੀ ਕਾਰਨ ਹੋਇਆ ਹੈ, ਮੈਂ ਤੁਹਾਡੇ ਪਾਸੋਂ ਇਹ ਪੁੱਛਦਾ ਹਾਂ।" ਇਹ ਸੁਣ ਕੇ ਸਾਰੇ ਮਸੰਦਾਂ ਮਿਲ ਕੇ ਜਿੰਨੇ ਵੀ ਅੱਗੇ ਬੈਠੇ ਸਨ ਬੇਨਤੀ ਕੀਤੀ॥ ੨੪॥

'ਜੇ ਸਿਖ ਹੁਤੇ ਅਧਿਕ ਧਨਵੰਤੇ। ਗੁਰ ਹਿਤ ਬਹੁ ਧਨ ਕੋ ਅਰਪੰਤੇ।
ਸੋ ਮਰਿ ਗਏ ਨਹੀਂ ਕੋ ਰਹ੍ਯੋ। ਦੇਸ਼ ਬਿਦੇਸ਼ਨਿ ਹਮ ਹੂੰ ਲਹ੍ਯੋ॥ ੨੫॥

ਜਿਹੜੇ ਸਿੱਖ ਬਹੁਤ ਧਨੀ ਸਨ, ਜਿਹੜੇ ਗੁਰੂ ਜੀ ਵਾਸਤੇ ਬਹੁਤ ਧਨ ਅਰਪਣ ਕਰਦੇ ਸਨ, ਉਹ ਸਾਰੇ ਮਰ ਗਏ ਹਨ, ਕੋਈ ਵੀ ਨਹੀਂ ਰਿਹਾ ਹੈ, ਅਸੀਂ ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਵੇਖਿਆ ਹੈ॥ ੨੫॥

ਅਬਿ ਗੁਰਸਿਖ ਗ਼ਰੀਬ ਜਗ ਮਾਂਹੀ। ਕਰਹਿਂ ਜਤਨ ਕੋ ਦਰਬ ਨ ਪਾਹੀਂ।
ਤਿਨ ਪਰ ਆਪ ਕਰਹੁ ਅਬਿ ਕਰੁਨਾ। ਸਫਲਹਿ ਤਿਨਹੁ ਜਤਨ ਕਾ ਕਰਨਾ॥ ੨੬॥

ਹੁਣ ਜਗ ਵਿਚ ਕੇਵਲ ਗ਼ਰੀਬ ਗੁਰਸਿੱਖ ਰਹਿ ਗਏ ਹਨ, ਅਸੀਂ ਕਈ ਯਤਨ ਕਰਦੇ ਹਾਂ, ਪਰ ਧਨ ਨਹੀਂ ਪਾਉਂਦੇ ਹਾਂ। ਉਨ੍ਹਾਂ ਉੱਤੇ ਹੁਣ ਤੁਸੀਂ ਆਪਣੀ ਕਿਰਪਾ ਕਰੋ, ਉਨ੍ਹਾਂ ਦਾ ਯਤਨ ਕਰਨਾ ਸਫਲਾ ਹੋਵੇ॥ ੨੬॥

ਧਨੀ ਹੋਇਂ ਤੌ ਬਹੁਤ ਚਢਾਵਹਿਂ। ਸ਼ਕਤਿ ਤੁਮਾਰੀ ਤੇ ਧਨ ਪਾਵਹਿਂ।
ਕਰਹੁ ਨ ਕਰੁਨਾ, ਕਾਰਨ ਏਹੀ। ਪੂਜਾ ਅਲਪ ਸਿੱਖ ਇਮ ਦੇਹੀਂ॥ ੨੭॥

ਜੇ ਧਨੀ ਹੋ ਜਾਣਗੇ ਤਾਂ ਬਹੁਤ ਧਨ ਚੜ੍ਹਾਉਣਗੇ, ਤੁਹਾਡੀ ਸ਼ਕਤੀ ਨਾਲ ਧਨ ਪਾਉਣਗੇ। ਤੁਸੀਂ ਕਿਰਪਾ ਨਹੀਂ ਕਰਦੇ ਹੋ, ਇਹੋ ਕਾਰਨ ਹੈ, ਜਿਸ ਕਰਕੇ ਸਿੱਖ ਘੱਟ ਪੂਜਾ ਦਿੰਦੇ ਹਨ॥ ੨੭॥

ਸੁਨਿ ਗੁਰ ਕਹਹਿਂ 'ਤਜਹੁ ਚਤੁਰਾਈ। ਜਥਾ ਭੇਟ ਪੂਰਬ ਠਹਿਰਾਈ।
ਦੇਤਿ ਰਹੇ ਸੋਈ ਅਬਿ ਦੀਜੈ। ਪੂਰਾ ਕਰਹੁ ਨ ਘਾਟਾ ਕੀਜੈ॥ ੨੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਚਤੁਰਾਈ ਛੱਡੋ, ਜਿਵੇਂ ਭੇਟਾ ਪਹਿਲਾਂ ਠਹਿਰਾਈ ਸੀ, ਦਿੰਦੇ ਰਹੇ ਹੋ, ਉਹੀ ਹੁਣ ਵੀ ਦੇਵੋ ਭੇਟਾ ਪੂਰੀ ਕਰੋ, ਘੱਟ ਨਾ ਕਰੋ॥ ੨੮॥

ਫਿਕਰ ਕਰੋ ਜੇਤਾ ਧਨ ਰਹਜੋ। ਸੰਗਤਿ ਨਿਕਟ ਜੁ ਤੁਮ ਨੇ ਲਹਜੋ।
ਸੋ ਅਬਿ ਦੇਹੁ, ਲੋਭ ਨਹਿਂ ਧਾਰਹੁ। ਕਹਜੋ ਹਮਾਰੋ ਦ੍ਰਿੜ੍ਹ ਬੀਚਾਰਹੁ' ॥ ੨੯॥

ਯਾਦ ਕਰੋ ਜਿੰਨਾ ਧਨ ਰਹਿ ਗਿਆ ਹੈ, ਸੰਗਤ ਪਾਸੋਂ ਜੋ ਤੁਸੀਂ ਲੈ ਚੁੱਕੇ ਹੋ, ਉਹ ਹੁਣ ਸਾਰਾ ਦੇਵੋ। ਲੋਭ ਨਾ ਧਾਰਨ ਕਰੋ, ਸਾਡੇ ਕਹੇ ਹੋਏ 'ਤੇ ਦ੍ਰਿੜ੍ਹਤਾ ਨਾਲ ਵਿਚਾਰ ਕਰੋ" ॥ ੨੯॥

ਸੁਨਿ ਮਸੰਦ ਸਤਿਗੁਰ ਤੇ ਆਏ। ਚਿਤਵਤਿ ਚਿੰਤਾ ਰਚਹਿਂ ਉਪਾਏ।
'ਕਿਸੀ ਗੁਰੂ ਨੇ ਇਮ ਨਹਿਂ ਕਹਜੋ। ਜੇਤੋ ਦੇਤਿ ਤਿਤੋ ਹੀ ਲਹਜੋ' ॥ ੩੦॥

ਮਸੰਦ ਸਤਿਗੁਰੂ ਜੀ ਪਾਸੋਂ ਸੁਣ ਕੇ ਆ ਗਏ, ਚਿੱਤ ਵਿਚ ਚਿੰਤਾ ਕਰਦੇ ਸਨ ਤੇ ਉਪਾਅ ਬਣਾਉਂਦੇ ਸਨ, "ਹੁਣ ਤਕ ਕਿਸੇ ਗੁਰੂ ਜੀ ਨੇ ਵੀ ਇਸ ਤਰ੍ਹਾਂ ਨਹੀਂ ਕਿਹਾ ਹੈ, ਜਿੰਨਾ ਦਿੰਦੇ ਸੀ, ਓਨਾ ਹੀ ਲੈ ਲੈਂਦੇ ਸਨ" ॥ ੩੦॥

ਕਰਿ ਮਸਲਤ ਸਭਿ ਹੁਇ ਇਕ ਠਾਏ। ਚੇਤੋ ਮਹਾਂ ਮਸੰਦ ਸਦਾਏ।
ਹੁਤੋ ਮਸੰਦਨਿ ਕੋ ਅਗੁਵਾਈ। ਲੇਨਿ ਦੇਨਿ ਕੀ ਬਹੁ ਬਡਿਆਈ॥ ੩੧॥

ਸਲਾਹ ਕਰਕੇ ਸਾਰੇ ਇਕ ਥਾਂ ਇਕੱਠੇ ਹੋਏ। ਇਕ ਚੇਤੋ ਨਾਮੀਂ ਮਹਾਂ ਮਸੰਦ ਸਦਵਾਉਂਦਾ ਸੀ, ਉਹ ਸਾਰੇ ਮਸੰਦਾਂ ਦੀ ਅਗਵਾਈ ਕਰਦਾ ਸੀ, ਲੈਣ ਦੇਣ ਦੀ ਉਸ ਵਿਚ ਬਹੁਤ ਵਡਿਆਈ ਸੀ॥ ੩੧॥

ਤਿਸ ਗ੍ਰਿਹ ਸਭਿ ਮਸੰਦ ਚਲਿ ਗਏ। ਨਿਜ ਨਿਜ ਭੇਟ ਅਰਪਤੇ ਭਏ।
ਪੁਨ ਗੁਰ ਕੀ ਗਾਥਾ ਸਮੁਝਾਈ। 'ਹਮ ਕੋ ਨਿਸ਼ਠੁਰ ਗਿਰਾ ਅਲਾਈ॥ ੩੨॥

ਸਾਰੇ ਮਸੰਦ ਇਕੱਠੇ ਹੋ ਕੇ ਉਸ ਦੇ ਘਰ ਗਏ, ਉਸ ਨੂੰ ਸਾਰਿਆਂ ਨੇ ਆਪਣੀ-ਆਪਣੀ ਭੇਟਾ ਅਰਪਣ ਕੀਤੀ, ਫਿਰ ਗੁਰੂ ਜੀ ਦੀ ਸਾਰੀ ਗੱਲ ਸਮਝਾਈ, "ਸਾਨੂੰ ਬੜੇ ਕਠੋਰ ਬਚਨ ਕਹੇ ਹਨ॥ ੩੨॥

ਕਹੈਂ ਦਰਬ ਕਰਿ ਦਿਹੁ ਅਬਿ ਪੂਰਾ। ਸੰਗਤਿ ਅਰਪਜੋ ਥੋਰ ਹਦੂਰਾ।
ਹਮ ਸਭਿ ਨੇ ਕਹਿਕੈ ਸਮੁਝਾਏ। ਨਹਿਂ ਮਾਨਹਿਂ, ਕਹਿਂ ਦਿਹੁ ਧਨ ਲਜਾਏ ॥੩੩॥

ਕਹਿੰਦੇ ਹਨ, "ਧਨ ਪੂਰਾ ਕਰਕੇ ਦੇਵੋ, ਸੰਗਤ ਨੇ ਹਜ਼ੂਰੀ ਵਿਚ ਬਹੁਤ ਥੋੜ੍ਹਾ ਅਰਪਣ ਕੀਤਾ ਹੈ।" ਅਸੀਂ ਸਾਰਿਆਂ ਨੇ ਕਹਿ ਕੇ ਸਮਝਾਇਆ ਹੈ, ਨਹੀਂ ਮੰਨੇ ਹਨ ਕਹਿੰਦੇ ਹਨ, 'ਜਿਹੜਾ ਧਨ ਲਿਆਏ ਹੋ ਦੇਵੋ' ॥ ੩੩॥

ਤੂੰ ਪਤਿ ਸਕਲ ਮਸੰਦਨਿ ਕੇਰੀ। ਕਰਹੁ ਇਲਾਜ, ਬਨਹੁ ਇਸ ਬੇਰੀ।
ਨਾਂਹਿ ਤ ਬਿਗਰ ਪਰੈਂ ਜਿਸ ਕਾਲਾ। ਪੁਨਹਿ ਨ ਬਨਜੋ ਜਾਇ ਰਖਵਾਲਾ ॥੩੪॥

ਤੁਸੀਂ ਸਾਰੇ ਮਸੰਦਾਂ ਦੇ ਮਾਲਕ ਹੋ, ਕੋਈ ਇਲਾਜ ਕਰੋ ਇਸ ਸਮੇਂ ਸਾਡੇ ਸਹਾਇਕ ਬਣੋ, ਨਹੀਂ ਤਾਂ ਜਿਸ ਸਮੇਂ ਵਿਗੜ ਜਾਣਗੇ, ਫਿਰ ਤੁਹਾਡੇ ਪਾਸੋਂ ਸਾਡੀ ਰਖਵਾਲੀ ਨਹੀਂ ਹੋਣੀ" ॥ ੩੪॥

ਸਰਬ ਮਸੰਦਨਿ ਤੇ ਸੁਨਿ ਚੇਤਾ। ਆਸ੍ਵਾਸਨ ਕਰਿ ਧੀਰਜ ਦੇਤਾ।
'ਬਾਲਕ ਜੁਵਾ ਅਵਸਥਾ ਜੋਇ। ਇਨ ਕੋ ਅਸ ਸੁਭਾਵ ਹੀ ਹੋਇ॥ ੩੫॥

ਚੇਤੋ ਮਸੰਦ ਨੇ ਸਾਰੇ ਮਸੰਦਾਂ ਪਾਸੋਂ ਸੁਣਿਆ ਤਾਂ ਹੌਸਲਾ ਦੇ ਕੇ ਉਨ੍ਹਾਂ ਨੂੰ ਧੀਰਜ ਦਿੱਤਾ, "ਬਾਲਕ ਜਵਾਨੀ ਦੀ ਜਿਹੜੀ ਅਵਸਥਾ ਹੁੰਦੀ ਹੈ, ਉਨ੍ਹਾਂ ਦਾ ਐਸਾ ਸੁਭਾਵ ਹੀ ਹੁੰਦਾ ਹੈ॥ ੩੫॥

ਜੋ ਮਨ ਉਪਜੈ ਕਰਤਿ ਬਚਨ ਕੋ। ਨਹੀਂ ਬਿਚਾਰਤਿ ਗੁਨ ਅਵਗੁਨ ਕੋ।
ਮੈਂ ਤੁਮਰੇ ਹਿਤ ਬਹੁ ਸਮੁਝਾਵਹੁਂ। ਸਭਿਹਿਨਿ ਕੇ ਅਨੁਸਾਰਿ ਬਨਾਵਹੁਂ' ॥ ੩੬॥

ਜੋ ਮਨ ਵਿਚ ਪ੍ਰਗਟ ਹੁੰਦਾ ਹੈ, ਓਹੋ ਹੀ ਬਚਨ ਕਰ ਦਿੰਦੇ ਹਨ, ਉਹ ਫਿਰ ਗੁਣ ਔਗੁਣ ਨੂੰ ਨਹੀਂ ਵਿਚਾਰਦੇ ਹਨ, ਮੈਂ ਫਿਰ ਤੁਹਾਡੇ ਵਾਸਤੇ ਸਮਝਾਵਾਂਗਾ ਤੇ ਸਾਰਿਆਂ ਨੂੰ ਉਨ੍ਹਾਂ ਦੇ ਅਨੁਸਾਰੀ ਬਣਾ ਦੇਵਾਂਗਾ" ॥ ੩੬॥

ਸੁਨਿ ਮਸੰਦ ਸਗਰੇ ਹਰਖਾਏ। ਪਾਇ ਦਿਲਾਸੇ ਕੋ ਸਮੁਦਾਏ।
ਅਗਲੇ ਦਿਨ ਚੇਤੋ ਚਲਿ ਗਯੋ। ਕਰਿ ਬੰਦਨ ਕੋ ਬੈਠਤਿ ਭਯੋ॥ ੩੭॥

ਇਹ ਸੁਣ ਕੇ ਸਾਰੇ ਮਸੰਦ ਪ੍ਰਸੰਨ ਹੋ ਗਏ, ਦਿਲਾਸਾ ਪਾ ਕੇ ਸਾਰਿਆਂ ਨੇ ਧੀਰਜ ਧਾਰਨ ਕੀਤਾ। ਅਗਲੇ ਦਿਨ ਚੇਤੋ ਚਲ ਕੇ ਗੁਰੂ ਜੀ ਪਾਸ ਗਿਆ ਤੇ ਬੰਦਨਾ ਕਰਕੇ ਗੁਰੂ ਜੀ ਪਾਸ ਬੈਠ ਗਿਆ॥ ੩੭॥

ਸਤਿਗੁਰ ਸਾਹਿਬ ਸੋਂ ਤਬਿ ਕਹੀ। 'ਸਭਿ ਮਸੰਦ ਤੁਮ ਸੇਵਾ ਗਹੀ।
ਦੇਸ਼ ਬਿਦੇਸ਼ਨ ਤੇ ਧਨ ਲਜਾਵੈਂ। ਆਪ ਅਗਾਰੀ ਇਹ ਅਰਪਾਵੈਂ॥ ੩੮॥

ਸਤਿਗੁਰੂ ਜੀ ਨੂੰ ਫਿਰ ਕਿਹਾ, "ਸਾਰੇ ਮਸੰਦਾਂ ਨੇ ਤੁਹਾਡੀ ਸੇਵਾ ਫੜੀ ਹੈ, ਦੇਸ਼ਾਂ ਵਿਦੇਸ਼ਾਂ ਤੋਂ ਧਨ ਲਿਆਉਂਦੇ ਹਨ ਤੇ ਆਪ ਜੀ ਦੇ ਅੱਗੇ ਆ ਕੇ ਅਰਪਣ ਕਰਦੇ ਹਨ॥ ੩੮॥

ਇਨ ਕੋ ਭੀ ਸਭਿ ਬਿਧਿ ਕੱਲਜਾਨ। ਬਖਸ਼ਤਿ ਹੋ ਤੁਮ ਖਾਨ ਰੁ ਪਾਨ।
ਇਨ ਪਰ ਕਰਤਿ ਰਹਹੁ ਨਿਜ ਕਰੁਨਾ। ਬਖਸ਼ਹੁ ਸਦਾ ਰਾਖਿ ਕਰਿ ਸ਼ਰਨਾ॥੩੯॥

ਇਨ੍ਹਾਂ ਦਾ ਵੀ ਸਭ ਵਿਧੀਆਂ ਨਾਲ ਕਲਿਆਣ ਕਰਦੇ ਹੋ, ਇਨ੍ਹਾਂ ਨੂੰ ਖਾਣ ਪੀਣ ਵਾਸਤੇ ਧਨ ਬਖਸ਼ਦੇ ਹੋ। ਇਨ੍ਹਾਂ ਉੱਤੇ ਆਪਣੀ ਕਿਰਪਾ ਕਰਦੇ ਰਹੋ, ਸਦਾ ਇਨ੍ਹਾਂ ਨੂੰ ਸ਼ਰਨ ਵਿਚ ਰੱਖ ਕੇ ਬਖਸ਼ਦੇ ਰਹੋ॥ ੩੯॥

ਸਰਬ ਗੁਰਨਿ ਕੇ ਆਗਜਾਕਾਰੀ। ਕਰਤੇ ਰਹੇ ਸੇਵ ਕੋ ਭਾਰੀ।
ਅਬਿ ਰਾਵਰ ਕੇ ਸਭਿ ਅਨੁਸਾਰੀ। ਜੋ ਆਨਹਿਂ ਸੋ ਦੇਹਿਂ ਅਗਾਰੀ' ॥ ੪੦॥

ਸਾਰੇ ਗੁਰੂ ਸਾਹਿਬਾਨ ਦੇ ਆਗਿਆਕਾਰੀ ਰਹੇ ਹਨ, ਉਹ ਭਾਰੀ ਸੇਵਾ ਕਰਦੇ ਰਹੇ ਹਨ। ਹੁਣ ਸਾਰੇ ਆਪ ਜੀ ਦੀ ਆਗਿਆ ਅਨੁਸਾਰ ਹਨ, ਜੋ ਵੀ ਲਿਆਉਂਦੇ ਹਨ, ਉਹ ਆਪ ਜੀ ਦੇ ਅੱਗੇ ਧਰ ਦਿੰਦੇ ਹਨ" ॥ ੪੦॥

ਸੁਨਿ ਚੇਤੋ ਤੇ ਗੁਰ ਬਿਕਸਾਏ। ਕਹਤਿ ਭਏ ਬਚ ਸਹਿਜ ਸੁਭਾਏ।
'ਸੁਨਿ ਭਾਈ ਚੇਤੋ ! ਇਨ ਬਾਤਨਿ। ਤੂੰ ਮਸੰਦ ਹੈਂ ਬਡੋ ਪੁਰਾਤਨ॥ ੪੧॥

ਚੇਤੋ ਪਾਸੋਂ ਸੁਣ ਕੇ ਗੁਰੂ ਜੀ ਮੁਸਕਰਾ ਪਏ ਤੇ ਸਹਿਜ ਸੁਭਾਅ ਉਨ੍ਹਾਂ ਨੇ ਬਚਨ ਕੀਤਾ, "ਹੇ ਭਾਈ ਚੇਤੋ ! ਇਨ੍ਹਾਂ ਦੀਆਂ ਗੱਲਾਂ ਸੁਣੋ, ਤੂੰ ਬਹੁਤ ਪੁਰਾਤਨ ਮਸੰਦ ਹੈਂ॥ ੪੧॥

ਮੋਹਿ ਮਸੰਦ ਕਰਹਿਂ ਬਿਰਮਾਵਨ। ਇਸ ਬਿਧਿ ਮੁਖ ਤੇ ਕਰਹਿਂ ਬਤਾਵਨਿ।
ਧਨੀ ਸਿੱਖ ਸਗਰੇ ਮਰਿ ਗਏ। ਜੋ ਗ਼ਰੀਬ ਅਬਿ ਜੀਵਤਿ ਭਏ॥ ੪੨॥

ਮੈਨੂੰ ਮਸੰਦ ਭਰਮਾਉਂਦੇ ਹਨ, ਇਸ ਵਿਧੀ ਨਾਲ ਮੁੱਖ ਤੋਂ ਕਹਿੰਦੇ ਹਨ, "ਧਨੀ ਸਿੱਖ ਸਾਰੇ ਮਰ ਗਏ ਹਨ, ਹੁਣ ਕੇਵਲ ਗ਼ਰੀਬ ਹੀ ਜੀਊਂਦੇ ਰਹਿ ਗਏ ਹਨ॥ ੪੨॥

**ਪੂਰੀ ਕਾਰ ਨਹੀਂ ਕੋ ਦੇਤਿ। ਸਭਿ ਤੇ ਅਲਪ ਜਾਇ ਹਮ ਲੇਤਿ।**
**ਇਹ ਦੁਰਬਾਕ ਨ ਭਾਵਹਿਂ ਮੋਹੀ। ਮਮ ਸੰਗਤਿ ਨਿਤ ਨਵਤਨ ਹੋਹੀ॥ ੪੩॥**

ਪੂਰੀ ਕਾਰ ਭੇਟ ਕੋਈ ਵੀ ਨਹੀਂ ਦਿੰਦਾ ਹੈ, ਸਾਰਿਆਂ ਪਾਸੋਂ ਜਾ ਕੇ ਅਸੀਂ ਬਹੁਤ ਥੋੜ੍ਹਾ ਧਨ ਲੈਂਦੇ ਹਾਂ।" ਇਹ ਭੈੜੇ ਬਚਨ ਮੈਨੂੰ ਚੰਗੇ ਨਹੀਂ ਲੱਗਦੇ। ਮੇਰੀ ਸੰਗਤ ਸਦਾ ਨਵੀਨ ਅਤੇ ਪ੍ਰਫੁੱਲਤ ਦਸ਼ਾ ਵਿਚ ਹੁੰਦੀ ਹੈ॥ ੪੩॥

**ਦਿਨ ਪ੍ਰਤਿ ਬਹੁ ਧਨਾਢ ਹੁਇ ਜੈ ਹੈਂ। ਜਿਨ ਕੀ ਸਮਤਾ ਕੋਇ ਨ ਪੈ ਹੈ।**
**ਰਿਦੈ ਲੋਭ, ਬੋਲਹਿਂ ਦੁਰਬੈਨਾ। 'ਸੰਗਤਿ ਬਿਖੈ ਧਨੀ ਅਬਿ ਹੈ ਨਾ'॥ ੪੪॥**

ਦਿਨ ਪ੍ਰਤਿ ਬਹੁਤ ਧਨਾਢ ਹੁੰਦੇ ਜਾਂਦੇ ਹਨ, ਜਿਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ ਹੈ। ਹਿਰਦੇ ਵਿਚ ਲੋਭ ਧਾਰ ਕੇ ਮਸੰਦ ਭੈੜੇ ਬਚਨ ਬੋਲਦੇ ਹਨ ਕਿ "ਸੰਗਤ ਵਿਚ ਹੁਣ ਕੋਈ ਧਨੀ ਬਚਿਆ ਹੀ ਨਹੀਂ ਹੈ"॥ ੪੪॥

**ਦਰਬ ਲੋਭ ਨੇ ਮਹਾਂ ਦਬਾਏ। ਕਾਰ ਗੁਰੂ ਕੀ ਥੋਰ ਲਿਆਏ।**
**ਧਨ ਪੂਜਾ ਕੋ ਬਹੁਰ ਚੁਰਾਯੋ। ਮੱਤਿ ਹੱਤਿ ਹੋਈ, ਸੋ ਇਨ ਖਾਯੋ॥ ੪੫॥**

ਧਨ ਦੇ ਲਾਲਚ ਨੇ ਇਨ੍ਹਾਂ ਨੂੰ ਬਹੁਤ ਦਬਾਇਆ ਹੈ, ਗੁਰੂ ਜੀ ਦੀ ਕਾਰ ਭੇਟ ਬਹੁਤ ਥੋੜੀ ਲਿਆਏ ਹਨ। ਇਨ੍ਹਾਂ ਨੇ ਫਿਰ ਪੂਜਾ ਦੇ ਧਨ ਨੂੰ ਚੁਰਾਇਆ ਹੈ, ਇਨ੍ਹਾਂ ਦੀ ਮੱਤ ਮਾਰੀ ਗਈ ਹੈ, ਇਨ੍ਹਾਂ ਨੇ ਪੂਜਾ ਦੇ ਧਨ ਨੂੰ ਖਾਧਾ ਹੈ॥ ੪੫॥

**ਇਕ ਤੋ ਦੋਸ਼ ਚੁਰਾਵਨਿ ਕੇਰੋ। ਦੁਤੀਏ ਕਰਜੋ ਤ੍ਰਾਸ ਨਹਿਂ ਮੇਰੋ।**
**ਕੂਰ ਬਾਰਤਾ ਕਰਹਿਂ ਸੁਨਾਵਨਿ। ਯਾਂ ਤੇ ਲਖੀਯਤਿ ਇਨ ਕੇ ਭਾਵ ਨਾ॥ ੪੬॥**

ਇਕ ਤਾਂ ਚੋਰੀ ਕਰਨ ਦਾ ਦੋਸ਼ ਹੈ, ਦੂਸਰਾ ਮੇਰਾ ਇਨ੍ਹਾਂ ਡਰ ਨਹੀਂ ਮੰਨਿਆ ਹੈ। ਬਣਾ ਕੇ ਝੂਠੀ ਗੱਲ ਸੁਣਾਉਂਦੇ ਹਨ ਇਸ ਤੋਂ ਜਾਪਦਾ ਹੈ ਕਿ ਇਨ੍ਹਾਂ ਵਿਚ ਮੇਰੇ ਬਾਰੇ ਸ਼ਰਧਾ ਭਾਵ ਨਹੀਂ ਹੈ"॥ ੪੬॥

**ਪੁਨ ਚੇਤੋ ਸਮੁਝਾਵਨਿ ਕਰੈ। 'ਸਭਿ ਮਸੰਦ ਰਾਵਰਿ ਅਨੁਸਰੈਂ।**
**ਇਨ ਕੋ ਦੇਹੁ ਅਬੈ ਬਡਿਆਈ। ਜਯੋਂ ਸੰਗਤਿ ਮਾਨਹਿ ਸਮੁਦਾਈ॥ ੪੭॥**

ਫਿਰ ਚੇਤੋ ਸਮਝਾਉਣ ਲੱਗਾ, "ਸਾਰੇ ਮਸੰਦ ਆਪ ਜੀ ਦੇ ਆਗਿਆ ਅਨੁਸਾਰ ਹਨ, ਇਨ੍ਹਾਂ ਨੂੰ ਹੁਣ ਵਡਿਆਈ ਦੇਵੋ, ਜਿਵੇਂ ਸਾਰੀ ਸੰਗਤ ਇਨ੍ਹਾਂ ਨੂੰ ਮੰਨੇ॥ ੪੭॥

**ਬਹੁਰ ਦਰਬ ਕੋ ਲਜਾਇਂ ਘਨੇਰਾ। ਖ਼ਰਚ ਸੰਭਾਰਹਿਂ ਗੁਰ ਗ੍ਰਿਹ ਕੇਰਾ।**
**ਨਹੀਂ ਅਨਾਦਰ ਤ੍ਰਾਸ ਦਿਖਾਵਹੁ। ਗੁਰ ਦਯਾਲ ਹੈ ਏਵ ਲਖਾਵਹੁ'॥ ੪੮॥**

ਫਿਰ ਬਹੁਤ ਧਨ ਲੈ ਕੇ ਆਉਣ ਤਾਂਕਿ ਉਹ ਗੁਰੂ ਘਰ ਦਾ ਖਰਚ ਸੰਭਾਲਣ। ਉਨ੍ਹਾਂ ਦਾ ਅਨਾਦਰ ਕਰਕੇ ਡਰ ਨਾ ਵਿਖਾਓ। ਗੁਰੂ ਜੀ ਦਿਆਲੂ ਹਨ, ਇਵੇਂ ਆਪਣੇ ਆਪ ਨੂੰ ਪ੍ਰਗਟ ਕਰੋ"॥ ੪੮॥

**ਕਹਯੋ ਗੁਰੂ 'ਹਮ ਨੇ ਸਭਿ ਜਾਨੀ। ਜਿਮ ਪੱਖੀ ਹ੍ਵੈ ਗਿਰਾ ਬਖਾਨੀ।**
**ਦੋਨਹੁਂ ਦੋਸ਼ ਤੋਹਿ ਮੈਂ ਭਾਰੀ। ਤਿਨ ਕੇ ਸਮ ਤੇਰੀ ਮਤਿ ਮਾਰੀ॥ ੪੯॥**

ਗੁਰੂ ਜੀ ਨੇ ਕਿਹਾ, "ਅਸੀਂ ਸਾਰੀ ਗੱਲ ਜਾਣ ਲਈ ਹੈ, ਜਿਵੇਂ ਤੂੰ ਇਨ੍ਹਾਂ ਦਾ ਪੱਖੀ ਬਣ ਕੇ ਕਿਹਾ ਹੈ। ਇਹ ਭਾਰੀ ਦੋਵੇਂ ਦੋਸ਼ ਤੇਰੇ ਵਿਚ ਵੀ ਹਨ, ਉਨ੍ਹਾਂ ਵਾਂਗ ਤੇਰੀ ਮੱਤ ਵੀ ਮਾਰੀ ਗਈ ਹੈ, ਤੂੰ ਵੀ ਕਾਰ ਭੇਟ ਦੀ ਚੋਰੀ ਕਰਦਾ ਹੈਂ ਅਤੇ ਭੈ-ਰਹਿਤ ਹੋ ਕੇ ਝੂਠ ਬੋਲਦਾ ਹੈਂ॥ ੪੯॥

ਕਾਰ ਚੁਰਾਵਨਿ ਬੋਲਨਿ ਕੂਰ। ਨ੍ਰਿਭੈ ਹੋਇ ਕਰਿ ਕਹਨਿ ਹਦੂਰ'।
ਸੁਨਿਤ ਦੁਖਜੋ ਚੇਤਾ ਚਿਤ ਮਾਂਹੀ। ਸ੍ਵਾਮੀ ਮਹਿਂ ਨਿਸ਼ਚਾ ਉਰ ਨਾਂਹੀ॥ ੫੦॥

ਕਾਰ ਭੇਟ ਦੀ ਚੋਰੀ ਕਰਕੇ, ਝੂਠ ਬੋਲਦੇ ਹੋ ਤੇ ਭੈ-ਰਹਿਤ ਹੋ ਕੇ ਹਜ਼ੂਰੀ ਵਿਚ ਕਹਿੰਦੇ ਹੋ।" ਇਹ ਸੁਣ ਕੇ ਚੇਤਾ ਆਪਣੇ ਚਿੱਤ ਵਿਚ ਬਹੁਤ ਦੁਖੀ ਹੋਇਆ, ਉਸ ਦੇ ਹਿਰਦੇ ਵਿਚ ਸਵਾਮੀ ਬਾਰੇ ਨਿਸ਼ਚਾ ਨਹੀਂ ਹੈ॥ ੫੦॥

'ਬਾਲ ਬੈਸ ਕੀ ਬੁੱਧਿ ਨ ਧਰੀਅਹਿ। ਹਮ ਸਮ ਕੋ ਇਮ ਨਹੀਂ ਉਚਰੀਅਹਿ।
ਸ਼੍ਰੀ ਗੁਰ ਰਾਮਦਾਸ ਤੇ ਆਦਿ। ਰਹੇ ਮਸੰਦ ਕਰਤਿ ਮਿਰਜਾਦ॥ ੫੧॥

ਚੇਤੇ ਨੇ ਫਿਰ ਕਿਹਾ, "ਬਚਪਨੇ ਵਾਲੀ ਬੁੱਧੀ ਨਾ ਧਾਰਨ ਕਰੋ, ਸਾਡੇ ਵਰਗਿਆਂ ਨੂੰ ਇਸ ਤਰ੍ਹਾਂ ਨਾ ਕਹੋ। ਸ੍ਰੀ ਗੁਰੂ ਰਾਮਦਾਸ ਜੀ ਆਦਿ ਦੇ ਸਮੇਂ ਤੋਂ ਮਸੰਦ ਰਿਹਾ ਹਾਂ ਤੇ ਪੂਰੀ ਮਰਯਾਦਾ ਕਰਦਾ ਰਿਹਾ ਹਾਂ॥ ੫੧॥

ਮਨ ਭਾਵਤਿ ਲਜਾਵਤਿ ਅਰ ਖਰਚਹਿਂ। ਸੰਗਤਿ ਸਗਰੀ ਤਿਨ ਕੋ ਅਰਚਹਿਂ।
ਅਬਿ ਲੌ ਨਹੀਂ ਆਪ ਨੇ ਜਾਨੀ। ਧਰਹਿਂ ਧੀਰ ਸਭਿ ਲੇਹੁ ਪਛਾਨੀ'॥ ੫੨॥

ਮਨ-ਭਾਉਂਦਾ ਧਨ ਲਿਆਉਂਦੇ ਸੀ ਤੇ ਖਰਚ ਕਰਦੇ ਸਨ, ਸਾਰੀ ਸੰਗਤ ਉਨ੍ਹਾਂ ਦੀ ਪੂਜਾ ਕਰਦੀ ਸੀ। ਹੁਣ ਤਕ ਤੁਸੀਂ ਗੱਲ ਨੂੰ ਨਹੀਂ ਸਮਝੇ ਹੋ, ਧੀਰਜ ਧਾਰ ਸਾਰੀ ਗੱਲ ਪਛਾਣ ਲਵੋ"॥ ੫੨॥

ਸੁਨਿ ਸਤਿਗੁਰ ਨੇ ਨਿਸ਼ਚੇ ਕਰੇ। ਧਨ ਤੇ ਅੰਧ ਮਹਾਂ ਮਦ ਭਰੇ।
ਸਰਬ ਗੁਰਨਿ ਕੇ ਆਗੇ ਏਹੀ। ਦਰਬ ਚੁਰਾਵਤਿ ਸਦਾ ਰਹੇਹੀ॥ ੫੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਨਿਸ਼ਚਾ ਕੀਤਾ, ਧਨ ਨਾਲ ਅੰਨ੍ਹੇ ਹੋ ਕੇ ਮਹਾਨ ਹੰਕਾਰ ਵਿਚ ਅੰਨ੍ਹੇ ਹੋ ਗਏ ਹਨ। ਸਾਰੇ ਗੁਰੂ ਸਾਹਿਬਾਨ ਦੇ ਅੱਗੇ ਇਹ ਸਦਾ ਹੀ ਧਨ ਦੀ ਚੋਰੀ ਕਰਦੇ ਰਹੇ ਹਨ॥ ੫੩॥

ਮੁਝ ਕੋ ਬਾਲਿਕ ਬੁੱਧਿ ਪਛਾਨਤਿ। ਸਤਿਗੁਰ ਭੇਦ ਨਹੀਂ ਮਨ ਮਾਨਤਿ।
ਉਚਿਤ ਸਜ਼ਾਇ ਮਹਾਂ ਅਪਰਾਧੀ। ਸ਼ਰਧਾ ਕੀ ਨ ਸਾਧਨਾ ਸਾਧੀ॥ ੫੪॥

ਮੈਨੂੰ ਬਾਲਕ ਬੁੱਧੀ ਪਛਾਣਦੇ ਹਨ, ਸਤਿਗੁਰੂ ਜੀ ਦਾ ਭੇਦ ਮਨ ਵਿਚ ਨਹੀਂ ਮੰਨਦੇ ਹਨ। ਇਹ ਵੱਡੇ ਅਪਰਾਧੀ ਹਨ, ਇਨ੍ਹਾਂ ਨੂੰ ਉਚਿਤ ਸਜ਼ਾ ਦੇਣੀ ਬਣਦੀ ਹੈ। ਇਨ੍ਹਾਂ ਨੇ ਸ਼ਰਧਾ ਦੀ ਸਾਧਨਾ ਨਹੀਂ ਸਾਧੀ ਹੈ॥ ੫੪॥

ਇਮ ਵਿਚਾਰ. ਕਰਿ ਤੂਸ਼ਨਿ ਧਾਰੀ। ਅਪਰ ਪ੍ਰਸੰਗਨਿ ਬਾਤ ਉਚਾਰੀ।
ਚਹਤਿ ਬਿਨਾਸ਼ਨ ਮੂਢ ਗੁਮਾਨੀ। ਮਹਾਂ ਲੋਭ ਤੇ ਜਿਨ ਮਤਿ ਹਾਨੀ॥ ੫੫॥

ਇਸ ਪ੍ਰਕਾਰ ਵਿਚਾਰ ਕੇ ਗੁਰੂ ਜੀ ਮੋਨ ਧਾਰ ਲਈ ਤੇ ਹੋਰ ਪ੍ਰਸੰਗਾਂ ਬਾਰੇ ਗੱਲਬਾਤ ਉਚਾਰਨ ਕੀਤੀ। ਇਨ੍ਹਾਂ ਮੂਰਖ ਹੰਕਾਰੀਆਂ ਦਾ ਨਾਸ਼ ਕਰਨਾ ਚਾਹੁੰਦੇ ਸਨ, ਮਹਾਂ ਲੋਭ ਕਰਕੇ ਜਿਨ੍ਹਾਂ ਦੀ ਮੱਤ ਮਾਰੀ ਗਈ ਸੀ॥ ੫੫॥

*ਤੀਸਰੀ ਰੁੱਤ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥*

★★★

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਪੰਦਰ੍ਹਵਾਂ

## ਚੇਤੋ ਮਸੰਦ ਦਾ ਖੋਟ

ਦੋਹਰਾ- ਚਹੁੰਦਿਸ਼ਿ ਸੰਗਤਿ ਦੁਖੀ ਲਖਿ ਕੂਰ ਮਸੰਦ ਬਿਲੰਦ।
ਸ਼ਰਧਾ ਰਹਿਬੇ ਦੇਤਿ ਨਹਿਂ ਲੇ ਧਨ ਤਾੜਤਿ ਮੰਦ॥ ੧॥

ਚਾਰੇ ਪਾਸੇ ਦੀ ਸੰਗਤ ਦੁਖੀ ਵੇਖ ਕੇ ਤੇ ਮਸੰਦਾਂ ਦਾ ਵੱਡਾ ਝੂਠ ਜਾਣ ਕੇ ਗੁਰੂ ਜੀ ਇਹ ਸਮਝ ਗਏ ਕਿ ਮਸੰਦ ਬਹੁਤ ਧਨ ਲੈ ਕੇ ਵੀ ਸ਼ਰਧਾ ਨਹੀਂ ਰੱਖਦੇ ਹਨ॥ ੧॥

ਚੌਪਈ- ਅਨਿਕ ਪ੍ਰਕਾਰਨਿ ਕੇ ਸਿਖ ਮੇਰੇ। ਘਾਟ ਬਾਢ ਕੋ ਨੀਚ ਉਚੇਰੇ।
ਕੇਚਿਤ ਨਿਰਧਨ ਕੋ ਧਨਵਾਨ। ਕੋ ਪ੍ਰੇਮੀ, ਕੋ ਨੇਮੀ ਮਾਨ॥ ੨॥

ਅਨੇਕਾਂ ਪ੍ਰਕਾਰ ਦੇ ਮੇਰੇ ਸਿੱਖ ਹਨ, ਘੱਟ ਵੱਧ ਕਈ ਵੱਡੇ ਨੀਚ ਹਨ। ਕਈ ਗ਼ਰੀਬ ਹਨ ਕਈ ਧਨੀ ਹਨ ਕੋਈ ਪ੍ਰੇਮੀ ਹੈ ਕੋਈ ਨੇਮੀ ਜਾਣੋ॥ ੨॥

ਕੇਚਿਤ ਕੋਮਲ ਪਰਉਪਕਾਰੀ। ਕੇਚਿਤ ਅਨਖੀ ਨਹਿਂ ਨ ਸਹਾਰੀ।
ਕੇਚਿਤ ਮੂਰਖ, ਕੇਚਿਤ ਪੰਡਤ। ਗੁਰਮੁਖ ਸਨਮੁਖ, ਪਰਮਤਿ ਖੰਡਤਿ॥ ੩॥

ਕਈ ਬੜੇ ਕੋਮਲ ਅਤੇ ਪਰਉਪਕਾਰੀ ਹਨ, ਕਈ ਬੜੇ ਅਣਖੀ ਹਨ ਕਿਸੇ ਦੀ ਜ਼ਰਾ ਜਿੰਨੀ ਗੱਲ ਵੀ ਨਹੀਂ ਸਹਾਰਦੇ ਹਨ। ਕਈ ਮੂਰਖ ਹਨ, ਕਈ ਵਿਦਵਾਨ ਹਨ, ਕਈ ਗੁਰਮੁਖ ਹਨ, ਕਈ ਸਨਮੁਖ ਹਨ, ਕਈ ਪਰਾਏ ਮੱਤਾਂ ਨੂੰ ਖੰਡਨ ਕਰਨ ਵਾਲੇ ਹਨ॥ ੩॥

ਸ਼ਰਧਾ ਦਿਢ, ਅਨ ਦ੍ਰਿਢਉਰ ਧਾਰੀ। ਕੋ ਕਠੋਰ ਕੋ ਕਰਤਿ ਉਚਾਰੀ।
ਬਸੀ ਮਸੰਦਨਿ ਸੰਗਤਿ ਰਹੀ। ਤੌ ਸਿੱਖੀ ਨਿਬਹੈ ਜਗ ਨਹੀਂ॥ ੪॥

ਕਈ ਹਿਰਦੇ ਵਿਚ ਪੱਕੀ ਸ਼ਰਧਾ ਧਾਰਨ ਵਾਲੇ ਹਨ ਤੇ ਕਈ ਕੱਚੀ ਸ਼ਰਧਾ ਵਾਲੇ ਹਨ। ਕਈ ਕਠੋਰ ਬਚਨ ਉਚਾਰਨ ਕਰਦੇ ਹਨ। ਜੇ ਸਾਰੀ ਸੰਗਤ ਮਸੰਦਾਂ ਦੇ ਵੱਸ ਵਿਚ ਰਹੇਗੀ ਤਾਂ ਜਗਤ ਵਿਚ ਸਿੱਖੀ ਦਾ ਨਿਭਾਅ ਨਹੀਂ ਹੋਵੇਗਾ॥ ੪॥

ਹਮ ਸ਼ਰੀਰ ਲਗਿ ਗੁਰੂ ਰਹੇ ਹੈਂ। ਸੁਧਿ ਸੰਗਤਿ ਕੀ ਸਦਾ ਲਹੇ ਹੈਂ।
ਇਸ ਬਿਧਿ ਹਮਰੇ ਰਹੇ ਪਿਛਾਰੀ। ਨ੍ਰਿਭੈ ਹੋਇ ਦੁਖ ਦੇਂ ਪੁਨ ਭਾਰੀ॥ ੫॥

ਅਸੀਂ ਸਰੀਰ ਤਕ ਗੁਰੂ ਰਹਾਂਗੇ, ਸ਼ੁਧ ਸੰਗਤ ਸਦਾ ਚਾਹੁੰਦੇ ਹਾਂ। ਇਸ ਵਿਧੀ ਨਾਲ ਹੀ ਸਾਡੇ ਬਾਅਦ ਵਿਚ ਵੀ ਰਿਹਾ ਤਾਂ ਇਹ ਮਸੰਦ ਫਿਰ ਨਿਰਭੈਅ ਹੋ ਕੇ ਸੰਗਤ ਨੂੰ ਬਹੁਤ ਦੁਖ ਦੇਣਗੇ॥ ੫॥

ਇਨ ਤੇ ਸੰਗਤਿ ਸਰਬ ਛੁਰਾਵੈਂ। ਦੇਂ ਸਿਖ ਕਾਰ ਆਪ ਹੀ ਆਵੈਂ।
ਇਮ ਚਿਤਵਤਿ ਬੀਤਯੋ ਕਿਤ ਕਾਲਾ। ਸਦਾ ਸੰਗਤਾਂ ਆਇਂ ਬਿਸਾਲਾ॥ ੬॥

ਸਾਰੀ ਸੰਗਤ ਨੂੰ ਇਨ੍ਹਾਂ ਪਾਸੋਂ ਛੁਡਾਉਂਦੇ ਹਾਂ, ਸਿੱਖ ਆਪ ਆ ਕੇ ਕਾਰ ਭੇਟ ਅਰਪਣ ਕਰਨ। ਇਸ ਤਰ੍ਹਾਂ ਵਿਚਾਰ ਕਰਦਿਆਂ ਕੁਝ ਸਮਾਂ ਬਤੀਤ ਹੋਇਆ। ਸਦਾ ਹੀ ਵਿਸ਼ਾਲ ਸੰਗਤ ਆਉਂਦੀ ਸੀ॥ ੬॥

Sri Satguru Jagjit Singh Ji eLlibrary NamdhariElibrary@gmail.com

ਬਡੀ ਮਾਤ ਅਰੁ ਗੁਜਰੀ ਪਾਸ। ਚੇਤੋ ਆਦਿਕ ਕਹਿੰ ਅਰਦਾਸ।
'ਗੁਰ ਕੀ ਬੈਸ ਬਾਲ ਬੁਧਿ ਅਹੈ। ਨਿਠੁਰ ਮਸੰਦਨਿ ਕੋ ਬਚ ਕਹੈਂ॥ ੭॥

ਵੱਡੇ ਮਾਤਾ ਜੀ ਅਤੇ ਮਾਤਾ ਗੁਜਰੀ ਜੀ ਪਾਸ ਜਾ ਕੇ ਚੇਤੋ ਆਦਿ ਬੇਨਤੀਆਂ ਕਰਦੇ ਸਨ, "ਗੁਰੂ ਜੀ ਦੀ ਉਮਰ ਹਾਲੇ ਬਾਲਕ ਬੁੱਧੀ ਵਾਲੀ ਹੈ, ਉਹ ਬੜੇ ਕਠੋਰ ਬਚਨ ਮਸੰਦਾਂ ਨੂੰ ਕਹਿੰਦੇ ਹਨ॥ ੭॥

ਜਿਨ ਅਧੀਨ ਹੈ ਸੰਗਤਿ ਸਾਰੀ। ਬਿਗਰਿ ਮਸੰਦ ਸੁ ਦੇਹਿੰ ਬਿਗਾਰੀ।
ਯਾਂਤੇ ਤੁਮ ਸੁਤ ਕੋ ਸਮੁਝਾਵਹੁ। ਚਹੂੰ ਦਿਸ਼ਿਨਿ ਮਹਿੰ ਨਹਿੰ ਬਿਗਰਾਵਹੁ॥ ੮॥

ਜਿਨ੍ਹਾਂ ਦੇ ਅਧੀਨ ਸਾਰੀ ਸੰਗਤ ਹੈ, ਮਸੰਦ ਵਿਗੜ ਕੇ ਸੰਗਤਾਂ ਨੂੰ ਵਿਗਾੜ ਦੇਣਗੇ। ਇਸ ਕਰਕੇ ਤੁਸੀਂ ਆਪਣੇ ਪੁੱਤਰ ਨੂੰ ਸਮਝਾਓ। ਚਾਰੇ ਪਾਸਿਆਂ ਵਿਚ ਵਿਗਾੜ ਨਾ ਪੈਦਾ ਕਰੋ॥ ੮॥

ਕਰਿਬੋ ਗੁਰੂ ਮਸੰਦਨ ਹਾਥ। ਨਾਥ ਬਨਾਇ ਨਿਵਾਵਹਿੰ ਮਾਥ।
ਸੋਈ ਗੁਰੂ, ਪੂਜਹਿੰ ਤਿਸ ਆਇ। ਗਨ ਮਸੰਦ ਜਿਂਹ ਸੀਸ ਨਿਵਾਇ॥ ੯॥

ਗੁਰੂ ਜੀ ਦਾ ਬਣਾਉਣਾ ਮਸੰਦਾਂ ਦੇ ਹੱਥ ਵਿਚ ਹੈ। ਉਹ ਹੀ ਮੱਥਾ ਨਿਵਾ ਕੇ ਮਾਲਕ ਬਣਾਉਂਦੇ ਹਨ। ਉਹੋ ਗੁਰੂ ਬਣਦਾ ਹੈ, ਜਿਸ ਦੀ ਮਸੰਦ ਆ ਕੇ ਪੂਜਾ ਕਰਨ, ਜਿਸ ਨੂੰ ਬਹੁਤ ਮਸੰਦ ਆ ਕੇ ਸਿਰ ਨਿਵਾਉਣ॥ ੯॥

ਪੂਰਬ ਗੁਰ ਨਹਿੰ ਕਿਨਹੁਂ ਬਿਗਾਰੇ। ਰਹੇ ਮਸੰਦਨਿ ਕੇ ਅਨੁਸਾਰੇ।
ਜਿਸ ਕੋ ਚਾਹਤਿ ਰਹੇ ਪੁਜਾਵਤਿ। ਸਭਿ ਗੁਰ ਬੰਸ ਗੁਰੂ ਕਹਿਲਾਵਤਿ॥ ੧੦॥

ਪਹਿਲੇ ਗੁਰੂ ਸਾਹਿਬਾਨ ਨੇ ਵੀ ਮਸੰਦਾਂ ਨਾਲ ਨਹੀਂ ਵਿਗਾੜੀ ਹੈ, ਉਹ ਸਾਰੇ ਮਸੰਦਾਂ ਦੀ ਆਗਿਆ ਅਨੁਸਾਰ ਹੀ ਰਹੇ ਹਨ। ਜਿਸ ਨੂੰ ਚਾਹੁੰਦੇ ਸੀ, ਉਸ ਦੀ ਪੂਜਾ ਕਰਵਾ ਦਿੰਦੇ ਸਨ। ਸਾਰਾ ਗੁਰੂ ਵੰਸ਼ ਗੁਰੂ ਹੀ ਕਹਾਉਂਦਾ ਹੈ॥ ੧੦॥

ਇਹ ਰੁਖ਼ ਫਿਰੇ ਰਹਤਿ, ਨਹਿੰ ਮੇਲਹਿੰ। ਦੇਨਿ ਲੇਨਿ ਹਿਤ ਨਹਿੰਨ ਸਕੇਲਹਿੰ।
ਕਿਮ ਨਿਰਬਾਹ ਹੋਇਗੋ ਐਸੇ? ਰਹੈਂ ਮਸੰਦਨ ਸੋਂ ਅਬਿ ਜੈਸੇ'॥ ੧੧॥

ਇਹ ਗੁਰੂ ਜੀ ਮਸੰਦਾਂ ਦੇ ਉਲਟ ਰੁਖ਼ ਰੱਖਦੇ ਹਨ, ਮਿਲਾਪ ਨਹੀਂ ਕਰਦੇ। ਸਿਰੋਪਾ ਦੇਣ ਤੇ ਭੇਟਾ ਲੈਣ ਵਾਸਤੇ ਮਸੰਦਾਂ ਨੂੰ ਇਕੱਠੇ ਨਹੀਂ ਕਰਦੇ। ਇਸ ਪ੍ਰਕਾਰ ਕਿਵੇਂ ਨਿਭਾਅ ਹੋਵੇਗਾ? ਜਿਵੇਂ ਹੁਣ ਮਸੰਦਾਂ ਨਾਲ ਸਲੂਕ ਕਰਦੇ ਹਨ॥ ੧੧॥

ਸੁਨਿ ਮਾਤਾ ਤਿਨ ਕੋ ਲਖਿ ਸਾਚੇ। ਪੁੱਤ੍ਰ ਨਿਕਟ ਹੁਇ ਗਿਰਾ ਉਬਾਚੇ।
'ਚਹੁੰ ਦਿਸ਼ ਮਹਿੰ ਸਿਖ ਸੇਵਕ ਬ੍ਰਿੰਦ। ਕੋ ਸਮੀਪ ਕੋ ਦੂਰ ਬਿਲੰਦ॥ ੧੨॥

ਮਾਤਾ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਸੱਚੀ ਜਾਣੀ ਤੇ ਆਪਣੇ ਪੁੱਤਰ ਦੇ ਪਾਸ ਜਾ ਕੇ ਬਚਨ ਕੀਤਾ, "ਚਾਰੇ ਪਾਸੇ ਤੁਹਾਡੇ ਬਹੁਤ ਸਿੱਖ ਸੇਵਕ ਹਨ, ਕੋਈ ਨੇੜੇ ਹੈ ਕੋਈ ਬਹੁਤ ਦੂਰ ਹੈ॥ ੧੨॥

ਕੋ ਪ੍ਰੇਮੀ ਦਰਸ਼ਨ ਹਿਤ ਆਵੈ। ਨਾਤੁਰੁ ਕਾਰ ਜੁ ਗੁਰ ਅਰਪਾਵੈਂ।
ਸੋ ਸਭਿ ਸੰਚਜ ਕਰਹਿੰ ਮਸੰਦ। ਦੇਸ਼ ਬਿਦੇਸ਼ਨ ਦੂਰ ਬਿਲੰਦ॥ ੧੩॥

ਕੋਈ ਕੋਈ ਪ੍ਰੇਮੀ ਦਰਸ਼ਨਾਂ ਵਾਸਤੇ ਆਉਂਦਾ ਹੈ, ਨਹੀਂ ਤਾਂ ਸਾਰੀ ਕਾਰ ਭੇਟ ਮਸੰਦ ਹੀ ਗੁਰੂ ਜੀ ਨੂੰ ਅਰਪਣ ਕਰਦੇ ਹਨ। ਉਹ ਸਾਰਾ ਧਨ ਮਸੰਦ ਇਕੱਠਾ ਕਰਦੇ ਹਨ, ਜਿਹੜੇ ਦੇਸ਼ਾਂ ਵਿਦੇਸ਼ਾਂ ਵਿਚ ਬਹੁਤ ਦੂਰ ਰਹਿੰਦੇ ਹਨ॥ ੧੩॥

ਅਪਨੋ ਖਾਨ ਪਾਨ ਭੀ ਕਰੈਂ। ਅਪਰ ਲਜਾਇ ਤੁਮ ਆਗੈ ਧਰੈਂ।
ਇਹ ਕਦੀਮ ਗੁਰ ਘਰ ਕੀ ਰੀਤਿ। ਕਰਹੁ ਆਪ ਭੀ ਇਸ ਮਹੁਂ ਪ੍ਰੀਤਿ'॥ ੧੪॥

ਆਪਣਾ ਖਾਣ ਪੀਣ ਵੀ ਕਰਦੇ ਹਨ ਤੇ ਹੋਰ ਲਿਆ ਕੇ ਤੁਹਾਡੇ ਅੱਗੇ ਧਰ ਦਿੰਦੇ ਹਨ। ਇਹ ਗੁਰੂ ਘਰ ਦੀ ਪੁਰਾਣੀ ਰੀਤ ਹੈ, ਆਪ ਵੀ ਇਸ ਰੀਤੀ ਨੂੰ ਪ੍ਰੇਮ ਨਾਲ ਚਲਾਓ" ॥ ੧੪ ॥

**ਸ੍ਰੀ ਗੁਰ ਭਨਜੋਂ 'ਸੰਗਤਾਂ ਮੇਰੀ। ਕੀਨਿ ਮਸੰਦਨਿ ਦੁਖੀ ਘਨੇਰੀ।**
**ਇਹ ਗਤਿ ਮੋ ਤੇ ਸਹਜੋ ਨ ਜਾਇ। ਨਿਸ ਬਾਸੁਰ ਸਿਖ ਗੁਰੂ ਧਿਆਇ' ॥੧੫॥**

ਗੁਰੂ ਜੀ ਨੇ ਕਿਹਾ, "ਮੇਰੀ ਸੰਗਤ ਨੂੰ ਮਸੰਦਾਂ ਨੇ ਬਹੁਤ ਦੁਖੀ ਕੀਤਾ ਹੈ। ਇਹ ਗਤੀ ਮੈਥੋਂ ਬਰਦਾਸ਼ਤ ਨਹੀਂ ਹੁੰਦੀ ਹੈ। ਦਿਨ ਰਾਤ ਸਿੱਖ ਗੁਰੂ ਜੀ ਦਾ ਸਿਮਰਨ ਕਰਦੇ ਹਨ" ॥ ੧੫ ॥

**ਇਸ ਪ੍ਰਕਾਰ ਮਾਤਾ ਬਹੁ ਬਾਰੀ। ਹੇਤੁ ਮਸੰਦਨਿ ਕਰਹਿ ਉਚਾਰੀ।**
**ਕੇਤਿਕ ਸਮਾ ਬਿਤਾਵਨਿ ਕੀਨਾ। ਆਵਹਿ ਸੰਗਤਿ ਨੀਤ ਨਵੀਨਾ॥ ੧੬ ॥**

ਇਸ ਪ੍ਰਕਾਰ ਮਾਤਾ ਜੀ ਬਹੁਤ ਵਾਰ ਮਸੰਦਾਂ ਬਾਰੇ ਉਚਾਰਨ ਕਰਦੇ ਸਨ। ਕਾਫੀ ਸਮਾਂ ਇਸ ਤਰ੍ਹਾਂ ਬਤੀਤ ਕੀਤਾ। ਨਿਤ ਨਵੀਂ ਸੰਗਤ ਆਉਂਦੀ ਸੀ॥ ੧੬ ॥

**ਜਿਸ ਤੇ ਚੇਤੋ ਲੇਤਿ ਅਕੋਰ। ਸੋ ਸਿਖ ਆਯਹੁ ਦਰਸ਼ਨ ਲੋਰਿ।**
**ਆਗੇ ਸੁੰਦਰ ਭੇਟ ਪਠਾਈ। ਪੁਨ ਆਯੋ ਗੁਰ ਦੇਖਨਿ ਤਾਂਈ॥ ੧੭॥**

ਜਿਸ ਪਾਸੋਂ ਚੇਤੋ ਮਸੰਦ ਉਪਹਾਰ ਲੈਂਦਾ ਸੀ, ਉਹ ਸਿੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ। ਉਸ ਨੇ ਆ ਕੇ ਗੁਰੂ ਜੀ ਦੇ ਅੱਗੇ ਸੁੰਦਰ ਭੇਟਾ ਧਰੀ, ਫਿਰ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ॥ ੧੭॥

**ਇਕ ਚੂਰਾ ਗੈਂਡੇ ਕੋ ਬਨਜੋ। ਜਰਜੋ ਜਰਾਉ ਸੁ ਹੀਰਨਿ ਸਨਜੋ।**
**ਅਦਭੁਤ ਸੁੰਦਰ ਅਧਿਕ ਸੁਹਾਯੋ। ਕਿਸ ਕਾਰਨ ਸਿਖ ਕੇ ਕਰ ਆਯੋ॥ ੧੮ ॥**

ਇਕ ਚੂੜਾ ਗੈਂਡੇ ਦਾ ਬਣਿਆ ਸੀ, ਉਹ ਹੀਰਿਆਂ ਨਾਲ ਜੜਾਊ ਜੜਿਆ ਸੀ। ਅਦਭੁਤ ਸੁੰਦਰ ਬਹੁਤ ਸ਼ੋਭਦਾ ਸੀ। ਕਿਸ ਕਾਰਨ ਉਹ ਸਿੱਖ ਦੇ ਹੱਥ ਆਇਆ ਸੀ॥ ੧੮ ॥

**ਬਸਤੁ ਅਮੋਲਕ ਮਹਾਂ ਜਰਾਊ। ਨਿਰਧਨ ਸਿਖ ਲੇ ਕੀਨਿ ਦੁਰਾਊ।**
**ਤੁਰਕ ਨਹੀਂ ਕੋ ਬਲ ਕਰਿ ਲੇਈ। ਇਸ ਕਾਰਨ ਤੇ ਨਹੀਂ ਦਿਖੇਈ॥ ੧੯ ॥**

ਚੂੜਾ ਬਹੁਤ ਅਮੋਲਕ ਅਤੇ ਸੁੰਦਰ ਜੜਾਊ ਬਣਿਆ ਹੋਇਆ ਸੀ, ਉਸ ਗ਼ਰੀਬ ਸਿੱਖ ਨੇ ਉਸ ਨੂੰ ਲੁਕਾ ਲਿਆ ਸੀ। ਕੋਈ ਤੁਰਕ ਬਲ ਕਰਕੇ ਨਾ ਲੈ ਲਵੇ, ਇਸ ਕਾਰਨ ਉਸ ਕਿਸੇ ਨੂੰ ਨਹੀਂ ਵਿਖਾਇਆ ਸੀ॥ ੧੯ ॥

**ਦੁਰਜੋ ਦੁਰਜੋ ਬੇਚਨ ਕੋ ਚਹਜੋ। ਬਿਕਜੋ ਨ ਕਿਤ, ਨਹਿਂ ਧਨ ਕੋ ਲਹਜੋ।**
**ਚਿਰੰਕਾਲ ਕੋ ਘਰ ਮੈਂ ਧਰਜੋ। ਏਕ ਦਿਵਸ ਸਿਖ ਰਿਦੈ ਬਿਚਰਜੋ॥ ੨੦ ॥**

ਲੁਕਾਏ ਲੁਕਾਏ ਨੂੰ ਵੇਚਣਾ ਚਾਹਿਆ, ਕਿਤੇ ਵੀ ਵਿਕਿਆ ਨਾ ਤੇ ਧਨ ਵੀ ਪ੍ਰਾਪਤ ਨਾ ਹੋਇਆ। ਲੰਮੇ ਸਮੇਂ ਦਾ ਘਰ ਵਿਚ ਧਰਿਆ ਸੀ। ਇਕ ਦਿਨ ਸਿੱਖ ਨੇ ਹਿਰਦੇ ਵਿਚ ਵਿਚਾਰ ਕੀਤੀ॥ ੨੦ ॥

**ਇਹ ਗੁਰ ਘਰ ਕੇ ਲਾਇਕ ਅਹੈ। ਅਪਰ ਥਾਨ ਨਹਿਂ ਉਚਿਤਾ ਲਹੈ।**
**ਤਬਿ ਮਸੰਦ ਚੇਤੋ ਤਹਿਂ ਗਯੋ। ਉਗਰਾਹਤਿ ਗੁਰ ਕਾਰ ਸੁ ਭਯੋ॥ ੨੧ ॥**

ਇਹ ਚੂੜਾ ਗੁਰੂ ਘਰ ਦੇ ਲਾਇਕ ਹੈ, ਹੋਰ ਥਾਂ ਦੇਣਾ ਇਹ ਉਚਿਤ ਨਹੀਂ ਹੈ। ਤਦ ਮਸੰਦ ਚੇਤੋ ਉਥੇ ਗਿਆ ਤੇ ਗੁਰੂ ਜੀ ਦੀ ਕਾਰ ਭੇਟ ਦੀ ਉਗਰਾਹੀ ਕਰਨ ਲੱਗਾ॥ ੨੧ ॥

ਸਿਖ ਨੇ ਗੁਰ ਮਸੰਦ ਕੋ ਜਾਨਿ। ਸੋ ਚੂਰਾ ਦੀਨਸਿ ਇਸ ਪਾਨ।
ਕਹਜੋ ਕਿ 'ਗੁਰ ਕੀ ਮਾਤਾ ਹਾਥ। ਤਿਨ ਹਿਤ ਦੀਨਿ ਪ੍ਰੇਮ ਕੇ ਸਾਥ॥ ੨੨॥

ਸਿੱਖ ਨੇ ਗੁਰੂ ਜੀ ਦਾ ਮਸੰਦ ਜਾਣ ਕੇ, ਉਹ ਚੂੜਾ ਉਸ ਦੇ ਹੱਥ ਵਿਚ ਦੇ ਦਿੱਤਾ ਤੇ ਕਿਹਾ, "ਇਹ ਗੁਰੂ ਜੀ ਦੀ ਮਾਤਾ ਵਾਸਤੇ ਹੈ, ਉਨ੍ਹਾਂ ਵਾਸਤੇ ਮੈਂ ਪ੍ਰੇਮ ਨਾਲ ਦਿੱਤਾ ਹੈ॥ ੨੨॥

ਮਮ ਦਿਸ਼ਿ ਤੇ ਬੰਦਨ ਕਰਿ ਨੀਕੇ। ਅਰਪਹੁ ਸ੍ਰੀ ਗੁਰ ਚਰਨ ਨਜੀਕੇ'।
ਅਪਰ ਕਾਰ ਧਨ ਗਨ ਕੋ ਲੈਕੈ। ਅਰੁ ਚੂਰਾ ਲੀਨਸਿ ਹਰਖੈਕੈ॥ ੨੩॥

ਮੇਰੀ ਵਲੋਂ ਚੰਗੀ ਤਰ੍ਹਾਂ ਬੰਦਨਾ ਕਰਕੇ, ਗੁਰੂ ਜੀ ਦੇ ਚਰਨਾਂ ਦੇ ਨੇੜੇ ਅਰਪਣ ਕਰ ਦੇਣਾ।" ਹੋਰ ਕਾਰ ਭੇਟ ਅਤੇ ਧਨ ਲਿਆ ਤੇ ਚੂੜਾ ਬਹੁਤ ਪ੍ਰਸੰਨ ਹੋ ਕੇ ਲਿਆ॥ ੨੩॥

ਆਨਿ ਅਨੰਦਪੁਰ ਬਿਖੈ ਪ੍ਰਵੇਸ਼ਾ। ਨਿਜ ਘਰਿ ਮਹਿਂ ਬਸਿ ਨਿਸਾ ਅਸ਼ੇਸ਼ਾ।
ਨਿਜ ਇਸਤ੍ਰੀ ਕੋ ਤਬਹਿ ਦਿਖਾਯੋ। ਦੇਖਤਿ ਹੀ ਤਿਹ ਚਿਤ ਬਿਰਮਾਯੋ॥ ੨੪॥

ਆ ਕੇ ਅਨੰਦਪੁਰ ਵਿਚ ਪ੍ਰਵੇਸ਼ ਕਰ ਗਿਆ। ਰਾਤ ਨੂੰ ਆਪਣੇ ਘਰ ਵਿਚ ਵਸ ਕੇ ਸਾਰੀ ਰਾਤ ਗੁਜ਼ਾਰੀ। ਫਿਰ ਆਪਣੀ ਇਸਤਰੀ ਨੂੰ ਉਹ ਚੂੜਾ ਵਿਖਾਇਆ, ਵੇਖਦਿਆਂ ਹੀ ਉਸ ਦੀ ਇਸਤਰੀ ਦਾ ਮਨ ਭਰਮ ਗਿਆ॥ ੨੪॥

'ਇਹ ਚੂਰਾ ਮੁਝ ਕੋ ਪਤਿ ! ਦੀਜੈ। ਮਹਾਂ ਅਮੋਲਕ ਰੁਚਿਰ ਲਖੀਜੈ'।
ਤਿਯ ਕੇ ਕਹੇ ਗਏ ਮਤਿ ਮਾਰੀ। ਪਹਿਰਾ ਇਸੁ ਤਿਹ ਹਾਥ ਮਝਾਰੀ॥ ੨੫॥

"ਹੇ ਪਤੀ ਦੇਵ ! ਇਹ ਚੂੜਾ ਮੈਨੂੰ ਦੇਵੋ, ਇਹ ਮਹਾਂ ਅਮੋਲਕ ਅਤੇ ਸੁੰਦਰ ਦਿਖਾਈ ਦਿੰਦਾ ਹੈ।" ਉਸ ਦੇ ਕਹਿਣ ਉੱਤੇ ਚੇਤੋ ਮਸੰਦ ਦੀ ਮੱਤ ਮਾਰੀ ਗਈ ਤੇ ਉਸ ਨੇ ਚੂੜਾ ਆਪਣੀ ਇਸਤਰੀ ਦੇ ਹੱਥ ਵਿਚ ਪਾ ਦਿੱਤਾ॥ ੨੫॥

ਕੁਛ ਧਨ ਲੇ ਨਿਜ ਘਰਿ ਮਹਿਂ ਰਾਖਾ। ਹੋਤਿ ਪ੍ਰਾਤਿ ਗੁਰ ਦਰਸੁ ਭਿਲਾਖਾ।
ਦੀਨਿਸਿ ਕਾਰ ਖਜ਼ਾਨੇ ਪਾਇ। ਰਹਜੋ ਸਮੀਪ ਬਹੁਰ ਤਿਸ ਭਾਇ॥ ੨੬॥

ਕੁਝ ਧਨ ਲੈ ਕੇ ਆਪਣੇ ਘਰ ਵਿਚ ਰੱਖਿਆ ਤੇ ਸਵੇਰ ਹੋਣ 'ਤੇ ਗੁਰੂ ਜੀ ਦੇ ਦਰਸ਼ਨਾਂ ਦੀ ਅਭਿਲਾਖਾ ਕੀਤੀ। ਕਾਰ ਭੇਟ ਦੇ ਕੇ ਖਜ਼ਾਨੇ ਪਾ ਦਿੱਤੀ, ਫਿਰ ਪਹਿਲਾਂ ਵਾਂਗ ਹੀ ਗੁਰੂ ਜੀ ਦੇ ਪਾਸ ਰਿਹਾ॥ ੨੬॥

ਜਿਸ ਸਿਖ ਨੇ ਚੂਰਾ ਕਰ ਦੀਨ। ਸੋ ਆਯੋ ਦਰਸ਼ਨ ਇਛ ਕੀਨਿ।
ਪ੍ਰਥਮ ਮਿਲਜੋ ਚੇਤੋ ਕੇ ਸਾਥ। ਬੂਝਨਿ ਕੀਨਿ ਭੇਟ ਕੀ ਗਾਥ॥ ੨੭॥

ਜਿਸ ਸਿੱਖ ਨੇ ਚੂੜਾ ਚੇਤੋ ਦੇ ਹੱਥ ਵਿਚ ਦਿੱਤਾ ਸੀ, ਉਹ ਦਰਸ਼ਨਾਂ ਦੀ ਇੱਛਾ ਕਰਕੇ ਆਇਆ। ਪਹਿਲਾਂ ਉਹ ਚੇਤੋ ਨੂੰ ਜਾ ਕੇ ਮਿਲਿਆ ਤੇ ਆਪਣੇ ਵਲੋਂ ਦਿੱਤੀ ਭੇਟ ਦੀ ਕਹਾਣੀ ਪੁੱਛੀ॥ ੨੭॥

'ਗੁਰ ਢਿਗ ਕਰੀ ਕਿ ਨਹੀਂ ਪੁਚਾਵਨਿ। ਮੈਂ ਜੋ ਦਯੋ ਧਾਰਿ ਮਨ ਭਾਵਨਿ'।
ਸੁਨਿ ਚੇਤੋ ਕਹਜੋ 'ਤੈਂ ਜੋ ਦੀਨਿ। ਸੋ ਮੈਂ ਗੁਰੂ ਅਰਪਬੇ ਕੀਨ॥ ੨੮॥

"ਉਸ ਭੇਟਾ ਨੂੰ ਗੁਰੂ ਜੀ ਪਾਸ ਪਹੁੰਚਾਇਆ ਹੈ ਕਿ ਨਹੀਂ, ਜਿਹੜਾ ਮੈਂ ਮਨ ਵਿਚ ਭਾਵਨਾ ਧਾਰ ਕੇ ਦਿੱਤੀ ਸੀ।" ਇਹ ਸੁਣ ਕੇ ਚੇਤੋ ਨੇ ਕਿਹਾ, "ਤੂੰ ਜੋ ਦਿੱਤਾ ਸੀ, ਉਹ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ॥ ੨੮॥

ਬਹੁਤ ਖੁਸ਼ੀ ਗੁਰ ਕੀ ਤਬਿ ਹੋਈ। ਸੁਖ ਭੋਗਹੁ ਨਹਿਂ ਸੰਸੈ ਕੋਈ'।
ਕੂਰ ਕਹਜੋ ਮੂਰਖ ਨੇ ਜਬੈ। ਚਿੰਤਾ ਬਜਾਪੀ ਚਿਤ ਅਤਿ ਤਬੈ॥ ੨੯॥

ਉਸ ਉੱਤੇ ਫਿਰ ਗੁਰੂ ਜੀ ਦੀ ਬਹੁਤ ਖੁਸ਼ੀ ਹੋਈ, ਹੁਣ ਸੁਖ ਭੋਗੋ, ਕੋਈ ਸ਼ੰਕਾ ਨਾ ਰੱਖੋ।" ਜਦ ਮੂਰਖ ਨੇ ਝੂਠ ਬੋਲਿਆ ਤਾਂ ਅੰਤ ਵਿਚ ਬੜੀ ਚਿੰਤਾ ਉਤਪੰਨ ਹੋਈ॥ ੨੯॥

ਅਸ ਚੂਰਾ ਬਹੁਮੋਲਾ ਸੁੰਦਰ। ਅਪਰ ਨਹੀਂ ਸਿੱਖੀ ਕੇ ਅੰਦਰ।
ਸਤਿਗੁਰ ਨਿਕਟ ਜਾਇ ਮਤ ਕਹੈ। ਤੌ ਮਮ ਭੇਤ ਸਕਲ ਜਨ ਲਹੈਂ॥ ੩੦॥

ਐਸਾ ਚੂੜਾ ਬਹੁ ਮੁੱਲਾ ਅਤੇ ਸੁੰਦਰ, ਸਿੱਖੀ ਦੇ ਅੰਦਰ ਹੋਰ ਕੋਈ ਨਹੀਂ। ਇਹ ਕਿਤੇ ਜਾ ਕੇ ਸਤਿਗੁਰੂ ਜੀ ਦੇ ਪਾਸ ਹੀ ਨਾ ਕਹਿ ਦੇਵੇ ਤਾਂ ਮੇਰਾ ਸਾਰਾ ਭੇਦ ਜਾਣ ਲੈਣਗੇ॥ ੩੦॥

ਯਾਂਤੇ ਜਤਨ ਕਰਹੁੰ ਅਬਿ ਐਸੇ। ਇਹ ਸਿਖ ਗੁਰ ਢਿਗ ਜਾਇ ਨ ਜੈਸੇ।
ਮਿਲਜੋ ਸੁ ਦ੍ਵਾਰਪਾਲ ਸੰਗ ਜਾਇ। ਕਛੁਕ ਦਰਬ ਦੇ ਕਹਜੋ ਸੁਨਾਇ॥ ੩੧॥

ਇਸ ਕਰਕੇ ਹੁਣ ਇਸ ਤਰ੍ਹਾਂ ਯਤਨ ਕਰੋ, ਜਿਵੇਂ ਇਹ ਸਿੱਖ ਗੁਰੂ ਜੀ ਪਾਸ ਜਾ ਨਾ ਸਕੇ। ਉਹ ਦਵਾਰਪਾਲ ਨੂੰ ਜਾ ਕੇ ਮਿਲਿਆ ਤੇ ਕੁਝ ਧਨ ਦੇ ਕੇ ਜਾ ਕੇ ਕਹਿ ਕੇ ਸੁਣਾਇਆ॥ ੩੧॥

'ਇਹੁ ਸਿਖ ਅੰਤਰ ਪ੍ਰਵਿਸ਼ਹਿ ਨਾਂਹੀ। ਦੇਖਿ ਰਖਹੁ ਸਿਮਰਹੁ ਮਨ ਮਾਂਹੀ।
ਇਹ ਸਤਿਗੁਰ ਕੋ ਜਾਇ ਅਕਾਵੈ। ਮਤਿ ਹੀਂਨਾ ਮਾਂਗਨਿ ਚਲਿ ਆਵੈ॥ ੩੨॥

"ਇਹ ਸਿੱਖ ਅੰਦਰ ਨਾ ਪ੍ਰਵੇਸ਼ ਕਰ ਸਕੇ, ਵੇਖ ਰੱਖੋ ਤੇ ਮਨ ਵਿਚ ਯਾਦ ਰੱਖੋ। ਇਹ ਸਤਿਗੁਰੂ ਜੀ ਨੂੰ ਜਾ ਕੇ ਅਕਾਉਂਦਾ ਹੈ, ਮੂਰਖ ਕੁਝ ਮੰਗਣ ਵਾਸਤੇ ਚਲ ਕੇ ਆਉਂਦਾ ਹੈ॥ ੩੨॥

ਅੱਗਜਾਨੀ ਜਾਨਤਿ ਕੁਛ ਨਾਂਹੀ। ਨਹਿਂ ਚੁਪ ਰਹਿਤ ਗੁਰੂ ਕੇ ਪਾਹੀ।
ਨਹਿਂ ਕਿਸ ਕਾਲ ਪ੍ਰਵੇਸ਼ਨਿ ਦੀਜੈ। ਦ੍ਰਿਸ਼ਟ ਬਿਖੈ ਇਸ ਕੋ ਰਖਿ ਲੀਜੈ' ॥ ੩੩॥

ਅਗਿਆਨੀ ਕੁਝ ਜਾਣਦਾ ਨਹੀਂ ਹੈ, ਗੁਰੂ ਜੀ ਦੇ ਪਾਸ ਜਾ ਕੇ ਵੀ ਚੁੱਪ ਨਹੀਂ ਰਹਿੰਦਾ ਹੈ। ਕਿਸੇ ਦੇ ਨਾਲ ਵੀ ਇਸ ਨੂੰ ਪ੍ਰਵੇਸ਼ ਨਾ ਕਰਨ ਦੇਵੇ, ਇਸ ਨੂੰ ਆਪਣੀ ਦ੍ਰਿਸ਼ਟੀ ਵਿਚ ਰੱਖ ਲਵੇ" ॥ ੩੩॥

ਇਸ ਪ੍ਰਕਾਰ ਬਹੁ ਕਰਿ ਤਕਰਾਈ। ਚੇਤੋ ਚਿਤ ਮੇਟੀ ਦੁਚਿਤਾਈ।
ਦੇਖਿ ਸਮੌਂ ਸਿਖ ਜਾਵਨਿ ਲਾਗਜੋ। ਦ੍ਵਾਰਪਾਲ ਹਟਕਤਿ ਤਿਹ ਆਗਜੋ॥ ੩੪॥

ਇਸ ਪ੍ਰਕਾਰ ਬਹੁਤ ਤਕੜਾਈ ਕਰਕੇ ਚੇਤੋ ਨੇ ਆਪਣੇ ਚਿੱਤ ਦੀ ਦੁਚਿੱਤੀ ਖਤਮ ਕਰ ਲਈ। ਸਮਾਂ ਵੇਖ ਕੇ ਸਿੱਖ ਜਾਣ ਲੱਗਾ, ਦਵਾਰਪਾਲ ਨੇ ਉਸ ਨੂੰ ਅੱਗੇ ਹੋ ਕੇ ਰੋਕ ਲਿਆ॥ ੩੪॥

ਚੇਤੋ ਸਾਥ ਮਿਲਜੋ ਬਚ ਮਾਨੇ। ਸਿਖ ਕੋ ਅੰਤਰ ਦੇਇ ਨ ਜਾਨੇ।
ਇਕ ਦੁਇ ਦਿਨ ਸਿਖ ਫਿਰਿ ਫਿਰਿ ਗਯੋ। ਨਹੀਂ ਗੁਰੂ ਕੋ ਦਰਸ਼ਨ ਭਯੋ॥ ੩੫॥

ਚੇਤੋ ਨਾਲ ਮਿਲ ਕੇ ਉਸ ਦੇ ਬਚਨ ਮੰਨੇ ਸਨ, ਇਸ ਕਰਕੇ ਉਸ ਸਿੱਖ ਨੂੰ ਅੰਦਰ ਨਾ ਜਾਣ ਦਿੱਤਾ। ਇਕ ਦੋ ਦਿਨ ਸਿੱਖ ਫਿਰ ਫਿਰ ਮੁੜ ਗਿਆ, ਪਰ ਗੁਰੂ ਜੀ ਦੇ ਦਰਸ਼ਨ ਨਾ ਹੋਏ॥ ੩੫॥

ਅਤਿ ਮੁਰਝਾਇ ਬਿਸੂਰਤ ਉਰ ਮੈਂ। ਦਰਸ਼ਨ ਹਿਤ ਮੈਂ ਆਨੰਦਪੁਰਿ ਮੈਂ।
ਚਲਿ ਆਯੋ ਕਰਿ ਪ੍ਰੇਮ ਬਿਸਾਲਾ। ਕੋ ਕਾਰਨ ਭਾ ਮੁਝ ਕੋ ਟਾਲਾ॥ ੩੬॥

ਅਤੀ ਮੁਰਝਾ ਕੇ ਦਿਲ ਵਿਚ ਬਹੁਤ ਦੁਖੀ ਹੋਇਆ, ਦਰਸ਼ਨ ਕਰਨ ਵਾਸਤੇ ਮੈਂ ਅਨੰਦਪੁਰ ਵੱਡਾ ਪ੍ਰੇਮ ਧਾਰ ਕੇ ਚਲ ਕੇ ਆਇਆ ਸੀ। ਕਿਹੜਾ ਕਾਰਨ ਹੈ ਕਿ ਗੁਰੂ ਜੀ ਮੈਨੂੰ ਟਾਲ ਰਹੇ ਹਨ॥ ੩੬॥

ਅਪਰ ਸਿੱਖ ਗਨ ਦਰਸ਼ਨ ਪਾਵਹਿਂ। ਇਕ ਆਵਹਿਂ ਇਕ ਚਲਿ ਪੁਨ ਜਾਵਹਿਂ।
ਗੁਰ ਸਰਬੱਗਜ ਅਵੱਗਜਾ ਮੇਰੀ। ਬਰਜਜੋ ਦਰਸ਼ਨ ਤੇ ਕੋ ਹੇਰੀ॥ ੩੭॥

ਹੋਰ ਬਹੁਤ ਸਿੱਖ ਦਰਸ਼ਨ ਪਾਉਂਦੇ ਸਨ, ਇਕ ਆਉਂਦਾ ਸੀ ਇਕ ਫਿਰ ਚਲੇ ਜਾਂਦਾ ਸੀ। ਸਮਰੱਥ ਗੁਰੂ ਜੀ ਮੇਰੀ ਅਵੱਗਿਆ ਜਾਣਦੇ ਹਨ, ਮੇਰੇ ਵਿਚ ਕੀ ਘਾਟ ਵੇਖ ਕੇ ਦਰਸ਼ਨਾਂ ਤੋਂ ਰੋਕਿਆ ਹੈ॥ ੩੭॥

ਰਿਦੈ ਬਿਚਾਰਤਿ ਆਰਤ ਹੋਵਤਿ। ਨਿਜ ਮਹਿਂ ਦੋਸ਼ ਨਹੀਂ ਕੋ ਜੋਵਤਿ।
ਜਹਿਂ ਬੈਠਜੋ ਤਹਿਂ ਬੈਠਜੋ ਰਹੈ। ਜਿਤ ਦੇਖਤਿ, ਦੇਖਤਿ ਨਹਿਂ ਲਹੈ॥ ੩੮॥

ਹਿਰਦੇ ਵਿਚ ਵਿਚਾਰਦਾ ਆਤਰ ਹੋ ਗਿਆ, ਆਪਣੇ ਵਿਚ ਕੋਈ ਵੀ ਦੋਸ਼ ਨਹੀਂ ਸੀ ਵੇਖਦਾ। ਜਿੱਥੇ ਬੈਠਾ ਰਹਿੰਦਾ ਸੀ, ਉਥੇ ਬੈਠਾ ਰਹਿੰਦਾ ਸੀ। ਜਿਧਰ ਵੇਖਦਾ ਹੈ, ਵੇਖਦਿਆਂ ਵੀ ਨਹੀਂ ਜਾਣਦਾ ਹੈ ਕਿ ਕੀ ਵੇਖ ਰਿਹਾ ਹੈ॥ ੩੮॥

ਹੁਇ ਦਿਲਗੀਰ ਵਹਿਰ ਕੋ ਗਯੋ। ਇਕ ਤਰੁ ਤਰੇ ਜਾਇ ਥਿਤ ਭਯੋ।
ਚਿਤਵਤਿ ਗੁਰ ਮੂਰਤਿ ਚਿਤ ਮਾਂਹੀ। ਪ੍ਰਾਪਤਿ ਭਯੋ ਸ਼ਾਂਤਿ ਕੋ ਨਾਂਹੀ॥ ੩੯॥

ਬਹੁਤ ਦਿਲਗੀਰ ਹੋ ਕੇ ਬਾਹਰ ਚਲਾ ਗਿਆ, ਇਕ ਦਰੱਖਤ ਥੱਲੇ ਜਾ ਕੇ ਬੈਠ ਗਿਆ। ਆਪਣੇ ਚਿੱਤ ਵਿਚ ਗੁਰੂ ਜੀ ਦੀ ਮੂਰਤੀ ਚਿੱਤਵਦਾ ਸੀ, ਪਰ ਸ਼ਾਂਤੀ ਪ੍ਰਾਪਤ ਨਹੀਂ ਸੀ ਹੁੰਦੀ॥ ੩੯॥

ਗਿਨਤੀ ਗਿਨਤਜੋ ਬਿਨਤੀ ਭਨੈ। 'ਹੇ ਪ੍ਰਭੁ ! ਆਪ ਕ੍ਰਿਪਾ ਕੇ ਸਨੈ।
ਅੰਤਰਜਾਮੀ ਜਾਨਹੁ ਸਾਰੇ। ਜੇ ਅਵਗਨ ਮਮ ਬਡੋ ਚਿਤਾਰੇ॥ ੪੦॥

ਗਿਣਤੀਆਂ ਗਿਣਦਾ, ਬੇਨਤੀ ਕਰਦਾ ਸੀ, "ਹੇ ਪ੍ਰਭੂ ਜੀ ! ਆਪ ਕਿਰਪਾ ਸਹਿਤ ਹੋ। ਹੇ ਅੰਤਰਜਾਮੀ ! ਤੁਸੀਂ ਸਭ ਕੁਝ ਜਾਣਦੇ ਹੋ, ਜਿਹੜਾ ਮੇਰਾ ਵੱਡਾ ਵੱਡਾ ਔਗੁਣ ਚਿਤਾਰਦੇ ਹੋ॥ ੪੦॥

ਮੁਝ ਕੋ ਸੁਧ ਕਿਸ ਬਿਧਿ ਕਰਿ ਦੇਵੈਂ। ਦਾਸ ਆਪਨੋ ਉਰ ਲਖਿ ਲੇਵੈਂ।
ਇੱਤਜਾਦਿਕ ਮਨ ਤੇ ਕਰਿ ਬਿਨਤੀ। ਚਰਨ ਕਮਲ ਚਿਤਵਤਿ ਅਤਿ ਗਿਨਤੀ॥੪੧॥

ਮੈਨੂੰ ਕਿਸੇ ਵਿਧੀ ਕਰਕੇ ਖਬਰ ਦੇਵੋ, ਆਪਣੇ ਦਾਸ ਨੂੰ ਹਿਰਦੇ ਵਿਚ ਸਮਝ ਲਵੋ।" ਇਸ ਪ੍ਰਕਾਰ ਦੀਆਂ ਮਨ ਵਿਚ ਬੇਨਤੀਆਂ ਕੀਤੀਆਂ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਚਿੱਤ ਜੋੜਿਆ ਹੋਇਆ ਸੀ॥ ੪੧॥

ਦਾਸ ਰਿਦੇ ਕੀ ਸਭਿ ਬਿਧਿ ਜਾਨੀ। ਖੋਟ ਮਸੰਦਨ ਜੋ ਮਨ ਮਾਨੀ।
ਤਾਤਕਾਲ ਇਕ ਸਿੱਖ ਪਠਾਯੋ। ਤਿਸ ਤਰੁ ਕੇ ਤਰ, ਪਤੋ ਬਤਾਯੋ॥ ੪੨॥

ਗੁਰੂ ਜੀ ਨੇ ਆਪਣੇ ਸਿੱਖ ਦੇ ਹਿਰਦੇ ਦੀ ਸਾਰੀ ਗਤੀ ਜਾਣੀ ਤੇ ਮਸੰਦਾਂ ਦੀ ਖੋਟ ਨੂੰ ਮਨ ਵਿਚ ਮੰਨਿਆ। ਤੁਰਤ ਇਕ ਸਿੱਖ ਨੂੰ ਭੇਜਿਆ ਤੇ ਉਸ ਦਰੱਖਤ ਦੇ ਥੱਲੇ ਦਾ ਪਤਾ ਦੱਸਿਆ॥ ੪੨॥

ਜਾਇ ਬਿਲੋਕਜੋ ਬੈਠਜੋ ਤਹਾਂ। ਬਦਨ ਮਲੀਨ ਦੀਨ ਮਨ ਮਹਾਂ।
'ਚਲਹੁ ਬੁਲਾਵਹਿਂ ਸਤਿਗੁਰ ਤੋਹੀ। ਕੋ ਜਾਨੈ ਕੋ ਕਾਰਜ ਹੋਹੀ'॥ ੪੩॥

ਉਸ ਸੇਵਕ ਨੇ ਜਾ ਕੇ ਦਰੱਖਤ ਦੇ ਥੱਲੇ ਬੈਠੇ ਹੋਏ ਸਿੱਖ ਨੂੰ ਵੇਖਿਆ, ਜਿਸ ਦਾ ਚਿਹਰਾ ਕੁਮਲਾਇਆ ਹੋਇਆ ਤੇ ਮਨ ਮਹਾਨ ਦੀਨ ਹੋਇਆ ਸੀ। ਉਸ ਸੇਵਕ ਨੇ ਆ ਕੇ ਕਿਹਾ, "ਚਲੋ ਤੁਹਾਨੂੰ ਸਤਿਗੁਰੂ ਜੀ ਬੁਲਾ ਰਹੇ ਹਨ, ਕੌਣ ਜਾਣਦਾ ਕਿ ਕੀ ਕੰਮ ਹੈ"॥ ੪੩॥

ਸੁਨਿ ਹਰਖਜੋ ਉਠਿ ਸੰਗ ਸਿਧਾਰਾ। ਚਲਿ ਆਯੋ ਸਤਿਗੁਰ ਕੇ ਦ੍ਵਾਰਾ।
ਦ੍ਵਾਰਪਾਲ ਕਹਿ 'ਜਾਨ ਨ ਪਾਵਹਿ'। ਸਿਖ ਕਹਿ 'ਸਾਹਿਬ ਆਪ ਬੁਲਾਵਹਿਂ'॥੪੪॥

ਇਹ ਸੁਣ ਕੇ ਉਹ ਬਹੁਤ ਪ੍ਰਸੰਨ ਹੋ ਕੇ ਉਠਿਆ ਤੇ ਉਸ ਸੇਵਕ ਦੇ ਨਾਲ ਚਲ ਪਿਆ ਤੇ ਸਤਿਗੁਰੂ ਦੇ ਦਵਾਰ ਤੇ ਚਲ ਕੇ ਆ ਗਿਆ। ਦਵਾਰਪਾਲ ਨੇ ਕਿਹਾ, ਇਹ ਜਾ ਨਹੀਂ ਸਕਦਾ। ਸਿੱਖ ਨੇ ਕਿਹਾ, "ਗੁਰੂ ਜੀ ਨੇ ਆਪ ਇਨ੍ਹਾਂ ਨੂੰ ਬੁਲਾਇਆ ਹੈ"॥ ੪੪॥

ਅੰਤਰ ਜਾਇ ਪ੍ਰਵੇਸ਼ਤਿ ਭਯੋ। ਅੰਤ ਮਸੰਦਨ ਕੋ ਜਨੁ ਅਯੋ।
ਕ੍ਰਰਨ ਕੋ ਕਿਦਾਰ ਜਨੁ ਹਰਜੋ। ਕਰਕਾ ਗਨ ਸਿਖ ਆਵਨ ਕਰਜੋ॥ ੪੫॥

ਅੰਦਰ ਜਾ ਕੇ ਪ੍ਰਵੇਸ਼ ਕਰ ਗਿਆ, ਜਿਵੇਂ ਮਸੰਦਾਂ ਦਾ ਹੁਣ ਅੰਤ ਆਇਆ ਸੀ। ਮਾਨੋ ਗੜਿਆਂ ਦਾ ਬੱਦਲ ਰੂਪੀ ਸਿੱਖ ਮਸੰਦਾਂ ਦੇ ਹਰੇ-ਹਰੇ ਖੇਤ ਨੂੰ ਨਾਸ਼ ਕਰਨ ਆਇਆ ਹੈ॥ ੪੫॥

*ਤੀਸਰੀ ਰੁੱਤ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥*

## ਅਧਿਆਇ ਸੋਲ੍ਹਵਾਂ

### ਚੇਤੋ ਮਸੰਦ ਨੂੰ ਸਜ਼ਾ

*ਦੋਹਰਾ-* ਸਿੱਖ ਪ੍ਰਵੇਸ਼ਜੋ ਅੰਤਰੇ ਪ੍ਰੇਮ ਨਿਰੰਤਰ ਧਾਰਿ।
ਕਲਗੀਧਰ ਦਰਸਜੋ ਤਬਹਿ ਲਖਿ ਸਭਿ ਜਗ ਕਰਤਾਰ॥ ੧॥

ਸਿੱਖ ਨਿਰੰਤਰ ਪ੍ਰੇਮ ਧਾਰ ਕੇ ਅੰਦਰ ਪ੍ਰਵੇਸ਼ ਕਰ ਗਿਆ ਕਲਗੀਧਰ ਸਤਿਗੁਰੂ ਜੀ ਦੇ ਉਸ ਜਗਤ ਦਾ ਕਰਤਾਰ ਜਾਣ ਕੇ ਦਰਸ਼ਨ ਕੀਤੇ॥ ੧॥

*ਚੌਪਈ-* 'ਪਾਰਬ੍ਰਹਮ ਕੀ ਮੂਰਤਿ ਜੋਤਿ'। ਲਖਿ ਕਰਿ ਸਿਖ ਕੇ ਪ੍ਰੇਮ ਉਦੋਤ।
ਪਰਜੋ ਚਰਨ ਪਰ ਬੰਦਨ ਕੀਨਿ। ਪੁਨ ਸਨਮੁਖ ਬੈਠਜੋ ਸੁਖ ਲੀਨ॥੨॥

ਪਾਰਬ੍ਰਹਮ ਦੀ ਜੋਤੀ ਹੀ ਇਹ ਮੂਰਤ ਹੈ, ਐਸਾ ਸਮਝ ਕੇ ਸਿੱਖ ਦੇ ਮਨ ਵਿਚ ਪ੍ਰੇਮ ਪ੍ਰਗਟ ਹੋਇਆ ਤੇ ਉਸ ਚਰਨਾਂ 'ਤੇ ਡਿੱਗ ਕੇ ਬੰਦਨਾ ਕੀਤੀ, ਫਿਰ ਸਾਹਮਣੇ ਬੈਠ ਕੇ ਸੁਖ ਪ੍ਰਾਪਤ ਕੀਤਾ॥ ੨॥

ਕ੍ਰਿਪਾ ਧਾਰਿ ਗੁਰ ਮ੍ਰਿਦੁਲ ਅਲਾਯੋ। 'ਹੇ ਪ੍ਰਿਯ ਸਿਖ ! ਹਮ ਹਿਤ ਕਜਾ ਲਜਾਯੋ ?'।
ਸੁਨਤਿ ਹਾਥ ਜੋਰੇ ਤਬਿ ਕਹਜੋ। 'ਅਦਭੁਤ ਚੂਰਾ ਮੈਂ ਕਿਤ ਲਹਜੋ॥੩॥

ਕਿਰਪਾ ਧਾਰ ਕੇ ਗੁਰੂ ਜੀ ਨੇ ਬੜੇ ਮਿੱਠੇ ਬਚਨ ਕਹੇ, "ਹੇ ਪਿਆਰੇ ਸਿੱਖ ! ਸਾਡੇ ਵਾਸਤੇ ਕੀ ਲੈ ਕੇ ਆਇਆ ਹੈਂ ?" ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਇਕ ਅਦਭੁਤ ਚੂੜਾ ਮੈਂ ਕਿਸੇ ਸਥਾਨ ਤੋਂ ਲਿਆ ਸੀ॥ ੩॥

ਲਾਯਕ ਜਾਨਿ ਆਪ ਕੇ ਘਰ ਕੀ। ਪ੍ਰਥਮ ਪਠਜੋ ਮੈਂ, ਪ੍ਰੀਤੀ ਉਰ ਕੀ।
ਗੁਰ ਕੁਦਰਤਿ ਤੇ ਮਮ ਕਰ ਆਯੋ। ਰੁਚਿਰ ਜਰਾਉ ਜਰਜੋ ਦਿਪਤਾਯੋ॥੪॥

ਉਹ ਆਪ ਜੀ ਦੇ ਘਰ ਦੇ ਲਾਇਕ ਜਾਣ ਕੇ, ਮੈਂ ਹਿਰਦੇ ਵਿਚ ਪ੍ਰੇਮ ਧਾਰ ਕੇ ਪਹਿਲਾਂ ਭੇਜਿਆ ਹੈ। ਗੁਰੂ ਜੀ ਦੀ ਕੁਦਰਤ ਕਰਕੇ ਉਹ ਮੇਰੇ ਹੱਥ ਆਇਆ ਸੀ, ਉਹ ਸੁੰਦਰ ਜੜਾਊ ਜੜਿਆ ਹੋਇਆ ਬਹੁਤ ਚਮਕਦਾ ਸੀ॥ ੪॥

ਜਬਰ ਜਵਾਹਰ ਜਿਸ ਪਰ ਜਰੇ। ਕਿਸ ਕਾਰੀਗਰ ਨੇ ਸੁਭ ਕਰੇ।
ਅਬਿ ਮਨ ਦਰਸ਼ਨ ਕੋ ਲਲਚਾਵਾ। ਰਹ੍ਯੋ ਨ ਗਯੋ ਆਪ ਚਲਿ ਆਵਾ ॥੫॥

ਜਬਰ ਜਵਾਹਰ ਉਸ ਉੱਤੇ ਜੜੇ ਹੋਏ ਸਨ, ਕਿਸੇ ਕਾਰੀਗਰ ਨੇ ਬਹੁਤ ਸ਼ੋਭਾ ਵਾਲਾ ਬਣਾਇਆ ਸੀ। ਹੁਣ ਮੇਰਾ ਮਨ ਦਰਸ਼ਨਾਂ ਵਾਸਤੇ ਲਲਚਾਇਆ ਸੀ, ਰਿਹਾ ਨਹੀਂ ਗਿਆ ਹੈ ਆਪ ਚਲ ਕੇ ਆਇਆ ਹਾਂ" ॥ ੫ ॥

ਸ੍ਰੀ ਗੁਰ ਕਹ੍ਯੋ 'ਨ ਹਮ ਨੇ ਹੇਰਾ। ਹੁਤੋ ਬਿਭੂਖਨ ਪਠ੍ਯੋ ਜੁ ਤੇਰਾ।
ਕਿਸ ਕੋ ਦਯੋ ? ਬਤਾਵਨਿ ਕਰੀਐ। ਨਹੀਂ ਦੁਰਾਵਨ ਤਿਸਹਿ ਬਿਚਰੀਅਹਿ' ॥੬॥

ਗੁਰੂ ਜੀ ਨੇ ਕਿਹਾ, "ਅਸੀਂ ਨਹੀਂ ਵੇਖਿਆ ਹੈ, ਜਿਹੜਾ ਤੂੰ ਇਹ ਗਹਿਣਾ ਭੇਜਿਆ ਹੈ। ਕਿਸ ਨੂੰ ਦਿੱਤਾ ਸੀ ? ਇਹ ਦੱਸੋ ਉਸ ਵਿਅਕਤੀ ਦਾ ਨਾਮ ਲੁਕਾਉਣ ਦੀ ਸੋਚ ਨਾ ਕਰਨੀ" ॥ ੬ ॥

'ਮਹਾਂਰਾਜ ਜੀ ! ਮਹਾਂ ਮਸੰਦ। ਜੋ ਗੁਰ ਕਾਰ ਲੇਤਿ ਹੈ ਬ੍ਰਿੰਦ।
ਚੇਤੋ ਨਾਮ ਮੋਟ ਤਨ ਜਾਂਹੀ। ਮੈਂ ਸੰਭਾਰ ਦੀਨਸਿ ਤਿਸ ਪਾਂਹੀ॥ ੭॥

ਸਿੱਖ ਨੇ ਕਿਹਾ, "ਮਹਾਰਾਜ ਜੀ ! ਉਹ ਵੱਡਾ ਮਸੰਦ ਹੈ, ਜਿਹੜਾ ਗੁਰੂ ਜੀ ਦੀ ਸਾਰੀ ਕਾਰ ਭੇਟ ਲੈਂਦਾ ਹੈ। ਚੇਤੋ ਉਸ ਦਾ ਨਾਮ ਹੈ, ਸਰੀਰ ਉਸ ਦਾ ਬਹੁਤ ਮੋਟਾ ਹੈ, ਮੈਂ ਸੰਭਾਲ ਕੇ ਉਸ ਦੇ ਪਾਸ ਦਿੱਤਾ ਹੈ॥ ੭॥

ਲੇ ਸੰਗਤਿ ਤੇ ਬ੍ਰਿੰਦ ਅਕੋਰ। ਗ੍ਰਹਣ ਕਰੇ ਆਯੋ ਤੁਮ ਓਰ।
ਜਿਮ ਨਹਿ ਜਾਨਹਿ ਸਭਿ ਕਿਛ ਜਾਨਿ। ਸਿਖ ਭੇਜ੍ਯੋ 'ਚੇਤੋ ਇਤ ਆਨ' ॥੮॥

ਉਹ ਸੰਗਤ ਪਾਸੋਂ ਬਹੁਤ ਉਪਹਾਰ ਲੈਂਦਾ ਹੈ, ਇਕੱਠੇ ਕਰਕੇ ਲੈ ਕੇ ਤੁਹਾਡੇ ਵਲ ਆਉਂਦਾ ਹੈ।" ਸਭ ਕੁਝ ਜਾਣਨਹਾਰ ਗੁਰੂ ਜੀ ਨੇ ਇਸ ਤਰ੍ਹਾਂ ਪੁੱਛਿਆ ਕਿ ਮਾਨੋ ਕੁਝ ਨਹੀਂ ਜਾਣਦੇ, ਫਿਰ ਉਨ੍ਹਾਂ ਇਕ ਸਿੱਖ ਨੂੰ ਭੇਜਿਆ ਕਿ "ਚੇਤੋ ਨੂੰ ਇਧਰ ਬੁਲਾ ਕੇ ਲਿਆਓ" ॥ ੮॥

ਬੈਠ੍ਯੋ ਹੁਤੋ ਨਿਕੇਤ ਮਝਾਰੇ। ਕਹ੍ਯੋ 'ਚਲਹੁ ਸਤਿਗੁਰੂ ਹਕਾਰੇ'।
ਸੁਨਤਿ ਸਚਿੰਤ ਉਠ੍ਯੋ ਤਤਕਾਲਾ। ਸਿਖ ਕੇ ਸੰਗ ਗੁਰੂ ਢਿਗ ਚਾਲਾ॥ ੯॥

ਚੇਤੋ ਆਪਣੇ ਘਰ ਵਿਚ ਬੈਠਾ ਸੀ, ਸਿੱਖ ਨੇ ਜਾ ਕੇ ਕਿਹਾ, "ਸਤਿਗੁਰੂ ਜੀ ਨੇ ਬੁਲਾਇਆ ਹੈ।" ਇਹ ਸੁਣ ਕੇ ਚੇਤੋ ਤੁਰਤ ਉੱਠਿਆ। ਉਸ ਸਿੱਖ ਦੇ ਨਾਲ ਗੁਰੂ ਜੀ ਪਾਸ ਜਾਣ ਵਾਸਤੇ ਚਲ ਪਿਆ॥ ੯॥

ਜਾਇ ਪ੍ਰਭੂ ਕੇ ਖਰੋ ਅਗਾਰੀ। ਗੁਰ ਆਸ਼ਯ ਲਖਿ ਸਿੱਖ ਉਚਾਰੀ।
'ਸੁਨਿ ਭਾਈ ! ਮੈਂ ਚੂਰਾ ਦੀਨਾ। ਗੁਰ ਘਰ ਹਿਤ ਸਮੁਝਾਵਨ ਕੀਨਾ॥ ੧੦॥

ਜਾ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ, ਗੁਰੂ ਜੀ ਦੀ ਆਗਿਆ ਸਮਝ ਕੇ ਸਿੱਖ ਨੇ ਕਿਹਾ, "ਹੇ ਭਾਈ ਜੀ ! ਸੁਣੋ, ਮੈਂ ਤੁਹਾਨੂੰ ਚੂੜਾ ਦਿੱਤਾ ਸੀ, ਗੁਰੂ ਘਰ ਵਿਚ ਪਹੁੰਚਾਉਣ ਵਾਸਤੇ ਤੁਹਾਨੂੰ ਸਮਝਾਇਆ ਸੀ॥ ੧੦॥

ਆਨ੍ਯੋ ਗੁਰੂ ਕਾਰ ਕੇ ਸਾਥ। ਅਰਪਨ ਕਰ੍ਯੋ ਕਿ ਨਹਿਂ ਢਿਗ ਨਾਥ ?।
ਇਨਹਿਂ ਨਿਹਾਰਨਿ ਕਯੋਂਹੁ ਨ ਕੀਨਾ ?। ਸੋ ਤੈਂ ਆਨਿ ਕਹਹੁ ਕਿਸ ਦੀਨਾ ? ॥੧੧॥

ਤੁਸੀਂ ਗੁਰੂ ਕਾਰ ਦੇ ਨਾਲ ਲਿਆਂਦਾ ਹੈ, ਉਸ ਨੂੰ ਗੁਰੂ ਜੀ ਪਾਸ ਅਰਪਣ ਕੀਤਾ ਹੈ ਕਿ ਨਹੀਂ ? ਸਤਿਗੁਰੂ ਜੀ ਨੇ ਉਸ ਨੂੰ ਕਿਵੇਂ ਨਹੀਂ ਵੇਖਿਆ ਹੈ ? ਸੋ ਤੁਸੀਂ ਆ ਕੇ ਕਹੋ ਕਿਸ ਨੂੰ ਦਿੱਤਾ ਹੈ ?॥ ੧੧॥

ਕਿਸ ਕਾਰਨ ਦਯੋ ਜਿ ਨਹਿਂ ਤਬਿ ?। ਆਨ ਅਰਪਨਾ ਕਰੀਅਹਿ ਸੋ ਅਬਿ'।
ਜਾਨ ਮਾਯਾ ਚੇਤੋ ਬਿਰਮਾਯੋ। ਲੋਭ ਲਹਿਰ ਮਹਿਂ ਗ਼ੋਤਾ ਖਾਯੋ॥ ੧੨॥

ਜੇ ਕਿਸੇ ਕਾਰਨ ਤਦ ਨਹੀਂ ਦਿੱਤਾ ਹੈ ਤਾਂ ਉਸ ਨੂੰ ਹੁਣ ਲਿਆ ਕੇ ਅਰਪਣ ਕਰ ਦੇਵੇਂ।" ਗੁਰੂ ਜੀ ਦੀ ਮਾਇਆ ਨਾਲ ਚੇਤੋ ਭਰਮ ਗਿਆ ਤੇ ਲੋਭ ਲਹਿਰ ਵਿਚ ਗੋਤਾ ਖਾ ਗਿਆ॥ ੧੨॥

ਜਿਸ ਨੇ ਬਡੇ ਬਡੇ ਡਹਿਕਾਏ। ਕਹਾ ਬਪੁਰ੍ਹਾ ਚੇਤੋ ਠਹਿਰਾਏ।
ਨਟ ਕਰਿ ਕਹਨਿ ਲਗਜੋ ਮੁਖ ਕੂਰ। 'ਮੂਰਖ ਕਰਹਿ ਨ ਤ੍ਰਾਸ ਹਜ਼ੂਰ ? ॥੧੩॥

ਜਿਸ ਮਾਇਆ ਨੇ ਵੱਡੇ-ਵੱਡੇ ਭਰਮਾ ਦਿੱਤੇ ਸਨ, ਉਸ ਮਾਇਆ ਅੱਗੇ ਚੇਤੋ ਵਿਚਾਰਾ ਕੀ ਠਹਿਰ ਸਕਦਾ ਸੀ। ਮੁਕਰ ਕੇ ਮੂਖ ਤੋਂ ਝੂਠ ਬੋਲਣ ਲੱਗਾ, "ਮੂਰਖ ਗੁਰੂ ਜੀ ਦਾ ਡਰ ਵੀ ਨਹੀਂ ਮੰਨਦਾ ਸੀ ?॥ ੧੩॥

ਭੋ ਸਿਖ ! ਤੂੰ ਭੋਰਾ ਮਤਿ ਹਉਰਾ। ਬਿਸਰਜੋ ਹੋਇ, ਦੀਨਿ ਕਿਸ ਔਰਾ।
ਸਿਮਰਨ ਕਰਿ, ਦੀਨੋ ਕਿਸ ਹਾਥ ?। ਮਹਾਂ ਮੇਲ ਹੋਤੋ ਜਿਹ ਸਾਥ' ॥ ੧੪ ॥

ਕਹਿਣ ਲੱਗਾ, "ਹੇ ਸਿੱਖਾ ! ਤੂੰ ਭੋਲਾ ਤੇ ਮੱਤ ਦਾ ਹੌਲਾ ਹੈਂ, ਭੁੱਲ ਗਿਆ ਹੈਂ ਕਿਸੇ ਹੋਰ ਨੂੰ ਦਿੱਤਾ ਹੋਵੇਗਾ। ਯਾਦ ਕਰੋ, ਕਿਸ ਦੇ ਹੱਥ ਵਿਚ ਦਿੱਤਾ ਸੀ, ਜਿਸ ਦੇ ਨਾਲ ਤੇਰਾ ਵੱਡਾ ਮੇਲ ਮਿਲਾਪ ਹੈ"॥ ੧੪॥

ਸੁਨਿ ਕਲਗੀਧਰ ਮ੍ਰਿਦੁਲ ਉਚਾਰੇ। 'ਭੋ ਚੇਤੋ ! ਤੂੰ ਸਤਿਗੁਰ ਪਜਾਰੇ।
ਸਿਖ ਨੇ ਕੀਨਿ ਭਾਵਨਾ ਜੋਇ। ਮੁਝ ਸੋਂ ਦੇਹੁ, ਪੂਰੀਅਹਿ ਸੋਇ॥ ੧੫॥

ਇਹ ਸੁਣ ਕੇ ਕਲਗੀਧਰ ਜੀ ਨੇ ਮਿੱਠੇ ਬਚਨ ਉਚਾਰਨ ਕੀਤੇ; ਹੇ ਚੇਤੋ ! ਸਤਿਗੁਰੂ ਦੇ ਪਿਆਰੇ ਸਿੱਖ ਨੇ ਜੋ ਪ੍ਰੇਮ ਭਾਵਨਾ ਕੀਤੀ ਹੈ, ਉਹ ਮੈਨੂੰ ਦੇਵੇ, ਸਿੱਖ ਦੀ ਭਾਵਨਾ ਪੂਰੀ ਕਰੀਏ॥ ੧੫॥

ਲੀਜਹਿ ਫਿਰ, ਇਕ ਦੁਇ ਦਿਨ ਮਾਂਹੀ। ਦੇਖਿ ਰਖਹਿਂ ਤੁਝ ਤੇ ਹਮ ਨਾਂਹੀ'।
ਨਿਡਰ ਹੋਇ ਕਰਿ ਕੋਪ ਉਚਾਰਜੋ। 'ਇਹੁ ਤੌ ਸਾਕਤ ਗੁਰ ਕੋ ਮਾਰਜੋ॥ ੧੬॥

ਇਕ ਦੋ ਦਿਨ ਵਿਚ ਫਿਰ ਲੈ ਲਵੇ, ਤੁਹਾਡੇ ਪਾਸੋਂ ਵੇਖ ਕੇ ਅਸੀਂ ਪਾਸ ਨਹੀਂ ਰੱਖਾਂਗੇ।" ਨਿਡਰ ਹੋ ਕੇ ਚੇਤੋ ਨੇ ਗੁੱਸੇ ਵਿਚ ਆ ਕੇ ਉਚਾਰਨ ਕੀਤਾ, "ਇਹ ਤਾਂ ਪਤਿਤ ਗੁਰੂ ਦਾ ਮਾਰਿਆ ਹੋਇਆ ਹੈ॥ ੧੬॥

ਆਇ ਹਜ਼ੂਰ ਕੂਰ ਬਡ ਕਹਜੋ। ਸਮੁਝ ਬਿਨਾ ਗੁਰ ! ਸਚ ਕਹਿ ਗਹਜੋ।
ਸਿਖ ਬਪੁਰਾ ਕਹਾ ਇਸ ਕੋ ਭਾਖੋ। ਹਮ ਕੋ ਝੂਠ ਜਾਨਿ ਗੁਰ ਕਾਖੋ॥ ੧੭॥

ਹਜ਼ੂਰ ਦੇ ਪਾਸ ਆ ਕੇ,ਬਹੁਤ ਝੂਠ ਬੋਲਿਆ ਹੈ, ਹੇ ਗੁਰੂ ਜੀ ! ਆਪ ਨੇ ਸਮਝੇ ਬਗੈਰ ਹੀ ਸੱਚ ਕਰ ਮੰਨਿਆ ਹੈ। ਸਿੱਖ ਵਿਚਾਰਾ ਕੀ ਹੈ, ਇਸ ਦੇ ਕਹੇ ਦਾ ਕੀ ਮੁੱਲ ਹੈ। ਸਾਨੂੰ ਝੂਠ ਜਾਣ ਕੇ ਕੱਖ ਵਾਂਗੂੰ ਹੌਲਾ ਕਰ ਰਹੇ ਹੋ॥ ੧੭॥

ਲਾਖਹੁ ਲਜਾਵਹਿ ਦਰਬ ਅਗਾਰੀ। ਹਮਰੀ ਸਭਿ ਦੇਸ਼ਨਿ ਪਤ ਭਾਰੀ।
ਜੋ ਨ ਦੇਤਿ ਸੋ ਭਿ ਪਿਖਿ ਦੇਵੈ। ਆਗੈ ਧਰਿ ਸ਼ਰਧਾ ਗੁਰ ਸੇਵੈਂ॥ ੧੮॥

ਲੱਖਾਂ ਦਾ ਧਨ ਤੁਹਾਡੇ ਅੱਗੇ ਲਿਆਉਂਦੇ ਹਾਂ, ਸਾਡੀ ਸਾਰੇ ਦੇਸ਼ਾਂ ਵਿਚ ਵੱਡੀ ਇੱਜ਼ਤ ਹੈ। ਜਿਹੜਾ ਧਨ ਨਹੀਂ ਦਿੰਦਾ ਹੈ, ਉਹ ਵੀ ਵੇਖ ਕੇ ਦਿੰਦਾ ਹੈ, ਅੱਗੇ ਧਰ ਕੇ ਸ਼ਰਧਾ ਨਾਲ ਗੁਰੂ ਸੇਵਾ ਕਰਦੇ ਹਨ॥ ੧੮॥

ਹਮ ਬਹੁਤੇ ਨਿਜ ਕਾਜ ਸੁਧਾਰੈਂ। ਨਹਿਂ ਕੀਮਤਿ ਉਰ ਗੁਰੂ ਬਿਚਾਰੈਂ।
ਝੂਠ ਸਾਚ ਕੋ ਬਹੁ ਬਿਵਹਾਰ। ਨਹਿਂ ਜਾਨੈ ਗੁਰ ਇਨ ਕੀ ਸਾਰ॥ ੧੯॥

ਅਸੀਂ ਆਪ ਜੀ ਦੇ ਬਹੁਤੇ ਕਾਰਜ ਸੁਧਾਰਦੇ ਹਾਂ, ਗੁਰੂ ਜੀ ਉਨ੍ਹਾਂ ਦੀ ਕੀਮਤ ਹਿਰਦੇ ਵਿਚ ਨਹੀਂ ਵਿਚਾਰਦੇ ਹਨ। ਸੱਚ ਝੂਠ ਦੇ ਬਹੁਤ ਵਿਹਾਰ ਹਨ, ਗੁਰੂ ਜੀ ਇਨ੍ਹਾਂ ਦੀ ਸਾਰ ਨਹੀਂ ਜਾਣਦੇ ਹਨ॥ ੧੯॥

Sri Satguru Jagjit Singh Ji eLlibrary NamdhariElibrary@gmail.com

ਕਜਾ ਸਿਖ ਰੰਕ ਕੂਰ ਇਹੁ ਕਹੈ। ਹਮ ਕੋ ਤਸਕਰ ਸਮ ਗੁਰ ਲਹੈਂ।
ਵਸਤੁ ਸੈਂਕਰੇ ਹਮ ਨਿਤ ਲਜਾਵੈਂ। ਦਿਖਰਾਵਹਿਂ ਕੋ ਨਹੀਂ ਦਿਖਾਵਹਿਂ॥੨੦॥

ਇਹ ਗ਼ਰੀਬ ਸਿੱਖ ਕੀ ਹੈ, ਜਿਹੜਾ ਝੂਠ ਬੋਲ ਰਿਹਾ ਹੈ, ਗੁਰੂ ਜੀ ਸਾਨੂੰ ਇਕ ਚੋਰ ਵਾਂਗ ਸਮਝਦੇ ਹਨ। ਅਸੀਂ ਸੈਂਕੜੇ ਵਸਤਾਂ ਨਿਤ ਲਿਆਉਂਦੇ ਹਾਂ, ਕਈ ਵਿਖਾਉਂਦੇ ਹਾਂ, ਕਈ ਨਹੀਂ ਵਿਖਾਉਂਦੇ ਹਾਂ॥ ੨੦॥

ਗੁਰੂ ਖਜ਼ਾਨੇ ਅਰਪਨਿ ਕਰੈਂ। ਸਭਿ ਗੁਰ ਨਿਕਟ ਰੀਤ ਇਮ ਧਰੈਂ।
ਸੁਨਿ ਸਕੋਪ ਸਤਿਗੁਰੂ ਉਚਾਰੀ। 'ਲੋਭ ਲਹਿਰ ਚੇਤੋ! ਮਤਿ ਮਾਰੀ॥ ੨੧॥

ਗੁਰੂ ਜੀ ਦੇ ਖਜ਼ਾਨੇ ਵਿਚ ਅਰਪਣ ਕਰਦੇ ਹਾਂ, ਸਭ ਗੁਰੂ ਜੀ ਪਾਸ ਪਹੁੰਚਾਉਣ ਦੀ ਇਸ ਤਰ੍ਹਾਂ ਰੀਤ ਧਾਰਨ ਕਰਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਗੁੱਸੇ ਨਾਲ ਕਿਹਾ, "ਹੇ ਚੇਤੋ ! ਤੇਰੀ ਲੋਭ ਲਹਿਰ ਨੇ ਮੱਤ ਮਾਰ ਦਿੱਤੀ ਹੈ॥ ੨੧॥"

ਝੂਠ ਸਾਚ ਬਿਵਹਾਰ ਘਨੇਰੇ। ਪਰਖਨਿ ਹੈ ਕਿ ਨਹੀਂ ਮਤ ਮੇਰੇ।
ਸੋ ਅਬਿ ਸਗਰੀ ਤੋਹਿ ਦਿਖਾਵਹੁਂ। ਕਰਿ ਕੀਮਤਿ ਕੋ ਫਲ ਪਹੁਚਾਵਹੁ॥੨੨॥

ਝੂਠ ਸੱਚ ਜਿਹੜੇ ਬਹੁਤ ਵਿਹਾਰ ਹਨ, ਸਾਡੀ ਬੁੱਧੀ ਵਿਚ ਉਸ ਝੂਠ ਸੱਚ ਦੀ ਪਰਖ ਕਰਨ ਦੀ ਸ਼ਕਤੀ ਹੈ ਕਿ ਨਹੀਂ। ਉਹ ਸ਼ਕਤੀ ਹੁਣ ਸਾਰੀ ਤੈਨੂੰ ਵਿਖਾਉਂਦੇ ਹਾਂ, ਹੱਥਲੀ ਕੀਮਤ ਦਾ ਫਲ ਪਹੁੰਚਾਉਂਦਾ ਹਾਂ॥ ੨੨॥

ਜਥਾ ਭਾਵਨੀ ਤਜੋਂ ਫਲ ਪਾਵੈਂ। ਅਬਿ ਹਮ ਦੇਹਿਂ, ਨ ਦੇਰ ਲਗਾਵੈਂ।
ਪੰਚ ਸਿੱਖ ਸਤਿਗੁਰੂ ਬੁਲਾਏ। ਬਡ ਮਸੰਦ ਕੇ ਸਦਨ ਪਠਾਏ॥ ੨੩॥

ਜਿਵੇਂ ਤੇਰੀ ਭਾਵਨਾ ਹੈ ਤਿਵੇਂ ਫਲ ਪਾਵੇਂਗਾ, ਹੁਣੇ ਅਸੀਂ ਫਲ ਦੇ ਦਿੰਦੇ ਹਾਂ, ਦੇਰ ਨਹੀਂ ਲਾਵਾਂਗੇ।" ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਬੁਲਾਇਆ ਤੇ ਵੱਡੇ ਮਸੰਦ ਦੇ ਘਰ ਭੇਜੇ॥ ੨੩॥

'ਇਸ ਕੇ ਘਰ ਪਰ ਅਹੈ ਚੁਬਾਰਾ। ਤਿਸ ਮਹੁਂ ਤਾਕੀ ਲਗਹਿ ਕਿਵਾਰਾ।
ਪਟ ਲਪੇਟ ਤਹਿਂ ਰਾਖਜੋ ਚੂਰਾ। ਸਿਖ ਕੋ ਦਿਯੋ ਹੁਤੋ ਜੋ ਰੂਰਾ॥ ੨੪॥

ਇਸ ਦੇ ਘਰ ਉੱਤੇ ਇਕ ਚੁਬਾਰਾ ਹੈ, ਉਸ ਵਿਚ ਤਾਕੀ ਨੂੰ ਦਰਵਾਜ਼ਾ ਲੱਗਾ ਹੈ। ਕੱਪੜੇ ਵਿਚ ਲਪੇਟ ਕੇ ਉਥੇ ਚੂੜਾ ਰੱਖਿਆ ਹੈ, ਜਿਹੜਾ ਇਸ ਸਿੱਖ ਨੇ ਇਸ ਨੂੰ ਸੁੰਦਰ ਚੂੜਾ ਦਿੱਤਾ ਸੀ"॥ ੨੪॥

ਹੁਕਮ ਸੁਨਤਿ ਸਿਖ ਪੰਚਹੁ ਧਾਏ। ਤਬਿ ਚੇਤੋ ਨਿਜ ਗ੍ਰੀਵ ਨਿਵਾਏ।
ਅਵਨੀ ਖਨਤਿ ਨ ਨੈਨ ਉਠਾਏ। ਅੰਤ ਸਮਾ ਜਿਸ ਪਹੁਚਜੋ ਆਏ॥ ੨੫॥

ਹੁਕਮ ਸੁਣ ਕੇ ਪੰਜੇ ਸਿੱਖ ਭੱਜੇ ਗਏ ਤਦ ਚੇਤੋ ਨੇ ਆਪਣਾ ਸਿਰ ਨਿਵਾ ਲਿਆ, ਧਰਤੀ ਵਲ ਵੇਖਦਾ ਸੀ, ਨੈਣ ਉੱਚੇ ਨਹੀਂ ਸੀ ਕਰਦਾ, ਜਿਸ ਦਾ ਹੁਣ ਅੰਤ ਸਮਾਂ ਪਹੁੰਚ ਗਿਆ ਸੀ॥ ੨੫॥

ਘਰ ਮਹਿਂ ਪ੍ਰਵਿਸ਼ੇ ਚਰ੍ਹੇ ਚੁਬਾਰੇ। ਤੋਰੀ ਸਾਂਕਰ ਖੋਲਿ ਕਿਵਾਰੇ।
ਤਤਛਿਨ ਚੂਰਾ ਲਯੋ ਨਿਕਾਸ। ਆਨਜੋਂ ਕਲਗੀਧਰ ਕੇ ਪਾਸ॥ ੨੬॥

ਪੰਜੇ ਸਿੱਖ ਘਰ ਵਿਚ ਪ੍ਰਵੇਸ਼ ਕਰਕੇ ਚੁਬਾਰੇ 'ਤੇ ਚੜ੍ਹ ਗਏ, ਸੰਗਲੀ ਤੋੜ ਕੇ ਤਾਕੀ ਦਾ ਦਰਵਾਜ਼ਾ ਖੋਲ੍ਹਿਆ ਤੇ ਤੁਰਤ ਚੂੜੇ ਨੂੰ ਬਾਹਰ ਕੱਢ ਲਿਆ ਤੇ ਸਤਿਗੁਰੂ ਜੀ ਦੇ ਪਾਸ ਲੈ ਆਏ॥ ੨੬॥

ਅਦਭੁਤ ਚੂਰਾ ਸੁੰਦਰ ਦੇਖਾ। ਸਿਖ ਪਰ ਕੀਨੀ ਖੁਸ਼ੀ ਵਿਸ਼ੇਖਾ।
'ਭਯੋ ਨਿਹਾਲ ਸਕਲ ਦੁਖ ਮੇਟਾ। ਅੰਤ ਬਿਖੈ ਹੋਇ ਨ ਜਮ ਭੇਟਾ'॥ ੨੭॥

ਗੁਰੂ ਜੀ ਨੇ ਅਦਭੁਤ ਸੁੰਦਰ ਚੂੜਾ ਵੇਖਿਆ ਤੇ ਸਿੱਖ ਉੱਤੇ ਵਿਸ਼ੇਸ਼ ਖੁਸ਼ੀ ਕੀਤੀ, "ਸਿੱਖ ਨਿਹਾਲ ਹੋ ਗਿਆ ਸਭ ਦੁਖ ਦੂਰ ਹੋ ਗਏ। ਅੰਤ ਸਮੇਂ ਜਮਾਂ ਨਾਲ ਭੇਟ ਨਹੀਂ ਹੋਵੇਗੀ"॥ ੨੭॥

ਪੁਨ ਚੇਤੋ ਕੋ ਬੂਝਨਿ ਕਿਯੋ। 'ਤਸਕਰ ਪਾਪੀ ! ਇਹ ਕਹਾ ਭਯੋ?।
ਨਹਿਂ ਮੇਰੋ ਪਰਤਾਪ ਪਛਾਨਾ?। ਚੂਰੇ ਬਿਖੈ ਲੋਭ ਕੋ ਠਾਨਾ॥ ੨੮॥

ਫਿਰ ਚੇਤੋ ਨੂੰ ਪੁੱਛਿਆ, "ਹੇ ਪਾਪੀ ਚੋਰ ! ਇਹ ਕੀ ਕੀਤਾ ਹੈ ? ਮੇਰੇ ਪਰਤਾਪ ਨੂੰ ਨਹੀਂ ਪਛਾਣਿਆ ਹੈ ? ਚੂੜੇ ਵਾਸਤੇ ਲੋਭ ਧਾਰਨ ਕੀਤਾ ਹੈ॥ ੨੮॥

ਤਊ ਚੁਰਾਵਤਿ ਮੂਢ ਹਮੇਸ਼। ਰਹੇ ਛਿਮਾ ਕਰਿ ਗੁਰੂ ਅਸ਼ੇਸ਼।
ਅਬਿ ਇਹ ਸਿਖ ਕੋ ਝੂਠਾ ਕਹੇ। ਬਾਰ ਬੁੱਧਿ ਮੋਕਉ ਉਰ ਲਹੇ॥ ੨੯॥

ਮੂਰਖਾ ਤੂੰ ਹਮੇਸ਼ਾਂ ਚੋਰੀ ਕਰਦਾ ਸੀ, ਸਾਰੇ ਗੁਰੂ ਸਾਹਿਬਾਨ ਤੈਨੂੰ ਖਿਮਾ ਕਰਦੇ ਰਹੇ ਹਨ। ਹੁਣ ਇਸ ਸਿੱਖ ਨੂੰ ਝੂਠਾ ਕਹਿੰਦਾ ਹੈਂ। ਬਾਲ ਬੁੱਧੀ ਵਾਲਾ ਮੈਨੂੰ ਹਿਰਦੇ ਵਿਚ ਪਛਾਣਦਾ ਹੈਂ॥ ੨੯॥

ਤਾੜਤਿ ਸਿਖ ਕੋ ਮੋਹਿ ਹਦੂਰਾ। ਕੂਰੇ ਆਪ ਕਹੈ ਇਸ ਕੂਰਾ।
ਸਾਕਤ ਆਪ, ਕਹੈ ਸਿਖ ਸਾਕਤ। ਮਤਿ ਹਤਿ ਨਿਜ ਇਸ ਮਤਿ ਹਤਿ ਭਾਖਤਿ॥੩੦॥

ਮੇਰੀ ਹਜ਼ੂਰੀ ਵਿਚ ਸਿੱਖਾਂ ਨੂੰ ਡਾਂਟਦਾ ਹੈਂ, ਝੂਠਾ ਆਪ ਹੈਂ ਤੇ ਇਸ ਸਿੱਖ ਨੂੰ ਝੂਠਾ ਕਹਿੰਦਾ ਹੈਂ। ਪਤਿਤ ਆਪ ਹੈਂ ਤੇ ਇਸ ਸਿੱਖ ਨੂੰ ਪਤਿਤ ਕਹਿੰਦਾ ਹੈਂ, ਤੇਰੀ ਆਪਣੀ ਮੱਤ ਮਾਰੀ ਗਈ ਹੈ ਤੇ ਇਸ ਸਿੱਖ ਨੂੰ ਕਹਿੰਦਾ ਹੈਂ ਕਿ ਇਸ ਦੀ ਮੱਤ ਮਾਰੀ ਗਈ ਹੈ॥ ੩੦॥

ਭਰੇ ਗਰਬ ਗੁਰ ਦਰਬ ਚੁਰਾਏ। ਮਮ ਸੰਗਤਿ ਕੋ ਬਹੁ ਦੁਖਦਾਏ।
ਅਬਿ ਮੈਂ ਅਪਨੀ ਜੋ ਬੁਧਿ ਬਾਲ। ਕਰਿ ਦਿਖਰਾਵਹੁਂ ਇਸੈ ਬਿਸਾਲ॥ ੩੧॥

ਹੰਕਾਰ ਵਿਚ ਭਰ ਕੇ ਗੁਰੂ ਦਾ ਧਨ ਚੁਰਾਇਆ ਹੈ, ਮੇਰੀ ਸੰਗਤ ਨੂੰ ਬਹੁਤ ਦੁਖ ਦਿੰਦਾ ਸੀ। ਹੁਣ ਮੈਂ ਆਪਣੀ ਬਾਲ ਬੁੱਧੀ ਨੂੰ ਵਿਸ਼ਾਲ ਬੁੱਧੀ ਕਰ ਕੇ ਵਿਖਾਵਾਂਗਾ॥ ੩੧॥

ਭਾਖਜੋ ਹੁਕਮ 'ਕਰਾਹਾ ਲਜਾਵਹੁ। ਗੁੜ ਜਲ ਪਾਵਹੁ ਬਹੁੜ ਤਪਾਵਹੁ।
ਚੇਤੋ ਕੌ ਇਸ਼ਨਾਨ ਕਰਾਵਹੁ। ਹੈ ਪਲੀਤ ਅਬਿ ਪਾਕ ਬਨਾਵਹੁ॥ ੩੨॥

ਗੁਰੂ ਜੀ ਨੇ ਹੁਕਮ ਕੀਤਾ, "ਕੜਾਹਾ ਲਿਆਵੋ, ਗੁੜ ਤੇ ਜਲ ਪਾ ਕੇ ਫਿਰ ਤਪਾਵੋ, ਉਸ ਨਾਲ ਚੇਤੋ ਨੂੰ ਇਸ਼ਨਾਨ ਕਰਾਵੋ, ਇਹ ਪਤਿਤ ਹੋ ਗਿਆ ਹੈ, ਇਸ ਨੂੰ ਪਵਿੱਤਰ ਬਣਾਵੋ॥ ੩੨॥

ਬਾਲਬੁੱਧਿ ਕੋ ਲਖਹੁ ਸੁਭਾਊ। ਜਸ ਕਛੁ ਕਰਜੋ ਸੁ ਤਸ ਫਲ ਪਾਊ'।
ਗਹਿ ਸਿੱਖਨ ਤਿਸ ਵਹਿਰ ਨਿਕਾਰਾ। ਗੁੜ ਤਪਾਇ ਬਹੁ ਊਪਰ ਡਾਰਾ॥ ੩੩॥

ਬਾਲ ਬੁੱਧੀ ਵਾਲਾ ਸੁਭਾਅ ਸਮਝੋ, ਜਿਵੇਂ ਕੀਤਾ ਹੈ ਤਿਵੇਂ ਫਲ ਪਾਵੇ।" ਸਿੱਖਾਂ ਨੇ ਫੜ ਕੇ ਬਾਹਰ ਕੱਢਿਆ, ਗੁੜ ਗਰਮ ਕਰਕੇ ਬਹੁਤ ਉੱਤੇ ਪਾਇਆ॥ ੩੩॥

ਕੜਛਾ ਭਰਿ ਭਰਿ ਊਪਰ ਪਾਵਹਿਂ। ਬਹੁ ਪਾਪਨ ਕੀ ਮੈਲ ਮਿਟਾਵਹਿਂ।
ਕਿਤਿਕ ਕਾਲ ਮਹਿਂ ਨਿਕਸੇ ਪ੍ਰਾਨਾ। ਦੇਖਤਿ ਸਭਿ ਨੇ ਉਰ ਡਰ ਮਾਨਾ॥ ੩੪॥

ਕੜਛੇ ਭਰ-ਭਰ ਉੱਪਰ ਪਾਉਂਦੇ ਸਨ, ਬਹੁਤ ਪਾਪਾਂ ਦੀ ਮੈਲ ਮਿਟਾਉਂਦੇ ਸਨ। ਕੁਝ ਸਮੇਂ ਵਿਚ ਉਸ ਦੇ ਪ੍ਰਾਣ ਨਿਕਲ ਗਏ, ਸਾਰਿਆਂ ਨੇ ਵੇਖ ਕੇ ਹਿਰਦੇ ਵਿਚ ਡਰ ਮੰਨਿਆ॥ ੩੪॥

ਦਬਕੇ ਸਗਰੇ ਖੋਟ ਕਰਨਿ ਤੇ। ਡਰੇ ਗੁਰੂ ਕੇ ਕ੍ਰੋਧ ਧਰਨ ਤੇ।
ਸਭਿ ਮਸੰਦ ਮਨ ਖੋਟੇ ਹੋਇ। ਮਹਾਂ ਮਸੰਦ ਹਤਜੋ ਜਿਨ ਸੋਇ॥ ੩੫॥

ਖੋਟ ਕਰਨ ਤੋਂ ਸਾਰੇ ਡਰ ਗਏ, ਸਾਰੇ ਗੁਰੂ ਜੀ ਦੇ ਕ੍ਰੋਧ ਧਾਰਨ ਤੋਂ ਸਹਿਮ ਗਏ। ਸਾਰੇ ਮਸੰਦ ਮਨ ਵਿਚ ਸੋਚਦੇ, ਜਿਨ੍ਹਾਂ ਨੇ ਵੱਡੇ ਮਸੰਦ ਨੂੰ ਮਾਰ ਦਿੱਤਾ ਹੈ॥ ੩੫॥

ਦਰਸ ਚੰਡਕਾ ਉਲਟੋ ਪਰਜੋ। ਮਾਰਨ ਲਗਜੋ ਨਰਨਿ ਰਿਸ ਭਰਜੋ।
ਮ੍ਰਿਦੁਲ ਬਾਕ ਕਿਸ ਸੋਂ ਨਹਿਂ ਕਹੈਂ। ਫਿਰੇ ਤੌਰ ਸਭਿਹਿਨਿ ਸੋਂ ਰਹੈਂ॥ ੩੬॥

ਚੰਡੀ ਦੇ ਦਰਸ਼ਨ ਉਲਟੇ ਪੈ ਗਏ ਹਨ, ਗੁੱਸਾ ਧਾਰ ਕੇ ਮਨੁੱਖਾਂ ਨੂੰ ਮਾਰਨ ਲੱਗ ਗਏ ਹਨ। ਮਿੱਠੇ ਬਚਨ ਕਿਸੇ ਨੂੰ ਵੀ ਨਹੀਂ ਕਹਿੰਦੇ ਹਨ, ਬਦਲੇ ਹੋਏ ਤੌਰ ਨਾਲ ਸਾਰਿਆਂ ਨਾਲ ਰਹਿੰਦੇ ਹਨ॥ ੩੬॥

ਬਰਣ ਬਦਨ ਕੋ ਅਰੁਨ ਬਡੇਰੇ। ਉੱਗ੍ਰ ਬਿਲੋਚਨ ਤੇ ਸਭਿ ਹੇਰੇਂ।
ਪ੍ਰਤਿ ਉੱਤਰ ਕੋ ਕਹਿ ਨ ਸਕੰਤੇ। ਆਪ ਆਪਨੇ ਚਿਤ ਡਰਪੰਤੇ॥ ੩੭॥

ਚਿਹਰੇ ਦਾ ਰੰਗ ਬਹੁਤ ਲਾਲ ਹੋ ਗਿਆ ਸੀ, ਘੋਰ ਨੈਣਾਂ ਨਾਲ ਸਭ ਨੂੰ ਵੇਖਦੇ ਸਨ। ਕੋਈ ਵੀ ਉਨ੍ਹਾਂ ਨੂੰ ਪਰਤ ਕੇ ਉੱਤਰ ਨਹੀਂ ਸੀ ਦੇ ਸਕਦਾ, ਆਪ ਹੀ ਆਪਣੇ ਚਿੱਤ ਵਿਚ ਡਰ ਜਾਂਦੇ ਸਨ॥ ੩੭॥

ਪੁਨ ਸੋਧਨਿ ਸੰਗਤਿ ਗੁਰ ਚਾਹਤਿ। ਪਰਖਨਿ ਸਿੱਖੀ ਬੀਚ ਉਮਾਹਤਿ।
ਖੋਜਨਿ ਕਰਿ ਕੈ ਪੰਥ ਚਲਾਵਨਿ। ਅਜਬ ਖਾਲਸਾ ਕਰੌਂ ਉਪਾਵਨ॥ ੩੮॥

ਫਿਰ ਗੁਰੂ ਜੀ ਸੰਗਤ ਨੂੰ ਸੋਧਣਾ ਚਾਹੁੰਦੇ ਸਨ, ਸਿੱਖੀ ਪਰਖਣ ਵਾਸਤੇ ਬੜੇ ਉਤਾਵਲੇ ਸਨ। ਖੋਜ ਕਰਕੇ ਮੈਂ ਪੰਥ ਚਲਾਵਾਂਗਾ ਤੇ ਅਜੀਬ ਖਾਲਸਾ ਪ੍ਰਗਟ ਕਰਾਂਗਾ॥ ੩੮॥

ਰਿਦੈ ਮਨੋਰਥ ਕੋ ਧਰਿ ਐਸੇ। ਚਿਤਵਤਿ ਸ੍ਰੀ ਸਤਿਗੁਰ ਬਿਧਿ ਤੈਸੇ।
ਦੂਰ ਦੂਰ ਤੇ ਸੰਗਤਿ ਆਈ। ਜਿਸ ਮਹਿਂ ਪ੍ਰੇਮੀ ਸਿਖ ਸਮੁਦਾਈ॥ ੩੯॥

ਹਿਰਦੇ ਵਿਚ ਐਸਾ ਮਨੋਰਥ ਧਾਰ ਕੇ, ਸਤਿਗੁਰੂ ਜੀ ਤੈਸੀ ਵਿਧੀ ਬਾਰੇ ਵਿਚਾਰ ਕਰਦੇ ਸਨ। ਦੂਰ-ਦੂਰ ਤੋਂ ਸੰਗਤ ਆਈ, ਜਿਸ ਵਿਚ ਬਹੁਤ ਪ੍ਰੇਮੀ ਸਿੱਖ ਸਨ॥ ੩੯॥

ਚਹੂੰ ਦਿਸ਼ਨਿ ਤੇ ਗੁਰੂ ਹਕਾਰੇ। ਪਠੇ ਹੁਕਮਨਾਮੇ ਪੁਰਿ ਸਾਰੇ।
ਧਰਿ ਧਰਿ ਸ਼ਸਤ੍ਰ ਤਜਾਗਿ ਨਿਜ ਘਰ ਕੋ। ਪ੍ਰਸਥਾਨੇ ਸਭਿ ਆਨੰਦ ਪੁਰਿ ਕੋ॥੪੦॥

ਚਾਰਿਆਂ ਪਾਸਿਆਂ ਤੋਂ ਗੁਰੂ ਜੀ ਨੇ ਸਿੱਖ ਬੁਲਾਏ, ਸਾਰੇ ਪਾਸੇ ਹੁਕਮਨਾਮੇ ਭੇਜ ਦਿੱਤੇ। ਹੱਥਾਂ ਵਿਚ ਸ਼ਸਤਰ ਧਾਰ ਕੇ ਤੇ ਆਪਣੇ ਘਰ ਛੱਡ ਕੇ ਅਨੰਦਪੁਰ ਦੇ ਰਾਹ ਚਲ ਪਏ॥ ੪੦॥

ਜਥਾਸ਼ਕਤਿ ਕਰ ਲੀਨਿ ਅਕੋਰ। ਸੁਨਿ ਸੁਨਿ ਹੁਕਮ ਚਲੇ ਗੁਰ ਓਰ।
ਆਨਿ ਅਨੰਦਪੁਰਿ ਮੇਲਾ ਭਯੋ। ਸ੍ਰੀ ਕਲਗ਼ੀਧਰ ਕੋ ਪਿਖਿ ਲਯੋ॥ ੪੧॥

ਆਪਣੀ ਸਮਰੱਥਾ ਅਨੁਸਾਰ ਉਨ੍ਹਾਂ ਉਪਹਾਰ ਲੈ ਲਏ, ਹੁਕਮ ਸੁਣ ਸੁਣ ਕੇ ਗੁਰੂ ਜੀ ਵਲ ਚਲ ਪਏ। ਅਨੰਦਪੁਰ ਆ ਕੇ ਵੱਡਾ ਮੇਲਾ ਲੱਗ ਗਿਆ ਤੇ ਕਲਗ਼ੀਧਰ ਜੀ ਦੇ ਦਰਸ਼ਨ ਕੀਤੇ॥ ੪੧॥

*ਤੀਸਰੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥ ੧੬॥*

★★★

# ਅਧਿਆਇ ਸਤਾਰ੍ਹਵਾਂ

## ਸਿੱਖੀ ਦੀ ਪਰਖ

ਦੋਹਰਾ- ਭਯੋ ਮੇਲ ਜਬਿ ਅਨੰਦਪੁਰਿ ਚਹੁੰਦਿਸ਼ਿ ਤੇ ਸਿਖ ਆਇ।
ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ॥ ੧॥

ਜਦ ਅਨੰਦਪੁਰ ਵਿਚ ਮੇਲ ਹੋਇਆ ਤਾਂ ਚਾਰੇ ਪਾਸਿਆਂ ਤੋਂ ਸਿੱਖ ਆਏ, ਉਥੇ ਬਹੁਤ ਵੱਡੀ ਭੀੜ ਲੱਗ ਗਈ, ਸਾਰੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧॥

ਚੌਪਈ- ਤਬਹਿ ਮੇਵਰੋ ਗੁਰ ਢਿਗ ਗਯੋ। ਥਿਰ ਹ੍ਵੈ ਅਰਜ਼ ਗੁਜ਼ਾਰਤਿ ਭਯੋ।
'ਮਹਾਰਾਜ ! ਸੰਗਤਿ ਸਮੁਦਾਈ। ਸੁਨਿ ਆਇਸੁ ਚਹੁੰਦਿਸ਼ਿ ਤੇ ਆਈ॥੨॥

ਤਬ ਮੇਵੜਾ ਗੁਰੂ ਜੀ ਪਾਸ ਗਿਆ, ਸਾਹਮਣੇ ਖੜਾ ਹੋ ਕੇ ਬੇਨਤੀ ਕਰਨ ਲੱਗਾ, "ਮਹਾਰਾਜ ! ਬਹੁਤ ਸੰਗਤ, ਆਪ ਜੀ ਦੀ ਆਗਿਆ ਸੁਣ ਕੇ ਚਾਰੇ ਪਾਸਿਆਂ ਤੋਂ ਆਈ ਹੈ॥ ੨॥

ਬਾਂਛਤਿ ਦਰਸ਼ਨ ਚੰਦ ਤੁਹਾਰੋ। ਜਿਸ ਚਕੋਰ ਤਿਮ ਮਿਲੇ ਹਜ਼ਾਰੋਂ।
ਸਾਗਰ ਸਮ ਉਮਡੇ ਗਨ ਆਏ। ਚਹੁੰਦਿਸ਼ਿ ਪੁਰਿ ਕੇ ਡੇਰੇ ਪਾਏ'॥੩॥

ਤੁਹਾਡੇ ਚੰਦ ਵਰਗੇ ਦਰਸ਼ਨ ਕਰਨਾ ਚਾਹੁੰਦੇ ਹਨ, ਜਿਹੜੇ ਚਕੋਰ ਵਾਂਗ ਹਜ਼ਾਰਾਂ ਮਿਲ ਕੇ ਇਕੱਠੇ ਹੋਏ ਹਨ। ਸਾਗਰ ਵਾਂਗ ਸਾਰੇ ਉਮਡ ਕੇ ਆਏ ਹਨ, ਨਗਰ ਦੇ ਚਾਰੇ ਪਾਸੇ ਉਨ੍ਹਾਂ ਡੇਰੇ ਲਾਏ ਹਨ"॥ ੩॥

ਸੁਨਿ ਕਲਗ਼ੀਧਰ ਹੁਕਮ ਬਖਾਨਾ। 'ਜਹਾਂ ਦਮਦਮਾ ਊਚ ਮਹਾਨਾ।
ਤਿਸ ਕੇ ਨਿਕਟ ਉਤੰਗ ਸਥਾਨਾ। ਤਹਾਂ ਸੁਧਾਰਹੁ ਬਹੁ ਮੈਦਾਨਾ॥੪॥

ਇਹ ਸੁਣ ਕੇ ਕਲਗ਼ੀਧਰ ਜੀ ਨੇ ਹੁਕਮ ਕੀਤਾ, "ਜਿੱਥੇ ਉੱਚਾ ਬੜ੍ਹਾ ਬਣਿਆ ਹੈ, ਉਸ ਦੇ ਲਾਗੇ ਬਹੁਤ ਉੱਚਾ ਥਾਂ ਹੈ, ਉਥੇ ਬਹੁਤ ਵੱਡੇ ਮੈਦਾਨ ਨੂੰ ਸਾਫ ਕਰਕੇ ਤਿਆਰ ਕਰੋ॥ ੪॥

ਪੁਨ ਸ਼ਮਿਯਾਨੇ ਤਹਾਂ ਲਗਾਵਹੁ। ਤੰਬੂ ਰੁਚਿਰ ਕ਼ਨਾਤ ਤਨਾਵਹੁ'।
ਸੁਨਤਿ ਮੇਵਰੋ ਬਾਹਿਰ ਆਯੋ। ਸਭਿ ਕੋ ਹੁਕਮ ਹਜ਼ੂਰ ਸੁਨਾਯੋ॥੫॥

ਫਿਰ ਉਥੇ ਸ਼ਾਮਿਆਨੇ ਲਾਵੋ, ਸੁੰਦਰ ਤੰਬੂ ਅਤੇ ਕਨਾਤਾਂ ਤਣਾਵੋ।" ਇਹ ਸੁਣ ਕੇ ਮੇਵੜੇ ਬਾਹਰ ਆਏ ਤੇ ਸਾਰਿਆਂ ਨੂੰ ਹਜ਼ੂਰ ਦਾ ਹੁਕਮ ਸੁਣਾ ਦਿੱਤਾ॥ ੫॥

ਤੂਰਨ ਦਾਸ ਸੰਭਾਰਨਿ ਕੀਨੇ। ਹੁਇ ਆਇਸੁ ਅਨੁਸਾਰਿ ਪ੍ਰਬੀਨੇ।
ਲਗਿ ਨਰ ਗਨ ਸੋ ਥਾਇਂ ਸੁਧਾਰੀ। ਬਿਖਮ ਹੁਤੀ ਕੀਨੀ ਸਮ ਸਾਰੀ॥੬॥

ਤੁਰਤ ਸੇਵਕਾਂ ਨੇ ਹੁਕਮ ਦੀ ਸੰਭਾਲ ਕੀਤੀ ਤੇ ਚਤੁਰ ਗੁਰੂ ਜੀ ਦੀ ਆਗਿਆ ਅਨੁਸਾਰ ਕਰਨ ਲੱਗੇ। ਬਹੁਤ ਮਨੁੱਖਾਂ ਨੇ ਲੱਗ ਕੇ ਥਾਂ ਦਾ ਸੁਧਾਰ ਕੀਤਾ, ਜਿਹੜੇ ਉੱਚੇ ਨੀਵੇਂ ਸਥਾਨ ਸਨ ਸਾਰੇ ਪੱਧਰੇ ਕੀਤੇ॥ ੬॥

ਪੁਨ ਤੰਬੂ ਇਕ ਰੁਚਿਰ ਲਗਾਯੋ। ਬਹੁਤ ਦਰਬ ਜਿਸ ਊਪਰ ਲਾਯੋ।
ਦੀਰਘ ਚਹੁੰਦਿਸ਼ਿ ਤਨੀ ਕਨਾਤ। ਲਾਲ ਰੰਗ ਕੀ ਸ਼ੁਭਤਿ ਬਨਾਤ॥੭॥

ਫਿਰ ਇਕ ਸੁੰਦਰ ਤੰਬੂ ਲਾਇਆ, ਜਿਸ ਨੂੰ ਬਣਾਉਣ ਉੱਤੇ ਬਹੁਤ ਧਨ ਖਰਚ ਹੋਇਆ ਸੀ। ਚਾਰੇ ਪਾਸੇ ਬਹੁਤ ਵੱਡੀ ਕਨਾਤ ਤਾਣੀ ਗਈ। ਲਾਲ ਰੰਗ ਦੀ ਬਨਾਤ ਬਹੁਤ ਸ਼ੋਭ ਰਹੀ ਸੀ॥ ੭॥

**ਤਾਂਨਿ ਚਾਨਣੀ ਲਗਿ ਚਹੁੰ ਓਰ। ਰੇਸ਼ਮ ਜ਼ਰੀ ਲਗੀ ਜਿਸ ਡੋਰ।**
**ਕਲਸ ਚੋਬ ਕੰਚਨ ਕੇ ਬਨੇ। ਦਮਕਤਿ ਹੀਰੇ ਉਜਲ ਘਨੇ॥ ੮॥**

ਚਾਰੇ ਪਾਸੇ ਚਾਨਣੀਆਂ ਤਾਣ ਦਿੱਤੀਆਂ, ਜਿਨ੍ਹਾਂ ਨੂੰ ਰੇਸ਼ਮ ਅਤੇ ਜ਼ਰੀ ਦੀਆਂ ਡੋਰਾਂ ਲਗੀਆਂ ਹੋਈਆਂ ਸਨ। ਕਲਸ ਚੋਬ ਸੋਨੇ ਦੇ ਬਣੇ ਸਨ ਤੇ ਉੱਜਲ ਹੀਰੇ ਬਹੁਤ ਚਮਕਦੇ ਸਨ॥ ੮॥

**ਮੁਕਤਾ ਝਾਲਰ ਸੁੰਦਰ ਸੋਹੈ। ਅਵਿਲੋਕਤਿ ਸਭਿ ਕੋ ਮਨ ਮੋਹੈ।**
**ਰਾਖਯੋ ਬੀਚ ਬਿਸਾਲ ਮਦਾਨੇ। ਏਕ ਪੌਰ ਹਿਤ ਆਵਨ ਜਾਨੇ॥ ੯॥**

ਮੋਤੀਆਂ ਦੀਆਂ ਝਾਲਰਾਂ ਸੁੰਦਰ ਸ਼ੋਭ ਰਹੀਆਂ ਸਨ, ਵੇਖ ਕੇ ਸਾਰਿਆਂ ਦੇ ਮਨ ਮੋਹੇ ਜਾਂਦੇ ਸਨ। ਵਿਚ ਬਹੁਤ ਵੱਡਾ ਮੈਦਾਨ ਰਖਿਆ ਗਿਆ, ਆਉਣ ਜਾਣ ਵਾਸਤੇ ਇਕ ਦਰਵਾਜ਼ਾ ਰੱਖ ਲਿਆ॥ ੯॥

**ਕਰਿ ਸਭਿ ਕਿਰਤ ਜਾਇ ਤਬਿ ਦਾਸ। ਸਤਿਗੁਰ ਪਾਸ ਕਰੀ ਅਰਦਾਸ।**
**ਸੁਨਿ ਪ੍ਰਭੁ ਸੇਵਕ ਔਰ ਬੁਲਾਯੋ। ਏਕਾਕੀ ਹ੍ਵੈ ਅਸ ਫੁਰਮਾਯੋ॥ ੧੦॥**

ਸਾਰੀ ਕਿਰਤ ਕਰਕੇ ਸੇਵਕ ਫਿਰ ਚਲੇ ਗਏ ਤੇ ਸਤਿਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ। ਇਹ ਸੁਣ ਕੇ ਗੁਰੂ ਜੀ ਨੇ ਹੋਰ ਸੇਵਕ ਬੁਲਾਇਆ ਤੇ ਇਕਾਂਤ ਵਿਚ ਹੋ ਕੇ ਇਸ ਤਰ੍ਹਾਂ ਫੁਰਮਾਇਆ॥ ੧੦॥

**'ਪਰੇ ਨਿਸਾ ਤਮ ਦੀਰਘ ਛਾਈ। ਪੰਚ ਛਾਗ ਲਿਹੁ ਸੰਗ ਛਪਾਈ।**
**ਤੁਝ ਬਿਹੀਨ ਕੋ ਦੇਖੈ ਨਾਂਹੀ। ਜਾਇ ਸੁ ਬੰਧਹੁ ਤੰਬੂ ਮਾਂਹੀ'॥ ੧੧॥**

"ਰਾਤ ਪੈਣ ਉੱਤੇ ਬਹੁਤ ਹਨੇਰਾ ਛਾ ਜਾਵੇਗਾ ਤੇ ਪੰਜ ਬੱਕਰੇ ਆਪਣੇ ਨਾਲ ਮੰਗਵਾ ਲਵੋ। ਤੁਹਾਡੇ ਬਗੈਰ ਉਨ੍ਹਾਂ ਨੂੰ ਹੋਰ ਕੋਈ ਨਾ ਵੇਖੇ, ਉਨ੍ਹਾਂ ਨੂੰ ਲਿਆ ਕੇ ਤੰਬੂ ਵਿਚ ਬੰਨ੍ਹ ਦੇਵੋ"॥ ੧੧॥

**ਰਜਨੀ ਪਰੀ ਦਾਸ ਨੇ ਤੈਸੇ। ਕਰੀ ਕਿਰਤ ਭਾਖੀ ਗੁਰ ਜੈਸੇ।**
**ਕਾਹੂੰ ਨਰ ਨਹਿੰ ਭੇਵ ਲਖਾਯੋ। ਬਾਂਧਿ ਛਾਗ ਅੰਤਰ ਸੋ ਆਯੋ॥ ੧੨॥**

ਰਾਤ ਨੂੰ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ, ਜਿਵੇਂ ਗੁਰੂ ਜੀ ਨੇ ਕਿਹਾ ਸੀ। ਕਿਸੇ ਵੀ ਮਨੁੱਖ ਨੂੰ ਭੇਦ ਨਾ ਦੱਸਿਆ ਬੱਕਰਿਆਂ ਨੂੰ ਉਹ ਅੰਦਰ ਬੰਨ੍ਹ ਆਇਆ॥ ੧੨॥

**ਜਲ ਦਾਨਾ ਧਰਿ ਕਰਿ ਤਿਨ ਨੇਰੇ। ਨਿਕਸਯੋ ਵਹਿਰ ਸੁ ਰੱਛਕ ਹੇਰੇ।**
**ਤਿਨ ਸੋਂ ਗੁਰ ਕੋ ਹੁਕਮ ਸੁਨਾਵੈ। 'ਨਹਿੰ ਅੰਤਰਿ ਕੋ ਪ੍ਰਵਿਸ਼ਨ ਪਾਵੈ'॥ ੧੩॥**

ਉਨ੍ਹਾਂ ਦੇ ਨੇੜੇ ਜਲ ਅਤੇ ਦਾਣੇ ਧਰ ਦਿੱਤੇ। ਬਾਹਰ ਨਿਕਲ ਕੇ ਰਾਖੇ ਵੇਖੇ। ਉਨ੍ਹਾਂ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ, "ਕੋਈ ਵੀ ਅੰਦਰ ਪ੍ਰਵੇਸ਼ ਨਾ ਕਰੇ"॥ ੧੩॥

**ਖਾਨ ਪਾਨ ਕਰਿ ਕੈ ਸਮੁਦਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।**
**ਭਈ ਭੋਰ ਸਤਿਗੁਰ ਫੁਰਮਾਯੋ। 'ਸਭਿ ਸੰਗਤ ਕੋ ਦੇਹੁ ਸੁਨਾਯੋ॥ ੧੪॥**

ਖਾ ਪੀ ਕੇ ਸਾਰੇ ਸੌਂ ਗਏ ਤੇ ਸੁਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਸਾਰੀ ਸੰਗਤ ਨੂੰ ਸੁਣਾ ਦੇਵੋ॥ ੧੪॥

*ਨੋਟ :- ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਆਪ ਪ੍ਰਮੇਸ਼ਵਰ ਕਹਿਣ ਵਾਲੇ ਭਾਈ ਸੰਤੋਖ ਸਿੰਘ ਜੀ ਇਹ ਭੁਲ ਗਏ ਹਨ ਕਿ ਗੁਰੂ ਜੀ ਨਾਟਕ ਚੇਟਕ ਨਹੀਂ ਕਰਦੇ ਹਨ। ਉਹ ਸਭ ਕੁਝ ਕਰਨ ਦੇ ਸਮਰੱਥ ਸਨ। ਉਨ੍ਹਾਂ ਨੂੰ ਤੰਬੂ ਅੰਦਰ ਬਕਰੇ ਬੰਨ੍ਹਣ ਦੀ ਕੀ ਲੋੜ ਸੀ। ਜੇ ਉਨ੍ਹਾਂ*

ਤੰਬੂ ਵਿਚ ਇਕੱਠੇ ਪੰਜ ਬਕਰੇ ਬੰਨ੍ਹੇ ਸਨ ਤਾਂ ਜਦ ਇਕ ਬਕਰੇ ਨੂੰ ਝਟਕਾਇਆ ਤਾਂ ਕੀ ਬਾਕੀ ਬੱਕਰੇ ਚੁੱਪ ਰਹੇ ਹੋਣਗੇ। ਬੱਕਰਾ ਇਕ ਬੜਾ ਡਰਾਕਲ ਜਾਨਵਰ ਹੈ, ਉਹ ਤਾਂ ਡਰ ਕੇ ਚਾਂਗਰਾਂ ਮਾਰ ਉੱਠਦਾ ਹੈ। ਇਸ ਲਈ ਗੁਰੂ ਜੀ ਦੀਆਂ ਗੱਲਾਂ ਉਹ ਆਪ ਹੀ ਜਾਣਦੇ ਸਨ, ਸਾਨੂੰ ਕਿਆਸ ਨਹੀਂ ਲਾਉਣਾ ਚਾਹੀਦਾ।

ਦਰਸ਼ਨ ਕਰਹੁ ਸਕਲ ਹਰਖਾਏ। ਬਾਂਛਤਿ ਲੇਹੁ ਕਾਮਨਾ ਪਾਏ'।
ਸੁਨਿ ਨਕੀਬ ਸਭਿਹਿਨਿ ਕੇ ਡੇਰੇ। ਜਹਿਂ ਕਹਿਂ ਹੁਕਮ ਸੁਨਾਯੋ ਟੇਰੇ ॥੧੫॥

ਸਾਰੇ ਪ੍ਰਸੰਨ ਹੋ ਕੇ ਦਰਸ਼ਨ ਕਰੋ, ਮੂੰਹ ਮੰਗੀਆਂ ਕਾਮਨਾਵਾਂ ਪ੍ਰਾਪਤ ਕਰੋ।" ਇਹ ਸੁਣ ਕੇ ਨਕੀਬ ਨੇ ਸਾਰਿਆਂ ਡੇਰਿਆਂ ਵਿਚ ਅਤੇ ਜਿੱਥੇ ਕਿੱਥੇ ਗੁਰੂ ਜੀ ਦਾ ਹੁਕਮ ਸੁਣਾ ਦਿੱਤਾ॥ ੧੫॥

'ਛੋਟੇ, ਬਡੇ, ਧਨੀ ਸਿਖ, ਨਿਰਧਨ। ਸਭਿ ਪਹੁੰਚਹਿਂ ਸਤਿਗੁਰ ਕੇ ਦਰਸ਼ਨ'।
ਬਸਤ੍ਰ ਸ਼ਸਤ੍ਰ ਸਭਿ ਪਹਿਰਿ ਸਰੀਰ। ਚਲੇ ਗੁਰੂ ਸਿੰਘ ਰਵਨ ਸਧੀਰ॥ ੧੬॥

"ਛੋਟੇ, ਵੱਡੇ, ਧਨੀ, ਨਿਰਧਨ ਸਿੱਖ, ਸਭ ਪਹੁੰਚ ਕੇ ਸਤਿਗੁਰੂ ਜੀ ਦੇ ਦਰਸ਼ਨ ਕਰੋ।" ਬਸਤਰ ਸ਼ਸਤਰ ਸਭ ਸਰੀਰ ਤੇ ਪਹਿਣ ਕੇ ਸਾਰੇ ਸਿੱਖ, ਸ਼ੇਰ ਦੀ ਚਾਲ ਵਾਲੇ ਧੀਰਜਵਾਨ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ॥ ੧੬॥

ਚਮਰ ਚਾਰੁ ਢੁਰਤੋ ਚਿਤ ਚੋਰਤਿ। ਕਲਗ਼ੀ ਝੁਲਤਿ ਝਲਕ ਛਬਿ ਛੋਰਤਿ।
ਸੰਗ ਬਹੁਤ ਸਿੱਖਨ ਭਟ ਭੀਰਾ। ਡੇਰੇ ਮਹਿਂ ਗੇ ਗੁਨੀ ਗਹੀਰਾ॥ ੧੭॥

ਸੁੰਦਰ ਚੌਰ ਝੁਲਦਾ ਹੋਇਆ ਚਿੱਤ ਨੂੰ ਚੁਰਾ ਰਿਹਾ ਸੀ, ਝੂਲਦੀ ਹੋਈ ਕਲਗ਼ੀ ਸੁੰਦਰ ਛਵੀ ਛੱਡ ਰਹੀ ਸੀ। ਨਾਲ ਬਹੁਤ ਸਿੱਖਾਂ ਅਤੇ ਸੂਰਬੀਰਾਂ ਦੀ ਭੀੜ ਸੀ। ਗੁਣੀ ਗਹੀਰ ਸਤਿਗੁਰੂ ਜੀ ਡੇਰੇ ਵਿਚ ਪਹੁੰਚ ਗਏ॥ ੧੭॥

ਗਿਲਮ ਗ਼ਲੀਚ ਫਰਸ਼ ਰਮਣੀਕਾ। ਪਸ਼ਮ ਰੰਗ ਨਾਨਾ ਬਿਧਿ ਨੀਕਾ।
ਹੀਰੇ ਜਰਤਿ ਪੁਰਟ ਕੇ ਪਾਵੇ। ਸੁੰਦਰ ਬੀਚ ਪ੍ਰਯੰਕ ਸੁਹਾਵੇ॥ ੧੮॥

ਉੱਨ ਦੇ ਵਿਛੋਣਿਆਂ ਅਤੇ ਗਲੀਚਿਆਂ ਦਾ ਰਮਣੀਕ ਫ਼ਰਸ਼ ਤਿਆਰ ਹੋਇਆ ਸੀ, ਕਈ ਪ੍ਰਕਾਰ ਦੇ ਰੰਗਾਂ ਦਾ ਵਧੀਆ ਪਸ਼ਮੀਨਾ ਸੀ। ਹੀਰੇ ਜੜਤ ਪਲੰਘ ਦੇ ਪਾਵੇ ਸਨ, ਜਿਹੜਾ ਪਲੰਘ ਵਿਚ ਡਾਹਿਆ ਹੋਇਆ ਸੁੰਦਰ ਸ਼ੋਭਾ ਪਾ ਰਿਹਾ ਸੀ॥ ੧੮॥

ਤਿਸ ਪਰ ਚਢਿ ਬੈਠੇ ਦੁਤਿ ਪਾਵਤਿ। ਆਵਤਿ ਚਲੇ ਸਿਖ ਹਰਖਾਵਤਿ।
ਦਰਸ ਲਾਲਸਾ ਰਿਦੈ ਨ ਥੋਰੀ। ਆਨਿ ਪਹੂਚੇ ਸ੍ਰੀ ਪ੍ਰਭੁ ਓਰੀ॥ ੧੯॥

ਉਸ ਉੱਤੇ ਚੜ੍ਹ ਕੇ ਬੈਠੇ ਹੋਏ, ਗੁਰੂ ਜੀ ਸ਼ੋਭਾ ਪਾ ਰਹੇ ਸਨ, ਪ੍ਰਸੰਨ ਹੋ ਹੋ ਕੇ ਸਿੱਖ ਆਉਂਦੇ ਜਾਂਦੇ ਸਨ। ਉਨ੍ਹਾਂ ਦੇ ਹਿਰਦਿਆਂ ਵਿਚ ਦਰਸ਼ਨਾਂ ਦੀ ਲਾਲਸਾ ਥੋੜ੍ਹੀ ਨਹੀਂ ਸੀ। ਸ੍ਰੀ ਪ੍ਰਭੂ ਜੀ ਦੇ ਪਾਸ ਉਹ ਆ ਪਹੁੰਚੇ॥ ੧੯॥

ਸੋਹਤਿ ਸੁਠ ਸੋਢੀ ਕੁਲ ਟੀਕਾ। ਦਰਸ਼ਨ ਕਰਹਿਂ ਭਾਵ ਧਰਿ ਜੀਕਾ।
ਜੁਗਲ ਚਰਨ ਅੰਬੁਜ ਅਰੁਨਾਰੇ। ਨਖ ਪਿਖਿ ਸਸਿ ਟੁਕਰਾ ਦੁਤਿਹਾਰੇ॥ ੨੦॥

ਸੋਢੀ ਕੁਲ ਦੇ ਸ਼ਿਰੋਮਣੀ ਸੁੰਦਰ ਸ਼ੋਭ ਰਹੇ ਸਨ, ਸਿੱਖ ਆਪਣੇ ਦਿਲ ਦੀ ਭਾਵਨਾ ਧਰ ਕੇ ਦਰਸ਼ਨ ਕਰਦੇ ਸਨ। ਦੋਵੇਂ ਚਰਨ ਕੰਵਲ ਲਾਲ ਰੰਗ ਦੇ ਹਨ। ਪੈਰਾਂ ਦੇ ਨਹੁੰਵਾਂ ਨੂੰ ਵੇਖ ਕੇ ਚੰਦ ਦੀਆਂ ਟੁਕੜੀਆਂ ਵੀ ਆਪਣੀ ਸ਼ੋਭਾ ਹਾਰ ਜਾਂਦੀਆਂ ਹਨ॥ ੨੦॥

ਮ੍ਰਿਦੁਲ ਅਧਿਕ ਰੇਖਾ ਜੁਤਿ ਤਰਵਾ। ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ।
ਜੁਗਲ ਜੰਘ ਕਦਲੀ ਇਕਸਾਰੀ। ਕਟ ਮਹਿਂ ਕਾਛੀ ਕਛੀ ਛਬਿ ਨਯਾਰੀ॥੨੧॥

ਰੇਖਾਵਾਂ ਸਹਿਤ ਤਲੀਆਂ ਬਹੁਤ ਨਰਮ ਹਨ, ਉਹੀ ਸ਼ੋਭਾ ਜਾਣਦਾ ਹੈ, ਜਿਸ ਨੇ ਵੇਖੀ ਹੈ। ਦੋਵੇਂ ਲੱਤਾਂ ਕੇਲੇ ਵਾਂਗ ਇਕਸਾਰ ਹਨ। ਲੱਕ ਨਾਲ ਕੱਸਿਆ ਹੋਇਆ ਕਮਰਕੱਸਾ ਨਿਆਰੀ ਸ਼ੋਭਾ ਪਾ ਰਿਹਾ ਹੈ॥ ੨੧॥

ਕੁੰਭੀ ਡਿੰਭੁ ਸੁੰਡ ਭੁਜਦੰਡੇ। ਕੰਚਨ ਅੰਗਦ ਮੰਡਨ ਮੰਡੇ।
ਕਟ ਮਹਿਂ ਜਟਤਿ ਤੁਨੀਰ ਸੁਹਾਯੋ। ਚੰਦ੍ਰਹਾਸੁ ਇਕ ਦਿਸ਼ਿ ਛਬਿ ਪਾਯੋ॥੨੨॥

ਭੁਜਦੰਡ ਹਾਥੀ ਦੇ ਬੱਚੇ ਦੀ ਸੁੰਡ ਵਰਗੇ ਹਨ। ਸੋਨੇ ਦੇ ਬਣਾਏ ਹੋਏ ਬਹੁੱਟੇ ਸ਼ੋਭ ਰਹੇ ਹਨ। ਲੱਕ ਨਾਲ ਬੰਨ੍ਹਿਆ ਹੋਇਆ ਜੜਾਊ ਭੱਥਾ ਸ਼ੋਭ ਰਿਹਾ ਹੈ। ਇਕ ਪਾਸੇ ਤਲਵਾਰ ਸ਼ੋਭਾ ਪਾ ਰਹੀ ਹੈ॥ ੨੨॥

ਧਨੁਖ ਕਠੋਰ ਸਕੰਧੇ ਧਾਰਾ। ਕੋਸਨ ਲਗਿ ਜਿਸਕੀ ਹੈ ਮਾਰਾ।
ਪੰਕਜ ਪਾਨ ਬਾਨ ਇਕ ਲੀਨੇ। ਕਬਿ ਕਬਿ ਫੇਰਿ ਪਿਖਹਿਂ ਦ੍ਰਿਗ ਦੀਨੇ॥੨੩॥

ਕਠੋਰ ਧਨੁੱਖ ਨੂੰ ਮੋਢੇ ਉੱਤੇ ਧਾਰਨ ਕੀਤਾ ਹੈ, ਕੋਹਾਂ ਤਕ ਜਿਸ ਦੀ ਮਾਰ ਹੈ। ਕਰ ਕੰਵਲਾਂ ਵਿਚ ਇਕ ਬਾਣ ਲਿਆ ਹੈ। ਕਦੀ-ਕਦੀ ਨੈਣ ਫੇਰ ਕੇ ਵੇਖਦੇ ਹਨ॥ ੨੩॥

ਅੰਸ ਉਤੰਗ ਸਿੰਘ ਕੀ ਨਜਾਈ। ਜਾਮਾ ਗਰੇ ਬਿਮੋਲ ਸੁਹਾਈ।
ਉਰ ਬਿਸਤਾਰ ਮੋਤੀਅਨਿ ਮਾਲਾ। ਝੁਲਤਿ ਝਮਕ ਦੁਤਿ ਹੋਤਿ ਉਜਾਲਾ॥੨੪॥

ਉੱਚੇ ਮੋਢੇ ਸ਼ੇਰ ਵਰਗੇ ਹਨ, ਗਲ ਵਿਚ ਕੀਮਤੀ ਜਾਮਾ ਸ਼ੋਭ ਰਿਹਾ ਹੈ। ਚੌੜੀ ਛਾਤੀ ਉੱਤੇ ਵੱਡੀ ਮੋਤੀਆਂ ਦੀ ਮਾਲਾ ਪਾਈ ਹੈ, ਜਿਸ ਦੇ ਹਿਲਣ ਨਾਲ ਉੱਜਲ ਪ੍ਰਕਾਸ਼ ਹੁੰਦਾ ਹੈ॥ ੨੪॥

ਸ਼ਮਸ ਬਦਨ ਪਰ ਸੁੰਦਰ ਸੋਹੀ। ਸਧੁਪਾਵਲ ਪੰਕਜ ਪਰ ਹੋਹੀ।
ਕੁੰਡਲ ਚੰਚਲ ਕਾਨਨ ਮਾਂਹੀ। ਮੁਖ ਮੰਡਲ ਪਰ ਸ਼ੋਭਤਿ ਛਾਹੀ॥ ੨੫॥

ਮੁਖ ਤੇ ਸੁੰਦਰ ਦਾੜ੍ਹੀ ਸ਼ੋਭ ਰਹੀ ਹੈ, ਜਿਵੇਂ ਭੌਰਿਆਂ ਦੀ ਡਾਰ ਕੰਵਲ 'ਤੇ ਮੰਡਲਾ ਰਹੀ ਹੁੰਦੀ ਹੈ। ਕੰਨਾਂ ਵਿਚ ਚੰਚਲ ਕੁੰਡਲ ਪਾਏ ਹੋਏ ਹਨ, ਉਨ੍ਹਾਂ ਦੀ ਝਲਕ ਚਿਹਰੇ ਤੇ ਸ਼ੋਭਦੀ ਹੈ॥ ੨੫॥

ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ। ਚਿਤਵਨ ਤਿਰਛੇ ਛਕਤਿ ਛਬੀਲੇ।
ਬਿਨ ਗੁਨ ਧਨੁਖ ਕੁਟਲ ਅਸ ਭੌਹੈਂ। ਭਾਲ ਭਾਗ ਭਰਿ ਹੁਇ ਸਭਿ ਸੋਹੈਂ॥੨੬॥

ਦੋਵੇਂ ਰਸੀਲੇ ਨੈਣ ਕਿਰਪਾ ਦੇ ਭਰੇ ਹੋਏ ਹਨ, ਸ਼ੋਭਾ ਅਤੇ ਸ਼ਿੰਗਾਰ ਸਹਿਤ ਛਬੀਲੇ ਨੈਣ ਤਿੱਖੇ ਹਨ। ਭੋਹਾਂ ਐਸੀਆਂ ਤਿੱਖੀਆਂ ਹਨ ਜਿਵੇਂ ਚਿੱਲੇ ਬਿਨਾਂ ਧਨੁੱਖ ਹੁੰਦਾ ਹੈ। ਭਾਗਾਂ ਭਰਿਆ ਮੱਥਾ ਬਹੁਤ ਸ਼ੋਭਾ ਪਾ ਰਿਹਾ ਹੈ॥ ੨੬॥

ਚਿਕਨੇ ਕੇਸ ਪਾਸ ਸਰੁਸਾਏ। ਜਨੁ ਪੰਨਗ ਛੌਨਾ ਸਮੁਦਾਏ।
ਸੀਸ ਬਧੀ ਉਸ਼ਨੀਕ ਸੁਹਾਈ। ਊਪਰ ਜਿਗਾ ਅਧਿਕ ਛਬਿ ਛਾਈ॥ ੨੭॥

ਚੀਕਣੇ ਕੇਸ ਫਾਹੀ ਦੇ ਸਮਾਨ ਹਨ, ਮਾਨੋ ਸਾਰੇ ਸੱਪ ਦੇ ਬੱਚੇ ਹੋਣ। ਸਿਰ ਤੇ ਬੱਧੀ ਦਸਤਾਰ ਸ਼ੋਭ ਰਹੀ ਹੈ, ਉੱਪਰ ਜਿਗਾ ਨੇ ਬਹੁਤ ਸ਼ੋਭਾ ਪਾਈ ਹੈ॥ ੨੭॥

ਕਲਗ਼ੀ ਝੁਲਤਿ ਉਤੰਗ ਸੁਰੰਗਾ। ਜਟਤਿ ਜਵਾਹਰ ਜੇ ਬਹੁ ਰੰਗਾ।
ਪੁਰਟ ਦੰਡ ਜਟਤੀ ਬਹੁ ਜਾਂਹੀ। ਢੁਰਤਿ ਚੌਰ ਚਾਰਹੁਂ ਦਿਸ਼ਿ ਮਾਂਹੀ॥ ੨੮॥

ਸੋਹਣੇ ਰੰਗਾਂ ਵਾਲੀ ਕਲਗ਼ੀ ਉੱਪਰ ਝੂਲ ਰਹੀ ਹੈ, ਜਿਸ ਨੂੰ ਬਹੁਤ ਰੰਗੇ ਹੀਰੇ ਜਵਾਹਰ ਜੜੇ ਹੋਏ ਹਨ। ਜਿਸ ਦੀ ਡੰਡੀ ਨੂੰ ਬਹੁਤ ਸੋਨਾ ਜੜਿਆ ਹੋਇਆ ਹੈ, ਉਹ ਚੌਰ ਚਾਰੇ ਪਾਸੇ ਫਿਰ ਰਿਹਾ ਹੈ॥ ੨੮॥

ਜਗਮਗ ਭੂਖਨ ਕਰਤਿ ਸਰੀਰਾ। ਬੈਠੇ ਬਿਕਸਤਿ ਮੁਖ ਬਰ ਬੀਰਾ।
ਹਿੰਦੁ ਧਰਮ ਰੱਛਕ ਗੁਨ ਸਾਗਰ। ਤੁਰਕ ਤਰੁਨਿ ਤੋਰਨਿ ਗਜ ਨਾਗਰ॥੨੯॥

ਸਰੀਰ ਦੇ ਗਹਿਣੇ ਜਗ ਮਗ ਕਰਦੇ ਪ੍ਰਕਾਸ਼ ਰਹੇ ਹਨ, ਸ੍ਰੇਸ਼ਟ ਸੂਰਬੀਰ ਬੈਠੇ ਮੁਸਕਰਾ ਰਹੇ ਹਨ। ਗੁਣਾਂ ਦੇ ਸਾਗਰ ਹਿੰਦੂ ਧਰਮ ਦੇ ਰਖਵਾਲੇ ਹਨ। ਤੁਰਕ ਵੈਰੀਆਂ ਨੂੰ ਮਾਰਨ ਵਿਚ ਨਿਪੁੰਨ ਹਨ॥ ੨੯॥

ਜੇ ਅਸ ਧਯਾਨ ਰਿਦੇ ਮਹੁਂ ਧਰਿਹੀਂ। ਬਿਨੁ ਪ੍ਰਯਾਸ ਜਗ ਸਾਗਰ ਤਰਿਹੀਂ।
ਤਬਿ ਸੰਗਤਿ ਸਗਰੀ ਚਲਿ ਆਈ। ਪਦ ਪੰਕਜ ਬੰਦਹਿਂ ਸਿਰ ਨਯਾਈ ॥੩੦॥

ਜੇ ਇਸ ਪ੍ਰਕਾਰ ਉਨ੍ਹਾਂ ਦਾ ਧਿਆਨ ਆਪਣੇ ਹਿਰਦੇ ਵਿਚ ਧਾਰਨ ਕਰੀਏ ਤਾਂ ਕਿਸੇ ਯਤਨ ਤੋਂ ਬਗੈਰ ਹੀ ਭਵਸਾਗਰ ਤਰ ਜਾਈਦਾ ਹੈ। ਤਦ ਸਾਰੀ ਸੰਗਤ ਚਲ ਕੇ ਆ ਗਈ। ਚਰਨ ਕੰਵਲਾਂ 'ਤੇ ਸਿਰ ਨਿਵਾਇਆ॥ ੩੦॥

ਕ੍ਰਿਪਾ ਦ੍ਰਿਸ਼ਟਿ ਸੋਂ ਪਿਖਹਿਂ ਗੁਸਾਈਂ। ਬੈਠੇ ਸੁੰਦਰ ਸਭਾ ਲਗਾਈ।
ਹੁਤੋ ਹਾਥ ਮਹਿਂ ਤੀਛਨ ਤੀਰਾ। ਸੋ ਪ੍ਰਵੇਸ਼ ਕਰਿ ਬੀਚ ਤੁਨੀਰਾ॥ ੩੧॥

ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ, ਜਿਹੜੇ ਸੁੰਦਰ ਸਭਾ ਲਾ ਕੇ ਬੈਠੇ ਹਨ। ਹੱਥ ਵਿਚ ਇਕ ਤਿੱਖਾ ਤੀਰ ਫੜਿਆ ਸੀ, ਉਸ ਨੂੰ ਭੱਥੇ ਦੇ ਵਿਚ ਪਾ ਦਿੱਤਾ॥ ੩੧॥

ਖੜਗ ਖੈਂਚਿ ਕਰ ਲੀਨਸਿ ਚਮਕਤਿ। ਥਹਿਰਤਿ ਮਨਹੁਂ ਦਾਮਨੀ ਦਮਕਤਿ।
ਘਨ ਸੁਰ ਸਮ ਬੋਲੇ ਗੁਨ ਖਾਨੀ। 'ਸਭਿ ਸੰਗਤਿ ਗੁਰ ਪ੍ਰਿਯਾ ਮਹਾਨੀ ॥੩੨॥

ਚਮਕਦੀ ਤਲਵਾਰ ਖਿੱਚ ਕੇ ਹੱਥ ਵਿਚ ਫੜ ਲਈ, ਇਸ ਤਰ੍ਹਾਂ ਚੰਚਲ ਹੋਈ ਸੀ, ਮਾਨੋ ਬਿਜਲੀ ਚਮਕੀ ਹੋਵੇ। ਗੁਰੂ ਜੀ ਬੱਦਲ ਵਾਂਗ ਕੜਕ ਕੇ ਬੋਲੇ, "ਸਾਰੀ ਸੰਗਤ ਗੁਰੂ ਨੂੰ ਬਹੁਤ ਪਿਆਰੀ ਹੈ॥ ੩੨॥

ਅਤਿ ਪ੍ਰਿਯ ਸਿੱਖ ਅਹੈ ਕੋ ਮੇਰਾ?। ਅਪਨੋ ਸੀਸ ਦੇਹਿ ਇਸ ਬੇਰਾ।
ਕਾਰਜ ਪਰਯੋ ਆਨ ਇਸ ਕਾਲਾ। ਪੁਰਵਹਿ ਸਿਰ ਦੇ ਅਬਹਿ ਬਿਸਾਲਾ' ॥੩੩॥

ਜੇ ਕੋਈ ਮੇਰਾ ਅਤੀ ਪਿਆਰਾ ਸਿੱਖ ਹੈ ਤਾਂ ਇਸ ਸਮੇਂ ਉਹ ਆਪਣਾ ਸੀਸ ਭੇਟ ਕਰੇ। ਇਸ ਸਮੇਂ ਅਜਿਹਾ ਕਾਰਜ ਆ ਪਿਆ ਹੈ, ਉਹ ਸਿਰ ਦੇ ਕੇ ਮੇਰਾ ਵਿਸ਼ਾਲ ਕਾਰਜ ਪੂਰਾ ਕਰ ਸਕਦਾ ਹੈ"॥ ੩੩॥

ਅਸ ਕਹਿ ਤੂਸ਼ਨ ਕੀਨ ਗੁਸਾਈਂ। ਕਰਾਚੋਲ ਪਰ ਦ੍ਰਿਸ਼ਟਿ ਲਗਾਈ।
ਸੁਨਤਿ ਬਾਤ ਸਗਰੇ ਬਿਸਮਾਏ। ਧੀਰਜ ਤਯਾਗ ਦੀਨਿ ਸਿਰ ਨਯਾਏ ॥੩੪॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁਪ ਕਰ ਗਏ ਤੇ ਤਲਵਾਰ ਉੱਤੇ ਆਪਣੀ ਦ੍ਰਿਸ਼ਟੀ ਲਾਈ। ਇਹ ਗੱਲ ਸੁਣ ਕੇ ਸਾਰੇ ਹੈਰਾਨ ਹੋ ਗਏ। ਧੀਰਜ ਤਿਆਗ ਕੇ ਸਿਰ ਨਿਵਾ ਲਏ॥ ੩੪॥

ਗੁਰ ਦਿਸ਼ਿ ਦੇਖਿ ਸਕੈ ਨਹਿਂ ਕੋਊ। ਉੱਗ੍ਰ ਤੇਜ ਮੁਖ ਰਕਤੇ ਹੋਊ।
ਖ੍ਯਾਲ ਟਲਾਇ ਪ੍ਰਭੁ ਕੁਛ ਕਾਲਾ। ਪੁਨ ਬੋਲੇ 'ਸੁਨਿ ਸੰਗਤਿ ਜਾਲਾ ! ॥੩੫॥

ਗੁਰੂ ਜੀ ਵਲ ਕੋਈ ਵੀ ਵੇਖ ਨਹੀਂ ਸੀ ਸਕਦਾ, ਬਹੁਤ ਭਾਰੀ ਤੇਜ ਸੀ ਤੇ ਮੁਖੜਾ ਲਹੂ ਵਾਂਗ ਲਾਲ ਹੋਇਆ ਸੀ। ਗੁਰੂ ਜੀ ਨੇ ਕੁਝ ਸਮੇਂ ਲਈ ਖਿਆਲ ਟਾਲਿਆ ਤੇ ਫਿਰ ਬੋਲੇ, "ਹੇ ਸਾਰੀ ਸਿੱਖ ਸੰਗਤ ! ਸੁਣੋ॥ ੩੫॥

ਕੋ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ। ਕਰਹਿ ਕਾਜ ਅਰਪਹਿ ਨਿਜ ਪ੍ਰਾਨਾ।
ਦੇਹ ਅਹੰ ਕਹੁ ਤਜਿ ਕਰਿ ਦੂਰ। ਧੀਰਜ ਧਰਿ ਦੇ ਸੀਸ ਹਜ਼ੂਰ' ॥ ੩੬॥

ਕੋਈ ਮੇਰਾ ਪਿਆਰਾ ਸਿੱਖ ਹੋਵੇ ਤਾਂ ਮੈਨੂੰ ਦਾਨ ਦੇਵੇ, ਆਪਣੇ ਪ੍ਰਾਣ ਅਰਪਣ ਕਰਕੇ ਮੇਰਾ ਕਾਰਜ ਸਿੱਧ ਕਰੇ। ਅਹੰਕਾਰ ਨੂੰ ਦੂਰ ਕਰਕੇ ਤੇ ਧੀਰਜ ਧਾਰਨ ਕਰਕੇ ਮੇਰੀ ਹਜ਼ੂਰੀ ਵਿਚ ਸੀਸ ਭੇਟ ਕਰੋ"॥ ੩੬॥

ਪੁਨ ਸੁਨਿ ਸੰਗਤਿ ਤੂਸ਼ਨ ਕੀਨਾ। ਸਨਮੁਖ ਹੋਇ ਨ, ਮਨ ਨ ਪਤੀਨਾ।
ਚਮਕੈ ਚੰਦ੍ਰਹਾਸ ਕਰ ਮਾਂਹੀ। ਧਾਰ ਸਕਯੋ ਧੀਰਜ ਕੋ ਨਾਂਹੀ॥ ੩੭॥

ਫਿਰ ਸੰਗਤ ਸੁਣ ਕੇ ਚੁਪ ਰਹੀ, ਕੋਈ ਵੀ ਸਾਹਮਣੇ ਵੇਖਦਾ ਨਹੀਂ ਸੀ ਤੇ ਮਨ ਵਿਚ ਧੀਰਜ ਨਹੀਂ ਸੀ ਧਾਰਨ ਕਰ ਰਿਹਾ। ਹੱਥ ਵਿਚ ਤਲਵਾਰ ਚਮਕ ਰਹੀ ਸੀ, ਕੋਈ ਵੀ ਧੀਰਜ ਨਾ ਧਾਰ ਸਕਿਆ॥ ੩੭॥

**ਬੈਠੇ ਕਿਤਿਕ ਬੇਰ ਜਬਿ ਬੀਤੀ। ਕਹਜੋ ਬਚਨ ਤ੍ਰਿਤੀਆ ਤਿਸ ਰੀਤੀ।**
**ਪਰਖਹਿਂ ਸਿੱਖਨਿ ਕੋ ਸੁਖਦਾਨੀ। ਲਾਖਹੁਂ ਸੰਗਤਿ ਮਹਿਦ ਮਹਾਂਨੀ॥ ੩੮॥**

ਬੈਠੇ-ਬੈਠੇ ਜਦ ਕਾਫੀ ਸਮਾਂ ਬੀਤ ਗਿਆ ਤਾਂ ਗੁਰੂ ਜੀ ਨੇ ਤੀਸਰੀ ਵਾਰ ਉਸੇ ਰੀਤੀ ਨਾਲ ਬਚਨ ਕੀਤਾ। ਗੁਰੂ ਜੀ ਸਿੱਖਾਂ ਦੀ ਪਰਖ ਕਰ ਰਹੇ ਸਨ, ਲੱਖਾਂ ਦੀ ਗਿਣਤੀ ਵਿਚ ਮਹਾਨ ਸੰਗਤ ਬੈਠੀ ਹੋਈ ਸੀ॥ ੩੮॥

**ਬੀਜ ਅਹੈ ਕੈਧੋਂ ਰਹਿ ਨਾਂਹੀ। ਜਿਸ ਤੇ ਹੋਇ ਸਰਬ ਨਿਰਬਾਹੀ।**
**ਕੇਹਰਿ ਹੋਤਿ ਏਕ ਹੀ ਬਨ ਮੈਂ। ਕੈ ਨ ਪ੍ਰਵੇਸ਼ੈ ਡਰ ਧਰਿ ਮਨ ਮੈਂ॥ ੩੯॥**

ਬੀਜ ਰਹੇ ਜਾਂ ਰਹੇ ਨਹੀਂ, ਜਿਸ ਨਾਲ ਸਾਰਾ ਨਿਰਬਾਹ ਹੋ ਸਕੇ। ਜੰਗਲ ਵਿਚ ਇਕ ਹੀ ਸ਼ੇਰ ਹੁੰਦਾ ਹੈ, ਕੋਈ ਜੰਗਲ ਵਿਚ ਡਰ ਧਾਰ ਕੇ ਪ੍ਰਵੇਸ਼ ਨਹੀਂ ਕਰਦਾ ਹੈ॥ ੩੯॥

**ਤ੍ਰਿਤੀ ਬਚਨ ਜੇ ਪਰਤਉ ਖਾਲੀ। ਪੁਨ ਕੋ ਹੋਤਿ ਸੰਗਤਿ ਤਿਸੁ ਵਾਲੀ।**
**ਦਯਾ ਸਿੰਘ ਇਕ ਬਸੈ ਲਹੌਰ। ਛੱਤ੍ਰੀ ਸਭਿ ਸਿੰਘਨਿ ਸਿਰਮੌਰ॥ ੪੦॥**

ਤੀਸਰਾ ਬਚਨ ਵੀ ਜੇ ਖਾਲੀ ਪਰਤਦਾ ਤਾਂ ਉਸ ਵੇਲੇ ਜਾਂ ਉਸ ਸੰਗਤ ਦਾ ਫਿਰ ਵਾਲੀ ਕੌਣ ਹੁੰਦਾ। ਦਇਆ ਸਿੰਘ ਇਕ ਲਾਹੌਰ ਨਿਵਾਸੀ ਸਿੱਖ ਸੀ। ਉਹ ਖੱਤਰੀ ਸਭ ਸਿੰਘਾਂ ਦਾ ਸ਼ਿਰੋਮਣੀ ਸੀ॥ ੪੦॥

**ਰਿਦੈ ਬਿਚਾਰ ਕੀਨਿ ਤਬਿ ਤਾਂਹੀ। 'ਰੇ ਜਿਯ ! ਜਿਯਤਿ ਸਦਾ ਕੋ ਨਾਂਹੀ।**
**ਐਸੋ ਸਮੌ ਨਹੀਂ ਪੁਨ ਪਾਵੈ। ਸਤਿਗੁਰ ਕਾਜ ਸੀਸ ਤੁਵ ਆਵੈ॥ ੪੧॥**

ਉਸ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਹੇ ਮੇਰੇ ਜੀਅ ! ਸਦਾ ਕੋਈ ਵੀ ਨਹੀਂ ਜੀਉਂਦਾ ਹੈ। ਐਸਾ ਸਮਾਂ ਫਿਰ ਨਹੀਂ ਆਵੇਗਾ, ਸਤਿਗੁਰੂ ਜੀ ਦੇ ਕੰਮ ਤੇਰਾ ਸਿਰ ਆਵੇ॥ ੪੧॥

**ਇਤੀ ਬਿਲੰਬ ਕੀਨਿ ਧਿਰ ਤੋਹੀ। ਸ੍ਵਾਮੀ ਬਚਨ ਨ ਸਨਮੁਖ ਹੋਹੀ'।**
**ਇਮ ਬਿਚਾਰ ਕਰਿ ਤੂਰਨ ਠਾਂਢਾ। ਰਿਦੈ ਬਿਖੈ ਧੀਰਜ ਧਰਿ ਗਾਢਾ॥ ੪੨॥**

ਏਨੀ ਤੂੰ ਦੇਰ ਕੀਤੀ ਹੈ, ਧਿਰਕਾਰ ਹੈ ਤੈਨੂੰ। ਸਵਾਮੀ ਦੇ ਬਚਨਾਂ ਦੇ ਸਾਹਮਣੇ ਨਹੀਂ ਹੋਇਆ ਹੈਂ।" ਇਸ ਤਰ੍ਹਾਂ ਵਿਚਾਰ ਕਰਕੇ ਤੁਰਤ ਖੜਾ ਹੋ ਗਿਆ। ਹਿਰਦੇ ਵਿਚ ਦ੍ਰਿੜ੍ਹ ਧੀਰਜ ਧਾਰਨ ਕਰ ਲਿਆ॥ ੪੨॥

**ਬਿਨਤੀ ਭਨੀ ਜੋਰਿ ਜੁਗ ਕਰ ਕੋ। 'ਲੀਜਹਿ ਸਤਿਗੁਰ ਮੇਰੇ ਸਿਰ ਕੋ'।**
**ਸੁਨਿ ਕਲਗੀਧਰ ਤਜਜੋ ਪ੍ਰਯੰਕਾ। 'ਦੇਨੋ ਸਿਰ ਤੌ ਆਇ ਨਿਸ਼ੰਕਾ'॥ ੪੩॥**

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ ਮੇਰਾ ਸਿਰ ਲੈ ਲਵੋ।" ਇਹ ਸੁਣ ਕੇ ਕਲਗੀਧਰ ਨੇ ਪਲੰਘ ਛੱਡ ਦਿੱਤਾ ਅਤੇ ਬੋਲੇ, "ਕੀ ਸ਼ੰਕਾ-ਰਹਿਤ ਹੋ ਕੇ ਸਿਰ ਦੇਣ ਵਾਸਤੇ ਆਇਆ ਹੈ"॥ ੪੩॥

**ਇਮ ਕਹਿ ਗਹੀ ਬਾਂਹੁ ਤਿਸ ਕੇਰੀ। ਤੰਬੂ ਮਹਿਂ ਲੈ ਗੇ ਬਿਨ ਦੇਰੀ।**
**ਹੁਤੇ ਫਰਸ਼ ਬਿਚ ਦਯੋ ਬਿਠਾਈ। ਕਹਜੋ 'ਬੈਠਿ ਕਿਮ ਹ੍ਵੈ ਨ ਲਖਾਈ॥ ੪੪॥**

ਇਹ ਕਹਿ ਕੇ ਉਸ ਦੀ ਬਾਂਹ ਫੜ ਲਈ ਤੇ ਕਿਸੇ ਦੇਰੀ ਤੋਂ ਬਗੈਰ ਤੰਬੂ ਵਿਚ ਲੈ ਗਏ। ਉਥੇ ਗਲੀਚੇ ਵਿਛੇ ਸਨ, ਉਥੇ ਤੰਬੂ ਅੰਦਰ ਬਿਠਾ ਦਿੱਤਾ ਤੇ ਕਿਹਾ, ਏਥੇ ਬੈਠੇ ਰਹੋ ਤੇ ਕਿਸੇ ਨੂੰ ਦਿਖਾਈ ਨਾ ਦੇਣਾ॥ ੪੪॥

ਇਕ ਬਕਰੇ ਪਰ ਖੜਗ ਚਲਾਯੋ। ਸੀਸ ਜੁਦਾ ਕਰਿ ਰਕਤ ਬਹਾਯੋ।
ਲੋਚਨ ਸ੍ਰਵਣ ਕਰੇ ਸਵਧਾਨਾ। ਗੁਰ ਦਿਸ਼ਿ ਪਿਖਹਿਂ ਸਭਿਨਿ ਡਰ ਮਾਨਾ ॥੪੫॥

ਇਕ ਬੱਕਰੇ ਤੇ ਤਲਵਾਰ ਚਲਾਈ ਤੇ ਉਸ ਦਾ ਸਿਰ ਵੱਖ ਕਰਕੇ ਖ਼ੂਨ ਬਹਾਇਆ। ਅੱਖਾਂ ਕੰਨ ਸਭ ਨੇ ਸਾਵਧਾਨ ਕੀਤੇ। ਸਾਰਿਆਂ ਨੇ ਡਰ ਮੰਨ ਕੇ ਗੁਰੂ ਜੀ ਵਲ ਵੇਖਿਆ॥ ੪੫॥

ਸ਼ਬਦ ਸੁਨਜੋ ਅਜ ਕਾਟਨਿ ਕੇਰਾ। ਤੰਬੂ ਵਹਿਰ ਰਕਤ ਕੋ ਹੇਰਾ।
ਦੋਨਹੁਂ ਪਤੇ ਪਰਖ ਕਰਿ ਜਾਨਾ। 'ਸੰਘਾਰਜੋ ਸਿਖ' ਅਚਰਜ ਠਾਨਾ॥ ੪੬॥

ਬੱਕਰੇ ਨੂੰ ਕੱਟੇ ਜਾਣ ਦੀ ਉਨ੍ਹਾਂ ਆਵਾਜ਼ ਸੁਣੀ ਤੇ ਤੰਬੂ ਦੇ ਬਾਹਰ ਲਹੂ ਨਿਕਲਦਾ ਵੇਖਿਆ। ਦੋਵੇਂ ਗੱਲਾਂ ਪਰਖ ਕੇ ਇਹ ਜਾਣਿਆ ਕਿ ਸਿੱਖ ਨੂੰ ਮਾਰ ਦਿੱਤਾ ਹੈ ਤੇ ਬਹੁਤ ਹੈਰਾਨ ਹੋਏ॥ ੪੬॥

*ਨੋਟ : ਸੰਗਤ ਤੋਂ ਓਹਲਾ ਰੱਖ ਕੇ ਬੱਕਰੇ ਝਟਕਾਉਣ ਵਾਲੀ ਗੱਲ ਇਕ ਨਾਟਕ ਹੀ ਹੈ। ਜਿਨ੍ਹਾਂ ਨਾਟਕਾਂ ਚੇਟਕਾਂ ਨੂੰ ਸਤਿਗੁਰੂ ਜੀ ਨਹੀਂ ਮੰਨਦੇ ਸਨ। ਗੁਰੂ ਜੀ ਪੂਰਨ ਸਮਰੱਥ ਸਨ, ਉਹ ਤੰਬੂ ਵਿਚ ਕੁਝ ਵੀ ਕਰ ਸਕਦੇ ਸਨ, ਜਦ ਕਿਸੇ ਸਿੱਖ ਨੇ ਅੰਦਰ ਦੇ ਕੌਤਕ ਨੂੰ ਵੇਖਿਆ ਹੀ ਨਹੀਂ ਹੈ ਫਿਰ ਕਵੀ ਜੀ ਇਸ ਬਾਰੇ ਕਿਵੇਂ ਵਰਣਨ ਕਰਦੇ ਹਨ। ਜੇ ਅੰਦਰ ਬੱਕਰੇ ਬੱਧੇ ਹੁੰਦੇ ਤਾਂ ਝਟਕਾਉਣ ਉੱਤੇ ਉਨ੍ਹਾਂ ਵਿਚੋਂ ਕੋਈ ਵੀ ਨਾ ਬੋਲਦਾ। ਇਸ ਲਈ ਕਵੀ ਜੀ ਨੇ ਇਹ ਕਿਆਸ ਹੀ ਲਾਇਆ ਹੈ, ਜੋ ਅਸਲ ਵਿਚ ਹੋਇਆ ਹੈ, ਉਸ ਬਾਰੇ ਉਹ ਨਹੀਂ ਜਾਣ ਸਕੇ ਹਨ।*

ਬਦਨ ਪੀਤ ਸਭਿ ਧੀਰਜ ਹਾਲੇ। ਕੌਨ ਗੁਰੂ ਕੇ ਚਲਿਤ ਸੰਭਾਲੇ।
ਥਰਹਰਿ ਕੰਪੇ, ਹਹਿਰਹਿਂ ਉਰ ਮਹਿਂ। ਅਨਿਕ ਕਲਪਨਾ ਕਲਪਤਿ ਗੁਰ ਮਹਿਂ॥੪੭॥

ਸਾਰਿਆਂ ਦੇ ਚਿਹਰੇ ਪੀਲੇ ਪੈ ਗਏ ਤੇ ਸਾਰੇ ਧੀਰਜ ਛੱਡ ਗਏ, ਗੁਰੂ ਜੀ ਦੇ ਚਰਿੱਤਰ ਦੀ ਕੌਣ ਸੰਭਾਲ ਕਰ ਸਕਦਾ ਸੀ। ਥਰ-ਥਰ ਕੰਬਦੇ ਸਨ ਤੇ ਹਿਰਦੇ ਦਾ ਧੀਰਜ ਖੋਹ ਬੈਠੇ ਸਨ ਤੇ ਗੁਰੂ ਜੀ ਬਾਰੇ ਅਨੇਕਾਂ ਕਲਪਨਾਵਾਂ ਕਲਪਦੇ ਸਨ॥ ੪੭॥

*ਤੀਸਰੀ ਰੁੱਤ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥*

## ਅਧਿਆਇ ਅਠਾਰ੍ਹਵਾਂ

### ਪੰਜ ਪਿਆਰੇ

ਦੋਹਰਾ- ਦਯਾ ਸਿੰਘ ਕੋ ਧੀਰ ਦੇ ਤੰਬੂ ਬਿਖੈ ਬਿਠਾਇ।
ਕਲਗ਼ੀਧਰ ਨਿਕਸੇ ਵਹਿਰ ਰਿਸ ਜੁਤਿ ਬਦਨ ਦਿਖਾਇ॥ ੧॥

ਦਇਆ ਸਿੰਘ ਨੂੰ ਧੀਰਜ ਦੇ ਕੇ ਤੰਬੂ ਵਿਚ ਬਿਠਾਇਆ। ਗੁਰੂ ਜੀ ਫਿਰ ਬਾਹਰ ਨਿਕਲੇ, ਚਿਹਰਾ ਕ੍ਰੋਧ ਨਾਲ ਭਰਿਆ ਹੋਇਆ ਸੀ॥ ੧॥

ਚੌਪਈ- ਸ਼੍ਰੋਣਤ ਭੀਗਜੋ ਪਾਨ ਕ੍ਰਿਪਾਨਾ। ਨਰਨਿ ਲਖਜੋ ਗੁਰ ਹਤੀ ਕ੍ਰਿਪਾਨਾ।
ਤਿਸੀ ਰੀਤਿ ਪੁਨ ਥਿਰੇ ਪ੍ਰਯੰਕਾ। ਹੇਰਤਿ ਸਗਰੇ ਭਏ ਸਸ਼ੰਕਾ॥ ੨॥

ਹੱਥ ਵਿਚ ਫੜੀ ਕ੍ਰਿਪਾਨ ਲਹੂ ਨਾਲ ਭਿੱਜੀ ਹੋਈ ਸੀ, ਲੋਕਾਂ ਸਮਝਿਆ ਗੁਰੂ ਜੀ ਨੇ ਤਲਵਾਰ ਚਲਾਈ ਹੈ। ਉਸੇ ਤਰ੍ਹਾਂ ਹੀ ਗੁਰ ਜੀ ਫਿਰ ਪਲੰਘ ਉੱਤੇ ਬੈਠ ਗਏ। ਸਾਰੇ ਸ਼ੱਕੀ ਨਜ਼ਰਾਂ ਨਾਲ ਵੇਖ ਰਹੇ ਸਨ॥ ੨॥

Sri Satguru Jagjit Singh Ji eLlibrary NamdhariElibrary@gmail.com

ਧੁਨਿ ਊਚੀ ਪੁਨ ਗੁਰੂ ਉਚਾਰਾ। ਔਰ ਦੇਇ ਸਿਰ ਕੋ ਸਿਖ ਪਜਾਰਾ।
ਕਾਰਜ ਪਰਜੋ ਆਨ ਕਰਿ ਮੇਰਾ। ਸਿਰ ਦੀਨੇ ਬਿਨ ਹੋਹਿ ਨ, ਹੇਰਾ॥ ੩॥

ਗੁਰੂ ਜੀ ਨੇ ਫਿਰ ਉੱਚੀ ਆਵਾਜ਼ ਵਿਚ ਉਚਾਰਨ ਕੀਤਾ, ਕੋਈ ਪਿਆਰਾ ਸਿੱਖ ਹੋਰ ਸਿਰ ਦੇਵੇ। ਮੈਨੂੰ ਕਾਰਜ ਆ ਪਿਆ ਹੈ। ਸਿਰ ਦਿੱਤੇ ਬਗੈਰ ਸਰਦਾ ਨਹੀਂ ਹੈ, ਇਹ ਗੱਲ ਅਸੀਂ ਚੰਗੀ ਤਰ੍ਹਾਂ ਵੇਖ ਲਈ ਹੈ॥ ੩॥

ਸੁਨਿ ਪਿਖਿ ਸਰਬ ਰਹੇ ਬਿਸਮਾਈ। ਬੈਠੇ ਤੂਸ਼ਨ ਗ੍ਰੀਵ ਨਿਵਾਈ।
ਪੂਰਬ ਤੈਂ ਸੰਭ੍ਰਮ ਕੁਛ ਅਹੇ। ਅਬਿ ਤੌ ਨਿਸ਼ਚੈ ਪਤਨੋ ਲਹੇ॥ ੪॥

ਸੁਣ ਕੇ ਅਤੇ ਵੇਖ ਕੇ ਸਾਰੇ ਹੈਰਾਨ ਰਹਿ ਗਏ। ਗਰਦਨ ਨਿਵਾ ਕੇ ਸਾਰੇ ਚੁੱਪ ਬੈਠੇ ਰਹੇ। ਪਹਿਲਾਂ ਤਾਂ ਕੁਝ ਸੰਸਾ ਸੀ, ਹੁਣ ਨਿਸ਼ਚੇ ਹੀ ਮਰਨਾ ਦਿਖਾਈ ਦਿੰਦਾ ਹੈ॥ ੪॥

ਲਖਜੋ ਸਭਿਨਿ ਇਕ ਹਤਜੋ ਅਗਾਰੀ। ਅਬਿ ਚਾਹਤਿ ਦੂਸਰ ਕੋ ਮਾਰੀ।
ਕਿਤਿਕ ਬੇਰ ਪੁਨ ਕਹਿ ਜਗਦੀਸ਼ਾ। 'ਕੋ ਪਜਾਰੋ ਸਿਖ ਦੇਵਹਿ ਸੀਸਾ'॥ ੫॥

ਸਾਰਿਆਂ ਸਮਝਿਆ, ਪਹਿਲਾਂ ਇਕ ਮਾਰ ਦਿੱਤਾ ਹੈ, ਹੁਣ ਦੂਸਰੇ ਨੂੰ ਮਾਰਨਾ ਚਾਹੁੰਦੇ ਹਨ। ਕਈ ਵਾਰ ਫਿਰ ਗੁਰੂ ਜੀ ਨੇ ਕਿਹਾ "ਕੋਈ ਪਿਆਰਾ ਸਿੱਖ ਸੀਸ ਦੇਵੇ"॥ ੫॥

ਜਬਿ ਹੂੰ ਤੀਜੋ ਬਚਨ ਉਚਾਰਾ। ਧਰਮ ਸਿੰਘ ਤਬਿ ਰਿਦੈ ਬਿਚਾਰਾ।
ਜਾਤਿ ਜਾਟ ਹਸਤਨਪੁਰਿ ਵਾਸੀ। ਮਨ ਸੋਂ ਕਹਿ ਕਜੋਂ ਭਾ ਪ੍ਰਾਣਿ ਨਾਸ਼ੀ॥੬॥

ਜਦ ਤੀਸਰਾ ਬਚਨ ਉਚਾਰਨ ਕੀਤਾ ਤਾਂ ਧਰਮ ਸਿੰਘ ਨੇ ਫਿਰ ਹਿਰਦੇ ਵਿਚ ਵਿਚਾਰ ਕੀਤੀ। ਉਹ ਹਸਤਨਾਪੁਰ ਦਾ ਰਹਿਣ ਵਾਲਾ ਜੱਟ ਜਾਤੀ ਨਾਲ ਸੰਬੰਧ ਰੱਖਦਾ ਸੀ। ਉਸ ਨੇ ਆਪਣੇ ਮਨ ਵਿਚ ਕਿਹਾ ਕਿ ਆਪਣੇ ਪ੍ਰਾਣ ਤੋਂ ਕਿਉਂ ਫਿਰਦਾ ਹੈਂ॥ ੬॥

ਸਰਬ ਸਰੀਰ ਦੀਨਿ ਗੁਰ ਤਾਈਂ। ਕਰਹਿੰ ਤਥਾ ਜਿਯ ਜਥਾ ਸੁਹਾਈ।
ਗੁਰ ਕਰਤਬ ਮਹਿੰ ਕਜੋਂ ਕਰਿ ਸ਼ੰਕਾ। ਬੈਠਿ ਰਹਜੋ ਮਨ ਮਾਨਿ ਅਤੰਕਾ॥ ੭॥

ਸਾਰਾ ਸਰੀਰ ਤੂੰ ਗੁਰੂ ਜੀ ਨੂੰ ਦੇ ਦਿੱਤਾ ਹੈ, ਉਹ ਇਸ ਸਰੀਰ ਨੂੰ ਉਸ ਤਰ੍ਹਾਂ ਹੀ ਕਰਨ ਜਿਵੇਂ ਜਿਵੇਂ ਉਨ੍ਹਾਂ ਨੂੰ ਸ਼ੋਭਦਾ ਹੈ। ਗੁਰੂ ਜੀ ਦੇ ਕਾਰਜ ਵਿਚ ਕਿਉਂ ਸ਼ੰਕਾ ਕਰਦੇ ਹੋ। ਮਨ ਵਿਚ ਡਰ ਧਾਰ ਕੇ ਬੈਠਾ ਰਿਹਾ ਹੈਂ॥ ੭॥

ਇਮ ਬਿਚਾਰਿ ਤਤਛਿਨ ਹ੍ਵੈ ਠਾਂਢੋ। ਸੰਗਤ ਪਿਖਹਿ ਧੀਰ ਧਰਿ ਗਾਢੋ।
ਕਹਜੋ ਨਿਸ਼ੰਕ ਜੋਰਿ ਜੁਗ ਕਰ ਕੋ। 'ਲਿਹੁ ਸਤਿਗੁਰ ਜੀ ਮੇਰੇ ਸਿਰ ਕੋ'॥ ੮॥

ਇਸ ਤਰ੍ਹਾਂ ਵਿਚਾਰ ਕੇ ਤੁਰਤ ਖੜਾ ਹੋ ਗਿਆ, ਸੰਗਤ ਵੇਖ ਰਹੀ ਸੀ, ਵੱਡਾ ਧੀਰਜ ਧਾਰਨ ਕੀਤਾ ਹੋਇਆ ਸੀ। ਉਸ ਨੇ ਨਿਸ਼ੰਕ ਹੋ ਕੇ ਹੱਥ ਜੋੜ ਕੇ ਕਿਹਾ, "ਹੇ ਸਤਿਗੁਰੂ ਜੀ ਮੇਰਾ ਸਿਰ ਲੈ ਲਵੋ"॥ ੮॥

ਦੇਖਿ ਸਿੱਖ ਪ੍ਰਿਯ ਉਠੇ ਪ੍ਰਯੰਕਾ। ਗਹਿ ਭੁਜ ਲੈਗੇ ਤਹਾਂ ਨਿਸ਼ੰਕਾ।
ਤੰਬੂ ਬਿਖੈ ਜਾਇ ਬੈਠਾਯੋ। ਖੜਗ ਛਾਗ ਪਰ ਤਬਹਿ ਚਲਾਯੋ॥ ੯॥

ਪਿਆਰੇ ਸਿੱਖ ਨੂੰ ਵੇਖ ਕੇ ਗੁਰੂ ਜੀ ਪਲੰਘ ਤੋਂ ਉੱਠੇ ਤੇ ਬਾਂਹ ਤੋਂ ਫੜ ਕੇ ਨਿਸ਼ੰਕ ਹੋ ਕੇ ਤੰਬੂ ਵਿਚ ਲੈ ਗਏ। ਫਿਰ ਉਸ ਨੂੰ ਜਾ ਕੇ ਤੰਬੂ ਵਿਚ ਬਿਠਾ ਦਿੱਤਾ, ਤਦ ਬੱਕਰੇ ਉੱਤੇ ਤਲਵਾਰ ਚਲਾਈ॥ ੯॥

ਸ਼ਬਦ ਸੁਨਜੋਂ ਅਰੁ ਸ਼ੋਣਤ ਹੇਰਾ। ਸਭਿਨਿ ਲਖਜੋ ਸਿਖ ਕੋ ਕਟ ਗੇਰਾ।
ਦਇਆ ਸਿੰਘ ਕੇ ਨਿਕਟ ਬਿਠਾਵਾ। 'ਬੈਠਹੁ, ਬਹਿਰ ਨ ਕਰੋ ਲਖਾਵਾ'॥੧੦॥

ਆਵਾਜ਼ ਸੁਣੀ ਅਤੇ ਖੂਨ ਚੱਲਦਾ ਵੇਖਿਆ ਸਾਰਿਆਂ ਨੇ ਸਮਝਿਆ ਕਿ ਸਿੱਖ ਨੂੰ ਵੱਢ ਕੇ ਸੁੱਟ ਦਿੱਤਾ ਹੈ। ਉਸ ਨੂੰ ਦਇਆ ਸਿੰਘ ਦੇ ਪਾਸ ਬਿਠਾ ਦਿੱਤਾ ਤੇ ਕਿਹਾ, "ਏਥੇ ਬੈਠੇ ਰਹੋ, ਬਾਹਰ ਪਤਾ ਨਾ ਲੱਗੇ"॥ ੧੦॥

ਸਜਿ ਸ੍ਰੋਣਤ ਜੁਤਿ ਅਸਿ ਕਰ ਲੀਨੇ। ਵਹਿਰ ਆਇ ਥਿਰ ਗੁਰੂ ਪ੍ਰਬੀਨੇ।
ਦੇਖਤਿ ਉੱਗ੍ਰ ਤੇਜ ਅਵਰੇਖਾ। ਸਭਿ ਕੇ ਅਚਰਜ ਹੋਤਿ ਵਿਸ਼ੇਖਾ॥ ੧੧॥

ਸੱਜਰ ਲਹੂ ਵਾਲੀ ਤਲਵਾਰ ਕਰ ਲਈ, ਫਿਰ ਚਤੁਰ ਗੁਰੂ ਜੀ ਬਾਹਰ ਆ ਗਏ। ਵੇਖਣ ਵਾਲਿਆਂ ਨੇ ਗੁਰੂ ਜੀ ਦਾ ਘੋਰ ਤੇਜ ਵੇਖਿਆ, ਸਾਰੇ ਬਹੁਤ ਹੈਰਾਨ ਹੋ ਰਹੇ ਸਨ॥ ੧੧॥

ਫਿਰ ਗਈ ਕਾਚਨ ਮੁਖ ਜ਼ਰਦਾਈ। ਉਠਯੋ ਚਹਤਿ, ਨਹਿਂ ਗਮਨਯੋਂ ਜਾਈ।
ਸਨੇ ਸਨੇ ਬੋਲਤਿ ਨਿਜ ਮਾਂਹੀ। 'ਦਰਸ ਕਾਲਕਾ ਇਹ ਫਲ ਤਾਂਹੀ॥ ੧੨॥

ਕੱਚਿਆਂ ਪਿਲਿਆਂ ਦੇ ਮੂੰਹ ਤੇ ਫਿਰ ਪਲਿੱਤਣ ਛਾ ਗਈ। ਨਾ ਉੱਠਿਆ ਜਾਂਦਾ ਸੀ ਨਾ ਜਾਇਆ ਜਾਂਦਾ ਸੀ। ਹੌਲੀ-ਹੌਲੀ ਆਪਸ ਵਿਚ ਬੋਲਦੇ ਸਨ, "ਦੇਵੀ ਦੇ ਦਰਸ਼ਨ ਕਰਕੇ ਇਹ ਹਾਲਤ ਹੋਈ ਹੈ॥ ੧੨॥

ਉੱਗ੍ਰ ਦੇਵਤਾ ਸਹਯੋ ਨ ਜਾਈ। ਉਲਟ ਪਰੀ ਮਤ ਅਪਰ ਬਨਾਈ।
ਤਿਸ ਦਿਨ ਤੇ ਭਏ ਕ੍ਰੂਰ ਘਨੇਰੇ। ਬਡ ਮਸੰਦ ਮਾਰਯੋ ਬਿਨ ਬੇਰੇ॥ ੧੩॥

ਘੋਰ ਦੇਵਤਾ ਬਰਦਾਸ਼ਤ ਨਹੀਂ ਹੁੰਦਾ, ਉਲਟੀ ਪੈ ਗਈ ਹੈ ਮੱਤ ਹੋਰ ਹੀ ਬਣ ਗਈ ਹੈ, ਉਸ ਦਿਨ ਤੋਂ ਬਹੁਤ ਕਰੂੜ ਹੋ ਗਏ ਹਨ, ਵੱਡੇ ਮਸੰਦ ਚੇਤੋ ਨੂੰ ਕਿਸੇ ਦੇਰੀ ਦੇ ਬਗੈਰ ਮਾਰ ਦਿੱਤਾ ਹੈ॥ ੧੩॥

ਅਬਿ ਸਿੱਖਜਨ ਸਿਰ ਕਾਟ ਗਿਰਾਏ। ਤੇਜ ਉੱਗ੍ਰ ਮੁਖ ਪਿਖਯੋ ਨ ਜਾਏ'।
ਸਭਿਨਿ ਸੁਨਤਿ ਪੁਨ ਗੁਰੂ ਉਚਾਰਾ। 'ਅਪਰ ਦੇਹੁ ਸਿਰ ਕੋ ਸਿਖ ਪਜਾਰਾ' ॥੧੪॥

ਹੁਣ ਸਿੱਖਾਂ ਦੇ ਸਿਰ ਕੱਟ ਕੇ ਸੁੱਟ ਦਿੱਤੇ ਹਨ, ਭਿਆਨਕ ਤੇਜ ਹੈ, ਮੁਖ ਵੇਖਿਆ ਨਹੀਂ ਜਾਂਦਾ।" ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਉਚਾਰਨ ਕੀਤਾ, "ਕੋਈ ਹੋਰ ਮੇਰਾ ਪਿਆਰਾ ਸਿੱਖ ਸਿਰ ਦੇਵੇ"॥ ੧੪॥

ਕੇਤਿਕ ਹੁਤੇ ਦੂਰ ਸੁਨਿ ਧਾਏ। ਸ੍ਰੀ ਗੁਜਰੀ ਢਿਗ ਜਾਇ ਸੁਨਾਏ।
'ਗੁਰ ਕੀ ਬੁੱਧਿ ਬਿਪਰਜੈ ਹੋਈ। ਖੜਗ ਸੰਗ ਕਾਟੇ ਸਿਖ ਦੋਈ॥ ੧੫॥

ਕਈ ਜਿਹੜੇ ਬਹੁਤ ਦੂਰ ਬੈਠੇ ਸਨ, ਉਹ ਭੱਜ ਗਏ ਤੇ ਮਾਤਾ ਗੁਜਰੀ ਜੀ ਨੂੰ ਜਾ ਕੇ ਸੁਣਾਇਆ, "ਗੁਰੂ ਜੀ ਦੀ ਬੁੱਧੀ ਉਲਟੀ ਹੋ ਗਈ ਹੈ। ਦੋ ਸਿੱਖ ਤਲਵਾਰ ਨਾਲ ਕੱਟ ਦਿੱਤੇ ਹਨ॥ ੧੫॥

ਪੁਨ ਅਪਰਨਿ ਕੋ ਬਾਕ ਸੁਨਾਵਤਿ। ਕੋ ਸਿਰ ਦੇ ਸਿਖ, ਮੋ ਮਨ ਭਾਵਤਿ।
ਸਹਯੋ ਨ ਗਯੋ ਆਗਮਨ ਕਾਲੀ। ਕ੍ਰੂਰਿ ਕਰਮ ਕਰਤੇ ਅਸ ਚਾਲੀ॥ ੧੬॥

ਫਿਰ ਦੂਸਰੇ ਸਿੱਖਾਂ ਨੂੰ ਸੁਣਾ ਕੇ ਕਿਹਾ ਹੈ, 'ਕੋਈ ਸਿੱਖ ਮੇਰੇ ਮਨ ਨੂੰ ਭਾਉਂਦਾ ਸਿਰ ਦੇਵੇ। ਜਾਪਦਾ ਹੈ ਦੇਵੀ ਦਾ ਆਉਣਾ ਬਰਦਾਸ਼ਤ ਨਹੀਂ ਹੋਇਆ ਹੈ, ਇਸ ਢੰਗ ਨਾਲ ਕਰੂੜ ਕਰਮ ਕਰ ਰਹੇ ਹਨ॥ ੧੬॥

ਅਪਰ ਉਪਾਇ ਨਹੀਂ ਬਨਿ ਆਵੈ। ਰੋਕ ਬਿਠਾਵਹੁ ਕਿਤਹੁੰ ਨ ਜਾਨੈਂ।
ਖਿਰੈਂ ਪੌਰ ਪਰ ਸੁਭਟ ਘਨੇਰੇ। ਸਿਖ ਕੋ ਜਾਇ ਨਹੀਂ ਅਬਿ ਨੇਰੇ॥ ੧੭॥

ਹੋਰ ਕੋਈ ਉਪਾਅ ਬਣਦਾ ਨਹੀਂ ਹੈ, ਰੋਕ ਕੇ ਬਿਠਾਵੋ ਕਿਤੇ ਵੀ ਨਾ ਜਾਣ। ਮੁਖ ਦੁਆਰ ਤੇ ਬਹੁਤ ਸੂਰਬੀਰ ਖੜੇ ਹੋਣੇ ਚਾਹੀਦੇ ਹਨ ਤੇ ਹੁਣ ਕੋਈ ਵੀ ਸਿੱਖ ਉਨ੍ਹਾਂ ਦੇ ਨੇੜੇ ਨਾ ਜਾਵੇ॥ ੧੭॥

ਗੁਰ ਗਾਦੀ ਪਰ ਪੌਤ੍ਰ ਬਿਠਾਵਹੁ। ਸਭਿ ਸੰਗਤਿ ਕੇ ਬੀਚ ਪੁਜਾਵਹੁ'।
ਸੁਨਤਿ ਮਸੰਦਨ ਤੇ ਅਸ ਬਾਨੀ। ਸ੍ਰੀ ਗੁਜਰੀ ਚਿਤ ਚਿੰਤਾ ਠਾਨੀ॥ ੧੮॥

ਗੁਰਗੱਦੀ ਉੱਤੇ ਆਪਣਾ ਪੋਤਰਾ ਬਿਠਾਵੇ ਤੇ ਸਾਰੀ ਸੰਗਤ ਪਾਸੋਂ ਉਸ ਦੀ ਪੂਜਾ ਕਰਵਾਵੇ।" ਮਸੰਦਾਂ ਪਾਸੋਂ ਅਜਿਹੀ ਗੱਲ ਸੁਣ ਕੇ, ਮਾਤਾ ਗੁਜਰੀ ਜੀ ਨੇ ਚਿੱਤ ਵਿਚ ਚਿੰਤਾ ਧਾਰਨ ਕੀਤੀ॥ ੧੮॥

ਨਿਕਟ ਦਾਸ ਜੇ ਤੁਰਤ ਪਠਾਏ। 'ਦੇਖਹੁ ਭਲੇ ਦੇਹੁ ਸੁਧ ਆਏ'।
ਪਰਜੋ ਨਗਰ ਮਹਿਂ ਰੌਰ ਬਿਸਾਲਾ। ਨਰ ਨਾਰੀ ਬਿਸਮੇ ਤਿਸ ਕਾਲਾ॥ ੧੯॥

ਜਿਹੜੇ ਸੇਵਕ ਪਾਸ ਸਨ, ਉਨ੍ਹਾਂ ਨੂੰ ਤੁਰਤ ਭੇਜਿਆ, ਵੇਖੋ ਭਲੀ ਪ੍ਰਕਾਰ ਆ ਕੇ ਖਬਰ ਦੇਵੋ।" ਸਾਰੇ ਨਗਰ ਵਿਚ ਬਹੁਤ ਰੌਲਾ ਮੱਚ ਗਿਆ, ਉਸ ਸਮੇਂ ਇਸਤਰੀ-ਪੁਰਸ਼ ਹੈਰਾਨ ਹੋ ਰਹੇ ਸਨ॥ ੧੯॥

ਇਤ ਪ੍ਰਭੁ ਤੀਨ ਬਾਰ ਜਬਿ ਭਾਖੇ। ਕੋ ਸਿਖ ਸਿਰ ਦੇ, ਗੁਰ ਅਭਿਲਾਖੇ।
ਇਮ ਸੁਨਿ ਕੈ ਬਚ ਕਲਗੀਧਰ ਕੇ। ਤੂਰਨ ਉਠਜੋ ਜੋਰਿ ਕਰ ਕਰਿਕੇ॥ ੨੦॥

ਏਧਰ ਗੁਰੂ ਜੀ ਜਦ ਤਿੰਨ ਵਾਰ ਬੋਲੇ "ਕੋਈ ਸਿੱਖ ਸਿਰ ਦੇਵੇ ਇਹ ਗੁਰੂ ਦੀ ਅਭਿਲਾਸ਼ਾ ਹੈ। ਕਲਗੀਧਰ ਦੇ ਇਸ ਤਰ੍ਹਾਂ ਬਚਨ ਸੁਣ ਕੇ ਹੱਥ ਜੋੜ ਕੇ ਤੁਰਤ ਇਕ ਸਿੱਖ ਉੱਠਿਆ॥ ੨੦॥

ਮੁਹਕਮ ਸਿੰਘ ਨਾਮ ਬੱਖਜਾਤੀ। ਨਾਮਦੇਵ ਕੀ ਜਿਸ ਤਨ ਜਾਤੀ।
ਵਾਸੀ ਹੁਤੋ ਦ੍ਵਾਰਕਾ ਨਗਰੀ। ਗ੍ਰਹਣ ਕਰੀ ਸਿੱਖੀ ਬਿਧਿ ਸਗਰੀ॥ ੨੧॥

ਮੁਹਕਮ ਸਿੰਘ ਜਿਸ ਦਾ ਨਾਮ ਪ੍ਰਗਟ ਸੀ ਤੇ ਭਗਤ ਨਾਮਦੇਵ ਵਾਲੀ ਜਿਸ ਦੀ ਛੀਂਬਾ ਜਾਤੀ ਸੀ। ਉਹ ਦਵਾਰਕਾ ਨਗਰੀ ਦਾ ਵਾਸੀ ਸੀ। ਉਸ ਨੇ ਸਾਰੀਆਂ ਵਿਧੀਆਂ ਨਾਲ ਸਿੱਖੀ ਗ੍ਰਹਿਣ ਕੀਤੀ ਸੀ॥ ੨੧॥

ਕਹਿਨਿ ਲਗਜੋ 'ਲੀਜੈ ਸਿਰ ਮੋਹੀ। ਕੀਜਹਿ ਛਿਮਾਂ ਬਿਲੰਬ ਜੁ ਹੋਹੀ'।
ਸੁਨਿ ਤਿਹ ਗਹਜੋ ਸਾਥ ਮਹਿਂ ਹਾਥਾ। ਲੈਗੇ ਤੰਬੂ ਮਹਿਂ ਜਗਨਾਥਾ॥ ੨੨॥

ਉਹ ਕਹਿਣ ਲੱਗਾ, "ਮੇਰਾ ਸਿਰ ਲਵੋ, ਮੈਨੂੰ ਮੁਆਫ ਕਰੋ, ਜਿਹੜੀ ਮੈਥੋਂ ਦੇਰੀ ਹੋ ਗਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਉਸ ਦਾ ਹੱਥ ਆਪਣੇ ਹੱਥ ਨਾਲ ਫੜ ਲਿਆ ਤੇ ਉਸ ਨੂੰ ਤੰਬੂ ਵਿਚ ਲੈ ਗਏ॥ ੨੨॥

ਦੋਨਹੁ ਕੇ ਢਿਗ ਤ੍ਰਿਤੀ ਬਿਠਾਯੋ। ਤ੍ਰਿਤੀ ਛਾਗ ਪਰ ਖੜਗ ਚਲਾਯੋ।
ਜਾਨਜੋ ਸਭਿਨਿ ਹਨਜੋ ਸਿਖ ਜਾਈ। ਰੁਧਿਰ ਧਾਰ ਤ੍ਰੈ ਠੌਰ ਬਹਾਈ॥ ੨੩॥

ਪਹਿਲੇ ਦੋਹਾਂ ਪਾਸ ਤੀਸਰਾ ਬਿਠਾ ਦਿੱਤਾ ਤੇ ਤੀਸਰੇ ਬੱਕਰੇ ਉੱਤੇ ਤਲਵਾਰ ਚਲਾਈ। ਸਾਰਿਆਂ ਜਾਣਿਆਂ ਕਿ ਸਿੱਖ ਨੂੰ ਮਾਰ ਦਿੱਤਾ ਹੈ, ਲਹੂ ਦੀ ਤੀਸਰੀ ਧਾਰ ਉਨ੍ਹਾਂ ਵਲ ਬਹਾ ਦਿੱਤੀ॥ ੨੩॥

ਚੰਚਲ ਗਤਿ ਸੋਂ ਬਾਹਿਰ ਆਏ। ਖੜਗ ਰਕਤ ਜੁਤਿ ਕਰ ਚਮਕਾਏ।
ਬੈਠਿ ਸਿੰਘਾਸਨ ਪਰ ਫੁਰਮਾਯੋ। 'ਜੋ ਸਿਖ ਸਿਰ ਦੇ ਮੋ ਮਨ ਭਾਯੋ'॥ ੨੪॥

ਗੁਰੂ ਜੀ ਫਿਰ ਬਹੁਤ ਤੇਜੀ ਨਾਲ ਬਾਹਰ ਆਏ, ਖ਼ੂਨ ਸਹਿਤ ਤਲਵਾਰ ਨੂੰ ਆਪਣੇ ਹੱਥ ਵਿਚ ਚਮਕਾਇਆ। ਫਿਰ ਸਿੰਘਾਸਣ 'ਤੇ ਬੈਠ ਕੇ ਫੁਰਮਾਇਆ, "ਕੋਈ ਸਿੱਖ ਮੇਰੇ ਮਨ-ਭਾਉਂਦਾ ਸਿਰ ਦੇਵੇ"॥ ੨੪॥

ਸਾਹਿਬ ਸਿੰਘ ਸੈਨ ਤਨ ਜਾਤੀ। ਬਿਦਰ ਪੁਰੀ ਵਾਸੀ ਬੱਖਜਾਤੀ।
ਠਾਂਢੋ ਭਯੋ ਜੋਰਿ ਕਰਿ ਹਾਥਾ। 'ਸਿਰ ਮੇਰੋ ਲਿਹੁ ਅਬਿ ਜਗਨਾਥਾ॥ ੨੫॥

ਸਾਹਿਬ ਸਿੰਘ ਫਿਰ ਨਾਈ ਜਾਤੀ ਦਾ ਸਿੱਖ ਉੱਠਿਆ, ਉਹ ਬਿਦਰ ਦੀ ਨਗਰੀ ਵਿਚ ਰਹਿੰਦਾ ਸੀ, ਉਹ ਹੱਥ ਜੋੜਕੇ ਖੜਾ ਹੋ ਗਿਆ ਤੇ ਬੋਲਿਆ, "ਹੇ ਜਗਤ ਦੇ ਮਾਲਕ ! ਹੁਣ ਮੇਰਾ ਸਿਰ ਲਵੋ॥ ੨੫॥

ਰਾਵਰਿ ਹੇਤੁ ਆਇ ਜੋ ਦੇਹੀ। ਬਹੁਰ ਰਾਖਨੀ ਕਾਰਜ਼ ਕੇਹੀ'।
ਸੁਨਿ ਕਰਿ ਤਤਛਿਨ ਉਠੇ ਗੁਸਾਈਂ। ਗਹੀ ਬਾਂਹ ਲੈਗੇ ਤਿਸ ਥਾਈਂ॥ ੨੬॥

ਜੇ ਮੇਰਾ ਸਰੀਰ ਆਪ ਜੀ ਦੇ ਕੰਮ ਆਵੇ ਤਾਂ ਫਿਰ ਇਹ ਹੋਰ ਕਿਹੜੇ ਕਾਰਜ ਵਾਸਤੇ ਰੱਖਣਾ ਹੈ।" ਇਹ ਸੁਣ ਕੇ ਗੁਰੂ ਜੀ ਤੁਰਤ ਉੱਠੇ। ਉਸ ਨੂੰ ਬਾਂਹ ਤੋਂ ਫੜ ਕੇ ਤੁਰਤ ਉਸ ਥਾਂ ਲੈ ਗਏ॥ ੨੬॥

ਤਿਨ ਸਮੀਪ ਹੀ ਜਾਇ ਬਿਠਾਯਹੁ। ਚਤੁਰਥ ਅਜ ਪਰ ਖੜਗ ਚਲਾਯਹੁ।
ਵਹਿਰ ਸੁਨੰਤਿ ਸੰਗਤਿ ਬਿਸਮਾਵੈ। ਕੋ ਜਾਨਹਿ ਗੁਰ ਕੋ ਕਜਾ ਭਾਵੈ!॥੨੭॥

ਪਹਿਲਿਆਂ ਦੇ ਪਾਸ ਹੀ ਜਾ ਬਿਠਾਇਆ ਤੇ ਚੌਥੇ ਬੱਕਰੇ ਉੱਤੇ ਤਲਵਾਰ ਚਲਾ ਦਿੱਤੀ। ਬਾਹਰ ਸੁਣ ਕੇ ਸੰਗਤ ਹੈਰਾਨ ਹੁੰਦੀ ਸੀ ਤੇ ਕਹਿੰਦੇ ਸਨ, "ਕੌਣ ਜਾਣਦਾ ਹੈ ਕਿ ਗੁਰੂ ਜੀ ਨੂੰ ਕੀ ਭਾਉਂਦਾ ਹੈ॥ ੨੭॥

ਛੇਦਤਿ ਹੈਂ ਸਿੱਖਨ ਕੇ ਸੀਸਾ। ਜਾਨੀ ਜਾਇ ਨ ਗਤਿ ਜਗਦੀਸ਼ਾ।
ਨਿਚੁਰਤਿ ਸ਼੍ਰੋਣਤ ਕਰ ਅਸਿ ਸੋਊ। ਬੈਠੇ ਆਇ ਪਿਖਤਿ ਸਭਿ ਕੋਊ॥੨੮॥

ਸਿੱਖਾਂ ਦੇ ਸਿਰ ਕੱਟ ਰਹੇ ਹਨ, ਮਾਲਕ ਦੀ ਕੋਈ ਗਤੀ ਜਾਣੀ ਨਹੀਂ ਜਾਂਦੀ ਹੈ।" ਉਹੋ ਤਲਵਾਰ ਲਹੂ ਨਾਲ ਨੁੱਚੜ ਰਹੀ ਸੀ। ਸਾਰੇ ਬੈਠੇ ਹੋਏ ਵੇਖ ਰਹੇ ਸਨ॥ ੨੮॥

ਬਹੁਰ ਬਚਨ ਉਚਰਯੋ ਤਿਸ ਰੀਤੀ। 'ਅਸ ਕੋ ਸਿਖ ਸਿਰ ਦੇ ਜੁਤਿ ਪ੍ਰੀਤੀ'।
ਬਿਸਮਾਨੇ ਸੁਨਿ ਸ਼੍ਰੌਨ ਮਝਾਰਾ। ਸਭਿ ਸਿੱਖਨਿ ਕੋ ਚਹਤਿ ਸੰਘਾਰਾ?॥੨੯॥

ਫਿਰ ਪਹਿਲੀ ਰੀਤੀ ਅਨੁਸਾਰ ਹੀ ਸ਼ਬਦ ਉਚਾਰਨ ਕੀਤਾ, "ਕੋਈ ਸਿੱਖ ਪ੍ਰੀਤ ਸਹਿਤ ਮੇਰੀ ਤਲਵਾਰ ਨੂੰ ਸਿਰ ਦੇਵੇ।" ਸਿੱਖ ਆਪਣੇ ਕੰਨਾਂ ਨਾਲ ਸੁਣ ਕੇ ਹੈਰਾਨ ਹੋਏ ਕਹਿੰਦੇ ਸਨ, ਕੀ ਸਾਰੇ ਸਿੱਖਾਂ ਨੂੰ ਮਾਰ ਦੇਣਾ ਚਾਹੁੰਦੇ ਹਨ?॥ ੨੯॥

ਹੁਤੇ ਚਾਰ ਪੁਨ ਅਪਰ ਪ੍ਰਚਾਰੈਂ! ਧੰਨ ਸੁ ਗੁਰ ਰਜ਼ਾਇ ਸਿਰ ਧਾਰੈਂ।
ਹੁਤੇ ਦੂਰ ਸੋ ਟਰਿ ਗੇ ਕਾਚੇ। ਲੋਕਨਿ ਸੋਂ ਗੁਰ ਕ੍ਰਿਆ ਉਬਾਚੇ॥ ੩੦॥

ਚਾਰ ਮਾਰ ਦਿੱਤੇ ਹਨ ਤੇ ਹੋਰ ਮੰਗਦੇ ਹਨ, ਉਹ ਧੰਨ ਹਨ ਜਿਨ੍ਹਾਂ ਗੁਰੂ ਜੀ ਦੀ ਰਜ਼ਾ ਸਿਰ ਤੇ ਧਾਰਨ ਕੀਤੀ ਹੋਈ ਹੈ। ਜਿਹੜੇ ਦੂਰ ਸਨ ਉਹ ਕੱਚੇ ਪਿੱਲੇ ਟਲ ਗਏ, ਲੋਕਾਂ ਨੂੰ ਗੁਰੂ ਜੀ ਦੀ ਕ੍ਰਿਆ ਬਾਰੇ ਕਹਿੰਦੇ ਸਨ॥ ੩੦॥

ਕਿਤਿਕ ਬਚਾਇ ਦ੍ਰਿਸ਼ਟਿ ਕੋ ਗਏ। ਕਿਤਿਕ ਲਾਜ ਤੇ ਥਿਰ ਹੀ ਭਏ।
ਗੁਰ ਸਨਮੁਖ ਨਹਿੰ ਸਾਕਹਿੰ ਦੇਖਿ। ਸ਼ੰਕਮਾਨ ਚਿਤ ਭਏ ਵਿਸ਼ੇਖ॥ ੩੧॥

ਕਈ ਨਜ਼ਰ ਬਚਾ ਕੇ ਚਲੇ ਗਏ, ਕਈ ਲਾਜ ਦੇ ਮਾਰੇ ਬੈਠੇ ਰਹੇ। ਗੁਰੂ ਜੀ ਵਲ ਵੇਖ ਨਹੀਂ ਸਕਦੇ ਸਨ। ਚਿੱਤ ਵਿਸ਼ੇਸ਼ ਤੌਰ ਤੇ ਸ਼ੰਕਾਮਾਨ ਹੋਏ ਸਨ॥ ੩੧॥

ਤੀਨ ਵਾਰ ਜਬਿ ਗੁਰੂ ਉਚਾਰਾ। 'ਦੇਹੁ ਸੀਸ ਕੋ ਸਿਖ ਮਮ ਪਜਾਰਾ'।
ਹਿੰਮਤ ਸਿੰਘ ਵਾਸੀ ਜਗੰਨਾਥ। ਝੀਵਰ ਜਾਤਿ ਬੰਦਿ ਦ੍ਵੈ ਹਾਥ॥ ੩੨॥

ਗੁਰੂ ਜੀ ਨੇ ਜਦ ਤਿੰਨ ਵਾਰ ਉਚਾਰਨ ਕੀਤਾ, "ਕੋਈ ਮੇਰਾ ਪਿਆਰਾ ਸਿੱਖ ਸਿਰ ਦੇਵੇ।" ਤਾਂ ਜਗਨਨਾਥ ਦਾ ਵਾਸੀ ਹਿੰਮਤ ਸਿੰਘ ਉੱਠਿਆ। ਉਹ ਝੀਵਰ ਜਾਤ ਦਾ ਦੋਵੇਂ ਹੱਥ ਜੋੜ ਕੇ ਖੜਾ ਹੋ ਗਿਆ॥ ੩੨॥

ਕਹਤਿ ਭਯੋ 'ਲੀਜੈ ਮਮ ਸਿਰ ਕੋ'। ਸੁਨਿ ਗੁਰ ਤੁਰਤ ਗਹਯੋ ਤਿਸ ਕਰ ਕੋ।
ਅੰਤਰ ਤੰਬੂ ਕੇ ਤਬਿ ਜਾਈ। ਪੰਚਮ ਅਜ ਪਰ ਤੇਗ਼ ਚਲਾਈ॥ ੩੩॥

ਕਹਿਣ ਲੱਗਾ, "ਮੇਰਾ ਸਿਰ ਲੈ ਲਵੋ" ਇਹ ਸੁਣ ਕੇ ਗੁਰੂ ਜੀ ਨੇ ਤੁਰਤ ਉਸ ਦਾ ਹੱਥ ਫੜ ਲਿਆ। ਫਿਰ ਤੰਬੂ ਦੇ ਅੰਦਰ ਜਾ ਕੇ ਪੰਜਵੇਂ ਬੱਕਰੇ 'ਤੇ ਤਲਵਾਰ ਚਲਾਈ॥ ੩੩॥

ਭਯੋ ਸ਼ਬਦ ਸਭਿਹਿਨਿ ਸੁਨਿ ਪਾਯੋ। ਦੇਖਯੋ ਰੁਧਿਰ ਵਹਿਰ ਜਬਿ ਆਯੋ।
ਹਨੇ ਪੰਚ ਸਿਖ ਸਭਿ ਨੇ ਜਾਨੇ। ਗੁਰ ਆਸ਼ੈ ਨਹਿਂ ਸਕਹਿਂ ਪਛਾਨੇ॥ ੩੪॥

ਕੱਟਣ ਦੀ ਆਵਾਜ਼ ਆਈ, ਜਿਸ ਨੂੰ ਸਾਰਿਆਂ ਨੇ ਸੁਣਿਆ ਜਦ ਖੂਨ ਬਾਹਰ ਨਿਕਲਦਾ ਵੇਖਿਆ ਤਾਂ ਸਾਰਿਆਂ ਨੇ ਇਹ ਜਾਣ ਲਿਆ ਕਿ ਗੁਰੂ ਜੀ ਨੇ ਪੰਜ ਸਿੱਖ ਮਾਰ ਦਿੱਤੇ ਹਨ। ਗੁਰੂ ਜੀ ਦੇ ਆਸ਼ੇ ਨੂੰ ਉਹ ਪਛਾਣ ਨਹੀਂ ਸੀ ਸਕਦੇ॥ ੩੪॥

ਦੋਹਰਾ- ਅਸਿ ਪ੍ਰਵੇਸ਼ ਕਰਿ ਕੋਸ਼ ਮਹਿਂ, ਕ੍ਰਿਪਾ ਢਰੇ ਜੁਗ ਨੈਨ।
ਗ਼ਹਿ ਗਹਿ ਅੰਗ ਲਗਾਇ ਤਿਨ ਰੁਚਿਰ ਸੁਖਦ ਕਹਿ ਬੈਨ॥ ੩੫॥

ਮਿਆਨ ਵਿਚ ਤਲਵਾਰ ਨੂੰ ਪਾ ਕੇ, ਗੁਰੂ ਜੀ ਦੇ ਦੋਵੇਂ ਨੈਣ ਕਿਰਪਾ ਨਾਲ ਭਰ ਗਏ। ਪੰਜਾਂ ਸਿੱਖਾਂ ਨੂੰ ਫੜ ਫੜ ਕੇ ਆਪਣੇ ਨਾਲ ਲਾਇਆ ਤੇ ਸੁਖ ਦੇਣ ਵਾਲੇ ਗੁਰੂ ਜੀ ਨੇ ਸੁੰਦਰ ਬਚਨ ਕਹੇ॥ ੩੨॥

'ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿ ਸਰੂਪ।
ਬ੍ਰਹਮ ਗਯਾਨ ਦ੍ਰਿਢ ਰਿਦੇ ਹ੍ਵੈ ਪਦ ਅਤਿ ਲੀਨਿ ਅਨੂਪ !'॥ ੩੬॥

ਤੁਸੀਂ ਹੁਣ ਮੇਰਾ ਹੀ ਸਰੂਪ ਹੋ ਗਏ ਹੋ ਤੇ ਮੈਂ ਹੁਣ ਤੁਹਾਡਾ ਸਰੂਪ ਹੋ ਗਿਆ ਹਾਂ। ਬ੍ਰਹਮ-ਗਿਆਨ ਹਿਰਦੇ ਵਿਚ ਦ੍ਰਿੜ ਕਰਕੇ ਤੁਸੀਂ ਅਨੁਪਮ ਪਦਵੀ ਪ੍ਰਾਪਤ ਕਰ ਲਈ ਹੈ ?"॥ ੩੬॥

ਪਰਮ ਪ੍ਰਸੰਨ ਭੇ ਪੰਚ ਪਰ ਅਸ ਮਨ ਉਪਮਾ ਆਇ।
ਪਾਂਚਹੁ ਪਾਂਡਵ ਪਰ ਮਹਾਂ ਜਿਮ ਸ੍ਰੀ ਕ੍ਰਿਸ਼ਨ ਸਹਾਇ॥ ੩੭॥

ਉਨ੍ਹਾਂ ਉੱਤੇ ਪਰਮ ਪ੍ਰਸੰਨ ਹੋ ਗਏ ਤੇ ਮਨ ਵਿਚ ਉਨ੍ਹਾਂ ਪੰਜਾਂ ਨੇ ਐਸੀ ਉਪਮਾ ਪਾਈ, ਜਿਵੇਂ ਪੰਜਾਂ ਪਾਂਡਵਾਂ ਦੇ ਕ੍ਰਿਸ਼ਨ ਜੀ ਸਹਾਇਕ ਬਣੇ ਸਨ॥ ੩੭॥

ਏਕ ਮੇਕ ਹ੍ਵੈ ਮਿਲਤਿ ਜਿਮ ਨ੍ਰਿਪਤਿ ਜੁਧਿਸ਼ਟਰ ਆਦਿ।
ਛਠਮਰੂਪ ਗੋਬਿੰਦ ਕੋ ਤਿਮ ਬਾਢਯੋ ਅਹਿਲਾਦ॥ ੩੮॥

ਜਿਵੇਂ ਇਕ-ਮਿਕ ਹੋ ਕੇ ਰਾਜਾ ਯੁਧਿਸ਼ਟਰ ਆਦਿ ਪੰਜਾਂ ਪਾਂਡਵਾਂ ਨੂੰ ਛੇਵਾਂ ਰੂਪ ਬਣ ਕੇ ਸ੍ਰੀ ਕ੍ਰਿਸ਼ਨ ਜੀ ਮਿਲੇ ਹੋਣ, ਉਸ ਤਰ੍ਹਾਂ ਵੱਡਾ ਅਨੰਦ ਵਧਿਆ ਸੀ॥ ੩੮॥

ਅਤਿ ਅਨੰਦ ਬਿਗਸੇ ਬਦਨ ਦਯਾ ਸਦਨ ਪਦ ਦੀਨ।
ਸੋਧ ਕਰੇ ਅਪਨੇ ਸਰਸ ਗਯਾਨ ਪ੍ਰਬੀਨ ਪ੍ਰਬੀਨ॥ ੩੯॥

ਅਤੀ ਅਨੰਦਮਈ ਹੋ ਕੇ ਚਿਹਰੇ ਖਿੜ ਗਏ, ਦਇਆ ਦੇ ਘਰ ਭਾਵ ਗੁਰੂ ਜੀ ਨੇ ਉਨ੍ਹਾਂ ਨੂੰ ਉੱਚੀ ਪਦਵੀ ਦਿੱਤੀ ਸੀ। ਉਨ੍ਹਾਂ ਨੂੰ ਸੋਧ ਕੇ ਆਪਣੇ ਬਰਾਬਰ ਕੀਤਾ ਸੀ। ਗਿਆਨ ਪ੍ਰਬੀਨ ਗੁਰੂ ਜੀ ਨੇ ਉਨ੍ਹਾਂ ਨੂੰ ਗਿਆਨ ਵਿਚ ਪ੍ਰਬੀਨ ਕਰ ਦਿੱਤਾ॥ ੩੯॥

ਪਰਵਾਰਤਿ ਹੁਇ ਪੰਚ ਤੇ ਵਹਿਰ ਆਇ ਸੁਖਦਾਇ।
ਸਾਦਰ ਨਿਕਟ ਬਿਠਾਇ ਕਰਿ ਥਿਰੇ ਪ੍ਰਯੰਕ ਡਸਾਇ॥ ੪੦॥

ਪੰਜਾਂ ਨਾਲ ਘਿਰੇ ਹੋਏ ਸੁਖਦਾਈ ਗੁਰੂ ਜੀ ਬਾਹਰ ਆਏ। ਆਦਰ ਨਾਲ ਆਪਣੇ ਪਾਸ ਬਿਠਾ ਕੇ, ਗੁਰੂ ਜੀ ਪਲੰਘ ਉੱਤੇ ਬੈਠ ਗਏ॥ ੪੦॥

ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ।
'ਰਾਖਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ॥ ੪੧॥

ਸਾਰਿਆਂ ਨੂੰ ਸੁਣਾਉਣ ਵਾਸਤੇ ਗੁਰੂ ਜੀ ਨੇ ਉੱਚੀ ਉਚਾਰ ਕੇ ਕਿਹਾ, "ਗੁਰੂ ਅੰਗਦ ਜੀ ਵਾਂਗ ਇਨ੍ਹਾਂ ਪੰਜਾਂ ਨੇ ਜਗ ਵਿਚ ਸਿੱਖੀ ਦਾ ਬੀਜ ਰੱਖ ਲਿਆ ਹੈ॥ ੪੧॥

**ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ।**
**ਜਾਨਹੁ ਮੋਹਿ ਸਮਾਨ ਤਿਨ ਭੇਦ ਰਹ੍ਯੋ ਨਹਿਂ ਰੰਚ'॥ ੪੨॥**

ਇਹ ਪੰਜ ਪਿਆਰੇ ਸਾਰੀ ਸੰਗਤ ਨੂੰ ਤਾਰਨ ਦੇ ਸਮਰੱਥ ਹਨ, ਇਨ੍ਹਾਂ ਨੂੰ ਮੇਰੇ ਵਰਗਾ ਜਾਣੋ। ਇੰਨ੍ਹਾਂ ਅਤੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ ਰਿਹਾ ਹੈ॥ ੪੨॥

*ਚੌਪਈ-* **ਸੁਨਿ ਸਿਖਿ ਸੰਗਤਿ ਸਭਿ ਬਿਸਮਾਨੀ। 'ਗੁਰ ਕੀ ਗਤਿ ਕਿਛੁ ਜਾਇ ਨ ਜਾਨੀ।**
**ਪਰਖਨਿ ਕਰਤਿ ਲਖੇ ਨਹਿਂ ਕਾਹੂੰ। ਕਰਮ ਬਿਲੋਕਿ ਤ੍ਰਾਸ ਮਨ ਮਾਂਹੂੰ॥੪੩॥**

ਸਾਰੀ ਸਿੱਖ ਸੰਗਤ ਸੁਣ ਕੇ ਬਹੁਤ ਹੈਰਾਨ ਹੋਈ, "ਗੁਰੂ ਜੀ ਦੀ ਗਤੀ ਜਾਣੀ ਨਹੀਂ ਜਾਂਦੀ ਹੈ। ਪਰਖ ਕਰਨ ਲੱਗੇ ਹਨ, ਇਹ ਕਿਸੇ ਨੇ ਵੀ ਨਹੀਂ ਜਾਣਿਆ ਹੈ, ਇਹ ਕਾਰਜ ਵੇਖ ਕੇ ਸਾਰੇ ਮਨ ਵਿਚ ਡਰ ਗਏ ਸਨ॥ ੪੩॥

**ਧੰਨ ਧੰਨ ਗੁਰ ਅਚਰਜ ਚਰਿਤਾ। ਕੋ ਲਖਿ ਸਕਹਿ ਅਧਿਕ ਮਤਿ ਧਰਤਾ।**
**ਲਘੁ ਬਿਸਾਲ ਸਭਿ ਸਿੱਖ ਤੁਮਾਰੇ। ਦੇਹੁ ਕਸੌਟੀ ਕੋ ਸੰਭਾਰੇ?'॥ ੪੪॥**

ਧੰਨ ਧੰਨ ਗੁਰੂ ਜੀ ਦੇ ਅਸਚਰਜ ਚਰਿੱਤਰ ਹਨ, ਕੋਈ ਅਜਿਹਾ ਹੀ ਜਾਣ ਸਕਦਾ ਹੈ ਜਿਸ ਨੇ ਜ਼ਿਆਦਾ ਬੁੱਧੀ ਧਾਰਨ ਕੀਤੀ ਹੋਵੇ। ਛੋਟੇ ਵੱਡੇ ਸਾਰੇ ਤੁਹਾਡੇ ਸਿੱਖ ਹਨ, ਜਦ ਕਸੌਟੀ ਲਾ ਕੇ ਪਰਖੋਗੇ ਤਾਂ ਕੌਣ ਸੰਭਾਲ ਸਕੇਗਾ ?"॥ ੪੪॥

**ਇੱਤਜਾਦਿਕ ਕਹਿ ਕਹਿ ਪਛੁਤਾਇਂ। ਤਿਨ ਪੰਚਹੁੰ ਕੋ ਸੀਸ ਨਿਵਾਇਂ।**
**'ਸਭਿ ਕੀ ਰਾਖ ਲੀਨਿ ਪਤਿ ਮਹਾਂ। ਧਰਿ ਧੀਰਜ ਊਚੋ ਪਦ ਲਹਾ'॥੪੫॥**

ਇਸ ਪ੍ਰਕਾਰ ਕਹਿ ਕਹਿ ਕੇ ਸਾਰੇ ਸਿੱਖ ਪਛੁਤਾਏ, ਫਿਰ ਉਨ੍ਹਾਂ ਪੰਜਾਂ ਨੂੰ ਸਿਰ ਨਿਵਾਏ, "ਤੁਸੀਂ ਸਾਰਿਆਂ ਦੀ ਮਹਾਨ ਪਤ ਰੱਖ ਲਈ ਹੈ, ਧੀਰਜ ਧਾਰ ਕੇ ਉੱਚੀ ਪਦਵੀ ਪਾਈ ਹੈ"॥ ੪੫॥

*ਦੋਹਰਾ-* **ਕੁਛਕੁ ਕਾਲ ਦਰਸ਼ਨ ਮਹਾਂ ਦੇਤਿ ਰਹੇ ਸਮੁਦਾਇ।**
**ਉਠੇ ਬਹੁਰ ਗਮਨੇ ਸਦਨ ਸਿਖ ਗੇ ਨਿਜ ਨਿਜ ਥਾਇ॥ ੪੬॥**

ਕੁਝ ਸਮੇਂ ਤਕ ਗੁਰੂ ਜੀ ਸਾਰਿਆਂ ਨੂੰ ਦਰਸ਼ਨ ਦਿੰਦੇ ਰਹੇ, ਫਿਰ ਉੱਠ ਕੇ ਘਰ ਨੂੰ ਚਲੇ ਗਏ ਅਤੇ ਸਿੱਖ ਆਪਣੇ-ਆਪਣੇ ਟਿਕਾਣਿਆਂ 'ਤੇ ਚਲੇ ਗਏ॥ ੪੬॥

*ਤੀਸਰੀ ਰੁੱਤ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥*

## *ਅਧਿਆਇ ਉੱਨੀਵਾਂ*

*ਅੰਮ੍ਰਿਤ ਛਕਾਇਆ*

*ਦੋਹਰਾ-* **ਇਮ ਪਰਖਤਿ ਸਿੱਖਨਿ ਭਲੇ ਸੋ ਦਿਨ ਦਿਯੋ ਬਿਤਾਇ।**
**ਸ਼੍ਰੀ ਗੁਜਰੀ ਢਿਗ ਦਾਸ ਗੇ ਗੁਰ ਜਸ ਕਹ੍ਯੋ ਸੁਨਾਇ॥ ੧॥**

ਇਸ ਤਰ੍ਹਾਂ ਭਲੀ ਪ੍ਰਕਾਰ ਪਰਖ ਕਰਦਿਆਂ, ਉਹ ਦਿਨ ਗੁਜ਼ਾਰ ਦਿੱਤਾ। ਫਿਰ ਮਾਤਾ ਗੁਜਰੀ ਜੀ ਪਾਸ ਸੇਵਕ ਗਏ ਤੇ ਉਨ੍ਹਾਂ ਗੁਰੂ ਜੀ ਦਾ ਜੱਸ ਉਚਾਰਨ ਕਰਕੇ ਕਿਹਾ॥ ੧॥

*ਚੌਪਈ-* 'ਨਹਿਂ ਪਰਖੇ ਗੁਰ ਕਰਮ ਭਲੇਰੇ। ਜਹਿਂ ਕਹਿਂ ਨਿੰਦਾ ਕੀਨਿ ਘਨੇਰੇ।
ਪਰਖਨਿ ਕਰੇ ਸਿੱਖ ਸਮੁਦਾਏ। ਅਬਿ ਚਾਹਤਿ ਹੈਂ ਪੰਥ ਉਪਾਏ॥ ੨॥

ਝੂਠੇ ਅਤੇ ਕੱਚਿਆਂ ਨੇ ਗੁਰੂ ਜੀ ਦੇ ਭਲੇ ਕਰਮਾਂ ਦੀ ਪਰਖ ਨਹੀਂ ਕੀਤੀ ਹੈ। ਜਿੱਥੇ ਕਿੱਥੇ ਬਹੁਤ ਨਿੰਦਿਆ ਕੀਤੀ ਹੈ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਪਰਖਿਆ ਹੈ, ਹੁਣ ਪੰਥ ਪੈਦਾ ਕਰਨਾ ਚਾਹੁੰਦੇ ਹਨ॥ ੨॥

ਕੂਰੇ ਭਾਖਹਿਂ ਕੂਰ ਸੁਭਾਊ। ਜੇ ਕਾਚੇ, ਗੁਨ ਲਖਿ ਨ ਸਕਾਊ'।
ਸੁਨਿ ਕਰਿ ਮਾਤ ਅਨੰਦ ਕੋ ਪਾਯੋ। ਅਤਿ ਚਿੰਤਾ ਜਬਿ ਪ੍ਰਥਮ ਸੁਨਾਯੋ॥ ੩॥

ਝੂਠੇ ਕਹਿੰਦੇ ਸਨ, ਇਨ੍ਹਾਂ ਦਾ ਬੜਾ ਕਰੂੜ ਸੁਭਾਵ ਹੋ ਗਿਆ ਹੈ। ਜਿਹੜੇ ਕੱਚੇ ਹਨ, ਉਹ ਗੁਰੂ ਜੀ ਦੇ ਗੁਣਾਂ ਨੂੰ ਨਹੀਂ ਸਮਝ ਸਕੇ ਹਨ।'' ਇਹ ਸੁਣ ਕੇ ਮਾਤਾ ਜੀ ਨੇ ਅਨੰਦ ਪਾਇਆ। ਜਦ ਪਹਿਲਾਂ ਕੱਚਿਆਂ ਨੇ ਅਤੀ ਚਿੰਤਾ ਵਾਲੀ ਗੱਲ ਦੱਸੀ ਸੀ॥ ੩॥

ਖਾਨ ਪਾਨ ਕਰਿਕੈ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।
ਰਹੀ ਜਾਮ ਜਾਗੇ ਸੁ ਕ੍ਰਿਪਾਲਾ। ਸਰਬ ਸੌਚ ਕੀਨਸਿ ਤਿਸ ਕਾਲਾ॥ ੪॥

ਸਾਰੇ ਖਾ ਪੀ ਕੇ ਸੁਖ ਨਾਲ ਸੌਂ ਗਏ ਅਤੇ ਰਾਤ ਬਤੀਤ ਕੀਤੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ ਤੇ ਉਸ ਸਮੇਂ ਸਭ ਪ੍ਰਕਾਰ ਦੀ ਸੌਚ ਕੀਤੀ॥ ੪॥

ਪੁਨ ਸ਼ਨਾਨ ਕਰਿ ਬਿਧਿ ਵਤ ਨੀਰਾ। ਆਰ ਬੰਦ ਕਛ ਤਜੀ ਉਤੀਰਾ।
ਕਰਜੋ ਅਪਰ ਧਰ ਕਟਿ ਕਛ ਤੀਰਾ। ਚੀਰ ਸਰੀਰ ਪਹਿਰਿ ਬਰ ਬੀਰਾ॥ ੫॥

ਫਿਰ ਗੁਰੂ ਜੀ ਵਿਧੀ ਪੂਰਵਕ ਜਲ ਨਾਲ ਇਸ਼ਨਾਨ ਕੀਤਾ। ਗਿੱਲੀ ਕੱਛ ਦਾ ਨਾਲਾ ਖੋਹਲ ਕੇ ਕੱਛ ਉਤਾਰ ਦਿੱਤੀ। ਫਿਰ ਲੱਕ ਨਾਲ ਹੋਰ ਕੱਛ ਧਾਰਨ ਕਰ ਲਈ ਤੇ ਸ੍ਰੇਸ਼ਟ ਵਸਤਰ ਸਰੀਰ 'ਤੇ ਪਹਿਨ ਲਏ॥ ੫॥

ਕੇਸ ਪਾਸ ਛਬਿ ਰਾਸ ਸੁਧਾਰੇ। ਜੂਰੋ ਕਰਿ ਬੰਧੀ ਦਸਤਾਰੇ।
ਊਪਰ ਜਿਗਾ ਰਾਖਿ ਰਮਣੀਕਾ। ਕਲਗ਼ੀ ਧਰੀ ਤੁੰਗ ਬਿਧਿ ਨੀਕਾ॥ ੬॥

ਕੇਸਾਂ ਨੂੰ ਵਾਹ ਕੇ ਸੁੰਦਰ ਬਣਾਇਆ ਤੇ ਜੂੜਾ ਕਰਕੇ ਦਸਤਾਰ ਬੰਨ੍ਹ ਲਈ। ਉੱਪਰ ਰਮਣੀਕ ਜਿਗਾ ਰੱਖ ਲਈ ਤੇ ਚੰਗੀ ਵਿਧੀ ਅਨੁਸਾਰ ਉੱਚੀ ਕਲਗ਼ੀ ਧਾਰਨ ਕਰ ਲਈ॥ ੬॥

ਖੜਗ ਨਿਖੰਗ ਬੰਧਿ ਕਟ ਸੰਗਾ। ਧਨੁਖ ਹਾਥ ਗਹਿ ਸੁੰਦਰ ਰੰਗਾ।
ਮੂਛਨ ਤਾਉ ਦੀਨ ਕਰਿ ਬੰਕੀ। ਆਸਨ ਕਰਿ ਬੈਠੇ ਅਕਲੰਕੀ॥ ੭॥

ਕਿਰਪਾਨ ਅਤੇ ਭੱਥਾ ਲੱਕ ਨਾਲ ਬੰਨ੍ਹ ਲਿਆ, ਸੁੰਦਰ ਰੰਗ ਵਾਲਾ ਧਨੁੱਖ ਹੱਥ ਵਿਚ ਫੜ ਲਿਆ। ਮੁੱਛਾਂ ਨੂੰ ਤਾਅ ਦੇ ਕੇ ਬਾਂਕੀਆਂ ਬਣਾ ਲਈਆਂ ਤੇ ਕਲੰਕ ਰਹਿਤ ਗੁਰੂ ਜੀ ਆਪਣੇ ਆਸਣ ਉੱਤੇ ਬੈਠ ਗਏ॥ ੭॥

ਨਿਜ ਸਰੂਪ ਚਿਤਵਹਿਂ ਕਰਿ ਧਜਾਨਾ। ਇਸ ਪ੍ਰਕਾਰ ਸੋਂ ਕੀਨਿ ਬਿਧਾਨਾ।
ਉਗੇ ਭਾਨੁ ਤੇ ਅੰਤਰਜਾਮੀ। ਚਾਹਤਿ ਪੰਥ ਚਲਾਵਨਿ ਕਾਮੀ॥ ੮॥

ਫਿਰ ਧਿਆਨ ਲਾ ਕੇ ਆਪਣੇ ਸਰੂਪ ਨੂੰ ਚਿਤਵਦੇ ਸਨ। ਇਸ ਪ੍ਰਕਾਰ ਉਨ੍ਹਾਂ ਨੇ ਵਿਧਾਨ ਕੀਤਾ। ਜਦ ਸੂਰਜ ਚੜ੍ਹ ਪਿਆ ਤਾਂ ਅੰਤਰਜਾਮੀ ਗੁਰੂ ਜੀ ਨਵਾਂ ਪੰਥ ਚਲਾਉਣ ਦਾ ਕਾਰਜ ਕਰਨਾ ਚਾਹੁੰਦੇ ਸਨ॥ ੮॥

ਉਠਿ ਕਰਿ ਗਮਨੇ ਤਜਿ ਕਰਿ ਆਸਨ। ਨਿਕਸਿ ਦੁਰਗਤੇ ਪਾਨ ਸਰਾਸਨ।
ਨਿੰਮ੍ਰੀ ਲੋਕ ਹਜ਼ਾਰਹੁੰ ਹੋਵਤਿ। ਪਾਵਨ ਬਨਹਿਂ ਦਰਸ ਕੋ ਜੋਵਤਿ॥ ੯॥

ਆਸਣ ਛੱਡ ਕੇ ਫਿਰ ਗੁਰੂ ਜੀ ਉੱਠ ਕੇ ਚਲੇ ਗਏ ਤੇ ਹੱਥ ਵਿਚ ਧਨੁੱਖ ਫੜੀ ਕਿਲ੍ਹੇ ਵਿਚੋਂ ਬਾਹਰ ਨਿਕਲੇ। ਹਜ਼ਾਰਾਂ ਲੋਕ ਸਨਿੰਮਰ ਹੋ ਕੇ ਨਮਸਕਾਰਾਂ ਕਰਦੇ ਸਨ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਪਵਿੱਤਰ ਬਣਦੇ ਸਨ॥ ੯॥

ਚਢਿ ਤੁਰੰਗ ਆਏ ਤਿਸ ਥਾਨੇ। ਜਹਾਂ ਬੈਠਿ ਸਿਖ ਪਰਖਨਿ ਠਾਨੇ।
ਨਾਮ ਕੇਸਗੜ੍ਹ ਹੈ ਤਿਸ ਕੇਰਾ। ਉਤਪਤਿ ਪੰਥ ਹੋਨਿ ਥਲ ਹੇਰਾ॥ ੧੦॥

ਗੁਰੂ ਜੀ ਘੋੜੇ ਉੱਤੇ ਚੜ੍ਹ ਕੇ ਉਸ ਸਥਾਨ ਵਿਖੇ ਆਏ, ਜਿਸ ਥਾਂ ਵਿਖੇ ਸਿੱਖਾਂ ਦੀ ਪਰਖ ਕੀਤੀ ਸੀ। ਉਸ ਸਥਾਨ ਦਾ ਹੁਣ ਨਾਮ ਕੇਸਗੜ੍ਹ ਹੈ। ਕਵੀ ਜੀ ਕਹਿੰਦੇ ਹਨ ਕਿ ਪੰਥ ਦੀ ਉਤਪਤੀ ਵਾਲਾ ਸਥਾਨ ਅਸੀਂ ਵੇਖਿਆ ਹੈ॥ ੧੦॥

ਬੈਠੇ ਆਇ ਚਾਨਣੀ ਤਰੇ। ਸੁਭਟ ਸਿੱਖ ਸੈਂਕਰ ਤਹਿਂ ਖਰੇ।
ਛਬਿ ਅਮੋਲ ਲੋਚਨ ਅਨਿਯਾਰੇ। ਦੇਖਹਿਂ ਦਯਾ ਦ੍ਰਿਸ਼ਟਿ ਦੁਖ ਟਾਰੇ॥ ੧੧॥

ਉਥੇ ਆ ਕੇ ਚਾਨਣੀ ਥੱਲੇ ਬੈਠ ਗਏ। ਸੂਰਬੀਰ ਅਤੇ ਸਿੱਖ ਉਥੇ ਸੈਂਕੜਿਆਂ ਦੀ ਗਿਣਤੀ ਵਿਚ ਖੜੇ ਸਨ। ਗੁਰੂ ਜੀ ਦੀ ਅਮੋਲਕ ਛਵੀ ਸੀ ਤੇ ਨੈਣ ਕਿਰਪਾ ਨਾਲ ਭਰੇ ਸਨ, ਜਿਸ ਵਲ ਵੀ ਵੇਖਦੇ ਸਨ, ਉਸ ਦੇ ਦੁਖ ਦੂਰ ਕਰ ਦਿੰਦੇ ਸਨ॥ ੧੧॥

ਤਿਹ ਛਿਨ ਇਕ ਬਾਸਨ ਮੰਗਵਾਵਾ। ਸਤੁੱਦ੍ਰਵ ਕੋ ਜਲ ਸੁਚਿ ਅਨੁਵਾਵਾ।
ਨਿਜ ਆਗੇ ਰਖਵਾਵਨਿ ਕੀਯੋ। ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ॥ ੧੨॥

ਉਸ ਸਮੇਂ ਇਕ ਵੱਡਾ ਬਰਤਨ ਮੰਗਵਾਇਆ ਤੇ ਸਤਲੁਜ ਨਦੀ ਦਾ ਸੁੱਚਾ ਜਲ ਸੇਵਕ ਲੈ ਕੇ ਆਏ। ਆਪਣੇ ਸਾਹਮਣੇ ਰਖਵਾ ਲਿਆ। ਜਿਹੜੀ ਕ੍ਰਿਪਾਨ ਦੇਵੀ ਨੇ ਦਿੱਤੀ ਸੀ॥ ੧੨॥

*ਨੋਟ : ਦੇਵੀ ਵਲੋਂ ਦਿੱਤੀ ਕਿਸੇ ਕਰਦ, ਕਿਸੇ ਛੁਰੀ ਅਤੇ ਕਿਸੇ ਕ੍ਰਿਪਾਨ ਲਿਖੀ ਹੈ। ਜਿਵੇਂ ਵੀਰ ਸਿੰਘ ਜੀ ਖੋਜ ਕਰਕੇ ਲਿਖਦੇ ਹਨ, ਜਿਸ ਦਾ ਸਾਰ ਅਸੀਂ ਅਰੰਭ ਵਿਚ ਦਿੱਤਾ ਹੈ ਕਿ ਦੇਵੀ ਪ੍ਰਗਟ ਹੀ ਨਹੀਂ ਹੋਈ ਹੈ ਅਤੇ ਨਾ ਹੀ ਗੁਰੂ ਜੀ ਨੇ ਪ੍ਰਗਟ ਕਰਨ ਦਾ ਕੋਈ ਯਤਨ ਕੀਤਾ ਹੈ। ਗੁਰੂ ਜੀ ਨੇ ਜਲ ਵਿਚ ਖੰਡਾ ਫੇਰਿਆ ਹੈ, ਆਪ ਹੀ ਕਵੀ ਜੀ ਅੰਮ੍ਰਿਤ ਨੂੰ ਖੰਡੇ ਦੀ ਪਾਹੁਲ ਕਹਿ ਰਹੇ ਹਨ।*

ਤਾ ਮਹਿਂ ਲਗੇ ਫੇਰਨੇ ਸ੍ਵਾਮੀ। ਬਦਨ ਬਦਤਿ ਬਾਨੀ ਅਭਿਰਾਮੀ।
ਦਇਆ ਸਿੰਘ ਤੇ ਆਦਿਕ ਜੇਈ। ਪੰਚਹੁੰ ਖਰੇ ਅੱਗ੍ਰ ਕਰਿ ਤੇਈ॥ ੧੩॥

ਗੁਰੂ ਜੀ ਉਸ ਜਲ ਵਿਚ ਖੰਡਾ ਫੇਰਨ ਲੱਗੇ, ਮੂੰਹ ਨਾਲ ਸੁੰਦਰ ਬਾਣੀ ਪੜ੍ਹਦੇ ਸਨ। ਦਇਆ ਸਿੰਘ ਤੇ ਆਦਿ ਜਿਹੜੇ ਪੰਜ ਪਿਆਰੇ ਸਨ, ਉਹ ਪੰਜੇ ਅੱਗੇ ਖੜੇ ਸਨ॥ ੧੩॥

*ਨੋਟ : ਭਾਈ ਗੁਰਦਾਸ ਦੂਜੇ ਆਪਣੀ ਬਾਣੀ ਵਿਚ ਖੰਡੇ ਦਾ ਹੀ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ "ਪੀਓ ਪਾਹੁਲ ਖੰਡੇਧਾਰ" ਤੇ ਤਿੰਨ ਪ੍ਰਕਾਰ ਦੀ ਸਿੱਖੀ ਵਿਚ ਇਕ ਖੰਡੇ ਦੇ ਅੰਮ੍ਰਿਤ ਵਾਲੀ ਸਿੱਖੀ ਗਿਣੀ ਹੈ। ਗੁਰੂ ਸਾਹਿਬ ਦੇ ਦਰਬਾਰ ਦੇ ਕਵੀ ਸੈਨਾਪਤਿ ਨੇ ਲਿਖਿਆ ਹੈ, 'ਦੇ ਖੰਡੇ ਕੀ ਪਾਹੁਲ ਤੇਜ ਬਢਾਯਾ' ਇਸ ਕਰਕੇ ਗੁਰੂ ਜੀ ਨੇ ਅੰਮ੍ਰਿਤ ਤਿਆਰ ਕਰਨ ਵਾਸਤੇ ਕਰਦ ਨਹੀਂ ਬਲਕਿ ਖੰਡਾ ਫੇਰਿਆ ਹੈ।*

ਬਸਤ੍ਰ ਨਵੀਨ ਸ਼ਸਤ੍ਰ ਪਹਿਰਾਏ। ਜਟਤਿ ਜਵਾਹਰ ਜਿਨ ਸਮੁਦਾਏ।
ਰੁਚਿਰ ਬਿਭੂਖਨ ਅੰਗ ਸਜਾਏ। ਅਪਨੇ ਰੂਪ ਸਮਾਨ ਬਨਾਏ॥ ੧੪॥

ਫਿਰ ਪੰਜਾਂ ਪਿਆਰਿਆਂ ਨੂੰ ਨਵੇਂ ਵਸਤਰ ਸ਼ਸਤਰ ਪਵਾਏ, ਜਿਨ੍ਹਾਂ ਨੂੰ ਬਹੁਤ ਹੀਰੇ ਜਵਾਹਰਾਤ ਲੱਗੇ ਹੋਏ ਸਨ। ਸੁੰਦਰ ਗਹਿਣੇ ਅੰਗਾਂ ਉੱਤੇ ਸਜਾਏ ਤੇ ਆਪਣੇ ਰੂਪ ਵਾਂਗ ਬਣਾ ਲਏ॥ ੧੪॥

'ਕਹਹੁ ਵਾਹਿਗੁਰੂ' ਦਿਯ ਉਪਦੇਸ਼ਾ। ਹਾਥ ਜੋਰਿ ਥਿਰ ਸਿੱਖ ਵਿਸ਼ੇਸ਼ਾ।
ਜਪੁਜੀ ਪਾਠ ਪ੍ਰਥਮ ਕਰਿ ਲੀਨਾ। ਬਹੁਰ ਸ੍ਵੈਯੇ ਪਢਿਬੋ ਕੀਨਾ॥ ੧੫॥

ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਵਾਹਿਗੁਰੂ ਕਹੋ।" ਵਿਸ਼ੇਸ਼ ਸਿੱਖ ਭਾਵ ਪੰਜ ਪਿਆਰੇ ਹੱਥ ਜੋੜ ਕੇ ਖੜੇ ਹੋ ਗਏ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕੀਤਾ ਫਿਰ ਆਪ ਨੇ ਸ੍ਵੈਯੇ ਪੜ੍ਹੇ॥ ੧੫॥

ਪੌੜੀ ਪੰਚ ਅਨੰਦ ਪਢਜੋ ਹੈ। ਅੰਮ੍ਰਿਤ ਮੈਂ ਬਹੁ ਤੇਜ ਬਢਜੋ ਹੈ।
ਤਿਸ ਛਿਨ ਚਟਕ ਆਇਗੇ ਦੋਊ। ਸ੍ਰੀ ਗੁਰ ਦ੍ਰਿਸ਼ਟਿ ਪਰਤਿ ਭੇ ਸੋਊ॥੧੬॥

ਪੰਜ ਪੌੜੀਆਂ ਅਨੰਦ ਸਾਹਿਬ ਦੀਆਂ ਪੜ੍ਹੀਆਂ ਹਨ, ਅੰਮ੍ਰਿਤ ਦਾ ਬਹੁਤ ਤੇਜ ਵਧਿਆ ਹੈ। ਉਸ ਸਮੇਂ ਦੋ ਚਿੜ੍ਹੇ ਆ ਗਏ। ਸ੍ਰੀ ਗੁਰੂ ਜੀ ਨੇ ਪਰਤ ਕੇ ਉਸ ਪਾਸੇ ਦ੍ਰਿਸ਼ਟੀ ਕੀਤੀ॥ ੧੬॥

ਇਕ ਬਾਸਨ ਮਹਿਂ ਤਨਕ ਸੁ ਪਾਯੋ। ਤਿਨ ਆਗੇ ਧਰਿ ਤਬਹਿ ਪਿਆਯੋ।
ਭਏ ਬੀਰ ਰਸ ਪੀਵਤਿ ਦੋਊ। ਜੁੱਧ ਕਰਨਿ ਲਾਗੇ ਮਿਲਿ ਸੋਊ॥ ੧੭॥

ਇਕ ਬਰਤਨ ਵਿਚ ਥੋੜ੍ਹਾ ਜਿਹਾ ਅੰਮ੍ਰਿਤ ਪਾਇਆ। ਉਨ੍ਹਾਂ ਅੱਗੇ ਧਰ ਕੇ ਪਿਲਾਇਆ। ਪੀਂਦਿਆਂ ਹੀ ਦੋਵਾਂ ਵਿਚ ਬੀਰ ਰਸ ਭਰ ਗਿਆ, ਦੋਵੇਂ ਆਪਸ ਵਿਚ ਮਿਲ ਕੇ ਯੁੱਧ ਕਰਨ ਲੱਗੇ॥ ੧੭॥

ਚੁੰਚਨ ਪੰਖ ਪ੍ਰਹਾਰਨਿ ਕਰਿਹੀਂ। ਪੀਰ ਸਰੀਰ ਨ ਉਰ ਮਹਿਂ ਧਰਿਹੀਂ।
ਰੁਧਰਿ ਚੁਚਾਤ ਅਧਿਕ ਤਨ ਮਾਂਹੀ। ਮਾਰਨ ਮਰਨਿ ਰੌਦ੍ਰ ਰਸੁ ਚਾਹੀਂ॥ ੧੮॥

ਆਪਣੀਆਂ ਚੁੰਝਾਂ ਨਾਲ ਖੰਭਾਂ ਤੇ ਵਾਰ ਕਰਦੇ ਸਨ। ਸਰੀਰ ਦੀ ਪੀੜ ਨੂੰ ਦਿਲ ਵਿਚ ਨਹੀਂ ਸੀ ਧਾਰਨ ਕਰਦੇ। ਸਰੀਰ ਵਿਚੋਂ ਬਹੁਤ ਖੂਨ ਵਹਿਣ ਲੱਗਾ। ਮਾਰਨ ਮਰਨ ਵਾਸਤੇ ਰੌਦ੍ਰ ਰਸ ਚਾਹੁੰਦੇ ਸਨ॥ ੧੮॥

ਅਤਿਸ਼ੈ ਕਰਿ ਸੰਘਰ ਤਿਸ ਕਾਲਾ। ਮ੍ਰਿਤਕ ਭਏ ਪਹੁੰਚੇ ਸੁਰਸਾਲਾ।
ਘਟਕਾ ਲਗ ਦ੍ਵੈ ਚਟਕ ਤਮਾਸਾ। ਬਿਕਸਤਿ ਭਏ ਬਿਬੇਕ ਨਿਵਾਸਾ॥ ੧੯॥

ਬਹੁਤ ਵੱਡਾ ਸੰਘਰਸ਼ ਕਰਕੇ, ਉਸ ਸਮੇਂ ਦੋਵੇਂ ਮਰ ਕੇ ਸੁਰਗਾਂ ਵਿਚ ਪਹੁੰਚ ਗਏ। ਇਕ ਘੜੀ ਤਕ ਦੋਵਾਂ ਦਾ ਤਮਾਸ਼ਾ ਵੇਖਿਆ। ਫਿਰ ਗੁਰੂ ਜੀ ਮੁਸਕਰਾਏ॥ ੧੯॥

ਬਹੁਰ ਪਢਤਿ ਫੇਰਤਿ ਸੁ ਕ੍ਰਿਪਾਨਾ। ਭਾ ਅੰਮ੍ਰਿਤ ਸੋ ਤੇਜ ਨਿਧਾਨਾ।
ਰਾਮਕੁਇਰ ਕਹਿ ਸੰਤਹੁ ਸੁਨੀਅਹਿ। ਬਾਲ ਬੈਸ ਮੇਰੋ ਤਨ ਜਨੀਅਹਿ॥੨੦॥

ਫਿਰ ਬਾਣੀ ਪੜ੍ਹਦੇ ਹੋਏ ਖੰਡਾ ਫੇਰੀ ਜਾਂਦੇ ਸਨ ਤੇ ਅੰਮ੍ਰਿਤ ਫਿਰ ਤੇਜ ਦਾ ਖਜ਼ਾਨਾ ਬਣ ਗਿਆ। ਰਾਮ ਕੁਇਰ ਕਹਿੰਦੇ ਹਨ, ਹੇ ਸੰਤੋ ! ਸੁਣੋ, ਉਸ ਸਮੇਂ ਮੇਰੀ ਉਮਰ ਬਹੁਤ ਛੋਟੀ ਸੀ॥ ੨੦॥

ਧਾਇ ਗਯੋ ਮੈਂ ਮਾਤਾ ਪਾਸ। ਜਹਿਂ ਬੈਠੀ ਜੀਤੋ ਸੁਖਰਾਸ।
ਤਹਾਂ ਬੈਠਿ ਮੈਂ ਸਕਲ ਸੁਨਾਈ। 'ਇਸ ਬਿਧਿ ਅੰਮ੍ਰਿਤ ਗੁਰੂ ਬਨਾਈ॥ ੨੧॥

ਮੈਂ ਭੱਜ ਕੇ ਮਾਤਾ ਜੀ ਪਾਸ ਗਿਆ, ਜਿੱਥੇ ਸੁਖਾਂ ਦੀ ਰਾਸ ਮਾਤਾ ਜੀਤੋ ਜੀ ਬੈਠੇ ਸਨ। ਓਥੇ ਬੈਠ ਕੇ ਮੈਂ ਸਾਰੀ ਗੱਲ ਸੁਣਾਈ, "ਇਸ ਪ੍ਰਕਾਰ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਹੈ॥ ੨੧॥

ਚਟਕ ਆਪ ਮਹਿਂ ਲਰ ਕਰਿ ਮਰੇ। ਦੀਰਘ ਤੇਜ ਤਾਸ ਮਹਿਂ ਧਰੇ।
ਜਲ ਮਹਿਂ ਪਢਤਿ ਕ੍ਰਿਪਾਨ ਫਿਰੈ ਹੈਂ। ਪਾਹੁਲ ਖੰਡੇ ਕੀ ਅਬਿ ਦੈ ਹੈਂ॥੨੨॥

ਦੋ ਚਿੜੇ ਆਪਸ ਵਿਚ ਲੜ ਕੇ ਮਰ ਗਏ ਹਨ, ਉਸ ਵਿਚ ਬਹੁਤ ਵੱਡਾ ਤੇਜ ਧਰਿਆ ਹੈ, ਬਾਣੀ ਪੜ੍ਹਦੇ ਜਲ ਵਿਚ ਖੰਡਾ ਫੇਰ ਰਹੇ ਹਨ, ਹੁਣ ਖੰਡੇ ਦੀ ਪਾਹੁਲ ਦੇਣਗੇ"॥ ੨੨॥

**ਜੀਤੋ ਸ਼ੁਭ ਮਤਿ ਕੀਨਿ ਬਿਚਾਰਨਿ। ਪੰਥ ਖਾਲਸਾ ਸੁਤ ਇਹ ਕਾਰਨ।**
**ਪਹੁੰਚਨਿ ਬਨੈ ਕੰਤ ਕੇ ਪਾਸੇ। ਇਮ ਬਿਚਾਰ ਬਹੁ ਲੀਨਿ ਪਤਾਸੇ॥ ੨੩॥**

ਮਾਤਾ ਜੀਤੋ ਜੀ ਨੇ ਫਿਰ ਸ਼ੁਭ ਮੱਤ ਵਿਚਾਰੀ, ਇਸ ਕਾਰਨ ਕਰਕੇ ਪੰਥ ਖਾਲਸਾ ਪੁੱਤਰ ਹੈ। ਉਸ ਸੋਚਿਆ ਮੇਰਾ ਹੁਣ ਪਤੀ ਜੀ ਪਾਸ ਜਾਣਾ ਬਣਦਾ ਹੈ। ਇਸ ਤਰ੍ਹਾਂ ਵਿਚਾਰ ਕਰਕੇ ਬਹੁਤ ਪਤਾਸ਼ੇ ਲਏ॥ ੨੩॥

**ਘਰ ਤੇ ਚਲਿ ਆਈ ਤਤਕਾਲਾ। ਅੰਮ੍ਰਿਤ ਜਹਾਂ ਬਨਾਇੰ ਕ੍ਰਿਪਾਲਾ।**
**ਪਤਿ ਕੋ ਰੁਖ਼ ਲਖਿ ਜਲ ਮਹਿਂ ਪਾਏ। ਸ਼੍ਰੀ ਸਤਿਗੁਰ ਅਵਿਲੋਕਿ ਅਲਾਏ॥੨੪॥**

ਤੇ ਤੁਰਤ ਘਰ ਤੋਂ ਚਲ ਕੇ ਆ ਗਈ। ਜਿਥੇ ਕ੍ਰਿਪਾਲੂ ਗੁਰੂ ਜੀ ਅੰਮ੍ਰਿਤ ਤਿਆਰ ਕਰ ਰਹੇ ਸਨ, ਉਥੇ ਪਤੀਦੇਵ ਜੀ ਦਾ ਰੁਖ਼ ਵੇਖ ਕੇ ਜਲ ਵਿਚ ਪਾ ਦਿੱਤੇ ਤੇ ਸ੍ਰੀ ਸਤਿਗੁਰੂ ਜੀ ਵੇਖ ਕੇ ਬੋਲੇ॥ ੨੪॥

**'ਭਲੋ ਭਯੋ ਤੂੰ ਚਲਿ ਕਰਿ ਆਈ। ਨੀਰ ਬਿਖੇ ਪਾਈ ਮਧੁਰਾਈ।**
**ਨਾਤੁਰ ਪੰਥ ਹੋਤਿ ਬਡ ਕ੍ਰੂਰਾ। ਤੇਜ ਕ੍ਰੋਧ ਕਲਹਾ ਕਰਿ ਪੂਰਾ॥ ੨੫॥**

"ਭਲਾ ਹੋਇਆ ਤੂੰ ਚਲ ਕੇ ਆਈ ਹੈਂ, ਪਾਣੀ ਵਿਚ ਮਿੱਠਾ ਪਾਇਆ ਹੈ। ਨਹੀਂ ਤਾਂ ਪੰਥ ਵੱਡੇ ਕ੍ਰੋਧ ਵਾਲਾ ਹੁੰਦਾ। ਤੇਜ ਕ੍ਰੋਧ ਕਰਕੇ ਆਪਸ ਵਿਚ ਲੜ ਪੈਂਦਾ॥ ੨੫॥

**ਅਪਨਿ ਬਿਗਾਨਾ ਸਮਝਤਿ ਨਾਂਹੀ। ਕਰਤਿ ਜੰਗ ਦਿਨ ਰੈਨ ਬਿਤਾਹੀ।**
**ਮਿਲਿ ਆਪਸ ਮਹਿਂ ਮੋਹ ਨ ਕਰਿਹੀਂ। ਰਿਸ ਮੌਂ ਭਰੇ ਸ਼ਸਤ੍ਰ ਪਰਹਰਿਹੀਂ॥੨੬॥**

ਆਪਣਾ ਬਿਗਾਨਾ ਨਾ ਸਮਝਦਾ, ਜੰਗ ਕਰਦਾ ਦਿਨ ਰਾਤ ਬਤੀਤ ਕਰਦਾ। ਆਪਸ ਵਿਚ ਮਿਲ ਕੇ ਮੋਹ ਨਾ ਕਰਦੇ ਗੁੱਸੇ ਨਾਲ ਭਰੇ ਸ਼ਸਤਰਾਂ ਦਾ ਵਾਰ ਕਰਦੇ॥ ੨੬॥

**ਅਬਿ ਮਿਸ਼ਟਾਨ ਜੁ ਪਾਯਹੁ ਤੋਹੀ। ਯਾਂ ਤੇ ਪਯਾਰ ਪਰਸਪਰ ਹੋਹੀ।**
**ਨਰ ਨਾਰੀ ਦ੍ਵੈ ਤੇ ਸੰਤਾਨਾ। ਪ੍ਰਗਟਤਿ ਹੈ ਸਭਿਹੂੰ ਜਗ ਜਾਨਾ॥ ੨੭॥**

ਹੁਣ ਤੂੰ ਜਿਹੜਾ ਮਿੱਠਾ ਪਾਇਆ ਹੈ, ਇਸ ਕਰਕੇ ਆਪਸ ਵਿਚ ਪਿਆਰ ਰਹੇਗਾ। ਇਸਤਰੀ ਪੁਰਸ਼ ਦੋਹਾਂ ਤੋਂ ਸੰਤਾਨ ਪੈਦਾ ਹੁੰਦੀ ਹੈ, ਇਹ ਪ੍ਰਗਟ ਹੈ ਤੇ ਸਾਰਾ ਜੱਗ ਜਾਣਦਾ ਹੈ॥ ੨੭॥

**ਹੋਨਿ ਖਾਲਸਾ ਸੰਤਤਿ ਕਾਲਾ। ਚਲਿ ਆਈ ਭਾ ਭਲੋ ਬਿਸਾਲਾ।**
**ਇਮ ਕਹਿ ਅਪਨੇ ਪੰਚਹੁਂ ਪਯਾਰੇ। ਦੇਖਨਿ ਕਰੇ ਖਰੇ ਅਗਵਾਰੇ॥ ੨੮॥**

ਖਾਲਸਾ ਰੂਪ ਉਲਾਦ ਹੋਣ ਵੇਲੇ, ਤੂੰ ਚਲ ਕੇ ਆਈ ਹੈਂ ਵਿਸ਼ਾਲ ਭਲਾ ਹੋਇਆ ਹੈ।" ਇਸ ਤਰ੍ਹਾਂ ਕਹਿ ਕੇ ਆਪਣੇ ਪੰਜ ਪਿਆਰੇ ਅੱਗੇ ਖੜੇ ਹੋਏ ਵੇਖੇ॥ ੨੮॥

**ਕਮਲ ਪਾਨ ਅੰਮ੍ਰਿਤ ਕੋ ਲੀਨੋ। ਦੇ ਕਰਿ ਤਿਨਹਿ ਪਿਆਵਨਿ ਕੀਨੋ।**
**ਲੋਚਨ ਮਹਿਂ ਛਿਰਕੇ ਪੁਨ ਮਾਰੇ। ਕੇਸ ਜੂੜ ਮੈਂ ਅੰਜੁਲ ਡਾਰੇ॥ ੨੯॥**

ਆਪਣੇ ਕਰ ਕੰਵਲਾਂ ਨਾਲ ਅੰਮ੍ਰਿਤ ਲਿਆ ਤੇ ਉਨ੍ਹਾਂ ਨੂੰ ਦੇ ਕੇ ਪਿਆਇਆ। ਫਿਰ ਨੇਤਰਾਂ ਵਿਚ ਛਿੱਟੇ ਮਾਰੇ ਤੇ ਕੇਸਾਂ ਦੇ ਜੂੜਿਆਂ ਵਿਚ ਬੁੱਕ ਭਰ ਕੇ ਪਾਏ॥ ੨੯॥

ਵਾਸੀ ਨਾਮ ਬੂਝਿਬੋ ਕੀਨਿ। ਪ੍ਰਿਥਮੈ ਦਯਾ ਸਿੰਘ ਕਹਿ ਦੀਨਿ।
'ਲਵਪੁਰ ਜਨਮ ਬਸਨ ਕੋ ਧਾਮੂ। ਦਯਾ ਸਿੰਘ ਗੁਰ ਬਖਸ਼ਜੋ ਨਾਮੂ' ॥ ੩੦ ॥

ਫਿਰ ਰਹਿਣ ਦੇ ਸਥਾਨ ਬਾਰੇ ਪੁੱਛਿਆ, ਪਹਿਲਾਂ ਦਇਆ ਸਿੰਘ ਨੇ ਕਹਿ ਦਿੱਤਾ। "ਮੇਰਾ ਰਹਿਣ ਵਾਲਾ ਘਰ ਲਾਹੌਰ ਵਿਚ ਹੈ। ਗੁਰੂ ਜੀ ਨੇ ਦਇਆ ਸਿੰਘ ਨਾਮ ਬਖਸ਼ਿਆ ਹੈ" ॥ ੩੦ ॥

ਦੂਸਰ ਕਹਜੋ 'ਹਸਤਨਾਪੁਰ ਕੋ। ਨਾਮ ਧਰਮ ਸਿੰਘ ਮੈਂ ਸਿਖ ਗੁਰ ਕੋ'।
ਤ੍ਰਿਤੀਯੋ ਭਨਤਿ ਭਯੋ ਪ੍ਰਭੁ ਪਾਸੀ। 'ਪੁਰੀ ਦ੍ਵਾਰਕਾ ਹੈ ਮਮ ਵਾਸੀ॥ ੩੧ ॥

ਦੂਸਰੇ ਨੇ ਕਿਹਾ, "ਹਸਤਨਾਪੁਰ ਦਾ ਰਹਿਣ ਵਾਲਾ ਹਾਂ, ਗੁਰੂ ਜੀ ਨੇ ਧਰਮ ਸਿੰਘ ਨਾਮ ਰੱਖਿਆ ਹੈ।" ਤੀਸਰੇ ਨੇ ਗੁਰੂ ਜੀ ਨੂੰ ਕਿਹਾ, "ਮੈਂ ਦਵਾਰਕਾ ਦਾ ਰਹਿਣ ਵਾਲਾ ਹਾਂ" ॥ ੩੧ ॥

ਮੁਹਕਮ ਸਿੰਘ ਨਾਮ ਹੈ ਮੋਰਾ'। ਚਤੁਰਥ ਸਿਖ ਬੋਲਜੋ ਕਰ ਜੋਰਾ।
'ਬਿਦਰਪੁਰੀ ਵਾਸੀ ਪਹਿਚਾਨੋ। ਸਾਹਿਬ ਸਿੰਘ ਨਾਮ ਮਮ ਜਾਨੋ' ॥ ੩੨ ॥

ਮੁਹਕਮ ਸਿੰਘ ਮੇਰਾ ਨਾਮ ਹੈ।" ਚੌਥਾਂ ਸਿੱਖ ਹੱਥ ਜੋੜ ਕੇ ਬੋਲਿਆ, "ਮੈਨੂੰ ਬਿਰਦਪੁਰੀ ਦਾ ਰਹਿਣ ਵਾਲਾ ਪਹਿਚਾਣੋ ਤੇ ਸਾਹਿਬ ਸਿੰਘ ਮੇਰਾ ਨਾਮ ਜਾਣੋ" ॥ ੩੨ ॥

ਪੰਚਮ ਕਹਿ 'ਵਾਸੀ ਜਗੁਨਾਥ। ਹਿੰਮਤਿ ਸਿੰਘ ਨਾਮ, ਹੇ ਨਾਥ !'।
ਇਮ ਸਭਿ ਦਿਸ਼ਿ ਕੇ ਗੁਰੂ ਸਕੇਲੇ। ਚਾਰਹੁੰ ਬਰਣ ਏਕ ਕਰਿ ਮੇਲੇ॥ ੩੩ ॥

ਪੰਜਵੇਂ ਨੇ ਕਿਹਾ, "ਮੈਂ ਜਗਨਨਾਥ ਦਾ ਵਾਸੀ ਹਾਂ, ਹਿੰਮਤ ਸਿੰਘ ਮੇਰਾ ਨਾਮ ਹੈ।" ਇਸ ਪ੍ਰਕਾਰ ਗੁਰੂ ਜੀ ਸਾਰਿਆਂ ਪਾਸਿਆਂ ਤੋਂ ਸਿੱਖ ਇਕੱਠੇ ਕੀਤੇ ਤੇ ਚਾਰੇ ਵਰਨ ਇਕ ਕਰਕੇ ਮੇਲ ਦਿੱਤੇ॥ ੩੩ ॥

'ਅਬਿ ਤੇ ਕਹਹੁ ਅਨੰਦਪੁਰ ਵਾਸੀ'। ਪੰਚਹੁੰ ਨਾਮ ਧਰੇ ਗੁਨ ਰਾਸੀ।
ਸ੍ਰੀ ਗੁਰ ਪੁਨ ਸਭਿ ਰਹਿਤ ਬਤਾਈ। ਜਿਸ ਤੇ ਸਦਾ ਅਨੰਦ ਕੌ ਪਾਈ॥ ੩੪ ॥

"ਹੁਣ ਤੋਂ ਇਹ ਕਿਹਾ ਕਰੋ ਕਿ ਅਸੀਂ ਅਨੰਦਪੁਰ ਦੇ ਵਾਸੀ ਹਾਂ।" ਪੰਜੇ ਨਾਮ ਗੁਰੂ ਜੀ ਨੇ ਰੱਖੇ। ਫਿਰ ਗੁਰੂ ਜੀ ਨੇ ਸਭ ਨੂੰ ਰਹਿਤ ਦੱਸੀ। ਜਿਸ ਨਾਲ ਸਦਾ ਅਨੰਦ ਪਾਉਣ॥ ੩੪ ॥

'ਮੀਣੇ ਅਰੁ ਮਸੰਦ ਧਿਰਮਲੀਏ। ਕੁੜੀ ਮਾਰਿ ਰਮਰਈ ਨ ਮਿਲੀਏ।
ਸਵਾ ਰਜਤਪਣ ਅੰਮ੍ਰਿਤਸਰ ਜੀ। ਤਿਮ ਦੇ ਪਾਹੁਲ ਦਾ ਜੋ ਗੁਰ ਜੀ॥ ੩੫ ॥

"ਮੀਣੇ, ਮਸੰਦ, ਧੀਰਮਲੀਏ, ਕੁੜੀ ਮਾਰ, ਰਾਮਰਾਈਆਂ ਨੂੰ ਨਾ ਮਿਲੀਏ। ਸਵਾ ਰੁਪਈਆ ਧਨ ਅੰਮ੍ਰਿਤਸਰ ਦੇਵੇ ਤੇ ਸਵਾ ਰੁਪਈਆ ਗੁਰੂ ਜੀ ਦੀ ਗੋਲਕ ਵਾਸਤੇ ਅੰਮ੍ਰਿਤਧਾਰੀਆਂ ਨੂੰ ਧਨ ਦੇਵੇ, ਤਾਂਕਿ ਉਨ੍ਹਾਂ ਰਾਹੀਂ ਹੀ ਧਨ ਗੁਰੂ ਜੀ ਪਾਸ ਪੁਹੰਚੇ ॥ ੩੫ ॥

ਪਠਹੁ ਪ੍ਰੇਮ ਕਰਿ ਨਿਤ ਗੁਰਬਾਨੀ। ਸਿੰਘਨਿ ਸੇਵਾ ਕਰਹੁ ਮਹਾਨੀ।
ਆਪਸ ਬਿਖੈ ਪ੍ਰੇਮ ਕੋ ਧਰਨਾ। ਗੁਰ ਨਿੰਦਕ ਸ਼ੱਤ੍ਰੁਨਿ ਹਤਿ ਕਰਨਾ॥ ੩੬ ॥

ਨਿਤ ਪ੍ਰੇਮ ਕਰਕੇ ਗੁਰਬਾਣੀ ਪੜ੍ਹੋ ਤੇ ਸਿੰਘਾਂ ਦੀ ਮਹਾਨ ਸੇਵਾ ਕਰੋ। ਆਪਸ ਵਿਚ ਪ੍ਰੇਮ ਧਾਰਨ ਕਰੋ, ਗੁਰੂ ਨਿੰਦਕ ਵੈਰੀਆਂ ਦਾ ਨਾਸ਼ ਕਰਨਾ ਹੈ॥ ੩੬ ॥

ਸ਼ਸਤ੍ਰਨਿ ਕੋ ਨਿਤ ਪ੍ਰਤਿ ਅੱਭਜਾਸਹੁ। ਨਹੀਂ ਤੁਰਕ ਪਰ ਉਰ ਬਿਸਵਾਸਹੁ।
ਕੇਸਨ ਅਦਬ ਨ ਕਛ ਬਿਨ ਰਹਿਨਾ। ਅਰਧ ਨਾਮ ਸਿੰਘਨਿ ਨਹਿੰ ਕਹਿਨਾ॥ ੩੭ ॥

Sri Satguru Jagjit Singh Ji eLlibrary NamdhariElibrary@gmail.com

ਸ਼ਸਤਰਾਂ ਦਾ ਸਦਾ ਪ੍ਰੇਮ ਨਾਲ ਅਭਿਆਸ ਕਰੋ ਤੇ ਤੁਰਕ ਉੱਤੇ ਕਦੀ ਵੀ ਵਿਸ਼ਵਾਸ ਨਾ ਕਰੋ। ਕੇਸਾਂ ਦਾ ਅਦਬ ਕਰੋ ਤੇ ਕੱਛ ਬਗੈਰ ਕਦੀ ਨਹੀਂ ਰਹਿਣਾ ਹੈ ਤੇ ਇਕ ਸਿੰਘ ਦਾ ਅੱਧਾ ਨਾਂ ਨਹੀਂ ਲੈਣਾ ਹੈ॥ ੩੭॥

ਕਾਤੁਰਤਾ ਉਰ ਤੇ ਪਰਹਰਿਨੀ। ਬਲ ਕੇ ਸਹਿਤ ਸੂਰਤਾ ਧਰਨੀ।
ਜੋਧੇ ਕੀ ਭੁਜ ਕੇ ਅਨੁਸਰੇ। ਦੁਊ ਲੋਕ ਲਟਕਤਿ ਹੈਂ ਪਰੇ॥ ੩੮॥

ਕਾਇਰਤਾ ਨੂੰ ਦਿਲ ਵਿਚੋਂ ਦੂਰ ਕਰਨਾ ਹੈ, ਬਲ ਦੇ ਨਾਲ ਸੂਰਮਤਾ ਧਾਰਨ ਕਰਨੀ ਹੈ। ਜੋਧੇ ਦੀ ਬਾਂਹ ਦੇ ਨਾਲ ਦੋਵੇਂ ਲੋਕ ਲਮਕਦੇ ਹਨ॥ ੩੮॥

ਜੇ ਜੀਤਹਿ ਸੁਖ ਇਸ ਜਗ ਮਾਂਹੀ। ਭਏ ਮ੍ਰਿਤਕ, ਆਗੇ ਸੁਖ ਪਾਂਹੀ।
ਸੂਰ ਸੂਰ ਮੰਡਲ ਕੌਂ ਭੇਦੀ। ਪਹੁੰਚਤਿ ਊਪਰ ਸਦਾ ਅਖੇਦੀ॥ ੩੯॥

ਜੇ ਜਿੱਤੋਗੇ ਤਾਂ ਇਸ ਜਗ ਵਿਚ ਸੁਖ ਪਾਵੋਗੇ, ਜੇ ਮਰ ਜਾਵੋਗੇ ਤਾਂ ਅੱਗੇ ਪਰਲੋਕ ਵਿਚ ਸੁਖ ਪ੍ਰਾਪਤ ਕਰੋਗੇ। ਸ਼ਾਸਤਰਾਂ ਵਿਚ ਸੂਰਜ ਮੰਡਲ ਵਿਚ ਪਹੁੰਚਣਾ ਮਹਾਨ ਉੱਚੀ ਗੱਲ ਕਹੀ ਹੈ ਪਰ ਸੂਰਮੇ ਉਸ ਤੋਂ ਵੀ ਉਪਰ ਪਹੁੰਚਦੇ ਹਨ॥ ੩੯॥

ਛੱਤ੍ਰੀ ਧਰਮ ਪ੍ਰਥਮ ਗੁਨ ਧਰਜੋ। ਸਮੁਖ ਲਰਨ ਮਾਰਨ ਕੈ ਮਰਜੋ।
ਅਬਿ ਲੌ ਜਸੁ ਮਰਿ ਸੁਰਗ ਪਹੂਚੇ। ਅਲਪ ਕਾਲ ਮਹਿਂ ਲਹਿਂ ਪਦ ਊਚੇ॥੪੦॥

ਖੱਤਰੀ ਧਰਮ ਨੇ ਪਹਿਲਾਂ ਹੀ ਗੁਣ ਧਾਰਨ ਕੀਤਾ ਹੈ, ਸਾਹਮਣੇ ਹੋ ਕੇ ਲੜਦੇ ਮਰਦੇ ਹਨ। ਹੁਣ ਤਕ ਵੱਡਾ ਜੱਸ ਲੈ ਸਵਰਗਾਂ ਵਿਚ ਪਹੁੰਚਦੇ ਹਨ, ਥੋੜ੍ਹੇ ਸਮੇਂ ਵਿਚ ਹੀ ਉੱਚੀ ਪਦਵੀ ਪ੍ਰਾਪਤ ਕਰ ਲੈਂਦੇ ਹਨ॥ ੪੦॥

ਇੱਤਜਾਦਿਕ ਸਭਿ ਰਹਿਤਿ ਸੁਚਾਲੀ। ਜੋ ਰਾਖਹਿਂ ਤਿਨ ਕੌ ਹੈਂ ਵਾਲੀ'।
ਇਮ ਸਤਿਗੁਰ ਨਿਜ ਸਿਖ ਸਮੁਝਾਵਹਿਂ। ਅਪਰ ਰਹਿਤ ਸੋ ਬਹੁਰ ਬਤਾਵਹਿਂ॥੪੧॥

ਇਸ ਪ੍ਰਕਾਰ ਸ੍ਰੇਸ਼ਟ ਰਹਿਤ ਚਲਾਈ, ਜੋ ਰਹਿਤ ਰੱਖਣਗੇ ਮੈਂ ਉਨ੍ਹਾਂ ਦੇ ਵਾਲੀ ਹੋਵਾਂਗੇ।" ਇਸ ਪ੍ਰਕਾਰ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, ਹੋਰ ਜਿਹੜੀਆਂ ਰਹਿਤਾਂ ਹਨ ਉਹ ਬਾਅਦ ਵਿਚ ਦੱਸਣਗੇ॥ ੪੧॥

ਕਰਿ ਅਰਦਾਸੁ ਰਹਿਤ ਕੀ ਭਲੇ। 'ਪੰਚਾਂਮ੍ਰਿਤ ਅਚਿ ਪਾਂਚਹੁੰ ਮਿਲੇ।
ਜਾਤਿ ਪਾਤਿ ਕੋ ਭੇਦ ਨ ਕੋਈ। ਚਾਰ ਬਰਨ ਅਚਵਹਿਂ ਇਕ ਹੋਈ॥ ੪੨॥

ਰਹਿਤ ਦੀ ਭਲੀ ਪ੍ਰਕਾਰ ਅਰਦਾਸ ਕਰਕੇ ਗੁਰੂ ਜੀ ਕਿਹਾ, "ਕੜਾਹ ਪ੍ਰਸ਼ਾਦਿ ਛੱਕ ਕੇ ਪੰਜੇ ਇਕ ਹੋ ਗਏ ਹੋ। ਜਾਤ ਪਾਤ ਦਾ ਕੋਈ ਭੇਦ ਨਹੀਂ ਰਿਹਾ ਹੈ, ਚਾਰੇ ਵਰਨ ਇਕ ਹੋ ਕੇ ਕੜਾਹ ਪ੍ਰਸ਼ਾਦਿ ਛਕਦੇ ਹੋ॥ ੪੨॥

ਮਤਿ ਊਚੀ ਰਾਖਹੁ ਮਨ ਨੀਵਾਂ। ਸਿਮਰਹੁ ਵਾਹਿਗੁਰੂ ਸੁਖ ਸੀਵਾ।
ਗੋਰ ਮੜ੍ਹੀ ਅਰੁ ਪੰਥ ਅਨੇਕਾ। ਆਨ ਨ ਮਾਨਿਹ, ਰਾਖਿ ਬਿਬੇਕਾ'॥ ੪੩॥

ਮੱਤ ਉੱਚੀ ਰੱਖੋ ਤੇ ਮਨ ਨੀਵਾਂ ਰੱਖੋ, ਸੁਖ ਦੇਣ ਵਾਲੇ ਵਾਹਿਗੁਰੂ ਦਾ ਸਿਮਰਨ ਕਰੋ, ਕਬਰਾਂ, ਮੜੀਆਂ ਅਤੇ ਹੋਰ ਜਿਹੜੇ ਅਨੇਕਾਂ ਪੰਥ ਹਨ, ਹੋਰ ਕਿਸੇ ਨੂੰ ਨਹੀਂ ਮੰਨਣਾ ਹੈ ਤੇ ਸ੍ਰੇਸ਼ਟ ਗਿਆਨ ਰੱਖਣਾ ਹੈ"॥ ੪੩॥

*ਕਬਿੱਤ*-ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲਿ ਫਤੇ ਸੋ ਬੁਲਾਈ ਹੈ।
ਪੀਰ ਪਾਤਿਸ਼ਾਹ ਕਰਾਮਾਤੀ ਜੇ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।
ਤੀਸਰਾ ਮਜਬ ਜਗ ਦੇਖਿਕੇ ਅਜਬ ਮਹਾਂ, ਬੈਰੀ ਕੇ ਗਜਬ ਪਰਜੋ ਛੀਨੈਂ ਠਕੁਰਾਈ ਹੈ।
ਧਰਮ ਸਥਾਪਬੇ ਕੋ ਪਾਪਨ ਕੇ ਖਾਪਬੇ ਕੋ ਗੁਰੂ ਜਾਪਬੇ ਕੌ ਨਈ ਰੀਤਿ ਯੌਂ ਚਲਾਈ ਹੈ॥੪੪॥

ਵਾਹਿਗੁਰੂ ਜੀ ਦਾ ਭਲਾ ਖਾਲਸਾ ਪ੍ਰਗਟ ਹੋਇਆ ਅਤੇ ਮਿਲ ਕੇ ਵਾਹਿਗੁਰੂ ਜੀ ਦੀ ਫਤਹਿ ਬੁਲਾਈ ਹੈ। ਜਿਹੜੇ ਹੋਰ ਪੰਥਾਂ ਵਿਚ ਕਰਾਮਾਤੀ ਪੀਰ ਪਾਤਿਸ਼ਾਹ ਹਨ ਬੇਸ਼ਕ ਹਿੰਦੂ ਹੋਵੇ ਜਾਂ ਤੁਰਕ ਸਾਰਿਆਂ ਦੀ ਕਾਨ ਮਿਟਾ ਦਿੱਤੀ ਹੈ। ਤੀਸਰਾ ਅਜੀਬ ਮਜ਼੍ਹਬ ਵੇਖ ਕੇ ਵੈਰੀ ਨੂੰ ਬਿਪਤਾਂ ਪੈ ਗਈ ਹੈ ਕਿ ਰਾਜ ਖੋਹ ਲੈਣਗੇ। ਧਰਮ ਸਥਾਪਨ ਕਰਨਗੇ, ਪਾਪਾਂ ਦਾ ਨਾਸ਼ ਕਰਨਗੇ, ਗੁਰੂ ਦਾ ਜਾਪ ਕਰਨਗੇ, ਨਵੀਂ ਰੀਤੀ ਇਸ ਤਰ੍ਹਾਂ ਚਲਾਈ ਹੈ॥ ੪੪॥

ਦੋਹਰਾ- ਇਸ ਬਿਧਿ ਪੰਚਹੁੰ ਸਿੰਘ ਕੌ ਖੰਡੇ ਪਾਹੁਲ ਦੀਨਿ।
ਵਹਿਰ ਬੇਖ ਉਰ ਗਜਾਨ ਦੇ ਅਪਨੇ ਸਮ ਸੋ ਕੀਨਿ॥ ੪੫॥

ਇਸ ਵਿਧੀ ਨਾਲ ਪੰਜਾਂ ਸਿੰਘਾਂ ਨੂੰ ਖੰਡੇ ਦੀ ਪਾਹੁਲ ਦਿੱਤੀ, ਬਾਹਰਲਾ ਭੇਖ ਦਿੱਤਾ, ਹਿਰਦੇ ਵਿਚ ਗਿਆਨ ਦਿੱਤਾ ਤੇ ਉਨ੍ਹਾਂ ਨੂੰ ਆਪਣੇ ਬਰਾਬਰ ਕਰ ਲਿਆ॥ ੪੫॥

*ਤੀਸਰੀ ਰੁੱਤ ਦਾ ਉੱਨੀਂਵਾਂ ਅਧਿਆਇ ਸਮਾਪਤ ਹੋਇਆ॥ ੧੯॥*

# ਅਧਿਆਇ ਵੀਹਵਾਂ

## *ਗੁਰੂ ਜੀ ਨੇ ਅੰਮ੍ਰਿਤ ਛਕਣਾ*

ਦੋਹਰਾ- ਪੰਚਹੁੰ ਕੋ ਸਮਰੱਥ ਕਰਿ ਸਭਿ ਬਿਧਿ ਸ੍ਰੀ ਗੁਰਦੇਵ।
ਸਾਦਰ ਤਿਨਹੁੰ ਬਿਠਾਇ ਕਰਿ ਲਖਹਿ ਨ ਕੋ ਗੁਰ ਭੇਵ॥ ੧॥

ਗੁਰਦੇਵ ਜੀ ਨੇ ਪੰਜਾਂ ਨੂੰ ਸਭ ਵਿਧੀਆਂ ਨਾਲ ਸਮਰੱਥ ਕਰਕੇ ਆਦਰ ਨਾਲ ਉਨ੍ਹਾਂ ਨੂੰ ਪਾਸ ਬਿਠਾਇਆ। ਗੁਰੂ ਜੀ ਦੇ ਭੇਦ ਨੂੰ ਕੋਈ ਵੀ ਜਾਣ ਨਹੀਂ ਸਕਦਾ ਹੈ॥ ੧॥

ਕਬਿੱਤ- ਪੂਰਨ ਪਰਮ ਜੋਤਿ ਪੰਥ ਕੋ ਉਦੋਤਿ ਪ੍ਰਭੁ ਉੱਠਕੇ ਸਿੰਘਾਸਨ ਤੇ ਖਰੇ ਆਪ ਹੋਇ ਕਰਿ।
'ਵਾਹਿਗੁਰੂ' ਉਬਾਚਤਿ ਸੁ ਪਾਹੁਲ ਕੋ ਜਾਚਤਿ ਬਿਸਾਲ ਤੇਜ ਰਾਚਤਿ ਇਕੱਤ੍ਰ ਕਰ ਦੋਇ ਕਰਿ।
ਖੜਗ ਨਿਖੰਗ ਕਟ ਕੱਸ ਕੈ, ਕੁਦੰਡ ਕੰਧ, ਜਮਧਰ੍ਹਾ ਧਰਿ ਕੈ ਕਰਦ ਚੱਕ੍ਰ ਜੋਇ ਕਰਿ।
'ਜੈਸੇ ਮਮ ਦੀਨਿ, ਬਿਧਿ ਸੰਗ ਤੁਮ ਲੀਨਿ ਪੰਜ, ਤੈਸੇ ਮੋਹਿ ਦੀਜੀਏ ਸੰਦੇਹ ਸਭਿ ਖੋਇ ਕਰਿ' ॥੨॥

ਪੂਰਨ ਪਰਮ ਜੋਤ ਪੰਥ ਨੂੰ ਪ੍ਰਗਟ ਕਰਕੇ ਗੁਰੂ ਜੀ ਸਿੰਘਾਸਣ ਤੇ ਖੜੇ ਹੋ ਕੇ ਵਾਹਿਗੁਰੂ ਕਹਿ ਕੇ ਆਪ ਦੋਵੇਂ ਹੱਥ ਇਕੱਠੇ ਕਰਕੇ ਵਿਸ਼ਾਲ ਤੇਜ ਵਾਲੀ ਤਿਆਰ ਕੀਤੀ ਹੋਈ ਪਾਹੁਲ ਨੂੰ ਮੰਗਦੇ ਹਨ। ਤਲਵਾਰ ਭੱਥਾ ਲੱਕ ਨਾਲ ਕੱਸ ਕੇ ਜਮਧਰ, ਕਰਦ ਤੇ ਚੱਕਰ ਧਾਰਨ ਕੀਤੇ ਦਿੱਸ ਰਹੇ ਹਨ। "ਜਿਵੇਂ ਮੈਂ ਤੁਹਾਨੂੰ ਅੰਮ੍ਰਿਤ ਦਿੱਤਾ ਸੀ, ਜਿਸ ਵਿਧੀ ਅਨੁਸਾਰ ਤੁਸੀਂ ਪੰਜਾਂ ਨੇ ਛਕਿਆ ਸੀ, ਉਸ ਤਰ੍ਹਾਂ ਹੀ ਸਾਰੇ ਸ਼ੰਕੇ ਗਵਾ ਕੇ ਮੈਨੂੰ ਅੰਮ੍ਰਿਤ ਦੇਵੋ" ॥ ੨॥

ਅਦਭੁਤ ਬਾਨੀ ਸੁਨਿ ਕਾਨ ਮੈਂ ਹਰਾਨੀ ਹੋਇ ਸਿੰਘਨ ਬਖਾਨੀ 'ਕਹਾਂ ਕਹੋ ਆਪ ਬੈਨ ਕੋ ?।
ਜਾਤਿ ਕੇ ਕਮੀਨ, ਦੀਨ, ਰੰਕ ਹੈਂ ਅਧੀਨ, ਹੀਨ, ਕਾਮ ਕ੍ਰੋਧ ਪੀਨ, ਮਨ ਛੀਨ ਹੈ, ਨ ਚੈਨ ਕੋ।
ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ ਜੰਤੁ ਸੁ ਗ਼ਰੀਬ ਹਮ, ਭਲੋ ਗੁਨ ਹੈ ਨ ਕੋ।
ਏਕ ਬਲ ਭਯੋ ਤੁਮ ਹਾਥ ਦਯੋ ਸੀਸ ਧਰ, ਨਯੋ ਰੰਗ ਥਿਜੋ ਮਯੋ ਕਿਯੋ ਸੁਖ ਐਨ ਕੋ ॥੩॥

ਆਪਣੇ ਕੰਨਾਂ ਨਾਲ ਅਦਭੁਤ ਬਚਨ ਸੁਣ ਕੇ, ਪੰਜਾਂ ਸਿੰਘਾਂ ਨੇ ਹੈਰਾਨ ਹੋ ਕੇ ਕਿਹਾ, "ਇਹ ਤੁਸੀਂ ਕੈਸੇ ਬਚਨ ਕਰਦੇ ਹੋ ? ਅਸੀਂ ਜਾਤ ਦੇ ਕਮੀਣ ਹਾਂ, ਗਰੀਬ ਹਾਂ, ਰੰਕ ਹਾਂ, ਅਧੀਨ ਹਾਂ, ਹੀਣ ਹਾਂ, ਕਾਮ ਕ੍ਰੋਧ ਨਾਲ ਭਰੇ ਹੋਏ ਹਾਂ, ਮਨ ਦੁਰਬਲ ਤੇ ਬੇਚੈਨ ਹੈ। ਵਿਸ਼ੱਈ, ਮਲੀਨ ਜੀਵ ਸਦਾ ਹੀ ਸਾਰਿਆਂ ਤੋਂ ਨੀਵਾਂ ਹੁੰਦਾ ਹੈ, ਉਸ ਤਰ੍ਹਾਂ ਦੇ ਅਸੀਂ ਗਰੀਬ ਹਾਂ, ਸਾਡੇ ਵਿਚ ਕੋਈ ਵੀ ਚੰਗਾ ਗੁਣ ਨਹੀਂ ਹੈ। ਇਕ ਬਲ ਸਾਡੇ ਵਿਚ ਆਇਆ ਹੈ, ਜਿਹੜਾ ਤੁਸੀਂ ਸਾਡੇ ਸਿਰ 'ਤੇ ਹੱਥ ਰੱਖਿਆ ਹੈ ਤੇ ਕਿਰਪਾ ਕਰਕੇ ਸਾਨੂੰ ਸੁਖਾਂ ਦੇ ਘਰ ਬਣਾ ਦਿੱਤਾ ਹੈ॥ ੩॥

**ਜੀਵਨ ਕੇ ਜੀਵ, ਬਲ ਸੀਵਹੋ ਸਦੀਵ ਤੁਮ, ਤੀਨ ਲੋਕ ਨਾਥ ਸਭਿ ਸੁਰਾਸੁਰ ਬੰਦਤੇ।**
**ਆਇਸੁ ਮੈਂ ਪੌਨ ਪਾਨੀ ਆਨਿ ਕੀ ਕਹਾਨੀ ਕਹਾਂ,ਚਾਹੋ ਜਿਸ ਰਾਖਹੁ ਰਿਪੁ ਕ੍ਰੋਧ ਕੈ ਨਿਕੰਦਤੇ।**
**ਸ਼ਕਤਿ ਦੁਰਾਈ ਨਰ ਲੀਲਾ ਕੋ ਗੁਸਾਈਂ ਧਰੇ, ਦਾਸ ਕੋ ਬਡਾਈ ਦੇਤਿ ਸਦਾ ਹੀ ਅਨੰਦ ਤੇ।**
**ਆਪ ਸਮਰੱਥ ਅਬਿ ਜੋਰਿ ਹਾਥ ਕੈਸੇ ਕਹੋ ਅੰਮ੍ਰਿਤ ਕੋ ਦੈਹੋ ਕਿਮ ਕਮੀ ਹ੍ਵੈ ਬਿਲੰਦ ਤੇ ?' ॥੪॥**

ਤੁਸੀਂ ਜੀਵਾਂ ਦੀ ਜਿੰਦ ਹੋ, ਸਦਾ ਹੀ ਬਲ ਦੀ ਹੱਦ ਹੋ, ਤਿੰਨਾਂ ਲੋਕਾਂ ਦੇ ਮਾਲਕ ਹੋ, ਸਾਰੇ ਦੇਵ ਦੈਂਤ ਤੁਹਾਨੂੰ ਮੱਥਾ ਟੇਕਦੇ ਹਨ। ਪੌਣ ਪਾਣੀ ਵੀ ਤੁਹਾਡੀ ਆਗਿਆ ਵਿਚ ਹਨ, ਹੋਰ ਦੀ ਗੱਲ ਕੀ ਕਹਾਂ, ਜਿਸ ਨੂੰ ਚਾਹੋ ਰੱਖ ਲਵੋ, ਵੈਰੀਆਂ ਨੂੰ ਕ੍ਰੋਧ ਧਾਰ ਕੇ ਮਾਰ ਦਿੰਦੇ ਹੋ। ਸ਼ਕਤੀ ਲੁਕਾਈ ਹੈ, ਆਪ ਪ੍ਰਭੂ ਨੇ ਮਨੁੱਖ ਲੀਲ੍ਹਾ ਧਾਰਨ ਕੀਤੀ ਹੈ, ਸਦਾ ਹੀ ਅਨੰਦ ਧਾਰ ਕੇ ਆਪਣੇ ਸੇਵਕਾਂ ਨੂੰ ਵਡਿਆਈ ਦਿੰਦੇ ਹੋ। ਤੁਸੀਂ ਸਰਬ ਸਮਰੱਥ ਹੋ, ਹੁਣ ਹੱਥ ਜੋੜ ਕੇ ਕਿਵੇਂ ਕਹਿੰਦੇ ਹੋ, ਅੰਮ੍ਰਿਤ ਦੇਵੋ, ਆਪ ਐਡੇ ਵੱਡੇ ਹੋ ਕੇ ਕਿਉਂ ਐਨੇ ਨੀਵੇਂ ਬਣਦੇ ਹੋ ?" ॥ ੪॥

**ਬੋਲੇ ਗੁਰ ਪੂਰਨ ਪੁਰਖ 'ਕਰਤਾਰ ਪ੍ਰਭੁ ਦੇਹ ਮੇਂ ਅਨੇਕ ਬਿਧਿ ਬਿਸ਼ਨੁ ਮਹੇਸ਼ ਹੈਂ।**
**ਜੋਤੀ ਰੂਪ ਏਕੰਕਾਰ ਸਭਿ ਕੇ ਆਧਾਰ ਨਿਤ ਆਪ ਨਿਰਾਧਾਰ ਜਾਂ ਕੋ ਜਾਨਤਿ ਅਸ਼ੇਸ਼ ਹੈਂ।**
**ਭਗਤਿ ਅਧੀਨ, ਕਾਲ ਛੀਨ ਮਹੀਆਨ ਮਹਾਂ ਤਾਕੋ ਸੁਤ ਜਾਨੋ ਮੋਹਿ ਸਭਿ ਤੇ ਵਿਸ਼ੇਸ਼ ਹੈ।**
**ਸਿੱਖਨ ਅਧੀਨ ਤਿਨ ਮੋਕਉ ਚੀਨ ਲੇਹੁ ਚਿਤ, ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ ॥੫॥**

ਪੂਰਨ ਪੁਰਖ ਗੁਰੂ ਜੀ ਬੋਲੇ, "ਪ੍ਰਭੂ ਕਰਤਾਰ ਦੀ ਦੇਹ ਵਿਚ ਅਨੇਕ ਬ੍ਰਹਮਾਂ ਵਿਸ਼ਨੂੰ ਤੇ ਸ਼ਿਵ ਜੀ ਹਨ, ਉਹ ਅਪਾਰ ਜੋਤੀ ਸਰੂਪ ਪ੍ਰਭੂ ਇਕ ਏਕੰਕਾਰ ਹੀ ਸਭ ਦਾ ਆਸਰਾ ਹੈ, ਪਰ ਆਪ ਨਿਰਆਸਰਾ ਹੈ, ਜਿਸ ਗੱਲ ਨੂੰ ਸਾਰੇ ਸੰਤ ਜਾਣਦੇ ਹਨ। ਉਹ ਕਾਲ ਤੋਂ ਰਹਿਤ ਹੈ ਤੇ ਵੱਡਿਆਂ ਤੋਂ ਵੱਡਾ ਹੈ, ਫਿਰ ਵੀ ਉਹ ਭਗਤਾਂ ਦੇ ਅਧੀਨ ਹੈ, ਉਸ ਸਭ ਤੋਂ ਵੱਡੇ ਤੇ ਭਗਤਾਂ ਦੇ ਅਧੀਨ ਦਾ ਮੈਂ ਪੁੱਤਰ ਹਾਂ, ਉਸ ਤਰ੍ਹਾਂ ਹੀ ਮੈਨੂੰ ਵੀ ਸਿੱਖਾਂ ਦੇ ਅਧੀਨ ਆਪਣੇ ਮਨ ਵਿਚ ਜਾਣ ਲਵੋ। ਪੰਥ ਨੂੰ ਰਚਣ ਦਾ ਹੁਕਮ ਵੀ ਉਸੇ ਜਗਤ ਦੇ ਮਾਲਕ ਦਾ ਹੈ॥ ੫॥

**ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੌਂ ਮੈਂ ਅਬਿ ਜੈਸੇ ਗੁਰੁ ਨਾਨਕ ਜੀ ਅੰਗਦ ਕੋ ਕੀਨਿਓ।**
**ਸ਼ੰਕ ਨ ਕਰੀਜੈ ਸਾਵਧਾਨ ਹੋਇ ਦੀਜੈ ਅਬਿ, ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓਂ।**
**ਕਾਲ ਹੂੰ ਕੋ ਕਾਲ ਅਸਿਕੇਤ ਹੈ ਅਕਾਲ ਪ੍ਰਭੁ ਦੀਰਘ ਕ੍ਰਿਪਾਲ ਯੌਂ ਹੁਕਮ ਹਮੈਂ ਦੀਨਿਓ।**
**ਥਾਪਨਿ ਧਰਮ ਕੌ, ਉਥਾਪਨਿ ਭਰਮ ਕੌ, ਕੁਕਰਮ ਕੌ ਖਾਪਨ, ਸਿਮਰ ਨਾਮ, ਚੀਨਿਓ' ॥੬॥**

ਖਾਲਸਾ ਗੁਰੂ ਹੈ ਤੇ ਮੈਂ ਹੁਣ ਖਾਲਸੇ ਨੂੰ ਗੁਰੂ ਕਰਦਾ ਹਾਂ, ਹੁਣ ਜਿਵੇਂ ਗੁਰੂ ਨਾਨਕ ਦੇਵ ਜੀ ਨੇ, ਗੁਰੂ ਅੰਗਦ ਦੇਵ ਨੂੰ ਬਣਾਇਆ ਸੀ। ਸ਼ੰਕਾ ਨਾ ਕਰੋ, ਸਾਵਧਾਨ ਹੋ ਕੇ ਹੁਣ ਅੰਮ੍ਰਿਤ ਦੇਵੋ, ਮੈਨੂੰ ਉਸ ਤਰ੍ਹਾਂ ਹੀ ਅੰਮ੍ਰਿਤ ਛਕਾਵੋ, ਜਿਵੇਂ ਤੁਸੀਂ ਆਪ ਛਕਿਆ ਹੈ। ਕਾਲ ਦੇ ਕਾਲ ਸ੍ਰੀ ਅਸਕੇਤ ਅਕਾਲ ਪੁਰਖ ਪ੍ਰਭੂ ਬਹੁਤ ਕ੍ਰਿਪਾਲੂ ਹੋ ਕੇ ਸਾਨੂੰ ਹੁਕਮ ਦਿੱਤਾ ਹੈ। ਧਰਮ ਸਥਾਪਿਤ ਕਰਨ ਲਈ, ਭਰਮ ਨੂੰ ਦੂਰ ਕਰਨ ਲਈ, ਕੁਕਰਮਾਂ ਦਾ ਨਾਸ਼ ਕਰਨ ਲਈ ਤੇ ਨਾਮ ਦਾ ਸਿਮਰਨ ਕਰਵਾਉਣ ਲਈ ਕਿਹਾ ਹੈ, ਇਹ ਚੰਗੀ ਤਰ੍ਹਾਂ ਸਮਝ ਲਵੋ॥ ੬॥

ਸ੍ਵਾਮੀ ਕੋ ਹੁਕਮ ਨਹੀਂ ਮੇਟਬੋ ਪ੍ਰਤੱਗਜਾ ਜਾਨਿ, ਮਾਨਿ ਗੁਰੂ ਬਾਕ ਹੂੰ ਕੋ ਅੰਮ੍ਰਿਤ ਸੁ ਲੀਨਿਓ।
ਉਠ ਪੰਚਹੁੰ ਸਿੰਘ ਵਾਹਿਗੁਰੂ ਜੀ ਕੀ ਫਤੇ ਬੋਲਿ, ਆਗੇ ਖਰੇ ਗੁਰੂ ਤਬਿ ਪਾਹੁਲ ਕੋ ਦੀਨਿਓ।
'ਪਟਨਾ ਜਨਮ ਵਾਸੀ, ਨਾਮ ਸ੍ਰੀ ਗੋਬਿੰਦ ਸਿੰਘ' ਬੂਝੇ ਤੇ ਬਖਾਨਜੋਂ ਪ੍ਰਭੁ ਸੀਖਜਾ ਮੈਂ ਪ੍ਰਬੀਨਿਓਂ।
ਰਹਿਤ ਬਤਾਈ ਜੈਸੇ ਆਪ ਪੂਰਾ ਗਾਈ ਗੁਰੂ, ਰੀਤਿ ਯੌਂ ਚਲਾਈ ਬਿਦਤਾਈ ਸਭਿ ਚੀਨਿਓ ॥੭॥

ਆਪਣੇ ਮਾਲਕ ਦਾ ਹੁਕਮ ਨਹੀਂ ਮੋੜਾਂਗਾ। ਪੰਜੇ ਸਿੱਖ ਇਹ ਆਪਣੀ ਪ੍ਰਤੱਗਿਆ ਜਾਣ ਕੇ, ਗੁਰੂ ਜੀ ਦੇ ਬਚਨ ਮੰਨ ਕੇ ਉਨ੍ਹਾਂ ਨੇ ਅੰਮ੍ਰਿਤ ਲਿਆ। ਪੰਜਾਂ ਸਿੰਘਾਂ ਨੇ ਉੱਠ ਕੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਤੇ ਗੁਰੂ ਜੀ ਦੇ ਅੱਗੇ ਖੜੇ ਹੋ ਕੇ ਪਾਹੁਲ ਦਿੱਤੀ। ਗੁਰੂ ਜੀ ਨੇ ਜਿਵੇਂ ਸਿੱਖਿਆ ਦਿੱਤੀ ਸੀ ਉਸ ਤਰ੍ਹਾਂ ਗੁਰੂ ਜੀ ਤੋਂ ਪੁੱਛਿਆ ਤੇ ਕਿਹਾ, "ਪਟਨਾ ਜਨਮ ਵਾਸੀ, ਨਾਮ ਸ੍ਰੀ ਗੋਬਿੰਦ ਸਿੰਘ" ਉਸ ਤਰ੍ਹਾਂ ਹੀ ਰਹਿਤ ਬਾਰੇ ਕਿਹਾ, ਜਿਵੇਂ ਗੁਰੂ ਜੀ ਨੇ ਪਹਿਲਾਂ ਦੱਸੀ ਸੀ। ਐਸੀ ਰੀਤੀ ਚਲਾਈ, ਜਿਹੜੀ ਸਾਰੇ ਪ੍ਰਗਟ ਹੋਈ ਵੇਖੀ ਹੈ॥ ੭॥

'ਪੰਚਨ ਕੋ ਮੇਲ ਪੇਲ ਦੇਹੁ, ਸੱਤਿਨਾਮ ਲੇਹੁ, ਰੱਛਜਾ ਕੋ ਕਰੇਹੁ ਸਿੱਖ ਸੰਤ ਸਮੁਦਾਇ ਕੌ।
ਖਾਲਸੇ ਕੇ ਅੰਗ ਸੰਗ, ਜੰਗ ਕੋ ਧਰਹੁ ਨਿਸ਼ੰਗ, ਭੰਗ ਤੁਰਕਾਨ ਤਬਿ ਹੂਜੀਏ ਸਹਾਇ ਕੌ।
ਸਦਾ ਅਸਿਕੇਤ ਕੋ ਬਿਸਾਲ ਧਰੋ ਹੇਤ ਕੋ, ਅੱਭਜਾਸ ਨਿਤ ਆਯੁਧ ਸਮੂਹ ਰਿਪੁ ਘਾਇ ਕੌ'।
ਸਾਰੇ ਜਗ ਨਾਇਕ ਕੋ ਰਹਿਤ ਬਤਾਇ ਕਰਿ ਫਤੇ ਕੋ ਬੁਲਾਇ ਕਰਿ ਆਨੰਦ ਉਪਾਇ ਕੌ ॥੮॥

ਪੰਜਿਆਂ ਨੂੰ ਆਪਸ ਵਿਚ ਮਿਲਾਉਣਾ ਹਟਾ ਦੇਵੇ, ਸਤਿਨਾਮ ਦਾ ਜਾਪ ਕਰੋ ਤੇ ਸਿੱਖ ਸੰਤਾਂ ਸਾਰਿਆਂ ਦੀ ਰੱਖਿਆ ਕਰੋ। ਖਾਲਸੇ ਦੇ ਸਦਾ ਹੀ ਅੰਗ-ਸੰਗ ਰਹੋ, ਨਿਸ਼ੰਕ ਹੋ ਕੇ ਜੰਗ ਧਾਰਨ ਕਰੋ। ਜਿੱਥੇ ਖਾਲਸਾ ਤੁਰਕਾਂ ਨੂੰ ਨਾਸ਼ ਕਰੇ, ਉਥੇ ਖਾਲਸੇ ਦੇ ਸਹਾਇਕ ਬਣੋ। ਸਦਾ ਹੀ ਕਿਰਪਾਨ ਨਾਲ ਵਿਸ਼ਾਲ ਪ੍ਰੇਮ ਧਾਰਨ ਕਰੋ, ਸ਼ਸਤਰਾਂ ਦਾ ਨਿੱਤ ਅਭਿਆਸ ਕਰੋ ਤੇ ਸਾਰੇ ਵੈਰੀਆਂ ਦਾ ਨਾਸ਼ ਕਰ ਦੇਵੋ।" ਇਸ ਤਰ੍ਹਾਂ ਸਾਰੇ ਜਗਤ ਦੇ ਮਾਲਕ ਨੂੰ ਰਹਿਤ ਦੱਸ ਕੇ ਫ਼ਤਹਿ ਬੁਲਾ ਕੇ ਅਨੰਦ ਪ੍ਰਾਪਤ ਕੀਤਾ॥ ੮॥

ਗੁਰੂ ਤੇਜ ਰਾਸਿ ਅਰਦਾਸ ਕੋ ਕਰਾਇ ਕਰਿ ਸੀਸ ਕੋ ਨਿਵਾਇ ਆਇ ਬੈਠੇ ਹੈਂ ਪ੍ਰਯੰਕ ਪਰ।
ਰਹਿਤ ਬਤਾਈ ਪੁਨਃ 'ਧਰੋ ਸਦਾ ਸਿੰਘ ਮਨ, ਬੇਸ੍ਵਾ ਸੌਂ ਰਮਨ ਨਹਿਂ ਕੀਜੈ ਕਬਿ, ਸ਼ੰਕ ਕਰਿ।
ਸੁਚ ਸੌਂ ਰਹਿਨ ਉਠਿ ਪ੍ਰਾਤਿ ਮੈਂ ਸ਼ਨਾਨੋ ਤਨ, ਸ਼ਸਤ੍ਰਨਿ ਤੇ ਛੂਛੇ ਨਹੀਂ ਰਹੋ, ਰਿਪੁ ਭੰਗ ਕਰਿ।
ਕੇਸ ਕੱਛ ਕਰਦ ਗੁਰੂ ਕੀ ਤੀਨ ਮੁੰਦ੍ਰਾ ਇਹ ਪਾਸ ਤੇ ਨ ਦੂਰ ਕਰਹੁ ਸਦਾ ਅੰਗ ਸੰਗ ਧਰਿ' ॥੯॥

ਗੁਰੂ ਜੀ ਫਿਰ ਅਰਦਾਸ ਕਰਵਾ ਕੇ, ਸੀਸ ਨਿਵਾ ਕੇ ਆ ਕੇ ਪਲੰਘ ਉੱਤੇ ਬੈਠ ਗਏ। ਫਿਰ ਰਹਿਤ ਦੱਸੀ, ਸਦਾ ਸਿੰਘ ਵਾਲਾ ਮਨ ਧਾਰਨ ਕਰੋ, ਵੇਸਵਾ ਨਾਲ ਕਦੀ ਵੀ ਰਮਨ ਨਾ ਕਰੋ, ਡਰ ਧਾਰਨ ਕਰੋ, ਸਵੇਰੇ ਸਵੱਖਤੇ ਉੱਠ ਕੇ ਸੌਚ ਕਰਕੇ ਇਸ਼ਨਾਨ ਕਰੋ। ਸ਼ਸਤਰਾਂ ਤੋਂ ਕਦੇ ਵੀ ਖਾਲੀ ਨਾ ਰਹੋ, ਵੈਰੀਆਂ ਦਾ ਨਾਸ਼ ਕਰੋ। ਕੇਸ, ਕੱਛ, ਕਿਰਪਾਨ, ਗੁਰੂ ਦੀਆਂ ਇਹ ਤਿੰਨ ਮੁੰਦ੍ਰਾਂ, ਇਨ੍ਹਾਂ ਨੂੰ ਪਾਸ ਤੋਂ ਕਦੇ ਵੀ ਦੂਰ ਨਾ ਕਰੋ, ਸਦਾ ਅੰਗ ਸੰਗ ਧਾਰਨ ਕਰੋ॥ ੯॥

ਬਾਜੇ ਸੁਰਲੋਕ ਮੈ ਦਮਾਮੇ ਗੁਰੂ ਫਤੇ ਸੁਨਿ ਮੰਗਲ ਕੁਲਾਹਲ ਅਨੇਕ ਬਿਧਿ ਹੋਇ ਹੈ।
ਰਹਜੋ ਜਗ ਧਰਮ ਕਰਮ ਹੋਮ ਜੱਗ ਆਦਿ ਤੁਰਕ ਬਿਨਾਸ਼ਤਾ ਕੋ ਪਾਇ ਸਭਿ ਕੋਇ ਹੈ।
ਪ੍ਰਗਟਜੋ ਸੁ ਪੰਥ, ਗ੍ਰੰਥ ਬਿਦਤੈ ਭਗਤਿ ਨਿਤ, ਸ਼ਾਂਤਿ ਬਰਤਾਇ ਕੈ ਧਰਾ ਕੋ ਭਾਰ ਖੋਇ ਹੈ।
ਅਪਸਰਾ ਨਾਚਿ ਕਰੈਂ, ਰਿਦੈ ਦੇਵ ਮੋਦ ਧਰੈਂ, ਕੌਤਕ ਅਨੇਕ ਤੇ ਬਿਨੋਦਤਿ ਸਮੋਇ ਹੈ ॥੧੦॥

ਗੁਰੂ ਜੀ ਦੀ ਫ਼ਤਹਿ ਸੁਣ ਕੇ ਸਵਰਗ ਲੋਕ ਵਿਚ ਵਾਜੇ ਵੱਜੇ ਤਾਂ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਹੋਏ ਹਨ। ਹੁਣ ਜਗਤ ਵਿਚ ਜਗ ਧਰਮ ਕਰਮ ਹੋਣਾ ਆਦਿ ਸਭ ਬਚ ਗਏ ਹਨ ਤੇ ਤੁਰਕ ਸਾਰੇ ਵਿਨਾਸ਼ਤਾ ਨੂੰ ਪਾਉਣਗੇ। ਨਵਾਂ ਪੰਥ

ਪ੍ਰਗਟਾਇਆ ਹੈ, ਹੁਣ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਭਗਤੀ ਨਿਤ ਫੈਲੇਗੀ, ਇਸ ਤਰ੍ਹਾਂ ਸ਼ਾਂਤੀ ਵਰਤਾ ਕੇ ਪੰਥ ਧਰਤੀ ਦਾ ਭਾਰ ਦੂਰ ਕਰੇਗਾ ਭਾਵ ਬੀਰ ਰਸੀ ਕੰਮ ਕਰੇਗਾ। ਪਰੀਆਂ ਨਾਚ ਕਰਦੀਆਂ ਸਨ, ਦੇਵਤੇ ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਦੇ ਸਨ, ਅਨੇਕ ਪ੍ਰਕਾਰ ਦੇ ਕੌਤਕ ਅਨੰਦ ਵਿਚ ਸਮਾ ਰਹੇ ਹਨ॥ ੧੦॥

ਗੁਰੂ ਢਿਗ ਤਾਂਹੀ ਦਿਨ ਆਵਤਿ ਕਰਾਹ ਗਨ ਹੋਤਿ ਅਰਦਾਸ ਬਰਤਾਵੈਂ ਚਿਤ ਚਾਇ ਕਰਿ।
ਕਾਛ ਪਹਿਰੀਜੀਏ, ਰਹਿਤ ਗੁਰ ਧੀਜੀਏ, ਨਾਮ ਕੋ ਜਪੀਜੀਏ, ਜਹਾਜ ਗੁਰ ਪਾਇ ਕਰਿ।
ਰਾਖਨੀ ਰਹਿਤ ਸੁੱਧ ਸਿੱਖੀ ਕੇ ਸਹਿਤ ਸਿਖ, ਮੇਰੋ ਸਿਰਤਾਜ ਸੋਇ ਸੰਸੈ ਹੂੰ ਨ ਕਾਇ ਕਰਿ।
ਅੰਮ੍ਰਿਤ ਕੋ ਪਾਨ ਕਰਿ, ਅੰਮ੍ਰਿਤ ਧਯਾਨ ਧਰਿ ਅਮਰ ਸਰੂਪ ਹੋਇ ਸੁਧਾਸਰ ਨਾਇ ਕਰਿ ॥੧੧॥

ਉਸ ਦਿਨ ਗੁਰੂ ਜੀ ਪਾਸ ਬਹੁਤ ਕੜਾਹ ਪ੍ਰਸ਼ਾਦਿ ਆ ਰਿਹਾ ਸੀ, ਅਰਦਾਸ ਕਰਕੇ ਚਿੱਤ ਵਿਚ ਪ੍ਰਸੰਨਤਾ ਧਾਰ ਕੇ ਵੰਡ ਦਿੰਦੇ ਸਨ। ਕੱਛ ਪਹਿਣੋ, ਗੁਰੂ ਜੀ ਵਲੋਂ ਦੱਸੀ ਰਹਿਤ ਰੱਖੋ, ਨਾਮ ਜਪੋ, ਤੁਸੀਂ ਗੁਰੂ ਦਾ ਜਹਾਜ਼ ਪਾ ਲਿਆ ਹੈ। ਇਕ ਸਿੱਖ ਨੇ ਸ਼ੁੱਧ ਸਿੱਖ ਸਹਿਤ ਰਹਿਤ ਰੱਖਣੀ ਹੈ। ਮੇਰਾ ਓਹੋ ਸਿਰਤਾਜ ਸਿੱਖ ਹੈ ਜੋ ਇਸ ਵਿਚ ਕੋਈ ਸ਼ੰਕਾ ਨਾ ਧਾਰਨ ਕਰੇ। ਅੰਮ੍ਰਿਤ ਛੱਕ ਕੇ, ਅਕਾਲ ਪੁਰਖ ਦਾ ਧਿਆਨ ਧਾਰਨ ਕਰੋ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਅਮਰ ਸਰੂਪ ਹੋ ਜਾਵੋ॥ ੧੧॥

*ਸ੍ਵੈਯਾ-* ਬਾਰ ਬਧੂਨ ਕੇ ਸੰਗ ਰਮੈ ਨਰ ਸੰਗਤਿ ਮਾਹਿਂ ਨਹਿਂ ਮੇਲ ਸੁ ਪਾਵੈ।
ਸੋ ਨਹਿਂ ਸਿੱਖ, ਗੁਰੂ ਨਹਿਂ ਮੈਂ ਤਿਹ, ਲੋਕ ਪ੍ਰਲੋਕ ਸੁ ਮੂਲ ਨਸਾਵੈ।
ਜੋ ਪਛੁਤਾਇ ਪਰੈ ਸ਼ਰਨੀ ਪੁਨ ਆਪਨੋ ਦੋਸ਼ ਸਮੂਹ ਸੁਨਾਵੈ।
ਦੇ ਤਨਖਾਹ ਬਿਸਾਲ ਪਦਾਰਥ, ਫੇਰ ਨਹੀਂ ਮਨ ਤਾਂਹਿ ਮੈਂ ਲਾਵੈ ॥੧੨॥

ਜਿਹੜਾ ਮਨੁੱਖ ਮੁਸਲਮਾਨੀ ਇਸਤਰੀ ਨਾਲ ਰਮਨ ਕਰੇ ਉਹ ਫਿਰ ਸਿੱਖ ਸੰਗਤ ਦਾ ਮੇਲ ਪ੍ਰਾਪਤ ਨਹੀਂ ਕਰ ਸਕੇਗਾ। ਉਹ ਨਾ ਮੇਰਾ ਸਿੱਖ ਹੋਵੇਗਾ ਤੇ ਨਾ ਹੀ ਮੈਂ ਉਸ ਦਾ ਗੁਰੂ ਹੋਵਾਂਗਾ, ਲੋਕ ਪਰਲੋਕ ਦੀਆਂ ਜੜ੍ਹਾਂ ਉਹ ਨਾਸ਼ ਕਰ ਲਵੇਗਾ। ਜਿਹੜਾ ਪਛਤਾਵਾ ਕਰਕੇ ਫਿਰ ਸ਼ਰਨ ਆ ਜਾਵੇ ਉਹ ਆਪਣਾ ਸਾਰਾ ਦੋਸ਼ ਸੁਣਾਵੇ, ਉਹ ਵੱਡੀ ਤਨਖਾਹ (ਜੁਰਮਾਨਾ) ਦੇ ਕੇ, ਫਿਰ ਆਪਣਾ ਮਨ ਉਸ ਦੋਸ਼ ਵਿਚ ਨਾ ਲਾਵੇ॥ ੧੨॥

ਆਦਿ ਸੁਧਾਸਰ ਜੇ ਗੁਰਦ੍ਵਾਰ ਬਿਲੋਕਹਿ ਜਾਇਕੈ ਪਾਪ ਗੁਵਾਵੈ।
ਤੌ ਭੀ ਜਥਾਵਤ ਸਿੱਖਜਨ ਕੇ ਸਮ ਕੋ ਉਪਚਾਰ ਤੇ ਹੋਨਿ ਨ ਪਾਵੈ।
ਦੀਹ ਕਲੰਕਤਿ ਹ੍ਵੈ ਇਸ ਰੀਤਿ ਜਥਾ ਫੁਟ ਬਾਸਨ ਪਾਜ ਲਗਾਵੈ।
ਦਾਗ਼ ਨ ਜਾਤਿ ਦਿਖਾਈ ਸੁ ਦੇਤਿ ਪਰੰਤੁ ਸੁ ਬਾਸਨ ਕਾਜ ਹੀ ਆਵੈ ॥੧੩॥

ਜੇ ਅੰਮ੍ਰਿਤਸਰ ਆਦਿ ਜਾ ਕੇ ਗੁਰਦਵਾਰਿਆਂ ਦੇ ਦਰਸ਼ਨ ਕਰਕੇ ਪਾਪ ਗਵਾ ਲਵੇ, ਫਿਰ ਵੀ ਅਸਲੀ ਸਿੱਖ ਦੇ ਬਰਾਬਰ ਉਸ ਦੀ ਸੇਵਾ ਕਬੂਲ ਨਹੀਂ ਹੋਵੇਗੀ। ਇਸ ਰੀਤੀ ਨਾਲ ਵੱਡਾ ਕਲੰਕੀ ਹੋ ਜਾਂਦਾ ਹੈ, ਜਿਵੇਂ ਟੁੱਟਾ ਹੋਇਆ ਭਾਂਡਾ ਟਾਂਕਾ ਲਾ ਕੇ ਜੋੜਦੇ ਹਨ। ਦਾਗ਼ ਜਾਂਦਾ ਨਹੀਂ ਉਹ ਦਿਖਾਈ ਦਿੰਦਾ ਰਹਿੰਦਾ ਹੈ, ਪਰ ਉਹ ਭਾਂਡਾ ਬੇਸ਼ਕ ਵਰਤੋਂ ਵਿਚ ਆ ਜਾਂਦਾ ਹੈ॥ ੧੩॥

ਯਾਂਹੀ ਤੇ ਜਾਨਿ ਕਲੰਕ ਅਮੇਟ, ਨਸ਼ੰਕ ਹ੍ਵੈ ਕੈ ਸੁ ਰਮੈ ਨਹਿਂ ਤਾਂਹੀ।
ਔਰ ਸਭੈ ਰਹਿਤਾਂ ਦ੍ਰਿਢ ਰਾਖਹੁ ਧੀਰਜ ਧਾਰਿ ਕੈ ਤਜਾਗਹੁ ਨਾਂਹੀ।
ਜੋ ਜਗ ਜੂਠ ਸੁ ਧਰਮ ਬਿਨਾਸ਼ਕ ਨਾ ਛੁਵਬੋ ਕਰੀਏ ਬਿਧਿ ਕਾਂਹੀ।
ਨੀਰ ਸ਼ਨਾਨ, ਜਪੋ ਸਤਿਨਾਮ ਕਰੋ ਹਿਤ ਦਾਨ ਮਹਾਂ ਸ਼ੁਭ ਯਾਂਹੀ ॥੧੪॥

ਇਸ ਕਰਕੇ ਇਹ ਜਾਣੋ ਕਿ ਇਹ ਕਲੰਕ ਅਮਿਟ ਹੈ, ਨਿਡੱਰ ਹੋ ਕੇ ਕੋਈ ਵੀ ਮੁਸਲਮਾਨੀ ਇਸਤਰੀ ਨਾਲ ਰਮਨ ਨਾ ਕਰੇ। ਹੋਰ ਸਾਰੀਆਂ ਰਹਿਤਾਂ ਵੀ ਦ੍ਰਿੜ੍ਹ ਰੱਖੋ, ਧੀਰਜ ਧਾਰ ਕੇ ਇਨ੍ਹਾਂ ਨੂੰ ਛੱਡੋ ਨਹੀਂ। ਜਿਹੜੀ ਜਗ ਦੀ ਜੂਠ ਤੰਬਾਕੂ ਹੈ, ਉਹ ਧਰਮ ਦਾ ਨਾਸ਼ ਕਰਨ ਵਾਲਾ ਹੈ, ਉਸ ਨੂੰ ਕਿਸੇ ਵਿਧੀ ਨਾਲ ਵੀ ਛੂਹਣ ਦੀ ਕੋਸ਼ਿਸ਼ ਨਾ ਕਰੋ। ਜਲ ਨਾਲ ਇਸ਼ਨਾਨ ਕਰਕੇ ਸਤਿਨਾਮ ਦਾ ਜਾਪ ਕਰੇ ਤੇ ਦਾਨ ਦੇਵੇ, ਇਹੀ ਮਹਾਂ ਸ਼ੁਭ ਹੈ॥ ੧੪॥

ਸ੍ਰੀ ਅਸਕੇਤ ਤੇ ਲੈ ਬਖਸ਼ੀਸ਼ੁ ਬਨੋ ਛਿਤ ਈਸ਼ ਹਤੋ ਤੁਰਕਾਨਾ।
ਸੰਘਰ ਤੇ ਨ ਮਿਟੋ ਕਬਹੂੰ ਦੁਹੂੰ ਲੋਕਨ ਕੋ ਸੁਖ ਜਾਨਿ ਮਹਾਨਾ।
ਰਾਜ ਕਰੋ ਧ੍ਰਮ ਕੋ ਪ੍ਰਤਿਪਾਰਹੁ ਭੋਗਹੁ ਭੋਗ ਅਨੇਕ ਬਿਧਾਨਾ।
ਅੰਤ ਸਮੈਂ ਗਤਿ ਆਛੀ ਕੋ ਪ੍ਰਾਪਤਿ, ਆਨ ਪਿਖੋ ਅਪਨੇ ਨ ਸਮਾਨਾ॥ ੧੫॥

ਸ੍ਰੀ ਅਕਾਲ ਪੁਰਖ ਤੋਂ ਬਖਸ਼ੀਸ਼ ਲੈ ਕੇ ਤੁਰਕਾਂ ਨੂੰ ਮਾਰ ਕੇ ਧਰਤੀ ਦੇ ਮਾਲਕ ਬਣੋ। ਕਦੀ ਵੀ ਸੰਘਰਸ਼ ਤੋਂ ਨਾ ਟਲੋ, ਇਸ ਨੂੰ ਦੋਹਾਂ ਲੋਕਾਂ ਦਾ ਮਹਾਨ ਸੁਖ ਜਾਣੋ। ਰਾਜ ਕਰੋ ਅਤੇ ਧਰਮ ਦੀ ਪ੍ਰਤਿਪਾਲਣਾ ਕਰੋ ਤੇ ਅਨੇਕ ਵਿਧੀਆਂ ਨਾਲ ਭੋਗ ਭੋਗੋ। ਅੰਤ ਸਮੇਂ ਚੰਗੀ ਗਤੀ ਪ੍ਰਾਪਤ ਕਰੋ। ਹੋਰ ਕਿਸੇ ਨੂੰ ਆਪਣੇ ਸਮਾਨ ਨਾ ਸਮਝੋ ਭਾਵ ਆਪਣੀ ਸੁਰਤ ਉੱਚੀ ਰੱਖੋ॥ ੧੫॥

ਜੇ ਸਿਰਗੁੰਮ ਅਹੈਂ ਜਗ ਮੈਂ ਮਰਨੇ ਪਰਨੇ ਮਹਿਂ ਮੇਲ ਨ ਕੀਜੈ।
ਦੈਂ ਦਸਵੰਧ ਗੁਰੂ ਹਿਤ ਜੇ, ਤਿਨ ਕੋ ਨ ਕਮੀ ਧਨ ਕੋ ਸਫਲੀਜੈ।
ਸ਼ੱਤ੍ਰਨਿ ਪੈ ਬਿਸਵਾਸ ਧਰੋ ਨਹਿਂ ਕੀਜਹਿ ਅਨਾਦਰ ਨਾਂਹਿ ਮਿਲੀਜੈ।
ਗੋਪ ਹੁਤੀ ਬਿਦਤਾਈ ਅਬੈ ਇਮ, ਸੀਖ ਕੌ ਧਾਰਿ ਰਿਦੈ ਜਗ ਜੀਜੈ॥ ੧੬॥

ਜਿਹੜੇ ਵਿਅਕਤੀ ਕੇਸ ਰੱਖ ਕੇ ਮੁਨਵਾ ਲੈਂਦੇ ਹਨ, ਉਸ ਦੇ ਮਰਨੇ ਪਰਨੇ ਵਿਚ ਮੇਲ ਨਾ ਕਰੋ। ਜਿਹੜੇ ਆਪਣੇ ਗੁਰੂ ਜੀ ਨੂੰ ਦਸਵੰਧ ਦਿੰਦੇ ਹਨ, ਉਨ੍ਹਾਂ ਨੂੰ ਧਨ ਦੀ ਕਿਸੇ ਪ੍ਰਕਾਰ ਵੀ ਕਮੀ ਨਹੀਂ ਹੋਵੇਗੀ, ਉਹ ਹਰ ਪਖੋਂ ਸਫਲ ਹੋਣਗੇ। ਆਪਣੇ ਵੈਰੀਆਂ ਉੱਤੇ ਕਦੇ ਵੀ ਵਿਸ਼ਵਾਸ ਨਾ ਕਰੋ, ਉਨ੍ਹਾਂ ਦਾ ਅਨਾਦਰ ਕਰੋ ਤੇ ਕਦੀ ਵੀ ਨਾ ਮਿਲੋ। ਜਿਹੜੀ ਸਿੱਖਿਆ ਗੁਪਤ ਸੀ ਹੁਣ ਇਸ ਤਰ੍ਹਾਂ ਪ੍ਰਗਟ ਕੀਤੀ ਹੈ, ਸਿੱਖਿਆ ਨੂੰ ਹਿਰਦੇ ਵਿਚ ਧਾਰ ਕੇ ਜਗ ਵਿਚ ਜੀਵੋ॥ ੧੬॥

ਦੋਹਰਾ- ਬਹੁਰ ਪੰਚ ਸਿਖ ਖਰੇ ਕਰਿ ਅੰਮ੍ਰਿਤ ਦਯੋ ਛਕਾਇ।
ਸੰਗਯਾ ਮੁਕਤੇ ਜਿਨ ਕਹੇ ਭਏ ਸਿੰਘ ਹਰਖਾਇ॥ ੧੭॥

ਫਿਰ ਪੰਜਾਂ ਸਿੱਖਾਂ ਨੂੰ ਖੜੇ ਕਰਕੇ ਅੰਮ੍ਰਿਤ ਛਕਾ ਦਿੱਤਾ, ਉਨ੍ਹਾਂ ਨੂੰ ਮੁਕਤਿਆਂ ਦਾ ਨਾਮ ਦਿੱਤਾ, ਉਹ ਬੜੇ ਪ੍ਰਸੰਨ ਹੋ ਕੇ ਸਿੰਘ ਸੱਜ ਗਏ॥ ੧੭॥

ਚੌਪਈ- ਦੇਵਾ ਸਿੰਘ ਰਾਮ ਸਿੰਘ ਧੀਰ। ਟਹਿਲ ਸਿੰਘ ਈਸ਼ਰ ਸਿੰਘ ਬੀਰ।
ਫਤੇ ਸਿੰਘ ਪੰਚਹੁਂ ਇਹ ਭਏ। ਮੁਕਤੇ ਨਾਮ ਗੁਰੂ ਕਹਿ ਦਏ॥ ੧੮॥

ਧੀਰਜਵਾਨ ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਸੂਰਬੀਰ, ਫਤਹਿ ਸਿੰਘ ਪੰਜੇ ਸਨ, ਇਨ੍ਹਾਂ ਦਾ ਨਾਮ ਗੁਰੂ ਜੀ ਨੇ ਮੁਕਤੇ ਰੱਖ ਦਿੱਤਾ॥ ੧੮॥

ਅਪਰ ਅਨੇਕ ਖਰੇ ਪੁਨ ਹੋਇ। ਅੰਮ੍ਰਿਤ ਖੰਡੇ ਕਾ ਲੇ ਸੋਇ।
ਅਪੁਨੀ ਵਾਸੀ ਨਾਮ ਬਤਾਵੈਂ। ਗੁਰ ਤੇ ਸੀਖਹਿਂ ਰਹਿਤ ਦ੍ਰਿੜਾਵੈਂ॥੧੯॥

ਫਿਰ ਹੋਰ ਅਨੇਕਾਂ ਖੜੇ ਹੋਏ, ਉਨ੍ਹਾਂ ਨੇ ਵੀ ਖੰਡੇ ਦਾ ਅੰਮ੍ਰਿਤ ਛੱਕਿਆ। ਆਪਣਾ ਵਾਸਾ ਤੇ ਆਪਣੇ ਨਾਮ ਦੱਸੇ ਫਿਰ ਗੁਰੂ ਜੀ ਪਾਸੋਂ ਸਿੱਖ ਕੇ ਰਹਿਤ ਦ੍ਰਿੜ੍ਹ ਕਰਦੇ ਸਨ॥ ੧੯॥

Sri Satguru Jagjit Singh Ji eLlibrary NamdhariElibrary@gmail.com

ਬਹੁਰ ਇਕਾਦਸ਼ ਹ੍ਵੈ ਸਿਖ ਖਰੇ। ਅੰਮ੍ਰਿਤ ਲੀਨਿ ਬੀਰਰਸ ਭਰੇ।
ਬਖਸ਼ ਸਿੰਘ ਬਖਸ਼ੀਸ਼ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੇ ਸੁਨਿ॥੨੦॥

ਫਿਰ ਗਿਆਰਾਂ ਸਿੱਖ ਖੜੇ ਹੋਏ, ਅੰਮ੍ਰਿਤ ਲੈਣ ਵਾਸਤੇ ਬੀਰ ਆਸਣ ਵਿਚ ਬੈਠ ਗਏ। ਫਿਰ ਬਖਸ਼ ਸਿੰਘ ਬਖਸ਼ੀਸ਼ ਸਿੰਘ ਉੱਠੇ, ਉਹ ਸਿੰਘ ਕਲਾਲ ਜਾਤ ਨਾਲ ਸੰਬੰਧ ਰੱਖਦੇ ਸਨ॥ ੨੦॥

ਭੈਰੋਵਾਲ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾਈ ਦੋਇ।
ਸੁਰਸਿੰਘ ਕਾ ਸ਼ਿੱਧੂ ਸਿਖ ਭਯੋ। ਨਾਮ ਦਯਾਲ ਸਿੰਘ ਕਹਿ ਦਯੋ॥ ੨੧॥

ਉਹ ਭੈਰੋਵਾਲ ਪਿੰਡ ਦੇ ਰਹਿਣ ਵਾਲੇ ਸਨ, ਉਹ ਦੋਵੇਂ ਸਦਾ ਹੀ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਸਨ। ਸੁਰਸਿੰਘ ਦਾ ਇਕ ਸਿੱਧੂ ਗੋਤ ਦਾ ਸਿੱਖ ਸੀ, ਉਸ ਨੇ ਆਪਣਾ ਨਾਂ ਦਿਆਲ ਸਿੰਘ ਕਹਿ ਦਿੱਤਾ॥ ੨੧॥

ਖੱਤ੍ਰੀ ਸਿਖ ਗੁਲਾਬ ਸਿੰਘ ਜਾਨੋ। ਗੋਤਮ ਰਿਖਿ ਜੀ ਕੀਨਿ ਬਖਾਨੋ।
ਬੇਗ ਸਿੰਘ ਅੰਬ੍ਰੀਕ ਸਿੰਘ ਦੁਇ। ਜੰਬਰ ਮਘਯਾਨੇ ਵਾਸੀ ਸੁਇ॥ ੨੨॥

ਇਕ ਖੱਤਰੀ ਸਿੱਖ ਗੁਲਾਬ ਸਿੰਘ ਜਾਣੋ, ਉਸ ਨੂੰ ਗੋਤਮ ਰਿੱਖੀ ਕਰਕੇ ਬੁਲਾਇਆ ਕਰਦੇ ਸਨ। ਬੇਗ ਸਿੰਘ, ਅੰਬ੍ਰੀਕ ਸਿੰਘ ਦੋਵੇਂ, ਉਨ੍ਹਾਂ ਵਿਚ ਪਹਿਲਾ ਜੰਬਰ ਦਾ ਵਾਸੀ ਸੀ ਤੇ ਦੂਜਾ ਮਘਿਆਨੇ ਦਾ ਰਹਿਣ ਵਾਲਾ ਸੀ॥ ੨੨॥

ਭੰਡਾਰਾ ਸਿੰਘ ਸਿੰਘ ਹਜ਼ਾਰਾ। ਦਰਬਾਰਾ ਸਿੰਘ ਤ੍ਰਿਤੀ ਉਚਾਰਾ।
ਸੀਰੰਦ ਕੇ ਵਾਸੀ ਸਿਖ ਬਨੀਏ। ਅੰਮ੍ਰਿਤ ਲੀਨਿ ਰਹਿਤ ਸਭਿ ਮਨੀਏ॥੨੩॥

ਭੰਡਾਰਾ ਸਿੰਘ, ਹਜ਼ਾਰਾ ਸਿੰਘ, ਦਰਬਾਰਾ ਸਿੰਘ, ਇਨ੍ਹਾਂ ਤਿੰਨਾਂ ਨੇ ਉਚਾਰਨ ਕੀਤਾ। ਸਿਰਹੰਦ ਦੇ ਵਾਸੀ ਕਈ ਬਾਣੀਏ ਸਿੱਖ ਸਨ। ਅੰਮ੍ਰਿਤ ਲੈਣ ਵਾਸਤੇ ਸਾਰੇ ਮੰਨ ਕੇ ਆਏ॥ ੨੩॥

ਭਯੋ ਖਰੋ ਘਨ ਸਿੰਘ ਸੁ ਨਾਮੂ। ਬਰਨ ਸਿੰਘ ਫਾਲਜ ਤਿਹ ਗ੍ਰਾਮੂ।
ਆਲਮ ਸਿੰਘ ਨਚਨਾ ਗੁਰ ਕਹੈਂ। ਸਜਾਲਕੋਟ ਕੀ ਵਾਸੀ ਅਹੈ॥ ੨੪॥

ਜਿਸ ਦਾ ਨਾਮ ਘਨ ਸਿੰਘ ਉਹ ਖੜਾ ਹੋਇਆ, ਬਰਨ ਸਿੰਘ, ਫਾਲਜ ਪਿੰਡ ਦਾ ਰਹਿਣ ਵਾਲਾ ਸੀ। ਆਲਮ ਸਿੰਘ ਜਿਸ ਨੂੰ ਗੁਰੂ ਜੀ ਨਚਨਾ ਕਹਿੰਦੇ ਸਨ, ਉਹ ਸਿਆਲਕੋਟ ਦਾ ਰਹਿਣ ਵਾਲਾ ਸੀ॥ ੨੪॥

ਜਾਤਿ ਹੁਤੀ ਰਜਪੂਤ ਤਿਸੀ ਕੀ। ਸੀਖ ਰਹਿਤ ਲੇ ਪਾਹੁਲ ਨੀਕੀ।
ਪੁਰਿ ਮੁਲਤਾਨ ਅਲੀਪੁਰਿ ਨੇਰੇ। ਮਾਈ ਦਾਸ ਰਜਪੂਤ ਬਸੇਰੇ॥ ੨੫॥

ਉਸ ਦੀ ਜਾਤ ਰਾਜਪੂਤ ਸੀ, ਉਸ ਨੇ ਪਾਹੁਲ ਛੱਕ ਕੇ ਰਹਿਤ ਦੀ ਸੁੰਦਰ ਸਿੱਖਿਆ ਪ੍ਰਾਪਤ ਕੀਤੀ। ਮੁਲਤਾਨ ਨਗਰ ਦੇ ਅਲੀਪੁਰ ਨੇੜੇ, ਮਾਈ ਦਾਸ ਰਾਜਪੂਤ ਰਹਿੰਦਾ ਸੀ॥ ੨੫॥

ਤਿਸ ਕੇ ਮਨੀ ਰਾਮ ਸੁਤ ਹੋਯੋ। ਆਇ ਤਹਾਂ ਗੁਰਦਰਸ਼ਨ ਜੋਯੋ।
ਪੰਚ ਪੁੱਤ੍ਰ ਲੇ ਅਪਨੇ ਸਾਥ। ਸ਼ਰਨੀ ਪਰਜੋ ਰਹਜੋ ਗੁਰਨਾਥ॥ ੨੬॥

ਉਸ ਦਾ ਅੱਗੇ ਮਨੀ ਰਾਮ ਪੁੱਤਰ ਹੋਇਆ ਹੈ, ਉਹ ਉਥੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ ਸੀ। ਉਹ ਆਪਣੇ ਪੰਜ ਪੁੱਤਰ ਨਾਲ ਲੈ ਕੇ ਆਇਆ ਸੀ, ਤੇ ਗੁਰੂ ਜੀ ਦੀ ਸ਼ਰਨ ਵਿਚ ਪੈ ਕੇ ਉਨ੍ਹਾਂ ਦੇ ਕੋਲ ਹੀ ਰਹਿੰਦਾ ਸੀ॥ ੨੬॥

ਸੋ ਪੰਚਹੁੰ ਭ੍ਰਾਤਾ ਕਰਿ ਖਰੇ। ਸਿੰਘ ਨਾਮ ਤਿਨ ਕੇ ਗੁਰ ਧਰੇ।
ਬਡੋ ਬਚਿੱਤ੍ਰ ਸਿੰਘ ਭਟ ਭਯੋ। ਉਦੇ ਸਿੰਘ ਦੂਸਰ ਬਿਦਤਯੋ॥ ੨੭॥

ਉਨ੍ਹਾਂ ਪੰਜਾਂ ਭਰਾਵਾਂ ਨੂੰ ਖੜੇ ਕਰਕੇ, ਗੁਰੂ ਜੀ ਨੇ ਉਨ੍ਹਾਂ ਦੇ ਸਿੰਘਾਂ ਵਾਲੇ ਨਾਮ ਰੱਖ ਦਿੱਤੇ। ਵੱਡਾ ਬਚਿੱਤਰ ਸਿੰਘ ਵੱਡਾ ਸੂਰਬੀਰ ਹੋਇਆ ਹੈ, ਉਦੇ ਸਿੰਘ ਦੂਸਰਾ ਵੱਡਾ ਸੂਰਬੀਰ ਪ੍ਰਸਿੱਧ ਹੋਇਆ॥ ੨੭॥

**ਅਨਕ ਸਿੰਘ ਅਰੁ ਅਜਬ ਸਿੰਘ ਪੁਨ। ਪੰਚਮ ਭਯੋ ਅਜਾਇਬ ਸਿੰਘ ਗੁਨਿ।**
**ਅੰਮ੍ਰਿਤ ਖੰਡੇ ਕੋ ਤਿਨ ਦੀਨਾ। ਮਨਹੁੰ ਪੰਚ ਪਾਂਡਵ ਬਲ ਪੀਨਾ॥ ੨੮॥**

ਫਿਰ ਅਨਕ ਸਿੰਘ ਅਤੇ ਅਜਬ ਸਿੰਘ ਸਨ ਤੇ ਪੰਜਵਾਂ ਪੁੱਤਰ ਅਜਾਇਬ ਸਿੰਘ ਵੱਡਾ ਗੁਣਵਾਣ ਜਾਣੋ। ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਦਿੱਤਾ, ਮਾਨੋ ਬਲਵਾਨ ਪੰਜ ਪਾਂਡੋ ਸਨ॥ ੨੮॥

**ਰਣ ਮਹਿਂ ਕਰੇ ਕਰਮ ਜਿਨ ਭੀਖਨ। ਰਿਪੁ ਮਾਰੇ ਜਿਨ ਸ਼ਸਤ੍ਰਨਿ ਤੀਖਨ।**
**ਇਨ ਤੇ ਆਦਿਕ ਭਏ ਹਜ਼ਾਰੇ। ਅੰਮ੍ਰਿਤ ਲੇਤਿ ਰਹਿਤ ਕੋ ਧਾਰੇ॥ ੨੯॥**

ਜਿਨ੍ਹਾਂ ਨੇ ਯੁੱਧ ਭੂਮੀ ਵਿਚ ਭੀਖਣ ਕਰਮ ਕੀਤੇ ਸਨ, ਤਿੱਖੇ ਸ਼ਸਤਰਾਂ ਨਾਲ ਜਿਨ੍ਹਾਂ ਬਹੁਤ ਵੈਰੀ ਮਾਰੇ ਸਨ। ਇਨ੍ਹਾਂ ਤੋਂ ਬਾਅਦ ਹਜ਼ਾਰਾਂ ਹੋਰ ਸਿੱਖ ਹੋਏ, ਅੰਮ੍ਰਿਤ ਛੱਕ ਕੇ ਰਹਿਤ ਧਾਰਨ ਕਰਦੇ ਸਨ॥ ੨੯॥

**ਕੌਨ ਕੌਨ ਕੇ ਗਿਨੀਐ ਨਾਮੂ। ਤਿਨ ਕੇ ਦੇਸ਼ ਨਗਰ ਕੈ ਗ੍ਰਾਮੂ।**
**ਲੇ ਪਾਹੁਲ ਬਡ ਤੇਜ ਧਰੰਤੇ। ਪੀਰ ਮੀਰ ਕੋ ਕਛੁ ਨ ਗਿਨੰਤੇ॥ ੩੦॥**

ਕਿਸ ਕਿਸ ਦਾ ਨਾਮ ਗਿਣੀਏ, ਉਨ੍ਹਾਂ ਦੇ ਦੇਸ਼ ਨਗਰ ਜਾਂ ਪਿੰਡ ਅੰਮ੍ਰਿਤ ਛੱਕ ਕੇ ਵੱਡਾ ਤੇਜ ਧਾਰਨ ਕਰਦੇ ਸਨ। ਕਿਸੇ ਪੀਰ ਮੀਰ ਨੂੰ ਕੁਝ ਵੀ ਨਹੀਂ ਗਿਣਦੇ ਸਨ॥ ੩੦॥

**ਸਿਰ ਸਿਰ ਬਲੀ ਆਪ ਸਿਰਦਾਰ। ਬੰਧਨ ਕਰੇ ਅੰਗ ਹਥਜਾਰ।**
**ਰਾਤਿ ਦਿਵਸ ਸੰਘਰ ਕੌ ਚਾਹੈਂ। ਮਾਰ ਬਕਾਰਾ ਕਰਤਿ ਮਹਾਂ ਹੈਂ॥ ੩੧॥**

ਆਪੋ ਆਪ ਹਰ ਕੋਈ ਬਲੀ ਸਰਦਾਰ ਹੈ, ਸਰੀਰ ਦੇ ਅੰਗਾਂ 'ਤੇ ਉਨ੍ਹਾਂ ਹਥਿਆਰ ਬੰਨ੍ਹ ਲਏ। ਰਾਤ ਦਿਨ ਯੁੱਧ ਕਰਨਾ ਚਾਹੁੰਦੇ ਸਨ, ਬਹੁਤ ਉੱਚੇ ਲਲਕਾਰੇ ਮਾਰਦੇ ਸਨ॥ ੩੧॥

*ਤੀਸਰੀ ਰੁੱਤ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

## ਅਧਿਆਇ ਇੱਕੀਵਾਂ

### ਖਾਲਸੇ ਦਾ ਵਧਣਾ

*ਦੋਹਰਾ-* **ਜੇਤਿਕ ਹੁਤੇ ਹਜ਼ੂਰ ਮਹਿਂ ਸਿਰ ਪਰ ਧਰਿ ਬਰ ਕੇਸ।**
**ਪਾਹੁਲ ਲੇ ਸਿੰਘ ਨਾਮ ਧਰਿ ਪਹਿਰਿ ਕਾਛ ਸ਼ੁਭ ਭੇਸ॥ ੧॥**

ਜਿੰਨੇ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਮੌਜੂਦ ਸਨ, ਉਨ੍ਹਾਂ ਨੇ ਆਪਣੇ ਸਿਰ ਉੱਤੇ ਸ੍ਰੇਸ਼ਟ ਕੇਸ ਧਾਰਨ ਕਰ ਲਏ। ਅੰਮ੍ਰਿਤ ਛੱਕ ਕੇ, ਸਿੰਘ ਨਾਮ ਧਾਰ ਕੇ ਤੇ ਕੱਛ ਪਹਿਨ ਕੇ ਸ਼ੁਭ ਭੇਸ ਧਾਰਨ ਕਰ ਲਿਆ॥ ੧॥

*ਚੌਪਈ-* **ਸ੍ਰੀ ਸਤਿਗੁਰ ਕੀ ਸੰਗਤਿ ਜਹਿਂ ਜਹਿਂ। ਲਿਖੇ ਹੁਕਮਨਾਮੇ ਗੁਰ ਤਹਿਂ ਤਹਿਂ।**
**'ਕੇਸ ਧਾਰਿ ਸਿਰ ਪਰ ਸਿਖ ਆਵੈਂ। ਹੋਹਿਂ ਸਿੱਖ. ਨਹਿਂ ਭੱਦ ਕਰਾਵੈਂ॥ ੨॥**

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੀ ਜਿੱਥੇ-ਜਿੱਥੇ ਸੰਗਤ ਸੀ, ਗੁਰੂ ਜੀ ਨੇ ਉਥੇ ਹੀ ਹੁਕਮਨਾਮੇ ਲਿਖ ਦਿੱਤੇ, "ਮੇਰੇ ਸਾਰੇ ਸਿੱਖ ਕੇਸ ਧਾਰਨ ਕਰਕੇ ਆਉਣ, ਮੇਰੇ ਸਿੱਖ ਬਣਨ ਤੇ ਆਪਣੇ ਸਿਰ ਦਾ ਮੁੰਡਣ ਨਾ ਕਰਾਉਣ॥ ੨॥

**ਜਗਤ ਜੂੰਠ ਕੇ ਨੇਰ ਨ ਜਾਵੈਂ। ਪਾਹੁਲ ਖੰਡੇ ਕੀ ਲੇ ਆਵੈਂ।**
**ਲੈਕੇ ਜਹਿਂ ਤਹਿਂ ਤੂਰਨ ਧਾਏ। ਸਭਿ ਸੰਗਤਿ ਕੋ ਜਾਇ ਸੁਨਾਏ॥ ੩॥**

ਤੰਬਾਕੂ ਦੇ ਨੇੜੇ ਨਾ ਜਾਣ ਤੇ ਆ ਕੇ ਖੰਡੇ ਦੀ ਪਾਹੁਲ ਦਾ ਅੰਮ੍ਰਿਤ ਛੱਕਣ। ਹੁਕਮਨਾਮਾ ਲੈ ਕੇ ਤੁਰਤ ਜਿੱਥੇ ਕਿੱਥੇ ਚਲੇ ਗਏ ਤੇ ਸਾਰੀ ਸੰਗਤ ਨੂੰ ਜਾ ਕੇ ਸੁਣਾ ਦਿੱਤਾ॥ ੩॥

**ਸੁਨਿ ਕੈ ਕੇਤਿਕ ਭੇ ਅਨੁਸਾਰੀ। ਕੇਤਿਕ ਭਏ ਦੁਖੀ ਉਰ ਭਾਰੀ।**
**'ਸ਼ਾਸਤ੍ਰਨ ਰੀਤਿ ਨੇਮ ਕਜੋਂ ਤੋਰਹਿਂ। ਜਾਤਿ ਪਾਤਿ ਕੋ ਕਿਮ ਹਮ ਛੋਰਹਿਂ ॥੪॥**

ਸੁਣ ਕੇ ਕਈ ਆਗਿਆ ਅਨੁਸਾਰ ਹੋ ਗਏ, ਕਈ ਹਿਰਦੇ ਵਿਚ ਭਾਰੀ ਦੁਖੀ ਹੋਏ। ਸ਼ਾਸਤਰਾਂ ਦੀ ਰੀਤੀ ਦਾ ਨੇਮ ਕਿਉਂ ਤੋੜੀਏ, ਜਾਤ ਪਾਤ ਨੂੰ ਅਸੀਂ ਕਿਵੇਂ ਛੱਡ ਦੇਈਏ॥ ੪॥

**ਜਿਨ ਜਿਨ ਮਾਨਜੋਂ ਸੇ ਚਲਿ ਆਏ। ਗੁਰ ਕੇ ਚਰਨ ਕਮਲ ਸਿਰ ਨਜਾਏ।**
**ਬੈਠੇ ਹੁਤੇ ਪ੍ਰਭੂ ਕੇ ਦਰਸ। ਨਿਕਟ ਸਿੰਘ ਧਰਿ ਸ਼ਸਤ੍ਰਨਿ ਹਰਸ਼॥ ੫॥**

ਜਿਸ-ਜਿਸ ਮੰਨ ਲਿਆ ਉਹ ਚਲ ਕੇ ਆ ਗਿਆ, ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਸਿਰ ਨਿਵਾਇਆ। ਨੇੜੇ ਦੇ ਸਿੰਘ ਸ਼ਸਤਰਾਂ ਨੂੰ ਧਾਰ ਕੇ ਪ੍ਰਭੂ ਦੇ ਦਰਸ਼ਨਾਂ ਲਈ ਪ੍ਰਸੰਨ ਬੈਠੇ ਸਨ॥ ੫॥

**ਇਕ ਸਿਖ ਹਾਥ ਜੋਰਿ ਤਿਸ ਘਰੀ। ਅੱਗ੍ਰ ਪ੍ਰਭੂ ਕੇ ਬਿਨਤੀ ਕਰੀ।**
**'ਸਾਚੇ ਪਾਤਿਸ਼ਾਹੁ ! ਤੁਮ ਪਾਸ। ਸੁਨੀਐ, ਕਰੌਂ ਏਕ ਅਰਦਾਸਿ॥ ੬॥**

ਉਸ ਸਮੇਂ ਇਕ ਸਿੱਖ ਨੇ ਹੱਥ ਜੋੜ ਕੇ, ਗੁਰੂ ਜੀ ਅੱਗੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ! ਤੁਹਾਡੇ ਪਾਸ ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ, ਉਸ ਨੂੰ ਸੁਣੋ॥ ੬॥

**ਏਕ ਮਸੰਦ ਗਯੋ ਘਰ ਮੇਰੇ। ਹੇਰਤਿ ਉਠਜੋ ਅਧੀਨ ਘਨੇਰੇ।**
**ਕਰਿ ਬੰਦਨ ਸਾਦਰ ਬੈਠਾਯੋ। ਜਥਾ ਸ਼ਕਤਿ ਮੈਂ ਅਸਨ ਕਰਾਯੋ॥ ੭॥**

ਇਕ ਮਸੰਦ ਮੇਰੇ ਘਰ ਗਿਆ ਸੀ, ਮੈਂ ਵੇਖ ਕੇ ਵੱਡਾ ਅਧੀਨ ਬਣ ਕੇ ਉੱਠਿਆ। ਬੰਦਨਾ ਕਰਕੇ ਬੜੇ ਆਦਰ ਨਾਲ ਬਿਠਾਇਆ ਤੇ ਆਪਣੇ ਵਿਤ ਅਨੁਸਾਰ ਮੈਂ ਭੋਜਨ ਛਕਾਇਆ॥ ੭॥

**ਹਾਥ ਜੋਰਿ ਮੈਂ ਕਹਜੋ ਛਕੀਜੈ। ਖੁਸ਼ੀ ਗੁਰੂ ਦਿਸ਼ ਤੇ ਕਰਿ ਦੀਜੈ।**
**ਸੁਨਤਿ ਮਸੰਦ ਕੋਪ ਕਰਿ ਭਾਖਜੋ। ਕਹੁ ਗੁਰ ਮਾਰੇ ਕਜਾ ਕਰਿ ਰਾਖਜੋ॥ ੮॥**

ਹੱਥ ਜੋੜ ਕੇ ਮੈਂ ਕਿਹਾ, "ਭੋਜਨ ਛੱਕੋ, ਗੁਰੂ ਜੀ ਵਾਲੇ ਪਾਸੇ ਤੋਂ ਮੇਰੇ ਉੱਤੇ ਖੁਸ਼ੀ ਕਰੋ। ਇਹ ਸੁਣ ਕੇ ਮਸੰਦ ਬੜਾ ਕ੍ਰੋਧ ਕਰਕੇ ਬੋਲਿਆ", ਹੇ ਗੁਰੂ ਮਾਰਿਆ ਦੱਸ, ਕੀ ਤਿਆਰ ਕਰਕੇ ਰੱਖਿਆ ਹੈ॥ ੮॥

**ਦਾਲ ਰੋਟਕਾ ਚਹੈਂ ਛਕਾਵਨਿ। ਸੋ ਮੈਂ ਕਰੌਂ ਨਹੀ ਕਿਮ ਖਾਵਨ।**
**ਗੁਰ ਪ੍ਰਸਾਦਿ ਜੇ ਕਰਹਿਂ ਕਰਾਹਿ। ਤੌ ਪ੍ਰਸੰਨ ਹ੍ਵੈ ਕੈ ਲਿਹੁਂ ਖਾਹਿ॥ ੯॥**

ਦਾਲ ਰੋਟੀ ਛਕਾਉਣਾ ਚਾਹੁੰਦਾ ਹੈਂ, ਇਹ ਮੈਂ ਕਿਸੇ ਤਰ੍ਹਾਂ ਵੀ ਨਹੀਂ ਖਾਵਾਂਗਾ, ਹਾਂ ਗੁਰੂ ਦਾ ਪ੍ਰਸ਼ਾਦਿ ਜੋ ਕੜਾਹ ਹੈ ਜੇ ਕਰੇਂ ਤਾਂ ਪ੍ਰਸੰਨ ਹੋ ਕੇ ਛੱਕ ਲਵਾਂਗਾ॥ ੯॥

ਸੁਨਿ ਮਸੰਦ ਬਾਨੀ ਰਿਸ ਭਰੀ। ਸ਼ਿਖਣੀ ਸਹਤਿ ਬਿਨੈ ਮੈਂ ਕਰੀ।
ਹਮ ਗ਼ਰੀਬ ਘਰ ਦੇਖਨਿ ਕੀਜੈ। ਜੋ ਨਿਕਸੈ ਲੇ ਖਾਵਨ ਕੀਜੈ॥ ੧੦॥

ਮਸੰਦ ਦੇ ਗੁੱਸੇ ਭਰੇ ਬੋਲ ਸੁਣ ਕੇ, ਮੈਂ ਆਪਣੀ ਸਿੱਖਣੀ ਸਹਿਤ ਬੇਨਤੀ ਕੀਤੀ। ਵੇਖ ਲਵੋ ਸਾਡਾ ਗ਼ਰੀਬ ਘਰ ਹੈ ਜੋ ਲੈ ਕੇ ਆਏ ਹਾਂ, ਖਾ ਲਵੋ॥ ੧੦॥

ਪੁਨ ਮਸੰਦ ਬੋਲਜੋ ਹੰਕਾਰੀ। ਆਗਜਾ ਹਮ ਕੌਂ ਗੁਰੂ ਉਚਾਰੀ।
ਸਿਖ ਕੇ ਘਰ ਜਿਸਕੇ ਚਲਿ ਜਾਵਹੁ। ਬਿਨਾ ਤਿਹਾਵਲ ਅਪਰ ਨ ਖਾਵਹੁ ॥੧੧॥

ਫਿਰ ਹੰਕਾਰੀ ਮਸੰਦ ਬੋਲਿਆ, "ਸਾਨੂੰ ਗੁਰੂ ਜੀ ਨੇ ਆਗਿਆ ਕੀਤੀ ਹੈ, ਜਿਸ ਸਿੱਖ ਦੇ ਵੀ ਘਰ ਜਾਵੋ, ਕੜਾਹ ਪ੍ਰਸ਼ਾਦਿ ਦੇ ਬਗੈਰ ਕੋਈ ਹੋਰ ਪਦਾਰਥ ਨਾ ਖਾਵੋ" ॥ ੧੧॥

ਸਤਿਗੁਰ ਪਾਤਸ਼ਾਹੁ ! ਮੈਂ ਸੁਨਿ ਕਰਿ। ਤ੍ਰਿਯ ਕੋ ਲਹਿੰਗੋ ਗਹਿਣੇ ਧਰਿ ਕਰਿ।
ਕਰਜੋ ਕਰਾਹੁ ਤਾਂਹਿ ਅਚਵਾਯਹੁ। ਦੇ ਅਰਦਾਸ ਬਿਦਾ ਕਰਿ ਆਯਹੁ ॥੧੨॥

ਸਤਿਗੁਰ ਪਾਤਸ਼ਾਹ ਦੀ ਆਗਿਆ ਸੁਣ ਕੇ, ਮੈਂ ਆਪਣੀ ਇਸਤਰੀ ਦਾ ਲਹਿੰਗਾ ਗਹਿਣੇ ਧਰ ਕੇ, ਕੜਾਹ ਪ੍ਰਸ਼ਾਦਿ ਤਿਆਰ ਕਰਕੇ ਉਸ ਨੂੰ ਛਕਾਇਆ ਤੇ ਅਰਦਾਸ ਦੇ ਕੇ ਵਿਦਾ ਕਰਕੇ ਆਇਆ ਹਾਂ॥ ੧੨॥

ਇਸ ਪ੍ਰਕਾਰ ਦੁਖ ਦੇਤਿ ਘਨੇਰੇ। ਝਿਰਕਤਿ ਬਹੁਰ ਜਾਤਿ ਜਿਸ ਬੇਰੇ।
ਹੁਕਮ ਆਪ ਕੋ ਹੋਵੈ ਜੈਸੇ। ਸੰਗਤਿ ਸਗਰੀ ਬਰਤਹਿ ਤੈਸੇ' ॥ ੧੩॥

ਇਸ ਪ੍ਰਕਾਰ ਬਹੁਤ ਦੁਖ ਦਿੰਦੇ ਹਨ, ਜਿਸ ਵੇਲੇ ਜਾਂਦੇ ਹਨ ਤਾਂ ਬਹੁਤ ਝਿੜਕਦੇ ਹਨ। ਆਪ ਜੀ ਦਾ ਜਿਵੇਂ ਹੁਕਮ ਹੋਵੇ, ਸਾਰੀ ਸੰਗਤ ਉਸ ਤਰ੍ਹਾਂ ਵਰਤਾਰਾ ਕਰੇ" ॥ ੧੩॥

ਸੁਨ ਸਿੱਖਨਿ ਕੋ ਦੁਖ ਤਿਸ ਬੇਰਾ। ਅਰੁਣ ਬਰਣ ਮੁਖ ਕੋਪ ਘਨੇਰਾ।
ਸਭਿ ਪ੍ਰਤਿ ਹੁਕਮ ਕਹਜੋ ਗੁਰ ਤਬੈ। 'ਲੂਟ ਮਸੰਦਨ ਕੋ ਲਿਹੁ ਸਬੈ॥ ੧੪॥

ਉਸ ਵੇਲੇ ਸਿੱਖਾਂ ਦਾ ਦੁਖ ਸੁਣ ਕੇ ਗੁੱਸੇ ਨਾਲ ਗੁਰੂ ਜੀ ਦੇ ਚਿਹਰੇ ਦਾ ਰੰਗ ਲਾਲ ਹੋ ਗਿਆ। ਉਸ ਸਮੇਂ ਗੁਰੂ ਜੀ ਨੇ ਸਭ ਸਿੱਖਾਂ ਨੂੰ ਹੁਕਮ ਕੀਤਾ, "ਸਾਰੇ ਮਸੰਦਾਂ ਨੂੰ ਲੁੱਟ ਲਵੋ॥ ੧੪॥

ਘਰ ਤੇ ਦਿਹੁ ਨਿਕਾਸ ਕਰਿ ਮਾਰਿ। ਨਹਿਂ ਦੀਜੈ ਤਿਨ ਗੁਰ ਕੀ ਕਾਰ।
ਸ੍ਵਾਨ ਮਨਿੰਦ ਮਸੰਦ ਬਿਲੰਦੇ। ਸਿੱਖਨਿ ਕਟਿ ਕਟਿ ਖਾਵਹਿਂ ਮੰਦੇ॥ ੧੫॥

ਘਰ ਵਿਚੋਂ ਕੱਢ ਕੇ ਮਾਰ ਦੇਵੋ ਤੇ ਉਨ੍ਹਾਂ ਨੂੰ ਗੁਰੂ ਦੀ ਕਾਰ ਭੇਟ ਨਾ ਦੇਵੋ, ਕੁੱਤਿਆਂ ਵਾਂਗ ਸਾਰੇ ਮਸੰਦ ਹੋ ਗਏ ਹਨ, ਮਾੜੀ ਮੱਤ ਵਾਲੇ ਸਿੱਖਾਂ ਨੂੰ ਵੱਢ-ਵੱਢ ਖਾਂਦੇ ਹਨ॥ ੧੫॥

ਲੇਹੁ ਲਸ਼ਟਕਾ, ਸਿਰ ਪਰ ਮਾਰਿ। ਕੂਕਰ ਕੀ ਬਿਧਿ ਵਹਿਰ ਨਿਕਾਰਿ।
ਜਿਸ ਗੁਰ ਪਾਪੀ ਤੇ ਸਿਖ ਦੁਖੀ। ਬਿਚ ਪ੍ਰਲੋਕ ਕਜਾ ਕਰਿ ਹਹਿਂ ਸੁਖੀ॥੧੬॥

ਲਾਠੀਆਂ ਲੈ ਕੇ ਇਨ੍ਹਾਂ ਦੇ ਸਿਰਾਂ ਤੇ ਮਾਰੋ, ਕੁੱਤਿਆਂ ਵਾਂਗ ਬਾਹਰ ਕੱਢ ਦੇਵੋ। ਜਿਸ ਗੁਰੂ ਕਹਾਉਣ ਵਾਲੇ ਪਾਪੀ ਮਸੰਦ ਤੋਂ ਸਿੱਖ ਦੁਖੀ ਹਨ, ਉਹ ਪਰਲੋਕ ਵਿਚ ਜਾ ਕੇ ਕੀ ਸੁਖ ਦੇਣਗੇ॥ ੧੬॥

ਬਿਚ ਦਰਗਾਹ ਸਹਾਇਕ ਕਹਾਂ। ਜਿਸ ਗੁਰ ਤੇ ਦੁਖ ਲਹਿਂ ਨਿਤ ਇਹਾਂ'।
ਗੁਰੂ ਹੁਕਮ ਸਿੰਘਨ ਸੁਨਿ ਪਾਯੋ। ਬੰਧਿ ਮਸੰਦ ਲੀਨਿ ਸਮੁਦਾਯੋ॥ ੧੭॥

ਉਹ ਦਰਗਾਹ ਵਿਚ ਕੀ ਸਹਾਇਤਾ ਕਰਨਗੇ, ਜਿਸ ਮਸੰਦ ਤੋਂ ਏਥੇ ਬਹੁਤ ਦੁਖ ਪਾਉਂਦੇ ਹਨ" ਸਿੰਘਾਂ ਨੇ ਗੁਰੂ ਜੀ ਦਾ ਹੁਕਮ ਸੁਣ ਲਿਆ ਤਾਂ ਸਾਰੇ ਮਸੰਦਾਂ ਨੂੰ ਬੰਨ੍ਹ ਲਿਆ॥ ੧੭॥

**ਹੁਤੇ ਪਦਾਰਥ ਜੇਤਿਕ ਪਾਸ। ਲੀਨੋ ਲੂਟ ਸਮੇਤ ਅਵਾਸ।**
**ਕਿਤਿਕ ਦਿਵਸ ਬੰਧਨ ਕਰਿ ਰਾਖੇ। ਬਾਰਿ ਬਾਰਿ ਬਿਨਤੀ ਪੁਨ ਭਾਖੇ॥੧੮॥**

ਜਿੰਨੇ ਵੀ ਪਦਾਰਥ ਪਾਸ ਸਨ, ਉਹ ਘਰ ਸਮੇਤ ਸਾਰੇ ਲੁੱਟ ਲਏ। ਕਈ ਦਿਨ ਬੰਨ੍ਹ ਕੇ ਰੱਖੇ, ਬਾਰ-ਬਾਰ ਫਿਰ ਬੇਨਤੀਆਂ ਕਰਦੇ ਸਨ॥ ੧੮॥

**ਕੇਤਿਕ ਮਾਸ ਬਿਤੇ ਤਬਿ ਛੋਰੇ। ਆਇ ਗੁਰੂ ਢਿਗ ਚਰਨ ਨਿਹੋਰੇ।**
**ਦੇਖਿ ਦਯਾ ਕਰਿ ਪ੍ਰਭੁ ਬਤਾਯੋ। 'ਨਹਿਂ ਸਿੱਖਨਿ ਦੁਖ ਦੇਹੁ ਕਦਾਯੋ॥੧੯॥**

ਕਈ ਮਹੀਨੇ ਬੀਤ ਜਾਣ ਬਾਅਦ ਛੱਡ ਦਿੱਤੇ, ਗੁਰੂ ਜੀ ਪਾਸ ਆ ਕੇ ਫਿਰ ਚਰਨਾਂ 'ਤੇ ਬੰਦਨਾ ਕੀਤੀ। ਵੇਖ ਕੇ ਦੀਇਆ ਕਰਕੇ ਗੁਰੂ ਜੀ ਨੇ ਦੱਸਿਆ, "ਸਿੱਖਾਂ ਨੂੰ ਕਦੀ ਵੀ ਦੁਖ ਨਾ ਦੇਵੋ॥ ੧੯॥

**ਕਰਹਿਂ ਭਾਵਨਾ ਦੇਂ ਅਰਦਾਸ। ਸੋ ਪ੍ਰਸੰਨ ਹੁਇ ਲੀਜੈ ਪਾਸ।**
**ਮੇਰੇ ਨਹਿਂ ਮਸੰਦ ਇਹੁ ਜਾਨਹੁ। ਰਾਖਸ਼ ਸਿੱਖਨ ਹੇਤ ਪਛਾਨਹੁ' ॥ ੨੦॥**

ਭਾਵਨਾ ਕਰਕੇ ਜੋ ਅਰਦਾਸ ਦੇਣ, ਉਹ ਪ੍ਰਸੰਨ ਹੋ ਕੇ ਆਪਣੇ ਪਾਸ ਲੈ ਲਵੋ। ਇਨ੍ਹਾਂ ਨੂੰ ਮੇਰੇ ਮਸੰਦ ਨਾ ਜਾਣੋ, ਇਨ੍ਹਾਂ ਨੂੰ ਸਿੱਖਾਂ ਦੇ ਰਾਖਸ਼ ਪਛਾਣੋ" ॥ ੨੦॥

**ਇੱਤਜਾਦਿਕ ਜਬਿ ਪ੍ਰਭੁ ਫੁਰਮਾਯੋ। ਬ੍ਰਿੰਦ ਮਸੰਦਨ ਸੀਸ ਨਿਵਾਯੋ।**
**'ਪਾਤਸ਼ਾਹੁ ! ਅਬਿ ਬਖਸ਼ਨਿ ਕਰਹੁ। ਪਿਛਲੀ ਭੂਲ ਨ ਹਿਯ ਮੈਂ ਧਰੋ॥੨੧॥**

ਇਸ ਪ੍ਰਕਾਰ ਜਦ ਸਤਿਗੁਰੂ ਜੀ ਨੇ ਫੁਰਮਾਇਆ ਤਾਂ ਸਾਰੇ ਮਸੰਦਾਂ ਨੇ ਸਿਰ ਨਿਵਾਇਆ, "ਸੱਚੇ ਪਾਤਸ਼ਾਹ ! ਹੁਣ ਬਖਸ਼ ਦੇਵੋ, ਪਿਛਲੀ ਭੁੱਲ ਨੂੰ ਨਾ ਹਿਰਦੇ ਵਿਚ ਧਾਰਨ ਕਰੋ॥ ੨੧॥

**ਹੁਕਮ ਆਪ ਕੋ ਭਾ ਅਬਿ ਜੈਸੇ। ਸਿੱਖਨ ਸਾਥ ਬਰਤ ਹੈਂ ਤੈਸੇ।**
**ਜੋ ਦੇਵਹਿਂਗੇ ਕਰਿਕੈ ਭਾਉ। ਕਰਿਕੈ ਹਰਖ ਲੇਹਿਂ ਸੋ ਖਾਉ॥ ੨੨॥**

ਹੁਣ ਜਿਵੇਂ ਵੀ ਆਪ ਜੀ ਦਾ ਹੁਕਮ ਹੋਇਆ ਹੈ, ਸਿੱਖਾਂ ਨਾਲ ਉਸ ਤਰ੍ਹਾਂ ਹੀ ਵਰਤਾਂਗੇ। ਜੋ ਭਾਵਨਾ ਕਰਕੇ ਦੇਣਗੇ, ਪ੍ਰਸੰਨ ਹੋ ਕੇ ਉਹੋ ਲੈ ਕੇ ਖਾ ਲਵਾਂਗੇ॥ ੨੨॥

**ਇਕ ਪਸ਼ਚਾਤਿ ਬਹੁਤ ਕਜੋਂ ਮਾਰੇ। ਬਖਸ਼ਹੁ ਖੋਟੇ ਖਰੇ ਤੁਮਾਰੇ'।**
**ਸ੍ਰੀ ਮੁਖ ਬੋਲੇ 'ਸੁਨੀਅਹਿ ਭਾਈ ! ਸਿੱਖ ਸਿਦਕ ਕੋ ਹੋਤਿ ਸਦਾਈ॥੨੩॥**

ਇਕ ਪਿੱਛੇ ਬਹੁਤਿਆਂ ਨੂੰ ਕਿਉਂ ਮਾਰਦੇ ਹੋ, ਬਖਸ਼ੋ, ਖੋਟੇ ਖਰੇ ਤੁਹਾਡੇ ਹੀ ਹਾਂ।" ਗੁਰੂ ਜੀ ਮੁੱਖ ਤੋਂ ਬੋਲੇ, "ਹੇ ਭਾਈ ! ਸੁਣੋ, ਸਿੱਖ ਸਦਾ ਹੀ ਸਿਦਕੀ ਹੁੰਦੇ ਹਨ॥ ੨੩॥

**ਕਲੂਕਾਲ ਅਬਿ ਔਰੇ ਠਾਟਾ। ਗੁਰ ਘਰ ਬਿਖੇ ਨ ਧਨ ਕੋ ਘਾਟਾ।**
**ਸਿਖ ਕੇ ਘਰ ਤੁਮ ਬਿਨਾ ਬੁਲਾਏ। ਨਹਿਂ ਪਹੁੰਚਹੁ ਕੁਛ ਲੇਨਿ ਕਦਾਏ' ॥੨੪॥**

ਕਲਿਜੁਗ ਦੀ ਹੁਣ ਹੋਰ ਹੀ ਠਾਠ ਹੋ ਗਈ ਹੈ, ਗੁਰੂ ਘਰ ਵਿਚ ਹੁਣ ਧਨ ਦੀ ਘਾਟ ਨਹੀਂ, ਸਿੱਖ ਦੇ ਘਰ ਕੁਝ ਲੈਣ ਵਾਸਤੇ ਕਦੀ ਵੀ ਨਾ ਜਾਵੋ"॥ ੨੪॥

ਬ੍ਰਿੰਦ ਮਸੰਦ ਬੰਦ ਹੁਇ ਗਏ। ਧਨ ਬਿਨ ਭੂਖ ਮਰਤਿ ਪੁਨ ਭਏ।
ਸ੍ਰੀ ਗੁਜਰੀ ਢਿਗ ਕਬਿ ਕਬਿ ਜਾਵੈਂ। ਅਨਿਕ ਭਾਂਤਿ ਕੀ ਬਾਤ ਬਨਾਵੈਂ॥ ੨੫॥

ਸਾਰੇ ਮਸੰਦ ਸਿੱਖਾਂ ਦੇ ਘਰਾਂ ਵਿਚ ਜਾਣੋਂ ਹਟ ਗਏ, ਧਨ ਤੋਂ ਬਗੈਰ ਫਿਰ ਭੁੱਖੇ ਮਰਨ ਲੱਗੇ। ਮਾਤਾ ਗੁਜਰੀ ਜੀ ਪਾਸ ਕਦੀ-ਕਦੀ ਜਾਂਦੇ ਸਨ ਤੇ ਅਨੇਕਾਂ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ॥ ੨੫॥

'ਕਹਾਂ ਖਰਚ ਚਾਲਹਿਂ ਗੁਰ ਘਰ ਕੋ। ਜੋ ਆਨਤਿ ਸੋ ਰੋਕਨਿ ਕਰਿਕੇ'।
ਉੱਗ੍ਰ ਸੁਭਾਉ ਜਾਨਿ ਗੁਰ ਕੇਰਾ। ਨਹੀਂ ਜ਼ਿਕਰ ਕਰਤੀ ਹੁਇ ਨੇਰਾ॥ ੨੬॥

"ਗੁਰੂ ਘਰ ਦਾ ਖਰਚ ਕਿੱਥੋਂ ਚਲੇਗਾ ਜੋ ਲਿਆਉਂਦੇ ਸੀ, ਉਹ ਰੋਕ ਦਿੱਤਾ ਹੈ।" ਗੁਰੂ ਜੀ ਦਾ ਸਖਤ ਸੁਭਾਅ ਜਾਣ ਕੇ ਮਾਤਾ ਜੀ ਗੁਰੂ ਜੀ ਦੇ ਪਾਸ ਜਾ ਕੇ ਇਸ ਬਾਰੇ ਜ਼ਿਕਰ ਨਹੀਂ ਸੀ ਕਰਦੇ॥ ੨੬॥

ਤਊ ਚਹਤਿ ਸੁਤ ਕੋ ਸਮੁਝਾਵਨਿ। ਇਹ ਕਥ ਆਗੇ ਕਰੌਂ ਸੁਨਾਵਨਿ।
ਜੋ ਸਿਖ ਹੁਕਮ ਮਾਨਿ ਚਲਿ ਆਏ। ਧਰੇ ਕੇਸ ਕਛ ਬੇਸ ਬਨਾਏ॥ ੨੭॥

ਫਿਰ ਵੀ ਮਾਤਾ ਜੀ ਪੁੱਤਰ ਨੂੰ ਸਮਝਾਉਣਾ ਚਾਹੁੰਦੇ ਸਨ, ਇਹ ਕਥਨ ਗੁਰੂ ਜੀ ਨੂੰ ਸੁਣਾਵਾਂ। ਜਿਹੜੇ ਸਿੱਖ ਹੁਕਮ ਮੰਨ ਕੇ ਚਲ ਕੇ ਆ ਗਏ ਸਨ ਅਤੇ ਉਨ੍ਹਾਂ ਕੇਸ ਧਾਰਨ ਕਰ ਲਏ ਸਨ ਤੇ ਕੱਛਾਂ ਪਹਿਣ ਲਈਆਂ ਸਨ॥ ੨੭॥

ਖੰਡੇ ਕੀ ਪਾਹੁਲ ਤਿਨ ਲੀਨੀ। ਆਯੁਧ ਅੰਗਨ ਮਹਿਂ ਧਰਿ ਲੀਨੀ।
ਪੈਰੀ ਪੈਨਾ ਕਹਿ ਤਜਿ ਮਤੇ। ਵਾਹਿਗੁਰੂ ਜੀ ਕੀ ਕਹਿਂ ਫਤੇ॥ ੨੮॥

ਉਨ੍ਹਾਂ ਨੇ ਆ ਕੇ ਖੰਡੇ ਦਾ ਅੰਮ੍ਰਿਤ ਛਕ ਲਿਆ ਤੇ ਸਰੀਰ ਉੱਤੇ ਸ਼ਸਤਰ ਧਾਰਨ ਕਰ ਲਏ। ਪੈਰੀ ਪੈਣਾ ਕਹਿਣ ਦੀ ਮੱਤ ਛੱਡ ਕੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦੇ ਸਨ॥ ੨੮॥

ਜਾਤਿ ਪਾਤਿ ਤੇ ਭਏ ਨਿਰਾਲੇ। ਰਾਜਨ ਸਮ ਹੰਕਾਰ ਬਿਸਾਲੇ।
ਜਹਿਂ ਕਹਿਂ ਬਿਸਤਰਿਯੋ ਸੁ ਬ੍ਰਿਤਾਂਤਾ। ਭਯੋ ਖਾਲਸਾ ਜਗ ਬੱਖਜਾਤਾ॥ ੨੯॥

ਜਾਤ ਪਾਤ ਤੋਂ ਨਿਰਾਲੇ ਹੋ ਗਏ, ਰਾਜਿਆਂ ਵਾਂਗ ਵਿਸ਼ਾਲ ਹੰਕਾਰ ਨਾਲ ਭਰ ਗਏ। ਜਿੱਥੇ ਕਿੱਥੇ, ਵਿਰਤਾਂਤ ਫੈਲ ਗਿਆ ਜਗ ਵਿਚ ਖਾਲਸਾ ਪ੍ਰਗਟ ਹੋਇਆ ਹੈ॥ ੨੯॥

ਦਿਨਪ੍ਰਤਿ ਵਧਨ ਲਗਯੋ ਜਿਮ ਚੰਦ। ਜਗ ਮਹਿਂ ਮਤ ਹੋਏ ਉਡ ਬ੍ਰਿੰਦ।
ਕਿਸ ਕੋ ਬਦਹਿਂ ਨ ਉਰ ਹੰਕਾਰੀ। ਸਭਿ ਕੋ ਤਰਕ ਕਰਹਿਂ ਮਤਿ ਭਾਰੀ॥ ੩੦॥

ਦਿਨ ਪ੍ਰਤਿ ਖਾਲਸਾ ਵਧਣ ਲਗਾ ਜਿਵੇਂ ਦੂਜ ਦਾ ਚੰਦ ਵਧਦਾ ਹੈ, ਜਗ ਦੇ ਸਾਰੇ ਮੱਤ ਤਾਰਿਆਂ ਵਾਂਗ ਫਿੱਕੇ ਪੈ ਗਏ। ਹੋਰ ਮੱਤ ਜੋ ਹਿਰਦੇ ਦੇ ਹੰਕਾਰੀ ਤੇ ਸਭ ਨੂੰ ਤਰਕ ਕਰਦੇ ਸਨ ਤਿਨ੍ਹਾਂ ਭਾਰੀ ਮੱਤਾਂ ਨੂੰ ਖਾਲਸਾ ਕੁਝ ਨਹੀਂ ਸਮਝਦਾ॥ ੩੦॥

ਸੁਚ ਸੰਜਮ ਨਿਤ ਰਹਤਿ ਨਿਰਾਲੀ। ਗੁਰ ਸਿੱਖੀ ਕੇ ਬਹੁ ਪ੍ਰਤਿਪਾਲੀ।
ਏਕ ਅਕਾਲ ਅਕਾਲ ਕਹੰਤੇ। ਆਂਖ ਤਰੇ ਨਹਿਂ ਅਪਰ ਰਖੰਤੇ॥ ੩੧॥

ਸੁਚ ਸੰਜਮ ਨਿਤ ਨਿਰਾਲੀ ਰਹਿਤ ਰੱਖਦੇ ਹਨ, ਗੁਰਸਿੱਖੀ ਦੀ ਬਹੁਤ ਪ੍ਰਤਿਪਾਲਣਾ ਕਰਦੇ ਹਨ। ਕਈ ਅਕਾਲ ਅਕਾਲ ਕਹਿੰਦੇ ਹਨ ਤੇ ਦੂਸਰਿਆਂ ਨੂੰ ਆਪਣੀ ਅੱਖ ਥੱਲੇ ਨਹੀਂ ਲਿਆਉਂਦੇ ਹਨ॥ ੩੧॥

ਦਿੱਲੀ ਆਦਿਕ ਪੁਰਿ ਜੋ ਸੰਗਤਿ। ਚਹਤਿ ਬੈਠਿਬੇ ਜਾਤੀ ਪੰਗਤਿ।
ਤਿਨਕੋ ਗੁਰੂ ਥਾਨ ਨਹਿਂ ਭਾਏ। ਤਜੀ ਨ ਜਗਤ ਜੂਠ ਦੁਖ ਪਾਏ॥ ੩੨॥

ਦਿੱਲੀ ਆਦਿ ਨਗਰਾਂ ਦੀ ਜਿਹੜੀ ਸੰਗਤ ਹੈ, ਉਹ ਆਪਣੀਆਂ ਜਾਤਾਂ ਦੀਆਂ ਪੰਗਤਾਂ ਵਿਚ ਬੈਠਣਾ ਚਾਹੁੰਦੇ ਹਨ। ਉਨ੍ਹਾਂ ਨੂੰ ਗੁਰੂ ਸਥਾਨ ਚੰਗਾ ਨਹੀਂ ਸੀ ਲੱਗਦਾ ਤੇ ਉਨ੍ਹਾਂ ਨੇ ਤੰਬਾਕੂ ਨੂੰ ਨਾ ਛੱਡ ਕੇ ਦੁਖ ਪਾਇਆ॥ ੩੨॥

**ਪੂਰਬਲੇ ਜਿਨ ਭਾਗ ਮੰਦੇਰੇ। ਨਹਿਂ ਪਹੁਚੇ ਸਤਿਗੁਰ ਕੇ ਨੇਰੇ।**
**ਨਹਿਂ ਖੰਡੇ ਕੀ ਪਾਹੁਲ ਲੀਨਿ। ਰਹਿਬੋ ਨਰਕ ਭਲੋ ਮਨ ਚੀਨ॥ ੩੩॥**

ਪਿੱਛਲੇ ਜਿਨ੍ਹਾਂ ਦੇ ਮੰਦੇ ਭਾਗ ਸਨ, ਉਹ ਸਤਿਗੁਰੂ ਜੀ ਦੇ ਨੇੜੇ ਨਾ ਪੁੱਜੇ। ਨਾ ਹੀ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਮਨ ਵਿਚ ਭਲਾ ਸਮਝ ਕੇ ਨਰਕਾਂ ਵਿਚ ਰਹਿਣਾ ਚਾਹੁੰਦੇ ਹਨ॥ ੩੩॥

**ਜਗਤ ਕਾਨ ਮਹਿਂ ਡਰ ਕਰਿ ਰਹੇ। ਰਾਜ ਭੋਗ ਕੋ ਨਾਂਹਿਨ ਲਹੇ।**
**ਜਿਨਕੇ ਪੂਰਬਲੇ ਬਡਭਾਗਾ। ਤਿਨ ਗੁਰ ਬਾਕਨਿ ਮਹਿਂ ਅਨੁਰਾਗਾ॥ ੩੪॥**

ਜਗਤ ਦੀ ਖ਼ਾਣ ਵਿਚ ਡਰ ਕੇ ਰਹਿੰਦੇ ਸਨ, ਰਾਜ ਭੋਗ ਨੂੰ ਲੈਣਾ ਨਹੀਂ ਸੀ ਚਾਹੁੰਦੇ। ਜਿਨ੍ਹਾਂ ਦੇ ਪਿੱਛਲੇ ਵੱਡੇ ਭਾਗ ਸਨ, ਉਨ੍ਹਾਂ ਦਾ ਗੁਰੂ ਜੀ ਦੇ ਬਚਨਾਂ ਨਾਲ ਪਿਆਰ ਸੀ॥ ੩੪॥

**ਦਿਨਪ੍ਰਤਿ ਹੋਹਿਂ ਸੈਂਕਰੇ ਖਰੇ। ਪਾਹੁਲ ਲੇਤਿ ਕੇਸ਼ ਸਿਰ ਧਰੇ।**
**ਅੰਗੀਕਾਰ ਰਹਿਤ ਕੋ ਕਰੈਂ। ਗੁਰ ਬਿਸਵਾਸ, ਅਪਰ ਪਰਹਰੈਂ॥ ੩੫॥**

ਪ੍ਰਤਿ ਦਿਨ ਸੈਂਕੜੇ ਖੜੇ ਹੁੰਦੇ ਸਨ, ਕੇਸ ਧਾਰਨ ਕਰਕੇ ਖੰਡੇ ਦਾ ਅੰਮ੍ਰਿਤ ਛੱਕਦੇ ਸਨ। ਰਹਿਤ ਨੂੰ ਅੰਗੀਕਾਰ ਕਰਦੇ ਸਨ, ਗੁਰੂ ਜੀ ਉੱਤੇ ਵਿਸ਼ਵਾਸ ਕਰਕੇ ਹੋਰਨਾਂ ਨੂੰ ਛੱਡਦੇ ਸਨ॥ ੩੫॥

**ਕੇਚਿਤ ਸਿਖ ਰਹਿਂ ਇਕ ਦੁਇ ਮਾਸ। ਹ੍ਵੈ ਉਦਾਸ ਪੁਨ ਜਾਤਿ ਅਵਾਸੁ।**
**ਰਹਿ ਘਰਿ ਮਹਿਂ ਗੁਰ ਨਿਕਟ ਪਧਾਰੈਂ। ਮਿਲਿ ਸਿੰਘਨ ਸੋਂ ਸਮਾਂ ਗੁਜ਼ਾਰੈਂ॥ ੩੬॥**

ਕਈ ਸਿੱਖ ਇਕ ਦੋ ਮਹੀਨੇ ਗੁਰੂ ਜੀ ਪਾਸ ਰਹਿੰਦੇ ਸਨ, ਜਦ ਉਦਾਸ ਹੋ ਜਾਂਦੇ ਸਨ ਤਾਂ ਫਿਰ ਆਪਣੇ ਘਰਾਂ ਨੂੰ ਜਾਂਦੇ ਸਨ। ਘਰ ਵਿਚ ਰਹਿ ਕੇ ਫਿਰ ਗੁਰੂ ਜੀ ਪਾਸ ਚਲੇ ਜਾਂਦੇ ਸਨ ਤੇ ਸਿੰਘਾਂ ਨਾਲ ਮਿਲ ਕੇ ਸਮਾਂ ਗੁਜ਼ਾਰਦੇ ਸਨ॥ ੩੬॥

**ਸ਼੍ਰੀ ਗੁਰ ਕਰੀ ਬਿਚਾਰਨਿ ਰਿਦੇ। ਸੁਤ ਬਨਿਤਾ ਬਾਂਧਵ ਤਜਿ ਕਦੇ।**
**ਬਨੈਂ ਨਿਰਾਲੇ ਸਿਮਰਨ ਕਰੈਂ। ਇਤਤੇ ਰਿਦੈ ਉਦਾਸੀ ਧਰੈਂ॥ ੩੭॥**

ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਕਦੇ ਨਾ ਕਦੇ ਸਿੱਖਾਂ ਨੂੰ ਪੁੱਤਰ, ਇਸਤਰੀਆਂ ਅਤੇ ਸੰਬੰਧੀ ਛੱਡਣੇ ਪੈਣੇ ਹਨ। ਨਿਰਾਲੇ ਬਣ ਕੇ ਸਿਮਰਨ ਕਰਨਗੇ। ਸੰਬੰਧੀਆਂ ਤੋਂ ਹਿਰਦੇ ਵਿਚ ਉਦਾਸੀ ਧਾਰਨ ਕਰਨਗੇ॥ ੩੭॥

**ਹੁਇ ਆਵਤਿ ਹੈ ਮੋਹ ਬਿਸਾਲਾ। ਮਿਲਹਿਂ ਜਾਹਿਂ ਨਹਿਂ ਰਹਿਂ ਚਿਰਕਾਲਾ।**
**ਸੋਫੀ ਸ਼ੂੰਮ ਪੰਥ ਨਹਿਂ ਰਾਖਨ। ਕਿਯ ਕਿਸ ਦਾਰੁਨ ਕੇ ਅਭਿਲਾਖਨ॥ ੩੮॥**

ਹੁਣ ਬਹੁਤ ਮੋਹ ਆਉਂਦਾ ਹੈ, ਜਾ ਕੇ ਮਿਲਦੇ ਹਨ, ਬਹੁਤ ਦੇਰ ਤਕ ਨਹੀਂ ਰਹਿੰਦੇ ਹਨ। ਅਸੀਂ ਆਪਣੇ ਪੰਥ ਵਿਚ ਸੋਫੀ ਸ਼ੂੰਮ ਨਹੀਂ ਰੱਖਣੇ ਹਨ। ਅਸੀਂ ਇਹ ਕਾਰਜ ਕਿਸੇ ਭਿਆਨਕ ਜੰਗ ਦੀ ਇੱਛਾ ਕਰਕੇ ਕੀਤਾ ਹੈ॥ ੩੮॥

**ਯਾਂਤੇ ਸ਼੍ਰੀ ਮੁਖ ਬਾਕ ਉਚਾਰਾ। 'ਹੁਇ ਸੁੱਖੇ ਕੀ ਦੇਗ ਉਦਾਰਾ।**
**ਸਿੰਘ ਹੋਇ ਜਬਿ ਆਯੁਧ ਧਾਰੀ। ਮਾਦਕ ਚਹੀਯਤਿ ਅਨੰਦ ਮਝਾਰੀ॥ ੩੯॥**

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਸਭਿ ਮਾਦਿਕ ਤੇ ਬਿਜੀਆ ਆਛੀ। ਕਯੋਂਕਿ ਮਹੇਸ਼ ਆਦਿ ਇਹੁ ਬਾਛੀ।
ਸਤਿਗੁਰ ਚਰਨ ਕਿ ਸਿਮਰਨ ਨਾਮੂ। ਨਿਸ਼ਚਲ ਬ੍ਰਿਤਿ ਟਿਕਹਿ ਅਭਿਰਾਮੂ ॥੪੦॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਚਿਤ ਕੀ ਚਿੰਤਾ ਦੇਤਿ ਮਿਟਾਈ। ਰਿਦੈ ਸੰਤੋਸ਼ ਕਰਹਿਂ ਸੁਖਦਾਈ।
ਕਰਜੋ ਸੁਖਾ ਦੁਖ ਹਰਿਬੇ ਹੇਤੁ। ਛਕਹਿ ਖਾਲਸਾ ਮਿਰਚ ਸਮੇਤ ॥ ੪੧ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਛੁਧਾ ਲਗਾਇ ਸਰੀਰ ਨਿਰੋਵਾ। ਕਸ਼ਟ ਸਮੂਹਨਿ ਕੋ ਇਹ ਖੋਵਾ'।
ਹੋਨਿ ਲਗੀ ਤਬਿ ਦੇਗ ਬਿਸਾਲਾ। ਛਕਹਿ ਸਿੰਘ ਕੋ ਇਕ ਦ੍ਵੈ ਕਾਲਾ ॥ ੪੨ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ; ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਪਹੁਚੇ ਨਿਕਟ ਗੁਰੂ ਕੇ ਫੇਰ। ਬ੍ਰਿਤਿ ਟਿਕਾਵਹਿਂ ਦਰਸ਼ਨ ਹੇਰਿ।
ਮਾਰ ਬਕਾਰਾ ਦਿਨ ਪ੍ਰਤਿ ਦੂਨਾ। 'ਦਿੱਲੀ ਲੂਟਹੁ ਲਵਪੁਰਿ ਸੂਨਾ' ॥ ੪੩ ॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਸ਼ੱਤ੍ਰਨਿ ਕੇ ਸਿਰ ਨੁਗਦਾ ਮਾਰਹਿਂ। ਪਠਹਿਂ ਸ਼ਲੋਕ ਨਾਮ ਸੰਭਾਰਹਿਂ।
ਢਰਹਿ ਦੁਪਹਿਰੇ ਛਕਿ ਛਕਿ ਜਾਵਹਿਂ। ਸੌਚ ਸ਼ਨਾਨ ਕਰਹਿਂ ਹਰਖਾਵਹਿਂ ॥੪੪॥

ਉਪਰੋਕਤ ਚੌਪਈ ਦੇ ਪਾਠ ਵਿਚ ਭੇਦ-ਭਾਵ ਨਜ਼ਰ ਆ ਰਿਹਾ ਹੈ, ਇਸ ਲਈ ਇਸ ਚੌਪਈ ਦੇ ਅਰਥ ਪਾਠਕ-ਜਨ ਆਪ ਹੀ ਕਰਨ ਦੀ ਖੇਚਲ ਕਰਨ ਜੀ।

ਮਿਲਿ ਮਿਲਿ ਬੈਠਹਿਂ ਕੰਘਾ ਕਰਿ ਕਰਿ। ਚੁਨ ਚੁਨ ਪਾਗ ਬੰਧਿ ਮੁਦਿ ਭਰਿ ਭਰਿ।
ਗੁਰਬਾਨੀ ਊਚੀ ਧੁਨਿ ਪਢੈਂ। ਕੇਚਿਤ ਸੁਨਹਿਂ ਪ੍ਰੇਮ ਉਰ ਬਢੈਂ ॥ ੪੫ ॥

ਕੰਘਾ ਕਰ ਕਰ ਮਿਲ ਮਿਲ ਕੇ ਬੈਠਦੇ ਸਨ। ਪੱਗਾਂ ਚੁਣ ਚੁਣ ਕੇ ਪ੍ਰਸੰਨਤਾ ਧਾਰ ਕੇ ਬੰਨ੍ਹਦੇ ਸਨ। ਗੁਰਬਾਣੀ ਬੜੀ ਉੱਚੀ ਧੁਨੀ ਵਿਚ ਪੜ੍ਹਦੇ ਸਨ। ਕਈ ਸੁਣਦੇ ਸਨ ਤਾਂ ਹਿਰਦੇ ਵਿਚ ਪ੍ਰੇਮ ਵਧਦਾ ਸੀ॥ ੪੫॥

ਸ਼ਸਤ੍ਰ ਬੰਧਿ ਪੁਨ ਹੋਵਹਿਂ ਤਯਾਰੇ। ਆਇ ਗੁਰੂ ਢਿਗ ਦਰਸ ਨਿਹਾਰੇਂ।
ਸੁੰਦਰ ਸਜਹਿ ਸ਼ਮਸ ਅਰੁ ਕੇਸ। ਬਾਂਛਹਿਂ ਕਰਿਬੇ ਜੰਗ ਹਮੇਸ਼ ॥ ੪੬ ॥

ਸ਼ਸਤਰ ਬੰਨ੍ਹ ਕੇ ਫਿਰ ਤਿਆਰ ਹੁੰਦੇ ਸਨ, ਗੁਰੂ ਜੀ ਪਾਸ ਆ ਕੇ ਦਰਸ਼ਨ ਕਰਦੇ ਸਨ। ਦਾੜ੍ਹੀ ਅਤੇ ਕੇਸ ਸੁੰਦਰ ਸੱਜਦੇ ਸਨ। ਹਮੇਸ਼ਾਂ ਜੰਗ ਕਰਨਾ ਚਾਹੁੰਦੇ ਸਨ॥ ੪੬॥

ਨਈ ਰੀਤਿ ਇਮ ਪ੍ਰਗਟੀ ਜਬੈ। ਹਿੰਦੂ ਤੁਰਕ ਪਿਖਿ ਅਚਰਜ ਸਬੈ।
ਆਛੀ ਰੀਤਿ ਰਹਿਤ ਸਭਿ ਆਛੀ। ਆਛੋ ਬੇਸੁ ਕਾਛ ਕਟ ਕਾਛੀ॥ ੪੭॥

ਜਦ ਇਸ ਤਰ੍ਹਾਂ ਨਵੀਂ ਰੀਤੀ ਪ੍ਰਗਟ ਹੋਈ, ਹਿੰਦੂ ਤੁਰਕ ਸਾਰੇ ਵੇਖ ਕੇ ਹੈਰਾਨ ਹੋਏ। ਚੰਗੀ ਰੀਤੀ ਹੈ ਤੇ ਰਹਿਤ ਵੀ ਚੰਗੀ ਹੈ ਭੇਸ ਵੀ ਚੰਗਾ ਹੈ, ਲੱਕ ਨਾਲ ਕੱਛ ਪਾਈ ਹੈ॥ ੪੭॥

ਸ਼ਸਤ੍ਰ ਬਸਤ੍ਰ ਤੇ ਸੁੰਦਰ ਸੋਹੈਂ। ਰਿਪੁ ਸਿਰ ਗ਼ਜ਼ਬ, ਮਿੱਤ੍ਰ ਮਨ ਮੋਹੈਂ।
ਜਗਤ ਜੂਠ ਕੇ ਢੁਕੈਂ ਨ ਨੇਰੇ। ਪਿਖਤਿ ਅਨਾਦਰ ਕਰਹਿਂ ਘਨੇਰੇ॥ ੪੮॥

ਸ਼ਸਤਰਾਂ ਵਸਤਰਾਂ ਨਾਲ ਸੁੰਦਰ ਸ਼ੋਭਦੇ ਹਨ, ਵੈਰੀ ਵਾਸਤੇ ਡਰਾਉਣੇ ਹਨ, ਪਰ ਮਿੱਤਰਾਂ ਦਾ ਮਨ ਮੋਹਦੇ ਹਨ। ਤੰਬਾਕੂ ਦੇ ਇਹ ਨੇੜੇ ਨਹੀਂ ਢੁੱਕਦੇ ਹਨ, ਵੇਖ ਕੇ ਵੱਡਾ ਅਨਾਦਰ ਕਰਦੇ ਹਨ॥ ੪੮॥

ਐਸੋ ਪੰਥ ਖਾਲਸਾ ਹੋਵਾ। ਬਿਸਮਤਿ ਜਹਿਂ ਕਹਿਂ ਅਦਭੁਤ ਜੋਵਾ।
ਸਤਿਗੁਰ ਦੇਖਤਿ ਧਰਹਿਂ ਅਨੰਦ। ਬ੍ਰਿੰਦ ਸਿੰਘ ਹ੍ਵੈਂ ਵਧਯੋ ਬਿਲੰਦ॥ ੪੯॥

ਐਸਾ ਖਾਲਸਾ ਪੰਥ ਹੋਇਆ, ਅਦਭੁਤ ਬਾਣਾ ਵੇਖ ਕੇ ਜਿੱਥੇ ਕਿੱਥੇ ਹੈਰਾਨ ਰਹਿ ਜਾਂਦੇ ਹਨ। ਸਤਿਗੁਰੂ ਜੀ ਵੇਖ ਕੇ ਅਨੰਦ ਧਾਰਨ ਕਰਦੇ ਸਨ, ਬਹੁਤ ਸਿੰਘ ਸੱਜ ਗਏ ਤੇ ਪੰਥ ਬਹੁਤ ਵਧਿਆ॥ ੪੯॥

*ਤੀਸਰੀ ਰੁੱਤ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

## *ਅਧਿਆਇ ਬਾਈਵਾਂ*

*ਖਾਲਸੇ ਦਾ ਆਦਰਸ਼, ਸ਼ੇਰ ਦੇ ਵੇਸ ਗਧੇ ਦਾ ਦਰਿਸ਼ਟਾਂਤ*

*ਦੋਹਰਾ-* ਭਯੋ ਖਾਲਸਾ ਬਿਦਤ ਜਗ, ਇਕ ਇਕ ਕੈ ਸਮੁਦਾਇ।
ਹਿਤ ਅਖੇਰ ਬਨ ਜਾਹਿਂ ਸੇ ਲਜਾਇਂ ਮ੍ਰਿਗਨ ਕੋ ਘਾਇ॥ ੧॥

ਖਾਲਸਾ ਸਾਰੇ ਜਗ ਵਿਚ ਪ੍ਰਗਟ ਹੋ ਗਿਆ, ਇਕ ਇਕ ਜਾਂ ਬਹੁਤ ਸਿੰਘ ਸ਼ਿਕਾਰ ਖੇਡਣ ਵਾਸਤੇ ਜੰਗਲ ਵਿਚ ਜਾਂਦੇ ਸਨ, ਓਥੋਂ ਹਿਰਨ ਮਾਰ ਕੇ ਲੈ ਆਉਂਦੇ ਸਨ॥ ੧॥

*ਚੌਪਈ-*ਇਕ ਦਿਨ ਉਦੇ ਸਿੰਘ ਚਲਿ ਗਯੋ। ਫਿਰਤਿ ਅਖੇਰ ਬਿਰਤਿ ਬਨ ਕਯੋ।
ਪਿਖਯੋ ਅਚਾਨਕ ਕੇਹਰਿ ਆਯੋ। ਧਰਿ ਧੀਰਜ ਇਨ ਪਾਂਵ ਟਿਕਾਯੋ॥੨॥

ਇਕ ਦਿਨ ਉਦੇ ਸਿੰਘ ਚਲ ਕੇ ਗਿਆ, ਉਹ ਫਿਰਦਾ-ਫਿਰਦਾ ਜੰਗਲ ਵਿਚ ਸ਼ਿਕਾਰ ਖੇਡਣ ਲੱਗਾ। ਅਚਾਨਕ ਉਸ ਵੇਖਿਆ ਕਿ ਸ਼ੇਰ ਆ ਗਿਆ ਹੈ। ਧੀਰਜ ਧਾਰ ਕੇ ਉਸ ਪੈਰ ਟਿਕਾਇਆ॥ ੨॥

ਜਬੈ ਨੇਰ ਸੋ ਸ਼ੇਰ ਪਹੂਚਾ। ਤਜੀ ਤੁਫੰਗ ਨਾਦ ਕਰਿ ਊਚਾ।
ਲਗੀ ਸੀਸ ਫੂਟਜੋ ਗਿਰ ਪਰਜੋ। ਨਹੀਂ ਉਠਨਿ ਕੋ ਤਿਨ ਪੁਨ ਕਰਜੋ॥ ੩॥

ਜਦ ਸ਼ੇਰ ਨੇੜੇ ਪਹੁੰਚਿਆ ਤਾਂ ਉਸ ਬੰਦੂਕ ਚਲਾਈ ਜਿਸ ਨਾਲ ਬੜੀ ਉੱਚੀ ਆਵਾਜ਼ ਆਈ। ਸ਼ੇਰ ਦੇ ਸਿਰ ਵਿਚ ਵੱਜੀ ਸਿਰ ਪਾਟ ਗਿਆ ਤਾਂ ਡਿੱਗ ਪਿਆ, ਉਹ ਫਿਰ ਦੁਬਾਰਾ ਉੱਠ ਨਾ ਸਕਿਆ॥ ੩॥

ਹਤਿਕੇ ਸਤਿਗੁਰ ਕੇ ਢਿਗ ਆਯੋ। 'ਹੁਤੋ ਬਿਲੰਦ ਭਯਾਨ' ਬਤਾਯੋ।
ਸੁਨਿ ਕਲਗ਼ੀਧਰ ਦਾਸ ਪਠਾਇ। ਸਿਰ ਪਗ ਸਕਲ ਪੋਸ਼ ਉਤਰਾਇ॥ ੪॥

ਸ਼ੇਰ ਮਾਰ ਕੇ ਫਿਰ ਸਤਿਗੁਰੂ ਜੀ ਦੇ ਪਾਸ ਆਇਆ, ਉਸ ਨੇ ਦੱਸਿਆ ਕਿ ਬਹੁਤ ਵੱਡਾ ਭਿਆਨਕ ਸ਼ੇਰ ਮਾਰਿਆ ਹੈ। ਸਤਿਗੁਰੂ ਜੀ ਨੇ ਸੁਣ ਕੇ ਆਪਣੇ ਸੇਵਕਾਂ ਨੂੰ ਭੇਜਿਆ। ਸਿਰ ਤੋਂ ਪੈਰਾਂ ਤਕ ਦੀ ਖੱਲ ਉਤਰਵਾਈ॥ ੪॥

ਨਿਸ ਮਹਿਂ ਰਾਸ਼ਭ ਏਕ ਮੰਗਾਯੋ। ਪਗ ਸਿਰ ਲੌ ਤਿਸ ਪਟ ਪਹਿਰਾਯੋ।
ਖੇਤਨਿ ਬਿਖੈ ਉਜਾਰ ਘਨੇਰੀ। ਤਹਾਂ ਛੁਡਾਇ ਦੀਨਿ ਤਿਸ ਬੇਰੀ॥ ੫॥

ਰਾਤ ਨੂੰ ਇਕ ਗਧਾ ਮੰਗਵਾਇਆ, ਉਸ ਦੇ ਪੈਰਾਂ ਤੋਂ ਲੈ ਕੇ ਸਿਰ ਤਕ ਸ਼ੇਰ ਦੀ ਖਲ ਪਹਿਨਾ ਦਿੱਤੀ। ਖੇਤਾਂ ਵਿਚ ਜਿੱਥੇ ਵੱਡੀ ਉਜਾੜ ਵੇਖੀ, ਉਸ ਸਮੇਂ ਉਸ ਨੂੰ ਉਥੇ ਛੱਡ ਦਿੱਤਾ॥ ੫॥

ਖੇਤਨਿ ਕੋ ਚਰਿ ਨਿਸਾ ਮਝਾਰੀ। ਬੇਲੇ ਬਰਜੋ ਹੋਤਿ ਭੁਨਸਾਰੀ।
ਲੋਕ ਗ਼ਰੀਬ ਦੇਖਿ ਕਰਿ ਆਏ। 'ਬਡੋ ਸ਼ੇਰ ਇਕ' ਸਭਿਨਿ ਬਤਾਏ॥ ੬॥

ਰਾਤ ਨੂੰ ਖੇਤਾਂ ਵਿਚ ਚਰ ਕੇ ਰੱਜ ਗਿਆ, ਸਵੇਰ ਹੋਣ ਤੇ ਜੰਗਲ ਵਿਚ ਜਾ ਵੜਿਆ। ਗਰੀਬ ਲੋਕ ਵੇਖ ਕੇ ਆਏ। ਇਕ ਬਹੁਤ ਵੱਡਾ ਸ਼ੇਰ ਹੈ ਸਾਰਿਆਂ ਨੇ ਦੱਸਿਆ॥ ੬॥

'ਬਨ ਮਹਿਂ ਬਿਚਰਤਿ ਮਾਰ ਨ ਖੈਹੈ'। ਗੁਰ ਭੀ ਸੁਨਜੋਂ ਤੂਸ਼ਨੀ ਹ੍ਵੈਹੈ।
'ਛੁਧਾ ਲਗੀ ਤੇ ਖੇਤੀ ਖਾਇ। ਡਰਤਿ ਲੋਕ ਕੋ ਨੇਰ ਨ ਜਾਇ'॥ ੭॥

"ਜੰਗਲ ਵਿਚ ਫਿਰ ਰਿਹਾ ਹੈ, ਮਾਰ ਕੇ ਨਹੀਂ ਖਾਂਦਾ ਹੈ", ਗੁਰੂ ਜੀ ਵੀ ਸੁਣਕੇ ਚੁੱਪ ਰਹੇ। "ਭੁੱਖ ਲੱਗਦੀ ਹੈ ਤਾਂ ਖੇਤੀ ਖਾਂਦਾ ਹੈ ਤੇ ਡਰਦਾ ਲੋਕਾਂ ਦੇ ਨੇੜੇ ਨਹੀਂ ਜਾਂਦਾ ਹੈ"॥ ੭॥

ਕਹੈ 'ਕੇਹਰੀ ਅਹੈ ਬਿਸਾਲਾ'। ਭਾਜ ਜਾਹਿਂ ਸਭਿ ਹੇਰਿ ਕਰਾਲਾ।
ਦਿਨ ਦ੍ਵੈ ਤੀਨ ਖੇਤ ਕੋ ਖਾਇ। ਤ੍ਰਿਪਤ ਹੋਇ ਕਰਿ ਪੁਰਿ ਕੋ ਆਇ॥ ੮॥

ਕਹਿੰਦੇ ਸਨ, "ਬੜਾ ਵੱਡਾ ਸ਼ੇਰ ਹੈ" ਸਾਰੇ ਭਿਆਨਕ ਸ਼ੇਰ ਨੂੰ ਵੇਖ ਕੇ ਭੱਜ ਜਾਂਦੇ ਸਨ। ਦੋ ਤਿੰਨ ਦਿਨ ਉਸ ਖੇਤ ਨੂੰ ਖਾਧਾ। ਰੱਜ ਕੇ ਨਗਰ ਨੂੰ ਆ ਜਾਂਦਾ ਸੀ॥ ੮॥

ਜਾਮ ਜਾਮਨੀ ਰਹਿਗੀ ਜਬੈ। ਘਰ ਕੁਲਾਲ ਕੇ ਆਯੋ ਤਬੈ।
ਦ੍ਵਾਰ ਅਗਾਰੀ ਠਾਂਢੋ ਹੋਇ। ਪ੍ਰਾਤਿ ਲੌ ਇਸਥਿਰ ਸੋਇ॥ ੯॥

ਜਦ ਪਹਿਰ ਰਾਤ ਰਹਿ ਗਈ ਤਾਂ ਘੁਮਿਆਰ ਦੇ ਘਰ ਵਿਚ ਆ ਗਿਆ। ਦਰਵਾਜ਼ੇ ਸਾਹਮਣੇ ਖੜਾ ਹੋ ਗਿਆ, ਸਵੇਰ ਤਕ ਉਥੇ ਖੜਾ ਰਿਹਾ॥ ੯॥

**ਜਬਿ ਕੁਲਾਲ ਨੇ ਦ੍ਵਾਰ ਉਘਾਰਾ। ਖਰੋ ਕੇਹਰੀ ਭੀਮ ਨਿਹਾਰਾ।**
**ਬਹੁਰ ਭੇਰ ਕਰਿ ਹੇਰਨਿ ਲਾਗਾ। ਹਲਹਿ ਨ ਚਲਹਿ ਨ ਇਤ ਉਤ ਆਗਾ ॥੧੦॥**

ਜਦ ਘੁਮਿਆਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਇਕ ਬਹੁਤ ਵੱਡਾ ਸ਼ੇਰ ਖਲੋਤਾ ਹੋਇਆ ਵੇਖਿਆ। ਫਿਰ ਦਰਵਾਜ਼ਾ ਬੰਦ ਕਰਕੇ ਵੇਖਣ ਲੱਗਾ। ਨਾ ਹਿਲਦਾ ਸੀ ਨਾ ਚਲਦਾ ਸੀ ਏਧਰ ਓਧਰ ਅੱਗੇ ਪਿੱਛੇ ਵੀ ਨਹੀਂ ਹੁੰਦਾ ਸੀ॥ ੧੦॥

**ਰੂਪ ਸ਼ੇਰ ਕੋ ਕਰਨੀ ਨਾਂਹਿ ਨ। ਇਮ ਕਬ ਖਰੋ ਹੋਤਿ ਡਰ ਜਾਂਹਿ ਨ।**
**ਸਨੇ ਸਨੇ ਨੀਕੇ ਜਬ ਹੇਰਾ। ਇਹ ਤੇ ਕੇਹਰਿ ਨਹੀਂ ਬਡੇਰਾ॥ ੧੧॥**

ਰੂਪ ਸ਼ੇਰ ਦਾ ਸੀ, ਪਰ ਕਰਨੀ ਸ਼ੇਰ ਦੀ ਨਹੀਂ ਸੀ, ਇੰਝ ਕਦ ਸ਼ੇਰ ਖੜਾ ਹੁੰਦਾ ਹੈ, ਜਿਸਨੂੰ ਕਿਸੇ ਦਾ ਵੀ ਡਰ ਨਹੀਂ ਹੈ। ਹੌਲੀ-ਹੌਲੀ ਜਦ ਚੰਗੀ ਤਰ੍ਹਾਂ ਵੇਖਿਆ ਤਾਂ ਸਮਝ ਗਿਆ ਕਿ ਇਹ ਤਾਂ ਵੱਡਾ ਸ਼ੇਰ ਨਹੀਂ ਹੈ॥ ੧੧॥

**ਨੇਰੇ ਜਾਇ ਲੀਨਿ ਗਹਿ ਤਾਂਹੀ। ਹਤੀ ਲਸ਼ਟਕਾ ਪ੍ਰਿਸ਼ਟੀ ਮਾਂਹੀ।**
**ਪੀੜ ਪਲਾਣ, ਬਘੰਬਰ ਲਾਹਜੋ। ਗੂਣ ਲਾਦ ਕਿਤ ਜਾਵਨਿ ਚਾਹਜੋ॥੧੨॥**

ਨੇੜੇ ਜਾ ਕੇ ਉਸ ਨੂੰ ਫੜ ਲਿਆ ਤੇ ਪਿੱਠ ਉੱਤੇ ਲਾਠੀ ਮਾਰੀ। ਉਸ ਉੱਤੇ ਖੋਤੇ ਦਾ ਪਲਾਣਾ ਪਾ ਲਿਆ ਤੇ ਸ਼ੇਰ ਦੀ ਖੱਲ ਲਾਹ ਦਿੱਤੀ। ਛੱਟ ਲੱਦ ਕੇ ਕਿਤੇ ਜਾਣਾ ਚਾਹੁੰਦਾ ਸੀ॥ ੧੨॥

**ਸਭਿ ਪੁਰਿ ਮਹਿਂ ਭਾ ਬਿਦਤ ਪ੍ਰਸੰਗ। ਕਿਨਹੂੰ ਜਾਇ ਕਹਜੋ ਗੁਰ ਸੰਗ।**
**'ਕਹਤਿ ਹੁਤੇ ਨਰ ਜਿਸ ਕੋ ਸ਼ੇਰ। ਗਹਜੋ ਸੁ ਖਰ ਕੁਲਾਲ ਨੇ ਹੇਰਿ ॥੧੩॥**

ਸਾਰੇ ਨਗਰ ਵਿਚ ਇਹ ਪ੍ਰਸੰਗ ਪ੍ਰਗਟ ਹੋ ਗਿਆ। ਕਿਸੇ ਨੇ ਜਾ ਕੇ ਗੁਰੂ ਜੀ ਨੂੰ ਕਹਿ ਦਿੱਤਾ, "ਮਨੁੱਖ ਜਿਸ ਨੂੰ ਸ਼ੇਰ ਕਹਿੰਦੇ ਸਨ, ਘੁਮਿਆਰ ਨੇ ਉਸ ਨੂੰ ਗਧਾ ਸਮਝ ਕੇ ਫੜ ਲਿਆ ਹੈ॥ ੧੩॥

**ਲਦੇ ਗੂਣ ਮ੍ਰਿਗਛਾਲ ਉਤਾਰੀ। ਡਰੇ ਲੋਕ ਭਾ ਕੌਤਕ ਭਾਰੀ'।**
**ਤਬਿ ਸਤਿਗੁਰ ਸਭਿਹੂਨਿ ਸੁਨਾਯੋ। 'ਇਹੁ ਦ੍ਰਿਸ਼ਟਾਂਤ ਤੁਮਹਿਂ ਦਿਖਰਾਯੋ॥੧੪॥**

ਉਸ ਉੱਤੇ ਛੱਟ ਲੱਦ ਲਈ ਹੈ ਤੇ ਸ਼ੇਰ ਦੀ ਖੱਲ ਉਤਾਰ ਦਿੱਤੀ ਹੈ, ਭਾਰੀ ਕੌਤਕ ਵੇਖ ਕੇ ਲੋਕ ਡਰ ਗਏ ਹਨ।" ਤਦ ਸਤਿਗੁਰੂ ਜੀ ਨੇ ਸਾਰਿਆਂ ਨੂੰ ਸੁਣਾਇਆ, "ਇਹ ਦ੍ਰਿਸ਼ਟਾਂਤ ਤੁਹਾਨੂੰ ਵਿਖਾਇਆ ਹੈ॥ ੧੪॥

**ਜਾਤਿ ਪਾਂਤ ਮਹਿਂ ਰਾਸ਼ਭ ਜੈਸੇ। ਬਸੀ ਕੁਲਾਲ ਲਾਜ ਮਹਿਂ ਤੈਸੇ।**
**ਤਿਸ ਤੇ ਸਤਿਗੁਰ ਲਏ ਨਿਕਾਸ। ਬਖਸ਼ੇ ਸਕਲ ਪਦਾਰਥ ਪਾਸ॥ ੧੫॥**

ਜਾਤ ਪਾਤ ਵਿਚ ਜਿਵੇਂ ਗਧਾ ਹੈ, ਤਿਵੇਂ ਘੁਮਿਆਰ ਰੂਪੀ ਲੱਜਾ ਦੇ ਵੱਸ ਹਨ। ਉਸ ਵਿਚੋਂ ਸਤਿਗੁਰੂ ਨੇ ਕੱਢ ਲਏ ਹਨ ਤੇ ਸਾਰੇ ਪਦਾਰਥ ਪਾਸ ਬਖਸ਼ ਦਿੱਤੇ ਹਨ॥ ੧੫॥

*ਨੋਟ :- ਇਸ ਦ੍ਰਿਸ਼ਟਾਂਤ ਨਾਲ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਖਾਲਸੇ ਦਾ ਆਦਰਸ਼ ਜੋ ਗੁਰੂ ਜੀ ਕਾਇਮ ਕਰ ਦਿੱਤਾ ਹੈ, ਉਸ ਨੂੰ ਤਿਆਗਣ ਵਾਲਾ ਪਤਿਤ ਸਮਝਿਆ ਜਾਵੇਗਾ। ਜਿਹੜਾ ਮੁੜ ਕੇ ਸਿਰ ਮੁੰਨਵਾ ਲਵੇਗਾ, ਗੁਰੂ ਜੀ ਵਲੋਂ ਦਿੱਤਾ ਬਾਣਾ ਛੱਡ ਦੇਵੇਗਾ, ਉਹ ਫਿਰ 'ਸਿੰਘ' ਨਹੀਂ ਰਹੇਗਾ ਤੇ ਗੁਰੂ ਜੀ ਲੋਕ ਪਰਲੋਕ ਵਿਚ ਉਸ ਦੇ ਸਹਾਇਕ ਨਹੀਂ ਬਣਨਗੇ।*

**ਸ੍ਰੀ ਅਸਧੁਜ ਕੋ ਦੇ ਕਰਿ ਬਾਣਾ। ਸਭਿ ਤੇ ਉਚੇ ਕਰੇ ਸੁ ਤਾਣਾ।**
**ਹਲਤਿ ਬਿਖੇ ਸ਼ੁਭ ਭੋਗ ਬਿਸਾਲੇ। ਪਲਤਿ ਬਿਖੇ ਮੈਂ ਕਰੋਂ ਸੰਭਾਲੇ॥ ੧੬॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਣਾ ਦੇ ਕੇ ਸਭ ਤੋਂ ਵੱਡਾ ਬਲਵਾਨ ਕੀਤਾ ਹੈ। ਇਸ ਲੋਕ ਵਿਚ ਸ਼ੁਭ ਭੋਗ ਭੋਗੋਗੇ ਤੇ ਪਰਲੋਕ ਵਿਚ ਮੈਂ ਤੁਹਾਡੀ ਸੰਭਾਲ ਕਰਾਂਗਾ॥ ੧੬॥

ਉੱਤਮ ਪਦ ਮੈਂ ਤਬਿ ਪਹੁੰਚਾਊਂ। ਜਮ ਬਸਿ ਪਰਿਬੇ ਤੇ ਛੁਟਕਾਊਂ।
ਜਿਮ ਰਾਸ਼ਭ ਧਰਿ ਕੇਹਰਿ ਬਾਨਾ। ਬਿਨ ਡਰ ਕਰਯੋ ਖੇਤ ਗਨ ਖਾਨਾ॥੧੭॥

ਫਿਰ ਮੈਂ ਉੱਤਮ ਪਦਵੀ 'ਤੇ ਪਹੁੰਚਾ ਦੇਵਾਂਗਾ, ਜਮਾਂ ਦੇ ਵੱਸ ਪੈਣ ਤੋਂ ਛੁਡਵਾ ਦੇਵਾਂਗਾ। ਜਿਵੇਂ ਗਧਾ ਸ਼ੇਰ ਦਾ ਬਾਣਾ ਪਾ ਕੇ, ਕਿਸੇ ਡਰ ਤੋਂ ਬਗੈਰ ਖੇਤ ਵਿਚ ਚਰਦਾ ਰਿਹਾ॥ ੧੭॥

ਪੁਨ ਕਲਾਲ ਕੇ ਪ੍ਰਵਿਸ਼ਯੋ ਜਾਈ। ਲਾਦ ਗੂਣ ਕੋ ਲਸ਼ਟ ਲਗਾਈ।
ਤਿਸ ਹੁਇ ਸਿੰਘ ਜਾਤਿ ਮੈਂ ਪਰੈ। ਤਜਹਿ ਸ਼ਸਤ੍ਰ ਭੈ ਕੋਇ ਨ ਧਰੈ॥੧੮॥

ਫਿਰ ਘੁਮਿਆਰ ਦੇ ਘਰ ਚਲਾ ਗਿਆ ਤਾਂ ਉਸ ਛੱਟ ਲੱਦ ਕੇ ਲਾਠੀ ਮਾਰੀ। ਇਸ ਤਰ੍ਹਾਂ ਹੁੰਦਾ ਹੈ ਜਿਹੜਾ ਸਿੰਘ ਜਾਤੀ ਵਿਚ ਪੈ ਜਾਵੇ। ਸ਼ਸਤਰ ਛੱਡ ਕੇ ਕੋਈ ਭੈਅ ਨਾ ਧਾਰਨ ਕਰੇ॥ ੧੮॥

ਹਲਤ ਕਾਰ ਕੋ ਕਰਤਿ ਗਵਾਵੈ। ਪਲਤਿ ਸਹਾਇਕ ਕੋਇ ਨ ਪਾਵੈ।
ਤਜਹਿ ਸ਼ਸਤ੍ਰ ਭੈ ਕਰਹਿ ਕੋਈ। ਭਯੋ ਗਧੇ ਕੋ ਗਧਹਾ ਸੋਈ॥ ੧੯॥

ਇਸ ਲੋਕ ਵਿਚ ਉਸ ਦੇ ਕੰਮ ਨਹੀਂ ਸਰਨੇ ਹਨ, ਪਰਲੋਕ ਵਿਚ ਉਹ ਕਿਸੇ ਦੀ ਸਹਾਇਤਾ ਨਹੀਂ ਪਾਵੇਗਾ। ਜਿਹੜਾ ਸ਼ਸਤਰ ਛੱਡ ਕੇ ਭੈਅ ਕਰਦਾ ਹੈ, ਉਹ ਗਧੇ ਦਾ ਗਧਾ ਹੀ ਰਹਿ ਜਾਂਦਾ ਹੈ॥ ੧੯॥

ਯਾਂਤੇ ਸ੍ਰੀ ਅਕਾਲ ਕੋ ਬਾਨਾ। ਦੇ ਮੈਂ ਕੀਨੇ ਸਿੰਘ ਸਮਾਨਾ।
ਇਸ ਕੇ ਧਰੇ ਸਦਾ ਸੁਖ ਹੋਈ। ਤਜਾਗੇ ਦੋਨਹੁ ਲੋਕ ਨ ਢੋਈ'॥ ੨੦॥

ਇਸ ਕਰਕੇ ਮੈਂ ਇਹ ਅਕਾਲ ਪੁਰਖ ਦਾ ਬਾਣਾ ਦੇ ਕੇ, ਸਿੱਖਾਂ ਨੂੰ ਸ਼ੇਰ ਦੇ ਸਮਾਨ ਕਰ ਦਿੱਤਾ ਹੈ। ਇਸ ਦੇ ਧਾਰਨ ਨਾਲ ਸਦਾ ਸੁਖ ਪ੍ਰਾਪਤ ਹੋਵੇਗਾ, ਜਿਹੜਾ ਛੱਡੇਗਾ ਉਸ ਨੂੰ ਦੋਵਾਂ ਲੋਕਾਂ ਵਿਚ ਢੋਈ ਨਹੀਂ ਮਿਲੇਗੀ"॥ ੨੦॥

ਇਮ ਕਲਗੀਧਰ ਸਿਖ ਸਮੁਝਾਏ। 'ਧੰਨ ਧੰਨ ਗੁਰ' ਸਭਿਨਿ ਅਲਾਏ।
'ਨਿਸ਼ਚੇ ਖਰ ਤੇ ਸ਼ੇਰ ਬਨਾਏ। ਜੇ ਪਪੀਲਕਾ ਕਰੀ ਸੁਹਾਏ॥ ੨੧॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ, "ਧੰਨ ਧੰਨ ਗੁਰੂ ਜੀ ਸਾਰਿਆਂ ਨੇ ਕਿਹਾ। ਨਿਸ਼ਚੇ ਰੂਪ ਵਿਚ ਤੁਸੀਂ ਗਧੇ ਤੋਂ ਸ਼ੇਰ ਬਣਾਏ ਹਨ। ਜਿਹੜੀਆਂ ਕੀੜੀਆਂ ਸਨ, ਉਨ੍ਹਾਂ ਨੂੰ ਸ਼ੋਭਨੀਕ ਹਾਥੀ ਬਣਾ ਦਿੱਤਾ ਹੈ॥ ੨੧॥

ਬਕ ਮਰਾਲ ਸੇ ਜਾਨੇ ਪਰੈਂ। ਹੁਤੇ ਰੰਕ ਨ੍ਰਿਪ ਸਮਤਾ ਧਰੈਂ।
ਜਿਸ ਅਵਨੀ ਹਿਤ ਜੁੱਧ ਸੰਭਾਰੇਂ। ਪਰਸਰਾਮ ਛੱਤ੍ਰੀ ਗਨ ਮਾਰੇ॥ ੨੨॥

ਜੋ ਬਗਲੇ ਸਨ ਉਹ ਹੰਸ ਬਣ ਗਏ ਹਨ, ਜਿਹੜੇ ਕੰਗਾਲ ਸਨ ਉਹ ਰਾਜਿਆਂ ਦੀ ਬਰਾਬਰੀ ਕਰਦੇ ਹਨ। ਜਿਸ ਧਰਤੀ ਵਾਸਤੇ ਯੁੱਧ ਸੰਭਾਲੇ ਸਨ, ਪਰਸ ਰਾਮ ਨੇ ਬਹੁਤ ਖੱਤਰੀ ਮਾਰ ਦਿੱਤੇ ਸਨ॥ ੨੨॥

ਬਡੇ ਖੇਦ ਤੇ ਜੈ ਤਿਸ ਹੋਈ। ਦਈ ਦਾਨ ਕਰਿ ਦਿਜ ਗਨ ਸੋਈ।
ਹਿਰੰਨਾਛ ਜੋ ਧਰਨੀ ਹਰੀ। ਜੋ ਹਰਣਾਖਸ਼ ਜੈ ਕਹੁ ਕਰੀ॥ ੨੩॥

ਬੜੇ ਯਤਨਾਂ ਨਾਲ ਉਸ ਦੀ ਜਿੱਤ ਹੋਈ, ਉਹ ਫਿਰ ਧਰਤੀ ਬ੍ਰਾਹਮਣਾਂ ਨੂੰ ਦਾਨ ਕਰ ਦਿੱਤੀ। ਹਿਰਣਾਛ ਨੇ ਜਿਹੜੀ ਧਰਤੀ ਚੁਰਾਈ ਸੀ ਤੇ ਹਰਣਾਖਸ਼ ਨੇ ਜਿਹੜੀ ਧਰਤੀ ਜਿੱਤ ਲਈ ਸੀ॥ ੨੩॥

ਛੱਤ੍ਰੀ ਭਏ ਕਰੋਰਹੁ ਆਗੇ। ਲਰਿ ਲਰਿ ਮਰੇ ਜਾਂਹਿ ਹਿਤ ਲਾਗੇ।
ਪਾਂਡਵ ਕੈਰਵ ਬੰਸ ਬਿਨਾਸ਼ਾ। ਗਏ ਬੀਤ ਬਹੁ ਜਥਾ ਤਮਾਸ਼ਾ॥ ੨੪॥

ਉਸ ਧਰਤੀ ਵਿਚ ਅੱਗੇ ਕਰੋੜਾਂ ਖੱਤਰੀ ਪੈਦਾ ਹੋਏ, ਜਿਸ ਦਾ ਹਿੱਤ ਲੱਗਦਾ ਸੀ ਲੜ-ਲੜ ਮਰ ਗਏ। ਕੌਰਵਾਂ ਪਾਂਡਵਾਂ ਦਾ ਵੰਸ਼ ਨਾਸ਼ ਹੋ ਗਿਆ। ਇਕ ਤਮਾਸ਼ੇ ਵਾਂਗ ਸਾਰੇ ਬੀਤ ਗਏ॥ ੨੪॥

ਸੋ ਛਿਤ ਹੇ ਪ੍ਰਭੁ ਕਰੁਨਾ ਕਰਿ ਕੈ। ਲੋਚਨ ਮਹਾਂ ਲਾਜ ਕੋ ਭਰਿਕੈ।
ਦਈ ਖਾਲਸੇ ਕੋ ਤਤਕਾਲਾ। ਤੁਮ ਸਮ ਦਾਨੀ ਕੌਨ ਬਿਸਾਲਾ'॥ ੨੫॥

ਉਹ ਧਰਤੀ ਪ੍ਰਭੂ ਨੇ ਕਿਰਪਾ ਕਰ ਕੇ, ਨੈਣਾਂ ਵਿਚ ਮਹਾਂ ਲਾਜ ਭਰ ਕੇ ਤੁਰਤ ਖਾਲਸੇ ਨੂੰ ਦੇ ਦਿੱਤੀ ਹੈ, ਤੁਹਾਡੇ ਵਰਗਾ ਵੱਡਾ ਦਾਨੀ ਕੌਣ ਹੈ"॥ ੨੫॥

ਉਦੈ ਸਿੰਘ ਤੇ ਆਦਿਕ ਔਰ। ਕਹਤਿ ਸੁਜਸੁ ਸੋਢੀ ਸਿਰਮੌਰ।
'ਬਡੇ ਬਡੇ ਦਾਨੀ ਜੇ ਭਏ। ਤੁਮ ਸਮਤਾ ਕਹੁ ਕਵਨ ਨ ਲਏ॥ ੨੬॥

ਉਦੈ ਸਿੰਘ ਆਦਿ ਹੋਰਾਂ ਨੇ ਸੋਢੀ ਸ਼ਿਰੋਮਣੀ ਦਾ ਸ੍ਰੇਸ਼ਟ ਜੱਸ ਕੀਤਾ। ਜਿਹੜੇ ਵੱਡੇ-ਵੱਡੇ ਦਾਨੀ ਹੋਏ ਹਨ, ਤੁਹਾਡੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਹੈ॥ ੨੬॥

ਅਰੁ ਜੇ ਪੰਥ ਚਲਾਵਨਹਾਰੇ। ਤੁਮ ਆਗੇ ਸੋ ਕੌਨ ਬਿਚਾਰੇ।
ਪ੍ਰਥਮੈ ਸਿਰ ਮੁਖ ਮੁੰਡਨ ਕਰੈਂ। ਭਗਵੇ ਬਸਤ੍ਰ ਦੇਹਿ ਪਰ ਧਰੈਂ॥ ੨੭॥

ਅਤੇ ਜਿਹੜੇ ਪੰਥ ਚਲਾਉਣ ਵਾਲੇ ਹਨ, ਤੁਹਾਡੇ ਅੱਗੇ ਉਹ ਵਿਚਾਰੇ ਕੀ ਹਨ। ਪਹਿਲਾਂ ਉਹ ਸਿਰ ਮੂੰਹ ਮੁੰਨਦੇ ਹਨ ਤੇ ਭਗਵੇਂ ਵਸਤਰ ਸਰੀਰ ਉੱਤੇ ਧਾਰਨ ਕਰਦੇ ਹਨ॥ ੨੭॥

ਭਸਮ ਲਗਾਇ ਕੁਰੂਪ ਬਨਾਵਹਿਂ। ਘਰ ਘਰ ਫੇਰਹਿਂ ਭੀਖ ਮੰਗਾਵਹਿਂ।
ਸਿਰ ਪਰ ਜਟਾ ਜੂਟ ਬੰਧਾਵਹਿਂ। ਜਾਚੇ ਟੂਕੜੇ ਤਿਨਹਿਂ ਖੁਵਾਵੈਂ॥ ੨੮॥

ਭਸਮ ਲਾ ਕੇ ਆਪਣੇ ਆਪ ਨੂੰ ਕਰੂਪ ਬਣਾ ਲੈਂਦੇ ਹਨ, ਘਰ-ਘਰ ਫਿਰ ਕੇ ਭਿਖਿਆ ਮੰਗਦੇ ਹਨ। ਸਿਰ ਉੱਤੇ ਜਟਾਵਾਂ ਬੰਨ੍ਹਦੇ ਹਨ, ਮੰਗੇ ਹੋਏ ਟੁਕੜੇ ਆਪਣੇ ਚੇਲਿਆਂ ਨੂੰ ਖਵਾਉਂਦੇ ਹਨ॥ ੨੮॥

ਆਪ ਜਗਤ ਮੈਂ ਦਿਏ ਪਦਾਰਥ। ਕੀਨਸਿ ਮਾਨੁਖ ਜਨਮ ਸਕਾਰਥ।
ਸੁੰਦਰ ਬੇਸ ਦੇਹ ਮੈਂ ਦੀਨੋ। ਸਭ ਬਿੱਦਜਾ ਮਹਿਂ ਕੀਨਿ ਪ੍ਰਬੀਨੋ॥ ੨੯॥

ਆਪ ਜੀ ਨੇ ਜਗਤ ਨੂੰ ਪਦਾਰਥ ਦਿੱਤੇ ਹਨ ਤੇ ਲੋਕਾਂ ਦਾ ਮਨੁੱਖਾ ਜਨਮ ਸਕਾਰਥਾ ਕਰ ਦਿੱਤਾ ਹੈ। ਸਰੀਰ ਉੱਤੇ ਪਾਉਣ ਵਾਸਤੇ ਸੁੰਦਰ ਲਿਬਾਸ ਦਿੱਤਾ ਹੈ ਤੇ ਆਪਣੇ ਸੇਵਕਾਂ ਨੂੰ ਸਭ ਪ੍ਰਕਾਰ ਦੀ ਵਿਦਿਆ ਵਿਚ ਪ੍ਰਬੀਨ ਕਰ ਦਿੱਤਾ ਹੈ॥ ੨੯॥

ਦੁਲਭ ਰਾਜ ਅਵਨੀ ਕੋ ਦੈਕੈ। ਕਰੇ ਨਿਹਾਲ ਮਯਾ ਨਿਜ ਕੈ ਕੈ।
ਸਾਰ ਵਸਤੁ ਜਗ ਮਹਿਂ ਸਭਿ ਜੇਤੀ। ਦਈ ਖਾਲਸੇ ਪ੍ਰਤਿ ਤੁਮ ਤੇਤੀ॥ ੩੦॥

ਧਰਤੀ ਦਾ ਦੁਰਲੱਭ ਰਾਜ ਦੇ ਕੇ ਕਿਰਪਾ ਕਰਕੇ ਨਿਹਾਲ ਕਰ ਦਿੱਤਾ ਹੈ। ਧਰਤੀ ਉੱਤੇ ਜਿੰਨੀਆਂ ਵੀ ਸਾਰ ਵਸਤਾਂ ਹਨ, ਤੁਸੀਂ ਉਹ ਸਾਰੀਆਂ ਖਾਲਸੇ ਪ੍ਰਤਿ ਦੇ ਦਿੱਤੀਆਂ ਹਨ॥ ੩੦॥

ਪਾਇ ਪੰਥ ਅਸ ਜੋ ਨਰ ਗਿਰੈ। ਤਿਨ ਤੇ ਕੋ ਮੂਰਖ ਹੁਇ ਪਰੈ।
ਸ਼ਿਖਰ ਸੁਮੇਰ ਚਢੈ ਜੋ ਜਾਇ। ਬਹੁਰ ਰਸਾਤਲ ਸੋਇ ਸਿਧਾਇ॥ ੩੧॥

ਐਸਾ ਪੰਥ ਪਾ ਕੇ ਜਿਹੜਾ ਮਨੁੱਖ ਡਿੱਗ ਪਵੇ, ਉਸ ਤੋਂ ਵੱਡਾ ਮੂਰਖ ਹੋਰ ਕੌਣ ਹੋ ਸਕਦਾ ਹੈ। ਜਿਹੜਾ ਮਨੁੱਖ ਇਕ ਵਾਰ ਸੁਮੇਰ ਦੀ ਚੋਟੀ ਉੱਤੇ ਜਾ ਚੜ੍ਹੇ ਤੇ ਫਿਰ ਉਹ ਹੇਠਾਂ ਵਲ ਚਲਾ ਜਾਏ॥ ੩੧॥

**ਰਹਿਤ ਬਤਾਈ ਤਜਾਗਹਿ ਜੋਇ। ਅਪਰ ਮਤਨਿ ਕੀ ਧਾਰਹਿ ਕੋਇ।**
**ਸੋ ਮਤਿਹੀਨ ਮਹਾਂ ਬੁਰਿਆਰੀ। ਨਹਿਂ ਕੀਮਤਿ ਨਿਜ ਪੰਥ ਬਿਚਾਰੀ॥ ੩੨॥**

ਜਿਹੜਾ ਦੱਸੀ ਹੋਈ ਰਹਿਤ ਨੂੰ ਛੱਡ ਕੇ ਹੋਰ ਮਜ਼੍ਹਬਾਂ ਦੀ ਰਹਿਤ ਧਾਰਨ ਕਰ ਲਵੇ, ਉਹ ਮੱਤ-ਹੀਣ ਮਹਾਨ ਬਦੀ ਕਰਨ ਵਾਲਾ ਹੈ, ਉਸ ਨੇ ਆਪਣੇ ਪੰਥ ਦੀ ਕੀਮਤ ਨਹੀਂ ਵਿਚਾਰੀ ਹੈ॥ ੩੨॥

**ਪੰਥ ਖਾਲਸੇ ਨਿੰਦਜਾ ਕਰੈ। ਸੋ ਪਾਪੀ ਨਰ ਦੋਜ਼ਕ ਪਰੈ।**
**ਲੋਕ ਪ੍ਰਲੋਕ ਵਸਤੁ ਜੋ ਸਾਰ। ਜਿਸ ਮਹਿਂ ਇਸ ਸਭਿ ਅੰਗੀਕਾਰ॥ ੩੩॥**

ਜਿਹੜਾ ਪੰਥ ਖਾਲਸੇ ਦੀ ਨਿੰਦਿਆ ਕਰੇਗਾ, ਉਹ ਪਾਪੀ ਮਨੁੱਖ ਦੋਜ਼ਕ ਵਿਚ ਪਵੇਗਾ। ਖਾਲਸਾ ਪੰਥ ਵਿਚ ਲੋਕ ਪਰਲੋਕ ਦੀਆਂ ਸਾਰ ਵਸਤਾਂ ਅੰਗੀਕਾਰ ਕਰਨ ਯੋਗ ਹਨ॥ ੩੩॥

**ਬਿਨ ਦੂਖਨ ਮਹਿ ਮੰਡਲ ਭੂਖਨ। ਉਪਜਜੋ ਪੰਥ ਜੁ ਮਤਿ ਉਡ ਪੂਖਨ।**
**ਬਡੇ ਭਾਗ ਪੂਰਬਲੇ ਜਾਂਹੀ। ਹੇ ਪ੍ਰਭੁ ! ਸ਼ਰਨਿ ਆਪ ਕੀ ਪਾਂਹੀ॥ ੩੪॥**

ਦੁਖਾਂ ਤੋਂ ਬਿਨਾਂ ਧਰਤੀ ਮੰਡਲ ਦਾ ਭੂਸ਼ਨ ਰੂਪ ਪੰਥ ਪੈਦਾ ਹੋਇਆ ਹੈ, ਹੋਰ ਜੋ ਮੱਤ ਹਨ ਉਹ ਇਸ ਸੂਰਜ ਅੱਗੇ ਤ੍ਰਾਰਿਆਂ ਵਾਂਗ ਹਨ। ਜਿਸ ਦੇ ਪੂਰਬਲੇ ਵੱਡੇ ਭਾਗ ਹਨ ਹੇ ਪ੍ਰਭੂ ! ਉਹ ਆਪ ਦੀ ਸ਼ਰਨ ਪ੍ਰਾਪਤ ਕਰਦੇ ਹਨ॥ ੩੪॥

**ਜੋ ਪਾਮਰ ਨਿਰਭਾਗ ਮਹਾਨੇ। ਸੋ ਤੁਮ ਕੋ ਨਹਿਂ ਸਕਹਿਂ ਪਛਾਨੇ।**
**ਨਹੀਂ ਪੰਥ ਕੀ ਮਹਿਮਾ ਮਾਨਹਿਂ। ਜਨਮ ਮਰਨ ਮਹਿਂ ਸੇ ਅਨਜਾਨਹਿ॥ ੩੫॥**

ਜਿਹੜੇ ਦੁਸ਼ਟ ਮਾੜੇ ਭਾਗਾਂ ਵਾਲੇ ਹਨ, ਉਹ ਤੁਹਾਨੂੰ ਪਛਾਣ ਨਹੀਂ ਸਕਦੇ। ਉਹ ਪੰਥ ਦੀ ਮਹਿਮਾ ਨਹੀਂ ਮੰਨਦੇ, ਮੂਰਖ ਅਣਜਾਣ-ਪੁਣੇ ਵਿਚ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ॥ ੩੫॥

**ਧੰਨ ਗੁਰੂ ਧੰਨ ਪੰਥ ਤੁਮਾਰਾ। ਸਾਰ ਨਿਕਾਰ ਜੁ ਅੰਗੀਕਾਰਾ।**
**ਭੇ ਸ੍ਰੀ ਨਾਨਕ ਆਦਿ ਗੁਰੂ ਦਸ। ਜੋਗ ਭੋਗ ਕੋ ਲਿਯੋ ਜਿਨਹੁਂ ਰਸ॥ ੩੬॥**

ਧੰਨ ਤੁਸੀਂ ਗੁਰੂ ਹੋ, ਧੰਨ ਤੁਹਾਡਾ ਪੰਥ ਹੈ, ਸਾਰ ਕੱਢ ਕੇ ਜਿਹੜਾ ਅੰਗੀਕਾਰ ਕੀਤਾ ਹੈ। ਦਸਾਂ ਗੁਰੂ ਸਾਹਿਬਾਨ ਵਿਚ, ਗੁਰੂ ਨਾਨਕ ਦੇਵ ਜੀ ਆਦਿ ਗੁਰੂ ਹੋਏ ਹਨ, ਜਿਨ੍ਹਾਂ ਨੇ ਜੋਗ ਭੋਗ ਦਾ ਰਸ ਮਾਣਿਆ ਸੀ॥ ੩੬॥

**ਜੋਗ ਭੋਗ ਮੇਂ ਦੋਨਹੁਂ ਰੀਤਿ। ਦਈ ਪੰਥ ਕੋ ਨਿਰਮਲ ਚੀਤ।**
**ਸੱਤਿਨਾਮ ਕੋ ਸਿਮਰਨ ਕਰਨੋ। ਇਹੀ ਜੋਗ ਇਕ ਲਿਵ ਕੋ ਬਰਨੋ॥ ੩੭॥**

ਜੋਗ ਭੋਗ ਦੀਆਂ ਦੋਵੇਂ ਰੀਤੀਆਂ ਚਿੱਤ ਨਿਰਮਲ ਕਰਕੇ ਬਖਸ਼ੀਆਂ। ਸਤਿਨਾਮ ਦਾ ਸਿਮਰਨ ਕਰਨਾ, ਇਕ ਵਿਚ ਲਿਵ ਲਾਉਣ ਬਾਰੇ ਆਪ ਜੀ ਨੇ ਕਿਹਾ ਹੈ ਕਿ ਇਹੀ ਜੋਗ ਹੈ॥ ੩੭॥

*ਨੋਟ :- ਦੁਖ ਦੀ ਗੱਲ ਹੈ ਕਿ ਖਾਲਸਾ ਹੁਣ ਇਸ ਆਦਰਸ਼ ਨੂੰ ਭੁਲਦਾ ਜਾ ਰਿਹਾ ਹੈ। ਪੱਛਮੀ ਖਿਆਲਾਂ ਦਾ ਜ਼ੋਰ ਕਰਕੇ ਸਭ ਪ੍ਰਾਣੀਆਂ ਵਿਚੋਂ ਭਜਨ ਬੰਦਗੀ ਦੀ ਖਿੱਚ ਘਟਦੀ ਜਾ ਰਹੀ ਹੈ, ਜਿਸ ਕਾਰਨ ਅਸ਼ਾਂਤੀ ਅਤੇ ਘਬਰਾਹਟ ਵਧ ਰਹੀ ਹੈ।*

**ਲਰਨਿ ਰਿਪੁਨਿ ਸੋਂ, ਕਰਿਬੋ ਰਾਜ। ਇਹੀ ਭੋਗ ਕੇ ਦਿਏ ਸਮਾਜ'।**
**ਇੱਤਜਾਦਿਕ ਕਹਿ ਨਿਰਮਲ ਜਸੁ ਕੋ। ਬੰਦਹਿ ਸਤਿਗੁਰ ਪਾਇ ਪਰਸ ਕੋ॥੩੮॥**

ਵੈਰੀ ਨਾਲ ਲੜ ਕੇ ਰਾਜ ਕਰੋ, ਇਹੀ ਭੋਗ ਦੇ ਪਦਾਰਥ ਦਿੱਤੇ ਹਨ।" ਇਸ ਪ੍ਰਕਾਰ ਨਿਰਮਲ ਜੱਸ ਕਰਕੇ ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥ ੩੮॥

ਦਿਨ ਪ੍ਰਤਿ ਅੰਮ੍ਰਿਤ ਲੇਤਿ ਅਨੇਕ। ਦੇਤਿ ਦਿਵਾਵਤਿ ਜਲਧਿ ਬਿਬੇਕ।
ਰਹਿਤ ਬਤਾਵਤਿ, ਮਹਿਮਾ ਗਾਵਤਿ। ਮੇਲ ਮਸੰਦਨ ਸੰਗ ਹਟਾਵਤਿ॥ ੩੯॥

ਪ੍ਰਤਿ ਦਿਨ ਅਨੇਕਾਂ ਲੋਕ ਅੰਮ੍ਰਿਤ ਛਕਦੇ ਸਨ, ਗਿਆਨ ਦੇ ਸਾਗਰ ਭਾਵ ਸਤਿਗੁਰੂ ਜੀ ਅੰਮ੍ਰਿਤ ਛਕਾਉਂਦੇ ਜਾਂ ਛਕਵਾਉਂਦੇ ਸਨ। ਰਹਿਤ ਦੱਸ ਕੇ ਮਹਿਮਾ ਗਾਉਂਦੇ ਸਨ ਤੇ ਮਸੰਦਾਂ ਨਾਲੋਂ ਸੰਗ ਹਟਾਉਂਦੇ ਸਨ॥ ੩੯॥

ਇਨ ਤੇ ਆਦਿ ਪੰਚ ਜੇ ਮੇਲ। ਤਿਨ ਸੋਂ ਮਿਲਹਿ ਨ, ਦੀਜੈ ਪੇਲ।
ਏਕ ਅਕਾਲ ਪੁਰਖ ਲੜਿ ਲਾਏ। ਦੇ ਪਾਹੁਲ ਜਗ ਦੁਤਰ ਤਰਾਏ॥ ੪੦॥

ਇਸ ਤੋਂ ਉਪਰੰਤ ਜਿਹੜੇ ਪਹਿਲੇ ਪੰਜ ਮੇਲ ਹਨ, ਉਨ੍ਹਾਂ ਨਾਲ ਮੇਲ ਨਾ ਕਰੇ, ਭਾਵ ਉਨ੍ਹਾਂ ਨਾਲੋਂ ਮੇਲ ਹਟਾ ਦੇਵੇ। ਇਕ ਅਕਾਲ ਪੁਰਖ ਦੇ ਲੜ ਲਾਇਆ ਹੈ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਕਠਨ ਭਵ-ਸਾਗਰ ਤੋਂ ਤਾਰ ਦਿੱਤਾ ਹੈ॥ ੪੦॥

ਮੁਨਿਜਨ ਸੁਰ ਗਨ ਜਿਹ ਪਦ ਚਾਹਤਿ। ਤਪ ਮਖ ਕਰਿਕੈ ਲੇਨਿ ਉਮਾਹਤਿ।
ਅਨਿਕ ਉਪਾਇ ਨ ਪਾਯੋ ਜੋਈ। ਦਯੋ ਖਾਲਸੇ ਕੋ ਪਦ ਸੋਈ॥ ੪੧॥

ਮੁਨੀ ਲੋਕ ਅਤੇ ਸਾਰੇ ਦੇਵਤੇ ਜਿਹੜੀ ਪਦਵੀ ਚਾਹੁੰਦੇ ਹਨ, ਤਪ ਅਤੇ ਜੱਗ ਕਰਕੇ ਪ੍ਰਾਪਤ ਕਰਨੀ ਚਾਹੁੰਦੇ ਹਨ। ਜਿਹੜੀ ਪਦਵੀ ਅਨੇਕਾਂ ਉਪਾਵਾਂ ਨਾਲ ਵੀ ਪਾਈ ਨਹੀਂ ਜਾਂਦੀ ਹੈ, ਉਹ ਪਦਵੀ ਖਾਲਸੇ ਨੂੰ ਦੇ ਦਿੱਤੀ ਹੈ॥ ੪੧॥

ਬਹੁ ਮਹਿਂ ਅਪਨੋ ਰੂਪ ਬਨਾਯਹੁ। ਸ਼ਸਤ੍ਰ ਧਰਨਿ ਉਪਦੇਸ਼ ਦ੍ਰਿੜ੍ਹਾਯਹੁ।
ਸਭਿ ਮਹਿਂ ਬੀਰ ਸੁ ਰਸ ਬਿਰਧਾਯਹੁ। ਧਰਮ ਦ੍ਰਿੜ੍ਹਾਯਹੁ ਨਾਮ ਜਪਾਯਹੁ॥੪੨॥

ਆਪਣੇ ਸਰੂਪ ਤੋਂ ਖਾਲਸਾ ਸਾਜਿਆ ਹੈ ਤੇ ਇਕ ਤੋਂ ਅਨੇਕ ਹੋ ਕੇ ਵਿਚਰੇ ਹਨ। ਸ਼ਸਤਰ ਧਾਰਨ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। ਸਭ ਵਿਚ ਬੀਰ-ਰਸ ਵਧਾਇਆ ਹੈ, ਧਰਮ ਦ੍ਰਿੜ੍ਹਾਇਆ ਹੈ ਤੇ ਨਾਮ ਜਪਾਇਆ ਹੈ॥ ੪੨॥

*ਤੀਸਰੀ ਰੁੱਤ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

## *ਅਧਿਆਇ ਤੇਈਵਾਂ*

*ਨੁਹਿ ਪਿੰਡ ਨੂੰ ਮਾਰਨਾ*

*ਦੋਹਰਾ-* ਖੜਗ ਧਰਹਿਂ ਨਿਜ ਗਰ ਬਿਖੈ ਜ੍ਵਾਲਾ ਬਮਣੀ ਹਾਥ।
ਹਤਹਿਂ ਨਿਸ਼ਾਨੇ ਪਰ ਮਿਲਹਿਂ ਕੈ ਅਖੇਰ ਕੇ ਸਾਥ॥ ੧॥

ਗੁਰੂ ਜੀ ਤਲਵਾਰ ਨੂੰ ਗਲ ਵਿਚ ਪਾਉਂਦੇ ਹਨ ਤੇ ਬੰਦੂਕ ਨੂੰ ਹੱਥ ਵਿਚ ਫੜਦੇ ਹਨ। ਬੰਦੂਕ ਨਾਲ ਜਾਂ ਚਾਂਦਮਾਰੀ ਕਰਦੇ ਹਨ ਜਾਂ ਸ਼ਿਕਾਰ ਖੇਡਦੇ ਹਨ॥ ੧॥

*ਚੌਪਈ-* ਸੁਪਨੇ ਮਾਤ੍ਰ ਨ ਆਯੁਧ ਜਾਨਹਿਂ। ਸੁਨਤਿ ਲਰਾਈ ਜੇ ਡਰ ਮਾਨਹਿਂ।
ਸੋ ਅੰਮ੍ਰਿਤ ਛਕਿ ਹੋਵਤਿ ਜੋਧੇ। ਪਿਖਿ ਅਨੀਤ ਸ਼ੱਤ੍ਰਨਿ ਪਰ ਕ੍ਰੋਧੇ॥੨॥

ਸੁਪਨੇ ਮਾਤ੍ਰ ਵੀ ਜਿਹੜੇ ਸਿੱਖ ਸ਼ਸਤਰ ਚਲਾਉਣੇ ਨਹੀਂ ਸੀ ਜਾਣਦੇ, ਲੜਾਈ ਬਾਰੇ ਸੁਣ ਕੇ ਹੀ ਜਿਹੜੇ ਡਰ ਜਾਂਦੇ ਸਨ; ਉਹ ਸਿੱਖ ਅੰਮ੍ਰਿਤ ਛੱਕ ਕੇ ਯੋਧੇ ਬਣ ਗਏ ਹਨ। ਅਨੀਤ ਵੇਖ ਕੇ ਉਹ ਵੈਰੀ ਤੇ ਕ੍ਰੋਧ ਕਰਕੇ ਪੈ ਜਾਂਦੇ ਹਨ॥ ੨॥

ਸ਼ਸਤ੍ਰਨ ਕੋ ਬਿਸਾਹੁ ਨਹਿਂ ਕਰੈਂ। ਰਾਤਿ ਦਿਵਸ ਅੰਗਨਿ ਸੰਗ ਧਰੈਂ।
ਇਕ ਦਿਨ ਬੈਠੇ ਗੁਰ ਫੁਰਮਾਯਹੁ। 'ਪ੍ਰਥਮ ਛੱਤ੍ਰੀਅਨ ਰਾਜ ਗਵਾਯਹੁ ॥ ੩ ॥

ਸ਼ਸਤਰਾਂ ਦਾ ਵਿਸਾਹ ਨਹੀਂ ਕਰਦੇ ਹਨ, ਰਾਤ ਦਿਨ ਸਰੀਰ ਉੱਤੇ ਧਾਰਦੇ ਹਨ। ਇਕ ਦਿਨ ਬੈਠਿਆਂ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਖੱਤਰੀਆਂ ਨੇ ਰਾਜ ਗਵਾਇਆ ਸੀ॥ ੩ ॥

ਸ਼ਸਤ੍ਰਨਿ ਕੋ ਤਜਿ ਕੈ ਅੱਭਯਾਸਾ। ਬਸੇ ਅਵਾਸਨਿ ਬਿਲਸ ਬਿਲਾਸਾ।
ਰਾਗ ਰੰਗ ਮਹਿਂ ਮੱਤਿ ਬਿਸਾਲਾ। ਡਰਨ ਲਗੇ ਰਿਪੁ ਜਾਨਿ ਕਰਾਲਾ ॥ ੪ ॥

ਸ਼ਸਤਰਾਂ ਦਾ ਅਭਿਆਸ ਛੱਡ ਕੇ ਘਰਾਂ ਵਿਚ ਵੱਸ ਕੇ ਅਨੰਦ ਵਿਲਾਸ ਕਰਦੇ ਸਨ। ਰਾਗ ਰੰਗ ਵਿਚ ਵਿਸ਼ਾਲ ਮਸਤ ਹੋ ਗਏ ਤੇ ਵਿਕਰਾਲ ਵੈਰੀ ਵੇਖ ਕੇ ਡਰਨ ਲੱਗੇ॥ ੪ ॥

ਸਮੁਖ ਮਲੇਛਨ ਕੇ ਨਹਿਂ ਹੋਏ। ਤਜਿ ਆਯੁਧ ਸੂਰੱਤਣ ਖੋਏ।
ਭਏ ਦੀਨ ਕਾਤੁਰ ਮਤਿ ਮੂੜ੍ਹੇ। ਨਿਕਸਿ ਸਦਨ ਤੇ ਅਸੁ ਨ ਅਰੂੜੇ ॥ ੫ ॥

ਮਲੇਛਾਂ ਦੇ ਸਾਹਮਣੇ ਨਾ ਹੋਏ, ਸ਼ਸਤਰ ਛੱਡ ਕੇ ਸੂਰਮਤਾ ਗਵਾ ਲਈ। ਮੂਰਖ ਮੱਤ ਵਾਲੇ ਦੀਨ ਅਤੇ ਕਾਇਰ ਬਣ ਗਏ। ਸੂਰਮੇ ਬਣ ਕੇ ਘਰਾਂ ਵਿਚੋਂ ਨਿਕਲ ਕੇ ਘੋੜਿਆਂ ਤੇ ਨਾ ਚੜ੍ਹੇ॥ ੫ ॥

ਤਬਿ ਤੁਰਕਾਨ ਕੀਨਿ ਰਨ ਕਰਨੀ। ਛੀਨਯੋਂ ਰਾਜ ਕੋਸ਼ ਗਢ ਧਰਨੀ।
ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰਹਿ ਕਾਜ ॥ ੬ ॥

ਫਿਰ ਤੁਰਕ ਯੁੱਧ ਕਰਨ ਲੱਗੇ ਤੇ ਉਨ੍ਹਾਂ ਰਾਜ, ਖਜ਼ਾਨਾ ਅਤੇ ਧਰਤੀ ਖੋਹ ਲਈ। ਰਾਜ-ਸਾਜ ਸ਼ਸਤਰਾਂ ਦੇ ਅਧੀਨ ਹੈ, ਜਿਹੜਾ ਨਹੀਂ ਧਾਰਨ ਕਰਦਾ ਹੈ, ਉਸ ਦਾ ਕਾਰਜ ਵਿਗੜ ਜਾਂਦਾ ਹੈ॥ ੬ ॥

ਯਾਂਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੇ ਉੱਤਮ ਗੁਨੀਅਹਿ।
ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ ॥ ੭ ॥

ਇਸ ਕਰਕੇ ਸਰਬ ਖਾਲਸਾ ਸੁਣੋ, ਸ਼ਸਤਰ ਧਾਰਨ ਕਰਨ ਨੂੰ ਉੱਤਮ ਕਾਰਜ ਸਮਝੋ। ਜਦ ਸਾਡੇ ਦਰਸ਼ਨਾਂ ਵਾਸਤੇ ਆਵੋ ਤਾਂ ਸੁਚੇਤ ਬਣ ਕੇ ਸਰੀਰ ਉੱਤੇ ਸ਼ਸਤਰ ਸਜਾਵੋ॥ ੭ ॥

ਕਮਰ ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ।
ਸ਼ਸਤ੍ਰ ਕੇਸ ਬਿਨ ਪਾਉ ਲਖਹੁ ਨਰ। ਕੇਸ ਧਰੇ ਤਬਿ ਆਧੋ ਲਖਿ ਉਰ ॥ ੮ ॥

ਕਮਰਕੱਸਾ ਕਰਕੇ ਦਿਖਾਈ ਦੇਵੋ, ਸਾਡੀ ਫਿਰ ਵੱਡੀ ਖੁਸ਼ੀ ਹੋਵੇਗੀ। ਜਿਹੜਾ ਮਨੁੱਖ ਕੇਸਾਂ ਅਤੇ ਸ਼ਸਤਰਾਂ ਤੋਂ ਬਗ਼ੈਰ ਹੈ, ਉਹ ਮਨੁੱਖ ਕੇਵਲ ਚੌਥਾ ਹਿੱਸਾ ਰਹਿ ਜਾਂਦਾ ਹੈ, ਉਸ ਨੂੰ ਪੂਰਾ ਮਨੁੱਖ ਨਾ ਸਮਝੋ। ਜੇ ਕੇਸ ਧਾਰਨ ਕਰਦਾ ਤਾਂ ਦਿਲ ਵਿਚ ਅੱਧਾ ਸਮਝੋ॥ ੮ ॥

ਕੇਸ ਸ਼ਸਤ੍ਰ ਜਬਿ ਦੋਨਹੁਂ ਧਾਰੇ। ਤਬਿ ਨਰੁ ਰੂਪ ਹੋਤਿ ਹੈ ਸਾਰੇ'।
ਅਸ ਉਪਦੇਸ ਗੁਰੂ ਤੇ ਸੁਨਿ ਕਰਿ। ਦਰਸ਼ਨ ਪਰਸਤਿ ਆਯੁਧ ਧਰਿ ਧਰਿ ॥ ੯ ॥

ਕੇਸ ਅਤੇ ਸ਼ਸਤਰ ਜਦ ਦੋਵੇਂ ਧਾਰਨ ਕਰਦਾ ਹੈ ਤਦ ਸਾਰਾ ਮਨੁੱਖੀ ਸਰੂਪ ਬਣਦਾ ਹੈ।" ਐਸਾ ਉਪਦੇਸ਼ ਗੁਰੂ ਜੀ ਪਾਸੋਂ ਸੁਣ ਕੇ, ਸਿੱਖ ਸ਼ਸਤਰ ਧਾਰ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੯ ॥

ਸਿੰਘ ਰੂਪ ਸ਼ਸਤ੍ਰਨ ਜੁਤਿ ਹੇਰੈਂ। ਹੋਤਿ ਗੁਰੂ ਕੀ ਖੁਸ਼ੀ ਬਡੇਰੈ।
ਕਮਰ ਕਸੇ ਬਿਨ ਜੋ ਸਿਖ ਜਾਇ। ਤਿਸ ਪਰ ਰੁਖ਼ ਨਹਿਂ ਕਰੈਂ ਕ਼ਦਾਇ ॥ ੧੦ ॥

ਸਿੰਘ ਸਰੂਪ ਸ਼ਸਤਰਾਂ ਸਹਿਤ ਵੇਖਦੇ ਸਨ ਤੇ ਗੁਰੂ ਜੀ ਦੀ ਵੱਡੀ ਖੁਸ਼ੀ ਪ੍ਰਾਪਤ ਕਰਦੇ ਸਨ। ਕਮਰਕੱਸੇ ਬਗੈਰ ਜਿਹੜਾ ਸਿੱਖ ਜਾਂਦਾ ਸੀ, ਉਸ ਵਲ ਗੁਰੂ ਜੀ ਕਦੇ ਵੀ ਵੇਖਦੇ ਨਹੀਂ ਸਨ॥ ੧੦॥

**ਇਕ ਦਿਨ ਲਾਗੋ ਹੁਤੋ ਦਿਵਾਨ। ਬੈਠੇ ਗੁਰੂ ਸੁਹਾਇਂ ਮਹਾਨ।**
**ਦੌਰਿ ਸਿੱਖ ਇਕ ਚਲਿ ਕਰਿ ਆਯੋ। ਲੂਟੀ ਸੰਗਤਿ, ਜੰਗੁ ਬਤਾਯੋ॥ ੧੧॥**

ਇਕ ਦਿਨ ਗੁਰੂ ਜੀ ਦਾ ਦਿਵਾਨ ਲੱਗਾ ਸੀ, ਬੈਠੇ ਹੋਏ ਗੁਰੂ ਜੀ ਮਹਾਨ ਸ਼ੋਭ ਰਹੇ ਸਨ। ਇਕ ਸਿੱਖ ਦੌੜਦਾ ਹੋਇਆ ਆਇਆ। ਸੰਗਤ ਲੁੱਟੀ ਗਈ, ਜੰਗ ਕਰਨ ਬਾਰੇ ਦੱਸਿਆ॥ ੧੧॥

**'ਮਹਾਂਰਾਜ ਰਾਵਰ ਕੇ ਨੇਰੇ। ਨਾਮ ਗ੍ਰਾਮ ਕੋ ਨੁਹਿ ਕਹਿ ਹੇਰੇ।**
**ਤਹਿਂ ਸੰਗਤਿ ਕੁਛ ਉਤਰੀ ਆਇ। ਮੰਦਮਤੀ ਨਰ ਹੈ ਸਮੁਦਾਇ॥ ੧੨॥**

"ਮਹਾਰਾਜ ਆਪ ਜੀ ਦੇ ਨੇੜੇ, ਜਿਸ ਪਿੰਡ ਦਾ ਨਾਂ ਨੁਹਿ ਕਹਿੰਦੇ ਹਨ। ਉਸ ਪਿੰਡ ਵਿਚ ਕੁਝ ਸੰਗਤ ਨੇ ਆ ਕੇ ਉਤਾਰਾ ਕੀਤਾ। ਮਾੜੀ ਮੱਤ ਵਾਲੇ ਉਸ ਪਿੰਡ ਦੇ ਮਨੁੱਖ ਇਕੱਠੇ ਹੋਏ॥ ੧੨॥

**ਲੂਟਨਿ ਹੇਤੁ ਆਨਿ ਸੋ ਪਰੇ। ਜਿਨਹੁਂ ਸ਼ਸਤ੍ਰ ਤਿਨ ਕੇ ਸੰਗ ਕਰੇ।**
**ਸੋ ਬਚ ਰਹੇ ਬੀਰ ਬਰ ਹ੍ਵੈ ਕੈ। ਅਪਰ ਗ਼ਰੀਬ ਲੁਟੇ ਥਿਰ ਹ੍ਵੈ ਕੈ॥ ੧੩॥**

ਤੇ ਫਿਰ ਆ ਕੇ ਸੰਗਤ ਨੂੰ ਲੁੱਟਣ ਪੈ ਗਏ। ਜਿਨ੍ਹਾਂ ਪਾਸ ਸ਼ਸਤਰ ਸਨ, ਉਨ੍ਹਾਂ ਨੇ ਤਾਂ ਉਨ੍ਹਾਂ ਨਾਲ ਜੰਗ ਕੀਤੀ। ਉਹ ਤਾਂ ਵੱਡੇ ਸੂਰਬੀਰ ਬਣ ਕੇ ਬਚੇ ਰਹੇ, ਦੂਸਰੇ ਗਰੀਬ ਉਥੇ ਖੜੇ-ਖੜੇ ਹੀ ਲੁੱਟੇ ਗਏ॥ ੧੩॥

**ਚਲੇ ਸਦਨ ਤੇ ਲਜਾਇ ਉਪਾਇਨ। ਭਈ ਨ ਅਰਪਨ ਸੋ ਗੁਰ ਪਾਇਨ।**
**ਸੁਨਿ ਕਰਿ ਗੁਰ ਉਰ ਧਰਿ ਕਰਿ ਕ੍ਰੋਧਾ। ਕਹ੍ਯੋ 'ਬਨਹੁਂ ਅਬਿ ਸਭਿ ਸਿਖ ਜੋਧਾ॥੧੪॥**

ਆਪਣੇ ਘਰਾਂ ਤੋਂ ਚਲ ਕੇ ਉਪਹਾਰ ਲਿਆਏ ਸਨ, ਉਨ੍ਹਾਂ ਨੂੰ ਗੁਰੂ ਜੀ ਦੇ ਚਰਨ ਕੰਵਲਾਂ ਤੇ ਅਰਪਣ ਨਹੀਂ ਕਰ ਸਕੇ ਹਨ।" ਇਹ ਸੁਣ ਕੇ ਗੁਰੂ ਜੀ ਨੇ ਦਿਲ ਵਿਚ ਕ੍ਰੋਧ ਧਾਰ ਕੇ ਕਿਹਾ, "ਮੈਂ ਸਭ ਸਿੱਖਾਂ ਨੂੰ ਕਿਹਾ ਹੈ ਕਿ ਹੁਣ ਸਾਰੇ ਸਿੱਖ ਯੋਧੇ ਬਣੋ॥ ੧੪॥

**ਹਿੰਦੂ ਤੁਰਕ ਆਂਖ ਤ੍ਰਿਣ ਪਰੇ। ਨਹਿਂ ਨਿਕਰਹਿ ਅਬਿ ਜੋ ਦੁਖ ਭਰੇ।**
**ਇਹ ਬਦਲਾ ਹਮ ਤਿਨ ਸਨ ਲੈ ਹੈਂ। ਮੂਢਨਿ ਕੋ ਸਜ਼ਾਇ ਦ੍ਰਿੜ ਦੈ ਹੈਂ॥੧੫॥**

ਹਿੰਦੂ ਤੁਰਕ ਦੋਵਾਂ ਦੀਆਂ ਅੱਖਾਂ ਵਿਚ ਖਾਲਸਾ ਰੂਪ ਤੀਲਾ ਪਿਆ ਰੜਕਦਾ ਹੈ, ਹੁਣ ਉਹ ਨਿਕਲ ਨਹੀਂ ਸਕਦਾ, ਇਸ ਕਰਕੇ ਦੁਖ ਨਾਲ ਭਰ ਗਏ ਹਨ। ਇਹ ਬਦਲਾ ਹੁਣ ਅਸੀਂ ਉਨ੍ਹਾਂ ਪਾਸੋਂ ਲਵਾਂਗੇ। ਉਨ੍ਹਾਂ ਮੂਰਖਾਂ ਨੂੰ ਵੱਡੀ ਸਜ਼ਾ ਦੇਵਾਂਗੇ"॥ ੧੫॥

**ਸੰਗਤਿ ਦੁਖੀ ਹੋਇ ਕਰਿ ਆਈ। ਦੇ ਧੀਰਜ ਗੁਰ ਨਿਕਟ ਟਿਕਾਈ।**
**ਅਗਲੇ ਦਿਵਸ ਅਖੇਰ ਬਹਾਨੇ। ਕਲਗ਼ੀਧਰ ਤਿਸ ਓਰ ਪਯਾਨੇ॥ ੧੬॥**

ਜਿਹੜੀ ਸੰਗਤ ਦੁਖੀ ਹੋ ਕੇ ਆਈ ਸੀ, ਉਨ੍ਹਾਂ ਨੂੰ ਧੀਰਜ ਦੇ ਕੇ ਗੁਰੂ ਜੀ ਦੇ ਪਾਸ ਹੀ ਬਿਠਾ ਦਿੱਤਾ। ਅਗਲੇ ਦਿਨ ਸ਼ਿਕਾਰ ਖੇਡਣ ਦੇ ਬਹਾਨੇ, ਸਤਿਗੁਰੂ ਜੀ ਉਸ ਪਾਸੇ ਵਲ ਚਲ ਪਏ॥ ੧੬॥

**ਬਜਤਿ ਅੱਗ੍ਰ ਰਣਜੀਤ ਨਗਾਰਾ। ਕੰਪਤਿ ਸ਼ੱਤ੍ਰੁ ਸ਼ਬਦ ਸੁਨਿ ਭਾਰਾ।**
**ਕਿਤਿਕ ਚਮੂੰ ਤਬਿ ਗੁਰ ਕੇ ਸੰਗ। ਜਾਤਿ ਕੁਦਾਇ ਪਲਾਇ ਤੁਰੰਗ॥ ੧੭॥**

ਅੱਗੇ-ਅੱਗੇ ਰਣਜੀਤ ਨਗਾਰਾ ਵੱਜਦਾ ਜਾਂਦਾ ਸੀ, ਵੈਰੀ ਉੱਚੀ ਆਵਾਜ਼ ਸੁਣ ਕੇ ਕੰਬ ਰਹੇ ਸਨ। ਕੁਝ ਸੈਨਾ ਗੁਰੂ ਜੀ ਦੇ ਨਾਲ ਸੀ। ਘੋੜੇ ਭਜਾਈ ਜਾ ਰਹੇ ਸਨ॥ ੧੭॥

ਜਬਿ ਨੁਹਿ ਗ੍ਰਾਮ ਨਿਕਟ ਚਲਿ ਗਏ। ਚਹੁੰਦਿਸ਼ਿ ਮਹਿਂ ਫਿਰ ਸਭਿ ਪਿਖਿ ਲਏ।
ਹੁਕਮ ਖਾਲਸੇ ਕੋ ਗੁਰ ਦੀਨਿ। 'ਹਤਿ ਦੁਸ਼ਟਨਿ ਲਿਹੁ ਵਸਤੂ ਛੀਨ' ॥੧੮॥

ਜਦ ਨੁਹਿ ਪਿੰਡ ਦੇ ਨੇੜੇ ਚਲੇ ਗਏ, ਚਾਰੇ ਪਾਸੇ ਫਿਰ ਸਭ ਵੇਖ ਲਏ। ਗੁਰੂ ਜੀ ਨੇ ਖਾਲਸੇ ਨੂੰ ਹੁਕਮ ਦਿੱਤਾ, "ਦੁਸ਼ਟਾਂ ਨੂੰ ਮਾਰ ਕੇ ਸਭ ਵਸਤਾਂ ਖੋਹ ਲਵੋ" ॥ ੧੮॥

ਗੁੱਜਰ ਰੰਘਰ ਜੇ ਮਦ ਭਰੇ। ਚਢੇ ਸਿੰਘ ਸਭਿ ਦੇਖਨਿ ਕਰੇ।
ਗਹਿ ਗਹਿ ਸ਼ਸਤ੍ਰ ਸਦਨ ਦਰ ਠਾਂਢੇ। ਲਰਿਬੇ ਕਾਰਨ ਹ੍ਵੈ ਕਰਿ ਗਾਢੇ ॥੧੯॥

ਗੁੱਜਰ ਰੰਘੜ ਜੋ ਤਾਕਤ ਦੇ ਨਸ਼ੇ ਨਾਲ ਭਰੇ ਸਨ, ਉਨ੍ਹਾਂ ਨੇ ਸਿੰਘਾਂ ਨੂੰ ਚੜ੍ਹ ਕੇ ਆਇਆਂ ਨੂੰ ਵੇਖ ਲਿਆ। ਹੱਥਾਂ ਵਿਚ ਹਥਿਆਰ ਫੜ-ਫੜ ਸਾਰੇ ਦਰਵਾਜ਼ਿਆਂ ਵਿਚ ਖੜੇ ਹੋ ਗਏ ਤੇ ਲੜਾਈ ਕਰਨ ਵਾਸਤੇ ਪੂਰੀ ਤਰ੍ਹਾਂ ਤਿਆਰ ਹੋ ਗਏ॥ ੧੯॥

ਕੋ ਕੋ ਲਾਗੀ ਛੁਟਨ ਤੁਫੰਗਾ। ਤਬਿ ਸਿੰਘਨਿ ਜਾਨਜੋਂ ਹ੍ਵੈ ਜੰਗਾ।
ਇਕ ਦਿਸ਼ਿ ਤੇ ਤਿਨ ਊਪਰ ਪਰੇ। ਖੈਂਚੇ ਖੜਗ ਹਾਥ ਖਰ ਧਰੇ॥ ੨੦॥

ਕੋਈ-ਕੋਈ ਬੰਦੂਕ ਚਲਣ ਲੱਗੀ, ਤਦ ਸਿੰਘਾਂ ਜਾਣਿਆ ਕਿ ਜੰਗ ਹੋਵੇਗੀ। ਇਕ ਪਾਸੇ ਤੋਂ ਉਨ੍ਹਾਂ ਉੱਪਰ ਪੈ ਗਏ ਤੇ ਖਿੱਚ ਕੇ ਤਿੱਖੀਆਂ ਤਲਵਾਰਾਂ ਹੱਥਾਂ ਵਿਚ ਫੜ ਲਈਆਂ॥ ੨੦॥

ਗਾਢੇ ਖਰੇ ਅੰਗ ਤਿਨ ਕਾਟੇ। ਹਲਾਹੂਲ ਕਰਿ ਸਗਰੇ ਡਾਂਟੇ।
ਕੁਛਕ ਤੁਫੰਗੈਂ ਤਿਨਹੁਂ ਚਲਾਈ। ਮਿਲੇ ਸਿੰਘ ਮਾਰੇ ਸਮੁਦਾਈ॥ ੨੧॥

ਉਨ੍ਹਾਂ ਦੇ ਤਕੜੇ ਮੋਟੇ ਅੰਗ ਕੱਟ ਦਿੱਤੇ। ਹਮਲਾ ਕਰਕੇ ਸਾਰਿਆਂ ਨੂੰ ਡਾਂਟ ਦਿੱਤਾ। ਕੁਝ ਬੰਦੂਕਾਂ ਉਨ੍ਹਾਂ ਵੀ ਚਲਾਈਆਂ, ਸਿੰਘਾਂ ਨੇ ਮਿਲ ਕੇ ਸਾਰੇ ਮਾਰ ਦਿੱਤੇ॥ ੨੧॥

ਤਬਿ ਰੰਘੜ ਉਮਡੇ ਇਕ ਦਿਸ਼ਿ ਮੈਂ। ਸ਼ਸਤ੍ਰ ਪ੍ਰਹਾਰੈਂ ਬਹੁ ਹ੍ਵੈ ਰਿਸ ਮੈਂ।
ਦੁਤਿਯ ਦਿਸ਼ਾ ਗੁੱਜਰ ਮਿਲਿ ਗਏ। ਬ੍ਰਿੰਦ ਤੁਫੰਗ ਚਲਾਵਤਿ ਭਏ॥ ੨੨॥

ਤਦ ਰੰਘੜ ਇਕ ਪਾਸੇ ਉਮਡ ਆਏ, ਬਹੁਤ ਗੁੱਸੇ ਵਿਚ ਆ ਕੇ ਸ਼ਸਤਰਾਂ ਦੇ ਵਾਰ ਕਰਦੇ ਸਨ। ਦੂਸਰੇ ਪਾਸੇ ਗੁਜਰ ਮਿਲ ਕੇ ਇਕੱਠੇ ਹੋ ਗਏ। ਬਹੁਤ ਬੰਦੂਕਾਂ ਚਲਾ ਰਹੇ ਸਨ॥ ੨੨॥

ਲਾਗੀ ਸਿੰਘਨਿ ਅੰਗ ਤੁਫੰਗਨਿ। ਗਿਰੇ ਕਿਤਿਕ ਹੁਇ ਪ੍ਰਾਨਨਿ ਭੰਗਨ।
ਕਰਜੋ ਖਾਲਸੇ ਨੇ ਤਬਿ ਹੱਲਾ। ਜੋ ਦੁਸ਼ਟਨ ਤੇ ਜਾਇ ਨ ਝੱਲਾ॥ ੨੩॥

ਸਿੰਘਾਂ ਦੇ ਅੰਗਾਂ ਨੂੰ ਵੀ ਗੋਲੀਆਂ ਲਗੀਆਂ, ਕਈ ਪ੍ਰਾਣਹੀਣ ਹੋ ਕੇ ਡਿੱਗ ਪਏ। ਫਿਰ ਖਾਲਸੇ ਨੇ ਵੱਡਾ ਹੱਲਾ ਬੋਲਿਆ ਜਿਹੜਾ ਦੁਸ਼ਟਾਂ ਪਾਸੋਂ ਝੱਲਿਆ ਨਹੀਂ ਸੀ ਜਾਂਦਾ॥ ੨੩॥

ਜ੍ਵਾਲਾਬਮਣੀ ਤਜਿ ਇਕ ਬਾਰ। ਬਹੁਰ ਕਰੀ ਨੰਗੀ ਤਲਵਾਰ।
ਕੇਤਿਕ ਕੇ ਸਿਰ ਬਿਖੈ ਲਗਾਈ। ਕਾਟਿ ਅੰਗ ਰਿਪੁਦਏ ਗਿਰਾਈ॥ ੨੪॥

ਸਾਰੀਆਂ ਬੰਦੂਕਾਂ ਇਕੋ ਵਾਰ ਛੱਡ ਕੇ, ਫਿਰ ਤਲਵਾਰਾਂ ਨੰਗੀਆਂ ਕਰ ਲਈਆਂ। ਕਈਆਂ ਦੇ ਸਿਰਾਂ ਤੇ ਤਲਵਾਰਾਂ ਵੱਜੀਆਂ ਤੇ ਵੈਰੀ ਦੇ ਅੰਗ ਕੱਟ ਕੇ ਥੱਲੇ ਸੁੱਟ ਦਿੱਤੇ॥ ੨੪॥

ਖਚਾਖੱਚ ਤਰਵਾਰੈਂ ਮਾਚੀ। ਭਈ ਅਰੁਣ ਸ਼ੋਣਤ ਸੰਗ ਰਾਚੀ।
ਕੇਤਿਕ ਕੇ ਸਿਰ ਕਾਟ ਗਿਰਾਏ। ਪਰੇ ਪ੍ਰਿਥੀ ਪਰ ਪ੍ਰਾਣ ਗਵਾਏ॥ ੨੫॥

ਖੜਾਖੜ ਤਲਵਾਰਾਂ ਮੱਚ ਉਠੀਆਂ, ਧਰਤੀ ਲਹੂ ਨਾਲ ਰਚੀ ਲਾਲ ਹੋ ਗਈ। ਕਈਆਂ ਦੇ ਸਿਰ ਕੱਟ ਕੇ ਡੇਗ ਦਿੱਤੇ ਤੇ ਉਹ ਪ੍ਰਾਣ ਗਵਾ ਕੇ ਧਰਤੀ 'ਤੇ ਪਏ ਸਨ॥ ੨੫॥

**ਜੋ ਅਰਿ ਅਰਕਰਿ ਸ਼ਸਤ੍ਰ ਚਲਾਯੋ। ਸੋ ਤਤਛਿਨ ਹੀ ਮਾਰਿ ਗਿਰਾਯੋ।**
**ਬੀਸ ਪਚੀਸ ਕਟੇ ਜਬਿ ਐਸੇ। ਦਾਰੁਨ ਪਿਖੇ ਸਿੰਘ ਸਿੰਘ ਜੈਸੇ॥ ੨੬॥**

ਜਿਸ ਵੈਰੀ ਨੇ ਅੜ ਕੇ ਸ਼ਸਤਰ ਚਲਾਏ, ਉਸ ਨੂੰ ਤੁਰਤ ਹੀ ਮਾਰ ਕੇ ਡੇਗ ਲਿਆ। ਵੀਹ ਪੰਚੀ ਜਦ ਇਸ ਤਰ੍ਹਾਂ ਮਾਰੇ ਗਏ। ਉਨ੍ਹਾਂ ਵੇਖਿਆ ਸਿੰਘ ਸ਼ੇਰ ਵਾਂਗ ਵੱਡੇ ਭੈਦਾਇਕ ਹਨ॥ ੨੬॥

**ਚਲੇ ਪਲਾਇ ਸਦਨ ਕੋ ਤ੍ਯਾਗੇ। ਜਾਨਯੋ ਜਬਹਿ, ਬਚਹਿਂ ਨਹਿਂ ਭਾਗੇ।**
**ਸ਼ਸਤ੍ਰ ਗੇਰਿ, ਕਰ ਜੋਰਤਿ ਭਏ। ਤਜੀ ਧੀਰ ਕਾਤੁਰ ਹ੍ਵੈ ਗਏ॥ ੨੭॥**

ਉਹ ਘਰਾਂ ਨੂੰ ਛੱਡ ਕੇ ਭੱਜ ਉੱਠੇ, ਜਦ ਇਹ ਸਮਝਿਆ ਕਿ ਭੱਜਿਆਂ ਵੀ ਨਹੀਂ ਬਚਾਂਗੇ ਤਦ ਸ਼ਸਤਰ ਸੁੱਟ ਕੇ ਹੱਥ ਜੋੜਨ ਲੱਗੇ, ਧੀਰਜ ਛੱਡ ਕੇ ਕਾਇਰ ਹੋ ਗਏ॥ ੨੭॥

**'ਗੁਰ ਕੀ ਦੋਹੀ' ਊਚ ਪੁਕਾਰੀ। 'ਰੱਛਹੁ ਰੱਛਹੁ ਸ਼ਰਨਿ ਤਿਹਾਰੀ'।**
**ਤਊ ਸਿੰਘ ਬਹੁ ਰਿਸ ਮਹਿਂ ਭਰੇ। ਹਤੇ ਸ਼ਸਤ੍ਰ ਨਹਿਂ ਤਜਿਬੋ ਕਰੇ॥ ੨੮॥**

"ਗੁਰੂ ਦੀ ਦੁਹਾਈ" ਸਹਾਇਤਾ ਲਈ ਉੱਚੀ ਪੁਕਾਰ ਕੀਤੀ, "ਸਾਡੀ ਰੱਖਿਆ ਕਰੋ ਅਸੀਂ ਤੁਹਾਡੀ ਸ਼ਰਨ ਵਿਚ ਹਾਂ।" ਫਿਰ ਵੀ ਸਿੰਘ ਬੜੇ ਕ੍ਰੋਧ ਨਾਲ ਭਰ ਗਏ। ਸ਼ਸਤਰ ਮਾਰੇ, ਛੱਡੇ ਨਹੀਂ॥ ੨੮॥

**ਦਯਾ ਸਿੰਘ ਨੇ ਗੁਰੂ ਬਤਾਯੋ। 'ਉਤ ਕੋ ਗਮਨਹੁ ਲੇਂ ਸੁ ਬਚਾਯੋ'।**
**ਸੁਨਿ ਕਰਿ ਭਏ ਪਲਾਇਨ ਸਾਰੇ। ਪਹੁਚੇ ਤਹਿਂ ਜਹਿਂ ਪ੍ਰਭੂ ਨਿਹਾਰੇ॥ ੨੯॥**

ਦਇਆ ਸਿੰਘ ਨੇ ਰੰਘੜਾਂ ਨੂੰ ਦੱਸਿਆ ਕਿ ਗੁਰੂ ਜੀ ਫਲਾਣੇ ਥਾਂ ਹਨ। "ਉਧਰ ਨੂੰ ਜਾਵੋ, ਉਹ ਬਚਾ ਲੈਣਗੇ।" ਇਹ ਸੁਣ ਕੇ ਸਾਰੇ ਭੱਜ ਉੱਠੇ ਤੇ ਉਥੇ ਪਹੁੰਚ ਗਏ ਜਿੱਥੇ ਉਨ੍ਹਾਂ ਗੁਰੂ ਜੀ ਨੂੰ ਵੇਖਿਆ॥ ੨੯॥

**ਗੁਰੂ ਦੁਹਾਈ ਕਰਤਿ ਉਚਾਰ। ਉਤ ਸਿੰਘਨਿ ਬਹੁ ਕੀਨਸਿ ਮਾਰ।**
**ਜੋ ਗੁਰ ਸ਼ਰਨਿ ਜਾਇ ਕਰਿ ਪਰੇ। ਬਚੇ ਸੁ, ਅਰੇ ਪ੍ਰਾਨ ਤਿਨ ਹਰੇ॥ ੩੦॥**

ਗੁਰੂ ਦੀ ਦੁਹਾਈ ਉਚਾਰਨ ਕਰਦੇ ਸਨ, ਓਧਰ ਸਿੰਘਾਂ ਨੇ ਬਹੁਤ ਮਾਰ ਕੀਤੀ। ਜਿਹੜੇ ਗੁਰੂ ਜੀ ਦੇ ਸ਼ਰਨ ਆ ਪਏ ਉਹ ਬਚ ਗਏ, ਜਿਹੜੇ ਅੜੇ ਉਹ ਪ੍ਰਾਣ ਗਵਾ ਬੈਠੇ॥ ੩੦॥

**ਲੂਟਯੋ ਗ੍ਰਾਮ ਵਸਤੁ ਤਿਨ ਸਾਰੀ। ਸਦਨ ਢਹਾਇ ਕੀਨਿ ਇਕਸਾਰੀ।**
**ਦਈ ਸਜ਼ਾਇ ਸਭਿਨਿ ਕੋ ਐਸੀ। ਸੰਗਤਿ ਸੰਗ ਕੀਨਿ ਤਿਨ ਜੈਸੀ॥ ੩੧॥**

ਉਸ ਪਿੰਡ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ, ਸਾਰੇ ਘਰ ਢਾਹ ਕੇ ਇਕਸਾਰ ਕਰ ਦਿੱਤੇ। ਸਾਰਿਆਂ ਨੂੰ ਇਸ ਪ੍ਰਕਾਰ ਸਜ਼ਾ ਦਿੱਤੀ, ਜਿਵੇਂ ਉਨ੍ਹਾਂ ਨੇ ਸੰਗਤ ਦੇ ਨਾਲ ਵਿਹਾਰ ਕੀਤਾ ਸੀ॥ ੩੧॥

**ਪਹੁਚੇ ਨਿਕਟ ਗੇਰਿ ਹੱਥਯਾਰ। ਸੋ ਪ੍ਰਭੁ ਲਿਏ ਬਚਾਇ ਗਵਾਰ।**
**ਆਗੇ ਕੋ ਤਿਨ ਸੰਗ ਉਚਾਰਾ। 'ਪੁਨ ਜਿ ਕਰਹੁ ਅਪਰਾਧ ਹਮਾਰਾ॥ ੩੨॥**

ਜਿਹੜੇ ਹਥਿਆਰ ਸੁੱਟ ਕੇ ਗੁਰੂ ਜੀ ਪਾਸ ਪਹੁੰਚ ਗਏ, ਉਨ੍ਹਾਂ ਗਵਾਰਾਂ ਨੂੰ ਗੁਰੂ ਜੀ ਨੇ ਬਚਾ ਲਿਆ ਤੇ ਕਿਹਾ, "ਜੇ ਫਿਰ ਸਾਡਾ ਕੁਝ ਨੁਕਸਾਨ ਕਰੋਗੇ॥ ੩੨॥

ਤਤਛਿਨ ਕਰਹਿਂ ਬਿਨਾਸ਼ ਤੁਮਾਰਾ। ਬਚਹੁ ਨਹੀਂ ਕਿਸ ਜਤਨ ਉਦਾਰਾ।
ਇਸ ਬਿਧਿ ਗ੍ਰਾਮ ਲੂਟ ਕਰਿ ਆਏ। ਹਤਿ ਰੰਘਰ ਗੂਜਰ ਸਮੁਦਾਏ॥ ੩੩॥

ਤਾਂ ਤੁਰਤ ਤੁਹਾਡਾ ਨਾਸ਼ ਕਰ ਦੇਵਾਂਗੇ, ਕਿਸੇ ਵੱਡੇ ਯਤਨ ਨਾਲ ਵੀ ਨਹੀਂ ਬਚ ਸਕੋਗੇ।" ਇਸ ਪ੍ਰਕਾਰ ਉਹ ਪਿੰਡ ਲੁੱਟ ਕੇ ਆਏ, ਗੂਜਰਾਂ ਅਤੇ ਰੰਘੜਾਂ ਸਭ ਨੂੰ ਮਾਰਿਆ॥ ੩੩॥

ਬਹੁਰ ਅਖੇਰ ਬ੍ਰਿੱਤ ਕੁਛ ਕੀਨੋ। ਸ੍ਰੀ ਪ੍ਰਭੁ ਬਨ ਮਹਿਂ ਬਿਚਰਨ ਕੀਨੋ।
ਸ਼ੂਕਰ, ਸਸੇ, ਝੰਖਾਰ ਬਡੇਰੇ। ਹਿਤ ਆਮਿਖ ਕੇ ਹਤੇ ਘਨੇਰੇ॥ ੩੪॥

ਫਿਰ ਕੁਝ ਦੇਰ ਸ਼ਿਕਾਰ ਖੇਡਿਆ, ਸਤਿਗੁਰੂ ਜੀ ਜੰਗਲ ਵਿਚ ਵਿਚਰਦੇ ਰਹੇ। ਸੂਰ, ਸਹੇ ਅਤੇ ਬਾਰਾਂਸਿੰਗੇ ਆਦਿ ਮਾਸ ਵਾਸਤੇ ਬਹੁਤ ਮਾਰੇ॥ ੩੪॥

ਲਗੇ ਸਿਖਾਵਨ ਜੰਗ ਪ੍ਰਸੰਗ। ਸ਼ਸਤ੍ਰ ਹਤਨਿ ਕੇ ਜਿਮ ਹੁਇਂ ਢੰਗ।
ਬਜੈ ਅੱਗ੍ਰ ਰਣਜੀਤ ਨਗਾਰਾ। ਗਰਜਤਿ ਸਕਲ ਗਿਰਨਿ ਕੀ ਧਾਰਾ॥ ੩੫॥

ਫਿਰ ਗੁਰੂ ਜੀ ਜੰਗ ਕਰਨ ਦੇ ਢੰਗ ਸਿਖਾਉਣ ਲੱਗੇ, ਸ਼ਸਤਰ ਚਲਾਉਣ ਦੇ ਜਿਹੜੇ ਅਹਿਮ ਤਰੀਕੇ ਸਨ। ਅੱਗੇ-ਅੱਗੇ ਰਣਜੀਤ ਨਗਾਰਾ ਵੱਜਦਾ ਸੀ, ਜਿਹੜਾ ਸਾਰੇ ਪਹਾੜਾਂ ਦੀ ਧਾਰ ਤੇ ਗੱਜਦਾ ਸੀ॥ ੩੫॥

ਜੰਗ ਪ੍ਰਸੰਗ ਜਹਾਂ ਕਹਿਂ ਸੁਨਜੋ। 'ਨੁਹ ਜੋ ਗ੍ਰਾਮ ਗੁਰੂ ਚਢਿ ਹਨਜੋਂ।
ਸੰਗਤਿ ਲੂਟੀ ਯਾਂ ਤੇ ਮਾਰਾ'। ਸੁਨਿ ਸੁਨਿ ਅਪਰ ਸਭਿਨਿ ਡਰ ਧਾਰਾ॥ ੩੬॥

ਜੰਗ ਦਾ ਪ੍ਰਸੰਗ ਜਿੱਥੇ ਕਿੱਥੇ ਸੁਣਿਆ ਗਿਆ, "ਜਿਹੜਾ ਨੁਹਿ ਪਿੰਡ ਹੈ, ਉਸ ਨੂੰ ਗੁਰੂ ਜੀ ਨੇ ਚੜ੍ਹਾਈ ਕਰਕੇ ਮਾਰਿਆ ਹੈ। ਉਸ ਪਿੰਡ ਨੇ ਸੰਗਤ ਨੂੰ ਲੁੱਟ ਲਿਆ ਸੀ, ਇਸ ਕਰਕੇ ਮਾਰਿਆ ਹੈ।" ਇਹ ਸੁਣ ਸੁਣ ਕੇ ਦੂਸਰਿਆਂ ਸਾਰਿਆਂ ਨੇ ਡਰ ਧਾਰਨ ਕੀਤਾ॥ ੩੬॥

ਕੇਤਿਕ ਦੁਸ਼ਟ ਮੂਢ ਮਤਿ ਕਾਚੇ। ਗੁਰ ਸੰਗ ਬੈਰ ਧਾਰਿ ਰਿਸ ਰਾਚੇ।
ਹੁਤੇ ਜੁ ਤਿਨ ਸੰਬੰਧੀ ਬ੍ਰਿੰਦ। ਬਨੇ ਸ਼ੱਤ੍ਰੂ ਚਹਿਂ ਜੰਗ ਬਿਲੰਦ॥ ੩੭॥

ਕਈ ਦੁਸ਼ਟ, ਮੂਰਖ ਕੱਚੀ ਮੱਤ ਵਾਲੇ, ਗੁਰੂ ਜੀ ਨਾਲ ਵੈਰ ਧਾਰ ਕੇ ਕ੍ਰੋਧ ਵਿਚ ਰਚ ਜਾਂਦੇ ਸਨ, ਉਨ੍ਹਾਂ ਦੇ ਜਿਹੜੇ ਬਹੁਤ ਸੰਬੰਧੀ ਹੁੰਦੇ ਸਨ, ਉਹ ਵੈਰੀ ਬਣ ਜਾਂਦੇ ਸਨ ਤੇ ਵੱਡੀ ਜੰਗ ਕਰਨੀ ਚਾਹੁੰਦੇ ਸਨ॥ ੩੭॥

ਜਾਗਜੋ ਬੈਰ ਖਾਲਸੇ ਕੇਰਾ॥ ਹਿੰਦੂ ਤੁਰਕਨਿ ਸੰਗ ਬਖੇਰਾ।
ਸਹਿ ਨਹਿਂ ਸਕਹਿਂ ਮੂਢ ਅੱਗਜਾਨੀ। ਬਧੀ ਸਪਰਧਾ ਅਧਿਕ ਮਹਾਨੀ॥ ੩੮॥

ਖਾਲਸੇ ਦਾ ਵੈਰ ਜਾਗਿਆ, ਹਿੰਦੂ ਤੁਰਕਾਂ ਨਾਲ ਬਖੇੜਾ ਖੜਾ ਹੋ ਗਿਆ। ਅਗਿਆਨੀ ਮੂਰਖ ਸਹਿ ਨਹੀਂ ਸੀ ਸਕਦੇ। ਈਰਖਾ ਬਹੁਤ ਵੱਧ ਗਈ ਸੀ॥ ੩੮॥

ਸਤਿਗੁਰ ਦੁੰਦ ਬਜਾਵਤਿ ਆਏ। ਸਨੇ ਸਨੇ ਚਲਿ ਸਹਿਜ ਸੁਭਾਏ।
ਆਨਿ ਅਨੰਦਪੁਰਿ ਗੁਰੂ ਬਿਰਾਜੇ। ਜਿਨ ਕੇ ਦਰਸ਼ਨ ਤੇ ਅਘ ਭਾਜੇ॥ ੩੯॥

ਸਤਿਗੁਰੂ ਜੀ ਨਗਾਰੇ ਵਜਾਉਂਦੇ ਆਏ, ਹੌਲੀ-ਹੌਲੀ ਸਹਿਜ-ਸੁਭਾਅ ਚਲ ਕੇ ਆ ਗਏ। ਗੁਰੂ ਜੀ ਆ ਕੇ ਅਨੰਦਪੁਰ ਵਿਚ ਬਿਰਾਜ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ॥ ੩੯॥

ਖਾਨ ਪਾਨ ਕਰਿ ਨਿਸਾ ਮਝਾਰੀ। ਸੁਪਤਿ ਜਥਾ ਸੁਖ ਸਕਲ ਗੁਜ਼ਾਰੀ।
ਜਾਮ ਜਾਮਨੀ ਜਾਗਨ ਹੋਇ। ਸੌਚ ਸ਼ਨਾਨ ਕਰਹਿਂ ਸਭਿ ਕੋਇ॥ ੪੦॥

Sri Satguru Jagjit Singh Ji eLlibrary NamdhariElibrary@gmail.com

ਖਾ ਪੀ ਕੇ ਰਾਤ ਸੁਖ ਨਾਲ ਸੌਂ ਕੇ ਬਤੀਤ ਕੀਤੀ, ਪਹਿਰ ਰਾਤ ਰਹਿੰਦਿਆਂ ਜਾਗ ਪਏ। ਸਾਰੇ ਸੌਚ ਇਸ਼ਨਾਨ ਕਰਦੇ ਸਨ॥ ੪੦॥

**ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ। ਸਿੰਘ ਸਤਿਗੁਰੂ ਸਭਾ ਲਗਾਵਹਿਂ।**
**ਨਿਤ ਪ੍ਰਤਿ ਪਾਹੁਲ ਲੇਤਿ ਅਨੇਕ। ਦੇਤਿ ਦਿਵਾਵਤਿ ਜਲਧਿ ਬਿਬੇਕ॥੪੧॥**

ਵਸਤਰਾਂ ਸ਼ਸਤਰਾਂ ਨੂੰ ਸਰੀਰ ਤੇ ਸਜਾਉਂਦੇ ਸਨ ਤੇ ਸਿੰਘ ਸਤਿਗੁਰੂ ਜੀ ਸਭਾ ਲਾਉਂਦੇ ਸਨ। ਨਿਤਪ੍ਰਤਿ ਅਨੇਕਾਂ ਮਨੁੱਖ ਅੰਮ੍ਰਿਤ ਛਕਦੇ ਸਨ, ਸਤਿਗੁਰੂ ਜੀ ਕਈਆਂ ਨੂੰ ਆਪ ਅੰਮ੍ਰਿਤ ਛਕਾਉਂਦੇ ਸਨ ਤੇ ਕਈਆਂ ਨੂੰ ਪੰਜਾਂ ਪਿਆਰਿਆਂ ਪਾਸੋਂ ਛਕਵਾਉਂਦੇ ਸਨ॥ ੪੧॥

**ਪੰਥ ਖਾਲਸਾ ਬਧਨੇ ਲਾਗਜੋ। ਜਨੁ ਛਤ੍ਰੀ ਧ੍ਰਮ ਸੂਤੋ ਜਾਗਜੋ।**
**ਗਰਜਿ ਗਰਜਿ ਕਰਿ ਫ਼ਤੇ ਬੁਲਾਵੈਂ। ਕੇਸ ਕੱਛ ਆਯੁਧ ਉਰ ਭਾਵੈ॥ ੪੨॥**

ਪੰਥ ਖਾਲਸਾ ਵਧਣ ਲੱਗਾ, ਜਿਵੇਂ ਖੱਤਰੀ ਧਰਮ, ਸੁੱਤਾ ਹੋਇਆ ਜਾਗ ਪਿਆ ਹੋਵੇ। ਗੱਜ ਗੱਜ ਕੇ ਫਤਹਿ ਬੁਲਾਉਂਦੇ ਸਨ। ਕੇਸ, ਕੱਛ ਅਤੇ ਸ਼ਸਤਰ ਪਹਿਨ ਕੇ ਦਿਲ ਨੂੰ ਚੰਗੇ ਲੱਗਦੇ ਸਨ॥ ੪੨॥

*ਤੀਸਰੀ ਰੁੱਤ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥*

# *ਅਧਿਆਇ ਚੱਵੀਵਾਂ*

## *ਭਾਈ ਨੰਦ ਲਾਲ*

**ਦੋਹਰਾ- ਨੰਦਲਾਲ ਕੀ ਬਾਰਤਾ ਕਹੌਂ ਸੁਨਹੁ ਮਤਿ ਲਾਇ।**
**ਜਿਮ ਸਤਿਗੁਰ ਸੌਂ ਮਿਲਿ ਰਹਜੋ ਆਨੰਦ ਲਹਿ ਅਧਿਕਾਇ॥ ੧॥**

ਮੈਂ ਹੁਣ ਨੰਦ ਲਾਲ ਦੀ ਵਾਰਤਾ ਕਹਿੰਦਾ ਹਾਂ, ਹੇ ਸ੍ਰੋਤਾ ਜਨ! ਬੁੱਧੀ ਲਾ ਕੇ ਸੁਣੋ। ਜਿਵੇਂ ਉਹ ਸਤਿਗੁਰੂ ਜੀ ਨੂੰ ਮਿਲ ਕੇ ਅਨੰਦ ਪ੍ਰਾਪਤ ਕਰਕੇ ਰਹਿੰਦੇ ਰਹੇ॥ ੧॥

**ਚੌਪਈ- ਖੱਤ੍ਰੀ ਹੁਤੋ ਮਹਾਂ ਧਨਵੰਤਾ। ਤਿਸਕੇ ਗ੍ਰਿਹ ਜਨਮਜੋਂ ਮਤਿਵੰਤਾ।**
**ਧਰਮ ਬੈਸ਼ਨੋ ਧਾਰਨ ਕਰੇ। ਇਸ ਕੋ ਪਿਤਾ ਭਾਉ ਮਨ ਧਰੇ॥ ੨॥**

ਇਕ ਮਹਾਨ ਧਨੀ ਖੱਤਰੀ ਸੀ, ਉਸ ਦੇ ਘਰ ਬੁੱਧੀਵਾਨ ਭਾਈ ਨੰਦ ਨੇ ਜਨਮ ਲਿਆ। ਉਸ ਦਾ ਪਿਤਾ ਵੈਸ਼ਨੋ ਧਰਮ ਨਾਲ ਪ੍ਰੇਮ ਰਖਦਾ ਸੀ॥ ੨॥

**ਜਬਿ ਦ੍ਵਾਦਸ਼ ਸੰਮਤ ਕੋ ਹੋਵਾ। ਇਕ ਦਿਨ ਬਿਚਰਤਿ ਪਿਤ ਨੇ ਜੋਵਾ।**
**ਅਬਹਿ ਉਚਿਤ ਕੰਠੀ ਬੰਧਵਾਵਨਿ। ਉਰ ਬਿਚਾਰ ਕਿਯ ਗੁਰੂ ਬੁਲਾਵਨਿ॥੩॥**

ਜਦ ਬਾਰਾਂ ਸਾਲ ਦਾ ਹੋਇਆ, ਇਕ ਦਿਨ ਪਿਤਾ ਨੇ ਫਿਰਦਿਆਂ ਵੇਖਿਆ ਤੇ ਸੋਚਿਆ ਹੁਣ ਕੰਠੀ ਬੰਨ੍ਹਵਾਉਣੀ ਉਚਿਤ ਹੈ। ਦਿਲ ਵਿਚ ਗੁਰੂ ਨੂੰ ਬੁਲਵਾਉਣ ਬਾਰੇ ਵਿਚਾਰ ਕੀਤੀ॥ ੩॥

ਹਿਤ ਉਪਦੇਸ਼ ਬਿਠਾਯਹੁ ਪਾਸ। ਕਹਿ ਸੁਤ ਸੋਂ 'ਹਮ ਹੈਂ ਹਰਿ ਦਾਸ।
ਗੁਰੂ ਬੈਸ਼ਨੋ ਧਾਰਨ ਕਰੋ। ਤਿਸ ਆਗਜਾ ਕੇ ਨਿਤ ਅਨੁਸਰੋ॥ ੪॥

ਉਪਦੇਸ਼ ਵਾਸਤੇ ਪਾਸ ਬਿਠਾਇਆ ਤੇ ਪੁੱਤਰ ਨੂੰ ਕਿਹਾ, "ਅਸੀਂ ਹਰੀ ਦੇ ਦਾਸ ਹਾਂ। ਵੈਸ਼ਨੋ ਗੁਰੂ ਧਾਰਨ ਕਰੋ ਤੇ ਸਦਾ ਉਸ ਦੀ ਆਗਿਆ ਅਨੁਸਾਰ ਰਹੋ॥ ੪॥

ਕੰਠੀ ਅਪਨੇ ਕੰਠ ਬੰਧਾਵਹੁ। ਧਰਮ ਬੈਸ਼ਨੋ ਕੇ ਮਹਿਂ ਆਵਹੁ'।
ਇਮ ਕਹਿ ਲਿਯੋ ਬੁਲਾਇ ਬੈਰਾਗੀ। ਨੰਦਲਾਲ ਹੋਯ ਨ ਅਨੁਰਾਗੀ॥ ੫॥

ਕੰਠੀ ਆਪਣੇ ਕੰਨ ਤੇ ਬੰਨ੍ਹਾਵੇ ਤੇ ਵੈਸ਼ਨੋ ਧਰਮ ਵਿਚ ਆ ਜਾਵੇ।" ਇਸ ਤਰ੍ਹਾਂ ਕਹਿ ਕੇ ਵੈਰਾਗੀ ਨੂੰ ਬੁਲਾ ਲਿਆ, ਨੰਦ ਲਾਲ ਉਸ ਦਾ ਪ੍ਰੇਮੀ ਨਾ ਹੋਇਆ॥ ੫॥

ਗੁਰ ਨੇ ਭਨਜੋ 'ਧਰਮ ਕੋ ਧਾਰ। ਕੰਠੀ ਪਾਵਹੁ ਕੰਠ ਮਝਾਰ'।
ਨੰਦਲਾਲ ਕਰ ਜੋਰਿ ਬਖਾਨਾ। 'ਇਸ ਕੰਠੀ ਤੇ ਅਨੰਦ ਨ ਜਾਨਾ॥ ੬॥

ਗੁਰੂ ਨੇ ਕਿਹਾ, "ਧਰਮ ਨੂੰ ਧਾਰਨ ਕਰੋ ਤੇ ਕੰਠੀ ਨੂੰ ਆਪਣੇ ਕੰਠ ਵਿਚ ਪਾਵੋ।" ਇਹ ਸੁਣ ਕੇ ਨੰਦ ਲਾਲ ਹੱਥ ਜੋੜ ਕੇ ਬੋਲਿਆ, "ਇਸ ਕੰਠੀ ਵਿਚ ਕੋਈ ਅਨੰਦ ਨਹੀਂ ਜਾਣਿਆ ਹੈ॥ ੬॥

ਬਾਣੀ ਸੁੰਦਰ ਕੰਠੀ ਜੋਇ। ਮੋਰ ਗਰੇ ਪਹਿਰਾਵਹੁ ਸੋਇ।
ਗੁਰ ਪਰਮੇਸ਼ੁਰ ਜਸੁ ਜਿਸ ਮਾਂਹੀ। ਬਰਨਨ ਕਰਤੇ ਤ੍ਰਿਪਤੌਂ ਨਾਂਹੀ॥ ੭॥

ਬਾਣੀ ਜਿਹੜੀ ਸੁੰਦਰ ਕੰਠੀ ਹੈ, ਉਸ ਨੂੰ ਮੇਰੇ ਗਲ ਵਿਚ ਪਾਵੋ, ਜਿਸ ਵਿਚ ਗੁਰੂ ਪਰਮੇਸਰ ਦਾ ਜੱਸ ਹੈ, ਜਿਸ ਦਾ ਵਰਨਣ ਕਰਦੇ ਤ੍ਰਿਪਤ ਨਹੀਂ ਹੁੰਦੇ ਹਾਂ॥ ੭॥

ਸਦਾ ਕੰਠ ਮਹਿਂ ਸੁੰਦਰ ਸੋਹੈ। ਪਠਨਿ ਸੁਨਿਨ ਤੇ ਜਨ ਮਨ ਮੋਹੈ।
ਬਰਖ ਹਜ਼ਾਰਹੁਂ ਬਰਧਤਿ ਰਹੈ। ਜਗ ਮਹਿਂ ਜਸੁ ਆਗੈ ਗਤਿ ਲਹੈ॥ ੮॥

ਉਹ ਸਦਾ ਮੇਰੇ ਕੰਠ ਵਿਚ ਸੁੰਦਰ ਸ਼ੋਭਦੀ ਹੈ, ਪੜ੍ਹਨ ਸੁਣਨ ਨਾਲ ਮਨ ਮੋਹ ਲੈਂਦੀ ਹੈ। ਹਜ਼ਾਰਾਂ ਸਾਲਾਂ ਤੱਕ ਵਧਦੀ ਰਹਿੰਦੀ ਹੈ। ਜੱਗ ਵਿਚ ਜੱਸ ਮਿਲਦਾ ਹੈ ਅਤੇ ਅੱਗੇ ਗਤੀ ਪ੍ਰਾਪਤ ਹੁੰਦੀ ਹੈ॥ ੮॥

ਨਿਤ ਤਾਰੀਫ ਗੁਰੂ ਕੀ ਕਰੌਂ। ਪਾਵਨ ਪਰਮੇਸ਼ੁਰ ਜਸੁ ਰਰੌਂ'।
ਸੁਨਤਿ ਬੈਸਨੋ ਭਯੋ ਪ੍ਰਸੰਨ। ਸੁਤਹਿ ਸਿੱਧ ਬਾਲਿਕ ਇਹ ਧੰਨ॥ ੯॥

ਨਿਤ ਗੁਰੂ ਜੀ ਦੀ ਉਸਤਤ ਕਰਾਂਗਾ, ਪਵਿੱਤਰ ਪਰਮੇਸਰ ਦਾ ਜੱਸ ਰਟਾਂਗਾ।" ਇਹ ਸੁਣ ਕੇ ਵੈਸ਼ਨੋ ਪ੍ਰਸੰਨ ਹੋ ਗਿਆ ਹਰ ਪਖੋਂ ਇਹ ਬਾਲਕ ਧੰਨ ਹੈ॥ ੯॥

ਅਸ ਕੰਠੀ ਮਮ ਨਿਕਟ ਨ ਅਹੈ। ਜਿਸ ਢਿਗ ਹੋਇ ਤਿਸੀ ਤੇ ਲਹੈ।
ਸੁਮਤਿਵੰਤ ਇਹੁ ਬਾਲਿਕ ਹੋਵੈ। ਹਿਰਦੈ ਹਰਿ ਹਰਿ ਨਾਮ ਪਰੋਵੈ॥ ੧੦॥

ਐਸੀ ਕੰਠੀ ਮੇਰੇ ਪਾਸ ਨਹੀਂ ਹੈ, ਜਿਸ ਪਾਸ ਇਹ ਹੋਵੇਗੀ ਉਸ ਪਾਸੋਂ ਹੀ ਲਵੇਗਾ। ਇਹ ਬਾਲਕ ਵੱਡਾ ਬੁਧੀਵਾਨ ਹੋਵੇਗਾ, ਹਿਰਦੇ ਵਿਚ ਹਰੀ ਦਾ ਨਾਮ ਪਰੋ ਲਵੇਗਾ॥ ੧੦॥

ਇਮ ਬਿਚਾਰ ਕਰਿ ਕਛੂ ਨ ਕਹਜੋ। ਨਿਜ ਅਸਥਾਨ ਜਾਇ ਥਿਤ ਲਹਜੋ।
ਨੰਦਲਾਲ ਕੋ ਪਿਤਾ ਬਿਚਾਰਤਿ। ਗੁਰੂ ਬੈਸਨੋ ਕਿਛ ਰਿਸ ਧਾਰਤਿ॥ ੧੧॥

ਇਸ ਤਰ੍ਹਾਂ ਵਿਚਾਰ ਕਰਕੇ ਕੁਝ ਨਾ ਕਿਹਾ ਤੇ ਆਪਣੇ ਨਿਜੀ ਸਥਾਨ ਤੇ ਜਾ ਬੈਠਾ। ਨੰਦ ਲਾਲ ਦਾ ਪਿਤਾ ਵਿਚਾਰ ਕਰਨ ਲੱਗਾ ਕਿ ਵੈਸ਼ਨੋ ਗੁਰੂ ਨੇ ਕੁਝ ਗੁੱਸਾ ਧਾਰਨ ਕੀਤਾ ਹੈ॥ ੧੧॥

ਨਾਹਿਨ ਸੁਤ ਕੋ ਕੰਠੀ ਦਈ। ਉਠਿ ਗਮਨਜੋ ਘਰ ਕਜਾ ਗਤਿ ਭਈ ?।
ਗਯੋ ਸਮੀਪ ਜਾਇ ਕਰਿ ਬੈਸਾ। ਹਾਥ ਜੋਰਿ ਬੋਲਾ ਬਚ ਐਸਾ ॥੧੨॥

ਉਸ ਨੇ ਪੁੱਤਰ ਨੂੰ ਕੋਈ ਕੰਠੀ ਨਹੀਂ ਦਿੱਤੀ, ਉੱਠ ਕੇ ਆਪਣੇ ਘਰ ਨੂੰ ਚਲਾ ਗਿਆ ਹੈ, ਪਤਾ ਨਹੀਂ ਕੀ ਗਤੀ ਹੋਈ ਹੈ ? ਗੁਰੂ ਦੇ ਪਾਸ ਜਾ ਕੇ ਬੈਠ ਗਿਆ ਤੇ ਹੱਥ ਜੋੜ ਕੇ ਬਚਨ ਕੀਤਾ॥ ੧੨॥

'ਕਰਹੁ ਕ੍ਰਿਪਾ ਕੰਠੀ ਗਰ ਪਾਵਹੁ। ਨੰਦ ਲਾਲ ਕੋ ਸਿੱਖ ਬਨਾਵਹੁ'।
ਸੁਨਤਿ ਵਿਰਾਗੀ ਕਹਜੋ ਸੁਨਾਇ। 'ਇਹੁ ਜੱਗਜਾਸੀ ਸਹਿਜ ਸੁਭਾਇ॥੧੩॥

"ਕਿਰਪਾ ਕਰੋ ਤੇ ਨੰਦ ਲਾਲ ਦੇ ਗਲ ਕੰਠੀ ਪਾਵੋ ਤੇ ਉਸ ਨੂੰ ਆਪਣਾ ਸਿੱਖ ਬਣਾਵੋ।" ਇਹ ਸੁਣ ਕੇ ਵਿਰਾਗੀ ਨੇ ਕਿਹਾ, "ਉਹ ਸਹਿਜ ਸੁਭਾਅ ਹੀ ਜਗਿਆਸੂ ਹੈ॥ ੧੩॥

ਜਬਿ ਹੋਵਹਿ ਜਹਿਂ ਕੋ ਅਧਿਕਾਰੀ। ਬਨਹਿ ਸਿੱਖ, ਇਹੁ ਚਿੰਤ ਬਿਸਾਰੀ'।
ਸੁਨਿ ਤੂਸ਼ਨ ਪਿਤ ਤਿਸ ਕੋ ਭਯੋ। ਭਲੀ ਬੁਰੀ ਕੁਛ ਲਖਤਿ ਨ ਭਯੋ॥੧੪॥

ਜਦੋਂ ਇਸ ਦਾ ਅਧਿਕਾਰੀ ਹੋਵੇਗਾ, ਇਹ ਚਿੰਤਾ ਵਿਸਾਰ ਕੇ ਸਿੱਖ ਬਣ ਜਾਵੇਗਾ।" ਇਹ ਸੁਣ ਕੇ ਪਿਤਾ ਚੁੱਪ ਕਰ ਗਿਆ। ਭਲੀ ਬੁਰੀ ਕੋਈ ਗੱਲ ਵੀ ਜਾਣ ਨਾ ਸਕਿਆ॥ ੧੪॥

ਨੰਦਲਾਲ ਨਿਤ ਮਕਤਬ ਜਾਇ। ਇਲਮ ਫ਼ਾਰਸੀ ਪਢਹਿ ਬਨਾਇ।
ਤੀਛਨ ਬੁੱਧਿ ਪੁਨਹਿ ਅੱਭਜਾਸੇ। ਨਿਤਪ੍ਰਤਿ ਬਿੱਦਜਾ ਬਹੁਤ ਪ੍ਰਕਾਸ਼ੇ॥੧੫॥

ਨੰਦ ਲਾਲ ਸਦਾ ਮਦਰੱਸੇ ਜਾਂਦਾ ਸੀ, ਤੇ ਫਾਰਸੀ ਇਲਮ ਚੰਗੀ ਤਰ੍ਹਾਂ ਪੜ੍ਹਦਾ ਸੀ। ਤਿੱਖੀ ਬੁੱਧੀ ਸੀ, ਫਿਰ ਅਭਿਆਸ ਬਹੁਤ ਕਰਦਾ ਸੀ, ਨਿਤਾਪ੍ਰਤਿ ਵਿਦਿਆ ਬਹੁਤ ਪ੍ਰਕਾਸ਼ਦੀ ਸੀ॥ ੧੫॥

ਬ੍ਰਿੰਦ ਕਿਤਾਬਨਿ ਕੋ ਪਢਿ ਗਯੋ। ਇਲਮ ਬਿਖੈ ਕਾਮਲ ਬਹੁ ਭਯੋ।
ਸਭਾ ਚਤੁਰ ਕਹਿਬੇ ਸ਼ੁਭ ਬਾਤ। ਅਧਿਕ ਬਧਤਿ ਸਭਿ ਮਹਿ ਬੱਖਜਾਤ॥੧੬॥

ਬਹੁਤ ਕਿਤਾਬਾਂ ਪੜ੍ਹ ਗਿਆ ਤੇ ਇਲਮ ਵਿਚ ਬਹੁਤ ਕਾਮਲ ਬਣ ਗਿਆ। ਸਭਾ ਵਿਚ ਸ਼ੁਭ ਗੱਲ ਕਹਿਣ ਨੂੰ ਚਤੁਰ ਹੋ ਗਿਆ। ਪ੍ਰਗਟ ਰੂਪ ਵਿਚ ਸਭ ਵਿਚ ਉਸ ਦਾ ਨਾਮਣਾ ਬਹੁਤ ਵੱਧ ਗਿਆ॥ ੧੬॥

ਹੁਤੋ ਬਹਾਦਰਸ਼ਾਹ ਸਜਾਦਾ। ਕਰੀ ਚਾਕਰੀ ਤਹਿਂ ਅਹਿਲਾਦਾ।
ਗੁਰ ਕਰਿਬੇ ਕੋ ਚਾਹਤਿ ਰਹੈ। 'ਪੂਰਨ ਹੋਹਿ, ਮੋਹ ਕੋ ਦਹੈ'॥ ੧੭॥

ਔਰੰਗਜ਼ੇਬ ਦਾ ਪੁੱਤਰ ਜਿਹੜਾ ਸ਼ਹਿਜ਼ਾਦਾ ਬਹਾਦਰ ਸ਼ਾਹ ਸੀ ਉਸ ਪਾਸ ਬੜੇ ਅਨੰਦ ਨਾਲ ਨੌਕਰੀ ਕਰਨ ਲੱਗਾ। ਗੁਰੂ ਧਾਰਨ ਨੂੰ ਚਾਹੁੰਦਾ ਰਿਹਾ, "ਪੂਰਨ ਗੁਰੂ ਹੋਵੇ ਜਿਹੜਾ ਮੇਰੇ ਮੋਹ ਦਾ ਨਾਸ਼ ਕਰੇ"॥ ੧੭॥

ਪੁਰਿ ਆਨੰਦ ਮਹਿਂ ਜਲਧਿ ਅਨੰਦ। ਦਸਮੇ ਪਾਤਸ਼ਾਹ ਸੁਖ ਕੰਦ।
ਮਹਿਮਾ ਸੁਨੀ ਅਨਿਕ ਕੇ ਪਾਸ। 'ਬ੍ਰਹਮ ਗਜਾਨ ਕੇ ਮਹਾਂ ਪ੍ਰਕਾਸ਼॥ ੧੮॥

ਅਨੰਦਪੁਰ ਵਿਚ ਅਨੰਦ ਦੇ ਸਾਗਰ ਸੁਖਾਂ ਨੂੰ ਦੇਣ ਵਾਲੇ ਦਸਮੇ ਪਾਤਿਸ਼ਾਹ ਜੀ ਰਹਿੰਦੇ ਸਨ। ਉਨ੍ਹਾਂ ਦੀ ਮਹਿਮਾ ਅਨੇਕਾਂ ਲੋਕਾਂ ਪਾਸੋਂ ਸੁਣੀ ਸੀ, "ਉਨ੍ਹਾਂ ਵਿਚ ਮਹਾਨ ਬ੍ਰਹਮ-ਗਿਆਨ ਪ੍ਰਕਾਸ਼ ਰਿਹਾ ਹੈ॥ ੧੮॥

ਸਿਖ ਕੀ ਗਤਿ ਬਾਕਨਿ ਤੇ ਕਰੈਂ। ਅਨਿਕ ਕਲੇਸ਼ਨਿ ਕੋ ਪਰਹਰੈਂ।
ਸੁਜਸੁ ਸੁਨਤਿ ਧਰਿ ਹਰਖ ਬਿਲੰਦ। ਪਹੁੰਚਤਿ ਭਾ ਤਬਿ ਨਗਰ ਅਨੰਦ ॥੧੯॥

ਸਿੱਖ ਦੀ ਗਤੀ ਬਚਨਾਂ ਨਾਲ ਹੀ ਕਰ ਦਿੰਦੇ ਹਨ, ਅਨੇਕਾਂ ਕਲੇਸ਼ਾਂ ਨੂੰ ਦੂਰ ਕਰਦੇ ਹਨ।" ਉਨ੍ਹਾਂ ਦਾ ਸ੍ਰੇਸ਼ਟ ਜੱਸ ਸੁਣ ਕੇ ਨੰਦ ਲਾਲ ਬਹੁਤ ਪ੍ਰਸੰਨ ਹੋਇਆ, ਤਦ ਉਹ ਅਨੰਦਪੁਰ ਵਿਚ ਪਹੁੰਚ ਗਿਆ॥ ੧੯॥

ਰਿਦੇ ਮਨੋਰਥ ਜਾਤਿ ਉਠਾਵਾ। ਗੁਰ ਅੰਤਰਜਾਮੀ ਸਭਿ ਪਾਵਾ।
ਰਿਦੈ ਮਨੋਰਥ, ਮੇਰੋ ਜਾਨਹਿਂ। ਕਰੁਨਾ ਕਰਹਿਂ ਬੁਲਾਵਨ ਠਾਨਹਿਂ॥ ੨੦॥

ਜਾਂਦਿਆਂ ਹਿਰਦੇ ਵਿਚ ਇਕ ਮਨੋਰਥ ਧਾਰਨ ਕੀਤਾ, ਸਾਰਿਆਂ ਨੇ ਸਹੀ ਕੀਤਾ ਹੈ ਕਿ ਗੁਰੂ ਜੀ ਅੰਤਰਜਾਮੀ ਹਨ। ਜੇ ਮੇਰੇ ਹਿਰਦੇ ਦਾ ਮਨੋਰਥ ਜਾਣਦੇ ਹਨ ਤਾਂ ਕਿਰਪਾ ਕਰਕੇ ਮੈਨੂੰ ਬੁਲਾ ਲੈਣ॥ ੨੦॥

ਅਪਨੋ ਸਿੱਖ ਪਠਾਇ ਹਕਾਰੈਂ। ਮੋਹਿ ਅਧਮ ਕੋ ਜਗਤ ਉਧਾਰੈਂ।
ਏਵ ਮਨੋਰਥ ਕਰਿ ਤਹਿਂ ਰਹਜੋ। ਹੋਇ ਇਕੰਤ ਬੈਠਿ ਗੁਰ ਚਹਜੋ॥ ੨੧॥

ਆਪਣੇ ਸਿੱਖ ਭੇਜ ਕੇ ਬੁਲਾ ਲੈਣ, ਮੇਰੇ ਨੀਚ ਦਾ ਇਸ ਜਗਤ ਤੋਂ ਉਧਾਰ ਕਰ ਦੇਣ। ਇਹ ਮਨੋਰਥ ਕਰਕੇ ਉਥੇ ਰਿਹਾ। ਇਕਾਂਤ ਵਿਚ ਬੈਠ ਕੇ ਗੁਰੂ ਜੀ ਨੂੰ ਮਿਲਣਾ ਚਾਹੁੰਦਾ ਸੀ॥ ੨੧॥

ਕਰਹਿ ਪ੍ਰਤੀਖਨ ਗੁਰ ਕੀ ਦਿਸ਼ਿ ਤੇ। ਆਇ ਮਿਲਹਿ ਕੋ, ਦਰਸੌਂ ਜਿਸ ਤੇ।
ਗੁਰ ਪੂਰਨ ਕੋ ਖੋਜਤਿ ਰਹਜੋ। ਫਿਰਜੋ ਅਨਿਕ ਥਲ ਕਹੂੰ ਨ ਲਹਜੋ॥ ੨੨॥

ਗੁਰੂ ਜੀ ਵਾਲੇ ਪਾਸੇ ਤੋਂ ਉਡੀਕ ਰਿਹਾ ਸੀ, ਕੋਈ ਆ ਮਿਲੇ ਜਿਸ ਪਾਸੋਂ ਗੁਰੂ ਜੀ ਦੇ ਦਰਸ਼ਨ ਕਰੀਏ। ਪੂਰਨ ਗੁਰੂ ਜੀ ਨੂੰ ਲੱਭਦਾ ਰਿਹਾ, ਕਈ ਅਨੇਕਾਂ ਥਾਵਾਂ ਤੇ ਗਿਆ ਪਰ ਕਿਤੇ ਵੀ ਦਰਸ਼ਨ ਨਹੀਂ ਹੋਏ ਹਨ॥ ੨੨॥

ਪਤੇ ਹੇਤੁ ਆਨੰਦ ਪੁਰਿ ਬਾਸੇ। ਮੋਹਿ ਬੁਲਾਵਹਿਂ ਸ੍ਰੀ ਗੁਰ ਪਾਸੇ।
ਧਰਹਿ ਧਜਾਨ ਕੋ ਸਿਮਰਹਿ ਨਾਮੂ। ਸੁੰਦਰ ਮੂਰਤਿ ਸ੍ਰੀ ਮੁਖ ਧਾਮੂ॥ ੨੩॥

ਪਤੇ ਵਾਸਤੇ ਅਨੰਦਪੁਰ ਰਹਿੰਦਾ ਹੈ, ਮੈਨੂੰ ਗੁਰੂ ਜੀ ਆਪਣੇ ਪਾਸ ਬੁਲਾਉਣ। ਗੁਰੂ ਜੀ ਦੇ ਮੁਖ ਧਾਮ ਅਤੇ ਸੁੰਦਰ ਮੂਰਤ ਦਾ ਧਿਆਨ ਧਾਰਨ ਕਰਦਾ ਸੀ ਅਤੇ ਉਨ੍ਹਾਂ ਦੇ ਨਾਮ ਦਾ ਸਿਮਰਨ ਕਰਦਾ ਸੀ॥ ੨੩॥

ਕਿਤਿਕ ਦਿਵਸ ਇਸ ਰੀਤਿ ਬਿਤੀਤੇ। ਭਾਉ ਭਗਤਿ ਬਿਰਧਾਵਤਿ ਚੀਤੇ।
ਸਤਿਗੁਰ ਚਰਨ ਪ੍ਰੇਮ ਬਡ ਜਾਗਾ। ਨਿਸ ਬਾਸੁਰ ਇਕ ਸਮ ਅਨੁਰਾਗਾ॥ ੨੪॥

ਕਈ ਦਿਨ ਇਸ ਰੀਤੀ ਨਾਲ ਬਤੀਤ ਕੀਤੇ ਤੇ ਆਪਣੇ ਚਿੱਤ ਵਿਚ ਪ੍ਰੇਮ ਭਗਤੀ ਵਧਾ ਰਿਹਾ ਸੀ। ਸਤਿਗੁਰੂ ਜੀ ਦੇ ਚਰਨਾਂ ਨਾਲ ਵੱਡਾ ਪ੍ਰੇਮ ਜਾਗਿਆ, ਦਿਨ ਰਾਤ ਇਕ ਸਮਾਨ ਪ੍ਰੇਮ ਵਿਚ ਭਿੱਜਾ ਰਹਿੰਦਾ ਸੀ॥ ੨੪॥

ਸ੍ਰੀ ਗੁਰ ਗੋਵਿੰਦ ਸਿੰਘ ਸੁਜਾਨਾ। ਕਰੀ ਪ੍ਰੇਮ ਨੇ ਖੈਂਚ ਮਹਾਨਾ।
ਰਹਜੋ ਨ ਗਯੋ ਧੀਰ ਕਰਿ ਗੁਰ ਤੇ। ਜੋ ਸਿਮਰਤਿ ਅਨੁਰਾਗਤਿ ਉਰ ਤੇ॥ ੨੫॥

ਚਤੁਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰੇਮ ਨੇ ਵੱਡੀ ਖਿੱਚ ਮਾਰੀ। ਗੁਰੂ ਜੀ ਪਾਸੋਂ ਧੀਰਜ ਕਰਕੇ ਰਿਹਾ ਨਾ ਗਿਆ। ਜਿਹੜਾ ਦਿਲੋਂ ਪ੍ਰੇਮ ਕਰਕੇ ਸਿਮਰਨ ਕਰ ਰਿਹਾ ਹੈ॥ ੨੫॥

ਕੀਨਿ ਮੇਵਰੇ ਕੋ ਤਬਿ ਆਇਸੁ। 'ਏਕ ਸਿੱਖ ਥਿਤ ਅਮਕੇ ਥਾਇ ਸੁ।
ਤਿਸ ਕੋ ਕਰਹੁ ਹਕਾਰਨਿ ਜਾਇ। ਇਸ ਹੀ ਛਿਨ ਮਹਿਂ ਆਨਿ ਦਿਖਾਇ' ॥੨੬॥

ਗੁਰੂ ਜੀ ਨੇ ਫਿਰ ਮੇਵੜੇ ਨੂੰ ਆਗਿਆ ਕੀਤੀ, "ਇਕ ਸਿੱਖ ਫਲਾਣੇ ਥਾਂ ਬੈਠਾ ਹੈ, ਉਸ ਨੂੰ ਜਾ ਕੇ ਬੁਲਾ ਕੇ ਲਿਆਵੋ, ਏਸੇ ਛਿਣ ਆ ਕੇ ਦਿਖਾਈ ਦੇਵੇ" ॥ ੨੬ ॥

ਸੁਨਤਿ ਮੇਵਰੋ ਤੂਰਨ ਗਯੋ। 'ਸ਼੍ਰੀ ਗੁਰ ਤੋਹਿ ਬੁਲਾਵਤਿ ਭਯੋ।
ਸੋ ਪ੍ਰਸੰਨ, ਅਬਿ ਹੀ ਲਗਿ ਚਰਨੀ। ਕਰਹਿਂ ਉਧਾਰਨ ਰਾਖਹਿਂ ਸ਼ਰਨੀ' ॥ ੨੭ ॥

ਇਹ ਸੁਣ ਕੇ ਮੇਵੜਾ ਤੁਰਤ ਗਿਆ ਤੇ ਜਾ ਕੇ ਕਿਹਾ, "ਸ੍ਰੀ ਗੁਰੂ ਜੀ ਤੁਹਾਨੂੰ ਬੁਲਾਉਂਦੇ ਹਨ। ਪ੍ਰਸੰਨ ਹੋ ਕੇ ਹੁਣੇ ਹੀ ਉਨ੍ਹਾਂ ਦੀ ਚਰਨੀਂ ਲੱਗ ਜਾਵੋ, ਸ਼ਰਨੀ ਰੱਖ ਕੇ ਤੁਹਾਡਾ ਉਧਾਰ ਕਰ ਦੇਣਗੇ" ॥ ੨੭ ॥

ਸੁਨਤਿ ਕਾਨ ਮਹਿਂ ਅਨੰਦ ਮਹਾਨ। ਮਨਹੁਂ ਰਾਜ ਲੇ ਸਕਲ ਜਹਾਨ।
ਤਤਛਿਨ ਹਰਖਤਿ ਆਵਨ ਕੀਨਾ। ਬੈਠੇ ਸਤਿਗੁਰ ਦਰਸ਼ਨ ਦੀਨਾ ॥ ੨੮ ॥

ਇਹ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਮਹਾਨ ਪ੍ਰਸੰਨ ਹੋ ਗਿਆ, ਮਾਨੋ ਸਾਰੀ ਦੁਨੀਆਂ ਦਾ ਰਾਜ ਮਿਲ ਗਿਆ ਹੋਵੇ, ਤੁਰਤ ਖੁਸ਼ ਹੋ ਕੇ ਆ ਗਿਆ। ਸਤਿਗੁਰੂ ਜੀ ਨੇ ਬੈਠ ਕੇ ਦਰਸ਼ਨ ਦਿੱਤੇ ॥ ੨੮ ॥

ਕਮਲ ਪੱਤ੍ਰ ਸੇ ਲਲਿਤ ਬਿਲੋਚਨ। ਜਿਤ ਦਿਸ਼ ਪਿਖਿ ਕਰਿ ਸੋਚ ਬਿਮੋਚਨਿ।
ਪਹੁੰਚਯੋ ਪਗ ਪੰਕਜ ਲਪਟਾਯੋ। ਬੋਲਯੋ: 'ਸ਼ਰਨਿ ਪ੍ਰਭੂ ਮੈਂ ਆਯੋ ॥ ੨੯ ॥

ਕੰਵਲ ਦੇ ਪੱਤਿਆਂ ਵਰਗੇ ਵੱਡੇ-ਵੱਡੇ ਨੈਣ ਹਨ, ਜਿਸ ਪਾਸੇ ਵੇਖਦੇ ਹਨ ਸੋਚਾਂ ਰਹਿਤ ਕਰ ਦਿੰਦੇ ਹਨ। ਪਹੁੰਚ ਕੇ ਚਰਨ ਕੰਵਲਾਂ ਨਾਲ ਲਿਪਟ ਗਿਆ ਤੇ ਬੋਲਿਆ, "ਹੇ ਪ੍ਰਭੂ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ ॥ ੨੯ ॥

ਤ੍ਰਾਹਿ ਤ੍ਰਾਹਿ ਸ਼੍ਰੀ ਸਤਿਗੁਰ ਦਾਤਾ! ਏਕ ਅਹੋ ਤੁਮ ਜਮ ਤੇ ਤ੍ਰਾਤਾ।
ਤੀਨ ਲੋਕ ਪਤਿ ਕੇ ਅਵਤਾਰਾ। ਸੁਨਤਿ ਸੁਜਸੁ ਆਯੋ ਦਰਬਾਰਾ ॥ ੩੦ ॥

ਹੇ ਸਤਿਗੁਰੂ ਦਾਤਾ! ਮੈਨੂੰ ਬਚਾ ਲਵੋ, ਮੈਨੂੰ ਬਚਾ ਲਵੋ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਇਕ ਤੁਸੀਂ ਹੀ ਜਮਾਂ ਤੋਂ ਬਚਾਉਣ ਵਾਲੇ ਹੋ। ਤਿੰਨਾਂ ਲੋਕਾਂ ਦੇ ਮਾਲਕ ਨੇ ਅਵਤਾਰ ਧਾਰਨ ਕੀਤਾ ਹੈ, ਤੁਹਾਡਾ ਸ੍ਰੇਸ਼ਟ ਜੱਸ ਸੁਣ ਕੇ ਮੈਂ ਤੁਹਾਡੇ ਦਰਬਾਰ ਵਿਚ ਆਇਆ ਹਾਂ ॥ ੩੦ ॥

ਕੋਟ ਜਨਮ ਭਰਮਤਿ ਅਬਿ ਹਾਰੇ। ਪਰਯੋ ਸ਼ਰਨਿ ਰਖਿ ਰਾਖਨ ਹਾਰੇ'।
ਸੁਨਿ ਬਿਨਤੀ ਗਿਨਤੀ ਤਜਿ ਔਰ। ਭੇ ਪ੍ਰਸੰਨ ਸੋਢੀ ਸਿਰਮੌਰ ॥ ੩੧ ॥

ਕੋਟਾਂ ਜਨਮ ਭਰਮਦੇ ਹੁਣ ਹਾਰ ਗਏ ਹਾਂ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਹੇ ਰੱਖਣਹਾਰੇ, ਰੱਖ ਲਵੋ।" ਗੁਰੂ ਜੀ ਨੇ ਬੇਨਤੀਆਂ ਸੁਣ ਕੇ ਹੋਰ ਗਿਣਤੀਆਂ ਛੱਡ ਕੇ ਸੋਢੀ ਸ਼ਿਰੋਮਣੀ ਬਹੁਤ ਪ੍ਰਸੰਨ ਹੋ ਗਏ ॥ ੩੧ ॥

ਕ੍ਰਿਪਾਦ੍ਰਿਸ਼ਟਿ ਸੋਂ ਦੇਖਨਿ ਕਰਯੋ। ਭ੍ਰਮ ਅੱਗਜਾਨ ਸੁ ਤਿਸ ਪਰਹਰਯੋ।
ਮੋਹ ਮਹਾਨ ਨੀਂਦ ਮਹਿਂ ਸੋਵਾ। ਜਾਗਤਿ ਭਯੋ ਗੁਰੂ ਰਵਿ ਜੋਵਾ ॥ ੩੨ ॥

ਕਿਰਪਾ-ਦ੍ਰਿਸ਼ਟੀ ਨਾਲ ਨੰਦ ਲਾਲ ਵਲ ਵੇਖਿਆ ਤੇ ਭਰਮ ਅਗਿਆਨ ਸਾਰੇ ਦੂਰ ਕਰ ਦਿੱਤੇ। ਜਿਹੜਾ ਮਹਾਨ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਸੀ, ਉਹ ਗੁਰੂ ਰੂਪੀ ਸੂਰਜ ਨੂੰ ਵੇਖ ਕੇ ਜਾਗ ਪਿਆ ॥ ੩੨ ॥

ਹਾਥ ਜੋਰਿ ਬੋਲਯੋ ਤਿਸ ਕਾਲ। 'ਨਾਨਕ ਨਦਰੀ ਨਦਰਿ ਨਿਹਾਲ'।
ਕ੍ਰਿਪਾ ਪਾਇ ਇਮ ਸਤਿਗੁਰ ਕੇਰੀ। ਰਹਯੋ ਨਿਕਟ ਮਨ ਪ੍ਰੀਤਿ ਘਨੇਰੀ ॥ ੩੩ ॥

ਉਸ ਸਮੇਂ ਹੱਥ ਜੋੜ ਕੇ ਬੋਲਿਆ, "ਹੇ ਨਦਰੀ ਗੁਰੂ ਜੀ! ਆਪ ਜੀ ਦੀ ਨਦਰ ਨਾਲ ਮੈਂ ਨਿਹਾਲ ਹੋ ਗਿਆ ਹਾਂ।" ਇਸ ਤਰ੍ਹਾਂ ਸਤਿਗੁਰੂ ਜੀ ਦੀ ਕ੍ਰਿਪਾ ਪਾਈ, ਮਨ ਵਿਚ ਵੱਡੀ ਪ੍ਰੀਤ ਧਾਰ ਗੁਰੂ ਜੀ ਦੇ ਪਾਸ ਰਿਹਾ ॥ ੩੩ ॥

Sri Satguru Jagjit Singh Ji eLlibrary NamdhariElibrary@gmail.com

ਤਾਉ ਕਸੌਟੀ ਬਿਨ, ਮਨ ਖੋਵਾ। ਬਾਰਹਿ ਬੰਨੀ ਕੰਚਨ ਹੋਵਾ।
ਬੈਠਿ ਸਭਾ ਮਹਿਂ ਸਤਿਗੁਰ ਆਗੇ। ਮਹਿਮਾ ਕਰਹਿ ਗੁਰਨਿ ਅਨੁਰਾਗੇ॥ ੩੪॥

ਕਸੌਟੀ ਦੇ ਤਾਅ ਬਿਨਾਂ ਹੀ ਮੈਲ ਨਾਸ਼ ਹੋ ਗਈ, ਬਾਰਾਂ ਕੰਨੀਆਂ ਦਾ ਸੋਨਾ ਹੋ ਗਿਆ। ਸਤਿਗੁਰੂ ਜੀ ਦੇ ਅੱਗੇ ਬੈਠ ਕੇ ਗੁਰੂ ਜੀ ਦੇ ਪ੍ਰੇਮ ਦੀ ਮਹਿਮਾ ਕਰਦਾ ਸੀ॥ ੩੪॥

ਬੀਚ ਫਾਰਸੀ ਬੈਤ ਬਨਾਵੈ। ਰੁਚਿਰ ਬਾਕ ਕਹਿ ਗੁਰੂ ਰਿਝਾਵੈ।
ਬਹੁ ਚਤੁਰਾਈ ਗੁਨ ਗਨ ਸਾਥ। ਸੇਵਕ ਨਿਤਪ੍ਰਤਿ ਸ੍ਰੀ ਗੁਰ ਨਾਥ॥ ੩੫॥

ਫਾਰਸੀ ਵਿਚ ਬੈਂਤ ਬਣਾਉਂਦਾ ਸੀ, ਸੁੰਦਰ ਬਚਨ ਕਹਿ ਕੇ ਗੁਰੂ ਜੀ ਨੂੰ ਪ੍ਰਸੰਨ ਕਰਦਾ ਸੀ। ਸਾਰੇ ਗੁਣਾਂ ਸਹਿਤ ਵੱਡੀ ਚਤੁਰਾਈ ਦਾ ਮਾਲਕ ਸੀ ਤੇ ਨਿਤਪ੍ਰਤਿ ਗੁਰੂ ਮਾਲਕ ਦਾ ਸੇਵਕ ਬਣ ਕੇ ਰਹਿੰਦਾ ਸੀ॥ ੩੫॥

ਕੇਤਿਕ ਦਿਵਸ ਬਾਸ ਕਰਿ ਪਾਸ। ਬਿਦਾ ਹੋਇ ਪੁਨ ਗਯੋ ਅਵਾਸ।
ਸਦਾ ਧਯਾਨ ਸਤਿਗੁਰ ਕੋ ਧਾਰੈ। ਬੈਠਤਿ ਊਠਤਿ ਨਾਮ ਸੰਭਾਰੈ॥ ੩੬॥

ਕਈ ਦਿਨ ਗੁਰੂ ਜੀ ਪਾਸ ਰਹਿ ਕੇ, ਵਿਦਾ ਹੋ ਕੇ ਆਪਣੇ ਘਰ ਨੂੰ ਚਲਾ ਗਿਆ। ਸਦਾ ਸਤਿਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ ਤੇ ਉੱਠਦਾ ਬੈਠਦਾ ਨਾਮ ਸੰਭਾਲਦਾ ਸੀ॥ ੩੬॥

ਗੁਰ ਕਰਿ ਕੈ ਦਸਮੇ ਪਤਿਸਾਹਾ। ਸਿੱਖੀ ਮਗ ਮਹਿਂ ਮਹਾਂ ਉਮਾਹਾ।
ਸ਼ਹਿਜ਼ਾਦੇ ਕੇ ਨਿਕਟ ਰਹੰਤਾ। ਸੁਮਤਿਵੰਤ ਜਿਮ ਸੰਤ ਮਹੰਤਾ॥ ੩੭॥

ਦਸਵੇਂ ਪਾਤਸ਼ਾਹ ਨੂੰ ਆਪਣਾ ਗੁਰੂ ਬਣਾ ਕੇ, ਸਿੱਖ ਮਾਰਗ ਵਿਚ ਬੜੇ ਉਤਸ਼ਾਹ ਨਾਲ ਚਲਦਾ ਸੀ। ਸ਼ਹਿਜ਼ਾਦੇ ਦੇ ਪਾਸ ਰਹਿੰਦਾ ਸੀ। ਸੰਤਾਂ ਮਹੰਤਾਂ ਵਾਂਗ ਵੱਡਾ ਬੁੱਧੀਵਾਨ ਸੀ॥ ੩੭॥

ਰਹਤਿ ਬਹਾਦਰ ਸ਼ਾਹ ਨਜੀਕਾ। ਤਿਸਹਿ ਬਤਾਵਹਿ ਮਾਰਗ ਨੀਕਾ।
ਮਤਿਵੰਤਨ ਮਹਿਂ ਗਿਨੀਅਹਿ ਸਾਰੇ। ਨਿਪੁਨ ਫਾਰਸੀ ਇਲਮ ਮਝਾਰੇ॥ ੩੮॥

ਸ਼ਹਿਜ਼ਾਦੇ ਬਹਾਦਰ ਸ਼ਾਹ ਦੇ ਨਜ਼ਦੀਕ ਰਹਿੰਦਾ ਸੀ ਤੇ ਉਸ ਨੂੰ ਚੰਗੇ ਮਾਰਗ ਬਾਰੇ ਦੱਸਦਾ ਸੀ। ਸਾਰੇ ਵੱਡੇ ਬੁੱਧੀਵਾਨਾਂ ਵਿਚ ਗਿਣਿਆ ਜਾਂਦਾ ਸੀ ਤੇ ਫਾਰਸੀ ਇਲਮ ਵਿਚ ਨਿਪੁੰਨ ਸੀ॥ ੩੮॥

ਔਰੰਗ ਕੋ ਪ੍ਰਤਾਪ ਬਡ ਬਾਢਾ। ਦੁਸ਼ਟ ਬਿਸਾਲ ਸ਼ਰਾ ਮਹਿਂ ਗਾਢਾ।
ਹਿੰਦੁਨਿ ਕੋ ਦੋਖੀ ਮਤਿ ਮੂਢਾ। ਸਭਿ ਸੰਤਨਿ ਸੋਂ ਬਾਦੀ ਗੂਢਾ॥ ੩੯॥

ਔਰੰਗੇ ਦਾ ਪ੍ਰਤਾਪ ਵੱਡਾ ਵੱਧ ਗਿਆ, ਪਰ ਵੱਡਾ ਦੁਸ਼ਟ ਤੇ ਸ਼ਰ੍ਹਾ ਵਿਚ ਗਢਿਆ ਹੋਇਆ ਸੀ। ਮੂਰਖ ਮੱਤ ਵਾਲਾ ਹਿੰਦੂਆਂ ਦਾ ਬਹੁਤ ਦੋਖੀ ਸੀ। ਸਾਰੇ ਸੰਤਾਂ ਨਾਲ ਝਗੜਾ ਕਰਦਾ ਸੀ॥ ੩੯॥

ਤੁਰਕ ਤੇਜ ਕੀ ਜਰਾਂ ਉਖਾਰਨਿ। ਰਾਜ ਪ੍ਰਤਾਪ ਬਿਨਾਸ਼ਨਿ ਕਾਰਨ।
ਯਾਂਤੇ ਪ੍ਰਭੁ ਕੀਨੋ ਸੁਲਤਾਨ। ਕਰਤਾ ਅਪਨ ਆਪ ਕੋ ਹਾਨ॥ ੪੦॥

ਤੁਰਕਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਤੇ ਰਾਜ ਪ੍ਰਤਾਪ ਦਾ ਨਾਸ਼ ਕਰਨ ਵਾਸਤੇ, ਪ੍ਰਭੂ ਨੇ ਉਸ ਨੂੰ ਬਾਦਸ਼ਾਹ ਬਣਾਇਆ ਸੀ, ਉਹ ਆਪਣੇ ਆਪ ਦੀ ਹਾਨੀ ਕਰ ਰਿਹਾ ਸੀ॥ ੪੦॥

ਜਿਮ ਰਾਵਨ ਮੁਨਿ ਦੋਖੀ ਹੋਵਾ। ਰਾਜ ਰਾਖਸ਼ਨ ਘਰ ਤੇ ਖੋਵਾ।
ਕਰੀ ਅਵੱਗਯਾ ਰਘੁਬਰ ਕੇਰੀ। ਸਭਿ ਬਿਧਿ ਕੀਨਿ ਹਾਨਿ ਤਿਸ ਬੇਰੀ॥ ੪੧॥

ਜਿਵੇਂ ਰਾਵਨ ਮੁਨੀਆਂ ਦਾ ਦੋਖੀ ਹੋ ਗਿਆ ਸੀ ਤਾਂ ਰਾਖਸ਼ਾਂ ਦੇ ਘਰ ਤੋਂ ਸਭ ਰਾਜ ਖੋਹ ਲਿਆ ਗਿਆ ਸੀ। ਉਸ ਨੇ ਰਾਮਚੰਦਰ ਜੀ ਦੀ ਅਵੱਗਿਆ ਕੀਤੀ ਸੀ ਤੇ ਉਸ ਸਮੇਂ ਉਸ ਸਭ ਵਿਧੀਆਂ ਨਾਲ ਹਾਨੀ ਕੀਤੀ ਸੀ॥ ੪੧॥

**ਕਰੀ ਅਵੱਗਜਾ ਤਿਮ ਸਤਿਗੁਰ ਕੀ। ਕੋ ਕੋ ਕੁਮਤਿ ਕਹੈਂ ਤਿਸ ਉਰ ਕੀ।**
**ਤਿਮ ਸਤਿਗੁਰ ਦਸਮੇ ਪਤਿਸ਼ਾਹਾ। ਕਰਯੋ ਬਿਨਾਸ਼ਨ ਸਭਿ ਬਿਧ ਤਾਂਹਾ ॥੪੨ ॥**

ਉਸ ਤਰ੍ਹਾਂ ਹੀ ਔਰੰਗਜ਼ੇਬ ਨੇ ਸਤਿਗੁਰੂ ਜੀ ਦੀ ਅਵੱਗਿਆ ਕੀਤੀ ਸੀ, ਉਸ ਦੇ ਦਿਲ ਦੀ ਕਿਹੜੀ-ਕਿਹੜੀ ਦੁਸ਼ਟਤਾ ਨੂੰ ਕਹੀਏ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦਸਵੇਂ ਪਾਤਸ਼ਾਹ ਜੀ ਨੇ, ਸਭ ਵਿਧੀਆਂ ਨਾਲ ਉਸ ਦਾ ਵਿਨਾਸ਼ ਕਰ ਦਿੱਤਾ॥ ੪੨॥

*ਤੀਸਰੀ ਰੁੱਤ ਦਾ ਚੱਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥*

## *ਅਧਿਆਇ ਪੰਝੀਵਾਂ*

### *ਭਾਈ ਨੰਦ ਲਾਲ ਜੀ ਨੇ ਕੁਰਾਨ ਦੀ ਆਇਤ ਦੇ ਅਰਥ ਦੱਸੇ*

ਦੋਹਰਾ- **ਅਨਿਕ ਮੁਲਾਨੇ ਢਿਗ ਰਹਹਿਂ ਔਰੰਗ ਤੇ ਧਨ ਪਾਇ।**
**ਕਰਤਿ ਕੁਰਾਨਹਿਂ ਮਾਯਨੇ ਜਸ ਜਿਸ ਕੀ ਮਤਿ ਆਇ॥ ੧॥**

ਅਨੇਕਾਂ ਮੁਲਾਣੇ ਔਰੰਗੇ ਪਾਸ ਰਹਿ ਕੇ ਧਨ ਪਾਉਂਦੇ ਸਨ, ਉਹ ਕੁਰਾਨ ਦੇ ਅਰਥ ਕਰਦੇ ਸਨ, ਜਿਵੇਂ ਜਿਸ ਦੀ ਮੱਤ ਵਿਚ ਆਉਂਦਾ ਸੀ॥ ੧॥

ਚੌਪਈ- **ਖਾਸ ਕਚਹਿਰੀ ਲਾਗਹਿ ਜਹਾਂ। ਹੁਤੋ ਦਰੋਗ਼ਾ ਪ੍ਰੇਮੀ ਤਹਾਂ।**
**ਨੰਦਲਾਲ ਸੰਗ ਰਾਖਤਿ ਪ੍ਰੀਤਿ। ਮਿਲਿ ਮਸਲੇ ਕੋ ਕਰਤਾ ਨੀਤਿ॥੨॥**

ਜਿੱਥੇ ਖਾਸ ਕਚਹਿਰੀ ਲੱਗਦੀ ਸੀ, ਉਥੇ ਇਕ ਪ੍ਰੇਮੀ ਦਰੋਗਾ ਰਹਿੰਦਾ ਸੀ। ਉਹ ਨੰਦ ਲਾਲ ਨਾਲ ਪ੍ਰੀਤ ਰੱਖਦਾ ਸੀ, ਸਦਾ ਮਿਲ ਕੇ ਸਲਾਹ ਕਰਦਾ ਸੀ॥ ੨॥

**ਸ਼ੌਕ ਖੁਦਾਇ ਮਿਲਨਿ ਕੋ ਧਰੈ। ਤਿਸੁ ਦਿਸ਼ਿ ਕੀ ਬਾਤੈਂ ਬਹੁ ਕਰੈ।**
**ਬੂਝਤਿ ਨੰਦਲਾਲ ਕੇ ਸੰਗਾ। ਇਹ ਭਾਖਹਿ ਜਸੁ ਗੁਰੂ ਉਤੰਗਾ॥ ੩॥**

ਖੁਦਾ ਨੂੰ ਮਿਲਣ ਦਾ ਸ਼ੌਕ ਧਾਰਨ ਕੀਤਾ ਸੀ, ਉਸ ਪਾਸੇ ਦੀਆਂ ਬਹੁਤ ਗੱਲਾਂ ਕਰਦਾ ਸੀ। ਨੰਦ ਲਾਲ ਨੂੰ ਪੁੱਛਦਾ ਸੀ, ਉਹ ਗੁਰੂ ਜੀ ਦਾ ਬਹੁਤ ਮਹਾਨ ਜੱਸ ਕਰਦਾ ਸੀ॥ ੩॥

**ਏਕ ਮਾਯਨਾ ਅਰਜੋ ਨ ਹੋਇ। ਨਉਰੰਗ ਬੂਝਤਿ ਸਭਿ ਕੋ ਸੋਇ।**
**ਜਿਤਿਕ ਮੁਲਾਨੇ ਸੁਮਤਿ ਕਹਾਵੈਂ। ਸਭਿਹਿਨਿ ਕੋ ਸੋ ਸੁਨੈ ਬੁਲਾਵੈ॥੪॥**

ਨੌਰੰਗੇ ਦੀ ਕਚਹਿਰੀ ਵਿਚ ਕਿਸੇ ਇਕ ਮੁਸ਼ਕਲ ਸ਼ੈ ਦਾ ਅਰਥ ਅੜਿਆ ਹੋਇਆ ਸੀ, ਹੱਲ ਨਹੀਂ ਸੀ ਹੁੰਦਾ। ਜਿੰਨੇ ਵੀ ਮੁਲਾਣੇ ਸ੍ਰੇਸ਼ਟ ਬੁੱਧੀ ਵਾਲੇ ਕਹਾਉਂਦੇ ਸਨ, ਸਾਰਿਆਂ ਪਾਸੋਂ ਬੁਲਾ ਕੇ ਸੁਣਦਾ ਸੀ॥ ੪॥

**ਨਹੀਂ ਤਸੱਲਾ ਕਿਸ ਤੇ ਹੋਈ। ਮਤਿ ਅਨੁਸਾਰ ਕਹੈ ਸਭਿ ਕੋਈ।**
**ਫਿਕਰਵੰਦ ਨੌਰੰਗ ਬਹ ਰਹੈ। 'ਕਰੇ ਮਾਯਨਾ' ਸਭਿ ਸੋਂ ਕਹੈ॥ ੫॥**

ਪਰ ਕਿਸੇ ਪਾਸੋਂ ਵੀ ਸੁਣ ਕੇ ਤਸੱਲੀ ਨਾ ਹੋਈ, ਆਪਣੀ ਮੱਤ ਅਨੁਸਾਰ ਹੀ ਸਾਰੇ ਕਹਿੰਦੇ ਸਨ। ਨੌਰੰਗਾ ਬਹੁਤ ਫਿਕਰਮੰਦ ਰਹਿੰਦਾ ਸੀ, "ਮਾਇਨਾ ਕਰੋ", ਸਭ ਨੂੰ ਕਹਿੰਦਾ ਸੀ॥ ੫॥

**ਅਨਿਕ ਇਲਮ ਕੇ ਆਲਮ ਜਾਵੈਂ। ਕਰਹਿਂ ਬਿਚਾਰਨਿ ਭਾਖਿ ਸੁਨਾਵੈਂ।**
**ਤਊ ਨ ਕਿਸ ਤੇ ਆਯੋ ਸੋਇ। ਕਰਿ ਬੁਧਿ ਹਾਰਿ ਰਹੇ ਸਭਿ ਕੋਇ॥ ੬॥**

ਅਨੇਕ ਇਲਮ ਦੇ ਆਲਮ ਜਾਂਦੇ ਸਨ, ਵਿਚਾਰ ਕੇ ਕਹਿ ਕੇ ਸੁਣਾਉਂਦੇ ਸਨ, ਫਿਰ ਵੀ ਕਿਸੇ ਨੂੰ ਸਹੀ ਅਰਥ ਨਾ ਆਇਆ, ਸਾਰੇ ਅਕਲਾਂ ਦੁੜਾ ਕੇ ਹਾਰ ਗਏ॥ ੬॥

**ਗਯੋ ਪਦਰ ਢਿਗ ਇਕ ਦਿਨ ਮਾਂਹੂ। ਬੈਠਯੋ ਜਾਇ ਬਹਾਦਰ ਸ਼ਾਹੂ।**
**ਬਹੁਤ ਮੁਲਾਨੇ ਬੈਠੇ ਤੀਰ। ਕਹਨਿ ਕਰੈਂ ਨਿਜ ਨਿਜ ਤਤਬੀਰ॥ ੭॥**

ਇਕ ਦਿਨ ਬਹਾਦਰ ਸ਼ਾਹ ਆਪਣੇ ਪਿਤਾ ਨੂੰ ਮਿਲਣ ਵਾਸਤੇ ਗਿਆ, ਬਹਾਦਰ ਸ਼ਾਹ ਉਥੇ ਜਾ ਕੇ ਬੈਠ ਗਿਆ। ਬਹੁਤ ਮੁਲਾਣੇ ਪਾਸ ਬੈਠੇ ਸਨ, ਸਾਰੇ ਆਪਣੀ-ਆਪਣੀ ਅਕਲ ਅਨੁਸਾਰ ਕਹਿ ਰਹੇ ਸਨ॥ ੭॥

**ਕਿਸ ਕੋ ਕਹਯੋ ਨ ਖਾਤਰ ਲਯਾਵੈ। 'ਨਹੀਂ ਮਾਯਨਾ ਇਹ ਬਨਿ ਆਵੈ'।**
**ਦੀਦਸ਼ ਚਸ਼ਮ ਤਬੈ ਫਰਜ਼ੰਦ। 'ਅਰਜੋ ਮਾਯਨਾ ਏਹੁ ਬਿਲੰਦ॥ ੮॥**

ਕਿਸੇ ਦਾ ਕਿਹਾ ਵੀ ਪ੍ਰਵਾਨ ਨਹੀਂ ਸੀ ਹੁੰਦਾ, "ਇਹ ਅਰਥ ਨਹੀਂ ਬਣਦੇ ਹਨ।" ਨੌਰੰਗੇ ਨੇ ਤਦ ਅੱਖਾਂ ਉਠਾ ਕੇ ਆਪਣੇ ਪੁੱਤਰ ਵਲ ਵੇਖਿਆ, "ਇਹ ਅਰਥ ਬਹੁਤ ਅੜਿਆ ਹੈ"॥ ੮॥

**ਕਰਹੁ ਸ਼ਜ਼ਾਦਾ ਤੁਮ ਮਤਿ ਪਾਵਹੁ। ਕਰਿ ਸਾਬਤ ਮਖਸੂਦ ਸੁਨਾਵਹੁ।**
**ਇਲਮ ਅਕਲ ਮਹਿਂ ਬਡੇ ਕਹਾਵੈ। ਤਬਿ ਜਾਨੌਂ ਮੈਂ ਇਸੇ ਬਤਾਵੌ'॥ ੯॥**

ਹੇ ਸ਼ਹਿਜ਼ਾਦੇ ਤੂੰ ਅਰਥ ਕਰ ਜੋ ਤੇਰੀ ਮੱਤ ਵਿਚ ਆਉਂਦਾ ਹੈ। ਜੋ ਠੀਕ ਮੁਰਾਦ ਹੈ ਉਸ ਨੂੰ ਸਾਬਤ ਵੀ ਕਰਕੇ ਦੱਸੋ। ਇਲਮ ਅਕਲ ਵਿਚ ਵੱਡੇ ਕਹਾਉਂਦੇ ਹੋ, ਮੈਂ ਤਦ ਜਾਣਾਂਗਾ ਜੇ ਇਹ ਅਰਥ ਸਮਝਾਵੋਗੇ"॥ ੯॥

**ਸੁਨਤਿ ਫਿਕਰ ਸ਼ਹਜ਼ਾਦੇ ਕੀਆ। ਅਕਲ ਬਿਖੇ ਕੁਛ ਸਮਝ ਨ ਲੀਆ।**
**ਪਦਰ ਅਗਾਰੀ ਅਰਜ਼ ਗੁਜ਼ਾਰੀ। 'ਆਇ ਸਿਪਹਿਰੀ ਕਰੌਂ ਉਚਾਰੀ'॥ ੧੦॥**

ਇਹ ਸੁਣ ਕੇ ਸ਼ਹਿਜ਼ਾਦੇ ਨੇ ਚਿੰਤਾ ਕੀਤੀ, ਅਕਲ ਵਿਚ ਕੁਝ ਸਮਝ ਨਾ ਆਇਆ। ਸ਼ਹਿਜ਼ਾਦੇ ਨੇ ਪਿਤਾ ਅੱਗੇ ਬੇਨਤੀ ਕੀਤੀ, "ਤੀਜੇ ਪਹਿਰ ਆ ਕੇ ਦੱਸਾਂਗਾ"॥ ੧੦॥

**ਆਯੋ ਸਦਨ ਬਹਾਦਰ ਸ਼ਾਹੂ। ਨੰਦਲਾਲ ਬੈਠਯੋ ਤਬਿ ਪਾਹੂ।**
**ਰਿਦਾ ਫਿਕਰ ਮਹਿਂ ਬਹੁ ਗ਼ਲਤਾਨੇ। ਪਿਖ ਤਿਨ ਚਖ ਸੋਂ ਸੁਨਤਿ ਨ ਕਾਨੇ॥੧੧॥**

ਬਹਾਦਰ ਸ਼ਾਹ ਆਪਣੇ ਘਰ ਆ ਗਿਆ, ਨੰਦ ਲਾਲ ਤਦ ਪਾਸ ਬੈਠਾ ਸੀ, ਜਿਸ ਦਾ ਹਿਰਦਾ ਚਿੰਤਾ ਵਿਚ ਬੁਰੀ ਤਰ੍ਹਾਂ ਗਲਤਾਨ ਸੀ। ਅੱਖਾਂ ਨਾਲ ਵੇਖਦਾ ਨਹੀਂ ਸੀ ਤੇ ਕੰਨਾਂ ਨਾਲ ਸੁਣਦਾ ਨਹੀਂ ਸੀ॥ ੧੧॥

**ਮੁਖ ਤੇ ਕਹੈ ਨ ਕਿਹ ਸੰਗ ਬਾਤੀ। ਅੰਗ ਅਡੋਲ ਦੇਖਿ ਇਸ ਭਾਂਤੀ।**
**ਨੰਦਲਾਲ ਬੁਧਿਵੰਤ ਪਰੇਖਾ। ਇਸ ਕੇ ਉਰ ਕੋ ਫਿਕਰ ਵਿਸ਼ੇਖਾ॥ ੧੨॥**

ਆਪਣੇ ਮੁਖ ਨਾਲ ਕਿਸੇ ਨਾਲ ਵੀ ਗੱਲ ਨਹੀਂ ਸੀ ਕਰਦਾ। ਇਸ ਪ੍ਰਕਾਰ ਅਡੋਲ ਅੰਗ ਵੇਖ ਕੇ, ਬੁੱਧੀਵਾਨ ਨੰਦ ਲਾਲ ਸਮਝ ਗਿਆ। ਇਸ ਦੇ ਦਿਲ ਵਿਚ ਕੋਈ ਵਿਸ਼ੇਸ਼ ਚਿੰਤਾ ਇਸ ਨੂੰ ਦੁਖੀ ਕਰ ਰਹੀ ਹੈ॥ ੧੨॥

ਬੂਝਨਿ ਕੀਨਸਿ 'ਕਸ ਮਨ ਚਿੰਤਾ? ਕੋ ਕਾਰਜ ਬਿਗਰਯੋ ਹਿਤਵੰਤਾ।
ਕਹਾਂ ਪਦਰ ਨੇ ਤੁਮਹਿਂ ਸੁਨਾਯਹੁ। ਕਾਰਜ ਕਠਨ ਕਹਾਂ ਫੁਰਮਾਯੋ ? ॥ ੧੩ ॥

ਨੰਦ ਲਾਲ ਨੇ ਪੁੱਛਿਆ, "ਮਨ ਵਿਚ ਕੈਸੀ ਚਿੰਤਾ ਹੈ, ਕਿਹੜਾ ਐਸਾ ਹਿਤੂ ਕਾਰਜ ਵਿਗੜ ਗਿਆ ਹੈ। ਬਾਦਸ਼ਾਹ ਨੇ ਤੁਹਾਨੂੰ ਕੀ ਸੁਣਾਇਆ ਹੈ, ਕਠਨ ਕਾਰਜ ਕੈਸਾ ਫੁਰਮਾਇਆ ਹੈ ?॥ ੧੩ ॥

ਜੋ ਤੁਝ ਤੇ ਹਇ ਆਵਤਿ ਨਾਂਹੀ। ਬੈਠਯੋ ਮਹਾਂ ਫਿਕਰ ਕੇ ਮਾਂਹੀ'।
ਨੰਦਲਾਲ ਦਾਨਸ਼ਵੰਦ ਮਹਾਂ। ਲਖਿਤਿ ਸ਼ਜ਼ਾਦੇ ਸੋ ਤਬਿ ਕਹਾ॥ ੧੪ ॥

ਜੋ ਤੈਥੋਂ ਹੁੰਦਾ ਨਹੀਂ ਹੈ ਤੇ ਵੱਡੀ ਫਿਕਰ ਲਾ ਕੇ ਬੈਠਾ ਹੈਂ।" ਸ਼ਹਿਜ਼ਾਦੇ ਨੇ ਭਾਈ ਨੰਦ ਲਾਲ ਨੂੰ ਬਹੁਤ ਸਿਆਣਾ ਜਾਣ ਕੇ ਤਦੋਂ ਉਹ ਗੱਲ ਕਹਿ ਦਿੱਤੀ॥ ੧੪ ॥

'ਸੁਨਹੁ ਮੀਰ ਮੁਨਸ਼ੀ! ਮੈਂ ਗਯੋ। ਪਦਰ ਹਜ਼ੂਰ ਬੈਠਤੋ ਭਯੋ।
ਨਹੀਂ ਮਾਯਨਾ ਕਿਸ ਤੇ ਆਯੋ। ਬਹੁ ਦਿਨ ਤੇ ਸਭਿਹੂੰਨਿ ਸੁਨਾਯੋ॥ ੧੫ ॥

"ਹੇ ਮੀਰ ਮੁਨਸ਼ੀ ! ਸੁਣੋ, ਮੈਂ ਪਿਤਾ ਹਜ਼ੂਰ ਦੇ ਪਾਸ ਜਾ ਕੇ ਜਦ ਬੈਠ ਗਿਆ। ਇਕ ਮਾਇਨਾ ਕਿਸੇ ਨੂੰ ਨਹੀਂ ਸੀ ਆਉਂਦਾ, ਬਹੁਤ ਦਿਨਾਂ ਤੋਂ ਪਿਤਾ ਨੇ ਸਭ ਨੂੰ ਸੁਣਾਇਆ ਹੈ॥ ੧੫ ॥

ਮੋ ਸੰਗ ਕਹਯੋ ਕਿ ਇਹ ਤੁਮ ਕਰੋ। ਇਲਮ ਅਕਲ ਕੋ ਜੋ ਬਹੁ ਧਰੋ।
ਕਰਿ ਤਕਰਾਰ ਸਿਪਹਿਰੀ ਕੇਰਾ। ਮੈਂ ਆਯੋ, ਉਰ ਫਿਕਰ ਬਡੇਰਾ'॥ ੧੬ ॥

ਮੈਨੂੰ ਵੀ ਪਿਤਾ ਨੇ ਕਿਹਾ ਹੈ ਕਿ ਇਸ ਦਾ ਮਾਇਨਾ ਕਰੋ, ਇਲਮ ਅਕਲ ਤੂੰ ਬਹੁਤ ਵੱਡੀ ਧਾਰਨ ਕੀਤੀ ਹੈ। ਮੈਂ ਦਿਨ ਦੇ ਤੀਸਰੇ ਪਹਿਰ ਦਾ ਵਾਇਦਾ ਕਰਕੇ ਆਇਆ ਹਾਂ, ਇਸ ਕਰਕੇ ਦਿਲ ਵਿਚ ਬੜੀ ਚਿੰਤਾ ਹੈ"॥ ੧੬ ॥

ਜਬਿ ਸ਼ਹਿਜ਼ਾਦੇ ਭਾਖਯੋ ਸੋਈ। ਨੰਦਲਾਲ ਚਿਤਵਤਿ ਚਿਤ ਹੋਈ।
ਤਤਛਿਨ ਕਰਯੋ ਮਾਯਨਾ ਨੀਕੇ। ਆਵਤਿ ਜੋ ਨ ਰਿਦੇ ਕਿਸਹੀ ਕੇ॥ ੧੭ ॥

ਜਦ ਸ਼ਹਿਜ਼ਾਦੇ ਨੇ ਇਸ ਤਰ੍ਹਾਂ ਕਿਹਾ ਤਾਂ ਭਾਈ ਨੰਦ ਲਾਲ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ। ਤੁਰਤ ਭਲੀ ਪ੍ਰਕਾਰ ਅਰਥ ਕਰ ਦਿੱਤੇ, ਜਿਹੜੇ ਕਿ ਕਿਸੇ ਦੇ ਹਿਰਦੇ ਵਿਚ ਵੀ ਨਹੀਂ ਆਉਂਦੇ ਸਨ॥ ੧੭ ॥

ਸੁਨ ਕਰਿ ਬਹੁਤ ਅਨੰਦਤਿ ਹੋਵਾ। ਅਤਿ ਦਾਨਸ਼ਵੰਦ ਸਭਿ ਤੇ ਜੋਵਾ।
ਕਰੀ ਸਰਫਰਾਜ਼ੀ ਤਿਸ ਕਾਲਾ। ਖੁਸ਼ ਹ੍ਵੈ ਦੀਨਸਿ ਖਿਲਤ ਬਿਸਾਲਾ॥ ੧੮ ॥

ਸੁਣ ਕੇ ਸ਼ਹਿਜ਼ਾਦਾ ਬਹੁਤ ਪ੍ਰਸੰਨ ਹੋਇਆ, ਸਾਰਿਆਂ ਨਾਲੋਂ ਵੱਡਾ ਅਕਲਮੰਦ ਜਾਣਿਆ। ਉਸ ਸਮੇਂ ਬਹੁਤ ਵਡਿਆਈ ਕੀਤੀ ਤੇ ਪ੍ਰਸੰਨ ਹੋ ਕੇ ਬੜਾ ਕੀਮਤੀ ਸਿਰੋਪਾ ਦਿੱਤਾ॥ ੧੮ ॥

ਭਈ ਸਿਪਹਿਰੀ ਗਯੋ ਸ਼ਜ਼ਾਦਾ। ਬੈਠਯੋ ਜਾਇ ਮਹਿਦ ਅਹਿਲਾਦਾ।
ਪਦਰ ਮੁਲਾਨੇ ਅਨਿਕ ਮਝਾਰ। ਬੈਠੇ ਕਰਤਿ ਉਚਾਰ ਬਿਚਾਰ॥ ੧੯ ॥

ਤੀਸਰੇ ਪਹਿਰ ਸ਼ਹਿਜ਼ਾਦਾ ਆਪਣੇ ਪਿਤਾ ਪਾਸ ਗਿਆ ਤੇ ਜਾ ਕੇ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ। ਪਿਤਾ ਅਤੇ ਹੋਰ ਅਨੇਕਾਂ ਮੁਲਾਣੇ ਵਿਚ ਬੈਠੇ ਸਨ, ਬੈਠ ਕੇ ਕਹਿ ਕਹਿ ਕੇ ਵਿਚਾਰ ਕਰ ਰਹੇ ਸਨ॥ ੧੯ ॥

ਸੁਨਯੋਂ ਮਾਯਨਾ ਇਨਹੁ ਬਖਾਨਾ। ਤੌ ਨੌਰੰਗ ਮਨ ਮਹਿਂ ਬਿਸਮਾਨਾ।
ਇਸ ਮਹਿਂ ਅਕਲ ਨ ਏਤੀ ਅਹੈ। ਜਥਾ ਬਨਾਇ ਬਦਨ ਤੇ ਕਹੈ॥ ੨੦ ॥

ਜਦ ਬਹਾਦਰ ਸ਼ਾਹ ਨੇ ਅਰਥ ਸੁਣਾਇਆ, ਤਾਂ ਨੌਰੰਗਾ ਮਨ ਵਿਚ ਬਹੁਤ ਹੈਰਾਨ ਹੋਇਆ। ਇਸ ਵਿਚ ਏਨੀ ਅਕਲ ਨਹੀਂ ਹੈ, ਜਿਵੇਂ ਇਸ ਨੇ ਅਰਥ ਕਰਕੇ ਆਪਣੇ ਮੂੰਹ ਵਿਚੋਂ ਕਿਹਾ ਹੈ॥ ੨੦॥

**ਦਾਨਸ਼ਵੰਦ ਜਿਤਿਕ ਸੋ ਜਾਨੌਂ। ਇਤੀ ਸਮਝ ਇਸ ਮੈਂ ਨ ਪਛਾਨੌਂ।**
**ਇਮ ਬਿਚਾਰਿ ਨੌਰੰਗ ਨੇ ਕਹਜੋ। 'ਇਹ ਅਪਨੀ ਸੁਧਿ ਤੇ ਕਰਿ ਲਹਜੋ? ॥੨੧॥**

ਜਿੰਨਾ ਇਹ ਬੁੱਧੀਵਾਨ ਹੈ, ਉਹ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਏਨੀ ਸਮਝ ਇਸ ਵਿਚ ਮੈਂ ਪਛਾਣ ਨਹੀਂ ਸਕਦਾ ਹਾਂ। ਇਸ ਤਰ੍ਹਾਂ ਵਿਚਾਰ ਕਰਕੇ ਨੌਰੰਗੇ ਨੇ ਕਿਹਾ, "ਇਹ ਆਪਣੀ ਅਕਲ ਨਾਲ ਕਰ ਕੇ ਲਿਆਇਆ ਹੈਂ ?॥ ੨੧॥

**ਕਿਧੌਂ ਅਪਰ ਨੇ ਤੋਹਿ ਬਤਾਵਾ। ਠੀਕ ਮਾਯਨਾ ਨੀਕ ਅਲਾਵਾ'।**
**ਕਹਜੋ ਸ਼ਜ਼ਾਦੇ 'ਮੈਂ ਨਹਿਂ ਚੀਨਾ। ਮੋਹਿ ਨਿਕਟ ਇਕ ਰਹਤਿ ਪ੍ਰਬੀਨਾ॥੨੨॥**

ਜਾਂ ਤੈਨੂੰ ਹੋਰ ਕਿਸੇ ਨੇ ਦੱਸਿਆ ਹੈ, ਤੂੰ ਠੀਕ ਅਰਥ ਚੰਗੀ ਤਰ੍ਹਾਂ ਕਹੇ ਹਨ। ਸ਼ਹਿਜ਼ਾਦੇ ਕਿਹਾ, "ਮੈਂ ਨਹੀਂ ਜਾਣਿਆ ਹੈ, ਮੇਰੇ ਪਾਸ ਇਕ ਚਤੁਰ ਵਿਅਕਤੀ ਰਹਿੰਦਾ ਹੈ॥ ੨੨॥

**ਅਹੈ ਮੀਰ ਮੁਨਸ਼ੀ ਦਾਨਾਇ। ਤਾਂਹਿ ਮਾਯਨਾ ਦਿਯੋ ਬਤਾਇ'।**
**ਸੁਨਤਿ ਸ਼ਾਹੁ ਮਨ ਮਹਿਂ ਹਰਖਾਵਾ। ਸੰਗ ਸ਼ਜ਼ਾਦੇ ਬਾਕ ਅਲਾਵਾ॥ ੨੩॥**

ਮੇਰਾ ਮੀਰ ਮੁਨਸ਼ੀ ਬਹੁਤ ਅਕਲਮੰਦ ਹੈ, ਉਸ ਨੇ ਮੈਨੂੰ ਅਰਥ ਦੱਸਿਆ ਹੈ।" ਇਹ ਸੁਣ ਕੇ ਬਾਦਸ਼ਾਹ ਮਨ ਵਿਚ ਪ੍ਰਸੰਨ ਹੋਇਆ ਤੇ ਸ਼ਹਿਜ਼ਾਦੇ ਨੂੰ ਉਹ ਕਹਿਣ ਲੱਗਾ॥ ੨੩॥

**'ਨਿਕਟ ਹਕਾਰਿ ਦਿਖਾਵਹੁ ਮੋਹੀ। ਅਕਲ ਕਮਾਲ ਰਿਦੇ ਮੈਂ ਹੋਹੀ'।**
**ਨੰਦਲਾਲ ਕੋ ਲੀਨਿ ਬੁਲਾਈ। ਲਖਿ ਹਿੰਦੂ ਕੋ ਸ਼ਿਦਤ ਉਠਾਈ॥ ੨੪॥**

ਉਸ ਨੂੰ ਮੇਰੇ ਪਾਸ ਬੁਲਾ ਕੇ ਵਿਖਾਵੋ, ਉਸ ਦੇ ਹਿਰਦੇ ਵਿਚ ਕਮਾਲ ਦੀ ਅਕਲ ਹੈ। ਸ਼ਹਿਜ਼ਾਦੇ ਨੇ ਨੰਦ ਲਾਲ ਨੂੰ ਬੁਲਾ ਲਿਆ, ਹਿੰਦੂ ਵੇਖ ਕੇ ਸਖਤੀ ਉਠਾਈ॥ ੨੪॥

**ਕਰਿ ਸਲਾਮ ਇਹੁ ਠਾਂਢੋ ਰਹਜੋ। 'ਸਦਾ ਆਫਰੀਂ' ਹਜ਼ਰਤ ਕਹਜੋ।**
**ਪੁਨ ਡੇਰੇ ਕੋ ਚਲਿ ਕਰਿ ਆਯੋ। ਸੰਗ ਸ਼ਜ਼ਾਦੇ ਸ਼ਾਹੁ ਅਲਾਯੋ॥ ੨੫॥**

ਸਲਾਮ ਕਰਕੇ ਭਾਈ ਨੰਦ ਲਾਲ ਖੜਾ ਰਿਹਾ, "ਸੌ ਵਾਰ ਸ਼ਾਬਾਸ਼ ਹੈ" ਬਾਦਸ਼ਾਹ ਨੇ ਕਿਹਾ। ਫਿਰ ਜਦ ਆਪਣੇ ਡੇਰੇ ਨੂੰ ਚਲ ਕੇ ਆ ਗਿਆ ਤਾਂ ਬਾਦਸ਼ਾਹ ਸ਼ਹਿਜ਼ਾਦੇ ਨੂੰ ਕਹਿਣ ਲੱਗਾ॥ ੨੫॥

**'ਇਹ ਤੌ ਹਿੰਦੂ ਹੈ ਮਤਿਵੰਦਾ। ਹੈ ਅਨੀਤਿ, ਮੁਝ ਨਹੀਂ ਸੁਹੰਦਾ।**
**ਦੀਨ ਬਿਖੈ ਇਸ ਕੌ ਲੇ ਆਵਹੁ। ਜਜੌਂ ਕਜੌਂ ਕਰਿ ਨੀਕੇ ਸਮੁਝਾਵਹੁ॥੨੬॥**

"ਇਹ ਤਾਂ ਵੱਡੀ ਅਕਲ ਵਾਲਾ ਹਿੰਦੂ ਹੈ, ਇਹ ਅਨੀਤੀ ਹੈ ਮੈਨੂੰ ਨਹੀਂ ਚੰਗਾ ਲੱਗਦਾ। ਇਸ ਨੂੰ ਮੁਸਲਿਮ ਦੀਨ ਵਿਚ ਲੈ ਆਵੋ, ਜਿਵੇਂ ਤਿਵੇਂ ਕਰਕੇ ਚੰਗੀ ਤਰ੍ਹਾਂ ਸਮਝਾਵੋ॥ ੨੬॥

**ਅਸ ਨਰ ਦੀਨ ਬਿਖੈ ਜਬਿ ਹੋਇ। ਚਲੈ ਸ਼ਰ੍ਹਾ ਮਹਿਂ ਸਭਿ ਹੀ ਕੋਇ।**
**ਹਿੰਦੁਨਿ ਮਹਿਂ ਮਤਿਵੰਤ ਨ ਚਹੀਅਹਿ। ਕਰਹਿ ਧਰਮ ਦ੍ਰਿਢ ਤਿਨ ਕੋ,ਲਹੀਅਹਿ॥੨੭॥**

ਐਸਾ ਮਨੁੱਖ ਜਦ ਦੀਨ ਵਿਚ ਆ ਜਾਵੇਗਾ ਤਾਂ ਸਾਰੇ ਲੋਕ ਸ਼ਰ੍ਹਾ ਵਿਚ ਚਲ ਪੈਣਗੇ। ਹਿੰਦੂਆਂ ਵਿਚ ਬੁੱਧੀਵਾਨ ਵਿਅਕਤੀ ਨਹੀਂ ਚਾਹੀਦੇ ਹਨ, ਉਨ੍ਹਾਂ ਦਾ ਧਰਮ ਪੱਕਾ ਕਰੇਗਾ ਇਹ ਜਾਣ ਲਵੋ॥ ੨੭॥

ਤੁਰਕ ਦੀਨ ਮੈਂ ਜਬਿ ਅਸ ਆਵੈ। ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ'।
ਏਵ ਸ਼ਜ਼ਾਦੇ ਕੋ ਸਮੁਝਾਇ। 'ਜਜੋਂ ਕਜੋਂ ਦੀਨ ਬਿਖੈ ਇਸ ਲਜਾਇ' ॥ ੨੮॥

ਤੁਰਕ ਦੀਨ ਵਿਚ ਜਦ ਐਸਾ ਵਿਅਕਤੀ ਆ ਜਾਵੇਗਾ, ਚੰਗੇ ਢੰਗ ਨਾਲ ਸ਼ਰ੍ਹਾ ਨੂੰ ਵਧਾਵੇਗਾ।" ਇਸ ਤਰ੍ਹਾਂ ਸਹਿਜ਼ਾਦੇ ਨੂੰ ਸਮਝਾਇਆ, "ਜਿਵੇਂ ਕਿਵੇਂ ਕਰਕੇ ਇਸ ਨੂੰ ਤੁਰਕ ਦੀਨ ਵਿਚ ਲਿਆਈਏ" ॥ ੨੮॥

ਗਯੋ ਬਹਾਦਰ ਸ਼ਾਹ ਨਿਕੇਤੁ। ਬੋਲਿ ਲਿਯੋ ਨੰਦਲਾਲ ਸਹੇਤ।
ਕਹੀ ਪਦਰ ਕੀ ਸਕਲ ਬਤਾਈ। 'ਭਈ ਬਿਪਰੰਜੈ ਮਹਾਂ ਬਡਾਈ॥ ੨੯॥

ਬਹਾਦਰ ਸ਼ਾਹ ਆਪਣੇ ਘਰ ਨੂੰ ਚਲਾ ਗਿਆ ਤੇ ਨੰਦ ਲਾਲ ਨੂੰ ਪ੍ਰੇਮ ਨਾਲ ਬੁਲਾ ਲਿਆ। ਆਪਣੇ ਪਿਉ ਦੀ ਕਹੀ ਗੱਲ ਸਾਰੀ ਸੁਣਾਈ। "ਮਹਾਂ ਵਡਿਆਈ ਉਲਟੀ ਪੈ ਗਈ ਹੈ॥ ੨੯॥

ਕਹਜੋ ਤੁਰਕ ਇਸ ਲੇਹੁ ਬਨਾਇ। ਅਪਰ ਬਿਧਿਨਿ ਤੇ ਬਹੁ ਸਮੁਝਾਇ।
ਮੋਰੋ ਜ਼ੋਰ ਔਰ ਨਹਿਂ ਕੋਊ। ਸੁਧਿ ਕਰਿ ਦੀਨਿ ਪਾਸ ਤਵ ਜੋਊ॥ ੩੦॥

ਕਿਹਾ ਹੈ ਕਿ ਇਸ ਨੂੰ ਤੁਰਕ ਬਣਾ ਲਵੋ, ਹੋਰ ਵਿਧੀਆਂ ਨਾਲ ਬਹੁਤ ਸਮਝਾਓ। ਮੇਰਾ ਹੋਰ ਕੋਈ ਜ਼ੋਰ ਨਹੀਂ ਹੈ, ਤੈਨੂੰ ਮੈਂ ਇਸ ਬਾਰੇ ਖਬਰਦਾਰ ਕਰ ਦਿੱਤਾ ਹੈ॥ ੩੦॥

ਰਹਿਬੋ ਇਹਾਂ, ਪਲਾਇਨ ਕਰਿਬੋ। ਤੁਵ ਅਧੀਨ ਹੈ ਜਿਮ ਉਰ ਧਰਿਬੋ।
ਮਿੱਤ੍ਰ ਜਾਨਿ ਮੈਂ ਦਯੋ ਬਤਾਇ। ਅਪਰ ਨ ਮੋ ਤੇ ਕੁਛ ਕਿਯ ਜਾਇ' ॥ ੩੧॥

ਏਥੇ ਰਹੋ ਜਾਂ ਭੱਜ ਜਾਵੋ, ਤੁਹਾਡੇ ਅਧੀਨ ਹੈ, ਜਿਵੇਂ ਦਿਲ ਵਿਚ ਧਾਰੋ ਉਸ ਤਰ੍ਹਾਂ ਕਰੋ। ਮਿੱਤਰ ਜਾਣ ਕੇ ਮੈਂ ਦੱਸ ਦਿੱਤਾ ਹੈ। ਹੋਰ ਮੇਰੇ ਪਾਸੋਂ ਕੁਝ ਵੀ ਨਹੀਂ ਕੀਤਾ ਜਾ ਸਕਣਾ ਹੈ" ॥ ੩੧॥

ਸੁਨਿ ਨੰਦ ਲਾਲ ਸਲਾਮੀ ਭਯੋ। ਮਿਲਜੋ ਦਰੋਗੇ ਸੋਂ ਹਿਤ ਕਿਯੋ।
ਕਹਜੋ ਤਾਂਹਿ ਸੋਂ 'ਮੈਂ ਅਬਿ ਜਾਊਂ। ਗੁਰ ਬਿਨ ਓਟ ਅਪਰ ਨਹਿਂ ਪਾਊਂ॥ ੩੨॥

ਇਹ ਸੁਣ ਕੇ ਭਾਈ ਨੰਦ ਲਾਲ ਵਿਦਾ ਹੋ ਗਿਆ ਤੇ ਪ੍ਰੇਮ ਨਾਲ ਦਰੋਗੇ ਨੂੰ ਜਾ ਕੇ ਮਿਲਿਆ। ਉਸ ਨੂੰ ਜਾ ਕੇ ਕਿਹਾ, "ਮੈਂ ਹੁਣ ਚਲਿਆ ਹਾਂ, ਗੁਰੂ ਜੀ ਬਗ਼ੈਰ ਹੋਰ ਕੋਈ ਓਟ ਪ੍ਰਾਪਤ ਨਹੀਂ ਹੋ ਸਕਦੀ॥ ੩੨॥

ਨਾਂਹਿ ਤ ਬਾਦੀ ਸ਼ਾਹੁ ਬਿਸਾਲਾ। ਸੁਨਹਿ ਗਹਾਇ ਲੇਹਿ ਤਤਕਾਲਾ।
ਗੁਰ ਬਿਹੀਨ ਰਾਖਾ ਨਹਿਂ ਦੂਆ। ਜਿਸ ਕੀ ਸ਼ਰਨ ਪਰਜੋ, ਸਿਖ ਹੂਆ॥ ੩੩॥

ਨਹੀਂ ਤਾਂ ਬਾਦਸ਼ਾਹ ਵੱਡਾ ਝਗੜਾਲੂ ਹੈ, ਸੁਣ ਕੇ ਤੁਰਤ ਫੜਾ ਦੇਵੇਗਾ। ਗੁਰੂ ਜੀ ਤੋਂ ਬਗੈਰ ਦੂਸਰਾ ਕੋਈ ਰਾਖਾ ਨਹੀਂ ਹੈ ਜਿਸ ਦੀ ਸ਼ਰਨ ਪੈ ਕੇ ਸਿੱਖ ਹੋਇਆ ਹਾਂ॥ ੩੩॥

ਦੂਹੂੰ ਲੋਕ ਤੇ ਮੋਹਿ ਬਚਾਵੈਂ। ਬਿਘਨ ਅਨੇਕ ਛੁਵਨਿ ਨਹਿਂ ਪਾਵੈਂ।
ਹੁਤੋ ਮਹਾਂ ਮੇਲੀ ਤੂੰ ਮੇਰਾ। ਜਾਤਿ ਮਿਲਜੋ ਕਰਿ ਪ੍ਰੇਮ ਘਨੇਰਾ' ॥ ੩੪॥

ਉਹ ਦੋਹਾਂ ਲੋਕਾਂ ਤੋਂ ਮੈਨੂੰ ਬਚਾਉਣਗੇ ਤੇ ਅਨੇਕਾਂ ਵਿਘਨ ਮੈਨੂੰ ਛੂਹ ਨਹੀਂ ਸਕਣਗੇ। ਤੂੰ ਮੇਰਾ ਵੱਡਾ ਮੇਲੀ ਸੀ, ਜਾਂਦਿਆਂ-ਹੋਇਆਂ ਮੈਂ ਵੱਡਾ ਪ੍ਰੇਮ ਕਰਕੇ ਮਿਲਿਆ ਹਾਂ" ॥ ੩੪॥

ਸੁਨਤਿ ਦਰੋਗ ਬਹੁ ਪਛੁਤਾਵਾ। ਕਹੈ 'ਮੋਹਿ ਲਿਹੁ ਸੰਗ ਰਲਾਵਾ।
ਤਵ ਕਰਨਾ ਤੇ ਮਨ ਸਧ ਮੋਹੀ। ਤਵ ਕਰੁਨਾ ਤੇ ਸਭਿ ਸੁਖ ਹੋਹੀ॥ ੩੫॥

ਇਹ ਸੁਣ ਕੇ ਦਰੋਗਾ ਬਹੁਤ ਪਛੁਤਾਇਆ, "ਮੈਨੂੰ ਵੀ ਆਪਣੇ ਨਾਲ ਰਲਾ ਲਵੋ, ਤੁਹਾਡੀ ਕਿਰਪਾ ਕਰਕੇ ਮੇਰਾ ਮਨ ਸ਼ੁਧ ਹੋ ਗਿਆ ਹੈ ਤੇ ਤੁਹਾਡੀ ਕਿਰਪਾ ਨਾਲ ਹੀ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਹੋਣਗੇ॥ ੩੫॥

**ਅਪਨੋ ਮੁਰਸ਼ਿਦ ਤੋਹਿ ਪਛਾਨੌਂ। ਦਿਨ ਪ੍ਰਤਿ ਚਿਤ ਬਿਕਾਰ ਤੇ ਹਾਨੌਂ।**
**ਨਿਤ ਖ਼ੁਦਾਇ ਕੋ ਸਿਮਰਨ ਕਰਤਾ। ਅੰਤ ਸਹਾਇਕ ਹੋਹਿ, ਬਿਚਰਤਾ॥ ੩੬॥**

ਮੈਂ ਤੁਹਾਨੂੰ ਆਪਣਾ ਮੁਰਸ਼ਦ ਪਛਾਣਿਆ ਹੈ, ਪ੍ਰਤੀ ਦਿਨ ਮੇਰੇ ਵਿਕਾਰਾਂ ਦਾ ਨਾਸ਼ ਹੋ ਰਿਹਾ ਹੈ। ਸਦਾ ਖ਼ੁਦਾ ਦਾ ਸਿਮਰਨ ਕਰਦਾ ਹਾਂ, ਵਿਚਾਰਦਾ ਹਾਂ ਅੰਤ ਸਮੇਂ ਤੁਸੀਂ ਸਹਾਇਕ ਹੋਵੋਗੇ॥ ੩੬॥

**ਨਿਜ ਗੁਰ ਸੰਗ ਮਿਲਾਵੌ ਮੋਹਿ। ਜਨਮ ਸਫਲ ਜਿਸ ਤੇ ਸਭਿ ਹੋਹਿ।**
**ਮੈਂ ਨ ਰਹੌਂ ਇਸ ਪਾਪੀ ਪਾਸ। ਪਰੀ ਸ਼ਰ੍ਹਾ ਗਰ ਜਿਸ ਕੇ ਫਾਸ॥ ੩੭॥**

ਆਪਣੇ ਗੁਰੂ ਜੀ ਨਾਲ ਮੈਨੂੰ ਮਿਲਾਵੋ, ਜਿਸ ਨਾਲ ਮੇਰਾ ਜਨਮ ਹਰ ਪ੍ਰਕਾਰ ਸਫਲ ਹੋਵੇ। ਮੈਂ ਇਸ ਪਾਪੀ ਪਾਸ ਨਹੀਂ ਰਹਾਂਗਾ। ਜਿਸ ਦੇ ਗਲ ਵਿਚ ਸ਼ਰ੍ਹਾ ਦੀ ਫਾਂਸੀ ਪਈ ਹੈ॥ ੩੭॥

**ਲਗਨ ਬਿਸਾਲ ਅਗਾਰੀ ਮੇਰੇ। ਅਰਪੌਂ ਤਨ ਮਨ ਗੁਰੂ ਅਗੇਰੇ।**
**ਅਬਹਿ ਅਚਾਨਕ ਬਿਧਿ ਬਨਿ ਆਈ। ਤੋਹਿ ਸੰਗ ਹੁਇ ਮਿਲਿਨਿ ਤਹਾਂਈ॥੩੮॥**

ਪਹਿਲਾਂ ਵੀ ਮੇਰੀ ਵੱਡੀ ਲਗਨ ਹੈ, ਮੈਂ ਆਪਣਾ ਤਨ ਮਨ ਗੁਰੂ ਜੀ ਅੱਗੇ ਅਰਪਣ ਕਰ ਦੇਵਾਂਗਾ। ਹੁਣ ਅਚਾਨਕ ਐਸੀ ਵਿਧੀ ਬਣ ਗਈ ਹੈ, ਤੁਹਾਡੇ ਨਾਲ ਜਾ ਕੇ ਉਨ੍ਹਾਂ ਨਾਲ ਮੇਲ ਹੋ ਜਾਵੇਗਾ"॥ ੩੮॥

**ਇਮ ਕਹਿ ਭਯੋ ਦਰੋਗ਼ਾ ਤਯਾਰ। ਹਿਤ ਕਰਿ ਪਹੁੰਚਨਿ ਗੁਰ ਦਰਬਾਰ।**
**ਸੱਯਦ ਹੁਤੋ ਪ੍ਰੇਮ ਰੰਗ ਰਾਤਾ। ਮਗ ਖ਼ੁਦਾਇ ਕੇ ਮਿਲਿਬੇ ਜਾਤਾ॥ ੩੯॥**

ਇਸ ਤਰ੍ਹਾਂ ਕਹਿ ਕੇ ਦਰੋਗਾ ਤਿਆਰ ਹੋ ਗਿਆ, ਹਿਤ ਕਰਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚਣਾ ਚਾਹੁੰਦਾ ਸੀ। ਸੱਯਦ ਸੀ, ਇਸ ਕਰਕੇ ਪ੍ਰੇਮ ਦੇ ਰੰਗ ਵਿਚ ਰੰਗਿਆ ਹੋਇਆ ਸੀ, ਖ਼ੁਦਾ ਦੇ ਰਸਤੇ ਤੁਰਨ ਵਾਲਾ ਸੀ॥ ੩੯॥

**ਦਲ ਛੋਰਤਿ ਹੀ ਨਿਕਸੇ ਦੋਈ। ਸਤਿਗੁਰ ਦਰਸ਼ਨ ਚਿਤਵਤਿ ਸੋਈ।**
**ਕਬਹਿ ਮਿਲਹਿਂ ਹਮ ਹੋਹਿਂ ਨਿਹਾਲੂ। ਬੈਠਿ ਸਮੀਪੀ ਮੋਦ ਬਿਸਾਲੂ॥ ੪੦॥**

ਸੈਨਾ ਨੂੰ ਛੱਡ ਕੇ ਦੋਵੇਂ ਬਾਹਰ ਨਿਕਲ ਆਏ, ਦੋਵੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਾਰੇ ਵਿਚਾਰ ਰਹੇ ਸਨ। ਕਦ ਸਤਿਗੁਰੂ ਜੀ ਨੂੰ ਮਿਲ ਕੇ ਨਿਹਾਲ ਹੋਵਾਂਗੇ ਤੇ ਪਾਸ ਬੈਠ ਕੇ ਅਨੰਦ ਧਾਰਨ ਕਰਾਂਗੇ॥ ੪੦॥

**ਮਗਿ ਮਹਿਂ ਸਤਿਗੁਰ ਕੇ ਗੁਨ ਕਹਿਤੇ। ਆਵਤਿ ਚਲੇ ਮਿਲਨਿ ਕੋ ਚਹਿਤੇ।**
**ਜਾਗੇ ਜਿਨਕੇ ਭਾਗ ਬਿਲੰਦੇ। ਪਹੁਚਤਿ ਭੇ ਜਹਿਂ ਨਗਰ ਅਨੰਦੇ॥ ੪੧॥**

ਰਾਹ ਵਿਚ ਸਤਿਗੁਰੂ ਜੀ ਦੇ ਗੁਣ ਕਹਿੰਦੇ ਜਾਂਦੇ ਸਨ, ਮਿਲਣ ਦੀ ਚਾਹਤ ਕਰਦੇ ਹੋਏ ਚਲੇ ਆ ਰਹੇ ਸਨ। ਜਿਨ੍ਹਾਂ ਦੇ ਵੱਡੇ ਭਾਗ ਜਾਗ ਪਏ ਸਨ, ਉਹ ਅਨੰਦਪੁਰ ਦੀ ਨਗਰੀ ਵਿਚ ਪਹੁੰਚ ਗਏ॥ ੪੧॥

*ਤੀਸਰੀ ਰੁੱਤ ਦਾ ਪੰਜੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

# ਅਧਿਆਇ ਛੱਬੀਵਾਂ

## ਭਾਈ ਨੰਦ ਲਾਲ ਗੁਰੂ ਜੀ ਦੇ ਹਜ਼ੂਰ

ਦੋਹਰਾ- ਆਇ ਮਿਲੇ ਸ੍ਰੀ ਗੁਰ ਨਿਕਟ, ਦੇਖਜੋ ਪ੍ਰੇਮ ਬਿਸਾਲ।
ਪਰੇ ਚਰਨ ਕਰ ਜੋਰਿ ਕਰਿ ਲਖੇ ਸੁ ਪ੍ਰਭੂ ਕ੍ਰਿਪਾਲ॥ ੧॥

ਸ੍ਰੀ ਗੁਰੂ ਜੀ ਪਾਸ ਆ ਕੇ ਮਿਲ ਪਏ ਤੇ ਵਿਸ਼ਾਲ ਪ੍ਰੇਮ ਵੇਖਿਆ। ਚਰਨਾਂ ਉੱਤੇ ਹੱਥ ਜੋੜ ਕੇ ਮੱਥਾ ਟੇਕਿਆ, ਕਿਰਪਾਲ ਗੁਰੂ ਜੀ ਨੇ ਵੇਖਿਆ॥ ੧॥

ਦੋਹਰਾ- ਨੰਦਲਾਲ ਨੇ ਭੇਟ ਚੜ੍ਹਾਈ। ਬੀਚ ਫਾਰਸੀ ਬੈਤ ਬਨਾਈ।
ਸਤਿਗੁਰ ਸਿਫਤ ਬ੍ਰਹਮ ਕੋ ਗਜਾਨ। ਜੁਗਤਿ ਉਕਤਿ ਬਹੁ ਰੀਤਿ ਬਖਾਨ ॥੨ ॥

ਭਾਈ ਨੰਦ ਲਾਲ ਨੇ, ਫਾਰਸੀ ਵਿਚ ਬਣਾਏ ਬੈਂਤਾਂ ਦੀ ਇਕ ਪੋਥੀ ਭੇਟ ਕੀਤੀ। ਉਸ ਵਿਚ ਸਤਿਗੁਰੂ ਜੀ ਦੀਆਂ ਸਿਫਤਾਂ ਕੀਤੀਆਂ ਗਈਆਂ ਹਨ ਤੇ ਉਨ੍ਹਾਂ ਦੇ ਬ੍ਰਹਮ ਗਿਆਨ ਦੀ ਜੁਗਤੀ ਨੂੰ ਬਹੁਤ ਰੀਤੀਆਂ ਨਾਲ ਬਿਆਨ ਕੀਤਾ ਗਿਆ ਹੈ॥ ੨॥

ਮੁਸਕਾਵਤਿ ਦਸਮੇ ਪਤਿਸ਼ਾਹੂ। ਕ੍ਰਿਪਾ ਕਰਤਿ ਬੂਝਤਿ ਭੇ ਤਾਹੂ।
'ਆਨਜੋ ਕਹਾਂ ਸੁਨਾਵਹੁ ਪਜਾਰੇ। ਕਜਾ ਇਸ ਪੋਥੀ ਬੀਚ ਉਚਾਰੇ' ॥ ੩ ॥

ਦਸਵੇਂ ਪਾਤਿਸ਼ਾਹ ਜੀ ਸੁਣ ਕੇ ਮੁਸਕਰਾਏ, ਕਿਰਪਾ ਕਰਕੇ ਉਨ੍ਹਾਂ ਨੂੰ ਪੁੱਛਣ ਲੱਗੇ, "ਹੇ ਪਿਆਰੇ ! ਸੁਣਾਵੋ, ਇਹ ਕੀ ਲੈ ਕੇ ਆਏ ਹੋ। ਇਸ ਪੋਥੀ ਦੇ ਵਿਚ ਕੀ ਉਚਾਰਨ ਕੀਤਾ ਗਿਆ ਹੈ" ॥ ੩ ॥

ਕਿਤਿਕ ਬੈਤ ਨੰਦਲਾਲ ਸੁਨਾਈ। ਕਰੇ ਮਾਯਨੇ ਨੀਕ ਬਨਾਈ।
'ਕਰਜੋ ਬੰਦਗੀਨਾਮਾ ਮੋਹਿ। ਮਹਿਮਾ ਗਿਰ ਤੇ ਕਨ ਸਮ ਹੋਹਿ ॥ ੪ ॥

ਭਾਈ ਨੰਦ ਲਾਲ ਨੇ ਕਈ ਬੈਂਤ ਸੁਣਾਏ ਤੇ ਚੰਗੀ ਤਰ੍ਹਾਂ ਬਣਾ ਕੇ ਉਨ੍ਹਾਂ ਦੇ ਅਰਥ ਕਹੇ। ਇਸ ਵਿਚ ਮੇਰੇ ਵਲੋਂ ਆਪ ਜੀ ਨੂੰ ਬੰਦਨਾ ਕੀਤੀ ਹੈ, ਪਰ ਆਪ ਜੀ ਦੀ ਮਹਿਮਾ ਪਹਾੜ ਵਿਚੋਂ ਇਕ ਕਿਣਕਾ ਵਰਣਨ ਕਰਨ ਤੁਲ ਬਿਆਨ ਹੁੰਦੀ ਹੈ॥ ੪ ॥

ਅਹੈ ਜਥਾ ਮਤਿ ਤਥਾ ਬਨਾਈ। ਕਰਿਬੇ ਹਿਤ ਬਾਨੀ ਸਫਲਾਈ।
ਗੁਨ ਸਮੁੰਦ੍ਰ ਕੋ ਲਖੈ ਤੁਮਾਰੇ ? ਜਲ ਪਰੰਤੁ ਲੇ ਕਾਜ ਸੁਧਾਰੇ ॥ ੫ ॥

ਇਹ ਜਿਵੇਂ ਮੇਰੀ ਬੁੱਧੀ ਵਿਚ ਆਇਆ ਹੈ ਤਿਵੇਂ ਬਣਾਈ ਹੈ, ਆਪਣੀ ਬਾਣੀ ਸਫਲ ਕਰਨ ਵਾਸਤੇ ਲਿਖੀ ਹੈ। ਤੁਹਾਡੇ ਸਮੁੰਦਰ ਵਰਗੇ ਅਥਾਹ ਗੁਣਾਂ ਨੂੰ ਕੌਣ ਜਾਣ ਸਕਦਾ ਹੈ ? ਪਰ ਉਸ ਵਿਚੋਂ ਜਲ ਮਾਤਰ ਲੈ ਕੇ ਕਾਰਜ ਸੁਧਾਰ ਲਈਦਾ ਹੈ॥ ੫ ॥

ਕਰਹਿ ਸ਼ਨਾਨ ਆਦਿ, ਮਲ ਹਰੇ। ਲਹੈ ਨ ਪਾਰ, ਜਥਾਮਤਿ ਰਰੇ।
ਦੀਨ ਬੰਧੁ ਨਿਜ ਬਿਰਦ ਸੰਭਾਰਹੁ। ਹਮ ਸੇ ਅਧਮ ਜੀਵ ਕੋ ਤਾਰਹੁ ॥੬ ॥

ਅਸੀਂ ਇਸ਼ਨਾਨ ਆਦਿ ਕਰਦੇ ਹਾਂ ਕਿ ਮੈਲ ਦੂਰ ਹੋ ਜਾਵੇ, ਆਪ ਜੀ ਦਾ ਪਾਰ ਨਹੀਂ ਪਾਇਆ ਜਾ ਸਕਦਾ ਹੈ, ਜੈਸੀ ਮੇਰੀ ਮੱਤ ਹੈ ਤੈਸੇ ਹੀ ਆਪ ਜੀ ਦੇ ਗੁਣ ਕਹੇ ਹਨ। ਹੇ ਦੀਨਾ ਬੰਧੂ ! ਆਪਣਾ ਬਿਰਦ ਸੰਭਾਲੋ, ਸਾਡੇ ਵਰਗੇ ਨੀਚ ਜੀਵਾਂ ਨੂੰ ਤਾਰੋ" ॥ ੬ ॥

ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ। ਬਹੁ ਪ੍ਰਸੰਨ ਹ੍ਵੈ ਕਰਤਿ ਬਖਾਨ।
'ਰਚਜੋ ਬੰਦਗੀ ਨਾਮਾ ਜੋਇ। ਅਹੈ ਜ਼ਿੰਦਗੀ ਨਾਮਾ ਸੋਇ'॥ ੭॥

ਇਹ ਸੁਣ ਕੇ ਸਤਿਗੁਰੂ ਕਿਰਪਾ ਨਿਧਾਨ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਬਚਨ ਕੀਤਾ, "ਜਿਹੜਾ ਤੁਸੀਂ ਬੰਦਗੀ ਨਾਮਾ ਲਿਖਿਆ ਹੈ, ਇਹੋ ਹੀ ਅਸਲ ਵਿਚ ਜ਼ਿੰਦਗੀ ਨਾਮਾ ਹੈ"॥ ੭॥

ਕਰਜੋ ਸਰਾਹਨਿ 'ਨੀਕੇ ਬਨਜੋਂ। ਪਠਤਿ ਸੁਨਤਿ ਹਿਤ 'ਦਾਯਕ' ਭਨਜੋਂ।
ਮੀਰ ਦਰੋਗਾ ਸੱਯਦ ਸਾਹਿਬ। ਨੰਦਲਾਲ ਕੋ ਸਿੱਖ ਅਜਾਇਬ॥ ੮॥

ਗੁਰੂ ਜੀ ਨੇ ਫਿਰ ਉਸ ਦੀ ਸ਼ਲਾਘਾ ਕੀਤੀ ਤੇ ਕਿਹਾ, "ਚੰਗਾ ਬਣਿਆ ਹੈ, ਪੜ੍ਹਨ ਸੁਣਨ ਵਾਸਤੇ ਸੁਖ ਦੇਣ ਵਾਲਾ ਹੈ।" ਮੀਰ ਦਰੋਗਾ ਸੱਯਦ ਨਾਲ ਆਇਆ ਸੀ, ਉਹ ਭਾਈ ਨੰਦ ਲਾਲ ਦਾ ਪੱਕਾ ਸਿੱਖ ਸੀ॥ ੮॥

ਡੇਢ ਹਜ਼ਾਰ ਮੁਹਰ ਧਰਿ ਆਗੇ। ਕਲਗੀਧਰ ਕੀ ਚਰਨੀ ਲਾਗੇ।
ਮਹਾਂ ਪ੍ਰੇਮ ਤੇ ਜਲ ਭਰਿ ਨੈਨ। ਮੁਖ ਤੇ ਨਹਿੰ ਨਿਕਸਤਿ ਕਛੁ ਬੈਨ॥ ੯॥

ਉਹ ਗੁਰੂ ਜੀ ਅੱਗੇ ਡੇਢ ਹਜ਼ਾਰ ਮੋਹਰ ਧਰ ਕੇ ਗੁਰੂ ਜੀ ਦੀ ਚਰਨੀਂ ਲੱਗ ਗਿਆ। ਮਹਾਨ ਪ੍ਰੇਮ ਹੋਣ ਕਰਕੇ ਨੈਣਾਂ ਵਿਚ ਜਲ ਭਰ ਆਇਆ ਤੇ ਮੁਖ ਵਿਚੋਂ ਕੋਈ ਸ਼ਬਦ ਨਹੀਂ ਸੀ ਨਿਕਲਦਾ॥ ੯॥

ਦਰਸ਼ਨ ਕਰਤਿ ਅਮੀ ਜਨੁ ਪੀਵਤਿ। ਲੋਚਨ ਡੋਨੇ ਕਰਿ ਥਿਰ ਥੀਵਤਿ।
ਭਯੋ ਮਗਨ ਮਨ ਦੇਖਤਿ ਰਹਜੋ। ਲਖਹਿ ਕਿ ਤਨ ਖ਼ੁਦਾਇ ਮੈਂ ਲਹਜੋ॥੧੦॥

ਦਰਸ਼ਨ ਕਰਕੇ ਇਸ ਤਰ੍ਹਾਂ ਅਨੁਭਵ ਕੀਤਾ ਜਿਵੇਂ ਅੰਮ੍ਰਿਤ ਪੀ ਲਿਆ ਹੋਵੇ। ਅੱਖਾਂ ਦੇ ਡੂਨੇ ਸਥਿਰ ਕਰਕੇ ਖਲੋਤਾ ਰਿਹਾ, ਮਨ ਮਗਨ ਹੋ ਗਿਆ, ਦੇਖਦਾ ਰਿਹਾ, ਸਮਝਦਾ ਸੀ ਮਾਨੋ ਖ਼ੁਦਾ ਦਾ ਸਰੀਰ ਵੇਖਿਆ ਹੈ॥ ੧੦॥

ਦਸ਼ਾ ਦੇਖਿ ਕਰਿ ਪਰਮ ਕ੍ਰਿਪਾਲੁ। ਬੋਲੇ ਮੁਸਕਾਵਤਿ ਤਿਸ ਕਾਲ।
'ਬੈਠਹੁ ਨਿਕਟ ਕਹਹੁ ਨਿਜ ਬਾਤੀ। ਕਿਸ ਕੋ ਤੂੰ ਮੁਰੀਦ ਬੱਖਜਾਤੀ ?॥੧੧॥

ਪਰਮ ਕ੍ਰਿਪਾਲੂ ਗੁਰੂ ਜੀ ਇਹ ਹਾਲਤ ਵੇਖ ਕੇ ਉਸ ਸਮੇਂ ਮੁਸਕਰਾ ਕੇ ਬੋਲੇ, "ਪਾਸ ਬੈਠੋ ਤੇ ਆਪਣੀ ਗੱਲ ਕਹੋ, ਪ੍ਰਗਟ ਤੌਰ ਤੇ ਤੂੰ ਕਿਸ ਦਾ ਮੁਰੀਦ ਹੈਂ ?॥ ੧੧॥

ਕਿਸ ਮੁਰਸ਼ਿਦ ਕੇ ਹੈਂ ਅਨੁਸਾਰੀ? ਜਿਸਤੇ ਚਾਹਤਿ ਭਲੋ ਅਗਾਰੀ'।
ਸੁਨਿ ਸੱਯਦ ਬੋਲਜੋ ਤਿਸ ਬੇਰਾ। 'ਨੰਦਲਾਲ ਹੈ ਇਹੁ ਗੁਰ ਮੇਰਾ॥ ੧੨॥

ਕਿਸ ਮੁਰਸ਼ਿਦ ਦੀ ਤੂੰ ਆਗਿਆ ਅਨੁਸਾਰ ਹੈਂ? ਜਿਸ ਤੋਂ ਪਰਲੋਕ ਵਿਚ ਭਲਾ ਚਾਹੁੰਦਾ ਹੈਂ।" ਇਹ ਸੁਣ ਕੇ ਸੱਯਦ ਉਸ ਸਮੇਂ ਬੋਲਿਆ, "ਨੰਦ ਲਾਲ ਮੇਰਾ ਗੁਰੂ ਹੈ॥ ੧੨॥

ਸਿਖ ਮੈਂ ਬਨਜੋਂ ਲਯੋ ਉਪਦੇਸ਼। ਜਿਸ ਤੇ ਹਤੇ ਕਲੇਸ਼ ਅਸ਼ੇਸ਼'।
ਆਲਮ ਸਿੰਘ ਨਚਨਾ ਜਿਸ ਕਹੈਂ। ਤਬਹਿ ਸਮੀਪ ਗੁਰੂ ਕੇ ਅਹੈ॥ ੧੩॥

ਮੈਂ ਇਨ੍ਹਾਂ ਦਾ ਸਿੱਖ ਬਣਿਆ ਹਾਂ ਤੇ ਇਨ੍ਹਾਂ ਪਾਸੋਂ ਉਪਦੇਸ਼ ਲਿਆ ਹੈ, ਜਿਸ ਕਰਕੇ ਸਾਰੇ ਕਲੇਸ਼ ਦੂਰ ਹੋ ਗਏ ਹਨ।" ਆਲਮ ਸਿੰਘ ਜਿਸ ਨੂੰ ਨਚਨਾ ਕਹਿੰਦੇ ਸਨ, ਉਹ ਉਸ ਸਮੇਂ ਗੁਰੂ ਜੀ ਦੇ ਪਾਸ ਸੀ॥ ੧੩॥

ਸੁਨਿ ਕਰਿ ਤਰਕ ਕਰਤਿ ਸੋ ਬੋਲਾ। 'ਐਸੋ ਬਾਕ ਨ ਕਹੀਐ ਹੌਲਾ।
ਤੀਨ ਲੋਕ ਪਤਿ ਗੁਰ ਵਿਦਮਾਨੋ। ਸਿੱਖਜਨ ਕੋ ਤੁਮ ਗੁਰੂ ਬਖਾਨੋ॥ ੧੪॥

ਉਹ ਸੁਣ ਕੇ ਤਰਕ ਕਰਕੇ ਬੋਲਿਆ, "ਐਸਾ ਹੌਲਾ ਵਾਕ ਨਾ ਬੋਲੋ। ਤਿੰਨਾਂ ਲੋਕਾਂ ਦੇ ਮਾਲਕ ਗੁਰੂ ਜੀ ਬਿਰਾਜਮਾਨ ਹਨ, ਉਨ੍ਹਾਂ ਦੇ ਇਕ ਸਿੱਖ ਨੂੰ ਤੁਸੀਂ ਗੁਰੂ ਕਹਿੰਦੇ ਹੋ॥ ੧੪॥

ਕਹਨਿ ਹਜ਼ੂਰ ਨ ਇਹੁ ਅਧਿਕਾਰਾ। ਉਚਰਨਿ ਕੀਜੈ ਰਿਦੈ ਬਿਚਾਰਾ'।
ਸੁਨਿ ਸੱਯਦ ਤੂਸ਼ਨ ਹੁਇ ਰਹਜੋ। ਸ੍ਰੀ ਸਤਿਗੁਰ ਤਿਸ ਕੋ ਮਨ ਲਹਜੋ॥ ੧੫॥

ਹਜ਼ੂਰ ਦੇ ਪਾਸ ਕਹਿਣ ਦਾ ਇਹ ਅਧਿਕਾਰ ਨਹੀਂ, ਹਿਰਦੇ ਵਿਚ ਵਿਚਾਰ ਕੇ ਕਹੋ।" ਇਹ ਸੁਣ ਸੱਯਦ ਚੁੱਪ ਰਿਹਾ। ਸਤਿਗੁਰੂ ਜੀ ਉਸ ਦੇ ਮਨ ਦੀ ਗੱਲ ਨੂੰ ਜਾਣ ਗਏ ਤੇ ਬੋਲੇ॥ ੧੫॥

'ਆਲਮ ਸਿੰਘ ! ਨ ਹਟਕ ਪ੍ਰਬੀਨਾ। ਨੰਦਲਾਲ ਕੋ ਗੁਰ ਪਦ ਦੀਨਾ।
ਮੈਂ ਬਖਸ਼ੀਸ਼ ਕੀਨਿ ਇਸ ਤਾਈਂ। ਆਇ ਬਨੈ ਸਿਖ, ਸੋ ਸੁਖ ਪਾਈ॥ ੧੬॥

"ਹੇ ਚਤੁਰ ਆਲਮ ਸਿੰਘ ! ਇਸ ਨੂੰ ਨਾ ਵਰਜੋ, ਨੰਦ ਲਾਲ ਨੂੰ ਗੁਰੂ ਦੀ ਪਦਵੀ ਦਿੱਤੀ ਹੈ। ਮੈਂ ਉਸ ਨੂੰ ਇਸ ਬਾਰੇ ਬਖਸ਼ੀਸ਼ ਕੀਤੀ ਹੈ। ਜਿਹੜਾ ਵੀ ਆ ਕੇ ਇਨ੍ਹਾਂ ਦਾ ਸਿੱਖ ਬਣੇਗਾ, ਉਹ ਸੁਖ ਪਾਵੇਗਾ॥ ੧੬॥

ਨੰਦਲਾਲ ਨੇ ਮੋਕਉ ਜਾਨਜੋਂ। ਮੇਰੋ ਭਲੋ ਸਰੂਪ ਪਛਾਨਜੋਂ।
ਯਾਂਤੇ ਇਸ ਕੋ ਗੁਰਪਦ ਹੋਵਾ। ਭਗਤਿ ਗਜਾਨ ਕੋ ਰਸ ਇਨ ਜੋਵਾ'॥੧੭॥

ਭਾਈ ਨੰਦ ਲਾਲ ਨੇ ਮੈਨੂੰ ਜਾਣ ਲਿਆ ਹੈ ਤੇ ਮੇਰੇ ਭਲੇ ਸਰੂਪ ਨੂੰ ਪਛਾਣ ਲਿਆ ਹੈ। ਇਸ ਕਰਕੇ ਉਸ ਦੀ ਗੁਰਮੁਖ ਪਦਵੀ ਹੋ ਗਈ ਹੈ। ਭਗਤੀ ਗਿਆਨ ਦਾ ਉਸ ਰਸ ਵੇਖ ਲਿਆ ਹੈ॥ ੧੭॥

*ਨੋਟ : ਏਥੇ ਗੁਰ ਅਵਤਾਰ ਤੋਂ ਭਾਵ ਨਹੀਂ ਹੈ, ਜਿਵੇਂ ਪਹਿਲੇ ਸਤਿਗੁਰੂ ਮੰਜੀਆਂ ਬਖਸ਼ਦੇ ਸਨ, ਉਹ ਗੁਰਗੱਦੀ ਦੇ ਅਧੀਨ ਹੁੰਦੇ ਸਨ, ਪਰ ਉਹ ਸਿੱਖੀ ਦਾ ਪ੍ਰਚਾਰ ਕਰਦੇ ਸਨ।*

ਸਤਿਗੁਰ ਮੇਹਰ ਨਦਰ ਕੀ ਧਾਰੇ। ਅਨਿਕ ਗੁਰੂ ਕਰਿ ਜਗ ਬਿਸਤਾਰੇ।
ਆਲਮ ਸਿੰਘ ਸੋਂ ਕਰਜੋ ਬਖਾਨ। 'ਮੀਰ ਸੁ ਬਡੇ ਮਰਾਤਬ ਦਾਨ॥ ੧੮॥

ਸਤਿਗੁਰੂ ਜੀ ਜਿਨ੍ਹਾਂ ਉੱਪਰ ਮਿਹਰ ਦੀ ਨਿਗਾਹ ਧਾਰਨ ਤਾਂ ਅਨੇਕਾਂ ਗੁਰੂ ਗੁਰਮੁਖ ਕਰਕੇ ਜਗਤ ਵਿਚ ਫੈਲਾ ਦੇਣ। ਫਿਰ ਆਲਮ ਸਿੰਘ ਨੂੰ ਕਹਿਣ ਲੱਗੇ, "ਇਹ ਦਰੋਗ਼ਾ ਵੱਡੇ ਰੁਤਬੇ ਵਾਲਾ ਫਕੀਰ ਹੈ॥ ੧੮॥

ਪ੍ਰੇਮੀ ਮਗ ਖ਼ੁਦਾਇ ਕੋ ਅਹੈ। ਨੰਦ ਲਾਲ ਤੇ ਸਿੱਖਜਾ ਲਹੈ।
ਮੀਰ ਮਰਾਤਬਦਾਨ ਸੁਜਾਨਾ। ਪਾਤਸ਼ਾਹਿ ਕੇ ਨਿਕਟ ਮਹਾਨਾ॥ ੧੯॥

ਇਹ ਰੱਬ ਦੇ ਰਸਤੇ ਦਾ ਪ੍ਰੇਮੀ ਹੈ ਤੇ ਨੰਦ ਲਾਲ ਤੋਂ ਸਿਖਿਆ ਲੈਂਦਾ ਹੈ। ਫਿਰ ਦੁਨੀਆਂ ਵਿਚ ਮੀਰ ਦਰੋਗਾ ਹੈ, ਇਹ ਚਤੁਰ ਹੈ ਤੇ ਰੁਤਬੇ ਵਾਲਾ ਹੈ। ਬਾਦਸ਼ਾਹ ਦੇ ਬੜਾ ਨੇੜੇ ਰਹਿਣ ਵਾਲਾ ਹੈ, ਭਾਵ ਦੀਨ ਅਤੇ ਦੁਨੀਆਂ ਵਿਚ ਸਤਿਕਾਰਯੋਗ ਹੈ॥ ੧੯॥

ਤੂੰ ਮੁਖ ਮੋਟੀ ਬਾਤ ਪ੍ਰਕਾਸ਼। ਖਰੋ ਕਰਤਿ ਹੈਂ ਹਾਸ ਬਿਲਾਸਾ'।
ਇਮ ਕਹਿ ਗੁਰੂ ਕ੍ਰਿਪਾ ਬਹੁ ਕਰੀ। ਪ੍ਰੇਮਾਭਗਤਿ ਰਿਦੈ ਤਿਸ ਧਰੀ॥ ੨੦॥

ਤੂੰ ਮੁਖ ਵਿਚੋਂ ਸਿਧੀ ਸਾਦੀ ਗੱਲ ਕਰਕੇ ਖੜਾ ਹੋ ਕੇ ਹਾਸ ਵਿਲਾਸ ਕਰਦਾ ਹੈਂ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਬਹੁਤ ਕਿਰਪਾ ਕੀਤੀ ਤੇ ਪ੍ਰੇਮ ਭਗਤੀ ਉਸ ਦੇ ਹਿਰਦੇ ਵਿਚ ਧਰ ਦਿੱਤੀ॥ ੨੦॥

ਭਯੋ ਨਿਹਾਲ ਪਾਇ ਗੁਰ ਕਰੁਨਾ। ਸੰਕਟ ਹਰਜੋ ਜਨਮ ਅਰੁ ਮਰਨਾ।
ਨੰਦਲਾਲ ਗੁਰ ਕੇ ਢਿਗ ਰਹੈ। ਬ੍ਰਹਮਗਜਾਨ ਮਹਿਂ ਨਿਸ਼ਚੈ ਲਹੈ॥ ੨੧॥

Sri Satguru Jagjit Singh Ji eLlibrary NamdhariElibrary@gmail.com

ਉਹ ਗੁਰੂ ਜੀ ਦੀ ਕਿਰਪਾ ਪਾ ਕੇ ਨਿਹਾਲ ਹੋ ਗਿਆ ਤੇ ਉਸ ਆਪਣੇ ਜਨਮ ਮਰਨ ਦੇ ਸੰਕਟ ਨੂੰ ਦੂਰ ਕੀਤਾ। ਭਾਈ ਨੰਦ ਲਾਲ ਗੁਰੂ ਜੀ ਦੇ ਪਾਸ ਰਿਹਾ। ਬ੍ਰਹਮ-ਗਿਆਨ ਵਿਚ ਉਸ ਦਾ ਨਿਸ਼ਚਾ ਪੱਕਾ ਹੋ ਗਿਆ॥ ੨੧॥

**ਧਨ ਅਪਨੋ ਸੰਤਨਿ ਕੋ ਦੇਵੈ। ਗੁਰ ਸਿੱਖਨ ਕੋ ਹਿਤ ਕਰਿ ਸੇਵੈ।**
**ਬਿਦਾ ਹੋਇ ਕਬਿ ਘਰ ਕੋ ਜਾਇ। ਧਰਤ ਧਯਾਨ ਉਰ ਬਿਖੈ ਬਸਾਇ॥ ੨੨॥**

ਧਨ ਆਪਣਾ ਸੰਤਾਂ ਨੂੰ ਦਿੰਦਾ ਸੀ ਤੇ ਗੁਰੂ ਜੀ ਦੇ ਸਿੱਖਾਂ ਦੀ ਸੇਵਾ ਕਰਦਾ ਸੀ। ਕਦੀ-ਕਦੀ ਵਿਦਾ ਹੋ ਕੇ ਘਰ ਨੂੰ ਜਾਂਦਾ ਸੀ, ਧਿਆਨ ਧਰ ਕੇ ਗੁਰੂ ਜੀ ਨੂੰ ਹਿਰਦੇ ਵਿਚ ਵਸਾਉਂਦਾ ਸੀ॥ ੨੨॥

**ਬਹੁਰ ਨਿਕਟ ਰਹਿਬੇ ਕੋ ਆਵੈ। ਦਰਬ ਬਿਸਾਲ ਅਕੋਰ ਚਢਾਵੈ।**
**ਇਸੇ ਬਹਾਦਰ ਸ਼ਾਹ ਚਿਤਾਰੈ। ਬਡਾ ਵਲੀ ਬਹੁ ਸਤੁਤਿ ਉਚਾਰੇ॥ ੨੩॥**

ਫਿਰ ਪਾਸ ਰਹਿਣ ਵਾਸਤੇ ਆ ਜਾਂਦਾ ਸੀ, ਬਹੁਤ ਧਨ ਅਤੇ ਉਪਹਾਰ ਚੜ੍ਹਾਉਂਦਾ ਸੀ। ਬਹਾਦਰ ਸ਼ਾਹ ਉਸ ਨੂੰ ਰੱਬ ਦਾ ਨਿਕਟਵਰਤੀ ਵੱਡਾ ਵਲੀ ਕਹਿ ਕੇ ਬਹੁਤ ਉਸਤਤਿ ਕਰਦਾ ਸੀ॥ ੨੩॥

**ਇਸ ਤੇ ਸੁਨਿ ਕਰਿਕੈ ਉਪਦੇਸ਼। ਗੁਰ ਕੀ ਮਹਿਮਾ ਲਖਹਿ ਵਿਸ਼ੇਸ਼।**
**ਮਹਾਂ ਸ਼ਰੀਯਨ ਤੇ ਡਰਪਾਵੈ। ਪਦਰ ਤ੍ਰਾਸ ਕੋ ਰਿਦੈ ਬਸਾਵੈ॥ ੨੪॥**

ਇਸ ਦਾ ਉਪਦੇਸ਼ ਸੁਣ ਕੇ, ਗੁਰੂ ਜੀ ਦੀ ਵਿਸ਼ੇਸ਼ ਮਹਿਮਾਂ ਨੂੰ ਸਮਝਦਾ ਸੀ। ਸ਼ਰ੍ਹਾ ਵਿਚ ਵੱਡਾ ਹਠ ਧਾਰਨ ਕਰਨ ਵਾਲਿਆਂ ਤੋਂ ਡਰਦਾ ਸੀ ਪਰ ਆਪਣੇ ਪਿਤਾ ਦੇ ਡਰ ਨੂੰ ਹਿਰਦੇ ਵਿਚ ਵਸਾਉਂਦਾ ਸੀ॥ ੨੪॥

**ਨਹਿਂ ਮਿਲਿ ਸਕਹਿ ਜਾਨਿ ਇਸ ਕਾਰਨ। ਰਿਦੈ ਲਖਹਿ ਗੁਰ ਕਰਹਿਂ ਉਧਾਰਨ।**
**ਬੀਚ ਅਨੰਦਪੁਰ ਬਡੇ ਅਨੰਦ। ਮਿਲੇ ਆਨਿ ਗਨ ਸਿੱਖ ਬਿਲੰਦ॥ ੨੫॥**

ਇਸ ਕਾਰਨ ਨੂੰ ਜਾਣ ਕੇ ਕਿ ਗੁਰੂ ਜੀ ਨੂੰ ਨਹੀਂ ਮਿਲ ਸਕਦਾ ਹੈ, ਹਿਰਦੇ ਵਿਚ ਸਮਝਦਾ ਸੀ ਕਿ ਗੁਰੂ ਜੀ ਉਧਾਰ ਕਰਦੇ ਹਨ। ਅਨੰਦਪੁਰ ਵਿਚ ਵੱਡੇ ਅਨੰਦ ਹੋ ਰਹੇ ਸਨ, ਬਹੁਤ ਸਿੱਖ ਇਕੱਠੇ ਹੋ ਕੇ ਆ ਕੇ ਮਿਲਦੇ ਸਨ॥ ੨੫॥

**ਸਭਿ ਡੇਰਨਿ ਮਹਿਂ ਲੰਗਰ ਹੋਇ। ਭੂਖਾ ਰਹਨਿ ਨ ਪਾਵੈ ਕੋਇ।**
**ਭਈ ਗੁਰੂ ਢਿਗ ਇਕ ਦਿਨ ਚਰਚਾ। ਹਿਤ ਦੇਗਨਿ ਕੇ ਸਭਿ ਧਨ ਖਰਚਾ॥ ੨੬॥**

ਸਾਰਿਆਂ ਡੇਰਿਆਂ ਵਿਚ ਲੰਗਰ ਚਲਦਾ ਸੀ, ਕੋਈ ਵੀ ਭੁੱਖਾ ਨਹੀਂ ਸੀ ਰਹਿੰਦਾ। ਇਕ ਦਿਨ ਗੁਰੂ ਜੀ ਪਾਸ ਇਹ ਚਰਚਾ ਛਿੜੀ ਕਿ ਲੰਗਰ ਵਾਸਤੇ ਸਭ ਧਨ ਖਰਚਦੇ ਹਨ॥ ੨੬॥

**ਨਿਜ ਨਿਜ ਡੇਰੇ ਸਗਰੇ ਕਰਿਹੀਂ। ਭਾਉ ਭਗਤਿ ਕੋ ਨੀਕੇ ਧਰਿਹੀਂ।**
**ਭਲੇ ਭਲੇ ਸਿਖ ਕਰਹਿਂ ਬਖਾਨ। 'ਗੁਰ ਜੀ ਲੰਗਰ ਹੋਹਿ ਮਹਾਨ'॥ ੨੭॥**

ਆਪਣੇ-ਆਪਣੇ ਡੇਰਿਆਂ ਵਿਚ ਸਾਰੇ ਲੰਗਰ ਚਲਾਉਂਦੇ ਸਨ। ਪ੍ਰੇਮ ਭਗਤੀ ਨੂੰ ਚੰਗੀ ਤਰ੍ਹਾਂ ਧਾਰਨ ਕਰਦੇ ਸਨ। ਭਲੇ-ਭਲੇ ਸਿੱਖ ਗੁਰੂ ਜੀ ਪਾਸ ਆ ਕੇ ਕਹਿੰਦੇ ਸਨ, "ਗੁਰੂ ਜੀ ਸਾਡੇ ਡੇਰੇ ਮਹਾਨ ਲੰਗਰ ਚਲਦਾ ਹੈ"॥ ੨੭॥

**ਕਲਗ਼ੀਧਰ ਕਹਿਂ 'ਕਰਹਿਂ ਸੁ ਆਛੇ'। ਤਊ ਆਪ ਦੇਖੈਂ ਉਰ ਬਾਂਛੇ।**
**ਬੀਤ ਗਏ ਕੇਤਿਕ ਦਿਨ ਪਾਛੇ। ਅਪਰ ਭੇਸ ਨਿਜ ਤਨ ਮੈਂ ਕਾਛੇ। ੨੮॥**

ਸਤਿਗੁਰੂ ਜੀ ਕਹਿੰਦੇ ਸਨ, "ਤੁਸੀਂ ਚੰਗਾ ਕੰਮ ਕਰਦੇ ਹੋ", ਫਿਰ ਵੀ ਮੈਨੂੰ ਆਪ ਲੰਗਰ ਵੇਖਣ ਦੀ ਚਾਹਤ ਹੈ। ਇਸ ਦੇ ਪਿੱਛੋਂ ਕਈ ਦਿਨ ਬੀਤ ਗਏ। ਗੁਰੂ ਜੀ ਨੇ ਕੋਈ ਹੋਰ ਹੀ ਭੇਸ ਸਰੀਰ ਤੇ ਧਾਰਨ ਕਰ ਲਿਆ॥ ੨੮॥

Sri Satguru Jagjit Singh Ji eLlibrary NamdhariElibrary@gmail.com

ਜਿਸ ਤੇ ਜਾਨ ਸਕਹਿ ਨਹਿਂ ਕੋਏ। ਇਸ ਪ੍ਰਕਾਰ ਕੇ ਸ੍ਰੀ ਪ੍ਰਭੁ ਹੋਏ।
ਸਿੱਖਜਨ ਕੇ ਡੇਰੇ ਜਬਿ ਗਏ। 'ਦਿਉ ਅਹਾਰ ਮੋਕਉ ਛੁਧ ਭਏ'॥ ੨੯॥

ਜਿਸ ਕਰਕੇ ਕੋਈ ਵੀ ਉਨ੍ਹਾਂ ਨੂੰ ਪਛਾਣ ਨਾ ਸਕੇ, ਇਸ ਤਰ੍ਹਾਂ ਦਾ ਗੁਰੂ ਜੀ ਨੇ ਆਪਣੇ ਆਪ ਨੂੰ ਬਣਾ ਲਿਆ। ਜਦ ਆਪਣੇ ਸਿੱਖਾਂ ਦੇ ਡੇਰਿਆਂ ਵਿਚ ਗਏ, ਤੇ ਇਕ ਡੇਰੇ ਵਿਚ ਜਾ ਕੇ ਕਹਿਣ ਲੱਗੇ, "ਮੈਨੂੰ ਬਹੁਤ ਭੁੱਖ ਲੱਗੀ ਹੈ, ਭੋਜਨ ਛਕਾਓ"॥ ੨੯॥

'ਕਿਤਿਕ ਕਾਲ ਮਹਿਂ ਹੋਵਹਿ ਤਯਾਰ। ਬੈਠਹੁ ਬਨਿ ਹੈ ਲੇਹੁ ਅਹਾਰ'।
ਅਪਰ ਸਿੱਖ ਕੇ ਪਹੁੰਚੇ ਜਾਇ। ਜਾਚਯੋ ਅਪਨੀ ਛੁਧਾ ਜਨਾਇ॥ ੩੦॥

ਡੇਰੇ ਵਾਲਿਆਂ ਨੇ ਕਿਹਾ, "ਕੁਝ ਸਮੇਂ ਵਿਚ ਤਿਆਰ ਹੋਵੇਗਾ, ਏਥੇ ਬੈਠੋ ਜਦ ਬਣ ਜਾਵੇਗਾ ਤਾਂ ਭੋਜਨ ਲੈ ਲੈਣਾ।" ਫਿਰ ਕਿਸੇ ਹੋਰ ਸਿੱਖ ਦੇ ਡੇਰੇ ਜਾ ਪਹੁੰਚੇ ਤੇ ਜਾ ਕੇ ਆਪਣੀ ਭੁੱਖ ਦੱਸ ਕੇ ਰੋਟੀ ਦੀ ਮੰਗ ਕੀਤੀ॥ ੩੦॥

ਬੋਲਯੋ 'ਸੂਪ ਹੋਨਿ ਕੀ ਦੇਰ। ਭੋਜਨ ਲੇਹੁ ਆਨ ਕਰਿ ਫੇਰ'।
ਤਿਸ ਤੇ ਸੁਨਿ ਤੀਸਰ ਕੇ ਗਏ। 'ਦਿਹੁ ਅਹਾਰ ਕੋ' ਜਾਚਤਿ ਭਏ॥ ੩੧॥

ਉਹ ਕਹਿਣ ਲੱਗਾ, "ਦਾਲ ਤਿਆਰ ਹੋਣ ਵਿਚ ਕੁਝ ਦੇਰ ਹੈ, ਫਿਰ ਆ ਕੇ ਭੋਜਨ ਲੈ ਲੈਣਾ।" ਉਸ ਪਾਸੋਂ ਸੁਣ ਕੇ ਤੀਸਰੇ ਸਿੱਖ ਪਾਸ ਚਲੇ ਗਏ, "ਭੋਜਨ ਦੇਵੋ", ਮੰਗਣ ਲੱਗੇ॥ ੩੧॥

ਸੋ ਕਹਿ 'ਪਢਨੋ ਰਹਿਓ ਅਨੰਦ। ਲੀਜਹਿ ਫੇਰ ਠਹਿਰ ਇਕ ਬਿੰਦ'।
ਪੁਨ ਤਿਸ ਤੇ ਆਗੇ ਚਲਿ ਖਰੇ। ਤਿਸੀ ਪ੍ਰਕਾਰ ਜਾਚਿਬੋ ਕਰੇ॥ ੩੨॥

ਉਸ ਨੇ ਕਿਹਾ, "ਅਨੰਦ ਪੜ੍ਹਨਾ ਰਹਿ ਗਿਆ ਹੈ, ਥੋੜ੍ਹਾ ਚਿਰ ਠਹਿਰ ਕੇ ਫਿਰ ਆ ਕੇ ਲੈ ਲਵੋ।" ਫਿਰ ਉਸ ਤੋਂ ਵੀ ਅਗਲੇ ਸਿੱਖ ਦੇ ਲੰਗਰ ਪਾਸ ਜਾ ਖੜੇ ਹੋਏ ਤੇ ਪਹਿਲਾਂ ਵਾਂਗ ਹੀ ਉਸ ਪਾਸੋਂ ਲੰਗਰ ਮੰਗਣ ਲੱਗੇ॥ ੩੨॥

ਕਹਯੋ 'ਬੈਠਿ ਸੰਗਤਿ ਨਹਿਂ ਆਈ। ਮਿਲਹਿਂ ਸਕਲ ਪੁਨ ਲੀਜੋ ਖਾਈ'।
ਫਿਰੇ ਬਹੁਤ ਥਲ ਹਾਥ ਨ ਆਯੋ। ਡੋਲਤਿ ਘਰ ਘਰ ਗੁਰ ਅਕੁਲਾਯੋ॥ ੩੩॥

ਉਸ ਨੇ ਕਿਹਾ, "ਬੈਠੋ, ਹਾਲੇ ਸੰਗਤ ਨਹੀਂ ਆਈ ਹੈ, ਜਦ ਸਾਰਿਆਂ ਨੂੰ ਲੰਗਰ ਵਰਤੇਗਾ ਤਾਂ ਫਿਰ ਤੁਸੀਂ ਵੀ ਲੰਗਰ ਲੈ ਕੇ ਖਾ ਲੈਣਾ।" ਗੁਰੂ ਜੀ ਬਹੁਤ ਥਾਈਂ ਫਿਰੇ ਪਰ ਭੋਜਨ ਕਿਤੇ ਵੀ ਹੱਥ ਨਾ ਲੱਗਾ, ਘਰ-ਘਰ ਫਿਰਦੇ ਗੁਰੂ ਜੀ ਵਿਆਕੁਲ ਹੋ ਗਏ॥ ੩੩॥

ਉਪਜਯੋ ਕ੍ਰੋਧ ਜੁ ਫਿਰੇ ਬਿਸਾਲ। ਚਲਿ ਆਏ ਪੁਨ ਜਹਿਂ ਨੰਦਲਾਲ।
ਸਿੱਖਜ ਸਰੂਪ ਦੇਖਿ ਕਰਿ ਭਾਈ। ਨਿਕਟ ਹੋਇ ਕਰਿ ਗ੍ਰੀਵ ਨਿਵਾਈ॥ ੩੪॥

ਬਹੁਤ ਫਿਰਨ ਨਾਲ, ਬੜਾ ਕਰੋਧ ਪ੍ਰਗਟ ਹੋਇਆ, ਫਿਰ ਚਲ ਕੇ ਉਥੇ ਆ ਗਏ, ਜਿੱਥੇ ਭਾਈ ਨੰਦ ਲਾਲ ਰਹਿੰਦਾ ਸੀ। ਭਾਈ ਜੀ ਨੇ ਸਿੱਖ ਸਰੂਪ ਵੇਖ ਕੇ ਨੇੜੇ ਹੋ ਕੇ ਸਿਰ ਨਿਵਾਇਆ॥ ੩੪॥

ਬੂਝਯੋ 'ਕਿਸ ਕਾਰਜ ਕੋ ਆਏ?' ਗੁਰ ਬਚ ਕਹਯੋ 'ਛੁਧਾ ਅਕੁਲਾਏ'।
ਸੁਨਤਿ ਗਯੋ ਲੰਗਰ ਮੈਂ ਧਾਇ। ਭੋਜਨ ਮਾਤ੍ਰ ਸੁ ਲੀਨਿ ਉਚਾਇ॥ ੩੫॥

ਪੁੱਛਿਆ, "ਕਿਸ ਕਾਰਜ ਵਾਸਤੇ ਆਏ ਹੋ?" ਗੁਰੂ ਜੀ ਨੇ ਬਚਨ ਕੀਤਾ, "ਭੁੱਖ ਨੇ ਬਹੁਤ ਸਤਾਇਆ ਹੈ।" ਇਹ ਸੁਣ ਕੇ ਭੱਜਦਾ ਹੋਇਆ ਲੰਗਰ ਵਿਚ ਗਿਆ ਤੇ ਛਕਣ ਜੋਗਾ ਭੋਜਨ ਚੁੱਕ ਕੇ ਲੈ ਆਇਆ॥ ੩੫॥

ਗੁੰਧਯੋ ਆਟਾ ਭੀਗੀ ਦਾਲ। ਲੋਨ ਘੀਯ ਲੇ ਸਮਧਾ ਨਾਲ।
ਆਨਿ ਸਿੱਖ ਕੇ ਆਗੇ ਧਰੀ। ਬਹੁਰ ਖਰੇ ਹੁਇ ਬਿਨਤੀ ਕਰੀ॥ ੩੬॥

Sri Satguru Jagjit Singh Ji eLlibrary NamdhariElibrary@gmail.com

ਉਸ ਦੇ ਨਾਲ ਹੀ ਗੁੰਨ੍ਹਿਆ ਹੋਇਆ ਆਟਾ ਤੇ ਭਿੱਜੀ ਹੋਈ ਦਾਲ, ਲੂਣ ਘਿਉ ਹੋਰ ਸਾਰੀ ਸਮੱਗਰੀ ਲੈ ਆਇਆ ਤੇ ਪੱਕੇ ਹੋਏ ਭੋਜਨ ਨੂੰ ਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਖੜੇ ਹੋ ਕੇ ਬੇਨਤੀ ਕੀਤੀ॥ ੩੬॥

'ਲੇਹੁ ਅਬੈ ਇਹ ਹਾਜ਼ਰ ਅਹੈ। ਅਪਰ ਤਯਾਰ ਹੋਵਤਿ ਜੇ ਬਹੈ।
'ਅਭਿਲਾਖਤਿ ਕੀਜਹਿ ਤਜਿ ਖੇਦਾ। ਹਟੇ ਹਰਖ ਧਰਿ ਗੁਰੂ ਅਭੇਦ॥ ੩੭॥

ਇਹ ਛੱਕ ਲਵੋ ਜੋ ਕੁਝ ਹਾਜ਼ਰ ਹੈ, ਜੇ ਬੈਠ ਜਾਵੋਗੇ ਤਾਂ ਹੋਰ ਵੀ ਤਿਆਰ ਹੋ ਜਾਵੇਗਾ। ਜੋ ਚੰਗਾ ਲੱਗੇ ਸੋ ਕਰ ਲਵੋ ਜਿਹੜਾ ਖੇਦ ਨਾ ਰਹੇ ਸਤਿਗੁਰੂ ਜੀ ਜਿਨ੍ਹਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ, ਬਹੁਤ ਪ੍ਰਸੰਨ ਹੋ ਕੇ ਵਾਪਸ ਆ ਗਏ॥ ੩੭॥

ਸੋ ਲੇ ਕਰਿ ਨਿਜ ਨਿਕਟ ਰਖਾਏ। ਸੋ ਸਰੂਪ ਸਤਿਗੁਰ ਪਲਟਾਏ।
ਪਹਿਰੇ ਭੂਖਨ ਬਸਤ੍ਰ ਬਿਸਾਲ। ਸਭਾ ਆਨਿ ਬੈਠੇ ਤਿਸ ਕਾਲ॥ ੩੮॥

ਉਹ ਪ੍ਰਸ਼ਾਦੇ ਲੈ ਕੇ ਆਪਣੇ ਪਾਸ ਰਖਾਏ ਤੇ ਫਿਰ ਸਤਿਗੁਰੂ ਜੀ ਨੇ ਆਪਣਾ ਸਰੂਪ ਬਦਲ ਲਿਆ। ਸੁੰਦਰ ਕੱਪੜੇ ਅਤੇ ਗਹਿਣੇ ਧਾਰਨ ਕਰ ਲਏ ਤੇ ਉਸ ਸਮੇਂ ਆ ਕੇ ਸਭਾ ਵਿਚ ਬੈਠ ਗਏ॥ ੩੮॥

ਪੁਨ ਚਰਚਾ ਬਿਚ ਸਭਾ ਚਲਾਈ। ਆਪ ਆਪਨੀ ਦੇਗ਼ ਬਤਾਈ।
'ਇਤੋ ਅੰਨ ਲੰਗਰ ਹੁਇ ਤਯਾਰ। ਸਿਖ ਸੰਗਤਿ ਸਭਿ ਕਰਹਿਂ ਅਹਾਰ'॥ ੩੯॥

ਸਭਾ ਵਿਚ ਬੈਠ ਕੇ ਫਿਰ ਚਰਚਾ ਚਲਾਈ, ਆਪਣੇ-ਆਪਣੇ ਲੰਗਰਾਂ ਬਾਰੇ ਸਾਰਿਆਂ ਨੂੰ ਦੱਸਿਆ, "ਏਨਾ ਅਨਾਜ ਲੰਗਰ ਵਿਚ ਤਿਆਰ ਹੁੰਦਾ ਹੈ, ਸਾਰੀ ਸਿੱਖ ਸੰਗਤ ਭੋਜਨ ਛਕਦੀ ਹੈ"॥ ੩੯॥

ਸੁਨਿ ਕਲਗ਼ੀਧਰ ਸਭਿ ਬਿਦਤਾਈ। 'ਬਿਚਰੇ ਹਮ ਡੇਰਨਿ ਸਮੁਦਾਈ।
ਕਿਨਹੁ ਕਹਜੋ ਕੁਛ ਦੇਰ ਸੁਨਾਵੈ। ਅੰਨ ਸਿੱਧ ਨਹਿਂ, ਅਨਤਹਿ ਲਜਾਵੈ॥੪੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਾਰੀ ਗੱਲ ਪ੍ਰਗਟ ਕੀਤੀ, "ਅਸੀਂ ਸਾਰਿਆਂ ਡੇਰਿਆਂ ਵਿਚ ਫਿਰੇ ਹਾਂ, ਕੋਈ ਕਹਿ ਕੇ ਕੁਝ ਦੇਰ ਸੁਣਾਉਂਦਾ ਸੀ। ਕਿਸੇ ਕਿਹਾ ਅੰਨ ਪੱਕਾ ਜਾਂ ਤਿਆਰ ਨਹੀਂ, ਕਿਸੇ ਹੋਰ ਥਾਂ ਤੋਂ ਲੈ ਲਵੋ॥ ੪੦॥

ਸਭਿ ਸਿੱਖਨ ਕੋ ਛੁਧਾ ਜਨਾਈ। ਕਿਸ ਕੇ ਬੈਠਿ ਨ ਕੁਛ ਮੁਖ ਪਾਈ।
ਪੁਨ ਹਮ ਨੰਦ ਲਾਲ ਕੇ ਗਏ। ਛੁਧਾ ਬਿਸਾਲ ਜਨਾਵਤਿ ਭਏ॥ ੪੧॥

ਸਾਰੇ ਸਿੱਖਾਂ ਨੂੰ ਮੈਂ ਆਪਣੀ ਭੁੱਖ ਬਾਰੇ ਦੱਸਿਆ, ਪਰ ਕਿਤੇ ਵੀ ਬੈਠ ਕੇ ਅੰਨ ਮੂੰਹ ਵਿਚ ਨਹੀਂ ਪਾਇਆ। ਫਿਰ ਅਸੀਂ ਨੰਦ ਲਾਲ ਦੇ ਘਰ ਗਏ। ਉਸ ਨੂੰ ਆਪਣੀ ਵੱਡੀ ਭੁੱਖ ਬਾਰੇ ਦੱਸਿਆ॥ ੪੧॥

ਸੁਨਤਿ ਪ੍ਰੇਮ ਕਰਿ ਲੰਗਰ ਗਯੋ। ਤਹਿਂ ਤੇ ਆਨਿ ਦੇਤਿ ਇਹ ਭਯੋ'।
ਸਭਿ ਸਿੱਖਨ ਕੋ ਸੋ ਦਿਖਲਾਯੋ। 'ਇਹੁ ਜੋ ਅੰਨ ਜਾਚ ਕਰਿ ਲਜਾਯੋ॥ ੪੨॥

ਸੁਣ ਕੇ ਪ੍ਰੇਮ ਕਰਕੇ ਲੰਗਰ ਲੈਣ ਚਲੇ ਗਿਆ ਤੇ ਉਸ ਨੇ ਰਸੋਈ ਵਿਚੋਂ ਲੰਗਰ ਲਿਆ ਕੇ ਦਿੱਤਾ।" ਉਹ ਸਾਰੇ ਸਿੱਖਾਂ ਨੂੰ ਵਿਖਾਇਆ, "ਇਹ ਹੈ ਉਹ ਅੰਨ ਜਿਹੜਾ ਮੰਗ ਕੇ ਲਿਆਇਆ ਹਾਂ॥ ੪੨॥

ਨੰਦ ਲਾਲ ਭਾ ਹਮਰੋ ਦਾਤਾ। ਭਗਤਿ ਭਾਉ ਸੰਤਨ ਮਨ ਰਾਤਾ।
ਛੁਧਿਤਿ ਨ ਦੇਖ ਸਕਹਿ ਚਿਰਕਾਰੋ। ਦੇਗ਼ ਕਰਤਿ ਸੋਈ ਮਮ ਪਜਾਰੋ॥ ੪੩॥

ਨੰਦ ਲਾਲ ਸਾਡਾ ਦਾਤਾ ਬਣਿਆ ਹੈ, ਉਸ ਦਾ ਮਨ ਸੰਤਾਂ ਦੀ ਪ੍ਰੇਮ-ਭਗਤੀ ਵਿਚ ਰੰਗਿਆ ਹੋਇਆ ਹੈ, ਉਹ ਬਹੁਤਾ ਚਿਰ ਕਿਸੇ ਨੂੰ ਭੁੱਖਾ ਨਹੀਂ ਵੇਖ ਸਕਦਾ ਹੈ। ਮੇਰਾ ਪਿਆਰਾ ਹੀ ਲੰਗਰ ਚਲਾਉਂਦਾ ਹੈ॥ ੪੩॥

ਸਿਖ ਕੋ ਦੇਖਹਿ ਛੁਧਾ ਬਿਸਾਲਾ। ਤਿਸਹਿ ਬਤਾਵਹਿ ਨਹਿਂ ਚਿਰਕਾਲਾ।
ਜਜੌਂ ਕਜੌਂ ਕਰਿ ਪੋਖਨ ਕੋ ਕਰੈ। ਸੋ ਸਿਖ ਮੋਹਿ ਪ੍ਰਸੰਨਤਾ ਧਰੈ॥ ੪੪॥

ਸਿੱਖ ਨੂੰ ਬਹੁਤ ਭੁੱਖਾ ਵੇਖ ਕੇ, ਉਸ ਨੂੰ ਭੋਜਨ ਦੀ ਤਿਆਰੀ ਵਿਚ ਦੇਰ ਨਾ ਦੱਸੇ, ਜਿਵੇਂ ਕਿਵੇਂ ਕਰਕੇ ਲੰਗਰ ਛਕਾ ਦੇਵੇ, ਉਹ ਸਿੱਖ ਮੇਰੀ ਪ੍ਰਸੰਨਤਾ ਧਾਰਨ ਕਰਦਾ ਹੈ॥ ੪੪॥

ਅੰਨ ਦਾਨ ਸਮ ਨਾਂਹਿਨ ਅੰਨ। ਛੁਧਿਤ ਪਿਖਤਿ ਹੀ ਦੇ ਨਰ ਧੰਨ।
ਅੰਨਦਾਨ ਨਹਿਂ ਸਮੋਂ ਬਿਚਾਰੈ। ਰੈਨ ਕਿਧੌਂ ਦਿਨ ਸੰਝ ਸਕਾਰੈ॥ ੪੫॥

ਅੰਨ ਦਾਨ ਦੇ ਬਰਾਬਰ ਹੋਰ ਕੋਈ ਦਾਨ ਨਹੀਂ ਹੈ, ਜਿਹੜੇ ਭੁੱਖੇ ਨੂੰ ਵੇਖ ਕੇ ਅੰਨ ਦਿੰਦੇ ਹਨ, ਉਹ ਮਨੁੱਖ ਧੰਨ ਹਨ। ਅੰਨ ਦਾਨ ਕਰਨ ਸਮੇਂ ਸਮਾਂ ਨਾ ਵਿਚਾਰੇ, ਰਾਤ ਜਾਂ ਦਿਨ ਜਾਂ ਸੰਝ ਜਾਂ ਸਵੇਰ ਕੁਝ ਨਾ ਵੇਖੇ॥ ੪੫॥

ਪੂੰਨਜੋ ਦਰਸ ਆਦਿ ਜੇ ਪਰਬ। ਨਹਿੰਨ ਪ੍ਰਤੀਖਹਿ ਤਜਾਗਹਿ ਸਰਬ।
ਪਾਤ੍ਰ ਅਪਾਤ੍ਰ ਨ ਹੇਰਤਿ ਕੋਇ। ਊਚ ਨੀਚ ਕੈਸੋ ਨਰ ਹੋਇ॥ ੪੬॥

ਪੂਰਨਮਾਸ਼ੀ ਦਰਸ਼ਨ ਆਦਿ ਜਿਹੜੇ ਤਿਉਹਾਰ ਹਨ, ਇਨ੍ਹਾਂ ਦੀ ਇੰਤਜ਼ਾਰ ਨਾ ਕਰੇ, ਸਭ ਨੂੰ ਛੱਡ ਦੇਵੇ, ਕਿਸੇ ਦਾ ਵੀ ਹੱਕ, ਗ਼ੈਰ ਹੱਕ ਨਾ ਵੇਖੇ, ਗ਼ਰੀਬ ਅਮੀਰ ਕਿਸੇ ਪ੍ਰਕਾਰ ਦਾ ਵੀ ਨਰ ਹੋਵੇ, ਸਭ ਨੂੰ ਭੋਜਨ ਛਕਾਵੇ॥ ੪੬॥

ਦੇਖਤਿ ਛੁਧਿਤਿ ਅੰਨ ਕੌ ਦੇਯ। ਸਕਲ ਦਾਨ ਤੇ ਫ਼ਲ ਅਧਿਕੇਯ।
ਮਮ ਸਿਖ ਪਿਯਾਰੋ ਦੇਗ਼ ਜੁ ਕਰੈ। ਛੁਧਤਿ ਨਰਨ ਕੀ ਛੁਧਾ ਸੁ ਹਰੈ॥ ੪੭॥

ਭੁੱਖਾ ਵੇਖ ਕੇ ਅੰਨ ਛਕਾਉਣ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ। ਮੇਰਾ ਪਿਆਰਾ ਸਿੱਖ ਜਿਹੜਾ ਲੰਗਰ ਲਾਵੇ, ਉਸ ਨੂੰ ਭੁੱਖੇ ਵਿਅਕਤੀ ਦੀ ਭੁੱਖ ਮਿਟਾਉਣੀ ਚਾਹੀਦੀ ਹੈ॥ ੪੭॥

ਸਭਿ ਦਾਨਨ ਤੇ ਉੱਤਮ ਦਾਨ। ਜਿਸ ਕੇ ਦਿਏ ਬਚਤਿ ਹੈਂ ਪ੍ਰਾਨ।
ਯਾਂਤੇ ਇਸ ਸਮਾਨ ਨਹਿਂ ਆਨ। ਲੇਹੁ ਮਹਾਂ ਫਲ ਸਿੱਖ ਸੁਜਾਨਾ॥ ੪੮॥

ਇਹ ਸਭ ਦਾਨਾਂ ਨਾਲੋਂ ਉੱਤਮ ਦਾਨ ਹੈ, ਜਿਸ ਨੂੰ ਦੇਣ ਨਾਲ ਪ੍ਰਾਣ ਬਚਦੇ ਹਨ। ਇਸ ਕਰਕੇ ਇਸ ਬਰਾਬਰ ਹੋਰ ਕੋਈ ਦਾਨ ਨਹੀਂ ਹੈ, ਹੇ ਮੇਰੇ ਚਤੁਰ ਸਿੱਖੋ! ਅੰਨ ਦਾਨ ਕਰਕੇ ਮਹਾਂ ਫਲ ਪ੍ਰਾਪਤ ਕਰੋ'॥ ੪੮॥

ਸ੍ਰੀ ਮੁਖ ਤੇ ਮਹਿਮਾ ਸੁਨਿ ਐਸੇ। ਭਏ ਸੁਚੇਤ ਸਿੱਖ ਜੇ ਬੈਸੇ।
ਭਾਉ ਭਗਤਿ ਕੋ ਹਿਰਦੈ ਧਾਰਾ। ਚਹਿਂ ਪ੍ਰਸੰਨਤਾ ਗੁਰੂ ਉਦਾਰਾ॥ ੪੯॥

ਸਤਿਗੁਰੂ ਜੀ ਦੇ ਮੁਖ ਤੋਂ ਐਸੀ ਮਹਿਮਾ ਸੁਣ ਕੇ, ਜਿਹੜੇ ਸਿੱਖ ਬੈਠੇ ਸਨ, ਉਹ ਸੁਚੇਤ ਹੋ ਗਏ। ਪ੍ਰੇਮ ਭਗਤੀ ਨੂੰ ਹਿਰਦੇ ਵਿਚ ਧਾਰਨ ਕੀਤਾ, ਉੱਤਮ ਗੁਰੂ ਜੀ ਦੀ ਪ੍ਰਸੰਨਤਾ ਚਾਹੁੰਦੇ ਸਨ॥ ੪੯॥

ਦੇਗ਼ ਬਿਖੈ ਜਬਿ ਕੋ ਚਲਿ ਆਵੈ। ਬਿਨਾ ਦੇਰ ਤਤਕਾਲ ਛਕਾਵੈਂ।
ਛੁਧਤਿ ਨ ਰਹਹਿ ਪਰਨ ਕੋ ਧਾਰਾ। ਮਹਾਂ ਦਾਨ ਕੋ ਸੁਫਲ ਬਿਚਾਰਾ॥ ੫੦॥

ਲੰਗਰ ਵਿਚ ਜੇ ਕੋਈ ਚਲ ਕੇ ਆ ਜਾਵੇ, ਕਿਸੇ ਦੇਰ ਤੋਂ ਬਗ਼ੈਰ ਤੁਰਤ ਛਕਾਉਂਦੇ ਸਨ। ਕੋਈ ਵੀ ਭੁੱਖਾ ਨਾ ਰਹੇ, ਸਿੱਖਾਂ ਨੇ ਇਹ ਪ੍ਰਣ ਧਾਰਨ ਕਰ ਲਿਆ। ਮਹਾਂ ਦਾਨ ਦਾ ਸ੍ਰੇਸ਼ਟ ਫਲ ਵਿਚਾਰਿਆ॥ ੫੦॥

*ਤੀਸਰੀ ਰੁੱਤ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

# ਅਧਿਆਇ ਸਤਾਈਵਾਂ

## ਭਾਈ ਨੰਦ ਲਾਲ ਜੀ ਅਤੇ ਹੋਲਾ

ਦੋਹਰਾ- ਗਈ ਸੀਤ ਰੁਤ ਜਗਤ ਤੇ ਆਯੋ ਫਾਗਨ ਮਾਸ।
ਹੋਤਿ ਹਰਖ ਨਾਰੀ ਨਰਨਿ ਕਰਤੇ ਹਾਸ ਬਿਲਾਸ॥ ੧॥

ਸੀਤ ਰੁੱਤ ਜਗਤ ਤੋਂ ਚਲੇ ਗਈ ਤੇ ਫਗਣ ਦਾ ਮਹੀਨਾ ਆ ਗਿਆ। ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋ ਕੇ ਹਾਸ ਬਿਲਾਸ ਕਰਦੇ ਸਨ॥ ੧॥

ਸੈਯਾ- ਦੇਖਿ ਅਜਾਇਬ ਕੋ ਰੁਤ ਫਾਗਨ ਸਾਹਿਬ ਆਇਸੁ ਆਪ ਉਚਾਰੀ।
ਕੋਸ਼ਪ ਕੋ ਬੁਲਵਾਇ ਹਦੂਰ ਕਹਜੋ: 'ਸਭਿ ਕੀਜੀਐ ਫਾਗ ਕੀ ਤਯਾਰੀ'।
ਔਰ ਕਹਜੋ ਸਭਿ ਸਿੱਖਨ ਸੰਗ 'ਜਥਾ ਸ਼ਕਤੀ ਕਰਿ ਸੌਜਨਿ ਸਾਰੀ।
ਲਾਲ ਗੁਲਾਲ ਬਿਸਾਲ ਅੰਬੀਰਨਿ, ਰੰਗ ਨਿਕਾਰ ਅਨੇਕ ਪ੍ਰਕਾਰੀ' ॥੨॥

ਫੱਗਣ ਦੀ ਅਜੀਬ ਰੁੱਤ ਵੇਖ ਕੇ, ਗੁਰੂ ਜੀ ਨੇ ਆਪ ਆਗਿਆ ਉਚਾਰਨ ਕੀਤੀ, ਆਪਣੇ ਖਜ਼ਾਨਚੀ ਨੂੰ ਹਜ਼ੂਰੀ ਵਿਚ ਬੁਲਾ ਕੇ ਕਿਹਾ, "ਹੋਲੀ ਦੀ ਸਾਰੀ ਤਿਆਰੀ ਕਰੋ।" ਹੋਰ ਸਾਰੇ ਸਿੱਖਾਂ ਨੂੰ ਕਿਹਾ, "ਜਥਾ ਸ਼ਕਤੀ ਸਾਰੀ ਸਮੱਗਰੀ ਇਕੱਠੀ ਕਰ ਲਵੋ। ਲਾਲ ਗੁਲਾਲ ਵਿਸ਼ਾਲ ਅੰਬੀਰ ਅਨੇਕ ਪ੍ਰਕਾਰ ਰੰਗ ਕੱਢ ਕੇ ਤਿਆਰ ਕਰੋ" ॥ ੨॥

ਰੰਗ ਪਤੰਗ ਸੁਰੰਗ ਕਿਯੋ ਬਹੁ, ਕਿੰਸਕ ਫੂਲਨਿ ਪੀਤ ਨਿਕਾਰਾ।
ਡਾਰਿ ਮਹਾਂ ਖੁਸ਼ਬੋਇ ਮਝਾਰ, ਪਰੈ ਜਬਿ ਚੀਰ, ਉਠੈ ਮਹਿਕਾਰਾ।
ਸਿੱਖਜਨਿ ਕੀਨਿ ਮਹਾਂ ਧਨ ਦੇ ਕਰਿ ਆਪਨੇ ਆਪਨੇ ਥਾਨ ਸੁਧਾਰਾ।
'ਆਪ ਗੁਰੂ ਅਬਿਕੇ ਅਨੁਰਾਗਤਿ ਖੇਲਹਿੰਗੇ ਸੁਭ ਫ਼ਾਗ ਉਦਾਰਾ' ॥ ੩॥

ਪਤੰਗ ਦੇ ਬ੍ਰਿਛ ਨੂੰ ਉਬਾਲ ਕੇ ਉਸ ਵਿਚੋਂ ਸੋਹਣਾ ਲਾਲ ਰੰਗ ਤਿਆਰ ਕੀਤਾ ਤੇ ਕੇਸੂ ਫੁੱਲਾਂ ਨੂੰ ਭਿਉਂਕੇ ਵਿਚੋਂ ਪੀਲਾ ਰੰਗ ਕੱਢਿਆ ਤੇ ਫਿਰ ਉਨ੍ਹਾਂ ਵਿਚ ਬਹੁਤ ਸੁਗੰਧੀਆਂ ਪਾਈਆਂ। ਜਦ ਉਹ ਕੱਪੜਿਆਂ ਤੇ ਡਿੱਗਦਾ ਸੀ ਤਾਂ ਬਹੁਤ ਮਹਿਕ ਉੱਠਦੀ ਸੀ। ਸਿੱਖਾਂ ਨੇ ਬਹੁਤ ਧਨ ਦੇ ਕੇ ਆਪਣੇ ਥਾਂ ਸੁਧਾਰ ਕੇ ਰੱਖ ਲਿਆ। ਇਸ ਵਾਰ ਗੁਰੂ ਜੀ ਆਪ ਪ੍ਰੇਮ ਨਾਲ ਹੋਲੀ ਖੇਡਣਗੇ" ॥ ੩॥

ਬ੍ਰਿੰਦ ਭਏ ਸਿਖ ਸੰਗਤਿ ਆਇ ਅਨੰਦ ਬਿਲੰਦ ਗੁਰੂ ਦਰਬਾਰਾ।
ਲੰਗਰ ਹੋਤਿ ਅਤੋਟ ਜਹਾਂ ਕਹਿੰ ਜੋ ਜਿਹ ਚਾਹਤਿ ਖਾਇ ਅਹਾਰਾ।
ਭੂਰ ਮਿਲੇ ਚਹੁੰ ਕੋਦ ਤੇ ਮੋਦਤਿ ਆਵਤਿ ਹੈਂ ਮਿਲਿ ਟੋਲ ਹਜ਼ਾਰਾ।
ਭੀਰ ਭਈ ਭਰਪੂਰ ਭਯੋ ਪੁਰਿ ਭਾਉ ਭਰੇ ਭਲ ਭਾਗ ਲਿਲਾਰਾ॥ ੪॥

ਗੁਰੂ ਜੀ ਦੇ ਦਰਬਾਰ ਵਿਚ ਆ ਕੇ ਬਹੁਤ ਸਿੱਖ ਸੰਗਤ ਵੱਡੇ ਅਨੰਦ ਨਾਲ ਭਰ ਕੇ ਇਕੱਠੀ ਹੋ ਗਈ। ਜਿੱਥੇ ਕਿੱਥੇ ਅਤੁੱਟ ਲੰਗਰ ਤਿਆਰ ਹੁੰਦਾ ਸੀ ਜਿਸ ਦਾ ਜਿੱਥੇ ਵੀ ਜੀਅ ਚਾਹੁੰਦਾ ਸੀ ਲੰਗਰ ਛਕਦਾ ਸੀ। ਚਾਰੇ ਪਾਸਿਆਂ ਤੋਂ ਮਿਲ ਕੇ ਪ੍ਰਸੰਨ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਟੋਲੇ ਬੰਨ੍ਹ ਕੇ ਆਉਂਦੇ ਸਨ। ਬਹੁਤ ਭੀੜ ਹੋ ਗਈ ਸਾਰਾ ਨਗਰ ਭਰ ਗਿਆ। ਜਿਨ੍ਹਾਂ ਦੇ ਮੱਥੇ ਦੇ ਚੰਗੇ ਭਾਗ ਸਨ, ਉਹ ਪ੍ਰੇਮ ਨਾਲ ਭਰੇ ਹੋਏ ਸਨ॥ ੪॥

ਤਾਲ, ਰਬਾਬ, ਪਖਾਵਜ ਕੇ ਬਹੁ ਬਾਦਤਿ ਬਾਜਤਿ ਹੈਂ ਧੁਨਿ ਭਾਰੀ।
ਗਾਵਤਿ ਰਾਗਨਿ ਰਾਗਨੀ ਕੋ ਜਨ ਆਇ ਖਰੇ ਨਿਜ ਮੂਰਤ ਧਾਰੀ।
ਜਯੋਂ ਸੁਰ ਲੋਕ ਬਿਖੈ ਸੁਰ ਮੋਦਤਿ ਆਪਸ ਮੈਂ ਮਿਲਿ ਕੈ ਹਿਤਕਾਰੀ।
ਤਯੋਂ ਸਿਖ ਸੰਗਤਿ ਪੰਕਤਿ ਕੋ ਕਰਿ, ਹੇਰਿ ਗੁਰੂ ਹਰਖੈਂ ਉਰ ਭਾਰੀ॥ ੫॥

ਭਾਰੀ ਧੁਨੀ ਵਿਚ, ਰਬਾਬ, ਪਖਾਵਜ ਆਦਿ ਬਹੁਤ ਵਾਜੇ ਵੱਜ ਰਹੇ ਸਨ। ਸਮੂਹ ਲੋਕ ਆ ਕੇ ਰਾਗਾਂ ਰਾਗਣੀਆਂ ਵਿਚ ਗੀਤ ਗਾਉਂਦੇ ਹੋਏ ਮੂਰਤੀਆਂ ਧਾਰ ਕੇ ਖੜੇ ਸਨ। ਜਿਵੇਂ ਸਵਰਗਾਂ ਵਿਚ ਆਪਸ ਵਿਚ ਮਿਲ ਕੇ ਪ੍ਰਸੰਨਤਾ ਧਾਰ ਕੇ ਇਕ ਦੂਜਰੇ ਨੂੰ ਮਿਲ ਰਹੇ ਹੋਣ। ਤਿਵੇਂ ਸਿੱਖ ਸੰਗਤ ਪੰਗਤੀਆਂ ਬਣਾ ਕੇ, ਗੁਰੂ ਜੀ ਦੇ ਦਰਸ਼ਨ ਹਿਰਦੇ ਵਿਚ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥ ੫॥

ਬਾਜਤਿ ਹੈਂ ਸਿੰਘ ਪੌਰ ਕੇ ਤੌਰਨਿ, ਨੌਬਤ ਸ਼੍ਰੌਨ ਅਨੰਦ ਉਪਾਵੈਂ।
ਝੰਡੇ ਉਚੇਰੇ ਖਰੇ ਬਹੁ ਝੂਲਤਿ, ਧੌਂਸੇ ਧੁੰਕਾਰਤਿ ਨਾਦ ਉਠਾਵੈਂ।
ਹੋਤਿ ਉਛਾਹ ਜਹਾਂ ਕਹਿਂ ਡੋਲਤਿ ਬੋਲਤਿ ਹੈਂ ਜੈਕਾਰ ਸੁਨਾਵੈਂ।
ਮੇਲ ਸਕੇਲ ਭਯੋ ਰੰਗ ਮੇਲਤਿ ਭੀਰ ਧਕੇਲਤਿ ਪੇਲਤਿ ਜਾਵੈਂ॥ ੬॥

ਮੁਖ ਦਵਾਰ ਵਾਲੇ ਸਥਾਨ ਤੇ ਨੌਬਤ ਆਦਿ ਵਾਜੇ ਵੱਜਦੇ ਹਨ, ਲੋਕ ਕੰਨਾਂ ਨਾਲ ਸੁਣ ਅਨੰਦ ਪਾਉਂਦੇ ਹਨ। ਉੱਚੇ ਖੜੇ ਝੰਡੇ ਝੂਲਦੇ ਹਨ, ਨਗਾਰੇ ਧੁੰਕਾਰ ਪੈਦਾ ਕਰਕੇ ਬਹੁਤ ਉੱਚੀ ਨਾਦ ਉਠਾਉਂਦੇ ਹਨ। ਜਿੱਥੇ ਕਿੱਥੇ ਵੱਡਾ ਉਤਸ਼ਾਹ ਹੋ ਰਿਹਾ ਹੈ ਤੇ ਮਨੁੱਖ ਡੋਲਦੇ ਬੋਲਦੇ ਜੈਕਾਰੇ ਸੁਣਾਉਂਦੇ ਹਨ। ਮੇਲਾ ਇਕੱਠਾ ਹੋਇਆ ਤੇ ਰੰਗ ਪਾਉਂਦੇ ਹਨ ਤੇ ਭੀੜ ਧਕੇਲਦੀ ਪੇਲਦੀ ਜਾਂਦੀ ਹੈ॥ ੬॥

ਫੇਟਨ ਕੌ ਭਰਿਕੈ ਸਭਿ ਆਪ ਅੰਬੀਰ ਗੁਲਾਲ ਕੋ ਡਾਰਤਿ ਹੈਂ।
ਹਾਥਨਿ ਮੈਂ ਪਿਚਕਾਰੀ ਭਰੇ ਬਹੁ ਊਪਰ ਗੇਰ ਨੁਵਾਲਤਿ ਹੈਂ।
ਪੀਤ ਭਏ, ਬਹੁ ਅੰਬਰ ਲਾਲ ਬਿਸਾਲ ਸੁ ਬੇਗ ਤੇ ਚਾਲਤਿ ਹੈਂ।
ਏਕ ਨਿਹਾਲਤਿ ਹੈਂ ਇਕ ਭਾਲਤਿ, ਏਕ ਸੰਭਾਲ ਉਤਾਲਤਿ ਹੈਂ॥ ੭॥

ਲੱਕ ਨਾਲ ਬੱਧੇ ਝੋਲੇ ਨੂੰ ਗੁਲਾਲ ਨਾਲ ਭਰ ਕੇ ਉਸ ਵਿਚੋਂ ਮੁੱਠਾਂ ਭਰ ਭਰ ਕੇ ਦੂਜਿਆਂ ਤੇ ਪਾਉਂਦੇ ਹਨ। ਹੱਥਾਂ ਵਿਚ ਪਿਚਕਾਰੀਆਂ ਭਰ-ਭਰ ਕੇ ਫੜੀਆਂ ਸਨ ਤੇ ਇਕ ਦੂਜੇ 'ਤੇ ਸੁਟ ਕੇ ਨੁਵਾਉਂਦੇ ਹਨ। ਬਹੁਤਿਆਂ ਦੇ ਕੱਪੜੇ ਪੀਲੇ ਹੋ ਗਏ ਹਨ, ਕਈਆਂ ਦੇ ਕੱਪੜੇ ਲਾਲ ਹੋ ਗਏ ਹਨ, ਏਨੀ ਤੇਜ਼ੀ ਨਾਲ ਰੰਗ ਪਾਉਂਦੇ ਜਾਂਦੇ ਹਨ। ਕਈ ਵੇਖਦੇ ਹਨ, ਕਈ ਢੂੰਡਦੇ ਹਨ, ਕਈ ਛੇਤੀ ਨਾਲ ਆਪਣੇ ਆਪ ਨੂੰ ਸੰਭਾਲਦੇ ਹਨ॥ ੭॥

*ਕਬਿੱਤ-* ਸ੍ਰੀ ਗੁਬਿੰਦ ਸਿੰਘ ਕਰਿ ਹੋਰੀ ਕੋ ਬਿਲੰਦ ਸਾਜ ਹਾਥ ਪਿਚਕਾਰੀ ਸਭਿਹੂੰਨ ਭਰਿ ਲੀਨਿਓਂ।
ਭਲੇ ਭਲੇ ਸਿੱਖ ਆਇ ਧਾਰਤਿ ਭਗਤਿ ਭਾਇ ਪ੍ਰਿਥਮ ਗੁਰੂ ਕੇ ਪਾਇ ਬੰਦਨਾ ਕੋ ਕੀਨਿਓ।
ਉਡਯੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ ਰੰਗਨਿ ਕੀ ਬੂੰਦ ਬਰਖਤਿ ਇਮ ਚੀਨਿਓ।
ਰੰਗਦਾਰੁ ਅੰਬਰ ਕੈ ਰੰਗਦਾਰ ਅੰਬਰ ਕੈ ਮੂਠ ਭਰਿ ਮਾਰੈਂ, ਰੰਗ ਡਾਰਤਿ ਨਵੀਨਿਓਂ॥ ੮॥

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥ ਵਿਚ ਇਕ ਹੋਲੀ ਖੇਡਣ ਵਾਲਾ ਵੱਡਾ ਸਾਜ ਲਿਆ। ਉਨ੍ਹਾਂ ਨੂੰ ਵੇਖ ਕੇ ਸਾਰਿਆਂ ਨੇ ਪਿਚਕਾਰੀਆਂ ਭਰ ਕੇ ਸੰਭਾਲ ਲਈਆਂ। ਭਲੇ-ਭਲੇ ਸਿੱਖ ਭਗਤੀ ਭਾਵਨਾ ਧਾਰ ਕੇ, ਗੁਰੂ ਜੀ ਦੇ ਚਰਨਾਂ 'ਤੇ ਬੰਦਨਾ

ਕਰਦੇ ਸਨ। ਇਕੋ ਵਾਰ ਬਹੁਤ ਗੁਲਾਲ ਉੱਡਿਆ ਮਾਨੋ ਰੰਗਾਂ ਦੀ ਘਟਾ ਚੜ੍ਹ ਕੇ ਛਾ ਗਈ ਹੋਵੇ ਤੇ ਰੰਗਾਂ ਦੀਆਂ ਬੂੰਦਾਂ ਵਰਸ ਰਹੀਆਂ ਹੋਣ, ਇਸ ਤਰ੍ਹਾਂ ਦਿਖਾਈ ਦਿੰਦਾ ਸੀ। ਗੁਲਾਲ ਦੀਆਂ ਮੁੱਠਾਂ ਭਰ-ਭਰ ਮਾਰਦੇ ਹਨ। ਅਕਾਸ਼ ਵੀ ਰੰਗਦਾਰ ਹੋ ਗਿਆ ਹੈ ਤੇ ਨਵਾਂ ਰੰਗ ਪਾਉਂਦੇ ਹਨ॥ ੮॥

*ਸ੍ਵੈਯਾ*-ਬਿੰਦੁ ਗੁਲਾਲ ਅੰਬੀਰ ਉਡੈ, ਗਹਿ ਕੇਸਰ ਕੀ ਗਿਰਵੈਂ ਪਿਚਕਾਰੀ।
ਸੰਗਤਿ ਸ੍ਰੀ ਗੁਰ ਪੈ ਅਲਤਾ ਕਰ ਕੋ ਭਰਿ ਡਾਰਤਿ ਪੂਰਬ ਵਾਰੀ।
ਆਪਸ ਮੈਂ ਪੁਨ ਗੇਰਤਿ ਹੈਂ ਪਟ ਲਾਲ ਭਏ ਸਭਿ ਕੇ ਇਕਸਾਰੀ।
'ਧੰਨ ਗੁਰੂ ਸਿਖ ਕੀਨਿ ਨਿਹਾਲ,ਕ੍ਰਿਪਾਲ ਬਿਸਾਲ' ਸੁਨਾਇ ਉਚਾਰੀ॥੯॥

ਬਹੁਤ ਗੁਲਾਲ ਅਤੇ ਅੰਬੀਰ ਉੱਡਦਾ ਸੀ, ਫਿਰ ਕੇਸਰ ਦੀਆਂ ਪਿਚਕਾਰੀਆਂ ਭਰ ਕੇ ਮਾਰਦੇ ਹਨ। ਸੰਗਤ ਗੁਰੂ ਜੀ ਤੇ ਪਹਿਲੀ ਵਾਰ ਅਲਤੇ ਦੀਆਂ ਮੁੱਠਾਂ ਭਰ-ਭਰ ਪਾਉਂਦੀ ਹੈ। ਫਿਰ ਆਪਸ ਵਿਚ ਰੰਗ ਡੇਗਦੇ ਹਨ ਤੇ ਸਾਰਿਆਂ ਦੇ ਕੱਪੜੇ ਇਕ ਸਾਰ ਲਾਲ ਹੋ ਗਏ। "ਧੰਨ ਕ੍ਰਿਪਾਲੂ ਗੁਰੂ ਜੀ ਹਨ, ਜਿਨ੍ਹਾਂ ਨੇ ਆਪਣੇ ਸਿੱਖਾਂ ਨੂੰ ਵਿਸ਼ਾਲ ਨਿਹਾਲ ਕਰ ਦਿੱਤਾ ਹੈ।" ਸਾਰੇ ਉੱਚੀ ਆਵਾਜ਼ ਵਿਚ ਕਹਿ ਕੇ ਸੁਣਾਉਂਦੇ ਸਨ॥ ੯॥

*ਕਬਿੱਤ*- ਬਾਦਰ ਗੁਲਾਲ ਕੇ ਕਰਤਿ ਜਾਤਿ ਚਲੇ ਗੁਰ, ਸੰਗਤਿ ਮੈਂ ਧੂੰਮ ਪਈ ਫਾਗ ਬਡੇ ਖੇਲਤੇ।
ਘੇਰਿ ਘੇਰਿ ਬਦਨ ਪੈ ਗੇਰਿ ਗੇਰਿ ਫੇਰ ਫੇਰ, ਹੇਰਿ ਹੇਰਿ ਹਰਖਤਿ ਨੇਰੇ ਹੁਇ ਮੇਲਤੇ।
ਉਠੈਂ ਮਹਿਕਾਰ ਗੰਧ ਪਾਈ ਪੌਨ ਮੰਦਮੰਦ ਸੀਤਲ ਬਹਿਤ ਸਿਖ ਅੰਗਨ ਮੈਂ ਝੇਲਤੇ।
ਨਿਕਸੇ ਆਨੰਦ ਪੁਰ ਮਾਨਤਿ ਅਨੰਦ ਬ੍ਰਿੰਦ, ਤੀਰ ਸਤੁਦ੍ਰਵ ਕੇ ਗਏ ਹੈਂ ਰੇਲ ਪੇਲਤੇ॥੧੦॥

ਗੁਰੂ ਜੀ ਚਲਦੇ ਹੋਏ ਗੁਲਾਲ ਦੇ ਬੱਦਲ ਬਣਾਉਂਦੇ ਜਾਂਦੇ ਸਨ, ਸੰਗਤ ਵਿਚ ਧੂਮ ਪੈ ਗਈ, ਗੁਰੂ ਜੀ ਹੋਲੀ ਬਹੁਤ ਖੇਡਦੇ ਹਨ। ਘੇਰ-ਘੇਰ, ਮੁਖ ਉੱਤੇ ਡੇਗ-ਡੇਗ, ਵੇਖ-ਵੇਖ ਪ੍ਰਸੰਨ ਹੁੰਦੇ ਹਨ ਤੇ ਨੇੜੇ ਹੋ ਕੇ ਮਿਲਦੇ ਹਨ। ਸੁਗੰਧੀ ਦੀ ਮਹਿਕ ਉੱਠਦੀ ਹੈ। ਹੌਲੀ-ਹੌਲੀ ਚਲਦੀ ਸੀਤਲ ਪੌਣ ਸਿੱਖਾਂ ਦੇ ਅੰਗਾਂ ਵਿਚ ਝੂਲ ਰਹੀ ਹੈ। ਅਨੰਦਪੁਰ ਤੋਂ ਸਾਰੇ ਆਨੰਦ ਮਾਣਦੇ ਬਾਹਰ ਨਿਕਲੇ ਤੇ ਧੱਕਮ-ਧੱਕਾ ਕਰਦੇ ਸਤਿਲੁਜ ਨਦੀ ਦੇ ਕਿਨਾਰੇ ਚਲੇ ਗਏ॥ ੧੦॥

ਕੀਨੇ ਸਿਖ ਸੰਗਤਿ ਦੁਪਾਸ ਖਰੇ ਆਪਸ ਮੈਂ, ਡਾਰਿ ਡਾਰਿ ਮੂਠ ਪਿਚਕਾਰੀ ਸੋਂ ਭਿਰਤਿ ਹੈਂ।
ਬਿਦਨ ਸ਼ਮਸ਼ ਅਰੁ ਕੇਸਨਿ ਪੈ ਗਯੋ ਜਮ ਰੰਗ ਕੀ ਫੁਹਾਰ ਫੇਰ ਊਪਰ ਢਰਤਿ ਹੈ।
ਹੋਤਿ ਨ ਚਿਨਾਰੀ ਇਕ ਸਾਰੀ ਸਭਿ ਹੋਇ ਗਏ, ਰੌਰ ਕੋ ਮਚਾਵੈਂ ਦੌਰ ਠੌਰ ਨ ਟਰਤਿ ਹੈਂ।
ਬਿਸਦ ਬਰਨ ਕੇ ਬਸਨ,ਸੋ ਅਰੁੰਨ ਭਏ,ਮਾਨੋ ਜੰਗ ਜੀਤ ਕੈ ਬਿਲਾਸਨਿ ਕਰਤਿ ਹੈਂ॥੧੧॥

ਸਿੱਖ ਸੰਗਤ ਨੂੰ ਦੋਵੀਂ ਪਾਸੀ ਖੜ੍ਹਾ ਕਰ ਲਿਆ ਤੇ ਦੋਵੇਂ ਪਾਸੇ ਆਪਸ ਵਿਚ ਪਾਣੀ ਦੇ ਬੁੱਕ ਅਤੇ ਪਿਚਕਾਰੀਆਂ ਭਰ-ਭਰ ਭਿੜਦੇ ਹਨ। ਮੁਖ, ਦਾੜ੍ਹੀ ਅਤੇ ਕੇਸਾਂ ਤੇ ਪਾਣੀ ਪੈ ਗਿਆ, ਇੰਝ ਲੱਗਦਾ ਸੀ ਮਾਨੋ ਰੰਗਾਂ ਦੀ ਫੁਹਾਰ ਫਿਰ ਉੱਪਰ ਪੈ ਗਈ ਹੈ। ਪਛਾਣੇ ਨਹੀਂ ਜਾਂਦੇ ਸਾਰੇ ਇਕੋ ਜਿਹੇ ਹੋ ਗਏ ਹਨ, ਸ਼ੋਰ ਮਚਾਉਂਦੇ ਹਨ ਦੌੜਦੇ ਭੱਜਦੇ ਹਨ, ਟਲਦੇ ਨਹੀਂ ਹਨ। ਚਿੱਟੇ ਰੰਗਾਂ ਵਾਲੇ ਕੱਪੜੇ ਲਾਲ ਹੋ ਗਏ ਹਨ, ਮਾਨੋ ਜੰਗ ਜਿੱਤ ਕੇ ਸੂਰਮੇਂ ਅਨੰਦ ਵਿਲਾਸ ਕਰ ਰਹੇ ਹਨ॥ ੧੧॥

*ਸ੍ਵੈਯਾ*- ਸ੍ਰੀ ਕਲਗੀਧਰ ਸੰਗਤਿ ਮੈਂ ਸੁਰ ਬ੍ਰਿੰਦ ਜਤੋਂ ਇੰਦ੍ਰ ਬਿਰਾਜਤਿ ਹੈਂ।
ਜਾਦਵ ਮੈਂ ਜਿਮ ਸ੍ਰੀ ਘਨ ਸ਼ਯਾਮ ਮਹਾਨ ਹੀ ਕੌਤਕ ਸਾਜਤਿ ਹੈਂ।
ਕੈ ਰਘੁਬੀਰ ਨਰੇਸ਼ਨਿ ਮੈਂ ਮਿਲਿ ਮੋਦ ਮਹਾਂ ਉਪਰਾਜਤਿ ਹੈਂ।
ਕੈ ਭਗਤੀ ਸੁਰਸੰਪਦਾ ਕੇ ਜੁਤਿ ਸ੍ਰੀ ਬ੍ਰਹਮਗਜਾਨ ਸੋਂ ਛਾਜਤਿ ਹੈਂ॥੧੨॥

ਸ੍ਰੀ ਕਲਗੀਧਰ ਸੰਗਤ ਵਿਚ ਇੰਝ ਸ਼ੋਭ ਰਹੇ ਸਨ ਮਾਨੋ ਇੰਦਰ ਦੇਵਤਿਆਂ ਵਿਚ ਬਿਰਾਜ ਰਹੇ ਸਨ। ਯਾਦਵਾਂ ਵਿਚ ਜਿਵੇਂ ਸ੍ਰੀ ਕ੍ਰਿਸ਼ਨ ਜੀ ਮਹਾਨ ਕੌਤਕ ਸਾਜ ਰਹੇ ਹਨ। ਮਾਨੋ ਸ੍ਰੀ ਰਾਮਚੰਦਰ ਰਾਜਿਆਂ ਨੂੰ ਮਿਲ ਕੇ ਮਹਾਨ ਖੁਸ਼ੀਆਂ ਪ੍ਰਗਟ ਕਰ ਰਹੇ ਹਨ। ਜਾਂ ਭਗਤੀ ਦੀ ਦੇਵੀ ਗੁਣਾਂ ਸਹਿਤ, ਸ੍ਰੀ ਬ੍ਰਹਮ ਗਿਆਨ ਨਾਲ ਸ਼ੋਭ ਰਹੀ ਹੈ॥ ੧੨॥

ਸ੍ਰੀ ਗੁਰ ਗੋਬਿੰਦ ਸਿੰਘ ਬਿਲਾਸਤਿ ਜੇ ਸਿਖ ਹੈਂ ਮਨ ਜੀਤ ਬਿਕਾਰੇ।
ਤਾ ਮੁਖ ਪੈ ਨਿਜ ਹਾਥ ਗੁਲਾਲ ਲੇ, ਲਾਲ ਬਿਸਾਲ ਕ੍ਰਿਪਾ ਕਰਿ ਡਾਰੇ।
ਦੀਸਤਿ ਦੰਤ ਜਥੋਂ ਹੀਰਨਿ ਪੰਤ ਸ਼ੁਭੈ ਮੁਸ਼ਕੰਤਿ ਸੁਸੰਤਨ ਪਜਾਰੇ।
ਪੰਕਜ ਪਾਂਖਰੀ ਆਂਖ ਪਿਖੈਂ ਜਿਤ, ਹੋਤਿ ਨਿਹਾਲ ਕਲੂਖਨ ਟਾਰੇ॥ ੧੩॥

ਗੁਰੂ ਗੋਬਿੰਦ ਸਿੰਘ ਜੀ ਜਿਹੜੇ ਸਿੱਖਾਂ ਦੇ ਮਨ ਦੇ ਵਿਕਾਰਾਂ ਨੂੰ ਜਿੱਤਣ ਵਾਲੇ ਹਨ, ਅਨੰਦ ਵਿਲਾਸ ਕਰਦੇ ਹਨ। ਉਹ ਆਪਣੇ ਪਾਸ ਲਾਲ ਗੁਲਾਲ ਲੈ ਕੇ ਕ੍ਰਿਪਾ ਕਰਕੇ ਆਪਣੇ ਹੱਥਾਂ ਨਾਲ ਮੁਖ ਤੇ ਪਾਉਂਦੇ ਸਨ। ਉਨ੍ਹਾਂ ਦੇ ਦੰਦ ਹੀਰਿਆਂ ਦੀਆਂ ਪੰਗਤੀਆਂ ਵਾਂਗ ਦਿੱਸਦੇ ਹਨ ਜਦ ਆਪਣੇ ਪਿਆਰੇ ਸੰਤਾਂ ਨੂੰ ਵੇਖ ਕੇ ਸ਼ੁਭ ਮੁਸਕਰਾਉਂਦੇ ਹਨ। ਜਿਨ੍ਹਾਂ ਦੇ ਨੈਣ ਕੰਵਲ ਦੀਆਂ ਪੰਖੜੀਆਂ ਵਰਗੇ ਹਨ ਤੇ ਨਿਹਾਲ ਹੋ ਕੇ ਪਾਪਾਂ ਨੂੰ ਦੂਰ ਕਰਦੇ ਹਨ॥ ੧੩॥

*ਕਬਿੱਤ*-ਨੇਰੇ ਭਏ ਨੰਦ ਲਾਲ ਲਾਲ ਲੇ ਗੁਲਾਲ ਤਬਿ ਭਾਲਪੈ ਕ੍ਰਿਪਾਲ ਨੇ ਬਿਸਾਲ ਮੇਲ ਦੀਨਿਓ।
ਏਕ ਸੰਗ ਰੰਗੁ ਭਏ, ਸਭਿ ਕੇ ਸੁਰੰਗ ਅੰਗ, ਅੰਬਰ ਧਰੇ ਜੁ ਨਿਚੁਰਤਿ ਅਤਿ ਚੀਨਿਓ।
ਅਵਨੀ ਅਕਾਸ਼ ਲਾਲ ਮਈ ਸਭਿ ਭਾਸੁ ਰਹੀ ਮਾਨੋ ਅਨੁਰਾਗ ਨਿਜ ਰੂਪ ਧਰਿ ਲੀਨਿਓ।
ਸੰਗਤਿ ਕੇ ਬੀਚ ਨਿਜ ਕ੍ਰਿਪਾ ਜਲ ਸੀਂਚਿ ਸੀਂਚਿ, ਸਿੱਖੀ ਫੁਲਵਾਰੀ ਮੈਂ ਬਿਲਾਸ ਬਡੋ ਕੀਨਿਓ॥੧੪॥

ਫਿਰ ਗੁਰੂ ਜੀ ਲਾਲ ਗੁਲਾਲ ਲੈ ਕੇ ਭਾਈ ਨੰਦ ਲਾਲ ਦੇ ਮੱਥੇ 'ਤੇ ਵਿਸ਼ਾਲ ਮਲ ਦਿੱਤਾ। ਇਕ ਸਮਾਨ ਰੰਗੇ ਹੋਏ, ਸਭ ਦੇ ਅੰਗ ਰੰਗੇ ਗਏ, ਕੱਪੜੇ ਜਿਹੜੇ ਪਹਿਨੇ ਹੋਏ ਸਨ ਉਹ ਨੁਚੜਦੇ ਦਿਖਾਈ ਦੇ ਰਹੇ ਹਨ। ਧਰਤੀ ਅਕਾਸ਼ ਲਾਲ-ਮਈ ਹੋਇਆ ਸਾਰੇ ਦਿਖਾਈ ਦੇ ਰਿਹਾ ਸੀ, ਮਾਨੋ ਪ੍ਰੇਮ ਨੇ ਆਪਣਾ ਰੂਪ ਹੀ ਧਾਰ ਲਿਆ ਹੋਵੇ। ਸੰਗਤ ਦੇ ਵਿਚ ਆਪਣੀ ਕਿਰਪਾ ਦਾ ਜਲ ਸਿੰਜ ਸਿੰਜ ਕੇ ਸਿੱਖੀ ਦੀ ਫੁਲਵਾੜੀ ਵਿਚ ਵੱਡਾ ਅਨੰਦ ਵਿਲਾਸ ਕੀਤਾ॥ ੧੪॥

ਭਾਈ ਨੰਦ ਲਾਲ, ਸਭਿ ਬੁੱਧਿ ਮੈਂ ਬਿਸਾਲ ਜੋਇ, ਸਗਰੇ ਕ੍ਰਿਪਾਲ ਕੇ ਬਿਲਾਸੁ ਹੇਰ ਹੇਰਿ ਕੈ।
ਪਾਰਸੀ ਮਹਿ ਕਵਿਤਾ ਬਨਾਇਕੈ ਰੁਚਿਰ ਛਬਿ, ਗੁਰੂ ਗੁਰ ਸਿੱਖਨਿ ਸੁਨਾਈ ਫੇਰਿ ਫੇਰਿ ਕੈ।
ਰਾਗਨ ਮੈਂ ਗਾਈ ਪ੍ਰੇਮ ਰਸ ਬਰਸਾਇ ਕਰਿ ਸੁਨੈ ਮਨ ਭਾਈ ਔਰ ਗਾਵੈਂ ਬੇਰਿ ਬੇਰਿ ਕੈ।
ਸਾਹਿਬ ਪ੍ਰਸੰਨ ਭਏ ਮੌਜ ਦੇ ਨਿਹਾਲ ਕਿਏ, ਅਲਿਤਾ ਗੁਲਾਬ ਸ਼ੋਭਿ ਜੋਇ ਗੇਰਿ ਗੇਰਿ ਕੈ॥੧੫॥

ਭਾਈ ਨੰਦ ਲਾਲ, ਜਿਹੜੇ ਬੁੱਧੀ ਵਿਚ ਸਭ ਤੋਂ ਮਹਾਨ ਹਨ, ਗੁਰੂ ਜੀ ਦੇ ਸਾਰੇ ਬਿਲਾਸ ਵੇਖ ਵੇਖ ਕੇ ਫਾਰਸੀ ਵਿਚ ਸੁੰਦਰ ਛਵੀ ਵਾਲੀ ਕਵਿਤਾ ਬਣਾਈ ਤੇ ਫਿਰ ਗੁਰੂ ਜੀ ਨੂੰ ਅਤੇ ਗੁਰੂ ਸਿੱਖਾਂ ਨੂੰ ਫਿਰ-ਫਿਰ ਸੁਣਾਈ। ਪ੍ਰੇਮ ਰਸ ਦੀ ਵਰਖਾ ਕਰਕੇ, ਰਾਗਾਂ ਵਿਚ ਗਾਈ। ਮਨ-ਭਾਉਂਦੀ ਕਵਿਤਾ ਨੂੰ ਸੁਣਦੇ ਸਨ ਤੇ ਬਾਰ-ਬਾਰ ਗਾਉਂਦੇ ਸਨ। ਗੁਰੂ ਜੀ ਪ੍ਰਸੰਨ ਹੋਏ ਤੇ ਬਖਸ਼ੀਸ਼ ਦੇ ਕੇ ਨਿਹਾਲ ਕੀਤਾ ਤੇ ਅਲਤਾ ਗੁਲਾਬ ਡੋਗ ਡੋਗ ਕੇ ਸ਼ੋਭਾ ਪਾਈ॥ ੧੫॥

*ਹੋਲੀ*

*ਗੁਲੇ ਹੋਲੀ ਬਬਾਗੇ ਦਹਰ ਈਂ ਬਿਸ਼ਗੁਫਤ। ਲਬੇ ਚੂੰ ਗੁੰਚਹ ਰਾ ਫਰਖੁੰਦਹ ਖ਼ੂ ਕਰਦ।*
*ਗੁਲਾਬੋ ਅੰਬਰੋ ਮੁਸ਼ਕੋ ਅਬੀਰੋ। ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ।*
*ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ। ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।*

ਜ਼ਹੇ ਪਿਚਕਾਰੀਏ ਪੁਰ ਜ਼ਅਫਰਾਨੀ। ਕਿ ਹਰ ਬੇਰੰਗ ਰਾ ਖ਼ੁਸ਼ਰੰਗ ਰੂ ਕਰਦ।

ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼। ਚੁ ਸ਼ਾਹਿਮ ਜਾਮਹ ਰੰਗੀਂ ਦਰ ਗਲੂ ਕਰਦ।

ਕਸੇ ਕੋ ਦੀਦਹ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।

ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ। ਦਿਲੇ 'ਗੋਇਆ' ਹਮੀਂ ਰਾ ਆਰਜ਼ੂ ਕਰਦ।

ਹੋਲੀ ਦਾ ਫੁੱਲ ਇਸ ਦੁਨੀਆਂ ਦੇ ਬਾਗ਼ ਵਿਚ ਖਿੜ ਪਿਆ, ਬੁਲ੍ਹਾਂ ਨੂੰ ਕਲੀ ਵਾਂਗ ਮੁਬਾਰਕ ਸ਼ੁਭ ਸੁਭਾਵ ਵਾਲਾ ਕਰ ਦਿੱਤਾ ਹੈ ਭਾਵ ਹਰ ਇਕ ਦੇ ਬੁੱਲ੍ਹ ਮੁਸਕਰਾ ਰਹੇ ਹਨ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਦੀ ਮੀਂਹ ਵਾਂਗੂੰ ਚਾਰੇ ਪਾਸਿਓਂ ਵਰਖਾ ਕਰ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹੱਥਾਂ ਦਾ ਗੁਲਾਲ ਉਡਾਉਣਾ ਜ਼ਮੀਨ ਅਤੇ ਆਸਮਾਨ ਨੂੰ ਲਾਲ ਰੰਗਾ ਕਰ ਰਿਹਾ ਹੈ। ਧਰਤੀ ਮੈਲੀ ਤੇ ਆਸਮਾਨ ਕਾਲਾ ਹੈ। ਗੁਰੂ ਜੀ ਦੇ ਗੁਲਾਲ ਦੇ ਛੜਕਾਉ ਨੇ ਦੋਹਾਂ ਨੂੰ ਲਾਲ ਰੰਗ ਕਰ ਦਿੱਤਾ ਹੈ। ਬਲਿਹਾਰ ਹਾਂ ਉਸ ਕੇਸਰ ਰੰਗ ਨਾਲ ਭਰੀ ਪਿਚਕਾਰੀ ਤੋਂ, ਜੋ ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਹੈ। ਜਿਸ ਨੇ ਹਰ ਬੇਰੰਗ ਨੂੰ ਖੁਸ਼ ਰੰਗ ਚਿਹਰੇ ਵਾਲਾ ਬਣਾ ਦਿੱਤਾ ਹੈ, ਉਸ ਗੁਰੂ ਜੀ ਦੀ ਤੁਫੈਲ ਦਾ ਅੱਜ ਦੋਵਾਂ ਜਹਾਨਾਂ ਨੂੰ ਰੰਗ ਲੱਗ ਗਿਆ ਹੈ, ਜਦੋਂ ਮੇਰੇ ਪਾਤਿਸ਼ਾਹ ਨੇ ਰੰਗ ਭਰਿਆ ਵਸਤਰ ਗਲੇ ਵਿਚ ਪਹਿਨਿਆ ਹੋਇਆ ਹੈ। ਜਿਸ ਕਿਸੇ ਨੇ ਇਹ ਪਵਿੱਤਰ ਦੀਦਾਰ ਗੁਰੂ ਜੀ ਦਾ ਵੇਖਿਆ ਹੈ ਉਸ ਨੇ ਆਪਣੀ ਉਮਰ ਦੀ ਮੁਰਾਦ ਚੰਗੀ ਤਰ੍ਹਾਂ ਪਾ ਲਈ ਹੈ। ਮੈਂ ਸਾਧ ਸੰਗਤ ਦੀ ਧੂੜ ਤੋਂ ਸਦਕੇ ਹੋ ਰਿਹਾ ਹਾਂ, ਗੋਇਆ ਦਾ ਦਿਲ ਏਸੇ ਸਮੇਂ ਨੂੰ ਤਰਸ ਰਿਹਾ ਸੀ।

*ਨੋਟ : ਭਾਈ ਨੰਦ ਲਾਲ ਜੀ ਦੀ ਇਹ ਗਵਾਹੀ ਇਤਿਹਾਸਕ ਸਬੂਤ ਹੈ, ਕਿ ਉਸ ਸਮੇਂ ਹੋਲਾ ਮਨਾਇਆ ਜਾਂਦਾ ਸੀ। ਅਲਤਾ, ਅਤਰ, ਅੰਬੀਰ, ਗੁਲਾਬ, ਦੀਵਾਨ, ਕੀਰਤਨ, ਮਹੱਲਾ ਚੜ੍ਹਨਾ, ਇਹ ਕੌਤਕ ਗੁਰੂ ਜੀ ਦੇ ਦਰਬਾਰ ਵਿਚ ਹੁੰਦੇ ਰਹੇ ਹਨ। ਜੋ ਕੁਝ ਹੋਲੇ ਵਾਸਤੇ ਕੀਤਾ ਜਾਂਦਾ ਸੀ, ਉਹ ਭਾਈ ਨੰਦ ਲਾਲ ਜੀ ਨੇ ਅੱਖੀਂ ਵੇਖਿਆ ਹੈ।*

ਚੌਪਈ- ਸੁਨਤਿ ਪ੍ਰਸੰਨ ਗੁਰੂ ਅਭਿਰਾਮ। ਧਰਿ 'ਦਿਵਾਨ ਗੋਯਾ' ਤਿਸੁ ਨਾਮ।

ਪੁਨ ਸੰਗਤਿ ਪਰ ਦ੍ਰਿਸ਼ਟਿ ਚਲਾਈ। ਅਰਣ ਬਰਣ ਇਕ ਸਮ ਸਮੁਦਾਈ॥੧੬॥

ਭਾਈ ਨੰਦ ਲਾਲ ਜੀ ਦੀ ਕਵਿਤਾ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਦਿਵਾਨ ਦਾ ਨਾਮ 'ਦਿਵਾਨ ਗੋਇਆ' ਰੱਖ ਦਿੱਤਾ। ਫਿਰ ਸੰਗਤ ਉੱਤੇ ਦ੍ਰਿਸ਼ਟੀ ਚਲਾਈ, ਸਾਰਿਆਂ ਦਾ ਰੰਗ ਲਾਲ ਹੋ ਗਿਆ॥ ੧੬॥

ਜਨੁ ਕਿੰਸਕ ਕੋ ਬਨ ਬਿਗਸੰਤਿ। ਇਕ ਸਮ ਸੁਮਨਸੁ ਪਾਇ ਬਸੰਤ।

ਸੁੰਦਰ ਸ਼ੋਭਾ ਰਹੀ ਪ੍ਰਕਾਸ਼। ਬਿਕਸਤਿ ਸਤਿਗੁਰ ਹੇਰਿ ਬਿਲਾਸ॥ ੧੭॥

ਮਾਨੋ ਕੇਸੂਆਂ ਦਾ ਬਾਗ ਖਿੜਿਆ ਹੋਵੇ, ਬਸੰਤ ਰੁੱਤ ਵਿਚ ਸਾਰੇ ਸੁਮਨ ਇਕ ਸਮਾਨ ਹੋ ਗਏ। ਸੁੰਦਰ ਸ਼ੋਭਾ ਪ੍ਰਕਾਸ਼ ਰਹੀ ਸੀ। ਸਤਿਗੁਰੂ ਜੀ ਅਨੰਦ ਬਿਲਾਸ ਵੇਖ ਕੇ ਮੁਸਕਰਾ ਰਹੇ ਸਨ॥ ੧੭॥

ਹਟਿ ਪੁਰਿ ਆਇ ਸਭਾ ਸਭਿ ਥਿਰੀ। ਸਤਿਗੁਰ ਦ੍ਰਿਸ਼ਟਿ ਸਕਲ ਪਰ ਕਰੀ।

ਇਤਨੇ ਮਹਿਂ ਸੁਥਰਾ ਚਲਿ ਆਯੋ। ਨਖ ਸ਼ਿਖ ਕਾਰਸ ਦੇਹ ਲਗਾਯੋ॥ ੧੮॥

ਫਿਰ ਵਾਪਸ ਨਗਰ ਵਿਚ ਆ ਗਏ ਤੇ ਸਾਰੇ ਸਭਾ ਵਿਚ ਬੈਠ ਗਏ। ਸਤਿਗੁਰੂ ਜੀ ਨੇ ਸਾਰਿਆਂ ਉੱਤੇ ਆਪਣੀ ਦ੍ਰਿਸ਼ਟੀ ਸੁੱਟੀ। ਏਨੇ ਵਿਚ ਸੁਥਰਾ ਚਲ ਕੇ ਆ ਗਿਆ, ਉਸ ਨੇ ਨੌਂਹਾਂ ਤੋਂ ਲੈ ਕੇ ਸਿਰ ਤਕ ਸਰੀਰ ਨੂੰ ਕਾਲਖ ਮਲੀ ਹੋਈ ਸੀ॥ ੧੮॥

ਹੋਤਿ ਦੇਗ ਤਹਿਂ ਕਾਰਸੁ ਲਈ। ਇਕ ਸਮ ਕਾਰੀ ਕਾਯਾਂ ਕਈ।

ਬਹੁ ਸੁਰਮਾਂ ਮੁਖ ਸਿਰ ਪਰ ਲਾਯੋ। ਆਇ ਭਿਆਨਕ ਭੇਖ ਦਿਖਾਯੋ॥ ੧੯॥

ਜਿੱਥੇ ਲੰਗਰ ਪੱਕਦਾ ਸੀ, ਉਥੋਂ ਉਸ ਕਾਲਖ ਲੈ ਲਈ ਤੇ ਇਕ ਸਮਾਨ ਸਾਰਾ ਸਰੀਰ ਕਾਲਾ ਕਰ ਲਿਆ। ਬਹੁਤ ਕਾਲਖ ਸਿਰ ਅਤੇ ਮੂੰਹ ਨੂੰ ਲਾਈ ਸੀ, ਉਸ ਨੇ ਆ ਕੇ ਭਿਆਨਕ ਭੇਖ ਵਿਖਾਇਆ॥ ੧੯॥

ਸ੍ਰੀ ਸਤਿਗੁਰ ਸਭਿ ਸੰਗਤਿ ਹੇਰਿ। ਫਿਰਜੋ ਚੁਗਿਰਦੇ ਇਕ ਦੁਇ ਫੇਰ।
ਸ੍ਰੀ ਕਲਗੀਧਰ ਦੇਖਿ ਹਸੇ ਹੈਂ। ਬਿਦਤਿ ਦਸਨ ਭੇ ਬਿਸਦ ਲਸੇ ਹੈਂ॥ ੨੦॥

ਸ੍ਰੀ ਸਤਿਗੁਰੂ ਜੀ ਅਤੇ ਸਾਰੀ ਸੰਗਤ ਵੇਖ ਲਵੇ, ਇਕ ਦੋ ਵਾਰ ਚਾਰ-ਚੁਫੇਰੇ ਫਿਰਿਆ। ਸ੍ਰੀ ਸਤਿਗੁਰੂ ਜੀ ਵੇਖ ਕੇ ਹੱਸ ਪਏ, ਉਨ੍ਹਾਂ ਦੇ ਉੱਜਲ ਦੰਦ ਪ੍ਰਗਟ ਹੋ ਕੇ ਪ੍ਰਕਾਸ਼ ਰਹੇ ਸਨ॥ ੨੦॥

ਬਿਕਸਤਿ ਅਪਨੇ ਨਿਕਟ ਬੁਲਾਯੋ। ਬੂਝਜੋ 'ਬੇਖ ਕਹਾਂ ਕਰਿ ਆਯੋ?'।
ਹਾਥ ਜੋਰਿ ਅਰਦਾਸ ਬਖਾਨੀ। 'ਸਤਿਗੁਰ ਸੰਗਤਿ ਸੁਭਤਿ ਮਹਾਨੀ॥ ੨੧॥

ਮੁਸਕਰਾ ਕੇ ਆਪਣੇ ਪਾਸ ਬੁਲਾਇਆ ਤੇ ਫਿਰ ਪੁੱਛਿਆ, "ਇਹ ਕੈਸਾ ਭੇਸ ਬਣਾ ਕੇ ਆਇਆ ਹੈਂ?" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਸੰਗਤ ਮਹਾਨ ਸ਼ੋਭਾ ਪਾ ਰਹੀ ਹੈ॥ ੨੧॥

ਜਿਹ ਸਮ ਜਗ ਮਹਿਂ ਅਪਰ ਨ ਕੋਈ। ਦਿਪਤਿ ਮਹਾਂ ਦੁਤਿ ਕੇ ਜੁਤਿ ਹੋਈ।
ਡੀਠ ਪਹਾਰੀਅਨਿ ਕੀ ਹੈ ਬੁਰੀ। ਜਿਸ ਲਗਿ ਜਾਇ ਮਨਹੁ ਖਰ ਛੁਰੀ॥ ੨੨॥

ਜਿਸ ਵਰਗੀ ਜਗ ਵਿਚ ਹੋਰ ਕੋਈ ਨਹੀਂ ਹੈ, ਇਹ ਮਹਾਨ ਸ਼ੋਭਾ ਸਹਿਤ ਮਹਾਨ ਪ੍ਰਕਾਸ਼ ਰਹੀ ਹੈ। ਪਹਾੜੀਆਂ ਦੀ ਨਜ਼ਰ ਬਹੁਤ ਬੁਰੀ ਹੈ, ਜਿਸ ਨੂੰ ਲੱਗ ਜਾਵੇ ਮਾਨੋ ਤਿੱਖੀ ਛੁਰੀ ਹੈ॥ ੨੨॥

ਯਾਂਤੇ ਮੈਂ ਬਿਚਾਰ ਕਰਿ ਆਯੋ। ਨਖ ਸ਼ਿਖ ਕਾਰੋ ਬੇਖ ਬਨਾਯੋ।
ਤਿਨ ਕੀ ਨਜ਼ਰ ਲਗਹਿ ਅਬਿ ਨਾਂਹੀ। ਕਾਰੋ ਬਦਨ ਹੋਇ ਤਿਨ ਜਾਹੀ॥ ੨੩॥

ਇਸ ਕਰਕੇ ਮੈਂ ਵਿਚਾਰ ਕੇ ਆਇਆ ਹਾਂ, ਨਹੁੰਆਂ ਤੋਂ ਸਿਰ ਤਕ ਕਾਲਾ ਭੇਸ ਬਣਾਇਆ ਹੈ। ਉਨ੍ਹਾਂ ਦੀ ਹੁਣ ਨਜ਼ਰ ਨਹੀਂ ਲਗੇਗੀ। ਉਨ੍ਹਾਂ ਦੇ ਵੀ ਮੂੰਹ ਕਾਲੇ ਹੋ ਜਾਣਗੇ॥ ੨੩॥

ਜਿਮ ਬਾਲਿਕ ਸੁੰਦਰ ਸ਼ਿੰਗਾਰੇ। ਚਾਰੁ ਬਿਭੂਖਨ ਬਸਤ੍ਰਨਿ ਧਾਰੇ।
ਬਿੰਦੁ ਸ਼ਜਾਮਤਾ ਮਾਤ ਲਗਾਵੈ। 'ਨਹੀਂ ਨਦਰ ਕਿਸ ਕੀ ਲਗ ਜਾਵੈ'॥ ੨੪॥

ਜਿਵੇਂ ਬਾਲਕ ਦਾ ਸੁੰਦਰ ਸ਼ਿੰਗਾਰ ਕਰੀਦਾ ਹੈ, ਸੁੰਦਰ ਗਹਿਣੇ ਅਤੇ ਕੱਪੜੇ ਧਾਰਦਾ ਹੈ। ਫਿਰ ਕਾਲੀ ਬਿੰਦੀ ਮੱਥੇ ਵਿਚ ਮਾਂ ਲਾ ਦਿੰਦੀ ਹੈ, "ਨਹੀਂ ਤਾਂ ਕਿਸੇ ਦੀ ਨਜ਼ਰ ਲੱਗ ਜਾਵੇਗੀ"॥ ੨੪॥

ਸੁੰਦਰ ਅਪਨੋ ਸਦਨ ਚਿਨਾਵੈਂ। ਅੰਤਰ ਬਾਹਿਰ ਬਿਸਦ ਬਨਾਵੈਂ।
ਨਦਰ ਨਹੀਂ ਕਿਹਕੀ ਲਗਿ ਜਾਇ। ਕਾਰੀ ਹੰਡੀਆ ਧਰਹਿਂ ਬਨਾਇ॥ ੨੫॥

ਲੋਕ ਆਪਣੇ ਸੁੰਦਰ ਮਕਾਨ ਉਸਾਰਦੇ ਹਨ, ਅੰਦਰ ਬਾਹਰ ਸਫੇਦ ਬਣਾਉਂਦੇ ਹਨ, ਕਿਸੇ ਦੀ ਨਜ਼ਰ ਨਾ ਲੱਗ ਜਾਵੇ, ਇਸ ਕਰਕੇ ਛੱਤ ਉੱਤੇ ਚੰਗੀ ਤਰ੍ਹਾਂ ਕਾਲੀ ਤੌੜੀ ਧਰ ਦਿੰਦੇ ਹਨ॥ ੨੫॥

ਨਜ਼ਰ ਕਰਹਿ ਸੰਗਤਿ ਪਰ ਜੋਇ। ਤਜਿ ਸੰਗਤਿ ਮੁਝ ਲਾਗਹਿ ਸੋਇ।
ਮੈਂ ਹਾਂਡੀ ਬਨ ਲੇਉਂ ਸੰਭਾਰ। ਬੁਰੀ ਨਜ਼ਰ ਜੇ ਬਸਹਿਂ ਪਹਾਰਿ'॥ ੨੬॥

ਜਿਹੜਾ ਵੀ ਸੰਗਤ ਉੱਪਰ ਨਜ਼ਰ ਕਰੇਗਾ, ਉਹ ਸੰਗਤ ਨੂੰ ਛੱਡ ਕੇ ਮੈਨੂੰ ਲੱਗੇਗੀ। ਮੈਂ ਕਾਲੀ ਹਾਂਡੀ ਬਣ ਕੇ ਉਸ ਨੂੰ ਸੰਭਾਲ ਲਵਾਂਗਾ। ਜੋ ਪਹਾੜ ਵਿਚ ਵੱਸਦੇ ਹਨ, ਉਨ੍ਹਾਂ ਦੀ ਬੁਰੀ ਨਜ਼ਰ ਹੈ"॥ ੨੬॥

ਸੁਨਿ ਕਰਿ ਹਸੇ ਕ੍ਰਿਪਾ ਤੇ ਜੋਵਾ। 'ਮਮ ਸੰਗਤਿ ਕੋ ਰੱਖਜਕ ਹੋਵਾ'।
ਅਧਿਕ ਖੁਸ਼ੀ ਸੁਥਰੇ ਪਰ ਕਰੀ। 'ਇਹ ਮਮ ਸਿੱਖਜ ਭਲੀ ਉਰਧਰੀ॥ ੨੭॥

ਇਹ ਸੁਣ ਕੇ ਸਤਿਗੁਰੂ ਜੀ ਹੱਸ ਪਦੇ ਅਤੇ ਕਿਰਪਾ ਨਾਲ ਵੇਖਿਆ ਅਤੇ ਕਿਹਾ, "ਮੇਰੀ ਸੰਗਤ ਦਾ ਇਕ ਰਖਵਾਲਾ ਬਣਿਆ ਹੈ।" ਗੁਰੂ ਜੀ ਨੇ ਸੁਥਰੇ ਉੱਤੇ ਬਹੁਤ ਖੁਸ਼ੀ ਕੀਤੀ, "ਇਸ ਨੇ ਮੇਰੀ ਸਿਖਿਆ ਭਲੀ ਪ੍ਰਕਾਰ ਹਿਰਦੇ ਵਿਚ ਧਾਰਨ ਕੀਤੀ ਹੈ॥ ੨੭॥

ਸਭਿ ਪਰ ਬਲੀ ਰਹੈ ਬਲ ਧਰਿ ਹੈ। ਹਿੰਦੂ ਤੁਰਕ ਨ ਸਮਤਾ ਕਰਿ ਹੈਂ।
ਨਹਿਂ ਇਸ ਕੇ ਟਿਕ ਸਕਹਿਂ ਅਗਾਰੀ। ਸਭਿ ਪਰ ਠਹਿਰਾਵਹਿ ਨਿਜ ਕਾਰੀ' ॥੨੮॥

ਖਾਲਸਾ ਪੰਥ ਬਲ ਧਾਰ ਕੇ ਸਾਰਿਆਂ 'ਤੇ ਬਲੀ ਰਹੇਗਾ, ਹਿੰਦੂ ਤੁਰਕ ਉਸ ਦੀ ਬਰਾਬਰੀ ਨਹੀਂ ਕਰ ਸਕਣਗੇ। ਇਸ ਦੇ ਅੱਗੇ ਕੋਈ ਟਿਕ ਨਹੀਂ ਸਕੇਗਾ, ਸਾਰੇ ਆਪਣੀ ਕਾਰ ਠਹਿਰਾਉਣਗੇ" ॥ ੨੮॥

*ਨੋਟ :- ਹਿੰਦੂਆਂ ਦੀ ਹੋਲੀ, ਜਿਸ ਵਿਚ ਦੁਰਬਚਨ ਬੋਲੇ ਜਾਂਦੇ ਹਨ ਤੇ ਭਲੇ ਪੁਰਸ਼ਾਂ ਨੂੰ ਕਲਪਾਇਆ ਜਾਂਦਾ ਹੈ ਤੇ ਵਿਕਾਰ ਵਧਾਉਣ ਵਾਲੇ ਮਾੜੇ ਕੰਮ ਹੁੰਦੇ ਹਨ, ਅਜਿਹੀ ਹੋਲੀ ਸਤਿਗੁਰੂ ਜੀ ਨੇ ਵਰਜੀ ਹੈ। ਪਰ ਉਤਸ਼ਾਹ ਜਨਕ ਗੁਰਬਾਣੀ ਦੇ ਕੀਰਤਨ ਨਾਲ ਮਿਲਿਆ, ਜੋ ਵਿਛੜੇ ਸਤਿਸੰਗੀਆਂ ਦੇ ਮੇਲੇ ਕਰਵਾਉਂਦਾ ਹੈ ਉਹ ਅਦਭੁਤ ਹੋਲਾ ਤੇ ਨਾਲ ਬੀਰ ਰਸੀ ਮਹੱਲਾ ਹੈ, ਇਸ ਨੂੰ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪ੍ਰਗਟ ਕੀਤਾ ਹੈ, ਜਿਹੜਾ ਹਾਲੇ ਤਕ ਵੀ ਉਸ ਜੋਸ਼ ਨਾਲ ਮਨਾਇਆ ਜਾਂਦਾ ਹੈ।*

ਜੋ ਜਾਚਤੋ ਸੁਥਰੇ ਕੋ ਦਯੋ। ਸਿਰੋਪਾਉ ਪੁਨ ਹੋਵਤਿ ਭਯੋ।
ਅਦਭੁਤ ਹੋਰੀ ਸਤਿਗੁਰ ਕਰੀ। ਸੰਗਤਿ ਕਰਿ ਦਰਸ਼ਨ ਮੁਦ ਭਰੀ॥ ੨੯॥

ਜੋ ਮੰਗਿਆ ਸੁਥਰੇ ਨੂੰ ਦਿੱਤਾ, ਫਿਰ ਉਸ ਨੂੰ ਸਿਰੋਪਾ ਦਿੱਤਾ ਗਿਆ। ਅਦਭੁਤ ਹੋਲੀ ਸਤਿਗੁਰੂ ਜੀ ਨੇ ਕੀਤੀ, ਸੰਗਤ ਦਰਸ਼ਨ ਕਰਕੇ ਅਨੰਦ ਨਾਲ ਭਰ ਜਾਂਦੀ ਸੀ॥ ੨੯॥

ਕੌਨ ਸਕਹਿ ਕਰਿ ਅਸ ਕਲਿਕਾਲ। ਸਤਿਗੁਰ ਸਕਲ ਸ਼ਕਤਿ ਕੇ ਨਾਲ।
ਸਗਰੀ ਸੰਗਤਿ ਕੋ ਸੁਖ ਦਏ। ਅਨਿਕ ਬਿਲਾਸਨਿ ਬਿਲਸਤਿ ਭਏ॥ ੩੦॥

ਕਲਿਜੁਗ ਵਿਚ ਇਸ ਤਰ੍ਹਾਂ ਕੌਣ ਕਰ ਸਕਦਾ ਹੈ। ਸਤਿਗੁਰੂ ਜੀ ਸਾਰੀ ਸ਼ਕਤੀ ਦੇ ਨਾਲ ਤਮਾਮ ਸੰਗਤ ਨੂੰ ਸੁਖ ਦਿੰਦੇ ਸਨ ਤੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥ ੩੦॥

*ਤੀਸਰੀ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## ਅਧਿਆਇ ਅਠਾਈਵਾਂ

### *ਭਾਈ ਦਇਆ ਸਿੰਘ ਜੀ ਦਾ ਜੰਞੂ*

ਦੋਹਰਾ- ਅਚਰਜ ਬਿਦਤਯੋ ਪੰਥ ਜਗ ਕਿਸਹੁਂ ਨ ਮਾਨਹਿਂ ਕਾਨ।
ਦੇਗ ਤੇਗ ਕੇ ਬਲੀ ਬਡ ਬਾਂਕੇ ਬੀਰ ਸੁਜਾਨ॥ ੧॥

ਜੱਗ ਵਿਚ ਅਸਚਰਜ ਪੰਥ ਪੈਦਾ ਹੋਇਆ, ਜਿਹੜਾ ਕਿਸੇ ਦੀ ਵੀ ਈਨ ਨਹੀਂ ਸੀ ਮੰਨਦਾ। ਬਾਂਕੇ ਸੂਰਬੀਰ ਸੁਜਾਨ ਦੇਗ ਤੇਗ ਦੇ ਵੱਡੇ ਬਲੀ ਸਨ॥ ੧॥

ਚੌਪਈ- ਕਹਜੋ ਕਿਸੂ ਕੋ ਕਜੋਂਹੂੰ ਨ ਮਾਨਹਿਂ। ਗੋਰ ਮੜੀਨ ਅਨਾਦਰ ਠਾਨਹਿਂ।
ਗੁਰ ਕੀ ਆਇਸੁ ਕੋ ਦਿੜ ਰਾਖਹਿਂ। ਸਦਾ ਜੰਗ ਕੋ ਉਰ ਅਭਿਲਾਖਹਿਂ ॥੨॥

ਕਿਸੇ ਦਾ ਕਿਹਾ ਕਿਸੇ ਤਰ੍ਹਾਂ ਵੀ ਨਹੀਂ ਮੰਨਦੇ ਸਨ, ਕਬਰਾਂ ਸਮਾਧਾਂ ਦਾ ਅਨਾਦਰ ਕਰਦੇ ਹਨ। ਗੁਰੂ ਜੀ ਦੀ ਆਗਿਆ ਨੂੰ ਦ੍ਰਿੜ੍ਹਤਾ ਨਾਲ ਧਾਰ ਕੇ ਰੱਖਦੇ ਹਨ, ਹਿਰਦੇ ਵਿਚ ਸਦਾ ਜੰਗ ਦੀ ਅਭਿਲਾਸ਼ਾ ਰੱਖਦੇ ਹਨ॥ ੨॥

**ਊਚੋ ਮਤਿ ਸਭਿ ਤੇ ਸੁਚਿ ਰਹੈਂ। ਤਰਕ ਤੁਰਕ ਹਿੰਦੁਨਿ ਪਰ ਕਹੈਂ।**
**ਦੇਖਿ ਜਗਤ ਕੇ ਲੋਕ ਖਿਸਾਨਹਿਂ। ਅਪਨੇ ਤੇ ਅਚਾਰ ਸ਼ੁਭ ਜਾਨਹਿਂ॥ ੩॥**

ਉੱਚਾ ਮੱਤ ਹੈ ਸਾਰਿਆਂ ਤੋਂ ਸੁੱਚੇ ਰਹਿੰਦੇ ਹਨ, ਤੁਰਕ ਤਾਂ ਤੁਰਕ ਰਹੇ, ਹਿੰਦੂਆਂ ਨੂੰ ਵੀ ਪਰਾਏ ਕਹਿੰਦੇ ਹਨ। ਜਗਤ ਦੇ ਲੋਕ ਵੇਖ ਕੇ ਸ਼ਰਮਿੰਦੇ ਹੁੰਦੇ ਹਨ, ਆਪਣੇ ਨਾਲੋਂ ਇਨ੍ਹਾਂ ਦੇ ਆਚਰਨ ਨੂੰ ਸ਼ੁਭ ਜਾਣਦੇ ਹਨ॥ ੩॥

**ਨਿਸ ਦਿਨ ਭਜਨ ਪ੍ਰਤਾਪ ਬਧੰਤਾ। ਸੱਤਿਨਾਮ ਸਿਮਰਹਿਂ ਸੁਖਵੰਤਾ।**
**ਹਿੰਦੂ ਤੁਰਕ ਹੇਰਿ ਦੁਖ ਪਾਵਹਿਂ। ਸ਼ੁਭ ਸਰੂਪ ਚਿਤ ਜਰਯੋ ਨ ਜਾਵਹਿ॥ ੪॥**

ਰਾਤ-ਦਿਨ ਭਜਨ ਦਾ ਪ੍ਰਤਾਪ ਵਧਦਾ ਹੈ, ਸੁਖਦਾਈ ਸਤਿਨਾਮ ਦਾ ਸਿਮਰਨ ਕਰਦੇ ਹਨ। ਹਿੰਦੂ ਤੁਰਕ ਵੇਖ ਕੇ ਦੁਖ ਪਾਉਂਦੇ ਹਨ। ਸ਼ੁਭ ਸਰੂਪ ਚਿੱਤ ਵਿਚ ਜਰਿਆ ਨਹੀਂ ਜਾਂਦਾ ਹੈ॥ ੪॥

**ਜਥਾ ਆਂਖ ਮਹਿਂ ਤ੍ਰਿਣ ਪਰ ਜਾਇ। ਚੁਭਤਿ ਅਧਿਕ ਨਹਿਂ ਨਿਕਸਨ ਪਾਇ।**
**ਇਕ ਦਿਨ ਸ੍ਰੀ ਕਲਗ਼ੀਧਰ ਪਾਸ। ਇਹ ਬ੍ਰਿਤੰਤ ਬਹੁ ਕਰਹਿਂ ਪ੍ਰਕਾਸ਼॥ ੫॥**

ਜਿਵੇਂ ਅੱਖ ਵਿਚ ਤੀਲਾ ਪੈ ਜਾਂਦਾ ਹੈ, ਬਹੁਤ ਚੁੱਭਦਾ ਹੈ ਤੇ ਨਿਕਲਦਾ ਵੀ ਨਹੀਂ ਹੈ। ਇਕ ਦਿਨ ਸਤਿਗੁਰੂ ਜੀ ਪਾਸ, ਇਸ ਬਾਰੇ ਬਹੁਤ ਬ੍ਰਿਤਾਂਤ ਪ੍ਰਕਾਸ਼ ਕਰ ਰਹੇ ਸਨ॥ ੫॥

**ਸੁਨਿ ਕਰਿ ਸ੍ਰੀ ਮੁਖ ਤੇ ਬਿਕਸਾਏ। ਸਰਬ ਸਰੀਰ ਬੀਰ ਰਸ ਛਾਏ।**
**ਬਿਕਸਤਿ ਬੋਲੇ ਬਚਨ ਕ੍ਰਿਪਾਲੂ। 'ਦਹੁ ਆਂਖਨ ਤ੍ਰਿਣ ਪਰਯੋ ਬਿਸਾਲੂ॥ ੬॥**

ਇਹ ਸੁਣ ਕੇ ਸ੍ਰੀ ਗੁਰੂ ਜੀ ਮੁਖ ਤੋਂ ਮੁਸਕਰਾਏ, ਉਸ ਸਮੇਂ ਸਾਰੇ ਸਰੀਰਾਂ ਉੱਤੇ ਬੀਰ-ਰਸ ਛਾਇਆ ਸੀ। ਕ੍ਰਿਪਾਲੂ ਸਤਿਗੁਰੂ ਜੀ ਮੁਸਕਰਾਉਂਦੇ ਹੋਏ ਬੋਲੇ, "ਇਨ੍ਹਾਂ ਦੋਵਾਂ ਦੀਆਂ ਅੱਖਾਂ ਵਿਚ ਵੱਡੇ-ਵੱਡੇ ਤੀਲੇ ਪਏ ਹਨ॥ ੬॥

**ਪਰਯੋ ਸੁ ਪਰਯੋ ਨ ਨਿਕਸਨ ਹੋਵੈ। ਰੈਨ ਦਿਨਾ ਜਯੋਂ ਜਲ ਤਜਿ ਰੋਵੈਂ।**
**ਫੂਟ ਜਾਇਗੀ ਦੁਸ਼ਟਨਿ ਆਂਖ। ਅੰਧੇ ਹੋਹਿਂ ਨ ਪੁਰਵਹਿ ਕਾਂਖ॥ ੭॥**

ਇਹ ਇਕ ਵਾਰੀ ਪੈ ਗਿਆ ਹੈ, ਹੁਣ ਨਿਕਲਦਾ ਨਹੀਂ ਹੈ, ਰਾਤ ਦਿਨ ਨੇਤਰਾਂ ਵਿਚੋਂ ਜਲ ਡੇਗ-ਡੇਗ ਰੋਣਗੇ। ਇਨ੍ਹਾਂ ਦੁਸ਼ਟਾਂ ਦੀਆਂ ਅੱਖਾਂ ਫੁੱਟ ਜਾਣਗੀਆਂ, ਅੰਨ੍ਹੇ ਹੋ ਜਾਣਗੇ ਪਰ ਇਨ੍ਹਾਂ ਦੀ ਇੱਛਾ ਪੂਰੀ ਨਹੀਂ ਹੋਵੇਗੀ॥ ੭॥

**ਕਰਤਿ ਉਪਾਇ ਦੁਸ਼ਟ ਦੁਖ ਭਰੇ। ਪਲ ਪਲ ਬਿਖੇ ਸਵੱਯਾ ਚਰੇ।**
**ਹਿੰਦੂ ਤੁਰਕਨਿ ਕੇ ਹੁਇਂ ਨਾਥ। ਕਰੈਂ ਬਸੀ ਗਹਿ ਦੰਡੇ ਸਾਥ॥ ੮॥**

ਦੁਸ਼ਟ ਦੁਖ ਭਰੇ ਉਪਾਅ ਕਰਦੇ ਹਨ, ਪਰ ਖਾਲਸੇ ਦਾ ਪ੍ਰਤਾਪ ਪਲ-ਪਲ ਸਵਾਇਆ ਚੜ੍ਹੇਗਾ। ਹਿੰਦੂਆਂ ਤੁਰਕਾਂ ਦੇ ਇਹ ਮਾਲਕ ਬਣਨਗੇ ਤੇ ਇਨ੍ਹਾਂ ਨੂੰ ਡੰਡੇ ਨਾਲ ਵੱਸ ਵਿਚ ਕਰਨਗੇ॥ ੮॥

**ਜੋ ਜੋ ਗੁਰ ਸੰਗ ਧਰਹਿਂ ਬਿਰੋਧ। ਕਰਹਿ ਖਾਲਸਾ ਤਿਨ ਕੀ ਸੋਧ।**
**ਹੋਇ ਅਧੀਨ ਜੀਵਕਾ ਕਰੈਂ। ਸਿੰਘਨਿ ਤੇ ਮ੍ਰਿਗ ਸਮ ਹੁਇ ਡਰੈਂ॥ ੯॥**

ਜਿਹੜਾ-ਜਿਹੜਾ ਗੁਰੂ ਜੀ ਨਾਲ ਵਿਰੋਧ ਧਰੇਗਾ, ਖਾਲਸਾ ਉਨ੍ਹਾਂ ਦੀ ਸੋਧ ਕਰੇਗਾ। ਅਧੀਨ ਹੋ ਕੇ ਰੋਜ਼ੀ ਕਮਾਉਣਗੇ ਤੇ ਸਿੰਘਾਂ ਪਾਸੋਂ ਹਿਰਨਾਂ ਵਾਂਗ ਡਰਨਗੇ"॥ ੯॥

ਅਪਨਿ ਪੰਥ ਕੇ ਗੁਨ ਇੱਤਜਾਦਿ। ਬਰਨਨ ਕਰੇ ਧਰੇ ਅਹਿਲਾਦ।
ਸਭਿ ਦੇਸ਼ਨਿ ਕੇ ਬਿਖੈ ਪ੍ਰਕਾਸ਼ੇ। ਹੇਰਿ ਹੇਰਿ ਬਿਸਮਾਹਿਂ ਹਿਰਾਸੇ॥ ੧੦॥

ਇਸ ਪ੍ਰਕਾਰ ਆਪਣੇ ਪੰਥ ਦੇ ਗੁਣ ਸਤਿਗੁਰੂ ਜੀ ਨੇ ਅਨੰਦ ਧਾਰ ਕੇ ਵਰਣਨ ਕੀਤੇ। ਸਾਰੇ ਦੇਸ਼ਾਂ ਵਿਚ ਇਨ੍ਹਾਂ ਦਾ ਪ੍ਰਕਾਸ਼ ਹੋਵੇਗਾ, ਵੇਖ-ਵੇਖ ਡਰੇ ਹੋਏ ਲੋਕ ਹੈਰਾਨ ਹੋਣਗੇ॥ ੧੦॥

ਸ਼ਸਤ੍ਰ ਸਮੇਤ ਸਦਾ ਰੰਗ ਰਾਤੇ। ਬਿਨਾ ਰਾਜ ਰਾਜੇ ਨਿਤ ਮਾਤੇ।
ਬਿਨ ਧਨ ਤੇ ਬਢ ਧਨੀ ਬਨੇ ਹੈਂ। ਇਕ ਸਤਿਗੁਰ ਕੇ ਪ੍ਰੇਮ ਸਨੇ ਹੈਂ॥ ੧੧॥

ਸ਼ਸਤਰਾਂ ਸਮੇਤ ਸਦਾ ਰੰਗ ਵਿਚ ਰੰਗੇ ਰਹਿੰਦੇ ਸਨ, ਬਿਨਾਂ ਰਾਜ ਦੇ ਖਾਲਸਾ ਰੂਪੀ ਰਾਜੇ ਮਸਤ ਹੋਏ ਰਹਿੰਦੇ ਸਨ। ਬਿਨਾਂ ਧਨ ਦੇ ਵੱਡੇ ਧਨੀ ਬਣੇ ਹਨ, ਇਕ ਸਤਿਗੁਰੂ ਜੀ ਦੇ ਪ੍ਰੇਮ ਵਿਚ ਭਿੱਜੇ ਹੋਏ ਹਨ॥ ੧੧॥

ਮਹਾਂ ਨਿਡਰ ਰਸ ਬੀਰ ਭਰੇ ਹੈਂ। ਨਹੀਂ ਕਿਸੂ ਕੋ ਸੰਗ ਕਰੇ ਹੈਂ।
ਸਿੰਘ ਬਿਨਾ ਮਿਲਿ ਹਰਖਹਿਂ ਨਾਹੀ। ਮਨ ਮੇਲਨਿ ਤੌ ਹੋਹਿ ਕਹਾਂ ਹੀ॥ ੧੨॥

ਮਹਾਂ ਨਿਡਰ ਬੀਰ-ਰਸ ਵਿਚ ਭਰੇ ਹੋਏ ਹਨ, ਕਿਸੇ ਦਾ ਵੀ ਸੰਗ ਨਹੀਂ ਕਰਦੇ ਹਨ। ਸਿੰਘਾਂ ਨੂੰ ਮਿਲੇ ਬਗੈਰ ਪ੍ਰਸੰਨ ਨਹੀਂ ਹੁੰਦੇ ਹਨ, ਹੋਰ ਕਿਸੇ ਨਾਲ ਮਨ ਮੇਲਣਾ ਤਾਂ ਕਿਤੇ ਰਿਹਾ॥ ੧੨॥

ਰਹਹਿਂ ਮਗਨ ਪਰਵਾਹੁ ਨ ਕਾਹੂੰ। ਭੂਮ ਬਿਨਾ ਭੂਪਤਿ ਮਦਮਾਹੂੰ।
ਦੋਨਹੁਂ ਸਮੈ ਸੁਚੇਤਾ ਕਰਿਬੋ। ਭਾਂਤਿ ਭਾਂਤਿ ਤਨ ਸ਼ਸਤ੍ਰਨਿ ਧਰਬੋ॥ ੧੩॥

ਹਰ ਵੇਲੇ ਮਗਨ ਰਹਿੰਦੇ ਹਨ, ਕਿਸੇ ਦੀ ਪ੍ਰਵਾਹ ਨਹੀਂ, ਭੂਮੀ ਬਗੈਰ ਮਦਹੋਸ਼ ਰਾਜੇ ਹਨ। ਦੋਵੇਂ ਸਮੇਂ ਇਸ਼ਨਾਨ ਆਦਿ ਕਰਕੇ ਸੁਚੇਤ ਰਹਿੰਦੇ ਹਨ ਤੇ ਭਾਂਤ-ਭਾਂਤ ਦੇ ਸ਼ਸਤਰ ਸਰੀਰ ਤੇ ਧਾਰਨ ਕਰਦੇ ਹਨ॥ ੧੩॥

ਸ਼ਮਸ਼ ਕੇਸ਼ ਤੇ ਸੁਭਤਿ ਬਿਸਾਲੇ। ਬਾਂਕੇ ਬੀਰ ਹਠੀ ਮੁਛਿਆਲੇ।
ਸਜਹਿਂ ਤੁਰੰਗ ਅਰੂਢਹਿਂ ਐਸੇ। ਹਿੰਦੂ ਤੁਰਕ ਨ ਕਬਿ ਹੁਇ ਕੈਸੇ॥ ੧੪॥

ਦਾੜ੍ਹੀ ਅਤੇ ਕੇਸ਼ ਬਹੁਤ ਸ਼ੋਭਦੇ ਹਨ, ਮੁੱਛਾਂ ਵਾਲੇ ਬਾਂਕੇ ਬੀਰ ਵੱਡੇ ਹਠੀ ਹਨ। ਘੋੜਿਆਂ ਤੇ ਸਵਾਰ ਹੋ ਕੇ ਐਸੇ ਸੱਜਦੇ ਹਨ, ਉਸ ਤਰ੍ਹਾਂ ਹਿੰਦੂ ਤੁਰਕ ਕਦੀ ਵੀ ਏਨੀ ਸ਼ੋਭਾ ਨਹੀਂ ਪਾ ਸਕਦੇ॥ ੧੪॥

ਸ਼ਸਤ੍ਰ ਸਜਾਇ ਗੁਰੂ ਕੋ ਦਰਸੈਂ। ਹੇਰਿ ਪੰਥ ਕੋ ਅਦਭੁਤ ਹਰਸ਼ੈਂ।
ਰਟਹਿਂ ਰੈਨ ਦਿਨ ਸ਼੍ਰੀ ਗੁਰਬਾਨੀ। ਸਭਿ ਤੇ ਅਤਿ ਸ੍ਰੇਸ਼ਟ ਸੁਖ ਖਾਨੀ॥ ੧੫॥

ਸ਼ਸਤਰ ਸਜਾ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਹਨ, ਗੁਰੂ ਜੀ ਆਪਣੇ ਪੰਥ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਰਾਤ ਦਿਨ ਗੁਰਬਾਣੀ ਪੜ੍ਹਦੇ ਹਨ, ਜਿਹੜੀ ਸੁਖਾਂ ਦੀ ਖਾਣ ਸਭ ਨਾਲੋਂ ਅਤਿ ਸ੍ਰੇਸ਼ਟ ਹੈ॥ ੧੫॥

ਇਕ ਦਿਨ ਸਤਿਗੁਰ ਚਢੇ ਅਖੇਰ। ਭਏ ਤੁਰੰਗ ਅਰੂਢ ਸਬੇਰ।
ਸੁਭਟ ਸਿੰਘ ਦਲ ਸੰਗ ਸੁਹੰਤਾ। ਸਭਿ ਕੇ ਬੀਚ ਚਲਹਿਂ ਭਗਵੰਤਾ॥ ੧੬॥

ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਗਏ, ਉਸ ਸਮੇਂ ਘੋੜੇ 'ਤੇ ਚੜ੍ਹ ਗਏ, ਨਾਲ ਸੂਰਬੀਰ ਸਿੰਘਾਂ ਦਾ ਦਲ ਸ਼ੋਭ ਰਿਹਾ ਸੀ, ਸਤਿਗੁਰੂ ਸਾਰਿਆਂ ਦੇ ਵਿਚਕਾਰ ਚਲ ਰਹੇ ਸਨ॥ ੧੬॥

ਸਭਿ ਕੈ ਸ਼ਸਤ੍ਰ ਸਜਹਿਂ ਸ਼ੁਭ ਰੰਗ। ਖੜਗ ਰੁ ਸਿਪਰ ਸਿੰਕਧ ਤੁਫੰਗ।
ਬਨ ਮਹਿਂ ਕਰਜੋ ਅਖੇਰ ਘਨੇਰਾ। ਉਤਰੇ ਪ੍ਰਭੂ ਬਿਰਖ ਸ਼ੁਭ ਹੇਰਾ॥ ੧੭॥

ਸਾਰਿਆਂ ਦੇ ਸ਼ੁਭ ਰੰਗਾਂ ਵਾਲੇ ਸ਼ਸਤਰ ਸੱਜ ਰਹੇ ਸਨ। ਕਿਰਪਾਨ ਅਤੇ ਢਾਲ ਅਤੇ ਮੋਢੇ ਤੇ ਬੰਦੂਕ ਧਾਰਨ ਕੀਤੀ ਸੀ। ਜੰਗਲ ਵਿਚ ਬਹੁਤ ਸ਼ਿਕਾਰ ਖੇਡਿਆ ਤੇ ਗੁਰੂ ਜੀ ਫਿਰ ਇਕ ਸ਼ੁਭ ਬ੍ਰਿਛ ਵੇਖ ਕੇ ਘੋੜੇ ਤੋਂ ਉੱਤਰ ਆਏ॥ ੧੭॥

ਕਿਤਿਕ ਕਾਲ ਬੈਠੇ ਕਰਿ ਸੈਲ। ਸਤੁੱਦ੍ਰਵ ਤੀਰ ਖਰੇ ਜਹਿਂ ਸੈਲ।
ਉਠੇ ਪ੍ਰਭੁ ਹਯ ਕੀਨਿਸਿ ਆਗੇ। ਦੇ ਰਕਾਬ ਪਦ ਚਢਿਬੇ ਲਾਗੇ॥ ੧੮॥

ਜਦ ਸੈਰ ਕਰਕੇ ਕਾਫੀ ਦੇਰ ਬੈਠੇ ਤਾਂ ਸਤਲੁਜ ਦੇ ਕਿਨਾਰੇ ਜਿਹੜੇ ਪਹਾੜ ਖੜੇ ਸਨ, ਜਦ ਗੁਰੂ ਜੀ ਉੱਠੇ ਤਾਂ ਘੋੜਾ ਅੱਗੇ ਕੀਤਾ ਤੇ ਰਕਾਬਾਂ ਵਿਚ ਪੈਰ ਰੱਖ ਕੇ ਚੜ੍ਹਨ ਲੱਗੇ॥ ੧੮॥

ਸ਼ੁਭਤਿ ਕ੍ਰਿਪਾਨ ਬਨਜੋ ਮਧ ਮਜਾਨ। ਕਸੀ ਕਮਰ ਕੇ ਸੰਗ ਸੁਜਾਨ।
ਚੰਚਲ ਬਾਜੀ ਬਹੁ ਬਲ ਭਰਜੋ। ਪਗਨ ਚਪਲਤਾ ਉਛਲਨਿ ਕਰਜੋ॥ ੧੯॥

ਮਿਆਨ ਦੇ ਵਿਚ ਪਈ ਕ੍ਰਿਪਾਨ ਸ਼ੋਭ ਰਹੀ ਸੀ, ਗੁਰੂ ਜੀ ਨੇ ਉਸ ਨੂੰ ਕਮਰ ਨਾਲ ਕੱਸਿਆ ਹੋਇਆ ਸੀ, ਚੰਚਲ ਘੋੜਾ ਬਹੁਤ ਬਲਵਾਨ ਸੀ, ਉਹ ਚੰਚਲਤਾ ਨਾਲ ਆਪਣੇ ਪੈਰਾਂ 'ਤੇ ਉੱਛਲਿਆ॥ ੧੯॥

ਨਿਕਸੇ ਵਹਿਰ ਮਜਾਨ ਤੇ ਹੇਰਿ। ਖੜਗ ਸੰਭਾਰਜੋ ਗੁਰ ਤਿਸ ਬੇਰ।
ਰੋਕਨ ਕੋ ਜਾਚਜੋ ਪ੍ਰਭੁ ਡੋਰਾ। ਸੁਨਿ ਸਭਿ ਸਿੱਖਜਨਿ ਕੀਨਿ ਢੰਡੋਰਾ॥ ੨੦॥

ਤਲਵਾਰ ਮਿਆਨ ਤੋਂ ਬਾਹਰ ਨਿਕਲੀ ਵੇਖ ਕੇ, ਗੁਰੂ ਜੀ ਨੇ ਉਸ ਸਮੇਂ ਤਲਵਾਰ ਨੂੰ ਸੰਭਾਲਿਆ। ਰੋਕਣ ਵਾਸਤੇ ਗੁਰੂ ਜੀ ਨੇ ਰੱਸੀ ਚਾਹੀ। ਇਹ ਸੁਣ ਕੇ ਸਾਰੇ ਸਿੱਖ ਲੱਭਣ ਲੱਗੇ॥ ੨੦॥

ਖੋਜਤਿ ਭਲੇ ਨਹੀਂ ਜਬਿ ਪਾਯੋ। ਸਿੱਖਜਨਿ ਤੇ ਨ ਕਾਜ ਸਰ ਆਯੋ।
ਦਯਾ ਸਿੰਘ ਤਬਿ ਰਿਦੈ ਬਿਚਾਰਾ। ਅਪਨੋ ਜਗਜ਼ੁਪਵੀਤ ਉਤਾਰਾ॥ ੨੧।

ਲੱਭਣ ਉੱਤੇ ਵੀ ਜਦ ਭਲੀ ਪ੍ਰਕਾਰ ਰੱਸੀ ਨਾ ਮਿਲੀ ਤੇ ਸਿੱਖਾਂ ਪਾਸੋਂ ਜਦ ਕਾਰਜ ਨਾ ਪੂਰਾ ਹੋਇਆ ਤਾਂ ਦਇਆ ਸਿੰਘ ਬ੍ਰਾਹਮਣ ਨੇ ਹਿਰਦੇ ਵਿਚ ਵਿਚਾਰਿਆ ਤੇ ਉਸ ਆਪਣਾ ਜਨੇਊ ਲਾਹਿਆ॥ ੨੧॥

ਡੋਰਾ ਕਰਿ ਕ੍ਰਿਪਾਨ ਹਿਤ ਦੀਨਾ। ਸ਼੍ਰੀ ਕਲਗੀਧਰ ਪਾਵਨ ਕੀਨਾ।
ਚਲਿ ਆਏ ਸਭਿ ਹੀ ਨਿਜ ਡੇਰੇ। ਸ਼੍ਰੀ ਗੁਰ ਮੰਦਿਰ ਚਰੇ ਉਚੇਰੇ॥ ੨੨॥

ਉਸ ਦੀ ਡੋਰ ਵੱਟ ਕੇ ਕ੍ਰਿਪਾਨ ਬੰਨ੍ਹਣ ਵਾਸਤੇ ਦੇ ਦਿੱਤੀ ਤਾਂ ਸ੍ਰੀ ਗੁਰੂ ਜੀ ਨੇ ਪ੍ਰਾਪਤ ਕਰ ਲਈ। ਸਾਰੇ ਚਲ ਕੇ ਫਿਰ ਆਪਣੇ ਡੇਰੇ ਆ ਗਏ। ਸ੍ਰੀ ਗੁਰੂ ਜੀ ਆਪਣੇ ਉੱਚੇ ਘਰ ਉੱਤੇ ਚੜ੍ਹ ਗਏ॥ ੨੨॥

ਕਿਤਿਕ ਦੇਰ ਮਹਿਂ ਸਿੱਖਨ ਹੇਰਾ। ਦਯਾ ਸਿੰਘ ਗਰ ਜੰਞੂ ਨ ਗੇਰਾ।
ਸਮੁਦਾਇਨ ਮਿਲਿ ਬੂਝਨ ਕਰਜੋ। 'ਕਜੋਂ ਨ ਜਨੇਊ ਤੁਮ ਗਰ ਧਰਜੋ ?' ॥੨੩॥

ਕੁਝ ਦੇਰ ਬਾਅਦ ਸਿੱਖਾਂ ਵੇਖਿਆ, ਦਇਆ ਸਿੰਘ ਨੇ ਗਲ ਵਿਚ ਜਨੇਊ ਨਹੀਂ ਸੀ ਪਾਇਆ। ਸਾਰਿਆਂ ਨੇ ਮਿਲ ਕੇ ਪੁਛਿਆ, "ਤੁਸੀਂ ਅੱਜ ਗਲ ਵਿਚ ਜਨੇਊ ਕਿਉਂ ਨਹੀਂ ਪਾਇਆ ਹੈ ?"॥ ੨੩॥

ਸੁਨਤਿ ਸਭਿਨਿ ਕੌ ਉੱਤਰ ਦਯੋ। 'ਸਤਿਗੁਰ ਕੋ ਸਾਮਰਪਨਿ ਕਿਯੋ।
ਅਜਰ ਅਮਰ ਅਬਿ ਸੋ ਹੁਇ ਗਯੋ। ਜਿਸਤੇ ਕਾਜ ਗੁਰਨ ਕੋ ਭਯੋ' ॥ ੨੪॥

ਇਹ ਸੁਣ ਕੇ ਦਇਆ ਸਿੰਘ ਨੇ ਸਾਰਿਆਂ ਨੂੰ ਉੱਤਰ ਦਿੱਤਾ, "ਉਸ ਨੂੰ ਮੈਂ ਸਤਿਗੁਰੂ ਜੀ ਨੂੰ ਸੌਂਪ ਦਿੱਤਾ ਹੈ, ਉਹ ਹੁਣ ਸੜੇਗਾ ਨਹੀਂ, ਅਮਰ ਹੋ ਗਿਆ ਹੈ, ਜਿਸ ਕਰਕੇ ਗੁਰੂ ਜੀ ਨੂੰ ਕੰਮ ਪਿਆ ਸੀ"॥ ੨੪॥

ਪੁਨ ਸਿੱਖਨ ਸਮੁਝਾਵਨਿ ਕਰਜੋ। 'ਭਲੋ ਭਯੋ ਗੁਰ ਕਾਰਜ ਸਰਜੋ।
ਅਪਰ ਜਨੇਊ ਲੈ ਕਰਿ ਧਾਰੋ। ਧਰਮ ਆਪਨੋ ਹਿਤ ਕਰਿ ਪਾਰੋ' ॥ ੨੫ ॥

ਫਿਰ ਸਿੱਖ ਸਮਝਾਉਣ ਲੱਗੇ, "ਭਲਾ ਹੋਇਆ ਹੈ, ਗੁਰੂ ਜੀ ਦਾ ਕਾਰਜ ਸਰ ਗਿਆ ਹੈ, ਹੋਰ ਜਨੇਊ ਲੈ ਕੇ ਪਾ ਲਵੋ, ਆਪਣੇ ਧਰਮ ਦੀ ਪਾਲਣਾ ਕਰੋ" ॥ ੨੫ ॥

ਕਹਿ ਬਹੁ ਰਹੇ ਨਹੀਂ ਤਿਨ ਮਾਨਜੋ। ਜਾਇ ਸਿੱਖ ਗੁਰ ਸਾਥ ਬਖਾਨਜੋ।
ਸ਼੍ਰੀ ਪ੍ਰਭੁ ਦਯਾ ਸਿੰਘ ਨਹਿਂ ਮਾਨੈਂ। ਨਯੋ ਆਪਨੋ ਮਤ ਕੋ ਠਾਨੈ ॥ ੨੬ ॥

ਸਿੱਖ ਬਹੁਤ ਕਹਿ ਰਹੇ, ਪਰ ਦਇਆ ਸਿੰਘ ਨਾ ਮੰਨਿਆ ਤਾਂ ਸਿੱਖਾਂ ਨੇ ਜਾ ਕੇ ਗੁਰੂ ਜੀ ਨੂੰ ਕਿਹਾ, "ਹੇ ਸਤਿਗੁਰੂ ਜੀ! ਦਇਆ ਸਿੰਘ ਨਹੀਂ ਮੰਨਦਾ ਹੈ, ਉਸ ਨੇ ਆਪਣੀ ਨਵੀਂ ਮੱਤ ਧਾਰਨ ਕਰ ਲਈ ਹੈ ॥ ੨੬ ॥

ਹਿਤ ਡੋਰੇ ਤੁਮਕੋ ਤਬਿ ਦੀਨੋਂ। ਅਬਿ ਕਹਿ 'ਮੈਂ ਗੁਰ ਅਰਪਨ ਕੀਨੋਂ'।
ਜਗਜੁਪਵੀਤ ਨ ਪਾਵਤਿ ਗਰ ਮੈਂ। ਕਹਜੋ ਨ ਮਾਨੈ ਕਜਾ ਤਿਸ ਉਰ ਮੈਂ!' ॥੨੭॥

ਡੋਰ ਵਾਸਤੇ ਉਸ ਤੁਹਾਨੂੰ ਜਨੇਊ ਦਿੱਤਾ ਸੀ, ਹੁਣ ਕਹਿੰਦਾ ਹੈ ਕਿ "ਮੈਂ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ।' ਹੁਣ ਮੈਂ ਜਨੇਊ ਗਲ ਵਿਚ ਨਹੀਂ ਪਾਵਾਂਗਾ, ਉਹ ਕਿਹਾ ਨਹੀਂ ਮੰਨਦਾ ਹੈ, ਉਸ ਦੇ ਦਿਲ ਵਿਚ ਹੁਣ ਕੀ ਹੈ" ॥ ੨੭ ॥

ਸਿੱਖਜਨਿ ਸੰਗ ਕਹਜੋ ਗੁਰ ਪੂਰੇ। 'ਪਹਿਰਾਵਹੁ ਤਿਸ ਜਾਇ ਜ਼ਰੂਰੇ।
ਜਜੋਂ ਕਜੋਂ ਕਰਿ ਨੀਕੇ ਸਮੁਝਾਵਹੁ। ਅਪਨੀ ਦਿਸ਼ਿ ਤੇ ਭੈ ਦਿਖਰਾਵਹੁ' ॥੨੮॥

ਫਿਰ ਸਿੱਖਾਂ ਨੂੰ ਪੂਰਨ ਗੁਰੂ ਜੀ ਕਹਿਣ ਲੱਗੇ, "ਉਸ ਨੂੰ ਜ਼ਰੂਰ ਜਾ ਕੇ ਜਨੇਊ ਪਵਾਓ, ਜਿਵੇਂ ਕਿਵੇਂ ਕਰਕੇ ਚੰਗੀ ਤਰ੍ਹਾਂ ਸਮਝਾਵੋ ਤੇ ਆਪਣੇ ਪਾਸੇ ਤੋਂ ਭੈਅ ਵਿਖਾਵੋ" ॥ ੨੮ ॥

ਸਿੱਖ ਜਾਇ ਪੁਨ ਬਹੁ ਸਮੁਝਾਯੋ। 'ਕੈਸੇ ਕਰਹਿਂ ਅਪਨਿ ਮਨ ਭਾਯੋ।
ਹਮ ਸਭਿ ਕਹੈਂ ਮਾਨ ਬਚ ਲੀਜੈ। ਜਗਜੁਪਵੀਤ ਪਾਵਨੋ ਕੀਜੈ' ॥ ੨੯ ॥

ਸਿੱਖਾਂ ਨੇ ਦੁਬਾਰਾ ਜਾ ਕੇ ਬਹੁਤ ਸਮਝਾਇਆ, "ਆਪਣੀ ਮਰਜ਼ੀ ਕਿਵੇਂ ਕਰਦੇ ਹੋ, ਅਸੀਂ ਸਾਰੇ ਕਹਿੰਦੇ ਹਾਂ, ਸਾਡੇ ਬਚਨ ਮੰਨ ਲਵੋ, ਨਵਾਂ ਜਨੇਊ ਆਪਣੇ ਗਲ ਵਿਚ ਪਾ ਲਵੋ" ॥ ੨੯ ॥

ਦਯਾ ਸਿੰਘ ਮਾਨੈਂ ਨ ਬਖਾਨਾ। 'ਸੁਨਹੁ ਸਿੱਖ ਤੁਮ ਸਭਿ ਸੁਰ ਗਜਾਨਾ।
ਮਨ ਤਨ ਤੇ ਮੈਂ ਅਰਪਨ ਠਾਨਾ। ਸ਼੍ਰੀ ਗੁਰ ਕਲਗ਼ੀਧਰ ਬਿਦਮਾਨਾ' ॥ ੩੦ ॥

ਪਰ ਦਇਆ ਸਿੰਘ ਮੰਨਦਾ ਨਹੀਂ ਸੀ, ਉਹ ਕਹਿਣ ਲੱਗਾ, "ਹੇ ਸਿੱਖੋ! ਸੁਣੋ, ਤੁਸੀਂ ਸਾਰੇ ਦਿੱਵ ਗਿਆਨੀ ਹੋ, ਆਪਣਾ ਜਨੇਊ ਮੈਂ ਤਨ ਮਨ ਨਾਲ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਹੈ, ਸ੍ਰੀ ਸਤਿਗੁਰੂ ਜੀ ਨੇ ਪ੍ਰਗਟ ਰੂਪ ਵਿਚ ਵੀ ਮੰਨ ਲਿਆ ਹੈ" ॥ ੩੦ ॥

ਸੁਨਿ ਸਿੱਖਨ ਗੁਰ ਸੌਂ ਪੁਨ ਕਹਜੋ। 'ਮਾਨੈ ਨਹਿਂ ਨ, ਕਰਹਿ ਨਿਜ ਕਹਜੋ'।
ਸੁਨਿ ਕਰਿ ਕਲਗ਼ੀਧਰ ਮੁਸਕਾਨੇ। ਤਿਨ ਸਿੱਖਨ ਸੋਂ ਬਾਕ ਬਖਾਨੇ ॥ ੩੧ ॥

ਇਹ ਸੁਣ ਕੇ ਸਿੱਖਾਂ ਨੇ ਫਿਰ ਗੁਰੂ ਜੀ ਨੂੰ ਕਿਹਾ, "ਮੰਨਦਾ ਨਹੀਂ ਹੈ ਆਪਣੇ ਕਹੇ ਅਨੁਸਾਰ ਕਰਦਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਉਨ੍ਹਾਂ ਸਿੱਖਾਂ ਨੂੰ ਕਹਿਣ ਲੱਗੇ ॥ ੩੧ ॥

'ਮੋਹਿ ਨਿਕਟ ਆਨਹੁ ਅਬਿ ਜਾਇ। ਦਯਾ ਸਿੰਘ ਕੋ ਦੇਂ ਸਮੁਝਾਇ।
ਕਜੋਂ ਨਹਿਂ ਪਹਿਰਤਿ ਤਿਸ ਤੇ ਸੁਨੈਂ। ਕੌਨ ਗਜਾਨ ਕੋ ਮਨ ਮਹਿਂ ਗੁਨੈਂ' ॥ ੩੨ ॥

"ਉਸ ਨੂੰ ਹੁਣ ਮੇਰੇ ਪਾਸ ਲਿਆਵੋ ਤਾਂਕਿ ਅਸੀਂ ਦਇਆ ਸਿੰਘ ਨੂੰ ਸਮਝਾ ਦੇਈਏ, ਉਹ ਕਿਉਂ ਨਹੀਂ ਪਹਿਨਣਾ ਚਾਹੁੰਦੇ, ਉਸ ਦੇ ਪਾਸੋਂ ਸੁਣੀਏ, ਉਹ ਕਿਹੜੇ ਗਿਆਨ ਨੂੰ ਮਨ ਵਿਚ ਗੁਣਦਾ ਹੈ" ॥ ੩੨ ॥

**ਗਏ ਸੁ ਤਤਛਿਨ ਜਾਇ ਉਚਾਰਜੋ। 'ਉਠਿ ਕਰਿ ਗਮਨਹੁ, ਗੁਰੂ ਹਕਾਰਜੋ।**
**ਸ੍ਰੀ ਮੁਖ ਕਰਹਿਂ ਭਲੇ ਫੁਰਮਾਵਨਿ। ਤਬਹਿ ਜਨੇਊ ਪਾਵਨ ਪਾਵਨ' ॥ ੩੩ ॥**

ਸਿੱਖਾਂ ਨੇ ਜਾ ਕੇ ਤੁਰਤ ਉਸ ਨੂੰ ਕਿਹਾ, "ਉੱਠ ਕੇ ਚਲੋ, ਗੁਰੂ ਜੀ ਨੇ ਬੁਲਾਇਆ ਹੈ। ਸ੍ਰੀ ਗੁਰੂ ਜੀ ਨੇ ਆਪਣੇ ਮੁਖ ਤੋਂ ਭਲੀ ਪ੍ਰਕਾਰ ਫੁਰਮਾਇਆ ਹੈ, ਤਦ ਪਵਿੱਤਰ ਜਨੇਊ ਪਾਉਗੇ" ॥ ੩੩ ॥

**ਸੁਨਤਿ ਦਯਾ ਸਿੰਘ ਉਠਿ ਭਾ ਖਰੋ। ਜਾਇ ਪਾਇ ਪੰਕਜ ਮੈਂ ਪਰੋ।**
**ਸਤਿਗੁਰ ਗਜਾਨੀ ਮੁਖਹੁ ਬਖਾਨੀ। 'ਸਿੱਖਜਨਿ ਬਾਨੀ ਕਜੋਂ ਨਹਿਂ ਮਾਨੀ ? ॥ ੩੪ ॥**

ਇਹ ਸੁਣ ਕੇ ਦਇਆ ਸਿੰਘ ਉੱਠ ਕੇ ਖੜਾ ਹੋ ਗਿਆ ਤੇ ਜਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਢਹਿ ਪਿਆ। ਗਿਆਨਵਾਨ ਸਤਿਗੁਰੂ ਜੀ ਨੇ ਮੁੱਖ ਤੋਂ ਕਿਹਾ, "ਸਿੱਖਾਂ ਦੀ ਗੱਲ ਕਿਉਂ ਨਹੀਂ ਮੰਨੀ ਹੈ ? ॥ ੩੪ ॥

**ਕਜੋਂ ਨ ਰੁਚਹਿ ਐਸੀ ਬਿਧਿ ਤੇਰੇ ? ਰਹਜੋ ਸਦਾ ਜਜੋਂ ਧਾਰਿ ਅਗੇਰੇ'।**
**ਦਯਾ ਸਿੰਘ ਕਰ ਜੋਰਿ ਉਚਾਰਾ। 'ਸ੍ਰੀ ਸਤਿਗੁਰ ਜੀ ਬਾਕ ਤੁਮਾਰਾ ॥ ੩੫ ॥**

ਐਸੀ ਵਿਧੀ ਫਿਰ ਤੇਰੀ ਰੁਚੀ ਕਿਉਂ ਨਹੀਂ ਹੈ ? ਪਹਿਲਾਂ ਜਿਵੇਂ ਸਦਾ ਹੀ ਜਨੇਊ ਧਾਰ ਕੇ ਰੱਖਦਾ ਸੀ।" ਫਿਰ ਦਇਆ ਸਿੰਘ ਨੇ ਹੱਥ ਜੋੜ ਕੇ ਕਿਹਾ, "ਸ੍ਰੀ ਸਤਿਗੁਰੂ ਜੀ ਇਹ ਤੁਹਾਡਾ ਬਚਨ ਹੈ" ॥ ੩੫ ॥

**ਆਸਾਵਾਰ ਮੰਝਾਰ ਸੁਨਾਵਨ। ਜੱਗਜੁਪਵੀਤ ਕਰੇ ਜਿਮ ਪਾਵਨਿ।**
**ਸੋ ਮੈਂ ਲਖਿ ਕਰਿ ਅਰਪਨਿ ਕਰਜੋ। ਰਾਵਰਿ ਕਰੁਨਾ ਤੇ ਸੋ ਧਰਜੋ ॥ ੩੬ ॥**

ਆਸਾ ਦੀ ਵਾਰ ਵਿਚ ਸੁਣਾਇਆ ਹੈ, ਜਿਵੇਂ ਜਨੇਊ ਪਵਿੱਤਰ ਕਰਦਾ ਹੈ, ਸੋ ਮੈਂ ਸਮਝ ਕੇ ਅਰਪਣ ਕੀਤਾ ਹੈ, ਆਪ ਜੀ ਦੀ ਕਿਰਪਾ ਨਾਲ ਮੈਂ ਧਾਰਨ ਕੀਤਾ ਸੀ ॥ ੩੬ ॥

*ਸਲੋਕੁ ਮਹਲਾ ੧ ॥*

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥* (ਅੰਗ ੪੭੧)

ਦਇਆ ਨੂੰ ਕਪਾਹ, ਸੰਤੋਖ ਨੂੰ ਧਾਗਾ, ਜਤ ਨੂੰ ਗੰਢ ਅਤੇ ਸੱਚ ਨੂੰ ਮਰੋੜਾ ਬਣਾਓ, ਇਹ ਆਤਮਾ ਦਾ ਜਨੇਊ ਹੈ। ਹੇ ਬ੍ਰਾਹਮਣ ! ਜੇ ਇਹ ਜਨੇਊ ਤੇਰੇ ਪਾਸ ਹੈ ਤਾਂ ਇਹ ਮੇਰੇ ਗਲ ਵਿਚ ਪਾ ਦੇਵੋ।

ਨਾ ਇਹ ਟੁੱਟਦਾ ਹੈ, ਨਾ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗਵਾਚਦਾ ਹੈ। ਹੇ ਨਾਨਕ ! ਧੰਨ ਉਹ ਮਨੁੱਖ ਹਨ ਜਿਹੜੇ ਅਜਿਹਾ ਜਨੇਊ ਆਪਣੇ ਗਲ ਵਿਚ ਪਾ ਕੇ ਜਾਂਦੇ ਹਨ।

**ਚੌਪਈ- ਇਤਜਾਦਿਕ ਤਬਿ ਬਰਨਜੋ ਤਹਾਂ। ਜਗਜੁਪਵੀਤ ਸੁਖਦ ਸਚ ਮਹਾਂ।**
**ਮਨਮਤਿ ਕਰਿ ਮੈਂ ਤਜਾਗਜੋ ਨਾਂਹੀ। ਖੋਜ ਲੀਨਿ ਗੁਰ ਆਸ਼ੈ ਮਾਂਹੀ ॥ ੩੭ ॥**

ਇਸ ਤਰ੍ਹਾਂ ਨਾਲ ਉਥੇ ਵਰਣਨ ਕੀਤਾ ਹੈ, ਸੱਚ ਦਾ ਜਨੇਊ ਮਹਾਂ ਸੁਖਦਾਇਕ ਹੈ। ਮਨਮਤ ਕਰਕੇ ਮੈਂ ਛੱਡਿਆ ਨਹੀਂ, ਉਸ ਵਿਚ ਮੈਂ ਗੁਰੂ ਜੀ ਦੇ ਆਸ਼ੇ ਲੱਭ ਲਏ ਹਨ ॥ ੩੭ ॥

**ਰਾਵਰ ਕੀ ਆਇਸੁ ਸਿਰ ਧਰੈਂ। ਉਚਰਹੁ ਅਬਿ ਤੈਸੇ ਸਭਿ ਕਰੈਂ।**
**ਦਯਾ ਸਿੰਘ ਕੋ ਸੁਨਜੋਂ ਸੁ ਆਸ਼ੈ। ਪ੍ਰੇਮ ਪਰਖਿ ਕਰਿ ਗੁਰ ਪ੍ਰਕਾਸ਼ੈ ॥ ੩੮ ॥**

ਆਪ ਜੀ ਦੀ ਆਗਿਆ ਸਿਰ ਤੇ ਧਾਰਨ ਕਰਦੇ ਹਾਂ, ਜਿਵੇਂ ਹੁਣ ਆਗਿਆ ਕਰੋਗੇ, ਉਸ ਤਰ੍ਹਾਂ ਹੀ ਕਰਾਂਗੇ।" ਸਤਿਗੁਰੂ ਜੀ ਨੇ ਦਇਆ ਸਿੰਘ ਦਾ ਆਸ਼ਾ ਸੁਣਿਆ, ਫਿਰ ਪ੍ਰੇਮ ਪਰਖ ਕੇ ਗੁਰੂ ਜੀ ਨੇ ਬਚਨ ਕੀਤੇ॥ ੩੮॥

'ਇਹ ਮੇਰੋ ਸਿਖ ਦ੍ਰਿਢ ਬ੍ਰਹਮ ਗ੍ਯਾਨੀ। ਸ਼ੁਭ ਬਾਨੀ ਸਤਿਗੁਰ ਕੀ ਮਾਨੀ।
ਹਮਰੀ ਭਗਤਿ ਵਿਖੇ ਮਨ ਭੀਨਾ। ਅਤਿ ਉੱਤਮ ਨਿਸ਼ਚੈ ਮਨ ਕੀਨਾ॥ ੩੯॥

"ਇਹ ਮੇਰੇ ਸਿੱਖ ਦ੍ਰਿੜ ਬ੍ਰਹਮ-ਗਿਆਨੀ ਹਨ, ਸ਼ੁਭ ਬਾਣੀ ਸਤਿਗੁਰੂ ਜੀ ਦੀ ਮੰਨੀ ਹੈ, ਸਾਡੀ ਭਗਤੀ ਵਿਚ ਮਨ ਭਿੱਜਾ ਹੈ, ਅਤਿ ਉੱਤਮ ਨਿਸ਼ਚਾ ਮਨ ਵਿਚ ਧਾਰਨ ਕੀਤਾ ਹੈ॥ ੩੯॥

ਅਬਿ ਤੇ ਆਗੇ ਜੋ ਸਿਖ ਮੇਰੋ। ਰਹਤਿ ਕਹਤਿ ਕੇ ਸਹਿਤ ਬਡੇਰੋ।
ਪਾਵਹੁ ਕੰਠ ਜਨੇਊ ਕਹੈ। ਸੋ ਤਨਖਾਹੀ ਨਿਜ ਕੋ ਲਹੈ॥ ੪੦॥

ਹੁਣ ਤੇ ਅੱਗੇ ਤੋਂ ਜਿਹੜੇ ਮੇਰੇ ਸਿੱਖ ਹਨ, ਰਹਿਤ ਕਹਿਤ ਸਹਿਤ ਬੜੇ ਧਿਆਨ ਨਾਲ ਰਹਿਣ। ਜਿਹੜਾ ਇਹ ਕਹੇ ਕਿ ਜਨੇਊ ਗਲ ਵਿਚ ਪਾਵੇ, ਉਹ ਆਪਣੇ ਆਪ ਨੂੰ ਤਨਖਾਹੀਆ ਸਮਝੇ॥ ੪੦॥

ਹਾਥ ਜੋਰਿ ਅਰਦਾਸ ਕਰਾਵੈ। ਦੇ ਤਨਖਾਹ ਆਪ ਬਖਸ਼ਾਵੈ।
ਹਿੰਦੂ ਤੁਰਕ ਦੁਹਨ ਤੇ ਨਯਾਰੀ। ਧਰਹਿ ਖਾਲਸਾ ਰਹਿਤ ਸੁਚਾਰੀ॥ ੪੧॥

ਹੱਥ ਜੋੜ ਕੇ ਅਰਦਾਸ ਕਰਾਵੇ ਤੇ ਤਨਖਾਹ ਦੇ ਕੇ ਆਪਣੇ ਆਪ ਨੂੰ ਬਖਸ਼ਾਵੇ। ਹਿੰਦੂ ਤੁਰਕ ਦੋਵਾਂ ਤੋਂ ਵੱਖਰਾ ਰਹੇ। ਖਾਲਸਾ ਸ੍ਰੇਸ਼ਟ ਆਚਰਣ ਵਾਲੀ ਰਹਿਤ ਧਾਰਨ ਕਰੇ॥ ੪੧॥

*ਨੋਟ :- ਸਤਿਗੁਰੂ ਜੀ ਨੇ ਜਨੇਊ ਪਹਿਣਨਾ ਆਪਣੇ ਸਿੱਖਾਂ ਵਾਸਤੇ ਵਰਜਿਤ ਕੀਤਾ ਸੀ। ਜਦ ਅੰਮ੍ਰਿਤ ਛਕਾਇਆ ਸੀ ਤਾਂ ਪੁਰਾਤਨ ਰੀਤੀ, ਸਿੱਖਿਆ, ਸੂਤ, ਧੋਤੀ ਆਦਿ ਉਡਾ ਕੇ ਤੇ ਹੋਰ ਸਭ ਪ੍ਰਕਾਰ ਦੀ ਪੂਜਾ ਤੋਂ ਵਰਜ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ ਹੈ। ਇਸ ਸਾਖੀ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਜਨੇਊ ਪਹਿਣਨਾ ਤਨਖਾਹੀਏ ਹੋਣ ਦੇ ਬਰਾਬਰ ਹੈ। ਗੁਰੂ ਜੀ ਦਾ ਹੁਕਮ ਹੈ ਕਿ ਗੁਰੂ ਦਾ ਸਿੱਖ, ਹਿੰਦੂ ਤੁਰਕ ਦੋਵਾਂ ਤੋਂ ਵੱਖਰੀ ਰਹਿਤ ਧਾਰਨ ਕਰੇ ਤੇ ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਵੇ।*

ਜਗਤ ਕਾਨ ਤਜਿ ਹੋਹਿ ਨਿਰਾਲਾ। ਗੁਰਮਤਿ ਧਾਰਹਿ ਉਦਤਿ ਬਿਸਾਲਾ।
ਜਗ ਮਹਿਂ ਜੇ ਮਲੇਛ ਬਲਵਾਨਾ। ਮਨ ਮਹਿਂ ਅਹੈ ਬਿਕਾਰ ਮਹਾਨਾ॥ ੪੨॥

ਜਗਤ ਦੀ ਈਨ ਛੱਡ ਕੇ ਵੱਖਰਾ ਰਹੇ, ਗੁਰਮਤ ਧਾਰਨ ਕਰੇਗਾ ਤਾਂ ਬੜਾ ਪ੍ਰਸਿਧ ਹੋਵੇਗਾ। ਜਗਤ ਵਿਚ ਜਿਹੜੇ ਬਲਵਾਨ ਮਲੇਛ ਹਨ, ਉਨ੍ਹਾਂ ਦੇ ਮਨ ਵਿਚ ਮਹਾਨ ਵਿਕਾਰ ਆ ਗਏ ਹਨ॥ ੪੨॥

ਸਿੰਘ ਸੂਰਮੇ ਗੁਰਮਤਿ ਧਰੈਂ। ਇਨ ਦੋਨਹੁਂ ਕੋ ਨਾਸ਼ਨਿ ਕਰੈਂ।
ਦੋਨਹੁਂ ਲੋਕ ਲਹੈਂ ਸੁਖ ਭਾਰੀ। ਮੈਂ ਤਿਨ ਕੋ ਸੰਗੀ ਮੁਦਕਾਰੀ॥ ੪੩॥

ਸਿੰਘ ਸੂਰਮੇ ਗੁਰਮਤ ਧਾਰਨ ਕਰਨ ਤੇ ਇਨ੍ਹਾਂ ਦੋਹਾਂ ਦਾ ਨਾਸ਼ ਕਰਨ। ਦੋਵਾਂ ਲੋਕਾਂ ਵਿਚ ਮੇਰੇ ਸਿੰਘ ਭਾਰੀ ਸੁਖ ਲੈਣਗੇ। ਮੈਂ ਅਨੰਦ ਦੇਣ ਵਾਲਾ ਇਨ੍ਹਾਂ ਦਾ ਸਾਥੀ ਰਹਾਂਗਾ॥ ੪੩॥

ਹੋਇ ਖਾਲਸਾ ਮੇਰੋ ਰੂਪ। ਹਿਤ ਮਿਰਜਾਦਾ ਕਰਹਿ ਅਨੂਪ।
ਸੋ ਸੋ ਸਭਿ ਕੇ ਅੰਗੀਕਾਰ। ਤਿਨ ਸਿੱਖਜਨ ਕੇ ਮੈਂ ਅਨੁਸਾਰਿ॥ ੪੪॥

ਖਾਲਸਾ ਮੇਰਾ ਰੂਪ ਹੋ ਕੇ ਰਹੇ, ਮਰਯਾਦਾ ਹਿੱਤ ਆਪਣਾ ਅਨੂਪਮ ਸਰੂਪ ਧਾਰਨ ਕਰੇ, ਉਹ ਸਭ ਦੇ ਅੰਗੀਕਾਰ ਹਨ, ਉਨ੍ਹਾਂ ਸਿੱਖਾਂ ਦਾ ਮੈਂ ਅਨੁਸਾਰੀ ਹਾਂ"॥ ੪੪॥

ਇਮ ਕਲਗ਼ੀਧਰ ਸਿਖ ਸਮੁਝਾਏ। ਅਪਰ ਖਜਾਲ ਬਹੁ ਪੁਨ ਬਿਰਮਾਏ।
ਸ਼ਸਤ੍ਰਨ ਕੋ ਹੇਰਤਿ ਹਰਖਾਵਹਿਂ। ਫੂਲਨ ਮਾਲਾ ਧੂਪ ਧੁਖਾਵਹਿਂ॥ ੪੫॥

ਇਸ ਤਰ੍ਹਾਂ ਕਲਗ਼ੀਧਰ ਜੀ ਨੇ ਸਿੱਖਾਂ ਨੂੰ ਸਮਝਾਇਆ, ਫਿਰ ਹੋਰ ਬਹੁਤ ਖਿਆਲਾਂ ਵਿਚ ਭਰਮ ਗਏ। ਸ਼ਸਤਰਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਉਨ੍ਹਾਂ ਅੱਗੇ ਫੁੱਲਾਂ ਦੇ ਹਾਰ ਧਰਦੇ ਸਨ ਤੇ ਧੂਪ ਧੁਖਾਉਂਦੇ ਸਨ॥ ੪੫॥

*ਤੀਸਰੀ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

# ਅਧਿਆਇ ਉਨੱਤੀਵਾਂ

*ਚੱਘੇ ਮੱਘੇ ਮਸੰਦ ਨੂੰ ਦੰਡ, ਮਸੰਦਾਂ ਦੀ ਨਕਲ*

*ਦੋਹਰਾ-* ਸਤਰਾਂ ਸੈ ਪਚਵੰਜਵੇਂ ਸ੍ਰੀ ਦੇਵੀ ਬਿਦਤਾਇ।
ਸਤਿਵੰਜੇਂ ਮਹਿਂ ਸਤਿਗੁਰੂ ਗਹੇ ਮਸੰਦ ਝੁਠਾਇ॥ ੧॥

ਸਤਾਰਾਂ ਸੌ ਪਚਵੰਜਾ ਵਿਚ ਦੇਵੀ ਪ੍ਰਗਟ ਕੀਤੀ ਸੀ ਤੇ ਸਤਾਰਾਂ ਸੌ ਸਤਵੰਜਾ ਵਿਚ ਸਤਿਗੁਰੂ ਜੀ ਮਸੰਦਾਂ ਨੂੰ ਫੜ ਕੇ ਉਨ੍ਹਾਂ ਦੇ ਝੂਠ ਦੇ ਪਾਜ ਨੂੰ ਪ੍ਰਗਟ ਕੀਤਾ ਸੀ॥ ੧॥

*ਚੌਪਈ-* ਪੂਰਬ ਦਿਸ਼ ਮੈਂ ਨਗਰ ਬਿਸਾਲੇ। ਕਾਂਸ਼ੀ ਪਟਨਾ ਸਿੱਖ ਬੰਗਾਲੇ।
ਗਾਜ਼ੀ ਪੁਰਿ, ਢਾਕਾ, ਮੁੰਗੇਰ। ਰਾਜ ਮਹਿਲ, ਮਿਰਜ਼ਾਪੁਰ ਹੇਰਿ॥ ੨॥

ਪੂਰਬ ਵਾਲੇ ਪਾਸੇ ਵੱਡੇ-ਵੱਡੇ ਨਗਰਾਂ, ਕਾਂਸ਼ੀ, ਪਟਨਾ ਅਤੇ ਬੰਗਾਲ ਵਿਚ ਬਹੁਤ ਸਿੱਖ ਰਹਿੰਦੇ ਸਨ। ਗਾਜ਼ੀਪੁਰ, ਢਾਕਾ, ਮੰਗੇਰ, ਰਾਜਮਹਿਲ ਅਤੇ ਮਿਰਜ਼ਾਪੁਰ ਵਿਚ ਵੀ ਇਨ੍ਹਾਂ ਦੀ ਵੱਡੀ ਗਿਣਤੀ ਵੱਸਦੀ ਸੀ॥ ੨॥

ਫਰਕਾਬਾਦ, ਮਖਸੂਦਾਬਾਦਿ। ਬ੍ਰਹਮ ਪੁੱਤ੍ਰ ਬਡ ਨਦ ਤੇ ਆਦਿ।
ਕਹਿਂ ਲਗਿ ਗਿਨੀਐ ਪੂਰਬ ਦਿਸ਼ਿ ਕੇ। ਦੇਤਿ ਕਾਰ ਗੁਰ ਪਾਇਂ ਪਰਸ ਕੇ॥੩॥

ਫਰਕਾਬਾਦ, ਮਖਸੂਦਾਬਾਦਿ, ਬ੍ਰਹਮ ਪੁੱਤਰ ਦੀ ਵੱਡੀ ਨਦੀ ਉੱਤੇ ਆਦਿ ਥਾਵਾਂ 'ਤੇ ਪੂਰਬ ਵਾਲੇ ਪਾਸੇ ਕਿੱਥੋਂ ਤਕ ਗਿਣੀਏ ਸਿੱਖ, ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਣ ਵਾਸਤੇ ਕਾਰ ਭੇਟ ਦਿੰਦੇ ਸਨ॥ ੩॥

ਦ੍ਵੈ ਮਸੰਦ ਉਤ ਤੇ ਧਨ ਲਜਾਵੈਂ। ਅਧਿਕ ਅਰਧ ਤੇ ਆਪ ਛਪਾਵੈਂ।
ਕੁਛ ਅਰਪਹਿਂ ਸਤਿਗੁਰੂ ਖਜ਼ਾਨੇ। ਬਹੁ ਧਨ ਤੇ ਜਿਨ ਗਰਬ ਮਹਾਨੇ॥੪॥

ਦੋ ਮਸੰਦ ਉਸ ਪਾਸੇ ਤੋਂ ਧਨ ਲਿਆਉਂਦੇ ਸਨ, ਅੱਧ ਤੋਂ ਵੀ ਵੱਧ ਉਹ ਲੁਕਾ ਲੈਂਦੇ ਸਨ। ਕੁਝ ਧਨ ਸਤਿਗੁਰੂ ਜੀ ਦੇ ਖਜ਼ਾਨੇ ਵਿਚ ਅਰਪਣ ਕਰਦੇ ਸਨ, ਜਿਹੜੇ ਬਹੁਤ ਧਨੀ ਹੋਣ ਕਰਕੇ ਬੜਾ ਹੰਕਾਰ ਧਾਰਨ ਕਰਦੇ ਸਨ॥ ੪॥

ਹੀਰੇ ਮੁਕਤਾ ਆਦਿ ਜਵਾਹਰ। ਆਨਹਿਂ ਰਾਖਹਿਂ ਪਾਸ ਅਜ਼ਾਹਰ।
ਬਸਤ੍ਰ ਬਿਭੂਖਨ ਮੋਲ ਬਡੇਰੇ। ਸਿਖਨ ਤੇ ਲੇ ਰਾਖਤਿ ਡੇਰੇ॥ ੫॥

ਜਿਹੜੇ ਹੀਰੇ ਮੋਤੀ ਅਤੇ ਜਵਾਹਰਾਤ ਆਦਿ ਵੇਖਦੇ ਸਨ, ਉਨ੍ਹਾਂ ਨੂੰ ਲੁਕਾ ਕੇ ਆਪਣੇ ਪਾਸ ਰੱਖ ਲੈਂਦੇ ਸਨ। ਜਿਹੜੇ ਵਸਤਰ ਅਤੇ ਕੱਪੜੇ ਬੜੇ ਕੀਮਤੀ ਹੁੰਦੇ ਸਨ, ਉਹ ਸਿੱਖਾਂ ਪਾਸੋਂ ਲੈ ਕੇ ਆਪਣੇ ਡੇਰੇ ਹੀ ਰੱਖ ਲੈਂਦੇ ਸਨ॥ ੫॥

ਪੂਜਾ ਦਰਬ ਖਾਇਂ ਬਯਸਾਰੀ। ਸ਼ਰਧਾ ਛੋਰਿ ਗਈ ਮਤਿ ਮਾਰੀ।
'ਹਮ ਸਕੇਲ ਗੁਰ ਕੋ ਧਨ ਦੈਹੈਂ। ਨਤ ਘਰ ਬੈਠੇ ਕਿਤ ਤੇ ਪੈਹੈਂ'॥ ੬॥

ਸਾਰੀ ਉਮਰ ਪੂਜਾ ਦਾ ਧਨ ਖਾਂਦੇ ਸਨ, ਸ਼ਰਧਾ ਛੱਡ ਕੇ ਉਨ੍ਹਾਂ ਦੀ ਮੱਤ ਮਾਰੀ ਗਈ ਸੀ। "ਅਸੀਂ ਗੁਰੂ ਜੀ ਦਾ ਧਨ ਇਕੱਠਾ ਕਰਕੇ ਦਿੰਦੇ ਹਾਂ, ਨਹੀਂ ਤਾਂ ਉਹ ਘਰ ਬੈਠੇ ਕਿਵੇਂ ਧਨ ਪ੍ਰਾਪਤ ਕਰ ਲੈਣਗੇ" ॥ ੬ ॥

ਇੱਤਜਾਦਿਕ ਮਨ ਜਾਨਤਿ ਗਰਬੈਂ। ਲਾਖਹੁਂ ਨਿਜ ਘਰ ਰਾਖਹਿਂ ਦਰਬੈ।
ਸਿੱਖ ਬੰਗਾਲੇ ਤੇ ਇਕ ਆਯੋ। ਬਾਨ ਬਾਦਲਾ ਕੋ ਇਕ ਲਜਾਯੋ॥ ੭॥

ਇਸ ਪ੍ਰਕਾਰ ਮਨ ਵਿਚ ਜਾਣ ਕੇ ਹੰਕਾਰ ਕਰਦੇ ਸਨ, ਲੱਖਾਂ ਦਾ ਧਨ ਆਪਣੇ ਘਰ ਵਿਚ ਰੱਖਦੇ ਸਨ। ਇਕ ਸਿੱਖ ਬੰਗਾਲ ਤੋਂ ਆਇਆ, ਉਹ ਪਟ ਦਾ ਤਿਲੇਦਾਰ ਕੱਪੜਾ ਲਿਆਇਆ॥ ੭॥

ਕਰਜੋ ਆਨਿ ਆਨੰਦਪੁਰਿ ਡੇਰਾ। ਔਰ ਸੰਗ ਜਿਹ ਸੰਗ ਘਨੇਰਾ।
ਜਬਿ ਸਤਿਗੁਰ ਨੇ ਸਭਾ ਲਗਾਈ। ਦੇਨਿ ਲਗੇ ਦਰਸ਼ਨ ਸਮੁਦਾਈ॥ ੮॥

ਉਸ ਨੇ ਆ ਕੇ ਅਨੰਦਪੁਰ ਵਿਚ ਡੇਰਾ ਲਾ ਲਿਆ, ਉਸ ਦੇ ਨਾਲ ਹੋਰ ਸੰਗੀ ਬਹੁਤ ਸਨ। ਜਿੱਥੇ ਸਤਿਗੁਰੂ ਜੀ ਨੇ ਸਭਾ ਲਾਈ ਸੀ, ਉਥੇ ਉਹ ਸਾਰੀ ਸੰਗਤ ਨੂੰ ਦਰਸ਼ਨ ਦੇਣ ਲੱਗੇ॥ ੮॥

ਪੂਰਬ ਕੀ ਸੰਗਤਿ ਜੋ ਭਾਰੀ। ਅਨਿਕ ਅਕੋਰਨਿ ਕੋ ਕਰ ਧਾਰੀ।
ਪਹੁੰਚਿ ਕਰਜੋ ਦਰਸ਼ਨ ਗੁਰ ਕੇਰਾ। ਬੰਦਨ ਕਰਿ ਕਰਿ ਭਾਉ ਘਨੇਰਾ॥ ੯॥

ਪੂਰਬ ਦੀ ਜਿਹੜੀ ਭਾਰੀ ਸੰਗਤ ਸੀ, ਉਨ੍ਹਾਂ ਨੇ ਅਨੇਕਾਂ ਉਪਹਾਰ ਹੱਥ ਵਿਚ ਧਾਰਨ ਕੀਤੇ ਸਨ। ਉਨ੍ਹਾਂ ਨੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਧਾਰਨ ਕੀਤੇ, ਤੇ ਬਹੁਤ ਪ੍ਰੇਮ ਨਾਲ ਸਾਰਿਆਂ ਨੂੰ ਬੰਦਨਾ ਕੀਤੀ॥ ੯॥

ਸਰਬ ਅਕੋਰ ਅਰਪ ਕਰਿ ਆਗੇ। ਧਰਜੋ ਥਾਨ ਜਗਮਗਦੁਤਿ ਜਾਗੇ।
ਸਭਾ ਸਰਬ ਅਵਿਲੋਕਤਿ ਕਹਜੋ। 'ਵਸਤੁ ਅਜਾਇਬ ਇਕ ਇਹ ਲਹਜੋ॥੧੦॥

ਸਾਰੇ ਉਪਹਾਰ ਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰਕੇ। ਫਿਰ ਉਨ੍ਹਾਂ ਨੇ ਪਟ ਦਾ ਤਿਲੇਦਾਰ ਥਾਨ ਅੱਗੇ ਧਰਿਆ, ਜਿਸ ਦੀ ਚਮਕ ਜਗਮਗ ਕਰਕੇ ਪ੍ਰਕਾਸ਼ਦੀ ਸੀ। ਸਾਰੀ ਸਭਾ ਨੇ ਵੇਖ ਕੇ ਕਿਹਾ, "ਇਹ ਇਕ ਅਜੀਬ ਵਸਤੂ ਵੇਖੀ ਹੈ॥ ੧੦॥

ਆਗੈ ਇਸ ਕੇ ਸਮ ਨਹਿਂ ਦੇਖਾ। ਲਗਜੋ ਹੋਇਗੋ ਦਰਬ ਬਿਸ਼ੇਖਾ'।
ਜਬਿ ਸਤਿਗੁਰ ਤਿਸ ਓਰ ਨਿਹਾਰਾ। ਹਾਥ ਜੋਰਿ ਤਿਨ ਬਾਕ ਉਚਾਰਾ॥ ੧੧॥

ਪਹਿਲਾਂ ਇਸ ਵਰਗੀ ਕੋਈ ਵਸਤੂ ਨਹੀਂ ਵੇਖੀ ਹੈ, ਇਸ ਉੱਤੇ ਬਹੁਤ ਧਨ ਲੱਗਾ ਹੋਵੇਗਾ।" ਜਦ ਸਤਿਗੁਰੂ ਜੀ ਨੇ ਉਸ ਵਲ ਵੇਖਿਆ ਤਾਂ ਹੱਥ ਜੋੜ ਕੇ ਉਸ ਸਿੱਖ ਨੇ ਬਚਨ ਉਚਾਰਨ ਕੀਤਾ॥ ੧੧॥

'ਹੇ ਪ੍ਰਭੁ ਪਠਜੋ ਬਾਨ ਇਕ ਆਗੇ। ਇਸ ਕੀ ਸਮ ਜਿਸ ਕੋ ਧਨੁ ਲਾਗੇ।
ਹੁਤੋ ਜ਼ਨਾਨਾ ਇਹੁ ਮਰਦਾਨਾ। ਰਾਵਰਿ ਪਹਿਰਨਿ ਹਿਤ ਮੈਂ ਆਨਾ॥ ੧੨॥

"ਹੇ ਪ੍ਰਭੂ ਜੀ! ਮੈਂ ਪਹਿਲਾਂ ਵੀ ਤੁਹਾਨੂੰ ਇਕ ਥਾਨ ਭੇਜਿਆ ਹੈ, ਇਸ ਦੇ ਬਰਾਬਰ ਜਿਸ ਨੂੰ ਧਨ ਲੱਗਾ ਹੈ। ਉਹ ਜ਼ਨਾਨਾ ਕੱਪੜਾ ਸੀ, ਇਹ ਮਰਦਾਨਾ ਹੈ, ਇਹ ਮੈਂ ਆਪ ਜੀ ਦੇ ਪਹਿਨਣ ਵਾਸਤੇ ਲਿਆਇਆ ਹਾਂ॥ ੧੨॥

ਪੂਰਬ ਪਠਜੋ ਜ਼ਨਾਨਾ ਜੋਇ। ਪਹਿਰਜੋ ਮਾਤ ਕਿਧੌਂ ਨਹਿਂ ਸੋਇ?।
ਕਰਹੁ ਭਾਵਨਾ ਪੂਰਨ ਮੇਰੀ। ਪਹਿਰਹੁ ਬਸਤ੍ਰ ਆਪ ਇਕ ਬੇਰੀ'॥ ੧੩॥

ਪਹਿਲਾਂ ਜਿਹੜਾ ਜ਼ਨਾਨਾ ਕੱਪੜਾ ਭੇਜਿਆ ਸੀ, ਉਸ ਨੂੰ ਮਾਤਾ ਜੀ ਨੇ ਪਹਿਨਿਆ ਹੈ ਜਾਂ ਨਹੀਂ? ਮੇਰੀ ਭਾਵਨਾ ਪੂਰੀ ਕਰੋ, ਆਪ ਜੀ ਇਕ ਵਾਰ ਵਸਤਰ ਪਹਿਨੋ"॥ ੧੩॥

ਸ੍ਰੀ ਕਲਗੀਧਰ ਸੁਨਿ ਕਰਿ ਕਹਜੋ। 'ਪ੍ਰਥਮ ਥਾਨ ਤੇ ਹਮ ਨਹਿ ਲਹਜੋ।
ਪੂਛਹੁ ਕੋਸ਼ਪਤੀ ਕੋ ਸੋਇ। ਆਯਹੁ ਧਰਜੋ ਪਹੁੰਚਿਓ ਹੋਇ' ॥ ੧੪ ॥

ਸ੍ਰੀ ਕਲਗੀਧਰ ਨੇ ਸੁਣ ਕੇ ਕਿਹਾ, "ਪਹਿਲਾ ਥਾਨ ਤੇ ਅਸੀਂ ਨਹੀਂ ਵੇਖਿਆ ਹੈ, ਉਸ ਬਾਰੇ ਖਜ਼ਾਨਚੀ ਪਾਸੋਂ ਪੁੱਛੋ, ਜਿਹੜਾ ਆਉਣ ਤੇ ਪਹੁੰਚਣ ਉੱਤੇ ਉਸ ਕਿਸੇ ਸਥਾਨ 'ਤੇ ਰੱਖਿਆ ਹੋਵੇ" ॥ ੧੪ ॥

ਗਯੋ ਦਾਸ ਖੋਜਜੋ ਥਲ ਸਾਰੇ। ਸਭਿਨਿ ਕਹਜੋ 'ਹਮ ਨਹੀਂ 'ਨਿਹਾਰੇ'।
ਸਿਖ ਕੋ ਬੂਝਜੋ 'ਤੈਂ ਕਿਸ ਦੀਨਾ ? ਕਿਨਹੂੰ ਨ ਆਨਜੋਂ, ਹੇਰਨਿ ਕੀਨਾ' ॥੧੫ ॥

ਇਹ ਸੁਣ ਕੇ ਦਾਸ ਗਿਆ ਤੇ ਉਸ ਸਭ ਥਾਂ ਵੇਖਿਆ ਤੇ ਸਾਰਿਆਂ ਨੇ ਕਿਹਾ, "ਅਸੀਂ ਨਹੀਂ ਵੇਖਿਆ ਹੈ।" ਫਿਰ ਗੁਰੂ ਜੀ ਨੇ ਸਿੱਖ ਨੂੰ ਪੁੱਛਿਆ "ਤੂੰ ਕਿਸ ਨੂੰ ਦਿੱਤਾ ਸੀ ? ਜਿਸ ਕੱਪੜੇ ਨੂੰ ਕਿਸੇ ਨੇ ਵੀ ਆਏ ਨੂੰ ਨਹੀਂ ਵੇਖਿਆ ਹੈ" ॥ ੧੫ ॥

ਸੁਨਤਿ ਬੰਗਾਲੀ ਕਹਜੋ ਪ੍ਰਕਾਸ਼। 'ਪ੍ਰਥਮ ਮਸੰਦ ਬੁਲਾਕੀ ਦਾਸ।
ਸੋ ਗੁਰ ਕਾਰ ਤਹਾਂ ਤੇ ਲੇਤਿ। ਗੁਰ ਕੇ ਨਿਕਟ ਆਨਿ ਸਭਿ ਦੇਤਿ ॥ ੧੬ ॥

ਇਹ ਸੁਣ ਕੇ ਬੰਗਾਲੀ ਸਿੱਖ ਨੇ ਕਿਹਾ, "ਪਹਿਲਾਂ ਬੁਲਾਕੀ ਦਾਸ ਨਾਂ ਦਾ ਮਸੰਦ ਉਥੇ ਗੁਰੂ ਜੀ ਦੀ ਕਾਰ ਭੇਟ ਲੈਂਦਾ ਸੀ ਤੇ ਉਹ ਗੁਰੂ ਜੀ ਪਾਸ ਆ ਕੇ ਸਭ ਭੇਟਾ ਦੇ ਦਿੰਦਾ ਸੀ ॥ ੧੬ ॥

ਮਰਜੋ ਸੁ ਪਾਛੈ ਚੈਯਾ ਮੈਯਾ। ਆਨਹਿ ਸਕਲ ਕਾਰ ਦੈ ਭੈਯਾ।
ਬਹੁ ਤਾਗੀਦ ਕੀਨਿ ਮੈਂ ਦੇਤਿ। 'ਅਰਪਹੁ ਜਾਤੇ ਗੁਰੂ ਨਿਕੇਤ' ॥ ੧੭ ॥

ਉਹ ਮਰ ਗਿਆ ਹੈ, ਉਸ ਦੇ ਪਿੱਛੋਂ ਚੈਯਾ ਮੈਯਾ ਦੋਵੇਂ ਭਰਾ ਸਾਰੀ ਕਾਰ ਭੇਟ ਲਿਆਉਂਦੇ ਹਨ। ਬਹੁਤ ਤਾਕੀਦ ਕਰਕੇ ਮੈਂ ਦਿੱਤਾ ਸੀ ਕਿ "ਇਸ ਨੂੰ ਜਾ ਕੇ ਗੁਰੂ ਜੀ ਦੇ ਘਰ ਵਿਚ ਅਰਪਣ ਕਰਨਾ" ॥ ੧੭ ॥

ਨਿਕਟ ਹਕਾਰਿ ਬੂਝੀਅਹਿ ਤਾਂਹੀ। ਦਿਯੋ ਬਾਦਲਾ ਕਿਸ ਕਰ ਮਾਂਹੀ'।
ਸੁਨਤਿ ਪ੍ਰਭੂ ਕੈ ਕੋਪ ਬਿਸਾਲਾ। ਕਰਜੋ ਹੁਕਮ ਆਨਜੋਂ ਤਤਕਾਲਾ ॥ ੧੮ ॥

ਉਸ ਨੂੰ ਪਾਸ ਬੁਲਾ ਕੇ ਪੁੱਛੋ ਕਿ ਉਸ ਨੇ ਬਾਦਲੇ ਦਾ ਕੱਪੜਾ ਕਿਸ ਦੇ ਹੱਥ ਵਿਚ ਦਿੱਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ, ਹੁਕਮ ਕੀਤਾ ਕਿ ਤੁਰਤ ਉਸ ਨੂੰ ਬੁਲਾ ਕੇ ਲਿਆਵੋ ॥ ੧੮ ॥

ਗਯੋ ਸੁਭਟ ਬੈਠੇ ਜਹਿੰ ਪਾਯਹੁ। ਆਨਿ ਸਭਾ ਮੈਂ ਸੋ ਠਹਿਰਾਯਹੁ।
ਬੂਝਜੋ 'ਕਹਾਂ ਥਾਨ ਤੈਂ ਆਨਾ ?'। ਤਿਸ ਛਿਨ ਇਕ ਸਿਖ ਊਚ ਬਖਾਨਾ ॥੧੯ ॥

ਸੂਰਬੀਰ ਗਿਆ ਤੇ ਜਿੱਥੇ ਮਸੰਦ ਨੂੰ ਬੈਠਾ ਪਾਇਆ, ਉਸ ਨੂੰ ਸਭਾ ਵਿਚ ਲਿਆ ਠਹਿਰਾਇਆ। ਪੁੱਛਿਆ, "ਜਿਹੜਾ ਤੂੰ ਥਾਨ ਲਿਆਂਦਾ ਸੀ, ਉਹ ਕਿੱਥੇ ਹੈ" ? ਉਸ ਸਮੇਂ ਇਕ ਸਿੱਖ ਨੇ ਉੱਚੀ ਆਵਾਜ਼ ਵਿਚ ਕਿਹਾ ॥ ੧੯ ॥

'ਮਹਾਂਰਾਜ ਇਕ ਦਿਨ ਮੈਂ ਦੇਖਾ। ਪਹਿਰਜੋ ਇਸ ਕੀ ਤ੍ਰਿਯਾ ਵਿਸ਼ੇਖਾ।
ਚਲੀ ਜਾਤਿ ਕਿਹ ਬਜਾਹ ਸਮਾਜਾ। ਅਦਭੁਤਿ ਦੁਤਿ ਬਹੁ ਧਨ ਤੇ ਸਾਜਾ' ॥੨੦ ॥

"ਮਹਾਰਾਜ ਜੀ ! ਇਕ ਦਿਨ ਮੈਂ ਵੇਖਿਆ ਹੈ, ਇਸ ਦੀ ਇਸਤਰੀ ਨੇ ਪਹਿਨਿਆ ਹੋਇਆ ਸੀ। ਕਿਸੇ ਵਿਆਹ ਵਾਲੇ ਘਰ ਚਲੀ ਜਾ ਰਹੀ ਸੀ, ਅਦਭੁਤ ਸ਼ੋਭਾ ਸੀ, ਬਹੁਤ ਧਨ ਦੇ ਕੇ ਬਣਵਾਇਆ ਹੈ" ॥ ੨੦ ॥

ਨਹਿੰ ਬੋਲਜੋ ਚੈਯਾ ਧਰਿ ਮੌਨ। ਪਠੇ ਸੁਭਟ ਤਬਿ ਤਿਸਕੇ ਭੌਨ।
ਖੋਜਜੋ ਭਲੇ ਨਿਕਾਸਜੋ ਸੋਇ। ਆਨਜੋਂ ਸਭਾ ਬਿਖੇ ਜਬਿ ਸੋਇ ॥ ੨੧ ॥

ਚੈਯਾ ਨਾ ਬੋਲਿਆ ਤੇ ਚੁਪ ਰਿਹਾ, ਫਿਰ ਉਸ ਦੇ ਘਰ ਸੂਰਮੇ ਭੇਜੇ ਗਏ। ਖੋਜ ਕੇ ਭਲੀ ਪ੍ਰਕਾਰ ਉਹ ਕੱਪੜਾ ਕੱਢ ਲਿਆਏ ਤੇ ਫਿਰ ਉਸ ਨੂੰ ਸਭਾ ਵਿਚ ਲੈ ਆਏ॥ ੨੧॥

ਦੇਖਤਿ ਸਗਰੇ ਥਾਨ ਮਿਲਾਯੋ। ਦੋਨਹੁੰ ਕੋ ਇਕ ਸਮ ਦਰਸਾਯੋ।
ਕਰਜੋ ਹੁਕਮ 'ਇਸ ਦਿਹੁ ਲਟਕਾਇ। ਸਿਰ ਤਰ ਕਰਿਕੈ ਦੇਹੁ ਸਜ਼ਾਇ ॥੨੨॥

ਵੇਖ ਕੇ ਦੋਵੇਂ ਥਾਨ ਮਿਲਾਏ, ਦੋਵੇਂ ਇਕ ਸਮਾਨ ਹੀ ਦਿਖਾਈ ਦਿੱਤੇ। ਗੁਰੂ ਜੀ ਨੇ ਹੁਕਮ ਕੀਤਾ, "ਇਸ ਨੂੰ ਲਟਕਾ ਦੇਵੋ, ਸਿਰ ਨੀਵਾਂ ਕਰਕੇ, ਇਸ ਨੂੰ ਸਜ਼ਾ ਦੇਵੋ॥ ੨੨॥

ਪਾਪ ਬਿਲੰਦ ਮਸੰਦਨਿ ਕਰੇ। ਹੋਹਿਂ ਪਵਿੱਤ੍ਰ ਮਾਰਤਉ ਮਰੇ'।
ਸੁਨਿ ਗੁਰ ਹੁਕਮ, ਜਾਟ ਸੋ ਚੈਯਾ। ਗਹਿ ਦਿਢ ਬੰਧ ਦੇਹਿ ਲਟਕੈਯਾ ॥੨੩॥

ਮਸੰਦ ਬਹੁਤ ਪਾਪ ਕਰਦੇ ਹਨ, ਮਾਰਨ ਨਾਲ ਮਰਨ ਤੇ ਪਵਿੱਤਰ ਹੋ ਜਾਵੇਗਾ।" ਗੁਰੂ ਜੀ ਦਾ ਹੁਕਮ ਸੁਣ ਕੇ ਉਸ ਜਾਟ ਚੈਯੇ ਨੂੰ ਫੜ ਕੇ ਜਕੜ ਕੇ ਲਟਕਾ ਦਿੱਤਾ॥ ੨੩॥

ਦੇ ਸਜ਼ਾਇ ਬੰਧਨ ਕਰਿ ਰਾਖਾ। ਸ਼ਰਧਾ ਹੀਨ ਸਭਿਨਿ ਨੇ ਲਾਖਾ।
ਅੰਤ ਮਸੰਦਨ ਕੋ ਗੁਰ ਚਹਾ। ਜੇ ਕਰਤੇ ਸਿੱਖਨ ਦੁਖ ਮਹਾਂ॥ ੨੪॥

ਸਜ਼ਾ ਦੇ ਕੇ ਬੰਨ੍ਹ ਕੇ ਰੱਖਿਆ, ਸ਼ਰਧਾ ਹੀਣ ਸਾਰਿਆਂ ਨੇ ਸਮਝਿਆ। ਅੰਤ ਮਸੰਦਾਂ ਬਾਰੇ ਗੁਰੂ ਜੀ ਨੇ ਚਾਹਿਆ, ਜੋ ਇਹ ਸਿੱਖਾਂ ਨੂੰ ਮਹਾਨ ਦੁਖ ਦਿੰਦੇ ਹਨ॥ ੨੪॥

ਇਕ ਦਿਨ ਸਭਾ ਬਿਖੈ ਗੁਰ ਪੂਰੇ। ਊਚੇ ਤਖਤ ਸੁਹਾਵਤਿ ਰੂਰੇ।
ਸ੍ਵਾਂਗੀ ਭਾਂਡ ਆਇ ਕਹਿ ਪਾਸਾ। 'ਹੁਕਮ ਹੋਇ ਤਾਂ ਕਰਹਿਂ ਤਮਾਸਾ' ॥੨੫॥

ਇਕ ਦਿਨ ਪੂਰਨ ਗੁਰੂ ਜੀ ਸਭਾ ਵਿਚ ਉੱਚੇ ਤਖ਼ਤ ਉੱਤੇ ਬੈਠੇ ਸ਼ੋਭ ਰਹੇ ਸਨ। ਕੁਝ ਸਵਾਂਗੀ ਭੰਡ ਉਨ੍ਹਾਂ ਪਾਸ ਆਏ ਤੇ ਕਹਿਣ ਲੱਗੇ, "ਜੇ ਹੁਕਮ ਹੋਵੇ ਤਾਂ ਤਮਾਸ਼ਾ ਕਰੀਏ" ॥ ੨੫॥

ਸੁਨਿ ਪ੍ਰਭੁ ਕਹਜੋ 'ਮਸੰਦ ਬਨਾਵਹੁ। ਸ੍ਵਾਂਗ ਕ੍ਰਿਯਾ ਇਨ ਕੀ ਦਿਖਰਾਵਹੁ'।
ਸੁਨਿ ਆਇਸੁ ਇਕ ਬਨਜੋਂ ਮਸੰਦ। ਜਾਮਾ ਪਾਯਹੁ ਗਰੇ ਬਿਲੰਦ॥ ੨੬॥

ਗੁਰੂ ਜੀ ਨੇ ਸੁਣ ਕੇ ਕਿਹਾ, "ਮਸੰਦ ਦੀ ਨਕਲ ਬਣਾਵੋ, ਸਵਾਂਗ ਕ੍ਰਿਆ ਇਨ੍ਹਾਂ ਦੀ ਵਿਖਾਵੋ।" ਇਹ ਸੁਣ ਕੇ ਇਕ ਨਕਲੀਆ ਮਸੰਦ ਬਣ ਗਿਆ ਤੇ ਉਸ ਨੇ ਗਲ ਵਿਚ ਬਹੁਤ ਵੱਡਾ ਜਾਮਾ ਪਾ ਲਿਆ॥ ੨੬॥

ਬੇਸ੍ਵਾ ਸੰਗ ਲੀਨਿ, ਚਢਿ ਘੋਰੀ। ਚਲਜੋ ਕਾਰ ਉਗਰਾਹਨਿ ਓਰੀ।
ਸਿਖ ਸ਼ਰਧਾਲੂ ਨਿਰਧਨ ਕੇ ਘਰ। ਉਤਰਜੋ ਜਾਇ ਸੰਗ ਦ੍ਵੈ ਨਫਰ॥ ੨੭॥

ਘੋੜੀ ਉੱਤੇ ਚੜ੍ਹ ਕੇ ਉਸ ਵੇਸਵਾ ਨਾਲ ਲੈ ਲਈ ਤੇ ਗੁਰੂ ਜੀ ਦੀ ਕਾਰ ਭੇਟ ਉਗਰਾਹੁਣ ਵਾਸਤੇ ਚਲ ਪਿਆ। ਦੋ ਨੌਕਰਾਂ ਦੇ ਨਾਲ ਇਕ ਸ਼ਰਧਾਲੂ ਗ਼ਰੀਬ ਸਿੱਖ ਦੇ ਘਰ ਜਾ ਉਤਾਰਾ ਕੀਤਾ॥ ੨੭॥

ਪਿਖਿ ਸਿਖ ਤਤਛਿਨ ਫਿਕਰ ਉਦਾਰਾ। ਲੀਨਿ ਰਜਤਪਣ ਕਿਤਹੁੰ ਉਧਾਰਾ।
ਧਰਿ ਆਗੇ ਤਿਨ ਬੰਦਨ ਕਰੀ। ਕਹਜੋ ਮਸੰਦ ਰਿਦੈ ਰਿਸ ਭਰੀ॥ ੨੮॥

ਸਿੱਖ ਵੇਖ ਕੇ ਤੁਰਤ ਬਹੁਤ ਡਰ ਗਿਆ, ਕਿਸੇ ਪਾਸੋਂ ਇਕ ਰੁਪਈਆ ਉਧਾਰ ਲੈ ਕੇ ਮਸੰਦ ਦੇ ਅੱਗੇ ਧਰ ਕੇ ਬੰਦਨਾ ਕੀਤੀ। ਇਹ ਵੇਖ ਕੇ ਮਸੰਦ ਦਿਲ ਵਿਚ ਬਹੁਤ ਕ੍ਰੋਧ ਭਰ ਕੇ ਕਹਿਣ ਲੱਗਾ॥ ੨੮॥

'ਕਜਾ ਕੀਨਸਿ ਮੂਰਖ ਤੈਂ ਏਹੁ। ਪੰਜ ਰਜਤਪਣ ਕਜੋਂ ਨਹਿਂ ਦੇਹੁ'।
ਗਾਰਿ ਨਿਕਾਰ ਰਜਤਪਣ ਲੈ ਕੇ। ਬਾਰਬਧੂ ਦਿਸ਼ਿ ਦਯੋ ਬਗੈ ਕੇ॥ ੨੯॥

"ਹੇ ਮੂਰਖ ! ਤੂੰ ਇਹ ਕੀ ਕੀਤਾ ਹੈ, ਪੰਜ ਰੁਪਏ ਕਿਉਂ ਨਹੀਂ ਦਿੱਤੇ ਹਨ" ਗਾਲ੍ਹ ਕੱਢ ਕੇ ਰੁਪਈਆ ਲੈ ਕੇ ਵੇਸਵਾ ਵਲ ਵਗਾਹ ਕੇ ਮਾਰਿਆ॥ ੨੯॥

ਸਿਖ ਦੁਖ ਪਾਇ ਗਯੋ ਘਰ ਮਾਂਹੀ। ਅਸਨ ਹੇਤੁ ਕੁਛ ਪਾਵਤਿ ਨਾਂਹੀ।
ਤ੍ਰਿਯ ਕੀ ਨਾਥ ਅਲਪ ਧਨ ਕੇਰੀ। ਧਰੀ ਦੁਕਾਨ ਜਾਇ ਤਿਸ ਬੇਰੀ॥ ੩੦॥

ਸਿੱਖ ਦੁਖ ਪਾ ਕੇ ਘਰ ਦੇ ਅੰਦਰ ਗਿਆ, ਪਰ ਭੋਜਨ ਵਾਸਤੇ ਕੋਈ ਵੀ ਰਸਦ ਲਭਦੀ ਨਹੀਂ ਸੀ ਤੇ ਉਸ ਸਮੇਂ ਉਸ ਇਸਤਰੀ ਦੀ ਨੱਥ ਕੁਝ ਧਨ ਵਾਸਤੇ ਗਹਿਣੇ ਰੱਖ ਦਿੱਤੀ॥ ੩੦॥

ਦਾਲ ਉਰਦ ਕੀ ਛਮਕ ਬਨਾਈ। ਗੋਧੂਮ ਕੇ ਫੁਰਕੇ ਸਮੁਦਾਈ।
ਕਰਿਕੈ ਤਜਾਰ ਗਯੋ ਕਰਿ ਜੋਰੇ। 'ਅਚਹੁ ਅਸਨ ਚਲੀਐ ਗ੍ਰਿਹ ਓਰੇ' ॥ ੩੧॥

ਮਹਾਂ ਦੀ ਦਾਲ ਘਿਉ ਵਿਚ ਭੁੰਨ ਕੇ ਬਣਾਈ ਤੇ ਕਣਕ ਦੇ ਸਾਰੇ ਫੁਲਕੇ ਪਕਵਾਏ। ਤਿਆਰ ਕਰਕੇ ਹੱਥ ਜੋੜ ਕੇ ਮਸੰਦ ਦੇ ਅੱਗੇ ਜਾ ਕੇ ਕਹਿਣ ਲੱਗਾ, "ਘਰ ਵਿਚ ਚਲੋ, ਭੋਜਨ ਛਕੋ" ॥ ੩੧॥

ਸੁਰਾਪਾਨ ਤੇ ਮਸਤ ਮਹਾਨਾ। ਘੂਮਤਿ ਕੀਨੋ ਸਦਨ ਪਯਾਨਾ।
ਚੌਕੀ ਪਰ ਬਿਠਾਇ ਸੋ ਲਜਾਯੋ। ਦੇਖਤਿ ਕ੍ਰੋਧਜੋ ਕ੍ਰੂਰ ਅਲਾਯੋ॥ ੩੨॥

ਮਸੰਦ ਸ਼ਰਾਬ ਨਾਲ ਮਹਾਨ ਮਤਵਾਲਾ ਹੋਇਆ ਸੀ, ਘੁੰਮਦਾ ਫਿਰਦਾ ਚੱਕਰ ਖਾਂਦਾ, ਘਰ ਦੇ ਅੰਦਰ ਚਲਾ ਗਿਆ। ਬਿਠਾਉਣ ਵਾਸਤੇ ਚੌਕੀ ਲਿਆਇਆ। ਵੇਖ ਕੇ ਕ੍ਰੋਧ ਵਿਚ ਆ ਕੇ ਕਰੂੜ ਸ਼ਬਦ ਬੋਲਿਆ॥ ੩੨॥

'ਕਹਾਂ ਅਸਨ ਗੁਰ ਮਾਰੇ ਆਨਾ ? ਇਹ ਨਹਿਂ ਖਾਹਿਂ ਹਮਾਰੇ ਸ੍ਵਾਨਾ।
ਪਾਪੀ ! ਤੁਵ ਘਰ ਮਹਿਂ ਗੁਰ ਆਯੋ। ਕਹਾਂ ਭਾਉ ਕਰਿ ਅਸਨ ਅਚਾਯੋ ?' ॥੩੩॥

ਭੋਜਨ ਵੇਖ ਕੇ ਕਹਿਣ ਲੱਗਾ, "ਗੁਰੂ ਮਾਰਿਆ ਇਹ ਕੀ ਭੋਜਨ ਲੈ ਕੇ ਆਇਆ ਹੈਂ, ਇਸ ਨੂੰ ਤਾਂ ਸਾਡੇ ਕੁੱਤੇ ਵੀ ਨਹੀਂ ਖਾਂਦੇ ਹਨ। ਪਾਪੀਆ ! ਤੁਹਾਡੇ ਘਰ ਵਿਚ ਗੁਰੂ ਆਇਆ ਹੈ, ਕੀ ਪ੍ਰੇਮ ਕਰਕੇ ਤੂੰ ਭੋਜਨ ਛਕਾਉਣ ਲੱਗਾ ਹੈਂ ?" ॥ ੩੩॥

ਫੁਰਕੇ ਕੂਕਰ ਦਿਸ਼ਾ ਬਗਾਏ। ਦਾਰ ਗੇਰਿ ਤਹਿਂ ਦੀਨਿ ਬਹਾਏ।
ਰਿਸ ਤੇ ਉਠਜੋ ਸਿੱਖ ਕਰਿ ਜੋਰਤਿ। ਮਸਤਕ ਟੇਕਤਿ ਬਹੁਰ ਨਿਹੋਰਤਿ॥੩੪॥

ਫੁਲਕੇ ਉਸ ਕੁੱਤੇ ਵਾਲੇ ਪਾਸੇ ਵਗਾਹ ਕੇ ਮਾਰੇ, ਦਾਲ ਸੁੱਟ ਕੇ ਰੋੜ੍ਹ ਦਿੱਤੀ। ਗੁੱਸਾ ਵੇਖ ਕੇ ਸਿੱਖ ਹੱਥ ਜੋੜ ਕੇ ਉਠਿਆ, ਮੱਥਾ ਟੇਕ ਕੇ ਫਿਰ ਉਸ ਵਲ ਵੇਖ ਕੇ ਕਿਹਾ॥ ੩੪॥

'ਕਹਹੁ ਆਪ, ਸੋ ਅਸਨ ਬਨਾਵਹੁਂ। ਨਹਿਂ ਉਧਾਰ ਨਿਰਧਨ ਮੈਂ ਪਾਵਹੁਂ'।
ਕਹਿ ਮਸੰਦ 'ਸੁਨਿ ਸਿੱਖ ਹਮਾਰੇ ! ਕਰਹੁ ਤਿਹਾਵਲ ਆਮਿਖ ਤਜਾਰੇ॥੩੫॥

ਆਪ ਦੱਸੋ, ਓਹੀ ਭੋਜਨ ਬਣਾਈਏ, ਮੈਂ ਗਰੀਬ ਹਾਂ ਮੈਨੂੰ ਕੋਈ ਉਧਾਰ ਵੀ ਨਹੀਂ ਦਿੰਦਾ ਹੈ।" ਮਸੰਦ ਨੇ ਕਿਹਾ, "ਹੇ ਮੇਰੇ ਸਿੱਖ ਸੁਣੋ, "ਕੜਾਹ ਪ੍ਰਸ਼ਾਦ ਅਤੇ ਮਾਸ ਤਿਆਰ ਕਰੋ॥ ੩੫॥

ਆਨ ਬਾਰਨੀ ਪੂਰ ਸੁਰਾਹੀ। ਚਾਵਰ ਸੂਖਮ ਕਰਿ ਤੌ ਖਾਹੀਂ।
ਨਤੁ ਸਿੱਖੀ ਤੇ ਖਾਰਜ ਕਰੌਂ। ਦੋਸ਼ ਅਨੇਕ ਤੋਹਿ ਪਰ ਧਰੌਂ॥ ੩੬॥

ਸ਼ਰਾਬ ਦੀ ਪੂਰੀ ਸੁਰਾਹੀ ਲਿਆਵੇ, ਸੂਖਮ ਚਾਵਲ ਤਿਆਰ ਕਰੋਗੇ ਤਾਂ ਖਾਵਾਂਗੇ। ਨਹੀਂ ਤਾਂ ਤੈਨੂੰ ਸਿੱਖੀ ਵਿਚੋਂ ਖਾਰਜ ਕਰਾਂਗਾ, ਅਨੇਕਾਂ ਦੋਸ਼ ਤੇਰੇ ਵਿਚ ਧਰ ਦੇਵਾਂਗਾ"॥ ੩੬॥

ਸੁਨਿ ਸਿੱਖਨ ਕਰ ਜੋਰਿ ਮਨਾਯੋ। ਨੱਥ ਬੇਚ ਸੋ ਸਗਲ ਬਨਾਯੋ।
ਖਾਯੋ ਬੇਸ੍ਵਾ ਸਹਿਤ ਮਸੰਦ। ਤਊ ਤਾੜਨਾ ਕਰਤਿ ਬਿਲੰਦ॥ ੩੭॥

ਇਹ ਸੁਣ ਕੇ ਸਿੱਖ ਨੇ ਹੱਥ ਜੋੜ ਕੇ ਮਨਾਇਆ, ਨੱਥ ਵੇਚ ਕੇ ਸਭ ਕੁਝ ਬਣਾਇਆ। ਮਸੰਦ ਨੇ ਵੇਸਵਾ ਸਹਿਤ ਖਾਧਾ, ਫਿਰ ਵੀ ਵੱਡੀ ਤਾੜਨਾ ਕੀਤੀ॥ ੩੭॥

ਅਚਵਹਿ ਮਾਸ ਬਾਰਨੀ ਪੀਵਤਿ। ਕਰਿ ਕਰਿ ਹੁਕਮ ਹੰਕਾਰੀ ਥੀਵਤਿ।
ਕਹਤਿ ਭਯੋ 'ਅਬਿ ਦੇਹੁ ਬਿਦਾਈ। ਗੁਰੂ ਨਿਕਟ ਜੋ ਲੇ ਕਰਿ ਜਾਈਂ' ॥੩੮॥

ਮਾਸ ਖਾਂਦਾ ਸੀ ਤੇ ਸ਼ਰਾਬ ਪੀਂਦਾ ਸੀ, ਹੰਕਾਰੀ ਹੁਕਮ ਕਰ ਕਰ ਕੇ ਵਸਤਾਂ ਮੰਗਵਾਉਂਦਾ ਸੀ। ਫਿਰ ਕਹਿਣ ਲੱਗਾ, "ਹੁਣ ਕਾਰ ਭੇਟ ਦੇਵੋ, ਜਿਹੜੀ ਗੁਰੂ ਜੀ ਪਾਸ ਲੈ ਕੇ ਜਾਈਏ"॥ ੩੮॥

ਸਿਖ ਸਚਿੰਤ ਸੁਨਿਕੈ ਅਤਿ ਹੋਵਾ। ਦੇਨਿ ਹੇਤੁ ਕੁਛ ਘਰ ਨਹਿੰ ਜੋਵਾ।
ਤਬਿ ਲਹਿੰਗਾ ਤ੍ਰਿਯ ਕੋ ਲੇ ਗਯੋ। ਏਕ ਰਜਤਪਣ ਆਨਤਿ ਭਯੋ॥ ੩੯॥

ਸਿੱਖ ਸੁਣ ਕੇ ਬਹੁਤ ਫਿਕਰਮੰਦ ਹੋਇਆ, ਦੇਣ ਵਾਸਤੇ ਘਰ ਵਿਚ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਤਦ ਇਸਤਰੀ ਦਾ ਲਹਿੰਗਾ ਲੈ ਕੇ ਗਿਆ ਤੇ ਇਕ ਰੁਪਈਆ ਲੈ ਕੇ ਆਇਆ॥ ੩੯॥

ਮੱਤ ਸੁਰਾ ਕਰ ਦੇਨਿ ਜੁ ਲਾਗਜੋ। ਦੇਖਤਿ ਕ੍ਰੋਧ ਮੂੜ ਕੇ ਜਾਗਜੋ।
ਸਿੱਖ ਪਰਜੋ ਪਾਇਨ ਪਰ ਜਬੈ। ਲਾਤ ਪ੍ਰਹਾਰ ਕਰਤਿ ਭਾ ਤਬੈ॥ ੪੦॥

ਸ਼ਰਾਬ ਵਿਚ ਮਸਤ ਹੋਏ ਨੂੰ ਜਦ ਦੇਣ ਲੱਗਾ, ਵੇਖ ਕੇ ਮੂਰਖ ਦਾ ਕ੍ਰੋਧ ਜਾਗ ਪਿਆ। ਜਦ ਸਿੱਖ ਪੈਰਾਂ ਤੇ ਪਿਆ ਤਾਂ ਉਸ ਦੇ ਉੱਤੇ ਲੱਤ ਦਾ ਵਾਰ ਕੀਤਾ॥ ੪੦॥

'ਧਿਕ ਧਿਕ ਤੈਂ ਇਮ ਜਨਮ ਗਵਾਯੋ। ਗੁਰ ਕੀ ਕਾਰ ਕਹਾਂ ਇਕ ਲਜਾਯੋ'।
ਲਿਯੋ ਰਜਤਪਣ ਨਫਰ ਉਠਾਇ। ਗਾਰਿ ਨਿਕਾਰਤਿ ਸਿਖ ਕੋ ਜਾਇ॥ ੪੧॥

ਧਿਰਕਾਰ ਹੈ ਤੈਨੂੰ, ਇਹ ਜਨਮ ਫਜ਼ੂਲ ਗਵਾਇਆ ਹੈ। ਗੁਰੂ ਜੀ ਦੀ ਕਾਰ ਇਕ ਰੁਪਈਆ ਲੈ ਕੇ ਆਇਆ ਹੈਂ।" ਰੁਪਏ ਨੂੰ ਨੌਕਰ ਨੇ ਚੁੱਕ ਲਿਆ, ਸਿੱਖ ਨੂੰ ਗਾਲ੍ਹਾਂ ਕੱਢਦਾ ਚਲ ਪਿਆ॥ ੪੧॥

ਬੇਸਜਾ ਕੋ ਕੋਰੀ ਭਰਿ ਚਲਜੋ। ਰਹਜੋ ਬਿਸੂਰਤਿ ਸਿਖ ਦੁਖ ਭਰਜੋ।
ਕਰਿ ਕਰਿ ਸ੍ਵਾਂਗ ਭਾਂਡ ਪਿਖਰਾਵੈਂ। ਕ੍ਰਿਆ ਬੇਖ ਸਗਰੀ ਦਿਖਰਾਵੈਂ॥ ੪੨॥

ਵੇਸਵਾ ਦਾ ਕਲਾਵਾ ਭਰ ਕੇ ਚਲ ਪਿਆ, ਸਿੱਖ ਦੁਖ ਦਾ ਭਰਿਆ ਝੂਰਦਾ ਰਹਿ ਗਿਆ। ਸਵਾਂਗ ਬਣ ਬਣ ਭੰਡ ਵਿਖਾਉਂਦੇ ਸਨ। ਕ੍ਰਿਆ ਭੇਖ ਸਭ ਕੁਝ ਵਿਖਾਉਂਦੇ ਸਨ॥ ੪੨॥

ਚਲੇ ਗਰਬ ਤੇ ਗਾਰਿ ਨਿਕਾਰਤਿ। ਏਕ ਭਾਂਡ ਸਿਖ ਬਨਿ ਹ੍ਵੈ ਆਰਤਿ।
ਗੁਰ ਸਮੇਤ ਪਿਖਿ ਸਭਾ ਅਚੰਭਾ। 'ਕਰਤਿ ਮਸੰਦ ਇਤਿਕ ਬਡ ਦੰਭਾ !' ॥੪੩॥

ਹੰਕਾਰ ਦਾ ਭਰਿਆ ਗਾਲ੍ਹਾਂ ਕੱਢਦਾ ਚਲੇ ਗਿਆ, ਇਕ ਭੰਡ ਗਰੀਬ ਸਿੱਖ ਬਣਿਆ ਸੀ। ਗੁਰੂ ਸਹਿਤ ਸਾਰੇ ਵੇਖ ਕੇ ਬਹੁਤ ਹੈਰਾਨ ਹੋਏ, "ਮਸੰਦ ਏਨੀ ਵੱਡੀ ਦੁਸ਼ਟਾਈ ਕਰਦੇ ਹਨ"॥ ੪੩॥

ਸੁਨਿ ਸਿੱਖਨਿ ਕੋ ਦੁਖ ਤਿਸ ਕਾਲਾ। ਕਲਗ਼ੀਧਰ ਉਰ ਕ੍ਰੋਧ ਬਿਸਾਲਾ।
ਰਕਤ ਨੇਤ੍ਰ ਕਰਿ ਹੁਕਮ ਬਖਾਨਾ। 'ਗਹਹੁ ਮਸੰਦਨਿ ਜੋ ਜਿਸ ਥਾਨਾ ॥ ੪੪ ॥

ਉਸ ਸਮੇਂ ਸਿੱਖਾਂ ਦੇ ਦੁਖ ਬਾਰੇ ਸੁਣ ਕੇ, ਕਲਗ਼ੀਧਰ ਸਤਿਗੁਰੂ ਜੀ ਕ੍ਰੋਧ ਨਾਲ ਭਰ ਗਏ। ਲਾਲ ਅੱਖਾਂ ਕਰਕੇ ਹੁਕਮ ਦਿੱਤਾ, "ਜਿੱਥੇ-ਜਿੱਥੇ ਵੀ ਮਸੰਦ ਹਨ, ਉਨ੍ਹਾਂ ਨੂੰ ਫੜ ਲਵੋ॥ ੪੪॥

ਮੁਸ਼ਕੈਂ ਦੈ ਦੈ ਆਨਹੁ ਜਾਇ। ਬੰਧਿ ਕੈਦ ਮਹਿਂ ਦੇਹੁ ਸਜ਼ਾਇ।
ਪ੍ਰਾਨ ਸਮਾਨ ਸਿੱਖ ਮਮ ਪਜਾਰੇ। ਇਤੋ ਕਸ਼ਟ ਦੀਨਸਿ ਹੱਤਜਾਰੇ॥ ੪੫ ॥

ਮੁਸ਼ਕਾਂ ਕੱਸ ਕੱਸ ਕੇ ਜਾ ਕੇ ਲੈ ਕੇ ਆਵੋ, ਕੈਦ ਵਿਚ ਬੰਨ੍ਹ ਕੇ ਉਨ੍ਹਾਂ ਨੂੰ ਸਜ਼ਾਵਾਂ ਦੇਵੋ। ਮੈਨੂੰ ਆਪਣੇ ਸਿੱਖ ਪ੍ਰਾਣਾਂ ਵਾਂਗ ਪਿਆਰੇ ਹਨ ਇਹ ਮਸੰਦ ਹਤਿਆਰੇ ਉਨ੍ਹਾਂ ਨੂੰ ਏਨਾ ਦੁਖ ਦਿੰਦੇ ਹਨ॥ ੪੫॥

ਤਊ ਧੰਨ ਸਿਖ ਸਿੱਖੀ ਰਾਖੇ। ਸਹਿ ਸੰਕਟ ਗੁਰ ਸ਼ਰਨ ਸੁ ਕਾਂਖੇ।
ਖੋਟੇ ਕਰਮ ਕਰਤਿ ਨਿਤ ਰਹੇ। ਅਬਿਲੌ ਨਹਿਂ ਕੁਚਾਲ ਇਨ ਲਹੇ' ॥ ੪੬ ॥

ਫਿਰ ਵੀ ਮੇਰੇ ਸਿੱਖ ਧੰਨ ਹਨ ਕਿ ਸਿੱਖੀ ਰੱਖਦੇ ਹਨ, ਕਸ਼ਟ ਸਹਿ ਕੇ ਵੀ ਗੁਰੂ ਦੀ ਸ਼ਰਨ ਦੀ ਅਭਿਲਾਸ਼ਾ ਕਰਦੇ ਹਨ। ਇਹ ਮਸੰਦ ਸਦਾ ਖੋਟੇ ਕਰਮ ਕਰਦੇ ਰਹੇ ਹਨ, ਹੁਣ ਤਕ ਸਿੱਖਾਂ ਨੇ ਇਨ੍ਹਾਂ ਦੇ ਪੁੱਠੇ ਚਾਲਿਆਂ ਵਲ ਨਹੀਂ ਵੇਖਿਆ ਹੈ" ॥ ੪੬ ॥

ਚਹੁੰ ਦਿਸ਼ਨਿ ਮਹਿਂ ਲਿਖੇ ਪਠਾਏ। ਦੂਰ ਦੂਰ ਤੇ ਗਹਿ ਗਹਿ ਲਜਾਏ।
ਬੰਧਿ ਬੰਧਿ ਕਰਿ ਬ੍ਰਿੰਦ ਮਸੰਦਨਿ। ਦੁਖ ਬਿਲੰਦ ਦੇ ਕਰੇ ਨਿਕੰਦਨ॥ ੪੭ ॥

ਚਾਰੇ ਪਾਸੇ ਹੁਕਮਨਾਮੇ ਲਿਖ ਕੇ ਭੇਜ ਦਿੱਤੇ, ਦੂਰ-ਦੂਰ ਤੋਂ ਮਸੰਦਾਂ ਨੂੰ ਫੜ ਕੇ ਲਿਆਏ। ਸਾਰੇ ਮਸੰਦਾਂ ਨੂੰ ਬੰਨ੍ਹ-ਬੰਨ੍ਹ ਕੇ ਬਹੁਤ ਦੁਖ ਦੇ ਦੇ ਕੇ ਖਤਮ ਕਰ ਦਿੱਤਾ॥ ੪੭॥

*ਤੀਸਰੀ ਰੁੱਤ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

## *ਅਧਿਆਇ ਤੀਹਵਾਂ*

*ਭਾਈ ਫੇਰੂ, ਭਾਈ ਰਾਊ ਆਦਿ ਮਸੰਦ*

ਦੋਹਰਾ- ਗਹਿਨ ਗਏ ਕੇਤਿਕ ਡਰੇ ਸ਼ਰਨ ਪਰੇ ਘਿਘਿਆਇ।
ਖੋਟ ਅਲਪ ਤੇ ਬਚ ਰਹੇ ਕ੍ਰਿਪਾ ਕਰੀ ਗੁਰ ਰਾਇ॥ ੧॥

ਫੜਨ ਗਿਆਂ ਕਈ ਮਸੰਦ ਬਹੁਤ ਡਰ ਗਏ ਤੇ ਤਰਲੇ ਕਰਦੇ ਗੁਰੂ ਜੀ ਦੀ ਸ਼ਰਨ ਵਿਚ ਆ ਪਏ। ਥੋੜ੍ਹੀ ਖੋਟ ਹੋਣ ਕਰਕੇ ਬਚੇ ਰਹੇ, ਗੁਰੂ ਜੀ ਨੇ ਉਨ੍ਹਾਂ ਉੱਤੇ ਕਿਰਪਾ ਕਰ ਦਿੱਤੀ॥ ੧॥

ਚੌਪਈ- ਇਕ ਨੱਕੇ ਮਹਿਂ ਹੁਤੋ ਮਸੰਦ। ਤਿਸੀ ਦੇਸ਼ ਲੇ ਕਾਰ ਬਿਲੰਦ।
ਪਾਇ ਤ੍ਰਾਸ ਆਨੰਦਪੁਰਿ ਆਯੋ। ਸਭਿ ਇਸਤ੍ਰੀ ਕੋ ਬੇਖ ਬਨਾਯੋ॥ ੨ ॥

ਇਕ ਨੱਕੇ ਵਿਚ ਮਸੰਦ ਰਹਿੰਦਾ ਸੀ, ਉਹ ਉਸ ਦੇਸ਼ ਦੀ ਬਹੁਤ ਕਾਰ ਭੇਟ ਇਕੱਠੀ ਕਰਦਾ ਸੀ। ਉਹ ਡਰਦਾ ਮਾਰਿਆ ਅਨੰਦਪੁਰ ਆਇਆ। ਉਸ ਨੇ ਸਾਰਾ ਇਸਤਰੀ ਦਾ ਭੇਸ ਧਾਰਨ ਕੀਤਾ॥ ੨॥

ਪਹਿਰ ਘਾਘਰੋ ਸਿਰ ਗੁੰਦਵਾਇ। ਮਾਤਨਿ ਪਾਸ ਪ੍ਰਵੇਸ਼ਜੋ ਜਾਇ।
ਨਾਮ ਤਖਤ ਮਲ ਕਹੀਅਹਿ ਤਾਂਹਿ। ਗੁਰ ਤੇ ਧਰਜੋ ਤ੍ਰਾਸ ਮਨ ਮਾਂਹਿ॥ ੩॥

ਘਘਰਾ ਪਹਿਨ ਕੇ ਸਿਰ 'ਤੇ ਗੁੱਤ ਕਰਵਾ ਲਈ ਤੇ ਮਾਤਾਵਾਂ ਜੀ ਪਾਸ ਪਹੁੰਚ ਗਿਆ। ਉਸ ਦਾ ਨਾਮ ਤਖਤ ਮਲ ਕਿਹਾ ਜਾਂਦਾ ਹੈ। ਉਸ ਨੇ ਗੁਰੂ ਜੀ ਪਾਸੋਂ ਵੱਡਾ ਡਰ ਧਾਰਨ ਕੀਤਾ॥ ੩॥

ਤਬਿ ਜੀਤੋ ਸੁੰਦਰੀ ਤਿਸ ਹੇਰਾ। ਪਰਜੋ ਸ਼ਰਨ ਭੈ ਭੀਤ ਬਡੇਰਾ।
ਰੱਛਾ ਕਰਨਿ ਉਚਿਤ ਮਨ ਜਾਨਾ। ਧੀਰਜ ਦੈਬੇ ਹੇਤੁ ਬਖਾਨਾ॥ ੪॥

ਤਦ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਨੇ ਉਸ ਨੂੰ ਵੇਖਿਆ ਕਿ ਸ਼ਰਨ ਪਿਆ ਹੈ ਤੇ ਬਹੁਤ ਭੈਭੀਤ ਹੈ। ਉਸ ਦੀ ਰੱਖਿਆ ਕਰਨੀ ਮਨ ਵਿਚ ਉਚਿਤ ਜਾਣਿਆ ਤੇ ਉਸਨੂੰ ਧੀਰਜ ਦੇਣ ਵਾਸਤੇ ਕਿਹਾ॥ ੪॥

'ਤਜਾਗ ਦੇਹ ਤੂੰ ਅਬਿ ਡਰ ਗਿਨਤੀ। ਹਮ ਪ੍ਰਭੁ ਸਾਥ ਭਨਹਿਂ ਬਹੁ ਬਿਨਤੀ।
ਜਜੋਂ ਕਜੋਂ ਕਰਹਿਂ ਬਚਾਵਨ ਤੇਰੋ। ਉਰ ਸਿਮਰਹੁ ਗੁਰ ਨਾਮ ਬਡੇਰੋ' ॥ ੫॥

"ਹੁਣ ਤੂੰ ਡਰ ਨੂੰ ਤਿਆਗ ਦੇ, ਅਸੀਂ ਸਤਿਗੁਰੂ ਜੀ ਅੱਗੇ ਬੇਨਤੀ ਕਰਾਂਗੀਆਂ। ਜਿਵੇਂ ਕਿਵੇਂ ਕਰਕੇ ਤੈਨੂੰ ਬਚਾ ਲਵਾਂਗੀਆਂ। ਹਿਰਦੇ ਵਿਚ ਗੁਰੂ ਜੀ ਦੇ ਨਾਮ ਦਾ ਸਿਮਰਨ ਕਰੋ" ॥ ੫॥

ਇਕ ਕੋਸ਼ਠ ਮਹਿਂ ਤਾਂਹਿ ਬਿਠਾਏ। ਗਈ ਇਕੰਤ ਕੰਤ ਕੌ ਪਾਏ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਸ੍ਰੀ ਪ੍ਰਭੁ ਤੁਮ ਤੇ ਕਛੂ ਨ ਛਾਨੀ॥ ੬॥

ਇਕ ਕੋਠੜੀ ਵਿਚ ਉਸ ਨੂੰ ਬਿਠਾ ਦਿੱਤਾ ਤੇ ਇਕਾਂਤ ਵਿਚ ਪਤੀ ਦੇ ਪਾਸ ਗਈ। ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਤੁਹਾਡੇ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ॥ ੬॥

ਰਿਦੈ ਦੀਨ ਹੁਇ ਪਰੈ ਜੁ ਸ਼ਰਨੀ। ਤਿਸ ਕੀ ਕਰਨ ਗੋਪਤਾ ਬਰਨੀ।
ਇਮ ਉਪਦੇਸ਼ਹੁ ਅਰ ਪ੍ਰਣ ਧਾਰਹੁ। ਅਹੈ ਧਰਮ ਇਮ ਪਰਉਪਕਾਰਹੁ॥ ੭॥

ਹਿਰਦੇ ਵਿਚ ਜਿਹੜਾ ਦੀਨ ਹੋ ਕੇ ਸ਼ਰਨੀ ਪੈ ਜਾਂਦਾ ਹੈ, ਉਸ ਦੀ ਰੱਖਿਆ ਕਰਨੀ ਕਹੀ ਹੈ। ਇਸ ਤਰ੍ਹਾਂ ਹੀ ਤੁਸੀਂ ਉਪਦੇਸ਼ ਦਿੰਦੇ ਹੋ, ਅਤੇ ਪ੍ਰਣ ਧਾਰਦੇ ਹੋ, ਧਰਮ ਵਿਚ ਇਸ ਤਰ੍ਹਾਂ ਪਰਉਪਕਾਰ ਕਰਦੇ ਹੋ॥ ੭॥

ਕਹੈਂ ਕਹਾਂ, ਜੋ ਨੱਕੇ ਦੇਸ਼। ਹੁਤੋ ਮਸੰਦ ਸਤ੍ਰਾਸ ਵਿਸ਼ੇਸ਼।
ਧਰਿ ਤ੍ਰੀਮਤ ਕੋ ਤਨ ਮਹਿਂ ਬੇਸਾ। ਅੰਤਹਿਪੁਰ ਮਹਿਂ ਆਨਿ ਪ੍ਰਵੇਸ਼ਾ॥ ੮॥

ਕੀ ਕਹੀਏ, ਜਿਹੜਾ ਨੱਕੇ ਨਾਮ ਦਾ ਦੇਸ਼ ਹੈ, ਉਥੋਂ ਦਾ ਮਸੰਦ ਬਹੁਤ ਡਰਿਆ ਹੋਇਆ ਹੈ। ਸਰੀਰ ਉੱਤੇ ਇਸਤਰੀ ਦਾ ਭੇਸ ਧਾਰ ਕੇ, ਉਹ ਮਹਿਲਾਂ ਅੰਦਰ ਆ ਗਿਆ ਹੈ॥ ੮॥

ਅਬਿ ਲੌ ਨਹੀਂ ਸ਼ਮਸ਼ ਮੁਖ ਆਈ। ਤ੍ਰਾਸ ਆਪ ਕੋ ਪਾਇ ਗੁਸਾਈਂ।
ਛਪਜੋ ਸਦਨ ਮਹਿਂ ਸ਼ਰਨੀ ਪਰਜੋ। ਜੋ ਅਪਰਾਧ ਬਹੁਤ ਹੀ ਕਰਜੋ॥ ੯॥

ਹੁਣ ਤਕ ਉਸ ਦੇ ਮੁਖ ਤੇ ਦਾੜ੍ਹੀ ਨਹੀਂ ਆਈ ਹੈ, ਆਪ ਪਾਸੋਂ ਉਹ ਬਹੁਤ ਡਰ ਗਿਆ ਹੈ। ਸ਼ਰਨ ਪੈ ਕੇ ਉਹ ਘਰ ਅੰਦਰ ਛੁਪਿਆ ਹੈ। ਜੋ ਉਸ ਬਹੁਤ ਵੱਡਾ ਅਪਰਾਧ ਵੀ ਕੀਤਾ ਹੈ॥ ੯॥

ਤਊ ਬਖਸ਼ਿਬੇ ਉਚਿਤ ਬਖਾਨੋ। ਆਨਿ ਹਮਾਰੇ ਢਿਗ ਘਿਘਿਆਨੋ'।
ਸੁਨਿ ਕਰਿ ਕਰਮ ਮਸੰਦ ਜੁ ਕੀਨਿ। ਬਿਗਸੇ ਸਤਿਗੁਰ ਬਖਸ਼ਿ ਸੁ ਦੀਨਿ॥੧੦॥

ਫਿਰ ਵੀ ਉਸ ਨੂੰ ਬਖਸ਼ਣਾ ਉਚਿਤ ਫੁਰਮਾਉ, ਉਸ ਨੇ ਸਾਡੇ ਪਾਸ ਆ ਕੇ ਬਹੁਤ ਤਰਲੇ ਮਿੰਨਤਾਂ ਕੀਤੀਆਂ ਹਨ।" ਇਹ ਸੁਣ ਕੇ ਜਿਹੜਾ ਮਸੰਦ ਨੇ ਕਾਰਾ ਕੀਤਾ ਸੀ, ਸਤਿਗੁਰੂ ਜੀ ਨੇ ਮੁਸਕਰਾ ਕੇ ਬਖਸ਼ ਦਿੱਤਾ॥ ੧੦॥

**ਅਬਿ ਲੌ ਸੁਨੀ ਜਾਇ ਤਿਨ ਰੀਤਿ। ਗਾਦੀ ਬੈਠਤਿ ਹੈਂ ਇਸ ਰੀਤਿ।**
**ਏਕ ਬਾਰ ਤ੍ਰਿਯ ਬੇਸ ਬਨਾਵੈਂ। ਮਸਤਕ ਟੇਕਿ ਫੇਰ ਉਤਰਾਵੈਂ॥ ੧੧॥**

ਇਹ ਸੁਣਿਆ ਗਿਆ ਹੈ ਕਿ ਹੁਣ ਤਕ ਉਨ੍ਹਾਂ ਦੇ ਇਹ ਰੀਤੀ ਚਲਦੀ ਹੈ। ਉਹ ਗੱਦੀ ਉੱਤੇ ਏਸੇ ਰੀਤੀ ਨਾਲ ਬੈਠਦੇ ਹਨ। ਇਕ ਵਾਰ ਇਸਤਰੀ ਦਾ ਭੇਸ ਬਣਾਉਂਦੇ ਹਨ, ਮੱਥਾ ਟੇਕ ਕੇ ਫੇਰ ਭੇਸ ਲਾਹ ਦਿੰਦੇ ਹਨ॥ ੧੧॥

**ਇਸ ਬਿਧਿ ਕੇਚਿਤ ਡਰਤਿ ਮਸੰਦ। ਸ਼ਰਨ ਪਰੇ ਸ਼ਰਧਾਲੁ ਬਿਲੰਦ।**
**ਸੋ ਬਖਸ਼ੇ ਭੇ ਗੁਰ ਅਨੁਸਾਰੀ। ਤਜਿ ਹੰਕਾਰ ਸੁਮਤਿ ਉਰਧਾਰੀ॥ ੧੨॥**

ਇਸ ਵਿਧੀ ਨਾਲ ਕਈ ਮਸੰਦ ਡਰ ਗਏ, ਜਿਹੜੇ ਵੱਡੇ ਸ਼ਰਧਾਲੂ ਸਨ, ਉਹ ਸ਼ਰਨ ਪੈ ਗਏ। ਜਿਹੜੇ ਗੁਰੂ ਜੀ ਦੀ ਆਗਿਆ ਅਨੁਸਾਰ ਹੋ ਗਏ, ਉਹ ਬਖਸ਼ੇ ਗਏ, ਜਿਨ੍ਹਾਂ ਨੇ ਹੰਕਾਰ ਛੱਡ ਕੇ ਸ੍ਰੇਸ਼ਟ ਮੱਤ ਹਿਰਦੇ ਵਿਚ ਧਾਰਨ ਕਰ ਲਈ॥ ੧੨॥

**ਨਹਿਂ ਅਪਰਾਧ ਪ੍ਰਥਮ ਸਮ ਕਰਜੋ। ਸਿੱਖੀ ਭਾਉ ਭਲੇ ਚਿਤ ਧਰਜੋ।**
**ਇਕ ਦਿਨ ਆਲਮ ਸਿੰਘ ਨਜੀਕਾ। ਬੈਠਜੋ ਸਭਾ ਲਗੀ ਜਹਿਂ ਨੀਕਾ॥੧੩॥**

ਪਹਿਲਾਂ ਵਾਂਗ ਕੋਈ ਅਪਰਾਧ ਨਾ ਕੀਤਾ, ਸਿੱਖੀ ਦਾ ਪ੍ਰੇਮ ਭਲੀ ਪ੍ਰਕਾਰ ਚਿੱਤ ਵਿਚ ਧਾਰਨ ਕਰ ਲਿਆ। ਇਕ ਦਿਨ ਆਲਮ ਸਿੰਘ ਗੁਰੂ ਜੀ ਦੇ ਨਜ਼ਦੀਕ ਬੈਠਾ ਸੀ, ਜਿੱਥੇ ਗੁਰੂ ਜੀ ਦੀ ਸੁੰਦਰ ਸਭਾ ਲੱਗੀ ਹੋਈ ਸੀ॥ ੧੩॥

**ਗੁਰੂ ਸੁਨਾਵਨਿ ਹੇਤੁ ਬਖਾਨਾ। 'ਨੱਕੇ ਬਿਖੈ ਮਸੰਦ ਮਹਾਨਾ।**
**ਫੇਰੂ ਨਾਮ ਅਧਿਕ ਧਨ ਪਾਵੈ। ਤਿਸ ਹੀ ਦੇਸ਼ ਰਹੈ ਹਰਖਾਵੈ॥ ੧੪॥**

ਉਹ ਗੁਰੂ ਜੀ ਨੂੰ ਸੁਣਾਉਣ ਵਾਸਤੇ ਬੋਲਿਆ, "ਨੱਕੇ ਵਿਖੇ ਇਕ ਮਹਾਨ ਮਸੰਦ ਰਹਿੰਦਾ ਹੈ। ਉਸ ਦਾ ਨਾਮ ਫੇਰੂ ਹੈ ਤੇ ਉਹ ਬਹੁਤ ਧਨ ਪ੍ਰਾਪਤ ਕਰਦਾ ਹੈ, ਪ੍ਰਸੰਨ ਹੋ ਕੇ ਉਸ ਦੇਸ਼ ਵਿਚ ਹੀ ਰਹਿੰਦਾ ਹੈ॥ ੧੪॥

**ਅਬਿ ਲੌ ਨਹਿਂ ਹਜ਼ੂਰ ਮਹਿਂ ਆਯੋ। ਹੋਇ ਦੀਨ ਨਹਿਂ ਨਿਜ ਬਖਸ਼ਾਯੋ।**
**ਪਈ ਮਸੰਦਨਿ ਏਤਿਕ ਮਾਰਾ। ਸੁਨਿ ਕਰਿ ਨਹੀਂ ਤ੍ਰਾਸ ਉਰ ਧਾਰਾ'॥ ੧੫॥**

ਉਹ ਹੁਣ ਤਕ ਆਪ ਜੀ ਦੀ ਹਜ਼ੂਰੀ ਵਿਚ ਨਹੀਂ ਆਇਆ ਹੈ ਤੇ ਉਸ ਨੇ ਦੀਨ ਹੋ ਕੇ ਆਪਣੇ ਆਪ ਨੂੰ ਨਹੀਂ ਬਖਸ਼ਾਇਆ ਹੈ। ਮਸੰਦਾਂ ਨੂੰ ਏਨੀ ਮਾਰ ਪਈ ਹੈ, ਉਸ ਨੇ ਸੁਣ ਕੇ ਦਿਲ ਵਿਚ ਡਰ ਨਹੀਂ ਮੰਨਿਆ ਹੈ॥ ੧੫॥

**ਤਬਿ ਸਤਿਗੁਰ ਸਿਖ ਪੰਚ ਪਠਾਏ। 'ਬਿਨਾਂ ਬਿਲਮ ਤਿਸ ਗਹੀਅਹਿ ਜਾਏ।**
**ਕਰਿ ਬੰਧਨ ਕੋ ਦੌਨਹੁਂ ਹਾਥ। ਪਕਰਹੁ ਸ਼ਮਸ ਉਜ ਕੇ ਸਾਥ॥ ੧੬॥**

ਤਦ ਸਤਿਗੁਰੂ ਜੀ ਨੇ ਪੰਜ ਸਿੱਖ ਭੇਜੇ ਤੇ ਕਿਹਾ, "ਕਿਸੇ ਦੇਰੀ ਤੋਂ ਬਗੈਰ ਉਸ ਨੂੰ ਫੜ ਲਵੋ। ਉਸ ਦੇ ਦੋਵੇਂ ਹੱਥ ਬੰਨ੍ਹ ਕੇ ਉਸ ਦੀ ਦਾੜ੍ਹੀ ਹੱਥ ਨਾਲ ਫੜ ਲਵੋ॥ ੧੬॥

**ਬੈਠਜੋ ਉਠਜੋ ਹੋਇ ਜਿਸ ਬੇਸ। ਹਮ ਢਿਗ ਆਨਹੁ ਜਲਦ ਵਿਸ਼ੇਸ਼।**
**ਲਿਖਜੋ ਹੁਕਮਨਾਮਾ ਬਿਧਿ ਸੋਈ। ਲੇ ਕਰਿ ਚਲੇ ਉਤਾਇਲ ਹੋਈ॥ ੧੭॥**

ਬੈਠਾ, ਉੱਠਿਆ ਜਿਸ ਵੇਸ ਵਿਚ ਹੋਵੇ, ਸਾਡੇ ਪਾਸ ਛੇਤੀ ਲੈ ਕੇ ਆਵੋ। ਉਸੇ ਵਿਧੀ ਅਨੁਸਾਰ ਹੁਕਮਨਾਮਾ ਲਿਖ ਦਿੱਤਾ, ਜਿਸ ਨੂੰ ਲੈ ਕੇ ਬੜੀ ਕਾਹਲੀ-ਕਾਹਲੀ ਚਲ ਪਏ॥ ੧੭॥

ਜਥਾ ਕਰਮ ਮਗ ਉਲੰਘਨ ਕਰੇ। ਦੇਸ਼ ਦੁਆਬਾ ਤਜਿ ਕਰਿ ਚਲੇ।
ਪੁਨ ਮਾਝੇ ਕੋ ਉਲੰਘਤਿ ਭਏ। ਕੇਤਿਕ ਮਜਲ ਅਗਾਰੀ ਗਏ॥ ੧੮॥

ਯਥਾਕ੍ਰਮ ਪੈਂਡਾ ਮੁਕਾਉਂਦੇ ਗਏ ਤੇ ਦੁਆਬਾ ਦੇਸ਼ ਛੱਡ ਕੇ ਅੱਗੇ ਚਲੇ ਗਏ। ਫਿਰ ਮਾਝੇ ਦੇ ਇਲਾਕੇ ਨੂੰ ਲੰਘ ਗਏ ਤੇ ਕਈ ਮੰਜ਼ਲਾਂ ਅੱਗੇ ਗਏ॥ ੧੮॥

ਪਹੁਤੇ ਜਾਇ ਹੁਤੋ ਜਹਿ ਡੇਰਾ। ਫੇਰੂ ਸਾਧ ਮਸੰਦ ਬਡੇਰਾ।
ਕਰ ਤੂੰਬੀ ਲੇਕਰਿ ਤਿਸ ਕਾਲਾ। ਜਾਤਿ ਹੁਤੋ ਉਦਿਆਨ ਬਿਸਾਲਾ॥ ੧੯॥

ਉਥੇ ਜਾ ਪਹੁੰਚੇ ਜਿੱਥੇ ਫੇਰੂ ਸਾਧ ਵੱਡੇ ਮਸੰਦ ਦਾ ਡੇਰਾ ਸੀ, ਉਸ ਸਮੇਂ ਹੱਥ ਵਿਚ ਤੂੰਬੀ ਲੈ ਕੇ, ਵੱਡੇ ਜੰਗਲ ਵਲ ਜਾ ਰਿਹਾ ਸੀ॥ ੧੯॥

ਮਾਰਗ ਬਿਖੇ ਸਿੱਖ ਮਿਲਿ ਪਰੇ। ਦਯੋ ਹੁਕਮਨਾਮਾ ਕਰਿ ਖਰੇ।
ਮਸਤਕ ਟੇਕਿ ਲਯੋ ਨਿਜ ਹਾਥ। 'ਕਹਾਂ ਲਿਖਯੋ ਕਲਗੀਧਰ ਨਾਥ?' ॥੨੦॥

ਰਾਹ ਦੇ ਵਿਚ ਹੀ ਸਿੱਖ ਮਿਲ ਗਏ, ਉਸ ਨੂੰ ਖੜਾ ਕਰਕੇ ਹੁਕਮਨਾਮਾ ਦੇ ਦਿੱਤਾ। ਉਸ ਨੇ ਮੱਥਾ ਟੇਕ ਕੇ ਹੱਥ ਵਿਚ ਹੁਕਮਨਾਮਾ ਲੈ ਲਿਆ, "ਕਲਗੀਧਰ ਸਵਾਮੀ ਜੀ ਨੇ ਕੀ ਲਿਖਿਆ ਹੈ?"॥ ੨੦॥

ਪਠਯੋ ਜਥੈ ਸੋ ਹਿਤ ਕਰਿ ਮਾਨਯੋ। ਹਾਥ ਜੋਰਿ ਤਿਨ ਸੰਗ ਬਖਾਨਯੋ।
'ਜਿਮ ਸਤਿਗੁਰ ਕੀ ਆਇਸੁ ਹੋਈ। ਸੋ ਬਿਧਿ ਕਰੀਐ ਸੰਸ ਨ ਕੋਈ' ॥੨੧॥

ਜੋ ਲਿਖ ਕੇ ਭੇਜਿਆ ਸੀ, ਉਸ ਨੂੰ ਪ੍ਰੇਮ ਨਾਲ ਮੰਨਿਆ ਤੇ ਹੱਥ ਜੋੜ ਕੇ ਉਨ੍ਹਾਂ ਨੂੰ ਕਹਿਣ ਲੱਗਾ, "ਜਿਵੇਂ ਸਤਿਗੁਰੂ ਜੀ ਦੀ ਆਗਿਆ ਹੋਈ ਹੈ, ਉਸੇ ਵਿਧੀ ਅਨੁਸਾਰ ਕਰੋ, ਇਸ ਵਿਚ ਕੋਈ ਸ਼ੰਕਾ ਨਹੀਂ ਹੈ"॥ ੨੧॥

ਤਬਿ ਸਿੱਖਨਿ ਲਖਿ ਸਾਧੁ ਮਹਾਨਾ। 'ਸੁਨਹੁ ਕਾਨ ਜਿਮ ਹੁਕਮ ਬਖਾਨਾ।
ਬੰਦਨ ਕਰਿਕੈ ਹਾਥ ਤਿਹਾਰੇ। ਸ਼ਮਸ ਹੋਇਗੀ ਹਾਥ ਹਮਾਰੇ॥ ੨੨॥

ਤਦ ਸਿੱਖਾਂ ਨੇ ਵੱਡਾ ਸਾਧੂ ਜਾਣ ਕੇ ਕਿਹਾ, "ਕੰਨ ਦੇ ਕੇ ਸੁਣੋ ਜਿਵੇਂ ਗੁਰੂ ਜੀ ਦਾ ਹੁਕਮ ਹੋਇਆ ਹੈ। ਦੋਵੇਂ ਹੱਥ ਤੁਹਾਡੇ ਬੰਨ੍ਹ ਕੇ, ਤੁਹਾਡੀ ਦਾੜ੍ਹੀ ਸਾਡੇ ਹੱਥ ਵਿਚ ਹੋਵੇਗੀ॥ ੨੨॥

ਆਨੰਦਪੁਰਿ ਲਗਿ ਲੇ ਕਰਿ ਚਲੈਂ। ਚਹੈਂ ਸੁ ਕਰੈਂ ਗੁਰੂ ਜਬਿ ਮਿਲੈਂ।
ਸੁਨਿ ਗੁਰ ਹੁਕਮ ਸਾਧ ਸ਼ੁਭ ਫੇਰੂ। ਹਾਥ ਜੋਰਿ ਬੋਲਯੋ ਤਿਸ ਬੇਰੂ॥ ੨੩॥

ਅਨੰਦਪੁਰ ਤਕ ਇਸ ਤਰ੍ਹਾਂ ਫੜ ਕੇ ਚਲਾਂਗੇ, ਚਾਹੇ ਤਾਂ ਇਸ ਤਰ੍ਹਾਂ ਗੁਰੂ ਨੂੰ ਮਿਲ ਕੇ ਕਰਾਂਗੇ।" ਇਹ ਹੁਕਮ ਸੁਣ ਕੇ ਸ਼ੁਭ ਸਾਧ ਫੇਰੂ, ਦੋਵੇਂ ਹੱਥ ਜੋੜ ਕੇ ਉਸ ਸਮੇਂ ਬੋਲਿਆ॥ ੨੩॥

'ਮੈਂ ਨਿਤ ਗੁਰ ਆਇਸੁ ਅਨੁਸਾਰੀ। ਕਰਹੁ ਤਥਾ ਪ੍ਰਭੁ ਜਥਾ ਉਚਾਰੀ।
ਮੈਂ ਨਹਿਂ ਕਿਤੇ ਪਲਾਇਨ ਹੋਵੋਂ। ਬਨਿ ਕੈਦੀ ਬਰ ਦਰਸ਼ਨ ਜੋਵੋਂ॥ ੨੪॥

"ਮੈਂ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਹਾਂ, ਉਸ ਤਰ੍ਹਾਂ ਹੀ ਕਰੋ ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ। ਮੈਂ ਭੱਜ ਕੇ ਕਿਤੇ ਨਹੀਂ ਜਾਵਾਂਗਾ, ਕੈਦੀ ਬਣ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ॥ ੨੪॥

ਮੈਂ ਬਿਰਮਯੋ ਇਤ, ਗਯੋ ਨ ਪਾਸ। ਤਜਾਗਯੋ ਧਰਮ ਧਰਹਿ ਜੋ ਦਾਸ।
ਖਤਾਵੰਦ ਮੁਹਿ ਜਾਨਿ ਸੰਭਾਰਯੋ। ਲਖਿ ਕਰਿ ਅਪਨੋ ਅਬਹਿ ਹਕਾਰਯੋ' ॥੨੫॥

ਮੈਂ ਭੁੱਲ ਗਿਆ ਹਾਂ, ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ। ਧਰਮ ਛੱਡ ਕੇ ਸੇਵਕੀ ਧਾਰਨ ਕੀਤੀ ਹੈ। ਮੈਨੂੰ ਭੁੱਲੜ ਜਾਣ ਕੇ ਸੰਭਾਲ ਲਿਆ ਹੈ ਤੇ ਆਪਣੇ ਸਮਝ ਕੇ ਹੁਣ ਪਾਸ ਬੁਲਾ ਲਿਆ ਹੈ" ॥ ੨੫॥

ਸੁਨਿ ਸਿੱਖਨ ਬਚ ਸਰਲ ਸੁਭਾਊ। ਸਾਧ ਬੇਖ ਤਨ ਛਲ ਨਹਿਂ ਕ੍ਾਊ।
ਕਹਨਿ ਲਗੇ 'ਇਮ ਕਰਹਿਂ ਨ ਕੈਸੇ। ਗਮਨਹੁ ਸੰਗ ਹਮਾਰੇ ਐਸੇ॥ ੨੬॥

ਸਿੱਖਾਂ ਨੇ ਉਸ ਦੇ ਬਚਨ ਸੁਣ ਕੇ ਬੜੇ ਸਰਲ ਸੁਭਾਅ ਵਾਲਾ ਜਾਣਿਆ। ਸਾਧ ਦਾ ਭੇਸ ਹੈ ਤੇ ਕੋਈ ਵੀ ਛਲ ਵਲ ਨਹੀਂ ਹੈ। ਫਿਰ ਉਹ ਕਹਿਣ ਲੱਗੇ, "ਅਸੀਂ ਇਸ ਤਰ੍ਹਾਂ ਕਿਵੇਂ ਵੀ ਨਹੀਂ ਕਰਾਂਗੇ, ਸਾਡੇ ਨਾਲ ਇਸ ਤਰ੍ਹਾਂ ਹੀ ਚਲੋ॥ ੨੬॥

ਜਾਨਜੋਂ ਮਾਰਗ ਦੂਰ ਘਨੇਰੋ। ਚਲਿਬੇ ਸੰਕਟ ਸਹੈ ਬਡੇਰੋ।
ਜੇ ਹਠ ਧਰਹਿਂ ਕਰਨਿ ਕਹੁ ਵੈਸੇ। ਆਨੰਦਪੁਰਿ ਢਿਗ ਚਲਿ ਕਰਿ ਤੈਸੇ॥੨੭॥

ਜਾਣਿਆ ਕਿ ਰਸਤਾ ਬੜਾ ਲੰਮਾ ਅਤੇ ਦੂਰ ਹੈ, ਚਲਣ ਲੱਗਿਆਂ ਬਹੁਤ ਦੁਖ ਪਾਵੇਗਾ। ਜੇ ਉਸ ਤਰ੍ਹਾਂ ਹੀ ਕਰਨ ਦਾ ਹੱਠ ਕਰਾਂਗੇ ਤੇ ਅਨੰਦਪੁਰ ਪਾਸ ਹੱਥ ਬੰਨ੍ਹ ਕੇ ਅਤੇ ਦਾੜ੍ਹੀ ਫੜ ਕੇ ਜਾਵਾਂਗੇ॥ ੨੭॥

ਹੋਤਿ ਕੁਟਲ ਮਤਿ ਕੂਰ ਮਸੰਦ। ਤੌ ਚਾਲਤਿ ਦੇ ਕਸ਼ਟ ਬਿਲੰਦ।
ਸਾਧ ਬੇਸ ਸਚਿਆਰ ਉਦਾਰਾ। ਦੁਖ ਦੈਬੇ ਚਿਤ ਚਹਿ ਨ ਹਮਾਰਾ॥ ੨੮॥

ਜੇ ਇਹ ਭੈੜੀ ਮੱਤ ਵਾਲਾ ਝੂਠਾ ਮਸੰਦ ਹੁੰਦਾ, ਫਿਰ ਇਸ ਨੂੰ ਵੱਡਾ ਕਸ਼ਟ ਦੇ ਕੇ ਚਲਦੇ। ਇਸ ਦਾ ਸਾਧ ਭੇਸ ਹੈ ਤੇ ਵੱਡਾ ਸਚਿਆਰਾ ਹੈ, ਇਸ ਨੂੰ ਦੁਖ ਦੇਣ ਵਾਸਤੇ ਸਾਡਾ ਚਿੱਤ ਨਹੀਂ ਚਾਹੁੰਦਾ ਹੈ" ॥ ੨੮॥

ਇਮ ਸੁਨ ਕਰਿ ਡੇਰੇ ਨਹਿਂ ਗਯੋ। ਸਿੰਘਨਿ ਸੰਗ ਵਹਿਰ ਤੇ ਭਯੋ।
ਆਨੰਦਪੁਰਿ ਮਹਿਂ ਆਨਿ ਪਹੂਚੇ। ਸ਼ਰਧਾਲੂ ਫੇਰੂ ਮਨ ਸੂਚੇ॥ ੨੯॥

ਇਸ ਤਰ੍ਹਾਂ ਸੁਣ ਕੇ ਡੇਰੇ ਨਾ ਗਿਆ, ਬਾਹਰੋਂ ਹੀ ਸਿੰਘਾਂ ਦੇ ਨਾਲ ਚਲ ਪਿਆ। ਫਿਰ ਅਨੰਦਪੁਰ ਵਿਚ ਆ ਪਹੁੰਚੇ। ਸ਼ਰਧਾਲੂ ਫੇਰੂ ਦਾ ਮਨ ਸੁੱਚਾ ਸੀ॥ ੨੯॥

ਬਾਮ ਦਾਹਿਨੇ ਦ੍ਵੈ ਸਿਖ ਹੋਏ। ਅਰਧੋ ਅਰਧ ਸ਼ਮਸ਼ ਗਹਿ ਦੋਏ।
ਪਕਰੇ ਇਮ ਹਜ਼ੂਰ ਮਹਿਂ ਗਏ। ਸਰਬ ਸਭਾ ਸਭਿ ਦੇਖਤਿ ਭਏ॥ ੩੦॥

ਖੱਬੇ-ਸੱਜੇ ਦੋ ਸਿੱਖ ਹੋ ਗਏ, ਦੋਵਾਂ ਨੇ ਅੱਧੀ-ਅੱਧੀ ਦਾੜ੍ਹੀ ਫੜ ਲਈ। ਇਸ ਤਰ੍ਹਾਂ ਦਾੜ੍ਹੀ ਫੜਿਆਂ ਹੀ ਗੁਰੂ ਜੀ ਦੀ ਹਜ਼ੂਰੀ ਵਿਚ ਚਲੇ ਗਏ। ਸਾਰੇ ਸਭਾ ਵਿਚ ਵੇਖਦੇ ਪਏ ਸਨ॥ ੩੦॥

ਹਾਥ ਬੰਦਿ ਬੰਦਨ ਕੋ ਠਾਨੀ। ਬਿਕਸਤਿ ਸਤਿਗੁਰ ਗਿਰਾ ਬਖਾਨੀ।
'ਨਹਿਂ ਮਸੰਦ ਸਮ ਇਹ ਚਿਤ ਖੋਟਾ। ਲੰਗਰ ਕਰਤਿ ਗੁਰੂ ਰਖਿ ਓਟਾ'॥ ੩੧॥

ਭਾਈ ਫੇਰੂ ਨੇ ਹੱਥ ਜੋੜ ਕੇ ਬੰਦਨਾ ਕੀਤੀ, ਸਤਿਗੁਰੂ ਜੀ ਨੇ ਵੇਖ ਕੇ ਮੁਸਕਰਾ ਕੇ ਬਚਨ ਕੀਤਾ, "ਇਹ ਹੋਰ ਮਸੰਦਾਂ ਵਾਂਗ ਦਿਲ ਦਾ ਖੋਟਾ ਨਹੀਂ ਹੈ, ਇਹ ਤਾਂ ਗੁਰੂ ਜੀ ਦੀ ਓਟ ਲੈ ਕੇ ਲੰਗਰ ਚਲਾਉਂਦਾ ਹੈ" ॥ ੩੧॥

ਸਿਰੋਪਾਉ ਛੁਟਵਾਇ, ਦਿਵਾਯੋ। ਮਨ ਪ੍ਰਸੰਨ ਹ੍ਵੈ ਬਾਕ ਅਲਾਯੋ।
'ਸ਼੍ਰੀ ਹਰਿਰਾਇ ਕਹਯੋ ਤਿਸ ਬੇਰਾ। ਮਮ ਖੀਸਾ ਖਰਚੋ ਕਰ ਤੇਰਾ॥ ੩੨॥

ਦਾੜ੍ਹੀ ਛਡਵਾ ਕੇ ਸਿਰੋਪਾ ਦਿਵਾਇਆ ਤੇ ਮਨ ਵਿਚ ਪ੍ਰਸੰਨ ਹੋ ਕੇ ਬਚਨ ਕੀਤਾ, "ਉਸ ਸਮੇਂ ਗੁਰੂ ਹਰਿਰਾਇ ਸਾਹਿਬ ਨੇ ਫੁਰਮਾਇਆ ਸੀ, ਮੇਰਾ ਖੀਸਾ ਤੇ ਹੱਥ ਤੁਹਾਡਾ ਜਿਵੇਂ ਮਰਜ਼ੀ ਖਰਚ ਕਰੋ॥ ੩੨॥

ਅਬਿ ਤੇ ਖੀਸਾ ਭੀ ਹੁਇ ਤੋਹੀ। ਕਰਹੁ ਦੇਗ਼ ਸਤਿਸੰਗਤ ਹੋਹੀ'।
ਬਨਜੋ ਦੀਨ ਫੇਰੂ ਪੁਨ ਕਹੈ। 'ਖੀਸਾ ਕਰ ਤੁਮਰੋ ਸਭਿ ਅਹੈ॥ ੩੩॥

ਹੁਣ ਤਾਂ ਖੀਸਾ ਵੀ ਤੇਰਾ ਹੀ ਹੋਵੇਗਾ, ਲੰਗਰ ਚਲਾਓ ਸਤਿਸੰਗਤ ਹੋਵੇਗਾ।" ਭਾਈ ਫੇਰੂ ਫਿਰ ਦੀਨ ਬਣ ਕੇ ਕਹਿਣ ਲੱਗਾ, "ਖੀਸਾ ਅਤੇ ਹੱਥ ਦੋਵੇਂ ਤੁਹਾਡੇ ਹੋਣਗੇ ॥ ੩੩॥

ਜੇ ਮੇਰੋ ਅਵਗੁਨ ਕੁਛ ਪਾਵਹੁ। ਸੁਾਮੀ ਹੁਇ ਸਜ਼ਾਇ ਫੁਰਮਾਵਹੁ।
ਇਸੀ ਰੀਤਿ ਅਘ ਓਘ ਮਿਟਾਇ। ਬਖਸ਼ਹੁ ਲੀਜੈ ਚਰਨ ਮਿਲਾਇ॥ ੩੪॥

ਜੇ ਮੇਰੇ ਵਿਚ ਕੋਈ ਔਗੁਣ ਪਾਵੇ ਤੇ ਸਵਾਮੀ ਹੋ ਕੇ ਸਜ਼ਾ ਫੁਰਮਾਵੋ। ਐਸੀ ਰੀਤ ਪਾਪ ਅਤੇ ਦੁਖ ਮਿਟਾ ਕੇ ਆਪਣੇ ਚਰਨਾਂ ਨਾਲ ਮਿਲਾ ਕੇ ਬਖਸ਼ ਲਵੋ॥ ੩੪॥

ਹੇ ਪ੍ਰਭੁ! ਖੋਟੇ ਖਰੇ ਤੁਮਾਰੇ। ਦਾਸ ਸਦਾ ਹੈਂ ਅਵਗੁਨਿਆਰੇ'।
ਏਕ ਮਸੰਦ ਕੰਬੋਯਨਿ ਕੇਰਾ। ਗਹਿ ਕਰਿ ਤਹਿਂ ਆਨਜੋ ਤਿਸ ਬੇਰਾ॥ ੩੫॥

ਹੇ ਪ੍ਰਭੂ! ਖੋਟੇ ਖਰੇ ਸਭ ਤੁਹਾਡੇ ਹਨ, ਦਾਸ ਸਦਾ ਹੀ ਔਗੁਣਹਾਰੇ ਹੁੰਦੇ ਹਨ। ਇਕ ਕੰਬੋਆਂ ਦਾ ਮਸੰਦ ਸੀ, ਉਸ ਸਮੇਂ ਉਸ ਨੂੰ ਫੜ ਕੇ ਲਿਆਏ॥ ੩੫॥

ਪ੍ਰਭੁ ਜਬਿ ਬੂਝਜੋ 'ਕੋ ਤੂੰ ਅਹੈਂ?'। 'ਮੈਂ ਮਸੰਦ ਨਹਿਂ' ਤ੍ਰਾਸਤਿ ਕਹੈ।
ਇਨ ਆਗੇ ਅਰਪਤਿ ਧਨ ਰਹਜੋ। ਮੈਂ ਏਕਲ ਹ੍ਵੈ ਕਿਤਹੂੰ ਨ ਲਹਜੋ॥ ੩੬॥

ਜਦ ਸਤਿਗੁਰੂ ਜੀ ਨੇ ਪੁੱਛਿਆ, "ਤੂੰ ਕੌਣ ਹੈਂ?" ਤਾਂ ਉਹ ਡਰ ਕੇ ਕਹਿਣ ਲੱਗਾ, "ਮੈਂ ਮਸੰਦ ਨਹੀਂ।" ਭਾਈ ਫੇਰੂ ਜੀ ਅੱਗੇ ਧਨ ਅਰਪਣ ਕਰਦਾ ਰਿਹਾ ਹਾਂ, ਮੈਂ ਇਕੱਲੇ ਹੋ ਕੇ ਕਿਸੇ ਪਾਸੋਂ ਵੀ ਧਨ ਨਹੀਂ ਲਿਆ ਹੈ॥ ੩੬॥

ਰਾਊ ਨਾਮ ਕਹਤਿ ਹੈਂ ਮੇਰੋ। ਲੰਗਰ ਕਰਤਿ ਨਾਮ ਪ੍ਰਭੁ ਤੇਰੋ।
ਸੰਗਤ ਜੋ ਕੰਬੋਅਨਿ ਕੇਰੀ। ਮੈਂ ਉਗਰਾਹਤਿ ਕਾਰ ਘਨੇਰੀ॥ ੩੭॥

ਰਾਊ ਮੇਰਾ ਨਾਂ ਕਹਿੰਦੇ ਹਨ, ਮੈਂ ਆਪ ਜੀ ਦੇ ਨਾਮ 'ਤੇ ਲੰਗਰ ਚਲਾਉਂਦਾ ਹਾਂ। ਜਿਹੜੀ ਕੰਬੋਆਂ ਦੀ ਸੰਗਤ ਹੈ, ਉਨ੍ਹਾਂ ਪਾਸੋਂ ਮੈਂ ਬਹੁਤ ਕਾਰ ਭੇਟ ਉਗਰਾਹੁੰਦਾ ਹਾਂ॥ ੩੭॥

ਹੈ ਦਿਪਾਲ ਪੁਰਿ ਮੇਰੋ ਬਾਸਾ। ਰਾਵਰਿ ਆਸ ਸਦਾ ਭਰਵਾਸਾ'।
ਸੁਨਿ ਸਤਿਗੁਰ ਫੇਰੂ ਦਿਸ਼ਿ ਲਹਜੋ। 'ਹੈ ਪ੍ਰਭੁ ਇਸੀ ਰੀਤਿ ਜਿਮ ਕਹਜੋ' ॥੩੮॥

ਮੇਰਾ ਦਿਪਾਲਪੁਰ ਵਿਚ ਵਾਸਾ ਹੈ, ਆਪ ਜੀ ਦੀ ਆਸ ਤੇ ਸਦਾ ਭਰਵਾਸਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਭਾਈ ਫੇਰੂ ਵਲ ਵੇਖਿਆ ਤਾਂ ਉਸ ਨੇ ਕਿਹਾ, "ਹੇ ਪ੍ਰਭੂ ਜੀ! ਉਸ ਤਰ੍ਹਾਂ ਹੀ ਹੈ, ਜਿਵੇਂ ਇਹ ਕਹਿੰਦਾ ਹੈ" ॥ ੩੮॥

ਕੋਟ ਕਮਾਲਿਯ ਜੋਧ ਮਸੰਦ। ਸੋ ਆਨਜੋ ਸਿੰਘਨ ਕਰ ਬੰਧਿ।
ਬੂਝਜੋ ਤਿਸ ਕੋ ਪਿਖਤਿ ਗੁਸਾਈਂ। 'ਕੋ ਹੈਂ ਤੂੰ ਕਿਸ ਨਗਰ ਬਸਾਈ?' ॥ ੩੯॥

ਕੋਟ ਕਮਾਲ ਵਿਖੇ ਇਕ ਜੋਧ ਨਾਮ ਦਾ ਮਸੰਦ ਸੀ, ਉਸ ਨੂੰ ਵੀ ਸਿੱਖ ਬੰਨ੍ਹ ਕੇ ਲਿਆਏ। ਗੁਰੂ ਜੀ ਨੇ ਉਸ ਵਲ ਵੇਖ ਕੇ ਪੁੱਛਿਆ, "ਤੂੰ ਕੌਣ ਹੈਂ ਤੇ ਕਿਸ ਨਗਰ ਵਿਚ ਵਸਦਾ ਹੈਂ" ?॥ ੩੯॥

ਤ੍ਰਾਸ ਪਾਇ ਤਿਨ ਜੋਰੇ ਹਾਥ। 'ਨਾਮ ਮੋਹਿ ਜੁਹਦੀ ਕਹਿਂ, ਨਾਥ!।
ਜ਼ੁਹਦ ਕਰੋਂ ਮੈਂ ਦੇਗ ਅਚਾਵੋਂ। ਯਾਂਤੇ ਜ਼ੁਹਦੀ ਨਾਮ ਕਹਾਵੋਂ॥ ੪੦॥

ਡਰ ਮੰਨ ਕੇ ਉਸ ਹੱਥ ਜੋੜੇ, "ਹੇ ਸਵਾਮੀ ਜੀ! ਮੇਰਾ ਨਾਮ ਜੁਹਦੀ ਕਹਿੰਦੇ ਹਨ। ਬੰਦਗੀ ਕਰਦਾ ਹਾਂ ਤੇ ਲੰਗਰ ਛਕਾਉਂਦਾ ਹਾਂ, ਇਸ ਕਰਕੇ ਜੁਹਦੀ ਨਾਮ ਪਿਆ ਹੈ" ॥ ੪੦ ॥

ਪਿਖਿ ਫੇਰੂ ਦਿਸ਼ਿ ਸੋ ਭਿ ਛੁਟਾਯੋ। ਛੁਟਤਿ ਨਮੋ ਕਰਿ ਕਰਿ ਹਰਖਾਯੋ।
ਇਕ ਮਸੰਦ ਜਗਤਾ ਜਿਸ ਨਾਮੂ। ਲਵਪੁਰਿ ਆਦਿਕ ਸਿੱਖ ਜਿ ਧਾਮੂ ॥ ੪੧ ॥

ਭਾਈ ਫੇਰੂ ਵਲ ਵੇਖ ਕੇ ਉਸ ਨੂੰ ਵੀ ਛੁਡਵਾ ਦਿੱਤਾ, ਛੁਟਕਾਰਾ ਪਾ ਕੇ ਨਮਸਕਾਰ ਕਰਕੇ ਬੜਾ ਪ੍ਰਸੰਨ ਹੋਇਆ। ਇਕ ਮਸੰਦ ਜਿਸ ਦਾ ਨਾਮ ਭਗਤਾ ਸੀ। ਲਾਹੌਰ ਆਦਿ ਜਿਨ੍ਹਾਂ ਸਿੱਖਾਂ ਦੇ ਘਰ ਸਨ ॥ ੪੧ ॥

ਤਿਨ ਤੇ ਉਗਰਾਹਤਿ ਗੁਰ ਕਾਰ। ਸੋ ਗਹਿ ਕਰਿ ਆਨਯੋ ਦਰਬਾਰ।
ਬੂਝੇ ਤੇ ਹੁਇ ਦੀਨ ਉਚਾਰਾ। 'ਹੇ ਪ੍ਰਭੁ ਲੇ ਕਰਿ ਨਾਮ ਤੁਮਾਰਾ ॥ ੪੨ ॥

ਉਨ੍ਹਾਂ ਪਾਸੋਂ ਉਹ ਗੁਰੂ ਜੀ ਦੀ ਕਾਰ ਭੇਟ ਉਗਰਾਹੁੰਦਾ ਸੀ। ਉਸ ਨੂੰ ਵੀ ਦਰਬਾਰ ਵਿਚ ਫੜ ਕੇ ਲਿਆਏ। ਗੁਰੂ ਜੀ ਦੇ ਪੁੱਛਣ ਤੇ ਉਸ ਦੀਨ ਬਣ ਕੇ ਕਿਹਾ, "ਹੇ ਪ੍ਰਭੂ ਜੀ! ਤੁਹਾਡਾ ਨਾਮ ਲੈ ਕੇ ॥ ੪੨ ॥

ਮਾਂਗਿ ਮਾਂਗਿ ਗੁਜ਼ਰਾਨ ਚਲਾਵੌਂ। ਨਹਿਂ ਮਸੰਦ ਮੈਂ, ਨਾਮ ਕਹਾਵੌਂ।
ਬਿੱਪ੍ਰ ਜਾਤਿ ਮੇਰੀ ਸਭਿ ਜਾਨੈਂ। ਨਾਮ ਗੁਰੂ ਲੇਬੇ ਮੁਝ ਮਾਨੈਂ ॥ ੪੩ ॥

ਮੰਗ-ਮੰਗ ਕੇ ਗੁਜ਼ਾਰਾ ਕਰਦਾ ਹਾਂ, ਮੈਂ ਮਸੰਦ ਨਹੀਂ ਤੇ ਨਾ ਹੀ ਮਸੰਦ ਨਾਮ ਕਹਾਉਂਦਾ ਹਾਂ। ਮੇਰੀ ਬ੍ਰਾਹਮਣ ਜਾਤੀ ਹੈ ਸਭ ਜਾਣਦੇ ਹਨ, ਮੈਨੂੰ ਸਾਰੇ ਗੁਰੂ ਦਾ ਨਾਮ ਲੇਵਾ ਮੰਨਦੇ ਹਨ" ॥ ੪੩ ॥

ਕ੍ਰਿਪਾਨਿਧਾਨ ਸੁਨਤਿ ਮੁਚਵਾਏ। ਸਭਿ ਫੇਰੂ ਕੇ ਸੰਗ ਮਿਲਾਏ।
ਇਤਨੇ ਮਹਿਂ ਫਕੀਰ ਮਿਲਿ ਚਾਰ। ਆਏ ਜਹਾਂ ਲਗਯੋ ਦਰਬਾਰੁ ॥ ੪੪ ॥

ਗੁਰੂ ਜੀ ਨੇ ਇਹ ਸੁਣ ਕੇ ਉਸ ਨੂੰ ਛੁਡਵਾ ਦਿੱਤਾ ਤੇ ਸਾਰਿਆਂ ਨੂੰ ਫੇਰੂ ਦੇ ਨਾਲ ਮਿਲਾ ਦਿੱਤਾ। ਏਨੇ ਵਿਚ ਚਾਰ ਫਕੀਰ ਮਿਲ ਕੇ ਉਥੇ ਆਏ ਜਿੱਥੇ ਗੁਰੂ ਜੀ ਦਾ ਦਰਬਾਰ ਲੱਗਾ ਸੀ ॥ ੪੪ ॥

ਫੇਰੂ ਕੇ ਚੇਲੇ ਸੁਨਿ ਪਾਛੇ। ਪਹੁੰਚੇ ਲੇ ਅਕੋਰ ਕੋ ਆਛੇ।
ਚਰਨ ਦਾਸ, ਬਿੰਦ੍ਰਾਬਨ ਦੋਇ। ਖਾਨਸ਼ਾਹਿ, ਅਰੁ ਚੂਖਾ ਸੋਇ ॥ ੪੫ ॥

ਭਾਈ ਫੇਰੂ ਜੀ ਦੇ ਅਨੰਦਪੁਰ ਆਉਣ ਤੋਂ ਪਿੱਛੋਂ, ਉਨ੍ਹਾਂ ਦੇ ਚਾਰ ਚੇਲੇ ਚੰਗੇ ਉਪਹਾਰ ਲੈ ਕੇ ਪਹੁੰਚ ਗਏ। ਚਰਨ ਦਾਸ, ਬ੍ਰਿੰਦਬਨ ਦੋਵੇਂ ਅਤੇ ਖਾਨਸ਼ਾਹ ਅਤੇ ਚੂਖਾ ਚਾਰੇ ਚਲ ਕੇ ਆਏ ॥ ੪੫ ॥

ਬੜਵਾ ਚਪਲ 'ਸੁਹੇਲੀ' ਨਾਮ। ਖਰੀ ਕਰੀ ਆਗੈ ਅਭਿਰਾਮ।
ਅਪਰ ਵਸਤੁ ਸਭਿ ਆਗੈ ਧਰੀ। ਸ਼੍ਰੀ ਸਤਿਗੁਰ ਕੋ ਅਰਪਨ ਕਰੀ ॥ ੪੬ ॥

ਚੰਚਲ ਘੋੜੀ ਜਿਸ ਦਾ ਸੁਹੇਲੀ ਨਾਮ ਸੀ, ਉਸ ਮਨੋਹਰ ਘੋੜੀ ਨੂੰ ਗੁਰੂ ਜੀ ਅੱਗੇ ਖੜਾ ਕਰ ਦਿੱਤਾ। ਹੋਰ ਵਸਤਾਂ ਸਭ ਗੁਰੂ ਜੀ ਦੇ ਅੱਗੇ ਧਰੀਆਂ ਤੇ ਸ੍ਰੀ ਸਤਿਗੁਰੂ ਜੀ ਨੂੰ ਅਰਪਣ ਕਰ ਦਿੱਤੀਆਂ ॥ ੪੬ ॥

ਪੋਤਾ ਚੇਲਾ ਨਾਮ ਸੁ 'ਮਾਲੀ'। ਜਗਤ, ਭਗਤ ਦੋਨਹੁਂ ਲੇ ਨਾਲੀ।
ਆਇ ਗੁਰੂ ਕੋ ਬੰਦਨ ਕੀਨਿ। ਤਿਹ ਛਿਨ ਸਕਲ ਬਖਸ਼ ਕਰਿ ਦੀਨਿ ॥ ੪੭ ॥

ਭਾਈ ਫੇਰੂ ਜੀ ਦੇ ਚੇਲੇ ਦਾ ਚੇਲਾ, ਜਿਸ ਦਾ ਨਾਮ 'ਮਾਲੀ' ਸੀ, ਉਹ ਜਗਤਾ ਤੇ ਭਗਤਾ ਦੋਵਾਂ ਨੂੰ ਨਾਲ ਲੈ ਕੇ ਆਇਆ। ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਉਸ ਸਮੇਂ ਸਾਰਿਆਂ ਨੂੰ ਬਖਸ਼ ਦਿੱਤਾ ॥ ੪੭ ॥

ਡੇਰਾ ਕਰਜੋ ਉਤਰਿਬੇ ਥਾਨ। ਹੋਤਿ ਭਈ ਗੁਰ ਖੁਸ਼ੀ ਮਹਾਨ।
ਇਮ ਮਸੰਦ ਹੋਏ ਬਡ ਦੀਨ। ਲਘੁ ਅਪਰਾਧ ਜਿਨਹੁ ਮੈਂ ਚੀਨ॥ ੪੮॥

ਉਥੇ ਡੇਰਾ ਕਰਕੇ ਉਤਾਰਾ ਕੀਤਾ ਤੇ ਗੁਰੂ ਜੀ ਦੀ ਮਹਾਨ ਖੁਸ਼ੀ ਪ੍ਰਾਪਤ ਕੀਤੀ। ਇਸ ਤਰ੍ਹਾਂ ਮਸੰਦ ਬਹੁਤ ਦੀਨ ਹੋ ਗਏ। ਜਿਨ੍ਹਾਂ ਵਿਚ ਬਹੁਤ ਛੋਟਾ ਅਪਰਾਧ ਜਾਣਿਆ॥ ੪੮॥

ਤਜਾਗ ਦਏ, ਬੰਧੇ ਨਹਿੰ ਮਾਰੇ। ਲਈ ਨ ਸੰਗਤਿ ਕਾਰ ਅਗਾਰੇ।
ਇਕ ਸਾਲੋ ਕੀ ਲਖਿ ਬਡਿਆਈ। ਰਾਮਦਾਸ ਗੁਰ ਸੇਵ ਕਮਾਈ॥ ੪੯॥

ਉਨ੍ਹਾਂ ਨੂੰ ਛੱਡ ਦਿੱਤਾ, ਉਨ੍ਹਾਂ ਨੂੰ ਨਾ ਹੀ ਬੰਨ੍ਹਿਆ ਅਤੇ ਨਾ ਹੀ ਮਾਰਿਆ। ਉਨ੍ਹਾਂ ਫਿਰ ਸੰਗਤ ਪਾਸੋਂ ਕਾਰ ਭੇਟ ਨਾ ਲਈ। ਇਕ ਭਾਈ ਸਾਲੋ ਦੀ ਵਡਿਆਈ ਵੇਖ ਕੇ ਜਿਨ੍ਹਾਂ ਗੁਰੂ ਰਾਮਦਾਸ ਦੀ ਸੇਵਾ ਕਮਾਈ ਸੀ॥ ੪੯॥

ਦੁਨੀਚੰਦ ਤਿਸ ਪੋਤਾ ਜਾਨਜੋ। ਹਤਜੋ ਨ ਸੋ, ਬੰਧਜੋਂ ਨਹਿੰ ਆਨਜੋਂ।
ਸ੍ਰੀ ਅੰਮ੍ਰਿਤਸਰ ਬਾਸ ਸਦਾਈ। ਕਾਰ ਲੇਤਿ ਮਾਝੇ ਸਮੁਦਾਈ॥ ੫੦॥

ਦੁਨੀ ਚੰਦ ਨੂੰ ਭਾਈ ਸਾਲੋ ਦਾ ਪੋਤਾ ਜਾਣਿਆ, ਉਸ ਨੂੰ ਨਾ ਮਾਰਿਆ ਅਤੇ ਨਾ ਹੀ ਬੰਨ੍ਹ ਕੇ ਲਿਆਂਦਾ। ਉਹ ਸਦਾ ਅੰਮ੍ਰਿਤਸਰ ਵਿਚ ਰਹਿੰਦਾ ਸੀ ਤੇ ਸਾਰੇ ਮਾਝੇ ਤੋਂ ਕਾਰ ਭੇਟ ਲੈਂਦਾ ਸੀ॥ ੫੦॥

ਨੰਦ ਚੰਦ ਸੰਘਰ ਮੈਂ ਜੋਧਾ। ਲਰਜੋ ਰਿਪੁਨ ਸੋਂ ਧਰਿ ਧਰਿ ਕ੍ਰੋਧਾ।
ਰਾਖ ਨਿਕਟਿ ਸੋ ਨਾਂਹਿ ਨ ਮਾਰਾ। ਤਉ ਤਿਸੁ ਭਾਵੀ ਪਕਰ ਸੰਘਾਰਾ॥ ੫੧॥

ਨੰਦ ਚੰਦ ਯੁੱਧ ਦਾ ਵੱਡਾ ਯੋਧਾ ਸੀ, ਉਹ ਬੜਾ ਕ੍ਰੋਧ ਧਾਰ-ਧਾਰ ਵੈਰੀਆਂ ਨਾਲ ਲੜਿਆ ਸੀ। ਉਸ ਨੂੰ ਪਾਸ ਰੱਖ ਲਿਆ, ਮਾਰਿਆ ਨਹੀਂ, ਫਿਰ ਵੀ ਹੋਣੀ ਨੇ ਉਸ ਨੂੰ ਫੜ ਕੇ ਮਾਰ ਦਿੱਤਾ॥ ੫੧॥

ਯੋਂ ਜਰ ਗਈ ਮਸੰਦਨ ਕੇਰੀ। ਜਿਨਹੁ ਸਕੇਲੀ ਕਾਰ ਘਨੇਰੀ।
ਸਿਖ ਸੰਗਤਿ ਪੰਕਤਿ ਦੁਖ ਦਾਨੀ। ਗੁਰ ਗੋਬਿੰਦ ਸਿੰਘ ਕੀਨੇ ਹਾਨੀ॥ ੫੨॥

ਇਸ ਤਰ੍ਹਾਂ ਮਸੰਦਾਂ ਦੀ ਜੜ੍ਹ ਜਾਂਦੀ ਰਹੀ, ਜਿਨ੍ਹਾਂ ਨੇ ਬਹੁਤ ਕਾਰ ਭੇਟ ਇਕੱਠੀ ਕੀਤੀ ਹੋਈ ਸੀ। ਸਿੱਖ ਸੰਗਤ ਨੂੰ ਦੁਖ ਦੇਣ ਵਾਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਖਤਮ ਕਰ ਦਿੱਤਾ॥ ੫੨॥

*ਤੀਸਰੀ ਰੁੱਤ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

## *ਅਧਿਆਇ ਇਕੱਤੀਵਾਂ*

*ਨੰਦ ਚੰਦ ਸ੍ਰੀ ਗੁਰੂ ਗ੍ਰੰਥ ਜੀ ਲੈ ਕੇ ਨੱਸਿਆ*

*ਦੋਹਰਾ-* ਨੰਦ ਚੰਦ ਕੀ ਬਾਰਤਾ ਸੁਨੀਅਹਿ ਭਯੋ ਬਿਨਾਸ।
ਰਾਖੇ ਭੀ ਸੋ ਨਾ ਰਹੇ ਭਾਵੀ ਭਈ ਪ੍ਰਕਾਸ਼॥ ੧॥

ਹਣ ਦਿਵਾਨ ਨੰਦ ਚੰਦ ਦੀ ਵਾਰਤਾ ਸੁਣੋ, ਜਿਵੇਂ ਉਹ ਮਾਰਿਆ ਗਿਆ। ਰੱਖਣ ਨਾਲ ਵੀ ਉਹ ਨਾ ਰੱਖਿਆ ਗਿਆ ਐਸੀ ਕਾਦੀ ਪਗਟ ਹੋਈ॥ ੧॥

Sri Satguru Jagjit Singh Ji eLlibrary NamdhariElibrary@gmail.com

*ਨੋਟ : ਦਿਵਾਨ ਨੰਦ ਚੰਦ ਡਰੋਲੀ ਦੇ ਮਸੰਦ ਉਮਰਾ ਸ਼ਾਹ ਦਾ ਪੋਤਰਾ ਸੀ। ਉਹ ਗੁਰੂ ਸੈਨਾ ਦਾ ਸੈਨਾਪਤੀ ਅਤੇ ਦਿਵਾਨ ਸੀ, ਇਹ ਭੰਗਾਣੀ ਦੇ ਯੁੱਧ ਵਿਚ ਬੜੀ ਵੀਰਤਾ ਨਾਲ ਲੜਿਆ ਸੀ। ਗੁਰੂ ਜੀ ਉਸਨੂੰ ਬਚਾਉਣਾ ਚਾਹੁੰਦੇ ਸੀ, ਪਰ ਭਾਵੀ ਨੇ ਉਸ ਨੂੰ ਮਾਰ ਦਿੱਤਾ। ਇਸ ਪ੍ਰਕਾਰ ਮਸੰਦਾਂ ਦੀ ਜੜ੍ਹ ਹੀ ਖਤਮ ਹੋ ਗਈ।*

ਚੌਪਈ- ਹੁਤੇ ਉਦਾਸੀ ਸਾਧ ਸੁਜਾਨਾ। ਲਿਖਯੋ ਗ੍ਰੰਥ ਸਾਹਿਬ ਨਿਜ ਪਾਨਾ।
ਪੂਰਨ ਕਰਿ ਅਨੰਦਪੁਰਿ ਆਏ। ਇਕ ਤੌ ਦਰਸ਼ਨ ਚਾਉ ਬ੍ਰਿਧਾਏ ॥੨॥

ਇਕ ਬੜਾ ਚਤੁਰ ਉਦਾਸੀ ਸਾਧੂ ਸੀ, ਉਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਹੱਥ ਨਾਲ ਲਿਖਿਆ। ਉਹ ਪੂਰਨ ਕਰਕੇ ਅਨੰਦਪੁਰ ਆਇਆ। ਇਕ ਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਚਾਹਤ ਬਹੁਤ ਵਧਾਈ॥ ੨॥

ਦੁਤੀਏ ਅੱਖਰ ਸਤਿਗੁਰ ਕਰ ਕੇ। ਲਿਖਵੈਹੈਂ ਢਿਗ ਬਿਨਤੀ ਕਰਿਕੇ।
ਨੰਦ ਚੰਦ ਕੋ ਮਿਲੇ ਸੁ ਆਇ। ਨਿਜ ਕਾਰਜ ਕੋ ਦਯੋ ਸੁਨਾਇ॥ ੩॥

ਦੂਸਰਾ ਸੋਚਿਆ ਕਿ ਸਤਿਗੁਰੂ ਜੀ ਪਾਸ ਬੇਨਤੀ ਕਰਕੇ ਦਸਖਤ ਲਿਖਵਾਵਾਂਗਾ। ਉਹ ਆ ਕੇ ਨੰਦ ਚੰਦ ਨੂੰ ਮਿਲਿਆ ਤੇ ਆਪਣੇ ਕਾਰਜ ਬਾਰੇ ਸੁਣਾ ਦਿੱਤਾ॥ ੩॥

'ਲਿਖਯੋ ਗ੍ਰੰਥ ਸਾਹਿਬ ਹਮ ਆਛੇ। ਦਸਖਤ ਪ੍ਰਭੁ ਕੇ ਇਸ ਮਹਿਂ ਬਾਂਛੇ।
ਹਮ ਤੇ ਕਹਯੋ ਜਾਇ ਕਿਮ ਨਾਂਹੀ। ਤੁਮ ਕਹੀਅਹਿ ਰਹਤੈ ਨਿਤ ਪਾਹੀ' ॥੪॥

"ਅਸੀਂ ਇਹ ਗ੍ਰੰਥ ਸਾਹਿਬ ਚੰਗੀ ਤਰ੍ਹਾਂ ਲਿਖਿਆ ਹੈ, ਇਸ ਉੱਤੇ ਗੁਰੂ ਜੀ ਦੇ ਦਸਖਤ ਕਰਵਾਉਣਾ ਚਾਹੁੰਦਾ ਹਾਂ। ਸਾਡੇ ਪਾਸੋਂ ਕਿਸੇ ਤਰ੍ਹਾਂ ਕਿਹਾ ਨਹੀਂ ਜਾਵੇਗਾ, ਤੁਸੀਂ ਕਹਿ ਦੇਵੋ, ਕਿਉਂਕਿ ਤੁਸੀਂ ਸਦਾ ਉਨ੍ਹਾਂ ਦੇ ਪਾਸ ਰਹਿੰਦੇ ਹੋ"॥ ੪॥

ਨੰਦ ਚੰਦ ਸੋ ਗ੍ਰੰਥ ਮੰਗਾਯੋ। ਸੁੰਦਰ ਲਿਖਤ ਦੇਖ ਬਿਰਮਾਯੋ।
ਆਪ ਰਖਨਿ ਕੋ ਇੱਛਾ ਠਾਨੀ। ਸਾਧਨਿ ਸੰਗ ਭਨੀ ਪੁਨ ਬਾਨੀ॥ ੫॥

ਨੰਦ ਚੰਦ ਨੇ ਉਹ ਗ੍ਰੰਥ ਮੰਗਵਾਇਆ, ਸੁੰਦਰ ਲਿਖਾਈ ਵੇਖ ਕੇ ਹੈਰਾਨ ਰਹਿ ਗਿਆ। ਆਪਣੇ ਪਾਸ ਰੱਖਣ ਦੀ ਇੱਛਾ ਧਾਰਨ ਕੀਤੀ, ਫਿਰ ਉਸ ਸਾਧੂ ਨੂੰ ਇਸ ਤਰ੍ਹਾਂ ਕਿਹਾ॥ ੫॥

'ਬੈਠਹੁ ਤੁਮ ਨਿਚਿੰਤ ਪੁਰਿ ਬਾਸੋ। ਜਬਿ ਗੁਰ ਢਿਗ ਦੇਖਹੁ ਅਵਿਕਾਸ਼ੋ।
ਬਿਨੈ ਭਨਹੁ ਮੈਂ ਦਿਉਂ ਲਿਖਵਾਇ। ਦੇਰ ਲਗਹਿ ਕਾਰਜ ਹੁਇ ਜਾਇ' ॥੬॥

"ਤੁਸੀਂ ਬੈਠੋ ਤੇ ਨਿਸ਼ਚਿੰਤ ਹੋ ਕੇ ਨਗਰ ਵਿਚ ਰਹੋ, ਜਦ ਗੁਰੂ ਜੀ ਪਾਸ ਸਮਾਂ ਵੇਖਾਂਗਾ ਤਾਂ ਉਨ੍ਹਾਂ ਪਾਸ ਬੇਨਤੀ ਕਰਕੇ ਦਸਤਖਤ ਕਰਵਾ ਦੇਵਾਂਗਾ, ਦੇਰ ਲਗੇਗੀ, ਪਰ ਕਾਰਜ ਹੋ ਜਾਵੇਗਾ"॥ ੬॥

ਇਮ ਸੁਨਿ ਸਾਧ ਗ੍ਰੰਥ ਤਿਸ ਦੀਨਿ। 'ਦਸਖਤ ਕਰਿਵੈ ਹੈ', ਚਿਤ ਚੀਨ।
ਬੀਤਯੋ ਮਾਸ ਸਾਧ ਨਿਤ ਆਵੈ। ਨਿਜ ਕਾਰਜ ਸਿਮਰਨਿ ਕਰਿਵਾਵੈ॥੭॥

ਇਸ ਤਰ੍ਹਾਂ ਸੁਣ ਕੇ ਸਾਧੂ ਨੇ ਉਸ ਨੂੰ ਗ੍ਰੰਥ ਦੇ ਦਿੱਤਾ। ਆਪਣੇ ਚਿੱਤ ਵਿਚ ਸਮਝਦਾ ਸੀ ਕਿ ਦਸਤਖਤ ਕਰਵਾ ਲੈਣਗੇ। ਇਕ ਮਹੀਨਾ ਬੀਤ ਗਿਆ, ਸਾਧੂ ਨਿੱਤ ਆਉਂਦਾ ਸੀ ਤੇ ਆਪਣੇ ਕੰਮ ਬਾਰੇ ਯਾਦ ਕਰਵਾਉਂਦਾ ਸੀ॥ ੭॥

ਫੋਕੇ ਬਾਕ ਤਿਨਹੁ ਸੰਗ ਕਹੇ। 'ਨਹਿਂ ਅਵਕਾਸ਼ ਮੋਹਿ ਕੌ ਲਹੇ।
ਧਰਹੁ ਧੀਰ ਮੈਂ ਦਿਉਂ ਲਿਖਵਾਇ। ਜਬਹਿ ਬਿਲੋਕਹੁਂ ਦਯਾਲ ਸੁਭਾਇ॥੮॥

ਨੰਦ ਚੰਦ ਉਸ ਨੂੰ ਫੋਕੀਆਂ ਗੱਲਾਂ ਹੀ ਸੁਣਾ ਛੱਡਦਾ ਸੀ, ਕਹਿੰਦਾ ਸੀ, "ਮੈਨੂੰ ਮੌਕਾ ਹੀ ਨਹੀਂ ਮਿਲਿਆ ਹੈ, ਤੁਸੀਂ ਧੀਰਜ ਧਾਰਨ ਕਰੋ, ਮੈਂ ਦਸਤਖਤ ਕਰਵਾ ਦੇਵਾਂਗਾ, ਜਦ ਗੁਰ ਜੀ ਦਾ ਦਿਆਲ ਸੁਭਾਅ ਵੇਖਾਂਗਾ॥ ੮॥

ਦਿਨ ਦੁਇ ਚਾਰ ਦੇਖੀਐ ਔਰ। 'ਲਿਖੈਂ ਬਚਨ ਸੋਢੀ ਸਿਰ ਮੌਰ'।
ਸੁਨਿ ਕਰਿ ਸਾਧ ਗਏ ਨਿਜ ਡੇਰੇ। ਕੇਤਿਕ ਦਿਨ ਬਿਤਾਇਗੇ ਫੇਰੇ॥ ੯॥

ਦੋ ਚਾਰ ਦਿਨ ਹੋਰ ਵੇਖੋ, ਸੋਢੀ ਸਿਰਮੌੜ, ਉਸ ਉੱਤੇ ਆਪਣੇ ਬਚਨ ਲਿਖ ਦੇਣਗੇ।" ਇਹ ਸੁਣ ਕੇ ਸਾਧੂ ਆਪਣੇ ਡੇਰੇ ਚਲਾ ਗਿਆ, ਕਈ ਦਿਨ ਫਿਰ ਬਤੀਤ ਕੀਤੇ॥ ੯॥

ਆਲਾ ਟਾਲਾ ਕਰਿ ਪੁਨ ਮੋਰੇ। ਇਸ ਪ੍ਰਕਾਰ ਦਿਨ ਬਿਤੇ ਨ ਥੋਰੇ।
ਅਵਤਿ ਜਾਤੇ ਖਸ਼ਟ ਮਹੀਨੇ। ਕਰੇ ਬਿਤਾਵਨਿ ਗ੍ਰੰਥ ਨ ਦੀਨੇ॥ ੧੦॥

ਆਲਾ ਟਾਲਾ ਕਰਕੇ ਫਿਰ ਮੋੜ ਦਿੱਤੇ, ਇਸ ਪ੍ਰਕਾਰ ਕੋਈ ਥੋੜ੍ਹੇ ਦਿਨ ਨਾ ਬੀਤੇ, ਭਾਵ ਬਹੁਤ ਸਮਾਂ ਲੰਘ ਗਿਆ। ਆਉਂਦਿਆਂ ਜਾਂਦਿਆਂ ਛੇ ਮਹੀਨੇ ਲੰਘ ਗਏ, ਪਰ ਗ੍ਰੰਥ ਨਾ ਦਿੱਤਾ॥ ੧੦॥

ਆਜ ਕਾਲ ਕੋ ਦੇਤਿ ਬਤਾਈ। ਸ੍ਰੀ ਗੁਰ ਤੇ ਨਹਿੰ ਸਹੀ ਪਵਾਈ।
ਰਾਖੋਂ ਗ੍ਰੰਥ ਪਾਸ ਮੈਂ ਅਪਨੇ। ਸਾਧਨ ਕੋ ਨਹਿੰ ਦੇਵਹੁਂ ਸੁਪਨੇ॥ ੧੧॥

ਅੱਜ ਕਲ੍ਹ ਉਨ੍ਹਾਂ ਨੂੰ ਦੱਸ ਦਿੰਦਾ ਸੀ, ਪਰ ਉਸ ਨੇ ਗੁਰੂ ਜੀ ਪਾਸੋਂ ਉਸ ਗ੍ਰੰਥ ਉੱਤੇ ਦਸਤਖ਼ਤ ਨਾ ਕਰਵਾਏ। ਮੈਂ ਇਹ ਗ੍ਰੰਥ ਆਪਣੇ ਪਾਸ ਰੱਖਾਂਗਾ ਤੇ ਸਾਧੂ ਨੂੰ ਸੁਪਨੇ ਵਿਚ ਵੀ ਨਹੀਂ ਦੇਵਾਂਗਾ॥ ੧੧॥

ਆਛੀ ਲਿਖਤ ਘਾਟ ਬਢ ਨਾਂਹੀ। ਲਿਖਯੋ ਨ ਜਾਇ ਅਪਰ ਕੈ ਪਾਹੀ।
ਪੁਨ ਇਕ ਦਿਵਸ ਸਾਧ ਚਲਿ ਗਏ। ਕੁਛ ਕਠੋਰ ਬਚ ਬੋਲਤਿ ਗਏ॥ ੧੨॥

ਚੰਗੀ ਲਿਖਤ ਹੈ, ਘਟ ਵੱਧ ਨਹੀਂ, ਹੋਰ ਕਿਸੇ ਪਾਸੋਂ ਐਸਾ ਲਿਖਿਆ ਨਹੀਂ ਜਾ ਸਕਦਾ। ਫਿਰ ਇਕ ਦਿਨ ਸਾਧੂ ਚਲ ਕੇ ਗਿਆ ਤੇ ਕੁਝ ਕਠੋਰ ਬਚਨ ਬੋਲਣ ਲੱਗਾ॥ ੧੨॥

ਸੁਨਿ ਕੈ ਕਹਯੋ 'ਔਰ ਲਿਖਿ ਲੀਜੈ। ਲਾਗਤਿ ਮੈਂ ਦੇਵਹੁਂ ਕਹਿ ਦੀਜੈ।
ਲਿਖਿ ਆਨੋ ਤਿਸ ਪਰ ਗੁਰ ਦਸਖਤ। ਮੈਂ ਕਰਵਾਇ ਦੇਉਂ ਭਰਿ ਹਰਖਤਿ॥੧੩॥

ਸਾਧੂ ਦੀ ਗੱਲ ਸੁਣ ਕੇ ਨੰਦ ਚੰਦ ਨੇ ਕਿਹਾ, "ਹੋਰ ਗ੍ਰੰਥ ਸਾਹਿਬ ਲਿਖ ਲਵੋ, ਉਸ ਦੀ ਲਾਗਤ ਮੈਂ ਦੇਵਾਂਗਾ, ਦੱਸ ਦੇਵੋ ਜੋ ਚਾਹੀਦਾ ਹੈ। ਜਿਹੜਾ ਲਿਖ ਕੇ ਲਿਆਵੋਗੇ, ਉਸ ਉੱਤੇ ਮੈਂ ਪ੍ਰਸੰਨ ਹੋ ਕੇ ਦਸਤਖ਼ਤ ਕਰਵਾ ਦੇਵਾਂਗਾ॥ ੧੩॥

ਲੇ ਕਰਿ ਜਾਹੁ ਆਪਨੇ ਡੇਰੇ। ਰਹਿਬੋ ਉਚਿਤ ਨਹੀਂ ਇਸ ਬੇਰੇ।
ਨਹਿੰ ਮਾਨਹੁਂ ਮੈਂ ਦੇਉਂ ਕਢਾਇ। ਨਤੁ ਲੇ ਜਾਹੁ ਜੁ ਦਰਬ ਦਿਵਾਇ' ॥੧੪॥

ਦੂਸਰੇ ਨੂੰ ਫਿਰ ਲੈ ਕੇ ਆਪਣੇ ਡੇਰੇ ਜਾਵੋ, ਇਸ ਸਮੇਂ ਰਹਿਣਾ ਉਚਿਤ ਨਹੀਂ ਹੋਵੇਗਾ। ਜੇ ਨਹੀਂ ਮੰਨੋਗੇ ਤਾਂ ਮੈਂ ਕਢਵਾ ਦੇਵਾਂਗਾ, ਨਹੀਂ ਤਾਂ ਇਸ ਦਾ ਜੋ ਮੁੱਲ ਦਿੰਦਾ ਹਾਂ ਲੈ ਕੇ ਚਲੇ ਜਾਵੋ" ॥ ੧੪॥

ਸਾਧੁ ਗ਼ਰੀਬ ਸੁਨਤਿ ਦੁਖ ਪਾਯੋ। ਰਿਸੇ ਬਹੁਤ ਪਰ ਬਸ ਨ ਬਸਾਯੋ।
ਇਕ ਦਿਨ ਸਾਹਿਬ ਚਢੇ ਅਖੇਰ। ਕਰੀ ਪੁਕਾਰ ਹੋਇ ਤਬਿ ਨੇਰ॥ ੧੫॥

ਗ਼ਰੀਬ ਸਾਧੂ ਨੇ ਸੁਣਕੇ ਬਹੁਤ ਦੁਖ ਪਾਇਆ, ਬਹੁਤ ਗੁੱਸੇ ਵਿਚ ਆਇਆ, ਪਰ ਵੱਸ ਨਹੀਂ ਸੀ ਚਲਦਾ। ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਜਾ ਰਹੇ ਸਨ ਤਦ ਉਸ ਸਾਧੂ ਨੇ ਗੁਰੂ ਜੀ ਦੇ ਪਾਸ ਜਾ ਕੇ ਪੁਕਾਰ ਕੀਤੀ॥ ੧੫॥

ਸੁਨਿ ਪ੍ਰਭੁ ਸੇਵਕ ਤਬਹਿ ਪਠਾਯੋ। ਸੁਨਿਕੈ ਸਭਿ ਪ੍ਰਸੰਗ ਸੋ ਆਯੋ।
'ਨੰਦਚੰਦ ਢਿਗ ਗ੍ਰੰਥ ਬਤਾਵੈਂ। ਬਲ ਤੇ ਦੇਤਿ ਨਹੀਂ, ਡਰਪਾਵੈ' ॥ ੧੬॥

ਪੁਕਾਰ ਸੁਣ ਕੇ ਗੁਰੂ ਜੀ ਨੇ ਇਕ ਸੇਵਕ ਭੇਜਿਆ, ਉਹ ਸਾਧੂ ਪਾਸੋਂ ਸਾਰਾ ਪ੍ਰਸੰਗ ਸੁਣ ਕੇ ਆਇਆ, "ਨੰਦ ਚੰਦ ਪਾਸ ਗ੍ਰੰਥ ਸਾਹਿਬ ਦੱਸਦੇ ਹਨ, ਤਾਕਤ ਕਰਕੇ ਦਿੰਦਾ ਨਹੀਂ, ਡਰਾਉਂਦਾ ਹੈ"॥ ੧੬॥

ਤਬਿ ਗੁਰ ਇਕ ਨਰ ਸੰਗ ਪਠਾਯੋ। 'ਦੇਹੁ ਦਿਵਾਇ ਪ੍ਰਭੁ ਫੁਰਮਾਯੋ'।
ਨੰਦਚੰਦ ਕੇ ਨਿਕਟ ਗਏ ਹੈਂ। 'ਦੇਹੁ ਗ੍ਰੰਥ ਗੁਰੁ ਕਹਤਿ ਭਏ ਹੈਂ'॥ ੧੭॥

ਤਦ ਗੁਰੂ ਜੀ ਨੇ ਸਾਧੂ ਨਾਲ ਇਕ ਆਦਮੀ ਨੂੰ ਭੇਜਿਆ, "ਇਸ ਨੂੰ ਗ੍ਰੰਥ ਸਾਹਿਬ ਦਵਾ ਦੇਵੇ, ਕਹੋ ਸਤਿਗੁਰੂ ਜੀ ਦਾ ਹੁਕਮ ਹੈ।" ਉਹ ਫਿਰ ਨੰਦ ਚੰਦ ਦੇ ਪਾਸ ਗਏ ਤੇ ਜਾ ਕੇ ਕਿਹਾ, "ਇਸ ਸਾਧੂ ਨੂੰ ਗ੍ਰੰਥ ਸਾਹਿਬ ਦੇਵੇ, ਗੁਰੂ ਜੀ ਫੁਰਮਾਉਂਦੇ ਹਨ"॥ ੧੭॥

ਸੁਨਿਕੈ ਕਹਜੋ 'ਨਹੀਂ ਮੈਂ ਰਾਖੋਂ। ਆਗੇ ਹੀ ਦੇਨੋਂ ਅਭਿਲਾਖੋਂ।
ਕਹੁ ਤੂੰ ਜਾਇ ਹੁਕਮ ਤੁਮ ਪਾਇ। ਦਿਯੋ ਉਤਾਇਲ ਰਖਜੋ ਨ ਕਾਇ'॥੧੮॥

ਸੁਣ ਕੇ ਨੰਦ ਚੰਦ ਨੇ ਕਿਹਾ, "ਮੈਂ ਰੱਖਾਂਗਾ ਨਹੀਂ, ਪਹਿਲਾਂ ਹੀ ਦੇਣ ਦੀ ਅਭਿਲਾਸ਼ਾ ਕਰਦਾ ਹਾਂ। ਤੁਸੀਂ ਜਾ ਕੇ ਗੁਰੂ ਜੀ ਨੂੰ ਕਹੋ ਤੁਹਾਡਾ ਹੁਕਮ ਪਾ ਕੇ, ਬੜੀ ਛੇਤੀ ਦੇ ਦਿੱਤਾ ਹੈ, ਆਪਣੇ ਪਾਸ ਨਹੀਂ ਰੱਖਿਆ ਹੈ"॥ ੧੮॥

ਗੁਰ ਸੇਵਕ ਸੋਂ ਕਹਿ ਇਮ ਬਾਤਾ। ਸਾਧਨ ਸਾਥ ਭਨਜੋਂ ਇਸ ਭਾਂਤਾ।
'ਕਜੋਂ ਡਹਕਤਿ ਤੁਮ ਫਿਰਹੁ ਘਨੇਰੇ। ਆਇ ਪ੍ਰਾਤਿ ਲੇ ਗਮਨਹੁ ਡੇਰੇ'॥੧੯॥

ਗੁਰੂ ਜੀ ਦੇ ਸੇਵਕ ਨੂੰ ਇਸ ਤਰ੍ਹਾਂ ਕਹਿ ਕੇ, ਸਾਧੂ ਨੂੰ ਇਸ ਪ੍ਰਕਾਰ ਕਿਹਾ, "ਕਿਉਂ ਕਮਲਾ ਹੋਇਆ ਤੂੰ ਭੱਜਾ ਫਿਰਦਾ ਹੈਂ, ਸਵੇਰੇ ਆ ਕੇ ਗ੍ਰੰਥ ਸਾਹਿਬ ਨੂੰ ਆਪਣੇ ਡੇਰੇ ਲੈ ਜਾਵੇਂ॥ ੧੯॥

ਸੋ ਬਾਸੁਰ ਇਮ ਟਾਰਨ ਕੀਨਾ। ਗਏ ਸਾਧ ਤਿਨ ਕੋ ਡਰ ਦੀਨਾ।
'ਭਲਾ ਚਹਹੁ ਪੁਰਿ ਤਜਾਗ ਸਿਧਾਰਹੁ। ਜੇ ਅਬਿ ਕੇ ਗੁਰ ਪਾਸ ਪੁਕਾਰਹੁ॥੨੦॥

ਉਸ ਦਿਨ ਉਸ ਤਰ੍ਹਾਂ ਟਾਲ ਦਿੱਤਾ, ਸਾਧੂ ਚਲਾ ਗਿਆ, ਉਸ ਨੂੰ ਡਰਾਵਾ ਦਿੱਤਾ, "ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਨਗਰ ਛੱਡ ਕੇ ਚਲੇ ਜਾਵੋ। ਜੇ ਹੁਣ ਦੁਬਾਰਾ ਗੁਰੂ ਜੀ ਪਾਸ ਪੁਕਾਰ ਕੀਤੀ॥ ੨੦॥

ਕੈਦ ਪਰਹੁਗੇ ਛੂਟਹੁ ਨਾਂਹੀ। ਕਸ਼ਟ ਸਹਹੁ ਕਾਰਾਗ੍ਰਿਹ ਮਾਹੀ'।
ਇੱਤਜਾਦਿਕ ਕਹਿ ਤਾੜਨ ਕਰੇ। ਦੇਤਿ ਧਕੇਲਾ ਵਹਿਰ ਨਿਕਰੇ॥ ੨੧॥

ਤਾਂ ਕੈਦ ਵਿਚ ਪੈ ਜਾਵੋਗੇ, ਫਿਰ ਛੁਟਕਾਰਾ ਨਹੀਂ ਹੋਵੇਗਾ ਤੇ ਕੈਦਖਾਨੇ ਵਿਚ ਬਹੁਤ ਦੁਖ ਪਾਵੋਗੇ।" ਇਸ ਪ੍ਰਕਾਰ ਕਹਿ ਕੇ ਤਾੜਨਾ ਕੀਤੀ ਤੇ ਧੱਕੇ ਦੇ ਕੇ ਸਾਧੂ ਨੂੰ ਬਾਹਰ ਕੱਢ ਦਿੱਤਾ॥ ੨੧॥

ਗਾਰਿ ਨਿਕਾਰਤਿ ਬਹੁ ਤ੍ਰਿਸਕਾਰੇ। 'ਕਰਹੁ ਪੁਕਾਰ ਤ ਹੋਵਹਿ ਮਾਰੇ'।
ਦੁਖੀ ਭਏ ਬਹੁ ਛਪਿ ਛਪਿ ਰਹੇ। ਨਿਜ ਦੁਖ ਕਿਸਹੂੰ ਪਾਸ ਨ ਕਹੇ॥ ੨੨॥

ਗਾਲ੍ਹਾਂ ਕੱਢ ਕੇ ਉਸ ਦੀ ਬਹੁਤ ਬੇਇੱਜ਼ਤੀ ਕੀਤੀ, "ਜੇ ਪੁਕਾਰ ਕਰੋਗੇ ਤਾਂ ਮਾਰੇ ਜਾਵੋਗੇ।" ਸਾਧੂ ਬਹੁਤ ਦੁਖੀ ਹੋਇਆ ਤੇ ਲੁਕ ਛਿਪ ਕੇ ਰਿਹਾ। ਆਪਣੇ ਦੁਖ ਨੂੰ ਕਿਸੇ ਪਾਸ ਵੀ ਕਹਿੰਦਾ ਨਹੀਂ ਸੀ॥ ੨੨॥

ਬਿਤਜੋ ਮਾਸ ਗੁਰ ਭੇ ਅਸਵਾਰ। ਪਹੁੰਚੇ ਊਚੇ ਕਰਤਿ ਪੁਕਾਰ।
'ਨੰਦ ਚੰਦ ਕੁਛ ਤ੍ਰਾਸ ਨ ਮਾਨਜੋ। ਫੇਰਜੋ ਹੁਕਮ ਜੁ ਆਪ ਬਖਾਨਜੋਂ॥੨੩॥

ਇਕ ਮਹੀਨਾ ਬੀਤਿਆ ਤਾਂ ਗੁਰੂ ਜੀ ਫਿਰ ਘੋੜੇ ਤੇ ਸਵਾਰ ਹੋਏ ਤਾਂ ਉਨ੍ਹਾਂ ਦੇ ਪਾਸ ਪਹੁੰਚ ਕੇ ਬੜੀ ਉੱਚੀ ਪੁਕਾਰ ਕੀਤੀ। "ਨੰਦ ਚੰਦ ਨੇ ਕੁਝ ਵੀ ਡਰ ਨਹੀਂ ਮੰਨਿਆ ਹੈ, ਜੋ ਆਪ ਜੀ ਨੇ ਹੁਕਮ ਕੀਤਾ ਸੀ, ਉਸ ਨੂੰ ਮੋੜ ਦਿੱਤਾ ਹੈ॥ ੨੩॥

**ਕਰਤਿ ਟਾਰਸੋ ਗ੍ਰੰਥ ਨ ਦੇਤਿ। ਤ੍ਰਾਸਤਿ ਹਮੇਸੁ ਰਾਖਨਿ ਹੇਤੁ।**
**ਹੇ ਪ੍ਰਭੁ! ਕ੍ਰਿਪਾ ਕਰਹੁ ਇਮ ਜਾਪੇ। ਲੇਹੁ ਮੰਗਾਇ ਪ੍ਰਭੂ ਦਿਹੁ ਆਪੇ॥ ੨੪॥**

ਟਾਲਣਾ ਕਰਦਾ ਹੈ ਤੇ ਗ੍ਰੰਥ ਸਾਹਿਬ ਦਿੰਦਾ ਨਹੀਂ ਹੈ, ਗ੍ਰੰਥ ਸਾਹਿਬ ਨੂੰ ਆਪਣੇ ਪਾਸ ਰੱਖਣ ਵਾਸਤੇ ਮੈਨੂੰ ਸਦਾ ਡਰਾਉਂਦਾ ਹੈ। ਹੇ ਪ੍ਰਭੂ! ਕਿਰਪਾ ਕਰੋ, ਇਹ ਗੱਲ ਇਸ ਤਰ੍ਹਾਂ ਚੰਗੀ ਜਾਪਦੀ ਹੈ ਕਿ ਆਪ ਗ੍ਰੰਥ ਸਾਹਿਬ ਨੂੰ ਆਪਣੇ ਪਾਸ ਮੰਗਵਾ ਕੇ ਸਾਨੂੰ ਦੇਵੋ॥ ੨੪॥

**ਗਾਰਿ ਨਿਕਾਰਤਿ ਮਾਰਨ ਤਯਾਰਾ। ਗ੍ਰਿਹ ਆਪਨੇ ਤਿਨ ਗ੍ਰੰਥ ਸੰਭਾਰਾ'।**
**ਸੁਨਿ ਪੁਕਾਰ ਸਾਧਨਿ ਕੀ ਫੇਰ। ਜਾਨਿ ਦੁਸ਼ਟ ਮਨ ਕੁਪੇ ਘਨੇਰ॥ ੨੫॥**

ਗਾਲ੍ਹਾਂ ਕੱਢਦਾ ਹੈ ਤੇ ਮਾਰਨ ਨੂੰ ਤਿਆਰ ਹੁੰਦਾ ਹੈ, ਆਪਣੇ ਘਰ ਵਿਚ ਗ੍ਰੰਥ ਸਾਹਿਬ ਨੂੰ ਸੰਭਾਲ ਕੇ ਰੱਖਿਆ ਹੈ।" ਸਾਧੂ ਦੀ ਫਿਰ ਪੁਕਾਰ ਸੁਣਕੇ, ਗੁਰੂ ਜੀ ਦੁਸ਼ਟ ਜਾਣ ਕੇ ਮਨ ਵਿਚ ਬਹੁਤ ਗੁੱਸੇ ਵਿਚ ਆਏ॥ ੨੫॥

**ਦ੍ਵੈ ਸਿੰਘਨ ਕੌ ਭਾਖਿ ਪਠਾਯੋ। 'ਸਮੈਂ ਬਿਨਾਸ਼ ਕਿਧੌਂ ਤੁਵ ਆਯੋ।**
**ਜਬਰੀ ਕਰੇ ਗ੍ਰੰਥ ਇਨ ਛੀਨਾ। ਬਹੁਰ ਹੁਕਮ ਕੋ ਮੇਟਨਿ ਕੀਨਾ॥ ੨੬॥**

ਦੋ ਸਿੰਘਾਂ ਨੂੰ ਕਹਿ ਕੇ ਭੇਜਿਆ, "ਇਸ ਦਾ ਮਰਨ ਦਾ ਸਮਾਂ ਤਾਂ ਨਹੀਂ ਆ ਗਿਆ, ਜ਼ਬਰਦਸਤੀ ਕਰਕੇ ਇਸ ਗ੍ਰੰਥ ਸਾਹਿਬ ਖੋਹਿਆ ਹੈ, ਫਿਰ ਸਾਡੇ ਹੁਕਮ ਨੂੰ ਮੰਨਿਆ ਨਹੀਂ ਹੈ॥ ੨੬॥

**ਦਿਨ ਖੋਟੇ ਕੈ ਦਿਏ ਦਿਖਾਈ। ਚਹੈਂ ਮਸੰਦਨ ਕੀ ਬਡਿਆਈ।**
**ਜੇ ਨਹਿ ਦੇਹਿ ਕਹੇ ਇਸ ਬੇਰਾ। ਲੂਟ ਲੀਜੀਐ ਮੂਰਖ ਡੇਰਾ'॥ ੨੭॥**

ਜਾਂ ਖੋਟੇ ਦਿਨ ਦਿਖਾਈ ਦਿੰਦੇ ਹਨ, ਮਸੰਦਾਂ ਦੀ ਵਡਿਆਈ ਚਾਹੁੰਦੇ ਹਾਂ। ਜੇ ਸਾਡੇ ਕਹੇ ਤੇ ਇਸ ਵਾਰ ਨਾ ਦੇਵੇ ਤਾਂ ਮੂਰਖ ਦਾ ਘਰ ਲੁੱਟ ਲਵੋ"॥ ੨੭॥

**ਇਮ ਕਹਿ ਨਾਥ ਅਖੇਰ ਸਿਧਾਰੇ। ਕਾਨਨ ਬਿਚਰੇ ਕੋਲ ਪ੍ਰਹਾਰੇ।**
**ਸਿੰਘ ਸਾਧ ਪਹੁੰਚੇ ਤਬਿ ਆਏ। ਬੈਠਯੋ ਨੰਦਚੰਦ ਜਿਹ ਠਾਏ॥ ੨੮॥**

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ, ਜੰਗਲ ਵਿਚ ਫਿਰ ਕੇ ਸੂਰ ਮਾਰੇ। ਸਿੰਘ ਸਾਧ ਫਿਰ ਉਸ ਥਾਂ ਆ ਪਹੁੰਚੇ, ਜਿਸ ਥਾਂ ਨੰਦ ਚੰਦ ਬੈਠਾ ਸੀ॥ ੨੮॥

**ਪ੍ਰਭੁ ਕੋ ਹੁਕਮ ਉਚਾਰਨ ਕੀਨਾ। 'ਇਨ ਕੋ ਗ੍ਰੰਥ ਕਯੋਂ ਨ ਤੈਂ ਦੀਨਾ?।**
**ਅਪਨੋ ਭਲੋ ਚਹਿਤਿ ਕੈ ਨਾਂਹੀ। ਮਿਲਯੋ ਕਿ ਚਹੈਂ ਮਸੰਦਨਿ ਮਾਂਹੀ॥ ੨੯॥**

ਉਸ ਪਾਸ ਸਤਿਗੁਰੂ ਜੀ ਦਾ ਹੁਕਮ ਉਚਾਰਨ ਕੀਤਾ, "ਇਸ ਨੂੰ ਤੂੰ ਗ੍ਰੰਥ ਕਿਉਂ ਨਹੀਂ ਦਿੱਤਾ ਹੈ? ਆਪਣਾ ਭਲਾ ਚਾਹੁੰਦਾ ਹੈਂ ਕਿ ਨਹੀਂ ਕਿ ਮਸੰਦਾਂ ਵਿਚ ਮਿਲਣਾ ਚਾਹੁੰਦਾ ਹੈਂ॥ ੨੯॥

**ਅਬਿ ਲੌਂ ਰਾਖੀ ਤੋਹਿ ਬਡਾਈ। ਨਤੁ ਡੇਰਾ ਤੂਰਨ ਲੁਟ ਜਾਈ।**
**ਦਹੁ ਗ੍ਰੰਥ ਨਿਜ ਰੱਛਾ ਕਰੀਅਹਿ। ਕਯੋਂ ਨਾਹਕ ਨਿਜ ਕਾਜ ਬਿਗਰੀਅਹਿ'॥ ੩੦॥**

ਹੁਣ ਤਕ ਤੇਰੀ ਵਡਿਆਈ ਰੱਖੀ ਹੈ, ਨਹੀਂ ਤਾਂ ਤੇਰਾ ਡੇਰਾ ਤੁਰਤ ਲੁੱਟ ਲਵਾਂਗੇ। ਗ੍ਰੰਥ ਦੇ ਕੇ ਆਪਣੀ ਰੱਖਿਆ ਕਰੋ, ਕਿਉਂ ਫਜ਼ੂਲ ਵਿਚ ਆਪਣਾ ਕਾਰਜ ਵਿਗਾੜਦੇ ਹੋ"॥ ੩੦॥

**ਗਰਬਤਿ ਬੋਲਯੋ 'ਗ੍ਰੰਥ ਨ ਦੈਹੌਂ। ਗੁਰ ਬਨਾਇਬੇ ਸਮਰਥ ਮੈਂ ਹੌਂ।**
**ਸ੍ਰੀ ਗੁਰ ਹਰਿਗੋਬਿੰਦ ਕੋ ਬੰਸ। ਜਿਸ ਢਿਗੁ ਬੈਸੈਂ ਕਰੌਂ ਪ੍ਰਸੰਸ॥ ੩੧॥**

ਹੰਕਾਰ ਵਿਚ ਆ ਕੇ ਬੋਲਿਆ, "ਗ੍ਰੰਥ ਸਾਹਿਬ ਮੈਂ ਨਹੀਂ ਦੇਵਾਂਗਾ, ਮੈਂ ਗੁਰੂ ਬਣਾਉਣ ਦੇ ਸਮਰੱਥ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵੰਸ਼ ਬੜਾ ਵੱਡਾ ਹੈ, ਜਿਸ ਪਾਸ ਵੀ ਬੈਠ ਕੇ ਪ੍ਰਸੰਸਾ ਕਰਾਂਗਾ॥ ੩੧॥

ਬ੍ਰਿੰਦ ਸੰਗਤਾਂ ਤਹਾਂ ਬੁਲਾਵੌਂ। ਦਰਬ ਅਕੋਰਨ ਦੇ ਪੁਜਵਾਵੌਂ।
ਸੁਨਿ ਦ੍ਵੈ ਸਿੰਘਨ ਤਬੈ ਬਖਾਨਾ। 'ਦਿਹੁ ਆਵਨਿ ਅਬਿ ਕ੍ਰਿਪਾ ਨਿਧਾਨਾ ॥੩੨॥

ਬਹੁਤ ਸੰਗਤਾਂ ਉਥੇ ਬੁਲਾ ਲਵਾਂਗਾ, ਧਨ ਅਤੇ ਉਪਹਾਰ ਦੇ ਕੇ ਪੂਜਾ ਕਰਵਾਵਾਂਗਾ।" ਇਹ ਸੁਣ ਕੇ ਦੋਵਾਂ ਸਿੰਘਾਂ ਨੇ ਕਿਹਾ, "ਦੇਵੋ, ਨਹੀਂ ਤਾਂ ਹੁਣ ਸਤਿਗੁਰੂ ਜੀ ਆਪ ਆਉਣਗੇ॥ ੩੨॥

ਬੀਤੀ ਸੰਗ ਮਸੰਦਨ ਜੈਸੇ। ਹੁਇ ਹੈ ਤੋਹਿ ਸਾਥ ਭੀ ਤੈਸੇ।
ਹੁਕਮ ਹਟਾਇ ਗਰਬ ਤੇ ਕਹੈਂ। 'ਗੁਰੂ ਬਨਾਵਨਿ ਮਮ ਕਰ ਅਹੈ' ॥ ੩੩॥

ਜਿਵੇਂ ਮਸੰਦਾਂ ਨਾਲ ਬੀਤੀ ਹੈ, ਤੇਰੇ ਨਾਲ ਵੀ ਵੈਸਾ ਹੀ ਸਲੂਕ ਹੋਵੇਗਾ। ਹੁਕਮ-ਅਦੂਲੀ ਕਰਕੇ ਹੰਕਾਰ ਨਾਲ ਕਹਿੰਦਾ ਹੈਂ ਕਿ "ਗੁਰੂ ਬਣਾਉਣਾ ਮੇਰੇ ਹੱਥ ਵਿਚ ਹੈ"॥ ੩੩॥

ਇਮ ਕਹਿ ਸਿਖ ਗਮਨੇ ਨਿਜ ਡੇਰੇ। ਪਾਛੈ ਉਪਜਯੋ ਤ੍ਰਾਸ ਘਨੇਰੇ।
ਮਮ ਦੁਰਬਾਕ ਭਨੇ ਜਬਿ ਸੁਨਿ ਹੈਂ। ਤਜਹਿਂ ਨ,ਗਹਿ ਬੰਧਹਿਂ ਸਿਖ ਹਨਿ ਹੈਂ॥੩੪॥

ਇਸ ਤਰ੍ਹਾਂ ਕਹਿ ਕੇ ਸਿੱਖ ਆਪਣੇ ਡੇਰੇ ਚਲੇ ਗਏ, ਬਾਅਦ ਵਿਚ ਨੰਦ ਚੰਦ ਬਹੁਤ ਡਰ ਗਿਆ। ਮੇਰੇ ਦੁਰਬਚਨ ਕਹੇ ਹੋਏ ਜਦ ਸੁਣਨਗੇ ਫਿਰ ਛੱਡਣਗੇ ਨਹੀਂ, ਸਿੱਖ ਫੜ ਕੇ ਬੰਨ੍ਹ ਕੇ ਮਾਰ ਦੇਣਗੇ॥ ੩੪॥

ਜ਼ੀਨ ਪਵਾਇ ਸ਼ੀਘ੍ਰ ਚਲਿ ਪਰਜੋ। ਗ੍ਰੰਥ ਦਾਸ ਕੇ ਸਿਰ ਪਰ ਧਰਜੋ।
ਅਪਰ ਵਸਤੁ ਕੁਛ ਭਟ ਨਿਜ ਲੈ ਕੈ। ਸਤੁਦ੍ਰੱਵ ਤਰਜੋ ਤਰੀ ਪਰ ਹ੍ਵੈ ਕੈ॥੩੫॥

ਘੋੜੇ ਉੱਤੇ ਕਾਠੀ ਪਵਾ ਕੇ ਤੁਰਤ ਚਲ ਪਿਆ ਤੇ ਗ੍ਰੰਥ ਸਾਹਿਬ ਨੂੰ ਸੇਵਕ ਦੇ ਸਿਰ ਉੱਤੇ ਧਰ ਦਿੱਤਾ। ਹੋਰ ਵਸਤਾਂ ਕੁਝ ਆਪਣੇ ਸੂਰਮੇ ਨਾਲ ਲੈ ਕੇ ਚਲ ਪਏ ਤੇ ਬੇੜੀ ਉੱਤੇ ਸਵਾਰ ਹੋ ਕੇ ਸਤਿਲੁਜ ਦਰਿਆ ਪਾਰ ਕਰ ਲਿਆ॥ ੩੫॥

ਗਯੋ ਭਾਜ ਕਰਿ ਪੁਰਿ ਕਰਤਾਰਾ। ਬਨ ਤੇ ਆਏ ਪ੍ਰਭੁ ਉਦਾਰਾ।
'ਭਯੋ ਪਲਾਇਨ' ਸੁਨਿ ਸੁਧ ਸਾਰੀ। ਸ੍ਰਾਪ ਹੇਤੁ ਗੁਰ ਗਿਰਾ ਉਚਾਰੀ॥ ੩੬॥

ਨੰਦ ਚੰਦ ਭੱਜ ਕੇ ਕਰਤਾਰਪੁਰ ਚਲਾ ਗਿਆ। ਸਤਿਗੁਰੂ ਜੀ ਸ਼ਿਕਾਰ ਖੇਡ ਕੇ ਜੰਗਲ ਤੋਂ ਵਾਪਸ ਆਏ, "ਭੱਜ ਗਿਆ ਹੈ" ਸਾਰੀ ਖਬਰ ਸੁਣ ਕੇ ਸਤਿਗੁਰੂ ਜੀ ਨੇ ਸਰਾਪ ਦੇਣ ਵਾਸਤੇ ਬਚਨ ਕੀਤਾ॥ ੩੬॥

'ਹਤੇ ਮਸੰਦਨਿ ਜਿਮ ਲਖਿ ਭਾਜਾ। ਮ੍ਰਿਤੁ ਕੇ ਡਰ ਤੇ ਕੀਨਿ ਕੁਕਾਜਾ।
ਅਬਿ ਜਹਿਂ ਜੈ ਹੈ ਮ੍ਰਿਤੁ ਤਿਸ ਆਗੇ। ਤਜਹਿ ਪ੍ਰਾਣ ਕਿਮ ਬਾਚਹਿ ਭਾਗੇ॥੩੭॥

"ਜਿਵੇਂ ਮਸੰਦਾਂ ਨੂੰ ਮਾਰਿਆ ਹੈ ਇਹ ਦੇਖਕੇ ਭੱਜ ਗਿਆ ਹੈ ਮੌਤ ਦੇ ਡਰ ਤੋਂ ਇਹ ਭੈੜਾ ਕਾਰਜ ਕੀਤਾ ਹੈ। ਹੁਣ ਜਿੱਥੇ ਵੀ ਜਾਵੇਗਾ, ਉਸ ਦੇ ਅੱਗੇ ਮੌਤ ਹੋਵੇਗੀ, ਪ੍ਰਾਣ ਛੱਡ ਜਾਵੇਗਾ ਭੱਜ ਕੇ ਕਿਵੇਂ ਬਚੇਗਾ॥ ੩੭॥

ਤਿਸੀ ਗ੍ਰੰਥ ਕਹੁ ਪਢਹਿ ਨ ਕੋਈ। ਗ੍ਰਾਮ ਡਰੋਲੀ ਥਿਰ ਹ੍ਵੈ ਸੋਈ'।
ਇਮ ਕਲਗ਼ੀਧਰ ਸ੍ਰਾਪ ਉਚਾਰਾ। 'ਡੇਰਾ ਤਿਹ ਲੁਟਾਇ ਦਿਹੁ ਸਾਰਾ' ॥ ੩੮॥

ਉਸ ਗ੍ਰੰਥ ਨੂੰ ਕੋਈ ਨਹੀਂ ਪੜ੍ਹੇਗਾ, ਡਰੋਲੀ ਪਿੰਡ ਵਿਚ ਉਹ ਸਥਿਰ ਰਹੇਗਾ।" ਇਸ ਤਰ੍ਹਾਂ ਕਲਗ਼ੀਧਰ ਜੀ ਨੇ ਸਰਾਪ ਉਚਾਰਨ ਕੀਤਾ ਤੇ ਫਿਰ ਬਚਨ ਕੀਤਾ, "ਉਸ ਦਾ ਸਾਰਾ ਡੇਰਾ ਲੁੱਟਾ ਦੇਵੋ"॥ ੩੮॥

ਉਤ ਜਬਿ ਨੰਦ ਚੰਦ ਚਲਿ ਗਯੋ। ਨਰ ਪਠਿ ਧੀਰਮੱਲ ਪਹਿ ਦਯੋ।
ਸੁਧਿ ਕਰਿ ਮਿਲਜੋ ਹੰਕਾਰਤਿ ਕਹੈ। 'ਲਾਖਹੁਂ ਸੰਗਤਿ ਮਮ ਬਸਿ ਅਹੈ ॥ ੩੯ ॥

ਓਧਰ ਜਦ ਨੰਦ ਚੰਦ ਚਲ ਕੇ ਗਿਆ ਤਾਂ ਇਕ ਮਨੁੱਖ ਨੂੰ ਧੀਰ ਮੱਲ ਪਾਸ ਭੇਜਿਆ। ਖਬਰ ਪਹੁੰਚਾ ਕੇ ਮਿਲਿਆ ਤੇ ਹੰਕਾਰ ਵਿਚ ਆ ਕੇ ਕਹਿਣ ਲੱਗਾ, "ਲੱਖਾਂ ਸੰਗਤਾਂ ਮੇਰੇ ਵੱਸ ਹਨ॥ ੩੯॥

ਕਰਿ ਗੁਰ ਤੁਝ ਕੌ ਧਨ ਅਰਪਾਵੋਂ। ਸਭਿ ਦਿਸ਼ਿ ਕੇ ਸਿਖ ਆਨਿ ਝੁਕਾਵੋਂ।
ਜਾਮੇ ਕੀ ਅਸਤੀਨ ਜਿ ਝਾਰੋਂ। ਤਤਛਿਨ ਤਿਸ ਤੇ ਗੁਰੂ ਨਿਕਾਰੋਂ ॥ ੪੦ ॥

ਤੁਹਾਨੂੰ ਗੁਰੂ ਬਣਾ ਕੇ ਧਨ ਅਰਪਣ ਕਰਵਾਵਾਂਗਾ, ਸਾਰੇ ਪਾਸਿਆਂ ਦੇ ਸਿੱਖ ਆ ਕੇ ਸੀਸ ਝੁਕਾਉਣਗੇ। ਜੇ ਆਪਣੇ ਜਾਮੇ ਦੀ ਬਾਂਹ ਝਾੜਾਂ, ਤੁਰਤ ਉਸ ਵਿਚੋਂ ਇਕ ਗੁਰੂ ਕੱਢ ਲਵਾਂ" ॥ ੪੦ ॥

ਇੱਤਜਾਦਿਕ ਕਹਿ ਨੰਮ੍ਰੀ ਹੋਇ। ਰਹਜੋ ਨਿਸਾ ਕਰਿ ਡੇਰਾ ਸੋਇ।
ਧੀਰਮੱਲ ਨਿਕਟੀ ਰਹਿਂ ਕੇਈ। ਸਿੱਖ ਮਸੰਦ ਮੁਸਾਹਿਬ ਸੇਈ॥ ੪੧ ॥

ਇਸ ਤਰ੍ਹਾਂ ਕਹਿ ਕੇ ਦੀਨ ਹੋ ਗਿਆ ਤੇ ਰਾਤ ਡੇਰਾ ਕਰਕੇ ਉਥੇ ਰਿਹਾ। ਧੀਰਮੱਲ ਦੇ ਪਾਸ ਕਈ ਸਿੱਖ, ਮਸੰਦ ਅਤੇ ਮੁਸਾਹਿਬ ਰਹਿੰਦੇ ਸਨ॥ ੪੧॥

ਤਿਨਹੁਂ ਚਿੰਤ ਕਰਿ ਮਸਲਤ ਠਾਨੀ। 'ਬੁੱਧਿ ਸੂਰਤਾ ਇਸੇ ਮਹਾਨੀ।
ਨਹਿਂ ਦਿਹੁ ਰਹਿਬੇ ਕਰਹੁ ਨਿਕਾਸਨ। ਕੈ ਰਚਿ ਛਲ ਕੋ ਪ੍ਰਾਨ ਬਿਨਾਸ਼ਨ' ॥੪੨ ॥

ਉਨ੍ਹਾਂ ਨੇ ਚਿੰਤਾ ਕਰਕੇ ਸਲਾਹ ਕੀਤੀ, "ਇਸ ਵਿਚ ਮਹਾਨ ਬੁੱਧੀ ਅਤੇ ਸੂਰਮਤਾਈ ਹੈ। ਇਸ ਨੂੰ ਰਹਿਣ ਨਾ ਦੇਵੋ, ਕੱਢ ਦੇਵੋ ਜਾਂ ਛਲ ਰਚ ਕੇ ਇਸ ਦੇ ਪ੍ਰਾਣ ਨਾਸ਼ ਕਰ ਦੇਵੋ" ॥ ੪੨ ॥

ਧੀਰਮੱਲ ਕੇ ਨਿਕਟ ਸਿਧਾਰੇ। ਅਨਿਕ ਸਿਆਨਪ ਸਹਤਿ ਉਚਾਰੇ।
'ਤੁਮ ਰਿਪੁ ਸ੍ਰੀ ਗੋਬਿੰਦ ਸਿੰਘ ਸਾਹਿਬ। ਤਿਨ ਕੇ ਢਿਗ ਇਹ ਬਡੋ ਮੁਸਾਹਿਬ ॥੪੩ ॥

ਉਹ ਸਾਰੇ ਧੀਰਮੱਲ ਦੇ ਪਾਸ ਗਏ, ਬਹੁਤ ਸਿਆਣਪ ਸਹਿਤ ਉਚਾਰਨ ਕੀਤਾ, "ਸ੍ਰੀ ਗੋਬਿੰਦ ਸਿੰਘ ਸਾਹਿਬ ਤੁਹਾਡੇ ਦੁਸ਼ਮਣ ਹਨ ਉਨ੍ਹਾਂ ਦੇ ਪਾਸ ਇਹ ਵੱਡਾ ਮੁਸਾਹਿਬ ਸੀ॥ ੪੩॥

ਰਚਜੋ ਕਪਟ ਆਯੋ ਚਲਿ ਡੇਰੇ। ਕਰਹਿ ਬਿਨਾਸ਼ਨ ਰਹਿ ਤੁਮ ਨੇਰੇ।
ਕੈ ਕਰਤਾਰਪੁਰਾ ਲੈ ਛੀਨ। ਬੈਠਹਿ ਨਿਕਟ ਭੇਤ ਲੇ ਚੀਨ॥ ੪੪ ॥

ਇਹ ਕਪਟ ਰਚ ਕੇ ਇਸ ਡੇਰੇ ਚਲ ਕੇ ਆਇਆ ਹੈ, ਤੁਹਾਡੇ ਨੇੜੇ ਰਹਿ ਕੇ ਤੁਹਾਨੂੰ ਖਤਮ ਕਰ ਦੇਵੇਗਾ। ਜਾਂ ਕਰਤਾਰਪੁਰ ਖੋਹ ਲਵੇਗਾ, ਪਾਸ ਬੈਠ ਕੇ ਭੇਤ ਜਾਣ ਲਵੇਗਾ॥ ੪੪॥

ਸ਼ਸਤ੍ਰ ਹਤਨ ਮਹਿਂ ਦੀਰਘ ਗਾਢੋ। ਰਹਹਿ ਨ ਕੋ ਇਸ ਸਨਮੁਖ ਠਾਂਢੋ।
ਜੇਕਰਿ ਚਹੈਂ ਆਪਨੋ ਨੀਕਾ। ਇਸ ਕੇ ਹਤੇ ਹੋਤਿ ਹਿਤ ਜੀ ਕਾ॥ ੪੫ ॥

ਸ਼ਸਤਰ ਚਲਾਉਣ ਵਿਚ ਵੱਡਾ ਪ੍ਰਬੀਨ ਹੈ, ਇਸ ਦੇ ਸਾਹਮਣੇ ਕੋਈ ਖੜਾ ਨਹੀਂ ਹੋ ਸਕਦਾ। ਜੇ ਆਪਣਾ ਚੰਗਾ ਚਾਹੁੰਦੇ ਹੋ, ਇਸ ਨੂੰ ਮਾਰਨ ਨਾਲ ਆਪ ਜੀ ਦੇ ਜੀਵਨ ਦਾ ਭਲਾ ਹੁੰਦਾ ਹੈ॥ ੪੫॥

ਆਇ ਅਚਾਨਕ ਬਸਿ ਮਹਿਂ ਪਰਜੋ। 'ਜਿਸ ਕੋ ਚਹਤਿ ਪ੍ਰਾਨ ਪਰਹਰਜੋ।
ਕਾਜ ਬਿਗਾਰੇ ਅਨਿਕ ਤੁਹਾਰੇ। ਲਿਹੁ ਪਲਟਾ ਅਬਿ ਇਸ ਕੋ ਮਾਰੇ' ॥ ੪੬ ॥

ਅਚਾਨਕ ਆ ਕੇ ਸਾਡੇ ਵਸ ਵਿਚ ਪੈ ਗਿਆ ਹੈ, "ਜਿਸ ਦੇ ਪ੍ਰਾਣ ਕੱਢਣਾ ਚਾਹੁੰਦੇ ਹੋ, ਜਿਸ ਨੇ ਤੁਹਾਡੇ ਅਨੇਕਾਂ ਕਾਰਜ ਵਿਗਾੜੇ ਹਨ, ਇਸ ਨੂੰ ਮਾਰ ਕੇ ਹੁਣ ਬਦਲਾ ਲਵੋ" ॥ ੪੬ ॥

ਸੁਨਿ ਕੈ ਧੀਰਮੱਲ ਤਬਿ ਕਹਯੋ। 'ਕਿਮ ਇਸ ਹਤਹਿਂ ਬੀਰ ਬਡ ਲਹਯੋ।
ਸ਼ਸਤ੍ਰਨਿ ਜੁਤਿ ਸਨਮੁੱਖ ਜਬਿ ਹੋਵੈ। ਹਤਹਿ ਅਨਿਕ, ਕੋ ਸਮੁਖ ਖਰੋਵੈ ?' ॥੪੭॥

ਇਹ ਸੁਣ ਕੇ ਫਿਰ ਧੀਰਮੱਲ ਨੇ ਕਿਹਾ, "ਇਸ ਨੂੰ ਕਿਵੇਂ ਮਾਰਾਂਗੇ ਇਹ ਬਹੁਤ ਵੱਡਾ ਸੂਰਬੀਰ ਹੈ। ਸ਼ਸਤਰਾਂ ਸਹਿਤ ਜਦ ਸਾਹਮਣੇ ਖਲੋਵੇਗਾ, ਬਹੁਤ ਨੂੰ ਮਾਰੇਗਾ ਜਿਹੜਾ ਵੀ ਸਾਹਮਣੇ ਖਲੋਵੇਗਾ"? ॥ ੪੭ ॥

ਪੁਨ ਸਭਿਹਿਨਿ ਮਾਰਨ ਬਿਧਿ ਕਹੀ। 'ਕਰਹਿਂ ਸੰਘਾਰਨ ਜਾਨਹਿਂ ਨਹੀਂ।
ਭਈ ਪ੍ਰਭਾਤਿ ਨਿਕਟ ਜਬਿ ਐਹੈ। ਦੇਹਿਂ ਤੁਪਕ ਇਕ ਬੀਰ ਛਪੈ ਹੈਂ॥ ੪੮ ॥

ਫਿਰ ਸਾਰਿਆਂ ਨੇ ਮਾਰਨ ਦੀ ਵਿਧੀ ਕਹੀ, "ਇਸ ਨੂੰ ਇਸ ਤਰ੍ਹਾਂ ਮਾਰਾਂਗੇ ਕਿ ਜਾਣੇਗਾ ਨਹੀਂ। ਸਵੇਰ ਹੋਣ 'ਤੇ ਜਦ ਨੇੜੇ ਆਵੇਗਾ, ਇਕ ਸੂਰਬੀਰ ਨੂੰ ਲੁਕਾ ਕੇ ਬੰਦੂਕ ਦੇਵੋ॥ ੪੮ ॥

ਤਾਕ ਰਿਦੇ ਮਹਿਂ ਮਾਰਹਿ ਗੋਰੀ। ਗਿਰਹਿ ਮਰਹਿ ਤਤਛਿਨ ਉਰ ਫੋਰੀ'।
ਇਮ ਸਲਾਹ ਕਰਿ ਸੁਪਤੇ ਰਾਤੀ। ਆਯੋ ਮੰਦ ਜਬੈ ਹੁਇ ਪ੍ਰਾਤੀ॥ ੪੯ ॥

ਉਹ ਨਿਸ਼ਾਨਾ ਲਾ ਕੇ ਹਿਰਦੇ ਵਿਚ ਗੋਲੀ ਮਾਰੇ, ਦਿਲ ਫਟ ਜਾਣ ਨਾਲ ਤੁਰਤ ਡਿੱਗ ਕੇ ਮਰ ਜਾਵੇ।" ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਸੌਂ ਗਏ। ਜਦ ਸਵੇਰ ਹੋਣ 'ਤੇ ਮਾੜੀ ਮੱਤ ਵਾਲਾ ਆਇਆ॥ ੪੯ ॥

ਖਰਯੋ ਕਰਯੋ ਤਿਨ ਤੂਰਨ ਮਾਰੀ। ਲਗੀ ਜਾਂਘ ਹਡ ਟੂਟਯੋ ਭਾਰੀ।
ਇਤ ਉਤ ਹੇਰਤਿ ਖੜਗ ਨਿਕਾਸਯੋ। ਕਿਸ ਨੇ ਔਚਕ ਮੋਹਿ ਬਿਨਾਸਯੋ ? ॥੫੦॥

ਜਿਹੜਾ ਸੂਰਬੀਰ ਛੁਪਾ ਕੇ ਖੜਾ ਕੀਤਾ ਸੀ ਤਾਂ ਉਸ ਤੁਰਤ ਗੋਲੀ ਮਾਰੀ, ਲੱਤ ਨੂੰ ਲੱਗੀ ਤੇ ਭਾਰੀ ਹੱਡੀ ਟੁੱਟ ਗਈ। ਏਧਰ ਓਧਰ ਵੇਖ ਕੇ ਤਲਵਾਰ ਕੱਢੀ, ਕਿਸ ਨੇ ਅਚਾਨਕ ਮੈਨੂੰ ਮਾਰਿਆ ਹੈ ?॥ ੫੦॥

ਦੋਨਹੁਂ ਦਿਸ਼ਿ ਕਪਾਟ ਭਿਰਵਾਏ। ਦੇਖਿ ਰਹਯੋ ਨਹਿਂ ਨਿਕਸਨ ਪਾਏ।
ਖਰੋ, ਨਿਕਟ ਕੋ ਜਾਇ ਨ ਸਕਹੀ। ਕਿਮ ਸੰਘਾਰਹਿਂ, ਘਾਤ ਨ ਤਕਈ ॥੫੧॥

ਦੋਵਾਂ ਪਾਸਿਆਂ ਦੇ ਤਖਤੇ ਧੀਰਮੱਲ ਨੇ ਭਿੜਵਾ ਦਿੱਤੇ। ਨੰਦ ਚੰਦ ਨਿਕਲਣ ਵਾਸਤੇ ਰਾਹ ਵੇਖਦਾ ਰਿਹਾ, ਪਰ ਨਿਕਲ ਨਾ ਸਕਿਆ। ਖੜਾ ਸੀ, ਕੋਈ ਵੀ ਨੇੜੇ ਜਾ ਨਹੀਂ ਸੀ ਸਕਦਾ। ਧੀਰਮੱਲ ਕਹਿਣ ਲੱਗਾ ਕਿਵੇਂ ਮਾਰੀਏ ਕੋਈ ਦਾਅ ਨਹੀਂ ਸੁਝਦਾ ਹੈ॥ ੫੧॥

ਛਾਤ ਉਖੇਰਿ ਛੇਕ ਕਰਿ ਹੇਰਾ। ਖਰੋ ਕ੍ਰੋਧ ਤੇ ਬੀਰ ਬਡੇਰਾ।
ਜਥਾ ਕੇਹਰੀ ਪਿੰਜਰੇ ਡਾਰਯੋ। ਹਤਿ ਗੋਰੀ ਬਹੁ ਫੇਰ ਸੰਘਾਰਯੋ॥ ੫੨ ॥

ਛੱਤ ਉਖੇੜ ਕੇ ਛੇਕ ਕਰਕੇ ਵੇਖਿਆ, ਵੱਡਾ ਸੂਰਬੀਰ ਕ੍ਰੋਧ ਧਾਰ ਕੇ ਖੜਾ ਸੀ। ਜਿਵੇਂ ਸ਼ੇਰ ਨੂੰ ਪਿੰਜਰੇ ਵਿਚ ਪਾਇਆ ਹੋਵੇ। ਫਿਰ ਬਹੁਤ ਗੋਲੀਆਂ ਚਲਾ ਕੇ ਮਾਰ ਦਿੱਤਾ॥ ੫੨ ॥

ਖੈਂਚਿ ਪੌਰ ਤੇ ਵਹਿਰ ਗਿਰਾਯੋ। ਭਟ ਸੰਗੀ ਤਤਕਾਲ ਉਠਾਯੋ।
ਕਾਲੈ ਸੰਙਾ ਫੂਰਯੋ ਜਾਇ। ਮ੍ਰਿਤਕ ਭਯੋ ਇਮ ਧਰਮ ਗਵਾਇ॥ ੫੩ ॥

ਦਰਵਾਜ਼ੇ ਵਿਚੋਂ ਖਿੱਚ ਕੇ ਬਾਹਰ ਡੇਗ ਦਿੱਤਾ, ਸਾਥੀ ਸੂਰਮਿਆਂ ਨੇ ਤੁਰਤ ਚੁੱਕ ਲਿਆ। ਕਾਲੇ ਸੰਗਾ ਪਿੰਡ ਵਿਚ ਜਾ ਕੇ ਸਸਕਾਰ ਕੀਤਾ, ਇਸ ਤਰ੍ਹਾਂ ਧਰਮ ਗਵਾ ਕੇ ਮਰ ਗਿਆ॥ ੫੩ ॥

*ਤੀਸਰੀ ਰੁੱਤ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧ ॥*

☆☆☆

# ਅਧਿਆਇ ਬੱਤੀਵਾਂ

## ਭਾਈ ਗੁਰਦਾਸ ਮਸੰਦ, ਬਜਰੂੜ ਨੂੰ ਦੰਡ

ਦੋਹਰਾ- ਅਪਰ ਮਸੰਦਨਿ ਕੀ ਕਥਾ ਕਹੌਂ ਕਹਾਂ ਲਗਿ ਸ਼ੇਸ਼।
ਕੋ ਮਾਰਤਿ ਹੀ ਮਰਿ ਗਏ ਜੇ ਅਘ ਕਰਤਿ ਵਿਸ਼ੇਸ਼॥ ੧॥

ਹੋਰ ਬਾਕੀ ਰਹੇ ਮਸੰਦਾਂ ਦੀ ਕਥਾ ਕਿੱਥੋਂ ਤੱਕ ਕਹਾਂ, ਕਈ ਮਾਰ ਖਾਂਦੇ ਹੀ ਮਰ ਗਏ ਜਿਹੜੇ ਕਿ ਵਿਸ਼ੇਸ਼ ਤੌਰ ਤੇ ਪਾਪ ਕਮਾਉਂਦੇ ਸਨ॥ ੧॥

ਚੌਪਈ- ਕੇਤਿਕ ਛੂਟੇ ਸਜ਼ਾਇਨਿ ਪਾਇ। ਹ੍ਵੈ ਤਸਕਰ ਕੋ ਗਏ ਪਲਾਇ।
ਬਨਿ ਬਨਿ ਦੀਨ ਜੁ ਬਿਨੈ ਬਖਾਨੀ। ਸੋ ਛੁਟਵਾਇ ਦੀਨਿ ਗੁਰ ਖਾਨੀ॥੨॥

ਕਈ ਸਜ਼ਾਵਾਂ ਪਾ ਕੇ ਛੁਟਕਾਰਾ ਪਾ ਗਏ ਤੇ ਕਈ ਚੋਰ ਬਣਕੇ ਭੱਜ ਗਏ। ਦੀਨ ਬਣ ਬਣ ਕੇ ਜਿਨ੍ਹਾਂ ਬੇਨਤੀ ਕੀਤੀ ਉਨ੍ਹਾਂ ਨੂੰ ਗੁਰੂ ਜੀ ਨੇ ਛੁਡਵਾ ਦਿੱਤਾ॥ ੨॥

ਜਹਿਂ ਕਹਿਂ ਪਸਰੇ ਸਿੰਘ ਭੁਜੰਗੀ। ਸ਼ਸਤ੍ਰ ਕੇਸ਼ ਕਛ ਸੰਗ ਨਿਸੰਗੀ।
ਪੁਰਿ ਗ੍ਰਾਮਨ ਤੇ ਗਹੇ ਮਸੰਦ। ਕਰੇ ਕੈਦ ਕੋ ਪ੍ਰਾਣ ਨਿਕੰਦਿ॥ ੩॥

ਜਿੱਥੇ ਕਿੱਥੇ ਸਿੰਘ ਸੂਰਮੇ ਫੈਲ ਗਏ, ਸ਼ਸਤਰ, ਕੇਸ ਅਤੇ ਕੱਛ ਨਿਸੰਗ ਹੋ ਕੇ ਧਾਰਨ ਕਰਦੇ ਸਨ। ਨਗਰਾਂ ਸ਼ਹਿਰਾਂ ਤੋਂ ਮਸੰਦ ਫੜੇ ਗਏ, ਕਈਆਂ ਨੂੰ ਕੈਦ ਕਰ ਲਿਆ ਗਿਆ, ਕਈਆਂ ਨੂੰ ਮਾਰ ਦਿੱਤਾ॥ ੩॥

ਦੇਸ਼ਨ ਤੇ ਦਰਸ਼ਨ ਕੌ ਆਵਹਿਂ। ਹਿੰਦੁਨਿ ਤੁਰਕਨ ਤੇਜ ਦਿਖਾਵਹਿਂ।
ਕਾਰ ਗੁਰੂ ਕੀ ਨਿਜ ਨਿਜ ਪਾਸ। ਰਾਖਹਿਂ ਸਗਰੇ ਸਾਂਭਿ ਅਵਾਸ॥ ੪॥

ਦੇਸ਼ਾਂ ਵਿਦੇਸ਼ਾਂ ਤੋਂ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਤੇ ਸਿੰਘ, ਹਿੰਦੂ ਤੁਰਕਾਂ ਨੂੰ ਆਪਣਾ ਤੇਜ ਵਿਖਾਉਂਦੇ ਸਨ। ਗੁਰੂ ਜੀ ਦੀ ਕਾਰ ਹਰ ਕੋਈ ਆਪਣੇ ਆਪਣੇ ਪਾਸ ਆਪਣੇ ਘਰ ਵਿ ਸੰਭਾਲ ਕੇ ਰੱਖਦੇ ਸਨ॥ ੪॥

ਜਬਿ ਦਰਸ਼ਨ ਕੋ ਸੋ ਚਲਿ ਆਵੈਂ। ਸਕਲ ਅਕੋਰ ਹਜ਼ੂਰ ਚਢਾਵੈਂ।
ਛੂਟੀ ਮਸੰਦਨ ਤੇ ਸਭਿ ਸੰਗਤਿ। ਬਿਦਤੀ ਅਜਬ ਰੀਤਿ ਕੀ ਰੰਗਤ॥੫॥

ਜਦ ਦਰਸ਼ਨ ਕਰਨ ਵਾਸਤੇ ਉਹ ਚਲ ਕੇ ਆਉਂਦੇ ਸਨ ਤਾਂ ਸਾਰੇ ਉਪਹਾਰ ਗੁਰੂ ਜੀ ਪਾਸ ਚੜ੍ਹਾ ਦਿੰਦੇ ਸਨ। ਸਾਰੀ ਸੰਗਤ ਨੇ ਮਸੰਦਾਂ ਤੋਂ ਛੁਟਕਾਰਾ ਪਾ ਲਿਆ, ਇਕ ਅਜੀਬ ਰੀਤੀ ਦੀ ਰੰਗਤ ਪ੍ਰਗਟ ਹੋਈ॥ ੫॥

ਇਕ ਦਿਨ ਊਚੇ ਥਲ ਗੁਰ ਥਿਰੇ। ਦੂਰ ਸਊਰ ਬਿਲੋਕਨਿ ਕਰੇ।
ਪ੍ਰਥਮ ਸਮੁਖ ਕੌ ਆਵਹਿਂ ਤੁਰੇ। ਨਿਕਟ ਆਇ ਸਲਿਤਾ ਦਿਸ਼ਿ ਮੁਰੇ॥੬॥

ਇਕ ਦਿਨ ਗੁਰੂ ਜੀ ਉੱਚੇ ਸਥਾਨ 'ਤੇ ਬੈਠੇ ਸਨ। ਦੂਰ ਤੋਂ ਕੁਝ ਸਵਾਰ ਆਉਂਦੇ ਵੇਖੇ। ਪਹਿਲਾਂ ਉਹ ਸਵਾਰ ਸਾਹਮਣੇ ਵਲ ਆ ਰਹੇ ਸਨ, ਨੇੜੇ ਆ ਕੇ ਉਹ ਨਦੀ ਵਲ ਨੂੰ ਮੁੜ ਗਏ॥ ੬॥

ਪਿਖਿ ਨਰ ਕੋ ਤਬਿ ਤੁਰਤ ਪਠਾਯੋ। 'ਇਨ ਕੌ ਬੂਝਹੁ, ਕੋ ਕਿਤ ਆਯੋ?'
ਪੂਛੇ ਧਾਇ ਜਾਇ ਨਰ ਸੇਈ। 'ਹਮ ਬਰਾੜ ਹੈਂ' ਭਾਖੈਂ ਤੇਈ॥ ੭॥

ਇਹ ਵੇਖ ਕੇ ਗੁਰੂ ਜੀ ਨੇ ਇਕ ਮਨੁੱਖ ਨੂੰ ਤੁਰਤ ਭੇਜਿਆ ਤੇ ਕਿਹਾ, "ਇਨ੍ਹਾਂ ਨੂੰ ਪੁੱਛ ਕਿ ਉਹ ਕਿਥੋਂ ਆਏ ਹਨ?" ਉਸ ਮਨੁੱਖ ਨੇ ਜਾ ਕੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ, "ਅਸੀਂ ਬਰਾੜ ਹਾਂ" ॥ ੭॥

ਜਬਿ ਗੁਰ ਸੰਗ ਬਤਾਯਹੁ ਆਏ। ਤਬਿ ਕੇਤਿਕ ਨਰ ਪਠੇ ਧਵਾਏ।
'ਆਨਹੁ ਮੋਰਿ, ਜਾਨਿ ਨਹਿਂ ਦੀਜੈ। ਕਿਤ ਤੇ ਕੌਨ ਅਹੈ? ਪਰਖੀਜੈ' ॥ ੮॥

ਉਸ ਮਨੁੱਖ ਨੇ ਆ ਕੇ ਜਦ ਗੁਰੂ ਜੀ ਨੂੰ ਦੱਸਿਆ ਤਾਂ ਗੁਰੂ ਜੀ ਨੇ ਕਈ ਮਨੁੱਖਾਂ ਨੂੰ ਉਨ੍ਹਾਂ ਦੇ ਮਗਰ ਭਜਾਇਆ। "ਉਨ੍ਹਾਂ ਨੂੰ ਮੋੜ ਲਿਆਵੋ ਜਾਣ ਨਾ ਦੇਵੋ, ਕਿਥੋਂ ਕੌਣ ਆਇਆ ਹੈ? ਇਸ ਬਾਰੇ ਪੜਚੋਲ ਕਰੋ" ॥ ੮॥

ਧਾਇ ਜਾਇ, ਸਮੁਦਾਇ ਸੁ ਲਜਾਏ। ਕਰੇ ਖਰੇ ਸਤਿਗੁਰ ਅਗਵਾਏ।
ਉਤਰਿ ਤੁਰੰਗਮ ਧਰੀ ਉਪਾਇਨ। ਪਰਸੇ ਅਰਬਿੰਦਨਿ ਸਮ ਪਾਇਨ ॥ ੯॥

ਸਾਰੇ ਦੌੜ ਕੇ ਗਏ ਤੇ ਮੋੜ ਲਿਆਏ ਤੇ ਸਤਿਗੁਰੂ ਜੀ ਦੇ ਅੱਗੇ ਖੜੇ ਕਰ ਦਿੱਤੇ। ਘੋੜਿਆਂ ਤੋਂ ਉੱਤਰ ਕੇ ਉਨ੍ਹਾਂ ਗੁਰੂ ਜੀ ਅੱਗੇ ਉਪਹਾਰ ਧਰੇ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੈਰਾਂ ਵਾਂਗ ਪਰਸਿਆ॥ ੯॥

ਬੂਝੇ 'ਪ੍ਰਥਮ, ਕਹੌ ਕਿਮ ਆਏ। ਭੈ ਬਹਿਲੋ ਕੇ ! ਕੂਰ ਆਲਏ'।
ਸੁਨਿ ਗੁਰਦਾਸ ਸਾਚ ਤਬਿ ਕਹਯੋ। 'ਹਮ ਪ੍ਰਭੁ ਇਤ ਉਤ ਇਮ ਡਰ ਲਹਯੋ ॥੧੦॥

ਗੁਰੂ ਜੀ ਨੇ ਪੁੱਛਿਆ "ਪਹਿਲਾਂ ਜਦ ਅਸੀਂ ਪੁੱਛ ਭੇਜਿਆ ਕਿ ਤੁਸੀਂ ਕੌਣ ਹੋ ਤੇ ਦੱਸੋ ਕਿਵੇਂ ਆਏ ਹੋ, ਤਾਂ ਹੇ ਬਹਿਲੋ ਕੇ ਗੁਰਦਾਸ ! ਤੂੰ ਝੂਠ ਕਿਉਂ ਕਿਹਾ ਸੀ ਕਿ ਅਸੀਂ ਬਰਾੜ ਹਾਂ।" ਇਹ ਸੁਣ ਕੇ ਫਿਰ ਗੁਰਦਾਸ ਨੇ ਸੱਚ ਕਿਹਾ, "ਹੇ ਪ੍ਰਭੂ ! ਮੈਂ ਤੁਹਾਡੇ ਅਤੇ ਪੰਜਾਬ ਕੌਰ ਵਲੋਂ ਡਰ ਮੰਨਿਆ॥ ੧੦॥

ਜਬਿ ਮਸੰਦ ਮਾਰੇ ਤੁਮ ਮਹਾਂ। ਮੈਂ ਪੰਜਾਬ ਕੁਇਰ ਢਿਗ ਰਹਾ।
ਜਿਤੇ ਲੋਕ ਪਾਛੇ ਤਹਿਂ ਥਿਰੇ। ਸਗਰੇ ਬੈਰ ਮੋਹਿ ਸੰਗ ਕਰੇ॥ ੧੧॥

ਜਦ ਤੁਸੀਂ ਬਾਬਾ ਰਾਮ ਰਾਇ ਦੇ ਮਸੰਦ ਮਾਰ ਦਿੱਤੇ ਸਨ ਤਾਂ ਮੈਂ ਪੰਜਾਬ ਕੌਰ ਪਾਸ ਰਿਹਾ। ਜਿੰਨੇ ਲੋਕ ਪਿਛੋਂ ਰਹਿ ਗਏ ਸਨ, ਉਹ ਸਾਰੇ ਮੇਰੇ ਨਾਲ ਵੈਰ ਧਾਰਨ ਕਰਦੇ ਸਨ॥ ੧੧॥

ਮਿਲਿ ਸਤਿਗੁਰ ਕੋ ਇਤ ਇਹੁ ਲਜਾਯੋ। ਮਸਲਤ ਕਰਿ ਹਮ ਕੋ ਮਰਿਵਾਯੋ।
ਰਹੇ ਪੰਜਾਬ ਕੁਇਰ ਸਿਖਰਾਵਤਿ।-ਦਰਬ ਬਿੰਦ ਕੋ ਸਦਾ ਚੁਰਾਵਤਿ॥ ੧੨॥

ਸਤਿਗੁਰੂ ਜੀ ਨੂੰ ਮਿਲਣ ਵਾਸਤੇ ਏਧਰ ਆਇਆ ਹਾਂ, ਪੰਜਾਬ ਕੌਰ ਨਾਲ ਸਲਾਹ ਕਰਕੇ ਮੇਰੇ ਵਿਰੋਧੀ ਮੈਨੂੰ ਮਰਵਾਉਣਾ ਚਾਹੁੰਦੇ ਸਨ। ਉਹ ਪੰਜਾਬ ਕੌਰ ਨੂੰ ਸਦਾ ਸਿਖਾਉਂਦੇ ਰਹਿੰਦੇ ਸਨ ਤੇ ਧਨ ਦੀ ਬਹੁਤ ਚੋਰੀ ਕਰਦੇ ਸਨ॥ ੧੨॥

ਕੇਤਿਕ ਦਿਨ ਤਿਨ ਨਾਹਿਨ ਮਾਨੀ। ਅਬਿ ਮੇਰੇ ਪਰ ਕੁਛਕ ਰਿਸਾਨੀ।
ਗਹਿਬੇ ਹੇਤੁ ਤਕਾਵਤਿ ਰਹੀ। ਹੋਇ ਨਿਸੰਗ ਗਹਾਯੋ ਨਹੀਂ॥ ੧੩॥

ਉਨ੍ਹਾਂ ਦੀ ਗੱਲ ਪੰਜਾਬ ਕੌਰ ਨੇ ਕੁਝ ਦਿਨ ਨਹੀਂ ਮੰਨੀ ਹੈ। ਹੁਣ ਮੇਰੇ ਉੱਤੇ ਕੁਝ ਗੁੱਸੇ ਹੋ ਗਈ ਹੈ। ਫੜਵਾਉਣ ਵਾਸਤੇ ਤੱਕਦੀ ਰਹੀ ਹੈ ਪਰ ਨਿਸ਼ੰਗ ਹੋ ਕੇ ਫੜਾਇਆ ਨਹੀਂ ਹੈ॥ ੧੩॥

ਮੁਝ ਸੁਧਿ ਭਈ ਰਾਤਿ ਕੋ ਜਬੈ। ਪੰਜ ਰਜਤਪਣ ਧਰਿ ਦਰ ਤਬੈ।
ਮਸਤਕ ਟੇਕਿ ਤੁਰਤ ਚਢਿ ਆਯੋ। ਰਹਨਿ ਆਪ ਕੇ ਨਿਕਟ ਤਕਾਯੋ॥ ੧੪॥

ਜਦ ਮੈਨੂੰ ਰਾਤ ਨੂੰ ਪਤਾ ਲੱਗਾ ਤਦ ਮੈਂ ਪੰਜ ਰੁਪਏ ਦਰਵਾਜ਼ੇ ਉੱਤੇ ਧਰ ਕੇ ਮੱਥਾ ਟੇਕ ਕੇ ਤੁਰਤ ਚਲਾ ਆਇਆ ਹਾਂ ਤੇ ਆਪ ਜੀ ਦੇ ਪਾਸ ਰਹਿਣ ਦੀ ਓਟ ਰੱਖੀ ਹੈ॥ ੧੪॥

ਆਇ ਸਮੀਪ ਸੁਨੀ ਸੁਧਿ ਇਹਾਂ। ਬੀਤਹਿ ਮਾਰ ਮਸੰਦਨ ਮਹਾਂ।
ਪ੍ਰਥਮੇ ਰਾਮਰਾਇ ਕੇ ਪਾਸੇ। ਤੁਮ ਸਮਤਾ ਕੇ ਬਾਕ ਪ੍ਰਕਾਸ਼ੇ॥ ੧੫॥

ਏਥੇ ਨੇੜੇ ਆਕੇ ਇਹ ਖਬਰ ਸੁਣੀ ਹੈ ਕਿ ਆਪ ਜੀ ਨੇ ਪਿੱਛੇ ਜੇਹੇ ਬਹੁਤ ਮਸੰਦਾਂ ਨੂੰ ਮਾਰ ਦਿੱਤਾ ਹੈ। ਪਹਿਲਾਂ ਰਾਮਰਾਇ ਦੇ ਪਾਸ ਮੈਂ ਆਪ ਜੀ ਦੀ ਬਰਾਬਰੀ ਦੇ ਬਚਨ ਕਹੇ ਸਨ॥ ੧੫॥

ਹਤਹਿ ਤੀਰ ਤਾਰਾ ਮਮ ਭਾਈ। ਮਿਲਿ ਜਮਨਾ ਤੁਮ ਬਾਤ ਚਲਾਈ।
ਸੋ ਸਿਮਰਨ ਕਰਿ ਡਰ ਉਰ ਧਾਰਾ। ਬਿਨਾ ਮਿਲੇ ਚਹੁ ਕਰਹੁ ਸਿਧਾਰਾ॥ ੧੬॥

ਮੇਰਾ ਭਰਾ ਤਾਰਾ ਤੀਰ ਮਾਰ ਕੇ ਮਾਰ ਦੇਵੇਗਾ, ਜਦ ਜਮਨਾਂ ਨਦੀ ਵਿਚ ਮਿਲੇ ਸੀ ਤਾਂ ਆਪ ਜੀ ਨੇ ਇਹ ਗੱਲ ਕਹੀ ਸੀ। ਉਸ ਨੂੰ ਯਾਦ ਕਰਕੇ ਮੈਂ ਦਿਲ ਵਿਚ ਡਰ ਧਾਰਨ ਕੀਤਾ, ਮਿਲਣ ਤੋਂ ਬਗੈਰ ਹੀ ਚਲੇ ਜਾਣਾ ਚਾਹੁੰਦਾ ਸੀ॥ ੧੬॥

ਆਪ ਹਕਾਰਿ ਦਰਸ ਕੋ ਦੀਨਾ। ਹੇ ਪ੍ਰਭੁ ਇਤ ਉਤ ਇਉਂ ਡਰ ਕੀਨਾ।
ਸ਼੍ਰੀ ਪ੍ਰਭੁ ਮੁਸਕਾਵਤਿ ਬਚ ਕਹਾ। 'ਤੋਹਿ ਬਡੋ ਹੋਯੋ ਸਿਖ ਮਹਾਂ॥ ੧੭॥

ਆਪ ਜੀ ਨੇ ਬੁਲਾ ਕੇ ਦਰਸ਼ਨ ਦਿੱਤੇ ਹਨ, ਹੇ ਪ੍ਰਭੂ ਜੀ ! ਏਧਰੋਂ ਓਧਰੋਂ ਦੋਵਾਂ ਪਾਸਿਆਂ ਦਾ ਡਰ ਮੰਨਿਆ ਸੀ।" ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ, "ਤੁਹਾਡਾ ਵਡੇਰਾ ਇਕ ਮਹਾਨ ਸਿੱਖ ਹੋਇਆ ਹੈ॥ ੧੭॥

ਭਾਈ ਪਦ ਬਹਿਲੋ ਲਿਯ ਗੁਰ ਤੇ। ਇਸ ਘਰ ਕੇ ਸੇਵਕ ਤੁਮ ਧੁਰ ਤੇ।
ਰੋਜ ਰਜਤਪਣ ਕੀਨੋ ਦੋਇ। ਰਾਖਿ ਲਿਯੋ ਅਪਨੇ ਢਿਗ ਸੋਇ॥ ੧੮॥

ਭਾਈ ਬਹਿਲੋ ਨੇ ਗੁਰੂ ਜੀ ਪਾਸੋਂ ਭਾਈ ਦੀ ਪਦਵੀ ਪ੍ਰਾਪਤ ਕੀਤੀ ਸੀ, ਤੁਸੀਂ ਧੁਰਾਂ ਤੋਂ ਗੁਰੂ ਘਰ ਦੇ ਸੇਵਕ ਰਹੇ ਹੋ।" ਰੋਜ਼ ਦੇ ਦੋ ਰੁਪਏ ਦੇਣੇ ਕਰਕੇ, ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰੱਖ ਲਿਆ॥ ੧੮॥

ਦਿਵਸ ਆਗਲੇ ਸੰਗਤਿ ਆਈ। ਨਮੋ ਕੀਨਿ ਸੁਧਿ ਬੈਠਿ ਬਤਾਈ।
'ਪਾਰ ਗ੍ਰਾਮ ਬਜਰੂੜ ਮਹਾਨਾ। ਸਤਿਗੁਰ ਸੰਗ ਬੈਰ ਤਿਨ ਠਾਨਾ॥ ੧੯॥

ਅਗਲੇ ਦਿਨ ਸੰਗਤ ਆਈ, ਨਮਸਕਾਰ ਕਰਕੇ ਉਹਨਾਂ ਨੇ ਖ਼ਬਰ ਦੱਸੀ। "ਦਰਿਆ ਤੋਂ ਪਾਰ ਜਿਹੜਾ ਵੱਡਾ ਬਜਰੂੜ ਪਿੰਡ ਹੈ, ਉਸ ਨੇ ਸਤਿਗੁਰੂ ਜੀ ਨਾਲ ਵੈਰ ਧਾਰਨ ਕੀਤਾ ਹੈ॥ ੧੯॥

ਆਵਤਿ ਪਿਖਿ ਸੰਗਤਿ ਸਮੁਦਾਏ। ਸਰਿਤਾ ਨਿਕਟ ਧਾਇ ਅਗਵਾਏ।
ਲੂਟਯੋ ਮਾਰਗ ਕਰਿ ਬਲ ਭਾਰਾ। ਛੀਨ ਵਸਤੁ ਕੇਤਿਕ ਕੋ ਮਾਰਾ॥ ੨੦॥

ਸਾਰੀ ਸੰਗਤ ਨੂੰ ਆਉਂਦੀ ਨੂੰ ਵੇਖ ਕੇ, ਦਰਿਆ ਦੇ ਪਾਸ ਦੌੜ ਕੇ ਅੱਗੇ ਆਏ। ਬਹੁਤ ਭਾਰੀ ਬਲ ਧਾਰ ਕੇ ਰਾਹ ਵਿਚ ਲੁੱਟ ਲਿਆ ਹੈ ਤੇ ਸਾਰੀਆਂ ਵਸਤਾਂ ਖੋਹ ਕੇ ਕਈਆਂ ਨੂੰ ਮਾਰ ਦਿੱਤਾ ਹੈ॥ ੨੦॥

ਦੇਤਿ ਰਹੇ ਬਹੁ ਗੁਰੂ ਦੁਹਾਈ। ਨਹਿਂ ਮਾਨਹਿਂ ਕੀਨੀ ਜੜ੍ਹਤਾਈ।
ਸੁਨਿ ਕਲਗ਼ੀਧਰ ਕੋਪ ਬਿਸਾਲਾ। 'ਤਿਨ ਲੋਕਨ ਕੋ ਭੇ ਜਨੁ ਕਾਲਾ॥ ੨੧॥

ਅਸੀਂ ਗੁਰੂ ਜੀ ਦੀ ਬਹੁਤ ਦੁਹਾਈ ਦਿੰਦੇ ਰਹੇ ਹਾਂ, ਨਹੀਂ ਮੰਨੇ ਹਨ, ਵੱਡੀ ਮੂਰਖਤਾ ਕੀਤੀ ਹੈ।" ਇਹ ਸੁਣ ਕੇ ਗੁਰੂ ਜੀ ਬਹੁਤ ਗੁੱਸੇ ਵਿਚ ਆ ਗਏ ਤੇ ਉਨ੍ਹਾਂ ਨੇ ਕਿਹਾ, "ਜਾਪਦਾ ਹੈ, ਉਨ੍ਹਾਂ ਲੋਕਾਂ ਦੀ ਮਾਨੋ ਮੌਤ ਆਈ ਹੈ॥ ੨੧॥

ਇਕ ਦੁਇ ਦਿਨ ਅੰਤਰ ਕੋ ਪਾਇ। ਗੁਰੂ ਅਰੂਢਨ ਕੋ ਫ਼ੁਰਮਾਇ।
ਬਾਜ ਉਠਯੋ ਰਣਜੀਤ ਨਗਾਰਾ। ਸੁਨੀ ਧੌਂਸ ਸਿੰਘਨ ਕਿਯ ਤਯਾਰਾ॥ ੨੨॥

ਇਕ ਦੋ ਦਿਨ ਦਾ ਫਰਕ ਪਾ ਕੇ, ਗੁਰੂ ਜੀ ਨੇ ਘੋੜਿਆਂ 'ਤੇ ਸਵਾਰ ਹੋਣ ਵਾਸਤੇ ਕਿਹਾ। ਰਣਜੀਤ ਨਗਾਰਾ ਵੱਜ ਉੱਠਿਆ, ਸਿੰਘਾਂ ਦੀ ਤਿਆਰੀ ਦਾ ਨਗਾਰਾ ਵੱਜਦਾ ਸੁਣਿਆ ਗਿਆ॥ ੨੨॥

ਹਯ ਪਰ ਜ਼ੀਨ ਪਾਇ ਕਰਿ ਤਬੈ। ਚਲੇ ਜਿਤਿਕ ਪੈਦਲ ਥੇ ਸਬੈ।
ਗਰ ਸ਼ਮਸ਼ੇਰ ਹੋਇ ਸਮ ਸ਼ੇਰ। ਕਸੀ ਕਮਰ ਗਹਿ ਤੁਪਕ ਘਨੇਰ॥ ੨੩॥

ਤਦ ਘੋੜੇ ਉੱਤੇ ਕਾਠੀ ਪਾ ਕੇ ਸਾਰੇ ਚਲ ਪਏ, ਜਿਹੜੇ ਪੈਦਲ ਸਨ, ਉਹ ਵੀ ਸਾਰੇ ਚਲ ਪਏ। ਗਲ ਵਿਚ ਤਲਵਾਰ ਪਾ ਕੇ ਸ਼ੇਰ ਵਾਂਗ ਹੋ ਕੇ ਕਮਰ ਦੇ ਨਾਲ ਕੱਸ ਲਈ ਤੇ ਬੰਦੂਕ ਨੂੰ ਹੱਥ ਵਿਚ ਫੜ ਲਿਆ॥ ੨੩॥

ਕੀਨਸਿ ਗੁਰੂ ਅਖੇਰ ਬਹਾਨਾ। ਚਮੂੰ ਬ੍ਰਿੰਦ ਜੁਤਿ ਕਿਯ ਪ੍ਰਸਥਾਨਾ।
ਸਲਿਤਾ ਪਾਰ ਉਤਰਿ ਕਰਿ ਫਿਰੇ। ਸਹਿਜ ਸੁਭਾਇ ਅਖੇਰੈ ਕਰੇ॥ ੨੪॥

ਗੁਰੂ ਜੀ ਨੇ ਸ਼ਿਕਾਰ ਖੇਡਣ ਦਾ ਬਹਾਨਾ ਕੀਤਾ ਤੇ ਵੱਡੀ ਸੈਨਾ ਲੈ ਕੇ ਚਲ ਪਏ। ਨਦੀ ਤੋਂ ਪਾਰ ਹੋ ਕੇ ਘੁੰਮੇ, ਫਿਰ ਸਹਿਜ ਸੁਭਾਅ ਸ਼ਿਕਾਰ ਖੇਡ ਰਹੇ ਸਨ॥ ੨੪॥

ਇਤ ਉਤ ਬਿਚਰਤਿ ਪਹੁੰਚੇ ਤਹਾਂ। ਦੁਸ਼ਟ ਬਜਰੂੜ ਗ੍ਰਾਮ ਥੋ ਜਹਾਂ।
ਨਿਕਟ ਹੋਇ ਕਰਿ ਮਾਰੋ ਮਾਰੀ। ਓਰੜ ਪਰੇ ਬੀਰ ਇਕ ਬਾਰੀ॥ ੨੫॥

ਏਧਰ ਓਧਰ ਵਿਰਦੇ ਓਧਰ ਪਹੁੰਚ ਗਏ, ਜਿੱਥੇ ਦੁਸ਼ਟ ਬਜਰੂੜ ਪਿੰਡ ਵੱਸਦਾ ਸੀ। ਨੇੜੇ ਹੋ ਕੇ ਮਾਰੋ ਮਾਰ ਕਰ ਦਿੱਤੀ ਤੇ ਸਾਰੇ ਸੂਰਬੀਰ ਇਕੋ ਵਾਰ ਟੁੱਟ ਕੇ ਪੈ ਗਏ॥ ੨੫॥

ਗੂਜਰ ਅਰੁ ਰੰਘੜ ਦ੍ਵੈ ਜਾਤੀ। ਜਾਨਜੋਂ ਜਬੈ ਹੋਤਿ ਭੇ ਘਾਤੀ।
ਗਹਿ ਗਹਿ ਸ਼ਸਤ੍ਰ ਬਨੇ ਸਵਧਾਨਾ। ਚਢੇ ਸਦਨ ਜੇ ਹੁਤੇ ਮਹਾਂਨਾ॥ ੨੬॥

ਓਥੇ ਗੁਜਰ ਅਤੇ ਰੰਘੜ ਦੋ ਜਾਤਾਂ ਰਹਿੰਦੀਆਂ ਸਨ, ਜਦ ਉਨ੍ਹਾਂ ਜਾਣਿਆਂ ਕਿ ਸਾਰੇ ਮਾਰੇ ਜਾਵਾਂਗੇ ਤਾਂ ਉਹ ਸ਼ਸਤਰ ਫੜ ਫੜ ਸਾਵਧਾਨ ਹੋ ਗਏ ਤੇ ਆਪਣੇ ਵੱਡੇ-ਵੱਡੇ ਘਰਾਂ ਦੇ ਉੱਤੇ ਚੜ੍ਹ ਪਏ॥ ੨੬॥

ਹੁਤੋ ਗ੍ਰਾਮ ਮਹਿਂ ਦੁਰਗ ਛੁਟੇਰਾ। ਜਾਇ ਪ੍ਰਵੇਸ਼ੇ ਬਹੁ ਤਿਸ ਬੇਰਾ।
ਥਾਉਂ ਥਾਉਂ ਕਰਿਕੈ ਤਕਰਾਈ। ਛੁਟੀ ਤੁਪਕ ਗਨ ਮਚੀ ਲਰਾਈ॥ ੨੭॥

ਨਗਰ ਦੇ ਵਿਚ ਇਕ ਛੋਟਾ ਕਿਲ੍ਹਾ ਸੀ, ਬਹੁਤੇ ਉਸ ਕਿਲ੍ਹੇ ਵਿਚ ਜਾ ਦਾਖਲ ਹੋਏ। ਥਾਂ ਥਾਂ ਤਕੜਾਈ ਕਰਕੇ, ਬੰਦੂਕਾਂ ਚੱਲ ਉੱਠੀਆਂ ਤੇ ਲੜਾਈ ਮਚ ਗਈ॥ ੨੭॥

ਭਰਿ ਬਰੂਦ ਮੁਸ਼ਟਨ ਕੋ ਡਾਲਹਿਂ। ਠੋਕਤਿ ਗੁਲਕਾਂ ਗਜਹਿ ਨਿਕਾਲਹਿਂ।
ਸ਼ੀਘ੍ਰ ਕਲਾ ਪਰ ਜੋੜਹਿਂ ਤੋੜੇ। ਧਰਹਿਂ ਪਲੀਤੇ ਪਰ ਕੁਛ ਮੋੜੇ॥ ੨੮॥

ਮੁੱਠਾਂ ਨਾਲ ਭਰ ਭਰ ਬਰੂਦ ਪਾਉਂਦੇ ਸਨ ਤੇ ਗੋਲੀਆਂ ਠੋਕ ਕੇ ਗਜ ਕੱਢਦੇ ਸਨ। ਤੁਰਤ ਕਲਾ ਉੱਤੇ ਤੋੜੇ ਜੋੜਦੇ ਸਨ ਤੇ ਪਲੀਤੇ ਕਲਾ ਨੂੰ ਕੁਝ ਮੋੜ ਕੇ ਉਪਰ ਧਰਦੇ ਸਨ॥ ੨੮॥

ਦਸਤ ਰਵਾਂ ਕਰਿ ਤੂਰਨ ਤਾਕਹਿਂ। ਧੁਖਤਿ ਉਠਹਿਂ ਤਤਕਾਲ ਤੜਾਕਹਿਂ।
ਸ਼ੂੰਕਤਿ ਗੋਰੀ ਫੋੜਿ ਸਰੀਰੰ। ਨਿਕਸਤਿ ਸ਼੍ਰੋਣਤ ਭੀਗਤਿ ਚੀਰੰ॥ ੨੯॥

ਗੋਲੀ ਨੂੰ ਛੱਡ ਕੇ ਫਿਰ ਤੁਰਤ ਵੇਖਦੇ ਸਨ ਤੇ ਤੁਰਤ ਹੋਰ ਤੋੜੇ ਧੁਖ ਉੱਠਦੇ ਸਨ ਤੇ ਤੜ ਤੜ ਦੀ ਆਵਾਜ਼ ਹੁੰਦੀ ਸੀ। ਸ਼ੂਕਦੀ ਹੋਈ ਗੋਲੀ ਸਰੀਰ ਨੂੰ ਪਾੜ ਦਿੰਦੀ ਸੀ, ਲਹੂ ਨਿਕਲਦਾ ਸੀ ਤੇ ਕੱਪੜੇ ਭਿੱਜ ਜਾਂਦੇ ਸਨ॥ ੨੯॥

ਹੁਇ ਘਾਇਲ ਘਾਵਨ ਭਭਕੰਤੇ। ਇਕ ਘੂੰਮਤਿ ਇਕ ਪ੍ਰਾਣ ਤਜੰਤੇ।
ਇਕ ਭੀਖਨ ਪਿਖਿ ਹੋਵਤਿ ਭੀਰੁ। ਦਬਕੇ ਏਕ ਛੋਰ ਕਰਿ ਤੀਰ॥ ੩੦॥

ਜ਼ਖਮੀ ਹੋ ਕੇ ਜ਼ਖਮ ਭਭਕਦੇ ਸਨ, ਕਈ ਘੁੰਮਦੇ ਸਨ ਕਈ ਪ੍ਰਾਣ ਛੱਡ ਜਾਂਦੇ ਸਨ। ਕਈ ਭਿਆਨਕ ਜੰਗ ਵੇਖ ਕੇ ਕਾਇਰ ਹੋ ਜਾਂਦੇ ਸਨ, ਕਈ ਡਰਦੇ ਹੋਏ ਪਾਸਾ ਹੀ ਛੱਡ ਗਏ॥ ੩੦॥

ਸਿੰਘਨ ਵਹਿਰ ਚੁਗਿਰਦਾ ਘੇਰਾ। ਘਾਲਿ ਘਾਲਿ ਘਮਸਾਨ ਘਨੇਰਾ।
ਘੇਰਿ ਘੇਰਿ ਘੋਰਨਿ ਤੇ ਘਨੇ। ਤਾਕਿ ਤਾਕਿ ਤੁਪਕਨਿ ਤੇ ਹਨੇ॥ ੩੧॥

ਸਿੰਘਾਂ ਨੇ ਬਾਹਰ ਚਾਰ ਚੁਫੇਰਾ ਘੇਰ ਲਿਆ, ਸੂਰਬੀਰ ਵੱਡੀ ਘਾਲਣਾ ਘਾਲਦੇ ਸਨ। ਘੋੜਿਆਂ ਨਾਲ ਬਹੁਤ ਆਦਮੀਆਂ ਨੂੰ ਘੇਰ-ਘੇਰ ਕੇ ਲਿਆਉਂਦੇ ਸਨ ਤੇ ਬੰਦੂਕਾਂ ਨਾਲ ਨਿਸ਼ਾਨੇ ਤਕ ਤਕ ਮਾਰਦੇ ਸਨ॥ ੩੧॥

ਪੈਦਲ ਚਮੂੰ ਗੁਰੂ ਕੀ ਆਈ। ਭਈ ਨਿਕਟ ਬਡਿ ਮਾਰ ਮਚਾਈ।
ਪ੍ਰਭੁ ਜੀ ਦੇਖਹਿਂ ਖਰੇ ਤਮਾਸ਼ਾ। ਕਰਿ ਕਰਿ ਓਜ ਦਿਖਾਵਹਿਂ ਦਾਸਾ॥ ੩੨॥

ਫਿਰ ਗੁਰੂ ਜੀ ਦੀ ਪੈਦਲ ਸੈਨਾ ਆਈ, ਸੂਰਮਿਆਂ ਨੇ ਨੇੜੇ ਹੋ ਕੇ ਵੱਡੀ ਮਾਰ ਮਚਾਈ। ਗੁਰੂ ਜੀ ਖੜੇ ਹੋ ਕੇ ਤਮਾਸ਼ਾ ਵੇਖ ਰਹੇ ਸਨ ਤੇ ਸੇਵਕ ਆਪਣੀ ਸ਼ਕਤੀ ਕਰ-ਕਰ ਕੇ ਗੁਰੂ ਜੀ ਨੂੰ ਵਿਖਾਉਂਦੇ ਸਨ॥ ੩੨॥

ਹੇਲਾ ਕਰਿਕੇ ਮਾਰਹੁ ਮਾਰਾ। ਜਾਇ ਪ੍ਰਵੇਸ਼ੇ ਗ੍ਰਾਮ ਮਝਾਰਾ।
ਘਰ ਪਰ ਚਰਹਿਂ ਚਲਾਵਹਿਂ ਜਹਿਂ ਜਹਿਂ। ਦਏ ਹਲਾਇ ਪਹੁੰਚ ਕਰਿ ਤਹਿਂ ਤਹਿਂ॥੩੩॥

ਹਲਾ ਕਰਕੇ ਮਾਰੋ ਮਾਰ ਕਰਦੇ, ਨਗਰ ਦੇ ਵਿਚ ਪ੍ਰਵੇਸ਼ ਕਰ ਗਏ। ਘਰ ਦੇ ਉੱਤੇ ਚੜ੍ਹ ਕੇ ਜਿੱਥੇ ਜਿੱਥੇ ਹਥਿਆਰ ਚਲਾਉਂਦੇ ਸਨ, ਸਿੰਘ ਓਥੇ ਓਥੇ ਪਹੁੰਚ ਕੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਹਿਲਾ ਦਿੰਦੇ ਸਨ॥ ੩੩॥

ਗੁੱਜਰ ਰੰਘੜ ਲੈ ਲੈ ਆਡੋ। ਕਸਿ ਕਸਿ ਤੁਪਕਨ ਤਕਿ ਤਕਿ ਛਾਡੋ।
ਤਿਨ ਕੋ ਅੰਗ ਕਿਤਹੁਂ ਦਿਖਿ ਜਾਇ। ਤਤ ਛਿਨ ਗੁਲਕਾ ਲਗਿ ਹੁਇ ਘਾਇ॥੩੪॥

ਗੁੱਜਰ ਰੰਘੜਾਂ ਵੱਲ ਓਟ ਲੈ ਲੈ ਕੇ, ਨਿਸ਼ਾਨਾ ਬੰਨ੍ਹ-ਬੰਨ੍ਹ ਬੰਦੂਕਾਂ ਚਲਾਈਆਂ, ਉਨ੍ਹਾਂ ਦਾ ਅੰਗ ਜਿੱਥੇ ਵੀ ਦਿਖਾਈ ਦੇ ਜਾਂਦਾ ਸੀ, ਤੁਰਤ ਗੋਲੀ ਲੱਗ ਕੇ ਉਹ ਘਾਇਲ ਹੋ ਜਾਂਦਾ ਸੀ॥ ੩੪॥

ਲਗਹਿ ਸੀਸ ਜਨੁ ਹੰਡੀਆ ਫੋਰੀ। ਰੁਪੇ ਸਿੰਘ ਤਕਿ ਮਾਰਤਿ ਗੋਰੀ।
ਜੇ ਕੋਸ਼ਠ ਪਰ ਗ੍ਰਾਮ ਮਝਾਰੇ। ਕੇਤਿਕ ਤੁਪਕਨਿ ਤਕਿ ਤਕਿ ਮਾਰੇ॥ ੩੫॥

ਜਿਨ੍ਹਾਂ ਦੇ ਸਿਰ ਨੂੰ ਵੱਜਦੀ ਸੀ, ਉਸ ਦੇ ਸਿਰ ਦੀ ਮਟਕੀ ਪਾੜ ਦਿੰਦੇ ਸਨ। ਗੁੱਸੇ ਵਿਚ ਆਏ ਸਿੰਘ ਪੈਰ ਜਮਾ ਜਮਾ ਕੇ ਗੋਲੀਆਂ ਮਾਰਦੇ ਸਨ। ਪਿੰਡ ਵਿਚ ਜਿੰਨੇ ਕੋਠਿਆਂ ਉੱਪਰ ਚੜ੍ਹੇ ਸਨ, ਉਨ੍ਹਾਂ ਵਿਚੋਂ ਕਈ ਬੰਦੂਕਾਂ ਨਾਲ ਤਕ ਤਕ ਮਾਰ ਦਿੱਤੇ॥ ੩੫॥

ਕੇਤਿਕ ਭਾਜ ਗੜ੍ਹੀ ਮਹਿਂ ਬੜੇ। ਵਹਿਰ ਨ ਜਮੇ ਪਾਇ ਕਿਤ ਅੜੇ।
ਕਰਿ ਕਰਿ ਢੋਅ ਢੇਰ ਹੀ ਢੂਕੇ। ਦੁਰਗ ਚੁਗਿਰਦੇ ਫਿਰਿ ਫਿਰਿ ਕੂਕੇ॥ ੩੬॥

ਕਈ ਭੱਜ ਕੇ ਗੜ੍ਹੀ ਵਿਚ ਵੜ ਗਏ, ਬਾਹਰ ਅੜ ਕੇ ਪੈਰ ਨਹੀਂ ਸੀ ਜੰਮਦੇ। ਕਈ ਮਿਲ ਕੇ ਬਹੁਤ ਹੀ ਨੇੜੇ ਜਾ ਢੁੱਕੇ। ਸਿੰਘ ਕਿਲ੍ਹੇ ਦੇ ਚਾਰ ਚੁਫੇਰੇ ਫਿਰ ਕੇ ਕੂਕਦੇ ਸਨ॥ ੩੬॥

ਚਤਰ ਘਟੀ ਲਗਿ ਤੜ ਭੜ ਛੋਰੀ। ਜੋਰਿ ਜੋਰਿ ਰਿਪੁ ਕਾਯਨਿ ਫੋਰੀ।
ਬਿਥਰਯੋ ਸ਼੍ਰੋਣਤ ਏਕ ਕਰਾਹੈਂ। ਕੇਤਿਕ ਮਰੇ ਪਰੇ ਰਜ ਮਾਂਹੈ॥ ੩੭॥

ਚਾਰ ਘੜੀਆਂ ਤਕ ਤਾੜ ਤਾੜ ਗੋਲੀਆਂ ਛੱਡੀਆਂ, ਗੋਲੀਆਂ ਜੋੜ ਜੋੜ ਕੇ ਵੈਰੀ ਦੇ ਸਰੀਰ ਤੋੜ ਦਿੱਤੇ। ਸਾਰੇ ਖੂਨ ਖਿਲਰਿਆ ਸੀ, ਕਈ ਕਰਾਹ ਰਹੇ ਸਨ, ਕਈ ਧੂੜ ਵਿਚ ਮਰੇ ਪਏ ਸਨ॥ ੩੭॥

ਸਿੰਘਨ ਜੰਗ ਪਿਖਹਿ ਗੁਰ ਸਾਚਾ। ਜਥਾ ਗ਼ਜ਼ਬ ਕੋ ਅਜਬ ਤਮਾਂਚਾ।
ਗ੍ਰਾਮ ਸਗਰ ਘਰ ਘਰਿ ਮਹਿਂ ਬਰੇ। ਢੁਕਿ ਢੁਕਿ ਦੁਰਗ ਢਿਗ ਕਰੇ॥ ੩੮॥

ਸੱਚੇ ਗੁਰੂ ਜੀ ਸਿੰਘਾਂ ਦਾ ਜੰਗ ਵੇਖ ਰਹੇ ਸਨ, ਜਿਵੇਂ ਅਜੀਬ ਗਜ਼ਬ ਦਾ ਤਮਾਚਾ ਪਿਆ ਹੋਵੇ, ਸਾਰਾ ਪਿੰਡ ਆਪਣੇ ਘਰਾਂ ਵਿਚ ਦਾਖਲ ਹੋ ਗਿਆ, ਧਕ ਧਕ ਕੇ ਕਿਲ੍ਹੇ ਦੇ ਨੇੜੇ ਕਰ ਦਿੱਤੇ॥ ੩੮॥

ਚਲਹਿ ਬੰਦੂਕ ਨਾਦ ਬਡਿ ਉਠਜੋ। ਬਰਖਤਿ ਗੁਲਕਾਂ ਜਨੁ ਘਨ ਵੁੱਠਜੋ।
ਲਗੇ ਮੋਰਚੇ ਦੁਰਗ ਨਜੀਕੇ। ਸ਼ੱਤ੍ਰੁਨਿ ਤਜਾਗੇ ਧੀਰਜ ਹਿਯਕੇ॥ ੩੯॥

ਬੰਦੂਕਾਂ ਦੇ ਚਲਣ ਨਾਲ ਬੜੀ ਉੱਚੀ ਆਵਾਜ਼ ਹੋ ਰਹੀ ਸੀ, ਗੋਲੀਆਂ ਇੰਜ ਵਰਸ ਰਹੀਆਂ ਸਨ, ਮਾਨੋ ਬੱਦਲ ਵੱਸਿਆ ਹੋਵੇ। ਕਿਲ੍ਹੇ ਦੇ ਨੇੜੇ ਮੋਰਚੇ ਲਾ ਲਏ, ਵੈਰੀ ਦਿਲ ਦਾ ਧੀਰਜ ਖੋਹ ਬੈਠੇ॥ ੩੯॥

ਤਬਿ ਕਲਗੀਧਰ ਫੇਰਿ ਤੁਰੰਗ। ਸ੍ਰੀ ਮੁਖ ਤੇ ਕਹਿ ਬਾਕ ਉਤੰਗ।
'ਘਾਲਹੁ ਹੇਲ ਗੜ੍ਹੀ ਪਰ ਚਢਹੁ। ਖੈਂਚਿ ਖੜਗ ਕੋ ਅੰਤਰ ਬਢਹੁ॥ ੪੦॥

ਤਦ ਸਤਿਗੁਰੂ ਜੀ ਕਲਗੀਧਰ ਨੇ ਘੋੜਾ ਫੇਰਿਆ ਤੇ ਆਪਣੇ ਮੁਖ ਤੋਂ ਬੜੀ ਉੱਚੀ ਆਵਾਜ਼ ਵਿਚ ਕਿਹਾ। ਹੱਲਾ ਕਰਕੇ ਗੜ੍ਹੀ ਉੱਤੇ ਚੜ੍ਹ ਜਾਵੋ ਤੇ ਤਲਵਾਰਾਂ ਖਿੱਚ ਕੇ ਅੰਦਰ ਵੜ ਜਾਵੋ॥ ੪੦॥

ਦੁਸ਼ਟਨ ਖੰਡਨ ਖੰਡ ਬਿਹੰਡਹੁ। ਮੰਡਹੁ ਰਨ ਪ੍ਰਚੰਡ ਨਹਿਂ ਛੰਡਹੁ'।
ਸੁਨਿ ਗੁਰ ਹੁਕਮ ਸਿੰਘ ਮਨ ਕੋਪੇ। ਚਹੁੰ ਦਿਸ਼ਿ ਚਰਨ ਦੁਰਗ ਢਿਗ ਰੋਪੇ॥ ੪੧॥

ਦੁਸ਼ਟਾਂ ਨੂੰ ਟੋਟੇ ਟੋਟੇ ਕਰ ਕੇ ਮਾਰ ਦੇਵੋ, ਪ੍ਰਚੰਡ ਜੰਗ ਕਰੋ ਇਨ੍ਹਾਂ ਨੂੰ ਛੱਡਣਾ ਨਹੀਂ ਹੈ।" ਗੁਰੂ ਜੀ ਦਾ ਹੁਕਮ ਸੁਣ ਕੇ ਸਿੰਘ ਬੜੇ ਗੁੱਸੇ ਵਿਚ ਆ ਗਏ, ਕਿਲ੍ਹੇ ਦੇ ਚਾਰੇ ਪਾਸੇ ਆਪਣੇ ਪੈਰ ਜਮਾ ਲਏ॥ ੪੧॥

ਮਾਰਿ ਮਾਰਿ ਬਹੁ ਮਾਰ ਪੁਕਾਰੇਂ। ਗੜ੍ਹੀ ਪੌਰ ਕੇ ਨਿਕਟ ਸਿਧਾਰੇਂ।
ਢਿਗੁ ਢੂਕੇ ਪਿਖਿ ਢੋਯਹੁ ਹੱਲਾ। ਤੁਰਕਨ ਕੋ ਧੀਰਜ ਉਰ ਹੱਲਾ॥ ੪੨॥

'ਮਾਰ ਲਵੋ, ਮਾਰ ਲਵੋ' ਬਹੁਤ ਉੱਚੀ ਉੱਚੀ ਪੁਕਾਰਦੇ ਸਨ ਤੇ ਗੜ੍ਹੀ ਦੇ ਦਰਵਾਜ਼ੇ ਦੇ ਨੇੜੇ ਪਹੁੰਚ ਗਏ। ਦਰਵਾਜ਼ੇ ਦੇ ਪਾਸ ਜਾ ਕੇ ਵੱਡਾ ਹੱਲਾ ਕੀਤਾ ਤਾਂ ਤੁਰਕਾਂ ਦਾ ਧੀਰਜ ਹਿੱਲ ਗਿਆ॥ ੪੨॥

ਅੰਤਰ ਬਰੇ ਕਤਲ ਕੋ ਕਰੈਂ। ਅਰੈਂ ਨ ਹਮ ਰਿਪੁ ਵਹਿਰ ਨ ਖਿਰੈਂ।
ਗੀਦੀ ਮਰਿਬੇ ਕਹੁ ਡਰ ਧਰਿਕੈ। ਤਜਹਿਂ ਜੁੱਧ ਇਮ ਮਸਲਤ ਕਰਿਕੈ॥ ੪੩॥

ਉਨ੍ਹਾਂ ਸਮਝਿਆ ਕਿਲ੍ਹੇ ਦੇ ਅੰਦਰ ਦਾਖਲ ਹੋ ਕੇ ਸਾਨੂੰ ਕਤਲ ਕਰਨਗੇ ਇਹ ਵੇਖ ਕੇ ਤੁਰਕ ਸੋਚਣ ਲੱਗੇ ਕਿ ਅਸੀਂ ਏਥੇ ਅੜ ਨਹੀਂ ਸਕਦੇ ਤੇ ਬਾਹਰ ਵੈਰੀ ਟਿਕਣ ਨਹੀਂ ਲੱਗਾ, ਸਾਰੇ ਅੰਦਰ ਆ ਵੜਨਗੇ। ਇਸ ਤਰ੍ਹਾਂ ਸਲਾਹ ਕੀਤੀ ਕਿ ਲੜਾਈ ਛੱਡ ਦੇਈਏ॥ ੪੩॥

ਪਿਖਿ ਹੱਲਾ ਪੱਲਾ ਤਬਿ ਫੇਰਾ। 'ਪ੍ਰਭੁ ਜੀ ! ਤਜਹੁ ਗ੍ਰਾਮ, ਲਖਿ ਚੇਰਾ'।
ਹਟੀ ਬੰਦੂਕ ਛੁਟਨਿ ਤੇ ਜਬੈ। ਕਹਿ ਕਰਿ ਵਹਿਰ ਨਿਕਾਸੇ ਤਬੈ॥ ੪੪॥

ਸਿੰਘਾਂ ਦਾ ਹੱਲਾ ਵੇਖ ਕੇ ਫਿਰ ਪੱਲਾ ਫੇਰਿਆ ਤੇ ਕਹਿਣ ਲੱਗੇ, "ਪ੍ਰਭੂ ਜੀ ! ਸਾਨੂੰ ਸੇਵਕ ਸਮਝ ਕੇ ਪਿੰਡ ਨੂੰ ਛੱਡ ਦੇਵੋ।" ਜਦ ਬੰਦੂਕਾਂ ਚਲਣੀਆਂ ਬੰਦ ਹੋ ਗਈਆਂ ਤਾਂ ਕਹਿ ਕੇ ਸਾਰਿਆਂ ਨੂੰ ਬਾਹਰ ਕਢਿਆ॥ ੪੪॥

ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨੇ। ਜੋਰਤਿ ਕਰ ਜੀਵਤਿ ਤਜਿ ਦੀਨੇ।
ਸ੍ਰੀ ਸਤਿਗੁਰ ਬੈਠੇ ਤਰੁ ਛਾਯਾ। ਕਰਯੋ ਹੁਕਮ, ਦਿਹੁ ਦੁਰਗ ਢਹਾਯਾ॥ ੪੫॥

ਸਾਰਿਆਂ ਦੇ ਹਥਿਆਰ ਖੋਹ ਕੇ ਫੜ ਲਏ, ਹੱਥ ਜੋੜਦੇ ਜੀਉਂਦੇ ਛੱਡ ਦਿੱਤੇ। ਸਤਿਗੁਰੂ ਜੀ ਇਕ ਦਰੱਖਤ ਦੀ ਛਾਂ ਹੇਠ ਬੈਠ ਗਏ ਤੇ ਇਹ ਹੁਕਮ ਕੀਤਾ ਕਿ ਇਸ ਕਿਲ੍ਹੇ ਨੂੰ ਢਾਹ ਦੇਵੋ॥ ੪੫॥

ਲਰਿਬੇ ਮਰਿਬੇ ਤੇ ਬਚ ਰਹੇ। ਸੋ ਸਭਿ ਸਿੰਘਨ ਘੇਰੇ ਗਹੇ।
ਕਹੀ ਕੁਦਾਲੇ ਦੇ ਕਰਿ ਹਾਥ, ਦੁਰਗ ਢਹਾਇ ਦੀਨਿ ਤਿਨ ਸਾਥ॥ ੪੬॥

ਲੜਨ ਮਰਨ ਤੋਂ ਜਿਹੜੇ ਬਚੇ ਰਹੇ, ਉਹ ਸਿੰਘਾਂ ਨੇ ਸਾਰੇ ਘੇਰ ਕੇ ਫੜ ਲਏ। ਕਹੀਆਂ ਗੰਦਾਲੇ ਉਨ੍ਹਾਂ ਦੇ ਹੱਥਾਂ ਵਿਚ ਫੜਾ ਦਿੱਤੇ, ਉਨ੍ਹਾਂ ਹਥਿਆਰਾਂ ਨਾਲ ਉਨ੍ਹਾਂ ਪਾਸੋਂ ਹੀ ਕਿਲ੍ਹਾ ਢੁਹਾ ਦਿੱਤਾ॥ ੪੬॥

ਕਰਿ ਮੈਦਾਨ ਦੀਨਿ ਤਤਕਾਲਾ। ਦਈ ਸਜ਼ਾਇ ਕਰਾਲ ਬਿਸਾਲਾ।
ਸਦਨ ਵਸਤੁ ਸਭਿ ਲੀਨ ਛਿਨਾਈ। ਜੀਵਤਿ ਮਿਲੇ ਬਿਨੈ ਬਹੁਗਾਈ॥ ੪੭॥

ਤੁਰਤ ਸਾਰੇ ਕਿਲ੍ਹੇ ਨੂੰ ਮੈਦਾਨ ਬਣਾ ਦਿੱਤਾ ਤੇ ਉਨ੍ਹਾਂ ਤੁਰਕਾਂ ਨੂੰ ਬਹੁਤ ਵਿਕਰਾਲ ਸਜ਼ਾਵਾਂ ਦਿੱਤੀਆਂ, ਘਰ ਦੀਆਂ ਸਾਰੀਆਂ ਵਸਤਾਂ ਖੋਹ ਲਈਆਂ, ਜਿਹੜੇ ਜੀਉਂਦੇ ਸੀ, ਉਹ ਬਹੁਤ ਬੇਨਤੀਆਂ ਕਰਕੇ ਮਿਲੇ॥ ੪੭॥

ਸ੍ਰੀ ਮੁਖ ਤੇ ਤਿਨ ਸੌਂ ਤਬਿ ਕਹਯੋ। 'ਸੰਗਤਿ ਕੋ ਛੀਨਨ ਕਯੋਂ ਚਹਯੋ?
ਸੋ ਪਲਟੋ ਤੁਮ ਤੇ ਹਮ ਲੀਨੇ। ਭਏ ਦੀਨ ਅਬਿ ਛੋਰਨ ਕੀਨੇ॥ ੪੮॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਆਪਣੇ ਮੁਖ ਤੋਂ ਕਿਹਾ, "ਤੁਸੀਂ ਸੰਗਤ ਪਾਸੋਂ ਉਨ੍ਹਾਂ ਦੀਆਂ ਵਸਤਾਂ ਕਿਉਂ ਖੋਹਣੀਆਂ ਚਾਹੀਆਂ ਸਨ ? ਉਸ ਬਦਲੇ ਵਿਚ ਅਸੀਂ ਵਸਤਾਂ ਲੈਂਦੇ ਹਾਂ, ਤੁਸੀਂ ਦੀਨ ਹੋ ਗਏ ਹੋ, ਇਸ ਲਈ ਛੱਡ ਦਿੱਤੇ ਹਨ॥ ੪੮॥

ਜੋ ਅਬਿ ਕੋ ਕਰਿ ਹੀ ਅਪਰਾਧਾ। ਇਸ ਬਿਧਿ ਕੀ ਪੈ ਹੈ ਬਹੁ ਬਾਧਾ।
ਇੱਤਯਾਦਿਕ ਕਹਿ ਤ੍ਰਾਸ ਬਤਾਯੋ। ਦੁਰਗ ਕਿਤਿਕ ਘਰ ਸਹਿਤ੍ਰ ਢਹਾਯੋ॥ ੪੯॥

ਜੇ ਹੁਣ ਕੋਈ ਅਪਰਾਧ ਕਰੇਗਾ, ਤਾਂ ਇਸ ਪ੍ਰਕਾਰ ਦੀ ਹੀ ਵੱਡੀ ਮਾਰ ਪਵੇਗੀ।" ਇਸ ਪ੍ਰਕਾਰ ਕਹਿ ਕੇ ਉਨ੍ਹਾਂ ਨੂੰ ਡਰ ਦੱਸਿਆ, ਕਿਲ੍ਹੇ ਸਹਿਤ ਕਈ ਘਰ ਢੁਹਾ ਦਿੱਤੇ॥ ੪੯॥

ਇਸ ਪ੍ਰਕਾਰ ਕਰਿ ਗ੍ਰਾਮ ਉਜਾਰਾ। ਬਚਯੋ ਦੀਨ ਹ੍ਵੈ ਨਤੁ ਸਭਿ ਮਾਰਾ।
ਸਿੰਘ ਜੁ ਮਰੇ ਦਾਹ ਕਰਿਵਾਏ। ਘਾਇਲ ਹੁਤੇ ਸੰਗ ਉਚਵਾਏ॥ ੫੦॥

ਇਸ ਪ੍ਰਕਾਰ ਕਰਕੇ ਪਿੰਡ ਉਜਾੜ ਦਿੱਤਾ, ਦੀਨ ਹੋ ਕੇ ਬਚ ਗਏ ਨਹੀਂ ਤਾਂ ਸਾਰੇ ਮਾਰੇ ਜਾਣੇ ਸਨ। ਜਿਹੜੇ ਸਿੰਘ ਮਰ ਗਏ ਸਨ, ਉਨ੍ਹਾਂ ਦਾ ਸਸਕਾਰ ਕਰ ਦਿੱਤਾ ਤੇ ਜਿਹੜੇ ਜ਼ਖਮੀ ਹੋ ਗਏ ਸਨ, ਉਨ੍ਹਾਂ ਨੂੰ ਨਾਲ ਚੁਕਵਾ ਲਿਆ॥ ੫੦॥

ਗੁੱਜਰ ਰੰਘੜ ਸੈਂਕਰ ਮਾਰਾ। ਤਹਿਂ ਤੇ ਭਏ ਪ੍ਰਭੁ ਅਸਵਾਰਾ।
ਬਜੀ ਬੰਬ ਰਣਜੀਤ ਨਗਾਰਾ। ਪਹੁੰਚੇ ਆਨੰਦਪੁਰੀ ਮਝਾਰਾ॥ ੫੧॥

ਸੈਂਕੜਿਆਂ ਦੀ ਗਿਣਤੀ ਵਿਚ ਗੁਜਰਾਂ ਤੇ ਰੰਘੜਾਂ ਨੂੰ ਮਾਰਿਆ, ਓਥੋਂ ਫਿਰ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ। ਰਣਜੀਤ ਨਗਾਰੇ 'ਤੇ ਫਿਰ ਡੱਗਾ ਵੱਜ ਉੱਠਿਆ ਤੇ ਸਾਰੇ ਸਿੰਘ ਅਨੰਦਪੁਰ ਵਿਚ ਪਹੁੰਚ ਗਏ॥ ੫੧॥

*ਤੀਸਰੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਨੌਵੀਂ (ਭਾਗ ੧) ਸਮਾਪਤ ਹੋਈ॥*

*ਗੁਰ-ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਭਾਗ ੧) ਸਮਾਪਤ ਹੋਇਆ॥*

Sri Satguru Jagjit Singh Ji eLlibrary NamdhariElibrary@gmail.com

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ

*(ਡਾ. ਅਜੀਤ ਸਿੰਘ ਔਲਖ)*

ਕਵੀ ਸੰਤੋਖ ਸਿੰਘ ਜੀ ਰਚਿਤ ਇਹ ਅਮਰ ਗ੍ਰੰਥ ਅਜ ਤਕ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਦਾ ਵੱਡਾ ਸਰੋਤ ਚਲਿਆ ਆ ਰਿਹਾ ਹੈ। ਇਹ ਗ੍ਰੰਥ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ, ਇਸ ਦੀ ਬੋਲੀ ਬੜੀ ਕਠਿਨ ਹੈ, ਜਿਹੜੀ ਆਮ ਪਾਠਕਾਂ ਦੇ ਸਮਝ ਨਹੀਂ ਆਉਂਦੀ ਹੈ। ਇਸ ਤਥ ਨੂੰ ਮੁਖ ਰੱਖਕੇ ਇਸ ਦਾ ਸਰਲ ਪੰਜਾਬੀ ਵਿਚ ਗਿਆਰ੍ਹਾਂ ਜਿਲਦਾਂ ਵਿਚ ਅਨੁਵਾਦ ਕੀਤਾ ਗਿਆ ਹੈ। ਵੇਰਵਾ ਇਸ ਪ੍ਰਕਾਰ ਹੈ :

| | |
|---|---|
| *ਪਹਿਲੀ ਜਿਲਦ* ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ | 500/- |
| *ਦੂਸਰੀ ਜਿਲਦ* ਗੁਰੂ ਨਾਨਕ ਪ੍ਰਕਾਸ਼ ਉਤਰਾਰਧ | 450/- |
| *ਤੀਸਰੀ ਜਿਲਦ* ਜੀਵਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ | 450/- |
| *ਚੌਥੀ ਜਿਲਦ* ਜੀਵਨ ਸ੍ਰੀ ਗੁਰੂ ਅਰਜਨ ਦੇਵ ਜੀ | 600/- |
| *ਪੰਜਵੀਂ ਜਿਲਦ* ਜੀਵਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਪਹਿਲਾ) | 500/- |
| *ਛੇਵੀਂ ਜਿਲਦ* (ਭਾਗ ਦੂਜਾ) | 600/- |
| *ਸਤਵੀਂ ਜਿਲਦ* ਜੀਵਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 550/- |
| *ਅੱਠਵੀਂ ਜਿਲਦ* ਜੀਵਨ ਸ੍ਰੀ ਗੁਰੂ ਤੇਗ ਬਹਾਦਰ ਜੀ - | 550/- |
| *ਨੌਵੀਂ ਜਿਲਦ* ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ - (ਭਾਗ ਪਹਿਲਾ), | 550/- |

ਬਾਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਜਿਲਦ ਦਸਵੀਂ (ਭਾਗ ਦੂਜਾ) ਅਤੇ ਜਿਲਦ ਗਿਆਰ੍ਹਵੀਂ (ਭਾਗ ਤੀਜਾ) ਛਪਾਈ ਅਧੀਨ ਹੈ।

# ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ ਸਟੀਕ ਦੋ ਭਾਗ

*(ਸ੍ਰੀ ਮੁਖ ਵਾਕ ਪਾਤਸ਼ਾਹੀ ੧੦)*

ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਇਕ ਅਲੌਕਿਕ ਅਤੇ ਅਮੋਲਕ ਰਚਨਾ ਹੈ, ਜਿਹੜੀ ਕਿ ਪਿਛਲੇ ਕਈ ਦਹਾਕਿਆਂ ਤੋਂ ਅਪ੍ਰਾਪਤ ਸੀ। ਇਕ ਪ੍ਰਾਚੀਨ ਖਰੜੇ ਨੂੰ ਲੈ ਕੇ ਉਸ ਦਾ ਸੁਖੈਨ ਪੰਜਾਬੀ ਵਿਚ ਟੀਕਾ ਕੀਤਾ ਗਿਆ ਹੈ, ਜਿਸ ਕਰਕੇ ਇਕ ਸਧਾਰਣ ਵਿਅਕਤੀ ਦੀ ਸਮਝ ਵਿਚ ਆ ਸਕੇ। ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹੌ ਕਰੌਂ ਨਿਵਾਸ ॥ ਇਸ ਗ੍ਰੰਥ ਵਿਚ ਹੀ ਦਰਜ ਹੈ। ਇਸ ਗ੍ਰੰਥ ਵਿਚ ਖਾਲਸੇ ਦੀ ਮਹਿਮਾ ਅਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਤੇ ਅਨੇਕਾਂ ਰਾਗਾਂ ਤੇ ਭਾਸ਼ਾਵਾਂ ਦੀ ਗੁਰੂ ਜੀ ਨੇ ਵਰਤੋਂ ਕੀਤੀ ਹੋਈ ਹੈ, ਦਰਜ ਹੈ। ਦੋ ਭਾਗ -1250-00

# ਪ੍ਰਾਚੀਨ ਪੰਥ ਪ੍ਰਕਾਸ਼ (ਦੋ ਭਾਗ)

*(ਰਤਨ ਸਿੰਘ ਭੰਗੂ )*

ਇਹ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਦੇ ਇਤਿਹਾਸ ਨੂੰ ਬੜੇ ਵਿਸਥਾਰ ਨਾਲ ਬਿਆਨ ਕਰਦਾ ਹੈ। ਬ੍ਰਿਜ ਭਾਸ਼ਾ ਵਿਚ ਲਿਖਿਆ ਹੋਣ ਕਰਕੇ ਆਮ ਵਿਅਕਤੀ ਦੀ ਸਮਝ ਵਿਚ ਨਹੀਂ ਸੀ ਆਉਂਦਾ। ਬੁੱਢਾ ਦਲ ਦੇ ਮੁਖੀ ਜੀ ਨੇ ਇਸ ਦੀ ਸਾਧਾਰਣ ਪੰਜਾਬੀ ਭਾਸ਼ਾ ਵਿਚ ਵਿਆਖਿਆ ਕੀਤੀ ਹੈ। ਇਹ ਗ੍ਰੰਥ ਦੋ ਜਿਲਦਾਂ ਵਿਚ ਪ੍ਰਾਪਤ ਹੈ। ਸੈਟ ਦੋ ਭਾਗ 700/-

## ਟੀਕਾਕਾਰ ਸੰਤ ਗਿ. ਕ੍ਰਿਪਾਲ ਸਿੰਘ ਜੀ
## ਦੀ ਅਲੌਕਿਕ ਕਲਮ ਤੋਂ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਟੀਕਾ

ਸਾਖੀਆਂ ਸਮੇਤ (ਡੀਲੈਕਸ ਦਸ ਭਾਗਾਂ ਵਿਚ) 2250/-

| | | | |
|---|---|---|---|
| ਜਪੁ ਜੀ ਸਾਹਿਬ ਸਟੀਕ (ਕਿਤਾਬੀ ਸਾਇਜ਼) | 200/- | ਰਹਰਾਸਿ ਤੇ ਕੀਰਤਨ ਸੋਹਿਲਾ ਸਟੀਕ | 50/- |
| ਕਥਾ ਸ਼ਾਂਤ ਸਾਗਰ (ਸੁਖਮਨੀ ਸਾਹਿਬ ਸਟੀਕ) | 75/- | ਕਥਾ ਸ਼ਾਂਤ ਸਾਗਰ (ਹਿੰਦੀ) (ਸੁਖਮਨੀ ਸਾਹਿਬ ਸਟੀਕ) | 100/- |
| ਸਲੋਕ ਫਰੀਦ ਸੰਪ੍ਰਦਾਈ ਸਟੀਕ | 30/- | ਸਲੋਕ ਕਬੀਰ ਸੰਪ੍ਰਦਾਈ ਸਟੀਕ | 40/- |
| ਸਲੋਕ ਸਹਸਕ੍ਰਿਤੀ ਸਟੀਕ | 50/- | ਭੱਟਾਂ ਦੇ ਸਵੱਯੇ ਸਟੀਕ | 100/- |
| ਸਲੋਕ ਮਹਲਾ ਨੌਵਾਂ ਤੇ ਰਾਗ ਮਾਲਾ | 40/- | ਆਸਾ ਦੀ ਵਾਰ ਸਟੀਕ (ਛੌਕਿਆਂ ਤੇ ਨੌਧੁਨਾਂ ਸਮੇਤ) | 100/- |
| ਜ਼ਫਰਨਾਮਾ ਸਟੀਕ | 50/- | ਭਗਤ ਬਾਣੀ ਸਟੀਕ (ਤਿੰਨ ਭਾਗ) | 475/- |
| ਬਾਰਹਮਾਹਾ ਤੇ ਸ੍ਰੀ ਅਨੰਦ ਸਾਹਿਬ ਸਟੀਕ | 40/- | ਸਿਧ ਗੋਸਟਿ ਤੇ ਦੱਖਣੀ ਓਅੰਕਾਰ ਸਟੀਕ | 50/- |

# ਜਨਮ ਸਾਖੀ ਭਾਈ ਬਾਲੇ ਵਾਲੀ

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਈ ਬਾਲੇ ਵਾਲੀ ਪੁਰਾਤਨ ਜਨਮ ਸਾਖੀ ਦਾ ਹੂ-ਬਹੂ ਉਤਾਰਾ ਕੰਪਿਊਟਰ ਕੰਪੋਜ਼ਿੰਗ ਰਾਹੀਂ ਕਰ ਦਿੱਤਾ ਗਿਆ ਹੈ। ਇਸ ਵਿੱਚ ਗੁਰੂ ਸਾਹਿਬ ਨਾਲ ਸਬੰਧਤ ਤਸਵੀਰਾਂ ਵੀ ਦਿੱਤੀਆਂ ਹੋਈਆਂ ਹਨ।

ਬਹੁਤ ਮੋਟੇ ਅੱਖਰ 600-00 ਆਮ ਸਾਇਜ਼ ਝਿਲਮਿਲ ਜਿਲਦ 350-00

# ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

## ਰਚਿਤ ਭਾਈ ਮਨੀ ਸਿੰਘ ਜੀ

ਇੱਕ ਸੌ ਦਸ ਸਾਲ ਪਹਿਲੇ ਪੱਥਰ ਦੇ ਛਾਪੇ ਤੇ ਛਪੇ ਗ੍ਰੰਥ ਦਾ ਉਤਾਰਾ, ਜਿਸ ਵਿੱਚ ਪੰਜਾਹ ਤੋਂ ਵੱਧ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਤੇ ਅਧਾਰਿਤ ਫੋਟੋਆਂ ਦਰਜ ਹਨ। 350-00

# ਜਨਮ ਸਾਖੀ ਭਗਤ ਸੈਣਿ ਜੀ

*ਗਿ. ਨਰੈਣ ਸਿੰਘ*

ਭਗਤ ਸੈਣਿ ਜੀ ਇੱਕ ਪ੍ਰਸਿੱਧ ਪ੍ਰਭੂ ਭਗਤ ਹੋਏ ਹਨ ਅਤੇ ਉਨ੍ਹਾਂ ਨੇ ਪ੍ਰਭੂ ਦੀ ਸ਼ਲਾਘਾ ਵਿੱਚ ਬਾਣੀ ਵੀ ਲਿਖੀ ਹੈ। ਉਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਜੀ ਦੇ ਜੀਵਨ ਬਾਰੇ ਹੁਣ ਤੱਕ ਕੋਈ ਜਨਮ ਸਾਖੀ ਨਹੀਂ ਸੀ ਮਿਲਦੀ। ਲੇਖਕ ਨੇ ਇਕ ਪਹਿਲੀ ਐਸੀ ਜਨਮ ਸਾਖੀ ਤਿਆਰ ਕੀਤੀ ਹੈ ਜਿਸ ਵਿੱਚ ਭਗਤ ਸੈਣਿ ਜੀ ਦਾ ਸੰਪੂਰਨ ਜੀਵਨ ਦਰਜ ਹੈ। 60-00

Sri Satguru Jagjit Singh Ji eLlibrary NamdhariElibrary@gmail.com

# ਜਨਮ ਸਾਖੀ ਵਿਸ਼ਵਕਰਮਾ ਜੀ

*ਕਰਮ ਸਿੰਘ ਯੋਗੀ*

ਬਾਬਾ ਵਿਸ਼ਵਕਰਮਾ ਜੀ ਭਵਨ ਉਸਾਰੀ ਦੇ ਦੇਵਤਾ ਸਨ। ਅੱਜ ਕਲ੍ਹ ਜੋ ਵੀ ਉਸਾਰੀ ਦੇ ਕਾਰਜ ਅਸੀਂ ਵੇਖਦੇ ਹਾਂ ਇਹ ਸਭ ਕੁਝ ਉਨ੍ਹਾਂ ਦੀ ਦੇਣ ਹੈ। ਬਾਬਾ ਵਿਸ਼ਵਕਰਮਾ ਦੇ ਸੇਵਕ ਰਾਮਗੜ੍ਹੀਆ ਬਰਾਦਰੀ ਨਾਲ ਸੰਬੰਧਿਤ ਹਨ ਤੇ ਉਸਾਰੀ ਦਾ ਕੰਮ ਉਨ੍ਹਾਂ ਦੇ ਹੱਥਾਂ ਵਿਚ ਹੈ। ਇਸ ਜਨਮ ਸਾਖੀ ਵਿੱਚ ਬਾਬਾ ਜੀ ਦੇ ਜੀਵਨ ਦੇ ਨਾਲ ਰਾਮਗੜ੍ਹੀਆ ਕੌਮ ਦਾ ਵੀ ਇਤਿਹਾਸ ਦਿੱਤਾ ਗਿਆ ਹੈ। 150-00

# ਜਨਮ ਸਾਖੀ ਭਗਤ ਰਵਿਦਾਸ ਜੀ

*ਗਿ. ਨਰੈਣ ਸਿੰਘ*

ਭਗਤ ਰਵਿਦਾਸ ਜੀ ਮਹਾਰਾਜ ਚੌਧਵੀਂ ਸਦੀ ਵਿੱਚ ਹੋਏ ਹਨ। ਆਪ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ। ਲੇਖਕ ਨੇ ਆਪ ਦਾ ਜੀਵਨ ਬੜੇ ਰੌਚਕ ਢੰਗ ਨਾਲ ਬਿਆਨ ਕੀਤਾ ਹੈ। ਆਪ ਬਾਰੇ ਇਹ ਸਾਖੀ ਪ੍ਰਚੱਲਿਤ ਹੈ ਕਿ ਗੰਗਾ ਮਾਤਾ ਨੇ ਇਸਤਰੀ ਰੂਪ ਹੋ ਕੇ ਹੱਥ ਉੱਪਰ ਕਰਕੇ ਆਪ ਜੀ ਦੀ ਭੇਟਾ ਪ੍ਰਵਾਨ ਕੀਤੀ ਸੀ। ਬਨਾਰਸ ਵਰਗੇ ਸ਼ਹਿਰ ਵਿੱਚ ਕੱਟੜ ਹਿੰਦੂ ਤੀਰਥ ਉੱਤੇ ਵੀ ਆਪ ਦਾ ਜੱਸ ਹੋਇਆ ਤੇ ਨਿੱਕੀ ਜਾਤ ਵਾਲੇ ਲੋਕ ਧੌਣ ਉੱਚੀ ਕਰਕੇ ਚਲਣ ਲੱਗ ਪਏ। ਭਗਤ ਜੀ ਦੀ ਮਹਿਮਾ ਕਥਨ ਤੋਂ ਬਾਹਰ ਹੈ। 60-00

# ਜਨਮ ਸਾਖੀ ਭਗਤ ਕਬੀਰ ਜੀ

*ਗਿ. ਨਰੈਣ ਸਿੰਘ*

ਭਗਤ ਕਬੀਰ ਜੀ ਦਾ ਜੀਵਨ ਬੜਾ ਵਚਿੱਤਰ ਅਤੇ ਸੰਘਰਸ਼ ਭਰਪੂਰ ਹੈ। ਲਿਖਾਰੀ ਨੇ ਉਨ੍ਹਾਂ ਦਾ ਸਾਰਾ ਜੀਵਨ ਬੜੇ ਰੌਚਕ ਢੰਗ ਨਾਲ ਬਿਆਨ ਕੀਤਾ ਹੈ। ਜੀਵਨ ਤੋਂ ਉਪਰੰਤ ਭਗਤ ਕਬੀਰ ਜੀ ਦੀ ਚੋਣਵੀਂ ਬਾਣੀ ਵੀ ਦਿੱਤੀ ਗਈ ਹੈ ਅਤੇ ਉਸ ਦੀ ਵਿਆਖਿਆ ਵੀ ਕੀਤੀ ਹੈ। 70-00

# ਜਨਮ ਸਾਖੀ ਭਗਤ ਫਰੀਦ ਜੀ

*ਗਿ. ਨਰੈਣ ਸਿੰਘ*

ਬਾਰ੍ਹਵੀਂ ਸਦੀ ਵਿੱਚ ਪੈਦਾ ਹੋਏ ਭਗਤ ਫਰੀਦ ਜੀ ਨੇ ਸਾਰੇ ਭਾਰਤ ਦੀ ਯਾਤਰਾ ਕੀਤੀ ਸੀ ਤੇ ਸੱਚ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਇਆ ਸੀ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਲੇਖਕ ਨੇ ਬਾਬਾ ਫਰੀਦ ਜੀ ਦੇ ਜੀਵਨ ਬਾਰੇ ਖੋਜ ਕਰਕੇ ਇੱਕ ਅਦਭੁੱਤ ਗ੍ਰੰਥ ਦੀ ਰਚਨਾ ਕੀਤੀ ਹੈ। ਇਕ ਵਾਰ ਪੜ੍ਹਨਾ ਸ਼ੁਰੂ ਕਰੀਏ ਤਾਂ ਸਾਰਾ ਜੀਵਨ ਪੜ੍ਹਨ ਤੋਂ ਬਗੈਰ ਛੱਡਣ ਨੂੰ ਦਿਲ ਨਹੀਂ ਕਰਦਾ। 60-00

# ਜਨਮ ਸਾਖੀ ਬਾਬਾ ਬਾਲਕ ਨਾਥ ਜੀ

*ਅਵਤਾਰ ਭੱਲਾ*

ਬਾਬਾ ਬਾਲਕ ਨਾਥ ਜੀ ਨੇ ਆਪਣੀ ਛੋਟੀ ਉਮਰ ਵਿੱਚ ਹੀ ਅਜਿਹੇ ਕਾਰਨਾਮੇ ਕਰ ਕੇ ਵਿਖਾਏ ਕਿ ਦੁਨੀਆਂ ਦੰਗ ਰਹਿ ਗਈ। ਹੁਣ ਵੀ ਉਨ੍ਹਾਂ ਨੂੰ ਜਿਹੜਾ ਸੱਚੇ ਦਿਲੋਂ ਧਿਆਉਂਦਾ ਹੈ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਪਹਿਲਾਂ ਉਨ੍ਹਾਂ ਦੀ ਅਦਭੁਤ ਜੀਵਨੀ ਕੇਵਲ ਹਿੰਦੀ ਗ੍ਰੰਥਾਂ ਵਿੱਚ ਮਿਲਦੀ ਸੀ। ਲੇਖਕ ਨੇ ਪੰਜਾਬੀ ਵਿੱਚ ਉਨ੍ਹਾਂ ਦੀ ਵਿਸਥਾਰ-ਪੂਰਵਕ ਜੀਵਨੀ ਲਿਖ ਕੇ ਪੰਜਾਬੀ ਜਗਤ ਤੇ ਕਿਰਤਾਰਥ ਕੀਤਾ ਹੈ। 60-00

Sri Satguru Jagjit Singh Ji eLlibrary NamdhariElibrary@gmail.com

## ਮਹਾਨ ਕੋਸ਼ (ਦੋ ਭਾਗ)

*(ਭਾਈ ਕਾਹਨ ਸਿੰਘ ਨਾਭਾ)*

ਭਾਈ ਕਾਹਨ ਸਿੰਘ ਨਾਭਾ ਦੀ ਦੁਰਲੱਭ ਰਚਨਾ ਬਹੁਤ ਛੋਟੇ ਸਾਇਜ਼ਾਂ ਵਿਚ ਛੱਪ ਰਹੀ ਸੀ, ਜਿਸ ਨੂੰ ਇਕ ਸਾਧਾਰਣ ਵਿਅਕਤੀ ਪੜ੍ਹ ਵੀ ਨਹੀਂ ਸੀ ਸਕਦਾ। ਉਸ ਅਨਮੋਲ ਗ੍ਰੰਥ ਨੂੰ ਅਸੀਂ ਵੱਡੇ ਸਾਇਜ਼ ਵਿਚ ਦੋ ਜਿਲਦਾਂ ਵਿਚ ਛਾਪਿਆ ਹੈ, ਤਾਂਕਿ ਹਰ ਉਮਰ ਦਾ ਵਿਅਕਤੀ ਇਸ ਤੋਂ ਲਾਭ ਪ੍ਰਾਪਤ ਕਰ ਸਕੇ। ਇਸ ਵਿਚ ਹੁਣ ਤਸਵੀਰਾਂ ਅਤੇ ਨਕਸ਼ੇ ਰੰਗਦਾਰ ਦਿੱਤੇ ਗਏ ਹਨ। ਸਭ ਤੋਂ ਪੁਰਾਤਨ ਲਿਖਤੀ ਖਰੜੇ ਅਨੁਸਾਰ। ਦੋ ਜਿਲਦਾਂ ਮੁੱਲ : 1000-00

## ਗੁਰਮਤਿ ਲੈਕਚਰ

*(ਗਿਆਨੀ ਪ੍ਰਤਾਪ ਸਿੰਘ)*

ਇਸ ਪੁਸਤਕ ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਤੇ ਫਿਲਾਸਫੀ ਦਿੱਤੀ ਗਈ ਹੈ। ਪਿਛਲੇ ਸਮੇਂ ਤੋਂ ਇਹ ਪੁਸਤਕ ਗਿਆਨੀਆਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ ਤੇ ਗ੍ਰੰਥੀਆਂ ਵਾਸਤੇ ਗਾਈਡ ਬੁਕ ਬਣੀ ਹੋਈ ਹੈ। 175-00

## ਗਿਆਨ ਨੇਤ੍ਰ ਗ੍ਰੰਥ

## "ਸਰਜੀਵਨੀ ਆਤਮ ਗਿਆਨ"

*(ਸੰਤ ਜੋਤਿ ਪ੍ਰਕਾਸ਼ੀ ਧਿਰਤ ਰਾਮ ਬੇਦੀ)*

ਇਹ ਗ੍ਰੰਥ ਮੁਰਦਾ ਰੂਹਾਂ ਨੂੰ ਜ਼ਿੰਦਾ ਕਰਨ ਵਾਲਾ ਹੈ। ਜੀਵ ਆਤਮਾ ਦੀ ਜਿੰਦ ਜੋਤ ਮਿਲਾਉਣ ਵਾਸਤੇ ਇਹ ਗ੍ਰੰਥ ਇਲਾਹੀ ਉਪਦੇਸ਼ ਦੇ ਰੂਪ ਵਿਚ ਲਿਖਿਆ ਗਿਆ ਹੈ। ਇਸ ਵਿਚ ਪਰਮਾਰਥ ਸਬੰਧੀ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਇਸ ਗ੍ਰੰਥ ਨੂੰ ਪੜ੍ਹਕੇ ਮਨੁੱਖ ਪ੍ਰਭੂ ਮਾਰਗ ਦੀਆਂ ਸਾਰੀਆਂ ਉਚਾਈਆਂ ਨੂੰ ਛੂਹ ਲੈਂਦਾ ਹੈ ਤੇ ਉਸ ਦੇ ਸਭ ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ। 600-00

## ਮੈ ਦਸਿਹੁ ਮਾਰਗੁ ਸੰਤਹੋ

*(ਭਾਈ ਗੁਰਇਕਬਾਲ ਸਿੰਘ ਜੀ)*

ਇਸ ਅਨੂਠੇ ਗ੍ਰੰਥ ਵਿਚ ਪ੍ਰਭੂ ਦੇ ਮਾਰਗ ਦੀ ਪ੍ਰਾਪਤੀ ਲਈ ਅਠ ਅਨਮੋਲ ਜੁਗਤੀਆਂ ਵਰਣਨ ਕੀਤੀਆਂ ਗਈਆਂ ਹਨ। ਇਨ੍ਹਾਂ ਅੱਠਾਂ ਜੁਗਤੀਆਂ ਦੀ ਸਾਧਨਾ ਕਰਕੇ ਮਨੁੱਖ ਸਹਿਜੇ ਪ੍ਰਭੂ ਦਾ ਮਾਰਗ ਪਛਾਣ ਲੈਂਦਾ ਹੈ, ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾ ਕੇ ਪ੍ਰਭੂ ਦੇ ਮਾਰਗ ਤੇ ਪਾਉ। ਭੇਟਾ 100-00

## ਗੁਰਮਤ ਸੁਧਾਕਰ

*(ਭਾਈ ਕਾਨ੍ਹ ਸਿੰਘ ਨਾਭਾ)*

ਇਸ ਪੁਸਤਕ ਵਿਚ ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾ, ਜਨਮ ਸਾਖੀ ਗੁਰੂ ਨਾਨਕ ਦੇਵ, ਗੁਰਬਿਲਾਸ ਪਾਤਿਸ਼ਾਹੀ ਦਸਵੀਂ, ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਸੌ ਸਾਖੀ ਰਹਿਤਨਾਮੇ ਆਦਿ ਗ੍ਰੰਥਾਂ ਵਿਚ ਗੁਰਮਤ ਦੇ ਵੱਖ-ਵੱਖ ਸਿਧਾਂਤਾਂ ਦੀ ਪ੍ਰੋੜ੍ਹਤਾ ਲਈ ਪ੍ਰਮਾਣ ਇਕੱਤਰ ਕੀਤੇ ਗਏ ਹਨ। 250-00

## ਗੁਰਮਤ ਪ੍ਰਭਾਕਰ

*(ਭਾਈ ਕਾਨ੍ਹ ਸਿੰਘ ਨਾਭਾ)*

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਗੁਣ ਭਰਪੂਰ ਮਹਾਨ ਸਾਗਰ, ਜਿਸ ਵਿਚ ਸਭ ਉਪਦੇਸ਼ ਅਮੋਲਕ ਰਤਨ ਹਨ, ਪਰ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ? ਉਨ੍ਹਾਂ ਅਮੋਲਕ ਰਤਨਾਂ ਨੂੰ ਉਪਲਬਧ ਕਰਨ ਵਾਸਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਅੱਖਰ ਕ੍ਰਮ ਅਨੁਸਾਰ ਗੁਰਬਾਣੀ ਵਿਚੋਂ ਪ੍ਰਸੰਗ ਚੁਣ ਕੇ ਇਸ ਗ੍ਰੰਥ ਵਿਚ ਇਕੱਤਰ ਕੀਤੇ ਹਨ। 250-00

## ਗੁਰਬਾਣੀ ਕਥਾ ਵੀਚਾਰ

*(ਇਕਬਾਲ ਸਿੰਘ)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਮਿਥਿਹਾਸਕ, ਇਤਿਹਾਸਕ ਪਾਤਰਾਂ ਦੇ ਨਾਵਾਂ ਦਾ ਜ਼ਿਕਰ ਆਉਂਦਾ ਹੈ। ਲੇਖਕ ਨੇ ਇਨ੍ਹਾਂ ਵਿਅਕਤੀਆਂ ਦੇ ਜੀਵਨ ਦੀ ਕਥਾ ਦੇ ਕੇ ਉਸ ਉਤੇ ਆਪਣੇ ਵੀਚਾਰ ਵੀ ਪ੍ਰਗਟ ਕੀਤੇ ਹਨ। 500-00

## ਮੇਰੇ ਲੈਕਚਰ

*(ਗਿ. ਸੰਤ ਸਿੰਘ ਮਸਕੀਨ)*

ਗਿਆਨੀ ਸੰਤ ਸਿੰਘ ਮਸਕੀਨ ਜਗਤ ਪ੍ਰਸਿੱਧ ਗੁਰਬਾਣੀ ਦੇ ਵਿਆਖਿਆਕਾਰ ਹੋਏ ਹਨ। ਆਪ ਜੀ ਚੋਟੀ ਦੇ ਵਿਦਵਾਨ ਸਨ ਜਿਨ੍ਹਾਂ ਨੂੰ ਫ਼ਾਰਸੀ, ਉਰਦੂ, ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਦਾ ਗਿਆਨ ਸੀ। ਮਸਕੀਨ ਜੀ ਦੇ ਚੋਣਵੇਂ ਲੈਕਚਰਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਇਕੱਤਰ ਕੀਤਾ ਗਿਆ ਹੈ, ਸੰਗਤਾਂ ਪੜ੍ਹ ਕੇ ਲਾਭ ਪ੍ਰਾਪਤ ਕਰਨ। 125-00

*ਮਿਲਣ ਦਾ ਪਤਾ -* **ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)। ਫੋਨ/ਫੈਕਸ : 91-183-2542346, 2547974, 2557973

Sri Satguru Jagjit Singh Ji eLlibrary NamdhariElibrary@gmail.com